

ਪਰਵਾਸੀ ਪੰਜਾਬੀ ਦੁਨੀਆਂ ਦੀ ਆਪਣੀ ਆਵਾਜ਼
ਮਾਂ ਬੋਲੀ ਜੇ ਭੁੱਲ ਜਾਵਾਂਗੇ, ਰੁਲਦੇ ਰੁਲਦੇ ਰੁਲ ਜਾਵਾਂਗੇ

# ਮੰਜ਼ਿਲ ਨਾ ਮਿਲੀ

ਭਾਗ ਦੂਜਾ

ਪੰਜਾਬੀਅਤ ਦਾ ਪਹਿਰੇਦਾਰ

## ਸੁਰਿੰਦਰ ਸਿੰਘ ਸੁੱਨੜ

Academy of the Punjab in North America: http://www.apnaorg.com

ਪਰਵਾਸੀ ਪੰਜਾਬੀ ਦੁਨੀਆਂ ਦੀ ਆਪਣੀ ਆਵਾਜ਼
ਮਾਂ ਬੋਲੀ ਜੇ ਭੁੱਲ ਜਾਵਾਂਗੇ, ਰੁਲਦੇ ਰੁਲਦੇ ਰੁਲ ਜਾਵਾਂਗੇ

# ਮੰਜ਼ਿਲ ਨਾ ਮਿਲੀ

ਭਾਗ ਦੂਜਾ

ਸੁਰਿੰਦਰ ਸਿੰਘ ਸੁੱਨੜ


Academy of the Punjab in North America: http://www.apnaorg.com

# Manzil Na Milee

*Part 2*

*by*
***Surinder Singh Sunner***
*693 , GTB Nagar, Jalandhar.*
*Punjab (India)*
*Ph. 91-98153 50964*
*181-4620964*

***Surinder Singh Sunner***
*1248, Mead Avenue*
*Ventura CA 93004*
*USA (805) 647-6872*

*E-mail: ssunner@gmail.com*
*web: www.aapneeawaz.com*

*ISBN : 81-924043-0-X*

**ਸਭ ਹੱਕ ਲੇਖਕ ਦੇ ਰਾਖਵੇਂ ਹਨ**
**ਸਭ ਵਿਚਾਰ ਲੇਖਕ ਦੇ ਮੌਲਿਕ ਤੇ ਆਪਣੇ ਹਨ**

**ਪਹਿਲੀ ਵਾਰ: 2010**

**Printed by**
**ਏਸ਼ੀਆ ਵਿਜ਼ਨਜ**
*1-209-589-3367 (USA)*



Academy of the Punjab in North America: http://www.apnaorg.com

# ਮਾਂ ਪੰਜਾਬੀ

ਮਾਂ ਪੰਜਾਬੀ ਰੋਂਦੀ ਰਹਿ ਗਈ, ਪੁੱਤਰਾਂ ਨੂੰ ਕੋਈ ਤਰਸ ਨਾਂ ਆਇਆ।
ਮਾਂ ਦੇ ਸਾਹਵੇਂ ਦਾਦੀ ਨੂੰ, ਦਾਦੀ ਸਾਹਵੇਂ ਪੜਦਾਦੀ ਨੂੰ,
ਪੜਦਾਦੀ ਦੀ ਦਾਦੀ ਨੂੰ, ਸਾਡੇ ਆਪਣਿਆਂ ਨੇ ਬੜਾ ਰਵਾਇਆ।
ਮਾਂ ਪੰਜਾਬੀ ਰੋਂਦੀ ਰਹਿ ਗਈ, ਪੁੱਤਰਾਂ ਨੂੰ ਕੋਈ ਤਰਸ ਨਾਂ ਆਇਆ।
ਦਾਦੀ ਵੀ ਪੜਦਾਦੀ ਵੀ, ਅੰਦਰੋ ਅੰਦਰ ਮਰਦੀਆਂ ਰਹੀਆਂ।
ਬੜੇ ਤਸੀਹੇ ਝੱਲੇ, ਆਪਣਿਆਂ ਦਾ ਸਭ ਕੁਝ ਜਰਦੀਆਂ ਰਹੀਆਂ।
ਹਰ ਗਰਮੀਂ ਵਿੱਚ ਸੜਦੀਆਂ ਰਹੀਆਂ, ਹਰ ਸਰਦੀ ਵਿੱਚ ਠਰਦੀਆਂ ਰਹੀਆਂ।
ਬੁੱਕ ਬੁੱਕ ਹੰਝੂ ਰੋਂਦੀ ਮਾਂ ਨੂੰ ਕਿਸੇ ਨਾਂ ਜਾ ਕੇ ਚੁੱਪ ਕਰਾਇਆ।
ਮਾਂ ਪੰਜਾਬੀ ਰੋਂਦੀ ਰਹਿ ਗਈ, ਪੁੱਤਰਾਂ ਨੂੰ ਕੋਈ ਤਰਸ ਨਾਂ ਆਇਆ।
ਦਾਦੀ ਵੀ ਪੜਦਾਦੀ ਵੀ, ਕਿਸੇ ਸਕੂਲੇ ਜਾ ਨਾਂ ਸਕੀਆਂ।
ਪੁੱਤਰਾਂ ਦੀ ਰੋਟੀ ਦੇ ਖਾਤਰ, ਚੱਕੀ ਪੀਂਹਦੀਆਂ ਕਦੇ ਨਾਂ ਥੱਕੀਆਂ।
ਪੁੱਤ ਪਾਲਣ ਦਾ ਸ਼ੌਕ ਬੜਾ ਸੀ, ਨੱਠ ਭੱਜ ਕਰਦੀਆਂ ਕਦੇ ਨਾਂ ਅੱਕੀਆਂ।
ਪੁੱਤ ਰਾਜਾ ਵੀ ਬਣਿਆਂ ਪੁੱਤਰ ਨੇਂ ਦੇਖੋ ਕੀ ਧਰਮ ਕਮਾਇਆ।
ਲੋਰੀਆਂ ਪੰਜਾਬੀ ਵਿੱਚ ਲਈਆਂ, ਫਾਰਸੀ ਦੇ ਵਿੱਚ ਹੁਕਮ ਚਲਾਇਆ।
ਮਾਂ ਪੰਜਾਬੀ ਰੋਂਦੀ ਰਹਿ ਗਈ, ਪੁੱਤਰ ਨੂੰ ਕੋਈ ਤਰਸ ਨਾਂ ਆਇਆ।
ਸਰਕਾਰੇ ਦਰਬਾਰੇ ਸਾਡੀ ਬੁੱਢੀ ਮਾਂ ਨੂੰ ਕੋਈ ਨਾਂ ਜਾਣੇ।
ਰਾਜਿਆਂ ਮਹਾਂਰਾਜਿਆਂ ਦੀ ਮਾਂ, ਗਲੀ ਗਲੀ ਦੀ ਮਿੱਟੀ ਛਾਣੇ।
ਰਾਜੇ ਪੁੱਤ ਜਗੀਰਾਂ ਵੰਡਣ, ਮਾਂ ਦਿਨ ਕੱਟੇ ਭੁੱਖੇ ਭਾਣੇ।
ਰਾਣੀ ਉਸਨੇ ਕੀ ਬਣਨਾਂ ਸੀ, ਮਾਂ ਦਾ ਦਰਜਾ ਵੀ ਨਾਂ ਪਾਇਆ।
ਮਾਂ ਪੰਜਾਬੀ ਰੋਂਦੀ ਰਹਿ ਗਈ, ਪੁੱਤਰਾਂ ਨੂੰ ਕੋਈ ਤਰਸ ਨਾਂ ਆਇਆ।

**ਸੁਰਿੰਦਰ ਸਿੰਘ ਸੁੱਨੜ**


Academy of the Punjab in North America: http://www.apnaorg.com

# ਸਮਰਪਣ

ਭਾਰਤੀ ਮੂਲ ਦੇ ਬੁੱਧੀਜੀਵੀ ਵਿਦਵਾਨਾਂ ਨੂੰ ਸਮਰਪਿਤ:

ਇਨਸਾਨੀ ਪੁਰਾਤਨਤਾ ਬਾਰੇ ਚੋਣਵੇਂ ਅਤੇ ਵਿਚਾਰਯੋਗ ਵਿਚਾਰਾਂ ’ਤੇ ਇੱਕ ਝਾਤ ਹੈ। ਵੇਦਾਂ, ਸ਼ਾਸਤਰਾਂ, ਉਪਨਿਸ਼ਦਾਂ, ਅੰਜੀਲਾਂ, ਗੁਰੂਆਂ, ਗ੍ਰੰਥਾਂ, ਰਿਸ਼ੀਆਂ, ਮੁਨੀਆਂ ਦੀਆਂ ਆਖੀਆਂ ਅਤੇ ਦਾਦੀ ਦੀ ਪੜਦਾਦੀ ਤੋਂ ਸੁਣੀਆਂ ਸੁਣਾਈਆਂ ਕਥਾ ਕਥਾਵਾਂ ਜਦੋਂ ਭਾਰਤ ਵਿੱਚ ਆਮ ਪ੍ਰਚਲਤ ਸਨ, ਓਦੋਂ ਅਮਰੀਕਾ ਵਿਚਾਰਾ ਹਾਲੇ ਜੰਮਿਆਂ ਵੀ ਨਹੀਂ ਸੀ। ਅੰਗ੍ਰੇਜ਼ੀ ਸਭ ਕੁਝ ਹੀ ਆਪਣੇ ਨਾਮ ਕਰੀ ਜਾਂਦੀ ਹੈ। ‘ਇੱਕ ਚਤੁਰ ਨਾਰ ਕਰਕੇ ਸ਼ਿੰਗਾਰ ਸਾਰੀ ਦੁਨੀਆਂ ਨੂੰ ਠਗਤ ਜਾਤ’ ਹੈ। ‘ਘਰ ਦਾ ਜੋਗੀ ਜੋਗੜਾ, ਬਾਹਰਦਾ ਜੋਗੀ ਸਿੱਧ’ ਬਿਗਾਨਿਆਂ ਨੇ ਸਾਡੇ ਅਤੀਤ ਬਾਰੇ ਜਿਸ ਤਰਾਂ ਵੀ ਲਿਖਿਆ, ਅਸੀਂ ਮੰਨ ਲਿਆ ਤਾਂ ਫਿਰ ਗੱਲ ਖਤਮ। ਜੇ ਕ੍ਰਿਪਾ ਕਰਕੇ ਇਸ ਹੱਥਲੀ ਕਿਤਾਬ ਨੂੰ ਵਿਦਵਾਨ ਪੜ੍ਹ ਲੈਣ ਤਾਂ ਸ਼ਾਇਦ ਕਈ ਪੀ. ਐਚ. ਡੀ. ਦੀਆਂ ਡਿਗਰੀਆਂ ਲੈਣ ਲਈ ਦਰਵਾਜ਼ੇ ਖੁੱਲ੍ਹ ਸਕਦੇ ਹਨ।

**-ਸੁਰਿੰਦਰ ਸਿੰਘ ਸੁੱਨੜ**



Academy of the Punjab in North America: http://www.apnaorg.com

# ਤਤਕਰਾ


3 ਮਾਂ ਪੰਜਾਬੀ
4 ਸਮਰਪਣ
5 ਤਤਕਰਾ
8 ਚੁਰਸਤਾ
11 ਆਦਿ ਜੁਗਾਦਿ ਦਾ ਭੇਦ ਹੈ
13 ਭੂਮਿਕਾ ਸਮੇਂ ਦੀਆਂ ਸੂਈਆਂ
25 ਵਕਤ ਵਿਧਾਤਾ ਵਿਦਵਤਾ
27 ਭਾਰਤੀ ਅਤੀਤ
32 ਆਪਣਾ ਮੁੱਢ ਕਦੀਮ
37 ਗਰਮੀ ਸਰਦੀ ਤੋਂ ਬਚਣਾ ਅਤੇ ਭਾਸ਼ਾ
41 ਧਾਰਮਿਕ ਸੋਚ
46 ਗਿਆਨ ਵਿਗਿਆਨ
50 ਸਿਫ਼ਰ ਦੀ ਸ਼ਕਤੀ (ਧਾਰਮਿਕ ਕੈਲੰਡਰ)
56 ਇਸਲਾਮਿਕ ਫ਼ਲਸਫ਼ਾ
61 ਆਪਣਾ ਅਤੀਤ
66 ਹਿੰਦੀ-ਚੀਨੀ ਕਦਰਾਂ-ਕੀਮਤਾਂ
76 ਨਵੀਂ ਧਰਤੀ-ਅਮਰੀਕਾ
79 ਧਾਰਮਿਕ ਇਤਿਹਾਸ ਮਿਥਿਹਾਸ
85 ਦੁਨੀਆਂ ਦੇ ਧਰਮ
86 ਪ੍ਰੋਟੇਸਟੇਨਿਜ਼ਮ
102 ਸਾਡੀਆਂ ਕਾਮਯਾਬੀਆਂ
103 ਇਨਸਾਨੀਅਤ
104 ਸਾਡੀ ਬੋਲ ਚਾਲ
106 ਸਾਡੀ ਨਜ਼ਰੇ
108 ਸਾਡੀ ਸਰਦਾਰੀ
110 ਸਾਡੇ ਝੂਠ
112 ਪੰਜ ਦੁਆਬ
113 ਸਾਡੀ ਅਸਲੀਅਤ
115 ਸਾਡੀਆਂ ਕੰਧਾਂ
118 ਸਾਡੀ ਸਿਆਣ
120 ਸ਼ਬਦ
121 ਸਾਡੀ ਸਮਝ
123 ਰੱਬਪ੍ਰਸਤ
124 ਸਾਡੇ ਪੰਜਾਬੀ
127 ਸਾਡੀ ਰਹਿਣੀ ਬਹਿਣੀ
130 ਸਾਡੀ ਕੱਟੜਤਾ
134 ਡੁੱਬਦਾ ਬੇੜਾ
135 ਸਾਡੇ ਧਿਆਨਯੋਗ
138 ਸਾਡਾ ਕਿਰਦਾਰ
140 ਸਾਡੇ ਪਰਦੇਸੀ ਤੁਖਾਰ ਬੁਖਾਰ
142 ਪਰਦੇਸੀ
143 ਸਾਡਾ ਭੋਲਾਪਣ
146 ਦੁਬਿਧਾ ਦੂਰ ਕਰੋ
148 ਕੈਲੰਡਰ
151 ਮੁਸਲਮਾਣੁ ਕਹਾਵਣੁ ਮੁਸਕਲੁ
152 ਆਪਣੇ ਅਤੀਤ ਦਾ ਦਰਦ
154 ਬੰਦੇ ਦਾ ਮੁੱਢ ਕਦੀਮ
157 ਪੰਜਾਬ ਦੀ ਧਰਤੀ ਤੇ ਭਾਸ਼ਾ
159 ਖੜੀ ਬੋਲੀ
160 ਹਿੰਦੀ ਪੰਜਾਬੀ ਦਾ ਅਸਲੀਕਰਣ
162 ਪੰਜਾਬ ਵਿਚ ਮੇਰਾ ਦੋਨਾ ਦੇਸ਼
165 ਪੰਜਾਬ ਦੀ ਕਿਰਤੀ ਕਿਸਾਨੀ
167 ਇੱਕ ਸਦੀ ਪਹਿਲਾਂ ਦਾ ਪੰਜਾਬ
169 ਪੁਰਾਤਨ ਸੱਭਿਅਤਾ
170 ਪੰਜਾਬੀ ਦਾ ਅਤੀਤ ਅਤੇ ਭਵਿੱਖ
172 ਪਿੰਡ ਦਾ ਅਤੀਤ
174 ਪੰਜਾਬ ਦੀਆਂ ਕਦਰਾਂ-ਕੀਮਤਾਂ
176 ਸੀਮਤ ਅਸੀਮ
179 ਸੋਏ ਦੂਣ ਸਵਾਏ
181 ਸ਼ਬਦ ਪਰਕਾਸ਼
182 ਆਮੁੱਖ
183 ਪੁਸਤਕ ਬਾਰੇ
185 ਇਨਸਾਨੀਅਤ
187 ਵੇਦ ਸ਼ਾਸ਼ਤਰ





Academy of the Punjab in North America: http://www.apnaorg.com

191 ਉਪਨਿਸ਼ਦ
194 ਸੰਪੂਰਣ ਸੱਚ
197 ਚਾਰਵਾਹਕ
198 ਭਗਤੀ ਅੰਦੋਲਨ
199 ਰਮਾਇਣ
200 ਮਹਾਂਭਾਰਤ
202 ਜੈਨ ਮਤ
202 ਬੁੱਧ ਧਰਮ
202 ਯਹੂਦੀ ਧਰਮ
203 ਸਿੱਖ ਧਰਮ
205 ਸੂਰਤ ਤੇ ਸੀਰਤ
222 ਖ਼ਾਲਸਾ
224 ਗੁਰਗਦੀ
228 ਸ੍ਰੀ ਗੁਰੂ ਗ੍ਰੰਥ ਸਾਹਿਬ
235 ਗੁਰੂ ਗ੍ਰੰਥ ਸਾਹਿਬ ਦੀਆਂ ਬਾਣੀਆਂ
240 ਸ਼ਸਤਰ ਅਤੇ ਸ਼ਾਸਤਰ
242 ਦਸਮ ਗ੍ਰੰਥ
245 ਮੇਰੇ ਪੰਧ ਪੈਂਡੇ
245 ਸਮਰਪਣ
246 ਮੇਰੇ ਪੰਧ ਪੈਂਡੇ ਬਾਰੇ
248 ਧੰਨਵਾਦ
249 ਸਾਡਾ ਚਰਿੱਤਰ
255 ਸਾਡੀ ਸ਼ਖਸ਼ੀਅਤ
261 ਸਾਡੀ ਤਰਤੀਬ
264 ਸਾਡੀ ਪਹਿਚਾਣ
267 ਸਾਡੇ ਅਧਿਕਾਰ
269 ਸਾਡੀ ਯੋਗਤਾ
272 ਸਾਡੀ ਦ੍ਰਿਸ਼ਟੀ
275 ਸਾਡੀ ਹਿੰਮਤ
277 ਸਾਡੀ ਦੁਨੀਆਂ
280 ਸਾਡੇ ਟੀਚੇ
284 ਸਾਡੀ ਜ਼ਮੀਰ
288 ਸਾਡੇ ਫਰਜ਼
292 ਸਾਡਾ ਧੁਰਾ ਸਾਡਾ ਕੇਂਦਰ
296 ਸਾਡੀ ਰੁਹਾਨੀਅਤ
299 ਸਾਡੇ ਅਸੂਲ
302 ਸਾਡੇ ਇਰਾਦੇ
304 ਸਾਡਾ ਸਮਰਥਨ
306 ਸਾਡੀ ਅਦਾਕਾਰੀ
308 ਸਾਡੀਆਂ ਸੰਸਥਾਵਾਂ
311 ਸਾਡੇ ਰਸਤੇ
313 ਸਾਡੀ ਤਰਜੀਹ
316 ਸਾਡੇ ਹਥਿਆਰ
318 ਸਾਡੀ ਨਿਰਭਰਤਾ
321 ਸਾਡੀ ਭਾਵਕਤਾ
323 ਸਾਡੀ ਨੇੜਤਾ
327 ਸਾਡੀ ਜਿੱਤ ਹਾਰ
329 ਸਾਡੇ ਵਾਅਦੇ
332 ਸਾਡੀ ਸਮਝ
334 ਸਾਡਾ ਸੁਣਨਾ
336 ਸਾਡੀ ਸਹਿਕਾਰਤਾ
339 ਸਾਡੀ ਤੰਦਰੁਸਤੀ
342 ਇੱਕ ਪ੍ਰੇਮ ਕਹਾਣੀ
344 ਆਮੁੱਖ
346 ਸੁੱਨੜ ਨੂੰ ਸੁਪਨਾ ਆਉਣਾ
347 ਇੱਕ ਪ੍ਰੇਮ ਕਹਾਣੀ ਮੰਗਲਾਚਰਣ
348 ਸ਼ਾਇਰ ਦੇ ਦਿਲ ਦਾ ਦਰਦ
348 ਵਾਰਿਸ ਤਰ ਗਿਆ ਹੀਰ
349 ਹੀਰ ਦਾ ਨਾਮ ਉਧਾਰ ਲੈਣਾ
349 ਨਵੀਂ ਕਹਾਣੀ, ਨਵੀਆਂ ਮੁਸ਼ਕਲਾਂ
349 ਗੱਲ ਪੰਜਾਬ ਦੀ
350 ਗੱਲ ਇਸ਼ਕ ਦੀ
350 ਨਵਾਂ ਕਿੱਸਾ ਪੁਰਾਣੀ ਸ਼ੈਲੀ
350 ਹੱਡ ਬੀਤੀ, ਜੱਗ ਬੀਤੀ
350 ਦੋਨੋ ਦੇਸ਼ ਦੀ ਗੱਲ
351 ਰਾਂਝੇ ਦਾ ਪਰਵਾਰ




Academy of the Punjab in North America: http://www.apnaorg.com

351 ਰਾਂਝੇ ਦਾ ਖਾਲਸਾ ਕਾਲਜ ਪੜਣਾ
351 ਮੰਡੇ ਕੁੜੀਆਂ ਕੱਠੀ ਜਮਾਤ
351 ਰਾਂਝਾ
351 ਹੀਰ
352 ਰਾਂਝੇ ਦਾ ਹੀਰ ਨੂੰ ਦੇਖਣਾ
352 ਹੀਰ ਆਈ ਬਹਾਰ ਆਈ
352 ਰਾਂਝਾ ਪੱਟਿਆ ਗਿਆ
352 ਸ਼ਹਿਰ ਜਲੰਧਰ ਗੱਲ ਹੋਵੇ
352 ਚੂਚਕ ਵੱਡਾ ਵਪਾਰੀ
353 ਰਾਂਝੇ ਨੂੰ ਇਸ਼ਕ ਦਾ ਰੋਗ ਲੱਗਣਾ
353 ਹੀਰ ਤੇ ਰਾਂਝੇ ਦੀ ਸਿਫਤ
353 ਹੀਰ ਰਾਂਝੇ ਦੀ ਪਹਿਲੀ ਮਿਲਣੀ
355 ਜੋੜੀ ਦੀਆਂ ਗੱਲਾਂ ਹੋਣ ਲੱਗੀਆਂ
355 ਸਾਲ ਮਗਰੋਂ ਛੁੱਟੀਆਂ
355 ਹੀਰ ਦਾ ਬਟਾਲੇ ਜਾਣਾ
356 ਹੀਰ ਦੀਆਂ ਸਹੇਲੀਆਂ ਦੀ ਪੁੱਛ ਗਿੱਛ
356 ਹੀਰ ਦਾ ਘਰਦਿਆਂ ਨੂੰ ਆਪ ਦੱਸਣਾ
356 ਹੀਰ ਦੀ ਮਾਂ ਦਾ ਦਰਦ
356 ਹੀਰ ਦੀ ਵਕਾਲਤ
356 ਮਾਂ ਦਾ ਦਰਦ
357 ਹੀਰ ਦੀ ਵਕਾਲਤ
357 ਮਾਂ ਦਾ ਦਰਦ
357 ਚੂਚਕ ਦੀ ਦਲੀਲ
358 ਹੀਰ ਦਾ ਧੰਨਵਾਦ ਕਰਨਾ
358 ਹੀਰ ਦੇ ਭਰਾਵਾਂ ਦੀ ਗੱਲ
358 ਚੂਚਕ ਦਾ ਮਾਂ ਧੀ ਦੋਹਾਂ ਦਾ ਸੋਚਣਾ
359 ਚੂਚਕ ਦਾ ਵਿਦੇਸ਼ ਜਾਣਾ
359 ਕਿੱਸੇ ਨੂੰ ਨਵਾਂ ਮੋੜ ਦੇਣਾ
359 ਚਾਤਰ ਕਰੇ ਚਤਰਾਈ
360 ਹੀਰ ਨੂੰ ਪੱਛਮੀ ਦੁਨੀਆ ਦਿਖਾਉਣੀ
360 ਐਲ ਏ ਸ਼ਹਿਰ
361 ਵੈਨਚੁਰਾ ਸ਼ਹਿਰ
362 ਅੱਧੀ ਅਮਰੀਕਾ ਦਾ ਚੱਕਰ
362 ਹੀਰ ਦਾ ਵੈਨਚੁਰਾ ਕਾਲਜ ਲੱਗਣਾ
362 ਹੀਰ ਦਾ ਸੈਦੇ ਨੂੰ ਮਿਲਣਾ
363 ਕੈਦੋਂ ਤੋਂ ਖੇੜਿਆਂ ਦਾ ਰਿਸ਼ਤਾ ਮੰਗਣਾ
363 ਹੀਰ ਦੇ ਕਾਗ਼ਜ਼ ਬਣਾਉਣੇ
364 ਚਲਾਕੀ ਨਾਲ ਹੀਰ ਦਾ ਸਾਕ ਕਰਨਾ
364 ਰਾਂਝੇ ਨੂੰ ਹੀਰ ਦਾ ਖ਼ਤ ਮਿਲਣਾ
365 ਰਾਂਝੇ ਦਾ ਜਵਾਬ ਲਿਖਣਾ
365 ਰਾਂਝੇ ਨੂੰ ਵੀਜ਼ੇ ਤੋਂ ਇਨਕਾਰ


Academy of the Punjab in North America: http://www.apnaorg.com

# ਚੁਰਸਤਾ

ਚੁਰਸਤਾ ਭਾਵੇਂ ਬਹੁਤਾ ਲੰਬਾ ਨਹੀਂ ਹੁੰਦਾ ਪਰ ਚੁਰਸਤੇ ਦੀ ਬਹੁਤ ਹੀ ਅਹਿਮੀਅਤ ਹੁੰਦੀ ਹੈ। ਰਸਤਾ ਪਕੜਣ ਲੱਗਿਆਂ ਜੇ ਚੁਰਸਤੇ ਵਿੱਚੋਂ ਕਿਤੇ ਗਲਤ ਪਾਸੇ ਨੂੰ ਮੁੜ ਹੋ ਜਾਵੇ ਤਾਂ ਜਿੰਨਾ ਜ਼ਿਆਦਾ ਤੇਜ ਦੌੜਾਂਗੇ ਓਨੇ ਹੀ ਆਪਣੀ ਮੰਜ਼ਿਲ ਤੋਂ ਦੂਰ ਨਿਕਲਦੇ ਜਾਵਾਂਗੇ। ਮੇਰੀ ਨਜ਼ਰੇ ਸਾਡੇ ਨਾਲ ਇਵੇਂ ਹੀ ਹੋਇਆ। ਸਾਡਾ ਇਤਹਾਸ ਲਿਖਣ ਵਾਲਿਆਂ ਤੇ ਯਕੀਨ ਕਰਕੇ ਅਸੀਂ ਇਸਾਈਆਂ ਦੇ ਦੱਸੇ ਰਸਤੇ ਤੇ ਤੁਰ ਪਏ ਫਿਰ ਭਲਾ ਮੰਜ਼ਿਲ ਕਿਵੇਂ ਮਿਲਣੀ ਸੀ। ਅਠ੍ਹਾਰਵੀਂ ਸਦੀ ਵਿੱਚ ਲਿਖੇ ਮਿਥਹਾਸ ਨੂੰ ਇਤਹਾਸ ਕਹਿ ਕੇ ਸਾਨੂੰ ਗੁਮਰਾਹ ਕੀਤਾ ਗਿਆ। ਗ੍ਰੀਕ ਅਤੇ ਰੋਮਨ ਸੱਭਿਅਤਾ ਦੀ ਪੁਰਾਤਨਤਾ ਦੀ ਨਕਲੀ ਕਹਾਣੀ ਨੂੰ ਇਤਹਾਸਕ ਰੰਗ ਦਿੱਤਾ ਗਿਆ। "ਆਪਣਾ ਅਤੀਤ" ਜੋ ਕਿ ਇਸ ਪੁਸਤਕ ਦਾ ਪਹਿਲਾ ਭਾਗ ਹੈ, ਦਲੀਲਾਂ ਨਾਲ ਮੇਰੇ ਇਸ ਵਿਚਾਰ ਦੀ ਪੁਸ਼ਟੀ ਕਰਦੀ ਹੈ। ਮੈਂ ਗੁਰੂ ਗ੍ਰੰਥ ਸਾਹਿਬ ਨੂੰ ਵਾਰ ਵਾਰ ਪੜ੍ਹਿਆ, ਨੀਝ ਨਾਲ ਪੜ੍ਹਿਆ। ਹਰ ਜੀਵ ਜੰਤੂ ਦੀ ਗੱਲ ਕੀਤੀ ਹੈ, ਖੰਡ ਬ੍ਰਹਿਮੰਡ, ਆਕਾਸ਼ ਪਤਾਲ ਦਾ ਚਰਚਾ ਕੀਤਾ ਹੈ। ਹਰ ਪੁਰਖ ਹਰ ਪਰਮੇਸਰ ਦਾ ਜ਼ਿਕਰ ਆਉਂਦਾ ਹੈ। ਪਰ ਸੁਕਰਾਤ, ਪਲੈਟੋ, ਅਰਸਤੂ ਜਾਂ ਜੀਸਸ ਕ੍ਰਾਈਸਟ ਦਾ ਨਾਮ ਕਿਤੇ ਨਹੀਂ ਲਿਖਿਆ। 17ਵੀਂ ਸਦੀ ਤੱਕ ਕਿਤੇ ਵੀ ਜ਼ਿਕਰ ਹੋਇਆ ਹੁੰਦਾ ਤਾਂ ਨਾਨਕ ਨੇ ਜਰੂਰ ਲੱਭ ਲੈਣਾ ਸੀ।

ਅਮਰੀਕਾ ਦੇ ਪਹਿਲੇ 15 ਪ੍ਰਧਾਨ ਦੀ ਇਸਮ ਨਾਲ ਸਬੰਧ ਰੱਖਦੇ ਸਨ। (ਨਾਸਤਕ ਸਨ) ਅਮਰੀਕਾ ਦੇ ਸੋਲ੍ਹਵੇਂ ਪਰਧਾਨ ਇਬਰਾਹਿਮ ਲਿੰਕਨ ਨੇ ਪੁੱਤ ਦੀ ਮੌਤ ਹੋਣ ਨਾਲ ਡਿਪ੍ਰੈਸ਼ਨ ਵਿੱਚ ਆ ਕੇ ਕ੍ਰਿਸਚੀਅਨ ਬਣਨ ਦੀ ਸੋਚੀ। ਅਸਲ ਵਿੱਚ ਇਸਲਾਮ ਨਾਲੋਂ ਵੱਖ ਹੋਏ ਇਸਾਈਆਂ ਕੋਲ ਇਸਲਾਮ ਨੂੰ ਗਲਤ ਕਹਿਣ ਦਾ ਕੋਈ ਕਾਰਣ ਹੀ ਨਹੀਂ ਸੀ। ਮਾਰਟਨ ਲੂਥਰ (1483-1546) ਜੋ ਕਿ ਜਰਮਨ ਪ੍ਰੀਸਟ ਸੀ ਉਸਨੇ ਪਹਿਲੀ ਵਾਰ ਮੱਥਾ ਟੇਕ ਕੇ ਭੁੱਲਾਂ ਬਖਸ਼ਾਉਣ ਵਾਲਿਆਂ ਨੂੰ ਗਲਤ ਕਿਹਾ ਸੀ। ਹਲਡਰਿਚ ਜਵਿੰਗਲੀ (1484-1531) ਜੋ ਕਿ ਸਵਿਟਜ਼ਰਲੈਂਡ ਦਾ ਪਾਦਰੀ ਸੀ ਉਸਨੇ ਰੋਜ਼ੇ ਰੱਖਣ ਖਿਲਾਫ ਆਵਾਜ਼ ਉਠਾਈ। ਜੌਹਨ ਕਾਲਵਿਨ (1509-1564) ਫ੍ਰੈਂਚ ਪਾਸਟਰ ਸੀ ਜਿਸ ਨੇ ਕਾਲਿਵਨਿਜ਼ਮ ਚਲਾਇਆ। ਪਰ ਇੰਗਲਿਸ਼ ਸਿਵਲ ਵਾਰ (1641 - 1651) ਤੱਕ ਤਾਂ ਹਰ ਪਾਸੇ ਇਸਲਾਮ ਦਾ ਬੋਲ ਬਾਲਾ ਰਿਹਾ। ਇਸਾਈ ਧਰਮ ਤਾਂ ਅਸਲ ਵਿੱਚ 19ਵੀਂ ਸਦੀ ਦੀ ਦੇਣ ਹੈ। ਹਜ਼ਰਤ ਮੁਹੰਮਦ ਨਾਲੋਂ ਜੀਸਸ ਕ੍ਰਾਈਸਟ ਨੂੰ ਵੱਧ ਤਰਜੀਹ ਦੇਣ ਦਾ ਕੋਈ ਕਾਰਣ ਤਾਂ ਸੀ ਨਹੀਂ। ਬਿਨਾ ਵਜ੍ਹਾ ਜਿਵੇਂ 1840 ਵਿੱਚ ਵਿਲੀਅਮ ਮਿਲਰ ਨੇਂ ਅਮ੍ਰੀਕਾ ਵਿੱਚ ਐਲਾਨ ਕਰ ਦਿੱਤਾ ਕਿ 22 ਅਕਤੂਬਰ 1844 ਨੂੰ ਜੀਸਸ ਨੇ ਧਰਤੀ ਤੇ ਪਰਤ ਆਉਣਾ ਹੈ। ਕਰੋੜਾਂ ਲੋਕਾਂ ਨੇ ਮੰਨ ਵੀ ਲਿਆ ਪਰ ਲੌਜਿਕ ਤਾਂ ਕੋਈ ਨਹੀਂ ਸੀ ਗੱਲ ਵਿੱਚ। 1848 ਵਿੱਚ ਮਦਰ ਪ੍ਰਸੀਲੀਆ ਲੀਡੀਆ ਤੋਂ ਪਹਿਲਾਂ ਕੋਈ ਔਰਤ ਇਸਾਈ ਨਹੀਂ ਸੀ। ਧਰਮ ਤੇ ਕਬਜੇ ਦੀ ਗੱਲ ਤਾਂ 1870 ਵਿੱਚ ਜਾ ਕੇ ਵੈਟੀਕਨ ਕੌਂਸਲ ਨੇ ਕੀਤੀ। ਲੇਕਿਨ ਇਸਲਾਮ ਦੇ ਇਤਹਾਸਕ ਸਬੂਤ ਚਿਰੋਕਣੇ ਮਿਲਦੇ ਹਨ। 1009 ਵਿੱਚ ਅਫਰੀਕਾ ਵਿੱਚ ਗਾਓ ਤੇ ਇਸਲਾਮਕ ਕਬਜ਼ੇ ਦੀ ਇਤਹਾਸ ਗਵਾਹੀ ਭਰਦਾ ਹੈ। 13ਵੀਂ ਸਦੀ ਵਿੱਚ ਤਾਂ ਭਾਰਤੀ ਮੁਗਲ ਇਤਹਾਸ ਵੀ ਸ਼ੁਰੂ ਹੋ ਗਿਆ ਸੀ। 1526 ਵਿੱਚ ਬਾਬਰ ਨੇ ਦਿੱਲੀ ਜਾ ਝੰਡਾ ਗੱਡਿਆ ਸੀ। ਇਸਾਈਆਂ ਨੇ 19ਵੀਂ ਸਦੀ ਵਿੱਚ ਭਾਰਤੀ ਲੋਕਾਂ ਦੀ ਮਦਦ ਨਾਲ ਭਾਰਤ ਵਿੱਚੋਂ ਮੁਸਲਮ ਰਾਜ ਖਤਮ ਕਰ ਦਿੱਤਾ ਤੇ ਆਪ ਰਾਜੇ ਬਣ ਕੇ ਬਹਿ ਗਏ। ਨਾਲੇ 100 ਸਾਲ ਰਾਜ ਕੀਤਾ ਨਾਲੇ ਹਿੰਦੂ ਮੁਸਲਮਾਨ ਵਿਰੋਧ ਸਾਰੀ ਉਮਰ ਲਈ ਖੜਾ ਕਰ ਦਿੱਤਾ।

ਚਾਰ ਕਿਤਾਬਾਂ ਜੋ ਮੰਜ਼ਿਲ ਨਾ ਮਿਲੀ ਭਾਗ ਦੂਜਾ ਵਿੱਚ ਸ਼ਾਮਲ ਹਨ ਉਨ੍ਹਾਂ ਵਿੱਚੋਂ ਪਹਿਲੀ ਹੈ ਆਪਣਾ ਅਤੀਤ ਜਿਸ ਵਿੱਚ ਦਲੀਲਾਂ ਸਹਿਤ ਸਿੰਧ ਘਾਟੀ ਦੀ ਪੁਰਤਨਤਾ ਤੇ ਵਿਚਾਰ ਕੀਤੀ ਹੈ। ਸ੍ਰਿਸ਼ਟੀ ਦੀ ਉਤਪਤੀ ਦੀ ਗੱਲ


Academy of the Punjab in North America: http://www.apnaorg.com

ਹੈ। ਦਲੀਲਾਂ ਨਾਲ ਡਾਰਵਨ ਦੀ ਐਵੋਲੂਸ਼ਨ ਦੀ ਥਿਊਰੀ ਨਾਲ ਅਸਹਿਮਤੀ ਪਰਗਟ ਕੀਤੀ ਹੈ। ਜੀਸਸ ਕ੍ਰਾਈਸਟ, ਸੁਕਰਾਤ, ਪਲੈਟੋ, ਅਰਸਤੂ ਤੇ ਮਹਾਨ ਸਿਕੰਦਰ ਦਾ ਇਤਿਹਾਸਕ ਵਜੂਦ ਜੇ ਹੁੰਦਾ ਤਾਂ ਧਰਤ ਆਕਾਸ਼ ਪਤਾਲ ਦੀ ਗੱਲ ਕਰਨ ਵਾਲੇ, ਸਾਰੇ ਰਿਸ਼ੀਆਂ ਮੁਨੀਆਂ ਦੀ ਗੱਲ ਕਰਨ ਵਾਲੇ, ਬਸਰੇ ਬਗਦਾਦ ਮੱਕੇ ਮਦੀਨੇ ਜਾਣ ਵਾਲੇ ਬਾਬੇ ਨਾਨਕ ਦੀ ਨਜ਼ਰੇ ਜਰੂਰ ਚੜਦੇ। ਗੁਰੂਆਂ ਸਮੇਤ **36** ਵਿਦਵਾਨਾ ਨੇ ਗੁਰਬਾਣੀ ਵਿੱਚ ਆਦਿ ਜੁਗਾਦ ਤੋਂ ਲੈ ਕੇ ਹਰ ਜੀਵ ਜੰਤੂ ਦਾ ਜ਼ਿਕਰ ਕੀਤਾ ਹੈ। ਬਾਬਾ ਇਸਾਈਆਂ ਨਾਲ ਕਿਸ ਗੱਲੋਂ ਨਰਾਜ਼ ਸੀ ਭਲਾ। ਇਤਿਹਾਸਕਾਰਾਂ ਦੀਆਂ ਲਿਖੀਆਂ ਦਲੀਲਾਂ ਵਿੱਚੋਂ ਆਪਣੀ ਇੱਕ ਵੱਖਰੀ ਦਲੀਲ ਲੈ ਕੇ ਹਾਜ਼ਰ ਹੈ ਇਹ "ਆਪਣਾ ਅਤੀਤ"। ਸ਼ੈਕਸ਼ਪੀਅਰ ਤੇ ਕਲੰਬਸ ਦੀ ਨਕਲੀ ਵਡਿਆਈ ਤੋਂ ਪਰਦਾ ਚੁੱਕਦੀ ਹੈ ਇਹ ਕਿਤਾਬ। ਧਰਤੀ, ਆਦਮੀ ਦੀ, ਭਾਸ਼ਾ ਦੀ, ਧਰਮਾਂ ਦੀ ਬਲਕਿ ਸਾਰੀ ਸਰਿਸ਼ਟੀ ਦੀ ਕਹਾਣੀ ਨਵੇਕਲੇ ਤਰੀਕੇ ਨਾਲ ਕਰਦੀ ਹੈ। ਰੁਲਦੀ ਜਾ ਰਹੀ ਪੰਜਾਬੀਅਤ ਦੀਆਂ ਪੁਰਾਤਨ ਕਦਰਾਂ ਕੀਮਤਾਂ ਦੀ ਗੱਲ ਹੈ।

ਦੂਸਰੀ ਕਿਤਾਬ "ਸ਼ਬਦ ਪ੍ਰਕਾਸ਼" ਹੈ ਜੋ ਸ਼ਬਦ ਸ਼ਕਤੀ ਦੀ ਵਕਾਲਤ ਕਰਦੀ ਹੈ। ਸ਼ਬਦ ਵਿਹੂਣਾ ਇਨਸਾਨ ਬਾਕੀ ਜਾਨਵਰਾਂ ਵਰਗਾ ਹੀ ਤਾਂ ਹੈ। ਅਧਿਆਤਮਕ ਦੁਨੀਆਂ ਸ਼ਬਦ ਦੇ ਬਿਨਾ ਤਾਂ ਸਿਰਜੀ ਹੀ ਨਹੀਂ ਜਾ ਸਕਦੀ। ਧਰਮ ਵਿੱਚ ਸ਼ਬਦ ਸ਼ਕਤੀ ਨਾਂ ਹੋਵੇ ਤਾਂ ਬਾਕੀ ਕੀ ਰਹਿ ਗਿਆ। ਅਸੱਭਿਅਕ ਲ਼ਫਜ਼ ਘਾਤਕ ਵੀ ਹੁੰਦੇ ਹਨ। ਚੰਗੇ ਭਲੇ ਜੇ ਕਥਾ ਕੀਰਤਨ ਸੁਣ ਕੇ ਬਾਹਰ ਨਿਕਲੀਏ ਤੇ ਜੇ ਕਿਤੇ ਕੋਈ ਬਾਹਰ ਮੂਰਖ ਮਿਲ ਜਾਵੇ ਜੋ ਗਲਤ ਲ਼ਫਜ਼ ਬੋਲ ਦੇਵੇ ਗਾਲ਼ ਕੱਢ ਦੇਵੇ ਤਾਂ ਖੂਨ ਉਬਲਣ ਲੱਗ ਜਾਂਦਾ ਹੈ। ਸੱਤਿ ਪੁਰਖ ਉਹ ਹੀ ਹੁੰਦਾ ਹੈ ਜੋ ਸਹੀ ਲ਼ਫਜ਼ਾਂ ਦਾ ਇਸਤੇਮਾਲ ਕਰੇ। ਕੋਈ ਵੀ ਪੁਰਖ ਜੋ ਪੰਚ ਭੂਤਕ ਹੈ ਉਹ ਸੰਪੂਰਣ ਸੱਚ ਨਹੀਂ ਹੋ ਸਕਦਾ। ਸ਼ਬਦ ਸੰਪੂਰਣ ਹੋ ਸਕਦਾ ਹੈ, ਸਦੀਵੀ ਹੋ ਸਕਦਾ ਹੈ, ਨਿਰਭਓ ਹੋ ਸਕਦਾ ਹੈ, ਨਿਰਵੈਰ ਹੋ ਸਕਦਾ ਹੈ, ਅਜੂਨੀਂ ਹੋ ਸਕਦਾ ਹੈ ਕਾਲ ਤੋਂ ਰਹਿਤ ਹੋ ਸਕਦਾ ਹੈ। ਇਨਸਾਨੀਂ ਰੂਪ ਵਿੱਚ ਦੁਨੀਆਂ ਦਾ ਪਾਰ ਉਤਾਰਾ ਕਰਨ ਆਏ ਨਾਨਕ ਵਰਗੇ ਮਹਾਂ ਅਵਤਾਰ ਵੀ ਸ਼ਬਦਾਂ ਰਾਹੀਂ ਹੀ ਪ੍ਰਕਾਸ਼ ਵੰਡਦੇ ਹਨ। ਤਾਂ ਫਿਰ ਸ਼ਬਦ ਦੇ ਲੜ ਲੱਗਣ ਦਾ ਕੀ ਡਰ ਹੈ। ਸਤਿਕਾਰਯੋਗ ਸ਼ਬਦਾਂ ਨਾਲ ਜੇ ਸਾਡੀ ਰਸਨਾ ਸਵਾਰੀ ਜਾਵੇ ਤਾਂ ਅਸੀਂ ਵੀ ਸਤਿਕਾਰਯੋਗ ਹੋ ਜਾਈਏ। ਗੁਰੂ ਗ੍ਰੰਥ ਸਾਹਿਬ ਵਿੱਚ ਆਏ ਰਾਗਾਂ ਅਤੇ ਬਾਣੀਆਂ ਦੀ ਗਿਣਤੀ ਮਿਣਤੀ ਕਰਨ ਦਾ ਯਤਨ ਕਰਦੀ ਹੈ ਇਹ ਕਿਤਾਬ ਸ਼ਬਦ ਪ੍ਰਕਾਸ਼।

ਮੇਰੇ ਪੰਧ ਪੈਂਡੇ ਤੀਸਰੀ ਕਿਤਾਬ ਹੈ ਜੋ ਕਿ ਪਰਵਾਸੀ ਪੰਜਾਬੀ ਦੁਨੀਆਂ ਦੇ ਰਾਹ ਖਹਿੜਿਆਂ ਦੀ ਗੱਲ ਕਰਦੀ ਹੈ। ਵਿਦੇਸ਼ਾਂ ਵਿੱਚ ਆਉਂਦੀਆਂ ਤਕਲੀਫਾਂ ਤੇ ਉਨ੍ਹਾਂ ਤੋਂ ਬਚ ਨਿਕਲਣ ਦੇ ਢੰਗ ਤਰੀਕੇ ਲੈ ਕੇ ਹਾਜ਼ਰ ਹੈ ਇਹ ਕਿਤਾਬ। ਮੇਰੀਆਂ ਮੁਸ਼ਕਲਾਂ ਚੋਂ ਮੈਂ ਕਿਵੇਂ ਬਚ ਨਿਕਲਿਆ ਸ਼ਾਇਦ ਇਸ ਕਿਤਾਬ ਨੂੰ ਪੜ ਕੇ ਪਾਠਕ ਪ੍ਰਦੇਸੀਆਂ ਨੂੰ ਉਹ ਪਾਪੜ ਨਾ ਵੇਲਣੇ ਪੈਣ ਜੋ ਮੈਂ ਆਪਣੇ ਪਿੰਡੇ ਉੱਪਰ ਹੰਢਾਏ। ਪਰਵਾਸ ਵਿੱਚ ਮੰਜ਼ਲਾਂ ਮਾਰਦੇ ਅਤੇ ਕਈ ਵਾਰ ਆਪਣੀ ਭਟਕਣਾ ਵਿੱਚ ਭਟਕਦੇ ਪੰਜਾਬੀ ਕਰੂਰੇ ਵਾਲੇ ਲੋਕਾਂ ਦੀ ਕਥਾ ਵਾਰਤਾ ਹੈ। ਅਮਰੀਕਾ ਕੈਨੇਡਾ ਅਤੇ ਇੰਗਲੈਂਡ ਵਿੱਚ ਹਜ਼ਾਰਾਂ ਪਾਠਕਾਂ ਨੇ ਮੇਰੇ ਪੰਧ ਪੈਂਡੇ ਕਿਤਾਬ ਵਿੱਚੋਂ ਆਪਣੇ ਜੀਵਨ ਨਾਲ ਮੇਲ ਖਾਂਦੀਆਂ ਘਟਨਾਵਾਂ ਨੂੰ ਤਾਜਿਆਂ ਕੀਤਾ। ਜੀਵਨ ਦੇ ਤਲਖ ਤਜ਼ਰਬਿਆਂ ਨੂੰ ਸਾਧਾਰਣ ਪੰਜਾਬੀ ਵਿੱਚ ਆਪ ਬੀਤੀਆਂ ਕਹਾਣੀਆਂ ਦੇ ਰੂਪ ਵਿੱਚ ਇਸ ਤਰਾਂ ਪੇਸ਼ ਕੀਤਾ ਹੈ ਕਿ ਹਰ ਪਾਠਕ ਪੜਦਿਆਂ ਪੜਦਿਆਂ ਕਹਾਣੀ ਦਾ ਪਾਤਰ ਬਣ ਜਾਂਦਾ ਹੈ। ਪਾਠਕ ਮੇਰੇ ਪੰਧ ਪੈਂਡਿਆਂ ਨੂੰ ਤਹਿ ਕਰਦਾ ਕਰਦਾ ਆਪਣੀ ਮੰਜ਼ਿਲ ਵੱਲ ਵਧਦਾ ਹੈ।

ਚੌਥੀ ਪੁਸਤਕ ਇੱਕ ਪ੍ਰੇਮ ਕਹਾਣੀ ਹੈ। ਪਾਤਰਾਂ ਦੇ ਨਾਮ ਵਾਰਿਸ ਸ਼ਾਹ ਤੋਂ ਉਧਾਰੇ ਲਏ ਹਨ। ਮੱਧ ਕਾਲੀਨੀ ਪੰਜਾਬੀ ਕਵਿਤਾ ਦੀ ਕਿੱਸਾ ਕਵਿਤਾ ਦੀ ਝਲਕ ਪੈਂਦੀ ਹੈ। ਵਾਰਿਸ ਵਾਂਗ ਬੈਂਤ ਛੰਦ ਨਿਭਾਉਣ ਦਾ ਯਤਨ ਹੈ। ਪੰਜਾਬ ਦੀ ਜਵਾਨੀ ਵਿੱਚ ਪਿਆਰ ਕਰਨ ਦੀ ਪੁਰਾਣੀ ਰੀਝ ਝਲਕਦੀ ਹੈ। ਦੇਸ਼ ਵਿਦੇਸ਼ ਵੱਸਦੇ ਪੰਜਾਬੀਆਂ ਦੀ


Academy of the Punjab in North America: http://www.apnaorg.com

ਪਿਆਰ ਭੁੱਖ ਨੂੰ ਮੇਟਣ ਲਈ ਸਿਰ ਧੜ ਦੀ ਬਾਜੀ ਲਾ ਦੇਣ ਦੀ ਆਦਤ ਦੀ ਕਹਾਣੀ ਹੈ। ਪੰਜਾਬੀਆਂ ਦੀ ਗੱਲ ਕਰਨ ਵਾਲੀ ਕੋਈ ਕਿਤਾਬ ਭਲਾ ਹੁਸਨ ਜਵਾਨੀਆਂ ਦੀ ਉਪਮਾਂ ਕਰੇ ਬਿਨਾ ਕਿਵੇਂ ਰਹਿ ਸਕਦੀ ਹੈ। ਇਸ ਕਿੱਸਾ ਕਾਵ ਵਿੱਚ ਪੰਜਾਬ ਦੀ ਅੱਥਰੀ ਜਵਾਨੀ ਦੀ ਤਸਵੀਰ ਸਾਫ ਦਿਸਦੀ ਹੈ। ਅਸ਼ਲੀਲ ਸ਼ਬਦ ਵਰਤਣ ਤੋਂ ਪੂਰਾ ਪਰਹੇਜ਼ ਕੀਤਾ ਹੈ। ਸਾਰੇ ਪਾਤਰ ਆਪਣੀ ਭੁਮਿਕਾ ਨਿਭਾਉਂਦੇ ਕਿਰਦਾਰ ਨਾਲ ਖੜੇ ਸਹੀ ਲਗਦੇ ਹਨ, ਕੋਈ ਵਿਲਨ ਹੈ ਹੀ ਨਹੀਂ। ਇਹ ਕਵਿਤਾ ਵਿਦੇਸ਼ ਜਾਣ ਲਈ ਠੱਗੀਆਂ ਖਾਂਦੇ ਅਤੇ ਵਿਦੇਸ਼ਾਂ ਵਿੱਚ ਜਾ ਕੇ ਰੁਲਦੇ, ਝਾੜੂ ਲਗਾਉਂਦੇ ਖਪ ਖਪ ਕੇ ਮਰਦੇ, ਪੰਜਾਬੀ ਸੱਭਿਆਚਾਰ ਦੀਆਂ ਕਦਰਾਂ ਕੀਮਤਾਂ ਹਰਦੇ ਸਾਡੇ ਆਪਣਿਆਂ ਦੀ ਕਥਾ ਹੈ। ਕੁੱਲ ਮਿਲਾ ਕੇ ਇਹ ਪੁਸਤਕ ਪੰਜਾਬੀਅਤ ਦੀ ਮੂਹੋਂ ਬੋਲਦੀ ਤਸਵੀਰ ਹੈ। ਵਿਦੇਸ਼ੀ ਪੰਜਾਬੀ ਸਾਹਿਤ ਵਿੱਚ ਇੱਕ ਵੱਖਰੀ ਦੱਖ ਦੇਣ ਵਾਲੀ ਕਿਤਾਬ ਹੈ। ਉਮੀਦ ਹੈ ਪਾਠਕਾਂ ਦਾ ਦਿਲ ਜਿੱਤਣ ਵਿੱਚ ਕਾਮਯਾਬ ਹੋਵੇਗੀ। ਪੂਰਣ ਆਸ ਤੇ ਵਿਸ਼ਵਾਸ ਨਾਲ

ਤੁਹਾਡਾ ਆਪਣਾ

ਸੁਰਿੰਦਰ ਸਿੰਘ ਸੁੱਨੜ

**805 612 5092**



Academy of the Punjab in North America: http://www.apnaorg.com

# ਆਦਿ ਜੁਗਾਦਿ ਦਾ ਭੇਦ ਹੈ - 'ਆਪਣਾ ਅਤੀਤ'

'ਆਦਿ ਪੁਰਖ ਤੇਰਾ ਅੰਤੁ ਨ ਪਾਇਆ' (417) ਆਦਿ ਪੁਰਖ, ਸਾਡਾ ਸਾਰਿਆਂ ਦਾ ਪਿਤਾ, ਕਿੱਥੇ ਤੇ ਕਦੋਂ ਪੈਦਾ ਹੋਇਆ, ਇਹ ਇੱਕ ਆਦਿ ਜੁਗਾਦੀ ਮਸਲਾ ਹੈ। ਇਸ ਮਸਲੇ ਦੇ ਹੱਲ ਦੀ ਤਲਾਸ਼ ਲਈ ਸੁਰਿੰਦਰ ਸਿੰਘ ਸੁੱਨੜ ਨੇ ਇਤਿਹਾਸ ਦੀ ਅੰਨ੍ਹੀਂ ਹਨ੍ਹੇਰ ਗੁਫਾ ਵਿੱਚ ਪੈਰ ਧਰਿਆ ਹੈ। ਉਸਦੇ ਇਸ ਹੌਂਸਲੇ ਦੀ ਦਾਦ ਦੇਣੀ ਬਣਦੀ ਹੈ। ਸੰਸਾਰ ਵਿੱਚ ਜਿੱਥੇ ਜਿੱਥੇ ਜਾ ਸਕਦਾ ਸੀ ਗਿਆ, ਇਤਿਹਾਸ ਨਾਲ ਸੰਬੰਧਿਤ ਜਿਹੜੀ ਵੀ ਪੁਸਤਕ ਪੜ੍ਹ ਸਕਦਾ ਸੀ ਪੜ੍ਹੀ। ਦਿਨ ਰਾਤ ਇੱਕ ਕਰਕੇ, ਆਪਣੇ ਘਰੇਲੂ ਅਤੇ ਕਾਰੋਬਾਰ ਦੇ ਰੁਝੇਵਿਆਂ ਨੂੰ ਤਲਾਂਜਲੀ ਦੇ ਕੇ ਵਿਸ਼ਵ ਇਤਿਹਾਸ ਦੇ ਗਹਿਰੇ ਸਮੁੰਦਰ 'ਚੋਂ ਸਾਡੇ ਲਈ ਇੱਕ ਮੋਤੀ ਕੱਢਕੇ ਲਿਆਇਆ ਹੈ। ਇਹ ਮੋਤੀ ਹੈ ਆਪਣਾ ਅਤੀਤ। ਸੁਰਿੰਦਰ ਸੁੱਨੜ ਸੰਸਾਰ ਪ੍ਰਸਿੱਦ ਦਾਰਸ਼ਨਿਕਾਂ-ਅਰਸਤੂ ਅਤੇ ਡਾਰਵਿਨ ਦੇ ਸਿਧਾਂਤਾਂ ਉੱਪਰ ਸੰਦੇਹ ਪ੍ਰਗਟ ਕਰਦਾ ਹੈ। ਅਸੀਂ ਅੱਜ ਤੱਕ ਇਨ੍ਹਾਂ ਦਾਰਸ਼ਨਿਕਾਂ ਦੀਆਂ ਕਹੀਆਂ-ਕਥੀਆਂ ਨੂੰ ਮੰਨਦੇ-ਪੂਜਦੇ ਆ ਰਹੇ ਹਾਂ। ਸੁੱਨੜ ਲਿਖਦਾ ਹੈ ਕਿ ਅਸੀਂ ਇਨ੍ਹਾਂ ਦਾਰਸ਼ਨਿਕਾਂ ਦੇ ਸਿਧਾਂਤਾਂ ਨੂੰ ਸੁਣ ਸੁਣਾ ਕੇ ਅੱਗੇ ਦੇ ਅੱਗੇ ਤੋਰੀ ਜਾਂਦੇ ਹਾਂ। ਸੁੱਨੜ ਨੇ ਇਨ੍ਹਾਂ ਵਿਦਵਾਨਾਂ ਦੀਆਂ ਗੱਲਾਂ ਤੇ ਸਿਧਾਂਤ ਗਹੁ ਨਾਲ ਪੜ੍ਹੇ ਲਗਦੇ ਹਨ। ਵਿਸ਼ਵ ਪ੍ਰਸਿੱਧ ਦਾਰਸ਼ਨਿਕ ਡਾਰਵਿਨ ਦਾ ਫਿਰਕਾਪ੍ਰਸਤ ਚਿਹਰਾ ਨੰਗਾ ਕੀਤਾ ਹੈ। ਸੁੱਨੜ ਲਿਖਦਾ ਹੈ ਕਿ ਬੰਦਾ ਡਾਰਵਿਨ ਦੇ ਬਾਂਦਰਾਂ ਤੋਂ ਨਹੀਂ ਬਣਿਆਂ। ਬੰਦਾ ਬੰਦੇ ਦੇ ਰੂਪ ਵਿੱਚ ਹੀ ਹੋਂਦ ਵਿੱਚ ਆਇਆ। ਮੱਛੀ ਤੋਂ ਬਣਦਾ ਬਣਦਾ ਬਾਂਦਰ ਤੇ ਬਾਂਦਰ ਤੋਂ ਬਣਦਾ ਬਣਦਾ ਬੰਦਾ ਤਾਂ ਇਵੇਂ ਹੈ ਜਿਵੇਂ ਕੋਈ ਕਹੇ ਚੌਲਾਂ ਤੋਂ ਕਣਕ, ਕਣਕ ਤੋਂ ਮੱਕੀ, ਮੱਕੀ ਤੋਂ ਮੂੰਗਫਲੀ ਤੇ ਫਿਰ ਬਣਦਾ ਬਣਦਾ ਕਮਾਦ ਬਣ ਗਿਆ। ਲੇਖਕ ਤੇ ਗੁਰਬਾਣੀ ਦਾ ਰੰਗ ਸਾਫ ਨਜ਼ਰ ਆਉਂਦਾ ਹੈ। ਬ੍ਰਹਮਾਂ ਨੂੰ ਆਦਿ ਪੁਰਖ ਮੰਨਦਾ ਹੈ ਤੇ ਇਸ ਪੰਚ ਭੂਤਕ ਬ੍ਰਹਿਮੰਡ ਵਿੱਚ ਆਦਮੀ ਦੇ ਪੰਚ ਭੂਤਕ ਜਿਸਮ ਦੇ ਸਮਕਾਲੀ ਹੋਣ ਦੀ ਗੱਲ ਕਰਦਾ ਹੈ। ਭਗਤ ਪੀਪਾ ਦੀ ਧਾਰਨਾ, 'ਜੋ ਬ੍ਰਹਿਮੰਡੇ ਸੋਈ ਪਿੰਡੇ' ਵੀ ਲੇਖਕ ਦੀ ਧਾਰਨਾ ਨਾਲ ਮੇਲ ਖਾਂਦੀ ਹੈ। ਇਸ ਲਈ ਆਪਣੇ ਪੂਰਬਿਆਂ ਦਾ ਯਕੀਨ ਕਰਦੇ ਹੋਏ ਲੇਖਕ ਦੀ ਇਸ ਧਾਰਨਾ ਨੂੰ ਕਬੂਲ ਕਰਨ ਨੂੰ ਦਿਲ ਕਰਦਾ ਹੈ

ਇਸ ਪੁਸਤਕ ਦੀ ਦੂਸਰੀ ਅਹਿਮ ਧਾਰਨਾ ਭਾਸ਼ਾ ਬਾਰੇ ਹੈ। ਇਹ ਤੱਥ ਸਰਵਪ੍ਰਵਾਨਿਤ ਹੈ ਕਿ ਰਿਗ ਵੇਦ ਸੰਸਾਰ ਦੀ ਪ੍ਰਥਮ ਪੁਸਤਕ ਹੈ। ਲੇਖਕ ਇੱਕ ਹੈਰਾਨਕੁਨ ਧਾਰਨਾ ਪੇਸ਼ ਕਰਦਾ ਹੈ ਕਿ ਸੰਸਕ੍ਰਿਤ ਪੰਜਾਬ ਦੀ ਪਹਿਲੀ ਵਿਆਕਰਣਕ ਭਾਸ਼ਾ ਹੈ। ਇਸਨੂੰ ਦਲੀਲ-ਪਰਕ ਸਹਾਰਾ ਦੇਣ ਲਈ ਲਿਖਦਾ ਹੈ ਕਿ ਪਾਣਿਨੀ ਪੰਜਾਬੀ ਸੀ, ਹੜੱਪਾ ਤੇ ਮਹਿੰਜੋਦੜੋ ਪੰਜਾਬੀ ਧਰਤੀ ਸੀ, ਵੇਦਾਂ ਦੀ, ਰਮਾਇਣ ਦੀ ਤੇ ਗੀਤਾ ਦੀ ਰਚਨਾ ਪੰਜਾਬ ਵਿੱਚ ਹੋਈ ਮੰਨਦਾ ਹੈ। ਭਾਸ਼ਾ ਕਿਵੇਂ ਲਿਖੀ ਜਾ ਸਕਦੀ ਹੈ-ਇਹ ਤਾਂ ਦੁਨੀਆਂ ਨੂੰ ਪਾਣਿਨੀ ਦੱਸਦਾ ਹੈ ਪਰ ਅੰਗ੍ਰੇਜ਼ਾਂ ਨੇ ਇਤਿਹਾਸਕ ਪ੍ਰਾਪਤੀਆਂ ਨੂੰ ਆਪਣੇ ਨਾਮ ਕਰ ਲਿਆ। ਯੌਰਪੀ ਲੋਕਾਂ ਦੇ ਲਿਖੇ ਝੂਠ-ਤੂਫਾਨ ਨੂੰ ਨੰਗਿਆਂ ਕਰਨ ਲਈ ਲੇਖਕ ਨੇ ਬੜੇ ਠੋਸ ਸਬੂਤ ਦਿੱਤੇ ਹਨ। ਕੋਲੰਬਸ ਦੇ ਨਵੀਂ ਧਰਤੀ ਅਮਰੀਕਾ ਲੱਭਣ ਦੀ ਵਿਸ਼ਵ ਪ੍ਰਸਿੱਧ ਧਾਰਨਾ ਨਾਲ ਵੀ ਸੁੱਨੜ ਸਹਿਮਤ ਨਹੀਂ ਹੈ। ਲਿਖਦਾ ਹੈ ਕਿ ਕੋਲੰਬਸ ਦੇ ਅਮਰੀਕਾ ਭਾਲਣ ਤੋਂ ਪਹਿਲਾਂ ਵੀ ਕਰੋੜਾਂ ਲੋਕ ਅਮਰੀਕਾ ਵੱਸਦੇ ਸਨ। ਬਹੁਤ ਸਾਰੀਆਂ ਪੁਰਾਤਨ ਧਾਰਨਾਵਾਂ ਨੂੰ ਇਹ ਪੁਸਤਕ ਦਲੀਲਾਂ ਸਹਿਤ ਖੁੱਲੀ ਚੁਣੌਤੀ ਦੇ ਦੀ ਹੈ। ਖੋਜ ਭਰਪੂਰ ਦਲੀਲਾਂ ਨਾਲ ਲੇਖਕ ਲਿਖਦਾ ਹੈ ਕਿ ਇਨਸਾਨੀਅਤ ਦੀ ਸ਼ੁਰੂਆਤ ਪੰਜਾਬ ਦੀ ਧਰਤੀ ਤੇ ਹੋਈ ਹੈ। ਜਲਵਾਯੂ ਅਤੇ ਭੂਗੋਲਿਕ ਸਥਿਤੀਆਂ ਦੀ ਗੱਲ ਕਰਦਾ ਲਿਖਦਾ ਹੈ ਕਿ ਬੰਦਾ ਬਰਫ ਨਾਲ ਜੰਮੇ ਪਹਾੜਾਂ ਤੇ ਨਹੀਂ ਪੈਦਾ ਹੋਇਆ, ਨਾ ਹੀ ਸੜਦੇ ਮਾਰੂਥਲਾਂ ਵਿੱਚ ਪੈਦਾ ਹੋਇਆ। ਪੰਜਾਬੀ, ਅਨੁਕੂਲ ਮੌਸਮ ਵਿੱਚ ਵਗਦੇ ਦਰਿਆਵਾਂ ਦੇ ਕੰਢਿਆਂ ਤੇ ਮਨੁੱਖਤਾ ਦਾ ਜਨਮ ਹੋਇਆ। ਲੇਖਕ ਦੀ ਇਹ ਦਲੀਲ ਮਨ ਨੂੰ ਭਾਉਂਦੀ ਹੈ। ਇਸ ਲਈ ਪੰਜਾਬ ਨੂੰ ਜੇ ਮਨੁੱਖਤਾ ਦੀ ਪਲੇਠੀ ਗੋਦ ਮੰਨ ਲਈਏ ਤਾਂ ਇਸ ਵਿੱਚ ਕੋਈ ਹਰਜ਼ ਨਹੀਂ। ਕੁਦਰਤ ਨੇ ਪੰਜਾਬ


Academy of the Punjab in North America: http://www.apnaorg.com

ਨੂੰ ਸਾਰੀਆਂ ਨਿਆਮਤਾਂ, ਸਾਰੀਆਂ ਬਰਕਤਾਂ ਬਖਸ਼ੀਆਂ ਹਨ। ਹਰ ਤਰ੍ਹਾਂ ਦੀ ਬਨਸਪਤੀ ਜਿਸ ਧਰਤੀ ਤੇ ਹੈ ਉਹ ਧਰਤੀ ਬੰਦੇ ਦੇ ਮੁੱਢ ਕਦੀਮ ਲਈ ਜਚਦੀ ਕਿਉਂ ਨਾ ਗਿਣੀਏਂ? ਇਸ ਪੁਸਤਕ ਰਾਹੀਂ ਲੇਖਕ ਸਾਨੂੰ ਸੱਦ ਦੇਂਦਾ ਹੈ ਕਿ ਜੋ ਕੁਝ ਵੀ ਅੰਗ੍ਰੇਜ਼ਾਂ ਨੇ ਵਿਸ਼ਵ ਇਤਿਹਾਸ ਬਾਰੇ ਲਿਖਿਆ ਹੈ ਉਸਦੀ ਪੁਣ-ਛਾਣ ਕਰੀਏ ਅਤੇ ਆਪਣੀਆਂ ਗੌਰਵਮਈ ਵਿਰਾਸਤੀ ਕਦਰਾਂ ਦੀ ਪਛਾਣ ਕਰੀਏ

ਇਸ ਪੁਸਤਕ ਰਾਹੀਂ ਸੁਰਿੰਦਰ ਸਿੰਘ ਸੁੱਨੜ ਨੇ ਸਾਡੇ ਸਾਰਿਆਂ ਦੇ ਫਿਕਰਾਂ ਦੀ ਬਾਂਹ ਫੜੀ ਹੈ। ਪੱਛਮੀ ਕਦਰਾਂ ਦੀ ਭੇਟ ਚੜ੍ਹੇ ਸਾਡੇ ਲੋਕਾਂ ਨੂੰ ਹਲੂਣ ਕੇ ਜਗਾਇਆ ਹੈ। ਜੇਕਰ ਅਸੀਂ ਜਾਗ ਜਾਈਏ ਤਾਂ ਉਹ ਦਿਨ ਦੂਰ ਨਹੀਂ ਜਦ ਪੱਛਮੀਂ ਮੁਲਕਾਂ ਵੱਲ ਝਾਕਣ ਦੀ ਬਜਾਏ ਅਸੀਂ ਆਪਣੀ ਦੁਨੀਆਂ ਦੇ ਬਾਦਸ਼ਾਹ ਬਣ ਜਾਵਾਂਗੇ। ਕੁਲ ਮਿਲਾ ਕੇ ਕਿਹਾ ਜਾ ਸਕਦਾ ਹੈ ਕਿ ਸਮੁੱਚੀ ਪੰਜਾਬੀ ਵਾਰਤਕ ਦੇ ਇਤਿਹਾਸ ਵਿੱਚ ਇਹ ਆਪਣੀ ਕਿਸਮ ਦੀ ਪਹਿਲੀ ਪੁਸਤਕ ਹੈ ਜੋ ਇਨਸਾਨੀਅਤ ਦੇ ਅਤੀਤ ਨੂੰ ਪਛਾਣਨ ਦੀ ਚੇਸ਼ਟਾ ਵਜੋਂ ਲਿਖ ਗਈ ਹੈ। ਇਸਦਾ ਆਪਣਾ ਦਾਰਸ਼ਨਿਕ ਮਹੱਤਵ ਤਾਂ ਹੈ ਹੀ, ਇਸਦਾ ਸਾਹਿਤਕ ਮਹੱਤਵ ਵੀ ਹੈ। ਸ਼ੈਲੀ ਸਰਲ, ਸਾਦਾ ਤੇ ਸਹਿਜ-ਸੁਭਾਵਕ ਹੈ। 'ਆਪਣਾ ਅਤੀਤ' ਪੁਸਤਕ ਪੜ੍ਹਦਿਆ ਅਜਿਹਾ ਕਿਤੇ ਵੀ ਮਹਿਸੂਸ ਨਹੀਂ ਹੁੰਦਾ ਕਿ ਲੇਖਕ ਸਾਨੂੰ ਕੁਝ ਸਿਖਾ ਰਿਹਾ ਹੈ। ਉਹ ਤਾਂ ਸਾਡੇ ਨਾਲ ਗੱਲਾਂ ਬਾਤਾਂ ਕਰਦਾ ਹੈ। ਵਿਚਾਰ ਵਟਾਂਦਰਾ ਕਰਦਾ ਕਹਿ ਲਓ। ਲੇਖਕ ਸਾਡੇ ਤੋਂ ਯੋਗ ਹੁੰਗਾਰੇ ਦੀ ਆਸ ਵੀ ਕਰਦਾ ਹੈ। ਕਈ ਥਾਵਾਂ ਤੇ ਸਾਡੀ ਸਵੀਕ੍ਰਿਤੀ ਵੀ ਲੋੜਦਾ ਹੈ। ਗੱਲ ਕੀ ਸੁੱਨੜ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦਾ ਦੀਵਾਨਾ ਹੈ। ਉਸਦੀ ਦੀਵਾਨਗੀ ਨੂੰ ਦੇਖ ਕੇ ਤਾਂ ਇਹੋ ਕਹਿਣ ਨੂੰ ਜੀ ਕਰਦਾ ਹੈ ਕਿ 'ਇਸ ਦੀਵਾਨਗੀ ਪਰ ਕੋਈ ਮਰ ਨਾ ਮਿਟੇ ਤੋ ਕਿਆ ਕਰੇ। '

**ਡਾ. ਰਾਮ ਮੂਰਤੀ**
ਪਿੰਡ ਮੱਲ੍ਹੀਆਂ ਖੁਰਦ


Academy of the Punjab in North America: http://www.apnaorg.com

# ਭੂਮਿਕਾ ਸਮੇਂ ਦੀਆਂ ਸੂਈਆਂ

ਇਤਿਹਾਸ ਅਤੇ ਮਿਥਿਹਾਸ ਦੋਵੇਂ ਹੀ ਅਸੀਂ ਆਪ ਲਿਖੇ ਹਨ। ਕਿਸ ਨੂੰ ਇਤਿਹਾਸ ਕਹਿਣਾ ਹੈ ਅਤੇ ਕਿਸ ਨੂੰ ਮਿਥਿਹਾਸ, ਇਹ ਸਾਡੇ ਤੇ ਨਿਰਭਰ ਕਰਦਾ ਹੈ। ਇਤਿਹਾਸਕਾਰਾਂ ਦੀ ਆਪੋ ਆਪਣੀ ਸੋਚ ਹੈ, ਜ਼ਿੱਦ ਹੈ। ਅਨੁਮਾਨਤ ਨੂੰ ਅਸਲ ਸਮਝ ਲੈਣਾ, ਮਿਥਿਹਾਸ ਨੂੰ ਇਤਿਹਾਸ ਕਹਿਣਾ ਇਨਸਾਨ ਦੀ ਪੁਰਾਣੀ ਆਦਤ ਹੈ। ਆਪਣੀ ਇਸ ਆਦਤ ਦੀ ਕਹਾਣੀ ਲਿਖਣ ਨੂੰ ਜੀਅ ਕਰਦਾ ਹੈ। ਆਪਣੇ ਜਾਦੂ ਨਾਲ ਜਾਦੂਗਰ ਕਈ ਵਾਰ ਜੋ ਵਸਤਾਂ ਪੈਦਾ ਕਰ ਕੇ ਦਿਖਾ ਦੇਂਦਾ ਹੈ, ਜੇ ਸੱਚ ਮੁੱਚ ਹੀ ਉਹ ਚੀਜ਼ਾਂ ਪੈਦਾ ਕਰ ਸਕਦਾ ਹੁੰਦਾ ਤਾਂ ਫਿਰ ਉਸਨੂੰ ਦਰ ਦਰ ਜਾ ਕੇ ਮੰਗਣ ਦੀ ਕੀ ਲੋੜ ਸੀ। ਜਾਦੂ ਦੀ ਖੇਡ ਨੂੰ ਅਸਲ ਮੰਨਣ ਦੀ ਸਾਡੀ ਸੋਚ ਦੀ ਹੈ ਇਹ ਕਹਾਣੀ। ਸਾਡੀਆਂ ਗਿਣਤੀਆਂ ਮਿਣਤੀਆਂ ਨੂੰ ਸਾਹਿਤਕ ਰੰਗ ਵਿੱਚ ਦਿਲਚਸਪ ਤਰੀਕੇ ਨਾਲ ਲਿਖਣ ਦਾ ਇਹ ਇੱਕ ਸਾਰਥਕ ਯਤਨ ਹੈ। ਕਿਆਸ ਨੂੰ ਅਸੀਂ ਮਿਥਿਹਾਸ ਕਹਿੰਦੇ ਹਾਂ। ਜੋ ਸੱਚ ਮੁੱਚ ਹੀ ਵਾਪਰਿਆ ਹੋਵੇ ਉਸਨੂੰ ਇਤਿਹਾਸ ਕਹਿੰਦੇ ਹਾਂ। ਲੇਕਿਨ ਜਦੋਂ ਅਸੀਂ ਕਿਆਸ ਨੂੰ ਇਤਿਹਾਸ ਕਹਿਣ ਦੀ ਜ਼ਿੱਦ ਕਰਦੇ ਹਾਂ, ਉਸ ਜ਼ਿੱਦ ਦੀ ਕਹਾਣੀ ਹੈ'ਸਮੇਂ ਦੀਆਂ ਸੂਈਆਂ। ' ਅਸੀਂ ਇਤਿਹਾਸ ਕਿਉਂ ਪੜਦੇ ਹਾਂ ਭਲਾ, ਕਿਉਂਕਿ ਅਸੀਂ ਆਪਣੀਆਂ ਗਲਤੀਆਂ ਦੁਹਰਾਉਣਾ ਨਹੀਂ ਚਾਹੁੰਦੇ। ਪਰ ਜੇਕਰ ਇਤਿਹਾਸ ਹੀ ਕਿਸੇ ਨੇ ਕਿਆਸ ਕਰਕੇ ਲਿਖਿਆ ਹੋਵੇ ਤੇ ਅਸੀਂ ਕਿਆਸ ਨੂੰ ਹੀ ਇਤਿਹਾਸ ਮੰਨ ਕੇ ਬੈਠੇ ਹੋਈਏ, ਬਸ ਉਸ ਸਥਿਤੀ ਵਿੱਚ ਜੇ ਮਹਿਸੂਸ ਕਰ ਸਕਣ ਦੇ ਸਮਰੱਥ ਹੋ ਤਾਂ ਇਹ ਕਹਾਣੀ ਤੁਹਾਨੂੰ ਬਹੁਤ ਦਿਲਚਸਪ ਲੱਗੇਗੀ।

ਇਤਿਹਾਸਕਾਰਾਂ ਨੇ ਆਪੋ ਆਪਣੇ ਤਰੀਕੇ ਨਾਲ ਸਾਡੇ ਮੁੱਢ ਕਦੀਮ ਦੀ ਕਹਾਣੀ ਲਿਖੀ। ਪਿਛਲੀਆਂ ਦੋ ਕੁ ਸਦੀਆਂ ਵਿੱਚ ਸਾਡੇ ਇਤਿਹਾਸ ਦੀ ਅਨੁਮਾਨਤ ਤਸਵੀਰ ਵਿੱਚ ਆਪੋ ਆਪਣੇ ਰੰਗ ਭਰ ਕੇ ਬਹੁਤ ਲੋਕਾਂ ਨੇ ਪੀ ਐਚ ਡੀ. ਦੀਆਂ ਡਿਗਰੀਆਂ ਲਈਆਂ। ਕੀ ਉਹ ਸਚਮੁੱਚ ਹੀ ਸਾਡਾ ਇਤਿਹਾਸ ਹੈ ਕਿ 'ਆਖ ਦਮੋਦਰ ਮੈਂ ਅੱਖੀਂ ਡਿੱਠਾ' ਵਾਂਗ ਤਕੀਆ ਕਲਾਮ ਹੀ ਹੈ। ਇੱਕ ਗੱਲ ਮੈਂ ਹੋਰ ਸਪਸ਼ਟ ਕਰ ਦਿਆਂ, ਅਸੀਂ ਕਈ ਵਾਰ ਜ਼ਿੱਦ ਕਰਦੇ ਹਾਂ ਕਹਿਣ ਦੀ ਕਿ ਇਹ ਲਫਜ਼ ਪੰਜਾਬੀ ਨਹੀਂ, ਇਹ ਤਾਂ ਹਿੰਦੀ ਹੈ, ਫ਼ਾਰਸੀ ਹੈ ਜਾਂ ਇਹ ਤਾਂ ਅੰਗ੍ਰੇਜ਼ੀ ਦਾ ਅੱਖਰ ਹੈ। ਪਾਠਕਾਂ ਨੂੰ ਬੇਨਤੀ ਹੈ ਕਿ ਜੇ ਮੇਰੀ ਭਾਸ਼ਾ ਤੁਹਾਨੂੰ ਸਮਝ ਲੱਗਦੀ ਹੈ ਤਾਂ ਇਸ ਰਚਨਾ ਵਿੱਚ ਵਰਤੀ ਸਾਰੀ ਭਾਸ਼ਾ, ਸਾਰੇ ਲਫਜ਼ਾਂ ਨੂੰ ਪੰਜਾਬੀ ਕਹਿਣ ਦਾ ਮੇਰਾ ਹੱਕ ਬਣਿਆਂ ਰਹਿਣ ਦਿਓ। ਹਰ ਕਿਸੇ ਦੀ ਆਪਣੀ ਆਪਣੀ ਸੋਚ ਹੁੰਦੀ ਹੈ। ਜੇ ਮੇਰੀ ਸੋਚ ਕਿਸੇ ਦੀ ਸੋਚ ਨਾਲੋਂ ਵੱਖਰੀ ਹੈ ਤਾਂ ਹੋਰ ਕੋਈ ਨਿਰਣਾ ਲੈਣ ਤੋਂ ਪਹਿਲਾਂ ਇਹ ਵੀ ਸੋਚ ਲੈਣਾ ਕਿ ਇਹ ਤਾਂ ਵਿਚਾਰ ਹੈ। ਕਹਾਣੀ ਦੇ ਪਾਤਰ, ਤਿਥੀਆਂ ਮਿਤੀਆਂ ਵੱਖਰੀਆਂ ਹੋਣ ਤਾਂ ਹੀ ਤਾਂ ਕਹਾਣੀ ਵਿੱਚ ਮੌਲਿਕਤਾ ਹੁੰਦੀ ਹੈ। ਇਹ ਕਹਾਣੀ ਲਿਖਣ ਦਾ ਕਾਰਣ ਜੇ ਸਮਝ ਵਿੱਚ ਆ ਜਾਵੇ ਤਾਂ ਕਹਾਣੀ ਨਾਲ ਪਾਠਕਾਂ ਦੀ ਦਿਲਚਸਪੀ ਹੋਰ ਵਧ ਸਕਦੀ ਹੈ। ਲਓ ਕਾਰਣ ਸੁਣੋ :

ਮੇਰੀਆਂ ਸਾਰੀਆਂ ਕਿਤਾਬਾਂ, ਸਾਰੀਆਂ ਲਿਖਤਾਂ ਵਿੱਚ ਮੇਰੀ ਆਪਣੀ ਕਹਾਣੀ ਜ਼ਰੂਰ ਦਿਸਦੀ ਹੈ। ਕੈਲੇ ਫੋਰਨੀਆਂ ਵਿੱਚ ਜਦ ਕੰਮ ਕਾਰ ਵਧੀਆ ਚੱਲਣ ਲੱਗ ਪਏ ਤਾਂ ਮੇਰਾ ਲੜਕਾ ਗਗਨਦੀਪ ਕਈ ਵਾਰ ਮੈਨੂੰ ਨਵੇਂ ਜ਼ਮਾਨੇ ਦੇ ਢੰਗ ਤਰੀਕੇ ਦੱਸਣ ਲੱਗ ਪਿਆ। ਮੇਰੀ ਪਤਨੀ ਹਰਪ੍ਰੀਤ ਵੀ ਗਗਨ ਦੀਆਂ ਸਕੀਮਾਂ ਦੀ ਬੜੀ ਸਿਫਤ ਕਰਿਆ ਕਰੇ। ਮੈਂ ਇੱਕ ਦਿਨ ਸੋਚਿਆ ਕਿ ਆਖਰ ਤਾਂ ਮੁੰਡਿਆਂ ਨੇ ਹੀ ਕੰਮ ਕਾਰ ਸੰਭਾਲਣਾ ਹੈ, ਕਿਉਂ ਨਾ ਮੈਂ ਹੁਣੇ ਹੀ ਚਾਬੀਆਂ ਫੜਾ ਦਿਆਂ। ਸਾਰੇ ਪਰਿਵਾਰ ਨੂੰ ਇਹ ਚੰਗਾ ਲੱਗਿਆ, ਮੈਂ ਸਾਰੀਆਂ ਜ਼ਿੰਮੇਵਾਰੀਆਂ ਤੋਂ ਫਾਰਗ ਹੋ ਗਿਆ। ਪੰਜਾਬ ਜਾ ਕੇ ਪੰਜ ਕਿਤਾਬਾਂ ਵੀ ਲਿਖੀਆਂ। ਮੇਰੀਆਂ ਸਾਦ ਮੁਰਾਦੀਆਂ ਗੱਲਾਂ ਪਾਠਕਾਂ ਨੂੰ ਖਰੀਆਂ ਲੱਗੀਆਂ। ਜਦ ਛੇਵੀਂ ਕਿਤਾਬ 'ਆਪਣਾ ਅਤੀਤ' ਲਿਖ ਰਿਹਾ ਸਾਂ ਤਾਂ ਇਤਿਹਾਸਕ ਗੱਲਾਂ ਕਰਨ ਲਈ ਮੈਂ ਆਪਣੇ


Academy of the Punjab in North America: http://www.apnaorg.com

ਗਿਆਨ ਵਿੱਚ ਵਾਧਾ ਕਰਨ ਵਾਸਤੇ ਕਈ ਇਤਿਹਾਸਕ ਕਿਤਾਬਾਂ ਪੜ੍ਹੀਆਂ। ਪੁਰਾਤਨ ਸੱਭਿਅਤਾ ਅਤੇ ਇਤਿਹਾਸ ਦੀਆਂ ਬਹੁਤ ਸਾਰੀਆਂ ਕਿਤਾਬਾਂ ਪੜ੍ਹੀਆਂ ਪਰ ਜਿਵੇਂ ਜਿਵੇਂ ਮੈਂ ਹੋਰ ਹੋਰ ਕਿਤਾਬਾਂ ਪੜ੍ਹਦਾ ਗਿਆ, ਮੈਂ ਗਵਾਚਦਾ ਗਿਆ। ਜਿਵੇਂ ਜਿਵੇਂ ਮੇਰੀ ਭਾਵਕਤਾ ਵਲੂੰਧਰ ਹੁੰਦੀ ਗਈ, ਮੇਰਾ ਦਰਦ ਵਧਦਾ ਗਿਆ। ਹਾਲੇ ਕੱਲ ਜੰਮੀਂ ਅੰਗ੍ਰੇਜ਼ੀ ਭਾਸ਼ਾ ਵਿੱਚ ਕਈ ਇਤਿਹਾਸਕ ਕਿਤਾਬਾਂ ਐਸੀਆਂ ਹਨ ਜਿਨ੍ਹਾਂ ਨੂੰ ਪੜ੍ਹ ਕੇ ਇਵੇਂ ਲਗਦਾ ਜਿਵੇਂ ਇਹ ਨਾ ਹੁੰਦੀਆਂ ਤਾਂ ਸਾਨੂੰ ਸਾਡੇ ਇਤਿਹਾਸ ਬਾਰੇ ਗਿਆਨ ਹੀ ਨਹੀਂ ਸੀ ਹੋ ਸਕਦਾ। ਦੁਨੀਆਂ ਦਾ ਇਤਿਹਾਸ ਪੜ੍ਹਦਿਆਂ ਪੜ੍ਹਦਿਆਂ ਕਈ ਵਾਰ ਮੈਨੂੰ ਇਵੇਂ ਲੱਗਾ ਜਿਵੇਂ ਮੈਂ ਕੋਈ ਮਿਥਿਹਾਸਕ ਕਿਤਾਬ ਪੜ੍ਹ ਰਿਹਾ ਹੋਵਾਂ। ਵੇਦਾਂ ਸ਼ਾਸਤਰਾਂ ਤੇ ਉਪਨਿਸ਼ਦਾਂ ਨੂੰ ਪੜ੍ਹਦਿਆਂ ਕਦੇ ਇਸ ਤਰ੍ਹਾਂ ਨਹੀਂ ਸੀ ਲੱਗਾ ਕਿ ਇਹ ਮਿਥਿਹਾਸ ਹੈ। ਹਾਂ, ਅੱਤਿਕਥਨੀ ਅਲੰਕਾਰ ਵਿੱਚ ਜ਼ਰੂਰ ਹੈ। ਲੇਕਿਨ ਦੇਵੀ ਦੇਵਤਿਆਂ ਦਾ, ਮਰਿਯਾਦਾ ਪਰਸ਼ੋਤਮ ਰਾਜਿਆਂ ਦਾ ਪਾਤਰ ਚਿਤਰਣ ਕਰਨ ਦਾ ਜੋ ਕਾਰਣ ਹੈ, ਉਸ ਕਰਕੇ ਮਿਥਿਹਾਸ ਵੀ ਇਤਿਹਾਸ ਨਾਲੋਂ ਵਧੀਆ ਲਗਦਾ ਹੈ। ਅਧਿਆਤਮਕ ਤੇ ਯਥਾਰਥਵਾਦੀ ਰੰਗ ਵਿੱਚ ਰੰਗਿਆ ਮਿਥਿਹਾਸ ਇਤਿਹਾਸ ਨਾਲੋਂ ਜ਼ਿਆਦਾ ਮਾਇਨੇ ਰੱਖਦਾ ਹੈ। ਡਾਰਵਿਨ ਦੀ ਸਿਧਾਂਤਿਕ ਰਚਨਾ ਨੂੰ ਵੀ ਅੱਜ ਦੀ ਸਾਇੰਸ ਮੰਨਣ ਨੂੰ ਤਿਆਰ ਨਹੀਂ। ਸਾਡੇ ਇਨਸਾਨੀਅਤ ਦੇ ਇਤਿਹਾਸ ਬਾਰੇ ਲਿਖੀਆਂ ਗਈਆਂ ਕਿਤਾਬਾਂ ਮੈਂ ਜਿਵੇਂ ਜਿਵੇਂ ਪੜ੍ਹਦਾ ਗਿਆ, ਮੇਰੀ ਨਿਰਾਸ਼ਤਾ ਦਿਨੋ ਦਿਨ ਵਧਦੀ ਗਈ। ਪਰ ਕਰਾਂ ਤਾਂ ਕੀ ਕਰਾਂ, ਸਮਝ ਨਹੀਂ ਸੀ ਲੱਗ ਰਹੀ। ਇੱਕ ਦਿਨ ਮੈਂ ਭਾਗਵਾਨ ਐੱਸ ਗਿਡਵਾਨੀ ਦੀ ਲਿਖੀ ਕਿਤਾਬ, 'ਰਿਟਰਨ ਆਫ ਦੀ ਆਰੀਅਨਜ਼' ਖਰੀਦ ਕੇ ਲਿਆਇਆ। ਇਹ ਨਾਵਲ ਦੇ ਰੂਪ ਵਿੱਚ ਇੱਕ ਵੱਖਰੀ ਕਿਸਮ ਦੀ ਕਿਤਾਬ ਹੈ। ਮੌਲਿਕਤਾ ਤਾਂ ਹੈ ਪਰ ਨਾਵਲ ਵਾਲੀ ਕਹਾਣੀ ਨਹੀਂ ਹੈ। ਰੌਚਿਕਤਾ ਨਾ ਹੋਵੇ, ਕਹਾਣੀ ਕਿਸੇ ਪਾਸੇ ਨੂੰ ਤੁਰੇ ਹੀ ਨਾ ਤਾਂ ਉਹ ਕਾਹਦੀ ਕਹਾਣੀ ਹੋਈ। ਪਰ ਇਹ ਕਿਤਾਬ ਪੜ੍ਹ ਕੇ ਮੈਨੂੰ ਇੱਕ ਰਾਹ ਮਿਲ ਗਿਆ। ਇਤਿਹਾਸਕ ਗੱਲ ਕਹਾਣੀ ਦੇ ਤੌਰ ਤੇ ਕੀਤੀ ਜਾਵੇ। ਜੇ ਕਿਸੇ ਨੂੰ ਮੇਰੀ ਗੱਲ ਸਹੀ ਨਾ ਲੱਗੇ ਤਾਂ ਮੈਂ ਇਹ ਵੀ ਹੱਕ ਰਾਖਵਾਂ ਰੱਖ ਲਿਆ ਕਿ ਇਹ ਤਾਂ ਮੈਂ ਕਹਾਣੀ ਲਿਖੀ ਹੈ। ਜੇ ਕਿਸੇ ਨੂੰ ਕੁਝ ਸਹੀ ਨਾ ਵੀ ਲੱਗੇ ਤਾਂ ਵੀ ਖੈਰ ਸੱਲਾ। ਆਓ! ਮੈਂ ਤੁਹਾਨੂੰ ਆਪਣੇ ਪਾਤਰਾਂ ਨਾਲ ਮਿਲਾਵਾਂ। ਆਪਣੇ ਪਾਤਰਾਂ ਦੇ ਨਾਮ ਵੀ ਆਪਣੀ ਮਰਜ਼ੀ ਨਾਲ ਰੱਖੇ ਹਨ। ਹਰ ਕਿਰਦਾਰ ਨੂੰ ਕਾਲਪਨਿਕ ਮੰਨਣ ਨਾਲ ਮੇਰੀ ਕਹਾਣੀ ਕਿਸੇ ਤੇ ਕੋਈ ਵਾਰ ਨਹੀਂ ਕਰਦੀ। ਲਓ ਫਿਰ ਇਜ਼ਾਜਤ ਦਿਓ ਤਾਂ ਮੈਂ ਤੁਹਾਨੂੰ ਕਹਾਣੀ ਖੋਲ੍ਹ ਸੁਣਾਵਾਂ:

ਕਈ ਕਰੋੜਾਂ ਸਾਲ ਪਹਿਲਾਂ ਦੀ ਗੱਲ ਹੈ ਕਿ ਇਹ ਧਰਤੀ ਜੋ ਕਿਸੇ ਸਮੇਂ ਅੱਗ ਦਾ ਗੋਲਾ ਸੀ, ਹੁੰਦੀ ਹੁੰਦੀ ਠੰਢੀ ਹੋ ਗਈ। ਹਵਾ ਪਾਣੀ, ਅਗਨੀ ਧਰਤੀ ਉਤੇ ਕਰੋੜਾਂ ਸਾਲ ਪਹਿਲਾਂ ਤੋਂ ਹੀ ਮੌਜੂਦ ਹਨ। ਸਾਰੇ ਵਿਗਿਆਨੀ, ਸਾਰੇ ਜੋਤਸ਼ੀ, ਅਰਥਸ਼ਾਸਤਰੀ ਅਤੇ ਇਤਿਹਾਸਕਾਰ ਇਸ ਗੱਲ ਨਾਲ ਸਹਿਮਤ ਹਨ। ਕਰੋੜਾਂ ਸਾਲ ਪਹਿਲਾਂ ਧਰਤੀ, ਪਾਣੀ, ਹਵਾ, ਅਗਨ ਅਤੇ ਆਕਾਸ਼ ਮੌਜੂਦ ਸੀ। ਸਮੁੰਦਰ ਦਾ ਸਾਰਾ ਲੂਣ ਜੋ ਕਿ ਸਮੁੱਚੇ ਸਮੁੰਦਰੀ ਪਾਣੀ ਦਾ ਤਕਰੀਬਨ ਸਾਡੇ ਤਿੰਨ ਪ੍ਰਤੀਸ਼ਤ ਹੈ, ਸਾਰਾ ਕੱਢ ਕੇ ਧਰਤੀ 'ਤੇ ਰੱਖਿਆ ਹੀ ਨਹੀਂ ਜਾ ਸਕਦਾ। ਧਰਤੀ ਦੇ ਸੇਕ ਨਾਲ ਸੜਿਆ ਪਾਣੀ ਖਾਣਾਂ ਦੀਆਂ ਖਾਣਾਂ ਲੂਣ ਧਰਤੀ ਵਿੱਚ ਛੱਡ ਗਿਆ। ਇਹ ਸੁਣੀ ਸੁਣਾਈ ਨਹੀਂ, ਗਿਣੀ ਮਿਣੀ ਗੱਲ ਦੀ ਕਹਾਣੀ ਹੈ। ਇਹ ਸਭ ਕੁਝ ਕਿਵੇਂ ਬਣਿਆਂ, ਇਹ ਤਾਂ ਵਿਧਾਤਾ ਜਾਣੇ ਪਰ ਇੱਕ ਗੱਲ ਨਾਲ ਸਾਰੇ ਹੀ ਸਹਿਮਤੀ ਰੱਖਦੇ ਹਨ ਕਿ ਧਰਤੀ, ਹਵਾ, ਪਾਣੀ, ਅਗਨੀ ਤੇ ਆਕਾਸ਼ ਕਰੋੜਾਂ ਸਾਲ ਪਹਿਲਾਂ ਮੌਜੂਦ ਸਨ। ਇਵੇ ਂ ਵੀ ਕਹਿ ਸਕਦੇ ਹਾਂ ਕਿ ਇਹ ਪੰਜ ਤੱਤ ਨਾ ਹੁੰਦੇ ਤਾਂ ਧਰਤੀ ਵੀ ਨਾ ਹੁੰਦੀ। ਸਾਰੀ ਧਰਤੀ ਨੂੰ ਭੂਗੋਲਿਕ ਤੌਰ ਤੇ ਦੇਖੀਏ, ਸਾਰੇ ਗਿਆਨਵਾਨ ਲੋਕਾਂ ਦੇ ਵਿਚਾਰਾਂ ਨੂੰ ਵੀ ਧਿਆਨ ਵਿੱਚ ਰੱਖ ਕੇ, ਸਾਰੀ ਜੋਤਿਸ਼ ਵਿੱਦਿਆ ਅਤੇ ਗਣਿਤ ਵਿਗਿਆਨ ਦੀਆਂ ਦਲੀਲਾਂ ਨੂੰ ਮੱਦੇਨਜ਼ਰ ਰੱਖਦਿਆਂ ਇੱਕ ਨਵੀਂ ਦਲੀਲ ਲੈ ਕੇ ਇਹ ਕਹਾਣੀ ਆਪ ਜੀ ਦੀ ਖਿਦਮਤ ਵਿੱਚ ਹਾਜ਼ਰ ਹਾਂ। ਪੰਜ ਤੱਤ ਹੀ ਹਨ ਜਿਨ੍ਹਾਂ ਦੀ ਇਹ ਕਹਾਣੀ ਹੈ। ਪੰਜਾਂ ਵਿੱਚੋਂ ਜੇ ਇੱਕ ਤੱਤ ਵੀ


Academy of the Punjab in North America: http://www.apnaorg.com

ਨਾ ਹੁੰਦਾ ਤਾਂ ਇਹ ਕਹਾਣੀ ਤਾਂ ਕੀ ਦੁਨੀਆਂ ਦੀ ਕੋਈ ਵੀ ਕਹਾਣੀ ਨਾ ਬਣ ਸਕਦੀ। ਕਹਾਣੀ ਵਿਚਲੇ ਪਾਤਰਾਂ ਦਾ ਪਾਤਰ ਚਿਤਰਣ ਕਰਨ ਲਈ ਆਕਾਰ ਵੀ ਬਨਾਓਣਾ ਪਊ। ਪੰਜ ਤੱਤਾਂ ਬਿਨਾਂ ਆਕਾਰ ਵੀ ਨਹੀਂ ਬਣ ਸਕਦਾ ਤੇ ਆਕਾਰ ਬਿਨਾਂ ਪਾਤਰ ਨਹੀਂ ਬਣ ਸਕਦੇ। ਇਹ ਧਰਤੀ ਮਾਤਾ ਜਿਸ ਦੀ ਗੋਦ ਵਿੱਚ ਇਸ ਦੁਨੀਆਂ ਦੀਆਂ ਸਾਰੀਆਂ ਕਹਾਣੀਆਂ ਖੇਲਦੀਆਂ ਰਹੀਆਂ ਤੇ ਖੇਡ ਰਹੀਆਂ ਹਨ, ਆਓ ਪਹਿਲਾਂ ਇਸ ਧਰਤੀ ਮਾਂ ਦੀ ਕਹਾਣੀ ਕਰੀਏ

ਸਮੁੰਦਰ ਦਾ ਪਾਣੀ ਗਰਮੀ ਨਾਲ ਭਾਫ਼ ਬਣ ਕੇ ਹਵਾ ਰੂਪ ਧਾਰ ਕੇ ਉੱਡ ਤੁਰਿਆ, ਧਰਾਤਲੀ ਠੰਢ ਨਾਲ ਕਈ ਥਾਵਾਂ ਤੇ ਬਰਫ ਬਣ ਕੇ ਜੰਮ ਗਿਆ। ਕਈ ਥਾਵਾਂ ਇਸ ਧਰਤੀ ਤੇ ਐਸੀਆਂ ਵੀ ਹਨ ਜੋ ਗਰਮ ਹੀ ਰਹਿੰਦੀਆਂ ਹਨ। ਜੇ ਕਿਧਰੇ ਬੱਦਲ ਗਰਮ ਇਲਾਕਿਆਂ ਵੱਲ ਹੋ ਤੁਰਨ ਤਾਂ ਫਿਰ ਗਰਮੀਂ ਨਾਲ ਮੀਂਹ ਬਣ ਕੇ ਪਾਣੀ ਧਰਤੀ ਤੇ ਪੈਂਦਾ। ਉਚੇ ਅਸਥਾਨਾਂ ਤੋਂ ਨਦੀਆਂ ਨਾਲਿਆਂ ਦਾ ਰੂਪ ਧਾਰ ਕੇ ਸਮੁੰਦਰ ਵੱਲ ਨੂੰ ਵਹਿ ਤੁਰਦਾ। ਅਸੀਂ ਸਮੁੰਦਰ ਦੇ ਭਾਵੇਂ ਸੱਤ ਨਾਂ ਰੱਖੀਏ ਭਾਵੇਂ ਵੱਧ, ਪਰ ਜੇ ਕੋਈ ਕਹੇ ਕਿ ਸ਼ਾਂਤ ਮਹਾਂ ਸਾਗਰ ਦਾ ਤੇ ਅੰਧ ਮਹਾਂਸਾਗਰ ਦਾ ਪਾਣੀ ਵੰਡ ਵੰਡਾਈਆ ਕਰਨਾ ਹੈ ਤਾਂ ਨਾ ਮੁਮਕਿਨ ਹੈ। ਧਰਤੀ ਦੀ ਕਹਾਣੀ ਲਿਖਣੀ ਪੜ੍ਹਨੀ ਹੈ ਤਾਂ ਇਹ ਮੰਨਣਾ ਜ਼ਰੂਰੀ ਹੋਵੇਗਾ ਕਿ ਪੰਜ ਤੱਤਾਂ ਵਿੱਚੋਂ ਕਿਸੇ ਇੱਕ ਦਾ ਕੋਈ ਮਹੱਤਵ ਨਹੀਂ ਹੈ। ਹਵਾ ਤੋਂ ਬਿਨਾਂ ਕੁਝ ਨਹੀਂ ਬਣ ਸਕਦਾ, ਇਹ ਵੀ ਠੀਕ ਗੱਲ ਹੈ। ਪਰ ਇਕੱਲੀ ਹਵਾ ਵਿੱਚ ਵੀ ਕੁਝ ਨਹੀਂ ਬਣ ਸਕਦਾ। ਵਨਸਪਤੀ ਦੀਆਂ ਜੜਾਂ ਜਿੰਨਾ ਚਿਰ ਪਾਣੀ ਦੀ ਹਿੱਕ ਨਾਲ ਨਹੀਂ ਲਗਦੀਆਂ ਓਨਾ ਚਿਰ ਕਿਸੇ ਕਿਸਮ ਦੀ ਵਨਸਪਤੀ ਦਾ ਕਿਆਸ ਵੀ ਨਹੀਂ ਕੀਤਾ ਜਾ ਸਕਦਾ। ਇਹ ਵੀ ਸੱਚ ਹੈ ਕਿ ਪਾਣੀ ਦੀ ਹੋਂਦ ਹਵਾ ਤੋਂ ਬਿਨਾਂ ਅਸੰਭਵ ਹੈ। ਲੂਣ ਦੁਨੀਆਂ ਦਾ ਸਭ ਤੋਂ ਵੱਡਾ ਖਣਿਜ ਪਦਾਰਥ ਹੈ। ਖਣਿਜ ਪਦਾਰਥ (ਲੂਣ) ਜੇ ਸਮੁੰਦਰ ਵਿੱਚ ਨਹੀਂ ਹੈ ਤਾਂ ਵੀ ਸਮੁੰਦਰ ਅਧੂਰਾ ਹੈ। ਧਰਤੀ ਦੇ ਜਾਂ ਧਰਤੀ ਉੱਪਰ ਕਿਸੇ ਵੀ ਚੀਜ਼ ਦੇ ਵਜੂਦ ਵਾਸਤੇ ਪੰਜੇ ਤੱਤ ਜ਼ਰੂਰੀ ਹਨ। ਜਿੱਥੇ ਸੁਧੀ ਗਰਮੀ ਹੈ ਜਾਂ ਸੁਧੀ ਬਰਫ ਹੈ, ਗਰਮੀ ਦੀ ਕਮੀ ਹੈ ਜਾਂ ਲੋੜ ਨਾਲੋਂ ਵੱਧ ਗਰਮੀ ਹੈ, ਓਥੇ ਕੁਦਰਤੀ ਸਿਰਜਣਾ ਅਸੰਭਵ ਹੈ। ਕਾਦਰ ਦੀ ਕੁਦਰਤ ਦੀ ਕਲਪਣਾ ਸਿਰਫ ਉਸ ਥਾਂ ਹੋ ਸਕਦੀ ਹੈ ਜਿੱਥੇ ਸਾਰੇ ਤੱਤ ਸੁਭਾਵਕ ਤੌਰ ਤੇ ਮਿਲ ਸਕਦੇ ਹਨ। ਤਪਸ਼ ਨਾਲ ਸੜਦੀ, ਬਰਫ ਨਾਲ ਠਰਦੀ, ਹਵਾ ਵਿੱਚ ਟੰਗੀ ਜਾਂ ਡੂੰਘੇ ਸਮੁੰਦਰ ਵਿੱਚ, ਨਾ ਆਕਾਸ਼ ਵਿੱਚ ਨਾ ਪਤਾਲ ਵਿੱਚ ਸਿਰਜਣਾ ਦਾ ਕਿਆਸ ਵੀ ਨਹੀਂ ਕੀਤਾ ਜਾ ਸਕਦਾ। ਸੋ ਧਰਤੀ ਦੀ ਕਹਾਣੀ ਧਰਤੀ ਉੱਪਰ ਕਿਸੇ ਹੋਰ ਸਿਰਜਣਾ ਦੀ ਕਹਾਣੀ ਲਿਖਣ ਵਾਸਤੇ ਕਰਨੀ ਬਹੁਤ ਜ਼ਰੂਰੀ ਸੀ। ਕਿਉਂਕਿ ਉਹ ਹੀ ਤੱਤ ਜਿਨ੍ਹਾਂ ਦੀ ਹੋਂਦ ਧਰਤੀ ਦੀ ਹੋਂਦ ਦਾ ਕਾਰਣ ਬਣੀ, ਬਾਕੀ ਸਾਰੀ ਸ੍ਰਿਸ਼ਟੀ ਦੀ ਸਿਰਜਣਾ ਵਾਸਤੇ ਵੀ ਜ਼ਰੂਰੀ ਹਨ। ਮੁੱਕਦੀ ਗੱਲ ਕਿ ਕਰੋੜਾਂ ਸਾਲ ਪਹਿਲਾਂ ਪੰਜ ਤੱਤ ਸੁਭਾਵਕ ਤੌਰ ਤੇ ਮਿਲੇ ਤੇ ਪੰਜਾਂ ਨੇ ਮਿਲ ਕੇ ਧਰਤੀ ਦੀ ਸਿਰਜਣਾ ਕੀਤੀ। ਇਹ ਪੰਜ ਤੱਤ ਕਦੋਂ ਬਣੇ, ਕਿਸਨੇ ਬਣਾਏ, ਇਹ ਮੇਰੀ ਨਜ਼ਰ ਦੀ ਹੱਦ ਤੋਂ ਪਰੇ ਦੀ ਗੱਲ ਹੈ। ਧਰਤੀ ਦੇ ਧਰਾਤਲ ਦਾ ਸਿਰਜਣਾ ਨਾਲ ਬਹੁਤ ਗੂੜਾ ਰਿਸ਼ਤਾ ਹੈ। ਚਲੋ ਫਿਰ ਇਸ ਰਿਸ਼ਤੇ ਦੀ ਗੱਲ ਕਰੀਏ ਤੇ ਕਹਾਣੀ ਅੱਗੇ ਤੋਰੀਏ

ਧਰਤੀ ਦੇ ਧਰਾਤਲ ਦੀ ਗੱਲ ਕਰੀਏ, ਧਰਾਤਲ ਦੀ ਕਹਾਣੀ ਸਮਝਣ ਦਾ ਯਤਨ ਕਰੀਏ। ਹਵਾ ਕਦੋਂ ਬਣੀ, ਕਿਵੇਂ ਬਣੀ, ਕਿਸ ਨੇ ਬਣਾਈ ਇਹ ਤਾਂ ਬਨਾਉਣ ਵਾਲਾ ਹੀ ਜਾਣੇ। ਇਨਸਾਨ ਜੋ ਹਵਾ ਤੋਂ ਬਿਨਾਂ ਖੁਦ ਨਹੀਂ ਬਣ ਸਕਦਾ, ਉਹ ਭਲਾ ਹਵਾ ਦੇ ਜਨਮ ਦੀ ਕੀ ਗੱਲ ਕਰੇਗਾ। 'ਪਿਤਾ ਕਾ ਜਨਮੁ ਕਿ ਜਾਨੈ ਪੂਤੁ। । ' ਪਵਨ ਦੇਵਤਾ ਪਰਮਾਤਮ ਕੀ ਮੌਜ ਹੈ ਜਾਂ ਵਿਧਾਤਾ ਆਪ ਹੈ, ਹਵਾ ਤਾਂ ਸ਼ਕਤੀ ਹੈ, ਜੇ ਹਵਾ ਵਿਅਕਤੀ ਹੁੰਦੀ ਤਾਂ ਹੋ ਸਕਦਾ ਉਸਦੀ ਜਨਮ ਕੁੰਡਲੀ ਬਨਾਉਣ ਦਾ ਯਤਨ ਵੀ ਕਰਦਾ ਕੋਈ। ਪਰਮਾਤਮਾ ਨੇ ਪੰਜੇ ਤੱਤ ਬਣਾਏ ਤੇ ਪੰਜਾਂ ਵਿੱਚ ਹੀ ਵੱਸਦਾ ਹੈ। ਪਤਾ ਨਹੀਂ ਉਹ ਪੰਜੇ ਪਰਮੇਸ਼ਰ ਹਨ ਜਾਂ ਪੰਜਾਂ ਵਿੱਚ ਪਰਮੇਸ਼ਰ ਹੈ। ਜੋ ਕੋਈ ਦੇ ਸਕਣ ਦੇ ਸਮਰੱਥ ਹੋਵੇ, ਉਹ ਹੀ ਦੇ ਸਕਦਾ ਹੈ। ਦੇ ਸਕਣ ਦੀ ਤਾਕਤ ਹੋਵੇ ਤਾਂ ਹੀ ਦੇਵਤਾ ਬਣ ਸਕਦਾ ਕੋਈ। ਰਿਗ ਵੇਦ ਦੁਨੀਆਂ ਦੀ ਪਹਿਲੀ ਅਸ਼ਟਪਦੀ ਹੈ। ਜੋ ਪਹਿਲੇ ਅੱਠਮੰਡਲ (ਦੂਜੇ ਤੋਂ ਨੌਵੇਂ ਤੱਕ) ਹਨ, ਇਹ ਸਾਰੇ ਦੇ ਸਾਰੇ ਅੱਠੋ ਹੀ ਪੰਜਾਂ


Academy of the Punjab in North America: http://www.apnaorg.com

ਤੱਤਾਂ ਦੀ ਕਹਾਣੀ ਹੈ। ਰਿਗ ਵੇਦ ਦਾ ਪਹਿਲਾ ਪਾਤਰ ਅਗਨੀ ਹੈ-ਅਗਨੀ ਦੇਵਤਾ। ਬਾਕੀ ਵੀ ਸਾਰੇ ਦੇਵਤੇ ਪੰਜਾਂ ਤੱਤਾਂ ਦਾ ਹੀ ਵੱਖ ਵੱਖ ਰੂਪ ਹਨ। ਅੱਗ ਦੇ ਗੋਲੇ ਤੇ ਹਵਾ ਕਦੋਂ ਆਈ, ਕਿਵੇਂ ਆਈ, ਕਿਸ ਨੇ ਲਿਆਂਦੀ, ਇਹ ਤਾਂ ਹਮੇਸ਼ਾਂ ਸਵਾਲ ਹੀ ਰਹੇ ਹਨ ਤੇ ਸਵਾਲ ਹੀ ਰਹਿਣਗੇ। ਧਰਤੀ ਵੀ ਪੰਜਾਂ ਤੱਤਾਂ ਤੋਂ ਬਿਨਾਂ ਨਹੀਂ ਬਣ ਸਕਦੀ ਤੇ ਮਾਂ ਵੀ ਪੰਜ ਤੱਤਾਂ ਤੋਂ ਬਿਨਾਂ ਨਹੀਂ ਬਣ ਸਕਦੀ। ਏਨਾ ਗਿਆਨ ਤਾਂ ਸਾਨੂੰ ਹੈ ਕਿ ਅਸੀਂ ਮਾਂ ਦੇ ਗਰਭ 'ਚੋਂ ਜਨਮ ਲਿਆ ਪਰ ਮਾਂ ਦਾ ਗਰਭ ਕਿਵੇਂ ਬਣਿਆਂ? ਇਸਦਾ ਗਿਆਨ ਹਾਸਲ ਕਰਨ ਦਾ ਹਰ ਯਤਨ ਵਿਅਰਥ ਹੀ ਜਾਵੇਗਾ। ਜੀਵਨ ਦੇ ਅੱਠਾਂ ਪਹਿਰਾਂ ਦੀ ਕਹਾਣੀ ਹੈ- ਰਿੱਗ ਵੇਦ। ਪਹਿਲਾ ਮੰਡਲ ਮੰਗਲਾ ਚਰਣ ਵਜੋਂ ਹੀ ਵਿਦਵਾਨਾਂ ਨੇ ਲਿਖਿਆ। ਬਾਅਦ ਵਿੱਚ ਸੰਪੂਰਣਤਾ ਵੇਲੇ, ਦਸਵਾਂ ਮੰਡਲ ਵੀ, ਬਾਅਦ ਵਿੱਚ ਦਸਵੇਂ ਦੁਆਰ ਦੇ ਕਵਾੜ ਖੋਹਲਣ ਦਾ ਯਤਨ ਹੈ। ਐਨਾ ਗਿਆਨ ਹੀ ਬਹੁਤ ਹੈ ਕਿ ਧਰਤੀ ਪੰਜਾਂ ਤੱਤਾਂ ਦੀ ਬਣੀ ਹੈ। ਪੰਜੇ ਤੱਤ ਕਿਸ ਨੇ ਪੈਦਾ ਕੀਤੇ? ਇਸ ਪਾਸੇ ਤੁਰਨ ਨਾਲ ਕਿਧਰੇ ਨਹੀਂ ਪਹੁੰਚਿਆ ਜਾਣਾ। ਮੇਰੇ ਹਿਸਾਬ ਨਾਲ ਏਨਾ ਹੀ ਕਾਫੀ ਹੈ ਕਿ ਦੁਨੀਆਂ ਬ੍ਰਹਮਾ ਨੇ ਬਣਾਈ। ਬ੍ਰਹਮਾ ਨੂੰ ਕਿਸਨੇ ਬਣਾਇਆ? ਇਸ ਪਾਸੇ ਨਾ ਹੀ ਤੁਰੀਏ ਕਿਉਂਕਿ ਗਲਤ ਪਾਸੇ ਨੂੰ ਜਿੰਨਾਂ ਦੌੜਾਂਗੇ, ਓਨਾ ਹੀ ਦੂਰ ਨਿਕਲ ਜਾਵਾਂਗੇ। ਮਾਂ ਰੱਬ ਨੇ ਬਣਾਈ ਕਿ ਮਾਂ ਨੇ ਰੱਬ ਬਣਾਇਆ, ਰੱਬ ਨੂੰ ਪੈਦਾ ਕੀਤਾ। ਇਸ ਵਿਵਾਦ ਵਿੱਚ ਨਾ ਪਈਏ। ਧਰਤੀ ਮਾਂ ਤੋਂ ਬਿਨਾਂ ਤਾਂ ਸ੍ਰਿਸ਼ਟੀ ਦੀ ਸਥਾਪਨਾ ਨਹੀਂ ਸੀ ਹੋ ਸਕਦੀ, ਮਾਂ ਦੀ ਨਾ ਸਹੀ, ਚਲੋ ਧਰਤੀ ਮਾਂ ਦੀ ਗੋਦ ਵਿੱਚ ਪਲ ਰਹੀ ਦੁਨੀਆਂ ਦੀ ਕਹਾਣੀ ਕਰੀਏ। ਆਓ ਆਪਣੀ ਦੁਨੀਆਂ ਦੀ ਜਨਮ ਕੁੰਡਲੀ ਬਣਾਈਏ ;

ਇਸ ਧਰਤੀ 'ਤੇ ਚੁਰਾਸੀ ਲੱਖ ਜੂਨ ਕਹਿੰਦੇ ਹਨ, ਚਲੋ ਆਪਾਂ ਇਹ ਅੰਕੜਾ ਮੰਨ ਕੇ ਤੁਰਦੇ ਹਾਂ। ਵੱਧ ਘੱਟ ਵੀ ਹੋਵੇ ਤਾਂ ਵੀ ਕੋਈ ਫਰਕ ਨਹੀਂ ਪੈਂਦਾ। ਕਹਿੰਦੇ ਇੱਕ ਵਾਰ ਅਕਬਰ ਨੇ ਬੀਰਬਲ ਨੂੰ ਪੁੱਛਿਆ ਕਿ ਦਿੱਲੀ ਵਿੱਚ ਕਾਂ ਕਿੰਨੇ ਹਨ? ਬੀਰਬਲ ਨੇ ਆਖਿਆ ਕਿ ਚੁਰਾਸੀ ਲੱਖ। ਅਕਬਰ ਕਹਿਣ ਲੱਗਾ ਜੇ ਵੱਧ ਹੋਏ ਤਾਂ ਬੀਰਬਲ ਜਵਾਬ ਦੇਂਦਾ ਕਿ ਬਾਹਰੋਂ ਪ੍ਰਾਹੁਣੇ ਆਏ ਹੋਣਗੇ। ਅਕਬਰ ਬੋਲਿਆ ਤੇ ਜੇ ਚੁਰਾਸੀ ਲੱਖ ਤੋਂ ਘੱਟ ਹੋਏ। ਬੀਰਬਲ ਕਹਿੰਦਾ ਫਿਰ ਪਰ੍ਹਾਉਣੇ ਗਏ ਹੋਣਗੇ। ਆਪਾਂ ਚੁਰਾਸੀ ਲੱਖ ਜੂਨ ਨਾਲ ਸਹਿਮਤੀ ਕਰਕੇ ਅੱਗੇ ਚੱਲੀਏ। ਹਰ ਜੂਨ ਬਨਾਉਣ ਵਾਲਾ, ਜੂਨਾਂ ਦਾ ਰਚਣਹਾਰ ਪਰਮਾਤਮਾ ਇੱਕ ਹੀ ਹੈ, ਹਰ ਜੂਨ ਵਾਸਤੇ, ਹਰ ਜੀਵ ਵਾਸਤੇ ਸਮੱਗਰੀ ਵੀ ਉਹ ਹੀ ਹੈ। ਪੰਜਾਂ ਤੱਤਾਂ ਦੀ ਬਣੀ ਧਰਤੀ 'ਤੇ ਸਾਰੇ ਜੀਵ ਜੰਤੂ ਪੰਜਾਂ ਤੱਤਾਂ ਦੇ ਹੀ ਬਣੇ ਹਨ। ਤਾਂ ਫਿਰ ਰੱਬ ਨੂੰ ਵਿਤਕਰਾ ਕਰਨ ਦੀ ਕੀ ਲੋੜ ਪਈ। ਇੱਕ ਜੀਵ ਪਹਿਲਾਂ ਤੇ ਦੂਸਰਾ ਬਾਅਦ ਵਿੱਚ ਕਿਉਂ ਭਲਾ। ਤੱਤ ਬਨਾਉਣ ਵਾਲਾ ਤੇ ਪੰਜਾਂ ਤੱਤਾਂ ਦੀ ਐਡੀ ਵੱਡੀ ਧਰਤੀ ਬਨਾਉਣ ਵਾਲਾ ਸਾਇੰਸਦਾਨ ਜੀਵ ਜੰਤੂ ਬਨਾਉਣ ਲੱਗਾ ਭਲਾ ਕਿੰਨਾ ਕੁ ਸਮਾਂ ਲਾਊ। ਅੰਤਰ ਹੈ ਤਾਂ ਸਮਗਰੀ ਦੀ ਮਿਕਦਾਰ ਦਾ ਹੈ। ਕਿਸ ਤਰ੍ਹਾਂ ਦਾ ਭਾਂਡਾ ਬਨਾਉਣਾ ਹੈ, ਓਨੀ ਮਿਕਦਾਰ ਵੱਧ ਘੱਟ ਹੋ ਸਕਦੀ ਹੈ।

ਉੱਨੀ ਸੌ ਅਠ੍ਹਾਟ ਦੀ ਗੱਲ ਹੈ, ਰਣਧੀਰ ਕਾਲਜ ਵਿੱਚ ਸਾਡਾ ਇੱਕ ਮਿੱਤਰ ਸੀ। ਅਸੀਂ ਉਸਨੂੰ ਗੌਰਮਿੰਟ ਕਹਿ ਕੇ ਬੁਲਾਉਂਦੇ ਸਾਂ। ਸਾਇੰਸ ਰੂਮ ਵਿੱਚ ਉਸਨੇ ਇੱਕ ਪਰਖ ਨਲੀ ਚੁੱਕੀ ਤੇ ਉਸ ਵਿੱਚ ਜੋ ਸਾਹਮਣੇ ਆਇਆ ਸਭ ਕੁਝ ਪਾਈ ਜਾਵੇ। ਕੋਈ ਕੈਮੀਕਲ ਰਿਐਕਸ਼ਨ ਹੋਇਆ ਤੇ ਪਰਖ ਨਲੀ ਸ਼ੂੰ ਕਰਕੇ ਛੱਤ ਵਿੱਚ ਲੱਗੀ ਤੇ ਫਟ ਗਈ। ਪ੍ਰੋਫੈਸਰ ਸਾਹਿਬ ਬੜੀ ਉਤਸੁਕਤਾ ਨਾਲ ਪੁੱਛਣ ਲੱਗੇ ਕਿ ਤੂੰ ਕੀ ਪਾਇਆ ਸੀਤੇ ਕਿੰਨਾ ਕਿੰਨਾ ਪਾਇਆ ਸੀ? ਪਰ ਜੇ ਪਤਾ ਹੋਵੇ ਤਾਂ ਦੱਸੇ। ਉਸ ਵੱਡੇ ਸਾਇੰਸਦਾਨ ਨੂੰ ਤਾਂ ਪਤਾ ਹੈ ਕਿ ਕਿਹੜਾ ਤੱਤ ਕਿੰਨਾ ਪਾਉਣਾ ਹੈ, ਸਮਾਂ ਅਤੇ ਸਥਾਨ ਜਿਸਨੂੰ ਨਿਸਚਤ ਕਰਨਾ ਆਉਂਦਾ ਹੋਵੇ, ਬੀਜ ਸਮਗਰੀ ਵੀ ਹੋਵੇ ਤਾਂ ਉਪਜ ਤਾਂ ਜ਼ਰੂਰ ਹੋਵੇਗੀ। ਹਾੜੀ ਸੌਣੀ ਦੀਆਂ ਫਸਲਾਂ ਦਾ ਅੰਤਰ ਤਾਂ ਰੱਬ ਜਾਣਦਾ ਹੀ ਹੋਊ, 'ਕਰੁਤਾ ਬੀਜ ਬੀਜੇ ਨਾ ਜਨਮੇ।' (ਅੰਗ **1075**) ਕਰੋੜਾਂ ਸਦੀਆਂ ਪਹਿਲਾਂ ਹਵਾ ਪਾਣੀ ਅਗਨ ਧਰਤੀ 'ਤੇ ਸਨ ਤਾਂ ਫਿਰ ਜੀਵ ਜੰਤੂ ਵੀ ਸਨ। ਇਸ


Academy of the Punjab in North America: http://www.apnaorg.com

ਧਰਤੀ ਦੀ ਭੂਗੋਲਿਕ ਬਣਤਰ ਨੂੰ ਮੱਦੇ ਨਜ਼ਰ ਰੱਖ ਕੇ ਹਿਸਾਬ ਲਾਉਣ ਦਾ ਯਤਨ ਕਰੀਏ ਕਿ ਜੀਵ ਜੰਤੂ ਧਰਤੀ ਦੇ ਕਿਸ ਹਿੱਸੇ ਤੇ ਪਹਿਲਾਂ ਪੈਦਾ ਹੋਏ ਹੋਣਗੇ;- ਇਸ ਧਰਤੀ ਨੂੰ ਜੇ ਸਮੁੱਚੇ ਤੌਰ ਤੇ ਦੇਖੀਏ ਤਾਂ ਸਹਿਜੇ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਉਚੇ ਪਰਬਤਾਂ ਜਾਂ ਡੂੰਘੇ ਪਾਣੀਆਂ ਵਿੱਚ ਤਾਂ ਜੀਵਾਂ ਦੀ ਸ਼ੁਰੂਆਤ ਨਹੀਂ ਹੋਈ ਹੋਣੀ। ਅਲਾਸਕਾ, ਟੁੰਡਰਾ ਦਾ ਮੈਦਾਨ, ਉੱਤਰੀ ਕੈਨੇਡਾ, ਗ੍ਰੀਨਲੈਂਡ ਜਾਂ ਸਾਏਬੇਰੀਆ ਵਰਗੇ ਇਲਾਕਿਆਂ ਵਿੱਚ ਜਿੱਥੇ ਹਮੇਸ਼ਾ ਬਰਫ ਪਈ ਰਹਿੰਦੀ ਹੈ, ਇਨ੍ਹਾਂ ਇਲਾਕਿਆਂ ਵਿੱਚ ਤਾਂ ਕੁਝ ਵੀ ਪੈਦਾ ਹੋਣਾ ਸੌਖੀ ਗੱਲ ਨਹੀਂ। ਭੂਮੱਧ ਰੇਖਾ, ਕਰਕ ਰੇਖਾ ਦੇ ਹਿਸਾਬ ਨਾਲ ਬਹੁਤੇ ਗਰਮ ਇਲਾਕਿਆਂ ਵਿੱਚ ਵੀ ਜੇ ਕੁਝ ਪੈਦਾ ਹੋਇਆ ਹੋਊ ਤਾਂ ਜਲਦੀ ਹੀ ਸੜ ਸੁੱਕ ਗਿਆ ਹੋਊ। ਪਾਣੀ ਵਿੱਚ ਰਹਿਣ ਵਾਲੇ ਜੀਵ ਵੀ ਐਸੇ ਇਲਾਕਿਆਂ ਵਿੱਚ ਪੈਦਾ ਹੋਏ ਹੋਣਗੇ ਜੋ ਨਾ ਬਹੁਤੇ ਸਰਦ ਨਾ ਬਹੁਤੇ ਗਰਮ ਤੇ ਨਾ ਹੀ ਬਹੁਤੇ ਧਰਤੀ ਤੋਂ ਦੂਰ ਹਨ। ਇਸ ਧਰਤੀ ਤੇ ਐਸਾ ਇਲਾਕਾ ਭਲਾ ਕਿਹੜਾ ਹੈ ਜੋ ਨਾ ਬਹੁਤਾ ਠੰਢਾ, ਨਾ ਬਹੁਤਾ ਗਰਮ, ਨਾ ਬਹੁਤਾ ਸਮੁੰਦਰ ਤੋਂ ਦੂਰ, ਨਾ ਬਹੁਤਾ ਪਹਾੜਾਂ ਤੋਂ ਦੂਰ। ਜਿਸ ਇਲਾਕੇ ਵਿੱਚ ਮੀਂਹ ਪੈ ਜਾਵੇ ਤਾਂ ਬਹੁਤ ਵਧੀਆ, ਨਾ ਵੀ ਪਵੇ ਤਾਂ ਵੀ ਦਰਿਆਵਾਂ ਜਾਂ ਛੱਪੜਾਂ ਟੋਬਿਆਂ ਦਾ ਪਾਣੀ ਹਮੇਸ਼ਾਂ ਮਿਲਦਾ ਰਹਿੰਦਾ ਹੈ। ਐਸਾ ਇਲਾਕਾ ਤਾਂ ਇੱਕੋ ਹੀ ਹੈ ਤੇ ਉਹ ਹੈ ਵੇਦਾਂ ਵਿੱਚ ਜਿਸਦਾ ਨਾਮ ਸਪਤ ਸਿੰਧਵ ਹੈ। ਸਿਰਫ ਫਸਲ ਵਾਸਤੇ ਹੀ ਨਹੀਂ, ਹਰ ਤਰ੍ਹਾਂ ਦੀ ਉਪਜ ਵਾਸਤੇ ਜ਼ਰਖੇਜ ਜ਼ਮੀਨ ਚੰਗੀ ਹੁੰਦੀ ਹੈ। ਔੜ ਲੱਗਣ ਤੋਂ ਬਾਅਦ ਜਦ ਮੀਂਹ ਪੈਣਾ ਤਾਂ ਪੁਰਾਣੇ ਛੱਪੜਾਂ ਦੇ ਕਿਨਾਰਿਆਂ ਤੇ ਕੁਝ ਘੰਟਿਆਂ ਵਿੱਚ ਹੀ ਪੀਲੇ ਰੰਗ ਦੇ ਗੜੈਂ ਗੜੈਂ ਕਰਦੇ ਡੱਡੂ ਪੌਂਡ ਡੇੜ ਪੌਂਡ ਭਾਰ ਵਾਲੇ ਸਾਡੀ ਉਮਰ ਦੇ ਸਾਰੇ ਪੰਜਾਬੀਆਂ ਨੇ ਦੇਖੇ ਹੋਣਗੇ। ਪੰਜਾਬ ਵਿੱਚ ਮੀਂਹ ਪੈਣ ਤੋਂ ਬਾਅਦ ਕਈ ਤਰਾਂ ਦੇ ਜੀਵ ਜੰਤੂ ਧਰਤੀ 'ਤੇ ਤੁਰੇ ਫਿਰਦੇ ਨਜ਼ਰ ਆਉਂਦੇ ਹਨ। ਅਨਕੂਲ ਤਾਪਮਾਨ ਵਿੱਚ ਖਣਿਜ ਪਦਾਰਥਾਂ ਵਾਲੀ ਗੱਸਰ ਜਮੀਨ ਜਿੱਥੇ ਅਕਸਰ ਮੀਂਹ ਹਨ੍ਹੇਰੀਆਂ ਆਉਂਦੀਆਂ ਰਹਿੰਦੀਆਂ ਹੋਣ, ਸਹਿ ਸਕਣ ਵਾਲੀ ਗਰਮੀਂ ਤੇ ਸਹਿ ਸਕਣ ਵਾਲੀ ਠੰਢ ਪੈਂਦੀ ਹੋਵੇ, ਉਸ ਤੋਂ ਅਨਕੂਲ ਹੋਰ ਕੋਈ ਇਲਾਕਾ ਨਹੀਂ ਹੋ ਸਕਦਾ ਜਿੱਥੇ ਕਿ ਸ੍ਰਿਸ਼ਟੀ ਦੀ ਸ਼ੁਰੂਆਤ ਹੋਈ ਹੋਵੇ। ਸਮੁੰਦਰੀ ਜੀਵ ਵੀ ਸ਼ੁਰੂਆਤ ਵਿੱਚ ਧਰਤੀ 'ਤੇ ਵਗਦੇ ਪਾਣੀਆਂ ਵਿੱਚ ਪੈਦਾ ਹੋ ਕੇ ਹੀ ਸਮੁੰਦਰ ਵਿੱਚ ਰਿੜਦੇ ਰਿੜਦੇ ਜਾ ਰਲ੍ਹੇ ਹੋਣਗੇ ਕਿਉਂਕਿ ਇਕੱਲੇ ਪਾਣੀ ਵਿੱਚ ਜੀਵ ਪੈਦਾ ਨਹੀਂ ਹੋ ਸਕਦੇ। ਬਨਾਸਪਤੀ ਵੀ ਅਨੁਕੂਲ ਵਾਤਾਵਰਣ ਵਿੱਚ ਵਗਦੇ ਪਾਣੀਆਂ 'ਤੇ ਹੀ ਪੈਦਾ ਹੁੰਦੀ ਹੈ। ਬਰਫਾਨੀ ਇਲਾਕਿਆਂ ਵਿੱਚ ਜਾਂ ਸੜਦੇ ਮਾਰੂਥਲਾਂ ਵਿੱਚ ਕਿਸੇ ਗਵਾਚ ਕੇ ਪਹੁੰਚੇ ਜਾਨਵਰ ਜਾਂ ਬੰਦੇ ਦਾ ਪਿੰਜਰ ਮਿਲ ਜਾਣਾ ਇਸ ਗੱਲ ਦਾ ਸਬੂਤ ਨਹੀਂ ਹੈ ਕਿ ਜਿੱਥੋਂ ਪਿੰਜਰ ਮਿਲਿਆ, ਉਹ ਹੀ ਉਸਦਾ ਜਨਮ ਅਸਥਾਨ ਹੋਵੇਗਾ। ਇਤਿਹਾਸਕ ਖੋਜੀਆਂ ਨੇ ਸ੍ਰਿਸ਼ਟੀ ਦੀ ਸ਼ੁਰੂਆਤ ਬਾਰੇ ਬਹੁਤ ਸਾਰੇ ਸਮੇਂ ਅਸਥਾਨ ਲੱਭੇ ਪਰ ਕੋਈ ਦਲੀਲ ਦਿਲ ਨੂੰ ਨਹੀਂ ਲੱਗੀ। ਵਿਕਾਸ ਤਾਂ ਕੁਦਰਤ ਦਾ ਨਿਯਮ ਹੈ, ਜੰਮਦਿਆਂ ਸਾਰ ਕੋਈ ਵੱਡਾ ਸਾਰਾ ਨਹੀਂ ਬਣ ਸਕਦਾ। ਹਾਥੀ ਦਾ ਬੱਚਾ ਜੰਮਦਿਆਂ ਸਾਰ ਹਜ਼ਾਰ ਪੌਂਡ ਦਾ ਨਹੀਂ ਹੁੰਦਾ। ਹਰ ਜੀਵ ਦੇ ਵਿਕਾਸ ਨੂੰ ਸਮਾਂ ਤਾਂ ਲੱਗਿਆ ਹੋਊ। ਪਰ ਕਿਸ ਜੀਵ ਨੂੰ ਆਪਣੇ ਅਸਲੀ ਰੂਪ ਵਿੱਚ ਆਉਂਦਿਆਂ, ਕਿੰਨਾਂ ਸਮਾਂ ਲੱਗਾ, ਇਹ ਸਮਿਆਂ ਦਾ ਮਾਲਕ ਜਾਣੇ। ਹਾਥੀ, ਘੋੜੇ, ਸ਼ੇਰ, ਚੀਤੇ ਜਾਂ ਬਿੱਲੀਆਂ ਕੁੱਤੇ ਕਦੋਂ ਤੇ ਕਿਵੇਂ ਆਪਣੇ ਸਹੀ ਸਰੂਪ ਵਿੱਚ ਆਏ, ਇਸਦੇ ਅੰਦਾਜ਼ੇ ਲਾ ਕੇ ਅਸੀਂ ਆਪਣੇ ਦਿਲ ਦੀ ਤਸੱਲੀ ਤਾਂ ਕਰ ਸਕਦੇ ਹਾਂ ਪਰ ਅੰਦਾਜ਼ੇ ਤਾਂ ਅਕਸਰ ਅੰਦਾਜ਼ੇ ਹੀ ਹੁੰਦੇ ਹਨ। ਇਹ ਜ਼ਰੂਰ ਕਹਿ ਸਕਦੇ ਹਾਂ ਕਿ ਜਦੋਂ ਜਾਨਵਰ ਬਨਾਉਣ ਵਾਲੀ ਸਮੱਗਰੀ ਪੰਜੇ ਤੱਤ ਕਰੋੜਾਂ ਸਦੀਆਂ ਪਹਿਲਾਂ ਮੌਜੂਦ ਸਨਤਾਂ ਜਾਨਵਰ ਵੀ ਕਰੋੜਾਂ ਸਾਲ ਪਹਿਲਾਂ ਬਣ ਗਏ ਹੋਣਗੇ। ਏਸੇ ਤਰਾਂ ਹੀ ਬੰਦੇ ਦੀ ਸ਼ਕਲ ਵਾਲਾ ਜਾਨਵਰ ਵੀ ਬਣਿਆਂ ਹੋਊ। ਪੇਂਦ ਚੜ੍ਹਾਉਣੀ ਤਾਂ ਇਨਸਾਨ ਨੇ ਸ਼ੁਰੂ ਕੀਤੀ ਹੈ। ਪੈਦਾ ਕਰਨ ਵਾਲਾ ਜੇ ਰਚਨਾ ਕਰਨ ਦੀ ਤਾਕਤ ਰੱਖਦਾ ਹੈ ਤਾਂ ਉਹ ਸਭ ਕੁਝ ਐਸਾ ਬਣਾਊ, ਜਿਸ ਤਰਾਂ ਦਾ ਉਸਨੂੰ ਠੀਕ ਲੱਗੇ। ਢਾਅ ਢਾਅ ਕੇ ਭਾਂਡੇ ਬਨਾਉਣ ਦੀ ਫਿਤਰਤ ਤਾਂ ਇਨਸਾਨ ਦੀ ਹੈ।


Academy of the Punjab in North America: http://www.apnaorg.com

ਜਿੰਨਾ ਚਿਰ ਤੱਕ ਇਨਸਾਨ ਨਹੀਂ ਸੀ ਬਣਿਆਂ, ਓਨਾ ਚਿਰ ਕਦੇ ਕਿਸੇ ਨੇ ਕੁਦਰਤ ਦੇ ਅਸੂਲ ਨਹੀਂ ਤੋੜੇ । ਨਿੱਕੇ ਵੱਡੇ ਸਾਰੇ ਜੀਵ ਰੱਬ ਦੀ ਬਖਸ਼ਿਸ਼ ਦਾ ਸ਼ੁਕਰ ਕਰਦੇ ਹਨ। ਪੰਛੀਆਂ ਨੂੰ ਕਈ ਵਾਰ ਅਸਮਾਨ ਤੇ ਉਡਾਰੀਆਂ ਲਾਉਂਦਿਆਂ ਦੇਖਿਆ ਹੋਵੇਗਾ। ਹਰਨ ਨੂੰ ਚੁੰਗੀਆਂ ਭਰਦਿਆਂ ਜਿਸ ਕਿਸੇ ਵੀ ਦੇਖਿਆ, ਉਹ ਹਰਨ ਦੀ ਸੰਤੁਸ਼ਟੀ ਤੋਂ ਇੱਕ ਵਾਰ ਜ਼ਰੂਰ ਬਲਿਹਾਰੇ ਗਿਆ ਹੋਊ। ਕਿਸੇ ਜੀਵ ਜੰਤੂ ਨੂੰ ਜੋ ਜੋ ਕੁਝ ਮਿਲਿਆ, ਉਸ ਨਾਲ ਹੀ ਖੁਸ਼ ਹੈ। ਇਨਸਾਨ ਤੋਂ ਬਿਨਾਂ ਹੋਰ ਕਿਸੇ ਨੂੰ ਕੋਈ ਸ਼ਕਾਇਤ ਨਹੀਂ। ਇਨਸਾਨ ਰੱਬ ਦੀ ਸਭ ਤੋਂ ਵਿਸ਼ੇਸ਼ ਰਚਨਾ ਹੈ, ਸਭ ਤੋਂ ਉੱਤਮ ਰਚਨਾ। ਲੇਕਿਨ ਰੱਬ ਨਾਲ ਇਸ ਸਾਰੀ ਸ੍ਰਿਸ਼ਟੀ ਵਿੱਚ ਜੇ ਕਿਸੇ ਨੂੰ ਸ਼ਿਕਾਇਤ ਹੈ ਤਾਂ ਉਹ ਵੀ ਇਨਸਾਨ ਨੂੰ ਹੀ ਹੈ। ਜੇ ਨਸਲਾਂ ਬਦਲੀਆਂ ਤਾਂ ਉਹ ਵੀ ਇਨਸਾਨ ਨੇ ਹੀ ਬਦਲੀਆਂ। ਅੱਜ ਤੱਕ ਕਦੇ ਕਿਸੇ ਨੇ ਕਾਂ ਤੇ ਘੁੱਗੀ ਇਕੱਠੇ ਸੁੱਤੇ ਵੇਖੇ? ਅੱਜ ਤੱਕ ਕਦੇ ਕਿਸੇ ਝੋਟੇ ਨੇ ਗਾਂ ਨਵੇਂ ਦੁੱਧ ਕੀਤੀ? ਅੱਜ ਤੱਕ ਕਿਸੇ ਬਾਜ ਨੇ ਭਲਾ ਕੋਈ ਚਿੜੀ ਗਰਭਵਤੀ ਕੀਤੀ? ਕਦੇ ਕਿਸੇ ਨੇ ਕੁੱਤੇ ਮੁਸ਼ਕੀ ਹੋਈ ਬਾਂਦਰੀ ਦੇ ਪਿੱਛੇ ਪਿੱਛੇ ਤੁਰੇ ਫਿਰਦੇ ਦੇਖੇ? ਨਹੀਂ ਨਾ, ਸਾਰੇ ਜਾਨਵਰਾਂ ਵਿੱਚੋਂ ਸਰੀਰਕ ਤੌਰ ਤੇ ਬੰਦੇ ਵਰਗੇ ਲਗਦੇ ਰਿੱਛ ਵਿੱਚ ਸੁਣਿਆਂ ਮਰਿਯਾਦਾ ਪਾਰ ਕਰਨ ਦੀ ਲਾਲਸਾ ਹੈ। ਮੈਂ ਯਕੀਨ ਨਾਲ ਕਹਿ ਸਕਦਾ ਹਾਂ ਕਿ ਰਿੱਛ ਦੀ ਬਣਤਰ ਵਿੱਚ ਬੰਦੇ ਦੀ ਕੋਈ ਕਰਤੂਤ ਹੋਊ, ਰਿੱਛ ਦੀ ਸਰੀਰਕ ਬਣਤਰ ਬੰਦੇ ਦਾ ਹੀ ਕਾਰਾ ਹੈ। ਬੰਦੇ ਕੋਲੋਂ ਤਾਂ ਸਿਰਫ ਉਹ ਹੀ ਪੰਛੀ ਬਚਿਆ ਜਿਹੜਾ ਉੜ ਗਿਆ। ਇਨਸਾਨ ਨੇ ਆਪਣੇ ਨਿਕਾਸ ਵਿਕਾਸ ਨੂੰ ਜ਼ਰੂਰ ਤੋੜਿਆ ਮਰੋੜਿਆ ਪਰ ਰੱਬ ਨੇ ਜਿਸ ਤਰਾਂ ਦਾ ਬੰਦਾ ਬਣਨਾ ਚਾਹੀਦਾ ਸੀ, ਉਸ ਤਰ੍ਹਾਂ ਦਾ ਹੀ ਬਣਾਇਆ। ਬੰਦਾ ਬਾਂਦਰਾਂ ਤੋਂ ਨਹੀਂ ਬਣਿਆਂ। ਇਹ ਹੋ ਸਕਦਾ ਹੈ ਕਿ ਬੰਦੇ ਨੇ ਬਾਂਦਰਾਂ ਦੀਆਂ ਸ਼ਕਲਾਂ ਬਨਾਉਣ ਵਿੱਚ ਕੋਈ ਯੋਗਦਾਨ ਪਾਇਆ ਹੋਵੇ। ਇਨਸਾਨ ਬਣਨ ਤੋਂ ਚਿਰੋਕਣਾ ਪਹਿਲਾਂ ਬੰਦੇ ਦੀ ਸ਼ਕਲ ਦਾ ਜਾਨਵਰ ਬਾਕੀ ਜਾਨਵਰਾਂ ਵਾਂਗ ਕਰੋੜਾਂ ਸਾਲਾਂ ਤੋਂ ਜਾਨਵਰਾਂ ਵਿੱਚ ਵਿਚਰਦਾ ਰਿਹਾ ਹੋਵੇਗਾ, ਬੰਦਾ ਕੋਈ ਅਸਮਾਨੀ ਗੋਲਾ ਨਹੀਂ ਹੈ।

ਕਰੋੜਾਂ ਸਾਲ ਪਹਿਲਾਂ ਵਾਤਾਵਰਣ ਵਿੱਚ ਸੂਰਜ ਦਾ ਕਰਕੇ ਜਾਂ ਕਈ ਹੋਰ ਕਾਰਣਾਂ ਕਰਕੇ ਜਦ ਸਮੁੰਦਰ ਦਾ ਪਾਣੀ ਭਾਫ ਬਣ ਕੇ ਉਡਦਾ ਤਾਂ ਮਾਨਸੂਨ ਹਵਾਵਾਂ ਦੇ ਰਸਤਿਆਂ ਵਿੱਚ ਬਾਰਸ਼ ਹੁੰਦੀ। ਕੁਝ ਪਾਣੀ ਧਰਤੀ ਵਿੱਚ ਜੀਰ ਜਾਂਦਾ, ਕੁਝ ਨਦੀਆਂ ਨਾਲਿਆਂ ਵਿਚ ਦੀ ਹੁੰਦਾ ਹੋਇਆ ਫਿਰ ਸਮੁੰਦਰ ਵਿੱਚ ਜਾ ਰਲਦਾ। ਪਰ ਬਹੁਤ ਸਾਰਾ ਬਰਸਾਤੀ ਪਾਣੀ ਟੋਇਆਂ ਟੋਬਿਆਂ, ਝੀਲਾਂ ਅਤੇ ਛੱਪੜਾਂ ਵਿੱਚ ਇਕੱਠਾ ਹੋ ਜਾਂਦਾ, ਜਦੋਂ ਤੱਕ ਟੋਏ ਟੋਬੇ ਸੁੱਕਣ ਲੱਗਦੇ ਫੇਰ ਬਰਸਾਤ ਹੋ ਜਾਂਦੀ। ਸਤਲੁਜ ਤੇ ਸਿੰਧ ਦਰਿਆਵਾਂ ਦੇ ਵਿਚਾਲੇ ਕਈ ਨਦੀਆਂ ਨਾਲੇ ਸਨ ਤੇ ਅਣਗਿਣਤ ਟੋਏ ਟੋਬੇ ਸਨ। ਇਸ ਇਲਾਕੇ ਵਿੱਚ ਹਰ ਤਰਾਂ ਦੇ ਰੁੱਖ ਬੂਟੇ, ਹਰ ਤਰਾਂ ਦੀ ਬਨਾਸਪਤੀ ਪੈਦਾ ਹੋ ਗਈ। ਬਹੁਤ ਸਾਰੇ ਜੀਵ ਜੰਤੂ ਵੀ ਪੈਦਾ ਹੋਏ। ਜਿਸ ਜਿਸ ਜੀਵ ਦੇ ਜੀਊਣ ਵਾਸਤੇ ਸਮੱਗਰੀ ਉਪਲਬਧ ਸੀ, ਉਹ ਸਾਰੇ ਜੀਅ ਪੈਦਾ ਹੋਏ। ਪੰਜਾਬ ਵਿੱਚ ਹਰ ਤਰਾਂ ਦੇ ਜੀਵ ਪੈਦਾ ਹੋ ਸਕਣ ਦੀ ਸਮਗਰੀ ਸੀ ਅਤੇ ਉਨ੍ਹਾਂ ਜੀਵਾਂ ਦੇ ਜਿਊਂਦੇ ਰਹਿਣ ਵਾਸਤੇ ਵੀ ਸਭ ਕੁਝ ਸੀ ਤਾਂ ਫਿਰ ਰੌਲਾ ਕਾਹਦਾ। ਇਸ ਜ਼ਰਖੇਜ ਜ਼ਮੀਨ ’ਤੇ ਸ੍ਰਿਸ਼ਟੀ ਦੀ ਸ਼ੁਰੂਆਤ ਹੋਈ।

ਇਸ ਦੁਨੀਆਂ ’ਤੇ ਕਿਸੇ ਵੀ ਹੋਰ ਇਲਾਕੇ ਦਾ ਇਤਿਹਾਸ ਤਿੰਨ ਚਾਰ ਸਦੀਆਂ ਤੋਂ ਪਹਿਲਾਂ ਦਾ ਲਿਖਤੀ ਰੂਪ ਵਿੱਚ ਨਹੀਂ ਮਿਲਦਾ। ਬੰਦੇ ਦੇ ਸਰੀਰ ਦੀ ਬਣਤਰ ਵਾਸਤੇ ਵੀ ਉਹ ਹੀ ਤੱਤ ਚਾਹੀਦੇ ਸਨ, ਕੋਈ ਵੱਖਰੀ ਕਿਸਮ ਦੀ ਮਿੱਟੀ ਤਾਂ ਚਾਹੀਦੀ ਨਹੀਂ ਸੀ। ਇਸ ਕਾਰਣ ਇਹ ਕਹਿਣਾ ਕਦਾਚਿਤ ਗਲਤ ਨਹੀਂ ਹੋਵੇਗਾ ਕਿ ਜਿਸ ਸੱਚੇ ਨਾਲ, ਜਿਸ ਵਿਧੀ ਨਾਲ ਹਾਥੀ ਘੋੜੇ ਸ਼ੇਰ ਬਣੇ, ਉਸੇ ਹੀ ਸੱਚੇ ਨਾਲ ਬੰਦੇ ਦਾ ਜਿਸਮ ਵੀ ਬਣਿਆਂ। ਲੱਖਾਂ, ਸ਼ਾਇਦ ਕਰੋੜਾਂ ਸਾਲ ਬੰਦਾ ਵੀ ਜਾਨਵਰਾਂ ਵਿੱਚ ਜਾਨਵਰਾਂ ਵਾਂਗ ਹੀ ਰਹਿੰਦਾ ਰਿਹਾ। ਸਰੀਰਕ ਤੌਰ ਤੇ ਤਕੜੇ ਤੇ ਮਾਸਾਹਾਰੀ ਜਾਨਵਰਾਂ ਤੋਂ ਬਚਣ ਦੀਆਂ ਤਰਕੀਬਾਂ ਬੰਦੇ ਨੇ ਸੋਚਣੀਆਂ ਸ਼ੁਰੂ ਕੀਤੀਆਂ। ਦਰਖਤਾਂ ’ਤੇ ਚੜ੍ਹ ਕੇ ਆਪਣਾ ਬਚਾਅ ਕਰਨਾ ਬੰਦੇ ਨੇ ਸਿੱਖਿਆ। ਫਿਰ ਸਾਕਾਹਾਰੀ ਜਾਨਵਰਾਂ ਨਾਲ ਦੋਸਤੀ ਕੀਤੀ। ਬੰਦੇ ਦੀ ਸਾਕਾਹਾਰੀ ਜਾਨਵਰਾਂ


Academy of the Punjab in North America: http://www.apnaorg.com

ਨੂੰ ਲੋੜ ਮਹਿਸੂਸ ਹੋਣ ਲੱਗ ਪਈ। ਘੋੜ ਸਵਾਰੀ ਕਰਕੇ ਬੰਦਾ ਆਪ ਵੀ ਬਚਦਾ ਅਤੇ ਘੋੜੇ ਨੂੰ ਵੀ ਬਚਾਉਂਦਾ। ਤਰਕੀਬਾਂ ਸੋਚਣ ਵਾਲਾ ਦਿਮਾਗ ਤਾਂ ਬੰਦੇ ਨੂੰ ਰੱਬ ਨੇ ਦਿੱਤਾ ਹੀ ਸੀ। ਜਿਵੇਂ ਜਿਵੇਂ ਦਿਮਾਗ ਦੀ ਵਰਤੋਂ ਕਰਦਾ ਗਿਆ, ਓਵੇਂ ਓਵੇਂ ਨਵੀਆਂ ਸਕੀਮਾਂ ਬਣਾਉਂਦਾ ਗਿਆ। ਇੱਕ ਸਮਾਂ ਐਸਾ ਆਇਆ ਕਿ ਬੰਦੇ ਨੂੰ ਅਹਿਸਾਸ ਹੋ ਗਿਆ ਕਿ ਉਹ ਜਾਨਵਰਾਂ ਨਾਲੋਂ ਸਿਆਣਾ ਹੈ ਤੇ ਆਪਣੀ ਸਿਆਣਪ ਨਾਲ ਜਾਨਵਰਾਂ ਨੂੰ ਪਤਿਆਉਣ, ਲੋੜ ਪੈਣ ਤੇ ਡਰਾਉਣ ਤੇ ਖਤਰਨਾਕ ਜਾਨਵਰਾਂ ਨੂੰ ਖਤਮ ਕਰਨ ਦੀਆਂ ਸਕੀਮਾਂ ਬਨਾਉਣ ਲੱਗ ਪਿਆ। ਪੱਥਰ ਨੂੰ ਸਭ ਤੋਂ ਪਹਿਲੇ ਹਥਿਆਰ ਦੇ ਰੂਪ ਵਿੱਚ ਬੰਦੇ ਨੇ ਵਰਤਿਆ। ਦੁੱਧ ਦੇਣ ਵਾਲੇ ਜਾਨਵਰਾਂ ਦੇ ਮੋਹਰੇ ਹਰੇ ਭਰੇ ਖਾਣੇ ਸੁੱਟ ਕੇ ਕਟੜੂਆਂ ਵਛੜੂਆਂ ਵਾਂਗ ਦੁੱਧ ਚੁੰਘਿਆ। ਫ਼ਲ ਫਰੂਟ ਖਾ ਕੇ ਗੁਜ਼ਾਰਾ ਕਰਦਾ ਰਿਹਾ। ਵੱਖ ਵੱਖ ਕਿਸਮ ਦੇ ਜਾਨਵਰਾਂ ਨੂੰ ਜਦ ਬੰਦੇ ਨੇ ਰਲ ਕੇ ਚੱਲਦਿਆਂ, ਇਕ ਦੂਜੇ ਦੀ ਮਦਦ ਕਰਦੇ ਦੇਖਿਆ ਤਾਂ ਆਪਣੇ ਬਚਾਓ ਲਈ ਜਾਨਵਰਾਂ ਤੋਂ ਸਿੱਖ ਕੇ ਬੰਦੇ ਨੇ ਇਕੱਠੇ ਹੋ ਕੇ ਰਹਿਣਾ ਸਿੱਖਿਆ। ਬੰਦੇ ਨੂੰ ਬੰਦੇ ਦੇ ਸਾਥ 'ਚੋਂ ਜੋ ਸੁੱਖ ਮਿਲਿਆ, ਉਹ ਜਾਨਵਰਾਂ ਦੇ ਸਾਥ ਨਾਲੋਂ ਕਿਤੇ ਵਧੀਆ ਲੱਗਾ। ਸਮਾਂ ਪੈਣ ਤੇ ਫਿਰ ਆਪਸ ਵਿੱਚ ਸੁੱਖਾਂ ਦਾ ਇਜ਼ਹਾਰ ਕਰਨ ਲੱਗ ਪਿਆ। ਖੁਸ਼ੀ ਗਮੀਂ ਪਰਗਟ ਕਰਨ ਲਈ ਭਾਸ਼ਾ ਦੀ ਬਹੁਤੀ ਲੋੜ ਨਹੀਂ ਹੁੰਦੀ। ਚੇਹਰਾ ਦੇਖ ਕੇ ਖੁਸ਼ੀ ਗਮੀਂ ਦਾ ਪਤਾ ਲੱਗ ਜਾਂਦਾ ਹੈ। ਜਿਵੇਂ ਜਿਵੇਂ ਆਪਸੀ ਸਾਂਝ ਭਿਆਲੀ ਵਧਦੀ ਗਈ, ਬੰਦੇ ਨੂੰ ਇੱਕ ਦੂਸਰੇ ਨੂੰ ਸਮਝਾਓਣ ਲਈ ਭਾਸ਼ਾ ਦੀ ਲੋੜ ਪਈ। ਧੁਨੀਆਂ ਨਾਲ ਇਸ਼ਾਰਿਆਂ ਨਾਲ ਇੱਕ ਦੂਜੇ ਨੂੰ ਸਮਝਾਉਣਾ ਸ਼ੁਰੂ ਹੋਇਆ। ਰੋਣਾ ਤੇ ਹੱਸਣਾ ਬੰਦੇ ਦੀ ਮੁਢਲੀ ਭਾਸ਼ਾ ਦੇ ਵੱਡੇ ਸਾਧਨ ਬਣੇ। ਇੱਕ ਦੂਜੇ ਨੂੰ ਸੁੱਖ ਦੇਣ ਦੀ ਰੀਝ ਪੈਦਾ ਹੋਈ। ਬੱਚਿਆਂ, ਔਰਤਾਂ ਤੇ ਬਜ਼ੁਰਗਾਂ ਦੀ ਮਦਦ ਕਰਕੇ ਖੁਸ਼ੀ ਪਰਾਪਤ ਹੋਣ ਲੱਗੀ। ਔਰਤ ਨੇ ਆਦਮੀ ਨੂੰ ਖੁਸ਼ ਕਰਨ ਦੇ ਤਰੀਕੇ ਵਰਤਣੇ ਸ਼ੁਰੂ ਕੀਤੇ। ਫਿਰ ਦਿਲਾਂ ਦੀਆਂ ਘੁੰਡੀਆਂ ਖੋਹਲਣ ਵਾਸਤੇ, ਸਾਂਝ ਪਿਆਰ ਜਤਾਉਣ ਵਾਸਤੇ ਭਾਸ਼ਾ ਦੀ ਲੋੜ ਹੋਰ ਵਧ ਗਈ। ਸਭ ਤੋਂ ਪਹਿਲੀ ਭਾਸ਼ਾ ਰੁਮਾਂਸ ਦੀ ਭਾਸ਼ਾ ਸੀ। ਜਦ ਭਾਸ਼ਾ ਪ੍ਰਚੱਲਤ ਹੋ ਗਈ ਫਿਰ ਭਾਸ਼ਾ ਦੀ ਰੁਮਾਂਸ ਤੋਂ ਅਗਲੇ ਪੜਾ ਵਿੱਚ ਸਿੱਖਿਆ ਦੇਣ ਲਈ, ਸੇਧ ਦੇਣ ਲਈ ਵਰਤੋਂ ਹੋਣ ਲੱਗੀ। ਸਿਆਣਿਆਂ ਨੇ ਗਲਤੀਆਂ ਕਰਨ ਵਾਲਿਆਂ ਨੂੰ ਵਰਜਣਾ ਸ਼ੁਰੂ ਕੀਤਾ, ਸਮਝਾਉਣਾ ਸ਼ੁਰੂ ਕੀਤਾ। ਸਿਖਿਆ ਦੇਣ ਵਾਲਿਆਂ ਦਾ ਲੋਕ ਸਤਿਕਾਰ ਕਰਨ ਲੱਗੇ। ਬੱਸ ਜਦੋਂ ਸਤਿਕਾਰ ਪਿਆਰ ਦੀ ਅਹਿਮੀਅਤ ਸਮਝ ਵਿੱਚ ਆ ਗਈ ਤਾਂ ਬੰਦਾ ਫਿਰ ਜਾਨਵਰ ਨਾ ਰਿਹਾ ਬਲਕਿ ਇਨਸਾਨ ਬਣ ਗਿਆ। ਔਰਤ ਦਾ ਦਰਜਾ ਭਾਵੇਂ ਬਹੁਤ ਹੀ ਉੱਚਾ ਸੀ ਫਿਰ ਵੀ ਇਨਸਾਨੀ ਜੀਵਨ ਦੇ ਸਾਰੇ ਰਾਹ ਮਰਦ ਨੇ ਹੀ ਬਣਾਏ।

ਮੁਢਲੇ ਇਨਸਾਨ ਤਿੰਨ ਤਰ੍ਹਾਂ ਦੇ ਹੁੰਦੇ ਸੀ - ਸ਼ਿਕਾਰੀ, ਵਿਓਪਾਰੀ ਤੇ ਪੁਜਾਰੀ। ਸ਼ਿਕਾਰੀ ਖਾਣ ਪੀਣ ਦੀਆਂ ਵਸਤਾਂ ਪੈਦਾ ਕਰਦੇ ਫਿਰਦੇ ਅਤੇ ਵਿਓਪਾਰੀ ਹਥਿਆਰ ਪੈਦਾ ਕਰਦੇ। ਪੱਥਰਾਂ ਦੀ ਰਗੜ ਨਾਲ ਪੈਦਾ ਕੀਤੀ ਅੱਗ ਸਾਂਭ ਕੇ ਰੱਖਦੇ ਅਤੇ ਦੂਰ ਨੇੜੇ ਅਸਥਾਨਾਂ ਤੇ ਜਾ ਕੇ ਨਵੀਆਂ ਥਾਵਾਂ ਤਲਾਸ਼ਦੇ। ਮੁਢਲੇ ਇਨਸਾਨ ਤੋਂ ਲੈ ਕੇ ਅੱਜ ਤੱਕ ਇਹ ਧਾਰਣਾ ਚਲੀ ਆ ਰਹੀ ਹੈ ਇਨਸਾਨ ਵਿੱਚ ਕਿ ਰੱਬ ਸਭ ਦੇ ਵਿੱਚ ਵੱਸਦਾ ਹੈ। ਆਪਣੇ ਅੰਦਰੋਂ ਉਸ ਪਰਮਾਤਮਾ ਨੂੰ ਲੱਭਣ ਦਾ ਯਤਨ ਇਨਸਾਨ ਸ਼ੁਰੂ ਤੋਂ ਹੀ ਕਰਦਾ ਆਇਆ ਹੈ। ਪੁਜਾਰੀ ਅੰਤਰਧਿਆਨ ਹੋ ਕੇ ਬੈਠਦੇ । ਜਦ ਪੁਜਾਰੀ ਅਧਿਆਤਮਕ ਸੋਚ ਆਮ ਲੋਕਾਂ ਨਾਲ ਸਾਂਝੀ ਕਰਦੇ ਤਾਂ ਸ਼ਿਕਾਰੀ ਤੇ ਵਿਉਪਾਰੀ ਬੜੇ ਧਿਆਨ ਨਾਲ ਸੁਣਦੇ। ਪੁਜਾਰੀ ਸਾਰੇ ਦੇ ਸਾਰੇ ਮਰਦ ਹੀ ਹੁੰਦੇ ਸਨ, ਉਹ ਦਰਿਆਵਾਂ ਦੇ ਕੰਢਿਆਂ ਤੇ ਵੱਡੇ ਪੱਤਿਆਂ ਵਾਲੇ ਦਰਖਤਾਂ ਹੇਠ ਬੈਠਦੇ। ਜਿਵੇਂ ਜਿਵੇਂ ਉਨ੍ਹਾਂ ਦੀ ਮਾਨਤਾ ਵਧਦੀ ਗਈ, ਵੱਧ ਤੋਂ ਵੱਧ ਲੋਕ ਸਾਧਾਂ ਦੇ ਬਚਨ ਸੁਣਨ ਲਈ ਜਾਂਦੇ ਤੇ ਹੌਲੀ ਹੌਲੀ ਪੁਜਾਰੀਆਂ ਲਈ ਲੋਕਾਂ ਨੇ ਕੁਟੀਆ ਬਣਾ ਦੇਣੀ ਸ਼ੁਰੂ ਕੀਤੀ। ਸ਼ਿਕਾਰੀ ਤੇ ਵਪਾਰੀ ਆਪਣੇ ਆਪ ਨਾਲੋਂ ਪੁਜਾਰੀਆਂ ਦੀ ਸੇਵਾ ਵੱਧ ਕਰਦੇ। ਰਹਿਣ ਲਈ ਕੁਟੀਆ ਵੀ ਸਿਰਫ ਪੁਜਾਰੀਆਂ ਦੀ ਹੀ ਹੁੰਦੀ। ਮੀਂਹ ਝੱਖੜ ਵਿੱਚ ਲੋਕ ਲਾਗਲੀ ਕੁਟੀਆ ਵਿੱਚ ਸ਼ਰਣ ਲੈਣ ਲਈ ਚਲੇ ਜਾਂਦੇ। ਵਧੀਆ ਪੱਕੇ ਪੱਕੇ ਫ਼ਲ ਵੀ ਲੋਕਾਂ ਨੇ ਪਹਿਲਾਂ


Academy of the Punjab in North America: http://www.apnaorg.com

ਪੁਜਾਰੀਆਂ ਨੂੰ ਚੜ੍ਹਾ ਕੇ ਆਉਣੇ। ਸ਼ਿਕਾਰੀ ਵਪਾਰੀ ਤਾਂ ਭੱਜ ਦੌੜ ਬਹੁਤ ਕਰਦੇ ਸਨ। ਇਸ ਲਈ ਜੋ ਵੀ ਖਾਂਦੇ , ਪਚ ਜਾਂਦਾ। ਪਰ ਪੁਜਾਰੀ ਤਾਂ ਚੌਕੜਾ ਮਾਰ ਕੇ ਬੈਠੇ ਰਹਿੰਦੇ, ਖਾਦੇ ਵੀ ਪੱਕੇ ਪੱਕੇ ਫ਼ਲ। ਦੁਨੀਆਂ ਵਿੱਚ ਸਭ ਤੋਂ ਪਹਿਲੀ ਬੀਮਾਰੀ ਪੇਟ ਖਰਾਬ ਹੋਣ ਦੀ ਹੀ ਸਾਹਮਣੇ ਆਈ, ਉਹ ਵੀ ਪੁਜਾਰੀਆਂ ਦੇ ਬੀਮਾਰ ਹੋਣ ਨਾਲ ਪਤਾ ਲੱਗੀ। ਬੀਮਾਰੀ ਦੀ ਹਾਲਤ ਵਿੱਚ ਪੁਜਾਰੀਆਂ ਕੋਲੋਂ ਫ਼ਲ ਨਾ ਖਾ ਹੋਣੇ। ਸੇਵਕਾਂ ਨੇ ਜੂਸ ਨਿਚੋੜ ਕੇ ਦੇਣਾ ਆਰੰਭ ਕੀਤਾ। ਹੌਲੀ ਹੌਲੀ ਫ਼ਲ ਉਬਾਲਣੇ ਸ਼ੁਰੂ ਕੀਤੇ। ਲੇਕਿਨ ਬਹੁਤੇ ਪੁਜਾਰੀ ਅਕਾਲ ਚਲਾਣਾ ਕਰ ਜਾਂਦੇ। ਇੱਕ ਦਿਨ ਐਸਾ ਆਇਆ ਕਿ ਫ਼ਲਾਂ ਦਾ ਅਰਕ ਕੱਢਣ ਦੀ ਵਿਉਂਤ ਆ ਗਈ। ਅਰਕ ਪਚ ਵੀ ਜਾਣਾ ਤੇ ਅਰਕ ਵਿਚਲੇ ਨਸ਼ੇ ਨਾਲ ਨੀਂਦ ਵੀ ਵਧੀਆ ਆਉਣੀ। ਦੁਨੀਆਂ ਦੀ ਪਹਿਲੀ ਦਵਾਈ ਅਰਕ (ਸੋਮ ਰਸ) ਸੀ। ਹੋਰ ਵੀ ਜੇ ਕੋਈ ਬੱਚਾ ਜਾਂ ਬਿਰਧ ਬੀਮਾਰ ਹੋ ਜਾਣਾ ਤਾਂ ਪੁਜਾਰੀਆਂ ਲਈ ਬਣਾ ਕੇ ਰੱਖੀ ਦਵਾਈ ਜਾ ਪਿਲਾਉਣੀ। ਹਜ਼ਾਰਾਂ ਸਾਲ ਇਹ ਸਿਲਸਲਾ ਚੱਲਦਾ ਰਿਹਾ।

ਪੁਜਾਰੀਆਂ ਦੀ ਮਾਨਤਾ ਦਿਨੋ ਦਿਨ ਵਧਦੀ ਗਈ। ਇਸਦੇ ਕਈ ਕਾਰਣ ਸਨ। ਇੱਕ ਕਾਰਣ ਤਾਂ ਇਹ ਸੀ ਕਿ ਬਹੁਤ ਘੱਟ ਲੋਕ ਪੁਜਾਰੀ ਬਣ ਸਕਦੇ ਸੀ। ਹਾਰੀ ਸਾਰੀ ਤਾਂ ਪੁਜਾਰੀ ਬਣਨ ਲਈ ਸੋਚ ਵੀ ਨਹੀਂ ਸੀ ਸਕਦਾ। ਦੂਜੀ ਗੱਲ ਕਿ ਪੁਜਾਰੀ ਆਮ ਤੌਰ ਤੇ ਬ੍ਰਹਮਚਾਰੀ ਰਹਿੰਦੇ। ਇਹ ਹੀ ਕਾਰਣ ਸੀ ਕਿ ਸਭ ਤੋਂ ਵੱਧ ਸਤਿਕਾਰੇ ਜਾਣ ਵਾਲੇ ਤੇ ਸਭ ਤੋਂ ਵੱਧ ਸੁੱਖ ਸੁਵਿਧਾ ਪਰਾਪਤ ਪੁਜਾਰੀ ਗਿਣਤੀ ਵਿੱਚ ਘਟਦੇ ਗਏ। ਕਦੇ ਕਦਾਈਂ ਜੇ ਕੋਈ ਬਹੁਤ ਹੀ ਜਵਾਨ ਸੁਨੱਖਾ ਪੁਜਾਰੀ ਬਣ ਜਾਣਾ ਤਾਂ ਮੋਹਣੀਆਂ ਨੇ ਉਸਦੀ ਬਿਰਤੀ ਭੰਗ ਕਰਨ ਦਾ ਯਤਨ ਕਰਨਾ ਤੇ ਕਈ ਵਾਰ ਕਾਮਯਾਬ ਵੀ ਹੋ ਜਾਣਾ। ਹਜ਼ਾਰਾਂ ਸਾਲਾਂ ਵਿੱਚ ਸਿਰਫ ਪੁਜਾਰੀ ਹੋਏ ਜਿਨ੍ਹਾਂ ਦੀ ਔਲਾਦ ਹੋਈ। ਪੁਜਾਰੀਆਂ ਦੇ ਬਹੁਤੇ ਡੇਰੇ ਸਿੰਧ, ਸਰਸਵਤੀ ਅਤੇ ਰਾਵੀ ਦੇ ਕੰਢਿਆਂ'ਤੇ ਸਨ। ਜੇਹਲਮ, ਝਨ੍ਹਾਬ ਤੇ ਸਤਲੁਜ 'ਤੇ ਵੀ ਵਿਰਲੇ ਵਿਰਲੇ ਸਾਧਾਂ ਦੇ ਡੇਰੇ ਹੈ ਸਨ। ਸ਼ਿਕਾਰੀ ਲੋਕ ਜੰਗਲਾਂ ਬੇਲਿਆਂ 'ਚ ਰਹਿੰਦੇ।

ਸਭ ਤੋਂ ਵੱਡਾ ਕੰਮ ਆਪਣੀ ਪੇਟ ਦੀ ਭੁੱਖ ਪੂਰਤੀ ਦਾ ਹੀ ਸੀ। ਕਦੇ ਕਦੇ ਜਦ ਬਹੁਤ ਵਧੀਆ ਕੁਝ ਖਾਣ ਵਾਸਤੇ ਮਿਲ ਜਾਣਾ ਤਾਂ ਉਸ ਵਿੱਚੋਂ ਚੰਗਾ ਚੰਗਾ ਚੁਣ ਕੇ ਪੁਜਾਰੀਆਂ ਨੂੰ ਦੇ ਆਉਣਾ ਤੇ ਨਾਲ ਉਨ੍ਹਾਂ ਸਿਆਣਿਆਂ ਦੇ ਵਚਨ ਸੁਣ ਆਉਣੇ। ਸਭ ਤੋਂ ਵੱਧ ਵਪਾਰੀ ਵਧੇ ਫੁਲੇ। ਦੂਰ ਨੇੜੇ ਇਲਾਕਿਆਂ ਵਿੱਚ ਕਬੀਲਿਆਂ ਨੂੰ ਨਾਲ ਲੈ ਕੇ ਵਧੀਆ ਲੱਕੜ ਤੇ ਫ਼ਲ ਫਰੂਟ ਲੱਭਦੇ ਅਜੋਕੇ ਅਫਗਾਨਿਸਤਾਨ, ਕਜਾਕਿਸਤਾਨ ਤੇ ਇਰਾਨ ਦੇ ਇਰਦ ਗਿਰਦ ਇਲਾਕਿਆਂ ਵਿੱਚ ਨਿਕਲ ਜਾਂਦੇ। ਲੱਕੜਾਂ ਦੀਆਂ ਬੇੜੀਆਂ ਬਣਾ ਕੇ ਤਟ ਦੇ ਨਾਲ ਨਾਲ ਦੂਰ ਦੂਰ ਤੱਕ ਚਲੇ ਜਾਂਦੇ ਪਰ ਹਮੇਸ਼ਾਂ ਆਪਣੇ ਪਿਛੋਕੜ ਵੱਲ ਜਾਣ ਦੀ ਇੱਛਾ ਰਹਿੰਦੀ। ਜਦੋਂ ਕਿਧਰੇ ਵਾਪਸ ਆਉਂਦੇ ਤਾਂ ਸਾਰੇ ਪੁਜਾਰੀਆਂ ਨੂੰ ਮਿਲਣ ਦਾ ਯਤਨ ਕਰਦੇ। ਭਓ ਤੇ ਭਾਓ ਸਿਖਾਉਣ ਵਾਲੀਆਂ ਕਥਾ ਕਹਾਣੀਆਂ ਸੰਤਾਂ ਤੋਂ ਸੁਣ ਕੇ ਵਪਾਰੀ ਯਾਦ ਕਰ ਲੈਂਦੇ। ਹੌਲੀ ਹੌਲੀ ਵਪਾਰੀਆਂ ਦੀ ਗਿਣਤੀ ਵਧਦੀ ਗਈ। ਕਈ ਸਦੀਆਂ ਬਾਅਦ ਇੱਕ ਸਮਾਂ ਐਸਾ ਆਇਆ ਕਿ ਵਪਾਰੀ ਲੋਕਾਂ ਨੇ ਆਪਣੇ ਬਜ਼ੁਰਗਾਂ ਨੂੰ ਸੰਤਾਂ ਦੇ ਡੇਰਿਆਂ ਦੇ ਲਾਗੇ ਬੰਨੇ ਟਿਕਾਣੇ ਬਣਾ ਕੇ ਛੱਡ ਜਾਣਾ। ਬਜ਼ੁਰਗ ਵੀ ਸਫਰ ਕਰਨਾ ਵਧੀਆ ਨਹੀਂ ਸੀ ਸਮਝਦੇ ਤੇ ਨਾਲੇ ਸੰਤਾਂ ਪੁਜਾਰੀਆਂ ਦੀਆਂ ਕਹਾਣੀਆਂ ਸੁਣ ਕੇ ਵਧੀਆ ਮਹਿਸੂਸ ਕਰਦੇ। ਪੁਰਾਤਨ ਸਿੱਖਿਆਦਾਇਕ ਕਥਾ ਕਹਾਣੀਆਂ ਵਪਾਰੀ ਲੋਕਾਂ ਨੂੰ ਯਾਦ ਹੋ ਗਈਆਂ। ਪੀੜ੍ਹੀ ਦਰ ਪੀੜ੍ਹੀ ਵਪਾਰੀ ਲੋਕਾਂ ਨੇ ਪੁਰਾਤਨ ਕਥਾਵਾਂ, ਜੋ ਬਾਅਦ ਵਿੱਚ ਜਾ ਕੇ ਧਾਰਮਕ ਕਹਾਣੀਆਂ ਬਣ ਗਈਆਂ, ਯਾਦ ਕਰਕੇ ਰੱਖੀਆਂ। ਅਭਿਆਸ ਦੇ ਨਾਲ ਉਹ ਕਹਾਣੀਆਂ ਸਰਲ ਹੋ ਗਈਆਂ ਤੇ ਜੇ ਕਿਧਰੇ ਉਨ੍ਹਾਂ ਵਿੱਚ ਕਿਸੇ ਨਿੱਕੀ ਵੱਡੀ ਤਬਦੀਲੀ ਦੀ ਲੋੜ ਪੈਂਦੀ ਤਾਂ ਪੁਜਾਰੀਆਂ ਤੋਂ ਇਜਾਜ਼ਤ ਲੈ ਕੇ ਬਦਲ ਲੈਂਦੇ। ਵਪਾਰੀ ਲੋਕਾਂ ਨੇ ਕੱਚੀਆਂ ਇੱਟਾਂ ਬਣਾਉਣੀਆਂ ਸਿੱਖ ਲਈਆਂ। ਝੁੱਗੀਆਂ ਬਨਾਉਣ ਦੀ ਸਮੱਗਰੀ ਲੱਕੜਾਂ ਕ੍ਰਾਈ ਸਰਕੜਾ ਤਾਂ ਹਰ ਝੁੱਗੀ ਦੇ ਬਾਹਰ ਪਿਆ ਹੁੰਦਾ। ਕੱਚੀਆਂ ਇੱਟਾਂ ਨੂੰ ਸੁਕਾ ਕੇ ਕੰਧਾਂ ਕਰਨੀਆਂ ਆਰੰਭ ਹੋਈਆਂ। ਘਰ ਘਰਾਣੇ, ਪਿੰਡ ਕਸਬੇ ਬਣਨੇ ਸ਼ੁਰੂ


Academy of the Punjab in North America: http://www.apnaorg.com

ਹੋਏ। ਕੱਚੀਆਂ ਇੱਟਾਂ ਬਣਾ ਕੇ ਲੱਕੜਾਂ ਦੇ ਉੱਤੇ ਰੱਖ ਕੇ ਕਈ ਸਦੀਆਂ ਸਕਾਉਂਦੇ ਰਹੇ। ਇੱਕ ਵਾਰ ਅਚਾਨਕ ਲੱਕੜਾਂ ਨੂੰ ਅੱਗ ਲੱਗ ਜਾਣ ਕਾਰਣ ਕੱਚੀਆਂ ਇੱਟਾਂ ਸੜ ਗਈਆਂ। ਸੜੀਆਂ ਹੋਈਆਂ ਇੱਟਾਂ ਬਹੁਤ ਮਜ਼ਬੂਤ ਹੋ ਗਈਆਂ। ਬਾਅਦ ਵਿੱਚ ਇੱਟਾਂ ਸਾੜ ਪਕਾ ਕੇ ਘਰ ਬਨਾਉਣੇ ਆਰੰਭ ਹੋਏ। ਅਧਿਆਤਮਕ ਕਥਾ ਕਥਾਵਾਂ ਨੂੰ ਵਿਓਂਤ ਬੰਦ ਕਰਕੇ ਪੁਜਾਰੀਆਂ ਤੇ ਗੁਣੀ ਗਿਆਨੀਆਂ ਨੇ ਅੱਜ ਤੋਂ ਹਜ਼ਾਰਾਂ ਸਾਲ ਪਹਿਲਾਂ ਰਿੱਗ ਵੇਦ ਦੀ ਰਚਨਾ ਕੀਤੀ। ਯਥਾਰਥਵਾਦੀ ਵਿਉਂਤਬੱਧ ਕਥਾਵਾਂ ਨੂੰ ਧਾਰਮਕ ਤੇ ਸਤਿਕਾਰਯੋਗ ਕਥਾਵਾਂ ਸਵੀਕਾਰ ਕਰਕੇ ਲੋਕਾਂ ਨੇ ਰੱਜ ਰੱਜਕੇ ਸੁਣੀਆਂ ਸੁਣਾਈਆਂ।

ਹਰ ਪੁੰਨਿਆਂ ਦੇ ਦਿਨ ਚਾਨਣ ਦਾ ਸ਼ੁਕਰਾਨਾ ਕਰਨ ਲਈ ਲੋਕਾਂ ਨੇ ਇਕੱਤਰ ਹੋਣਾ ਤੇ ਰਿੱਗ ਵੇਦ ਦੀਆਂ ਕਥਾਵਾਂ ਸੁਣਨੀਆਂ। ਮੱਸਿਆ ਵਾਲੇ ਦਿਨ ਵੀਰਾਤ ਨੂੰ ਮਿਸ਼ਾਲਾਂ ਜਗਾ ਕੇ ਲੋਕਾਂ ਨੇ ਹਨ੍ਹੇਰੇ ਤੋਂ ਛੁਟਕਾਰਾ ਪਾਉਣ ਲਈ ਵਿਧਾਤਾ ਅੱਗੇ ਅਰਦਾਸਾਂ ਕਰਨੀਆਂ। ਜਦੋਂ ਚੰਦ ਨਜ਼ਰੀਂ ਪੈਣਾ ਤਾਂ ਆਪਣੀਆਂ ਅਰਦਾਸਾਂ ਕਰਕੇ ਦਿਸਿਆ ਲੱਗਣਾ। ਸਮੇਂ ਦੇ ਨਾਲ ਜਿਵੇਂ ਜਿਵੇਂ ਆਬਾਦੀ ਵਧਦੀ ਗਈ ਲੋਕਾਂ ਨੇ ਪਿੜ ਬਣਾਏ। ਫਿਰ ਨਾਟਕ ਦੇ ਰੂਪ ਵਿੱਚ ਕਹਾਣੀ ਸੁਣਾਉਣ ਲਈ ਕਲਾ ਮੰਚ ਤਿਆਰ ਕੀਤੇ ਗਏ। ਮਹਾਂਪੁਰਖਾਂ ਨੇ ਬਹੁਤ ਸਾਰੀਆਂ ਸਿੱਖਿਆਵਾਂ ਦੇਣ ਵਾਲੀਆਂ ਕਥਾਵਾਂ ਵੀ ਪ੍ਰਚੱਲਿਤ ਕੀਤੀਆਂ। ਮਹਾਂਵੀਰ ਤੇ ਸਿਧਾਰਥ ਦੀਆਂ ਕਥਾਵਾਂ ਨੂੰ ਉਪਨਿਸ਼ਦਾਂ ਦੇ ਬਰਾਬਰ ਇੱਕ ਵੱਖਰੇ ਤਰੀਕੇ ਨਾਲ ਪੇਸ਼ ਕੀਤਾ ਗਿਆ।

ਹੜੱਪਾ, ਟੈਕਸਲਾ, ਮਹਿੰਜੋਦੜੋ ਅਤੇ ਗੰਧਾਰ ਵਰਗੇ ਕਈ ਸ਼ਹਿਰ ਆਬਾਦ ਹੋ ਗਏ। ਲੇਕਿਨ ਇਹ ਸਾਰੀ ਅਬਾਦੀ, ਸਾਰੇ ਸ਼ਹਿਰ, ਸਾਰੇ ਮੰਚ ਵਪਾਰੀ ਲੋਕਾਂ ਦੀ ਕਮਾਈ ਤੋਂ ਬਿਨਾਂ ਸੰਭਵ ਨਹੀਂ ਸੀ ਹੋ ਸਕਦੇ। ਹਜ਼ਾਰਾਂ ਸਾਲ ਸਿੰਧ ਘਾਟੀ ਦੀ ਸੱਭਿਅਤਾ ਹਰ ਸਾਲ ਨਵੀਆਂ ਉਚਾਈਆਂ ਵੱਲ ਨੂੰ ਤੁਰਦੀ ਗਈ। ਵਪਾਰੀਆਂ ਨੇ ਸਿੰਧ ਦਰਿਆ ਦੇ ਨਾਲ ਨਾਲ ਪਹਾੜਾਂ ਦੇ ਵਿਚਕਾਰ ਮਾਨਸਰੋਵਰ ਝੀਲ ਜਾ ਲੱਭੀ ਤੇ ਬੋਧੀ ਖਿਆਲਾਂ ਦੇ ਮਹਾਂਪੁਰਖਾਂ ਨੂੰ ਅਜੋਕੇ ਤਿੱਬਤ ਵਿੱਚ ਕੈਲਾਸ਼ ਪਰਬਤ ਵੱਲੋਂ ਆਉਂਦੇ ਪਾਣੀਆਂ ਦੇ ਕਿਨਾਰਿਆਂ ਤੇ ਧਰਮ ਪ੍ਰਚਾਰ ਲਈ ਧਰਮ ਅਸਥਾਨ ਬਣਾ ਦਿੱਤੇ। ਬਹੁਤ ਸਾਰੇ ਵਪਾਰੀ ਭਗਤ ਜਨ ਬਣ ਕੇ ਤਿੱਬਤ ਵਿੱਚ ਹੀ ਆਬਾਦ ਹੋ ਗਏ। ਵਪਾਰੀ ਲੋਕਾਂ ਨੇ ਅਜੋਕੇ ਉੱਤਰੀ ਭਾਰਤ ਵਿੱਚ ਵੀ ਧਰਮਸਾਲਾ ਅਤੇ ਕਾਂਸ਼ੀ ਵਰਗੇ ਟਿਕਾਣੇ ਜਾ ਬਣਾਏ। ਦੱਖਣੀ ਭਾਰਤ ਵਿੱਚ ਵੀ ਜਾ ਕੇ ਵੱਸਣ ਲੱਗੇ। ਕਾਂਸ਼ੀ ਇੱਕ ਬਹੁਤ ਵੱਡਾ ਧਾਰਮਕ ਕੇਂਦਰ ਬਣ ਕੇ ਸਾਹਮਣੇ ਆਇਆ। ਬਹੁਤ ਸਾਰੇ ਵਿਦਵਾਨ ਗੁਣੀ ਗਿਆਨੀ ਮਹਾਂਪੁਰਖ ਕਾਂਸ਼ੀ ਜਾ ਵਸੇ। ਰਿੱਗ ਵੇਦ ਦੇ ਪਹਿਲੇ ਅੱਠ ਮੰਡਲਾਂ (ਦੂਜੇ ਤੋਂ ਨੌਂਵੇਂ) ਵਿੱਚ ਗੰਗਾ ਦਾ ਕੋਈ ਜ਼ਿਕਰ ਨਹੀਂ ਆਉਂਦਾ। ਸੋ ਜ਼ਾਹਰ ਹੈ ਕਿ ਕਾਂਸ਼ੀ ਰਿੱਗ ਵੇਦ ਦੀ ਰਚਨਾ ਤੋਂ ਬਾਅਦ ਵਿੱਚ ਵੱਸਿਆ। ਵਪਾਰੀ ਲੋਕ ਜੋ ਪਿਤਾ ਪੁਰਖੀ ਸਿੰਧ ਘਾਟੀ ਦੇ ਵਸਨੀਕ ਸਨ, ਪੱਛਮ ਵੱਲ ਨੂੰ ਹੋ ਤੁਰੇ। ਅਜੋਕੇ ਇਰਾਨ ਵਿੱਚ ਵੀ ਇੱਕ ਇਲਾਕਾ ਐਸਾ ਮਿਲਿਆ ਜਿੱਥੇ ਪੰਜ ਦਰਿਆ ਵਗਦੇ ਸਨ। ਉਸ ਇਲਾਕੇ ਨੂੰ ਪੰਜਾਬ ਨਾਂ ਦੇ ਕੇ ਆਬਾਦ ਕਰ ਦਿੱਤਾ। ਬਸਰਾ ਬਗਦਾਦ ਵੀ ਜਾ ਵਸਾਏ। ਬਸਰੇ ਦੇ ਬਗਲ ਵਿੱਚ ਦਰਿਆ ਦੇ ਕੰਢੇ ਤੇ ਬੇਬੀਲੋਨ ਵਪਾਰਕ ਨਜ਼ਰੀਏ ਨਾਲ ਜਾ ਵਸਾਇਆ। ਉਸ ਸਮੇਂ ਤੱਕ ਭਾਰਤ ਚੀਨ ਜਾਂ ਅਰਬ ਦੇਸ਼ ਨਹੀਂ ਸੀ ਬਣੇ। ਸਾਰੇ ਦਾ ਸਾਰਾ ਇਲਾਕਾ ਚੀਨੀ ਜਾਂ ਸਿੰਧੀ ਕਿਹਾ ਜਾ ਸਕਦਾ ਸੀ। ਅਰਬੀ ਇਲਾਕੇ ਵਿੱਚ ਜਾ ਵਸੇ ਜਾਂ ਤਿੱਬਤ ਵਿੱਚ ਜਾ ਵਸੇ, ਸਾਰੇ ਦੇ ਸਾਰੇ ਸਿੰਧ ਘਾਟੀ ਦੀ ਸੱਭਿਅਤਾ ਨਾਲ ਸਬੰਧਤ ਸਨ। ਚੀਨ ਵਿੱਚ ਰੱਬ ਤੋਂ ਡਰ ਕੇ ਚੱਲਣ ਵਾਲੇ ਲੋਕਾਂ ਨੇ ਬਹੁਤ ਤਰੱਕੀ ਕੀਤੀ ਅਤੇ ਕੁਝ ਸਮੇਂ ਵਿੱਚ ਹੀ ਬਹੁਤ ਵੱਡੀ ਆਬਾਦੀ ਦਾ ਇਲਾਕਾ ਬਣ ਗਿਆ।

ਇਹ ਤਾਂ ਸੀ ਇਤਿਹਾਸਕ ਤਰੀਕਾਂ ਤੋਂ ਪਹਿਲਾਂ ਦੀ ਕਹਾਣੀ। ਆਓ ਹੁਣ ਇਤਿਹਾਸ ਦੇ ਵਰਕੇ ਫੋਲੀਏ : ਇੱਕ ਹਜ਼ਾਰ ਸਾਲ ਦੀ ਗੱਲ ਹੈ। ਅੰਗ੍ਰੇਜ਼ੀ ਕੈਲੰਡਰਾਂ ਦੇ ਹਿਸਾਬ ਨਾਲ ਜਦ ਗਿਆਰ੍ਹਵੀਂ ਸਦੀ ਸ਼ੁਰੂ ਹੋਈ, ਇਤਿਹਾਸ ਦਾ ਪਹਿਲਾ ਵਰਕਾ ਲਿਖਿਆ ਗਿਆ। ਦੁਨੀਆਂ ਵਿੱਚ ਦੇਵਨਾਗਰੀ ਲਿਪੀ, ਸੰਸਕ੍ਰਿਤ ਭਾਸ਼ਾ ਵਿੱਚ


Academy of the Punjab in North America: http://www.apnaorg.com

ਲਿਖਿਆ ਇਹ ਪਹਿਲਾ ਵਰਕਾ, ਜਿਸਦਾ ਪਹਿਲਾ ਪਾਤਰ ਅਗਨੀ ਹੈ :- ਰਿੱਗ ਵੇਦ ਦਾ ਲਿਖਤੀ ਰੂਪ ਹੈ। ਪਾਣਿਨੀ ਨੇ ਸੰਸਕ੍ਰਿਤ ਦੀ ਵਿਆਕਰਣ ਕਦੋਂ ਬਣਾਈ, ਮੈਂ ਇਸ ਪਾਸੇ ਨੂੰ ਜਾਵਾਂ ਤਾਂ ਇਤਿਹਾਸ ਮੈਨੂੰ ਝੂਠਿਆਂ ਦਾ ਚੇਲਾ ਕਹੂ। ਕਿਸੇ ਨੇ ਪੁੱਛਿਆ ਕਿ ਝੂਠ ਦਾ ਕੜ੍ਹਾਹ ਕਰਨ ਲਈ ਚਾਸ ਕਿੰਨੀ ਪਾਵਾਂ? ਜਵਾਬ ਮਿਲਿਆ ਹੋਰ ਸਿੱਟ ਮਾਸਾ ਕਿਸੇ ਨੂੰ ਕੀ ਪਤਾ ਲੱਗਣਾ।

ਜਦ **1917** ਵਿੱਚ ਰੂਸੀ ਰੈਵੋਲੂਸ਼ਨ ਹੋਇਆ ਤਾਂ ਉਦੋਂ ਵੀ ਕੈਲੰਡਰ ਇੱਕ ਦੂਜੇ ਨਾਲ ਨਹੀਂ ਸੀ ਰਲਦੇ। ਇਤਿਹਾਸ ਵਿੱਚ ਕੈਲੰਡਰ ਬਨਾਉਣ ਲੱਗਿਆਂ ਪਹਿਲਾ ਹਜ਼ਾਰ ਸਾਲ ਕਿਸਨੇ ਜੋੜਿਆ? ਮੈਂ ਕਿਉਂ ਉਸਦਾ ਸਿਰਨਾਵਾਂ ਲੱਭਦਾ ਫਿਰਾਂ। ਮੈਂ ਪਹਿਲਾਂ ਹੀ ਮੁਆਫੀ ਮੰਗ ਲਵਾਂ। ਮੇਰੀ ਇਸ ਕਹਾਣੀ ਦਾ ਇਤਿਹਾਸਕ ਸਫਰ ਅੰਗ੍ਰੇਜ਼ੀ ਕੈਲੰਡਰ ਨਾਲੋਂ ਉਮਰ ਵਿੱਚ ਪੂਰਾ ਹਜ਼ਾਰ ਸਾਲ ਛੋਟਾ ਹੈ। ਮੇਰੀ ਪੁੱਛ ਪੜਤਾਲ ਮੁਤਾਬਕ ਕੋਈ ਤਰੀਕ ਦਸਵੀਂ ਸਦੀ ਦੀ ਨਹੀਂ ਹੈ। ਫਿਰ ਵੀ ਜੇ ਕਿਸੇ ਨੂੰ ਠੀਕ ਲੱਗਦਾ ਹੈ ਤਾਂ ਇੱਕ ਹਜ਼ਾਰ ਸਾਲ ਹੋਰ ਜੋੜ ਸਕਦਾ ਹੈ। ਮੇਰੀ ਪਹਿਲੀ ਸਦੀ ਦੇ ਪਹਿਲੇ ਸਾਲ ਦੇ ਪਹਿਲੇ ਮਹੀਨੇ ਮੱਸਿਆ ਦੀ ਰਾਤ ਹੜੱਪਾ ਸ਼ਹਿਰ ਦੇ ਵਿਚਾਲੇ ਚਾਰ ਅਮਰੀਕਣ ਬਲੌਕ ਵਿੱਚ ਬਣਿਆਂ ਹੋਇਆ ਰਾਮ ਲੀਲਾ ਮੈਦਾਨ ਖਚਾ ਖਚ ਭਰਿਆ ਹੋਇਆ ਸੀ। ਸਟੇਜ ਅਤੇ ਮੈਦਾਨ ਦੇ ਚਾਰ ਚੁਫੇਰੇ ਮਿਸ਼ਾਲਾਂ ਜਗ ਰਹੀਆਂ ਸੀ। ਅਗਨੀ ਤੇ ਇੰਦਰ ਦੇਵਤਾ ਵਿਚਕਾਰ ਵਾਰਤਾਲਾਪ ਚੱਲ ਰਹੀ ਸੀ ਕਿ ਕੁਝ ਬਜ਼ੁਰਗਾਂ ਨੇ ਪ੍ਰਸਤਾਵ ਪੇਸ਼ ਕੀਤਾ ਕਿ ਦੁਨੀਆਂ ਹੁਣ ਦੂਰ ਦੂਰ ਤੱਕ ਫੈਲ ਚੁੱਕੀ ਹੈ। ਤਿੱਬਤ ਵਿੱਚ ਸਿੰਧ ਘਾਟੀ ਨਾਲੋਂ ਵੱਧ ਲੋਕ ਵੱਸਦੇ ਹਨ। ਇਰਾਨੀ ਪੰਜਾਬ ਵੀ ਦਿਨੋ ਦਿਨ ਫੈਲ ਰਿਹਾ ਹੈ। ਵੈਦਿਕ ਗਿਆਨ ਤਾਂ ਸਾਰੀ ਦੁਨੀਆਂ ਲਈ ਬਣਾਇਆ ਗਿਆ ਸੀ। ਸਾਰੀ ਦੁਨੀਆਂ ਸਿੰਧ ਘਾਟੀ ਦੇ ਗਿਣੇ ਮਿਥੇ ਖੇਟਰਾਂ ਵਿੱਚ ਨਹੀਂ ਪਹੁੰਚ ਸਕਦੀ। ਇਸ ਕਰਕੇ ਪਾਣਿਨੀ ਦੀ ਬਣਾਈ ਵਿਆਕਰਣ ਅਨੁਸਾਰ ਵੇਦਾਂ, ਸ਼ਾਸਤਰਾਂ, ਪੁਰਾਣਾਂ ਤੇ ਉਪਨਿਸ਼ਦਾਂ ਨੂੰ ਲਿਖ ਕੇ ਸਾਰੀ ਦੁਨੀਆਂ ਦੇ ਪਾਰ ਉਤਾਰੇ ਲਈ ਸਭ ਨੂੰ ਵੰਡਿਆ ਜਾਵੇ। ਸਰਬਸੰਮਤੀ ਨਾਲ ਮਤਾ ਪਾਸ ਹੋ ਗਿਆ। ਰਿਸ਼ੀ ਮੁਨੀ, ਵਿਦਵਾਨ, ਸੂਝਵਾਨ, ਪੰਡਤ ਸਭ ਨੂੰ ਬੁਲਾਇਆ ਗਿਆ। ਗੂੜ੍ਹ ਗਿਆਨੀਆਂ ਨੇ ਗੂੜ੍ਹ ਗਿਆਨ ਨੂੰ ਰਲ ਮਿਲ ਕੇ ਕਲਮਬੰਦ ਕੀਤਾ। ਇਸ ਤੋਂ ਪਹਿਲਾਂ ਕਿ ਲੋਕ ਅਧਿਆਤਮਕ ਰਚਨਾ ਦੇ ਛਪਣ ਦੀ ਖੁਸ਼ੀ ਕਰਦੇ, ਇਸ ਗੱਲ ਦੀ ਆਮ ਚਰਚਾ ਚੱਲ ਪਈ ਕਿ ਕੁਝ ਚੋਣਵੇਂ ਪੰਡਤਾਂ ਨੂੰ ਛੱਡਕੇ ਕੋਈ ਵੀ ਇਸਨੂੰ ਪੜ੍ਹ ਨਹੀਂ ਸਕਦਾ। ਕਈ ਨੀਵੀਆਂ ਜਾਤਾਂ ਤੇ ਤਾਂ ਇਹ ਵੀ ਪਾਬੰਦੀ ਲਾ ਦਿੱਤੀ ਗਈ ਕਿ ਉਹ ਸੁਣ ਵੀ ਨਹੀਂ ਸਕਦੇ।

ਨਿਰਾਸ਼ਤਾ ਵਿੱਚ ਭਟਕਦੇ ਲੋਕਾਂ ਲਈ ਬੇਬੀਲੋਨ, ਬਸਰੇ, ਬਗਦਾਦ ਇਲਾਕੇ ਵਿੱਚ ਰਹਿੰਦੇ ਲੋਕਾਂ ਨੇ ਫ਼ਾਰਸੀ ਭਾਸ਼ਾ ਵਿੱਚ ਰਚਨਾਵਾਂ ਲਿਖਣ ਦਾ ਮਨ ਬਣਾਇਆ। ਸਿੰਧ ਘਾਟੀ ਦੇ ਜੱਦੀ ਵਸਨੀਕ ਵਪਾਰੀ ਲੋਕ ਵਾਰ ਵਾਰ ਇਸ ਕਰਕੇ ਹੀ ਆਉਂਦੇ ਸੀ ਕਿਉਂਕਿ ਉਹ ਅਧਿਆਤਮਕ ਕਥਾ ਕਹਾਣੀਆਂ ਨੂੰ ਨਾਟਕਾਂ ਦੇ ਰੂਪ ਵਿੱਚ ਦੇਖ ਕੇ ਕੋਈ ਜੀਵਨ ਸੇਧ ਲੈ ਸਕਣ। ਨਾਟਕਾਂ ਵਿਚਲੇ ਕਿਰਦਾਰ ਨਿਭਾਉਣ ਦਾ ਚਾਅ ਵੀ ਸਭ ਨੂੰ ਹਮੇਸ਼ਾਂ ਰਹਿੰਦਾ। ਵੇਦਾਂ ਉਪਨਿਸ਼ਦਾਂ ਦੀ ਸਾਰੀ ਦੀ ਸਾਰੀ ਕੋਸ਼ਿਸ਼ ਇਨਸਾਨ ਨੂੰ ਇਨਸਾਨੀਅਤ ਸਿਖਾਉਣਾ ਹੀ ਤਾਂ ਸੀ। ਸਿੰਧ ਘਾਟੀ ਦੇ ਵਿੱਚ ਬਣੇ ਨਾਟਕ ਥੀਏਟਰ ਲੋਕਾਂ ਲਈ ਕਿਸੇ ਧਰਮ ਅਸਥਾਨ ਤੋਂ ਘੱਟ ਨਹੀਂ ਸਨ। ਤੁਸੀਂ ਆਪ ਸੋਚੋ ਕਿ ਜੇ ਤੁਹਾਡੇ ਤੋਂ ਤੁਹਾਡੇ ਪੂਜਣ ਅਸਥਾਨ ਖੋਹ ਲਏ ਜਾਣ ਤਾਂ ਤੁਹਾਨੂੰ ਕਿਵੇਂ ਲੱਗੇਗਾ। ਉਸ ਵਾਤਾਵਰਣ ਵਿੱਚ ਦਮ ਨਹੀਂ ਘੁੱਟੇ ਗਾ ਤਾਂ ਹੋਰ ਕੀ ਹੋਵੇਗਾ। ਪੁਜਾਰੀ ਲੋਕਾਂ ਕੋਲ ਲਿਖਤੀ ਸੁਵਿਧਾ ਹੋ ਗਈ, ਸ਼ਿਕਾਰੀ ਲੋਕਾਂ ਨੂੰ, ਮਜ਼ਦੂਰ ਤਬਕੇ ਨੂੰ ਨਾਟਕ ਦੇਖਣ ਦੀ ਮਨਾਹੀ ਹੋ ਗਈ। ਬੱਸ ਫਿਰ ਕੀ ਸੀ ਰੰਗ ਮੰਚ ਵੀਰਾਨ ਹੋ ਗਏ। ਨਾ ਕੋਈ ਨਾਟਕ ਖੇਡਣ ਵਾਲਾ ਰਿਹਾ ਤੇ ਨਾ ਹੀ ਕੋਈ ਦੇਖਣ ਵਾਲਾ। ਨਾ ਹੋਵੇ ਬਾਂਸ ਨਾ ਵੱਜੇ ਬੰਸਰੀ। ਹੜੱਪਾ ਤੇ ਮਹਿੰਜੋਦੜੋ ਨੂੰ ਢਹਿ ਢੇਰੀ ਕਰਨ ਕੋਈ ਨਹੀਂ ਆਇਆ। ਇਕ ਦੋ ਨਹੀਂ ਅਤੇ ਇਕ ਦੋ ਵਾਰੀ ਨਹੀਂ ਸਿੰਧ ਘਾਟੀ ਦੇ, ਪੰਜਾਬ ਦੇ ਕਈਆਂ ਪਿੰਡਾਂ ਦੇ ਥੇਹ ਬਣੇ। **1947** ਵਿੱਚ ਕਿੰਨੇ ਪਿੰਡਾਂ ਦੇ ਥੇਹ ਬਣੇ। ਆਪਣੀ ਬਰਬਾਦੀ ਦਾ ਕਿੱਸਾ ਬੜਾ ਲੰਬਾ ਹੈ।


Academy of the Punjab in North America: http://www.apnaorg.com

ਨਾਟਕ ਬੰਦ ਹੋ ਗਏ, ਪਤਾ ਹੀ ਨਹੀਂ ਕਿੰਨੀਆਂ ਸਦੀਆਂ ਤੋਂ ਮਿਟ ਰਹੀ ਸੀ ਆਤਮਕ ਭੁੱਖ, ਇੱਕ ਵਾਰ ਫਿਰ ਦੁਨੀਆਂ ਮਾਂ ਮਛੋਹਰ ਹੋ ਗਈ।

ਜਦੋਂ ਦਾ ਇਨਸਾਨ ਦਾ ਦਿਮਾਗ ਚੱਲਣ ਲੱਗਾ, ਉਦੋਂ ਤੋਂ ਹੀ ਰੱਬ ਤੋਂ ਡਰਨ ਦੀ ਰੀਝ ਰਹੀ ਹੈ ਇਨਸਾਨ ਦੀ। ਜਿਸ ਨੂੰ ਸਾਰੇ ਰੱਬ ਕਰਕੇ ਜਾਣਦੇ ਸਨ, ਉਹ ਬ੍ਰਹਮ ਗਿਆਨ ਕੈਦ ਕਰ ਲਿਆ ਗਿਆ। ਜਿਸਦਾ ਸਾਰੇ ਸਤਿਕਾਰ ਕਰਦੇ ਹੋਣ, ਜਿਸਨੂੰ ਪਿਆਰ ਕਰਦੇ ਹੋਣ, ਜਿਸ ਤੋਂ ਬਿਨਾਂ ਜੀਵਨ ਦੇ ਸਾਰੇ ਰੰਗ ਫਿੱਕੇ ਪੈ ਜਾਣ, ਪਿਆਰ ਤੇ ਸਤਿਕਾਰ ਦਾ ਜ਼ਰੀਆ ਹੀ ਖੁੱਸ ਜਾਵੇ ਤਾਂ ਕੀ ਹਾਲਤ ਹੋਵੇ। ਇਹ ਵੀ ਸੱਚ ਹੈ ਕਿ ਪਿਆਰ ਬਿਨਾਂ ਦੁਨੀਆਂ ਨਹੀਂ ਚੱਲ ਸਕਦੀ, ਪਿਆਰ ਹੀ ਜੀਵਨ ਦਾ ਮੂਲ ਹੈ। ਪਰ ਡਰ ਬਿਨਾਂ ਵੀ ਦੁਨੀਆਂ ਨਹੀਂ ਚੱਲ ਸਕਦੀ। ਜੇ ਡਰ ਨਹੀਂ ਹੈ ਤਾਂ ਜੀਵਨ ਦੇ ਸਾਰੇ ਰਸਤੇ ਬੰਦ ਹੋ ਜਾਣਗੇ। ਇੱਕ ਦਿਨ ਲਈ ਸੜਕ ਦੇ ਸਾਰੇ ਕਾਨੂੰਨ ਖਤਮ ਕਰ ਕੇ ਦੇਖ ਲਓ, ਕੋਈ ਵੀ ਘਰ ਨਹੀਂ ਪਹੁੰਚ ਸਕੇਗਾ। ਹਰ ਇਨਸਾਨ ਦਾ ਪਿਆਰ ਕਰਨ ਨੂੰ ਜੀਅ ਕਰਦਾ ਹੈ। ਪਿਆਰ ਤੋਂ ਬਿਨਾ ਇਨਸਾਨੀ ਜੀਵਨ ਦੇ ਨਾ ਤਾਂ ਕੋਈ ਮਾਇਨੇ ਬਣਦੇ ਹਨ ਤੇ ਨਾ ਹੀ ਇਨਸਾਨੀਂ ਹੋਂਦ। ਆਪਣੀ ਜਨਮ ਭੂਮੀ ਨਾਲ ਆਪਣੇ ਆਪਣਿਆਂ ਨਾਲ ਪਿਆਰ ਕਰਨ ਨੂੰ ਭਲਾ ਕਿਸਦਾ ਦਿਲ ਨਹੀਂ ਕਰਦਾ। ਪਰ ਜੇ ਕੋਈ ਤੁਹਾਡੇ ਪਿਆਰ ਨੂੰ ਤੁਹਾਡੇ ਤੋਂ ਖੋਹ ਲਵੇ, ਤੁਹਾਨੂੰ ਤੁਹਾਡੇ ਪਿਆਰ ਤੋਂ ਵਾਂਝਿਆਂ ਕਰ ਦਿੱਤਾ ਜਾਵੇ ਤਾਂ ਦੱਸੋ ਕਿਹੜੇ ਖੂਹ ਵਿੱਚ ਡੁੱਬ ਮਰੋਗੇ। ਕੋਈ ਇਨਸਾਨ ਜਿੰਨਾਂ ਮਰਜ਼ੀ ਸ਼ਕਤੀਸ਼ਾਲੀ ਹੋਵੇ, ਜੇ ਉਹ ਇਨਸਾਨ ਹੈ ਤਾਂ ਉਸਦਾ ਕਿਸੇ ਤੋਂ ਡਰਨ ਨੂੰ ਦਿਲ ਜ਼ਰੂਰ ਕਰੇਗਾ। ਪਿਆਰ ਵੀ ਤੇ ਸਤਿਕਾਰ ਵੀ ਦੋਵੇਂ ਇਨਸਾਨੀ ਜੀਵਨ ਦੇ ਅਨਿੱਖੜਵੇਂ ਅੰਗ ਹਨ। ਹਜ਼ਾਰਾਂ ਸਾਲ ਸ਼ਿਕਾਰੀ, ਵਪਾਰੀ ਤੇ ਪੁਜਾਰੀ ਇੱਕ ਪਰਿਵਾਰ ਦੇ ਤੌਰ ਤੇ ਰਹਿ ਰਹੇ ਸਨ। ਵਪਾਰੀ ਲੋਕ ਜਿਨ੍ਹਾਂ ਨੇ ਫਿਰ ਤੁਰ ਕੇ ਦੁਨੀਆਂ ਦੇਖੀ ਹੋਈ ਸੀ, ਘਰੋਂ ਬਾਹਰ ਨਿਕਲ ਕੇ, ਜੋ ਜੋ ਮੁਸੀਬਤਾਂ ਬੰਦੇ ਨੂੰ ਆ ਸਕਦੀਆਂ, ਸਾਰੀਆਂ ਮੁਸੀਬਤਾਂ ਪਿੰਡੇ ਤੇ ਹੰਢਾ ਵੇਖੀਆਂ ਸੀ। ਉਹ ਵਪਾਰੀ ਆਪਣੀ ਸਾਰੀ ਕਮਾਈ, ਸਾਰੀ ਲਿਆਕਤ, ਸਾਰੀ ਤਾਕਤ ਲਾ ਕੇ ਆਪਣੀ ਧਰਤੀ ਮਾਂ ਦੀ ਗੋਦ ਵਿੱਚ ਨੱਠ ਨੱਠ ਕੇ ਜਾਂਦੇ। ਹਰ ਕਿਸੇ ਨੂੰ ਭਾਵੇਂ ਉਹ ਪੁਜਾਰੀ ਹੋਵੇ ਜਾਂ ਸ਼ਿਕਾਰੀ, ਉਨ੍ਹਾਂ ਦਾ ਬਣਦਾ ਪਿਆਰ ਸਤਿਕਾਰ ਦੇਂਦੇ। ਸਿੰਧ ਘਾਟੀ ਦੀ ਸੱਭਿਅਕ ਉਨਤੀ ਵਿੱਚ ਬਹੁਤਾ ਹੱਥ ਵਪਾਰੀ ਲੋਕਾਂ ਦਾ ਹੀ ਸੀ।

ਆਪਣਿਆਂ ਨੂੰ ਪਿਆਰ ਕਰਨਾ, ਆਪਣਿਆਂ ਦਾ ਸਤਿਕਾਰ ਕਰਨਾ ਹੀ ਤਾਂ ਇਨਸਾਨੀ ਅਪਣੱਤ ਹੈ। ਪਰ ਅਪਣੱਤ ਦਾ ਕੋਈ ਨਾ ਕੋਈ ਕਾਰਣ ਜ਼ਰੂਰ ਹੁੰਦਾ ਹੈ, ਕੋਈ ਨਾ ਕੋਈ ਜ਼ਰੀਆ ਜ਼ਰੂਰ ਹੁੰਦਾ ਹੈ। ਜੇ ਕਰਤਾ ਕਰਮ ਕਰਦਾ ਹੈ ਤਾਂ ਉਸਦਾ ਕੋਈ ਕਾਰਣ ਵੀ ਜ਼ਰੂਰ ਹੁੰਦਾ ਹੈ। ਕਾਰਣ ਨਹੀਂ ਹੈ ਤਾਂ ਕਰਮ ਕਿਵੇਂ ਹੋ ਸਕਦਾ ਹੈ। ਵਪਾਰੀ ਲੋਕਾਂ ਦਾ ਕਮਾਈਆਂ ਕਰ ਕਰ ਕੇ ਘਰ ਨੂੰ ਲਿਆਉਣ ਦਾ ਕਾਰਣ ਵੈਦਿਕ ਗਿਆਨ ਨਾਲ ਜੁੜੇ ਰਹਿਣਾ ਸੀ। ਮੁੱਠੀ ਭਰ ਲੋਕਾਂ ਨੇ, ਉਨ੍ਹਾਂ ਨੂੰ ਪੰਡਤ ਕਹੋ, ਗਿਆਨੀ ਕਹੋ ਜਾਂ ਜੋ ਮਰਜ਼ੀ ਕਹੀ ਜਾਵੋ, ਅਤਮਾ ਦੀ ਖੁਰਾਕ ਬ੍ਰਹਮ ਗਿਆਨ ਤੇ ਕਬਜ਼ਾ ਕਰਕੇ ਦੁਨੀਆਂ ਨੂੰ ਚੁਰਸਤੇ ਵਿੱਚ ਲਿਆ ਖਲ੍ਹਾਰਿਆ। ਚੁਰਸਤਾ ਭਾਵੇਂ ਕਦੇ ਵੀ ਲੰਬਾ ਚੌੜਾ ਨਹੀਂ ਹੁੰਦਾ ਪਰ ਚੁਰਸਤੇ ਦੀ ਬਹੁਤ ਵੱਡੀ ਅਹਿਮੀਅਤ ਹੁੰਦੀ ਹੈ। ਜਿਸ ਪਾਸੇ ਨੂੰ ਮੁੜ ਜਾਵੇ ਕੋਈ ਬੱਸ ਓਧਰ ਨੂੰ ਹੀ ਚਲੇ ਜਾਂਦਾ ਹੈ। ਜਿਸ ਰਸਤੇ ਜਾਂਦਿਆਂ ਜਿੰਨਾ ਕੋਈ ਦੂਰ ਨਿਕਲ ਜਾਵੇਗਾ, ਵਾਪਿਸ ਪਰਤਣਾ ਓਨਾ ਹੀ ਮੁਸ਼ਕਿਲ ਹੋ ਜਾਂਦਾ ਹੈ।

ਮੁੱਠੀ ਭਰ ਪੰਡਤਾਂ ਨੇ ਦੁਨੀਆਂ ਦੇ ਇੱਕੋ ਇੱਕ ਅਧਿਆਤਮਵਾਦ ਨੂੰ ਕਬਜ਼ੇ ਵਿੱਚ ਲੈ ਕੇ ਹਿੰਦੂ ਮੋਹਰ ਲਾ ਦਿੱਤੀ। ਜਿਸ ਅਸੀਮ ਗਿਆਨ ਵਿੱਚ ਸਰਬੱਤ ਦਾ ਕਲਿਆਣ ਕਰ ਸਕਣ ਦੀ ਸਮਰੱਥਾ ਸੀ, ਦੁਨੀਆਂ ਦੀ ਪਹੁੰਚ ਤੋਂ ਬਾਹਰ ਕਰ ਦਿੱਤਾ। ਮਜ਼ਦੂਰ ਤਬਕੇ ਨੂੰ ਤਾਂ ਅੱਜ ਤੱਕ ਦੁਨੀਆਂ ਵਿੱਚ ਵੋਟਾਂ ਤੋਂ ਬਿਨਾਂ ਕਿਸੇ ਨੇ ਗਿਣਿਆਂ ਹੀ ਨਹੀਂ, ਜਾਂ ਤਾਂ ਮਜ਼ਦੂਰ ਤਬਕਾ ਰਹਿ ਗਿਆ ਜਾਂ ਕੁਝ ਗਿਣਵੇਂ ਮਿਣਵੇਂ ਗੁਣੀ ਗਿਆਨੀ। ਇਰਾਨੀ ਅਰਬੀ ਲੋਕ,


Academy of the Punjab in North America: http://www.apnaorg.com

ਜੋ ਸਾਰੇ ਦੇ ਸਾਰੇ ਸਿੰਧ ਘਾਟੀ ਵਿੱਚੋਂ ਹੀ ਗਏ ਸੀ, ਧਰਮ ਤੇ ਕਾਬਜ਼, ਧਰਮ ਦੇ ਠੇਕੇਦਾਰਾਂ ਨੇ ਖੁਦ ਹੀ ਆਪਣੇ ਕਰ ਕਮਲਾਂ ਨਾਲ ਬੇਦਖਲ ਕੀਤੇ। ਜਿਸ ਜਗਾਹ ’ਤੇ ਹਜ਼ਾਰਾਂ ਸਾਲ ਮੱਥਾ ਟੇਕਦੇ ਰਹੇ, ਸਤਿਕਾਰ ਕਰਦੇ ਰਹੇ, ਪਿਆਰ ਕਰਦੇ ਰਹੇ, ਉਸ ਅਸਥਾਨ ਨਾਲੋਂ ਰਿਸ਼ਤਾ ਟੁੱਟ ਜਾਣਾ ਇੱਕ ਬਹੁਤ ਵੱਡਾ ਦੁਖਾਂਤ ਸੀ। ਪਰ ਜੀਵਨ ਦਾ ਇੱਕ ਇਹ ਵੀ ਅਸੂਲ ਹੈ ਕਿ ਜੀਵਨ ਕਦੇ ਰੁਕਦਾ ਨਹੀਂ। ਤਿੰਨ ਭਾਗਾਂ ਵਿੱਚ ਵੰਡੀ ਗਈ ਕੌਮ। ਹੁਣ ਸੱਭਿਅਤਾ ਲਿਖਣ ਨੂੰ ਮੇਰਾ ਦਿਲ ਨਹੀਂ ਕਰਦਾ। ਹਜ਼ਾਰਾਂ ਸਾਲ ਜੋ ਰਲ ਮਿਲ ਕੇ ਇੱਕੋ ਹੀ ਰੁੱਖ ਦੀ ਛਾਂ ਮਾਣਦੇ ਰਹੇ, ਉਹ ਇੱਕ ਹੀ ਝਟਕੇ ਨਾਲ ਪਰਦੇਸੀ ਹੋ ਗਏ। ਤਿੱਬਤ ਵਿੱਚ ਵੱਸਦੇ ਲੋਕ ਬੁੱਧਮੱਤ ਦਾ ਆਸਰਾ ਲੈ ਕੇ ਬੈਠ ਗਏ। ਬੁੱਧ ਮੱਤ ਦੇ ਜਨਮ ਅਸਥਾਨ ਤੋਂ ਬੁੱਧ ਦਾ ਨਾਮੋਨਿਸ਼ਾਨ ਮਿਟਾਉਣ ਵਾਸਤੇ ਬੜੇ ਯਤਨ ਹੋਏ ਪਰ ਤਿੱਬਤ ਵਿੱਚ ਵੱਸਦੇ ਧਾਰਮਕ ਅਸਲੇ ਦੇ ਲੋਕ ਉੱਤਰ ਪੂਰਬ ਵੱਲ ਫੈਲ ਗਏ। ਮੰਗੋਲੀਆ, ਕੋਰੀਆ, ਜਪਾਨ, ਵੀਅਤਨਾਮ ਜੋ ਇਲਾਕੇ ਹਨ, ਇਨ੍ਹਾਂ ਸਾਰੇ ਇਲਾਕਿਆਂ ਵਿੱਚ ਜਾ ਵਸੇ ਲੋਕ। ਪਿਛੋਕੜ ਨੂੰ ਮੱਥਾ ਟੇਕਣ ਜਾਇਆ ਕਰਦੇ ਸੀ। ਕੁਦਰਤ ਦਾ ਖੇਲ ਦੇਖੋ ਪੱਕੇ ਤੌਰ ਤੇ ਹੀ ਮੱਥਾ ਟੇਕਣਾ ਪੈ ਗਿਆ। ਦੂਸਰੇ ਪਾਸੇ ਅਰਬੀ ਇਲਾਕਿਆਂ ਵਿੱਚ ਵੱਸਦੇ ਲੋਕ, ਜੋ ਮਿਹਨਤੀ ਵੀ ਸਨ, ਫਿਰੇ ਤੁਰੇ ਵੀ ਸਨ, ਆਮਦਨੀ ਦੇ ਵਸੀਲੇ ਵੀ ਪੈਦਾ ਕਰਨੇ ਜਾਣਦੇ ਸਨ, ਉਹ ਪੱਛਮ ਵੱਲ ਨੂੰ ਹੋ ਤੁਰੇ। ਕੁਝ ਲੋਕ ਅਫਰੀਕਾ ਵੱਲ ਨੂੰ ਚਲੇ ਗਏ। ਇੱਕ ਦੇਸ਼ ਦੀਆਂ ਤਿੰਨ ਕੌਮਾਂ ਤਾਂ ਬਣ ਹੀ ਚੁੱਕੀਆਂ ਸੀ, ਸਾਂਝੀ ਧਰਤੀ ਹਿੰਦੁਸਤਾਨੀ, ਤਿੱਬਤ ਵਾਲੇ ਚੀਨੀ ਤੇ ਦੂਸਰੇ ਪਾਸੇ ਵਾਲੇ ਅਰਬੀ ਬਣ ਗਏ।

ਇੱਕ ਹੋਰ ਦੁਖਾਂਤ ਵੀ ਵਾਪਰਿਆ ਜਿਹੜਾ ਦੁਖਾਂਤ ਰੱਬ ਜਾਣੇ ਕਿਸ ਕਾਰਣ, ਅਜੇ ਤੱਕ ਵੀ ਆਮ ਲੋਕਾਂ ਨੂੰ ਨਹੀਂ ਪਤਾ, ਉਹ ਇਹ ਸੀ ਕਿ ਅਧਿਆਤਮਕ ਖਜ਼ਾਨਾ ਜਿਸ ਸੰਦਲੀ ਸੰਦੂਕ ਵਿੱਚ ਬਿਰਾਜਮਾਨ ਸੀ, ਉਹ ਸੰਦੂਕ ਵੀ ਜਾਂਦਾ ਰਿਹਾ। ਭਾਸ਼ਾ ਨੂੰ ਵੀ ਪਵਿੱਤਰ ਭਾਸ਼ਾ ਆਖ ਕੇ ਤਾਲਾ ਲਾ ਦਿੱਤਾ ਗਿਆ। ਸੰਸਕ੍ਰਿਤ ਭਾਸ਼ਾ ਲਿਖਣ ਪੜ੍ਹਨ ਤੇ ਵੀ ਪਾਬੰਦੀ ਲੱਗ ਗਈ। ਅਰਬ ਦੇਸ਼ਾਂ ਵਿੱਚ ਵੱਸਦੇ ਵਪਾਰੀ ਲੋਕਾਂ ਨੇ ਅਰਬੀ ਫਾਰਸੀ ਭਾਸ਼ਾ ਵੀ ਥੋੜੇ ਸਮੇਂ ਵਿੱਚ ਤਿਆਰ ਕਰ ਲਈ ਤੇ ਮੁਹੰਮਦੀ ਰੰਗ ਵਿੱਚ ਆਪਣੇ ਆਪ ਨੂੰ ਰੰਗ ਲਿਆ। ਸੱਤਰ ਪ੍ਰਤੀਸ਼ਤ ਲੋਕ ਵੈਦਿਕ ਕਦਰਾਂ-ਕੀਮਤਾਂ ਦੇ ਧਾਰਣੀ ਸਨ। ਵੈਦਿਕ ਗਿਆਨ, ਪੁਰਾਣਾਂ ਤੇ ਉੱਪਨਿਸ਼ਦਾਂ ਦਾ ਗਿਆਨ ਹੀ ਦੁਨੀਆਂ ਦਾ ਮਾਰਗ ਦਰਸ਼ਕ ਸੀ। ਤੀਹ ਪ੍ਰਤੀਸ਼ਤ ਬਾਕੀ ਬੋਧੀ, ਜੈਨੀ ਅਤੇ ਸਾਰੇ ਰਲ ਕੇ ਸੀ। ਅੱਜ ਸੋਚੋ ਜ਼ਰਾ ਕਿ ਦੁਨੀਆਂ ਦਾ ਕਿੰਨਵਾਂ ਹਿੱਸਾ ਵੈਦਿਕ ਧਾਰਨਾ ਦਾ ਧਾਰਣੀ ਹੈ। ਆਪਣੇ ਘਰੋਂ ਬੇਦਖਲ ਹੋਏ ਤਿੱਬਤੀ ਲੋਕ ਚੀਨੀ, ਔਰੀਐਨਟਲ, ਏਸ਼ੀਅਨ ਕਹਾਉਣ ਲੱਗ ਪਏ। ਬਾਅਦ ਵਿੱਚ ਕੋਰੀਆ, ਜਪਾਨ, ਫਿਲਪਾਈਨ, ਵੀਅਤਨਾਮ, ਕੰਬੋਡੀਆ ਅਤੇ ਕਈ ਹੋਰ ਦੇਸ਼ਾਂ ਦਾ ਰੂਪ ਧਾਰ ਗਏ। ਸਾਏਬੇਰੀਆ ਦੀ ਬਰਫ਼ ਵਿੱਚ ਗਵਾਚੇ ਹੋਏ ਕਈ ਬਰਫ਼ ਨਾਲ ਜੰਮ ਚੁੱਕੇ ਸਮੁੰਦਰ ਨੂੰ ਪਾਰ ਕਰਕੇ ਅਮਰੀਕਾ ਦੀ ਧਰਤੀ ਦੇ ਹੋ ਕੇ ਰਹਿ ਗਏ। ਬੇਬੀਲੋਨਿਕ, ਅਰਬੀ, ਪਰਸ਼ੀਅਨ ਲੋਕ ਅਫਰੀਕਾ ਤੇ ਗ੍ਰੀਕ ਵਿੱਚ ਜਾ ਵਸੇ। ਬਾਅਦ ਵਿੱਚ ਰੋਮਨ, ਪੁਰਤਗੇਜ਼ੀ, ਸਪੈਨਿਸ਼, ਫ੍ਰੈਂਚ, ਜਰਮਨ ਅਤੇ ਬ੍ਰਿਟਿਸ਼ ਬਣ ਗਏ। ਆਪਣੇ ਇਤਿਹਾਸ ਦਾ ਇਹ ਅਤੀਤ ਹੈ।

ਆਓ! ਸਾਰੇ ਰਲ ਕੇ ਆਪਣਾ ਅਜੋਕਾ ਇਤਿਹਾਸ ਲਿਖੀਏ।


Academy of the Punjab in North America: http://www.apnaorg.com

# ਵਕਤ ਵਿਧਾਤਾ ਵਿਦਵਤਾ

ਵਿਦਵਾਨਾਂ ਦੀ ਖੋਜ ਅਤੇ ਗੁਣ ਗਿਆਨ ਦੀਆਂ ਗੱਲਾਂ ਸੁਣਨ ਸਮਝਣ ਵਾਲਾ ਇੱਕ ਵਿਦਿਆਰਥੀ ਆਪਣੀ ਅਨਪੜ੍ਹ ਦਾਦੀ ਨੂੰ ਕਹਿਣ ਲੱਗਾ, ਦਾਦੀ ਜੀ ਮੇਰਾ ਜੀਅ ਕਰਦਾ ਕਿ ਮੈਂ ਫਿਲਾਸਫ਼ੀ ਦੀ ਡਾਕਟਰੀ ਕਰਾਂ। ਦਾਦੀ ਬੜੀ ਖੁਸ਼ ਹੋਈ ਤੇ ਕਹਿਣ ਲੱਗੀ, 'ਵਾਰੇ ਵਾਰੇ ਜਾਵਾਂ, ਜੀਅ ਸਦਕੇ, ਮੇਰਾ ਪੁੱਤ ਡਾਕਟਰ ਬਣ ਜਾਊ। ਪਰ ਕਾਕਾ ਮੈਨੂੰ ਇੱਕ ਗੱਲ ਦੀ ਸਮਝ ਨਹੀਂ ਲੱਗੀ ਕਿ ਫਿਲਾਸਫੀ ਕਿਸ ਤਰਾਂ ਦੀ ਬੀਮਾਰੀ ਹੋਈ?' 'ਦਾਦੀ ਜੀ ਜੇ ਪਤਾ ਹੁੰਦਾ ਕਿ ਇਹ ਕੇਹੜੀ ਬੀਮਾਰੀ ਹੈ ਤਾਂ ਫਿਰ ਮੈਂ ਕਿਉਂ ਇਸ ਬੀਮਾਰੀ ਦਾ ਸ਼ਿਕਾਰ ਹੁੰਦਾ। ' 'ਹੈਹਾ ਇਹ ਬਿਮਾਰੀ ਤੈਨੂੰ ਲੱਗ ਗਈ, ਜਾ ਰੱਬਾ ਮੇਰੇ ਪੁੱਤ ਦੇ ਸਿਰ ਹੱਥ ਰੱਖੀਂ। ' ਮੇਰੀ ਵੀ ਸਤਿਗੁਰੂ ਅੱਗੇ ਅਰਦਾਸ ਹੈ ਕਿ ਸਿਰ 'ਤੇ ਹੱਥ ਰੱਖੀਂ ਮਾਲਕਾ, ਮੈਨੂੰ ਇਹ ਵੀ ਪਤਾ ਹੈ ਕਿ ਉੱਖਲੀ ਵਿੱਚ ਸਿਰ ਦੇਣ ਲੱਗਾ ਹਾਂ ਮੋਹਲੇ ਤਾਂ ਪੈਣੇ ਹੀ ਪੈਣੇ ਸਮੇਂ ਦੀਆਂ ਸੂਈਆਂ ਦੀ ਸੀਮਾਂ, ਕੈਲੰਡਰ, ਦਿਨ, ਮਹੀਨੇ, ਲਿੱਪੀ, ਲਫ਼ਜ਼ਾਂ ਦੀ ਜਨਮ ਕੁੰਡਲੀ, ਰੱਬ ਦੇ ਖੋਜੀਆਂ ਦੀ ਖੋਜ ਕਰਨ ਦਾ ਮਨ ਚੰਗਾ ਭਲਾ ਆਦਮੀ ਤਾਂ ਨਹੀਂ ਬਣਾਉਂਦਾ। ਵੱਧ ਤੋਂ ਵੱਧ ਕੀ ਹੋਊ, ਪਾਗਲ ਕਹੂ ਕੋਈ। ਪਰ ਕੌਣ ਕਹੂ ਪਾਗਲ, ਜਿਹੜਾ ਪੜ੍ਹ ਕੇ ਦੇਖੂ, ਸਿਆਣੇ ਲੋਕਾਂ ਦਾ ਤਾਂ ਆਪੋ ਆਪਣੀ ਗੱਲ ਕਰਨ ਤੋਂ ਵੇਹਲ ਨਹੀਂ ਲੱਗਦਾ। ਮੇਰੇ ਵਰਗਾ ਕੋਈ ਪੜ੍ਹ ਕੇ ਦੇਖ ਵੀ ਲਊ ਤਾਂ ਖ਼ੈਰ ਸੱਲਾ, ਕੋਈ ਗੱਲ ਨਹੀਂ। ਦਿਲ ਵਿੱਚ ਜੋ ਹੋਵੇ ਉਹ ਕਹਿ ਹੀ ਦੇਣਾ ਬਣਦਾ ਹੈ ਬਸ਼ਰਤੇ ਕਿ ਉਹ ਕਿਸੇ ਦਾ ਨੁਕਸਾਨ ਨਾ ਕਰਦਾ ਹੋਵੇ ਮਾਰਚ ਮਹੀਨੇ ਮੈਂ ਪੰਜਾਬ ਗਿਆ, ਮੇਰੇ ਸ਼ਹਿਰ ਕਪੂਰਥਲੇ ਦੀ ਜਿਲ੍ਹਾ ਭਾਸ਼ਾ ਅਫਸਰ ਅਮਰਜੀਤ ਕੌਰ ਨੇ ਮੇਰਾ ਮਾਣ ਕਰਨ ਲਈ ਰੂ-ਬ-ਰੂ ਕਰਵਾਇਆ। ਦੀਦਾਰ ਪ੍ਰਦੇਸੀ, ਸਰਕਾਰੀ ਕਾਲਜ ਕਪੂਰਥਲਾ ਦੀ ਮੈਡਮ ਪ੍ਰਿੰਸੀਪਲ, ਭਾਸ਼ਾ ਵਿਭਾਗ ਪੰਜਾਬ ਦੇ ਡਿਪਟੀ ਡਾਇਰੈਕਟਰ ਸ. ਚੇਤਨ ਸਿੰਘ, ਹਰਫੂਲ ਜੀ, ਪ੍ਰੋਫੈਸਰ ਹਰਜੀਤ ਅਤੇ ਬਹੁਤ ਸਾਰੇ ਵਿਦਵਾਨ ਲੋਕਾਂ ਨਾਲ ਹਾਲ ਤਕਰੀਬਨ ਭਰਿਆ ਹੋਇਆ ਸੀ।

ਮੈਨੂੰ ਪਤਾ ਹੈ ਕਿ ਮੈਂ ਤਾਂ ਇੱਕ ਮਾਮੂਲੀ ਜਿਹਾ ਲੇਖਕ ਹਾਂ, ਪਹਿਲਾਂ ਕਵਿਤਾ ਹੀ ਲਿਖਦਾ ਹੁੰਦਾ ਸੀ ਪਰ ਪਿਛਲੇ ਕੁਝ ਸਾਲਾਂ ਤੋਂ ਸਮੇਂ ਦੀ ਤੋਰੇ ਤੁਰਦਿਆਂ ਕਈ ਲੇਖ ਕਹਾਣੀਆਂ ਵੀ ਲਿਖ ਹੋ ਗਈਆਂ। ਮੇਰੀ ਅਗਲੀ ਕਿਤਾਬ 'ਆਪਣਾ ਅਤੀਤ' ਤਕਰੀਬਨ ਤਿਆਰ ਹੋ ਗਈ ਸੀ। ਸ਼ਾਇਦ ਇਸੇ ਕਰਕੇ ਮੈਂ ਚਾਰਲਸ ਡਾਰਵਿਨ ਦੀ ਗੱਲ ਕਰ ਬੈਠਾ। ਬੱਸ ਫੇਰ ਕੀਡ ਾਕਟਰ ਭੰਡਾਲ ਤੇ ਮੇਰੇ ਬਚਪਨ ਦੇ ਦੋਸਤ ਪ੍ਰੋਫੈਸਰ ਕੁਲਵੰਤ ਔਜਲਾ ਨੇ ਤਾਂ ਮੈਨੂੰ ਫੜ੍ਹ ਬਤੂਚੜੀਆਂ ਤੋਂ ਲਿਆ। ਮੈਂ ਬਸ ਮਸਾਂ ਜਾਨ ਛੁਡਾਈ। ਇੱਕ ਵਾਰ ਤਾਂ ਮੈਂ ਇਰਾਦਾ ਬਦਲ ਦਿੱਤਾ ਕਿ ਇਹ ਪੰਗਾ ਨਾ ਹੀ ਲਵਾਂ ਪਰ ਫਿਰ ਸੋਚਿਆ ਕਿ ਸਗੋਂ ਧੰਨਵਾਦ ਕਰਾਂ ਅਲੋਚਕਾਂ ਦਾ ਕਿਉਂਕਿ ਆਪਣੀ ਆਵਾਜ਼ ਦੀ ਪ੍ਰੋੜਤਾ ਲਈ ਮੈਂ ਕਈ ਹੋਰ ਕਿਤਾਬਾਂ ਪੜੀਆਂ ਜਿਸ ਨਾਲ ਮੇਰਾ ਵਿਚਾਰ ਹੋਰ ਵੀ ਪੱਕਾ ਹੋ ਗਿਆ। ਆਓ ਫਿਰ ਵਿਚਾਰ ਗੋਸ਼ਟੀ ਕਰੀਏ:

ਪੀਟਰ ਵਾਟਸਨ ਦੀ ਕਿਤਾਬ 'ਹਿਸਟਰੀ ਔਫ ਥੌਟ ਐਂਡ ਇਨਵੈਨਸ਼ਨ' ਪੜ੍ਹ ਕੇ ਹੌਂਸਲਾ ਮਿਲਿਆ। ਜਦ ਮੈਂ ਨਿਊਟਨ ਬਾਰੇ ਪੜ੍ਹਣ ਲੱਗਾ, ਜੋ ਕਿ ਬੇਬੀਲਿਓਨਿਕ ਦੁਨੀਆਂ ਦਾ ਅਖੀਰਲਾ ਵਿਦਵਾਨ ਮੰਨਿਆਂ ਜਾਂਦਾ ਹੈ, ਤਾਂ ਮੈਨੂੰ ਹੋਰ ਵੀ ਹੱਲਾਸ਼ੇਰੀ ਮਿਲ ਗਈ। ਨਿਊਟਨ ਅਠਾਰਵੀਂ ਸਦੀ ਵਿੱਚ ਸਭ ਤੋਂ ਵਧੀਆ ਵਿਚਾਰ ਲੈ ਕੇ ਸ੍ਰਿਸ਼ਟੀ ਦੀ ਹਿੱਲਜੁਲ ਬਾਰੇ ਜੇ ਗੱਲ ਕਰਦਾ ਹੈ ਤਾਂ ਇਸਦਾ ਮਤਲਬ ਇਹ ਨਹੀਂ ਕਿ ਨਿਊਟਨ ਆਪਣੇ ਪਿੱਤਰਾਂ ਸੁਕਰਾਤ, ਪਲੈਟੋ ਜਾਂ ਅਰਸਤੂ ਨੂੰ ਗਲਤ ਸਾਬਤ ਕਰਨਾ ਚਾਹੁੰਦਾ ਹੈ। ਨਿਊਟਨ 'ਪ੍ਰਿੰਸੀਪੀਆ ਮੈਥੈਮੈਟਿਕਾ' ਵਿੱਚ ਅਰਸਤੂ ਜਾਂ ਪਲੈਟੋ ਤੇ ਕੋਈ ਵਾਰ ਨਹੀਂ ਕਰਦਾ। ਗਰੂਤਾ ਸ਼ਕਤੀ ਦੀ ਗੱਲ ਨਾ ਅਰਸਤੂ ਨੇ ਤੇ ਨਾ ਹੀ ਪਲੈਟੋ ਨੇ ਕੀਤੀ। ਸੋ ਜੋ ਗੱਲ ਪਹਿਲਾਂ ਕਿਸੇ ਨੇ ਨਹੀਂ ਕਹੀ ਉਹ ਜੇ ਕਰਨ ਵਾਲੀ ਗੱਲ ਹੈ ਤਾਂ ਕਿਸੇ ਨਾ ਕਿਸੇ ਨੂੰ ਤਾਂ ਕਰਨੀ ਹੀ


Academy of the Punjab in North America: http://www.apnaorg.com

ਪਊ। ਲੇਕਿਨ ਵਿਚਾਰ ਓਨਾ ਚਿਰ ਵਿਚਾਰ ਹੀ ਰਹੇਗਾ ਜਿੰਨਾ ਚਿਰ ਉਸਦਾ ਕੋਈ ਸਬੂਤ ਨਹੀਂ ਮਿਲਦਾ। **1940** ਵਿੱਚ 'ਹਿਸਟਰੀ ਔਫ ਆਈਡੀਆਜ਼' ਲਵਜੁਆਏ ਦੀ ਸੰਪਾਦਨਾ ਹੇਠ ਛਪੀ। ਵਿਚਾਰਾਂ ਦਾ ਇਤਿਹਾਸ ਵੀ ਪੜ੍ਹੀ ਜਾਓ ਪਰ ਨਵੇਂ ਵਿਚਾਰਾਂ ਨੂੰ ਗ਼ੈਰਕਾਨੂੰਨੀ ਤਾਂ ਨਾ ਕਹੋ। ਖਾਸ ਕਰਕੇ ਜੇ ਤੁਸੀਂ ਵਿਚਾਰ ਤੇ ਹਾਲੇ ਵਿਚਾਰ ਹੀ ਨਹੀਂ ਕੀਤੀ ਤਾਂ ਤੁਹਾਡਾ ਟਿੱਪਣੀ ਕਰਨਾ ਬਣਦਾ ਹੀ ਨਹੀਂ।

ਬਾਈਬਲ ਵਿੱਚ ਧਰਤੀ ਦੀ ਬਣਤਰ ਦਾ ਜੋ ਸਿਧਾਂਤ ਪੇਸ਼ ਕੀਤਾ ਗਿਆ ਹੈ, ਕੀ ਸਾਰੀ ਦੁਨੀਆਂ ਉਸ ਨਾਲ ਸਹਿਮਤ ਹੈ? ਬਿਲਕੁਲ ਨਹੀਂ,ਂ ਪਰ ਫਿਰ ਵੀ ਕਈ ਬਿਲੀਅਨ ਲੋਕ ਬਾਈਬਲ 'ਤੇ ਯਕੀਨ ਕਰਦੇ ਹਨ। ਡਾਰਵਨ ਵੀ ਤਾਂ ਬਾਈਬਲ ਤੇ ਵਿਸ਼ਵਾਸ਼ ਕਰਦਾ ਸੀ। ਪਰ ਛੇ ਦਿਨਾ ਵਿੱਚ ਧਰਤੀ ਸਾਜ ਕੇ ਸਤਵੇਂ ਦਿਨ ਗੌਡ ਆਰਾਮ ਕਰਦਾ ਹੈ, ਇਹ ਗੱਲਡਾਰਵਿਨ ਨੂੰ ਨਹੀਂ ਜਚੀ। ਜੇ ਕੋਈ ਡਾਰਵਿਨ ਦੇ ਬਾਂਦਰਾਂ ਤੋਂ ਬੰਦੇ ਬਣਨ ਵਾਲੀ ਗੱਲ ਨਾਲ ਸਹਿਮਤ ਨਹੀਂ ਤਾਂ ਇਸਦਾ ਮਤਲਬ ਇਹ ਨਹੀਂ ਕਿ ਉਹ ਮੁਕੱਦਮਾ ਕਰਨ ਜਾ ਰਿਹਾ ਹੈ ਕਿ ਡਾਰਵਿਨ ਦੀ ਐਵੇਲੂਸ਼ਨ ਥਿਊਰੀ ਦੁਨੀਆਂ ਵਿੱਚ ਪੜ੍ਹਾਉਣੀ ਬੰਦ ਕਰੋ। ਡਾਰਵਿਨ ਦਾ ਜਿਵੇਂ ਖ਼ਿਆਲ ਸੀ ਕਿ ਧਰਤੀ ਬਾਈਬਲ ਦੇ ਬਣਨ ਤੋਂ ਚਿਰੋਕਣੀ ਪਹਿਲਾਂ ਮੌਜੂਦ ਸੀ, ਇਸੇ ਤਰਾਂ ਜੇ ਕੋਈ ਮੇਰੇ ਵਰਗਾ ਕਹੇ ਕਿ ਬੰਦਾ ਡਾਰਵਿਨ ਦੇ ਬਾਂਦਰਾਂ ਤੋਂ ਬਹੁਤ ਪਹਿਲਾਂ ਮੌਜੂਦ ਸੀ ਤਾਂ ਤੁਸੀਂ ਮੇਰਾ ਹੱਥ ਰੋਕਣ ਦਾ ਯਤਨ ਕਰੋਂ ਤੇ ਕਾਹਤੋਂ ਕਰੋਂ। ਪੀਟਰ ਵਾਟਸਨ ਪਰਮਾਤਮਾ ਦੀ ਖੋਜ ਕਰਨ ਵਾਲਿਆਂ ਨੂੰ ਆਤਮਾ ਦੀ ਖੋਜ ਕਰਨ ਲਈ ਪ੍ਰੇਰਦਾ ਹੈ। ਇਸ ਦਾ ਮਤਲਬ ਇਹ ਨਹੀਂ ਕਿ ਪੀਟਰ ਵਾਟਸਨ ਦਾ ਰੱਬ ਤੇ ਯਕੀਨ ਨਹੀਂ। ਸਗੋਂ ਵਾਟਸਨ ਤਾਂ ਕਹਿੰਦਾ ਹੈ ਕਿ ਜੇ ਸਾਨੂੰ ਪਰਮਾਤਮਾ ਆਪਣੇ ਵਿੱਚ ਮਹਿਸੂਸ ਕਰਨਾ ਆ ਜਾਵੇ ਤਾਂ ਪਰਮਾਤਮਾ ਦੀ ਖੋਜ ਕਰਨ ਦੀ ਲੋੜ ਹੀ ਮੁੱਕ ਜਾਵੇ।

ਚੈਂਬਰ 'ਨੈਚੁਰਲ ਹਿਸਟਰੀ ਔਫ ਕਰੀਏਸ਼ਨ' ਵਿੱਚ ਡਾਰਵਿਨ ਨਾਲ ਸਹਿਮਤ ਨਹੀਂ ਹੈ। ਜਾਨਵਰਾਂ ਦੀ ਆਪਣੀ ਜਗ੍ਹਾ ਬੰਦੇ ਦੀ ਆਪਣੀ ਜਗ੍ਹਾ, ਹਰ ਜੀਵ ਦੀ ਆਪਣੀ ਆਪਣੀ ਐਵੋਲੂਸ਼ਨ ਮੰਨਦਾ ਹੈ। ਖੈਰ ਇਸ ਵਿਸਥਾਰ ਵਿੱਚ ਜਾਣ ਤੋਂ ਪਹਿਲਾਂ ਪੜਚੋਲ ਕਰਨ ਦਾ ਕਾਰਣ ਸਾਂਝਾ ਕਰਨਾ ਚਾਹੁੰਦਾ ਹਾਂ। ਮੈਨੂੰ ਲਿਖਣ ਪੜਣ ਦੀ ਚੇਟਕ ਲਾਉਣ ਵਾਲਾ ਮੇਰਾ ਵੱਡਾ ਵੀਰ ਜਸਵਿੰਦਰ ਮੇਰੀ ਇਸ ਰਚਨਾ ਨੂੰ ਪੜ੍ਹ ਕੇ ਪ੍ਰਭਾਵਤ ਵੀ ਹੋਇਆ ਪਰ ਅਸੰਤੁਸ਼ਟਤਾ ਵੀ ਜ਼ਾਹਰ ਕੀਤੀ ਕਿ ਤੂੰ ਇਹ ਗੱਲਾਂ ਕਿਸ ਬਿਨਾ ਤੇ ਕਰ ਰਿਹਾ ਹੈਂ?ਤਕਰੀਬਨ ਇਹੋ ਜਿਹਾ ਵਿਚਾਰ ਹੀ ਕੁਲਵੰਤ ਔਜਲੇ ਦਾ ਸੀ, ਕਿ ਤੂੰ ਗੱਲਾਂ ਤਾਂ ਬਹੁਤ ਕੀਤੀਆਂ ਪਰ ਲੌਜਿਕ ਕੋਈ ਨਹੀਂ ਦਿੱਤਾ। ਇਸ ਲਈ ਮੈਂ ਜੋ ਜੋ ਲਿਖਿਆ ਉਸਦੇ ਸਪਸ਼ਟੀਕਰਨ ਵਾਸਤੇ ਵਿਸਥਾਰ ਪੂਰਵਕ ਬਿਆਨ ਦੇਣਾ ਚਾਹੁੰਦਾ ਹਾਂ।

ਅਗਲੇ ਵਰਕੇ ਵਿਚਾਰਵਾਨਾਂ ਦੀ ਵਿਦਵਤਾ ਦਾ ਤਿਥੀਆਂ ਮਿਤੀਆਂ ਅਨੁਸਾਰ ਵਿਥਾਰਪੂਰਵਕ ਖੁਲਾਸਾ ਕਰਨ ਦਾ ਯਤਨ ਹਨ। ਆਪਣਾ ਅਤੀਤ ਇਤਿਹਾਸ ਅਤੇ ਮਿਥਹਾਸ ਦੀ ਜਾਣਕਾਰੀ ਤੋਂ ਬਿਨਾ ਤਾਂ ਨਹੀਂ ਲਿਖਿਆ ਜਾ ਸਕਦਾ। ਇਸ ਲਈ ਕੁਦਰਤ ਦੇ ਕ੍ਰਿਸ਼ਮੇ ਦਾ, ਕਾਦਰ ਦੀ ਕੁਦਰਤ ਦਾ ਧਾਰਮਿਕ ਨਜ਼ਰੀਏ ਨਾਲ ਅਤੇ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਜਿੰਨਾਂ ਕੁ ਮੈਂ ਅਧਿਅਨ ਕੀਤਾ ਹੈ, ਉਸਦਾ ਵੇਰਵਾ ਦੇਣਾ ਜਰੂਰੀ ਹੈ। ਸਮੇਂ ਸਮੇਂ ਵੱਖ ਵੱਖ ਵਿਦਵਾਨਾਂ ਦੀਆਂ ਸੌ ਤੋਂ ਵੱਧ ਕਿਤਾਬਾਂ ਜੋ ਮੈਂ ਪੜ੍ਹੀਆਂ ਉਨ੍ਹਾਂ ਦੀ ਲਿਸਟ ਤਿਆਰ ਕਰਾਂ ਤਾਂ ਕਹਾਣੀ ਨਾਲੋਂ ਟੁੱਟ ਕੇ ਹਿਸਾਬ ਕਿਤਾਬ ਕਰਨ ਲੱਗ ਜਾਵਾਂਗਾ। ਇਸ ਲਈ ਮੈਂ ਇਹ ਹੀ ਬੇਹਤਰ ਸਮਝਦਾ ਹਾਂ ਕਿ ਪ੍ਰਸੰਗ ਦੇਣ ਲੱਗਿਆਂ ਨਾਲ ਦੀ ਨਾਲ ਹੀ ਵੱਖ ਵੱਖ ਲੇਖਕ ਅਤੇ ਲਿਖਤ ਦੇ ਸਮੇਂ ਦਾ ਜ਼ਿਕਰ ਕੀਤਾ ਜਾਵੇ। ਤੇ ਲਓ ਫਿਰ ਕਿੱਥੋਂ ਕੀ ਪੜ੍ਹਿਆ ਮੈਂ ਇਹ ਕਹਾਣੀ ਸਾਂਝੀ ਕਰਦਾ ਹਾਂ


Academy of the Punjab in North America: http://www.apnaorg.com

# ਭਾਰਤੀ ਅਤੀਤ

ਅਸੀਂ ਇਕ ਵੱਖਰੇ ਅਧਿਆਇ ਵਿਚ ਇਸਲਾਮ ਅਤੇ ਅਰਬ ਦੇਸ਼ਾਂ ਦੇ ਯੋਗਦਾਨ ਬਾਰੇ ਚਰਚਾ ਕਰਾਂਗੇ। ਉਸ ਦੀ ਵਿਚਾਰਧਾਰਾ ਤੇ ਸਿਧਾਂਤ, ਅਰਬ ਦੇਸ ਦਾ ਯੋਗਦਾਨ ਸਮੁੱਚੀ ਸਭਿਅਤਾ, ਯੂਨਾਨ ਤੋਂ ਅਪਣਾਈਆਂ ਗੱਲਾਂ, ਪੱਛਮੀ ਸਭਿਅਤਾ ਨੂੰ ਅਰਬ ਦੇਸ਼ਾਂ ਦਾ ਯੋਗਦਾਨ, ਉਸ ਉਤੇ ਆਪਾਂ ਵਿਸਥਾਰ ਨਾਲ ਚਰਚਾ ਕਰਾਂਗੇ। ਪਹਿਲਾਂ ਅਰਬੀ ਸਭਿਅਤਾ ਉਤੇ ਭਾਰਤੀ ਸਭਿਅਤਾ ਦਾ ਕੀ ਅਸਰ ਪਿਆ, ਉਸ ਦਾ ਜ਼ਿਕਰ ਕਰਾਂਗੇ। ਅਰਬਾਂ ਤੋਂ ਪਹਿਲਾਂ ਭਾਰਤ ਵਿਚ ਚਲਦੇ ਹਾਂ।

ਕੈਲੰਡਰ ਵਿਚ ਇਕ ਸਾਲ ਦੇ **365** ਦਿਨ ਗਿਣਦੇ ਹਾਂ। ਲੀਪ ਦਾ ਸਾਲ **29** ਦਾ ਹੋ ਜਾਂਦਾ ਹੈ। ਇਸ ਤਰ੍ਹਾਂ ਲਗਦਾ ਹੈ ਜਿਵੇਂ ਪੱਛਮੀ ਸਭਿਅਤਾ ਨੇ ਇਹ ਪੂਰਾ ਪੂਰਾ ਹਿਸਾਬ ਕਿਤਾਬ ਲਗਾਇਆ ਹੁੰਦਾ ਹੈ। ਪਰ ਇਹ ਪੱਛਮੀ ਸਭਿਅਤਾ ਦੇ ਜੰਮਣਤੋਂ ਕਈ ਸਦੀਆਂ ਪਹਿਲਾਂ, ਇਥੋਂ ਤੱਕ ਕਿ ਅਰਬੀ ਦੁਨੀਆਂ ਦੇ ਹੋਂਦ ਵਿਚ ਆਉਣ ਤੋਂ ਪਹਿਲਾਂ ਭਾਰਤ ਵਿਚ ਭੱਟਾਚਾਰੀਆ ਨੇ ਇਹ **365.358** ਦਿਨਾਂ ਦਾ ਇਕ ਸਾਲ ਆਪਣੀ ਫ਼ਿਲਾਸਫੀ ਵਿਚ, ਇਹ ਸੂਰਜੀ ਸਾਲ **365.358** ਦਿਨਾਂ ਦਾ ਸਦੀਆਂ ਪਹਿਲਾਂ ਲਿਖ ਦਿੱਤਾ ਸੀ। ਹੁਣ ਜਦੋਂ ਅਸੀਂ ਸੋਚਦੇ ਹਾਂ ਕਿ ਇਨ੍ਹਾਂ ਨੇ ਸਾਲ ਬਣਾਏ, ਇਸ ਧਰਤੀ ਦੀਆਂ ਸਾਰੀਆਂ ਖੋਜਾਂ ਪੱਛਮੀ ਸਭਿਅਤਾ ਨੇ ਕੀਤੀਆਂ, ਕਿਉਂਕਿ ਅਸੀਂ ਇਹ ਸਾਰਾ ਕੁਝ ਅੰਗ੍ਰੇਜ਼ੀ ਵਿਚ ਲਿਖਿਆ ਪੜ੍ਹਿਆ। ਅੰਗ੍ਰੇਜ਼ਾਂ ਨੇ ਦੁਨੀਆਂ ਦਾ ਇਤਿਹਾਸ ਆਪਣੀ ਕਲਮ ਨਾਲ ਲਿਖਿਆ, ਇਸ ਤਰ੍ਹਾਂ ਅਸੀਂ ਜਿਵੇਂ ਪੜ੍ਹ ਲਿਆ ਤੇ ਮੰਨ ਲਿਆ ਅਤੇ ਉਸੇ ਤਰ੍ਹਾਂ ਅਸੀਂ ਤੁਰੇ ਗਏ। ਆਰੀਆ ਭੱਟਾਚਾਰੀਆ ਨੇ ਹੀ ਸਾਲ ਦੇ ਦਿਨ ਗਿਣ ਕੇ ਦੱਸੇ ਸਨ। ਆਰੀਆ ਭੱਟਾਚਾਰੀਆ ਨੇ ਹੀ ਆਪਣੀ ਕਲਮ ਰਾਹੀਂ ਕਿਧਰੇ ਅਰਬ ਦੇਸ਼ਾਂ ਤੇ ਪੱਛਮੀ ਸਭਿਅਤਾ ਦੇ ਜਨਮਣ ਤੋਂ ਸਦੀਆਂ ਪਹਿਲਾਂ ਹੀ ਕਹਿ ਦਿੱਤਾ ਸੀ ਕਿ ਧਰਤੀ ਆਪਣੇ ਅਤੇ ਸੂਰਜ ਦੁਆਲੇ ਘੁੰਮਦੀ ਹੈ। ਇਹ ਗੱਲ ਉਸ ਨੇ ਪੱਛਮੀ ਸਭਿਅਤਾ ਜੰਮਣ ਤੋਂ ਸਦੀਆਂ ਪਹਿਲਾਂ ਹੀ ਲਿਖ ਦਿੱਤੀ ਸੀ।

ਜਦੋਂ ਭਾਰਤ ਵਿਚ ਬੁੱਧ ਮੱਤ ਦਾ ਬੋਲਬਾਲਾ ਸੀ ਤੇ ਸਾਰਾ ਭਾਰਤ ਬੁੱਧ ਮੱਤ ਨੂੰ ਮੰਨਣ ਲਗ ਪਿਆ ਸੀ, ਉਨ੍ਹਾਂ ਦਿਨਾਂ ਵਿਚ ਕਿੰਨੀਆਂ ਸਦੀਆਂ ਪਹਿਲਾਂ ਦੀ ਇਹ ਗੱਲ ਹੈ ਕਿ ਭਾਰਤ ਵਿਚ ਪੂੰਜੀ ਨਿਵੇਸ਼ ਕਰਨ ਤੇ ਵਪਾਰਕ ਲਾਹੇ ਇਸ ਤਰ੍ਹਾਂ ਦੀਆਂ ਭਾਰਤ ਦੀਆਂ ਮਿਸਾਲਾਂ ਮਿਲਦੀਆਂ ਹਨ। ਗੁਣੀਆਂ ਰੱਖ ਕੇ ਤੇ ਸਿਧੀਆਂ ਲਾਈਨਾਂ ਵਿਚ ਮੰਦਰ ਤੇ ਇਮਾਰਤਾਂ ਬਣਾਉਣੀਆਂ, ਇਹ ਸਾਰਾ ਹਿਸਾਬ-ਕਿਤਾਬ, ਉਹ ਬੁੱਧ ਮੱਤ ਬਾਰੇ ਪੜ੍ਹ ਕੇ ਵੇਖ ਲਵੋ। ਅਗਲੇ ਅਧਿਆਇਆਂ ਵਿਚ ਅਸੀਂ ਬੁੱਧ ਮੱਤ ਬਾਰੇ ਪੜ੍ਹਾਂਗੇ। ਮੇਰੇ ਕਹਿਣ ਦਾ ਭਾਵ ਜਿਹੜਾ ਪੱਛਮੀ ਸਭਿਅਤਾ ਨੇ ਆਪਣੀ ਕਲਮ ਨਾਲ ਲਿਖਿਆ, ਪਰ ਬਹੁਤ ਕੁਝ ਐਸਾ ਹੈ ਜਿਹੜਾ ਭਾਰਤ ਦੀ ਧਰਤੀ ਉਪਰ ਉਪਜਿਆ, ਖੋਜ ਕੀਤਾ ਗਿਆ। ਪਰ ਸਾਨੂੰ ਉਸ ਦਾ ਮਾਣ ਨਹੀਂ ਦਿੱਤਾ ਗਿਆ।

ਮੰਦਰ ਬਣਾਉਣ ਦੇ ਬਹੁਤ ਉੱਤਮ ਵੀਚਾਰ ਸਨ, ਬਹੁਤ ਵਧੀਆ ਕਾਰੀਗਰੀ ਸੀ, ਇਸ ਨੂੰ ਜ਼ਰਾ ਘੋਖ ਕੇ ਵੇਖੋ, ਇਹ ਹਿਸਾਬ ਕਿਤਾਬ ਨਹੀਂ ਲਗਦਾ। ਵੇਦਾਂ ਸ਼ਾਸਤਰਾਂ ਤੇ ਵੇਦਾਂਤਾਂ ਵਿਚ ਜਿਹੜੇ ਮੰਤਰ ਹਨ, ਕੀ ਉਨ੍ਹਾਂ ਨੂੰ ਵੇਖਕੇ ਹਿਸਾਬ-ਕਿਤਾਬ ਦੀ ਗੱਲ ਨਜ਼ਰ ਨਹੀਂ ਆਉਂਦੀ। ਅਸੀਂ ਪੜ੍ਹਦੇ ਹੀ ਨਹੀਂ, ਅਸੀਂ ਬਹੁਤੇ ਇਹੀ ਕਹਿੰਦੇ ਹਾਂ ਕਿ ਅਸੀਂ ਹਿੰਦੂ ਹਾਂ, ਭਾਰਤੀ ਹਾਂ। ਸਾਡੇ ਚਾਰ ਵੇਦ ਹਨ। ਪਰ ਚਾਰ ਵੇਦ ਕਿਸੇ ਨੇ ਪੜ੍ਹ ਕੇ ਵੀ ਵੇਖੇ ਹਨ? ਜਿਨ੍ਹਾਂ ਨੇ ਚਾਰ ਵੇਦ ਪੜ੍ਹ ਕੇ ਵੇਖੇ ਹਨ, ਉਨ੍ਹਾਂ ਨੂੰ ਪਤਾ ਹੈ ਕਿ ਉਨ੍ਹਾਂ ਵਿਚ ਕਿਸ ਹਿਸਾਬੀ ਤਰੀਕੇ ਨਾਲ, ਜਿਹੜੇ ਯੁੱਗਾਂ ਤੇ ਜਿਹੜੇ ਸਮਿਆਂ ਦੀ ਗੱਲ ਹੈ, ਉਹ ਅੱਜ ਦੇ ਹਿਸਾਬ ਕਿਤਾਬ ਨਾਲੋਂ ਕਿੰਨੇ ਅੱਗੇ ਸੀ। ਜੇ ਉਨ੍ਹਾਂ ਨੂੰ ਹਿਸਾਬ-ਕਿਤਾਬ ਦੇ ਨਾਲ ਸੋਚੀਏ, ਫਿਰ ਤਾਂ ਵੇਦਾਂ ਸ਼ਾਸ਼ਤਰਾਂ ਵਿਚ ਕਿੰਨੇ ਅਗਾਂਹ ਵਧੂ ਖ਼ਿਆਲ ਸੀ।

ਪਹਿਲੀ ਗੱਲ ਕਿ ਅਸੀਂ ਸੰਸਕ੍ਰਿਤ ਹੀ ਨਹੀਂ ਸਿੱਖੀ। ਜੇ ਕਿਸੇ ਦਾ ਸੰਸਕ੍ਰਿਤ ਨੂੰ ਸਿਖਣ ਦਾ ਜੀਅ ਕੀਤਾ


Academy of the Punjab in North America: http://www.apnaorg.com

ਤਾਂ ਕਈਆਂ ਨੂੰ ਸਿਖਣ ਦੀ ਆਗਿਆ ਨਹੀਂ ਮਿਲੀ। ਫੇਰ ਸਾਰੇ ਦਾ ਸਾਰਾ ਸਿਸਟਮ ਹੀ ਬਦਲ ਗਿਆ। ਹੋਰ ਭਾਸ਼ਾਵਾਂ ਪੈਦਾ ਹੋ ਗਈਆਂ। ਦੁਨੀਆਂ ਦੇ ਵਿਚ ਜਿਹੜੀ ਸੰਸਕ੍ਰਿਤ ਦੀ ਪਹਿਲੀ ਲਿਖਤ ਸੀ, ਉਸ ਨੂੰ ਅਸੀਂ ਸ਼ਾਇਦ ਪੜ੍ਹਿਆ ਹੀ ਨਹੀਂ। ਉਸ ਵਿਚ ਜੋ ਸਾਡੇ ਸਿਧਾਂਤ ਲਿਖੇ ਹੋਏ ਸੀ, ਸਾਡੀਆਂ ਤਰੱਕੀਆਂ ਸੀ ਦੁਨੀਆਂ ਭਰ ਦੀਆਂ, ਸਾਰੀਆਂ ਤਰੱਕੀਆਂ ਬਾਰੇ ਵੇਦਾਂ ਸ਼ਾਸ਼ਤਰਾਂ ਨੂੰ ਪੜ੍ਹ ਕੇ ਵੇਖੋ। ਉਨ੍ਹਾਂ ਵਿਚ ਉਹ ਬੰਦ ਹੀ ਪਈਆਂ ਰਹਿ ਗਈਆਂ। ਲੋਕਾਂ ਨੇ ਉਨ੍ਹਾਂ ਨੂੰ ਪੜ੍ਹ ਕੇ ਤੇ ਸੁਣ ਕੇ ਆਪ ਹੀ ਸਿਧਾਂਤ ਬਣਾ ਲਏ ਅਤੇ ਕਿਹਾ ਕਿ ਇਹ ਸਾਡੇ ਹਨ। ਸਾਡੇ ਇਸ ਲਈ ਨਹੀਂ ਬਣੇ, ਕਿਉਂਕਿ ਸਾਨੂੰ ਸੰਸਕ੍ਰਿਤ ਹੀ ਨਹੀਂ ਆਉਂਦੀ ਸੀ। ਜੇ ਹੁਣ ਵੀ ਸਾਰੇ ਭਾਰਤ ਵਿਚ ਸੰਸਕ੍ਰਿਤ ਨੂੰ ਪੜ੍ਹਨਾ ਜ਼ਰੂਰੀ ਕਰ ਦਿੱਤਾ ਜਾਵੇ, ਤਾਂ ਉਹ ਸ਼ਾਸਤਰ ਤੇ ਸਾਡੀ ਪੁਰਾਤਨ ਸਭਿਅਤਾ, ਸਾਡੇ ਬਜ਼ੁਰਗਾਂ ਦੀਆਂ ਮਾਰੀਆਂ ਹੋਈਆਂ ਪੁਰਾਤਨ ਮੱਲਾਂ, ਸਾਡੇ ਰਿਸ਼ੀਆਂ ਮੁਨੀਆਂ ਨੂੰ ਜੇ ਸਾਡੇ ਸਾਹਮਣੇ ਲਿਆਂਦਾ ਜਾਵੇ ਤਾਂ ਇਹ ਸਮਝਣ ਤੇ ਮੰਨਣ ਲਈ ਕੋਈ ਬਹੁਤੀ ਦੇਰ ਨਹੀਂ ਲਗਦੀ ਕਿ ਸਾਡੇ ਰਿਸ਼ੀ-ਮੁਨੀ ਭਾਰਤ ਦੀ ਪੁਰਾਤਨਤਾ ਬਾਰੇ ਪੱਛਮੀ ਸੱਭਿਅਤਾ ਦੇ ਮੁਕਾਬਲੇ ਕਿੰਨੇ ਮਹਾਨ ਸਨ।

ਜਦੋਂ ਪਾਣਿਨੀ ਨੇ ਵਿਆਕਰਣ ਬਣਾਈ ਤਾਂ ਬਾਅਦ ਵਿਚ ਸੰਸਕ੍ਰਿਤ ਨੂੰ ਦੇਵਨਾਗਰੀ ਵਿਚ ਲਿਖਣਾ ਸ਼ੁਰੂ ਕਰ ਦਿੱਤਾ। ਦੇਵਨਾਗਰੀ ਤੋਂ ਪਹਿਲਾਂ ਬ੍ਰਹਮੀ ਵਰਣਮਾਲਾ ਵਿਚ ਤੇ ਬਹੁਤ ਦੇਰ ਤੋਂ ਸੰਸਕ੍ਰਿਤ ਵਿਚ ਗੱਲਾਂ ਲਿਖੀਆਂ ਹੋਈਆਂ ਸੀ। ਇਹ ਵੱਖਰੀ ਗੱਲ ਹੈ ਕਿ ਗੋਰਿਆਂ ਨੇ ਲਿਖਿਆ। ਇਸ ਲਈ ਉਨ੍ਹਾਂ ਨੇ ਕਹਿ ਦਿੱਤਾਕਿ ਕਾਲੀਦਾਸ ਇਕ ਭਾਰਤੀ ਸ਼ੈਕਸ਼ਪੀਅਰ ਸੀ। ਇਹ ਨਹੀਂ ਲਿਖਿਆ ਕਿ ਸ਼ੈਕਸ਼ਪੀਅਰ ਇਕ ਯੂਰਪੀਨ ਕਾਲੀ ਦਾਸ ਹੈ। ਕਾਲੀ ਦਾਸ ਸ਼ੈਕਸ਼ਪੀਅਰ ਤੋਂ ਬਹੁਤ ਦੇਰ ਪਹਿਲਾਂ ਹੋਇਆ। ਉਹ ਪੁਠੇ ਪਾਸੇ ਨੂੰ ਲਿਜਾਣ ਵਿਚ ਕਾਮਯਾਬ ਹੋ ਗਏ। ਕਾਮਯਾਬ ਇਸ ਲਈ ਹੋ ਗਏ ਕਿ ਅਸੀਂ ਇਹ ਸੋਚਣ ਦਾ ਯਤਨ ਹੀ ਨਹੀਂ ਕੀਤਾ ਕਿ ਕਾਲੀ ਦਾਸ ਤਾਂ ਸ਼ੈਕਸ਼ਪੀਅਰ ਤੋਂ ਕਿਤੇ ਪਹਿਲਾਂ ਇਕ ਲੇਖਕ ਹੋਇਆ। ਉਸ ਦੀਆਂ ਰਚਨਾਵਾਂ ਨੂੰ ਦੇਖ ਕੇ ਕਹਿਣਾ ਕਿ ਕਾਲੀਦਾਸ ਇੰਡੀਅਨ ਸ਼ੈਕਸ਼ਪੀਅਰ ਹੈ, ਮੈਂ ਤਾਂ ਦਾਅਵੇ ਨਾਲ ਕਹਾਂਗਾ ਕਿ ਸ਼ੈਕਸ਼ਪੀਅਰ ਦੀ ਕੋਸ਼ਿਸ ਸੀ ਕਾਲੀਦਾਸ ਬਣਨ ਦੀ। ਪਰ ਕਾਲੀਦਾਸ ਬਣਨਾ ਖਾਲਾ ਜੀ ਦਾ ਵਾੜਾ ਨਹੀਂ ਸੀ।

ਦੁਨੀਆਂ ਦੇ ਇਤਿਹਾਸ ਨੂੰ ਆਪਣੇ ਨਾਮ ਤੇ ਰਜਿਸਟਰੀ ਕਰਵਾਉਂਦੇ ਫਿਰਦੇ ਪੱਛਮੀ ਸਭਿਅਤਾ ਦੇ ਵਿਦਵਾਨਾਂ ਨੇ ਪਾਟਲੀਪੁਤਰ ਜਾਂ ਕਪਲਵਸਤੂ ਦਾ ਇਤਿਹਾਸ ਖ਼ੁਦ ਵੀ ਨਹੀਂ ਪੜਿਆ ਹੋਵੇਗਾ। ਸੰਸਕ੍ਰਿਤ ਤਾਂ ਇਨ੍ਹਾਂ ਨੇ ਪੜ੍ਹਨੀ ਹੀ ਕੀ ਸੀ। ਇਸੇ ਕਰਕੇ ਇਹ ਆਪਣਾ ਹੱਕ ਜਮਾ ਰਹੇ ਹਨ। 'ਕੱਲ ਦੀ ਭੂਤਨੀ ਸਿਵਿਆਂ ਵਿਚ ਅੱਧ' ਕਿਉਂਕਿ ਇਨ੍ਹਾਂ ਨੇ ਪੜ੍ਹਿਆ ਵੀ ਨਹੀਂ ਤੇ ਸੁਣਿਆਂ ਵੀ ਨਹੀਂ। ਇਨ੍ਹਾਂ ਨੇ ਸਮਝਿਆ ਵੀ ਨਹੀਂ। ਇਨ੍ਹਾਂ ਦੀ ਪੱਛਮੀ ਸੱਭਿਅਤਾ ਨੇ ਕਿਵੇਂ ਸਮਝਣਾ ਸੀ। ਅਸੀਂ ਤਾਂ ਸਮਝਿਆ ਨਹੀਂ। ਅਸੀਂ ਵੀ ਨਹੀਂ ਪੜ੍ਹਿਆ। ਭਾਰਤੀ ਮੂਲ ਦੇ ਲੋਕਾਂ ਨੇ ਆਪਣਾ ਸੁਨਹਿਰੀ ਇਤਿਹਾਸ ਨਾ ਹੀ ਪੜ੍ਹਿਆ ਅਤੇ ਨਾ ਹੀ ਸਮਝਿਆ। ਹੋਰ ਕਿਸੇ ਨੂੰ ਕੀ ਸਮਝਾਉਣਾ ਸੀ? ਅਸੀਂ ਆਪ ਨਹੀਂ ਸਮਝਿਆ ਤੇ ਹੋਰ ਕਿਸੇ ਨੂੰ ਕੀ ਸਮਝਾਉਣਾ ਸੀ। ਲੋਕਾਂ ਨੇ ਜਿਵੇਂ ਲਿਖ ਕੇ ਦੱਸਿਆ ਕਿ ਤੁਹਾਡਾ ਇਤਿਹਾਸ ਇਸ ਤਰ੍ਹਾਂ ਹੈ, ਅਸੀਂ ਭਾਰਤੀ ਲੋਕਾਂ ਨੇ ਦੂਸਰਿਆਂ ਦੇ ਮੋਢਿਆਂ ਤੇ ਚੜ੍ਹ ਕੇ ਪੀ ਐਚ. ਡੀ. ਦੀਆਂ ਡਿਗਰੀਆਂ ਕੀਤੀਆਂ। ਉਨ੍ਹਾਂ ਦੇ ਦੱਸੇ ਤਰੀਕਿਆਂ ਨਾਲ ਅਸੀਂ ਇਤਿਹਾਸ ਦੇ ਮਾਹਰ ਬਣ ਗਏ। ਇਤਿਹਾਸਾਂ ਅਤੇ ਧਰਮਾਂ ਉਪਰ ਸੌ ਪੀ ਐਚ. ਡੀ. ਕਰ ਲਈਆਂ। ਧਰਮਾਂ ਉੱਤੇ ਖੋਜਾਂ ਉਸੇ ਤਰ੍ਹਾਂ ਕੀਤੀਆਂ ਜਿਵੇਂ ਸਾਨੂੰ ਪੱਛਮੀ ਸਭਿਅਤਾ ਨੇ ਦੱਸਿਆ ਕਿ ਤੁਹਾਡਾ ਧਰਮ ਤੇ ਇਤਿਹਾਸ ਇਸ ਤਰ੍ਹਾਂ ਦਾ ਸੀ। ਅਸਲ ਦੇ ਵਿੱਚ ਗੱਲ ਕੀ ਹੈ? ਉਸਨੂੰ ਨਾ ਕਿਸੇ ਨੇ ਪੜ੍ਹਿਆ ਤੇ ਜੇ ਕਿਸੇ ਨੇ ਪੜ੍ਹਿਆ ਤਾਂ ਉਸ ਨੇ ਸ਼ਾਇਦ ਸਮਝਿਆ ਹੀ ਨਹੀਂ ਤੇ ਜੇ ਆਪ ਸਮਝਣ ਦੀ ਕੋਸ਼ਿਸ਼ ਕੀਤੀ ਤਾਂ ਅਗਾਂਹ ਹੋਰ ਕਿਸੇ ਨੂੰ ਸਮਝਾਉਣ ਦੀ ਕੋਸ਼ਿਸ਼ ਹੀ ਨਹੀਂ ਕੀਤੀ। ਜਿਵੇਂ ਅਰਬੀ ਲੋਕ ਮੁਹੰਮਦ ਸਾਹਿਬ ਦੀਆਂ ਵਧਾ ਚੜ੍ਹਾ ਕੇ ਸੁਣਾਉਂਦੇ ਸੀ ਤੇ ਲੋਕਾਂ ਨੂੰ ਸਮਝਾਉਂਦੇ ਸੀ, ਜੇ ਇਸੇ ਤਰ੍ਹਾਂ ਸਾਡੇ ਬਜ਼ੁਰਗਾਂ ਨੇ ਸਾਡੇ ਪੁਰਾਤਨ ਗ੍ਰੰਥਾਂ,


Academy of the Punjab in North America: http://www.apnaorg.com

ਵੇਦਾਂ, ਸ਼ਾਸਤਰਾਂ, ਉਪਨਿਸ਼ਦਾਂ, ਗੀਤਾ, ਮਹਾਂਭਾਰਤ, ਰਾਮਾਇਣ ਦੀਆਂ ਕਈ ਸਾਖੀਆਂ ਤੇ ਵਿਦਵਤਾਂ ਭਰਪੂਰ ਗੱਲਾਂ ਸਮਝਾਈਆਂ ਹੁੰਦੀਆਂ ਤਾਂ ਅਸੀਂ ਵੀ ਅਗਾਂਹ ਕਿਸੇ ਨੂੰ ਹੋਰ ਦੱਸਣ ਵਾਲੇ ਬਣਦੇ।

ਅਸੀਂ ਆਪਣੇ ਇਸ ਮਹਾਨ ਖਜ਼ਾਨੇ ਨੂੰ ਜਿੰਦਰਾ ਲਾ ਕੇ ਰੱਖਿਆ। ਮੈਨੂੰ ਇਹ ਗੱਲ ਲਿਖਦਿਆਂ ਬੜਾ ਦਰਦ ਹੁੰਦਾ ਹੈ ਕਿ ਏਡਾ ਵੱਡਾ ਤੇ ਦੁਨੀਆਂ ਦਾ ਸਭ ਤੋਂ ਪਹਿਲਾ ਖਜ਼ਾਨਾ ਨਾ ਅਸੀਂ ਆਪ ਸਮਝਿਆ ਤੇ ਨਾ ਹੀ ਅਸੀਂ ਕਿਸੇ ਨੂੰ ਸਮਝਣ ਦਿੱਤਾ। ਕਿਸੇ ਦੀ ਕੀ ਮਜਾਲ ਸੀ ਕਿ ਉਹ ਭਾਰਤੀ ਵਿਦਵਤਾ, ਵੇਦਾਂ ਤੇ ਭਾਰਤੀ ਗ੍ਰੰਥਾਂ ਦੇ ਗਿਆਨ ਤੋਂ ਉਪਰ ਵੀ ਆਪਣੀਆਂ ਕਹਾਣੀਆਂ ਬਣਾ ਕੇ ਆਪ ਲਿਖ ਲੈਂਦੇ। ਇਹ ਸਾਡੀ ਆਪਣੀ ਗਲਤੀ ਹੈ। ਕੁਝ ਤੇਰੀ ਗਲਤੀ ਹੈ, ਕੁਝ ਮੇਰੀ ਗਲਤੀ ਹੈ, ਕੁਝ ਸਾਡੀ ਸਾਰਿਆਂ ਦੀ ਗਲਤੀ ਹੈ।

ਯੂਰਪੀਨ ਲੋਕਾਂ ਨੇ ਸਾਡੀ ਹੀ ਨਹੀਂ, ਦੁਨੀਆਂ ਦੀ ਸਭ ਤੋਂ ਪਹਿਲੀ ਭਾਸ਼ਾ ਸੰਸਕ੍ਰਿਤ ਦੀ ਅਠਾਰਵੀਂ ਸਦੀ ਵਿਚ ਖੋਜ ਕੀਤੀ ਤੇ 18ਵੀਂ ਸਦੀ ਤੋਂ ਬਾਅਦ ਬਾਕੀ ਦੀਆਂ ਸਾਰੀਆਂ ਭਾਸ਼ਾਵਾਂ ਨੂੰ ਆਪਣੇ ਗਰਾਮਰ ਦੇ ਹਿਸਾਬ ਨਾਲ ਰੰਗਣ ਦੀ ਕੋਸ਼ਿਸ਼ ਕੀਤੀ। ਸੰਸਕ੍ਰਿਤ ਤੋਂ ਪਹਿਲਾਂ ਦੀ ਕੋਈ ਭਾਸ਼ਾ ਨਹੀਂ ਸੀ, ਜਿਸ ਦੇ ਵਿਚ ਏਨਾ ਗੂੜ੍ਹ ਗਿਆਨ ਭਾਵ ਸਮੁੰਦਰ ਬੰਨ੍ਹ ਕੇ ਏਨਾ ਖਜ਼ਾਨਾ ਲਕੋਈ ਛੱਡਿਆ। ਉਹ ਨਾ ਕਿਸੇ ਨੂੰ ਦਿਸਿਆ ਤੇ ਨਾ ਅਸੀਂ ਆਪ ਵੇਖਿਆ ਹੈ। ਅਸੀਂ ਇਹ ਹੀ ਮਾਣ ਕਰਕੇ ਖੁਸ਼ ਹੁੰਦੇ ਹਾਂ ਕਿ ਪਾਣਿਨੀ ਨੇ ਵਿਆਕਰਣ ਬਣਾਈ। ਕਹਿੰਦੇ ਜੀ ਤੁਹਾਡੇ ਪਾਣਿਨੀ ਨੇ ਵਿਆਕਰਣ ਬਣਾਈ। ਬੱਸ ਗੱਲ ਆਈ ਗਈ ਹੋ ਗਈ। ਪਰ ਭਾਈ! ਪਾਣਿਨੀ ਦੀ ਵਿਆਕਰਣ ਪੜ੍ਹ ਕੇ ਤਾਂ ਵੇਖੋ, ਉਸਨੇ ਬਣਾਇਆ ਕੀ? ਉਸ ਨੇ ਸੰਸਕ੍ਰਿਤ ਦੀ ਵਿਆਕਰਣ ਬਣਾਈ, ਕਿਸ ਦੀ ਪਰਿਭਾਸ਼ਾ ਦੱਸੀ? ਭਾਸ਼ਾ ਕੀ ਹੁੰਦੀ ਹੈ? ਭਾਸ਼ਾ ਕਿਵੇਂ ਬੋਲੀ ਜਾਵੇ? ਭਾਸ਼ਾ ਨੂੰ ਮੁਕੰਮਲ ਕਿਵੇਂ ਕੀਤਾ ਜਾਵੇ? ਭਾਸ਼ਾ ਦੀਆਂ ਤਾਂ ਬਾਅਦ ਵਿਚ ਬਹੁਤ ਤਰੱਕੀਆਂ ਹੋਈਆਂ, ਪਰ ਮੁੱਢ ਕੀ ਸੀ। ਲਿਖਤੀ ਭਾਸ਼ਾ ਕੀ ਹੁੰਦੀ ਹੈ। ਕਿਵੇਂ ਭਾਸ਼ਾ ਲਿਖੀ ਜਾਂਦੀ ਹੈ? ਭਾਸ਼ਾ ਦੀ ਪਹਿਲੀ ਪਰਿਭਾਸ਼ਾ ਤਾਂ ਪਾਣਿਨੀ ਦੀ ਕ੍ਰਿਤ ਹੈ। ਪਾਣਿਨੀ ਨੇ ਐਵੇਂ ਤਾਂ ਨਹੀਂ ਬਣਾ ਦਿਤੀ। ਕਹਿੰਦੇ ਹਨ ਬਾਰਾਂ ਕੋਹ ਤੇ ਭਾਸ਼ਾ ਬਦਲ ਜਾਂਦੀ ਹੈ। ਬੰਬਈ ਤੋਂ ਅੱਗੇ ਗੱਡੀ ਵਿਚ ਆਉਂਦੇ ਹੁੰਦੇ ਸੀ ਤਾਂ ਜਿਹੜੇ ਸਟੇਸ਼ਨ ਤੇ ਗੱਡੀ ਰੁਕਦੀ ਹੁੰਦੀ ਸੀ ਤੇ ਉਥੋਂ ਦੀ ਹੀ ਬੋਲੀ ਹੋਰ ਹੁੰਦੀ ਸੀ। ਦਿੱਲੀ ਨੂੰ ਆਉਂਦਿਆਂ ਅਗਲੇ ਸਟੇਸ਼ਨ ਤੇ ਗੱਡੀ ਰੁਕੀ ਤਾਂ ਬੋਲੀ ਹੋਰ ਹੁੰਦੀ। ਜੇ ਕਹਿੰਦੇ ਹਾਂ ਕਿ ਬਾਰਾਂ ਕੋਹ ਤੇ ਭਾਸ਼ਾ ਬਦਲ ਜਾਂਦੀ ਹੈ ਤਾਂ ਸੰਸਕ੍ਰਿਤ ਵੀ ਕਈ ਤਰ੍ਹਾਂ ਦੀ ਜ਼ਰੂਰ ਹੋਈ ਹੋਵੇਗੀ। ਜਿਥੇ-ਜਿਥੇ ਬੰਦੇ ਰਹਿੰਦੇ ਹਨ, ਵਾਤਾਵਰਣ ਦੇ ਹਿਸਾਬ ਨਾਲ ਭਾਸ਼ਾਵਾਂ ਬਦਲਦੀਆਂ ਜਾਂਦੀਆਂ ਹਨ। ਕਈ ਕੁਦਰਤੀ ਭਾਸ਼ਾਵਾਂ ਬਣ ਜਾਂਦੀਆਂ। ਵੱਖ-ਵੱਖ ਦੇਸ਼ਾਂ ਅਤੇ ਵੱਖ-ਵੱਖ ਇਲਾਕਿਆਂ ਦੀਆਂ ਵਖਰੀਆਂ ਭਾਸ਼ਾਵਾਂ ਬਣ ਜਾਂਦੀਆਂ ਹਨ। ਇਸ ਵਿਚ ਕੋਈ ਅਚੰਭੇ ਵਾਲੀ ਗੱਲ ਨਹੀਂ ਸੀ। ਪਰ ਭਾਸ਼ਾ ਬਣੀ ਕਿਵੇਂ? ਭਾਸ਼ਾ ਬੋਲੀ ਕਿਵੇਂ ਗਈ? ਭਾਸ਼ਾ ਲਿਖੀ ਕਿਵੇਂ ਗਈ? ਇਹਦੀ ਪਹਿਲੀ ਲਾਈਨ ਪਾਣਿਨੀ ਨੇ ਲਿਖੀ ਹੈ।

ਬ੍ਰਹਮੀ ਤੇ ਪਾਲੀ ਭਾਵੇਂ ਪਾਣਿਨੀ ਦੀ ਸੰਸਕ੍ਰਿਤ ਤੋਂ ਪਹਿਲਾਂ ਦੀਆਂ ਸਨ, ਪਰ ਉਨ੍ਹਾਂ ਵਿਚ ਸਾਰਥਿਕਤਾ ਨਹੀਂ ਸੀ। ਉਨ੍ਹਾਂ ਵਿਚ ਅਧੂਰਾਪਨ ਸੀ। ਭਾਸ਼ਾ ਬੋਲਣ ਦੀ ਵਿਧੀ ਜਾਂ ਤਰੀਕਾ ਪਾਣਿਨੀ ਨੇ ਸ਼ੁਰੂ ਕੀਤਾ। ਬੋਧੀਆਂ ਨੇ ਪਾਲੀ ਛੱਡ ਕੇ ਸੰਸਕ੍ਰਿਤ ਅਪਣਾ ਲਈ, ਕਿਉਂਕਿ ਸੰਸਕ੍ਰਿਤ ਮੁਕੰਮਲ ਭਾਸ਼ਾ ਸੀ। ਭਾਸ਼ਾ ਦੇ ਵਿਧੀ ਵਿਧਾਨ ਪਹਿਲੇ ਸੰਸਕ੍ਰਿਤ ਵਿਚ ਹੀ ਬਣੇ। ਜਿਹੜੀ ਗੱਲ ਸੰਸਕ੍ਰਿਤ ਭਾਸ਼ਾ ਵਿਚ ਉਸ ਸਮੇਂ ਕੀਤੀ ਜਾ ਸਕਦੀ ਸੀ, ਉਹ ਹੋਰ ਕਿਸੇ ਭਾਸ਼ਾ ਵਿਚ ਨਹੀਂ ਕੀਤੀ ਜਾ ਸਕਦੀ ਸੀ। ਪਰ ਅਠਾਰਵੀਂ ਸਦੀ ਤੋਂ ਬਾਅਦ ਲੋਕਾਂ ਨੇ ਕੋਸ਼ਿਸ਼ ਕੀਤੀ। ਜਿਹੜੀਆਂ ਸਾਰੀਆਂ ਭਾਸ਼ਾਵਾਂ ਬਾਅਦ ਵਿਚ ਜੰਮੀਆਂ, ਇਨ੍ਹਾਂ ਨੇ ਅਠਾਰਵੀਂ ਸਦੀ ਤੋਂ ਬਾਅਦ ਯਤਨ ਕੀਤੇ ਹਨ। ਦੁਨੀਆਂ ਦੇ ਬਹੁਤੇ ਵਿਆਕਰਣ, ਭਾਵ 90% ਤੋਂ ਵੱਧ ਵੀਹਵੀਂ ਸਦੀ ਵਿਚ ਬਣੇ। ਕਾਲੀਦਾਸ ਨਰਮਦਾ ਵਾਦੀ ਦਾ ਜੰਮਪਲ ਸੀ। ਕਿਸੇ ਜ਼ਮਾਨੇ ਵਿਚ ਪੰਜਾਬ ਨੂੰ ਮਾਲਵਾ ਵੀ ਕਹਿੰਦੇ ਸੀ। ਕਾਲੀਦਾਸ ਮਾਲਵੇ ਦਾ ਜੰਮਪਲ ਸੀ। ਲੋਕ ਕਾਲੀਦਾਸ ਦਾ ਅਰਥ-ਮਾਤਾ ਕਾਲੀ ਦਾ ਦਾਸ ਵੀ ਕਰਦੇ ਹਨ। ਆਮ ਤੌਰ ਤੇ ਕਾਲੀਦਾਸ ਨੂੰ ਬ੍ਰਾਹਮਣ ਲੋਕ ਉਜੈਨ ਦਾ ਬ੍ਰਾਹਮਣ


Academy of the Punjab in North America: http://www.apnaorg.com

ਕਹਿੰਦੇ ਹਨ। ਇਹ ਨਰਮਦਾਵਾਦੀ ਦਾ ਰਹਿਣ ਵਾਲਾ ਸੀ। ਇਸ ਨੇ 'ਮੇਘਦੂਤ' ਦੀ ਰਚਨਾ ਕੀਤੀ। ਸ਼ਕੁੰਤਲਾ ਅਤੇ ਦੁਸ਼ਿਅੰਤ ਦੀ ਕਹਾਣੀ ਲਿਖੀ, ਜਿਸਨੂੰ ਅੰਗਰੇਜ਼ ਵੀ ਦੁਨੀਆਂ ਦਾ ਪਹਿਲਾ ਨਾਟਕ ਮੰਨਦੇ ਹਨ। ਕਾਲੀਦਾਸ ਨੂੰ 17ਵੀਂ ਸਦੀ ਵਿਚ ਸ਼ੈਕਸ਼ਪੀਅਰ ਕਹਿ ਦਿੱਤਾ। ਬਹੁਤ ਵੱਡੀ ਗੱਲ ਹੋ ਗਈ। ਪਰ ਕਾਲੀਦਾਸ ਦੀ ਰਚਨਾ ਤਾਂ ਸ਼ੈਕਸ਼ਪੀਅਰ ਨਾਲੋਂ ਕਿਤੇ ਡੂੰਘੇਰੀ ਤੇ ਉਤਮ ਰਚਨਾ ਹੈ। ਸ਼ੈਕਸ਼ਪੀਅਰ ਤਾਂ ਜਿਹੜੀ ਐਕਟਿੰਗ ਕਰਦਾ ਸੀ, ਉਹਦੇ ਚਰਿੱਤਰ ਬਾਰੇ, ਠੀਕ ਹੈ, ਉਹੋ ਡਰਾਮੇ ਬਾਅਦ ਵਿਚ 17ਵੀਂ ਸਦੀ ਵਿਚ ਲਿਖੇ ਗਏ। ਕਿਹਾ ਇਹ ਜਾਣ ਲਗ ਪਿਆ ਕਿ ਇਹ ਸ਼ੈਕਸ਼ਪੀਅਰ ਦੇ ਲਿਖੇ ਹੋਏ ਹਨ। ਸ਼ੈਕਸ਼ਪੀਅਰ ਨੇ ਤਾਂ ਅਪਣੀ ਕਲਮ ਨਾਲ ਇਕ ਅੱਖਰ ਵੀ ਨਹੀਂ ਲਿਖਿਆ। ਸ਼ੈਕਸ਼ਪੀਅਰ ਦਾ ਲਿਖਿਆ ਹੋਇਆ ਜੇ ਕੋਈ ਆਪਣੀ ਕਿਤਾਬ ਵਿਚ ਸਾਬਤ ਕਰ ਦੇਵੇ ਤਾਂ ਅਸੀਂ ਕੀ ਲੈਣਾ ਦੇਣਾ। ਲੋਕਾਂ ਨੇ ਕਿਹਾ ਕਿ ਇਹ ਇਤਿਹਾਸ ਤਾਂ ਸ਼ੈਕਸ਼ਪੀਅਰ ਨੇ ਲਿਖਿਆ ਸੀ। ਦਰਅਸਲ ਸ਼ੈਕਸ਼ਪੀਅਰ ਦੀਆਂ ਰਚਨਾਵਾਂ 1616 ਵਿਚ ਉਸ ਦੀ ਮੌਤ ਤੋਂ ਬਾਅਦ ਸ਼ੈਕਸ਼ਪੀਅਰ ਦੇ ਨਾਮ ਹੇਠ ਰਚੀਆਂ ਗਈਆਂ।

16ਵੀਂ ਤੇ 17ਵੀਂ ਸਦੀ ਵਿਚ ਪ੍ਰਚਲਤ ਯੂਨਾਨ ਦੀਆਂ ਕਹਾਣੀਆਂ ਨੂੰ ਵੀ ਸਬਜੈਕਟ ਦੇ ਤੌਰ ਤੇ ਮਨਜ਼ੂਰ ਕਰ ਲਿਆ ਗਿਆ। ਅਸੀਂ ਆਪਣੀਆਂ ਫਿਲਾਸਫ਼ੀਆਂ ਵਿਚ ਉਸਨੂੰ ਮਨਜ਼ੂਰ ਕਰ ਲਿਆ। ਪੀ ਐਚ. ਡੀ. ਦੀਆਂ ਡਿਗਰੀਆਂ ਵੀ ਦੁਨੀਆਂ ਨੇ ਮਨਜ਼ੂਰ ਕਰ ਲਈਆਂ। ਪਰ ਇਹ ਕਦੇ ਵੀ ਸਾਡੇ ਬਜ਼ੁਰਗਾਂ ਨੂੰ, ਬਦਖੋਈ ਕਰਨ ਨੂੰ ਤਾਂ ਨਹੀਂ ਦਿਲ ਕਰਦਾ, ਇਹ ਸ਼ੰਕਰਾਚਾਰੀਆ ਦਾ ਕਿਉਂ ਨਹੀਂ ਯਾਦ ਆਇਆ? ਯੂਨਾਨ ਦੀ ਸਭਿਅਤਾ ਤੋਂ ਕਿੰਨਾ ਚਿਰ ਪਹਿਲਾਂ ਸ਼ੰਕਰਾਚਾਰੀਆ ਨੇ ਇਹ ਸਿੱਟਾ ਕੱਢਿਆ ਕਿ ਇਹ ਦੁਨੀਆਂ ਤਾਂ ਮਾਇਆ ਹੈ । ਇਹ ਜਾਦੂ ਦੀ ਖੇਡ ਹੈ। ਸ਼ੰਕਰਾਚਾਰੀਆ ਨੇ ਤਾਂ ਇਹ ਕਿੰਨਾ ਚਿਰ ਪਹਿਲਾਂ ਹੀ ਕਹਿ ਦਿੱਤਾ ਤੇ ਲਿਖ ਦਿੱਤਾ ਸੀ। ਸ਼ੰਕਰਚਾਰੀਆ ਨੇ ਬ੍ਰਹਮਾ ਤੇ ਆਤਮਾ ਬਾਰੇ ਜਿਹੜੀਆਂ ਗੱਲਾਂ ਕੀਤੀਆਂ, ਕੀ ਇਹ ਫਿਲਾਸਫ਼ੀ ਨਹੀਂ ਹੈ? ਪਰ ਅਸੀਂ ਉਸ ਨੂੰ ਸੋਚਿਆ ਨਹੀਂ। ਅਸੀਂ ਜੇ ਉਸ ਨੂੰ ਸੁਣਿਆ ਤਾਂ ਵਾਹਿਗੁਰੂ ਕਹਿ ਕੇ ਜਾਂ ਰਾਮ ਰਾਮ ਕਹਿ ਕੇ ਗੱਲ ਪਾਸੇ ਕਰ ਦਿੱਤੀ। ਅਸੀਂ ਉਸਨੂੰ ਸਮਝਣ ਦੀ ਕੋਸ਼ਿਸ਼ ਨਹੀਂ ਕੀਤੀ। ਦੁਨੀਆਂ ਦੇ ਲੈਵਲ ਉਤੇ ਅਸੀਂ ਉਸਨੂੰ ਫ਼ਿਲਾਸਫਰ ਕਹਿਣ ਦਾ ਯਤਨ ਨਹੀਂ ਕੀਤਾ।

ਬੰਦੇ ਦੀ ਹੋਂਦ ਦੀਆਂ ਤੇ ਸਚਾਈ ਦੀਆਂ ਗੱਲਾਂ ਕਰਨੀਆਂ, ਚੇਤਨਾ ਦੀਆਂ ਗੱਲਾਂ ਕਰਨੀਆਂ, ਸ਼ੰਕਰਾਚਾਰੀਆ ਨੇ ਜਿਹੜੀਆਂ ਬ੍ਰਹਮਾ ਦੀਆਂ ਗੱਲਾਂ ਕੀਤੀਆਂ, ਇਹ ਪਲੈਟੋ ਜਾਂ ਅਰਸਤੂ ਦੀ ਵਿਚਾਰਧਾਰਾ ਨਾਲੋਂ ਕਿਤੇ ਘੱਟ ਸੀ ? ਪਰ ਅਸੀਂ ਇਸ ਨੂੰ ਸਾਹਮਣੇ ਲਿਆਉਣ ਦੀ ਕੋਸ਼ਿਸ਼ ਹੀ ਨਹੀਂ ਕੀਤੀ। ਇਹ ਤਾਂ ਸਾਡੇ ਸਾਰੇ ਵਿਦਵਾਨ ਤੇ ਇਤਿਹਾਸਕਾਰ ਮੰਨਦੇ ਹਨ, ਪਈ ਭਾਰਤ ਵਿਚ ਜਿਹੜੇ ਪੁਰਾਣੇ ਮੰਦਰ ਤੇ ਇਮਾਰਤਾਂ ਹਨ, ਇਹ ਬਹੁਤ ਚਿਰ ਪਹਿਲਾਂ ਬੜੇ ਹਿਸਾਬ ਕਿਤਾਬ ਨਾਲ ਬਣਾਈਆਂ ਗਈਆਂ ਸਨ। ਇਹ ਸਾਰੇ ਮੰਨਦੇ ਹਨ ਕਿ ਮਹਿੰਜੋਦੜੋ ਦੀ ਪੱਕੀ ਹੋਈ ਇਟ ਪੰਜਾਬ ਵਿਚੋਂ ਲੱਭੀ ਹੈ ਪਰ ਇਹ ਨਹੀਂ ਕਹਿੰਦੇ ਕਿ ਉਹ ਜਿਹੜੀਆਂ ਇੱਟਾਂ ਜਾਂ ਕੰਧਾਂ ਸੀ, ਉਨ੍ਹਾਂ ਦੀ ਗਿਣਤੀ-ਮਿਣਤੀ ਵੀ ਇਸ ਤਰ੍ਹਾਂ ਦੀ ਸੀ, ਤੇ ਮੈਥੇਮੈਟਿਕਸ ਵੀ ਉਦੋਂ ਸੀ। ਜੇ ਉਦੋਂ ਮੈਥੇਮੈਟਿਕਸ ਨਹੀਂ ਸੀ ਤਾਂ ਏਡੇ ਵੱਡੇ ਮੰਦਰਾਂ ਤੇ ਇਮਾਰਤਾਂ ਦੀ ਉਸਾਰੀ ਕਿਵੇਂ ਹੋਈ?

ਐਚ.ਜੇ. ਵਿੰਟਰ ਨਾਂ ਦੇ ਇਕ ਇਤਿਹਾਸਕਾਰ ਨੇ ਲਿਖਿਆ ਹੈ ਕਿ ਬਿਨਾਂ ਸ਼ੱਕ ਭਾਰਤੀ ਮੈਥੇਮੈਟਿਕਸ ਦੁਨੀਆਂ ਦਾ, ਮੱਧ ਵਰਤੀ ਪੁਰਾਤਨ ਸਮੇਂ ਵਿਚ ਸਾਰੀ ਦੁਨੀਆਂ ਤੋਂ ਵਧੀਆ ਸੀ। ਉਹ ਸਤਰਾਂ ਸਾਰਿਆਂ ਨੇ ਪੜ੍ਹੀਆਂ ਪਰ ਉਸਨੂੰ ਕਿਸੇ ਨੇ ਸਾਹਮਣੇ ਨਹੀਂ ਲਿਆਂਦਾ। ਪਤਾ ਨਹੀਂ ਉਸ ਉਤੇ ਕਿਸੇ ਨੇ ਕਿਉਂ ਨਾ ਪੀ ਐਚ.ਡੀ. ਕਰਨ ਦੀ ਕੋਸ਼ਿਸ਼ ਕੀਤੀ। ਗੁਣਾਂ ਤਕਸੀਮ ਵੀ ਰੋਮਨ ਸਭਿਅਤਾ ਵਿਚ ਪੰਦਰਵੀ ਸਦੀ ਵਿਚ ਮਿਲਦੀ ਹੈ। ਭਾਰਤੀ ਸਭਿਅਤਾ ਵਿਚ ਇਸ ਦਾ ਜ਼ਿਕਰ 11ਵੀਂ ਸਦੀ ਵਿਚ ਮਿਲਦਾ ਹੈ। ਅੰਗਰੇਜ਼ਾਂ ਤੇ ਕਈ ਇਤਿਹਾਸਕਾਰਾਂ ਨੇ ਤਾਂ ਇਹ ਵੀ ਲਿਖਿਆ ਹੈ ਕਿ ਗੁਣਾਂ ਤੇ ਤਕਸੀਮ ਦੀ ਕਾਢ ਵੀ ਭਾਰਤ ਵਿਚ ਹੀ ਹੋਈ। ਇਹਦੇ ਵਿਚ ਸਾਡੇ ਕੋਲ ਕੋਈ ਦਲੀਲ ਦੇਣ


Academy of the Punjab in North America: http://www.apnaorg.com

ਵਾਲੀ ਗੱਲ ਸਾਹਮਣੇ ਨਹੀਂ ਆਈ। ਇਸ ਕਰਕੇ ਅਸੀਂ ਇਸ ਵਿਸ਼ੇ ਦੇ ਵਿਸਥਾਰ ਵਿਚ ਹੋਰ ਨਹੀਂ ਜਾਵਾਂਗੇ।

ਭਾਰਤੀ ਮੂਲ ਦੇ ਵਿਦਵਾਨਾਂ ਨੂੰ ਬੇਨਤੀ ਹੈ ਕਿ ਮੇਮ ਦੇ ਦੋਹਤੇ ਨਾ ਬਣੋ, ਪਹਿਲਾਂ ਆਪਣੀ ਮਾਤਾ ਭਾਸ਼ਾ ਸੰਸਕ੍ਰਿਤ ਪੜ੍ਹ ਕੇ ਤੇ ਸਮਝ ਕੇ ਸੰਸਕ੍ਰਿਤ ਵਿਚ ਲਿਖ ਹੋਏ ਪੁਰਾਤਨ ਗ੍ਰੰਥਾਂ ਉਪਰ ਖੋਜ ਕਰੋ। ਬਾਅਦ ਵਿਚ ਲੋਕਾਂ ਦੀਆਂ ਦੱਸੀਆਂ ਦਸਾਈਆਂ ਰਾਹਾਂ ਤੇ ਚਲਣ ਨੂੰ ਤੁਹਾਡਾ ਦਿਲ ਹੀ ਨਹੀਂ ਕਰੇਗਾ। ਸਾਡੇ ਮੁੱਢਲਰਾਹ, ਦੁਨੀਆਂ ਦਾ ਸਾਰਾ ਗਿਆਨ ਤੇ ਸਾਰੀ ਫਿਲਾਸਫ਼ੀ ਭਾਰਤ ਵਿਚੋਂ ਸ਼ੁਰੂ ਹੁੰਦੀ ਹੈ, ਸਾਰੀ ਦੁਨੀਆਂ ਦੇ ਰਾਹ, ਸਾਰੀ ਦੀ ਸਾਰੀ ਫਿਲਾਸਫ਼ੀ, ਭਾਰਤ ਵਿਚੋਂ ਸ਼ੁਰੂ ਹੁੰਦੀ ਹੈ। ਪਰ ਅਸੀਂ ਤਾਂ ਹੀ ਦਲੀਲ ਦੇ ਸਕਦੇ ਹਾਂ ਜੇ ਇਸ ਨੂੰ ਸਮਝਣ ਦਾ ਯਤਨ ਕਰਾਂਗੇ। ਸਮਝ ਵੀ ਤਾਂ ਹੀ ਸਕਦੇ ਹਾਂ ਜੇ ਜਿਸ ਭਾਸ਼ਾ ਵਿਚ ਉਹ ਮੁੱਢਲੇ ਗ੍ਰੰਥ ਲਿਖ ਹੋਏ ਹਨ, ਉਹ ਭਾਸ਼ਾ ਪੜ੍ਹੀਏ ਤੇ ਸੁਣੀਏ। ਫਿਰ ਜਾ ਕੇ ਅਸੀਂ ਆਪਣੇ ਵਿਰਸੇ ਦੀ, ਆਪਣੇ ਅਤੀਤ ਦੀ ਗੱਲ ਕਰ ਸਕਦੇ ਹਾਂ ਤੇ ਲੋਕਾਂ ਨੂੰ ਸਮਝਾ ਸਕਦੇ ਹਾਂ। ਸਾਡਾ ਵਿਰਸਾ ਸਾਡਾ ਅਤੀਤ ਏਨਾ ਅਮੀਰ ਹੈ ਕਿ ਪਤਾ ਨਹੀਂ ਅਸੀਂ ਕਿਉਂ ਅਨਪੜ੍ਹ ਜਿਹੇ ਬਣ ਕੇ ਦੁਨੀਆਂ ਦੇ ਮਗਰ ਤੁਰੇ ਫਿਰਦੇ ਹਾਂ। ਦੁਨੀਆਂ ਦੇ ਕੱਲ੍ਹ ਜੰਮੇ ਇਤਿਹਾਸ ਨੂੰ, ਕੱਲ੍ਹ ਜੰਮੀ ਭਾਸ਼ਾ ਨੂੰ ਮੁੜ ਮੁੜ ਕੇ ਅੰਗ੍ਰੇਜ਼ੀ ਦੀ ਸਿਆਣਪ ਉਤੇ ਯਕੀਨ ਕਰਦਾ ਹਾਂ। ਸੌ ਸਿਆਣਪਾਂ ਸਾਡੇ ਬਜ਼ੁਰਗਾਂ ਦੀਆਂ, ਉਨਾਂ ਦੀ ਸਾਡੇ ਦਿਲ ਵਿਚ ਕੋਈ ਅਹਿਮੀਅਤ ਹੀ ਨਹੀਂ ਹੈ। ਇਹ ਸਾਡੇ ਲਈ ਬਹੁਤ ਹੀ ਦੁਖਦਾਇਕ ਗੱਲ ਹੈ। ਆਓ! ਆਪਣਾ ਅਤੀਤ ਪੜ੍ਹੀਏ, ਸਮਝੀਏ ਤੇ ਲੋਕਾਂ ਨੂੰ ਸਮਝਾਈਏ!

ਭਗਵਾਨ ਸ਼੍ਰੀ ਰਾਮ, ਕ੍ਰਿਸ਼ਨ ਭਗਵਾਨ ਤੇ ਨੌਵੇਂ ਅਵਤਾਰ ਬੁੱਧ ਨੂੰ ਤਾਂ ਅਸੀਂ ਅੱਜ ਯਾਦ ਕਰ ਲੈਂਦੇ ਹਾਂ। ਪਰ ਦਸਵਾਂ ਦਰਵਾਜ਼ਾ ਅਜੇ ਤੱਕ ਬੰਦ ਰੱਖਿਆ ਹੋਇਆ ਹੈ। ਦਸਵਾਂ ਦਰਵਾਜ਼ਾ ਅਸੀਂ ਖੋਲ੍ਹੀਏ। ਦਸਵੇਂ ਦਰਵਾਜ਼ੇ ਨੂੰ, ਕਲਯੁੱਗ ਨੂੰ ਸਮਝਣ ਲਈ ਸਾਡੇ ਕੋਲ ਬਹੁਤ ਹੀ ਵਿਧੀ ਵਿਧਾਨ ਹਨ। ਅਸੀ ਇਸ ਕਿਤਾਬ ਵਿਚ ਕਲਯੁੱਗ ਦੇ ਦਸਵੇਂ ਦੁਆਰ ਦੀਆਂ ਗੱਲਾਂ ਕਰਾਂਗੇ। ਇਹ ਅਪਣਾ ਅਤੀਤ ਸਮਝਣਾ ਹੈ ਤਾਂ ਦਸਵਾਂ ਦਰਵਾਜ਼ਾ ਖੋਲ੍ਹਣਾ ਪਵੇਗਾ। ਦਸਵੇਂ ਦਰਵਾਜ਼ੇ ਨੂੰ ਖੋਲ੍ਹਣ ਦੇ ਜੋ ਵਿਧੀਵਿਧਾਨ ਹਨ, ਉਹ ਸਾਡੇ ਕੋਲ ਭਾਰਤੀ ਮੂਲ ਵਿਚ, ਭਾਰਤੀ ਸਭਿਅਤਾ ਵਿਚ, ਭਾਰਤੀ ਕ੍ਰਿਤਾਂ ਵਿਚ, ਭਾਰਤੀ ਗ੍ਰੰਥਾਂ ਵਿਚ ਮੌਜੂਦ ਹਨ। ਜੇ ਸਾਡਾ ਖੋਲ੍ਹਣ ਦਾ ਚਾਓ ਹੈ, ਜੇ ਆਪਣਾ ਅਤੀਤ ਸਮਝਣ ਦਾ ਚਾਓ ਹੈ, ਸਾਨੂੰ ਰੀਝ ਹੈ, ਤਾਂ ਸਾਨੂੰ ਆਪਣੇ ਗ੍ਰੰਥ ਪੜ੍ਹਨੇ ਪੈਣਗੇ। ਇਹ ਧਰਮ ਕੀ ਹੈ? ਇਹ ਕਿਥੋਂ ਚਲਿਆ? ਧਰਮ ਨੂੰ ਸਮਝਣਾ ਤੇ ਸਮਝਾਉਣਾ, ਧਰਮ ਦੀ ਡੂੰਘਾਈ ਤੱਕ ਜਾਣਾ, ਇਹ ਗੱਲਾਂ ਸਾਡੇ ਗ੍ਰੰਥਾਂ ਵਿਚ ਅਣਡਿੱਠ ਤੇ ਅਣਛੋਹ ਪਈਆਂ ਹਨ। ਅਸੀਂ ਉਨ੍ਹਾਂ ਨੂੰ ਵੇਖਿਆ ਹੀ ਨਹੀਂ। ਜੇ ਸਾਡੇ 'ਤੇ ਦਇਆ ਹੋ ਜਾਵੇ, ਸਾਡੇ ਕੋਲ ਆਪਣੇ ਗ੍ਰੰਥਾਂ ਨੂੰ ਪੜ੍ਹ ਸਕਣ ਦਾ ਸਮਾਂ ਸ਼ਕਤੀ ਤੇ ਸੋਝੀ ਸਤਿਗੁਰੂ ਦੇਵੇ ਤਾਂ ਅਸੀਂ ਆਪਣੇ ਅਤੀਤ ਨੂੰ ਆਪਣੀ ਕਲਮ ਨਾਲ ਫਿਰਤੋਂ ਲਿਖੀਏ। ਆਪਣੀ ਭਾਸ਼ਾ ਵਿਚ ਲਿਖੀਏ ਤੇ ਫਿਰ ਲੋਕਾਂ ਨੂੰ ਦੱਸੀਏ।


Academy of the Punjab in North America: http://www.apnaorg.com

# ਆਪਣਾ ਮੁੱਢ ਕਦੀਮ

ਬੰਦੇ ਦੇ ਜੀਵਨ ਦੀ ਸ਼ੁਰੂਆਤ, ਇਨਸਾਨ ਦੇ ਜੀਵਨ ਦੀ ਨਾ ਕਹੋ, ਬੰਦੇ ਦਾ ਅਤੀਤ, ਬੰਦੇ ਦੀ ਸ਼ੁਰੂਆਤ ਬੰਦਾ ਇਨਸਾਨ ਤਾਂ ਉਦੋਂ ਬਣਦਾ ਹੈ ਜਦੋਂ ਉਸਦੇ ਵਿਚ ਇਨਸਾਨੀਅਤ ਆ ਜਾਂਦੀ ਹੈ। ਇਹ ਗੱਲ ਅਸੀਂ ਉਸ ਸਮੇਂ ਦੀ ਕਰਦੇ ਹਾਂ ਜਦੋਂ ਅਜੇ ਅਸੀਂ ਇਹ ਦਾਅਵੇ ਨਾਲ ਨਹੀਂ ਕਹਿ ਸਕਦੇ ਕਿ ਇਹ ਇਨਸਾਨੀਅਤ ਬੰਦੇ ਦੇ ਵਿਚ ਸੀ, ਇਨਸਾਨੀਅਤ ਦੀ ਬੰਦੇ ਨੂੰ ਸਮਝ ਆ ਗਈ ਸੀ, ਜਾਂ ਨਹੀਂ। ਵੈਸੇ ਇਨਸਾਨੀਅਤ ਤੇ ਇਨਸਾਨ ਦਾ ਜਨਮ ਇਕੱਠਾ ਹੀ ਹੈ, ਪਰ ਜਦੋਂ ਬੰਦਾ ਇਨਸਾਨ ਬਣਿਆ, ਬੰਦਾ ਮੁੱਢ-ਕਦੀਮ ਤੋਂ, ਜਿਵੇਂ ਅਸੀਂ ਪਿਛਲੇ ਅਧਿਆਏ ਵਿਚ ਇਹ ਚਰਚਾ ਕੀਤੀ ਕਿ ਬੰਦਾ ਪਹਿਲਾਂ ਉਹਨਾਂ ਹੀ ਤੱਤਾਂ ਦਾ ਬਣਿਆ, ਜਿਹਨਾਂ ਤੱਤਾਂ ਦੀ ਧਰਤੀ ਅਤੇ ਜਾਨਵਰ ਬਣੇ ਸਨ। ਜੇ ਧਰਤੀ ਪਹਿਲਾਂ ਬਣੀ ਤਾਂ ਬੰਦਾ ਵੀ ਉਸੇ ਤਰਾਂ ਬਹੁਤ ਚਿਰ ਪਹਿਲਾਂ ਬਣਿਆ। ਜਿਵੇਂ ਜਾਨਵਰ ਬਹੁਤ ਚਿਰ ਪਹਿਲਾਂ ਬਣੇ, ਬਹੁਤ ਚਿਰੋਕਣੇ ਇਸ ਦੁਨੀਆਂ ਵਿਚ ਵਿਚਰ ਰਹੇ ਸਨ, ਇਸੇ ਤਰਾਂ ਹੀ ਬੰਦਾ ਵੀ ਜਾਨਵਰਾਂ ਵਾਂਗ ਇਸ ਧਰਤੀ 'ਤੇ ਫਿਰ ਰਿਹਾ ਸੀ। ਬੰਦਾ ਉਥੇ ਪੈਦਾ ਹੋ ਸਕਦਾ, ਜਿਥੇ ਹੋਰ ਜੀਵ ਜੰਤੂ ਪੈਦਾ ਹੋ ਸਕਦੇ, ਸਾਰੀ ਸ੍ਰਿਸ਼ਟੀ ਦੇ ਜੀਵ ਜੰਤੂ ਭਲਾ ਜਿੱਥੇ ਪੈਦਾ ਹੋ ਸਕਦੇ ਹਨ?

ਜੇ ਅਸੀਂ ਸਾਧਾਰਨ ਤਰੀਕੇ ਨਾਲ ਵੀ ਸੋਚੀਏ ਤਾਂ ਬੰਦਾ, ਜਿਥੇ ਦਾ ਮੌਸਮ ਬਹੁਤ ਵਧੀਆ ਹੋਵੇਗਾ, ਉਸ ਜਗ੍ਹਾ ਹੀ ਜੰਮਿਆਂ ਹੋਵੇਗਾ। ਪਰ ਜੇ ਸਾਰੀ ਸ੍ਰਿਸ਼ਟੀ ਇਕੋ ਵਾਰੀ ਜਨਮੀ ਹੈ, ਤਾਂ ਜਦੋਂ ਧਰਤੀ ਬਣੀ ਤਾਂ ਉਸ ਤੋਂ ਬਾਅਦ ਜੀਵ ਜੰਤੂ ਵੀ ਜਲਦੀ ਬਣ ਗਏ। ਜਦੋਂ ਜੀਵ ਜੰਤੂ ਬਣੇ, ਉਹ ਕਿਸ ਜਗ੍ਹਾ ਤੇ ਬਣ ਸਕਦੇ ਸੀ? ਇਹਦੇ ਵੱਲ ਜ਼ਰਾ ਗਹੁ ਨਾਲ ਵੀਚਾਰ ਕਰੀਏ। ਜੀਵ ਜੰਤੂ ਬਹੁਤ ਉੱਚੀਆਂ ਪਹਾੜੀਆਂ ਤੇ ਹੋ ਨਹੀਂ ਸਕਦੇ ਸੀ। ਬੰਦਾ ਬਹੁਤ ਉੱਚੀਆਂ ਪਹਾੜੀਆਂ 'ਤੇ ਜੰਮ ਹੀ ਨਹੀਂ ਸਕਦਾ ਸੀ। ਉੱਚੀਆਂ ਪਹਾੜੀਆਂ 'ਤੇ ਤਾਂ ਆਕਸੀਜਨ ਵੀ ਨਹੀਂ ਹੁੰਦੀ। ਹਵਾ ਬੰਦੇ ਦੇ ਜਿਉਣ ਵਾਸਤੇ ਜ਼ਰੂਰੀ ਹੁੰਦੀ ਹੈ। ਉੱਚੀਆਂ ਪਹਾੜੀਆਂ 'ਤੇ ਤਾਂ ਜੜ੍ਹੀ ਬੂਟੀ ਤੇ ਰੁੱਖ ਬੂਟਾ ਵੀ ਕੋਈ ਨਹੀਂ ਹੁੰਦਾ, ਜੀਵ ਜੰਤੂ ਵੀ ਨਹੀਂ ਹੁੰਦੇ, ਕੀੜੇ ਮਕੌੜੇ ਵੀ ਨਹੀਂ ਹੁੰਦੇ। ਉੱਚੀਆਂ ਪਹਾੜੀਆਂ 'ਤੇ ਪੰਛੀ ਵੀ ਨਹੀਂ ਹੁੰਦੇ। ਜੇ ਉੱਚੀਆਂ ਪਹਾੜੀਆਂ 'ਤੇ ਕੁਝ ਵੀ ਨਹੀਂ ਹੋਇਆ ਹੋਵੇਗਾ ਤਾਂ ਬੰਦਾ ਵੀ ਉੱਚੀਆਂ ਪਹਾੜੀਆਂ ਤੇ ਨਹੀਂ ਪੈਦਾ ਹੋਇਆ ਹੋਵੇਗਾ। ਇਹ ਗੱਲ ਪੱਕੀ ਹੈ ਕਿ ਜਿਥੇ ਵੀ ਉੱਚੀਆਂ ਪਹਾੜੀਆਂ ਹਨ, ਜਿਹੜੇ ਪਹਾੜੀ ਬਰਫਾਨੀ ਦੇਸ਼ ਹਨ, ਜੇ ਉਹ ਕੱਢ ਦੇਈਏ ਤਾਂ ਬਾਕੀ ਕੀ ਬਚਿਆ? ਬਾਕੀ ਦੋ ਤਿਹਾਈ ਸਮੁੰਦਰ ਹੈ। ਸਮੁੰਦਰ ਦੇ ਵਿਚਕਾਰ ਜਾ ਕੇ, ਜਿਥੇ ਸਮੁੰਦਰ ਧਰਤੀ ਨੂੰ ਨਹੀਂ ਛੂੰਹਦਾ, ਉਥੇ ਵੀ ਕੁਝ ਨਹੀਂ ਹੋ ਸਕਦਾ। ਸਮੁੰਦਰੀ ਜੀਵ ਵੀ ਸਮੁੰਦਰੀ ਕੰਢਿਆਂ ਦੇ ਨਾਲ-ਨਾਲ ਹੀ ਜ਼ਿਆਦਾ ਮਿਲਦੇ ਹਨ, ਜਿਥੇ ਧਰਤੀ ਲਾਗੇ ਲਗਦੀ ਹੈ। ਹਾਂ ਬਹੁਤ ਵੱਡੀਆਂ ਵੇਲ ਮੱਛੀਆਂ ਜਾਂ ਬਹੁਤੇ ਵੱਡੇ ਕੋਈ ਜੀਵ ਹੋਣਗੇ, ਉਹ ਧਰਤੀ ਦੇ ਤੱਟ ਤੋਂ ਥੋੜ੍ਹਾ ਦੂਰ ਮਿਲ ਸਕਦੇ ਹਨ ਕਿਉਂਕਿ ਉਹ ਏਨੇ ਵੱਡੇ ਹਨ, ਜਿੰਨੀ ਉਨ੍ਹਾਂ ਨੂੰ ਖੁਰਾਕ ਚਾਹੀਦੀ ਹੈ, ਓਨੇ ਛੋਟੇ ਜੀਵ ਉਹਨਾਂ ਨੂੰ ਖਾਣ ਲਈ ਨਹੀਂ ਮਿਲਦੇ ਜਿਸ ਨਾਲ ਉਹ ਜੀਅ ਸਕਦੇ ਹਨ। ਪਰ ਧਰਤੀ ਦੇ ਲਾਗਿਉਂ ਜਿੰਨਾਂ ਚਿਰ ਖੁਰਾਕ ਨਹੀਂ ਮਿਲਦੀ, ਓਨਾ ਚਿਰ ਤੱਕ ਕੋਈ ਵੀ ਜੀਵ ਜਾਂ ਬੰਦਾ ਜਿਉਂਦਾ ਨਹੀਂ ਰਹਿ ਸਕਦਾ।

ਅਸੀਂ ਹੁਣ ਤੱਕ ਇਸ ਸਿੱਟੇ ਤੇ ਪਹੁੰਚੇ ਹਾਂ ਕਿ ਡੂੰਘੇ ਸਮੁੰਦਰਾਂ ਵਿਚ ਆਦਮੀ ਪੈਦਾ ਨਹੀਂ ਹੋਇਆ। ਇਸ ਸ੍ਰਿਸ਼ਟੀ ਦੀ ਰਚਨਾ ਡੂੰਘੇ ਸਮੁੰਦਰਾਂ ਵਿਚੋਂ ਨਹੀਂ ਹੋਈ। ਉਚਿਆਂ ਬਰਫਾਨੀ ਪਰਬਤਾਂ ਵਿਚ ਵੀ ਨਹੀਂ ਹੋਈ। ਸਾਇਬੇਰੀਆ ਤੇ ਟੁੰਡਰਾ ਦੇ ਜੋ ਮੈਦਾਨ ਹਨ, ਇਹੋ ਜਿਹੇ ਬਰਫਾਨੀ ਇਲਾਕਿਆਂ ਵਿਚ ਵੀ ਘੱਟੋ ਘੱਟ ਸ੍ਰਿਸ਼ਟੀ ਦੀ ਰਚਨਾ ਸ਼ੁਰੂ ਨਹੀਂ ਹੋਈ। ਉੱਚੇ ਪਹਾੜਾਂ ਜਾਂ ਡੂੰਘੇ ਸਮੁੰਦਰਾਂ ਵਿਚ ਸ੍ਰਿਸ਼ਟੀ ਸ਼ੁਰੂ ਨਹੀਂ ਹੋਈ।

ਬਾਕੀ ਰਹੀ ਗੱਲ ਵਾਤਾਵਰਣ ਦੇ ਹਿਸਾਬ ਨਾਲ। ਭੂ ਮਧ ਰੇਖਾ ਜਾਂ ਕਰਕਰੇਖਾ ਦੇ ਹਿਸਾਬ ਨਾਲ ਵੇਖੀਏ ਤਾਂ,


Academy of the Punjab in North America: http://www.apnaorg.com

ਜਿਹਨਾਂ ਇਲਾਕਿਆਂ ਵਿਚ ਬਹੁਤ ਜ਼ਿਆਦਾ ਗਰਮੀ ਪੈਂਦੀ ਹੈ, ਉਹਨਾਂ ਇਲਾਕਿਆਂ ਵਿਚ ਵੀ ਦੁਨੀਆਂ ਨਹੀਂ ਪੈਦਾ ਹੋਈ ਹੋਵੇਗੀ। ਜਿਥੇ ਅਮਰੀਕਾ ਦੀ ਮੌਤ ਦੀ ਵਾਦੀ ਵਾਂਗੂ ਇੰਨੀ ਜ਼ਿਆਦਾ ਗਰਮੀ ਪੈਂਦੀ ਹੈ, ਜਾਂ ਅਫਰੀਕਨ ਦੇਸ਼ਾਂ ਵਾਂਗ ਜਾਂ ਅਰਬ ਦੇਸ਼ਾਂ ਵਾਂਗੂ, ਜਿਥੇ ਅੱਜ ਵੀ ਇੰਨੀ ਜ਼ਿਆਦਾ ਗਰਮੀ ਪੈਂਦੀ ਹੈ ਕਿ ਜੇ ਬੰਦਾ ਇਕੱਲਾ ਰਹਿ ਜਾਏ ਤਾਂ ਸੜ ਮਰੂਗਾ। ਇਨਸਾਨ ਨੂੰ ਜਿਉਂਦੇ ਰਹਿਣ ਲਈ ਬਣਾਵਟੀ ਸਹੂਲਤਾਂ ਦੀ ਲੋੜ ਪੈਂਦੀ ਹੈ ਤੇ ਇਹਨਾਂ ਨਕਲੀ ਚੀਜ਼ਾਂ ਨਾਲ ਬੰਦਾ ਜੀ ਸਕਦਾ, ਉਥੇ ਬੰਦਾ ਪੈਦਾ ਕਿਵੇਂ ਹੋਇਆ ਹੋਵੇਗਾ? ਉਥੇ ਜੀਵ-ਜੰਤੂ ਜਾਂ ਸ੍ਰਿਸ਼ਟੀ ਕਿਵੇਂ ਪੈਦਾ ਹੋਈ ਹੋਵੇਗੀ? ਉਥੇ ਵੀ ਬੰਦਾ ਨਹੀਂ ਪੈਦਾ ਹੋਇਆ ਹੋਵੇਗਾ, ਜਿਹੜੇ ਬਹੁਤ ਜ਼ਿਆਦਾ ਗਰਮ ਇਲਾਕੇ ਨੇ। ਇਸ ਲਈ ਨਾ ਡੂੰਘੇ ਸਮੁੰਦਰਾਂ ਵਿਚ ਨਾ ਉੱਚੇ ਪਹਾੜਾਂ ਵਿਚ, ਨਾ ਬਹੁਤੀ ਗਰਮੀ ਵਾਲੇ ਤੇ ਨਾ ਬਹੁਤੀ ਸਰਦੀ ਵਾਲੇ ਇਲਾਕਿਆਂ ਵਿਚ ਇਨਸਾਨ ਜਾਂ ਕੁਦਰਤ ਦੇ ਨਾਨਾ ਪ੍ਰਕਾਰ ਦੇ ਜੀਵ ਜੰਤੂ ਪੈਦਾ ਨਹੀਂ ਹੋਏ ਹੋਣਗੇ। ਤਾਂ ਫਿਰ ਹੋਰ ਕਿਹੜੇ ਇਲਾਕੇ ਬਚਦੇ ਹਨ? ਬਚਦੇ ਇਲਾਕੇ ਹਨ ਮੈਦਾਨੀ। ਕਈ ਮੈਦਾਨੀ ਇਲਾਕੇ ਐਸੇ ਹਨ, ਜਿਹਨਾਂ ਦੇ ਵਿਚ ਪਾਣੀ ਦੀ ਸਹੂਲਤ ਨਹੀਂ ਹੈ। ਜਿਥੇ ਪਾਣੀ ਨਹੀਂ ਹੈ, ਉਥੇ ਬੰਦਾ ਜੀਵੀ ਨਹੀਂ ਸਕਦਾ, ਪਾਣੀ ਤੋਂ ਬਗ਼ੈਰ ਜੀਵ ਜੰਤੂ ਬਣ ਹੀ ਨਹੀਂ ਸਕਦੇ। ਪਾਣੀ ਤੋਂਬਗ਼ੈਰ ਜੀਵਨ ਸੰਭਵ ਹੀ ਨਹੀਂ ਹੈ। ਜਿਥੇ ਪਾਣੀ ਦੀ ਸਹੂਲਤ ਲਗਾਤਾਰ ਨਹੀਂ ਹੈ, ਉਥੇ ਵੀ ਬੰਦਾ ਪੈਦਾ ਨਹੀਂ ਹੋਇਆ ਹੋਵੇਗਾ, ਭਾਵੇਂ ਉਹ ਜਿੰਨੇ ਮਰਜ਼ੀ ਵੱਡੇ ਮੈਦਾਨ ਹੋਵਣ। ਹਜ਼ਾਰਾਂ ਮੀਲ ਲੰਬੇ ਚੌੜੇ ਇਲਾਕੇ ਅਜਿਹੇ ਵੀ ਹਨ ਜਿਥੇ ਬੰਦੇ ਦੇ ਪੈਦਾ ਹੋਣ ਦੀ ਸ਼ੰਕਾ ਇਸ ਕਰਕੇ ਪੈਦਾ ਹੁੰਦੀ ਹੈ ਕਿਉਂਕਿ ਉਥੇ ਸਾਰਾ ਸਾਲ ਪਾਣੀ ਨਹੀਂ ਮਿਲਦਾ। ਬਾਕੀ ਕੀ ਰਹਿ ਗਿਆ? ਬਾਕੀ ਉਹ ਇਲਾਕੇ ਰਹਿ ਗਏ ਜਿਹੜੇ ਸਮੁੰਦਰ ਤੋਂ ਵੀ ਬਹੁਤੇ ਦੂਰ ਨਾ ਹੋਣ ਤੇ ਪਹਾੜਾਂ ਤੋਂ ਵੀ ਬਹੁਤੇ ਦੂਰ ਨਾ ਹੋਣ ਤੇ ਜਿਥੇ ਪਾਣੀ ਹਮੇਸ਼ਾ ਮਿਲੇ। ਭਲਾ ਦੁਨੀਆਂ ਵਿਚ ਉਹ ਇਲਾਕੇ ਕਿਹੜੇ ਹੋ ਸਕਦੇ ਹਨ? ਕੀ ਅਫਰੀਕਾ ਹੋ ਸਕਦਾ? ਕਦੇ ਵੀ ਨਹੀਂ, ਅਫਰੀਕਾ, ਜਿਥੇ ਅਜੇ ਵੀ ਬੰਦਾ ਸਹੂਲਤ ਤੋਂ ਬਗੈਰ ਨਹੀਂ ਜੀ ਸਕਦਾ, ਉਥੇ ਬੰਦਾ ਕਿਵੇਂ ਪੈਦਾ ਹੋਇਆ ਹੋਵੇਗਾ? ਚੀਨ ਦੇ ਜਿਹੜੇ ਉਪਰਲੇ ਇਲਾਕਿਆਂ ਨੂੰ ਅਸੀਂ ਗਿਣਦੇ ਹਾਂ, ਜਿੱਥੇ ਛੇ ਮਹੀਨੇ ਬਰਫ ਪੈ ਜਾਂਦੀ ਹੈ, ਉੱਥੇ ਬੰਦਾ ਕਿਵੇਂ ਪੈਦਾ ਹੋ ਸਕਦਾ? ਉੱਥੇ ਵੀ ਇਨਸਾਨ ਜਾਂ ਜੀਵ ਜੰਤੂ ਨਹੀਂ ਸੀ। ਨਾ ਚੀਨ ਵਿਚ ਤੇ ਨਾ ਯੂਨਾਨੀ ਜਾਂ ਰੋਮਨ ਸਭਿਅਤਾ ਵਿਚ ਬੰਦਾ ਪੈਦਾ ਹੋ ਸਕਦਾ। ਇਥੇ ਸਮੁੰਦਰਾਂ ਵਿਚ ਜੀਵ-ਜੰਤੂ ਪੈਦਾ ਹੋਏ ਹੋਣਗੇ। ਇਹ ਇਕ ਵਖਰਾ ਵਿਸ਼ਾਬਣ ਜਾਂਦਾ ਹੈ। ਇਸ ਬਾਰੇ ਵੀ ਅੱਗੇ ਚਰਚਾ ਕਰਾਂਗੇ।

ਸਾਡੇ ਹਿਸਾਬ ਦੇ ਨਾਲ ਜੀਵ ਜੰਤੂ ਸਮੁੰਦਰ ਦਾ ਪਾਣੀ ਪੀ ਕੇ ਨਹੀਂ ਜੀ ਸਕਦੇ। ਸਮੁੰਦਰ ਦਾ ਪਾਣੀ ਸਮੁੰਦਰੀ ਜੀਵ ਹੀ ਪੀ ਸਕਦੇ ਹਨ। ਸਮੁੰਦਰ ਦਾ ਪਾਣੀ ਕੋਈ ਸਾਧਾਰਨ ਵਿਅਕਤੀ ਜਾਂ ਸਾਧਾਰਨ ਜਾਨਵਰ ਵੀ ਨਹੀਂ ਪੀ ਸਕਦਾ। ਇਕ ਪਾਸੇ ਦਰਿਆ ਦਾ ਪਾਣੀ ਹੋਵੇ ਜਾਂ ਕੁਦਰਤੀ ਪਾਣੀ ਜਾ ਪਹਾੜੀ ਪਾਣੀ ਹੋਵੇ, ਉਹ ਪਾਣੀ ਪੀ ਕੇ ਸਾਰੇ ਜਾਨਵਰ ਖੁਸ਼ ਹੋਏ ਹੋਣਗੇ, ਸਮੁੰਦਰ ਦਾ ਪਾਣੀ ਤਾਂ ਕੇਵਲ ਸਮੁੰਦਰੀ ਜੀਵਾਂ ਵਾਸਤੇ ਹੀ ਜ਼ਰੂਰੀ ਹੈ। ਉਹ ਆਮ ਜਾਨਵਰ ਰੀਂਗਣ ਵਾਲੇ ਤੇ ਹੋਰ, ਸਮੁੰਦਰ ਦਾ ਪਾਣੀ ਪੀ ਕੇ ਜਿਉਂਦੇ ਨਹੀਂ ਰਹਿ ਸਕਦੇ। ਇਸ ਕਰਕੇ ਅਸੀਂ ਵੱਡੇ ਵੱਡੇ ਵਿਦਵਾਨਾਂ ਦੀਆਂ ਲਿਖੀਆਂ ਗੱਲਾਂ, ਰੋਮਨ ਤੇ ਯੂਨਾਨੀ ਸਭਿਅਤਾ ਬਾਰੇ ਕਹੀਆਂ ਗੱਲਾਂ ਵੇਖਾਂਗੇ। ਰੋਮਨ ਤੇ ਯੂਨਾਨੀ ਸਭਿਅਤਾ ਬਾਅਦ ਵਿਚ ਪੈਦਾ ਹੋਈ, ਜਦੋਂ ਬੰਦਾ ਇਨਸਾਨ ਬਣ ਚੁੱਕਾ ਸੀ। ਖ਼ੈਰ ਇਸ ਪਾਸੇ ਨਾ ਜਾਈਏ । ਬਾਕੀ ਰਿਹਾ ਉਹ ਇਲਾਕਾ ਜਿਹੜਾ ਪਹਾੜਾਂ ਤੋਂ ਵੀ ਬਹੁਤ ਦੂਰ ਨਾ ਹੋਵੇ, ਸਮੁੰਦਰ ਤੋਂ ਵੀ ਬਹੁਤਾ ਦੂਰ ਨਾ ਹੋਵੇ ਤੇ ਜਿਥੇ ਪਾਣੀ ਵੀ ਚੌਵੀ ਘੰਟੇ, 30 ਦਿਨ ਬਾਰਾਂ ਮਹੀਨੇ ਮਿਲੇ, ਭਾਵ ਜਿੱਥੇ ਸਹੂਲਤ ਹਮੇਸ਼ਾਂ ਹੋਵੇ।

ਉਹ ਇਲਾਕਾ ਕਿਹੜਾ ਹੋਇਆ? ਉਹ ਸਿੰਧ ਘਾਟੀ ਦੀ ਸਭਿਅਤਾ ਹੈ ਜਿਸਨੂੰ ਆਪਾਂ ਜਾਣਦੇ ਹਾਂ ਕਿ ਸਾਰੀ ਦੁਨੀਆਂ ਇਸ ਗੱਲ ਨਾਲ ਸਹਿਮਤ ਹੈ ਕਿ ਸਭ ਤੋਂ ਪਹਿਲਾ ਅੱਖਰ ਤੇ ਦੁਨੀਆਂ ਦੀਆਂ ਬਹੁਤ ਸਾਰੀਆਂ ਪਹਿਲੀਆਂ ਚੀਜ਼ਾਂ ਅਜਿਹੀਆਂ ਹਨ, ਜਿਹੜੀਆਂ ਸਿੰਧ ਘਾਟੀ ਵਿਚੋਂ ਮਿਲੀਆਂ। ਕੋਈ ਉਨ੍ਹਾਂ ਨੂੰ ਚੀਨ ਦੇ ਨਾਂ ਲਾਈ ਜਾਂਦਾ, ਕੋਈ


Academy of the Punjab in North America: http://www.apnaorg.com

ਕਿਸੇ ਹੋਰ ਦੇ ਨਾਂ ਲਾਈ ਜਾਂਦਾ। ਲੇਕਿਨ ਦੁਨੀਆਂ ਦੇ ਵਿਚ ਸਭ ਤੋਂ ਪਹਿਲਾਂ ਜੇ ਲਿਖਤੀ ਰੂਪ ਵਿਚ ਕੋਈ ਅੱਖਰ ਮਿਲਿਆ ਤਾਂ ਉਹ ਵੀ ਸਿੰਧ ਘਾਟੀ ਵਿਚੋਂ ਮਿਲਿਆ। ਦੁਨੀਆਂ ਦੀ ਸਭ ਤੋਂ ਪਹਿਲੀ ਕਿਤਾਬ ਰਿਗਵੇਦ, ਸਭ ਤੋਂ ਪਹਿਲੀ ਸੰਸਕ੍ਰਿਤ ਦੀ ਵਿਆਕਰਣ, ਸਭ ਤੋਂ ਪਹਿਲੀਆਂ ਜੋ ਜੋ ਚੀਜ਼ਾਂ ਮਿਲੀਆਂ, ਉਹ ਸਾਰੀਆਂ ਦੀਆਂ ਸਾਰੀਆਂ ਸਿੰਧ ਘਾਟੀ ਦੀ ਸਭਿਅਤਾ ਵਿਚੋਂ ਮਿਲੀਆਂ। ਉਹਦਾ ਕਾਰਨ ਕੀ ਸੀ? ਉਹਦਾ ਕਾਰਨ ਇਹ ਹੀ ਸੀ ਕਿ ਬੰਦੇ ਤੇ ਸਮੁੱਚੇ ਜੀਆਂ ਜੰਤੂਆਂ ਦੀ ਸ਼ੁਰੂਆਤ ਹੋਈ ਹੀ ਵਗਦੇ ਪਾਣੀਆਂ ਉੱਤੇ, ਜਿਥੇ **24** ਘੰਟੇ, **30** ਦਿਨ ਤੇ ਬਾਰਾਂ ਮਹੀਨੇ ਪਾਣੀ ਉਪਲਬਧ ਸੀ, ਇਹ ਸਤਲੁਜ ਦਰਿਆ ਅਤੇ ਸਿੰਧ ਦਰਿਆ ਦੇ ਵਿਚਕਾਰਲੇ ਇਲਾਕੇ ਵਿਚ ਕਈ ਤਰਾਂ ਦੇ ਨਦੀਆਂ ਨਾਲੇ, ਛੱਪੜ ਟੋਬੇ ਸਨ। ਇਹ ਇਹੋ ਜਿਹਾ ਸਹੂਲਤ ਵਾਲਾ ਪਾਣੀ ਸੀ, ਜਿਥੇ ਮੀਂਹ ਨਾ ਵੀ ਪਵੇ ਤਾਂ ਬੰਦਾ ਉਥੇ ਜਿਉਂਦਾ ਰਹਿ ਸਕਦਾ ਸੀ। ਸਾਡੇ ਹਿਸਾਬ ਨਾਲ ਜਿਸ ਇਲਾਕੇ ਵਿਚ ਇਸ ਸ੍ਰਿਸ਼ਟੀ ਦੀ, ਦੁਨੀਆਂ ਦੀ, ਸਾਰੇ ਜੀਵਾਂ-ਜੰਤੂਆਂ ਦੀ ਸ਼ੁਰੂਆਤ ਹੋਈ, ਇਹ ਇਲਾਕਾ ਸਿੰਧ ਅਤੇ ਸਤਲੁਜ ਦੇ ਵਿਚਕਾਰਲਾ ਇਲਾਕਾ ਹੀ ਜਾਪਦਾ ਹੈ। ਜੇ ਕਿਸੇ ਦੀ ਕੋਈ ਹੋਰ ਦਲੀਲ ਹੋਵੇ, ਤਾਂ ਸਾਨੂੰ ਕੋਈ ਇਤਰਾਜ਼ ਨਹੀਂ ਹੈ, ਪਰ ਜਿਹੜੀਆਂ ਵੀ ਲੋਕਾਂ ਨੇ ਦਲੀਲਾਂ ਦਿੱਤੀਆਂ ਤੇ ਗਰੀਕ ਜਾਂ ਰੋਮ, ਅਫਰੀਕਾ ਜਾਂ ਚੀਨ ਜਾਂ ਬੇਬੀਲੋਨ ਦੇ ਵਿਚ ਜੀਵਨ ਸ਼ੁਰੂਆਤ ਦੀਆਂ ਤਾਰੀਖਾਂ ਦਿੱਤੀਆਂ, ਉਹ ਸਾਰੀਆਂ ਦੀਆਂ ਸਾਰੀਆਂ ਤਾਰੀਖਾਂ ਦੇਣ ਵਾਲੀਆਂ ਇਤਿਹਾਸਕ ਕਿਤਾਬਾਂ **19**ਵੀਂ ਤੇ **20**ਵੀਂ ਸਦੀ ਵਿਚ ਰਚੀਆਂ ਗਈਆਂ। ਉਨ੍ਹਾਂ ਸਾਰੀਆਂ ਦੀਆਂ ਸਾਰੀਆਂ ਵਿਚੋਂ **90**% ਰਚਨਾਵਾਂ ਵੀਹਵੀਂ ਸਦੀ ਦੇ ਦੂਜੇ ਅੱਧ ਵਿਚ ਰਚੀਆਂ ਗਈਆਂ। **8**% ਵੀਹਵੀਂ ਸਦੀ ਦੇ ਪਹਿਲੇ ਸਮੇਂ ਦੀਆਂ ਤੇ ਸਿਰਫ **2**% ਰਚਨਾਵਾਂ ਇਤਿਹਾਸਕ ਹਨ। ਜਦੋਂ ਮਰਜ਼ੀ ਵੇਖ ਲਉ, ਜਿਹੜੀ ਮਰਜ਼ੀ ਵੇਖੋ, ਉਨ੍ਹਾਂ ਦੇ ਲੇਖਕ ਕੌਣ ਸੀ? ਉਹ ਸਾਰੇ ਦੇ ਸਾਰੇ ਇਤਿਹਾਸਕਾਰ **19**ਵੀਂ ਸਦੀ ਦੇਹਨ ਜਾਂ ਵੀਹਵੀਂ ਸਦੀ ਦੇ ਹਨ। ਉਹਨਾਂ ਨੇ ਤਾਰੀਖਾਂ ਮਿਥੀਆਂ ਹੋਈਆਂ ਕਿ ਇਸ ਸਾਲ ਵਿਚ ਇਹ ਹੋ ਗਿਆ, ਇਸ ਵਿਚ ਆਹ ਹੋ ਗਿਆ। ਇਕ ਦੂਜੇ ਦਾ ਨਾਮ ਲੈ ਕੇ ਉਹ ਆਪਣੇ ਵੀਚਾਰ ਦੀ ਪ੍ਰੋੜਤਾ ਕਰਦੇ ਹਨ। ਲੇਕਿਨ ਵਿਸਥਾਰ ਵਿਚ ਕੌਣ ਤੇ ਕਿਹੜੀ ਤਾਰੀਖ ਵਿਚ ਕਹਿ ਰਿਹਾ, ਇਹ ਅਸੀਂ ਅਗਲੇ ਪੰਨਿਆਂ ਵਿਚ ਜਾਣਾਂਗੇ।

ਆਪਾਂ ਇਸ ਵਿਸ਼ੇ ਵੱਲ ਅੱਗੇ ਵਧੀਏ ਕਿ ਬੰਦਾ ਇਸ ਪੁਰਾਣੇ ਵੱਡੇ ਪੰਜਾਬ ਵਿਚ ਪੈਦਾ ਹੋਇਆ ਜਿਸਦਾ ਇਲਾਕਾ ਢਾਈ ਲੱਖ ਮੀਲ ਤੋਂ ਵੱਧ ਸੀ। ਇਹਦੇ ਨਾਮਵੀ ਆਪਾਂ ਹੀ ਰਖੇ। ਇਸ ਇਲਾਕੇ ਵਿਚ ਹੀ ਸ੍ਰਿਸ਼ਟੀ ਪੈਦਾ ਹੋਈ ਹੈ। ਜਦੋਂ ਇਹ ਸ੍ਰਿਸ਼ਟੀ ਪੈਦਾ ਹੋਈ, ਅਸੀਂ ਇਸ ਤੋਂ ਅੱਗੇ ਤੁਰਦੇ ਹਾਂ, ਸ੍ਰਿਸ਼ਟੀ ਉਸ ਇਲਾਕੇ ਵਿਚ ਪੈਦਾ ਹੋਈ, ਜਿਸ ਇਲਾਕੇ ਵਿਚ ਜੀਵ ਜੰਤੂ, ਪਸ਼ੂ, ਪੰਛੀ, ਜਾਨਵਰ, ਰੁੱਖ ਬੂਟੇ ਆਪੋ ਆਪਣੀਆਂ ਨਸਲਾਂ ਵਿਚ ਵਿਚਰਦੇ ਗਏ, ਜਿਵੇਂ ਜਿਵੇਂ ਵਿਕਾਸ ਕਰਦੇ ਗਏ, ਜਿਵੇਂ ਜਿਵੇਂ ਹੀ ਉਹ ਵੱਡੇ ਹੋਏ, ਭਾਵੇਂ ਪਤਾ ਨਹੀਂ ਇਹਨੂੰ ਆਪਣੇ ਅਸਲੀ ਰੂਪ ਵਿਚ ਆਉਂਦਿਆਂ ਕਿੰਨੇ ਸਾਲ ਲੱਗੇ ਹੋਣ ਜਾਂ ਕਿੰਨੀਆਂ ਸਦੀਆਂ ਜਾਂ ਕਿੰਨੇ ਲੱਖ ਸਾਲ ਲਗੇ ਹੋਣਗੇ - ਇਸ ਚਰਚਾ ਵਿਚ ਅਸੀਂ ਨਹੀਂ ਪਵਾਂਗੇ। ਪਰ ਜਦੋਂ ਬੰਦਾ ਬੰਦੇ ਦੇ ਰੂਪ ਵਿਚ ਆ ਗਿਆ, ਅਜੇ ਇਨਸਾਨ ਨਹੀਂ ਬਣਿਆ ਸੀ, ਜਦੋਂ ਬੰਦੇ ਦਾ ਸਰੀਰ ਦਿਸਦੇ ਰੂਪ ਵਿਚ ਆ ਗਿਆ, ਬੰਦਾ ਇਥੇ ਜਾਨਵਰਾਂ ਵਾਂਗ ਵਿਚਰਦਾ ਸੀ।

ਦੁਨੀਆਂ ਦਾ ਕੋਈ ਵੀ ਜੀਵ ਹੋਵੇ, ਉਸ ਨੂੰ ਸਭ ਤੋਂ ਪਹਿਲਾਂ ਭੁੱਖ ਲਗਦੀ ਹੈ। ਸਭ ਤੋਂ ਪਹਿਲਾਂ ਖਾਣ ਦਾ ਹੀ ਇੰਤਜਾਮ ਕਰਦਾ। ਅੱਜ ਵੀ ਜੇ ਕੋਈ ਗਾਂ ਵੱਛੜੇ ਵੱਛੜੀ ਨੂੰ ਜਨਮ ਦਿੰਦੀ ਹੈ, ਜਾਂ ਕੋਈ ਹੋਰ ਪਸ਼ੂ ਆਪਣਾ ਬੱਚਾ ਜਨਮਦਾ ਹੈ ਤਾਂ ਉਹ ਸਭ ਤੋਂ ਪਹਿਲਾਂ ਆਪਣੀ ਮਾਂ ਦਾ ਦੁੱਧ ਲੱਭ ਲੈਂਦਾ ਹੈ। ਉਹਨਾਂ ਨਵ ਜਨਮਿਆਂ ਨੂੰ ਕੋਈ ਸਿਖਲਾਈ ਨਹੀਂ ਦਿੱਤੀ ਜਾਂਦੀ, ਖ਼ੁਦ ਹੀ ਲਭ ਲੈਂਦੇ ਹਨ। ਹਰ ਜਾਨਵਰ ਖਾਣ ਦਾ ਇੰਤਜ਼ਾਮ ਆਪ ਹੀ ਕਰਦਾ ਹੈ। ਹਰ ਜੀਨਜ਼ ਵਿਚ ਤੇ ਹਰ ਇਕ ਦੇ ਵਿਚ ਇਹ ਸੋਝੀ ਹੈ ਕਿ ਆਪਣਾ ਪੇਟ ਕਿਵੇਂ ਭਰਨਾ ਹੈ। ਬਾਅਦ ਵਿਚ ਵੱਡੇ ਹੋ ਕੇ ਜਾਨਵਰਾਂ ਨੇ ਦੇਖਾ ਦੇਖੀ ਵੀ ਥੋੜਾ ਬਹੁਤ ਸਿੱਖਿਆ। ਪਸ਼ੂ, ਪੰਛੀਆਂ ਤੇ ਜੀਵਾਂ ਨੇ ਇਕ ਦੂਜੇ ਤੋਂ


Academy of the Punjab in North America: http://www.apnaorg.com

ਸਿਖਿਆ। ਬੰਦੇ ਨੇ ਸ਼ੇਰ, ਚੀਤੇ, ਬਘਿਆੜ, ਕੁੱਤਿਆਂ, ਬਿੱਲਿਆਂ ਵਰਗੇ ਮਾਸਾਹਰੀ ਜੀਵਾਂ ਨੂੰ ਵੇਖਿਆ, ਜਿਵੇਂ ਜੀਵਾਂ ਨੂੰ ਕੱਚਾ ਮਾਸ ਖਾਂਦੇ ਵੇਖਿਆ, ਬੰਦਾ ਉਸ ਤਰਾਂ ਕੱਚਾ ਮਾਸ ਨਹੀਂ ਖਾ ਸਕਦਾ ਸੀ। ਉਸਨੂੰ ਉਹਦੇ ਵਿਚੋਂ ਮੁਸ਼ਕ ਆਉਂਦੀ ਸੀ। ਉਸ ਦਾ ਖਾਣ ਨੂੰ ਜੀ ਨਹੀਂ ਕਰਦਾ ਸੀ, ਉਸਨੇ ਸ਼ਾਕਾਹਾਰੀ ਜੀਵ ਘਾਹ ਫੂਸ ਖਾ ਕੇ ਗੁਜ਼ਾਰਾ ਕਰਦੇ ਦੇਖੇ, ਕੋਮਲ ਪੱਤੇ ਗੰਦਲਾਂ ਤੇ ਟਾਹਣੀਆਂ ਖਾਂਦੇ ਵੇਖਿਆ, ਮਨੁੱਖ ਨੇ ਵੀ ਜਨਮ ਵੇਲੇ ਦੁੱਧ ਲੱਭ  ਲਿਆ ਹੋਵੇਗਾ, ਜਿਵੇਂ ਪਸ਼ੂਆਂ ਦੇ ਬੱਚੇ ਲਭ ਲੈਂਦੇ ਸਨ। ਜਦੋਂ ਮਾਂ ਦੇ ਦੁੱਧ ਤੋਂ ਜ਼ਿਆਦਾ ਹੋਰ ਵਧੇਰੇ ਖਾਣ ਦੀ ਜ਼ਰੂਰਤ ਪਈ, ਤਾਂ ਬਾਕੀ ਦੇ ਹੋਰ ਜਾਨਵਰਾਂ ਵੱਲ ਵੇਖ ਕੇ, ਘਾਹ ਫੂਸ ਦੀਆਂ ਲਗਰਾਂ ਦਾ ਸੁਆਦ ਵੇਖਿਆ ਕਿ ਆਹ ਠੀਕ ਹੈ ਤੇ ਆਹ ਠੀਕ ਨਹੀਂ। ਘਾਹ ਫੂਸ ਕਰੂੰਬਲਾਂ ਤੇ ਗੰਦਲਾਂ ਖਾਂਦੇ ਖਾਂਦੇ ਉਸਨੇ ਫ਼ਲ ਖਾਧੇ ਤਾਂ ਉਸ ਨੂੰ ਪਤਾ ਲਗ ਗਿਆ ਕਿ ਆਹ ਮਿੱਠਾ ਹੈ। ਉਸ ਨੂੰ ਸੁਆਦ ਦੀ ਪਛਾਣ ਹੋ ਗਈ। ਲਗਰਾਂ, ਗੰਦਲਾਂ, ਘਾਹ ਫੂਸ ਤੇ ਫ਼ਲ ਖਾਂਦਿਆਂ ਉਸ ਨੂੰ ਮਿੱਠੇ, ਕੌੜੇ ਦੀ ਪਛਾਣ ਹੋ ਗਈ। ਇਹ ਲਭਦਿਆਂ ਲਭਾਉਂਦਿਆਂ ਬੰਦਾ ਦਰਖਤਾਂ 'ਤੇ ਨਿਰਭਰ ਕਰਨਲਗ ਪਿਆ। ਸਭ ਤੋਂ ਪਹਿਲਾਂ ਬੰਦੇ ਨੇ ਦਰਖਤਾਂ ਤੋਂ ਭੁਖ ਮਿਟਾਈ, ਵਨਸਪਤੀ ਤੋਂ ਮਿਟਾਈ। ਸਭ ਤੋਂ ਪਹਿਲੀ ਸਾਂਝ ਵੀ ਦਰਖਤਾਂ ਨਾਲ ਪਾਈ।

ਇਸ ਦੇ ਹੋਰ ਵੀ ਕਈ ਕਾਰਨ ਸਨ। ਇਕ ਕਾਰਨ ਤਾਂ ਇਹ ਸੀ ਕਿ ਜਦੋਂ ਕਿਤੇ ਬਾਰਸ਼ ਪੈਂਦੀ ਤਾਂ ਉਹ ਵੱਡੇ ਦਰਖਤਾਂ ਦੇ ਥੱਲੇ ਚਲੇ ਜਾਂਦੇ ਸਨ। ਮੀਂਹ ਤੋਂ ਬਚ ਜਾਂਦੇ ਸੀ। ਜੇ ਕੋਈ ਮਾਸਾਹਾਰੀ ਜਾਨਵਰ ਉਹਨਾਂ ਵੱਲ ਭੱਜ ਕੇ ਆਉਂਦਾ ਤਾਂ ਉਹ ਬਿੱਲੀ ਵਾਂਗ ਛਾਲ ਮਾਰ ਕੇ ਦਰਖਤ 'ਤੇ ਚੜ੍ਹ ਜਾਂਦੇ ਸੀ। ਇਸ ਤਰਾਂ ਉਹ ਬਚ ਜਾਂਦੇ। ਬੰਦੇ ਨੂੰ ਦਰਖਤਾਂ ਦਾ ਰੱਬ ਵਰਗਾ ਆਸਰਾ ਰਿਹਾ ਸੀ। ਮੁਢਲੇ ਬੰਦੇ ਤੋਂ ਲੈ ਕੇ ਅੱਜ ਤਕਦੇ ਬੰਦੇ ਨੂੰ ਦਰਖਤਾਂ ਦਾ ਬਹੁਤ ਆਸਰਾ ਹੈ। ਅੱਜ ਵੀ ਜੇ ਦਰਖਤਾਂ ਦੀ ਸਮਾਪਤੀ ਕਰਕੇ ਵੇਖੀਏ ਤਾਂ ਦੁਨੀਆਂ ਸਮਾਪਤ ਹੋ ਜਾਵੇਗੀ। ਦਰਖ਼ਤ ਬਹੁਤ ਜ਼ਿਆਦਾ ਜ਼ਰੂਰੀ ਹਨ। ਮੁਢਲੇ ਇਨਸਾਨ ਵਾਸਤੇ ਤਾਂ ਇਹ ਜੀਵਨ ਸੀ। ਉਦੋਂ ਦਰਖਤਾਂ ਦੇ ਫ਼ਲ ਖਾ ਕੇ, ਦਰਖਤਾਂ ਦੀ ਸੰਗਤ ਵਿਚ ਰਹਿ ਕੇ, ਦਰਖਤ ਹੀ ਉਸਦੇ ਘਰ ਅਤੇ ਮਿੱਤਰ ਬਣ ਗਏ। ਦਰਖਤ ਹੀ ਉਹਨਾਂ ਦੀ ਰੋਜ਼ੀ ਰੋਟੀ ਦੀ ਭੁਖ ਮਿਟਾਉਣ ਦਾ ਸਾਧਨ ਬਣ ਗਏ। ਦਰਖਤਾਂ ਉਪਰ ਚੜ੍ਹ ਕੇ ਉਸਦਾ ਬਚਾਓ ਹੋਣ ਲਗ ਪਿਆ।

ਉਸ ਤੋਂ ਬਾਅਦ ਜੀਵਨ ਅੱਗੇ ਤੁਰਿਆ। ਬੰਦਾ ਥੋੜਾ ਹੋਰ ਇਨਸਾਨੀਅਤ ਵੱਲ ਵਧਿਆ। ਜਦੋਂ ਇਕੱਠੇ ਰਹਿ ਕੇ ਸੁਖ ਲੈਣ ਦੀ ਸੋਝੀ ਬੰਦੇ ਨੂੰ ਆਈ ਤਾਂ ਬੰਦਿਆਂ ਦਾ ਇਕ ਦੂਜੇ ਦੇ ਲਾਗੇ ਆਉਣਾ ਸ਼ੁਰੂ ਹੋ ਗਿਆ। ਉਸਨੇ ਬਾਕੀ ਜਾਨਵਰਾਂ ਵੱਲ ਵੇਖਿਆ, ਇਕੋ ਜਿਹੇ ਖੰਭਾਂ ਵਾਲੇ ਜੀਵ ਇਕੱਠੇ ਉਡ ਸਕਦੇ ਹਨ, ਵੱਖ-ਵੱਖ ਪੰਛੀਆਂ ਨੂੰ ਤੁਰਦੇ ਵੇਖਿਆ- ਹਿਰਨਾਂ ਨੂੰ ਹਿਰਨਾਂ ਨਾਲ, ਹਾਥੀ ਨੂੰ ਹਾਥੀਆਂ ਨਾਲ, ਸੰਡੇ, ਝੋਟੇ, ਮਹੀਆਂ ਵੀ ਇਕੱਠੇ ਝੁੰਡ ਬਣਾ ਕੇ ਫਿਰਿਆ ਕਰਨ, ਸ਼ੇਰ ਆਪਣੇ ਝੁੰਡ ਬਣਾ ਕੇ ਫਿਰਿਆ ਕਰਨ- ਇਸ ਤਰਾਂ ਕੁਝ ਉਹਨਾਂ ਤੋਂ ਸੋਝੀ ਲੈ ਕੇ ਅਤੇ ਕੁਝ ਕੁਦਰਤੀ ਤੌਰ ਤੇਬੰਦੇ ਨੂੰ ਜਦੋਂ ਪਤਾ ਲੱਗ ਗਿਆ ਤਾਂ ਇਹ ਸੋਚ ਕੇ ਬੰਦੇ ਨੇ ਆਪਸ ਵਿਚ ਰਹਿਣਾ ਸ਼ੁਰੂ ਕੀਤਾ। ਇਹ ਵੀ ਡਾਰਵਿਨ ਦੀ ਥੋੜੀ ਬਹੁਤ ਸਚਾਈ ਹੋ ਸਕਦੀ ਹੈ ਕਿ ਬਾਂਦਰ ਬੰਦੇਵਰਗਾ ਲਗਦਾ ਹੈ। ਹੋ ਸਕਦਾ ਇਹ ਬਾਂਦਰ, ਰਿੱਛ, ਲੰਗੂਰ ਜਾਨਵਰ ਭੁਲੇਖੇ ਨਾਲ, ਬੰਦੇ ਨਾਲ ਇਕੱਠੇ ਜ਼ਰੂਰ ਰਹੇ ਹੋਣ। ਇਹਨਾਂ ਦੀ ਸਰੀਰਕ ਸਾਂਝ ਵੀ ਰਹੀ ਹੋਵੇ, ਇਹ ਤਾਂ ਹੋ ਸਕਦਾ ਹੈ। ਲੇਕਿਨ ਇਸ ਗੱਲ ਦੀ ਅਸੀਂ ਕਦਾਚਿਤ ਮਨਜ਼ੂਰੀ ਨਹੀਂ ਦੇ ਸਕਦੇ ਕਿ ਬਾਂਦਰ ਤੋਂ ਹੌਲੀ ਹੌਲੀ ਬਣਦਾ-ਬਣਦਾ ਬੰਦਾ ਬਣਿਆ। ਇਹ ਸਾਂਝ ਜ਼ਰੂਰ ਰਹੀ ਹੋਵੇਗੀ, ਭਾਵੇਂ ਇਹ ਇਕੱਠੇ ਰਹੇ ਜਾਂ ਕਿੰਨਾ ਚਿਰ ਤੇ ਕਿਵੇਂ ਨਿਭੇ। ਸਰੀਰਕ ਸਾਂਝ ਵੀ ਹੋਈ ਹੋਵੇਗੀ। ਪਰ ਕਦੇ ਵੀ ਇਹ ਨਹੀਂ ਸੋਚਣਾ ਚਾਹੀਦਾ। ਹੁਣ ਵੀ ਪੁਰਾਣੇ ਬਜ਼ੁਰਗਾਂ ਤੋਂ ਸੁਣਦੇ ਹਾਂ, ਆਪਣੇ ਅੱਖੀਂ ਤਾਂ ਨਹੀਂ ਵੇਖਿਆ, ਪਰ ਸੁਣਿਆ ਹੈ ਕਿ ਰਿਛ ਨੂੰ ਬੰਦੇ ਦੀ ਔਰਤ ਚੰਗੀ ਲਗਦੀ ਹੈ। ਇਸ ਤਰ੍ਹਾਂ ਸੰਬੰਧ ਤਾਂ ਰਿਹਾ, ਰਿੱਛਾਂ ਦਾ ਔਰਤ ਨਾਲ ਤੇ ਬਾਂਦਰਾਂ ਲੰਗੂਰਾਂ ਦਾ ਬੰਦਿਆਂ ਨਾਲ ਜ਼ਰੂਰ ਸਬੰਧ ਰਿਹਾ ਹੋਵੇਗਾ, ਲੇਕਿਨ ਬੰਦਾ ਬਾਂਦਰ ਤੋਂ ਬਿਲਕੁਲ ਨਹੀਂ ਬਣਿਆ। ਇਹ ਇਕੱਠੇ ਜ਼ਰੂਰ ਰਹੇ


Academy of the Punjab in North America: http://www.apnaorg.com

, ਬੰਦੇ ਇਕੱਠੇ ਹੋ ਕੇ ਸਮਾਜ ਦਾ ਰੂਪ ਧਾਰ ਕੇ ਸਮਾਜਕ ਝੁੰਡ ਬਣ ਗਏ। ਉਹਨਾਂ ਝੁੰਡਾਂ ਵਿਚ ਰਹਿਣਾ ਸ਼ੁਰੂ ਕੀਤਾ। ਫਿਰ ਇਕ ਦੂਜੇ 'ਤੇ ਨਿਰਭਰ ਹੋ ਕੇ ਰਿਸ਼ਤੇ ਨਿਭਾਉਣ ਦੀ ਭੁੱਖ ਲੱਗੀ। ਇਕ ਦੂਜੇ ਦੀ ਉਡੀਕ ਹੋਣ ਲਗੀ, ਇਕ ਦੂਜੇ ਦਾ ਆਸਰਾ ਬਣਨਾ ਸ਼ੁਰੂ ਕੀਤਾ। ਇਥੋਂ ਤੱਕ ਭਾਸ਼ਾਦੀ ਲੋੜ ਨਹੀਂ ਸੀ। ਕਿਸੇ ਨੂੰ ਦੇਖ ਕੇ ਅਸੀਂ ਦੱਸ ਸਕਦੇ ਹਾਂ ਕਿ ਪਈ ਕੀ ਗੱਲ, ਸੁੱਖਤਾਂ ਹੈ, ਮੂੰਹ ਤੋਂ ਵੇਖ ਕੇ ਹੀ ਅਸੀਂ ਕਹਿ ਸਕਦੇ ਹਾਂ ਕਿ ਬੜਾ ਹੱਸਣ ਡਿਆਂ ਆਂ, ਕੋਈ ਖੁਸ਼ੀ ਹੈ ਤਾਂ ਸਾਡੇ ਨਾਲ ਵੀ ਸਾਂਝੀ ਕਰ ਲੈ। ਖੁਸ਼ੀ ਵੰਡਿਆਂ ਵਧਦੀ ਹੈ, ਗਮੀ ਵੰਡਿਆਂ ਘੱਟਦੀ ਹੈ। ਇਹ ਚਿਹਰੇ ਤੋਂ ਵੇਖ ਕੇ ਅਸੀਂ ਪਤਾ ਲਗਾ ਸਕਦੇ ਹਾਂ।

ਇਨਸਾਨੀਅਤ ਦੇ ਇਕ ਦੂਜੇ ਦੇ ਨਾਲ ਰਿਸ਼ਤੇ ਬਣੇ, ਸਾਂਝ ਪਈ, ਬੰਦੇ ਨੂੰ ਬੰਦੇ ਦੀ ਲੋੜ ਪਈ। ਇਹ ਜ਼ਰੂਰੀ ਨਹੀਂ ਕਿ ਭਾਸ਼ਾ ਬਣ ਗਈ ਹੋਵੇ ਜਾਂ ਸਮਾਜਿਕ ਰਿਸ਼ਤੇ ਵਿਚ ਅਕਲ ਆ ਗਈ ਹੋਵੇ। ਇਥੋਂ ਤੱਕ ਨਾ ਵੀ ਹੋਇਆ ਲੇਕਿਨ ਉਦੋਂ ਹੀ ਬੰਦਿਆਂ ਨੇ ਬੰਦਿਆਂ ਨਾਲ ਝੁੰਡਾਂ ਵਿਚ ਰਹਿਣਾ ਸ਼ੁਰੂ ਕੀਤਾ। ਖੁਰਾਕ ਲਈ ਦਰਖਤਾਂ ਨਾਲ ਰਿਸ਼ਤਾ ਹੋ ਗਿਆ। ਜਦੋਂ ਫਿਰ ਆਬਾਦੀ ਵਧਦੀ ਗਈ, ਜਿਵੇਂ-ਜਿਵੇਂ ਇਹਨਾਂ ਦੀ ਗਿਣਤੀ ਵਧਦੀ ਗਈ, ਜਿਹਨਾਂ ਦਰਖਤਾਂ ਤੇ ਨਿਰਭਰ ਕਰਦੇ ਸੀ, ਉਹਨਾਂ ਦੀ ਉਸ ਇਲਾਕੇ ਵਿਚ ਥੁੜ ਮਹਿਸੂਸ ਹੋਈ। ਦਰਖਤਾਂ ਦੀ ਭਾਲ ਵਿਚ ਬੰਦਾ ਝੁੰਡਾਂ ਦੀ ਸ਼ਕਲ ਵਿਚ ਜਾਣ ਲੱਗਾ ਤੇ ਖਾਣ ਵਾਲੀਆਂ ਚੀਜ਼ਾਂ ਲੈ ਆਉਣੀਆਂ। ਇਸ ਤਰਾਂ ਬੰਦੇ ਨੇ ਵਾਪਾਰ ਲਈ ਤੇ ਹੋਰ ਕੰਮਾਂ ਲਈ ਘਰੋਂ ਬਾਹਰ ਨਿਕਲਣਾ ਸ਼ੁਰੂ ਕੀਤਾ।

ਤੀਸਰੀ ਸਟੇਜ ਵਿਚ ਬੰਦੇ ਨੇ ਅੱਗ ਨਾਲ ਸੜੀ ਚੀਜ਼ ਖਾ ਕੇ ਵੇਖੀ, ਉਸਨੂੰ ਬਹੁਤ ਸੁਆਦ ਲੱਗੀ। ਉਹੀ ਚੀਜ਼ ਉਸਨੂੰ ਕੱਚੀ ਸੁਆਦ ਨਹੀਂ ਲਗਦੀ ਸੀ। ਮਤਲਬ ਕਿ ਜੀਭ ਦਾ ਚਸਕਾ ਬੰਦੇ ਦੇ ਜੀਊਣ ਦਾ ਸਾਧਨ ਬਣੀ। ਜਦੋਂ ਫਿਰ ਅੱਗ ਦੀ ਸਹੂਲਤ ਹੋ ਗਈ ਤੇ ਅੱਗ ਵਿਚ ਭੁੰਨ ਕੇ ਖਾਣਾ ਸ਼ੁਰੂ ਕੀਤਾ ਤਾਂ ਉਸ ਨੂੰ ਪਤਾ ਲੱਗ ਗਿਆ ਕਿ ਅੱਗ ਵਿਚ ਭੁੰਨ ਕੇ ਜੋ ਮਰਜ਼ੀ ਖਾ ਲਉ। ਫਿਰ ਛੋਟੇ ਜਾਨਵਰਾਂ ਤੇ ਪੰਛੀਆਂ ਨੂੰ ਭੁੰਨ ਕੇ ਖਾਣਾ ਸ਼ੁਰੂ ਹੋ ਗਿਆ। ਜਦੋਂ ਜ਼ਿਆਦਾ ਭੁੱਖ ਲੱਗਣੀ ਤਾਂ ਪਾਣੀਆਂ ਤੇ ਸਮੁੰਦਰ ਦੀਆਂ ਮੱਛੀਆਂ ਵਰਗੇ ਜਾਨਵਰਾਂ ਨੂੰ ਪਕੜ ਕੇ ਤੇ ਭੁੰਨ ਕੇ ਆਪਣਾ ਭੋਜਨ ਦਾ ਸਾਧਨ ਬਣਾਉਣਾ ਸ਼ੁਰੂ ਕਰ ਦਿੱਤਾ। ਜਦੋਂ ਬੰਦੇ ਦੀ ਇਥੋਂ ਤੱਕ ਨੌਬਤ ਆ ਗਈ ਤਾਂ ਇਸ ਤੋਂ ਬਾਅਦ ਬੰਦੇ ਨੇ ਜਿਧਰ-ਜਿਧਰ ਪਾਣੀ ਵਗਦਾ ਸੀ, ਉਧਰ ਨੂੰ ਨਾਲ ਨਾਲ ਜਾ ਕੇ ਆਪਣੇ ਇਲਾਕੇ ਤੋਂ ਬਾਹਰ ਨਿਕਲਣ ਦਾ ਉਪਰਾਲਾ ਕਰਨਾ ਸ਼ੁਰੂ ਕਰ ਦਿੱਤਾ। ਨਵੇਂ ਢੰਗ ਤਰੀਕੇ ਅਪਣਾਉਣੇ ਸ਼ੁਰੂ ਕਰ ਦਿੱਤੇ। ਲੱਕੜਾਂ ਤਰਦੀਆਂ ਵੇਖ ਕੇ ਪਾਣੀ, ਦਰਿਆਵਾਂ, ਸਮੁੰਦਰਾਂ ਵਿਚ ਲੱਕੜਾਂ ਉਪਰ ਬੈਠ ਕੇ ਆਰ ਪਾਰ ਜਾਣ ਦਾ ਤਰੀਕਾ ਸਿਖਿਆ। ਫਿਰ ਬੰਦੇ ਨੂੰ ਹੌਲੀ ਹੌਲੀ ਸਮਝ ਆਉਣੀ ਸ਼ੁਰੂ ਹੋਈ ਤੇ ਉਸਦਾ ਵਿਕਾਸ ਹੁੰਦਾ ਗਿਆ। ਜਿਉਂ-ਜਿਉਂ ਉਸਦਾ ਦਿਮਾਗ ਤਰੱਕੀ ਕਰਦਾ ਗਿਆ, ਉਵੇਂ ਉਵੇਂ ਬੰਦਾ ਚੀਜ਼ਾਂ ਬਣਾਉਂਦਾ ਗਿਆ ਤੇ ਤੁਲ੍ਹੇ ਬਣਾ ਕੇ, ਬੇੜੀਆਂ ਬਣਾਕੇ, ਕਿਸ਼ਤੀਆਂ ਬਣਾਉਣੀਆਂ ਸ਼ੁਰੂ ਕਰ ਲਈਆਂ। ਲੱਕੜਾਂ ਇਕੱਠੀਆਂ ਕਰਕੇ ਬੰਨ ਕੇ ਲਿਆਉਣੀਆਂ, ਸਮੁੰਦਰ ਵਿਚ ਆਪਣੀ ਮਰਜ਼ੀ ਨਾਲ ਤੋਰਨ ਲਈ ਚੱਪੂ ਬਣਾਏ। ਚੱਪੂਆਂ ਦੇ ਨਾਲ ਸਮੁੰਦਰ ਦੇ ਕੰਢਿਆਂ ਦੇ ਨਾਲ-ਨਾਲ ਜਿਥੋਂ ਤਕ ਵੀ ਜਾ ਹੋਇਆ, ਬੰਦਾ ਗਿਆ ਤੇ ਮੁੜਨ ਦਾ ਤਰੀਕਾ ਵੀ ਸਿੱਖਿਆ। ਇਥੋਂ ਤੱਕ ਪਹੁੰਚਣ ਲਈ ਬੰਦੇ ਨੂੰ ਪਤਾ ਨਹੀਂ ਕਿੰਨਾ ਚਿਰ ਜਾਂ ਕਿੰਨੀਆਂ ਸਦੀਆਂ ਲੱਗੀਆਂ ਹੋਣ। ਇਹ ਸੀ ਬੰਦੇ ਦਾ ਮੁੱਢ ਕਦੀਮ। ਬੰਦੇ ਨੇ ਭਾਸ਼ਾ ਕਦੋਂ ਸਿੱਖੀ, ਉਹਨਾਂ ਦੀ ਲੋੜ ਕਿਵੇਂ ਪਈ? ਬੰਦੇ ਨੂੰ ਆਪਣਾ ਇਲਾਕਾ ਛੱਡ ਕੇ ਬਾਹਰ ਜਾਣ ਦੀ ਲੋੜ ਕਿਵੇਂ ਪਈ? ਇਸ ਬਾਰੇ ਅਸੀਂ ਅਗਲੇ ਅਧਿਆਇ ਵਿਚ ਚਰਚਾ ਕਰਾਂਗੇ।


Academy of the Punjab in North America: http://www.apnaorg.com

# ਗਰਮੀ ਸਰਦੀ ਤੋਂ ਬਚਣਾ ਅਤੇ ਭਾਸ਼ਾ ਦੀ ਲੋੜ

ਬੰਦਾ ਉਸ ਇਲਾਕੇ ਵਿਚ ਪੈਦਾ ਹੋਇਆ ਜਿਥੇ ਦਰਖਤ ਸਨ। ਜਦੋਂ ਬੰਦਾ ਪੈਦਾ ਹੋਇਆ ਤਾਂ ਉਸ ਨੂੰ ਭੁੱਖ ਤੋਂ ਦੂਸਰੇ ਨੰਬਰ 'ਤੇ ਗਰਮੀ ਤੇ ਸਰਦੀ ਤੋਂ ਬਚਣ ਦੀ ਲੋੜ ਪਈ। ਜਿਵੇਂ-ਜਿਵੇਂ ਬੰਦੇ ਦਾ ਦਿਮਾਗ ਕੰਮ ਕਰਦਾ ਗਿਆ, ਜਿਵੇਂ-ਜਿਵੇਂ ਬੰਦਾ ਦਿਮਾਗ ਦੀ ਵਰਤੋਂ ਕਰਦਾ ਗਿਆ, ਉਵੇਂ-ਉਵੇਂ ਰਿਸ਼ਤੇ ਹੋਰ ਵਿਕਾਸ ਕਰਦੇ ਗਏ। ਆਪਸ ਵਿਚ ਹੋਰ ਸਾਂਝ ਬਣਦੀ ਗਈ।

ਜਦੋਂ ਬੰਦੇ ਦਾ ਜਨਮ ਹੋਇਆ ਤਾਂ ਉਸ ਨੂੰ ਭੁੱਖ ਤੋਂ ਦੂਜੇ ਨੰਬਰ ਤੇ ਜਿਹੜੀ ਲੋੜ ਪਈ, ਉਹ ਉਸਦੀ ਖੋਜ ਗਰਮੀ ਸਰਦੀ ਤੋਂ ਬਚਣ ਦੀ ਸੀ। ਪੰਜਾਬ ਦੇ ਇਲਾਕੇ ਵਿਚ ਨਾ ਬਹੁਤ ਗਰਮੀ ਪੈਂਦੀ ਹੈ ਤੇ ਨਾ ਬਹੁਤੀ ਸਰਦੀ। ਫਿਰ ਵੀ ਦੋ ਤਿੰਨ ਮਹੀਨੇ ਐਸੇ ਹੁੰਦੇ ਹਨ, ਜਦੋਂ ਗਰਮੀ ਥੋੜੀ ਜ਼ਿਆਦਾ ਚੁੱਭਦੀ ਹੈ। ਜਦੋਂ ਮੁਢਲੇ ਬੰਦੇ ਨੂੰ ਗਰਮੀ ਮਹਿਸੂਸ ਹੋਈ ਤਾਂ ਉਸਨੇ ਉਸ ਵੇਲੇ ਦਰਖਤਾਂ ਦਾ ਸਹਾਰਾ ਲਿਆ। ਜਿਸ ਇਲਾਕੇ ਵਿਚ ਵੱਡਿਆਂ ਪੱਤਿਆਂ ਵਾਲੇ ਦਰਖਤ ਜ਼ਿਆਦਾ ਹੋਣ, ਉਹਨਾਂ ਇਲਾਕਿਆਂ ਵਿਚ ਬਹੁਤੀ ਗਰਮੀ ਨਹੀਂ ਪੈਂਦੀ। ਅਜਿਹੇ ਸਮੇਂ ਜੇ ਬੰਦਾ ਬਾਹਰ ਧੁੱਪ ਵਿਚ ਨਾ ਜਾਵੇ ਤਾਂ ਉਸ ਨੂੰ ਦਰਖਤਾਂ ਹੇਠਾਂ ਧੁੱਪ ਨਹੀਂ ਲਗਦੀ। ਜਦੋਂ ਪੱਤਿਆਂ ਦੇ ਵਿਚ ਦੀ ਸੀਤਲ ਹਵਾ ਲੰਘ ਕੇ ਆਉਂਦੀ ਸੀ ਤਾਂ ਉਸ ਨਾਲ ਬੰਦੇ ਦਾ ਜੀਵਨ ਸੁਹਾਵਣਾ ਲੰਘਦਾ ਸੀ।

ਪੰਜਾਬ ਅਤੇ ਸਿੰਧ ਦੇ ਇਲਾਕੇ ਅਤੇ ਮੈਦਾਨਾਂ ਵਿਚ ਜਿਥੇ ਵੱਡੇ ਵੱਡੇ ਪੱਤਿਆਂ ਵਾਲੇ ਦਰਖਤ ਸਨ, ਉਹਨਾਂ ਬਾਗਾਂ-ਬਗੀਚਿਆਂ ਅਤੇ ਦਰਖਤਾਂ ਹੇਠਾਂ ਬੈਠਕੇ ਉਹਨਾਂ ਨੂੰ ਗਰਮੀ ਵਗੈਰਾ ਦਾ ਕੋਈ ਤੌਖਲਾ ਹੀ ਨਹੀਂ ਸੀ। ਉਹਨਾਂ ਦਾ ਜਿਸਮ ਵੀ ਅਜਿਹਾ ਹੋ ਗਿਆ ਸੀ ਜਿਸ ਨਾਲ ਬਹੁਤੀ ਗਰਮੀ ਮਹਿਸੂਸ ਨਾ ਹੋਵੇ। ਇਸ ਲਈ ਉਹ ਦਰਖਤਾਂ ਹੇਠਾਂ ਬਹੁਤਾ ਨਿਵਾਸ ਰੱਖ ਲੈਂਦੇ। ਪਰ ਜਦੋਂ ਸਰਦੀ ਬਹੁਤੀ ਪੈਣੀ ਤਾਂ ਫਿਰ ਬੰਦਾ ਥੋੜਾ ਡਰ ਗਿਆ ਕਿਉਂ ਜੋ ਦਰਖਤ ਸਰਦੀ ਨੂੰ ਬਹੁਤਾ ਰੋਕਦੇ ਹੀ ਨਹੀਂ ਸੀ। ਜਦੋਂ ਸਿਆਲਾਂ ਨੂੰ ਪੁਰੇ ਦੀ ਹਵਾ ਵਗਦੀ- ਪਾਲਾ ਪੋਹ ਨਾ ਪਾਲਾ ਮਾਘ, ਜਦੋਂ ਹਵਾਲਗੀ ਤਾਂ ਉਦੋਂ ਫਿਰ ਬੰਦੇ ਨੇ ਕੀ ਬਚਾਅ ਕੀਤਾ? ਬੰਦੇ ਨੇ ਸਭ ਤੋਂ ਪਹਿਲਾਂ ਦਰਖਤਾਂ ਦਾ ਸਹਾਰਾ ਲਿਆ। ਦਰਖੱਤਾਂ ਦੇ ਵੱਡੇ ਪੱਤਿਆਂ ਨਾਲ ਉਸ ਨੇ ਆਪਣਾ ਸਰੀਰ ਢੱਕ ਲਿਆ। ਬਾਅਦ ਵਿਚ ਜਦੋਂ ਸੱਭਿਅਤਾ ਦਾ ਵਿਕਾਸ ਹੋਇਆ ਤਾਂ ਉਹਨਾਂ ਪੱਤਿਆਂ ਨੂੰ ਇਕ ਦੂਜੇ ਨਾਲ ਜੋੜ ਕੇ, ਗੰਢ-ਤੁਪ ਕਰਕੇ, ਬੰਦੇ ਨੂੰ ਜਿੰਨੀ ਸਰਦੀ ਲਗਣੀ, ਓਨੇ ਜ਼ਿਆਦਾ ਪੱਤਿਆਂ ਵਿਚ ਆਪਣੇ ਆਪ ਨੂੰ ਲੁਕੋ ਲੈਣਾ। ਦਰਖਤਾਂ ਦੇ ਪੱਤੇ ਹੀ ਬੰਦੇ ਦਾ ਪਾਲ਼ਾ ਰੋਕਣ ਦਾ ਸਭ ਤੋਂ ਪਹਿਲਾ ਸਾਧਨ ਬਣੇ।

ਸਭ ਤੋਂ ਪਹਿਲਾਂ ਇਹ ਦਰਖਤਾਂ ਦੇ ਪੱਤੇ ਹੀ ਬੰਦੇ ਦੇ ਸਰੀਰ ਦੇ ਸਾਥੀ ਬਣੇ। ਜਦੋਂ ਬੰਦੇ ਨੇ ਆਪਣਾ ਇਲਾਕਾ ਛੱਡ ਕੇ ਕਿਧਰੇ ਜਾਣਾ ਤਾਂ ਉਸ ਦੇ ਦਿਲ ਵਿਚ ਇਹ ਗੱਲ ਆਉਣੀ ਕਿ ਮੈਨੂੰ ਕਿਧਰੇ ਓਥੇ ਠੰਡ ਨਾ ਲੱਗੇ। ਉਸਨੇ ਆਪਣੇ ਦੁਆਲੇ ਦਰਖਤਾਂ ਦੇ ਪੱਤੇ ਬੰਨ ਕੇ ਲੈ ਜਾਣੇ। ਕੇਲੇ ਵਰਗੇ ਵੱਡੇ-ਵੱਡੇ ਪੱਤਿਆਂ ਵਾਲੇ ਦਰਖਤਾਂ ਦਾ ਸਹਾਰਾ ਲੈ ਕੇ ਉਹਨਾਂ ਨੇ ਆਪਣੇ ਨੰਗੇਜ਼ ਨੂੰ ਢੱਕਿਆ ਭਾਵੇਂ ਨੰਗੇਜ਼ ਪ੍ਰਤੀ ਉਹ ਸੁਚੇਤ ਨਹੀਂ ਸੀ। ਜੇ ਦਿਮਾਗ ਕੋਝਾ ਨਹੀਂ ਸੀ ਤਾਂ ਉਸ ਨੂੰ ਚਿੰਤਾ ਨਹੀਂ ਸੀ, ਜਿਵੇਂ ਛੋਟੇ ਬੱਚੇ ਨੰਗੇ ਘੁੰਮਿਆ ਫਿਰਿਆ ਕਰਦੇ ਹਨ ਤਾਂ ਉਹਨਾਂ ਨੂੰ ਕੋਈ ਚਿੰਤਾ ਨਹੀਂ ਹੁੰਦੀ। ਇਸੇ ਤਰਾਂ ਜਿਵੇਂ ਅੱਜ ਕਲ ਬੱਚੇ ਨੰਗ ਧੜੰਗੇ ਫਿਰਦੇ ਹਨ ਤੇ ਕੋਈ ਚਿੰਤਾ ਨਹੀਂ ਹੁੰਦੀ, ਇਵੇਂ ਮੁਢਲੇ ਬੰਦੇ ਨੂੰ ਨੰਗ ਧੜੰਗੇ ਫਿਰਨ ਦੀ ਕੋਈ ਚਿੰਤਾ ਨਹੀਂ ਸੀ। ਮੁਢਲੇ ਆਦਮੀ ਨੇ ਆਪਣਾ ਨੰਗੇਜ਼ ਢੱਕਣ ਲਈ ਜਿਹੜੇ ਪੱਤੇ ਵਰਤੇ, ਉਹ ਵਸਤਰਾਂ ਦੇ ਤੌਰ ਤੇ ਹੀ ਆਪਣੇ ਦੁਆਲੇ ਲਾਏ। ਪੱਤਿਆਂ ਨੂੰ ਆਪਣੇ ਦੁਆਲੇ ਵਲ ਕੇ ਜਦੋਂ ਉਸ ਮਨੁੱਖ ਨੂੰ ਜਾਚ ਆ ਗਈ ਤਾਂ ਫਿਰ ਜਦੋਂ ਆਪਣੇ ਇਲਾਕੇ ਤੋਂ ਦੂਰ ਏਧਰ ਓਧਰ ਜਾਂਦੇ ਤਾਂ ਝੁੰਡਾਂ ਦੇ ਝੁੰਡ ਉਥੇ ਜਾ ਕੇ ਆਪਣਾ ਟਿਕਾਣਾ ਬਣਾਉਂਦੇ ਜਿਥੇ ਦਰਖੱਤ ਹੁੰਦੇ। ਜਿਹੜੇ ਬੰਦਿਆਂ ਨੇ ਇਰਾਨ ਵੱਲੋਂ ਆ ਕੇ ਆਪਣਾ ਬੇਬੀਲੋਨ


Academy of the Punjab in North America: http://www.apnaorg.com

ਦਾ ਇਲਾਕਾ ਵਸਾਇਆ ਤਾਂ ਉਹਨਾਂ ਨੂੰ ਚਿੰਤਾ ਨਹੀਂ ਸੀ। ਜਿੱਥੇ ਪਾਣੀ ਵਗਦੇ ਸੀ, ਉਥੇ ਨਾਲ ਨਾਲ ਦਰਖਤ ਵੀ ਸਨ। ਦਰਖਤਾਂ ਉਪਰ ਬੰਦਾ ਨਿਰਭਰ ਕਰ ਸਕਦਾ ਸੀ। ਉਥੇ ਫਿਰ ਏਨਾ ਹੀ ਸੀ ਕਿ ਅਰਬ ਦੇਸ਼ਾਂ ਵਰਗੇ ਜਿਹੜੇ ਬਹੁਤ ਗਰਮ ਇਲਾਕੇ ਸੀ, ਜਿੱਥੇ ਬੰਦੇ ਨੂੰ ਗਰਮੀ ਨਾਲ ਵਾਸਤਾ ਔਖਾ ਲਗਦਾ ਹੈ ਤੇ ਬਣਾਵਟੀ ਸਹੂਲਤ ਤੋਂ ਬਗ਼ੈਰ ਬਹੁਤ ਗਰਮੀ ਵਾਲੇ ਜਿਨਾਂ ਇਲਾਕਿਆਂ ਵਿਚ ਨਹੀਂ ਜੀਵਿਆ ਜਾ ਸਕਦਾ, ਓਧਰ ਨੂੰ ਬੰਦਾ ਨਹੀਂ ਗਿਆ। ਦਰਿਆਵਾਂ ਦੇ ਕੰਢਿਆਂ ਦੇ ਨਾਲ-ਨਾਲ ਜਿੱਥੇ ਦਰਖਤ ਸਨ, ਉਹਨਾਂ ਦਾ ਆਸਰਾ ਲਿਆ।

ਗੱਲ ਸਪੱਸ਼ਟ ਹੈ ਕਿ ਜਿਥੇ ਵਨਸਪਤੀ ਜਿਉਂਦੀ ਰਹਿ ਸਕਦੀ ਹੈ, ਉਥੇ ਬੰਦਾ ਵੀ ਜਿਊਂਦਾ ਰਹਿ ਸਕਦਾ ਹੈ। ਉਹ ਇਲਾਕਾ ਤਾਂ ਤਕਰੀਬਨ ਪੰਜਾਬ ਵਰਗਾ ਹੀ ਸੀ। ਥੋੜੀ ਜਿਹੀ ਜ਼ਿਆਦਾ ਗਰਮੀ ਤੇ ਥੋੜੀ ਜ਼ਿਆਦਾ ਸਰਦੀ ਤਾਂ ਬੰਦਾ ਸਹਾਰ ਹੀ ਸਕਦਾਹੈ। ਇਸ ਕਰਕੇ ਕੋਈ ਸਮੱਸਿਆ ਨਹੀਂ ਆਈ। ਇਸੇ ਕਰਕੇ ਜੋ ਬੇਬੀਲੋਨ, ਬਸਰੇ ਬਗਦਾਦ, ਈਰਾਨ, ਇਰਾਕ ਦਾ ਜਿਹੜਾ ਇਲਾਕਾ ਹੈ, ਉਥੇ ਆਬਾਦੀ ਬਹੁਤ ਜਲਦੀ ਹੋ ਗਈ ਸੀ। ਲੇਕਿਨ ਦੂਸਰੇ ਪਾਸੇ ਬੰਦੇ ਭਾਰਤ, ਦੱਖਣ ਜਾਂ ਪੂਰਬ ਵੱਲ ਕਾਂਸ਼ੀ ਵੱਲਜਾਂ ਬੰਗਾਲ ਵੱਲ ਜਾ ਕੇ ਵਸ ਗਏ। ਦੱਖਣ ਵਿਚ ਪਾਣੀ ਦੇ ਨਾਲ, ਤੁਲ੍ਹਿਆਂ ਤੇ ਬੈਠਕੇ ਸਫ਼ਰ ਕਰਦੇ, ਧੁਰ ਦੱਖਣ ਵੱਲ ਕੇਰਲਾ, ਮਦਰਾਸ ਤੇ ਲੰਕਾ ਪਹੁੰਚ ਗਏ। ਹਾਂ ਜਦੋਂ ਬੰਗਾਲ ਵੱਲ ਗਏ ਤਾਂ ਓਧਰ ਵੀ ਜਿਥੇ ਜਿਥੇ ਜ਼ਿਆਦਾ ਦਰਖਤ ਸਨ, ਉਥੇ ਬੰਦਾ ਵਸਿਆ। ਜਿਥੋਂ-ਜਿਥੋਂ ਦੀ ਕਰਕ ਰੇਖਾ ਲੰਘਦੀ ਹੈ, ਉਥੇ ਬੰਦੇ ਨੇ ਦੂਸਰੇ ਇਲਾਕਿਆਂ ਵਿਚ ਆਪਣਾ ਨਿਵਾਸ ਕੀਤਾ ਹੋਵੇਗਾ, ਉਥੇ ਵੀ ਦਰਖਤ ਹੋਣਗੇ । ਕਈ ਬੰਦੇ ਉਤਰ-ਪੱਛਮ, ਉਤਰ-ਪੂਰਬ ਵੱਲ ਗਏ, ਕੁਝ ਤਾਂ ਹੌਲੀ ਹੌਲੀ ਕਜ਼ਾਕਿਸਤਾਨ ਹੁੰਦੇ ਹੋਏ ਜਰਮਨ ਦੇ ਇਲਾਕੇ ਵੱਲ ਜਾ ਨਿਕਲੇ। ਉਥੇ-ਉਥੇ ਆਪਣੇ ਟਿਕਾਣੇ ਬਣਾਉਂਦੇ ਰਹੇ, ਜਿਥੇ-ਜਿਥੇ ਦਰਖਤ ਸਨ।

ਹੌਲੀ-ਹੌਲੀ ਬੰਦੇ ਦੇ ਕਬੀਲੇ ਵਧਦੇ ਗਏ ਤੇ ਫਿਰ ਜਰਮਨ ਵੱਲ ਵੀ ਵਸੋਂ ਵਿਚ ਵਾਧਾ ਹੋ ਗਿਆ ਪਰ ਥੋੜਾ ਹੀ ਹੋਇਆ। ਜਿਹੜੇ ਕੁਝ ਲੋਕ ਉਤਰ ਪੂਰਬ ਵੱਲ ਗਏ, ਜਿਥੇ ਸਾਇਬੇਰੀਆਂ ਸ਼ੁਰੂ ਹੁੰਦਾ, ਉਥੇ ਦਰਖਤ ਤਾਂ ਹਨ ਪਰ ਜਦੋਂ ਸਿਆਲਾਂ ਨੂੰ ਜ਼ਿਆਦਾ ਬਰਫ ਪੈਂਦੀ ਹੈ, ਉਹ ਢੱਕ ਹੋ ਜਾਂਦੇ ਹਨ। ਉਥੇ ਕੁਝ ਵੀ ਨਜ਼ਰ ਨਹੀਂ ਆਉਂਦਾ। ਜਦੋਂ ਬੰਦੇ ਉਥੇ ਗਏ ਤਾਂ ਉਹ ਬਰਫ ਹਟਾ ਕੇ ਦਰਖੱਤਾਂ ਦੀ ਓਟ ਵਿਚ ਹੀ ਰਹੇ। ਉਥੇ ਆਪਣਾ ਜੀਵਨ ਗੁਜ਼ਾਰਿਆ। ਬਰਫ ਤੋਂ ਬਚਣ ਦੀ ਸਭ ਤੋਂ ਪਹਿਲੀ ਵੱਡੀ ਕਾਢ ਬੰਦੇ ਨੇ ਕੱਢੀ। ਬੰਦੇ ਨੇ ਪੱਤਿਆਂ ਦੀ ਵਰਤੋਂ ਕੀਤੀ। ਫਿਰ ਇੰਡੋ-ਚਾਈਨਾ ਵਿਚ ਸਿਲਕ ਦੇ ਕਪੜੇ ਦੀ ਕਾਢ ਕੱਢੀ। ਜਦੋਂ ਕੱਪੜਾ ਬਣਨਾ ਸ਼ੁਰੂ ਹੋ ਗਿਆ, ਉਦੋਂ ਬੰਦੇ ਦੀ ਪਹਿਲੀ ਕਾਢ ਠੰਡ ਤੇ ਬਰਫ ਤੋਂ ਬਚਣ ਦੀ ਸੀ -ਪਹਿਲਾਂ ਪੱਤੇ ਤੇ ਫਿਰ ਕਪੜਾ। ਪਹਿਲਾਂ ਪੱਤਿਆਂ ਨੂੰ ਆਪਸ ਵਿਚ ਜੋੜ ਕੇ ਆਪਣੇ ਤਨ ਦੁਆਲੇ ਲਪੇਟਣਾ ਕੀਤਾ। ਇਸ ਤਰਾਂ ਜਦੋਂ ਠੰਢ ਤੋਂ ਬਚਣ ਦਾ ਤਰੀਕਾ ਆ ਗਿਆ ਤੇ ਬੰਦੇ ਨੇ ਬਰਫਾਨੀ ਇਲਾਕਿਆਂ ਵਿਚ ਵੀ ਜਾਣਾ ਸ਼ੁਰੂ ਕਰ ਦਿੱਤਾ।

ਉਸ ਤੋਂ ਬਾਅਦ ਹੀ ਬੰਦਾ ਸਾਇਬੇਰੀਆ ਵਿਚ ਦੀ ਹੋ ਕੇ ਅਲਾਸਕਾ ਵੱਲ, ਜਦੋਂ ਸਮੁੰਦਰ ਜੰਮ ਜਾਂਦਾ ਸੀ, ਉਸ ਦੇ ਉਪਰ ਦੀ ਤੁਰ ਕੇ, ਭੁਲਿਆ ਭਟਕਿਆ ਅਮਰੀਕਾ ਵਰਗੀਆਂ ਧਰਤੀਆਂ 'ਤੇ ਪਹੁੰਚਿਆ। ਜਦੋਂ ਬੰਦੇ ਨੇ ਕਪੜੇ ਦੀ ਕਾਢ ਕੱਢ ਲਈ, ਉਦੋਂ ਬੰਦਾ ਚਾਰ ਚੁਫੇਰੇ ਨੂੰ ਤੁਰ ਪਿਆ। ਆਪਣੇ ਆਪ ਨੂੰ ਜਿਊਂਦੇ ਰੱਖ ਸਕਣ ਦਾ ਹੌਸਲਾ ਕਰਕੇ ਬੰਦਾ ਘਰੋਂ ਬਾਹਰ ਹੋ ਤੁਰਿਆ। ਕਹਿੰਦੇ ਨੇ ਕਿ **1492** ਵਿਚ ਕੋਲੰਬਸ ਨੇ ਨਵੀਂ ਧਰਤੀ ਲੱਭ ਲਈ, ਇਹ ਕੋਈ ਨਵੀਂ ਧਰਤੀ ਨਹੀਂ ਲੱਭੀ। ਜਦੋਂ ਅਮਰੀਕਾ ਦੀ ਇਹ ਧਰਤੀ ਲੱਭੀ ਤਾਂ ਉਦੋਂ ਅਮਰੀਕਾ ਦੇ ਇਸ ਮਹਾਂ ਕਾਂਟੀਨੈਂਟ ਵਿਚ ਯੂਰਪ ਨਾਲੋਂ ਵੱਧ ਲੋਕ ਪਹਿਲਾਂ ਹੀ ਰਹਿੰਦੇ ਸਨ। ਇਹ ਨਵੀਂ ਧਰਤੀ ਨਹੀਂ ਸੀ। ਇਹ ਕਹਿਣ ਦਾ ਆਪੋ ਆਪਣਾ ਢੰਗ ਹੈ। ਕੋਲੰਬਸ ਤਾਂ ਵੈਸਟ ਇੰਡੀਜ਼ ਆਇਆ, ਉਥੋਂ ਹੀ ਮੁੜਦਾ ਰਿਹਾ। ਇਹ ਸਪੇਨ ਦਾ ਸੀ। ਦੂਸਰਾ ਬੰਦਾ ਜਿਸਨੇ ਅਮਰੀਕਾ ਨਾਂ ਰੱਖਿਆ ਅਮੈਰੀਗੂ, ਉਹ ਇਟਾਲੀਅਨ ਸੀ। ਉਹ ਹੇਠਾਂ ਗਿਆ। ਉਹ ਬ੍ਰਾਜ਼ੀਲ ਤੇ ਅਮਰੀਕਾ ਦੇ ਹੇਠਲੇ ਇਲਾਕਿਆਂ ਵਿਚ ਪਹੁੰਚਿਆ। ਉਸ ਨੂੰ ਪਹਿਲਾਂ ਅਮਰੀਕਾ ਵਾਲੇ ਅਮੈਰੀਗੂ ਕਹਿੰਦੇ


Academy of the Punjab in North America: http://www.apnaorg.com

ਸੀ ਤੇ ਫਿਰ ਅਮਰੀਕਾ ਕਹਿਣ ਲਗੇ। ਜਦੋਂ ਕੋਲੰਬਸ ਨੇ ਲੱਭਿਆ ਤਾਂ ਉਦੋਂ ਅਮਰੀਕਾ ਕਹਿਣ ਲਗ ਪਏ। ਇਸ ਬਾਰੇ ਅਸੀਂ ਅਗਲੇ ਪੰਨਿਆਂ ਵਿਚ ਚੰਗੀ ਤਰਾਂ ਵਿਚਾਰ ਕਰਾਂਗੇ।

ਇਸ ਅਧਿਆਏ ਵਿਚ ਅਸੀਂ ਇਹ ਵੀਚਾਰ ਕੀਤੀ ਹੈ ਕਿ ਬੰਦੇ ਨੇ ਪਹਿਲਾਂ ਕੀ ਸਿੱਖਿਆ - ਖਾਣਾ ਸਿਖਿਆ, ਫਿਰ ਤਨ ਨੂੰ ਢੱਕਣਾ ਸਿਖਿਆ, ਫਿਰ ਕਪੜੇ ਦੀ ਕਾਢ ਕੱਢੀ; ਬੰਦੇ ਨੂੰ ਕਪੜੇ ਦੀ ਸੋਝੀ ਤੋਂ ਬਾਅਦ ਮਿਲਵਰਤਣ ਤੇ ਰਿਸ਼ਤੇ ਬਣਾਉਣੇ ਆ ਗਏ। ਫਿਰ ਹੌਲੀ-ਹੌਲੀ ਰਿਸ਼ਤੇ ਮਜ਼ਬੂਤ ਹੋ ਗਏ। ਪਰਿਵਾਰ ਤੇ ਕਬੀਲੇ ਵੱਡੇ ਹੋ ਗਏ, ਉਦੋਂ ਫਿਰ ਇਕ ਦੂਜੇ ਨੂੰ ਸਮਝਾਉਣ ਦੀ ਜ਼ਰੂਰਤ ਪਈ, ਦਿਲ ਦੀ ਗੱਲ ਕਹਿਣ ਦੀ ਲੋੜ ਪਈ। ਦਿਲ ਦੀ ਗੱਲ ਕਹਿਣ ਲਈ ਇਸ਼ਾਰਿਆਂ ਤੇ ਆਵਾਜ਼ਾਂ ਨਾਲ ਇਕ ਦੂਜੇ ਨੂੰ ਸਮਝਾਉਣਾ ਸ਼ੁਰੂ ਕੀਤਾ। ਆਵਾਜ਼ਾਂ ਹੌਲੀ ਹੌਲੀ ਸ਼ਬਦਾਂ ਦਾ ਰੂਪ ਧਾਰਨ ਕਰ ਗਈਆਂ। ਉਹਨਾਂ ਆਵਾਜ਼ਾਂ ਦਾ ਵਿਕਾਸ ਹੁੰਦਾ ਰਿਹਾ। ਆਵਾਜ਼ਾਂ ਭਾਸ਼ਾ ਦਾ ਰੂਪ ਧਾਰਨ ਕਰ ਗਈਆਂ। ਜਿਸ ਤਰ੍ਹਾਂ ਦੀ ਵੀ ਕੋਈ ਆਵਾਜ਼ ਕੱਢਦਾ ਹੋਵੇਗਾ, ਉਹ ਰਲਮਿਲ ਕੇ ਇਕੱਠੀਆਂ ਹੋ ਗਈਆਂ ਤੇ ਇਹ ਅੱਗੇ ਚਲ ਕੇ ਭਾਸ਼ਾ ਬਣ ਗਈ।

ਰੌਬਨ ਡਨਵਰ ਨੇ **1995** ਵਿਚ ਆਪਣੀ ਥਿਊਰੀ ਵਿਚ ਇਹ ਸਿੱਧ ਕਰਨ ਦਾ ਯਤਨ ਕੀਤਾ ਹੈ ਕਿ ਆਵਾਜ਼ਾਂ ਤੋਂ ਮਨੁੱਖੀ ਜੀਵਨ ਤੇ ਭਾਸ਼ਾ ਦਾ ਵਿਕਾਸ ਹੋਇਆ। ਇਸ ਤੋਂ ਪਹਿਲਾਂ ਇਕ ਹਾਰਵਰਡ ਮਨੋਵਿਗਿਆਨੀ ਸਟੀਵਨ ਪਿੰਕਰ ਨੇ ਵੀ ਭਾਸ਼ਾ ਵਿਗਿਆਨ ਦੀ ਬਹੁਤ ਖੋਜ ਕੀਤੀ ਹੈ। ਉਸ ਦਾਮੱਤ ਹੈ ਕਿ ਇਹ ਆਵਾਜ਼ਾਂ ਦੋ-ਤੋਂ ਚਾਰ ਮਿਲੀਅਨ ਸਾਲ ਪਹਿਲਾਂ ਸ਼ੁਰੂ ਹੋਈਆਂ। ਖੈਰ ਆਪਾਂ ਤਾਰੀਖਾਂ ਜਾਂ ਸਮੇਂ ਦੇ ਚੱਕਰ ਵਿਚ ਨਹੀਂ ਪੈਣਾ ਕਿਉਕਿ ਸਮੇਂ ਦੀ ਗੱਲ ਕਰਨੀ ਕਦਾਚਿਤ ਵੀ ਸਹੀ ਨਹੀਂ ਹੋਵੇਗੀ। ਭਾਸ਼ਾ ਦੀ ਪਰਿਭਾਸ਼ਾ ਕਰਦਿਆਂ ਆਪਾਂ ਇਹ ਗੱਲ ਕਰਕੇ ਆਪਣੀ ਚਰਚਾ ਖਤਮ ਕਰਾਂਗੇ ਕਿ ਭਾਸ਼ਾ ਦੀ ਬੰਦੇ ਨੂੰ ਉਦੋਂ ਲੋੜ ਪਈ, ਜਦੋਂ ਬੰਦੇ ਨੇ ਬੰਦਿਆਂ ਨਾਲ ਰਿਸ਼ਤੇ ਨਿਭਾਉਣੇ ਸ਼ੁਰੂ ਕੀਤੇ। ਜਿਵੇਂ-ਜਿਵੇਂ ਸਮਾਜਿਕ ਰਿਸ਼ਤੇ ਨਿਭਾਉਣੇ ਸ਼ੁਰੂ ਕੀਤੇ, ਇਕ ਦੂਜੇ ਦੀ ਲੋੜ ਪੈਂਦੀ ਗਈ, ਬੰਦੇ ਨੂੰ ਸੋਝੀ ਆਉਂਦੀ ਗਈ। ਇਕ ਦੂਜੇ ਦੀ ਨਿਰਭਰਤਾ ਵਧਦੀ ਗਈ, ਜਿਵੇਂ ਰਿਸ਼ਤਿਆਂ ਦੀ ਲੋੜ, ਰਿਸ਼ਤਿਆਂ ਦਾ ਸੁਖ ਤੇ ਖਿਚ ਵਧਦੀ ਗਈ, ਉਸੇ ਤਰ੍ਹਾਂ ਭਾਸ਼ਾ ਦੀ ਜ਼ਰੂਰਤ ਵੀ ਵਧਦੀ ਗਈ। ਭਾਸ਼ਾ ਦੀ ਪਰਿਭਾਸ਼ਾ ਕਰਨ ਵਾਲੇ ਸਾਰੇ ਇਸ ਗੱਲ 'ਤੇ ਸਹਿਮਤ ਹਨ ਕਿ ਜਦੋਂ ਬੰਦਾ ਇਸ਼ਾਰਿਆਂ ਨਾਲ ਸਮਝਾਵੇ ਤਾਂ ਦੂਜਾ ਸਮਝ ਜਾਵੇ ਤਾਂ ਇਹ ਭਾਸ਼ਾ ਹੋਈ।

ਦੂਸਰਾ ਹੈ ਆਵਾਜ਼ਾਂ ਤੇ ਧੁਨੀਆਂ, ਜਿਹਨਾਂ ਕਰਕੇ ਪਤਾ ਲਗ ਜਾਵੇ ਕਿ ਬੰਦਾ ਕਹਿਣਾ ਕੀ ਚਾਹੁੰਦਾ ਹੈ-ਇਹ ਨਾਖੁਸ਼ ਹੈ, ਇਹ ਨਾਰਾਜ਼ ਹੈ, ਇਸ ਨੂੰ ਕੋਈ ਲੈਣ ਦੇਣ ਦੀ ਜ਼ਰੂਰਤ ਹੈ, ਇਸ ਤੋਂ ਪਤਾ ਲੱਗ ਜਾਂਦਾ ਹੈ। ਭਾਸ਼ਾ ਤੋਂ ਬਿਨਾਂ ਇਸ਼ਾਰੇ ਨਾਲ ਵੀ ਪਤਾ ਲੱਗ ਜਾਂਦਾ ਹੈ। ਜਿਵੇਂ ਕੋਈ ਢਿੱਡ ਤੇ ਹੱਥ ਮਾਰੇ ਤਾਂ ਪਤਾ ਲੱਗ ਜਾਂਦਾ ਹੈ ਕਿ ਉਸ ਨੂੰ ਭੁੱਖ ਲੱਗੀ ਹੋਈ ਹੈ। ਇਸ ਤਰਾਂ ਜੇ ਕੋਈ ਹੱਥ ਵਿਚ ਸੇਬ ਜਾਂ ਕੋਈ ਹੋਰ ਫ਼ਲ ਫੜ ਕੇ ਤੁਹਾਡੇ ਵੱਲ ਇਸ਼ਾਰਾ ਕਰੇ ਤੇ ਨਾ ਵੀ ਮੂੰਹੋਂ ਬੋਲੇ ਤਾਂ ਉਸ ਦੇਣ ਵਾਲੇ ਦੇ ਇਰਾਦੇ ਦਾ ਵੀ ਪਤਾ ਲਗ ਜਾਂਦਾ ਹੈ ਕਿ ਉਹ ਕੁਝ ਦੇਣਾ ਚਾਹੁੰਦਾ ਹੈ। ਭਾਸ਼ਾ ਤੋਂ ਬਿਨਾਂ ਖੁਸ਼ੀ ਤੇ ਗਮੀ ਦਾ ਵੀ ਪਤਾ ਲਗ ਜਾਂਦਾ ਹੈ। ਮੂੰਹ ਵੇਖ ਕੇ ਪਤਾ ਲੱਗ ਜਾਂਦਾ ਹੈ ਕਿ ਇਹ ਖੁਸ਼ ਹੈ ਜਾਂ ਨਾਰਾਜ਼ ਹੈ, ਦੁਖੀ ਹੈ ਜਾਂ ਸੁਖੀ ਹੈ, ਉਹਦਾ ਵੀ ਭਾਸ਼ਾ ਤੋਂ ਬਿਨਾਂ ਹੀ ਪਤਾ ਲੱਗ ਜਾਂਦਾ ਹੈ।

ਇਹ ਰਿਸ਼ਤੇ ਤੇ ਸਾਂਝ ਨਿਭਾ ਕੇ, ਇਕ ਦੂਜੇ ਦਾ ਆਸਰਾ ਲੈ ਕੇ, ਇਕ ਦੂਜੇ ਨੂੰ ਸੁੱਖ ਦੇ ਕੇ ਜੋ ਸ਼ਾਂਤੀ ਤੇ ਸਕੂਨ ਮਿਲਦਾ ਸੀ, ਉਸ ਨੂੰ ਜ਼ਾਹਰ ਕਰਨ ਲਈ, ਬੰਦੇ ਨੇ ਅਜਿਹੀਆਂ ਖਾਸ ਧੁਨੀਆਂ ਕੱਢੀਆਂ, ਜਿਹੜੀਆਂ ਭਾਸ਼ਾ ਤੋਂ ਬਿਨਾਂ ਹੀ ਸਮਝ ਆ ਜਾਂਦੀਆਂ ਸਨ। ਜੇ ਕਿਸੇ ਦੇ ਅੰਦਰ ਦਰਦ ਹੈ, ਉਹ ਰੋਂਦਾ ਹੈ, ਉਹ ਉਸ ਤਰ੍ਹਾਂ ਦੀ ਧੁਨੀ ਕੱਢੇਗਾ। 'ਹੂੰ' ਜਿਵੇਂ ਖਾ ਕੇ ਕੋਈ ਮਜ਼ਾ ਆ ਜਾਏ। ਜੇ ਕੋਈ ਬਹੁਤ ਕਰੁਣਾਮਈ ਗੀਤ, ਜਾਂ ਲਤਾ ਮੰਗੇਸ਼ਕਰ ਦਾ


Academy of the Punjab in North America: http://www.apnaorg.com

ਕੋਈ ਪੁਰਾਣਾ ਗੀਤ, ਉਸ ਧੁਨੀ ਵਿਚ ਵਜਾ ਰਿਹਾ ਹੋਵੇ ਤਾਂ ਜਿਸਨੂੰ ਮਰਜ਼ੀ ਪੁੱਛ ਲਵੋ, ਉਹ ਦੱਸ ਦੇਵੇਗਾ ਕਿ ਇਹ ਉਦਾਸ ਗੀਤ ਹੈ। ਇਹ ਖੁਸ਼ੀ ਵਾਲਾ ਗੀਤ ਨਹੀਂ ਹੈ। ਜਿਸ ਧੁਨੀ ਨੂੰ ਸੁਣ ਕੇ ਲੋਕ ਨੱਚਣ ਲੱਗ ਜਾਣ, ਉਹਦਾ ਵੀ ਪਤਾ ਲੱਗ ਜਾਂਦਾ ਹੈ ਕਿ ਇਹ ਖੁਸ਼ੀ ਵਾਲਾ ਹੈ, ਇਹ ਉਦਾਸੀ ਦਾ ਗੀਤ ਨਹੀਂ ਹੈ। ਭਾਸ਼ਾ ਸੁਖ ਦੇਣ ਵਾਸਤੇ ਜ਼ਰੂਰੀ ਨਹੀਂ ਸੀ ਜਿੰਨੀ ਕਿ ਖੁਸ਼ੀ ਦਾ ਇਜ਼ਹਾਰ ਕਰਨ ਵਾਸਤੇ ਜ਼ਰੂਰੀ ਸੀ। ਜਿੰਨਾ ਜਿੰਨਾ ਬੰਦੇ ਦਾ ਖੁਸ਼ੀ ਦਾ ਇਜ਼ਹਾਰ ਕਰਨ ਨੂੰ ਜੀਅ ਕਰਦਾ ਸੀ, ਓਨਾ ਹੀ ਉਹ ਭਾਸ਼ਾ ਦੇ ਨੇੜੇ ਹੁੰਦਾ ਗਿਆ। ਖੁਸ਼ੀ ਦੀ ਮਿਕਦਾਰ, ਇਕ ਦੂਜੇ ਨਾਲ ਵਿਚਾਰ-ਵਟਾਂਦਰਾ ਕਰਨ ਲਈ ਇਹ ਭਾਸ਼ਾ ਸਾਧਨ ਬਣੀ, ਭਾਸ਼ਾ ਰਾਹੀਂ ਇਜ਼ਹਾਰ ਹੁੰਦਾ ਰਿਹਾ। ਜੇ ਕੋਈ ਪੰਛੀ ਖੁਸ਼ ਹੁੰਦਾ ਤਾਂ ਉਹ ਫ਼ਰਰ ਫ਼ਰਰ ਕਰਕੇ ਇਜ਼ਹਾਰ ਕਰਦਾ। ਕੋਈ ਆਕਾਸ਼ ਵਿਚ ਉਡਦਾ ਤੇ ਕੋਈ ਹਿਰਨ ਵਾਂਗ ਚੁੰਗੀਆਂ ਭਰਦਾ, ਯਾਨੀ ਉਹ ਖੁਸ਼ੀ ਦਾ ਇਜ਼ਹਾਰ ਕਰਦਾ। ਇਸ ਤੋਂ ਹੋਰ ਵੱਧ ਜਾਨਵਰਾਂ ਨੂੰ ਜ਼ਰੂਰਤ ਨਹੀਂ ਹੁੰਦੀ। ਪਰ ਜਿਹੜੇ ਜਜ਼ਬਾਤ, ਸੁੱਖ ਜਾਂ ਸਕੂਨ ਦੀ ਡੂੰਘਾਈ ਨੂੰ ਦੱਸਣ ਲਈ ਭਾਸ਼ਾ ਦੀ ਲੋੜ ਹੋਈ, ਜਿਵੇਂ ਜਿਵੇਂ ਬੰਦੇ ਨੂੰ ਸਮਾਜ ਦੇ ਸੁੱਖ ਦੀ ਲੋੜ ਜ਼ਿਆਦਾ ਡੂੰਘੀ ਹੁੰਦੀ ਗਈ, ਇਕ ਦੂਜੇ ਦੇ ਸੁੱਖ ਵਧਦੇ ਗਏ, ਤਿਵੇਂ - ਤਿਵੇਂ ਬੰਦੇ ਨੇ ਭਾਸ਼ਾ ਦੀ ਕਾਢ ਕੱਢ ਲਈ। ਭਾਸ਼ਾ ਦੀ ਕਾਢ ਸਭ ਤੋਂ ਉੱਤਮ ਕਾਢ ਹੈ।


Academy of the Punjab in North America: http://www.apnaorg.com

# ਧਾਰਮਿਕ ਸੋਚ

ਜਦੋਂ ਇਨਸਾਨ ਪੈਦਾ ਹੋਇਆ ਤੇ ਆਪਣੇ ਆਪ ਨੂੰ ਹੋਰਨਾਂ ਜਾਨਵਰਾਂ ਨਾਲੋਂ ਵੱਖਰਾ ਲੱਗਣ ਲੱਗਾ ਤਾਂ ਤਦੋਂ ਮਨੁਖ ਵਿਚ ਚਤਰਾਈਆਂ ਨਹੀਂ ਆਈਆਂ ਸਨ, ਉਦੋਂ ਸਾਰੀ ਮਨੁੱਖਤਾ ਧਾਰਮਿਕ ਸੀ। ਬੰਦੇ ਦੀ ਸਭ ਤੋਂ ਵੱਡੀ ਕਾਮਯਾਬੀ ਭਾਸ਼ਾ ਸਿੱਖਣੀ ਸੀ। ਇਸ ਨਾਲ ਉਹ ਆਪਣੇ ਦਿਲ ਤੇ ਦਿਮਾਗ ਵਿਚ ਆਉਦੀਆਂ ਗੱਲਾਂਕਰ ਸਕਦਾ ਸੀ। ਮੇਰੇ ਖ਼ਿਆਲ ਵਿਚ ਗੂੰਗਿਆਂ ਦੇ ਬੋਲਣ ਵਾਲੀ ਪੀ ਐਚ.ਡੀ. ਸਭ ਤੋਂ ਵੱਡੀ ਖੋਜ ਹੈ। ਜਦੋਂ ਬੰਦੇ ਨੂੰ ਭਾਸ਼ਾ ਆ ਗਈ ਤੇ ਉਸਨੇ ਬੋਲਣਾ ਪੜ੍ਹਨਾ ਸਿੱਖ ਲਿਆ। ਜਦੋਂ ਤੱਕ ਨਹੀਂ ਸਿੱਖਿਆ ਸੀ, ਉਦੋਂ ਤੱਕ ਤਾਂ ਜਾਨਵਰ ਹੀ ਸੀ। ਬੰਦਿਆਂ ਦੇ ਬਾਕੀ ਜਾਨਵਰਾਂ ਨਾਲੋਂ ਵੱਖਰੇ ਝੁੰਡ ਹੁੰਦੇ। ਪੰਛੀਆਂ ਦੇ ਵੱਖਰੇ ਤੇ ਹਿਰਨਾਂ ਦੇ ਵੱਖਰੇ। ਸਾਰੇ ਝੁੰਡਾਂ ਵਿਚ ਹੀ ਰਹਿੰਦੇ। ਭਾਸ਼ਾ ਸਿੱਖਣ ਤੋਂ ਬਾਅਦ ਉਹ ਬਾਕੀ ਦੇ ਜਾਨਵਰਾਂ ਦੀ ਵਰਤੋਂ ਕਰਨ ਲਗ ਪਿਆ। ਬਾਕੀ ਜਾਨਵਰਾਂ ਨੂੰ ਭਾਸ਼ਾ ਦੀ ਸ਼ਕਤੀ ਨਾਲ ਕਾਬੂ ਕਰਨ ਲੱਗ ਪਿਆ। ਇਸ ਵਿਚ ਕੋਈ ਸ਼ੱਕ ਨਹੀਂ ਕਿ ਭਾਸ਼ਾ ਦਾ ਵੀ ਜਨਮ ਉਥੇ ਹੀ ਹੋਇਆ, ਜਿੱਥੇ ਬਾਕੀ ਮਨੁੱਖਤਾ ਦਾ ਜਨਮ ਹੋਇਆ। ਭਾਸ਼ਾ ਕੋਈ ਅਜਿਹੀ ਚੀਜ਼ ਤਾਂ ਨਹੀਂ ਸੀ ਜਿਹੜਾ ਕੋਈ ਕੁਦਰਤ ਦਾ ਕ੍ਰਿਸ਼ਮਾ ਹੋਇਆ ਹੋਵੇ।

ਲੋੜ ਮੁਤਾਬਿਕ ਰਿਸ਼ਤਿਆਂ ਦਾ ਸੁੱਖ ਲੈਣ ਲਈ ਭਾਸ਼ਾ ਦੀ ਲੋੜ ਪਈ। ਸੁੱਖ ਤੇ ਨਿੱਘ ਦਾ ਅਹਿਸਾਸ ਕਰਨ ਲਈ ਭਾਸ਼ਾ ਬਣੀ। ਇਹ ਉਥੇ ਹੀ ਪੈਦਾ ਹੋਣੀ ਸੀ, ਜਿਥੇ ਸੁੱਖ ਸੀ ਤੇ ਇਹ ਉਥੇ ਹੋ ਸਕਦਾ ਸੀ ਜਿਥੇ ਸਮਾਜ ਸੀ। ਬੰਦੇ ਦਾ ਉਹ ਪਹਿਲਾ ਸਮਾਜ ਕਿਥੇ ਸੀ? ਇਸ ਵਿਚ ਬਹੁਤਾ ਕਿੰਤੂ ਪ੍ਰੰਤੂ ਕਰਨ ਵਾਲੀ ਗੱਲ ਨਹੀਂ ਹੈ। ਜੇ ਹੁਣ ਕੁਝ ਲੋਕ ਏਧਰ ਓਧਰ ਖਿੱਚ ਕੇ ਲਿਜਾਣ ਦੀ ਕੋਸ਼ਿਸ਼ ਕਰ ਰਹੇ ਹਨ ਤਾਂ ਇਹ ਕੋਸ਼ਿਸ਼ ਜਾਂ ਚਤਰਾਈ ਹੋਵੇ ਗੀ ਤੇ ਇਹ ਚਤਰਾਈ ਕਦੇ ਧਾਰਮਿਕ ਨਹੀਂ ਹੁੰਦੀ। ਵੀਹਵੀਂ ਸਦੀ ਦੇ ਅਖੀਰਲੇ ਸਾਲਾਂ ਵਿਚ ਜਿਹੜਾ ਫਿਲਾਸਫਰਾਂ, ਵਿਦਵਾਨਾਂ ਤੇ ਇਤਿਹਾਸਕਾਰਾਂ ਦਾ ਇਕਦਮ ਇਕੱਠਾ ਝੁੰਡ ਸਾਹਮਣੇ ਆਇਆ, ਉਹਨਾਂ ਨੇ ਕਈ ਤਰ੍ਹਾਂ ਦੇ ਦਵੰਦ ਪੈਦਾ ਕਰ ਦਿੱਤੇ। ਕਈ ਤਰ੍ਹਾਂ ਦੀਆਂ ਗੱਲਾਂ ਕੀਤੀਆਂ। ਇਹ ਤਾਂ ਸਾਰੀ ਦੁਨੀਆਂ ਹੀ ਜਾਣਦੀ ਹੈ ਕਿ ਰਿਗਵੇਦ ਸਾਰੀ ਦੁਨੀਆਂ ਦਾ ਪਹਿਲਾ ਗ੍ਰੰਥ ਹੈ। ਰਿਗਵੇਦ ਤੋਂ ਪਹਿਲਾਂ ਦੀ ਕੋਈ ਵੀ ਲਿਖਤ ਜਾਂ ਭਾਸ਼ਾ ਨਹੀਂ ਮਿਲਦੀ। ਜੇ ਕਿਸੇ ਹੋਰ ਭਾਸ਼ਾ ਜਾਂ ਗ੍ਰੰਥ ਦਾ ਜ਼ਿਕਰ ਆਉਂਦਾ ਹੋਵੇ ਤਾਂ ਜ਼ਿਕਰ ਹੀ ਹੈ। ਸੱਚ ਤਾਂ ਇਹ ਹੈ ਕਿ ਰਿਗਵੇਦ ਤੋਂ ਪਹਿਲਾਂ ਦੀ ਕੋਈ ਰਚਨਾ ਹੈ ਹੀ ਨਹੀਂ। ਭਾਸ਼ਾ ਵਿਚ ਰਚੀ ਹੋਈ ਸਭ ਤੋਂ ਪਹਿਲੀ ਰਚਨਾ ਰਿਗਵੇਦ ਹੈ। ਰਿਗਵੇਦ ਪੁਰਾਣੇ ਪੰਜਾਬ-ਪੂਰਬੀ ਤੇ ਪੱਛਮੀ ਪੰਜਾਬ ਦੇ ਇਲਾਕੇ ਵਿਚ ਲਿਖਿਆ ਗਿਆ। ਕਈ ਵਾਰੀ, ਇਤਿਹਾਸਕਾਰ ਰੌਲਾ ਪਾਉਣ ਦੀ ਕੋਸ਼ਿਸ਼ ਕਰਦੇ ਹਨ ਕਿ ਪੰਜਾਬ ਪੰਜ ਦਰਿਆਵਾਂ ਦੀ ਧਰਤੀ ਹੈ ਤੇ ਉਹਦੇ ਵਿਚ ਸਪਤ ਸਿੰਧੂ ਸੱਤ ਦਰਿਆ ਲਿਖੇ ਹੋਏ ਹਨ। ਇਹ ਸੱਤ ਕਿਹੜੇ ਹੋਏ? ਇਹਨਾਂ ਸੱਤ ਦਰਿਆਵਾਂ ਵਿਚ ਸਿੰਧ ਤੇ ਸਰਸਵਤੀ ਨੂੰ ਸ਼ਾਮਲ ਕਰ ਲਈਏ ਤਾਂ ਇਹ ਸੱਤ ਹੋ ਜਾਂਦੇ ਹਨ। ਬਾਕੀ ਪੰਜ ਸਤਲੁਜ, ਰਾਵੀ, ਬਿਆਸ, ਜਿਹਲਮ ਤੇ ਝਨਾਂ ਹਨ। ਇਤਿਹਾਸਕਾਰਾਂ ਨੇ ਉਹ ਸਾਰੀਆਂ ਗੱਲਾਂ ਲੱਭ ਲਈਆਂ ਜਿੱਥੇ ਸਰਸਵਤੀ ਚੌੜੇ ਮੈਦਾਨਾਂ ਵਿਚ ਵਗਦੀ ਸੀ, ਗੱਲ ਫਿਰ ਮੁੜ ਕੇ ਉਥੇ ਆਉਂਦੀ ਹੈ। ਜੇ ਕੋਈ ਖਿੱਚ ਕੇ ਲਿਜਾ ਰਿਹਾ ਕਿ ਹੋਰ ਕਿਤੇ ਵਿਕਾਸ ਹੋਇਆ ਤਾਂ ਉਹ ਚਤਰਾਈ ਹੈ। ਇਹ ਚਤਰਾਈਆਂ ਧਾਰਮਿਕ ਨਹੀਂ ਹੋਇਆ ਕਰਦੀਆਂ। ਇਹ ਅਸੀਂ ਹੁਣੇ ਕਰਨੀਆਂ ਸਿੱਖੀਆਂ ਹਨ। ਪੁਰਾਤਨ ਮਨੁੱਖ ਦਾ ਇਸ ਪਾਸੇ ਨੂੰ ਰੁਖ਼ ਨਹੀਂ ਸੀ। ਅਸੀਂ ਪਿਛਲੀਆਂ ਕੁਝ ਸਦੀਆਂ ਤੋਂ ਹੀ ਚਤਰਾਈਆਂ ਵੱਲ ਨੂੰ ਤੁਰੇ ਹਾਂ, ਮੱਲਾਂ ਮੱਲਣੀਆਂ ਸ਼ੁਰੂ ਕਰ ਦਿੱਤੀਆਂ- ਆਹ ਮੇਰਾ ਹੈ, ਇਹ ਸਾਡਾ ਨਹੀਂ ਹੈ। ਬਸ ਉਥੋਂ ਗੱਲ ਸ਼ੁਰੂ ਹੋਈ ਕਿਉਂਕਿ ਬੰਦਾ ਧਾਰਮਿਕ ਤਾਂ ਸੀ, ਪਰ ਉਸ ਵਿਚ ਮੇਰ ਤੇਰ ਆ ਗਈ। ਜਿਵੇਂ ਇਸਲਾਮ, ਈਸਾਈ ਤੇ ਯਹੂਦੀ ਇਕੋ ਤਾਂ ਹਨ, ਇਕੋ ਗੱਲ ਕਰਦੇ ਹਨ, ਮੁੱਢ-ਕਦੀਮ ਰਲਦੇ ਹਨ।


Academy of the Punjab in North America: http://www.apnaorg.com

ਈਸਾਈਅਤ ਕਹਿੰਦੀ ਹੈ ਕਿ ਯਸੂ ਮਸੀਹ ਤੋਂ ਵੱਡਾ ਕੋਈ ਨਹੀਂ ਹੈ, ਉਹ ਰੱਬ ਦਾ ਭੇਜਿਆ ਹੋਇਆ ਹੈ। ਉਹ ਰੱਬ ਦਾ ਪੁੱਤਰ ਧਰਤੀ ਉਤੇ ਆਇਆ ਹੈ। ਉਹ ਸਾਡੇ ਲਈ ਮਰ ਗਿਆ ਅਤੇ ਫਿਰ ਜਿੰਦਾ ਹੋ ਗਿਆ। ਯਸੂ ਮਸੀਹ ਤੋਂ ਅੱਗੇ ਉਹਨਾਂ ਦੀ ਕੋਈ ਵੀ ਗੱਲ ਨਹੀਂ ਤੁਰਦੀ। ਉਸੇ ਤਰ੍ਹਾਂ ਇਸਲਾਮ ਵਿਚ ਉਹ ਹਜ਼ਰਤ ਮੁਹੰਮਦ ਸਾਹਿਬ ਤੋਂ ਅੱਗੇ ਕੁਝ ਵੀ ਨਹੀਂ ਮੰਨਦੇ। ਇਸਲਾਮ ਦਾ ਤਾਂ ਕੇਵਲ ਏਨਾ ਹੀ ਫ਼ਰਕ ਹੈ ਕਿ ਹਜ਼ਰਤ ਮੁਹੰਮਦ ਸਾਹਿਬ ਪੈਗੰਬਰ ਹੋਏ ਤੇ ਯਸੂ ਮਸੀਹ ਵੀ ਪੈਗੰਬਰ ਹੋਏ, ਉਹ ਯਸੂ ਮਸੀਹ ਨੂੰ ਵੀ ਆਮ ਪੈਗੰਬਰ ਵਾਂਗ ਹੀ ਮੰਨਦਾ ਹੈ। ਇਸਲਾਮ ਇਥੇ ਗੱਲ ਮੁਕਾ ਦਿੰਦਾ ਹੈ ਕਿ ਜੋ ਕੁਝ ਰੱਬ ਨੇ ਮੁਹੰਮਦ ਸਾਹਿਬ ਦੇ ਮੂੰਹ ਵਿਚੋਂ ਅਖਵਾਇਆ, ਉਹ ਅੰਤਿਮ ਉਪਦੇਸ਼ ਹੈ। ਕੁਰਾਨ ਅੰਤਿਮ ਸ਼ਬਦ ਹੈ। ਉਸ ਤੋਂ ਅੱਗੇ ਕੁਝ ਨਹੀਂ ਹੈ। ਉਹ ਅੰਤਿਮ ਪੈਗੰਬਰ ਸੀ ਤੇ ਉਸ ਤੋਂ ਬਾਅਦ ਨਾ ਕੋਈ ਹੋਇਆ ਅਤੇ ਨਾ ਹੀ ਹੋਵੇਗਾ। ਇਸਲਾਮ ਦੀ ਇਹ ਅੰਤਿਮ ਧਾਰਨਾ ਹੈ। ਇਸਲਾਮ ਦੇ ਸ਼ਰਧਾਲੂ ਤਾਂ ਕਹਿੰਦੇ ਹਨ ਕਿ ਜੇ ਕੋਈ ਇਸ ਤੋਂ ਅਗਲੀ ਗੱਲ ਕਰੇ ਤਾਂ ਉਹ ਸਜ਼ਾ ਦਾ ਹੱਕਦਾਰ ਹੈ। ਇਸ ਲਈ ਉਹ ਹਰ ਕਦਮ ਚੁਕਣ ਲਈ ਤਿਆਰ ਹੋ ਜਾਂਦੇ ਹਨ। ਅਜਿਹੇ ਫ਼ਰਕ ਅਸੀਂ ਹੁਣ ਪਾਏ ਹਨ। ਇਹ ਬਹੁਤੀ ਦੇਰ ਪਹਿਲਾਂ ਨਹੀਂ ਸਨ।

ਪਿਛਲੀਆਂ ਕੁਝ ਸਦੀਆਂ ਵਿਚ ਹੋਈ ਇਸ ਭੂਗੋਲਿਕ ਖਿੱਚੋਤਾਣ ਬਾਰੇ ਅਸੀਂ ਅਗਲੇ ਅਧਿਆਏ ਵਿਚ ਕਿਧਰੇ ਚਰਚਾ ਕਰਾਂਗੇ। ਇਸ ਅਧਿਆਏ ਵਿਚ ਸਾਡਾ ਬੰਦੇਦੀ ਭਾਸ਼ਾ, ਜ਼ਮੀਰ, ਰੱਬ ਵਾਲੇ ਪਾਸੇ ਹੀ–ਰਹਿਣ ਨੂੰ ਜੀ ਕਰਦਾ। ਜਦੋਂ ਬੰਦੇ ਨੂੰ ਭਾਸ਼ਾਆਈ, ਭਾਸ਼ਾ ਵਿਚ ਸਮਝਣ ਸਮਝਾਉਣ ਦਾ ਯਤਨ ਕੀਤਾ, ਉਦੋਂ ਬੰਦੇ ਨੇ ਰੱਬ ਜਾਂ ਗੈਬੀ ਸ਼ਕਤੀਆਂ ਦਾ ਸਤਿਕਾਰ ਕਰਨਾ ਆਰੰਭ ਕੀਤਾ। ਸੂਰਜ ਦੀ ਲੋੜ ਸੀ। ਜਿਸ ਜਿਸ ਚੀਜ਼ ਦੀ ਲੋੜ ਸੀ, ਉਹ ਰੱਬ ਹੈ। ਜੇ ਭੁੱਖੇ ਨੂੰ ਭੋਜਨ ਤੇ ਪਿਆਸੇ ਨੂੰ ਪਾਣੀ ਮਿਲ ਜਾਵੇ ਤਾਂ ਉਸ ਲਈ ਇਹ ਚੀਜ਼ਾਂ ਰੱਬ ਹਨ। ਜੇ ਠੰਢ ਦੇ ਮਾਰੇ ਹੋਏ ਨੂੰ ਨਿੱਘ ਮਿਲ ਜਾਵੇ ਤਾਂ ਉਸ ਲਈ ਨਿੱਘ ਹੀ ਰੱਬ ਹੈ। ਜੇ ਕੋਈ ਔੜ ਕਾਰਨ ਤਪਿਆ ਸੜਿਆ ਪਿਆ ਹੈ, ਜੇ ਉਸ ਉਤੇ ਚਾਰ ਕਣੀਆਂ ਪੈ ਜਾਣ ਤਾਂ ਉਸ ਲਈ ਮੀਂਹ ਹੀ ਰੱਬ ਹੈ। ਉਸ ਸੁਖ-ਸਹੂਲਤ, ਸੁਵਿਧਾ ਵਿਚ ਹੀ ਰੱਬ ਦਿਸਿਆ। ਜੇ ਜਿਊਣ ਲਈ ਬਹੁਤ ਸਾਰਾ ਸੁਖ ਮਿਲੇ ਤਾਂ ਉਹ ਆਸਰਾ ਵੀ ਰੱਬ ਹੀ ਹੋਇਆ। ਇਸ ਕਰਕੇ ਹੀ ਬੰਦੇ ਨੇ ਪੁਰਾਤਨ ਸਮੇਂ ਵਿਚ ਸੂਰਜ ਨੂੰ ਰੱਬ ਗਿਣ ਲਿਆ। ਮੀਂਹ ਤੇ ਪਾਣੀ ਨੂੰ ਰੱਬ ਗਿਣ ਲਿਆ। ਰਾਤਾਂ ਨੂੰ ਜਦੋਂ ਹਨੇਰਾ ਹੋ ਜਾਂਦਾ ਤਾਂ ਰਾਤ ਨੂੰ ਜੇ ਚੰਦ ਚੜ੍ਹ ਜਾਂਦਾ ਸੀ, ਤਾਂ ਇਹ ਸੁਖ ਸੁਵਿਧਾ ਹੋ ਗਈ, ਉਸੇ ਨੂੰ ਰੱਬ ਮੰਨ ਲਿਆ।

ਰੱਬ ਦਾ ਤਾਂ ਇਹ ਸੰਕਲਪ ਬਣਿਆ ਕਿ ਬੰਦੇ ਨੂੰ ਜਿਹੜੀ ਚੀਜ਼ ਦਾ ਆਸਰਾ ਬਣਦਾ ਸੀ, ਸੁੱਖ ਮਿਲਦਾ ਸੀ, ਉਸ ਨੂੰ ਬੰਦੇ ਨੇ ਰੱਬ ਮੰਨ ਲਿਆ। ਜਿਥੋਂ ਜਿਥੋਂ ਬੰਦੇ ਨੂੰ ਕੁਝ ਮਿਲਦਾ ਸੀ, ਜਿਸਦੀ ਵਧੇਰੇ ਮਹੱਤਤਾ ਸੀ, ਉਸ ਨੂੰ ਹੀ ਰੱਬ ਮੰਨ ਲਿਆ, ਅਸਮਾਨ ਨੂੰ ਰੱਬ ਮੰਨ ਲਿਆ। ਇਕ ਸਮਾਂ ਸੀ, ਮੈਸੋਪਟਾਮੀਆਂ ਵਿਚ ਰੱਬ ਦੇ **3300** ਨਾਮ ਆਉਂਦੇ ਸੀ। ਜਦੋਂ ਬੰਦੇ ਨੂੰ ਹਨੇਰੇ ਵਿਚ ਰੌਸ਼ਨੀ ਮਿਲੀ ਉਦੋਂ ਉਸ ਨੂੰ ਮਹਿਸੂਸ ਹੁੰਦਾ ਕਿ ਜਿਸ ਦੀ ਮੈਨੂੰ ਲੋੜ ਸੀ, ਉਹ ਮਿਲ ਗਈ। ਰੌਸ਼ਨੀ ਨੂੰ ਰੱਬ ਕਹਿੰਦੇ ਹਨ। ਇਹ ਜੋ ਰੌਸ਼ਨੀ ਹੈ, ਅੰਗ੍ਰੇਜ਼ੀ ਦੇ ਅੱਖਰ ਡੇਅ-ਦਿਨ, ਤੋਂ ਬਣਿਆ। ਇਟਾਲੀਅਨ ਸਪੈਨਿਸ਼ ਅਨੁਸਾਰ ਡਿਊਜ਼ ਦਾ ਅਰਥ ਰੱਬ ਹੈ, ਇਸ ਤੋਂ ਡੇ ਬਣਿਆ। ਭਾਵ ਹਨੇਰੇ ਤੋਂ ਰੌਸ਼ਨੀ ਵੱਲ ਹੈ। ਹਨੇਰੇ ਨੂੰ ਕਿਸੇ ਨੇ ਰੱਬ ਨਹੀਂ ਕਿਹਾ, ਰੌਸ਼ਨੀ ਨੂੰ ਰੱਬ ਕਹਿੰਦੇ, ਯੂਨਾਨੀ ਅੱਗ ਨੂੰ ਜ਼ਮੀਰ ਕਹਿੰਦੇ ਹਨ।

ਰਿਗਵੇਦ ਵਿਚ ਜ਼ਮੀਰ ਨੂੰ ਦਿਲ ਦੀ ਰੌਸ਼ਨੀ ਦੱਸਿਆ ਹੈ। ਅਸੀਂ ਪੁਰਾਣੇ ਬੰਦਿਆਂ ਤੋਂ ਸੁਣਿਆ ਹੈ ਕਿ ਇਸ ਦੀ ਤਾਂ ਜ਼ਮੀਰ ਹੀ ਮਰ ਗਈ। ਇਹ ਜ਼ਮੀਰ ਸੁਤੀ ਪਈ ਹੈ। ਜਦੋਂ ਜ਼ਮੀਰ ਸੁੱਤੀ ਅਵਸਥਾ ਤੋਂ ਜਾਗਦੀ ਹੈ ਤਾਂ ਹੀ ਜ਼ਮੀਰ ਦੇ ਅਰਥ ਬਣਦੇਹਨ। ਯੂਨਾਨੀ ਆਤਮਾ ਨੂੰ ਅੱਗ ਯਾਨੀ ਚਿਣਗ ਆਖਦੇ ਹਨ। ਉਸ ਨੂੰ ਚਿਣਗ ਫੁੱਟੀ।


Academy of the Punjab in North America: http://www.apnaorg.com

ਇਹ ਜੋ ਅੱਗ ਹੈ, ਚਾਨਣ ਕਹੋ, ਕੁਝ ਵੀ ਕਹੋ, ਜਿਸ ਦੇ ਕੋਈ ਅਰਥ ਬਣਦੇ ਹਨ, ਬਸ ਉਸੇ ਨੂੰ ਲੋਕਾਂ ਨੇ ਰੱਬ ਮੰਨ ਕੇ ਚਲਣਾ ਸ਼ੁਰੂ ਕਰ ਲਿਆ। ਜਿੰਨਾਂ ਚਿਰ ਤੱਕ ਭਾਸ਼ਾ ਨਹੀਂ ਸੀ, ਓਨਾ ਚਿਰ ਤੱਕ, ਰੱਬ ਦਾ ਸੰਕਲਪ, ਵਿਸਥਾਰ ਵਿਚ ਚਰਚਾ ਕਰਨ ਦਾ ਸਾਧਨ ਨਹੀਂ ਬਣਿਆ ਸੀ। ਇਹ ਭਾਸ਼ਾ ਹੀ ਸੀ, ਜਿਸਦੀ ਅਣਹੋਂਦ ਵਿਚ ਉਹ ਰੱਬ ਬਾਰੇ ਲੰਮੀਆਂ ਚੌੜੀਆਂ ਚਰਚਾਵਾਂ ਨਹੀਂ ਕਰ ਸਕਿਆ। ਭਾਸ਼ਾ ਰੱਬ ਨਾਲ ਜੋੜਨ ਦੀ ਇਕ ਵਿਧੀ ਬਣੀ, ਇਕ ਸਾਧਨ ਬਣਿਆ, ਰਸਤਾ ਬਣਿਆ। ਅੱਜ ਕੱਲ੍ਹ ਜੋ ਵੱਖਰੇ ਵੱਖਰੇ ਧਰਮ ਬਣਾ ਕੇ ਧਰਤੀ 'ਤੇ ਪਸਰ ਰਹੇ ਹਨ, ਇਹ ਸਾਡੀ ਚਤਰਾਈ ਹੈ, ਇਹ ਅਸਲ ਧਾਰਮਿਕ ਗੱਲ ਨਹੀਂ ਹੈ।

ਅਠਾਰਵੀਂ ਸਦੀ ਵਿਚ ਇਕ ਜੱਜ ਸਰ ਵਿਲੀਅਮ ਜੋਨਜ਼ ਭਾਰਤ ਵਿਚ ਜੱਜ ਲੱਗਾ ਹੋਇਆ ਸੀ। ਉਸਨੇ ਇਕ ਖੋਜ ਕਰਕੇ ਲੋਕਾਂ ਦਾ ਧਿਆਨ ਇਸ ਪਾਸੇ ਵੱਲ ਕੀਤਾ ਕਿ ਸੰਸਕ੍ਰਿਤ ਭਾਸ਼ਾ, ਜਿਹੜੀ ਦੇਵਨਾਗਰੀ ਲਿਪੀ ਵਿਚ ਲਿਖੀ ਹੋਈ ਹੈ, ਇਹ ਦੇ ਪੰਜਾਬੀ ਅੱਖਰ ਸਪੈਨਿਸ਼, ਇਟਾਲੀਅਨ ਤੇ ਹੋਰ ਯੂਰਪ ਦੀਆਂ ਭਾਸ਼ਾਵਾਂ ਵਿਚ ਆਰੀਅਨ ਲੋਕਾਂ ਦੇ ਅੱਖਰ ਮਿਲਦੇ ਜੁਲਦੇ ਹਨ। ਲੇਕਿਨ ਇਸ ਪਾਸੇ ਜਾਣ ਦੀ ਬਜਾਏ, ਰਿਗਵੇਦ ਦੀ ਜਿਹੜੀ ਭਾਸ਼ਾ ਹੈ, ਦੁਨੀਆਂ ਦੀ ਇਸ ਪਹਿਲੀ ਕਿਤਾਬ ਵਿਚ ਪੰਜਾਬੀ ਭਾਸ਼ਾ ਇਕ ਦਮ ਰੜਕਦੀ ਹੈ। ਰਿਸ਼ੀਆਂ ਮੁਨੀਆਂ ਨੇ ਜਿਸ ਅਸਥਾਨ 'ਤੇ ਬੈਠਕੇ ਇਹ ਲਿਖਿਆ, ਉਹਨਾਂ ਦਾ ਜ਼ਿਕਰ ਤਾਂ ਵਿਚ ਆਵੇਗਾ ਹੀ। ਇਸ ਕਰਕੇ ਰਿਗਵੇਦ ਵਿਚੋਂ ਪੰਜਾਬੀਅਤ ਇਕ ਦਮ ਖੁਲ੍ਹੇ ਚੈਪਟਰ ਵਾਂਗ ਪੜ੍ਹ ਹੁੰਦੀ ਹੈ। ਜੇ ਭਾਸ਼ਾ ਪੰਜਾਬ ਵਿਚ ਹੀ ਸ਼ੁਰੂ ਹੋਈ, ਜੇ ਰਿਗਵੇ ਦ ਪੰਜਾਬ ਵਿਚ ਹੀ ਲਿਖ ਹੋਇਆ ਤਾਂ ਪਤਾ ਨਹੀਂ ਵਿਦਵਾਨ ਇਹ ਗੱਲ ਮੰਨਣ ਲਈ ਕਿਉਂ ਤਿਆਰ ਨਹੀਂ, ਪਈ ਇਹੋ ਇੰਡੋ ਯੂਰਪੀਨ ਭਾਸ਼ਾ, ਯੂਰਪ ਵਿਚ ਇਸੇ ਭਾਸ਼ਾ ਦਾ ਵਿਕਾਸ ਹੋਇਆ। ਇਹ ਮੰਨਣ ਲਈ ਤਿਆਰ ਨਹੀਂ ਕਿ ਇਹ ਭਾਸ਼ਾ ਪੰਜਾਬ ਵਿਚੋਂ ਆਈ।

ਇਸ ਤੋਂ ਅੱਗੇ ਸਪੈਨਿਸ਼ ਕਿੰਨੇ ਮੁਲਕਾਂ ਦੇ ਵਿਚ ਬੋਲੀ ਜਾਂਦੀ ਹੈ। ਅਮਰੀਕਾ ਤੇ ਹੋਰ **8-10** ਮੁਲਕਾਂ ਵਿਚ ਜਿਹੜੇ ਸਪੈਨਿਸ਼ ਤੋਂ ਬਿਨਾਂ ਹੋਰ ਕੁਝ ਨਹੀਂ ਬੋਲਦੇ, ਬਹੁਤ ਸਾਰੇ ਹੋਰ ਵੀ ਮੁਲਕ ਹਨ। ਇਟਾਲੀਅਨ ਭਾਸ਼ਾ ਤੇ ਸਪੈਨਿਸ਼ ਭਾਸ਼ਾ ਇਕ ਦੂਜੇ ਨਾਲ ਸਕੀਆਂ ਭੈਣਾਂ ਵਾਂਗ ਹਨ। ਇਹਨਾਂ ਦੇ **40%**, **45%** ਅੱਖਰ ਤਾਂ ਪੰਜਾਬ ਦੀਆਂ ਪੁਰਾਤਨ ਭਾਸ਼ਾਵਾਂ ਦੇ ਨਾਲ ਮਿਲਦੇ ਹਨ। ਇਹ ਗੱਲ ਲੋਕ ਮੰਨਣ ਲਈ ਤਿਆਰ ਨਹੀਂ ਕਿ ਰਿਗਵੇਦ ਤੇ ਹੋਰ ਵੇਦਾਂ ਦੀ ਰਚਨਾ ਵੀ ਉਹਨਾਂ ਨੇ ਹੀ ਕੀਤੀ। ਅੱਜ ਕਲ੍ਹ ਆਪੋ ਆਪਣੀਆਂ ਢੇਰੀਆਂ ਬਣਾ ਕੇ, ਵੱਖ-ਵੱਖ ਕਰਕੇ ਬੈਠੇ ਹਨ, ਲੇਕਿਨ ਬੋਹਲ ਸਾਰਾ ਇਕ ਲਗਦਾ ਪੁਰਾਣਾ। ਇਹ ਸਮਝ ਨਹੀਂ ਆਈ ਕਿ ਲੋਕ ਕਿਉਂ ਜ਼ਿੱਦ ਕਰਦੇ ਹਨ। ਬਦੇਸ਼ੀ ਲੋਕਾਂ ਨੇ ਜਾ ਕੇ ਆਰੀਅਨ ਕਹਿ ਲਿਆ, ਕੋਈ ਕੁਝ ਲਿਖਦਾ, ਕੋਈ ਕਹਿੰਦਾ ਕਿ ਉਹਨਾਂ ਨੇ ਹੜੱਪਾ ਤੇ ਮਹਿੰਜੋਦੜੋ ਵਿਚ ਜੋ ਕੁਝ ਬਣਿਆ ਹੋਇਆ ਸੀ, ਉਹ ਢਾਹ ਸੁੱਟਿਆ।

ਇਹ ਸਾਰੀਆਂ ਕਹਾਣੀਆਂ ਆਪਣੀ ਮਲਕੀਅਤ ਦੱਸਣ ਵਾਸਤੇ ਹੀ ਘੜੀਆਂ ਗਈਆਂ। ਜੇ ਕੋਈ ਪੁਰਾਤਨ ਸਮੇਂ ਵਿਚ ਗਿਆ ਤਾਂ ਉਹ ਹੀ ਗਿਆ, ਜਿਹੜਾ ਉਥੋਂ ਅਸਲੀਅਤ ਵਿਚ ਆਇਆ ਸੀ। ਜੇ ਕਿਧਰੇ ਲੋਕ ਉਥੋਂ ਸ਼ਿਕਾਰ ਕਰਨ ਜਾਂ ਵਾਪਾਰਕਰਨ ਲਈ ਇਸ ਖੇਤਰ ਵਿਚ ਚਲੇ ਗਏ, ਜਦੋਂ ਵਾਪਸ ਮੁੜ ਕੇ ਜਾਂਦੇ ਹਨ, ਤਾਂ ਉਹਨਾਂ ਨੂੰ ਉਥੋਂ ਦਾ ਵਾਤਾਵਰਣ ਅਨੁਕੂਲ ਨਾ ਬੈਠਦਾ ਜਾਂ ਉਸ ਵਾਤਾਵਰਨ ਵਿਚ ਉਹਨਾਂ ਨੂੰ ਅਜਿਹਾ ਕੁਝ ਲਗਦਾ ਜੋ ਉਹਨਾਂ ਨੂੰ ਪਸੰਦ ਨਹੀਂ ਹੈ ਤੇ ਇਨਸਾਨ ਆਪਣੀ ਨਾ ਪਸੰਦ ਰੋਕਣ ਨੂੰ ਕਰਦਾ ਹੈ। ਇਹ ਨਹੀਂ ਕਿ ਉਹ ਉਥੋਂ ਦਾ ਮਾਲਕ ਜੰਮਪਲ ਨਹੀਂ ਸੀ ਜਾਂ ਉਸ ਦਾ ਕੋਈ ਉਥੇ ਸੰਬੰਧ ਨਹੀਂ ਸੀ। ਇਹੋ ਜਿਹੀ ਕੋਈ ਗੱਲ ਨਹੀਂ ਹੈ। ਉਸੇ ਖੇਤਰ ਵਿਚ ਸਾਰੇ ਕੁਝ ਦਾ ਵਿਕਾਸ ਹੋਇਆ। ਉਸੇ ਸਿੰਧ ਦੇ ਮੈਦਾਨ ਵਿਚੋਂ ਜਨਮ ਲੈ ਕੇ ਵੱਡੇ ਹੋ ਕੇ ਜਦੋਂ ਬਾਹਰਲੇ ਦੇਸ਼ਾਂ ਨੂੰ ਗਏ ਤਾਂ ਜਿਹੜੀ ਬੇਬੀਲੋਨਿਕ ਜਾਂ ਯੂਨਾਨੀ ਸਭਿਅਤਾ ਉਥੇ ਵਸਾਈ, ਜਾਂ ਰੋਮਨ ਸਭਿਅਤਾ ਵਸਾਈ ਜਾਂ ਇਹ ਇਥੋਂ ਜਾ ਕੇ ਭਾਰਤ ਵਿਚ ਵਸਾਈ, ਜਿਹੜੇ ਲੋਕ ਬੇਬੀਲੋਨਿਕ ਖੇਤਰ ਵਿਚੋਂ ਗਏ ਹਨ, ਤਾਂ ਇਹ ਇਸਲਾਮਿਕ ਤੇ


Academy of the Punjab in North America: http://www.apnaorg.com

ਇਜ਼ਰਾਈਲ ਯਹੂਦੀ ਸਭਿਅਤਾ ਦੀ ਪਿੱਠ ਭੂਮੀ ਸੀ। ਇਧਰ ਦੀ ਹੁੰਦੇ ਹੋਏ, ਮਾਸਕੋ ਹੁੰਦੇ ਹੋਏ ਜਿਹੜੇ ਜਰਮਨੀ ਚਲੇ ਗਏ, ਉਹ ਵੀ ਥੱਲੇ ਨੂੰ ਆਏ। ਜਰਮਨ ਵਲੋਂ ਲੋਕ ਇੰਗਲੈਂਡ ਅਤੇ ਫਰਾਂਸ ਵਿਚ ਦਾਖਲ ਹੁੰਦੇ ਹਨ। ਇਧਰੋਂ ਬੇਬੀਲੋਨਿਕਲੋਕ ਏਥਨਜ਼ ਤੇ ਰੋਮ ਵਿਚ ਦੀ ਹੁੰਦੇ ਹੋਏ ਆਏ, ਉਹਨਾਂ ਦਾ ਟਕਰਾਓ ਫਰਾਂਸ ਵਿਚ ਹੋਇਆ।

ਸਭ ਤੋਂ ਪਹਿਲੀ ਤਰੱਕੀ ਫਰਾਂਸ ਵਿਚ ਹੋਈ ਹੈ। ਇੰਗਲੈਂਡ ਤਰੱਕੀ ਵਿਚ ਦੂਸਰੇ ਨੰਬਰ ਤੇ ਆਉਂਦਾ ਹੈ। ਫਰੈਂਚ ਤੇ ਅੰਗ੍ਰੇਜ਼ ਲੋਕ ਜਦੋਂ ਇਕ ਦੂਜੇ 'ਤੇ ਮਾਲਕੀ ਕਰਨੀ ਚਾਹੁੰਦੇ ਹਨ ਤਾਂ ਇਹ ਰਾਸ ਨਹੀਂ ਆਉਂਦਾ। ਇਕ ਦੂਜੇ ਤੋਂ ਚੰਗੇ ਸਿਧ ਕਰਨ ਲਈ ਭਾਸ਼ਾਵਾਂ ਤੇ ਧਰਮਾਂ ਦਾ ਜੋ ਵਿਕਾਸ ਹੋਇਆ, ਇਹ ਵਪਾਰਕ ਤਰੀਕੇ ਦੇ ਨਾਲ ਹੋਇਆ। ਯੂਰਪ ਵਿਚ ਰਹਿਣ ਵਾਲੇ ਲੋਕਾਂ ਨੂੰ ਇਸ ਗੱਲ ਦਾ ਪਤਾ ਲੱਗ ਗਿਆ ਕਿ ਵਾਪਾਰ ਰਾਹੀਂ ਹੀ ਲੋਕਾਂ ਤੱਕ ਪਹੁੰਚਿਆ ਜਾ ਸਕਦਾ ਹੈ। ਕਿਸੇ ਰੂਪ ਵਿਚ ਸਭ ਤੋਂ ਪਹਿਲਾਂ ਵੱਡਾ ਵਪਾਰ ਭਾਸ਼ਾ ਦਾ ਕੀਤਾ। **1450** ਈ: ਵਿਚ ਜਰਮਨ ਵਿਚ ਪ੍ਰੈਸ ਬਣ ਗਈ। ਗੁਟਨਬਰਗ ਨੇ ਪ੍ਰਿੰਟਿੰਗ ਪ੍ਰੈਸ ਤਿਆਰ ਕਰ ਲਈ, ਤਾਂ ਯੂਰਪੀਅਨ ਲੋਕਾਂ ਨੇ ਸਭ ਤੋਂ ਪਹਿਲਾਂ ਭਾਸ਼ਾ ਰਾਹੀਂ ਧਰਮ ਦਾ ਵਪਾਰ ਕੀਤਾ। ਪੁਰਾਣੀਆਂ ਗਾਸਪੈੱਲਜ਼ ਨੂੰ ਹੀ ਬਾਈਬਲ ਸਮਝਦੇ ਸਨ, ਪਹਿਲਾਂ ਤਾਂ ਕਿਸੇ ਵੀ ਕਥਾ ਕਹਾਣੀ ਨੂੰ ਬਾਈਬਲ ਹੀ ਕਹਿ ਦਿੰਦੇ ਸੀ। ਅਲਿਜ਼ਬੈੱਥ ਪਹਿਲੀ ਦਾ ਜਦੋਂ ਦਿਹਾਂਤ ਹੋਇਆ ਤਾਂ ਕਿੰਗ ਜੇਮਜ਼ ਦੀਆਂ ਗਾਸਪੈੱਲਜ਼ ਨੂੰ ਇਕਠੀਆਂ ਕਰਨ ਵਾਸਤੇ ਹੁਕਮ ਦਿੱਤਾ ਗਿਆ। **1611** ਵਿਚ ਕਿੰਗ ਜੇਮਜ਼ ਬਾਈਬਲ ਇਕੱਠੀ ਹੋ ਕੇ ਤਿਆਰ ਹੋਈ ਹੈ। ਉਹ ਪਹਿਲੀ ਬਾਈਬਲ ਸੀ ਤੇ **16**ਵੀਂ ਤੇ **17**ਵੀਂ ਸਦੀ ਵਿਚ ਜਦੋਂ ਇਹਨਾਂ ਨੇ ਬਾਈਬਲ ਦਾ ਪ੍ਰਿੰਟ ਕੱਢ ਲਿਆ ਤੇ ਧਾਰਮਿਕ ਗੱਲਾਂ, ਲੋਕਾਂ ਤਕ ਪਹੁੰਚਾਈਆਂ। ਸਭ ਤੋਂ ਪਹਿਲਾਂ ਧਰਮ ਵੇਚਣ ਦਾ ਹੀ ਰਿਵਾਜ਼ ਹੋਇਆ। ਦੁਨੀਆਂ ਵਿਚ ਧਰਮ ਨੂੰ ਕਿਵੇਂ ਵੇਚਿਆ ਜਾਵੇ? ਲੋਕਾਂ ਵਿਚ ਧਾਰਮਿਕ ਗੱਲਾਂ ਕਿਵੇਂ ਪਹੁੰਚਾਈਆਂ ਜਾਣ।

ਸੰਸਕ੍ਰਿਤ ਸਭ ਤੋਂ ਪਹਿਲੀ ਭਾਸ਼ਾ ਹੈ, ਜਿਸ ਵਿਚ ਸਭ ਤੋਂ ਪਹਿਲਾ ਧਾਰਮਕ ਗ੍ਰੰਥ ਹੋਇਆ। ਇਸ ਵਿਚ ਸਭ ਤੋਂ ਪਹਿਲਾਂ ਧਾਰਮਕ ਗੱਲਾਂ ਹੋਈਆਂ, ਉਹ ਤਾਂ ਸਾਂਭ ਕੇ ਰੱਖ ਲਿਆ। ਸਾਡੇ ਪੰਡਤਾਂ ਤੇ ਵਿਦਵਾਨਾਂ ਨੂੰ ਪਤਾ ਲਗ ਗਿਆ ਕਿ ਇਹ ਤਾਂ ਸਾਂਭ ਕੇ ਰੱਖਣ ਵਾਲੀ ਚੀਜ਼ ਹੈ। ਜਿਹੜੇ ਯੂਰਪੀਨ ਵਪਾਰੀ ਲੋਕ ਸਨ, ਉਹ ਫਿਰਦੇ ਤੁਰਦੇ, ਜ਼ਿੰਦਗੀ ਦੀਆਂ ਮਾਰਾਂ ਖਾ ਰਹੇ ਸਨ, ਜਦੋਂ ਉਹਨਾਂ ਨੇ ਵੇਖਿਆ ਕਿ ਇਹ ਧਰਮ ਹੀ ਐਸੀ ਚੀਜ਼ ਹੈ, ਜਿਸ ਦਾ ਪ੍ਰਭਾਵ ਪਾਇਆ ਜਾ ਸਕਦਾ, ਇਸਦਾ ਲੋਕਾਂ ਨੂੰ ਡਰ ਹੈ। ਧਰਮ ਸਿਖਾਉਣ ਲਈ ਤੇ ਧਾਰਮਕ ਗੱਲਾਂ ਨੂੰ ਜਿਹੜਾ ਕਰੇ ਉਸ ਨੂੰ ਲੋਕ ਚੰਗਾ ਸਮਝਦੇ ਹਨ। ਇਹਨਾਂ ਨੂੰ ਧਾਰਮਕ ਗੱਲਾਂ ਸੁਣਾ ਕੇ ਉਹਨਾਂ ਸਮਾਜ ਨੂੰ ਵੰਡਣਾ ਸ਼ੁਰੂਕੀਤਾ। ਸੰਸਕ੍ਰਿਤ ਦੀ ਵਿਆਕਰਣ ਬਣ ਚੁੱਕੀ ਸੀ। ਇਥੋਂ ਤਕ ਕਿ ਜਦੋਂ **1532-1539** ਤੱਕ ਗੁਰਮੁਖੀ ਦੀ ਵਿਆਕਰਣ ਗੁਰੂ ਨਾਨਕ ਪਾਤਸ਼ਾਹ ਤੇ ਗੁਰੂ ਅੰਗਦ ਦੇਵ ਪਾਤਸ਼ਾਹ ਨੇ ਬਣਾਈ ਤਾਂ ਉਦੋਂ **16**ਵੀਂ ਸਦੀ ਦੇ ਪਹਿਲੇ ਦਹਾਕੇ ਤੱਕ ਹੋਰ ਕੋਈ ਵੀ ਗਰਾਮਰ ਨਹੀਂ ਸੀ- ਨਾ ਜਰਮਨ ਦੀ, ਨਾ ਫਰੈਂਚ ਦੀ, ਨਾ ਅੰਗ੍ਰੇਜ਼ੀ ਦੀ। ਗਰਾਮਰ ਦਾ ਕੋਈ ਵੀ ਸਬੂਤ ਅੱਜ ਤੱਕ ਨਹੀਂ ਮਿਲਦਾ। ਲੇਕਿਨ ਇਹਨਾਂ 'ਚੋਂ ਜਿਹੜੇ ਤਰੱਕੀ ਕਰ ਗਏ, ਉਹਨਾਂ ਨੇ ਵੀ ਗਾਸਪੈੱਲਜ਼ ਜਾਂ ਧਾਰਮਿਕ ਕਥਾ ਕਥਾਵਾਂ ਸੁਣੀਆਂ, ਜਿਹਨਾਂ ਨੂੰ ਬਾਈਬਲਾਂ ਕਹਿੰਦੇ ਸੀ, ਉਹ ਕਿਤਾਬਾਂ ਨੂੰ ਆਪਣੀ ਭਾਸ਼ਾ ਵਿਚ ਛਾਪ ਕੇ ਦੂਰ ਦੂਰ ਜਾ ਕੇ ਵੰਡੀਆਂ। ਉਹਨਾਂ ਦੇ ਵੱਡੇ ਵੱਡੇ ਮੁੱਲ ਰੱਖੇ, ਵੱਡੀਆਂ-ਵੱਡੀਆਂ ਕੀਮਤਾਂ ਰੱਖੀਆਂ। ਵੇਦਾਂ ਦੇ ਵਿਚ, ਖਾਸ ਕਰਕੇ ਰਿਗਵੇਦ ਵਿਚ ਜੀਵਨ ਦੀਆਂ ਜੋ ਸਾਰੀਆਂ ਸ਼ਾਖਾਵਾਂ ਹਨ, ਜਿਵੇਂ ਸਿਹਤ, ਖਾਣਾ, ਪੀਣਾ ਜਾਂ ਭੌਤਿਕ ਪਦਾਰਥ ਹੈ, ਜਿਨ੍ਹਾਂ ਦੀ ਜ਼ਰੂਰਤ ਹੈ, ਹਰ ਇਕ ਵਿਸ਼ੇ ਉਤੇ, ਜੀਵਨ ਦੇ ਹਰੇਕ ਪਹਿਲੂ ਉਪਰ ਵੇਦਾਂ ਵਿਚ ਕੋਈ ਨਾ ਕੋਈ ਚਰਚਾ ਜ਼ਰੂਰ ਮਿਲਦੀ ਹੈ। ਏਨਾਂ ਜ਼ਰੂਰ ਹੈ ਕਿ ਜੋ ਸਾਡਾ ਵੈਦਿਕ ਕਾਲ ਹੈ, ਉਸ ਵਿਚ ਜੋ ਜੀਵਨ ਦੇਣ ਵਾਲਾ ਰੱਬ ਹੈ, ਉਹ ਵੱਖਰਾ ਤੇ ਪਾਲਣਾ ਕਰਨ ਵਾਲਾ ਰੱਬ ਵੱਖਰਾ ਤੇ ਇਸੇ ਤਰਾਂ ਮੌਤ ਦੇਣ ਵਾਲਾ ਵੀ ਰੱਬ ਵੱਖਰਾ ਹੈ। ਵੇਦਾਂ ਸ਼ਾਸਤਰਾਂ ਵਿਚ ਜੀਵਨ ਨੂੰ ਏਨਾ ਨਿਖੇੜ ਕੇ, ਵਿਆਖਿਆ ਗਿਆ ਹੈ, ਬਾਕੀ ਧਰਮਾਂ ਵਿਚ ਤਾਂ


Academy of the Punjab in North America: http://www.apnaorg.com

ਏਨੀ ਵਿਆਖਿਆ ਕਰਨ ਦੀ ਜ਼ਰੂਰਤ ਹੀ ਮਹਿਸੂਸ ਨਹੀਂ ਕੀਤੀ ਗਈ। ਲੋਕਾਂ ਨੂੰ ਜਿਹੜੀ ਵੀ ਥੋੜ੍ਹੀ ਜਿਹੀ ਗੱਲ ਚੰਗੀ ਲੱਗਦੀ ਹੈ ਤਾਂ ਲੋਕ ਓਸੇ ਨੂੰ ਫੜ ਕੇ ਬਹਿ ਜਾਂਦੇ ਹਨ। ਜਿੰਨੀ ਧਰਮ ਦੀ ਵਿਆਖਿਆ ਵੇਦਾਂ ਸ਼ਾਸਤਰਾਂ ਵਿਚ ਆਉਂਦੀ ਹੈ, ਓਨੀ ਹੋਰ ਕਿਸੇ ਗ੍ਰੰਥ ਵਿਚ ਨਹੀਂ ਆਉਂਦੀ। ਯੂਰਪੀਅਨ ਧਰਮ ਗ੍ਰੰਥਾਂ ਵਿਚ ਤਾਂ ਖਾਸ ਤੌਰ ਤੇ ਏਨੀ ਵਿਆਖਿਆ ਨਹੀਂ ਆਉਂਦੀ। ਪਰ ਕਿਉਂਕਿ ਯੂਰਪੀਨ ਲੋਕਾਂ ਨੇ ਦਰ-ਦਰ ਜਾ ਕੇ ਇਸਦਾ ਵਪਾਰ ਕੀਤਾ, ਕਾਗਜ਼ ਇੰਡੋ ਚਾਈਨਾ ਵਿਚੋਂ ਲੈ ਕੇ ਆਉਣਾ, ਤੇ ਉਹਨਾਂ ਤੇ ਧਾਰਮਿਕ ਗੱਲਾਂ ਲਿਖ ਕੇ ਤੇ ਫਿਰ ਉਹਨਾਂ ਨੂੰ ਹੀ ਵੇਚ ਆਉਣੀਆਂ, ਤੇ ਉਹਨਾਂ ਤੋਂ ਪੈਸੇ ਕਮਾ ਲੈਣੇ।

ਸਿਲਕ ਤੇ ਹੋਰ ਕੱਪੜਾ ਵੀ ਇੰਡੋ ਚਾਈਨਾ ਤੋਂ ਲਿਆਉਣਾ। ਉਸ ਨੂੰ ਸਿਊਕੇ ਤੇ ਫਿਰ ਉਹਨਾਂ ਦੇ ਵਿਚ ਹੀ ਵੇਚ ਆਉਣਾ। ਯੂਰਪੀਨ ਲੋਕਾਂ ਨੂੰ ਵਾਪਾਰ ਕਰਨਾ ਆਉਂਦਾ ਸੀ, ਇਸ ਲਈ ਇਹ ਵੱਡੇ ਲੋਕ ਪੈਸੇ ਧੇਲੇ ਵਿਚ ਅੱਗੇ ਲੰਘ ਗਏ। ਇੰਡੋਚਾਈਨਾ ਦੇ ਲੋਕ ਉਥੇ ਹੀ ਖੜੇ ਰਹੇ। ਇਹਨਾਂ ਨੇ ਲੱਭਿਆ ਕਿ ਅਫਗਾਨਿਸਤਾਨ ਦਾ ਏਰੀਆ ਪੰਜਾਬ, ਉਤਰ ਵੱਲ ਹੈ। ਇਥੇ ਨਸ਼ੇ-ਪੱਤੇ ਜੜ੍ਹੀਆਂ ਬੂਟੀਆਂ, ਅਫੀਮ, ਡੋਡੇ, ਚਾਤਰ ਲੋਕਾਂ ਨੇ ਲਿਜਾ ਕੇ ਸਭ ਤੋਂ ਪਹਿਲਾਂ ਧਾਰਮਿਕ ਲੋਕਾਂ ਨੂੰ ਚੀਨ ਵਿਚ ਵੇਚੇ। ਉਹ ਭਾਰਤ ਤੋਂ ਚੁੱਕ ਕੇ ਉਸੇ ਖੇਤਰ ਵਿਚ ਉਹਨਾਂ ਬਦਲੇ ਸਿਲਕ ਲੈ ਲੈਣੀ। ਸਟੀਲ ਦੀਆਂ ਚੀਜ਼ਾਂ ਵੀ ਸਭ ਤੋਂ ਵਧ ਯੂਰਪ ਨੇ ਬਣਾਈਆਂ ਪਰ ਸਟੇਨਲੈੱਸ ਸਟੀਲ ਦੀ ਕਾਢ ਤਾਂ ਭਾਰਤ ਵਿਚ ਨਿਕਲੀ ਹੈ। ਇੰਡੀਆ ਵਿਚ ਜਿਹੜੀ ਚੀਜ਼ ਮਿਲੀ, ਉਸ ਨੂੰ ਅਗਾਂਹ ਵਾਧਾ ਘਾਟਾ ਤੇ ਸੋਧ ਕਰਕੇ, ਉਥੇ ਜਾ ਕੇ ਵੇਚ ਕੇ ਪੈਸੇ ਬਣਾਏ। ਖੋਜਾਂ, ਜਿਵੇਂ ਕੰਪਾਸ ਦੀ ਕਾਢ ਹੈ, ਇਸ ਦੀ ਕਾਢ ਵੀ ਚੀਨ ਵਿਚ ਨਿਕਲੀ। ਚੀਨ ਵਿਚ ਹੀ ਸਭ ਤੋਂ ਪਹਿਲਾਂ ਬੰਬ ਬਣਾਉਣ ਤੇ ਬਰੂਦ ਦੀ ਕਾਢ ਵੀ ਚੀਨ ਵਿਚ ਹੋਈ ਪਰ ਐਟਮਬੰਬ ਸਭ ਤੋਂ ਪਹਿਲਾਂ ਅਮਰੀਕਾ ਨੇ ਚਲਾਇਆ। ਇਹ ਸਭ ਚੀਜ਼ਾਂ ਦੀ ਕਾਢ ਇੰਡੋ-ਚਾਈਨਾ ਵਿਚੋਂ ਹੀ ਨਿਕਲੀ। ਦੁਨੀਆਂ ਵੀ ਸਾਰੀ ਉਥੋਂ ਹੀ ਨਿਕਲੀ ਪਰ ਬਾਹਰਲੇ ਸਿਆਣੇ ਤੇ ਚਾਤਰ ਲੋਕਾਂ ਨੇ ਉਹ ਆਪਣੀ ਬਣਾ ਕੇ ਜਾਂ ਉਸ ਵਿਚ ਥੋੜ੍ਹੀ ਬਹੁਤ ਸਿਆਣਪ ਘਸੋੜ ਕੇ, ਇੰਡੋ ਚਾਈਨਾ ਵਿਚ ਜਾ ਕੇ ਵੇਚੀਆਂ।

ਕਾਰਲ ਲੈਰਥ ਨਾਂ ਦਾ ਇਕ ਜਰਮਨ ਫਿਲਾਸਫਰ ਹੋਇਆ। ਕਾਰਲ ਨੇ ਇਕ ਕਿਤਾਬ ਲਿਖੀ *The OriginA nd Goal of History.*

ਇਤਿਹਾਸ ਦਾ ਜਨਮ ਕਿਵੇਂ ਹੋਇਆ? ਇਸ ਦਾ ਉਦੇਸ਼ ਕੀ ਹੈ? ਇਹ ਕਿਤਾਬ 1949 ਵਿਚ ਲਿਖੀ ਗਈ। ਬਹੁਤ ਲੋਕਾਂ ਇਸ ਕਿਤਾਬ ਵਿਚੋਂ ਹਵਾਲੇ ਚੁੱਕ ਕੇ ਅਗਾਂਹ ਆਪਣੀਆਂ ਗੱਲਾਂ ਕੀਤੀਆਂ। 1949 ਵਿਚ ਜਿਹੜੀ ਇਹ ਕਿਤਾਬ ਲਿਖੀ ਹੈ, ਉਹਦੇ ਵਿਚ ਕਾਰਲਰਿਗਵੇਦ ਦੀ ਗੱਲ ਕਿਵੇਂ ਕਰ ਸਕਦਾ ਹੈ। ਉਸ ਦੇ ਵਿਚ ਵੀਹਵੀਂ ਸਦੀ ਦੇ ਯੂਰਪੀਨ ਲੋਕ ਮਨੁੱਖਤਾ ਦੀਆਂ ਪੁਰਾਤਨ ਸ਼੍ਰੇਣੀਆਂ ਦੀਆਂ ਗੱਲਾਂ ਕਰਕੇ, ਇਤਿਹਾਸ ਕਿਵੇਂ ਸਿਰਜ ਸਕਦੇ ਹਨ? ਇਸ ਗੱਲ ਦੀ ਸਮਝ ਨਹੀਂ ਆਉਂਦੀ। ਵੇਖੋ ਕਿੱਡੀ ਚਤਰਾਈ ਦੀ ਗੱਲ ਹੈ, ਕਿ ਵੇਦਾਂ ਸ਼ਾਸਤਰਾਂ ਤੇ ਉਪਨਿਸ਼ਦਾਂ ਪੁਰਾਣਾਂ ਦੇ ਜਿਹੜੇ ਪੁਰਾਤਨ ਰਿਸ਼ੀ ਮੁਨੀ ਲੇਖਕ ਹਨ, ਉਹਨਾਂ ਨੂੰ ਤਾਂ ਯੂਰਪੀਨ ਲੋਕਾਂ ਨੇ ਇਤਿਹਾਸਕ ਗੱਲਾਂ ਕਹਿਣ ਦੀ ਬਜਾਏ ਉਹਨਾਂ ਨੂੰ ਮਿਥਿਹਾਸ ਦੇ ਡੂੰਘੇ ਸਮੁੰਦਰੀ ਪਾਣੀਆਂ ਵਿਚ ਸੁਟ ਦਿੱਤਾ। ਕਿਤੇ ਜ਼ਿਕਰ ਵੀ ਨਹੀਂ ਕੀਤਾ ਕਿ ਉਹ ਵੀ ਕੋਈ ਵਿਦਵਾਨ ਹੋਏ ਹਨ। ਉਹ ਹੋਏ ਹੋਣਗੇ, ਇਹ ਮਿਥਿਹਾਸਕ ਗੱਲਾਂ ਹਨ ਜੀ, ਜਿਹੜੀਆਂ ਇਹਨਾਂ ਨੂੰ ਲੱਗਦਾ ਹੈ ਕਿ ਇਹ ਲੋਕਾਂ ਤੇ ਲਾਗੂ ਕਰਨ ਵਾਲੀਆਂ ਹਨ- ਯਸੂ ਮਸੀਹ ਹੈ, ਇਹ ਬੀ. ਸੀ. ਸੰਨ ਹੈ -ਇਹਦਾ ਏਨੇ ਵਿਚ ਜਨਮ ਹੋਇਆ, ਬਾਅਦ ਵਿਚ ਕੈਲੰਡਰ ਲਿਖ ਦਿੱਤਾ, ਇਹ ਸੁਕਰਾਤ ਹੈ ਜੀ, ਇਹ ਜੀ ਪਲੈਟੋ ਹੈ, ਇਹ ਅਰਸਤੂ ਹੈ, ਇਨ੍ਹਾਂ ਉਤੇ ਜ਼ੋਰ ਦਿੱਤਾ। ਯਹੂਦੀ ਰੱਬਯਾਵਾ 1930 ਵਿਚ ਇਰਾਕ ਬਗਦਾਦ ਵਿਚ ਪਹਿਲੀ ਵਾਰ ਵਰਤਿਆ ਗਿਆ (ਪੀਟਰ ਵਾਟਸਨ)।


Academy of the Punjab in North America: http://www.apnaorg.com

# ਗਿਆਨ ਵਿਗਿਆਨ

ਅਸੀਂ ਪਿਛਲੇ ਅਧਿਆਇਆਂ ਵਿਚ ਗਿਆਨ ਵਿਗਿਆਨ ਦੀ ਗੱਲ ਕੀਤੀ ਹੈ ਕਿ ਗਿਆਨ ਬਹੁਤ ਜ਼ਰੂਰੀ ਹੈ। ਪਰ ਜਦੋਂ ਕੋਈ ਗਿਆਨ ਦੀ ਗੱਲ ਕਰਨ ਦੀ ਕੋਸ਼ਿਸ਼ ਕਰਦਾ ਹੈ, ਲੋਕੀਂ ਉਸ ਦੀ ਹਮੇਸ਼ਾ ਵਿਰੋਧਤਾ ਹੀ ਕਰਦੇ ਆਏ ਹਨ। 'ਸਾਡਾ ਗਿਆਨੀ ਵਧੀਆ ਤੇ ਤੁਹਾਡਾ ਗਿਆਨੀ ਨਹੀਂ ਵਧੀਆ। ' ਇਹ ਸਿਆਣਪਾਂ ਦਾ ਜਿਹੜਾ ਆਪਸ ਵਿਚ ਮੁਕਾਬਲਾ ਹੈ, ਇਹ ਤਾਂ ਸ਼ੁਰੂ ਤੋਂ ਚਲਦਾ ਆਇਆ ਹੈ। ਜਦੋਂ ਦੁਨੀਆਂ ਦੇ ਗਿਆਨ ਵਿਚ ਵਿਗਿਆਨ ਦਾਖ਼ਲ ਹੁੰਦਾ ਹੈ, ਤਾਂ ਉਦੋਂ ਲੋਕ ਵਿਗਿਆਨ ਨੂੰ ਹੀ ਧਰਮ ਸਮਝ ਕੇ ਬੈਠ ਗਏ ਕਿ ਵਿਗਿਆਨ ਹੀ ਧਰਮ ਹੈ। ਜਦੋਂ ਵਿਗਿਆਨੀਆਂ ਨੇ ਗੱਲਾਂ ਕੀਤੀਆਂ, ਉਦੋਂ ਇਕ ਵਾਰ ਇਵੇਂ ਪ੍ਰਭਾਵ ਬਣ ਗਿਆ ਕਿ ਜਿਵੇ ਪੁਰਾਤਨ ਧਰਮਾਂ ਦੀ ਏਡੀ ਵੱਡੀ ਅਹਿਮੀਅਤ ਨਹੀਂ ਰਹਿ ਗਈ। ਵਿਗਿਆਨੀ ਧਰਮ ਤੋਂ ਜ਼ਿਆਦਾ ਗਿਆਨ ਰੱਖਦੇ ਹਨ। ਇਹ ਤਾਂ ਹਿਸਾਬ-ਕਿਤਾਬ ਦੇ ਨਾਲ ਖ਼ੂਹ ਗਿਣ ਮਿਣ ਕੇ ਗੱਲਾਂ ਕਰਦੇ ਹਨ ਤੇ ਜਦੋਂ ਧਰਮ ਨਾਲੋਂ ਵਿਗਿਆਨ ਦੀ ਅਹਿਮੀਅਤ ਬਹੁਤ ਜ਼ਿਆਦਾ ਹੋ ਗਈ ਤਾਂ ਉਹਨਾਂ ਕਿਤਾਬਾਂ ਤੇ, ਵਿਗਿਆਨੀਆਂ ਨੂੰ ਪੜ੍ਹ ਕੇ ਸ਼ਿਕਾਗੋ ਯੂਨੀਵਰਸਿਟੀ ਦੇ ਵਿਚ ਪ੍ਰੋ. : ਐਲਨ ਬਲੂਮ ਨੇ ਇਕ ਕਿਤਾਬ ਲਿਖੀ,

*"The Closing of the Ameri\n Mind, "*

ਜਿਹੜੀ **1987** ਦੇ ਵਿਚ ਛਪੀ ਸੀ । ਇਹ ਕਿਤਾਬ ਲਿਖਣ ਤੋਂ ਬਾਅਦ ਉਹ (ਐਲਨ) ਬਹੁਤ ਹੀ ਅਮੀਰ ਬਣ ਗਿਆ। ਪਰ ਜਦੋਂ ਉਸਨੇ ਇਹ ਗੱਲ ਸ਼ੁਰੂ ਕੀਤੀ ਜਾਂ ਇਹ ਕਿਤਾਬ ਪਹਿਲਾਂ ਜਾਣੂ ਹੋਈ ਤਾਂ ਲੋਕਾਂ ਨੇ ਉਸਦੀ ਬਹੁਤ ਵਿਰੋਧਤਾ ਕੀਤੀ।

ਜਦੋਂ ਇਹ ਕਿਤਾਬ ਪਹਿਲਾਂ ਪਹਿਲਾਂ ਆਈ ਤਾਂ ਇਸ ਉਤੇ ਇਕ ਗੋਸ਼ਟੀ ਹੋਈ। ਇਕ ਦੂਜੇ ਦੇ ਉਪਰ ਡਿਗ ਡਿਗ ਕੇ ਸਪੀਕਰਾਂ ਨੇ ਇਸ ਨੂੰ ਡੀਨਾਉਂਸ ਕੀਤਾ ਕਿ ਵਿਗਿਆਨ ਨੂੰ ਵਧੀਆ ਕਿਹਾ ਤੇ ਜਿਹੜੇ ਅਧਿਆਤਮਵਾਦ ਤੋਂ ਜਿਹਨਾਂ ਦੀ ਪ੍ਰੋੜਤਾ ਕੀਤੀ ਸੀ, ਇਹ ਇਸ ਗੱਲ ਵਿਚ ਯਕੀਨ ਕਰਦਾ ਸੀ ਕਿ ਜਿਹੜੇ ਪੁਰਾਣੇ ਧਾਰਮਿਕ ਫਿਲਾਸਫ਼ਰ ਤੇ ਪੁਰਾਣੇ ਕਵੀ ਹਨ, ਉਹਨਾਂ ਤੋਂ ਬਹੁਤ ਕੁਝ ਸਿੱਖਣ ਨੂੰ ਮਿਲਦਾ ਹੈ। ਅਸਲ ਵਿੱਚ ਅਸੀਂ ਸਭ ਕੁਝ ਉਹਨਾਂ ਤੋਂ ਹੀ ਸਿੱਖਿਆ। ਕੋਈ ਐਸੀ ਚੀਜ਼ ਨਹੀਂ ਹੈ ਜਿਹੜੀ ਅਸੀਂ ਅੱਜ ਦੇ ਵਿਗਿਆਨੀਆਂ ਨੇ, ਉਹ ਪੁਰਾਤਨ ਅਧਿਆਤਮਵਾਦ ਦੇ ਜਿਹੜੇ ਫਿਲਾਸਫ਼ਰ ਸੀ, ਉਹਨਾਂ ਤੋਂ ਨਹੀਂ ਸਿੱਖੀ। ਐਲਨ ਬਲੂਮ ਨੇ ਬੜੀ ਦਲੀਲ ਨਾਲ ਆਖਿਆ ਕਿ ਹੋਰ ਨਹੀਂ ਤਾਂ ਘੱਟੋ ਘੱਟ ਇਹ ਜੋ ਧਾਰਮਿਕ ਲੇਖਕ ਪੁਰਾਣੇ ਹਨ, ਉਹਨਾਂ ਨੇ ਘੱਟੋ ਘੱਟ ਸਾਨੂੰ ਸਿਆਣੇ ਹੋਰ ਬਣਾਇਆ। ਅਸੀਂ ਉਹਨਾਂ ਤੋਂ ਬਹੁਤ ਕੁਝ ਸਿੱਖਿਆ ਅਤੇ ਸਾਨੂੰ ਸਿਆਣੇ ਬਣਾਉਣ ਵਿਚ ਉਹਨਾਂ ਨੇ ਮੱਦਦ ਜ਼ਰੂਰ ਕੀਤੀ। ਜੇ ਆਪਾਂ ਹਿਬਰੋ ਬਾਈਬਲ ਦੀ ਗੱਲ ਕਰੀਏ ਤਾਂ ਉਹ ਇਕ ਆਦਮੀ ਨੇ ਤਾਂ ਲਿਖੀ ਨਹੀਂ ਹੈ। ਬਹੁਤ ਸਾਰੇ ਲੋਕਾਂ ਦੀ ਰਾਏ ਵੱਖ ਵੱਖ ਹੈ, ਆਪੋ ਆਪਣੇ ਵਿਸ਼ੇ ਬਣਾ ਕੇ ਆਪੋ ਆਪਣੇ ਇਤਿਹਾਸ ਬਣਾਕੇ ਲਿਖੇ ਹਨ। ਇਜ਼ਰਾਈਲ ਦੀਆ ਗੱਲਾਂ ਜਾਂ ਪ੍ਰਮਾਤਮਾ ਦਾ ਜੋ ਇਸ ਵਿਚ ਸੰਕਲਪ ਹੈ, ਇਹ ਆਮ ਲੋਕਾਂ ਵਿਚ ਪ੍ਰਚੱਲਤ ਰੱਬ ਦੀਆਂ ਗੱਲਾਂ ਦਾ ਇਤਿਹਾਸ ਹੈ। ਹਿਬਰੋ ਬਾਈਬਲ ਨੂੰ ਜੇ ਪੂਰਾ ਪੜ੍ਹ ਕੇ ਦੇਖੀਏ ਤਾਂ ਕੋਈ ਵੀ ਸਾਧਾਰਨ ਵਿਦਵਾਨ ਇਹ ਲਿਖ ਸਕਦਾ ਹੈ। ਹਿਬਰੋ ਬਾਈਬਲ ਦੀਆਂ ਕਹਾਣੀਆਂ ਇਤਿਹਾਸਕ ਤਾਂ ਹੈ ਨਹੀਂ, ਭਾਵ ਇਸ ਵਿਚ ਇਤਿਹਾਸਪਨ ਨਹੀਂ ਹੈ। ਉਹਨਾਂ ਵਿਚ ਜਿਹੜੀ ਸਿਆਣਪ ਹੈ, ਜੇ ਉਸ ਨੂੰ ਧਿਆਨ ਨਾਲ ਵੇਖਿਆ ਜਾਏ, ਤਾਂ ਸਿਆਣਪ ਜੋ ਹੈ, ਇਹ ਬੰਦੇ ਦੇ ਕੰਮ ਆ ਸਕਣ ਵਾਲੀਆਂ ਗੱਲਾਂ ਹਨ।

ਮਿਥਿਹਾਸ ਨੂੰ ਜਦੋਂ ਇਤਿਹਾਸਕ ਨਜ਼ਰੀਏ ਨਾਲ ਵੇਖਦੇ ਹਾਂ ਤਾਂ ਉਸ ਦੇ ਵਿਚ ਅਸੀ ਕਈ ਵਾਰੀ ਉਲਝ ਜਾਂਦੇ ਹਾਂ। ਜਿਹੜੀ ਮਿੱਥ ਹੈ, ਉਹ ਤਾਂ ਅਸਲ ਇਕ ਸ਼ਬਦਾਵਲੀ ਹੈ, ਜਿਹੜੀ ਹਿਬਰੋ ਬਾਈਬਲ ਵਿਚ ਆਉਂਦੀ ਹੈ। ਜਿਵੇਂ ਇਕ ਸ਼ਬਦ ਹਿਬਰੋ ਬਾਈਬਲ ਦੇ ਆਖੀਰ ਵਿਚ ਆਉਂਦਾ ਹੈ, ਉਸ ਦਾ ਮਤਲਬ ਤੇ ਹੈ। ਸ਼ਬਦ ਦਾ


Academy of the Punjab in North America: http://www.apnaorg.com

ਕੋਈ ਇਤਿਹਾਸ ਨਹੀਂ ਹੁੰਦਾ ਤੇ ਜੇ ਅਸੀਂ ਸ਼ਬਦ ਨੂੰ ਕਹੀਏ ਕਿ ਏਨੇ ਵੱਜ ਕੇ ਇੰਨੇ ਮਿੰਟ ਤੇ ਫਲਾਨੇ ਦਿਨ ਫਲਾਨੀ ਤਰੀਕ ਨੂੰ ਜਨਮਿਆ। ਇਸ ਗੱਲ ਨੂੰ ਪਤਾ ਨਹੀਂ ਕੋਈ ਮੰਨੇ ਜਾਂ ਨਾ। ਏਥਨਜ਼ ਅਤੇ ਗਰੀਕ ਸਭਿਅਤਾ ਦੀਆਂ ਗੱਲਾਂ ਬਹੁਤ ਹੀ ਉਭਰ ਕੇ ਦੁਨੀਆਂ ਦੇ ਸਾਹਮਣੇ ਆਈਆਂ। ਸੁਕਰਾਤ ਦੀਆਂ ਗੱਲਾਂ, ਜਦੋਂ ਪਲੈਟੋ ਤੇ ਖਾਸ ਕਰ ਅਰਸਤੂ ਨੇ ਗਰੀਕ ਸਭਿਅਤਾ ਦੀਆਂ ਗੱਲਾਂ ਕੀਤੀਆਂ, ਅਰਸਤੂ ਨੇ ਜਿਹੜੇ ਨਵੇਂ ਫਾਰਮੂਲੇ ਬਣਾਏ, ਉਹ ਗੱਲਾਂ ਇਵੇ ਲੱਗੀਆਂ ਜਿਵੇਂ ਇਹ ਇਕ ਬਹੁਤ ਵੱਡਾ ਇਤਿਹਾਸ ਹੈ। ਇਹ ਬਹੁਤ ਵੱਡੀ ਸੱਚਾਈ ਹੈ। ਉਹ ਗੱਲਾਂ, ਜਿਨਾਂ ਦੀ ਇਤਿਹਾਸਕ ਸੱਚਾਈ ਹੋਵੇ, ਇਹ ਜ਼ਰੂਰੀ ਨਹੀਂ ਹੁੰਦਾ ਕਿ ਗੱਲਾਂ ਦੀ ਡੂੰਘਾਈ ਜੇ ਕੋਈ ਮਿਣ ਕੇ ਦੱਸੇ ਕਿ ਇੰਨੇ ਫੁੱਟ ਡੂੰਘੀ ਤੇ ਇੰਨੀ ਫੁੱਟ ਲੰਬੀ, ਗੱਲਾਂ ਦੀ ਡੂੰਘਾਈ ਨੂੰ ਬੰਨਿਆਂ ਨਹੀਂ ਜਾ ਸਕਦਾ। ਬਹੁਤ ਦੇਰ ਤੱਕ ਸਾਨੂੰ ਇਹ ਗਲਤੀ ਜਾਂ ਭੁਲੇਖਾ ਲੱਗਾ ਰਿਹਾ ਕਿ ਸੁਕਰਾਤ, ਪਲੈਟੋ ਤੇ ਅਰਸਤੂ ਦੀਆਂ ਜਿਹੜੀਆਂ ਗੱਲਾਂ, ਕਹਾਣੀਆਂ ਜਾਂ ਇਹਨਾਂ ਦੇ ਫਾਰਮੂਲੇ ਹਨ, ਇਸ ਤਰੀਕੇ ਵਿਚ ਬੰਨਣ ਦੀ ਕੋਸ਼ਿਸ਼ ਕਰਦੇ ਰਹੇ ਕਿ ਇਹ ਇਤਿਹਾਸ ਹੈ। ਲੇਕਿਨ ਇਸ ਨੂੰ ਇਤਿਹਾਸ ਕਹਿਣਾ ਆਪਣੇ ਆਪ ਨੂੰ ਬਹੁਤ ਭੁਲੇਖੇ ਵਿਚ ਰੱਖਣ ਵਾਲੀ ਗੱਲ ਹੈ।

ਪਲੈਟੋ ਨੇ ਖ਼ੁਦ ਇਸ ਦਾ ਵੇਰਵਾ ਦਿੱਤਾ ਹੈ ਕਿ ਜੋ ਸਾਡੀ ਹੋਂਦ ਹੈ, ਇਸਦੇ ਚਾਰ ਲੈਵਲ ਹਨ **1**) ਸਾਡੀ ਹੋਂਦ ਦਾ ਪਰਛਾਵਾ; **2**) ਇਸ ਨੂੰ ਅਸੀ ਕਿਵੇਂ ਲੈਂਦੇ ਹਾਂ; **3**) ਅਸੀਂ ਇਸ ਦਾ ਹਿਸਾਬ ਕਿਤਾਬ ਕਿਵੇਂ ਲਾਉਂਦੇ ਹਾਂ; **4**) ਆਪਣੀ ਹੋਂਦ ਦਾ ਚੌਥਾ ਮੁੱਖ ਹਿੱਸਾ ਹੈ ਅੰਦਾਜ਼ਾ ਪਲੈਟੋ ਦਾ ਇਹ ਵਿਚਾਰ ਹੈ ਕਿ ਅਸੀ ਅੰਦਾਜ਼ਾ ਕੀ ਲਾਉਂਦੇ ਂ ਹਾਂ।

ਪਲੈਟੋ ਵਾਂਗ ਅਰਸਤੂ ਵੀ ਮੈਸੇਡੋਨੀਆ ਦੇ ਸ਼ਾਹੀ ਖਾਨਦਾਨ ਫਿਲਿਪ ਦੇ ਨਾਲ ਸਬੰਧ ਰੱਖਦਾ ਗਿਣਿਆ ਜਾਂਦਾ ਹੈ । ਉਹ ਸ਼ਾਹੀ ਖਾਨਦਾਨ ਨਾਲ ਸੰਬੰਧਿਤ ਜਿਹੜੀ ਕਹਾਵਤ ਹੈ ਜਿਵੇਂ ‘ ਜਿਸਦੀ ਕੋਠੀ ਵਿਚ ਦਾਣੇ ਉਸ ਦੇ ਕਮਲੇ ਵੀ ਸਿਆਣੇ’ ਭਾਵ ਜਿਸਦੇ ਵੱਡੇ ਬੰਦਿਆਂ ਨਾਲ ਸੰਬੰਧ ਹੁੰਦੇ ਹਨ, ਉਹਨਾਂ ਦੀਆਂ ਗੱਲਾਂ ਜ਼ਿਆਦਾ ਪਾਇਦਾਰ ਗਿਣੀਆਂ ਜਾਂਦੀਆਂ ਹਨ। ਜੇ ਉਹ ਬੰਦਾ ਸਮਝਦਾਰ ਹੋਵੇ ਤੇ ਗੱਲ ਵੀ ਹਿਸਾਬ ਕਿਤਾਬ ਦੀ ਕਰੇ ਤਾਂ ਲੋਕ ਉਸਨੂੰ ਸਿਰ ਤੇ ਚੱਕ ਲੈਂਦੇ ਹਨ. ਇਹ ਅਰਸਤੂ ਨਾਲ ਵੀ ਹੋਈ, ਉਹ ਸਿਆਣਾ ਸੀ, ਸਮਝਦਾਰ ਸੀ ਤੇ ਸ਼ਾਹੀ ਖਾਨਦਾਨ ਨਾਲ ਸੰਬੰਧ ਰੱਖਦਾ ਸੀ। ਇਸ ਕਰਕੇ ਉਸ ਨੇ ਜੋ ਜੋ ਵੀ ਕਿਹਾ, ਉਹ ਦੁਨੀਆਂ ਦੀ ਸਿਆਣਪ ਬਣ ਗਈ, ਦੁਨੀਆਂ ਦੀ ਫਿਲਾਸਫ਼ੀ ਬਣ ਗਈ। ਉਹ ਵੇਦਾਂ-ਸ਼ਾਸਤਰਾਂ ਤੇ ਪੁਰਾਣੇ ਇਤਿਹਾਸ ਦੇ ਮੁਕਾਬਲੇ ਤੇ ਖੜ੍ਹ ਗਈ। ਪਰ ਅਰਸਤੂ ਬਹੁਤ ਹੀ ਸਮਝਦਾਰ ਤੇ ਹਾਜ਼ਰ ਦਿਮਾਗ ਆਦਮੀ ਸੀ। ਪਲੈਟੋ ਤੋਂ ਬਾਅਦ ਦਸ ਸਾਲ ਮਹਾਨ ਸਿਕੰਦਰ ਵੀ ਪਲੈਟੋ ਦੀ ਅਕੈਡਮੀ ਵਿੱਚ ਪੜਦਾ ਪੜ੍ਹਾਉਂਦਾ ਰਿਹਾ ਤੇ ਆਪਣੀਆਂ ਸਿਆਣਪਾਂ ਆਪ ਦੱਸਦਾ ਰਿਹਾ। ਪਰ ਜਦੋਂ ਮਹਾਨ ਸਿਕੰਦਰ ਦਾ ਅੰਤ ਹੁੰਦਾ ਹੈ ਤਾਂ ਉਸ ਨੇ ਆਪਣਾ ਬੋਰੀ ਬਿਸਤਰਾ ਚੁਕਿਆ ਤੇ ਵਾਪਸ ਫੇਰ ਏਥਨਜ਼ ਨੂੰ ਚਲਾ ਗਿਆ। ਅਰਸਤੂ ਦੀਆਂ ਗੱਲਾਂ ਵਿੱਚੋਂ ਸਾਫ ਨਿੱਤਰ ਕੇ ਆਉਂਦਾ ਹੈ ਕਿ ਉਹ ਵਪਾਰੀ, ਸਿਆਣਾ, ਵਿਦਵਾਨ ਤੇ ਬਹੁਤ ਹੀ ਵੱਡੇ ਖਾਨਦਾਨ ਨਾਲ ਸੰਬੰਧ ਰੱਖਦਾ ਸੀ। ਇਸ ਕਰਕੇ ਉਸ ਨੇ ਜੋ ਜੋ ਵੀ ਗੱਲਾਂ ਕਹੀਆਂ, ਉਹ ਸਿਧਾਂਤ ਬਣ ਗਏ । ਉਹਨ੍ਹਾਂ ’ਤੇ ਲੋਕਾਂ ਨੇ ਵਿਸ਼ਵਾਸ਼ ਕਰਨਾ ਸ਼ੁਰੂ ਕਰ ਦਿੱਤਾ।

ਕਿਸੇ ਨੇ ਵੀ ਇਹ ਸਮਝਣ ਜਾਂ ਸਮਝਾਉਣ ਦੀ ਕੋਸ਼ਿਸ਼ ਨਹੀਂ ਕੀਤੀ ਕਿ ਇਹ ਜੋ ਗਰੀਕ ਗਲਬਾਤ ਹੈ, ਪਲੈਟੋ ਤੇ ਅਰਸਤੂ ਦੀਆਂ ਜੋ ਇਹ ਗੱਲਾਂ-ਬਾਤਾਂ ਹਨ, ਇਹਨ੍ਹਾਂ ਦੀ ਆਪਣੀ ਸਮਝ ਵਿੱਚ ਕਿੱਥੋਂ ਆਈਆਂ? **1984** ਦੇ ਵਿੱਚ ਇਕ ਜਰਮਨ ਹਿਸਟੋਰੀਅਨ ਵਾਲਟਰ ਬੁਰਖਾਰਟ ਨੇ ਆਪਣੀ ਕਿਤਾਬ ਲਿਖੀ। ਕਿਤਾਬ ਵਿੱਚ ਉਸ ਨੇ ਪਹਿਲੀ ਵਾਰ ਜ਼ਿਕਰ ਕੀਤਾ ਕਿ ਲੋਕਾਂ ਨੇ ਇਹ ਜਾਨਣ ਦੀ ਕੋਸ਼ਿਸ਼ ਹੀ ਨਹੀਂ ਕੀਤੀ ਕਿ ਅਰਸਤੂ ਨੇ ਸਾਰੇ ਵਿਚਾਰ ਪੂਰਬੀ ਸਭਿਅਤਾ ਵਿਚੋਂ ਲਏ। ਪੂਰਬੀ ਸਭਿਅਤਾ ਵਿੱਚ ਉਹ ਸਾਰੇ ਦੇ ਸਾਰੇ ਖ਼ਿਆਲ ਪਹਿਲਾਂ ਹੀ ਮੌਜੂਦ ਸੀ । ਉਹਨ੍ਹਾਂ ਨੂੰ ਅਰਸਤੂ ਨੇ ਆਪਣੇ ਤਰੀਕੇ ਨਾਲ ਲਿਖਿਆ। ਵਾਲਟਰ ਨੇ ਪਹਿਲੀ ਵਾਰ ਇਹ ਜ਼ਿਕਰ ਕੀਤਾ ਕਿ


Academy of the Punjab in North America: http://www.apnaorg.com

ਖਿਆਲ ਹੀ ਨਹੀਂ, ਵਿਚਾਰਧਾਰਾ ਹੀ ਨਹੀਂ, ਇਥੋਂ ਤੱਕ ਕਿ ਸ਼ਬਦਾਵਲੀ ਵੀ ਅਰਸਤੂ ਨੇ ਉਹੋ ਪੁਰਾਤਨ ਵਰਤੀ ਜਿਹੜੀ ਪੂਰਬੀ ਸੱਭਿਅਤਾ ਦੇ ਵਿੱਚ ਬਹੁਤ ਦੇਰ ਤੋਂ ਵਰਤੀ ਜਾ ਰਹੀ ਸੀ । ਇਹੀ ਗੱਲ ਇਸਾਈਆ ਬਰਲਨ ਔਕਸੋਫੋਰਡ ਇਤਿਹਾਸਕਾਰ ਨੇ **1962** ਦੇ ਵਿੱਚ ਆਪਣੀ ਕਿਤਾਬ ਵਿੱਚ ਛਾਪੀ। ਉਸ ਵਿਚ ਉਹ ਅਰਸਤੂ ਦੇ ਗਿਆਨ ਦੀਆਂ ਤੇ ਉਸ ਦੇ ਸਕੂਲ ਦੀਆਂ ਗੱਲਾਂ ਕਰਦਾ ਹੈ। ਅਰਸਤੂ ਨੂੰ ਪੜ੍ਹ ਕੇ ਜਾਂ ਅਰਸਤੂ ਦਾ ਤਰੀਕਾ ਜਾਣ ਕੇ ਜਾਂ ਸਮਝ ਕੇ ਹੀ ਉਨ੍ਹਾਂ ਦਿਨਾਂ ਦੇ ਵਪਾਰੀਆਂ ਨੇ, ਪੈਸੇ ਵਾਲੇ ਬੰਦਿਆਂ ਨੇ, ਸਿਆਣੇ ਬੰਦਿਆਂ ਨੇ, ਪੜ੍ਹੇ ਲਿਖੇ ਬੰਦਿਆਂ ਨੇ ਸ਼ੁੱਧ ਸ਼ੁਰੂਆਤ ਦੀਆਂ ਥਿਊਰੀਆਂ, ਪਰਮਾਤਮਾ ਦੇ ਸ਼ੁਰੂ ਹੋਣ ਦੀਆਂ ਕਹਾਣੀਆਂ ਜਾਂ ਮਿੱਥਾਂ ਆਪੋ ਆਪਣੇ ਤਰੀਕੇ ਦੇ ਨਾਲ ਲਿਖਣੀਆਂ ਸ਼ੁਰੂ ਕੀਤੀਆਂ। ਇੱਕ ਹਿਸਾਬ ਨਾਲ ਆਪਣੇ ਵਿੱਚ ਅਰਸਤੂਪੁਣਾ ਪਾਉਣ ਦੀ ਕੋਸ਼ਿਸ਼ ਕੀਤੀ। ਇਸ ਤਰ੍ਹਾਂ ਉਨ੍ਹਾਂ ਨੇ ਆਪੋ-ਆਪਣੇ ਤਰੀਕੇ ਨਾਲ ਉਹਨਾਂ ਕਹਾਣੀਆਂ ਨੂੰ ਪੇਸ਼ ਕੀਤਾ ਕਿ ਉਹ ਇਵੇਂ ਲੱਗਣ ਜਿਵੇਂ ਉਹਨ੍ਹਾਂ ਨੇ ਆਪ ਲਿਖੀਆਂ ਹੋਣ। ਪਰ ਉਹਨਾਂ ਕਹਾਣੀਆਂ ਦੇ ਵਿੱਚ ਜਿਹੜੇ ਵਿਚਾਰ ਸੀ, ਜਿਹੜੀ ਉਨ੍ਹਾਂ ਦੀ ਵਿਚਾਰਧਾਰਾ ਸੀ, ਉਨ੍ਹਾਂ ਦਾ ਜਿਹੜਾ ਵਿਸ਼ਾ ਸੀ, ਉਹ ਉਹੀ ਪੂਰਬੀ ਧਾਰਮਿਕ ਖਿਆਲ ਜਾਂ ਪੁਰਾਤਨ ਵਿਚਾਰ ਸੀ। ਉਹਨ੍ਹਾਂ ਦੇ ਵਿੱਚੋ ਹੀ ਪ੍ਰਸੰਗ ਲੈ ਕੇ ਉਹਨਾਂ ਨੂੰ ਆਪਣੇ ਹਿਸਾਬ ਨਾਲ ਨਾਂ ਦੇ ਕੇ ਆਪਣੇ ਹਿਸਾਬ ਨਾਲ ਲਿਖਿਆ । ਲੋਕਾਂ ਨੇ ਉਹਨ੍ਹਾਂ ਨੂੰ ਹੀ ਧਾਰਮਿਕ ਮੰਨ ਲਿਆ ਕਿ ਇਹ ਧਾਰਮਿਕ ਹਨ । ਇਹ ਤਾਂ ਪਤਾ ਨਹੀਂ ਹੁਣ ਆਪਣੇ ਆਪ ਨੂੰ **2000** ਸਾਲ ਪਹਿਲਾਂ ਦੀਆਂ ਤਰੀਕਾਂ ਵਿੱਚ ਪਾਕੇ ਜਾਂ ਕਿਸੇ ਨੇ **1500** ਸਾਲ ਪਹਿਲਾਂ ਦੀ ਤਰੀਕ ਵਿੱਚ ਲਿਆ ਛੱਡੀ ਤੇ ਉਹ ਆਪੋ-ਆਪਣੇ ਤਰੀਕੇ ਦੇ ਨਾਲ ਜਿੰਨੀਆਂ ਮਰਜ਼ੀ ਬਿੰਦੀਆਂ ਲਾ ਕੇ ਉਹ ਪੁਰਾਤਨਤਾ ਦੇ ਵਿੱਚ ਫਿੱਟ ਕਰ ਦਿੱਤੀਆਂ। ਉਹ ਕਹਾਣੀਆਂ ਦੇ ਤੌਰ ਤੇ ਪ੍ਰਚੱਲਿਤ ਹੋ ਗਈਆਂ। ਜਿਵੇਂ ਅਰਸਤੂ ਨੇ ਪੁਰਾਤਨ ਕਹਾਣੀਆਂ ਨੂੰ ਪੜ੍ਹ ਕੇ ਤੇ ਪੁਰਾਤਨ ਕਹਾਣੀਆਂ ਦੇ ਵਿੱਚੋ ਹੀ ਲੈ ਕੇ ਆਪਣੇ ਦਿਮਾਗ ਦੇ ਨਾਲ ਉਹਨ੍ਹਾਂ ਨੂੰ ਇਸ ਤਰੀਕੇ ਨਾਲ ਲਿਖਿਆ ਕਿ ਉਹ ਲੱਗਿਆ ਕਿ ਇਹ ਅਰਸਤੂ ਦਾ ਹੀ ਹਿਸਾਬ - ਕਿਤਾਬ ਹੈ। ਇਸੇ ਤਰ੍ਹਾਂ ਬਾਕੀ ਲੋਕਾਂ ਨੇ ਵੀ ਕੀਤਾ । ਉਹ ਕਹਾਣੀਆਂ ਜਿਹੜੀਆਂ ਆਪਣੇ ਮਨੋ ਲਿਖੀਆਂ, ਉਹ ਮਨਘੜਤ ਨਹੀਂ ਸੀ, ਉਹ ਪੁਰਾਤਨ ਕਥਾ-ਕਥਾਵਾਂ ਵਿੱਚੋ, ਪੁਰਾਤਨ ਗੱਲਾਂ ਵਿੱਚੋ ਲੈ ਕੇ ਪੁਰਾਤਨ ਵਿਦਿਆ ਵਿੱਚੋਂ, ਪੁਰਾਤਨ ਗਿਆਨ ਵਿੱਚੋ, ਉਹਨ੍ਹਾਂ ਨੇ ਪ੍ਰਸੰਗਾਂ ਨੂੰ ਲੈ ਕੇ ਆਪਣੇ ਹਿਸਾਬ ਦੇ ਨਾਲ ਲਿਖ ਲਿਆ।

ਇਕ ਗਰੀਕ ਲਫਜ਼ ਹੈ ਕੈਨਨ ਜਿਸਦਾ ਮਤਲਬ ਹੈ ਕਾਨੂੰਨ । ਇਹਦੇ ਅਰਥ ਗਿਣਤੀ-ਮਿਣਤੀ ਕਰਨ ਵਾਲੀ ਚੀਜ਼ ਬਣਦੇ ਹਨ। ਪਲੈਟੋ ਨੇ ਪਹਿਲੀ ਵਾਰਇਹ ਕਾਨੂੰਨ ਬਣਾਏ । ਪਲੈਟੋ ਨੇ ਪਹਿਲੀ ਵਾਰ ਧਾਰਮਿਕ ਨਿਯਮ ਬਣਾਉਣ ਦੀ ਕੋਸ਼ਿਸ਼ ਕੀਤੀ ਜਿਸ ਨਾਲ ਉਹ ਵੱਖਰਾ ਲੱਗਣ ਲੱਗ ਗਿਆ। ਲੇਕਿਨ ਗੱਲਾਂ ਉਹੀ ਸਨ, ਕਹਾਣੀਆਂ ਉਹੀ ਸੀ, ਉਸ ਨੇ ਰੂਲ ਬਣਾਏ, ਉਹਨ੍ਹਾਂ ਨੂੰ ਥੋੜ੍ਹਾ ਜਿਹਾ ਬਦਲ ਦਿੱਤਾ। ਉਸੇ ਸਕੂਲ ਵਿੱਚ ਅਰਸਤੂ ਪੜ੍ਹਿਆ ਤੇ , ਉਹਨ੍ਹਾਂ ਗਿਣਤੀਆਂ-ਮਿਣਤੀਆਂ ਤੇ ਚੱਲ ਕੇ, ਅਰਸਤੂ ਦੀ ਫਿਲਾਸਫ਼ੀ ਸਾਹਮਣੇ ਆਈ। ਉਹਨੇ ਜਦੋਂ ਗਿਣਤੀ-ਮਿਣਤੀ ਕਰਨੀ ਸਿੱਖੀ ਤਾਂ ਉਹਦੇ ਵਿੱਚੋ ਹੀ ਅਰਸਤੂ ਸਾਹਮਣੇ ਆਇਆ। ਇਹ ਗੱਲ੍ਹਾਂ ਪਹਿਲਾਂ ਵੀ ਸਨ ਪਰ ਉਹਨ੍ਹਾਂ ਦੀ ਗਿਣਤੀ-ਮਿਣਤੀ ਅਰਸਤੂ ਨੇ ਆਪ ਕੀਤੀ। ਉਹਦੇ ਵਿੱਚ ਅਧਿਆਤਮਕ ਰੰਗ ਜਾਰੀ ਰੱਖਣਾ ਪਿਆ, ਨਹੀਂ ਤਾਂ ਪੁਰਾਤਨਤਾ ਦੀ ਗੱਲ ਹੋ ਨਹੀਂ ਸੀ ਸਕਦੀ, ਉਹਦੇ ਵਿੱਚ ਅਧਿਆਤਮਵਾਦ ਦਾ ਰੰਗਚਾੜ੍ਹ ਕੇ ਰੱਖਿਆ। ਅਧਿਆਤਮਵਾਦ ਨੂੰ ਵੀ ਵਿੱਚ ਰੱਖਦੇ ਹੋਏ, ਧਾਰਮਿਕ ਦ੍ਰਿਸ਼ਟੀਕੋਣ ਨੂੰ ਰੱਖਦੇ ਹੋਏ ਪੁਰਾਤਨ ਗੱਲਾਂ ਨੂੰ ਆਪਣੀ ਗਿਣਤੀ-ਮਿਣਤੀ ਦੇ ਨਾਲ ਕੀਤਾ ਤੇ ਉਹ ਅਰਸਤੂ ਦਾ ਹਿਸਾਬ ਬਣ ਗਿਆ। ਜੇ ਧਿਆਨ ਨਾਲ ਦੇਖੀਏ ਤਾਂ ਇਹ ਜਿੰਨਾਂ ਕੁ ਫਰਕ ਹੈ ਓਲਡ ਟੈਸਟਾਮੈਂਟ ਤੇ ਨਿਊ ਟੈਸਟਾਮੈਂਟ ਵਿੱਚ, ਬੱਸ ਪੁਰਾਤਨ ਅਧਿਆਤਮਵਾਦ ਤੇ ਅਰਸਤੂ ਦੇ ਹਿਸਾਬ ਕਿਤਾਬ ਵਿੱਚ ਓਨਾ ਹੀ ਫ਼ਰਕ ਹੈ। ਯਸੂ ਮਸੀਹ ਦਾ ਇਤਿਹਾਸਕ ਪਾਸਾ ਦੇਖੀਏ ਕਿ ਕੀ ਸੱਚੀ-ਮੁੱਚੀ ਜੀਸਸ' ਹੋਇਆ? ਕੋਈ ਇਤਿਹਾਸ ਦੇ ਵਿੱਚ ਸੱਚੀਂ ਕੋਈ ਪੁਰਖ ਹੈ ਸੀ? ਕੀ ਸੇਂਟ ਪਾਲ ਦੀਆਂ ਜਿਹੜੀਆਂ


Academy of the Punjab in North America: http://www.apnaorg.com

ਲਿਖਤਾਂ, ਖਾਸ ਕਰਕੇ ਉਹਦੇ ਜਿਹੜੇ ਖ਼ਤਾਂ ਵਿੱਚ ਜ਼ਿਕਰ ਕਰ ਦਿੱਤਾ ਕਿ ਯੀਸਸ ਸੀ, ਯਸੂ ਮਸੀਹ ਬਾਰੇ ਸੇਂਟਪਾਲ ਨੇ ਜੋ ਜ਼ਿਕਰ ਕੀਤਾ, ਉਹਨ੍ਹਾਂ ਦੇ ਆਧਾਰ ਤੇ ਜਾਂ ਜਨਮ ਹੋਇਆ ਸੀ ਜਾਂ ਉਹ ਕੁੱਝ ਜਿਹੜੀਆਂ ਕਹਾਣੀਆਂ ਯੀਸਸ ਬਾਰੇ ਪਾਲ ਲਿਖਦਾ ਹੈ, ਉਨ੍ਹਾਂ ਖਤਾਂ ਤੋਂ ਪਤਾ ਲਗਦਾ ਹੈ ਤੇ ਸਾਰੇ ਮੰਨ ਲੈਂਦੇ ਹਨ ਕਿ ਯਸੂ ਇੱਕ ਇਤਿਹਾਸਕ ਪੁਰਖ ਹੋਇਆ ਸੀ। ਪਰ ਪਾਲ ਦੇ ਖਤਾਂ ਨੂੰ ਅਸੀਂ ਅਰਸਤੂ ਜਾਂ ਪਲੈਟੋ ਦੀ ਸੋਚ ਦੇ ਬਰਾਬਰ ਗਿਣਾਂਗੇ। ਜਿਵੇਂ ਪੁਰਾਤਨ ਅਧਿਆਤਮਵਾਦ ਨੂੰ ਅਰਸਤੂ ਜਾਂ ਪਲੈਟੋ ਨੇ ਆਪਣੇ ਰੰਗ ਵਿੱਚ ਰੰਗ ਕੇ ਉਹਦੀਆਂ ਗਿਣਤੀਆਂ ਮਿਣਤੀਆਂ ਕੀਤੀਆਂ ਤੇ ਉਹ ਲੱਗਿਆ ਕਿ ਇਹ ਇੱਕ ਨਵੀਂ ਗੱਲਬਣ ਗਈ, ਜੋ ਇਹ ਸਹੀ ਹੈ। ਇਸੇ ਤਰ੍ਹਾਂ ਹੀ ਸੇਂਟ ਪਾਲ ਦੇ ਖਤਾਂ ਵਿਚ ਯਸੂ ਮਸੀਹ ਦਾ ਚਿੱਤਰ ਪੈਦਾ ਕਰਕੇ ਤੇ ਯਸੂ ਮਸੀਹ ਦੇ ਨਾਂ ਹੇਠ ਕਹਾਣੀਆਂ ਬਣਾਈਆਂ ਜਾਂਉਹ ਖ਼ਤ ਬਣਾਏ, ਉਹਨ੍ਹਾਂ ਨੂੰ ਲੋਕਾਂ ਨੇ ਇਕ ਧਰਮ ਦੇ ਤੌਰ ਤੇ ਮੰਨ ਲਿਆ। ਗੋਸਪਲ ਆਫ ਅਨਨੋਨ ਇਡੈਂਟਿਟੀ, ਜਿਨ੍ਹਾਂ ਦਾ ਪਤਾ ਹੀ ਨਹੀਂ, ਉਹ **1935** ਦੇ ਵਿੱਚ ਰੌਬਿਨ ਲੌਂਗ ਫਾਕਸ ਨੇ ਲੱਭੀਆਂ। **1935** ਦੇ ਵਿੱਚ ਉਹ ਲਿਖਦਾ ਹੈ ਕਿ ਇਹ ਜਿਹੜੀਆਂ ਸੰਸਥਾਵਾਂ ਤੇ ਉਸੇ ਤਰ੍ਹਾਂ ਹੀ ਜਿਹੜੀਆਂ ਗੋਸਪਲ ਆਫ ਥਾਮਸ ਹਨ, ਉਹ ਵੀ ਬਹੁਤੀਆਂ ਜਿਵੇਂ ਯੀਸਸ ਨੂੰ ਫਿੱਟ ਕੀਤਾ, ਜਿਵੇਂ ਉਹ ਪੈਦਾ ਹੋਇਆ, ਬੀ.ਸੀ. (**23**) ਵਿੱਚ ਜਾਂ ਉਸ ਤੋਂ ਵੀ ਦੋ ਚਾਰ ਸਾਲ ਪਹਿਲਾਂ ਪੈਦਾ ਹੋ ਗਿਆ ਸੀ, ਜੇ ਆਪਾਂ ਉਹਨ੍ਹਾਂ ਨੂੰ ਵਿਗਿਆਨਿਕ ਤੌਰ ਤੇ ਦੇਖੀਏ ਤਾਂ ਗੋਸਪਲ ਆਫ ਥਾਮਸ ਬਹੁਤ ਬਾਅਦ ਵਿੱਚ ਲਿਖੀਆਂ ਗਈਆਂ। ਇਹ ਗੱਲ ਸਾਰੇ ਮੰਨਦੇ ਹਨ ਕਿ ਜਿਹੜੀਆਂ ਪੀਟਰ ਦੀਆਂ ਗਾਸਪੱਲਜ਼ ਹਨ, ਉਹ ਤਾਂ ਬਹੁਤ ਬਾਅਦ ਵਿਸਥਾਰ ਵਿੱਚ ਆਉਂਦੀ ਹੈ। ਪੈਸ਼ਨ ਦੀ ਜਾਂ ਬੰਦੇ ਨੂੰ ਦੱਬਣ ਦੀ ਜਾਂ ਹੋਰ ਜਿਹੜੀਆਂ ਉਹਦੇ ਵਿੱਚ ਕਹਾਣੀਆਂ ਪੀਟਰ ਦੀਆਂ ਗਾਸਪੱਲਜ਼ ਵਿੱਚ ਆਉਂਦੀਆਂ, ਉਹ ਤਾਂ ਸਾਰੇ ਮੰਨਦੇ ਨੇ ਕਿ ਬਾਅਦ ਦੀਆਂ ਹਨ। ਜਾਹਨ, ਪਾਲ ਤੇ ਥਾਮਸ ਦੀਆਂ, ਇਹਨਾਂ ਦੇ ਸਾਰੇ ਗਾਸਪੱਲਜ਼ ਬਾਅਦ ਦੇ ਹਨ ਪਰ ਇਹਨ੍ਹਾਂ ਦੇ ਵਿੱਚ ਯਸੂ ਮਸੀਹ ਨੂੰ ਇਤਿਹਾਸਿਕ ਰੰਗ ਦੇਣ ਦਾ ਯਤਨ ਕੀਤਾ ਗਿਆ। ਉਨ੍ਹਾਂ ਦੇ ਰੰਗ ਦੇਣ ਦਾ ਤਰੀਕਾ ਉਹ ਅਰਸਤੂ ਵਾਂਗ ਹਿਸਾਬੀ ਹੋ ਗਿਆ ਤੇ ਉਹ ਲੋਕਾਂ ਨੇ ਮੰਨ ਲਿਆ ਕਿ ਇਹ ਸਹੀ ਗੱਲ ਹੈ, ਇਵੇਂ ਹੀ ਹੋਇਆ।

ਇਸ ਪਾਠ ਦਾ ਅੰਤ ਅਸੀਂ ਇਸ ਗੱਲ ਨਾਲ ਕਰਨਾ ਚਾਹਵਾਂਗੇ ਕਿ ਨਿਊਟਨ ਤੋਂ ਪਹਿਲਾਂ ਜੋ ਕੁਝ ਵੀ ਲੋਕਾਂ ਨੇ ਲਿਖਿਆ, ਉਨ੍ਹਾਂ ਦੇ ਖ਼ਿਆਲ ਭਾਵੇ ਠੀਕ ਸੀ ਜਾਂ ਉਨ੍ਹਾਂ ਦੇ ਖ਼ਿਆਲਾਂ ਦੇ ਵਿੱਚ ਬਹੁਤ ਸੋਹਣੀਆਂ ਗਿਣਤੀਆਂ ਮਿਣਤੀਆਂ ਕੀਤੀਆਂ ਪਰ ਉਹ ਸਾਰੇ ਦਾ ਸਾਰਾ ਜੋ ਹੈ, ਉਹ ਮਿਥਿਹਾਸਕ ਪਿਛੋਕੜ ਹੈ । ਦੁਨੀਆਂ ਦੀਆਂ ਮਿਥਿਹਾਸਿਕ ਜਿਹੜੀਆਂ ਸਾਡੇ ਸਮਝਣ-ਸੋਚਣ ਵਾਲੀਆਂ ਸਚਾਈਆਂ ਸੀ, ਮਿਥਿਹਾਸਿਕ ਜਿਹੜੀਆਂ ਤਿੱਥਾਂ ਮਿਥੀਆਂ ਸੀ, ਮਿਥਿਹਾਸਿਕ ਜਿਹੜੇ ਸਾਡੇ ਰੰਗਸੀ ਇਸ ਦੁਨੀਆ ਦੇ, ਉਹ ਗੱਲਾਂ ਸਾਰੀਆਂ ਇਨਸਾਨ ਨੂੰ ਇਨਸਾਨੀਅਤ ਦੇ ਵਿੱਚ ਰਹਿਣ ਲਈ ਸਿੱਖਣੀਆਂ ਬਹੁਤ ਜ਼ਰੂਰੀ ਹਨ, ਉਹ ਗੱਲਾਂ ਦਾ ਵਿਸ਼ਲੇਸ਼ਣ ਹੈ ਤਾਂ ਨਿਊਟਨ ਤੋਂ ਬਾਅਦ ਜੋ ਹੈ ਉਹ ਤਰੀਕਾਂ, ਉਹ ਸਹੀ ਰੂਪ ਵਿੱਚ ਮੰਨ ਸਕਦੇ ਹਾਂ। ਉਸ ਤੋਂ ਪਹਿਲਾਂ ਦੀਆਂ ਜੇ ਕਿਸੇ ਨੇ ਜ਼ਿਕਰ ਕੀਤਾ ਜਾਂ ਲਿਖਿਆਂ **5000** ਸਾਲ ਜਾਂ**10000** ਸਾਲ ਜਾਂ ਲੱਖ ਸਾਲ, ਉਹ ਜਿਹੜਾ ਜਨਮ ਦਿਨ ਹੋਇਆ ਕਿਸੇ ਦਾ ਜਾਂ ਕਿ ਉਹ ਬਿੰਦੀਆਂ ਵੱਧ ਘੱਟ ਲਾਈਆਂ ਹੋਈਆਂ, ਇਤਿਹਾਸ ਉਨ੍ਹਾਂ ਦੇ ਵਿੱਚ ਕੋਈ ਨਹੀਂ ਹੈ ਤੇ ਉਹ ਅਰਸਤੂ ਹੋਵੇ ਜਾਂ ਪਲੈਟੋ ਹੋਵੇ ਜਾਂ ਕੋਈ ਵਿਗਿਆਨੀ ਹੋਵੇ, ਉਹ ਵਿਗਿਆਨਿਕ ਗੱਲਾਂ, ਉਨ੍ਹਾਂ ਨੇ ਕਹੀਆਂ। ਉਹ ਅਸਲ ਦੇ ਵਿੱਚ ਅਧਿਆਤਮਕ, ਪੁਰਾਣੀਆਂ ਖੋਜਾਂ ਅਤੇ ਪੁਰਾਣੇ ਅਧਿਆਤਮਕ ਵਿਚਾਰਾਂ ਵਿਚੋ ਪ੍ਰਸੰਗ ਲੈ ਕੇ ਹੀ ਉਹਨਾਂ ਨੂੰ ਹਿਸਾਬ ਦੀਆਂ ਗਿਣਤੀਆਂ ਮਿਣਤੀਆਂ ਦੇ ਨਾਲ ਲਿਖਿਆ ਹੋਇਆ ਹੈ।


Academy of the Punjab in North America: http://www.apnaorg.com

# ਸਿਫ਼ਰ ਦੀ ਸ਼ਕਤੀ (ਧਾਰਮਿਕ ਕੈਲੰਡਰ)

ਇਹ ਮੰਨਿਆਂ ਜਾਂਦਾ ਹੈ ਕਿ ਸਿਫ਼ਰ ਦੀ ਕਾਢ ਭਾਰਤ ਦੇ ਵਿਚ ਹੋਈ। ਇਹ ਕਹਿਣ ਵਾਲਿਆਂ ਨੂੰ ਜਾਂ ਤਾਂ ਪਤਾ ਨਹੀਂ ਸੀ ਤੇ ਜਾਂ ਉਹ ਚਾਤਰ ਚਤੁਰਾਈਆਂ ਕਰਦੇ ਤੇ ਜਾਂ ਫਿਰ ਉਹਨਾਂ ਨੇ ਭਾਰਤ ਦੇ ਪੁਰਾਤਨ ਸਾਹਿਤ-ਪੁਰਾਣਾਂ, ਉਪਨਿਸ਼ਦਾਂ, ਰਾਮਾਇਣ ਤੇ ਮਹਾਭਾਰਤ ਨੂੰ ਸ਼ਾਇਦ ਪੜ੍ਹਿਆ ਹੀ ਨਹੀਂ। ਜੇਕਰ ਉਨ੍ਹਾਂ ਨੇ ਪੜ੍ਹਿਆ ਹੁੰਦਾ ਤਾਂ ਉਹਦੇ ਵਿਚ ਗਿਣਤੀ ਤਾਂ ਪਹਿਲੇ ਦਿਨ ਦੂਜੇ ਦਿਨ ਤੇ ਉਹ ਗਿਣਤੀ ਤਾਂ ਵਾਰ ਵਾਰ ਆਉਂਦੀ ਹੈ। ਜੇਕਰ ਇਹਨਾਂ ਗੱਲਾਂ ਨੂੰ, ਉਹਨਾਂ ਸਾਰੇ ਗ੍ਰੰਥਾਂ ਨੂੰ ਮਿਥਿਹਾਸਕ ਕਹੀਏ ਤਾਂ ਵੀ ਉਹਨਾਂ ਵਿਚ ਇਹ ਅਟੱਲ ਸਚਾਈ ਹੈ ਕਿ ਉਹਨਾਂ ਵਿਚ ਗਿਣਤੀ ਮਿਣਤੀ ਸੀ। ਸਾਰੇ ਗ੍ਰੰਥਾਂ ਵਿਚ ਇਕ ਹੋਰ ਗਿਆਨਯੋਗ ਗੱਲ ਹੈ, ਜਿਹੜੀ ਸਾਰਿਆਂ ਵਿਚ ਆਉਂਦੀ ਹੈ, ਪਈ ਇਹ ਜੋ ਸ਼ਕਤੀ ਹੈ, ਇਹ ਜੋ ਰੱਬ ਹੈ, ਜਿਵੇਂ ਗੁਰੂ ਨਾਨਕ ਦੇਵ ਜੀ ਲਿਖਦੇ ਹਨ,

ਆਦਿ ਸਚੁ ॥ ਜੁਗਾਦਿ ਸਚੁ ॥
ਹੈ ਭੀ ਸਚੁ ॥ ਨਾਨਕ ਹੋਸੀ ਭੀ ਸਚੁ॥

ਉਹ ਆਦਿ ਕਾਲ ਤੋਂ ਸੱਚ ਸੀ, ਉਹ ਯੁੱਗਾਂ ਯੁੱਗਾਂ ਤੋਂ ਸੱਚ ਸੀ। ਉਹ ਹੁਣ ਵੀ ਸੱਚ ਹੈ ਅਤੇ ਹਮੇਸ਼ਾ ਸੱਚ ਹੀ ਰਹੇਗਾ। ਲੇਕਿਨ ਜੇ ਇਸ ਗੱਲ ਨੂੰ ਮੈਥੇਮੈਟਿਕਸ ਦੇ ਤਰੀਕੇ ਨਾਲ ਵੇਖੀਏ ਤਾਂ ਇਹ ਭਲਾ ਕਿਹੜੇ ਲਫਜ਼ ਜਾਂ ਕਿਹੜੇ ਹਿੰਦਸੇ ਨਾਲ ਜ਼ਿਆਦਾ ਸਮਰੂਪਤਾ ਰੱਖਦਾ ਹੈ? ਇਕੋ ਇਕ ਹਿੰਦਸਾ ਹੈ, ਇਕ ਤੋਂ ਲੈ ਕੇ ਦਸ ਤੱਕ-ਇਕ ਹਿੰਦਸਾ ਹੈ ਜੋ ਆਦਿ ਭੀ ਸਚ ਹੈ ਤੇ ਜੁਗਾਦ ਭੀ ਸੱਚ ਹੈ, ਹੈ ਵੀ ਸੱਚ ਤੇ ਸੱਚ ਹੀ ਰਹੇਗਾ। ਉਹ ਹਿੰਦਸਾ ਸਿਫ਼ਰ (0) ਹੈ, ਜਿਸਨੂੰ ਜ਼ੀਰੋ ਵੀ ਕਹਿੰਦੇ ਹਾਂ। ਇਸ ਦਾ ਕਿਸੇ ਨੂੰ ਕੋਈ ਪਤਾ ਨਹੀਂ ਕਿ ਇਹ ਕਿਥੋਂ ਸ਼ੁਰੂ ਹੁੰਦਾ ਹੈ ਜਾਂ ਉਸ ਦਾ ਅੰਤ ਕਿਥੇ ਹੁੰਦਾ ਹੈ। ਜ਼ੀਰੋ ਦੀ ਕੋਈ ਸੀਮਾ ਨਹੀਂ ਹੈ। ਸ਼ਾਇਦ ਇਸੇ ਕਰਕੇ ਅਸੀ ਜ਼ੀਰੋ ਦੀ ਕੋਈ ਕੀਮਤ ਹੀ ਨਹੀਂ ਮਿਣਦੇ। ਲੋਕ ਤਾਂ ਆਪਣੇ ਇਤਿਹਾਸ ਨੂੰ ਜ਼ੀਰੋ ਲਾਕੇ ਹਜ਼ਾਰਾਂ ਲੱਖਾਂ ਕਰੋੜਾਂ ਸਾਲਾਂ ਤੱਕ ਪਿਛਾਂਹ ਲੈ ਜਾਂਦੇ ਹਨ, ਪਈ ਹੈ ਤਾਂ ਇਹ ਜ਼ੀਰੋ। ਇਸ ਦੀ ਕਿਹੜੀ ਕੋਈ ਕੀਮਤ ਹੈ। ਪਰ ਜ਼ੀਰੋ ਦੀ ਸਭ ਤੋਂ ਵੱਡੀ ਕੀਮਤ ਹੈ। ਪੱਛਮ ਦੇ ਵਿਦਵਾਨ ਤਾਂ ਇਹ ਕਹਿੰਦੇ ਹਨ ਕਿ ਜ਼ੀਰੋ ਦੀ ਕਾਢ ਬਾਅਦ ਵਿਚ ਹੋਈ। ਜ਼ੀਰੋ ਦੀ ਕਾਢ ਭਾਰਤ ਵਾਸੀਆਂ ਨੇ ਬਾਅਦ ਵਿਚ ਕੀਤੀ ਹੈ। ਪਰ ਉਨ੍ਹਾਂ ਨੂੰ ਇਸ ਗੱਲ ਦਾ ਸ਼ਾਇਦ ਗਿਆਨ ਹੀ ਨਹੀਂ ਹੈ ਕਿ ਜੋ ਕੁਝ ਵੀ ਜਨਮਿਆਂ, ਜੋ ਕੁਝ ਵੀ ਉਗਮਿਆ, ਜੋ ਕੁਝ ਵੀ ਵਿਚਰਿਆ, ਜੋ ਇਹ ਸ੍ਰਿਸ਼ਟੀ ਹੈ-ਇਹ ਸਾਰੀ ਕਾਇਨਾਤ ਆਈ ਕਿਥੋਂ? ਇਹ ਆਈ ਜ਼ੀਰੋ ਵਿਚੋਂ। ਇਹ ਸੁੰਨ ਵਿਚੋਂ ਆਈ। ਗੁਰੂ ਨਾਨਕ ਦੇਵਜੀ ਨੇ ਲਿਖਿਆ ਹੈ :

ਅਰਬਦ ਨਰਬਦ ਧੁੰਧੂਕਾਰਾ॥
ਧਰਣਿ ਨ ਗਗਨਾ ਹੁਕਮੁ ਅਪਾਰਾ ॥
ਨਾ ਦਿਨੁ ਰੈਨਿ ਨ ਚੰਦੁ ਨ ਸੂਰਜ ਸੁੰਨ ਸਮਾਧਿ ਲਗਾਇਦਾ ॥
ਖਾਣੀ ਨ ਬਾਣੀ ਪਾਉਣ ਨਾ ਪਾਣੀ ॥
ਓਪਤਿ ਖਪਤਿ ਨ ਆਵਣ ਜਾਣੀ॥.......... (1035)

ਜਿਥੇ ਕੋਈ ਜਾਂਦਾ ਆਉਂਦਾ ਨਹੀਂ, ਜਿਥੇ ਪੌਣ ਨਹੀਂ ਹੈ, ਜਿਥੇ ਪਾਣੀ ਨਹੀਂ ਹੈ, ਇਸ ਦਾ ਭਾਵ ਉਥੇ ਧਰਤੀ ਨਹੀਂ ਹੈ। ਪਉਣ ਨਹੀਂ ਹੈ, ਪਾਣੀ ਨਹੀਂ ਹੈ, ਇਸ ਦਾ ਮਤਲਬ ਕੁਝ ਵੀ ਨਹੀਂ ਹੈ। ਰੱਬ ਦੇ ਸੰਕਲਪ ਤੋਂ ਪਹਿਲੋਂ, ਜੇ ਕੋਈ ਹੈ ਤਾਂ ਉਹ ਜ਼ੀਰੋ ਹੀ ਹੈ। ਜ਼ੀਰੋ ਤੋਂ ਬਾਅਦ ਇਕ ਬਣਦਾ ਹੈ। ਸਾਡਾ ਤਾਂ ਇਹ ਮੰਨਣ ਨੂੰ ਬਿਲਕੁਲ ਜੀਅ ਨਹੀਂ ਕਰਦਾ ਕਿ ਜ਼ੀਰੋ ਦਸਵਾਂ ਦਰਵਾਜ਼ਾ ਹੈ। ਇਹ ਦਸਵਾਂ ਦਰਵਾਜ਼ਾ ਨਹੀਂ ਹੈ। ਇਸ ਵਿਚੋਂ ਹੀ ਸਾਰੇ ਦਰਵਾਜ਼ੇ ਖੁਲ੍ਹਦੇ ਹਨ।


Academy of the Punjab in North America: http://www.apnaorg.com

ਧਾਰਮਿਕ ਗ੍ਰੰਥਾਂ ਵਿਚ ਕਈ ਗੱਲਾਂ ਅਜਿਹੀਆਂ ਹਨ ਜਿਨ੍ਹਾਂ ਉਤੇ ਅੰਧ ਵਿਸਵਾਸ਼ ਵਿਚੋਂ ਹੀ ਯਕੀਨ ਕਰਦੇ ਆਉਂਦੇ ਹਾਂ। ਯਹੂਦੀਆਂ ਦੀ ਗਿਣਤੀ ਮਿਣਤੀ ਅਨੁਸਾਰ ਸਾਰੀ ਦੁਨੀਆਂ ਦਾ ਆਰੰਭ **7** ਅਕਤੂਬਰ **3761** ਬੀ.ਸੀ. ਤੋਂ ਹੋਇਆ। ਇਹ ਯਹੂਦੀਆਂ ਦਾ ਮੱਤ ਹੈ। ਇਸ ਦਾ ਮਤਲਬ ਇਹ ਹੋਇਆ ਕਿ **3761** ਵਿਚ **2009** ਸਾਲ ਹੋਰ ਜਮਾਂ ਕਰ ਦਈਏ ਤਾਂ **5770** ਸਾਲ ਪਹਿਲਾਂ ਸਿਰਫ਼ ਦੁਨੀਆਂ ਚਾਲੂ ਹੋਈ। ਇਸ ਦਾ ਮਤਲਬ ਹੈ ਕਿ ਇਸ ਤੋਂ ਪਹਿਲਾਂ ਦੁਨੀਆਂ ਵਿਚ ਕੋਈ ਨਹੀਂ ਸੀ। ਇਹ ਕਿਵੇਂ ਹੋ ਸਕਦਾ ਹੈ? ਕਈ ਗੱਲਾਂ ਅਸੀਂ ਸਰਸਰੀ ਪੜ੍ਹਦੇ ਜਾਂਦੇ ਹਾਂ ਅਤੇ ਉਨ੍ਹਾਂ ਨੂੰ ਸਹੀ ਮੰਨ ਲੈਂਦੇ ਹਾਂ। ਅੱਜ ਦੇ ਮਨੁੱਖ ਵਾਸਤੇ ਇਹ ਗੱਲ ਜਚਦੀ ਨਹੀਂ ਕਿ ਜਿਵੇਂ ਕਿਸੇ ਨੇ ਕਿਹਾ, ਉਸੇ ਤਰ੍ਹਾਂ ਮੰਨ ਲਿਆ। ਬਾਈਬਲ ਦੇ ਵਿਚ ਸਿਰਫ ਚਾਰ ਮਹੀਨਿਆਂ ਦਾ ਜ਼ਿਕਰ ਆਉਂਦਾ ਹੈ। ਬਾਅਦ ਵਿਚ ਇਨ੍ਹਾਂ ਨੇ ਲੂਨਰ ਕੈਲੰਡਰ ਬਣਾਉਣੇ ਸ਼ੁਰੂ ਕੀਤੇ, **1469** ਵਿਚ ਗੁਟਨਬਰ ਨੇ ਪਹਿਲਾ ਲੂਨਰ ਕੈਲੰਡਰ ਬਣਾਇਆ। ਉਸ ਦੇ ਵਿਚ ਦਸ ਮਹੀਨੇ ਸੀ। ਉਹ ਮਾਰਚ ਮਹੀਨੇ ਤੋਂ ਸ਼ੁਰੂ ਹੁੰਦਾ ਹੈ। ਪੱਛਮੀ ਸਭਿਅਤਾ ਨੇ ਇਹ ਪਹਿਲਾ ਕੈਲੰਡਰ ਬਣਾਉਣ ਦਾ ਯਤਨ ਕੀਤਾ। ਜਨਵਰੀ ਅਤੇ ਫਰਵਰੀ ਦੇ ਮਹੀਨੇ ਇਨ੍ਹਾਂ ਨੇ ਬਹੁਤ ਬਾਅਦ ਵਿਚ ਜੋੜੇ। ਇਸ ਦਾ ਜ਼ਿਕਰ ਅਗਲੇ ਪੰਨਿਆਂ ਵਿਚ ਮਿਲੇਗਾ। ਕਿਤਾਬਾਂ ਪੜ੍ਹਦਿਆਂ ਪੜ੍ਹਦਿਆਂ ਇਹ ਗੱਲ ਧਿਆਨ ਵਿਚ ਆਈ ਕਿ ਜਨਵਰੀ ਤੇ ਫ਼ਰਵਰੀ ਮਹੀਨੇ ਕਿਵੇਂ ਹੋਂਦ ਵਿਚ ਆਏ? ਇਸ ਬਾਰੇ ਫਿਰ ਵੀਚਾਰ ਕਰਾਂਗੇ। ਕਹਿਣ ਦਾ ਮਤਲਬ ਹੈ ਕਿ ਕੁਝ ਗੱਲਾਂ ਐਸੀਆਂ ਹਨ, ਜਿਹੜੀਆਂ ਮਨਾਉਣ ਦਾ ਯਤਨ ਕੀਤਾ ਜਾ ਰਿਹਾ ਹੈ, ਲੇਕਿਨ ਉਹ ਗੱਲਾਂ ਸਹੀ ਨਹੀਂ ਹਨ। ਇਤਿਹਾਸਕ ਨਜ਼ਰੀਏ ਨਾਲ ਵੇਖੀਏ ਤਾਂ ਇਹ ਗੱਲ ਲਿਖਣ ਲੱਗਿਆਂ ਮੈਨੂੰ ਕੋਈ ਦੁਚਿਤੀ ਨਹੀਂ ਹੈ ਕਿ ਇਤਿਹਾਸਕ ਤੌਰ ਤੇ ਦੁਨੀਆਂ ਦਾ ਸਭ ਤੋਂ ਪਹਿਲਾ **12** ਮਹੀਨਿਆਂ ਦਾ ਕੈਲੰਡਰ ਗੁਰੂ ਨਾਨਕ ਦੇਵ ਜੀ ਨੇ ਲਿਖਿਆ। ਇਹ ਤੁਖਾਰੀ ਰਾਗ ਵਿਚ ਵਿਸਥਾਰ ਨਾਲ ਲਿਖਿਆ ਹੈ। ਪੂਰੀ ਦੁਨੀਆਂ ਦੇ ਇਸ ਪਹਿਲੇ ਸੰਪੂਰਣ ਕੈਲੰਡਰ ਦਾ ਪੂਰਾ ਵਿਸਥਾਰ ਅਸੀਂ ਇਸ ਕਿਤਾਬ ਵਿਚ ਦੇਣ ਦਾ ਯਤਨ ਕਰਾਂਗੇ।

ਇਥੇ ਇਹ ਲਿਖਣਾ ਵੀ ਯੋਗ ਹੋਵੇਗਾ ਕਿ ਰੋਮੂਲਜ਼ ਨੇ ਰੋਮ ਲੱਭਿਆ। ਉਸ ਹਿਸਾਬ ਨਾਲ, ਉਸ ਦਾ ਨਾਮ ਵੀ ਲਿਆ ਜਾਂਦਾ ਹੈ ਕਿ ਉਸ ਨੇ ਕੈਲੰਡਰ ਬਣਾਇਆ। ਉਸ ਦੇ ਹਿਸਾਬ ਨਾਲ ਵੀ ਅਸਲੀ ਕੈਲੰਡਰ, ਮਾਰਚ ਦੇ ਮਹੀਨੇ ਤੋਂ ਸ਼ੁਰੂ ਹੁੰਦਾ ਹੈ। ਉਸ ਦਾ ਹੋਰ ਵਿਸਥਾਰ ਕਿਤੇ ਨਹੀਂ ਮਿਲਦਾ। ਇਹ ਜ਼ਰੂਰ ਹੈ ਕਿ ਉਸ ਨੇ ਕੈਲੰਡਰ ਬਣਾਇਆ, ਉਹ ਅਸਲੀ ਕੈਲੰਡਰ ਸੀ। ਪਰ ਕਿਸੇ ਵੀ ਪੁਸਤਕ ਵਿਚ ਉਹ ਕੈਲੰਡਰ ਵਿਆਖਿਆ ਸਹਿਤ ਨਹੀਂ ਮਿਲਦਾ।

ਰੋਮਨ ਕੈਲੰਡਰ ਬਸੰਤ ਰੁੱਤ ਵਿਚ ਸ਼ੁਰੂ ਹੁੰਦਾ ਹੈ। ਉਹ ਨਵਾਂ ਸਾਲ ਪਹਿਲੀ ਮਾਰਚ ਤੋਂ ਗਿਣਦੇ ਹਨ। ਵੈਸੇ ਇਹ **365. 1/4** ਦਿਨਾਂ ਵਾਲਾ ਕੈਲੰਡਰ ਜੂਲੀਅਸ ਸੀਜ਼ਰ ਦੇ ਨਾਲ ਜੋੜਦੇ ਹਨ ਕਿ ਇਹ ਜੂਲੀਅਸ ਸੀਜ਼ਰ ਨੇ ਬਣਾਇਆ ਸੀ। ਇਸ ਦਾ ਕੋਈ ਵੀ ਰੀਕਾਰਡ ਜਾਂ ਇਤਿਹਾਸਕ ਵੇਰਵਾ ਜਾਂ ਸਬੂਤ ਨਹੀਂ ਮਿਲਦਾ। ਪਰ ਜੋ ਕੈਲੰਡਰ ਗੁਰੂ ਨਾਨਕ ਦੇਵ ਜੀ ਨੇ ਬਣਾਇਆ, ਉਸ ਦੇ ਵਿਚ ਵੀ **365** ਦਿਨ ਹੀ ਹਨ। ਚੇਤ ਮਹੀਨੇ ਦੇ **30** ਦਿਨ ਹਨ। ਵੈਸਾਖ ਦੇ **31**, ਜੇਠ ਦੇ **32**, ਉਸ ਤੋਂ ਬਾਅਦ ਕੁਝ ਮਹੀਨੇ **31-31** ਦਿਨਾਂ ਦੇ ਹਨ। ਫੱਗਣ ਦਾ ਮਹੀਨਾ **29** ਦਾ ਹੈ। ਫੱਗਣ ਦਾ ਮਹੀਨਾ ਚਾਰ ਸਾਲ ਬਾਅਦ **30** ਦਿਨਾਂ ਦਾ ਬਣਦਾ ਹੈ। ਗੁਰੂ ਨਾਨਕ ਦੇਵ ਜੀ ਦਾ ਇਹ ਕੈਲੰਡਰ ਬਹੁਤ ਹੀ ਸੁੰਦਰ ਵਿਆਖਿਆ ਸਹਿਤ ਰਚਿਆ ਹੋਇਆ ਹੈ। ਇਸ ਦੀ ਵਿਸਥਾਰ ਵਿਚ ਅਗਾਂਹ ਚਲ ਕੇ ਵਿਆਖਿਆ ਕਰਾਂਗੇ।

ਜੇਕਰ ਅੱਜ ਦੇ ਕੈਲੰਡਰ ਨੂੰ ਵੇਖੀਏ ਤਾਂ ਇਹ ਯਕੀਨ ਕਰਨ ਨੂੰ ਦਿਲ ਨਹੀਂ ਕਰਦਾ ਕਿ ਮਾਰਚ ਪਹਿਲਾ ਮਹੀਨਾ ਹੋਇਆ ਕਰਦਾ ਸੀ। ਜਨਵਰੀ ਪਹਿਲਾ ਮਹੀਨਾ ਲੱਗਦਾ ਹੈ। ਇਹ ਨਿਊ ਯੀਅਰ ਮਹੀਨਾ ਲਗਦਾ ਹੈ। ਪਰ ਜਦੋਂ ਇਹ ਮਹੀਨੇ ਸ਼ੁਰੂ ਹੋਏ, ਤਾਂ ਮਾਰਚ ਦਾ ਮਹੀਨਾ ਹੀ ਪਹਿਲਾ ਮਹੀਨਾ ਸੀ। ਮਾਰਚ ਨੂੰ ਤਾਰਿਆਂ ਦੇ ਨਾਲ,


Academy of the Punjab in North America: http://www.apnaorg.com

ਰੱਬ ਦੇ ਨਾਲ ਜੋੜ ਕੇ ਪਹਿਲਾ ਮਹੀਨਾ ਗਿਣਿਆਂ ਸੀ। ਹਿੰਦੁਸਤਾਨ ਦੀ ਪੁਰਾਤਨ ਵਿਦਿਆ ਵਿਚ ਮਾਇਆ ਝੂਠ ਹੈ। ਮਾਇਆ ਤੋਂ ਮਾਰਚ ਬਣਿਆ। ਮਾਇਆ ਮਾਰਚ ਵਿਚ ਹੀ ਸ਼ੁਰੂ ਹੁੰਦੀ ਹੈ। ਦੁਨੀਆਂ ਨਾਸ਼ਵਾਨ ਹੈ, ਇਸ ਦੀ ਸ਼ੁਰੂਆਤ, ਇਹਦਾ ਕੈਲੰਡਰ ਮਾਰਚ ਤੋਂ ਹੀ ਸ਼ੁਰੂ ਹੋਇਆ। ਸਾਰੀ ਦੁਨੀਆਂ ਵਿਚ ਫ਼ਰਵਰੀ ਮਹੀਨਾ ਸੁੰਦਰਤਾ ਦਾ ਮਹੀਨਾ ਯਅਨੀ ਪਵਿੱਤਰਤਾ ਦਾ ਮਹੀਨਾ ਗਿਣਿਆਂ ਜਾਂਦਾ ਹੈ। ਗੁਰੂ ਅਰਜਨ ਦੇਵ ਜੀ ਇਸ ਫ਼ਰਵਰੀ ਨੂੰ ਫਲਗੁਣ ਲਿਖਦੇ ਹਨ। ਇਹ ਸੁੰਦਰਤਾ ਵੱਲ ਹੀ ਸੰਕੇਤ ਹੈ :

ਫਲਗੁਣਿ ਅਨੰਦ ਉਪਾਰਜਨਾ ਹਰਿ ਸਜਣ ਪ੍ਰਗਟੇ ਆਇ॥
ਇਛ ਪੁਨੀ ਵਡਭਾਗਣੀ ਵਰੁ ਪਾਇਆ ਹਰਿ ਰਾਇ॥...... (**136**)

ਜਦੋਂ ਗੁਣ ਪੈਦਾ ਹੁੰਦੇ ਹਨ, ਜਦੋਂ ਸੁੰਦਰਤਾ ਆ ਜਾਂਦੀ ਹੈ, ਜਦੋਂ ਵਿਅਕਤੀ ਸੰਪੂਰਨ ਬਣ ਜਾਂਦਾ ਹੈ, ਉਸ ਦਾ ਅੰਤ ਹੁੰਦਾ ਹੈ। ਅੰਤ ਵਿਚ ਇਕ ਹੀ ਸੰਪੂਰਨ ਬਣਦਾ ਹੈ। ਇਸ ਦੀ ਹੋਰ ਅੱਗੇ ਚਲ ਕੇ ਵੀਚਾਰ ਕਰਾਂਗੇ।

ਫ਼ਰਵਰੀ ਸੰਪੂਰਨਤਾ ਹੈ, ਫ਼ਲ ਤੋਂ ਪਹਿਲਾਂ ਬੂਟਾ ਜੰਮਦਾ ਹੈ, ਫਿਰ ਵੱਡਾ ਹੁੰਦਾ ਹੈ, ਫਿਰ ਉਸ ਨੂੰ ਟਾਹਣੀਆਂ ਲਗਦੀਆਂ ਹਨ, ਫਿਰ ਪੱਤੇ ਲਗਦੇ ਹਨ, ਫਿਰ ਫੁੱਲ ਲੱਗਦੇ ਹਨ, ਫਿਰ ਜਾ ਕੇ ਫ਼ਲ ਬਣਦਾ ਹੈ। ਫ਼ਲ ਹੀ ਫੱਗਣ ਮਹੀਨਾ ਹੈ। ਉਹ ਆਖ਼ਰੀ ਮਹੀਨਾ ਹੈ। ਇਸ ਤਰ੍ਹਾਂ ਫ਼ਰਵਰੀ ਆਖ਼ਰੀ ਮਹੀਨਾ ਹੈ, ਜਨਵਰੀ ਗਿਆਰ੍ਹਵਾਂ ਮਹੀਨਾ ਹੈ।

ਜੋਤਿਸ਼ ਵਿਦਿਆ ਵੀ ਇਕ ਵਿਗਿਆਨ ਹੈ। ਜੋਤਸ਼ੀਆਂ ਨੇ ਜਿਹੜੀਆਂ ਗੱਲਾਂ ਕੀਤੀਆਂ ਹਨ, ਉਹ ਵੀ ਪੁਰਾਤਨਤਾ ਦੇ ਪ੍ਰਸੰਗ ਵਿਚੋਂ ਹੀ ਲਭ ਕੇ ਲਿਖੀਆਂ ਹਨ। ਦਿਨ ਵੀ ਜੋਤਿਸ਼ ਨੇ ਗ੍ਰਹਿਾਂ ਦੇ ਆਧਾਰ ਤੇ ਬਣਾਏ ਹਨ। ਇਹ ਨਾਵਾਂ ਦੇ ਨਾਲ ਦਿਨ ਬਣਾਏ ਹਨ। ਇਨ੍ਹਾਂ ਸੱਤਾਂ ਦਿਨਾਂ ਦੀ ਵਿਆਖਿਆ ਵੀ ਗੁਰੂ ਨਾਨਕ ਦੇਵ ਜੀ ਨੇ ਬਹੁਤ ਡੂੰਘਾਈ ਨਾਲ ਕੀਤੀ ਹੈ। ਇਸ ਦੀ ਅਸੀਂ ਹੋਰ ਚਰਚਾ ਗੁਰੂ ਨਾਨਕ ਦੇਵ ਜੀ ਦੇ ਕੈਲੰਡਰ ਵਾਲੇ ਅਧਿਆਇ ਵਿਚ ਕਰਾਂਗੇ।

ਦਰਅਸਲ ਬਾਈਬਲ ਵਿਚ ਤਾਰੀਖਾਂ ਵੱਲ ਬਹੁਤਾ ਧਿਆਨ ਨਹੀਂ ਦਿੱਤਾ ਗਿਆ। ਮਿਸਾਲ ਦੇ ਤੌਰ ਤੇ ਜਿਹੜੇ ਪਾਲ ਦੇ ਖ਼ਤ ਹਨ, ਉਨ੍ਹਾਂ ਦੇ ਉਪਰ ਕੋਈ ਤਾਰੀਖ ਵਗੈਰਾ ਨਹੀਂ ਮਿਲਦੀ। ਅਸੀਂ ਖ਼ਤ ਉਪਰ ਤਾਰੀਖ ਪਾਉਂਦੇ ਹਾਂ। ਪੰਡਤ ਜਵਾਹਰ ਲਾਲ ਨਹਿਰੂ ਨੇ **1953** ਵਿਚ ਜੋ ਲਿਖਿਆ, ਉਹ ਭਾਰਤ ਦੀ ਖੋਜ ਵਿਚ ਮਿਲਦਾ ਹੈ। ਉਹ ਲਿਖਦੇ ਹਨ ਕਿ ਵੇਦਾਂ ਵਿਚ ਬਾਰਾਂ ਮਹੀਨਿਆਂ ਦੇ ਕੈਲੰਡਰ ਦਾ ਜ਼ਿਕਰ ਆਉਂਦਾ ਹੈ। ਜ਼ਿਕਰ ਜ਼ਰੂਰ ਆਉਂਦਾ ਹੈ ਪਰ ਵੇਦਾਂ ਵਿਚ ਉਨ੍ਹਾਂ ਦਾ ਵਿਆਖਿਆ ਸਹਿਤ ਵਿਸ਼ਲੇਸ਼ਣ ਨਹੀਂ ਮਿਲਦਾ।

ਅਸੀਂ ਪੱਛਮੀ ਸਭਿਆਚਾਰ ਜਾਂ ਧਰਮਾਂ, ਵਿਸ਼ੇਸ਼ ਤੌਰ ਤੇ ਈਸਾਈਅਤ ਦੀ ਗੱਲ ਕਰਦੇ ਹਾਂ। ਇਤਿਹਾਸਕਾਰਾਂ ਨੇ (ਈਸਾਈਅਤ) ਕ੍ਰਿਸ਼ਚਿਐਨਟੀ ਨੂੰ ਕ੍ਰਿਸ਼ਟਾ ਵੀ ਲਿਖਿਆ ਹੈ। ਇਸਦਾ ਪਿਛੋਕੜ ਕ੍ਰਿਸ਼ਨਾ ਦੇ ਨਾਲ ਜੋੜਦੇ ਹਨ। ਪਰ ਬਾਅਦ ਵਿਚ ਉਨ੍ਹਾਂ ਨੂੰ ਸ਼ਾਇਦ ਇਹ ਚੰਗਾ ਨਾ ਲਗਿਆ ਕਿ ਜੇ ਕ੍ਰਿਸ਼ਨਾ ਦੇ ਨਾਲ ਜੋੜ ਦਿੱਤਾ ਤਾਂ ਸਾਡੀ ਅਸਲੀਅਤ ਤਾਂ ਬਚੀ ਨਹੀਂ, ਕਿਉਂਕਿ ਧਰਮ ਤਾਂ ਇਕੋ ਹਨ। ਧਰਮ ਤਾਂ ਬੰਦੇ ਨੂੰ ਸਹੀ ਸੇਧ ਦਿੰਦੇ ਹਨ। ਕ੍ਰਿਸ਼ਨ ਜੀ ਨੇ ਗੀਤਾ ਵਿਚ ਜੋ ਸੇਧ ਦਿੱਤੀ ਹੈ, ਉਸ ਤੋਂ ਵਧੀਆ ਸੇਧ ਬਾਈਬਲ ਵਿਚ ਨਹੀਂ ਹੈ। ਬਾਈਬਲ ਵਿਚ ਜਿੰਨੀ ਕੁ ਸੇਧ ਇਨਸਾਨ ਨੂੰ ਇਨਸਾਨੀਅਤ ਦੀ ਦਿੱਤੀ ਹੈ, ਉਸ ਨਾਲੋਂ ਗੀਤਾ ਵਿਚ ਕਿਤੇ ਜ਼ਿਆਦਾ ਚੰਗੀ ਹੈ। ਇਸ ਸਬੰਧ ਵਿਚ ਪੰਜ ਛੇ ਇਤਿਹਾਸਕਾਰਾਂ ਨੇ ਗੱਲ ਕੀਤੀ ਹੈ ਕਿ ਕ੍ਰਿਸ਼ਚਿਐਨਟੀ ਦਾ ਪਹਿਲਾ ਨਾਂ ਕ੍ਰਿਸ਼ਟਾ ਸੀ। ਕ੍ਰਿਸ਼ਟਾ ਕ੍ਰਿਸ਼ਨਾ ਤੋਂ ਬਣਿਆਂ।

ਪਰ ਅੱਜ ਕੱਲ ਇਸ ਬਾਰੇ ਕੋਈ ਜ਼ਿਕਰ ਨਹੀਂ ਹੋ ਰਿਹਾ। ਪੱਛਮੀ ਇਤਿਹਾਸਕਾਰਾਂ ਦੀ ਜੂਲੀਅਸ ਸੀਜ਼ਰ ਬਾਰੇ ਆਪਣੀ ਕਲਮ ਨਾਲ ਲਿਖੀ ਹੋਈ ਵੀ ਕਹਾਣੀ ਪੜ੍ਹੀ, ਜਿਸ ਦਾ ਮੈਂ ਇਥੇ ਹਵਾਲਾ ਦੇਣਾ ਯੋਗ ਸਮਝਦਾ ਹਾਂ।


Academy of the Punjab in North America: http://www.apnaorg.com

ਇਸ ਅਨੁਸਾਰ ਇੰਡੀਆ ਵਿਚ ਅਠਾਰਵੀਂ ਸਦੀ ਵਿਚ ਵਿਲੀਅਮ ਜੋਨਜ਼ ਨਾਂ ਦਾ ਬਿਟ੍ਰਿਸ਼ ਜੱਜ ਹੁੰਦਾ ਸੀ। ਉਸ ਨੇ ਪ੍ਰੇਰਨਾ ਬਾਰੇ ਇਕ ਬੜੀ ਅਜੀਬ ਵਿਆਖਿਆ ਜਾਰੀ ਕੀਤੀ । ਉਹ ਲਿਖਦੇ ਹਨ ਕਿ ਜੂਲੀਅਸ ਸੀਜ਼ਰ ਅਸਲ ਵਿਚ ਚੰਦਰ ਗੁਪਤ ਮੋਰੀਆ ਦਾ ਦੂਜਾ ਨਾਂ ਹੈ। ਇਹ ਮੈਂ ਆਪਣੇ ਕੋਲੋਂ ਹੀ ਨਹੀਂ ਲਿਖ ਰਿਹਾਂ। ਇਹ ਲਿਖਤੀ ਇਬਾਰਤ ਵਿਲੀਅਮ ਜੋਨਜ਼ ਨੇ ਖ਼ੁਦ ਅਠਾਰਵੀਂ ਸਦੀ ਵਿਚ ਰੀਲੀਜ਼ ਕੀਤੀ ਹੈ ਕਿ ਚੰਦਰ ਗੁਪਤ ਤੇ ਜੂਲੀਅਸ ਸੀਜ਼ਰ ਇਕੋ ਹਨ। ਜਦੋਂ ਚੰਦਰਮਾ ਦੇ ਹਿਸਾਬ ਨਾਲ ਲੂਨਰ ਕੈਲੰਡਰ ਪਹਿਲਾਂ ਬਣਾਇਆ ਤਾਂ ਉਸ ਵਕਤ ਇਸ ਗੱਲ ਦਾ ਤਾਂ ਗਿਆਨ ਸੀ ਕਿ ਸਾਲ ਵਿਚ **365** ਜਾਂ **365. 1/4** ਦਿਨ ਹੁੰਦੇ ਹਨ, ਚੰਦ ਦੇ ਹਿਸਾਬ ਨਾਲ ਕੈਲੰਡਰ ਬਣਾਉਣ ਲੱਗਿਆਂ ਮੁਸ਼ਕਲ ਆ ਰਹੀ ਸੀ। ਉਨ੍ਹਾਂ ਨੇ ਕਿਵੇਂ ਕੀਤਾ? ਉਨ੍ਹਾਂ ਦਾ ਕਈ ਸਦੀਆਂ ਪਹਿਲਾਂ ਕੈਲੰਡਰ **30** ਦਿਨ ਦਾ ਭਾਵ **15** ਦਿਨ ਚੰਦ ਦਾ ਘੱਟਣਾ ਤੇ **15**ਦਿਨ ਵਧਣੇ ਦਾ ਕੈਲੰਡਰ ਸੀ। ਬਾਰਾਂ ਮਹੀਨਿਆਂ ਵਿਚ ਯਅਨੀ ਤਿੰਨ ਸੌ ਸੱਠ ਦਿਨਾਂ ਦੇ ਹਿਸਾਬ, ਚੌਥੇ ਸਾਲ ਜਾ ਕੇ ਉਹ ਤੇਰਾਂ ਮਹੀਨਿਆਂ ਦਾ ਕੈਲੰਡਰ ਬਣ ਜਾਂਦਾ ਸੀ, ਉਹ ਬਾਰਾਂ ਮਹੀਨਿਆਂ ਦਾ ਨਹੀਂ ਸੀ। ਸੱਤਾਂ ਦਿਨਾਂ ਦਾ ਕਿਸੇ ਨੇ ਕਿਧਰੇ ਵੀ ਜ਼ਿਕਰ ਨਹੀਂ ਕੀਤਾ। ਤੇਰਵੀਂ ਸਦੀ ਵਿਚ ਚੀਨ ਨੇ ਸੱਤਾਂ ਦਿਨਾਂ ਦਾ ਜ਼ਿਕਰ ਕੀਤਾ ਹੈ। ਉਸ ਤੋਂ ਪਹਿਲਾਂ ਦਾ ਕੋਈ ਜ਼ਿਕਰ ਨਹੀਂ ਮਿਲਦਾ।

ਆਮ ਤੌਰ ਤੇ ਜਦੋਂ ਅਸੀਂ ਓਲਡ ਟੈਸਟਾਮੈਂਟ ਤੇ ਨਿਊ ਟੈਸਟਾਮੈਂਟ ਦੀ ਗੱਲ ਕਰਦੇ ਹਾਂ ਤਾਂ ਦਿਲ ਵਿਚ ਇਹ ਹੀ ਕਿਆਸ ਕਰ ਲੈਂਦੇ ਹਾਂ ਕਿ ਓਲਡ ਟੈਸਟਾਮੈਂਟ ਵਿਚ ਵੀ ਕੋਈ ਧਰਮ ਹੈ। ਨਿਊ ਟੈਸਟਾਮੈਂਟ ਵੀ ਇਕ ਧਰਮ ਹੈ। ਇਸ ਵਿੱਚ ਕੋਈ ਨਵੀਂ ਚੀਜ਼ ਮਿਲੇਗੀ। ਇਸ ਵਿਚ ਜੇ ਅਸੀਂ ਘੋਖ ਕੇ ਵੇਖੀਏ ਤਾਂ ਓਲਡ ਟੈਸਟਾਮੈਂਟ ਵਿਚ ਯਹੂਦੀ ਇਹ ਕਹਿੰਦੇ ਹਨ ਕਿ ਮਸੀਹਾ ਇਕ ਦਿਨ ਆਇਗਾ, ਉਹ ਨਿਆਂ ਦਾ ਦਿਨ ਹੋਵੇਗਾ। ਕ੍ਰਿਸਚੀਅਨ ਕਹਿੰਦੇ ਹਨ ਕਿ ਨਿਊ ਟੈਸਟਾਮੈਂਟ ਅਨੁਸਾਰ ਯਸੂ ਮਸੀਹ ਮਸੀਹਾ ਹੈ। ਇਥੇ ਮੈਂ ਕਹਿਣਾ ਚਾਹੁੰਦਾ ਕਿ ਟੈਸਟਾਮੈਂਟ ਸ਼ਬਦ ਦਾ ਅਰਥ ਸਮਝੌਤਾ ਜਾਂ ਇਕਰਾਰਨਾਮਾ ਹੁੰਦਾ ਹੈ। ਇਹ ਐਗਰੀਮੈਂਟ ਪਹਿਲਾਂ ਸੀ ਤੇ ਹੁਣ ਨਵਾਂ ਐਗਰੀਮੈਟ ਕਰ ਲਿਆ ਹੈ। ਸਾਡਾ ਪਹਿਲਾਂ ਕ੍ਰਿਸ਼ਚਿਐਨਟੀ ਦਾ ਐਗਰੀਮੈਟ ਸੀ ਕਿ ਮਸੀਹਾ ਅਜੇ ਆਵੇਗਾ ਪਰ ਨਵੇਂ ਐਗਰੀਮੈਟ ਅਨੁਸਾਰ ਨਵਾਂ ਮਸੀਹਾ ਜਿਹੜਾ ਆਉਣਾ ਸੀ, ਉਹ ਤਾਂ ਯੀਸਸ ਕਰਾਈਸਟ ਹੀ ਹੈ। ਨਵੇਂ ਟੈਸਟਾਮੈਂਟ ਵਿਚ ਤੇ ਓਲਡ ਟੈਸਟਾਮੈਂਟ ਵਿਚ ਏਨਾ ਹੀ ਫਰਕ ਹੈ।

ਪਾਲ ਦੇ ਖ਼ਤਾਂ ਵਿਚ ਜਿਹੜੀਆਂ ਯਹੂਦੀਆਂ ਦੀਆ ਲਿਖਤਾਂ ਨੂੰ ਓਲਡ ਟੈਸਟਾਮੈਂਟ ਲਿਖਿਆ ਹੈ, ਉਨ੍ਹਾਂ ਅਨੁਸਾਰ ਯੀਸਸ ਦਾ ਓਲਡ ਕਵੇਨੈਂਟ ਜਾਂ ਨਿਊ ਟੈਸਟਾਮੈਟ ਵਿਚ ਯੀਸਸ ਨੂੰ ਇਕ ਸੇਵੀਅਰ ਦੇ ਤੌਰ ਤੇ ਪਾਲ ਨੇ ਮੰਨਿਆ ਹੈ। ਉਸਨੇ ਆਪਣੇ ਖਤਾਂ ਵਿਚ ਦੁਨੀਆਂ ਦਾ ਇਕ ਕੱਨਟਰੈਕਟ ਬਦਲ ਦਿੱਤਾ ਕਿ ਜਿਹੜਾ ਪੁਰਾਣਾ ਕੱਨਟਰੈਕਟ ਸੀ, ਉਹ ਅਸੀਂ ਬਦਲ ਲਿਆ, ਹੁਣ ਤੋਂ ਕ੍ਰਿਸ਼ਚਿਐਨਟੀ ਦਾ ਕੱਨਟਰੈਕਟ ਇਹ ਹੋ ਗਿਆ। ਜਿਵੇਂ ਕੋਈ ਸੌਦਾ ਕਰਕੇ ਉਸ ਦਾ ਸਮਝੌਤਾ ਲਿਖੀਦਾ ਹੈ, ਉਵੇਂ ਲਿਖ ਲਿਆ ਤੇ ਲੋਕਾਂ ਨੇ ਟੈਸਟਾਮੈਂਟ ਨੂੰ ਇਸ ਤਰ੍ਹਾਂ ਲੱਭਿਆ ਜਿਵੇਂ ਬਾਈਬਲ ਹੁੰਦੀ ਹੈ, ਜਿਵੇਂ ਕੋਈ ਧਾਰਮਕ ਗ੍ਰੰਥ ਹੁੰਦਾ ਹੈ, ਪਰ ਟੈਸਟਾਮੈਂਟ ਦਾ ਮਤਲਬ ਇਕ ਐਗਰੀਮੈਂਟ ਹੈ।

ਇਟਾਲੀਅਨ, ਸਪੈਨਿਸ਼ ਤੇ ਲਾਤੀਨੀ ਭਾਸ਼ਾਵਾਂ ਵਿਚ ਭਾਸ਼ਾਈ ਤੌਰ ਤੇ ਭਾਸ਼ਾ ਵਿਗਿਆਨ ਦੇ ਹਿਸਾਬ ਨਾਲ ਵੀ ਬਹੁਤ ਸਾਰੇ ਸ਼ਬਦ ਸਾਂਝੇ ਹਨ। ਇਨ੍ਹਾਂ ਦੇ ਰੀਤੀ -ਰਿਵਾਜ ਇਨ੍ਹਾਂ ਦੇ ਪੂਜਾ ਕਰਨ ਜਾਂ ਰੱਬ ਨੂੰ ਮੰਨਣ ਦੇ ਤਰੀਕੇ ਪੂਰਬ ਨਾਲ ਰਲਦੇ ਹਨ, ਜਿਵੇਂ ਉਪਨਿਸ਼ਦਾਂ ਵਿਚ ਅਸੀਂ ਰਾਜਿਆਂ ਨੂੰ ਰੱਬ ਕਰਕੇ ਜਾਣਿਆਂ ਹੈ, ਰਾਮ ਰਾਜਾ ਸੀ, ਕ੍ਰਿਸ਼ਨ ਭਗਵਾਨ ਰਾਜਾ ਸੀ। ਜਿਵੇਂ ਅਸੀਂ ਉਹਨਾਂ ਨੂੰ ਰੱਬ ਗਿਣਦੇ ਹਾਂ, ਇਸੇ ਤਰ੍ਹਾਂ ਇਨ੍ਹਾਂ ਨੇ ਅਲੈੱਗਜ਼ੈਂਡਰ ਮਹਾਨ ਨੂੰ ਵੀ ਰੱਬ ਤਾਈਂ ਮੰਨਣਾ ਚਾਹਿਆ ਹੈ।

ਸੀਜ਼ਰ ਦੇ ਨਾਲ ਸਬੰਧ ਰੱਖਣ ਵਾਲਾ ਅਗੱਸਤੂ ਆਪਣੇ ਆਪ ਨੂੰ ਖੁਲ੍ਹੇਆਮ ਰੱਬ ਦਾ ਪੁੱਤ ਕਹਿੰਦਾ ਸੀ। ਉਸ


Academy of the Punjab in North America: http://www.apnaorg.com

ਤੋਂ ਬਾਅਦ ਉਸ ਦਾ ਉਤਰਾਧਿਕਾਰੀ ਟਬੇਰਸ ਵੀ ਆਪਣੇ ਆਪ ਨੂੰ ਰੱਬ ਕਹਾਉਂਦਾ ਸੀ। ਅਗਾਂਹ ਜਿਹੜਾ ਉਸਦਾ ਉਤਰਾਧਿਕਾਰੀ ਹੋਇਆ, ਉਹ ਵੀ ਆਪਣੇ ਆਪ ਨੂੰ ਰੱਬ ਦਾ ਪੁੱਤ ਕਹਾਉਦਾ ਸੀ। ਭਾਵ ਕਿ ਹਕੂਮਤ ਕਰਨ ਵਾਲੇ ਰਾਜੇ, ਆਪਣੇ ਆਪ ਨੂੰ ਰੱਬ ਜਾਂ ਰੱਬ ਦੇ ਪੁੱਤਰ ਕਹਾਉਣ ਦਾ ਹੱਕ ਜਮਾਉਂਦੇ ਸੀ। ਸਭ ਤੋਂ ਵੱਧ ਰਾਜਾ ਹੀ ਪਰਜਾ ਨੂੰ ਸੁੱਖ ਦੇ ਸਕਦਾ ਸੀ, ਇਸ ਲਈ ਰਾਜਾ ਰੱਬ ਜਾਂ ਰੱਬ ਦਾ ਪੁੱਤਰ ਹੁੰਦਾ ਹੈ। ਯੂਰਪ ਦੇ ਵਿਚ ਚਲੀ ਇਸ ਪ੍ਰਥਾ ਦਾ ਪਿਛੋਕੜ ਵੀ ਪੂਰਬ ਹੈ। ਇਹ ਪੂਰਬ ਦਾ ਹੀ ਪ੍ਰਭਾਵ ਸੀ, ਜਿਵੇਂ ਅਸੀਂ ਹਿੰਦੂ ਧਾਰਮਕਿਤਾ ਵਿਚ ਔਰਤਾਂ ਨੂੰ ਪਿਛੇ ਨਹੀਂ ਛੱਡਿਆ, ਉਸ ਵਿਚ ਔਰਤ ਨੂੰ ਦੇਵੀਆਂ ਅਤੇ ਮਾਤਾਵਾਂ ਵਜੋਂ ਜਾਣਿਆਂ ਗਿਆ ਹੈ, ਉਸੇ ਤਰ੍ਹਾਂ ਯੂਰਪ ਵਿਚ ਵੀ ਈਸਸ ਨੂੰ ਮਿਸਟਰੈਸ ਆਫ ਮੈਜਿਕ, ਗਿਣਿਆਂ ਤੇ ਉਸ ਨੂੰ ਸੇਵੀਅਰ ਗੌਡੈਸ ਆਖਿਆ। ਇਹ ਜੋ ਸਾਰੀਆਂ ਗੱਲਾਂ ਯੂਰਪ ਵਿਚ ਵੇਖੀਆਂ, ਇਹ ਹੌਲੀ ਹੌਲੀ ਆਈਆਂ ਕਿਥੋਂ?ਉਹ ਸਾਰੇ ਦੀਆਂ ਸਾਰੀਆਂ ਪੂਰਬ ਵਿਚੋਂ ਆਈਆਂ। ਕਿਆਮਤ ਦਾ ਜ਼ਿਕਰ ਆਉਂਦਾਹੈ। ਕਿਆਮਤ ਨੂੰ ਅਸੀਂ ਡੂੰਘਾਈ ਨਾਲ ਨਹੀਂ ਵੇਖਦੇ। ਜੇ ਡੂੰਘਾਈ ਨਾਲ ਕਿਆਮਤ ਦੇ ਅਰਥ ਵੇਖੀਏ ਤਾਂ ਕ੍ਰਿਸ਼ਚਿਐਨਟੀ ਨੇ ਰੱਬ ਦੀ ਮਰਜ਼ੀ ਮੰਨ ਲਈ। ਹੁਣ ਦੁਨੀਆਂ ਤਾਂ ਖ਼ਤਮ ਹੋ ਜਾਵੇ ਗੀ। ਇਕ ਲਾਈਨ ਮਾਰ ਦਿੱਤੀ। ਇਥੇ ਜਾ ਕੇ ਹਿਸਾਬ ਕਿਤਾਬ ਕਰ ਲਿਆ। ਇੱਕ ਨਵਾਂ ਐਗਰੀਮੈਂਟ ਹੋ ਗਿਆ ਕਿ ਦੁਨੀਆਂ ਖ਼ਤਮ ਹੋ ਜਾਵੇਗੀ।

ਕ੍ਰਿਸਚੀਐਨਿਟੀ ਦਾ ਕੇਂਦਰ ਬਿੰਦੂ ਇਹ ਸੀ ਕਿ ਦੁਨੀਆਂ ਨੇ ਖ਼ਤਮ ਹੋ ਜਾਣਾ ਹੈ। ਅਸੀ ਕ੍ਰਿਸਚੀਐਨਿਟੀ ਨੂੰ ਉਸਦੀ ਮੁਕਤੀ ਦੇ ਹੱਲਦਾ ਤਰੀਕਾ ਬਣਾ ਲਿਆ। ਭਈ ਅਸੀਂ ਠੀਕ ਕਿਵੇਂ ਰਹਾਂਗੇ, ਕਿਆਮਤ ਵੇਲੇ ਸਾਡੀ ਮੁਕਤੀ ਕਿਵੇਂ ਹੋਵੇਗੀ, ਅਸੀਂ ਕ੍ਰਿਸ਼ਚਿਐਨਟੀ ਦੀ ਇਹ ਧਾਰਨਾ ਬਣਾ ਲਈ ਕਿ ਸਾਡੀ ਮੁਕਤੀ ਕਿਵੇਂ ਹੋਵੇਗੀ। ਵੈਸੇ ਤਾਂ ਕ੍ਰਿਸਚੀਐਨਿਟੀ ਇਕ ਲਾਈਨ ਹੈ ਕਿ ਦੁਨੀਆਂ ਬਸ ਹੁਣ ਮੁਕਣ ਹੀ ਵਾਲੀ ਹੈ। ਤੁਸੀ ਆਪਣੇ ਜੀਵਨ ਦਾ ਠੀਕ ਰਾਹ ਅਪਣਾਓ । ਜੇ ਠੀਕ ਰਾਹ ਨਾ ਅਪਣਾਇਆ ਤਾਂ ਤੁਹਾਡੀ ਮੁਕਤੀ ਨਹੀਂ ਹੋਵੇਗੀ। ਕਿਆਮਤ ਵਾਲੇ ਦਿਨ ਤੁਹਾਡੇ ਹਿਸਾਬ ਕਿਤਾਬ ਹੋਣਗੇ। ਹੁਣ ਤਕਲੀਫ਼ ਝੱਲ ਲਉ। ਅਗਲੀ ਦਰਗਾਹ ਵਿਚ ਇਹ ਝੱਲੀ ਹੋਈ ਤਕਲੀਫ਼ ਤੁਹਾਡੇ ਕੰਮ ਆਵੇਗੀ। ਫਿਰ ਤੁਹਾਨੂੰ ਸਜ਼ਾ ਨਹੀਂ ਮਿਲੇਗੀ। ਅਗਲੇ ਜਨਮ ਦਾ ਭੁਲੇਖਾ ਪਾ ਕੇ, ਕਿਆਮਤ ਦਾ ਭੁਲੇਖਾ ਪਾਕੇ, ਜੋ ਕੁਝ ਹੁਣ ਵਸੂਲ ਕਰਦੇ ਹਨ, ਪਤਾ ਨਹੀਂ ਅਗਾਂਹ ਖੁਸਣਾ ਸੀ ਜਾਂ ਨਹੀਂ ਖੁਸਣਾ ਸੀ, ਪਰ ਹੁਣ ਉਹ ਵਸੂਲ ਕਰੀ ਜਾਂਦੇ ਹਨ। ਹੁਣ ਚੌਧਰ ਜਮਾ ਕੇ ਤੇ ਰੱਬ ਦਾਡਰ ਪਾ ਕੇ, ਬੰਦੇ ਨੂੰ ਡਰਾ ਕੇ, ਕਿਆਮਤ ਦੇ ਅੰਜਾਮ ਤੋਂ ਡਰਾ ਕੇ, ਬੰਦੇ ਕੋਲੋਂ ਵਸੂਲੀ ਕਰੀ ਜਾਂਦੇ ਹਨ। ਬੰਦੇ ਨੂੰ ਇਹੀ ਸਿਖਾਇਆ ਜਾਂਦਾ ਹੈ ਕਿ ਕਿਆਮਤ ਤੋਂ ਪਹਿਲਾਂ ਪਹਿਲਾਂ ਆਪਣੀਆਂ ਭੁੱਲਾਂ ਨੂੰ ਸਾਡੇ ਤੋਂ ਬਖਸ਼ਾ ਲੈ। ਬਾਅਦ ਵਿਚ ਭੁਗਤਣਾ ਔਖਾ ਹੋਵੇਗਾ। ਉਸ ਦਿਨ ਰੱਬ ਨੇ ਤੁਹਾਡਾ ਇਮਤਿਹਾਨ ਲੈਣਾ ਤੇ ਹੁਣ ਅਸੀਂ ਤੇਰੇ ਨਾਲ ਸਮਝੌਤਾ ਕਰ ਸਕਦੇ ਹਾਂ। ਅਸੀਂ ਤੇਰੇ ਗੁਨਾਹ ਮੁਆਫ ਕਰ ਦਿੰਦੇ ਹਾਂ। ਰੱਬ ਨੂੰ ਕੀ ਉਡੀਕੀ ਜਾਵੇਗਾਂ।

ਰੋਮਨ ਅਥਾਰਟੀਆਂ ਸਾਰੀਆਂ ਪੂਰਬ ਦੀ ਨਕਲ ਮਾਰ ਕੇ ਬਣਾਈਆਂ ਸਨ। ਪਰ ਪੂਰਬ ਵਾਲਿਆਂ ਨੇ ਇਹ ਅਥਾਰਟੀਆਂ ਬਿਲਕੁਲ ਮਨਜ਼ੂਰ ਨਹੀਂ ਕੀਤੀਆਂ। ਉਨ੍ਹਾਂ ਨੇ ਕਿਤੇ ਵੀ ਰਾਜਿਆਂ ਨੂੰ ਇਹ ਮਨਜ਼ੂਰੀ ਨਹੀਂ ਦਿੱਤੀ, ਤਾਂ ਹੀ ਤਾਂ ਇਨ੍ਹਾਂ ਦੇ ਮਤਭੇਦ ਰਹੇ। ਰਾਜੇ ਰਾਮ ਨੂੰ ਰਾਜਾ ਕਹੀ ਜਾਂਦੇ ਤਾਂ ਗੱਲ ਹੋਰ ਸੀ। ਕ੍ਰਿਸ਼ਨ ਭਗਵਾਨ ਨੂੰ ਰਾਜਾ ਮੰਨੀ ਜਾਂਦੇ ਤਾਂ ਫਿਰ ਵੀ ਗੱਲ ਹੋਰ ਸੀ। ਇਨ੍ਹਾਂ ਨੇ ਆਪਣੇ ਰਾਜੇ ਉਨ੍ਹਾਂ ਦੇ ਬਰਾਬਰ ਬਣਾ ਲਏ। ਜਦੋਂ ਬਰਾਬਰਤਾ ਕਰਨ ਲੱਗ ਜਾਏ ਜਾਂ ਆਪਣਾ ਪਿੜ ਬਣਾ ਕੇ ਬਹਿ ਜਾਏ, ਆਪਣੇ ਆਪ ਨੂੰ ਰਾਜਾ ਸਮਝਣ ਲਗ ਜਾਏ, ਤਾਂ ਫਿਰ ਦੂਸਰੇ ਕਿਉਂ ਨਾ ਕਰਨ। ਪੱਛਮ ਵਾਲੇ ਜਾਂ ਕ੍ਰਿਸ਼ਚਿਐਨਟੀ ਵਾਲੇ ਇਸ ਤੋਂ ਮੁਨਕਰ ਨਹੀਂ ਹੁੰਦੇ ਕਿ ਸ਼ੁਰੂ ਵਿਚ ਯੀਸਸ ਨੇ ਤਾਂ ਕੁਝ ਵੀ ਨਹੀਂ ਲਿਖਿਆ, ਬਾਅਦ ਵਿਚ ਹੌਲੀ ਹੌਲੀ ਲੇਖਕਾਂ ਨੇ ਸਾਰਾ ਕੰਮ ਕੀਤਾ ਤੇ ਲਿਖਤਾਂ ਬਣਾਈਆਂ। ਪਾਲ ਦੇ ਖਤਾਂ ਵਿਚ ਇਹ ਕਿਤੇ ਵੀ ਜ਼ਿਕਰ ਨਹੀਂ ਮਿਲਦਾ ਕਿ ਇਹ ਬਾਈਬਲ ਹੈ ਜਾਂ ਇਕ ਧਾਰਮਕ ਪੁਸਤਕ


Academy of the Punjab in North America: http://www.apnaorg.com

ਦੇ ਤੌਰ ਤੇ ਇਹ ਸਾਹਮਣੇ ਆਉਣਗੇ। ਉਹ ਤਾਂ ਮੰਨਦਾ ਹੈ ਕਿ ਜੋ ਮੈਂ ਜ਼ਬਾਨੀ ਸੁਣਿਆਂ, ਸੁਣਾਇਆ ਹੈ, ਉਹ ਹੀ ਮੈ ਲਿਖ ਰਿਹਾ ਹਾਂ। ਸੋ ਸਮਾਂ ਆ ਗਿਆ ਹੈ ਕਿ ਆਪਾਂ ਆਪਣੇ ਅਤੀਤ ਨੂੰ ਫਿਰ ਤੋਂ ਘੋਖ ਕੇ ਪੜ੍ਹੀਏ ਤੇ ਹਰ ਘਟਨਾ ਕ੍ਰਮ ਦੇ ਅਰਥ ਕਰਦੇ ਹੋਏ, ਇਸ ਨੂੰ ਫਿਰ ਦੁਬਾਰਾ ਤੋਂ ਲਿਖੀਏ, ਸ਼ੁਧ ਕਰਕੇ ਲਿਖੀਏ। ਇਸ ਦੇ ਠੀਕ ਅਰਥ ਕੱਢੀਏ ਤੇ ਆਪਣੇ ਆਪ ਨੂੰ ਸਮਝਣ ਦਾ ਯਤਨ ਕਰੀਏ। ਉਹ ਗੱਲਾਂ, ਜੋ ਸ਼ਰੇਆਮ ਦਿਸਦੀਆਂ ਹਨ ਕਿ ਇਹ ਤਾਂ ਭਾਈ ਕਰਨ ਵਾਲੀਆਂ ਹਨ, ਉਹ ਜੋ ਕਹਾਣੀਆਂ ਹਨ, ਉਹਨਾਂ ਨੂੰ ਬਹੁਤ ਦੂਰ ਤੱਕ ਖੋਜਣ ਦੀ ਲੋੜ ਨਹੀਂ ਹੈ। ਮੁਰਦੇ ਪੁਟਿਆਂ ਤਾਂ ਮੁਸ਼ਕ ਹੀ ਆਵੇਗਾ। ਬੀਤੇ ਨੂੰ ਦੱਬਿਆ ਰਹਿਣ ਦਿਓ। ਲੇਕਿਨ ਉਸ ਵਿਚੋਂ ਜਿਹੜੀਆਂ ਚੀਜਾਂ ਮਨੁੱਖਤਾ ਦੇ ਕੰਮ ਆ ਸਕਦੀਆਂ, ਉਨ੍ਹਾਂ ਨੂੰ ਦੁਬਾਰਾ ਤੋਂ ਲਿਖੀਏ। ਜੋ ਕੁਝ ਬੀਤ ਚੁਕਿਆ ਹੈ, ਜਿਸ ਬਾਰੇ ਬਹਿਸ ਕਰਨ ਦਾ ਫਾਇਦਾ ਹੀ ਨਹੀਂ ਹੈ, ਉਹ ਬਹਿਸ ਆਪਾਂ ਬੰਦ ਕਰੀਏ। ਸਾਧਾਰਨ ਤੇ ਨਵੇਂ ਤਰੀਕੇ ਨਾਲ, ਇਹਨੂੰ ਨਵੀਆਂ ਕਦਰਾਂ-ਕੀਮਤਾਂ ਦੇ ਹਿਸਾਬ ਨਾਲ ਜੋ ਜੋ ਇਨਸਾਨੀਅਤ ਨੂੰ ਇਸ ਵੇਲੇ ਚਾਹੀਦਾ ਹੈ, ਉਸ ਨੂੰ ਆਪਣੇ ਹਿਸਾਬ ਨਾਲ ਫਿਰ ਵੇਖੀਏ। ਇਹ ਵਿਗਿਆਨ ਦਾ ਯੁੱਗ ਹੈ। ਉਹਨਾਂ ਨੂੰ ਵਿਗਿਆਨਕ ਤਰੀਕੇ ਨਾਲ ਲਿਖੀਏ। ਇਹ ਹੀ ਸਾਡਾ ਕੈਲੰਡਰ ਹੋਵੇਗਾ। ਇਹ ਸਾਡੀ ਨਵੀਂ ਵਿਧੀ ਹੋਵੇਗੀ। ਇਹ ਸਾਡੀ ਨਵੀਂ ਜੁਗਤੀ ਹੋਵੇਗੀ। ਇਹ ਸਾਡੀ ਸਿਆਣਪ ਹੋਵੇਗੀ। ਅਸੀਂ ਆਪਣੇ ਇਤਿਹਾਸ ਦਾ ਇਕ ਵਾਰ ਫਿਰ ਪੁਨਰ ਜਨਮ ਕਰੀਏ, ਉਸ ਨੂੰ ਫਿਰ ਦੋਬਾਰਾ ਜਨਮ ਤੋਂ ਲਈਏ ਤੇ ਉਸ ਦੇ ਅਰਥ ਸਮਝਣ ਦਾ ਯਤਨ ਕਰੀਏ। ਸਾਨੂੰ ਪੁਰਾਤਨਤਾ ਵਿਚੋਂ ਸਿਆਣੇ ਬਣਾਉਣ ਦਾ ਯਤਨ ਜ਼ਰੂਰ ਕੀਤਾ ਗਿਆ। ਲੇਕਿਨ ਉਸ ਪੁਰਾਤਨਤਾ ਦੀਆਂ ਗੱਪਾਂ ਮਾਰਨ ਦਾ ਕੋਈ ਫਾਇਦਾ ਨਹੀਂ ਹੈ। ਉਸ ਪੁਰਾਤਨਤਾ ਨੂੰ ਐਵੇਂ ਵਧਾਅ ਚੜ੍ਹਾਅ ਕੇ ਦੱਸਣ, ਹਜ਼ਾਰ ਦੋ ਹਜ਼ਾਰ ਜਾਂ ਪੰਜ ਹਜ਼ਾਰ ਸਾਲ ਪਿਛਾਂਹ ਵੱਲ ਲਿਜਾਣ ਦਾ ਕੋਈ ਅਰਥ ਨਹੀਂ ਬਣਦਾ। ਆਓ ਨਵੀਆਂ ਕਦਰਾਂ-ਕੀਮਤਾਂ ਦੇ ਹਿਸਾਬ ਨਾਲ ਨਵੇਂ ਇਤਿਹਾਸ ਨੂੰ, ਜੋ ਬਿਲਕੁਲ ਸਾਡੇ ਸਾਹਮਣੇ ਇਤਿਹਾਸ ਲਿਖੇ ਪਏ ਹਨ, ਉਨ੍ਹਾਂ ਨੂੰ ਸਮਝਣ ਦਾ ਯਤਨ ਕਰੀਏ ਉਨ੍ਹਾਂ ਦੇ ਨਵੇਂ ਇਤਿਹਾਸ ਨਾਲ ਆਪਣੀ ਪੁਰਾਤਨਤਾ, ਆਪਣਾ ਜੋ ਅਤੀਤ ਹੈ, ਜੋ ਬੀਤ ਚੁਕਿਆ ਸਮਾਂ ਹੈ, ਉਸ ਦੀ ਕਹਾਣੀ ਕਰੀਏ।


Academy of the Punjab in North America: http://www.apnaorg.com

# ਇਸਲਾਮਿਕ ਫ਼ਲਸਫ਼ਾ

ਧਾਰਮਿਕ ਦੁਨੀਆਂ ਵਿਚ ਹਜ਼ਰਤ ਮੁਹੰਮਦ ਸਾਹਿਬ ਤੋਂ ਪਹਿਲਾਂ ਦੇ ਸਮੇਂ ਨੂੰ ਇਸਲਾਮ ਦੇ ਸ਼ਰਧਾਲੂ ਅਗਿਆਨਤਾ ਤੇ ਨਾਸਮਝੀ ਦਾ ਸਮਾਂ ਕਹਿੰਦੇ ਹਨ। ਇਸਲਾਮੀ ਰਵਾਇਤ ਅਨੁਸਾਰ ਮੱਕੇ ਦੇ ਵਿਚ ਹਜ਼ਰਤ ਮੁਹੰਮਦ ਸਾਹਿਬ ਦਾ ਜਨਮ ਹੋਇਆ। ਹਜ਼ਰਤ ਮਹੰਮਦ ਸਾਹਿਬ ਦੀ ਉਮਰ ਉਸ ਵੇਲੇ ਛੇ ਸਾਲ ਸੀ ਜਦੋਂ ਉਨ੍ਹਾਂ ਦੇ ਪਿਤਾ ਜੀ ਵਫ਼ਾਤ ਪਾ ਗਏ। ਇਨ੍ਹਾਂ ਦੀ ਪਾਲਣਾ ਪੋਸ਼ਣਾ ਇਨ੍ਹਾਂ ਦੇ ਦਾਦਾ ਜੀ ਨੇ ਕੀਤੀ। ਜਦੋਂ ਮਹੰਮਦ ਸਾਹਿਬ ਦੀ ਉਮਰ **12** ਸਾਲ ਦੀ ਹੋਈ ਤਾਂ ਉਨ੍ਹਾਂ ਦਾ ਚਾਚਾ ਆਪ ਜੀ ਨੂੰ ਸੀਰੀਆ ਲੈ ਗਿਆ ਜਿਥੇ ਇਸਾਈਅਤ ਦੇ ਪੋਪ ਜਾਂ ਪੈਰੋਕਾਰਾਂ ਨਾਲ ਮੁਹੰਮਦ ਸਾਹਿਬ ਦੀ ਗੱਲਬਾਤ ਸ਼ੁਰੂ ਹੋਈ। ਕਿਹਾ ਜਾਂਦਾ ਹੈ ਕਿ ਜਦੋਂ ਹਜ਼ਰਤ ਮੁਹੰਮਦ ਸਾਹਿਬ **25** ਸਾਲ ਦੇ ਹੋਏ ਤਾਂ ਉਦੋਂ ਉਹ ਬੀਬੀ ਖ਼ਦੀਜਾ ਦੇ ਨਾਲ ਕਾਰੋਬਾਰ ਵਿਚ ਹਥ ਵਟਾ ਰਹੇ ਸਨ। ਖ਼ਦੀਜਾ ਇਕ ਵਿਧਵਾ ਤ੍ਰੀਮਤ ਸੀ। ਇਸਲਾਮਿਕ ਮੰਨਤ ਅਨੁਸਾਰ ਉਹ ਬਹੁਤ ਅਮੀਰ ਸੀ। ਜਦੋਂ ਮੁਹੰਮਦ ਸਾਹਿਬ ਦੀ ਉਮਰ **25** ਸਾਲ ਦੀ ਹੋਈ ਤਾਂ ਉਨ੍ਹਾਂ ਨੇ ਖ਼ਦੀਜਾ ਨਾਲ ਸ਼ਾਦੀ ਕਰ ਲਈ ਭਾਵੇ ਉਨ੍ਹਾਂ ਦੀ ਮਾਲਿਕ ਖ਼ਦੀਜਾ ਉਮਰ ਵਿਚ **15** ਸਾਲ ਵੱਡੀ ਸੀ। ਇਸ ਤਰ੍ਹਾਂ ਉਹ ਅਮੀਰ ਬਣ ਗਏ।

ਕੁਝ ਸਮੇਂ ਬਾਅਦ ਜਦੋਂ ਉਹ ਗੁਫ਼ਾ ਵਿਚ ਸਨ ਤਾਂ ਅਚਾਨਕ ਉਨ੍ਹਾਂ ਨੂੰ ਇਕ ਆਵਾਜ਼ ਸੁਣੀ, ਇਕ ਇਲਹਾਮ (ਆਕਾਸ਼ ਬਾਣੀ) ਹੋਇਆ ਜਿਸ ਨੇ ਮੁਹੰਮਦ ਸਾਹਿਬ ਨੂੰ ਪ੍ਰੇਰਨਾ ਦਿੱਤੀ ਕਿ ਇਹ ਲਿਖਣਾ ਕਰੋ ਕਿ ਰੱਬ ਨੇ ਇਹ ਦੁਨੀਆਂ ਕਿਵੇ ਬਣਾਈ ਹੈ? ਹਰ ਇਕ ਚੀਜ਼ ਕਿਵੇਂ ਘੜੀ? ਰੱਬ ਨੇ ਬੰਦਾ ਕਿਵੇਂ ਬਣਾਇਆ? ਇਸ ਇਲਹਾਮ ਵਾਲੀ ਰਾਤ ਨੂੰ ਇਸਲਾਮ ਵਿਚ ਸ਼ਕਤੀ ਵਾਲੀ ਰਾਤ ਕਹਿੰਦੇ ਹਨ। ਭਾਵ ਇਹ ਸੱਚਾ ਗਿਆਨ (ਰੂਹਾਨੀ ਚਾਨਣ) ਹੋਣ ਦੀ ਰਾਤ ਸੀ। ਇਸ ਤਰ੍ਹਾਂ ਫਿਰ ਮੁਹੰਮਦ ਸਾਹਿਬ ਨੇ, ਜੋ ਉਨ੍ਹਾਂ ਨੂੰ ਅੱਲਾ ਨੇ ਆਦੇਸ਼ ਕੀਤਾ ਸੀ, ਜੋ ਉਨ੍ਹਾਂ ਨੂੰ ਧੁਰ ਦਰਗਾਹੋਂ ਅੱਲਾ ਦੇ ਨਾਮ ਤੇ ਸੁਨੇਹਾ ਹੋਇਆ, ਉਹ ਸਾਰਾ ਕੁਝ ਆਪਣੀ ਰਸਨਾ ਤੋਂ ਬੋਲਿਆ। ਉਹ ਇਸ ਸਮੇਂ ਨੂੰ ਵੀ ਇਤਿਹਾਸ ਤੋਂ ਪਿਛੇ ਵੱਲ ਲਿਜਾਂਦੇ ਹਨ ਪਰ ਸਾਡਾ ਉਨ੍ਹਾਂ ਤਿੱਥਾਂ ਮਿੱਥਾਂ ਤੇ ਵਿਸ਼ਵਾਸ ਕਰਨ ਨੂੰ ਦਿਲ ਨਹੀਂ ਕਰਦਾ। ਇਥੇ ਅਸੀਂ ਹੋਰ ਜ਼ਿਕਰ ਕਰਨਾ ਯੋਗ ਨਹੀਂ ਸਮਝਦੇ। ਪਰ ਇਹ ਜ਼ਰੂਰ ਹੈ ਕਿ ਜਦੋਂ ਮੁਹੰਮਦ ਸਾਹਿਬ ਨੂੰ ਹੁਕਮ ਹੋਇਆ ਤਾਂ ਉਨ੍ਹਾਂ ਦੇ ਪੈਰੋਕਾਰਾਂ ਨੇ, ਜੇ ਪੱਥਰ ਮਿਲੇ-ਪੱਥਰਾਂ ਉਤੇ ਲਿਖ ਲਿਆ, ਜੇ ਪੱਤੇ ਮਿਲੇ ਤਾਂ ਪੱਤਿਆ ਤੇ ਲਿਖ ਲਿਆ ਜਾਂ ਜ਼ਬਾਨੀ ਯਾਦ ਕਰ ਲਿਆ। ਇਸ ਤਰ੍ਹਾਂ ਉਨ੍ਹਾਂ ਸਾਰਾ ਕੁਝ ਇਕ ਥਾਂ ਕਰਕੇ ਬਾਅਦ ਵਿਚ ਕੁਰਾਨ ਬਣਾ ਦਿੱਤੀ। ਜਦੋਂ ਕੁਰਾਨ ਬਣਾਈ ਤੇ ਜਦੋਂ ਰੱਬ ਨੇ ਮੁਹੰਮਦ ਸਾਹਿਬ ਦੇ ਮੂੰਹੋਂ ਗੱਲਾਂ ਕਹਾਈਆਂ ਉਹਦੇ ਵਿਚ ਸਮੇਂ ਦਾ ਇਕ ਇਤਿਹਾਸਕ ਅੰਤਰ ਹੈ, ਮਿਥਿਹਾਸ ਅਤੇ ਇਤਿਹਾਸ ਜਿੰਨਾ ਅੰਤਰ ਹੈ। ਅਸੀਂ ਇਸ ਵਿਚਾਰ ਗੋਸ਼ਟੀ ਵਿਚ ਨਹੀਂ ਪਵਾਂਗੇ। ਉਂਝ ਇਸ ਆਕਾਸ਼ ਬਾਣੀ ਵਿਚ ਨਵੀਂ ਗੱਲ ਕੋਈ ਨਹੀਂ ਸੀ। ਇਹ ਸਾਰੀਆਂ ਗੱਲਾਂ ਪਹਿਲਾਂ ਹੀ ਪ੍ਰਚੱਲਤ ਸਨ। ਹੀਬਰੋ ਤੇ ਈਸਾਈਅਤ ਦੀਆਂ ਅਤੇ ਹੋਰ ਧਾਰਮਕ ਗੱਲਾਂ, ਜਿਵੇਂ ਪ੍ਰਮਾਤਮਾ ਇਕ ਹੈ, ਹੋਰ ਕੋਈ ਨਹੀਂ। ਕਿਆਮਤ ਦੇ ਦਿਨ ਫੈਸਲੇ ਹੋਣਗੇ। ਉਸ ਦਿਨ ਜਿਹਨਾਂ ਨੇ ਕੁਰਾਨ ਦੇ ਉਪਦੇਸ਼ਾਂ 'ਤੇ ਅਮਲ ਕੀਤਾ ਹੋਵੇਗਾ, ਉਹ ਬਹਿਸ਼ਤ ਨੂੰ ਜਾਣਗੇ ਅਤੇ ਜਿਨ੍ਹਾਂ ਨੇ ਕੁਰਾਨ ਦੇ ਹੁਕਮ ਦੀ ਪਾਲਣਾ ਨਹੀਂ ਕੀਤੀ ਹੋਵੇਗੀ, ਉਹ ਦੋਜ਼ਖ ਭਾਵ ਨਰਕ ਵਿਚ ਜਾਣਗੇ। ਭਾਵੇਂ ਅਪਣੀ ਗੱਲ ਨੂੰ ਸਾਰਥਕ ਬਣਾਉਣ ਲਈ ਉਹ ਮੁਹੰਮਦ ਸਾਹਿਬ ਦਾ ਜਨਮ **570** ਈ: ਮੱਕੇ ਵਿਚ ਹੋਇਆ ਕਹਿੰਦੇ ਹਨ ਪਰ ਇਸ ਤਾਰੀਖ ਦਾ ਕੋਈ ਵੀ ਲਿਖਤੀ ਜਾਂ ਇਤਿਹਾਸਕ ਸਬੂਤ ਨਹੀਂ ਮਿਲਦਾ। ਇਸ ਲਈ ਅਸੀਂ ਇਸ ਬਹਿਸ ਤੋਂ ਦੂਰ ਰਹਾਂਗੇ। ਮੁਹੰਮਦ ਸਾਹਿਬ ਮੱਕੇ ਤੇ ਬਾਅਦ ਵਿਚ ਮਦੀਨੇ ਚਲੇ ਗਏ। ਇਸ ਵਿਚ ਇਜ਼ਰਾਈਲ ਦਾ ਹਿੱਸਾ ਆਉਂਦਾ ਹੈ, ਜਿਥੇ ਕਿ ਮੁਹੰਮਦ ਸਾਹਿਬ ਨੇ ਯੋਰੋਸ਼ਲਮ ਵਿਚ ਰੱਬ ਦਾ ਚਿਹਰਾ ਵੇਖਿਆ। ਇਸ ਕਰਕੇ ਇਸਲਾਮ ਵਿਚ ਇਹ ਤਿੰਨ ਸ਼ਹਿਰ ਮੱਕਾ, ਮਦੀਨਾ ਤੇ ਯੋਰੋਸ਼ਲਮ ਪਵਿੱਤਰ ਗਿਣੇ


Academy of the Punjab in North America: http://www.apnaorg.com

ਜਾਂਦੇ ਹਨ। ਜਿਵੇਂ ਜਿਵੇਂ ਇਸਲਾਮ ਦੇ ਸ਼ਰਧਾਲੂ ਮੁਹੰਮਦ ਸਾਹਿਬ ਦੀ ਕਹਾਣੀ ਦੱਸਦੇ ਹਨ, ਉਸ ਅਨੁਸਾਰ ਇਹ ਤਿੰਨ ਧਰਤੀਆਂ ਮੱਕਾ, ਮਦੀਨਾ ਤੇ ਯੇਰੋਸ਼ਲਮ ਪਵਿੱਤਰ ਹਨ।

ਬਾਅਦ ਵਿਚ ਇਤਿਹਾਸਕਾਰਾਂ ਨੇ ਇਸਲਾਮਕ ਕੈਲੰਡਰ ਬਣਾਇਆ। ਜਦੋਂ ਮੁਹੰਮਦ ਸਾਹਿਬ ਮਦੀਨੇ ਵਿਚ ਗਏ, ਉਸ ਦਿਨ ਨੂੰ ਮੁਖ ਰੱਖ ਕੇ ਇਤਿਹਾਸਕਾਰਾਂ ਨੇ ਕੈਲੰਡਰ ਬਣਾਇਆ। ਲੇਕਿਨ ਉਸ ਕੈਲੰਡਰ ਦੀ ਕੋਈ ਸਹੀ ਦਲੀਲ ਨਹੀਂ ਮਿਲਦੀ। ਕੈਲੰਡਰ ਬਣਾਉਣ ਵਾਲੇ ਇਤਿਹਾਸਕਾਰ ਵੀ ਸ਼ਾਇਦ ਇਸ ਵਿਚ ਸਪਸ਼ਟ ਨਹੀਂ ਹਨ। ਇਕ ਪਾਸੇ ਤਾਂ ਮੁਹੰਮਦ ਸਾਹਿਬ ਦੀ ਕੋਈ ਸਪਸ਼ਟ ਤਸਵੀਰ ਨਹੀਂ ਉਠਾਈ ਹੋਈ, ਇਕ ਪਾਸੇ ਤਾਂ ਮੁਹੰਮਦ ਸਾਹਿਬ ਦੁਨੀਆਂ ਦੇ ਧਾਰਮਕ ਆਗੂ ਤੇ ਬਹੁਤ ਹੀ ਵੱਡੇ ਰਾਜਨੀਤੀਵਾਨ, ਜਿਵੇਂ ਕਿ ਮਿਲਟਰੀ ਦਾ ਲੀਡਰ ਹੁੰਦਾ ਹੈ, ਉਵੇਂ ਮੁਹੰਮਦ ਸਾਹਿਬ ਨੂੰ ਵਿਖਾਇਆ ਗਿਆ ਹੈ ਤੇ ਦੂਸਰੇ ਪਾਸੇ ਜਿਹੜੀਆਂ ਰਵਾਇਤਾਂ ਨੂੰ ਇਹ ਮੰਨਦੇ ਹਨ, ਉਸ ਹਿਸਾਬ ਨਾਲ ਇਹ ਵੀ ਜ਼ਿਕਰ ਕੀਤਾ ਹੋਇਆ ਹੈ ਕਿ ਉਹ ਆਪਣੇ ਬਸਤਰ ਆਪ ਸਿਊਣ ਵਾਲੇ ਤੇ ਬਹੁਤ ਸਾਦ ਮੁਰਾਦਾ ਜੀਵਨ ਗੁਜ਼ਾਰਨ ਵਾਲੇ, ਮਿੱਟੀ ਦੇ ਬਣੇ ਘਰ ਵਿਚ ਰਹਿਣ ਵਾਲੇ ਇਕ ਸਾਧਾਰਨ ਪੁਰਖ ਸੀ । ਉਨ੍ਹਾਂ ਦੀਆਂ ਕਈ ਪਤਨੀਆਂ ਤੇ ਬਹੁਤ ਸਾਰੇ ਬੱਚੇ ਸਨ। ਇਸ ਤਰ੍ਹਾਂ ਇਕ ਸਾਧਾਰਨ ਪੁਰਖ ਦੇ ਰੂਪ ਵਿਚ ਵੀ ਪੇਸ਼ ਕਰਦੇ ਹਨ। ਮੁਹੰਮਦ ਸਾਹਿਬ ਦੀ ਜਿਹੜੀ ਸੋਚ ਸੀ, ਯਹੂਦੀ ਤੇ ਈਸਾਈਅਤ ਵਾਲੀਆਂ ਗੱਲਾਂ ਹੀ ਸਨ। ਪਰ ਇਹ ਮੰਨਦੇ ਹਨ ਕਿ ਹਜ਼ਰਤ ਮੁਹੰਮਦ ਸਾਹਿਬ ਹੀ ਆਖਰੀ ਪੈਗੰਬਰ ਹਨ। ਬਾਅਦ ਵਿਚ ਦੁਨੀਆਂ ਵਿਚ ਕੋਈ ਪੈਗੰਬਰ ਨਹੀਂ ਹੋਇਆ ਅਤੇ ਨਾ ਹੀ ਹੋਵੇਗਾ। ਉਂਝ ਇਸਲਾਮ ਦੇ ਸ਼ਰਧਾਲੂ ਯਸੂਮਸੀਹ ਨੂੰ ਵੀ ਪੈਗੰਬਰ ਜ਼ਰੂਰ ਮੰਨਦੇ ਹਨ, ਯਸੂ ਮਸੀਹ ਦਾ ਨਾਮ ਵੀ ਪਾਕ ਕੁਰਾਨ ਵਿਚ ਆਉਂਦਾ ਹੈ। ਪਰ ਉਹ ਆਖਰੀ ਪੈਗੰਬਰ ਮੁਹੰਮਦ ਸਾਹਿਬ ਨੂੰ ਹੀ ਗਿਣਦੇ ਹਨ। ਈਸਾਈਅਤ ਅਤੇ ਯਹੂਦੀਅਤ ਵਿਚ ਯਸੂ ਮਸੀਹ ਨੂੰ 'ਪਰਮਾਤਮਾ ਦਾ ਪੁੱਤਰ' ਧਰਤੀ ਤੇ ਆਇਆ ਕਹਿੰਦੇ ਹਨ, ਜਿਸਨੇ ਧਰਤੀ ਵਸਾਈ ਹੈ। ਕਿਆਮਤ ਵਾਲੇ ਦਿਨ ਫੈਸਲੇ ਹੋਣਗੇ। ਇਨ੍ਹਾਂ ਦੀਆਂ ਗੱਲਾਂ ਤਾਂ ਮਿਲਦੀਆਂ ਹਨ। ਪਰ ਇਹ ਕਹਿੰਦੇ ਵੀ ਹਨ ਤੇ ਯਕੀਨ ਵੀ ਕਰਦੇ ਹਨ ਕਿ ਮੁਹੰਮਦ ਸਾਹਿਬ ਤੋਂ ਵੱਡਾ ਕੋਈ ਪੈਗੰਬਰ ਨਹੀਂ, ਨਾ ਹੀ ਹੋ ਸਕਦਾ ਹੈ। ਉਨ੍ਹਾਂ ਨੂੰ ਦੂਸਰਿਆਂ ਤੋਂ ਵਧੀਆ ਵਿਖਾਉਣ ਲਈ ਇਸ ਤਰ੍ਹਾਂ ਦੀਆਂ ਦਲੀਲਾਂ ਦਿੱਤੀਆਂ। ਫਿਲਿਪ ਨੇ ਜਿਹੜੀ, ਆਪਣੀ ਕਿਤਾਬ 'ਅਰਬ ਦੇ ਲੋਕਾਂ ਦਾ ਇਤਿਹਾਸ' ਲਿਖੀ ਹੈ, ਉਸ ਵਿਚ ਕਈ ਖੁਲਾਸੇ ਕੀਤੇ ਹਨ। ਉਸ ਵਿਚੋਂ ਕਈ ਗੱਲਾਂ ਸਾਹਮਣੇ ਆਈਆਂ। ਜੇਕਰ ਫਿਲਿਪ ਦੀ ਪੁਸਤਕ 'ਅਰਬਾਂ ਦਾ ਇਤਿਹਾਸ' (**1937**) ਗਹੁ ਨਾਲ ਵੇਖੀਏ ਤਾਂ ਇਸ ਤੋਂ ਅਸੀਂ ਅੰਦਾਜ਼ੇ ਲਗਾ ਸਕਦੇ ਹਾਂ ਕਿ ਇਤਿਹਾਸਕ ਤੌਰ ਤੇ ਕਿਹੜੀ ਗੱਲ ਸੱਚ ਹੈ ਤੇ ਕਿਹੜੀਆਂ ਕਹਾਣੀਆਂ ਬਣਾਈਆਂ ਗਈਆਂ ਹਨ। ਲੇਕਿਨ ਫਿਲਿਪ ਨੇ ਪੁਰਾਤਨ ਕਥਾ-ਕਹਾਣੀਆਂ ਤੇ ਬਹੁਤ ਸਾਰੀਆਂ ਗੱਲਾਂ ਲਿਖੀਆਂ, ਇਸ ਤੋਂ ਪਹਿਲਾਂ ਬਹੁਤ ਘੱਟ ਮਿਲਦੀਆਂ ਹਨ। ਇਹ ਵੀਹਵੀਂ ਸਦੀ ਦੀਆਂ ਗੱਲਾਂ ਹਨ। ਇਸਲਾਮ ਦੇ ਸ਼ਰਧਾਲੂਆਂ ਨੇ ਤਾਂ ਇਥੇ ਗੱਲ ਖਤਮ ਕਰ ਦਿਤੀ ਕਿ ਇਸ ਤੋਂ ਮਗਰੋਂ ਕੁਝ ਹੋ ਹੀ ਨਹੀਂ ਸਕਦਾ। ਬਸ ਇਕ ਤਰ੍ਹਾਂ ਦਾ ਜਿੰਦਰਾ ਲਗਾ ਦਿੱਤਾ। ਇਸ ਕੱਟੜਤਾ ਨੇ ਉਨ੍ਹਾਂ ਨੂੰ ਈਸਾਈਅਤ ਨਾਲੋਂ ਵੱਖਰੇ ਕਰ ਦਿਤਾ। ਵੈਸੇ ਸਾਰੀਆਂ ਦੀਆਂ ਸਾਰੀਆਂ ਗੱਲਾਂ ਈਸਾਈਅਤ ਨਾਲ ਮਿਲਦੀਆਂ ਹਨ। ਇਬਰਾਹੀਮ ਕਹੋ ਜਾਂ ਅਬਰਾਹਮ ਇੱਕ ਹੀ ਗੱਲ ਹੈ। ਜਿਹੜਾ ਇਸ ਤਰ੍ਹਾਂ ਵਿਸ਼ਵਾਸ਼ ਨਾ ਕਰੇ, ਮੁਹੰਮਦ ਸਾਹਿਬ ਦਾ ਉਪਦੇਸ਼ ਨਾ ਮੰਨੇ, ਉਨ੍ਹਾਂ ਦੀ ਗੱਲ ਨਾ ਮੰਨੇ, ਉਹ ਕਾਫ਼ਰ ਹੈ, ਉਸ ਨੂੰ ਸਜ਼ਾ ਦੇ ਦਿਓ। ਇਸ ਤਰ੍ਹਾਂ ਜੋ ਬਹੁਤ ਜ਼ਿਆਦਾ ਸਖਤ ਐਲਾਨ ਕੀਤੇ ਗਏ , ਇਨ੍ਹਾਂ ਨਾਲ ਹਜ਼ਰਤ ਮੁਹੰਮਦ ਸਾਹਿਬ ਦੀ, ਦੁਨੀਆਂ ਵਿਚ ਸਭ ਤੋਂ ਜਿਆਦਾ ਮਸ਼ਹੂਰ ਸ਼ਖਸ਼ੀਅਤ ਨੂੰ ਸੀਮਤ ਕਰ ਦਿੱਤਾ ਗਿਆ ਹੈ। ਜਿਵੇਂ ਜਿਵੇਂ ਲੋਕਾਂ ਨੂੰ ਗਿਆਨ ਆਉਂਦਾ ਗਿਆਤੇ ਆਕਾਸ਼ ਬਾਣੀ ਵੀ ਹੋਰ ਆਉਂਦੀ ਗਈ, ਉਵੇਂ-ਉਵੇਂ ਇਹ ਪ੍ਰਭਾਵ ਘੱਟਦਾ ਗਿਆ।

ਪਿਆਰ ਜਾਂ ਸਹਿਜ ਜਾਂ ਸ਼ਾਂਤੀ ਨਾਲ ਇਨ੍ਹਾਂ ਵਿਚ ਚਲਣ ਵਾਲੀ ਕੋਈ ਗੱਲ ਨਹੀਂ ਸੀ। ਕੁਰਾਨ ਤਾਂ ਰੱਬ ਦੇ


Academy of the Punjab in North America: http://www.apnaorg.com

ਬੋਲ ਹਨ, ਰੱਬ ਨੇ ਮੁਹੰਮਦ ਸਾਹਿਬ ਦਾ ਮੂੰਹ ਹੀ ਵਰਤਿਆ ਹੈ, ਇਹ ਅੰਤਮ ਹੈ। ਇਸ ਅੱਗੇ ਝੁਕਣਾ ਹੈ -ਇਹ ਰੱਬ ਦੀ ਰਜ਼ਾ ਹੈ। ਇਹਦੀ ਰਜ਼ਾ ਵਿਚ ਰਹਿਣਾ ਹੈ, ਨਹੀਂ ਤਾਂ ਤੁਹਾਡਾ ਹਸ਼ਰ ਮਾੜਾ ਹੋਵੇਗਾ, ਸਜ਼ਾਵਾਂ ਮਿਲਣਗੀਆਂ। ਉਨ੍ਹਾਂ ਦੇ ਇਤਿਹਾਸ ਅਨੁਸਾਰ **63** ਸਾਲ ਦੀ ਉਮਰ ਵਿਚ **633** ਈ: ਵਿਚ ਮੁਹੰਮਦ ਸਾਹਿਬ ਵਫ਼ਾਤ ਪਾ ਗਏ। ਅਬੂ ਬਕਰ ਨੇ ਸੋਚਿਆ ਕਿ ਕੁਰਾਨ ਦੀਆਂ ਯਾਦਾਂ, ਨੇ ਤਾਂ ਖ਼ਤਮ ਹੋ ਜਾਣਾ ਹੈ, ਕੁਰਾਨ ਦੇ ਇਹ ਬੋਲ ਤਾਂ ਖਤਮ ਹੋ ਜਾਣਗੇ, ਤਾਂ ਅਬੂ ਬਕਰ ਨੇ ਇਹ ਇਕੱਠੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਉਸਨੇ ਪੱਥਰਾਂ, ਪੱਤਿਆਂ ਤੇ ਹੱਡੀਆਂ ਤੇ ਲਿਖੀਆਂ ਹੋਈਆਂ ਤੇ ਇਨ੍ਹਾਂ ਖਿਲਰੀਆਂ ਚੀਜ਼ਾਂ ਨੂੰ ਇੱਕਤਰ ਕਰਕੇ ਮੁਹੰਮਦ ਸਾਹਿਬ ਦੇ ਬਾਅਦ ਵਿਚ ਲਿਖਿਆ।

ਇਤਿਹਾਸਕਾਰ ਤਾਂ ਇਹ ਲਿਖਦੇ ਹਨ ਕਿ ਗਿਆਰ੍ਹਵੀਂ ਸਦੀ ਦੇ ਵਿਚ ਕੁਰਾਨ ਦੇ **114** ਅਧਿਆਇ ਸੰਗ੍ਰਹਿ ਕੀਤੇ ਗਏ। ਭਾਵੇਂ ਇਸਲਾਮ ਵਿਚ ਅਰਬੀ ਭਾਸ਼ਾ ਨੂੰ ਰੱਬ ਦੀ ਭਾਸ਼ਾ ਜਾਂ ਮੁਹੰਮਦ ਸਾਹਿਬ ਦੀ ਭਾਸ਼ਾ ਕਹਿੰਦੇ ਹਨ ਜਾਂ ਐਡਮਈਵ ਦੀ ਭਾਸ਼ਾ, ਜੋ ਮਰਜ਼ੀ ਗਿਣੀ ਜਾਈਏ ਪਰ ਅਰਬੀ ਭਾਸ਼ਾ ਅਠਾਰਵੀਂ ਸਦੀ ਵਿਚ ਜਾ ਕੇ ਹੋਂਦ ਵਿਚ ਆਈ ਹੈ। ਅਠਾਰਵੀਂ ਸਦੀ ਤੋਂ ਬਾਅਦ ਦੀਆਂ ਕਿਤਾਬਾਂ ਵਿਚ ਹੀ ਇਸ ਭਾਸ਼ਾ ਬਾਰੇ ਸਾਰਥਕ ਰੂਪ ਵਿਚ ਸਬੂਤ ਮਿਲਦਾ ਹੈ। ਇਸ ਤੋਂ ਪਹਿਲਾਂ **7**ਵੀਂ ਤੋਂ **10**ਵੀਂ ਸਦੀ ਦੀਆਂ ਕੇਵਲ ਗੱਲਾਂ ਹੀ ਹਨ। ਜਿੰਨਾਂ ਕਿਸੇ ਦਾ ਦਿਲ ਕਰਦਾ ਹੋਵੇ, ਓਨਾ ਯਕੀਨ ਕਰ ਸਕਦਾ ਹੈ। ਮੇਰੇ ਵਾਂਗ ਜਿਸਦਾ ਦਿਲ ਮੰਨਣ ਨੂੰ ਨਹੀਂ ਕਰਦਾ, ਓਹ ਨਾ ਮੰਨੇ। ਇਸ ਵਿਚ ਦੁਬਿਧਾ ਵਾਲੀ ਕੋਈ ਚੀਜ਼ ਨਹੀਂ ਹੈ। ਇਸ ਵਿਚ ਬਹਿਸ ਕਰਨ ਵਾਲੀ ਵੀ ਕੋਈ ਗੱਲ ਨਹੀਂ ਹੈ।

ਰਾਜਨੀਤਕ ਤੌਰ ਤੇ ਕਈ ਗੱਲਾਂ ਅਜਿਹੀਆਂ ਘੜੀਆਂ ਤੇ ਬਣਾਈਆਂ ਹਨ, ਜਿਨ੍ਹਾਂ ਵੱਲ ਜਾਣਾ ਨਹੀਂ ਚਾਹੀਦਾ ਤੇ ਨਾ ਹੀ ਕੋਈ ਫਾਇਦਾ ਹੈ। ਜਿਵੇਂ ਅੱਜ ਕਲ ਯੇਰੋਸ਼ਲਮ ਨੂੰ ਇਸਲਾਮ ਵਾਲੇ ਬਹੁਤ ਵੱਡਾ ਧਾਰਮਕ ਅਸਥਾਨ ਮੰਨਦੇ ਹਨ ਤੇ ਆਪਸ ਵਿਚ ਲੜੀ ਜਾਂਦੇ ਹਨ। ਯੇਰੋਸ਼ਲਮ ਨੂੰ ਇਜ਼ਰਾਈਲ ਵਾਸਤੇ ਕਹਿੰਦੇ ਹਨ। ਪਰ ਕੁਰਾਨ ਵਿਚ ਯੇਰੋਸ਼ਲਮ ਦਾ ਕੋਈ ਵੀ ਜ਼ਿਕਰ ਨਹੀਂ ਮਿਲਦਾ। ਇਸਲਾਮ ਦਾ ਇਕ ਹੋਰ ਫਰਕ ਈਸਾਈਅਤ ਤੇ ਯਹੂਦੀਅਤ ਨਾਲ ਹੈ, ਖਾਸ ਕਰਕੇ ਈਸਾਈਅਤ ਨਾਲ, ਇਹ ਜੋ ਯੂਨਾਨੀ ਸਾਹਿਤ ਜਾਂ ਇਤਿਹਾਸ-ਮਿਥਿਹਾਸ ਹੈ, ਉਸ ਨਾਲੋਂ ਇਸਲਾਮ ਭਾਰਤੀ ਸਿਧਾਂਤਾਂ ਦੇ ਹਿਸਾਬ ਨਾਲ, ਸਿੰਧ ਹਿੰਦ ਜਿਸਨੂੰ ਕਹਿੰਦੇ ਹਨ, ਭਾਰਤ ਨਾਲ ਜ਼ਿਆਦਾ ਸੰਬੰਧਿਤ ਹੈ। ਏਧਰ ਈਸਾਈਅਤ ਨਾਲ, ਪੱਛਮ ਨਾਲ ਘੱਟਹੈ। ਬ੍ਰਹਮ ਸੂਤਰਾ ਆਦਿ ਗੱਲਾਂ ਇਸਲਾਮ ਨੇ ਹਿੰਦੂ ਮਤ ਜਾਂ ਭਾਰਤੀ ਧਾਰਮਕ ਪਿਛੋਕੜ ਤੇ ਸਿਧਾਤਾਂ ਦੇ ਅਤੀਤ ਵਿਚੋਂ ਲਈਆਂ ਹਨ। ਕਈ ਹੋਰ ਉਦਾਹਰਣਾਂ ਵੀ ਮਿਲਦੀਆਂ ਹਨ। ਭਾਰਤੀ ਮੂਲ ਦੇ ਕਈ ਹੋਰ ਪੁਰਾਤਨ ਗ੍ਰੰਥਾਂ ਵਿਚ ਕਿਸੇ ਨੇ ਨੰਬਰ ਨਹੀਂ ਲਿਖੇ। ਅੱਖਰਾਂ ਵਿਚ ਹੀ ਗਿਣਤੀ ਲਿਖੀ ਸੀ। ਇਹ ਤਾਂ ਗਿਆਰ੍ਹਵੀਂ ਬਾਰਵੀਂ ਸਦੀ ਵਿਚ ਵੀ ਕਿਤੇ ਲਿਖਿਆ ਨਹੀਂ ਮਿਲਦਾ। ਸੋਲ੍ਹਵੀਂ ਸਦੀ ਵਿਚ ਜਾ ਕੇ ਇਹ **1**, **2** ਨੰਬਰ ਸ਼ੁਰੂ ਹੋਏ। ਇਹ ਵੀ ਇਕ ਦਲੀਲ ਨਾਲ ਸੋਚਣ ਵਾਲੀ ਗੱਲ ਹੈ ਕਿ

ਇਹ ਨੰਬਰਿੰਗ **11**ਵੀਂ ਤੇ **12**ਵੀਂ ਸਦੀ ਵਿਚ ਨਹੀਂ ਸੀ। ਇਸ ਤੋਂ ਪਹਿਲੇ ਦੀਆਂ ਜਿਹੜੀਆਂ ਹਿਸਾਬ-ਕਿਤਾਬ ਦੀਆਂ ਗੱਲਾਂ ਦੱਸਦੇ ਹਨ ਜਾਂ ਕਈ ਸਦੀਆਂ ਹੋਰ ਲਾ ਲੈਂਦੇ ਹਨ, ਇਸ ਬਾਰੇ ਗੰਭੀਰਤਾ ਨਾਲ ਸੋਚਣ ਦੀ ਲੋੜ ਨਹੀਂ, ਬਸ਼ਰਤੇ ਕਿ ਸਾਨੂੰ ਕਿਸੇ ਗੱਲ ਨੂੰ ਘੋਖਣ ਦੀ ਬਹੁਤ ਹੀ ਜ਼ਿਆਦਾ ਜ਼ਰੂਰਤ ਹੈ। ਬਿਨਾਂ ਫੈਸਲੇ ਕੀਤੇ ਹੀ ਪਿਛਾਂਹ ਨੂੰ ਤੁਰੇ ਜਾਣਾ ਬਹੁਤੀ ਸਿਆਣੀ ਗੱਲ ਨਹੀਂ ਹੈ।

ਅਸਲ ਦੇ ਵਿਚ ਅਲਜਬਰੇ ਦੀ ਪਹਿਲੀ ਸਹੀ ਕ੍ਰਿਤ ਵੀਹਵੀਂ ਸਦੀ ਦੌਰਾਨ ਟਰਕੀ ਵਿਚੋਂ ਮਿਲਦੀ ਹੈ। ਇਸ ਨੂੰ ਅਸੀਂ ਓਨਾ ਕੁ ਸਮਝੀਏ, ਜਿੰਨੀ ਕੁ ਸਾਨੂੰ ਲੋੜ ਹੈ। ਸਾਡੇ ਹਿਸਾਬ ਨਾਲ ਹਜ਼ਾਰਾਂ ਸਾਲ ਪਿਛੇ ਜਾ ਕੇ, ਪੁਰਾਣੀਆਂ ਕਬਰਾਂ ਪੁਟ ਕੇ ਅਸੀਂ ਕੀ ਮਹਾਨਤਾ ਬਣਾਵਾਂਗੇ। ਉਹ ਕਾਹਦੀ ਮਹਾਨਤਾ ਹੋਵੇਗੀ ਜੇ ਅਸੀਂ ਹੋਰ ਭੁਲੇਖੇ ਵਿਚ ਪਈ ਜਾਵਾਂਗੇ। ਇਹ ਕੋਈ ਵੱਡਾ ਯੋਗਦਾਨ ਨਹੀਂ ਗਿਣਿਆਂ ਜਾਣਾ ਚਾਹੀਦਾ। ਜੇ ਅਸੀਂ ਨੰਬਰਾਂ ਤੇ ਲਿਖਤਾਂ, ਕਦੋਂ


Academy of the Punjab in North America: http://www.apnaorg.com

ਮਿਲੀਆਂ, ਜੇ ਇਨ੍ਹਾਂ ਦੀ ਸਾਰਥਕਤਾ ਵੱਲ ਜਾਈਏ, ਜੇ ਅਸੀਂ ਪਲੈਟੋ ਦੀ ਥਿਊਰੀ ਆਫ ਆਈਡੀਆਜ਼ ਵੱਲ ਆਈਏ ਜਾਂ ਅਰਸਤੂ ਦੇ ਹਿਸਾਬ-ਕਿਤਾਬ ਵੇਖੀਏ ਤਾਂ ਇਨ੍ਹਾਂ ਦੀਆਂ ਤਾਰੀਖਾਂ ਦੇ ਵਿਚ ਵੀ ਗੁਆਚਣ ਦਾ ਬਹੁਤਾ ਏਡਾ ਲਾਭ ਨਹੀਂ ਹੈ। ਅਰਸਤੂ ਅਤੇ ਪਲੈਟੋ ਦੇ ਖ਼ਿਆਲ ਅਤੇ ਉਨ੍ਹਾਂ ਦੀਆਂ ਥਿਊਰੀਆਂ, ਰਾਵਾਂ ਦੀ ਤਰ੍ਹਾਂ ਅਤੇ ਹੋਰ ਜਿਹੜੇ ਬਹੁਤ ਵੱਡੇ ਫਿਲਾਸਫਰ ਹੋਏ ਹਨ, ਵੱਡੇ ਵੱਡੇ ਵਿਦਵਾਨ ਤੇ ਰਿਸ਼ੀ ਮੁਨੀ ਪੈਦਾ ਹੋਏ ਹਨ, ਉਨ੍ਹਾਂ ਦੀਆਂ ਰਾਵਾਂ ਮਗਰ ਲਗ ਜਾਣਾ ਵੀ ਕੋਈ ਠੀਕ ਨਹੀਂ, ਇਹ ਸਾਡੀ ਕੋਈ ਦੇਣ ਨਹੀਂ ਹੋਵੇਗੀ। ਇਸ ਤਰ੍ਹਾਂ ਕਰਕੇ ਅਸੀਂ ਆਉਣ ਵਾਲੀਆਂ ਪੀੜੀਆਂ ਦਾ ਰਸਤਾ ਸਾਫ਼ ਨਹੀਂ ਕਰਰਹੇ, ਸਗੋਂ ਉਲਝਾ ਰਹੇ ਹਾਂ। ਜੇ ਅਸੀਂ ਆਪ ਇਨ੍ਹਾਂ ਝਮੇਲਿਆਂ ਵਿਚ ਇਨ੍ਹਾਂ ਇਤਿਹਾਸਕ ਤਾਰੀਖਾਂ ਵਿਚ ਉਲਝੇ ਰਹੇ ਤਾਂ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਇਹ ਕੋਈ ਦੇਣ ਨਹੀਂ ਹੋਵੇਗੀ। ਇਸ ਵਿਚ ਕੋਈ ਸ਼ੱਕ ਨਹੀਂ ਕਿ ਪਲੈਟੋ ਦੇ ਵੀਚਾਰ ਤੇ ਥਿਊਰੀਆਂ ਬਹੁਤ ਵਧੀਆ ਹਨ। ਉਨ੍ਹਾਂ ਵਿਚੋਂ ਸਾਡੇ ਕੰਮ ਆਉਣ ਵਾਲੀਆਂ ਥਿਊਰੀਆਂ ਤੇ ਸਿਧਾਂਤਾਂ ਦੀ ਜ਼ਰੂਰ ਵਰਤੋਂ ਕਰੋ। ਜੇ ਅਸੀਂ ਅਰਸਤੂ ਵਿਚੋਂ, ਜੋ ਬਹੁਤ ਵੱਡਾ ਫਿਲਾਸਫਰ ਹੈ, ਉਸ ਦੀਆਂ ਥਿਊਰੀਆਂ ਵਿਚੋਂ ਕੋਈ ਸਿਰਜਣਾਤਮਕ ਗੱਲਾਂ ਲੱਭ ਸਕਦੇ ਹਾਂ, ਅਰਸਤੂ ਦੀ ਥਿਊਰੀ ਵਿਚ ਜੇ ਕੋਈ ਅਜਿਹੀ ਗੱਲ ਹੈ, ਜਿਹੜੀ ਕੰਮ ਆਉਣ ਵਾਲੀ ਹੈ, ਤਾਂ ਉਸ ਨੂੰ ਸਾਂਭਣਾ ਚਾਹੀਦਾ ਹੈ। ਪਰ ਉਹ ਕਦੋਂ, ਕਿਵੇਂ ਤੇ ਕਿਸ ਵਕਤ ਹੋਏ, ਇਸ ਤਰ੍ਹਾਂ ਲੜਾਈ ਕਰੀ ਜਾਣ ਦਾ, ਸਾਡੇ ਖ਼ਿਆਲ ਵਿਚ ਕੋਈ ਫਾਇਦਾ ਨਹੀਂ। ਇਸ ਗੱਲ ਦਾ ਕੋਈ ਅਰਥ ਨਹੀਂ ਬਣਦਾ।

ਇਤਿਹਾਸਕਾਰਾਂ ਅਨੁਸਾਰ **11**ਵੀਂ ਸਦੀ ਅਰਥਾਤ **1065** ਜਾਂ **1067** ਈ: ਵਿੱਚ ਬਗਦਾਦ ਵਿਚ ਮਦਰੱਸੇ ਸੀ, ਜਿਥੇ ਪੜ੍ਹਨ ਵਾਲੇ ਪਾੜ੍ਹੂਆਂ ਨੂੰ ਪੜ੍ਹਾਉਂਦੇ ਸੀ, ਉਸਦਾ ਵੀ ਕੋਈ ਰਿਕਾਰਡ ਨਹੀਂ ਮਿਲਦਾ। ਭਾਵ ਕਿ ਇਸ ਇਤਿਹਾਸਕ ਰੰਗ ਤੋਂ ਆਪਾਂ ਆਪਣੇ ਆਪ ਨੂੰ ਬਚਾ ਕੇ ਰੱਖੀਏ । ਇਸ ਗੱਲ ਨੂੰ ਸੌਖੀ ਕਰਨ ਲਈ ਅਸੀਂ ਕਹਿ ਸਕਦੇ ਹਾਂ ਕਿ ਜਦੋਂ ਪੇਪਰ ਦੀ ਕਾਢ ਹੋਈ, ਉਸ ਉਪਰ ਇਹ ਲਿਖਤਾਂ ਸ਼ੁਰੂ ਹੋਈਆਂ, ਭਾਵੇਂ ਪੇਪਰ ਸਣ ਜਾਂ ਕਿਸੇ ਹੋਰ ਚੀਜ਼ ਤੋਂ ਬਣਿਆ। ਜਦੋਂ ਚਾਈਨਾ ਵਿਚ ਇਸ ਪੇਪਰ ਦੀ ਕਾਢ ਹੋਈ, ਉਸ ਸਮੇਂ ਤੋਂ ਬਾਅਦ ਦੀਆਂ ਲਿਖਤਾਂ ਪਹਿਲੀਆਂ ਇਤਿਹਾਸਕ ਲਿਖਤਾਂ ਹਨ। ਇਸ ਤੋਂ ਪਹਿਲੋਂ ਕੁਝ ਯਾਦ ਸੀ, ਕੁਝ ਗੁਆਚ ਗਿਆ, ਕੋਈ ਇਤਿਹਾਸਕਾਰ ਇਸ ਤਰ੍ਹਾਂ ਲਿਖਦਾ ਹੈ, ਕੋਈ ਹੋਰ ਤਰਾਂ ਲਿਖਦਾ ਹੈ ਤੇ ਇਹ ਲੜਾਈ ਕਰੀ ਜਾਣੀ ਕਿ ਇਹ ਪਹਿਲੋਂ ਬਣੀਆਂ ਤੇ ਉਹ ਮਗਰੋਂ ਬਣੀਆਂ, ਠੀਕ ਨਹੀਂ। ਉਨ੍ਹਾਂ ਦਾ ਸੌਖਾ ਤਰੀਕਾ ਤਾਂ ਇਹ ਹੈ ਕਿ ਜਦੋਂ ਪੇਪਰ ਦੀ ਕਾਢ ਹੋਈ, ਉਦੋਂ ਬਾਈਬਲਾਂ, ਜਾਂ ਹੋਰ ਗੱਲਾਂ ਲਿਖੀਆਂ ਗਈਆਂ, ਉਨ੍ਹਾਂ ਨੂੰ ਸਾਂਭਣ ਦੀ ਲੋੜ ਹੈ।

ਇਕ ਹੋਰ ਬੜੀ ਮਜ਼ੇਦਾਰ ਗੱਲ ਹੈ ਕਿ ਨਾ ਕੁਰਾਨ ਵਿਚ ਅਤੇ ਨਾ ਹੀ ਬਾਈਬਲ ਵਿਚ, ਕਿਤੇ ਵੀ ਇਹ ਲਿਖਿਆ ਨਹੀਂ ਮਿਲਦਾ ਕਿ ਰੱਬ ਨੇ ਬੋਲੀ ਵੀ ਬਣਾਈ। ਜੇ ਭਾਸ਼ਾ ਬੰਦੇ ਨੇ ਬਣਾਈ ਹੈ ਤਾਂ ਫਿਰ ਰੱਬ ਉਹ ਭਾਸ਼ਾ ਕਿਵੇਂ ਬੋਲਦਾ ਸੀ? ਰੱਬ ਨੇ ਮੁਹੰਮਦ ਸਾਹਿਬ ਦੇ ਮੂੰਹੋ ਅਖਵਾਈ। ਜੇ ਇਹ ਰੱਬ ਨੇ ਬਣਾਈ ਹੈ, ਇਹ ਰੱਬੀ ਗੱਲਾਂ ਤਾਂ ਹਨ, ਪਰ ਜੇ ਬੰਦੇ ਨੇ ਰੱਬੀ ਗੱਲਾਂ ਬਣਾਈਆਂ, ਤਾਂ ਉਨ੍ਹਾਂ ਨੂੰ ਬੰਦੇ ਦੇ ਇਤਿਹਾਸ ਤੱਕ ਹੀ ਸੀਮਿਤ ਰਹਿਣ ਦਿਓ, ਉਹ ਪੁਰਾਤਨ, ਰੱਬ ਜਾਂ ਸ਼ਕਤੀ, ਵਿਅਕਤੀ ਹੋ ਹੀ ਨਹੀਂ ਸਕਦਾ। ਜੇ ਸ਼ਕਤੀ ਲੱਭ ਨਹੀਂ ਸਕਦੇ, ਤਾਂ ਵੀ ਉਧਰ ਨੂੰ ਭੱਜੇ ਫਿਰਨਾ, ਇਹ ਗੱਲ ਬਣਦੀ ਨਹੀਂ। **11**ਵੀਂ ਤੇ **12**ਵੀਂ ਸਦੀ ਦੇ ਵਿਚ ਅਰਬਾਂ ਵਿਚ ਮਦਰੱਸਿਆਂ ਦਾ ਵੇਰਵਾ ਮਿਲਦਾ ਹੈ। **13**ਵੀਂ ਸਦੀ ਦੌਰਾਨ ਬਗਦਾਦ ਵਿਚ ਚਾਰ ਮਦਰੱਸੇ ਸੀ। ਇਸ ਤਰ੍ਹਾਂ **11**ਵੀਂ, **12**ਵੀਂ ਤੇ ਉਸ ਤੋਂ ਬਾਅਦ ਦੀਆਂ ਸਦੀਆਂ ਦੇ ਜਿਹੜੇ ਵੇਰਵੇ ਮਿਲਦੇ ਹਨ, ਉਨ੍ਹਾਂ ਦਾ ਤਾਂ ਯਕੀਨ ਕਰਨ ਨੂੰ ਦਿਲ ਕਰਦਾ ਹੈ। ਉਨ੍ਹਾਂ ਦਿਨਾਂ ਵਿਚ ਵੀ ਲਿਖਤੀ ਰੂਪ ਵਿਚ ਨਹੀਂ ਪੜਾਇਆ ਜਾਂਦਾ ਸੀ। ਉਨ੍ਹਾਂ ਦਿਨਾਂ ਵਿੱਚ ਇਨਸਾਨੀਅਤ ਨਾਲ ਜੋੜਨ ਵਾਲੀਆਂ ਚੰਗੀਆਂ ਗੱਲਾਂ ਜ਼ਬਾਨੀ ਕਲਾਮੀ ਯਾਦ ਕਰਕੇ ਪੜ੍ਹਾਈਆਂ ਜਾਂਦੀਆਂ ਸਨ।

ਮੈਂ ਆਪਣੇ ਪਾਠਕਾਂ ਨੂੰ ਇਹ ਦਲੀਲ ਨਾਲ ਕਹਿਣਾ ਚਾਹੁੰਦਾ ਹਾਂ, ਯਕੀਨ ਕਰਨਾ ਅਰਬ ਦੇਸ਼ਾਂ ਵਿਚ **11**ਵੀਂ


Academy of the Punjab in North America: http://www.apnaorg.com

ਤੇ 12ਵੀਂ ਸਦੀ ਦੀਆਂ ਕੁਝ ਚੰਗੀਆਂ ਗੱਲਾਂ ਲੱਭਦੀਆਂ ਹਨ ਪਰ ਯੂਰਪ ਵਿਚ ਤਾਂ 13ਵੀਂ ਸਦੀ ਤੋਂ ਪਹਿਲਾਂ ਦਾ ਕਿਸੇ ਚੀਜ਼ ਬਾਰੇ ਇਤਿਹਾਸਕ ਸਬੂਤ ਨਹੀਂ ਮਿਲਦਾ। ਇਹ ਪੱਕੀ ਗੱਲ ਹੈ। ਜੇ ਕਿਸੇ ਨੇ ਕੋਈ ਲਿਖਿਆ ਹੋਇਆ ਹੈ ਕਿ ਇਹ 13ਵੀਂ ਸਦੀ ਤੋਂ ਪਹਿਲਾਂ ਦਾ ਹੈ ਤਾਂ ਇਹ ਕੇਵਲ ਮੰਨਿਆਂ ਹੀ ਹੋਇਆ ਹੈ। ਉਹ ਮੁੱਦਾ ਮਨਘੜਤ ਬਣਾਇਆ ਹੋਵੇਗਾ। ਅੱਜ ਤੱਕ ਕਿਸੇ ਵੀ ਇਤਿਹਾਸਕਾਰ ਨੇ 13ਵੀਂ ਸਦੀ ਤੋਂ ਪਹਿਲਾਂ ਯੂਰਪ ਦਾ ਕਿਧਰੇ ਵੀ ਜ਼ਿਕਰ ਨਹੀਂ ਕੀਤਾ। ਯੂਰਪ ਦਾ ਯੂਨਾਨ ਦੇ ਨਾਲ ਜਿਹੜਾ ਪਹਿਲਾ ਟਾਕਰਾ ਹੈ, ਉਹ ਸਿਧਾ ਕੋਈ ਨਹੀਂ ਹੋਇਆ। ਅਰਸਤੂ ਤੇ ਪਲੈਟੋ ਵਰਗੇ ਵਿਦਵਾਨਾਂ ਨਾਲ ਜਿਹੜਾ ਟਾਕਰਾ ਹੋਇਆ, ਇਹ ਅਰਬ ਦੇਸ਼ਾਂ ਦੇ ਰਾਹੀਂ ਹੋਇਆ। ਉਹ ਅਰਬ ਮੁਲਕਾਂ ਵਿਚ ਦੀ ਹੋ ਕੇ ਯੂਨਾਨ ਪਹੁੰਚਦੇ ਹਨ। ਕਿੱਡੀ ਕਮਾਲ ਦੀ ਗੱਲ ਹੈ ਕਿ ਅੱਜ ਤਕ ਕਿਸੇ ਨੇ ਵਿਸਥਾਰ ਵਿਚ ਦੱਸਣ ਦਾ ਇਹ ਯਤਨ ਹੀ ਨਹੀਂ ਕੀਤਾ। ਭਾਵੇਂ ਸਾਰੇ ਇਤਿਹਾਸਕਾਰਾਂ ਨੇ ਬੜੇ ਬੌਧਿਕ ਪੱਧਰ 'ਤੇ ਇਕਹਿਰੇ ਜਿਹੇ ਜ਼ਿਕਰ ਕੀਤੇ ਹਨ, ਪਰ ਕਿਸੇ ਨੇ ਮੈਦਾਨ ਵਿਚ ਆ ਕੇ ਪਰਤੱਖ ਖੜੋ ਕੇ ਸਪਸ਼ਟ ਗੱਲ ਨਹੀਂ ਕੀਤੀ। ਸਾਰੀ ਦੀ ਸਾਰੀ ਯੂਨਾਨੀ ਫਿਲਾਸਫ਼ੀ, ਜੋ ਵੀ ਸਭਿਅਤਾ ਸੀ, ਉਸ ਬਾਰੇ ਯੂਰਪ ਨੂੰ ਅਰਬ ਦੇਸ਼ਾਂ ਦੀਆਂ ਕਿਤਾਬਾਂ ਪੜ੍ਹ ਕੇ ਜਾਣਕਾਰੀ ਮਿਲੀ। ਉਹ ਤਾਂ ਕਹਿੰਦੇ ਹਨ ਕਿ ਯੂਨਾਨੀ ਤੋਂ ਅਰਬੀ ਵਿਚ ਅਨੁਵਾਦ ਕੀਤੇ ਗਏ। ਪਰ ਸਾਡੀ ਸੀਮਤ ਬੁੱਧੀ ਅਨੁਸਾਰ ਤੇ ਜਿਥੋਂ ਤਕ ਸਾਡੀ ਨਜ਼ਰ ਜਾਂਦੀ ਹੈ, ਯੂਨਾਨੀ ਫਿਲਾਸਫ਼ੀ ਦਾ ਜਿਹੜਾ ਅਨੁਵਾਦ ਅਰਬੀ ਭਾਸ਼ਾ ਵਿਚ ਮਿਲਦਾ ਹੈ, ਉਸ ਇਤਿਹਾਸ ਵਿਚੋਂ ਕਈ ਅਨੁਵਾਦ 12ਵੀਂ, 13ਵੀਂ, 14ਵੀਂ, 15ਵੀਂ ਤੇ 16ਵੀਂ ਸਦੀ ਵਿਚ ਕੀਤੇ ਗਏ। ਪਰ ਉਹ ਅਨੁਵਾਦ ਕਿਥੋਂ ਹੋਏ? ਉਨ੍ਹਾਂ ਦਾ ਮੂਲ ਕੀ ਸੀ? ਇਸ ਦਾ ਕੋਈ ਸਾਰਥਕ ਸਬੂਤ ਜਾਂ ਖਰੜਾ ਨਹੀਂ ਮਿਲਦਾ। ਵੈਸੇ ਹੀ ਗ੍ਰੀਕ ਵਿਚੋਂ ਹੋਏ ਕਹੀ ਜਾਂਦੇ ਹਨ। ਗ੍ਰੀਕ ਦੀ ਕਿਹੜੀ ਕਿਤਾਬ ਵਿਚੋਂ ਕੀਤੇ ਜਾਂ ਕਿਹੜੀ ਫਿਲਾਸਫੀ ਸੀ? ਪਲੈਟੋ ਜਾਂ ਅਰਸਤੂ ਦੀ ਉਹ ਕਿਹੜੀ ਫਿਲਾਸਫੀ ਸੀ, ਜਿਹੜੀ 2000 ਸਾਲ ਪਹਿਲਾਂ ਜਾਂ ਜਿੰਨਾਂ ਚਿਰ ਪਹਿਲਾਂ ਕਿਤਾਬਾਂ ਛਪੀਆਂ ਸੀ, ਉਨ੍ਹਾਂ ਦਾ ਕੋਈ ਇਕ ਅੱਧ ਪੰਨਾਂ ਜਾਂ ਵਰਕਾ ਸਾਹਮਣੇ ਲਿਆਓ ਤਾਂ ਸਹੀ, ਕਿਧਰੇ ਵੀ ਨਹੀਂ ਹੈ। ਜੇ ਉਸ ਨੂੰ ਹਜ਼ਾਰਾਂ ਸਾਲ ਹੋਰ ਪਿਛੇ ਲਿਜਾ ਕੇ ਉਸ ਉਤੇ ਹੋਰ ਕਿਤਾਬਾਂ ਲਿਖੀ ਜਾਣੀਆਂ ਜਾਂ ਪੀ ਐਚ.ਡੀ. ਦੀਆਂ ਡਿਗਰੀਆਂ ਕਰੀ ਜਾਣੀਆਂ, ਲੜੀ ਜਾਣਾ ਤਾਂ ਇਹ ਤੁਹਾਡੀ ਇੱਛਾ ਹੈ।

ਕੋਈ ਸਾਡੀ ਗੱਲ ਨਾਲ ਸਹਿਮਤ ਹੋਵੇ ਜਾਂ ਨਾ ਹੋਵੇ। ਅਸੀਂ ਤਾਂ ਪੁਰਜ਼ੋਰ ਇਹ ਦਲੀਲ ਦਿੰਦੇ ਹਾਂ ਕਿ ਜੋ ਇਹ ਹਕੀਮ ਤੇ ਹਿਕਮਤ ਲਫਜ਼ ਹੈ, ਇਹ ਭਾਰਤੀ ਪਿਛੋਕੜ ਵਿਚੋਂ ਆਇਆ। ਉਸ ਤੋਂ ਬਾਅਦ ਇਹ ਅਰਬ ਦੇਸ਼ਾਂ ਵਿਚ ਗਿਆ। ਦਵਾਦਾਰੂ ਨਾਲ ਜਾਂ ਜਿਹੜੇ ਮਰਜ਼ੀ ਜੜੀ-ਬੂਟੀ ਨਾਲ ਇਸ ਨੂੰ ਜੋੜੀ ਜਾਵੋ, ਐਲੋਪੈਥੀ ਜਾਂ ਆਯੁਰਵੈਦਿਕ, ਕੁਝ ਵੀ ਹੈ, ਪਰ ਸਭ ਤੋਂ ਪਹਿਲੇ ਡਾਕਟਰ ਨੂੰ ਹਕੀਮ ਕਹਿੰਦੇ ਸੀ। ਪੱਛਮੀ ਦੇਸ਼ਾਂ ਵਿਚ ਇਹ ਹਕੀਮ ਲਫਜ਼ ਅਰਬ ਦੇਸਾਂ ਵਿਚੋਂ ਆਇਆ। ਅਰਬ ਦੇਸ਼ਾਂ ਵਿਚ ਇਹ ਲਫਜ਼ ਭਾਰਤੀ ਪਿਛੋਕੜ ਵਿਚੋਂ ਆਇਆ।

ਮੁੱਕਦੀ ਗੱਲ ਕਿ ਯੂਰਪ ਨੇ, ਖਾਸ ਕਰ ਗਰੀਕ ਨੇ ਇਸਲਾਮ ਨੂੰ ਕੁੱਝ ਨਹੀਂ ਦਿੱਤਾ। ਹਾਂ ਖ੍ਹੋਇਆ ਜ਼ਰੂਰ। ਮੈਸਾਡੋਨਿਕ ਲੋਕ, ਅਰਬੀ ਲੋਕ, ਅਰਬੀ ਫਲਸਫ਼ੇ, ਅਰਬੀ ਸਿਧਾਂਤ, ਅਰਬੀ ਅਧਿਆਤਮਵਾਦ ਹਰ ਤਰ੍ਹਾਂ ਗਰੀਕ ਸਭਿਅਤਾ ਨਾਲੋਂ ਪੁਰਾਣਾ ਹੈ। ਸੰਸਕ੍ਰਿਤ ਤਾਂ ਹੈ ਸੀ ਪਰ ਅਰਬੀ ਭਾਸ਼ਾ ਨਾਲੋਂ ਯੌਰਪ ਦੀ ਹਰ ਭਾਸ਼ਾ ਅਤੇ ਸਾਰੇ ਦਾ ਸਾਰਾ ਸੱਭਿਆਚਾਰ ਬਹੁਤ ਬਾਅਦ ਹੋਂਦ ਵਿਚ ਆਇਆ।



Academy of the Punjab in North America: http://www.apnaorg.com

# ਆਪਣਾ ਅਤੀਤ

ਆਪਣੇ ਅਤੀਤ ਬਾਰੇ ਗੱਲਬਾਤ ਕਰਨ ਲਈ ਬਹੁਤ ਸਾਰੇ ਸਿਆਣਿਆਂ ਦੀਆਂ ਬਹੁਤ ਡੂੰਘੀਆਂ ਤੇ ਤਰਕਸ਼ੀਲ ਰਾਵਾਂ ਹਨ, ਉਹਨਾਂ ਨੂੰ ਪੜ੍ਹਣ-ਸੁਣਨ ਦੀ ਬਹੁਤ ਜ਼ਰੂਰਤ ਹੈ। ਇਸ ਲਈ ਮੈਂ ਬਹੁਤ ਸਾਰੇ ਵਿਦਵਾਨਾਂ, ਵਿਚਾਰਵਾਨਾਂ, ਬੁੱਧੀਜੀਵੀਆਂ ਦੀਆਂ ਸਾਰੀ-ਸਾਰੀ ਉਮਰ ਲਾ ਕੇ ਲਿਖੀਆਂ ਹੋਈਆਂ ਕਿਤਾਬਾਂ ਨੂੰ ਪੜ੍ਹਣ ਦਾ ਯਤਨ ਕੀਤਾ ਤੇ ਉਹਨਾਂ ਦੇ ਵਿਚੋਂ ਉਹਨਾਂ ਦੁਆਰਾ ਬਹੁਤ ਸੱਚੀਆਂ ਸੁੱਚੀਆਂ ਦਲੀਲਾਂ ਸਹਿਤ ਦਿੱਤੇ ਹੋਏ ਵੀਚਾਰਾਂ ਦੀ ਚਰਚਾ ਪੜ੍ਹਣ ਦੀ ਕੋਸ਼ਿਸ਼ ਕੀਤੀ ਹੈ। ਜਦੋਂ ਮੈਂ ਪੜ੍ਹ ਰਿਹਾ ਸੀ ਤਾਂ ਮੈਨੂੰ ਇਹ ਗੱਲ ਬਹੁਤ ਰੜਕੀ ਕਿ ਸਾਰੇ ਸੱਚ ਕਹਿਣ ਦਾ ਯਤਨ ਕਰਦੇ ਹਨ। ਉਹ ਕਹਿੰਦੇ ਹਨ ਕਿ ਜੋ ਮੈਂ ਲਿਖਿਆ ਹੈ, ਉਹ ਸੱਚ ਹੈ। ਪਰ ਮੈਨੂੰ ਤਾਂ ਇਵੇਂ ਲਗਦਾ ਹੈ ਕਿ ਪੂਰਨ ਸੱਚ ਨੂੰ ਬਿਆਨ ਕਰਨਾ ਬੜਾ ਮੁਸ਼ਕਲ ਹੈ। ਇਸ ਲਈ ਮੈਂ ਮਹਾਨ ਲਿਖਾਰੀਆਂ ਦੀਆਂ ਉੱਤਮ ਰਚਨਾਵਾਂ ਪੜ੍ਹੀਆਂ ਤਾਂ ਉਹਨਾਂ ਵਿਚੋਂ ਕੋਈ ਵੀ ਐਸਾ ਸੱਚ ਮੈਨੂੰ ਨਹੀਂ ਰੜਕਿਆ ਜਿਹੜਾ ਸੰਪੂਰਨ ਸੱਚ ਹੈ, ਇਹਨਾਂ ਵਿਚੋਂ ਕੋਈ ਸੰਪੂਰਨ ਸੱਚ ਨਹੀਂ ਹੈ। ਸਗੋਂ ਮੈਂ ਤਾਂ ਇਹ ਕਹਾਂਗਾ ਕਿ ਜਿਸ-ਜਿਸ ਨੇ ਆਪਣੇ ਇਸ ਸੱਚ ਕਹਿਣ ਦੇ ਤਰੀਕੇ ਨੂੰ ਸੰਪੂਰਨ ਸੱਚ ਕਹਿਣ ਦਾ ਯਤਨ ਕੀਤਾ ਹੈ, ਉਹ ਇਵੇਂ ਲਗਦਾ ਹੈ ਕਿ ਜਿਵੇਂ ਉਹ ਕਿਸੇ ਗੁਨਾਹ ਨੂੰ ਜਾਂ ਕਸੂਰ ਨੂੰ ਹੀ ਹਵਾ ਦੇ ਰਿਹਾ ਹੈ। ਜਿਵੇਂ ਮੈਂ ਸਾਰਿਆਂ ਦੇ ਚੰਗੇ ਵੀਚਾਰ ਪੜ੍ਹ ਕੇ, ਜੋ ਕੁਝ ਇਕੱਠਾ ਕਰਕੇ ਲਿਖਣ ਦਾ ਯਤਨ ਕੀਤਾ ਹੈ, ਜੇ ਮੈਂ ਉਸ ਨੂੰ ਕਹਾਂ ਕਿ ਇਹ ਸੰਪੂਰਨ ਸੱਚ ਹੋ ਗਿਆ ਤਾਂ ਇਸਦੇ ਵਿਚ ਅਤਿ ਕਥਨੀ ਹੋਵੇਗੀ। ਲਓ ਆਪਾਂ ਵਿਚਾਰ ਕਰਦੇ ਹਾਂ। ਬਹੁਤ ਸਾਰੇ ਵੀਚਾਰਵਾਨਾਂ, ਬੁੱਧੀਜੀਵੀਆਂ ਦੀਆਂ ਜੋ ਮਹਾਨ ਡੂੰਘੀਆਂ ਤੇ ਗੁਣਵਾਨ ਗੱਲਾਂ ਹਨ, ਉਹਨਾਂ ਨੂੰ ਪੜ੍ਹ ਕੇ ਉਹਨਾਂ ਵਿਚੋਂ ਮੈਨੂੰ ਕੀ ਮਿਲਿਆ? ਉਹ ਅਸੀਂ ਵਾਰ-ਵਾਰ ਇਕ-ਇਕ ਨੁਕਤਾ ਕਰਕੇ ਤੁਹਾਡੇ ਨਾਲ ਸਾਂਝਾ ਕਰਾਂਗੇ।

ਗਿਆਨ ਕਦੋਂ ਸ਼ੁਰੂ ਹੋਇਆ? ਕਿਵੇਂ ਹੋਇਆ? ਗਿਆਨ ਦੀ ਕੀ ਲੋੜ ਪਈ? ਗਿਆਨਵਾਨ ਗਿਆਨੀ ਕੌਣ ਸਨ? ਇਹਨਾਂ ਨੁਕਤਿਆਂ ਤੇ ਆਪਾਂ ਵੀਚਾਰ ਕਰਾਂਗੇ। ਇਨਸਾਨ ਨੂੰ ਇਨਸਾਨੀਅਤ ਦੇ ਲਾਗੇ ਰੱਖਣ ਲਈ, ਇਨਸਾਨੀਅਤ ਸਿਖਾਉਣ ਲਈ ਮਹਾਂਪੁਰਖਾਂ ਤੇ ਪੁਰਾਤਨ ਹਸਤੀਆਂ ਨੇ ਜੋ ਦਲੀਲਾਂ ਦਿੱਤੀਆਂ ਜਾਂ ਕਾਇਦੇ ਕਾਨੂੰਨ ਬਣਾਉਣ ਦਾ ਯਤਨ ਕੀਤਾ, ਉਹਨਾਂ ਕਾਇਦੇ ਕਾਨੂੰਨਾਂ, ਦਲੀਲਾਂ, ਮਿੱਥਾਂ ਨੂੰ ਲੋਕਾਂ ਨੇ ਧਰਮ ਦੇ ਤੌਰ 'ਤੇ ਜਾਣਿਆਂ, ਉਹਨਾਂ ਨੂੰ ਅਪਣਾਇਆ, ਉਹ ਧਾਰਮਿਕ ਡਰ ਕਹੇਜਾ ਸਕਦੇ ਹਨ। ਉਸ ਧਾਰਮਿਕ ਡਰ ਵਿਚ ਰਹਿਣ ਲਈ ਹਰ ਬੰਦੇ ਦਾ ਦਿਲ ਕਰਦਾ ਤੇ ਉਹ ਜੋ ਧਾਰਮਿਕ ਡਰ ਸੀ, ਜੋ ਧਾਰਮਿਕ ਵੀਚਾਰ ਸੀ, ਕਾਇਦੇ ਕਾਨੂੰਨ ਸੀ, ਉਹਨਾਂ ਨੂੰ ਅਸੀਂ ਦੁਨੀਆਂ ਜਾਂ ਇਨਸਾਨੀਅਤ ਦੀਆਂ ਸਭ ਤੋਂ ਪਹਿਲੀਆਂ ਰਚਨਾਵਾਂ ਵੀ ਕਹਿ ਸਕਦੇ ਹਾਂ, ਖਿਆਲ, ਵੀਚਾਰ ਜਾਂ ਦਲੀਲਾਂ ਵੀ ਕਹਿ ਸਕਦੇ ਹਾਂ। ਇਨਸਾਨ ਦੀ ਇਨਸਾਨੀਅਤ ਵਾਸਤੇ ਜੋ ਸਭ ਤੋਂ ਪਹਿਲੀ ਖੋਜ ਹੈ, ਉਹ ਹੈ ਧਾਰਮਿਕ ਕਾਇਦੇ ਕਾਨੂੰਨ ਤੇ ਉਹ ਜੋ ਧਾਰਮਿਕ ਕਾਇਦੇ ਕਾਨੂੰਨ ਸਨ, ਉਹਨਾਂ ਫਿਰ, ਜਿਵੇਂ ਇਨਸਾਨ ਹੌਲੀ ਹੌਲੀ ਸਿਆਣਾ ਹੁੰਦਾ ਗਿਆ, ਉਹ ਇਕ ਦੂਜੇ ਨਾਲੋਂ ਲੋਕਾਂ ਨੂੰ ਜ਼ਰਾ ਹੋਰ ਸਿਆਣਾ ਲੱਗਣ ਲੱਗ ਪਿਆ ਤਾਂ ਉਸ ਸਮੇਂ ਲੋਕਾਂ ਨੇ ਆਪੋ ਆਪਣੇ ਤਰੀਕੇ ਨਾਲ ਬਹੁਤ ਸਾਰੇ ਕਾਇਦੇ ਕਾਨੂੰਨ ਬਣਾ ਲਏ। ਵੱਖਰੇ ਵੱਖਰੇ ਕਾਇਦੇ ਕਾਨੂੰਨਾਂ ਨੂੰ, ਜੋ ਇਨਸਾਨ ਨੂੰ ਵੱਖਰੇ-ਵੱਖਰੇ ਸਬਕ ਦੇਣ ਵਾਲੇ ਸਨ, ਲੋਕਾਂ ਨੇ ਵੱਖ-ਵੱਖ ਧਰਮਾਂ ਦਾ ਨਾਮ ਦੇ ਲਿਆ। ਪਰ ਇਨਸਾਨੀਅਤ ਸਿਖਾਉਂਦੇ-ਸਿਖਾਉਂਦੇ ਗੱਲ ਇਥੋਂ ਤੱਕ ਪਹੁੰਚ ਗਈ ਕਿ ਉਹ ਇਕ ਦੂਜੇ ਦੀ ਆਲੋਚਨਾ ਕਰਨ ਲਗ ਪਏ, ਇਕ ਦੂਜੇ ਦੀਆਂ ਲੱਤਾਂ ਖਿਚਣ ਲਗ ਪਏ- ਮੈਂ ਚੰਗਾ, ਤੂੰ ਨਹੀਂ ਚੰਗਾ, ਮੈਂ ਇਹ ਗੱਲ ਸੱਚ ਕਹਿੰਦਾ ਹਾਂ, ਆਪਸ ਵਿਚ ਲੜਾਈਆਂ ਹੋਣ ਲਗ ਪਈਆਂ। ਇਕ ਧਰਮ ਦੂਸਰੇ ਤੇ ਹਾਵੀ ਹੋਣਾ ਸ਼ੁਰੂ ਹੋਇਆ। ਮੇਰੇ ਅਸੂਲ ਤੇ ਰਿਆਂ ਨਾਲੋਂ ਜ਼ਿਆਦਾ ਚੰਗੇ। ਫਿਰ ਜਦੋਂ ਲੋਕਾਂ ਨੇ ਆਪਣਾ ਪ੍ਰਭਾਵ ਛੱਡਣਾ ਸ਼ੁਰੂ ਕੀਤਾ ਤਾਂ ਬਹੁਤ ਝਗੜੇ ਸ਼ੁਰੂ ਹੋ


Academy of the Punjab in North America: http://www.apnaorg.com

ਗਏ, ਕੌਮਾਂ ਦੀਆਂ ਕੌਮਾਂ ਵੱਖ-ਵੱਖ ਧਰਮਾਂ ਵਿਚ ਵੰਡੀਆਂ ਗਈਆਂ। ਇਥੋਂ ਤੱਕ ਨੌਬਤ ਆ ਗਈ ਕਿ ਇਕ ਦੂਜੇ ਨੂੰ ਕਹਿਣ ਲੱਗ ਪਏ ਕਿ ਤੂੰ ਮੇਰਾ ਧਰਮ ਅਪਣਾਅ, ਨਹੀਂ ਤਾਂ ਮੈਂ ਤੈਨੂੰ ਮਾਰ ਦਿਆਂਗਾ। ਜਦੋਂ ਇਸ ਤਰ੍ਹਾਂ ਦੀਆਂ ਗੱਲਾਂ ਹੋਣ ਲਗ ਪਈਆਂ ਤਾਂ ਫਿਰ ਸਾਨੂੰ **16**ਵੀਂ ਤੇ **17**ਵੀਂ ਸਦੀ ਵਿਚ ਸਪਸ਼ਟਤਾ ਦੇ ਨਾਲ ਨਾਲ ਥੋੜ੍ਹਾ-ਥੋੜ੍ਹਾ ਗਿਆਨ ਹੋਣਾ ਸ਼ੁਰੂ ਹੋ ਗਿਆ। ਅਠਾਰਵੀਂ ਸਦੀ ਵਿਚ ਸਹੀ ਗਿਆਨ ਨੂੰ ਲੋੜ ਪਈ ਕਿ ਗਲਤ ਕੀ ਹੈ ਤੇ ਸਹੀ ਕੀ ਹੈ? ਇਸ ਲੋੜ ਤੋਂ ਨਿਊਟਨ ਵਰਗੇ ਸਾਇੰਸਦਾਨ ਪੈਦਾ ਹੋਏ। ਸਾਇੰਸ ਵਿਸ਼ਲੇਸ਼ਣ ਹੈ, ਉਹ ਤੱਥ ਹੈ, ਉਹ ਦਸ ਸਕਦੀ ਹੈ ਕਿ ਆਹ ਏਨਾ ਸੱਚ ਹੈ, ਆਹ ਏਨਾ ਝੂਠ ਹੈ। ਜਦੋਂ ਵਿਗਿਆਨਕ ਤਰੀਕੇ ਦੇ ਨਾਲ ਗੱਲਾਂ ਹੋਣੀਆਂ ਸ਼ੁਰੂ ਹੋਈਆਂ, ਫੇਰ ਉਦੋਂ ਧਰਮ ਤੇ ਵਿਗਿਆਨ ਦੋ ਤਰੀਕੇ ਹੋ ਗਏ। ਬੰਦੇ ਨੂੰ ਸਮਝਣ ਵਾਸਤੇ ਧਰਮ ਤੇ ਵਿਗਿਆਨ ਦੀ ਖੋਜ, ਸਹੀ ਜੀਵਨ ਜੀਣ ਦੀ, ਜੀਵਨ ਤੇ ਆਪਣੇ ਜਿਸਮ ਨੂੰ, ਇਨਸਾਨ ਦੇ ਇਤਿਹਾਸ ਨੂੰ, ਆਪਣੇ ਜੀਵਨ ਦੇ ਇਤਿਹਾਸ ਨੂੰ ਪੜਚੋਲਣ ਲਈ ਵਿਗਿਆਨਕ ਵਿਧੀ ਸ਼ੁਰੂ ਹੋ ਗਈ। ਇਹ ਦੌਰ **16**ਵੀਂ ਤੇ **17**ਵੀਂ ਸਦੀ ਵਿਚ ਸ਼ੁਰੂ ਹੋਇਆ ਅਤੇ ਅਠਾਰਵੀਂ ਸਦੀ ਵਿਚ ਇਹ ਦੌਰ ਨਿਊਟਨ ਦੇ ਨਾਲ ਸਿਖਰ ’ਤੇ ਪਹੁੰਚ ਗਿਆ।

**1993** ਦੇ ਵਿਚ ਜਿਹੜੇ **100** ਅਤਿ ਪ੍ਰਭਾਵਸ਼ਾਲੀ ਲੋਕਾਂ ਦੀ ਲਿਸਟ ਬਣਾਈ ਗਈ, ਜਿਹੜੀਆਂ ਕਿ ਦੁਨੀਆਂ ਦੀਆਂ ਬਹੁਤ ਪ੍ਰਭਾਵਸ਼ਾਲੀ ਸ਼ਖਸ਼ੀਅਤਾਂ ਸਨ, ਤਾਂ ਇਹਨਾਂ ਵਿਚ ਨਿਊਟਨ ਦਾ ਨਾਮ ਦੂਸਰੇ ਨੰਬਰ ਤੇ ਆਉਂਦਾ ਹੈ। ਪਹਿਲੇ ਤੇ ਮੁਹੰਮਦ, ਦੂਸਰੇ ਤੇ ਨਿਊਟਨ ਤੇ ਤੀਸਰੇ ਤੇ ਯੀਸਸ ਕਰਾਈਸਟ ਦਾ ਨਾਮ ਆਉਂਦਾ ਹੈ। ਇਥੇ ਮੇਰਾ ਭਾਵ ਉਹਨਾਂ ਦਾ ਮੁਕਾਬਲਾ ਕਰਕੇ ਇਕ ਦੋ ਤਿੰਨ ਨੰਬਰ ਲਾਉਣ ਦਾ ਨਹੀਂ ਹੈ, ਮੇਰਾ ਇਥੇ ਭਾਵ ਇਹੀ ਹੈ ਕਿ ਜਦੋਂ ਵਿਗਿਆਨ ਸ਼ੁਰੂ ਹੋਈ, ਤਾਂ ਲੋਕਾਂ ਨੇ ਇਸ ਨੂੰ ਧਾਰਮਿਕ ਦ੍ਰਿਸ਼ਟੀ ਵਾਂਗ ਲਿਆ। ਜੋ ਗੱਲਾਂ ਸ਼ੁਰੂ ਹੋਈਆਂ, ਉਹਦਾ ਅਸਲ ਵਿਚ ਕੋਈ ਲਿਖਤੀ ਰੂਪ **10**ਵੀਂ ਸਦੀ ਤੋਂ ਪਹਿਲਾਂ ਦਾ ਨਹੀਂ ਮਿਲਦਾ। **11**ਵੀਂ ਸਦੀਤੋਂ ਬਾਅਦ ਹੀ ਫਿਰ ਥੋੜ੍ਹੇ ਪ੍ਰਸੰਗਾਂ ਦੇ ਨਾਲ ਇਹਨਾਂ ਦਾ ਵੇਰਵਾ ਮਿਲਦਾ ਹੈ। ਜਦੋਂ **1450** ਈਂ. ਦੇ ਕਰੀਬ ਜਾਹਨ ਗੁਟਨਬਰਗ ਨੇ ਜਰਮਨ ਦੇ ਵਿਚ ਪ੍ਰਿੰਟਿੰਗ ਪ੍ਰੈਸ ਚਾਲੂ ਕੀਤੀ ਤਾਂ ਉਸ ਤੋਂ ਬਾਅਦ ਦੀਆਂ ਜਿਹੜੀਆਂ ਰਚਨਾਵਾਂ ਹਨ, ਉਹ ਹੀ ਸਾਨੂੰ ਮਿਲਦੀਆਂ ਹਨ। **1450** ਈਂ ਤੋਂ ਪਹਿਲਾਂ ਦੀਆਂ ਜਿਹੜੀਆਂ ਕਿਤਾਬਾਂ ਹਨ, ਉਹਨਾਂ ਦਾ ਜ਼ਿਕਰ ਤਾਂ ਜ਼ਰੂਰ ਮਿਲਦਾ ਹੈ, ਲੇਕਿਨ ਉਹਨਾਂ ਦਾ ਕੋਈ ਸਾਰਥਕ ਸਬੂਤ ਨਹੀਂ ਹੈ। ਉਹਨਾਂ ਦੀ ਕੋਈ ਲਿਖਤ ਨਹੀਂ ਮਿਲਦੀ। ਖੈਰ ਆਪਾਂ ਜੇ ਇਸ ਪਾਸੇ ਨੂੰ ਜਾਵਾਂਗੇ ਤਾਂ ਇਸ ਵਿਸ਼ੇ ਨਾਲ ਨਿਆਂ ਨਹੀਂ ਕਰ ਸਕਾਂਗੇ। ਮੇਰਾ ਕਹਿਣ ਤੋਂ ਭਾਵ ਹੈ- ਉਹ ਖ਼ਿਆਲ, ਉਹ ਧਾਰਮਕ ਤੇ ਉਹ ਵਿਗਿਆਨਕ ਵਿਧੀ-ਵਿਧਾਨ ਜੋ ਮੈਂ ਪੜ੍ਹੇ, ਉਹਨਾਂ ਦਾ ਵੇਰਵਾ ਮੈਂ ਪਾਠਕਾਂ ਦੇ ਨਾਲ ਇਸ ਲੇਖ ਵਿਚ ਸਾਂਝਾ ਕਰਾਂਗਾ।

ਨਿਊਟਨ **1696** ਈ. ਵਿਚ ਕੈਂਬਰਿਜ ਯੂਨੀਵਰਸਿਟੀ ਤੋਂ ਆਇਆ। ਉਸਨੇ ਅਠਾਰਵੀਂ ਸਦੀ ਵਿਚ ਜਿਹੜੀ ਰਚਨਾ ਪ੍ਰਿੰਸਪੀਆ ਮੈਥੇਮੈਟਿਕਾ ਲਿਖੀ, ਉਹ ਬੜੀ ਮਸ਼ਹੂਰ ਹੋਈ। ਦੁਨੀਆਂ ਦੇ ਵਿਚ ਇਨਸਾਨੀ ਰੂਪ ਵਿਚ ਆਉਣ ਵਾਲਾ ਬੰਦਾ ਅਸਲ ਵਿਚ ਨਿਊਟਨ ਹੀ ਹੋਇਆ। ਜੋ ਦੂਸਰੇ ਮਸ਼ਹੂਰ ਵਿਅਕਤੀ ਹਨ, ਉਹਨਾਂ ਨੂੰ ਵਿਅਕਤੀਆਂ ਨਾਲੋਂ ਅਵਤਾਰ ਕਹਿਣਾ, ਮਹਾਂਪੁਰਖ ਕਹਿਣਾ, ਰਿਸ਼ੀ ਮੁਨੀ ਕਹਿਣਾ ਜ਼ਿਆਦਾ ਬੇਹਤਰ ਰਹੇਗਾ। ਲੇਕਿਨ ਆਮ ਆਦਮੀ ਦੇ ਤੌਰ ’ਤੇ ਦੁਨੀਆਂ ਦਾ ਸਭ ਤੋਂ ਪਹਿਲਾ, ਜੋ ਵਿਦਵਾਨ ਜਾਂ ਬੁੱਧੀਜੀਵੀ ਹੈ, ਉਹ ਨਿਊਟਨ ਹੀ ਸਭ ਤੋਂ ਵੱਧ ਮਸ਼ਹੂਰ ਹੋਇਆ। ਇਸ ਲਈ ਨਿਊਟਨ ਦਾ ਨਾਮ ਮਸ਼ਹੂਰ ਲੋਕਾਂ ਦੇ ਵਿਚ ਦੂਸਰੇ ਨੰਬਰ ਤੇ ਆਉਂਦਾ ਹੈ। ਜੀਨ ਵੋਡਿਨ ਫਰਾਂਸ ਦਾ ਇਕ ਰਾਜਨੀਤਕ ਫਿਲਾਸਫਰ ਹੋਇਆ ਜੋ **1530** ਵਿਚ ਜਨਮਿਆਂ ਤੇ **1596** ਵਿਚ ਉਸਦਾ ਦਿਹਾਂਤ ਹੋ ਗਿਆ। ਉਹ ਇਤਿਹਾਸ ਨੂੰ ਤਿੰਨ ਭਾਗਾਂ ਵਿਚ ਵੰਡਦਾ ਹੈ। ਉਹ ਲਿਖਦਾ ਹੈ ਕਿ ਇਕ ਇਤਿਹਾਸ ਓਰੀਐਂਟਲ ਲੋਕਾਂ ਦਾ ਇਤਿਹਾਸ ਹੈ, ਦੂਜਾ ਮੈਡੀਟਰੇਰੀਅਨ ਲੋਕਾਂ ਦਾ ਇਤਿਹਾਸ ਹੈ ਤੇ ਤੀਜਾ ਉਤਰੀ ਪੂਰਬੀ ਖੇਤਰ ਦੇ ਲੋਕਾਂ ਦਾ ਇਤਿਹਾਸ ਹੈ। ਉਹ ਆਪਣੇ ਇਤਿਹਾਸ ਨੂੰ ਤਿੰਨ ਭਾਗਾਂ ਵਿਚ ਵੰਡਦਾ ਹੈ। ਕੋਈ ਕਹਿੰਦਾ


Academy of the Punjab in North America: http://www.apnaorg.com

ਹੈ ਕਿ ਸਭਿਅਤਾ ਏਸ਼ੀਆ ਵਿਚੋਂ ਸ਼ੁਰੂ ਹੋਈ, ਪੰਜਾਬ ਅਤੇ ਸਿੰਧ ਵਿਚੋਂ ਸ਼ੁਰੂ ਹੋਈ, ਕੋਈ ਲਿਖਦਾ ਹੈ ਕਿ ਚੀਨ ਵਿਚੋਂ ਸ਼ੁਰੂ ਹੋਈ, ਕੋਈ ਲਿਖਦਾ ਹੈ ਕਿ ਇਹ ਸਭਿਅਤਾ ਅਫਰੀਕਾ ਤੋਂ ਸ਼ੁਰੂ ਹੋਈ, ਕੋਈ ਰੋਮਨ ਸਭਿਅਤਾ ਜਾਂ ਕੋਈ ਯੂਨਾਨੀ ਸਭਿਅਤਾ ਨਾਲ ਜੋੜਦਾ ਹੈ। ਇਹਨਾਂ ਸਾਰੇ ਵਿਸ਼ਿਆਂ ਬਾਰੇ ਅਸੀਂ ਅਗਲੇ ਸਫ਼ਿਆਂ ਵਿਚ ਵਿਸਥਾਰ ਨਾਲ ਚਰਚਾ ਕਰਾਂਗੇ।

ਪਰ ਇਕ ਗੱਲ ਜ਼ਰੂਰ ਹੀ ਸਮਝ ਲੈਣੀ ਬਣਦੀ ਹੈ ਕਿ ਜੋ ਸਭਿਅਤਾ ਹੈ, ਇਨਸਾਨ ਦਾ ਇਨਸਾਨੀਅਤ ਦੇ ਲਾਗੇ ਪਹੁੰਚਣ ਦਾ ਯਤਨ ਹੈ, ਇਹ ਇਨਸਾਨ ਦਾ ਸਭ ਤੋਂ ਵਧੀਆ ਯਤਨ ਸੀ। ਏਸੇ ਹੀ ਯਤਨ ਕਰਕੇ ਇਨਸਾਨੀਅਤ ਸਿਖਾਉਣ ਵਾਸਤੇ ਵੱਖ-ਵੱਖ ਧਰਮ ਬਣੇ। ਇਹਨਾਂ ਧਰਮਾਂ ਦਾ ਜਦੋਂ ਆਪਸ ਵਿਚ ਤਕਰਾਰ ਹੋਇਆ, ਤਾਂ ਇਸ ਟਕਰਾਓ ਕਰਕੇ ਹੀ ਦੁਨੀਆਂ ਦੇ ਸਾਰੇ ਦੁਖਾਂਤ ਪੈਦਾ ਹੋਏ। ਜੇ ਇਹ ਧਾਰਮਿਕ ਦੁਖਾਂਤ ਨਾ ਹੁੰਦਾ, ਜੇ ਦੁਨੀਆਂ ਦੇ ਅਧਿਆਤਮਕ ਲੋਕ ਇਕ ਦੂਜੇ ਨਾਲ ਨਾ ਟਕਰਾਉਂਦੇ ਤਾਂ ਦੁਨੀਆਂ ਵਿਚ ਹੋਰ ਬਹੁਤ ਸਾਰਾ ਦੁਖਾਂਤ ਸ਼ਾਇਦ ਨਾ ਹੀ ਪੈਦਾ ਹੁੰਦਾ। ਪਹਿਲਾਂ ਪਹਿਲ ਤਾਂ ਦੁਨੀਆਂ ਵਿਚ ਧਾਰਮਿਕ ਵੰਡ ਵੰਡਈਏ ਹੀ ਹੋਏ, ਇਕ ਧਰਮ ਦੇ ਦੂਜੇ ਧਰਮ ਨਾਲ ਮੁਕਾਬਲੇ ਹੋਏ, ਪਰ ਬਾਅਦ ਵਿਚ ਇਨਸਾਨ ਹੱਕ ਜਮਾਉਣ ਦੇ ਪਾਸੇ ਹੋ ਗਿਆ ਕਿ ਇਹ ਮੇਰਾ ਹੈ, ਇਹ ਤੇਰਾ ਹੈ। ਇਹ ਮੇਰ ਤੇਰ ਜਦੋਂ ਆ ਗਈ ਤਦੋਂ ਫਿਰ ਪੂੰਜੀ, ਜਾਇਦਾਦ ਇਕੱਠੀ ਕਰਕੇ ਜਾਂ ਆਪਣੇ ਆਪ ਨੂੰ ਵੱਡੇ ਦੱਸਣ ਦਾ ਮੁਕਾਬਲਾ ਹੋ ਗਿਆ। ਉਹਦੇ ਬਾਰੇ ਐਡਿਮ ਸਮਿਥ  ਆਪਣੀ ਕਿਤਾਬ 'ਵੈਲਥ ਆਫ ਨੇਸ਼ਨ' **1776** ਈ.) ਵਿਚ ਲਿਖਦਾ ਹੈ ਕਿ ਜਦੋਂ ਬੰਦਿਆਂ ਨੂੰ ਆਪਣੀ ਤਨਖਾਹ ਜਾਂ ਕਮਾਈ ਕਰਨ ਦਾ ਲਾਲਚ ਲੱਗ ਗਿਆ ਤਾਂ  ਬੰਦੇ  ਨੂੰ ਹੋਰ ਵੰਡ ਦਿੱਤਾ ਗਿਆ। ਜਦੋਂ ਬੰਦੇ ਨੂੰ ਲਾਭ ਹਾਣ  ਮਹਿਸੂਸ ਹੋਣੇ ਸ਼ੁਰੂ ਹੋ ਗਏ, ਕਿਰਾਏ, ਭਾੜੇ ਤੇ ਸਟਾਕ ਦੀ ਜਾਣਕਾਰੀ ਹੋ ਗਈ ਤਾਂ ਬੰਦੇ ਵਿਚ ਇਕ ਦੂਜੇ ਨਾਲੋਂ ਹੋਰ ਜ਼ਿਆਦਾ ਪਿੱਛੇ ਹਟਣ ਦਾ ਇਕਨਾਮਿਕਸ ਇਕ ਸਾਧਨ ਬਣ ਗਈ।

ਪੁਰਾਤਨ ਰਿਸ਼ੀਆਂ ਮੁਨੀਆਂ ਨੇ, ਪੁਰਾਤਨ ਸਿਆਣੇ ਲੋਕਾਂ ਨੇ ਤਾਂ ਇਨਸਾਨ ਦੀ ਆਤਮਾ ਸ਼ੁੱਧ ਕਰਨ ਵਾਸਤੇ ਜੋ ਧਰਮ ਬਣਾਏ ਸੀ, ਜੋ ਧਾਰਮਕ ਅਸੂਲ ਬਣਾਏ ਸੀ, ਉਹਨਾਂ ਅਸੂਲਾਂ ਨਾਲ ਰੱਬ ਦਾ ਡਰ ਦੇਣ ਦਾ ਯਤਨ ਕੀਤਾ ਸੀ। ਜਦੋਂ ਬੰਦਾ ਰੱਬ ਨਾਲੋਂ ਜਾਂ ਅਸੂਲਾਂ ਨਾਲੋਂ ਆਪਣੀ ਆਤਮਾ ਦੀ ਖੋਜ ਕਰਨ ਲਗ ਪਿਆ ਤੇ ਆਪਣੀ ਆਤਮਾ ਦੀ ਮਹੱਤਤਾ ਵਧ ਗਈ, ਇਥੋਂ ਤੱਕ ਕਿ ਰੱਬ ਨਾਲੋਂ ਵੀ ਜ਼ਿਆਦਾ ਮਹੱਤਤਾ ਹੋ ਗਈ, ਫਿਰ ਆਤਮਾ ਦੇ ਖੋਜੀ ਆਦਮੀਆਂ ਦਾ ਆਪਸ ਵਿਚ ਵਿਰੋਧ ਹੋ ਗਿਆ। ਜਿਹੜੇ ਆਤਮਾ ਦੇ ਖੋਜੀ ਸੀ, ਉਹ ਵੀ ਅਧਿਆਤਮਕ ਲੋਕ ਸੀ, ਯੁੱਗ ਥੋੜਾ ਬਦਲ ਗਿਆ। ਲੋਕਾਂ ਵਿਚ ਗਿਆਨ ਅਤੇ ਵਿਦਵਤਾ ਆ ਗਈ। ਸਿਆਣਪ ਆ ਗਈ ਤੇ ਜਦੋਂ ਆਤਮਾ ਦੇ ਬਾਰੇ ਵਿਗਿਆਨਕ ਤਰੀਕੇ ਨਾਲ ਜਾਂ ਲੋਕਾਂ ਨੇ ਇਸ ਪਾਸੇ-ਆਪਣੀ ਪਕੜ ਮਜਬੂਤ ਕਰਨੀ ਸ਼ੁਰੂ ਕਰ ਦਿੱਤੀ ਤਾਂ ਇਕ ਸਮਾਂ ਐਸਾ ਆ ਗਿਆ ਕਿ ਰੱਬ ਦੇ ਡਰ ਨਾਲੋਂ ਆਪਣੀ ਆਤਮਾ ਦੀ ਪੜਚੋਲ ਜ਼ਿਆਦਾ ਸ਼ੁਰੂ ਹੋ ਗਈ। ਆਤਮਾ ਹੈ ਤਾਂ ਹੀ ਪਰਮਾਤਮਾ ਹੈ। ਇਸ ਪਾਸੇ ਵਿਚਾਰ ਸ਼ੁਰੂ ਹੋ ਗਿਆ। ਪਤਾ ਨਹੀਂ ਕਿ ਉਹ ਆਤਮਾ ਨੂੰ ਸ਼ੁਧ ਕਰ ਸਕੇ ਜਾਂ ਨਾ ਕਰ ਸਕੇ। ਪਰ ਇਸ ਦੌੜ ਵਿਚ ਰੱਬ ਨੂੰ ਅਸੀਂ ਜ਼ਰੂਰ ਭੁੱਲ ਗਏ।

**1940** ਵਿਚ ਇਕ ਇਤਿਹਾਸਕਾਰ ਲਵਜੌਏ 'ਹਿਸਟਰੀ ਆਫ ਆਈਡੀਆਜ਼' ਵਿਚ ਗੱਲ ਕਰਦਾ ਹੈ, ਜਿਹੜੇ ਹਿਸਟਰੀ ਆਫ ਆਈਡੀਆਜ਼ ਹਨ, ਉਨ੍ਹਾਂ ਵਿਚ ਸਾਇੰਸ ਤੇ ਧਰਮ ਦੋਹਾਂ ਦੀ ਗੱਲ ਹੈ। ਲੇਕਿਨ ਜਦੋਂ ਸਾਇੰਸ ਤੇ ਧਰਮ ਰਲਕੇ ਚਲਦੇ ਹਨ, ਫਿਰ ਤਾਂ ਕੋਈ ਸੇਧ ਮਿਲਦੀ ਹੈ। ਦੁਖਾਂਤ ਇਸ ਗੱਲ ਦਾ ਹੈ ਕਿ ਧਰਮਵੀ ਆਪਸ ਵਿਚ ਲੜਦੇ ਰਹੇ ਤੇ ਸਾਇੰਸਦਾਨ ਵੀ ਇਸੇ ਤਰ੍ਹਾਂ ਆਪਸ ਵਿਚ ਲੜਦੇ ਝਗੜਦੇ ਰਹੇ। ਇਸ ਦੇ ਨਾਲ ਧਰਮ ਤੇ ਸਾਇੰਸ ਵੀ ਇਕ ਦੂਜੇ ਦੇ ਨਾਲ-ਨਾਲ ਰਲ ਕੇ ਨਹੀਂ ਬੈਠੇ। ਜੇ ਧਰਮ, ਅਧਿਆਤਮਿਕਤਾ ਤੇ ਵਿਗਿਆਨ ਦੋਵੇਂ ਰਲ ਕੇ ਚਲਦੇ ਤਾਂ ਸ਼ਾਇਦ ਇਸ ਦੇ ਨਤੀਜੇ ਕੁਝ ਹੋਰ ਹੁੰਦੇ। ਇਸ ਧਰਤੀ ਦੀ ਉਮਰ ਲਿਖਣ ਵਾਲੇ ਜਾਂ


Academy of the Punjab in North America: http://www.apnaorg.com

ਉਮਰ ਲੱਭਣ ਵਾਲੇ, ਕਿ ਧਰਤੀ ਕਿੰਨੀ ਪੁਰਾਣੀ ਹੈ, ਇਹ ਵੀ ਜੇ ਕਿਤੇ ਝਗੜਣ ਨਾਲੋਂ ਰਲ ਕੇ ਚਲਦੇ ਤਾਂ ਸ਼ਾਇਦ ਕਿਸੇ ਨਤੀਜੇ 'ਤੇ ਪਹੁੰਚ ਜਾਂਦੇ। ਅੱਜ ਤਾਂਈਂ ਕੋਈ ਨਤੀਜਾ, ਕੋਈ ਸਾਰਥਕ ਗੱਲ ਨਿਕਲੀ ਹੀ ਨਹੀਂ।

ਬਾਈਬਲ ਦੇ ਹਿਸਾਬ ਨਾਲ ਚਲੀਏ ਕਿ ਧਰਤੀ ਕਿਵੇਂ ਬਣੀ, ਇਵੇਂ ਲਗਦਾ ਹੈ ਜਿਵੇਂ ਕੁਝ ਹਜ਼ਾਰ ਸਾਲ ਨਹੀਂ, ਬਹੁਤ ਪੁਰਾਣੀ ਗੱਲ ਹੈ। ਧਰਤੀ ਬਹੁਤ ਦੇਰ ਪਹਿਲਾਂ ਦੀ ਬਣੀ ਲਗਦੀ ਹੈ। ਇਸੇ ਕਰਕੇ ਸ਼ਾਇਦ, ਬਾਈਬਲ ਦੇ ਛੇ ਦਿਨਾਂ ਵਿਚ ਜਿਹੜਾ ਰੱਬ ਨੇ ਧਰਤੀ ਬਣਾ ਕੇ ਤੇ ਸੱਤਵੇਂ ਦਿਨ ਛੁੱਟੀ ਕਰ ਲਈ, ਇਸ ਦੇ ਨਾਲ ਹੀ ਸ਼ਾਇਦ ਚਾਰਲਸਰੌਬਟ ਡਾਰਵਿਨ ਦੀ ਬਾਈਬਲ ਨਾਲ ਅਸਹਿਮਤੀ ਸੀ। ਭਾਵੇਂ ਉਹ ਈਸਾਈ ਹੀ ਸੀ, ਪਰ ਉਸ ਦੀ ਇਸ ਗੱਲ ਨਾਲ ਅਸਹਿਮਤੀ ਸੀ ਕਿ ਏਨੇ ਛੇਆਂ ਦਿਨਾਂ ਵਿਚ ਤਾਂ ਧਰਤੀ ਨਹੀਂ ਬਣੀ, ਇਹ ਬਹੁਤ ਲੰਬੀ ਚੌੜੀ ਗੱਲ ਹੈ। ਇਸੇ ਕਰਕੇ ਸ਼ਾਇਦ ਉਸ ਨੇ ਵਿਕਾਸ ਦੀ ਕਹਾਣੀ ਕਹੀ। ਉਸਦੀ ਕਿਤਾਬ ਨੂੰ ਜੇ ਟੈਕਨੀਕਲੀ ਪੜ੍ਹ ਕੇ ਵੇਖੀਏ ਤਾਂ ਉਹਦਾ ਬਾਈਬਲ ਦੀ ਵਿਧੀ ਦੇ ਨਾਲ ਵਿਰੋਧ ਹੈ। ਜੈਕਸ ਬੋਚਰ ਓਲਡ ਟੈਸਟਾਮੈਂਟ ਵਿਚਲੀ ਸ੍ਰਿਸ਼ਟੀ ਦੀ ਕਹਾਣੀ ਨਾਲ ਸਹਿਮਤ ਨਹੀਂ। ਆਈਸਾਕ ਫਰਾਂਸੀਸੀ ਲਾਇਬ੍ਰੇਰੀਅਨ ਵੀ ਬਾਈਬਲ ਦੀ ਧਰਤੀ ਬਣਾਉਣ ਦੀ ਕਹਾਣੀ ਨੂੰ **1655** ਵਿਚ ਅਪਣੀ ਕਿਤਾਬ 'ਮੈਂਨ ਵਰ ਬੀਫੋਰ ਐਡਮ' ਵਿਚ ਚੈਲਿੰਜ ਕਰਦਾ ਹੈ। ਇਹ ਕਿਤਾਬ ਕਈ ਭਾਸ਼ਾਵਾਂ ਵਿਚ ਅਨੁਵਾਦ ਹੋ ਚੁੱਕੀ ਹੈ।

ਰੌਬਟ ਚੈਂਬਰਜ਼ ਆਪਣੀ ਕਿਤਾਬ 'ਨੇਚੁਰਲ ਹਿਸਟਰੀਆਫ ਕ੍ਰਿਏਸ਼ਨ' ਵਿਚ ਲਿਖਦਾ ਹੈ ਕਿ ਇਨਸਾਨ ਬੌਧਿਕਤਾ ਸਿੱਖਣ ਤੋਂ ਬਾਅਦ ਹੀ ਜਾਨਵਰਾਂ ਤੋਂ ਇਨਸਾਨ ਨਹੀਂ ਬਣਿਆ, ਬੌਧਿਕਤਾ ਸਿਖਣ ਦੇ ਨਾਲ ਇਨਸਾਨੀਅਤ ਦੇ ਲਾਗੇ ਜ਼ਰੂਰ ਗਿਆ ਪਰ ਸਰੀਰਕ ਤੌਰ ਤੇ ਇਨਸਾਨ ਚਿਰੋਕਣਾ ਹੀ ਪੈਦਾ ਹੋ ਗਿਆ ਸੀ। ਰੌਬਟ ਚੈਂਬਰਜ਼ **1844** ਵਿਚ ਲਿਖੀ ਇਸ ਕਿਤਾਬ ਵਿਚ ਸਪਸ਼ਟ ਕਹਿੰਦਾ ਕਿ ਬੰਦਾ ਆਉਣ ਦੇ ਨਾਲ ਹੀ ਬੰਦਾ ਨਹੀਂ ਬਣ ਗਿਆ, ਪਹਿਲਾਂ ਵੀ ਬੰਦਾ ਜ਼ਰੂਰ ਦਿਸਦਾ ਸੀ, ਜਿਉਂਦਾ ਸੀ। ਬਾਈਬਲ ਅਨੁਸਾਰ ਰੱਬ ਨੇ ਪਾਣੀ ਦੇ ਵਿਚ ਖਲੋ ਕੇ 'ਸਪਿਰਟ ਆਫ਼ ਗੌਡ ਵਾਜ਼ ਹੁਵਰਿੰਗ ਓਵਰ ਵਾਟਰਬਾਈਬਲ' ਪਹਿਲਾਂ ਹਵਾ ਬਣਾਈ ਤੇ ਫਿਰ ਬਾਕੀ ਦੀ ਸਾਰੀ ਵਨਸਪਤੀ ਬਣਾਈ ਤੇ ਛੇਆਂ ਦਿਨਾਂ ਵਿਚ ਸਾਰੀ ਰਚਨਾ ਕਰਕੇ ਸੱਤਵੇਂ ਦਿਨ ਛੁੱਟੀ ਕਰ ਲਈ। ਸਾਇੰਸਦਾਨ ਤਾਂ ਇਸ ਗੱਲ ਨੂੰ ਕਦੇ ਵੀ ਨਹੀਂ ਮੰਨਣਗੇ, ਕਿਉਂਕਿ ਪਹਿਲੀ ਗੱਲ ਕਿ ਪਾਣੀ ਵਿਚ ਖੜੋ ਕੇ ਹਵਾ ਬਣਾਈ, ਇਹ ਕਿਵੇਂ ਹੋ ਸਕਦਾ? ਪਾਣੀ ਹਵਾ ਤੋਂ ਬਗੈਰ ਬਣ ਹੀ ਨਹੀਂ ਸਕਦਾ। ਪਾਣੀ ਤਾਂ ਹਵਾ ਤੋਂ ਵੱਖ ਨਹੀਂ ਹੈ। ਹਵਾਂ ਨਹੀਂ ਹੋਵੇਗੀ ਤਾਂ ਪਾਣੀ ਨਹੀਂ ਬਣ ਸਕਦਾ।

ਸਾਇੰਸਦਾਨਾਂ ਦੇ ਹਿਸਾਬ ਨਾਲ ਕਰੋੜਾਂ ਸਾਲ ਪਹਿਲਾਂ, ਸਾਇੰਸਦਾਨਾਂ ਨੇ ਤਾਂ ਇਵੇਂ ਹੀ ਕਿਹਾ ਹੈ ਕਿ ਸਾਢੇ ਚਾਰ ਬਿਲੀਅਨ ਸਾਲ ਪਹਿਲਾਂ ਇਹ ਧਰਤੀ ਵਜੂਦ ਵਿਚ ਆ ਗਈ ਸੀ। ਚਲੋ ਵਧ ਘਟ ਕਰ ਲਈਏ ਜਾਂ ਜਿੰਨਾਂ ਸਾਡਾ ਮੰਨਣ ਨੂੰ ਜੀਅ ਕਰਦਾ, ਉਸ ਤੱਕ ਚਲੇ ਜਾਈਏ, ਪਰ ਮੇਰੇ ਹਿਸਾਬ ਦੇ ਨਾਲ ਜਦੋਂ ਧਰਤੀ ਬਣੀ ਜਾਂ ਚਾਰ ਪੰਜ ਬਿਲੀਅਨ ਸਾਲ ਪਹਿਲਾਂ ਜਾਂ ਚਾਰ-ਪੰਜ ਮਿਲੀਅਨ ਸਾਲ ਪਹਿਲਾਂ ਜਾਂ ਜਦੋਂ ਕਦੇ ਵੀ ਪਹਿਲਾਂ ਧਰਤੀ ਬਣੀ, ਇਹ ਪੰਜ ਤੱਤਾਂ ਬਗ਼ੈਰ ਨਹੀਂ ਬਣ ਸਕਦੀ ਸੀ। ਇਹ ਜੋ ਆਪਣੀ ਧਰਤੀ ਹੈ, ਇਸ ਵਿਚ ਉਹੋ ਪੰਜੇ ਤੱਤ ਹਨ। ਅਗਨੀ, ਪਾਣੀ, ਹਵਾ, ਆਦਿ ਇਹ ਪੰਜੇ ਤੱਤ ਹੀ ਤਾਂ ਵਰਤ ਰਹੇ ਹਨ। ਜੇ ਅਸੀਂ ਧਿਆਨ ਨਾਲ ਵੇਖੀਏ ਕਿ ਜਿਹੜੀ ਮਿੱਟੀ ਆਪਣੇ ਜਿਸਮ ਨੂੰ ਲੱਗੀ ਹੋਈ ਹੈ, ਜਿਹੜਾ ਬੰਦੇ ਦਾ ਪੰਜ ਭੂਤਕ ਦਾ ਸਰੀਰ ਬਣਿਆ ਹੈ, ਕੀ ਉਹੀ ਪੰਜ ਤੱਤ ਧਰਤੀ ਨੂੰ ਨਹੀਂ ਲਗੇ? ਭਲਾ ਵੀਚਾਰ ਕਰਕੇ ਤਾਂ ਵੇਖੋ। ਇਹ ਉਹੀ ਪੰਜ ਤੱਤ ਨੇ ਜਿਹਨਾਂ ਦਾ ਇਨਸਾਨ ਬਣਿਆਂ। ਉਹਨਾਂ ਹੀ ਪੰਜਾਂ ਤੱਤਾਂ ਦੀ ਇਹ ਧਰਤੀ ਬਣੀ ਹੈ। ਇਹ ਧਰਤੀ ਭਾਵੇਂ ਕਦੋਂ ਬਣੀ, ਬਿਲੀਅਨ ਸਾਲ ਪਹਿਲਾਂ ਜਾਂ ਲੱਖਾਂ ਸਾਲ ਪਹਿਲਾਂ, ਜਦੋਂ ਵੀ ਇਹ ਧਰਤੀ ਬਣੀ, ਇਸ ਦੀ ਤਾਰੀਕ ਵੱਲ ਨਾ ਜਾਈਏ, ਪਰ ਜਦੋਂ ਵੀ ਇਹ ਬਣੀ, ਉਦੋਂ ਇਹ ਪੰਜ ਤੱਤ ਪਹਿਲਾਂ ਹੀ ਮੌਜੂਦ ਸਨ, ਤਾਂ ਹੀ ਇਹ ਬਣੀ। ਜੇ ਇਹ ਸਾਰੇ ਦੇ


Academy of the Punjab in North America: http://www.apnaorg.com

ਸਾਰੇ ਪੰਜ ਤੱਤ ਧਰਤੀ ਬਣਾਉਣ ਲਈ ਮੌਜੂਦ ਸੀ, ਤਾਂ ਉਹਨਾਂ ਹੀ ਪੰਜਾਂ ਤੱਤਾਂ ਦਾ ਬੰਦਾ ਬਣਿਆ ਹੋਇਆ। ਜੇ ਇਹ ਤੱਤ ਉਦੋਂ ਮੌਜੂਦ ਸੀ ਤਾਂ ਏਡੀ ਵੱਡੀ ਧਰਤੀ ਜਿਹੜੀ ਸ਼ਕਤੀ ਬਣਾ ਸਕਦੀ ਹੈ ਤਾਂ ਰੱਬ ਨੇ ਜਿਹੜਾ ਸਰਬ ਸਮਰੱਥ ਹੈ, ਉਹ ਏਡੀ ਵੱਡੀ ਧਰਤੀ ਬਣਾ ਸਕਦਾ ਤਾਂ ਉਹਨੂੰ ਪੰਜਾਂ ਤੱਤਾਂ ਤੋਂ ਬਣੇ ਹੋਏ ਬੰਦੇ ਦੀ ਇੰਤਜ਼ਾਰ ਕਰਨ ਦੀ ਕੀ ਲੋੜ ਸੀ, ਪਈ ਹੁਣ **2** ਜਾਂ **4-5** ਹਜ਼ਾਰ ਸਾਲ ਪਹਿਲਾਂ ਹੀ ਬਣਾਇਆ। ਇਹ ਗੱਲ ਕੋਈ ਮੈਨੂੰ ਜੱਚਦੀ ਨਹੀਂ। ਜਦੋਂ ਧਰਤੀ ਬਣੀ-ਪਾਣੀ ਸੀ, ਹਵਾ ਸੀ, ਗੱਲ ਕੀ ਬੰਦਾ ਬਣਾਉਣ ਲਈ ਧਰਤੀ ਵਿਚ ਸਾਰਾ ਕੁਝ ਸੀ, ਸੇਕ ਸੀ, ਤੇ ਧਰਤੀ ਸੀ, ਬੰਦੇ ਨੂੰ ਜਿਹੜੀ ਮਿੱਟੀ ਲਗੀ, ਉਹ ਵੀ ਸੀ, ਆਕਾਸ਼ ਵੀ ਸੀ- ਇਹਨਾਂ ਪੰਜਾਂ ਨੂੰ ਰਲਾ ਕੇ ਇਕ ਆਕਾਰ ਬਣਾਉਣਾ ਸੀ। ਜੇ ਧਰਤੀ ਦਾ ਏਡਾ ਵੱਡਾ ਆਕਾਰ ਬਣਾਇਆ ਜਾ ਸਕਦਾ ਸੀ, ਤਾਂ ਬੰਦੇ ਦਾ ਆਕਾਰ ਕਿਉਂ ਨਹੀਂ ਬਣਾਇਆ ਜਾ ਸਕਦਾ? ਮੇਰੀ ਅਲਪ ਬੁੱਧੀ ਦੇ ਹਿਸਾਬ ਨਾਲ ਬੰਦੇ ਦਾ ਆਕਾਰ ਤਾਂ ਕੋਈ ਹਊ, ਬਾਅਦ ਵਿਚ ਹੌਲੀ ਹੌਲੀ ਬੰਦਾ ਕਿਸੇ ਨਾ ਕਿਸੇ ਆਕਾਰ ਵਿਚ ਤਕਰੀਬਨ-ਤਕਰੀਬਨ ਉਦੋਂ ਹੀ ਬਣ ਗਿਆ ਜਦੋਂ ਇਹ ਧਰਤੀ ਬਣੀ। ਉਦੋਂ ਹੀ ਸਾਰੇ ਜੀਵ ਹੋਏ। ਹਰ ਜੀਵ ਦਾ ਵਿਕਾਸ ਤਾਂ ਜ਼ਰੂਰ ਹੋਇਆ। ਜੋ ਪਾਣੀ ਦੇ ਜੀਵ ਹਨ, ਉਹਨਾਂ ਦਾ ਪਾਣੀ ਵਿਚ ਵਿਕਾਸ ਹੋਇਆ। ਸਮੇਂ ਦੇ ਅਨੁਸਾਰ, ਪਾਣੀ ਦੇ ਵਿਚ, ਜਿਵੇਂ ਡਾਰਵਿਨ ਦਾ ਸਿਧਾਂਤ ਹੈ, ਇਕ ਦੂਜੇ ਦੀ ਪੇਂਦ ਚੜਦੀ ਗਈ। ਇਹ ਵੀ ਸਹੀ ਗੱਲ ਹੈ। ਪਰ ਜਾਨਵਰਾਂ ਦੀ ਜਾਨਵਰਾਂ ਨੂੰ, ਪੰਛੀਆਂ ਦੀ ਪੰਛੀਆਂ ਨੂੰ, ਜਿਹੜੇ ਪਾਣੀ ਵਿਚ ਰਹਿਣ ਵਾਲੇ ਜੀਵ ਹਨ, ਉਹਨਾਂ ਦਾ ਪਾਣੀ ਵਿਚ ਰਹਿਣ ਵਾਲੇ ਜੀਵਾਂ ਵਿਚ ਹੀ ਵਿਕਾਸ ਹੋਇਆ। ਪੰਛੀਆਂ ਦਾ ਪੰਛੀਆਂ ਵਿਚ ਉਡਦਿਆਂ ਵਿਕਾਸ ਹੋਇਆ ;

'ਤੁਰਦੇ ਕਉ ਤੁਰਦਾ ਮਿਲੈ ਉਡਤੇ ਕਉ ਉਡਤਾ॥' (**788**) ਉਡਦੇ ਨੂੰ ਹੀ ਉਡਦਾ ਮਿਲ ਸਕਦਾ ਹੈ। ਜਿਹੜਾ ਧਰਤੀ ਤੇ ਚਲਣ ਵਾਲਾ ਹੈ, ਉਸ ਨੂੰ ਹੀ ਧਰਤੀ ਤੇ ਚੱਲਣ ਵਾਲਾ ਮਿਲ ਸਕਦਾ ਹੈ। ਧਰਤੀ ਤੇ ਚਲਣ ਵਾਲੇ ਨੂੰ ਉਡਣ ਵਾਲਾ ਨਹੀਂ ਮਿਲ ਸਕਦਾ। ਪਾਣੀ ਵਿਚ ਰਹਿਣ ਵਾਲੇ ਜੀਵ ਹੀ ਇਕ ਦੂਜੇ ਨੂੰ ਮਿਲ ਸਕਦੇ ਹਨ। ਪਾਣੀ ਵਿਚ ਰਹਿਣ ਵਾਲਿਆਂ ਦਾ ਵਿਕਾਸ ਆਪਸ ਵਿਚ ਹੋਇਆ, ਉਡਣ ਵਾਲਿਆਂ ਦਾ ਵਿਕਾਸ ਆਪਸ ਵਿਚ ਹੋਇਆ, ਰੀਂਗਣ ਵਾਲਿਆਂ ਦਾ ਵਿਕਾਸ ਆਪਸ ਵਿਚ ਹੋਇਆ। ਰੀਂਗਣ ਵਾਲੇ ਜਾਨਵਰਾਂ ਦਾ ਵੱਖਰਾ ਤੇ ਧਰਤੀ 'ਤੇ ਤੁਰਨ ਵਾਲਿਆਂ ਦਾ ਵੱਖਰਾ ਵਿਕਾਸ ਹੋਇਆ। ਤੁਰਨ ਵਾਲੇ ਜੀਵਾਂ ਵਿਚੋਂ ਵੀ ਅਸੀਂ ਕਹੀਏ ਕਿ ਬਾਂਦਰਾਂ ਤੋਂ ਬੰਦੇ ਬਣੇ, ਇਹ ਗੱਲ ਮੰਨਣ ਵਿਚ ਨਹੀਂ ਆਉਂਦੀ। ਜਾਨਵਰਾਂ ਦੀਆਂ ਵੱਖ ਵੱਖ ਨਸਲਾਂ ਦੇ ਆਪਸ ਵਿਚ ਵਿਕਾਸ ਤਾਂ ਜ਼ਰੂਰ ਹੋਏ, ਉਹਨਾਂ ਵਿਚ ਥੋੜਾ ਜਾਂ ਕਿਸੇ ਦਾ ਕਿਸੇ ਨਾਲ ਬਹੁਤਾ ਤਾਂ ਹੱਥ ਹੋ ਸਕਦਾ, ਲੇਕਿਨ ਬੰਦੇ ਦੀ ਜਿਹੜੀ ਬਣਤਰ ਹੈ, ਉਹ ਜਾਨਵਰਾਂ ਤੋਂ ਬਣੀ ਨਹੀਂ ਲਗਦੀ। ਜਾਨਵਰਾਂ ਵਾਂਗ ਬੰਦਾ ਜਿਉਂਦਾ ਜ਼ਰੂਰ ਰਿਹਾ। ਬਾਂਦਰ ਹੁਣ ਜਿਹੜੇ ਐਸ ਵੇਲੇ ਜੰਗਲੀ ਜੀਵਨ ਜੀਉਂਦੇ ਹਨ, ਉਸਦੇ ਨਾਲੋਂ ਹੋ ਸਕਦਾ ਕਿਸੇ ਵੇਲੇ ਬਾਂਦਰਾਂ ਦਾ ਜੀਵਨ ਉਸ ਸਮੇਂ ਦੇ ਬੰਦੇ ਨਾਲੋਂ ਵਧੀਆ ਹੋਵੇ। ਇਹ ਤੇ ਮੰਨੀ ਜਾ ਸਕਦੀ ਹੈ ਕਿ ਬੰਦੇ ਨੇ ਬਾਂਦਰਾਂ ਵਰਗੀ ਜ਼ਿੰਦਗੀ ਜੀਵੀ ਹੋਵੇ। ਪਰ ਇਹ ਨਹੀਂ ਹੋ ਸਕਦਾ ਕਿ ਬੰਦਾ ਬਾਂਦਰਾਂ ਤੋਂ ਬਣਿਆ ਹੈ। ਮੈਂ ਤਾਂ ਇਸ ਵੀਚਾਰ ਨਾਲ ਸਹਿਮਤ ਹਾਂ ਕਿ ਇਨਸਾਨ ਦਾ ਵਿਕਾਸ ਤਾਂ ਜ਼ਰੂਰ ਹੋਇਆ, ਲੇਕਿਨ ਇਨਸਾਨ ਕਿਸੇ ਹੋਰ ਜਾਨਵਰ ਜਾਂ ਪਸ਼ੂ ਪੰਛੀ ਤੋਂ ਨਹੀਂ ਬਣਿਆ।


Academy of the Punjab in North America: http://www.apnaorg.com

# ਹਿੰਦੀ-ਚੀਨੀ ਕਦਰਾਂ-ਕੀਮਤਾਂ

ਇਸ ਅਧਿਆਇ ਵਿਚ ਅਸੀਂ ਭਾਰਤੀ ਅਤੇ ਚੀਨੀ ਸਾਂਝ ਅਤੇ ਕਦਰਾਂ-ਕੀਮਤਾਂ ਦੀ ਚਰਚਾ ਕਰਾਂਗੇ। ਸਾਡੇ ਪਿਛੋਕੜ ਵਿਚ ਹਿੰਦੁਸਤਾਨ ਅਤੇ ਚਾਈਨਾ ਦਾ ਆਪਣੇ ਇਤਿਹਾਸ ਵਿਚ, ਆਪਣੇ ਅਤੀਤ, ਮਨੁੱਖਤਾ ਦੇ ਅਤੀਤ ਵਿਚ ਤੇ ਏਸ਼ੀਆ ਵਿਜ਼ਨ ਵਿਚ ਇਨ੍ਹਾਂ ਦੀ ਕੀ ਸਾਂਝ ਭਿਆਲੀ ਹੈ? ਕਦਰਾਂ-ਕੀਮਤਾਂ ਕਿਵੇਂ ਇਕੱਠੀਆਂ ਹਨ ਤੇ ਇਹ ਇਕ ਦੂਜੇ ਦੇ ਵਿਰੋਧ ਵਿਚ ਕਿਉਂ ਖੜੇ ਹੋਏ? ਇਸ ਅਧਿਆਇ ਵਿਚ ਅਸੀਂ ਇਹ ਵੀਚਾਰ ਕਰਾਂਗੇ :

ਜਦੋਂ ਇਤਿਹਾਸ ਸ਼ੁਰੂ ਹੋਇਆ ਸੀ ਤਾਂ ਸਾਰੀ ਦੁਨੀਆਂ ਦੇ ਇਤਿਹਾਸਕਾਰ, ਵਿਦਵਾਨ ਤੇ ਫਿਲਾਸਫ਼ਰ ਮੰਨਦੇ ਹਨ ਕਿ ਪੂਰਵ ਇਤਿਹਾਸ ਕਾਲ ਵਿਚ ਜਾਂ ਵੈਦਿਕ ਕਾਲ ਵਿਚ ਭਾਰਤੀ ਮੂਲ ਦੀਆਂ ਕਦਰਾਂ-ਕੀਮਤਾਂ ਦਾ ਜ਼ਿਆਦਾ ਬੋਲਬਾਲਾ ਸੀ। ਇਸ ਦੇ ਕਈ ਕਾਰਨ ਸੀ। ਇਕ ਕਾਰਨ ਇਹ ਸੀ ਕਿ ਮਨੁੱਖ ਨੇ ਪੈਦਾ ਹੋਣ ਦਸਮੇਂ ਤੋਂ ਹੀ, ਮੁੱਢ-ਕਦੀਮ ਦੇ ਸਾਧਨ - ਜਿਵੇਂ ਦਰੱਖਤਾਂ ਅਤੇ ਜੜ੍ਹੀ ਬੂਟੀਆਂ ਆਦਿ ਕੁਦਰਤੀ ਸਾਧਨਾਂ ਦੇ ਆਸਰੇ ਪਹਿਲਾਂ ਜਿਉਣਾ ਸਿੱਖਿਆ।

ਅੱਜ ਕੱਲ੍ਹ ਕੁੱਲੀ, ਗੁੱਲੀ ਤੇ ਜੁੱਲੀ ਦੀ ਚਰਚਾ ਕੀਤੀ ਜਾਂਦੀ ਹੈ, ਇਹੀ ਆਦਿ ਮਨੁੱਖ ਦੀਆਂ ਮੁਢਲੀਆਂ ਤਿੰਨ ਜ਼ਰੂਰਤਾਂ ਸਨ। ਕੁੱਲੀ ਵੀ ਦਰੱਖਤਾਂ ਦੀ ਹੀ ਸੀ। ਦਰੱਖਤਾਂ ਹੇਠਾਂ ਹੀ ਮਨੁੱਖ ਨਿਵਾਸ ਰੱਖਦਾ ਸੀ, ਦਰੱਖਤਾਂ ਦੀਆਂ ਟਾਹਣੀਆਂ ਤੋੜ ਕੇ ਉਸ ਦੀ ਕੁੱਲੀ ਬਣਾਉਂਦਾ ਸੀ। ਜੋ ਕੁਝ ਖਾਂਦਾ ਸੀ, ਉਹ ਵੀ ਦਰੱਖਤਾਂ ਦੇ ਫੁੱਲ-ਫ਼ਲ ਖਾਂਦਾ ਸੀ। ਦਰੱਖਤਾਂ ਦੇ ਆਧਾਰ ਉਪਰ ਹੀ ਉਸਦਾ ਖਾਣਾ ਨਿਰਭਰ ਕਰਦਾ ਸੀ। ਜਦੋਂ ਖੇਤੀ ਸ਼ੁਰੂ ਹੋਈ ਤਾਂ ਉਹ ਖੇਤੀ ਵੀ ਵਨਸਪਤੀ ਸੀ। ਤੀਸਰੇ ਨੰਬਰ ਤੇ ਜੁੱਲੀ ਭਾਵ ਕੱਪੜਾ ਸੀ। ਉਸ ਦਾ ਜੀਵਨ ਦਰੱਖਤਾਂ ਦੇ ਆਸਰੇ ਹੀ ਸੀ। ਦਰੱਖਤਾਂ ਕਰਕੇ ਹੀ ਉਹ ਲੋਕ ਜਿਉਂਦੇ ਸਨ। ਲੇਕਿਨ ਜਦੋਂ ਇਤਿਹਾਸਕ ਤਿਥੀਆਂ ਮਿਤੀਆਂ ਸ਼ੁਰੂ ਹੋਈਆਂ, ਖਾਸ ਕਰਕੇ ਅੰਗਰੇਜ਼ੀ ਕੈਲੰਡਰ, ਉਸ ਅਨੁਸਾਰ 11ਵੀਂ, 12ਵੀਂ, 13ਵੀਂ ਸਦੀ ਦੇ ਵਿਚ ਹੀ ਕੋਈ ਕੋਈ ਖਾਸ ਇਤਿਹਾਸਕ ਗੱਲ ਰੜਕਦੀ ਹੈ। ਭਾਵੇਂ ਇਨ੍ਹਾਂ ਤਿੰਨਾਂ ਸਦੀਆਂ ਦਾ ਵੀ ਸਹੀ ਇਤਿਹਾਸ ਨਹੀਂ ਮਿਲਦਾ। ਇਸ ਤੋਂ ਪਹਿਲਾਂ ਦੀਆਂ ਕੀਤੀਆਂ ਗੁਣਵਾਨ ਗੱਲਾਂ ਨੂੰ ਮੰਨਣਾ, ਸੁਣਨਾ ਤੇ ਸਮਝਣਾ ਵੀ ਚਾਹੀਦਾ ਹੈ। ਪਰ ਉਨ੍ਹਾਂ ਦੇ ਇਤਿਹਾਸਕ ਪਿਛੋਕੜ ਦੀ ਲੜਾਈ ਨਹੀਂ ਕਰਨੀ ਚਾਹੀਦੀ। ਇਨ੍ਹਾਂ ਤਿੰਨਾਂ ਸਦੀਆਂ ਵਿਚ ਹੀ ਇਤਿਹਾਸ ਦੀ ਕੋਈ ਗੱਲ ਤੁਰਦੀ ਨਜ਼ਰ ਆਉਂਦੀ ਹੈ। ਪਰ ਇਨ੍ਹਾਂ ਤਿੰਨਾਂ ਸਦੀਆਂ ਦਾ ਜਿੰਨਾਂ ਕੁ ਇਤਿਹਾਸ ਮਿਲਦਾ ਹੈ, ਉਸ ਇਤਿਹਾਸ ਦੇ ਹਿਸਾਬ ਨਾਲ ਦੁਨੀਆਂ ਦੇ ਜਿਸ ਮਰਜ਼ੀ ਹਿੱਸੇ ਵਿਚ ਬਹਿ ਕੇ ਹਿਸਾਬ ਕਿਤਾਬ ਕਰ ਲਓ, ਉਹ ਤਿੰਨਾਂ ਸਦੀਆਂ ਦੇ ਵਿਚ, ਜੇ ਕੋਈ ਉਨਤੀ ਦੇ ਸਿਖਰ 'ਤੇ ਸੀ ਜਾਂ ਜੇ ਕੋਈ ਇਨਸਾਨੀਅਤ ਦੀ ਸੂਖਮਤਾ ਸੀ ਤਾਂ ਉਹ ਚੀਨ ਵਿਚ ਸੀ। ਇਸਤੋਂ ਪਹਿਲਾਂ ਪੂਰਵ ਇਤਿਹਾਸ ਕਾਲ ਦੇ ਭਾਰਤ ਵਿਚ ਉਸਦੀਆਂ ਗੱਲਾਂ ਜ਼ਿਆਦਾ ਵਜ਼ਨਦਾਰ ਮਿਲਦੀਆਂ ਹਨ। ਇਤਿਹਾਸਕ ਗੱਲਾਂ ਦੇ ਆਧਾਰ ਤੇ 11ਵੀਂ, 12ਵੀਂ ਤੇ 13ਵੀਂ ਸਦੀ ਦੌਰਾਨ ਚੀਨ ਵਿਚ ਜੋ ਜੋ ਕੁਝ ਹੋਇਆ, ਜੋ ਜੋ ਕੁਝ ਮਿਲਦਾ ਹੈ, ਉਸ ਦੀ ਸਭ ਤੋਂ ਪਹਿਲੀ ਮਿਸਾਲ ਕੱਪੜਾ ਹੈ। ਚੀਨ ਨੇ ਰੇਸ਼ਮ ਦੇ ਕੀੜਿਆਂ ਤੋਂ ਕੱਪੜਾ ਵਿਕਸਤ ਕਰਨਾ ਸਿਖਿਆ। ਚੀਨ ਵਿਚ ਬਣੇ ਹੋਏ ਕੱਪੜੇ ਨੇ ਦੁਨੀਆਂ ਬਦਲ ਕੇ ਰੱਖ ਦਿੱਤੀ। ਬੰਦੇ ਦੀਆਂ ਲੋੜਾਂ ਦਾ ਤੀਜਾ ਹਿੱਸਾ ਜੁੱਲੀ ਹੈ। ਪਹਿਲੀ ਖੁਰਾਕ ਤੇ ਦੂਜੀ ਰਹਿਣਾ ਤੇ ਤੀਜੀ ਹੈ -ਗਰਮੀ ਤੇ ਠੰਡ ਤੋਂ ਬਚਾਅ ਕਰਨਾ। ਤੀਜੇ ਹਿੱਸੇ ਵਿਚ ਜੋ ਬੰਦਾ ਖਰਚਾ ਕਰਦਾ ਹੈ ਜਾਂ ਬੰਦੇ ਨੂੰ ਜਿਸ ਦੀ ਲੋੜ ਹੈ, ਉਹ ਹੈ ਕੱਪੜਾ।

ਕੱਪੜੇ ਦੀ ਕਾਢ ਚੀਨ ਵਿਚ ਹੋਈ। ਚੀਨ ਨੇ ਹੀ ਸਭ ਤੋਂ ਪਹਿਲਾਂ ਰੇਸ਼ਮਦੇ ਕੀੜੇ ਪਾਲੇ। ਰੇਸ਼ਮੀ ਕੱਪੜਾ ਤੇ ਹੋਰ ਕੱਪੜਾ ਵੀ ਚੀਨ ਨੇ ਬਣਾਉਣਾ ਸ਼ੁਰੂਕੀਤਾ। ਸਾਨੂੰ ਇਹ ਸਪਸ਼ਟੀਕਰਨ ਦੇਣ ਦੀ ਲੋੜ ਨਹੀਂ ਹੈ ਕਿ ਚੀਨ ਵਿਚ 11ਵੀਂ ਸਦੀ ਵਿਚ ਸਿਲਕ ਵੀ ਵਿਕਦਾ ਸੀ। ਦੁਨੀਆਂ ਦੇ ਵਿਚ ਸਭ ਤੋਂ ਪਹਿਲਾਂ ਵੱਡੇ ਪੱਧਰ ਦਾ ਵਾਪਾਰ


Academy of the Punjab in North America: http://www.apnaorg.com

ਰੇਸ਼ਮ ਦਾ ਹੋਇਆ। ਜਦੋਂ ਗਰੀਕ ਤੇ ਰੋਮਨ ਆਪਸ ਵਿਚ ਲੜਕੇ ਯੂਰਪ ਵਿਚ ਨਿਕੇ ਨਿਕੇ ਦੇਸ਼ਾਂ ਵਜੋਂ ਉਭਰੇ ਤਾਂ ਇਨ੍ਹਾਂ ਨੂੰ ਕੱਪੜੇ ਦੀ ਲੋੜ ਸੀ। ਕੱਪੜੇ ਦੀ ਲੋੜ ਕਿਵੇਂ ਪੂਰੀ ਕੀਤੀ ਜਾਵੇ? ਕੱਪੜਾ ਤਾਂ ਚੀਨ ਤੋਂ ਬਿਨਾਂ ਹੋਰ ਕਿਧਰੇ ਨਹੀਂ ਸੀ ਕਿਉਂਕਿ ਇਨ੍ਹਾਂ ਨੇ ਫਿਰ ਉਥੇ ਜਾਣਾ ਸ਼ੁਰੂ ਕੀਤਾ। ਯੂਰਪੀਨ ਲੋਕਾਂ ਕੋਲ ਕੱਪੜੇ ਬਦਲੇ ਦੇਣ ਲਈ ਕੁਝ ਵੀ ਨਹੀਂ ਸੀ। ਸਟੀਲ ਵੀ ਭਾਰਤ ਵਿਚ ਬਣੀ। ਸਟੇਨਲੈੱਸ ਸਟੀਲ ਭਾਰਤ ਪਿਛੋਂ ਚੀਨ ਵਿਚ ਮਿਲ ਗਈ। ਉਨ੍ਹਾਂ ਨੇ ਇਸ ਤੋਂ ਕਈ ਕੁਝ ਬਣਾ ਕੇ ਇਸ ਨਾਲ ਦੁਨੀਆਂ ਵਿਚ ਵਾਪਾਰ ਸ਼ੁਰੂ ਕਰ ਦਿੱਤਾ।

ਯੂਰਪ ਦੇ ਵਿਚ ਬਹੁਤ ਸਾਰੀਆਂ ਉਦਯੋਗਿਕ ਇਕਾਈਆਂ ਸਥਾਪਿਤ ਹੋ ਗਈਆਂ। ਉਹ ਕੱਚਾ ਮਾਲ ਬਾਹਰੋਂ ਲਿਆ ਕੇ ਇਥੇ ਤਿਆਰ ਕਰ ਲੈਂਦੇ ਸਨ। ਇਸ ਤਰ੍ਹਾਂ ਯੂਰਪ ਦੁਨੀਆਂ ਉਤੇ ਛਾ ਗਿਆ। ਜਦੋਂ ਅਜੇ ਸਟੀਲ ਨਹੀਂ ਮਿਲਿਆ ਸੀ, ਸਟੀਲ ਦਾ ਕੁਝ ਵੀ ਨਹੀਂ ਬਣਦਾ ਸੀ, ਉਦੋਂ ਇਨ੍ਹਾਂ ਯੂਰਪੀਨ ਲੋਕਾਂ ਕੋਲ ਕੋਈ ਅਜਿਹੀ ਚੀਜ਼ ਨਹੀਂ ਸੀ, ਜੋ ਉਨ੍ਹਾਂ ਨੂੰ (ਚੀਨ) ਦਿੱਤੀ ਜਾ ਸਕੇ। ਚੀਨ ਕੋਲੋਂ ਕੱਪੜਾਤਾਂ ਚਾਹੀਦਾ ਸੀ, ਪਰ ਬਦਲੇ ਵਿਚ ਉਸ ਨੂੰ ਕੀ ਦਿੱਤਾ ਜਾਵੇ, ਤਾਂ ਹੀ ਉਹ ਦੇਵੇਗਾ। ਸਰਕਾਰਾਂ ਤੇ ਰਾਜਿਆਂ ਦੇ ਉਧਾਰ ਚਲਦੇ ਸੀ। ਵਹੀ ਖਾਤਿਆਂ ਵਿਚ ਹਿਸਾਬ ਕਿਤਾਬ ਰੱਖਿਆ ਜਾਂਦਾ ਸੀ। ਉਨ੍ਹਾਂ ਦਾ ਦਿਮਾਗ ਤਾਂ ਵਾਪਾਰੀ ਸੀ। ਉਹ ਜਿਧਰ ਵੀ ਗਏ, ਜਿਥੇ ਉਤਰੀ ਪੱਛਮੀ ਦੁਨੀਆਂ ਪਹਿਲਾਂ ਬਣੀ ਸੀ, ਉਥੇ ਉਨ੍ਹਾਂ ਨੂੰ ਜੜੀਆਂ ਬੂਟੀਆਂ ਲੱਭਦਿਆਂ ਲੱਭਦਿਆਂ, ਨਸ਼ੇ ਪੱਤੇ ਵਾਲੀਆਂ ਬੂਟੀਆਂ ਅਫ਼ੀਮ ਪੋਸਤ ਵਾਲੀਆਂ ਵੀ ਮਿਲੀਆਂ। ਇਹ ਨਸ਼ੇ ਵਾਲੀਆਂ ਚੀਜ਼ਾਂ ਨੂੰ ਚੀਨ ਦੇ ਲੋਕਾਂ ਪਾਸ ਵੇਚਣਾ ਸ਼ੁਰੂ ਕਰ ਦਿੱਤਾ। ਕਈ ਸੌ ਸਾਲ ਨਸ਼ਾਂ ਵੇਚ ਕੇ ਪਤਾ ਹੀ ਨਾ ਲੱਗਣ ਦਿੱਤਾ ਕਿ ਉਹ ਇਨ੍ਹਾਂ ਦੇ ਹੀ ਗੁਆਂਡ ਵਿਚੋ ਲਿਆ ਕੇ ਤੁਹਾਨੂੰ ਵੇਚੀ ਜਾ ਰਹੇ ਹਨ, ਇਹ ਸਾਡੇ ਕੋਲੋਂ ਖਰੀਦ ਕੇ ਲੈ ਜਾਂਦੇ ਸਨ। ਬਹੁਤ ਦੇਰ ਇਨ੍ਹਾਂ ਦਾ ਇਹ ਵਪਾਰ ਚਲਦਾ ਰਿਹਾ। ਉਤਰੀ ਪੱਛਮੀ ਭਾਰਤ ਵਿਚੋਂ, ਸਿੰਧ ਸਭਿਅਤਾ ਜਿਥੇ ਸਭ ਤੋ ਪਹਿਲਾਂ ਦਰੱਖਤਾਂ ਦੀ ਘਣੀ ਆਬਾਦੀ ਹੁੰਦੀ ਸੀ, ਉਥੇ ਜੜੀਆਂ ਬੂਟੀਆਂ ਵਿਚੋਂ ਨਸ਼ੇ ਵਾਲੀਆਂ ਲੱਭ ਕੇ ਤਾਂ ਚੀਨ ਨੂੰ ਭੇਜੀਆਂ। ਕੱਪੜਾ ਲਿਜਾ ਕੇ, ਯੂਰਪੀਨ ਲੋਕਾਂ ਨੇ ਪਹਿਲਾ ਵਾਪਾਰ ਸ਼ੁਰੂ ਕੀਤਾ।

ਚੀਨ ਨੂੰ ਤਾਂ ਕਿਸੇ ਕੋਲੋ ਕੁਝ ਵੀ ਨਹੀਂ ਚਾਹੀਦਾ ਸੀ। ਚੀਨ ਦੁਨੀਆਂ ਦਾ ਪਹਿਲਾ ਆਤਮ ਨਿਰਭਰ ਦੇਸ਼ ਹੋਇਆ ਹੈ। ਇਸ ਨੂੰ ਕਿਸੇ ਦੀ ਵੀ ਜ਼ਰੂਰਤ ਨਹੀਂ ਸੀ। ਧਾਰਮਕ ਤੌਰ ਤੇ ਇਹ ਪਹਿਲੀਆਂ ਸਦੀਆਂ ਵਿਚ ਬੁੱਧ ਧਰਮ ਦਾ ਅਨੁਆਈ ਸੀ। ਉਨ੍ਹਾਂ ਨੂੰ ਧਾਰਮਕ ਭੁੱਖ ਪੂਰੀ ਕਰਨ ਲਈ ਵੀ ਹੋਰ ਕਿਸੇ 'ਤੇ ਨਿਰਭਰ ਨਹੀਂ ਹੋਣਾ ਪੈਂਦਾ ਸੀ, ਕਿਉਂਕਿ ਤਿੱਬਤ ਵਿਚ ਮਾਨਸਰੋਵਰ ਝੀਲ 'ਤੇ ਪਹਿਲਾਂ ਬੁੱਧ ਧਰਮ ਪਹੁੰਚਿਆਂ ਤੇ ਇਹ ਕੈਲਾਸ਼ ਪਰਬਤ ਉੱਤੋਂ ਵਗਦੇ ਪਾਣੀਆਂ ਵਾਲੇ ਇਲਾਕਿਆਂ ਵਿਚ ਪਹਿਲਾਂ ਫੈਲਿਆ। ਚੀਨ ਵਿਚ ਉਸ ਤੋਂ ਬਾਅਦ ਫੈਲਿਆ। ਧਾਰਮਕ ਤੌਰ ਤੇ ਵੀ ਇਨ੍ਹਾਂ ਨੂੰ ਹੋਰ ਕਿਸੇ 'ਤੇ ਨਿਰਭਰ ਹੋਣ ਦੀ ਲੋੜ ਨਹੀਂ ਸੀ। ਬੰਦੇ ਦੀ ਆਤਮਕ ਭੁੱਖ ਵਾਸਤੇ ਧਰਮ ਬਹੁਤ ਜ਼ਰੂਰੀ ਹੈ। ਦੂਸਰਾ ਇਨ੍ਹਾਂ ਨੂੰ ਆਤਮ ਨਿਰਭਰ ਹੋਣ ਦੀ ਲੋੜ ਸੀ। ਬਾਰਵੀਂ ਸਦੀ ਵਿਚ ਚੀਨ ਦੀ ਸੱਤ (7) ਕਰੋੜ ਅਬਾਦੀ ਸੀ। ਸਾਰਾ ਯੂਰਪ ਤੇ ਅਫਰੀਕਾ, ਅਮਰੀਕਾ ਰਲਾ ਕੇ 7 ਕਰੋੜ ਅਬਾਦੀ ਸੀ। ਦੁਨੀਆਂ ਦੀ ਤੀਜਾ ਹਿੱਸਾ ਵਸੋਂ ਤਾਂ ਚੀਨ ਵਿਚ ਸੀ। ਬਾਕੀ ਤੀਜਾ ਹਿੱਸਾ ਭਾਰਤ ਵਿਚ ਸੀ। ਦੋ ਹਿਸੇ ਭਾਰਤ ਚੀਨ ਵਿਚ ਆਬਾਦੀ ਸੀ ਤੇ ਤੀਜਾ ਹਿੱਸਾ ਬਾਰਵੀਂ ਸਦੀ ਵਿਚ, ਬਾਕੀ ਦੀ ਦੁਨੀਆਂ ਵਿਚ ਸੀ। ਇਨ੍ਹਾਂ ਨੂੰ ਦੁਨੀਆਂ ਉਪਰ ਨਿਰਭਰ ਹੋਣ ਦੀ ਲੋੜ ਨਹੀਂ ਸੀ, ਕਿਉਂਕਿ ਆਬਾਦੀ ਬਹੁਤ ਸੀ। ਆਤਮਕ ਸ਼ਾਂਤੀ ਲਈ ਧਰਮ ਵੀ ਸੀ। ਇਹ ਬਹੁਤ ਸੋਹਣੇ ਵੱਸਦੇ ਸਨ। ਇਨ੍ਹਾਂ ਨੂੰ ਕਿਸੇ ਹੋਰ ਦੀ ਜ਼ਰੂਰਤ ਹੈ ਹੀ ਨਹੀਂ ਸੀ। ਪਰ ਇਨ੍ਹਾਂ ਯੂਰਪੀਨ ਲੋਕਾਂ ਨੇ ਜਾ ਕੇ ਆਪਣੀਆਂ ਲੋੜਾਂ ਪੂਰੀਆਂ ਕਰਨ ਵਾਸਤੇ ਉਨ੍ਹਾਂ ਨਾਲ ਗਾਹੇ ਬਗਾਹੇ ਕਿਸੇ ਨਾ ਕਿਸੇ ਤਰੀਕੇ ਨਾਲ ਸਾਂਝ ਪਾਉਣੀ ਸ਼ੁਰੂ ਕੀਤੀ। ਪਹਿਲਾਂ ਤਾਂ ਕੱਪੜਾ ਚੀਨ ਵਿਚ ਰੇਸ਼ਮ ਦੇ ਕੀੜਿਆਂ ਤੋਂ ਪੈਦਾ ਹੋਇਆ। ਪਰ ਇਹ ਸੀ ਤਾਂ ਕੱਪੜਾ। ਸਿਲਕ ਨਾਂ ਤਾਂ ਉਨੀਵੀਂ ਸਦੀ ਵਿਚ ਹੋਇਆ। 1870 ਵਿਚ ਜਰਮਨ ਦਾ ਜੀਔਂ ਗਰਾਫਿਕ ਪਾਲ ਵੀਰਨ ਹੋਇਆ ਜਿਸ ਨੇ ਇਸ ਦਾ



Academy of the Punjab in North America: http://www.apnaorg.com

ਜ਼ਿਕਰ ਕੀਤਾ ਤੇ ਉਸ ਤੋਂ ਬਾਅਦ ਇਸ ਦਾ ਨਾਮ ਕੀੜਿਆਂ ਤੋਂ ਸਿਲਕ ਜਾਂ ਰੇਸ਼ਮ ਰੱਖਿਆ। ਕੱਪੜੇ ਬਾਰੇ ਸਾਰੀ ਦੀ ਸਾਰੀ ਕਾਢ ਚੀਨ ਵਿਚ ਹੀ ਹੋਈ।

ਦੁਨੀਆਂ ਦੀ ਪਹਿਲੀ ਵੱਡੀ ਖੋਜ ਜਾਂ ਪ੍ਰਾਪਤੀ ਕੱਪੜਾ ਹੈ। ਉਹ ਚੀਨ ਵਿਚ ਪੈਦਾ ਹੋਇਆ। ਦੂਸਰੀ ਵੱਡੀ ਖੋਜ ਜਾਂ ਪ੍ਰਾਪਤੀ ਕਾਗਜ਼ ਦੀ ਹੈ। ਕਾਗਜ਼ ਵੀ ਚੀਨ ਵਿਚ ਪੈਦਾ ਹੋਇਆ। ਕਾਗਜ਼ ਤੋਂ ਬਾਅਦ ਹੀ ਪ੍ਰਿੰਟਿੰਗ ਪ੍ਰੈਸਾਂ ਹੋਂਦ ਵਿਚ ਆਈਆਂ ਤੇ ਏਨਾ ਕੁਝ ਅੱਗੇ ਵਧਿਆ। ਚੀਨ ਦੀ ਦੂਸਰੇ ਨੰਬਰ ਤੇ ਪ੍ਰਾਪਤੀ ਕਾਗਜ਼ ਹੈ। ਵੇਖੋ ਕਿੱਡੇ ਕਮਾਲ ਦੀ ਗੱਲ ਹੈ-ਚੀਨ, ਜਿਥੋਂ ਕਾਗਜ਼ ਸ਼ੁਰੂ ਹੋਇਆ, ਜਿਥੋਂ ਪ੍ਰਿੰਟਿੰਗ ਪ੍ਰੈਸ ਸ਼ੁਰੂ ਹੋਈ ਤੇ ਉਥੋਂ ਚੀਨੀ ਭਾਸ਼ਾ ਵਿਚ ਪੁਰਾਣੀਆਂ ਪੁਸਤਕਾਂ ਤੇ ਪੁਰਾਣੇ ਕਾਗਜ਼ ਮਿਲਦੇ ਹੀ ਨਹੀਂ। ਚੀਨੀ ਭਾਸ਼ਾ ਵਿਚ ਵੀਹਵੀਂ ਸਦੀ ਤੋਂ ਪਹਿਲਾਂ ਦੀ ਕੋਈ ਵੀ ਕਿਤਾਬ ਨਹੀਂ ਮਿਲਦੀ । ਉਹ ਪੁਰਾਣੀਆਂ ਕਿਤਾਬਾਂ ਕਿਥੇ ਗਈਆਂ? ਉਨ੍ਹਾਂ ਨਾਲ ਕੀ ਹੋਇਆ? ਇਹ ਉਸ ਸਮੇਂ ਦੇ ਵਾਪਾਰੀ ਹੀ ਜਾਣਨ। ਪਰ ਵੀਹਵੀਂ ਸਦੀ ਤੋਂ ਪਹਿਲਾਂ ਦਾ ਪ੍ਰਕਾਸ਼ਤ ਚੀਨੀ ਸਾਹਿਤ ਕਿੱਥੇ ਚਲੇ ਗਿਆ? ਇਸ ਦਾ ਅੰਦਾਜ਼ਾ ਲਾਉਣ ਲਈ ਇਤਿਹਾਸ ਦੀਆਂ ਬੇਸ਼ੁਮਾਰ ਕਿਤਾਬਾਂ ਫਰੋਲ ਮਾਰੀਆਂ ਕਿ ਕਿਧਰੋਂ ਵੀ ਕੋਈ ਸੰਕੇਤ ਮਿਲੇ ਤਾਂ ਜੋ ਉਧਰ ਜਾ ਕੇ ਪਤਾ ਕਰੀਏ। ਪਰ ਵੀਹਵੀਂ ਸਦੀ ਤੋਂ ਪਹਿਲਾਂ ਦੀ ਚੀਨੀ ਭਾਸ਼ਾ ਵਿਚ ਛਪੀ ਕੋਈ ਕਿਤਾਬ ਸਾਨੂੰ ਨਹੀਂ ਮਿਲੀ।

ਹੈਨਰੀ ਜੀਨ ਮਾਰਟਿੰਨ ਦੇ ਜਦੋ ਨਿਬੰਧ ਪੜ੍ਹੇ ਤਾਂ ਇਨ੍ਹਾਂ ਨੂੰ ਵੀ ਵੀਹਵੀਂ ਸਦੀ ਤੋਂ ਪਹਿਲਾਂ ਦੀ ਚੀਨੀ ਭਾਸ਼ਾ ਵਿਚ ਲਿਖੀ ਹੋਈ ਕਿਤਾਬ ਕੋਈ ਨਹੀਂ ਮਿਲੀ। ਅਸੀਂ ਆਪਣੀ ਖੋਜ ਦਾ ਸਿਲਸਿਲਾ ਬੰਦ ਕਰ ਦਿੱਤਾ। ਦੁਨੀਆਂ ਦੀ ਸਭ ਤੋਂ ਪੁਰਾਣੀ ਛਪੀ ਹੋਈ ਕਿਤਾਬ ਬ੍ਰਿਟਿਸ਼ ਲਾਇਬ੍ਰੇਰੀ ਲੰਡਨ ਵਿਚ ਹੈ। ਚੀਨ ਨੇ ਕੱਪੜੇ ਉੱਤੇ ਛਾਪਣ ਲਈ ਲਕੜੀ ਦਾ ਬਲਾਕ ਬਣਾਇਆ ਹੋਇਆ ਸੀ। ਉਹ ਵੁੱਡ ਬਲਾਕ ਨਾਲ ਛਪੀ ਹੋਈ ਹੈ। ਇਹ ਕਿਤਾਬ ਬੁੱਧ ਧਰਮ ਬਾਰੇ ਹੈ। ਇਹ ਦੁਨੀਆਂ ਦੀ ਸਭ ਤੋਂ ਪਹਿਲੀ ਚਾਈਨੀ ਕਿਤਾਬ ਗਿਣੀ ਜਾਂਦੀ ਹੈ। ਗਿਆਰ੍ਹਵੀਂ ਸਦੀ ਦੌਰਾਨ ਚੀਨ ਵਿਚ ਵੁੱਡ ਬਲਾਕ ਦੀ ਪ੍ਰਿੰਟਿੰਗ ਬਣ ਚੁੱਕੀ ਸੀ। ਇਸ ਦਾ ਸਿਹਰਾ ਬੀ ਸ਼ਿੰਗ ਨੂੰ ਜਾਂਦਾ ਹੈ, ਉਹ ਲੁਹਾਰ ਸੀ, ਜਿਸਨੇ ਲੋਹਾ ਗਰਮਕਰਕੇ ਕੱਟ ਕੇ ਅੱਖਰ ਬਣਾਏ। ਪਰ ਉਨ੍ਹਾਂ ਦਿਨਾਂ ਦੀ ਲਿਖੀ ਹੋਈ ਕਿਤਾਬ ਵੀ ਵੇਖਣਨੂੰ ਨਹੀਂ ਮਿਲਦੀ। ਜਦੋਂ ਜਰਮਨ ਦੇ ਗੁਟਨਬਰਗ ਨੇ **1450** ਵਿਚ ਪ੍ਰਿੰਟਿੰਗ ਪ੍ਰੈਸ ਲਗਾਈ ਤਾਂ ਇਸ ਦਾ ਸੰਕਲਪ ਜਾਂ ਸੋਚ ਤਾਂ ਚੀਨ ਤੋਂ ਹੀ ਆਇਆ ਸੀ। ਦੂਸਰਾ ਵੱਡਾ ਵਾਪਾਰ ਧਾਰਮਕ ਗੱਲਾਂ ਕਹਾਣੀਆਂ ਨੂੰ ਲਿਖ ਕੇ ਇਨ੍ਹਾਂ ਨੂੰ ਛਾਪ ਕੇ ਵੰਡਿਆ ਜਾਵੇ, ਜਿਹੜੀਆਂ ਪਹਿਲੀਆਂ ਪੁਸਤਕਾਂ ਸਨ, ਉਨ੍ਹਾਂ ਨੂੰ ਬਾਈਬਲਾਂ ਕਹਿੰਦੇ ਸੀ, ਉਹਨਾਂ ਨੂੰ ਵੇਚ ਕੇ ਉਨ੍ਹਾਂ ਦੇ ਬਦਲੇ ਵੀ ਬਹੁਤ ਦੇਰ ਤੱਕ ਕੱਪੜਾ ਯੂਰਪੀਅਨ ਲੋਕ ਚੀਨ ਤੋਂ ਲਿਆਉਂਦੇ ਰਹੇ। ਜਾਹਨ ਮੈਸਕਲ ਦੀ ਇੱਕ ਕਿਤਾਬ ਚੀਨੀ ਸਭਿਅਤਾ ਨਾਲ ਜਾਣ ਪਹਿਚਾਣ ਵਿੱਚੋਂ ਇਹ ਹਵਾਲਾ ਦਿੰਦੇ ਹਾਂ। ਇਹ **1973** ਵਿਚ ਕੋਲੰਬੀਆ ਯੂਨੀਵਰਸਿਟੀ ਨੇ ਪਬਲਿਸ਼ਰ ਦੀ ਆਗਿਆ ਨਾਲ ਦੁਬਾਰਾ ਛਪਵਾਈ ਸੀ।

ਤੀਸਰੀ ਵੱਡੀ ਕਾਢ ਜਿਹੜੀ ਦੁਨੀਆਂ ਦੇ ਵਾਸਤੇ ਚੀਨ ਨੇ ਕੱਢੀ, ਉਹ ਸੀ ਟੈਸਟਾਮੈਂਟ, ਜਿਸ ਦਾ ਅਰਥ ਹੈ ਐਗਰੀਮੈਂਟ ਭਾਵ ਇਕਰਾਰਨਾਮਾ। ਚੀਨ ਵਿਚ ਪਹਿਲੀ ਵਾਰ ਲਿਖਤੀ ਇਕਰਾਰਨਾਮੇ ਹੋਣੇ ਸ਼ੁਰੂ ਹੋਏ। ਚੀਨ ਵਿਚ ਪਹਿਲੀ ਵਾਰ ਇਹ ਲਿਖਤੀ ਰੂਪ ਵਿਚ ਵਾਹਿਦੇ ਹੋਏ। ਪਹਿਲਾਂ ਇਹ ਹੱਥ ਮਿਲਾਕੇ ਚਲਦੇ ਸਨ। ਉਨ੍ਹਾਂ ਪਹਿਲੇ ਵਾਹਦਿਆਂ ਨੂੰ ਅਸੀਂ ਕਰੰਸੀ ਵੀ ਕਹਿ ਸਕਦੇ ਹਾਂ। ਉਹ ਲੈਣ ਦੇਣ ਦਾ ਇਕ ਸਾਧਨ ਸੀ। ਉਸ ਨੂੰ ਅਸੀਂ ਕਰੰਸੀ ਦੇ ਰੂਪ ਵਿਚ ਵੀ ਗਿਣ ਸਕਦੇ ਹਾਂ। ਅਸੀਂ ਇਹ ਕਹਿ ਸਕਦੇ ਹਾਂ ਕਿ ਕਰੰਸੀ ਲੈਣ ਦੇਣ ਦਾ ਸਾਧਨ ਹੈ, ਇਹ ਵਟਾਂਦਰੇ ਦਾ ਇਕ ਜ਼ਰੀਆ ਹੈ। ਇਹ ਵੀ ਚੀਨ ਤੋਂ ਪੈਦਾ ਹੋਇਆ। ਭਾਵੇਂ ਕੋਈ ਪੁਰਾਤਨ ਨੋਟ ਜਾਂ ਐਗਰੀਮੈਂਟ ਗਿਆਰ੍ਹਵੀਂ ਸਦੀ ਤੋਂ ਪਹਿਲਾਂ ਦਾ ਨਹੀਂ ਮਿਲਦਾ ਪਰ ਗਿਆਰ੍ਹਵੀਂ ਸਦੀ ਤੱਕ ਦੇ ਰੈਫਰੈਂਸ ਬਹੁਤ ਦਲੀਲਾਂ ਸਹਿਤ ਮਿਲਦੇ ਹਨ। **1024** ਈ. ਦੇ ਵਿਚ ਇਕ ਐਗਰੀਮੈਂਟ, ਜਿਸ ਨੂੰ ਟੈਸਟਾਮੈਂਟ ਕਹਿੰਦੇ ਹਨ, ਚੀਨ ਵਿਚੋਂ ਮਿਲਿਆ।


Academy of the Punjab in North America: http://www.apnaorg.com

ਬਾਰਵੀਂ ਸਦੀ ਵਿਚ ਪੂਰੇ ਪ੍ਰਿੰਟਿਡ ਪਰੋਮਿਸਰੀ ਨੋਟ ਤਾਂ ਚੀਨ ਵਿਚ ਆਮ ਮਿਲਣੇ ਸ਼ੁਰੂ ਹੋ ਗਏ।

ਸਟੀਲ ਦਾ ਉਤਪਾਦਨ ਵੀ ਚੀਨ ਵਿਚ ਹੀ ਜ਼ਿਆਦਾ ਹੋਇਆ। ਇਸਦਾ ਉਤਪਾਦਨ ਭਾਰਤ ਵਿਚ ਵੀ ਸ਼ੁਰੂ ਹੋਇਆ। ਲੇਕਿਨ ਬਹੁਤਾ ਉਤਪਾਦਨ ਚੀਨੀਆਂ ਨੇ ਕੀਤਾ। ਉਤਰ ਪੂਰਬ ਭਾਰਤ, ਉਨਾਂ ਦਿਨਾਂ ਵਿਚ ਚੀਨ ਭਾਰਤ ਨਹੀਂ ਸੀ, ਉਸ ਇਲਾਕੇ ਵਿਚ ਸਟੀਲ ਦਾ ਉਤਪਾਦਨ ਸ਼ੁਰੂ ਹੋਇਆ। ਚੀਨ ਨੇ ਯੂਰਪ ਤੋਂ ਪਹਿਲਾਂ ਕਈ ਸੌ ਸਾਲ, ਲੋਹੇ ਅਤੇ ਸਟੀਲ ਦਾ ਉਤਪਾਦਨ ਤੇ ਉਸ ਦੀ ਵਰਤੋਂ ਸ਼ੁਰੂ ਕਰ ਦਿੱਤੀ ਸੀ। ਜਦੋਂ ਇੰਗਲੈਂਡ ਵਿਚ ਉਦਯੋਗਿਕ ਇਨਕਲਾਬ ਆਇਆ ਤਾਂ ਉਹਦੇ ਵਿਚ ਪਹਿਲਾਂ ਪਹਿਲਾਂ, ਅਠਾਰਵੀਂ ਸਦੀ ਵਿਚ ਜਿਹੜਾ ਇਨਕਲਾਬ ਹੋਇਆ, ਉਨ੍ਹਾਂ ਦੇ ਉਦਯੋਗ ਨੂੰ ਜਿਹੜਾ ਲੋਹਾ ਚਾਹੀਦਾ ਸੀ, ਉਨ੍ਹਾਂ ਦੇ ਉਦਯੋਗਨੂੰ **70**% ਲੋਹਾ ਚੀਨ ਤੋਂ ਹੀ ਇੰਗਲੈਂਡ ਨੂੰ ਜਾਂਦਾ ਸੀ। ਨਾਲ ਦੀ ਨਾਲ ਦੁਨੀਆਂ ਦੀ ਸਭ ਤੋਂ ਨਾਮੁਰਾਦ ਖੋਜ, ਜਿਹੜੀ ਦੁਨੀਆਂ ਨੂੰ ਖਤਮ ਕਰਨ ਵਾਸਤੇ ਸੀ, ਉਸ ਦੀ ਖੋਜ ਵੀ ਚੀਨ ਵਿਚ ਹੋਈ । **1132** ਈ: ਵਿਚ ਗੱਨ ਪਾਉਡਰ ਚੀਨ ਦੇ ਵਿਚ ਹੀ ਵਿਕਸਿਤ ਹੋਇਆ, ਭਾਵੇਂ ਐਟਮ ਬੰਬ ਬਾਅਦ ਵਿਚ ਬਣਿਆਂ। ਦੂਜੇ ਸੰਸਾਰ ਯੁੱਧ ਵਿਚ ਐਟਮ ਬੰਬ ਅਮਰੀਕਾ ਨੇ ਚਲਾਇਆ। ਬੰਬ ਬੰਦੂਕਾਂ ਬਾਕੀ ਲੋਕਾਂ ਨੇ ਪਹਿਲਾਂ ਜ਼ਿਆਦਾ ਬਣਾਏ ਪਰ ਪਟਾਖੇ ਚਲਾਉਣ ਵਾਲਾ ਗੱਨ ਪਾਉਡਰ ਪਹਿਲਾਂ ਚੀਨ ਵਿਚ ਹੀ ਸ਼ੁਰੂ ਹੋਇਆ। ਮੰਗੋਲੀਅਨ ਲੜਾਈ ਦੌਰਾਨ ਤੇਰਵੀਂ ਸਦੀ ਦੇ ਅਖੀਰ ਵਿਚ ਇਸਦੇ ਨਾਲ ਹਮਲਾ ਕੀਤਾ ਗਿਆ ਸੀ। ਪਰ ਬਹੁਤ ਖਤਰਨਾਕ ਤਰੀਕੇ ਨਾਲ ਨਹੀਂ ਕੀਤਾ ਗਿਆ ਸੀ।

ਤੇਰਵੀਂ ਸਦੀ ਵਿਚ ਚੀਨ ਦੁਨੀਆਂ ਦਾ ਬਹੁਤ ਵੱਡਾ ਵਪਾਰਕ ਸੈਂਟਰ ਬਣਗਿਆ ਸੀ। ਕੱਪੜਾ ਵੀ ਚੀਨ ਵਿਚੋਂ ਜਾਂਦਾ ਸੀ। ਚਾਹ ਪੱਤੀ ਦੀ ਬੀਮਾਰੀ ਚੱਲੀ, ਚਾਹ ਦੀਆਂ ਝਾੜੀਆਂ ਵੀ ਇਨ੍ਹਾਂ ਨੇ ਲੱਭ ਕੇ ਨਸ਼ੇ ਵਾਲੇ ਪੱਤੇ ਦੁਨੀਆਂ ਨੂੰ ਵੇਚਣੇਸ਼ੁਰੂ ਕੀਤੇ। ਤੇਰਵੀਂ ਤੇ ਚੌਦਵੀਂ ਸਦੀ ਵਿਚ ਜਿਹੜਾ ਵਾਪਾਰ ਚੀਨ ਨੇ ਕੀਤਾ, ਉਸਦੀ ਕੀ ਗੱਲ ਕਰਨੀ।

ਯੂਰਪੀਨ ਲੋਕ ਕ੍ਰਿਸਚੀਐਨਿਟੀ ਨੂੰ ਬੁੱਧ ਦੇ ਮੁਕਾਬਲੇ ਵਿਚ ਖੜਾ ਕਰਦੇ ਹਨ। ਜਦੋਂ ਬੁੱਧ ਧਰਮ ਸੀ, ਉਦੋਂ ਹੀ ਕ੍ਰਿਸਚੀਐਨਿਟੀ ਪ੍ਰਫੁੱਲਤ ਹੋਈ। ਪਰ ਪੱਛਮੀ ਵਿਦਵਾਨਾਂ ਨੇ ਇਸ ਗੱਲ ਦਾ ਕਿਤੇ ਵੀ ਜ਼ਿਕਰ ਨਹੀਂ ਕੀਤਾ- ਭਈ ਜਦੋਂ ਚੀਨ ਵਿੱਚ ਬੁੱਧ ਮੱਤ ਦੀਆਂ ਗੱਲਾਂ ਹੁੰਦੀਆਂ ਸੀ, ਉਨਾਂ ਦਿਨਾਂ ਵਿਚ ਦੁਨੀਆਂ ਦੇ **70-75**% ਲੋਕ ਭਾਰਤ ਅਤੇ ਚੀਨ ਵਿਚ ਰਹਿੰਦੇ ਸੀ। ਯੂਰਪ ਵਿਚ ਕੇਵਲ **10**% ਲੋਕ ਸਨ। ਉਹ ਵੀ ਮੁਸਲਮਾਨ, ਯਹੂਦੀ ਤੇ ਈਸਾਈ। ਇਹ ਤਿੰਨੋਂ ਆਪਸ ਵਿਚ ਲੜਦੇ ਝਗੜਦੇ ਰਹੇ। ਬਾਅਦ ਵਿਚ ਉਹ **10**% ਵੀ ਤਿੰਨਾਂ ਹਿੱਸਿਆਂ ਵਿਚ ਵੰਡੇ ਗਏ । ਜੇ ਹਿਸਾਬ ਲਗਾਈਏ ਤਾਂ ਈਸਾਈ **3**% ਜਾਂ **4**% ਹੀ ਦੁਨੀਆਂ ਵਿਚ ਸੀ। ਬੁੱਧ ਦੇ ਨਾਲ ਜਾਂ ਹਿੰਦੂ ਧਰਮ ਦੇ ਨਾਲ ਮੁਕਾਬਲੇ ਇਸ ਕਰਕੇ ਕਰਦੇ ਹਨ, ਕਿਉਂਕਿ ਇਨ੍ਹਾਂ ਨੇ ਲਿਖਤੀ ਰੂਪ ਵਿਚ ਕ੍ਰਿਸਚੀਐਨਿਟੀ ਦੁਨੀਆਂ ਵਿਚ ਜਿੰਨੀ ਵੰਡੀ ਓਨੀ ਕਿਸੇ ਧਰਮਨੇ ਮਿਹਨਤ ਨਹੀਂ ਕੀਤੀ। ਲਿਖਤੀ ਰੂਪ ਵਿਚ ਇਨ੍ਹਾਂ ਨੇ **16**ਵੀਂ ਸਦੀ ਵਿਚ ਧਾਰਮਿਕ ਸਾਹਿਤ ਵੰਡਿਆ। ਪੜ੍ਹਣ ਪੜ੍ਹਾਉਣ ਦਾ ਦੌਰ ਸ਼ੁਰੂ ਕਰ ਦਿੱਤਾ। ਇਹ ਬਾਕੀ ਦੁਨੀਆਂ ਉਤੇ ਛਾ ਗਏ। ਚੀਨ ਦਾ ਅਧਿਆਤਮਕ ਪਿਛੋਕੜ ਭਾਰਤ ਨਾਲ ਰਲਦਾ ਹੈ। ਬੁੱਧ ਧਰਮ ਤੇ ਹਿੰਦੂ ਧਰਮ ਵਿਚ ਥੋੜ੍ਹੇ ਬਹੁਤ ਭਾਵੇਂ ਫਰਕ ਸਨ, ਪਰ ਧਰਮ ਤਾਂ ਉਹੀ ਸੀ। ਹਿੰਦੂ ਧਰਮ ਵਿੱਚ ਬੁੱਧ ਨੂੰ ਨੌਵਾਂ ਪੈਗੰਬਰ ਗਿਣਿਆਂ ਹੈ। ਭਗਵਾਨ ਰਾਮ ਤੇ ਭਗਵਾਨ ਕ੍ਰਿਸ਼ਨ ਤੋਂ ਬਾਅਦ ਵਿਚ ਬੁੱਧ ਨੂੰ ਵੀ ਗਿਣਦੇ ਹਨ। ਲੇਕਿਨ ਅਧਿਆਤਮਵਾਦ ਤਾਂ ਭਾਰਤ ਚੀਨ ਦਾ ਇਕੋ ਹੀ ਸੀ। ਦੁਨੀਆਂ ਦੀ ਸਾਇੰਟੇਫਿਕ ਵਿਦਿਆ, ਉਨ੍ਹਾਂ ਦਿਨਾਂ ਵਿਚ ਅਧਿਆਤਮਵਾਦ ਵਾਲੀ ਗੱਲ ਸੀ। ਸਾਇੰਸ ਵੀ ਤਾਂ ਖੋਜ ਹੈ, ਦੁਨੀਆਂ ਦੀ ਪ੍ਰੈਕਟੀਕਲ ਖੋਜ ਹੈ, ਅਧਿਆਤਮਵਾਦ ਵੀ ਆਤਮਕ ਖੋਜ ਹੈ। ਲੇਕਿਨ ਉਨ੍ਹਾਂ ਦਿਨਾਂ ਵਿਚ ਜਿਹੜੀ ਸਾਇੰਟੇਫਿਕ ਵਿਦਿਆ ਸੀ, ਉਹ ਦੁਨੀਆਂ ਵਿਚ ਕਿਧਰੇ ਹੋਰ ਨਹੀਂ ਸੀ। ਚੀਨੀ ਜਾਂ ਯੂਰਪੀਨ ਲੋਕ ਭਾਰਤ ਵਿਚ ਨਾਲੰਦਾ ਯੂਨੀਵਰਸਿਟੀ ਵਿਚ ਪੜ੍ਹਣ ਆਉਂਦੇ ਸਨ। ਯੂਨੀਵਰਸਿਟੀ ਵਿਚ ਪੜ੍ਹਨ ਵਾਲੇ ਸਾਰੇ ਵਿਦਵਾਨਾਂ ਤੇ ਮਹਾਰਾਜਿਆਂ ਦਾ ਜ਼ਿਆਦਾ ਜ਼ਿਕਰ ਆਉਂਦਾ ਹੈ। ਇਹ ਨਾਲੰਦਾ ਯੂਨੀਵਰਸਿਟੀ ਤੋਂ ਵਿਦਿਆ ਪ੍ਰਾਪਤ


Academy of the Punjab in North America: http://www.apnaorg.com

ਕਰਦੇ ਸਨ।

ਨਿਊ ਕਨਫ਼ਿਊਇਜ਼ਮ ਧਰਮ ਚੀਨ ਵਿਚ ਬਹੁਤ ਪ੍ਰਚਲਤ ਹੋ ਗਿਆ ਸੀ। ਵੀਹਵੀਂ ਸਦੀ ਤੱਕ ਇਸ ਦਾ ਬਹੁਤ ਬੋਲਬਾਲਾ ਹੋ ਗਿਆ। ਨਿਊ ਕਨਫ਼ਿਊਇਜ਼ਮ ਧਰਮ ਦੇ ਪੰਜੇ ਥਿੰਕਰ, ਵੱਡੇ ਵਿਦਵਾਨ ਯੂ-ਦੁਨੀ, ਸ਼ਾਓ ਯੈਂਗ, ਯੈਂਗ ਯਾਏ, ਯੈਂਗ ਹਾਓ ਅਤੇ ਯੈਮਯੀ ਸਨ। ਇਨ੍ਹਾਂ ਨੇ ਨਿਊ ਕਨਫ਼ਿਊਇਜ਼ਮ, ਧਰਮ ਨੂੰ ਬਹੁਤ ਮਿਹਨਤ ਤੇ ਵਿਗਿਆਨਕ ਤਰੀਕੇ ਨਾਲ ਚੀਨ ਤੇ ਓਰੀਐਂਟਲ ਦੁਨੀਆਂ ਨੂੰ ਸਮਝਾਉਣ ਦਾ ਯਤਨ ਕੀਤਾ । ਚੀਨ ਨੇ ਆਪਣੀ ਧਾਰਮਕ ਖੋਜ ਵੀ ਸਾਇੰਟੇਫਿਕ ਤਰੀਕੇ ਨਾਲ ਕਰਨ ਦੀ ਕੋਸ਼ਿਸ਼ ਕੀਤੀ। ਇਸੇ ਕਰਕੇ ਹੀ ਕੰਨਫਿਊਇਜ਼ਮ ਧਰਮ ਏਨਾ ਚਮਕਿਆ। ਇਨ੍ਹਾਂ ਨੇ ਹਰ ਗੱਲ ਨੂੰ ਵਿਗਿਆਨਕ ਤਰੀਕੇ ਨਾਲ ਬਣਾਉਣ ਦਾ ਯਤਨ ਕੀਤਾ। **11**ਵੀਂ ਤੇ **12**ਵੀਂ ਸਦੀ ਵਿਚ ਚੀਨ ਵਿਚ ਪੇਂਟਿੰਗ ਚਾਲੂ ਹੋਈ। ਸਭ ਤੋਂ ਪਹਿਲਾਂ ਧਾਰਮਕ ਪੇਂਟਿੰਗ ਸ਼ੁਰੂ ਹੋਈ। ਇਨ੍ਹਾਂ ਹੀ ਸਦੀਆਂ ਵਿਚ ਇਹ ਪੇਂਟਿੰਗ ਕਲਾ ਚੀਨ ਵਿਚ ਸਿਖਰ ’ਤੇ ਪਹੁੰਚ ਗਈ ਸੀ।

ਸੋ ਇਸ ਸਾਰੀ ਭਾਰਤੀ ਚੀਨੀ ਗੱਲਬਾਤ ਦਾ ਕਿੱਸਾ ‘ਸੌ-ਹੱਥ ਰੱਸਾ ਸਿਰੇ ਤੇ ਗੰਢ’ ਵਾਂਗ ਇਹ ਹੈ ਕਿ **13**ਵੀਂ, **14**ਵੀਂ ਤੇ **15**ਵੀਂ ਸਦੀ ਵਿਚ ਵੈਸਟ ਕੈਲੰਡਰ ਦੇ ਹਿਸਾਬ ਨਾਲ **300** ਸਾਲ ਇੰਡੋ - ਚਾਈਨਾ ਦੀ ਸਭਿਅਕ ਤੌਰ ਤੇ ਹੋਰ ਵੀ ਸਾਰੇ ਖੇਤਰਾਂ ਦੀ ਤਰੱਕੀ ਜਾਂ ਖੋਜਾਂ ਜਾਂ ਜਿੰਨੇ ਵੀ ਦੁਨੀਆਂ ਵਾਸਤੇ ਨਵੇਂ ਰਸਤੇ ਬਣਾਏ , ਕੱਪੜਾ ਬਣਾਇਆ, ਪ੍ਰਿੰਟਿੰਗ ਪ੍ਰੈਸ ਬਣਾਈ, ਇਹ ਸਾਰੀਆਂ ਖੋਜਾਂ ਭਾਰਤ ਅਤੇ ਚੀਨਵਿਚ ਹੀ ਹੋਈਆਂ। ਉਸ ਸਮੇਂ, ਇਨ੍ਹਾਂ ਤਿੰਨਾਂ ਸਦੀਆਂ ਵਿਚ ਉਹ ਖੇਤਰ ਵਿਕਸਿਤ ਹੋਇਆ। ਬਾਕੀ ਸਾਰਾ ਇਲਾਕਾ ਇੰਡੋ ਚਾਈਨਾ ਤੇ ਹੀ ਨਿਰਭਰ ਕਰਦਾ ਸੀ, ਕਿਵੇਂ ਉਥੋਂ ਚੀਨ ਵਾਂਗ ਚੀਜ਼ਾਂ ਲਿਆਉਣ ਦਾ ਯਤਨ ਕਰਦੇ ਸੀ। ਉਨ੍ਹਾਂ ਹੀ ਤਿੰਨਾਂ ਸਦੀਆਂ ਵਿਚ ਅਮਰੀਕਾ, ਜਿਸ ਨੂੰ ਨਵੀਂ ਧਰਤੀ ਲੱਭ ਲਈ ਕਹਿੰਦੇ ਸੀ, ਉਹ**15**ਵੀਂ ਸਦੀ ਦੇ ਅਖੀਰ ਵਿਚ ਪਹੁੰਚਦੇ ਹਨ। ਕ੍ਰਿਸਟੋਫਰ ਕੋਲੰਬਸ ਪਹੁੰਚਦਾ ਹੈ ਕਿ ਨਵੀਂ ਧਰਤੀ ਲੱਭ ਲਈ ਹੈ। ਪਰ ਜਦੋਂ ਇਨ੍ਹਾਂ ਨੇ ਨਵੀਂ ਧਰਤੀ ਲੱਭੀ, ਉਨਾਂ ਦਿਨਾਂ ਵਿੱਚ ਸੈਂਕੜੇ, ਹਜ਼ਾਰਾਂ ਨਹੀਂ-ਲੱਖਾਂ, ਕਰੋੜਾਂ ਲੋਕ ਕਿਸੇ ਨਾ ਕਿਸੇ ਤਰੀਕੇ ਕਿਸ਼ਤੀਆਂ ਨਾਲ ਚਲਦੇ ਸਨ। ਕੰਪਾਸ ਵਾਲੀਆਂ ਕਿਸ਼ਤੀਆਂ ਤਾਂ ਅਠਾਰਵੀਂ ਸਦੀ ਵਿਚ ਬਣਨੀਆਂ ਸ਼ੁਰੂ ਹੋਈਆਂ। ਇੰਡੋ ਚਾਈਨਾਂ ਵਿਚ ਤਾਂ ਕੰਪਾਸ ਵਾਲੀਆਂ ਕਿਸ਼ਤੀਆਂ ਬਹੁਤ ਦੇਰ ਪਹਿਲਾਂ ਸੀ। ਜਿਹੜੀਆਂ ਕਿਸ਼ਤੀਆਂ ਵਿਚੋਂ ਵੰਡੀਆਂ ਹੋਈਆਂ ਸਨ, ਇਹ ਬਹੁਤ ਸਦੀਆਂ ਪਹਿਲਾਂ ਸੀ। ਇਨ੍ਹਾਂ ਵਿਚ ਬੈਠ ਕੇ ਸਾਇਬੇਰੀਆਂ ਵੱਲ ਦੀ ਹੋ ਕੇ ਜਾਂ ਕਿਸੇ ਤਰ੍ਹਾਂ ਸਿੱਧੇ ਵਿਚ ਦੀ ਲੰਘ ਕੇ ਚੀਨ ਵਿਚੋਂ ਓਰੀਐਂਟਲ ਲੋਕ -ਇੰਡੋ ਚਾਈਨੀ ਲੋਕ ਅਮਰੀਕਾ ਵਿਚ ਲੱਖਾਂ ਕਰੋੜਾਂ ਦੀ ਗਿਣਤੀ ਵਿਚ ਪਹਿਲਾਂ ਮੌਜੂਦ ਸਨ ਜਦੋਂ ਕੋਲੰਬਸ ਨੇ ਇਸ ਨੂੰ ਲੱਭਿਆ।

ਯੂਰਪ ਹੁਣ ਇਸ ਤਰ੍ਹਾਂ ਲਗਦਾ ਹੈ ਜਿਵੇਂ ਇਹ ਸਾਰੀ ਦੁਨੀਆਂ ਦਾ ਨਕੜਦਾਦਾ ਹੈ। ਯੂਰਪ ਸਾਰੀ ਦੁਨੀਆਂ ਉਪਰ ਰਾਜ ਕਰਦਾ ਰਿਹਾ। ਇੰਗਲੈਂਡ ਦੇ ਰਾਜਵਿਚ ਕਹਿੰਦੇ ਹਨ ਕਿ ਕਦੇ ਸੂਰਜ ਛੁਪਦਾ ਹੀ ਨਹੀਂ ਸੀ। ਇਸ ਤਰ੍ਹਾਂ ਲਗਦਾ ਜਿਵੇਂ ਅੰਗਰੇਜ਼ਾਂ ਨੇ ਸਾਰੀ ਦੁਨੀਆਂ ਦਾ ਇਤਿਹਾਸ ਲਿਖ ਦਿੱਤਾ ਹੈ। ਇਹ ਤਾਂ ਫਿਰ ਸਾਰਿਆਂ ਦੇ ਬੁੱਢੇ ਬਾਬੇ ਹਨ। ਪਰ **15**ਵੀਂ ਸਦੀ ਤੋਂ ਪਹਿਲਾਂ ਦੇ ਯੂਰਪ ਦਾ ਕੋਈ ਵੀ ਨਾਮੋ ਨਿਸ਼ਾਨ ਨਹੀਂ ਮਿਲਦਾ। ਜੋ ਕੁਝ ਵੀ ਹੈ, ਮਿਥਿਆ ਹੋਇਆ ਹੈ ਜਾਂ ਇਨ੍ਹਾਂ ਨੇ ਵਧਾ ਘਟਾ ਕੇ ਲਿਖ ਲਿਆ। ਲੇਕਿਨ **15**ਵੀਂ ਸਦੀ ਤੋਂ ਪਹਿਲਾਂ ਦੇ ਯੂਰਪ ਦੀ ਹੋਂਦ ਬਾਰੇ ਕੋਈ ਵੀ ਸਾਰਥਕ ਸਬੂਤ ਨਹੀਂ ਮਿਲਦਾ। ਕੋਈ ਵੀ ਪੁਰਾਣੀ ਲਿਖਤ ਜਾ ਰਿਕਾਰਡ ਨਹੀਂ ਮਿਲਦਾ, ਲੜਾਈਆਂ ਹੋਈਆਂ, ਝਗੜੇ ਹੋਏ, ਫਰਾਂਸ ਬਣ ਗਿਆ, ਗਰੀਕ ਦੇ ਨਾਲ ਰੋਮਨ ਰਲ ਗਿਆ, ਇਹ ਆਪਸੀ ਲੜਾਈਆਂ ਦਾ ਜ਼ਿਕਰ ਕਰਦੇ ਹਨ।

ਇਨ੍ਹਾਂ ਲੜਾਈਆਂ ਨੂੰ ਰਲ ਗਡ ਕਰਕੇ ਲੇਖਕ ਇਸ ਤਰ੍ਹਾਂ ਰੂਪ ਦਿੰਦੇ ਹਨ ਜਿਵੇਂ ਇਹ ਬਹੁਤ ਪੁਰਾਣਾ ਸੀ। ਰੋਮਨ ਸਭਿਅਤਾ ਤਾਂ ਦੁਨੀਆਂ ਵਿਚ ਸਭ ਤੋਂ ਪੁਰਾਣੀ ਹੈ, ਗਰੀਕ ਸਭਿਅਤਾ ਤਾਂ ਸਭ ਤੋਂ ਪੁਰਾਣੀ ਹੈ, ਇਸ ਹਿਸਾਬ


Academy of the Punjab in North America: http://www.apnaorg.com

ਨਾਲ ਇਨ੍ਹਾਂ ਨੇ ਰੰਗਤ ਦਿਤੀ ਕਿ ਰੋਮਨ ਸੱਭਿਅਤਾ ਸਾਰੀ ਦੁਨੀਆਂ ਦੀ ਬੁੱਢੀ ਮਾਂ ਹੈ। ਪਰ ਇਹੋ ਜਿਹੀ ਕੋਈ ਗੱਲ ਨਹੀਂ ਹੈ। 15ਵੀਂ ਸਦੀ ਤੋਂ ਪਹਿਲਾਂ ਤਾਂ ਯੂਰਪ ਦਾ ਜਾਂ ਗਰੀਕ ਦਾ ਜਾਂ ਰੋਮਨ ਦਾ ਕੋਈ ਵੀ ਜ਼ਿਕਰ ਨਹੀਂ ਮਿਲਦਾ। ਇਹ ਸਾਰੀਆਂ ਗੱਲਾਂ ਮਨੌਤਾਂ ਹੀ ਹਨ। ਉਨ੍ਹਾਂ ਦੀਆਂ ਤਾਰੀਖਾਂ ਜੋ ਮਰਜ਼ੀ ਲਿਖੀ ਜਾਓ। ਸਾਡਾ ਇਸ ਨਾਲ ਕੋਈ ਸਬੰਧ ਨਹੀਂ ਹੈ, ਜਿਵੇਂ ਮਰਜ਼ੀ ਲਿਖੀ ਜਾਣ।

15ਵੀਂ ਸਦੀ ਵਿਚੋਂ ਆਪਣੀ ਕਲਮ ਨਾਲ ਲਿਖ ਕੇ ਕਿ ਭਾਰਤ, ਪਰਸ਼ੀਆ ਅਰਬ ਦੇਸ਼ ਹੈ, ਇਨ੍ਹਾਂ ਤੋਂ ਬਗੈਰ ਇਨ੍ਹਾਂ ਦਾ ਕੁਝ ਵੀ ਸ਼ੁਰੂ ਨਹੀਂ ਹੁੰਦਾ, ਹੌਲੀ ਹੌਲੀ ਉਸ ਦੀ ਮਿਕਦਾਰ ਘਟਾਈ ਜਾਂਦੇ ਹਨ। ਪਹਿਲਾਂ ਇੰਡੋ ਯੂਰਪੀਨ ਭਾਸ਼ਾ ਕਹਿੰਦੇ ਹੁੰਦੇ ਸੀ। ਇੰਡੀਆ ਤੋਂ ਬਗੈਰ ਤਾਂ ਯੂਰਪ ਦਾ ਕੁਝ ਵੀ ਸ਼ੁਰੂ ਨਹੀਂ ਹੁੰਦਾ। ਪਰ ਹੁਣ ਇਸ ਤਰ੍ਹਾਂ ਲੱਗਦਾ ਹੈ, ਕਿਉਂਕਿ ਸਾਰਾ ਇਤਿਹਾਸ, ਬੋਲੀ ਤੇ ਬੰਦੇ ਦਾ ਇਤਿਹਾਸ ਆਦਿਇਹ ਸਾਰਾ ਕੁਝ ਇਨ੍ਹਾਂ ਨੇ ਆਪਣੀ ਕਲਮ ਨਾਲ ਲਿਖ ਲਿਆ। ਜਿਸ ਨੇ ਇਹ ਲਿਖਿਆ, ਉਸ ਨੇ ਆਪਣੀ ਕੀਰਤੀ ਦੇ ਸੋਹਿਲੇ ਤਾਂ ਗਾਉਣੇ ਹੀ ਸਨ। ਇਤਿਹਾਸਦੀ ਜਿਹੜੀ ਕਿਤਾਬ ਤੁਸੀਂ ਪੜ੍ਹਦੇ ਹੋ, ਉਸ ਨੂੰ ਵਧੇਰੇ ਡੂੰਘਾਈ ਵਿਚ ਪੜ੍ਹੋ ਕਿ ਉਹ ਕਿਤਾਬ ਕਦੋਂ ਲਿਖੀ ਗਈ? ਜੇ ਲਿਖਣ ਵਾਲੇ ਨੇ ਇਹ ਜ਼ਿਕਰ ਕੀਤਾ ਹੈ ਕਿ ਇਹ ਐਨੀਆਂ ਸਦੀਆਂ ਪੁਰਾਣੀ ਗੱਲ ਹੋਈ, ਤਾਂ ਘੋਖ ਕਰੋ ਕਿ ਉਸ ਨੇ ਪਹਿਲਾਂ ਉਹ ਤਾਰੀਖ਼ ਕਿਥੋਂ ਲਈ। ਇਹ ਗਹੁ ਨਾਲ ਪੜਤਾਲ ਕਰੋ। ਉਹ ਤਾਰੀਖ ਲੈਣ ਦਾ ਹਵਾਲਾ ਕੀ ਦਿੱਤਾ? ਬਹੁਤੀ ਦੂਰ ਜਾਣ ਦੀ ਲੋੜ ਨਹੀਂ ਪੈਂਦੀ, ਛੇਤੀ ਹੀ ਪਤਾ ਲੱਗ ਜਾਂਦਾ ਹੈ ਕਿ ਇਹ ਸਾਰਾ ਕੁਝ ਮਨ ਮਨੌਤਾਂ ਹੀ ਹਨ । ਦਰਅਸਲ ਸੋਲ੍ਹਵੀਂ ਸਦੀ ਵਿਚ ਆ ਕੇ ਮੂੰਹ ਮੁਹਾਂਦਰਾ ਨਜ਼ਰ ਆਉਣ ਲੱਗਦਾ ਹੈ। ਜਿਹੜੀ ਅਸੀਂ ਪੱਛਮੀ ਸਭਿਅਤਾ ਗਿਣਦੇ ਹਾਂ, ਇਸ ਦਾ ਪੂਰਬੀ ਸਭਿਅਤਾ ਨਾਲੋਂ, ਪੱਛਮੀ ਸਭਿਅਤਾ ਦਾ ਰੰਗ ਚੜ੍ਹਨਾ, ਇਹ ਉਸ ਸਮੇਂ ਤੋਂ ਗਿਣੋ ਜਦੋਂ ਤੋਂ ਇਨ੍ਹਾਂ ਨੇ ਆਪਣਾ ਐਗਰੀਮੈਂਟ ਬਦਲਿਆ। ਇਹ ਓਲਡ ਟੈਸਟਾਮੈਂਟ ਨੂੰ ਨਿਊ ਟੈਸਟਾਮੈਂਟ ਕਹਿੰਦੇ ਹਨ, ਤਾਂ ਟੈਸਟਾਮੈਂਟ ਦਾ ਮਤਲਬ ਕਵਨੈਂਟ ਹੈ। ਇਸ ਦਾ ਭਾਵ ਅਰਥ ਇਹ ਹੈ ਕਿ ਅਸੀਂ ਤੁਹਾਡੇ ਨਾਲ ਵਾਇਦਾ ਕਰਦੇ ਹਾਂ ਕਿ ਤੁਹਾਡੇ ਨਾਲ ਮੁਕਾਬਲਾ ਨਹੀਂ ਕਰਾਂਗੇ। ਇਹ ਜੋ ਇਨ੍ਹਾਂ ਨੇ ਨਿਊ ਟੈਸਟਾਮੈਂਟ ਲਿਖਿਆ, ਇਹ ਨਵਾਂ ਐਗਰੀਮੈਂਟ ਹੈ। ਪੁਰਾਣਾ ਐਗਰੀਮੈਂਟ ਖ਼ਤਮ ਹੋ ਗਿਆ। ਜਦੋਂ ਨਵਾਂ ਕਾਨੂੰਨ ਬਣਾ ਲਈਏ ਤਾਂ ਪੁਰਾਣਾ ਖ਼ਤਮ ਹੋ ਜਾਂਦਾ ਹੈ। ਉਨ੍ਹਾਂ ਇਤਿਹਾਸਕਾਰਾਂ ਦੀਆਂ ਤਾਰੀਖਾਂ ਨੂੰ ਘੋਖ ਕੇ ਵੇਖਣਾ ਚਾਹੀਦਾ ਹੈ। ਨਿਊ ਟੈਸਟਾਮੈਂਟ ਦੀਆਂ ਲਿਖਣ ਤਾਰੀਖਾਂ ਵੇਖੋ। ਤੁਹਾਨੂੰ ਝੱਟ ਗਿਆਨ ਹੋ ਜਾਵੇਗਾ ਕਿ ਇਹ ਜਿਹੜੇ ਨਵੇਂ ਐਗਰੀਮੈਂਟ ਹਨ, ਜਿਸ ਸਭਿਅਤਾ ਨੂੰ ਅਸੀਂ ਪੱਛਮੀ ਸਭਿਅਤਾ ਕਹਿੰਦੇ ਹਾਂ, ਇਨ੍ਹਾਂ ਦੇ ਉਦੋਂ ਤੋਂ ਚਲਦੇ ਹਨ ਜਦੋਂ ਇਨ੍ਹਾਂ ਨੇ 15ਵੀਂ 16ਵੀਂ ਸਦੀ ਦੇ ਵਿਚ ਜਾ ਕੇ ਪੁਰਾਤਨ (ਓਲਡ) ਟੈਸਟਾਮੈਂਟ ਨੂੰ ਜਾ ਕੇ ਨਿਊ ਟੈਸਟਾਮੈਂਟ ਕਹਿ ਲਿਆ ਕਿ ਅਸੀਂ ਉਨ੍ਹਾਂ ਦਾ ਅਨੁਵਾਦ ਕਰ ਲਿਆ। ਉਹ ਪੁਰਾਣੇ ਟੈਸਟਾਮੈਂਟ ਕਿੱਥੇ ਹਨ? ਉਹ ਵਿਖਾਉਂਦੇ ਹੀ ਨਹੀਂ। ਖ਼ੈਰ! ਇਹ ਸਾਡੀ ਚਰਚਾਦਾ ਵਿਸ਼ਾ ਨਹੀਂ ਹੈ।

ਪੱਛਮੀ ਸੱਭਿਅਤਾ ਦਾ ਜਨਮ, 16ਵੀਂ ਸਦੀ ਵਿਚ ਹੋਇਆ। ਜੇ ਅਸੀਂ ਹੋਰ ਨਰਮ ਹੋਈਏ ਤਾਂ 15ਵੀਂ ਸਦੀ ਤੱਕ ਲੈ ਜਾਂਦੇ ਹਾਂ। ਇਸ ਤੋਂ ਪਹਿਲਾਂ ਤਾਂ ਪੱਛਮੀ ਸਭਿਅਤਾ ਦਾ ਨਾਮੋ ਨਿਸ਼ਾਨ ਨਹੀਂ ਸੀ। ਅਸਲ ਵਿਚ ਪੱਛਮੀ ਸਭਿਅਤਾ ਰੱਬ ਅਤੇ ਰੱਬ ਨੂੰ ਮੰਨਣ ਵਾਲਿਆਂ ਦੇ ਵਿਚਾਲੇ ਇਕ ਸ਼ਕਤੀ ਹੈ, ਜੋ ਰੱਬ ਅਤੇ ਬੰਦਿਆਂ ਦੇ ਰਿਸ਼ਤੇ ਵਿਚ ਵਿਕਸਿਤ ਹੋਈ। ਇਹ ਰਿਸ਼ਤਾ ਕੀ ਹੈ? ਇਹ ਪੱਛਮੀ ਮੱਤ ਹੈ। ਪੂਰਬੀਮੱਤ ਨਿਰੋਲ ਰੱਬ ਤੇ ਨਿਰਭਰ ਕਰਦਾ ਸੀ। ਪੂਰਬੀ ਲੋਕਾਂ ਵਿਚ ਰੱਬ ਦਾ ਸਿੱਧਾ ਵਿਸ਼ਵਾਸ ਸੀ। ਸੰਪੂਰਨ ਸੱਚ ਅਤੇ ਝੂਠ ਦੇ ਵਿਚਾਲੇ ਜੋ ਸਮਾਂ ਹੈ, ਉਹ ਪੱਛਮੀ ਸਭਿਅਤਾ ਹੈ। ਜਿਵੇਂ ਜਿਵੇਂ ਗਿਆਨ ਵਿਚ ਵਾਧਾ ਹੁੰਦਾ ਗਿਆ, ਉਸ ਗਿਆਨਵਿਚ ਸਹੀ ਕੀ ਸੀ, ਇਸ ਦੀ ਖੋਜ ਵਿਚੋਂ ਵੈਸਟਰਨ ਖੋਜ ਜੰਮੀ, ਇਹ ਪੱਛਮੀ ਸੱਭਿਅਤਾ। ਇਹ ਸਹੀ ਲਫਜ਼ ਲੱਭਣ ਦਾ ਯਤਨ ਕਰਦੇ ਸੀ, ਉਹ ਪੱਛਮੀ ਸਭਿਅਤਾ ਦੇ ਤੌਰ ਤੇ ਸਾਹਮਣੇ ਆਈ।


Academy of the Punjab in North America: http://www.apnaorg.com

**1860** ਵਿਚ ਆਧੁਨਿਕ ਦੁਨੀਆਂ ਬਾਰੇ ਇਤਿਹਾਸਕਾਰ ਜੈਕੋਬ ਬਰਖਾਰਟ ਦੀ ਕਿਤਾਬ ਛਪੀ। ਇਸ ਵਿਚ ਉਸ ਨੇ ਆਧੁਨਿਕ ਦੁਨੀਆਂ ਤੇ ਪੂੰਜੀਵਾਦ ਤੇ ਪੱਛਮੀ ਸਭਿਅਤਾ ਬਾਰੇ ਵਧੀਆ ਵਧੀਆ ਗੱਲਾਂ ਕੀਤੀਆਂ ਹਨ। ਹੈਸਕਿਨਜ਼ ਇਕ ਇਤਿਹਾਸਕਾਰ ਹੋਇਆ, ਜਿਸ ਦੀ **12**ਵੀਂ ਸਦੀ ਦੀ ਉਨਤੀ ਬਾਰੇ **1920** ਵਿਚ ਇਕ ਕਿਤਾਬ ਛਪੀ ਹੈ। ਉਸ ਕਿਤਾਬ ਵਿਚੋਂ ਲੋਕਾਂ ਨੇ ਉਸਦਾ ਸੰਕਲਪ ਵਿਆਪਕ ਰੂਪ ਵਿਚ ਸਵੀਕਾਰ ਕੀਤਾ। ਆਮ ਤੌਰ ਤੇ ਲੋਕਾਂ ਨੇ ਚਾਰਲਸ ਹੈਸਕਿਨਜ਼ ਦੇ ਸਿਧਾਂਤ ਤੇ ਤਰੀਕੇ ਮੰਨ ਕੇ ਗੱਲਾਂ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ। ਜੋ ਹੈਸਕਿਨਜ਼ ਨੇ ਲਿਖਿਆ, ਉਸਨੂੰ ਮੰਨ ਲਿਆ ਗਿਆ। ਪੰਦਰਵੀਂ ਸਦੀ ਦੇ ਸਿਸਰੋ ਦੇ ਖਤਾਂ ਦੀ ਲੈਟਿਨ ਵਾਰਤਕ ਨੂੰ **15**ਵੀਂ ਸਦੀ ਵਿਚ ਫਰੇਮ ਕੀਤਾ ਗਿਆ। ਦਰਅਸਲ **1871** ਵਿਚ ਡਾਰਵਿਨ ਦੀ ਕਿਤਾਬ 'ਮਨੁੱਖ ਦੀ ਆਮਦ' ਛਪੀ ਤਾਂ ਉਸ ਸਮੇਂ ਤੋਂ ਲੈ ਕੇ ਪੂੰਜੀਵਾਦ ਦੇ ਹੱਕ ਵਿਚ ਉਨੀਂਵੀਂ ਸਦੀ ਦੇ ਅਖੀਰਲੇ ਅੱਧ ਵਿਚ ਜ਼ਿਆਦਾ ਬੋਲਬਾਲਾ ਸ਼ੁਰੂ ਹੋਇਆ।

ਪੂਰਬੀ ਤੇ ਪੱਛਮੀ ਸਭਿਅਤਾ ਨੂੰ ਇਕ ਟੁੱਕ ਵੱਖਰੇ ਵਿਖਾਓ ਤਾਂ ਸ਼ੈਕਸ਼ਪੀਅਰ ਨੂੰ ਵਿਚਾਲੇ ਪਾ ਲਓ। ਸ਼ੈਕਸ਼ਪੀਅਰ ਨੇ ਜਜ਼ਬਿਆਂ ਦੀ ਕੋਈ ਪਰਵਾਹ ਨਹੀਂ ਕੀਤੀ, ਰਿਸ਼ਤਿਆਂ ਤੇ ਵਿਆਹੁਤਾ ਜ਼ਿੰਦਗੀ ਦੀ ਵੀ ਕੋਈ ਪਰਵਾਹ ਨਹੀਂ ਕੀਤੀ, ਧਾਰਮਕ ਰੀਤੀ ਰਿਵਾਜਾਂ ਤੇ ਸਿਧਾਂਤਾਂ ਦੀ ਕੋਈ ਪਰਵਾਹ ਨਹੀਂ ਕੀਤੀ, ਗਰਾਮਰ ਦੀ ਕੋਈ ਪਰਵਾਹ ਨਹੀਂ ਕੀਤੀ। ਲੋਕਾਂ ਨੇ ਇਸ ਨੂੰ ਸ਼ੈਕਸ਼ਪੀਅਰ ਬੋਲੀ ਕਹਿ ਦਿੱਤਾ। ਸ਼ੈਕਸ਼ਪੀਅਰ ਕੋਈ ਗਰਾਮਰ ਤਾਂ ਨਹੀਂ। ਗਰਾਮਰ ਨਾਲ ਵੀ ਸ਼ੈਕਸ਼ਪੀਅਰ ਨੇ ਬਗਾਵਤ ਕੀਤੀ। ਜਿਹੜੇ ਪੁਰਾਣੇ ਰੀਤੀ ਰਿਵਾਜ ਸਨ, ਰੱਬ ਤੋਂ ਡਰ ਕੇ ਚਲਣ ਵਾਲੀਆਂ ਸਿਖਿਆਵਾਂ ਤੇ ਪੂਰਬੀ ਸਭਿਅਤਾ ਦੇ ਵਧੀਆ ਵਿਧੀ ਵਿਧਾਨ, ਜਿਸ ਉਪਰ ਸਭਿਅਤਾ ਮਾਣ ਕਰਿਆ ਕਰਦੀ ਸੀ, ਉਸ ਨੂੰ ਜੇ ਕਿਸੇ ਨੇ ਸਿੱਧੇ ਤੌਰ ਤੇ ਭੰਗ ਕੀਤਾ ਤਾਂ ਸ਼ੈਕਸ਼ਪੀਅਰ ਨੇ ਕੀਤਾ।

ਧਰਮ ਨਾਲੋਂ ਟੁੱਟਣਾ, ਧਰਮ ਦੀ ਪਰਵਾਹ ਨਾ ਕਰਨਾ, ਚਰਚ ਨਾਲੋਂ ਟੁੱਟ ਜਾਣਾ ਇਹ ਕੋਈ ਫਿਲਾਸਫ਼ੀ ਨਹੀਂ ਹੈ। ਮਨੁੱਖਤਾ ਨਾਲੋਂ ਵੱਖਰੀਆਂ ਗੱਲਾਂ ਕਰਨੀਆਂ, ਇਹ ਕੋਈ ਮਨੁੱਖਤਾ ਨਹੀਂ ਹੈ। ਇਨਸਾਨੀਅਤ ਦੀ ਪਰਵਾਹ ਹੀ ਨਾ ਕਰਨੀ, ਇਹ ਕੋਈ ਫਿਲਾਸਫ਼ੀ ਨਹੀਂ ਹੈ। ਪੁਰਾਤਨਤਾ ਨਾਲੋਂ ਬੁਖਲਾ ਕੇ ਆਪਣੇ ਹੀ ਢੰਗ ਨਾਲ ਟਪੂਸੀਆਂ ਮਾਰਨੀਆਂ, ਪਤਾ ਨਹੀਂ ਇਹ ਕਿੱਡੀ ਕੁ ਜਿੱਤ ਸੀ। ਪੱਛਮੀ ਸਭਿਅਤਾ ਦਾ ਉਭਰ ਕੇ ਸਾਹਮਣੇ ਆਉਣਾ, ਮੇਰੇ ਹਿਸਾਬ ਨਾਲ ਸਭਿਅਤਾ ਦਾ ਬਲੀਦਾਨ ਹੈ। ਸ਼ੈਕਸ਼ਪੀਅਰ ਤੋਂ ਪਹਿਲਾਂ ਲੋਕੀਂ ਕਦਰਾਂ-ਕੀਮਤਾਂ ਦਾ ਸਤਿਕਾਰ ਕਰਦੇ ਸਨ। ਪੁਰਾਤਨਤਾ ਤੇ ਧਾਰਮਿਕਤਾ ਦਾ, ਦੀਨ ਮਜ਼ਹਬ ਦੀਆਂ ਰਹੁ ਰੀਤਾਂ ਤੇ ਵੀਚਾਰਾਂ ਦਾ ਸਤਿਕਾਰ ਕਰਦੇ ਸਨ। ਇਸ ਨੇ ਆ ਕੇ ਸਾਰਿਆਂ ਨੂੰ ਉਲੰਘਣਾ ਸ਼ੁਰੂ ਕੀਤਾ। ਇਹ, ਜਿਸਨੂੰ ਅਸੀਂ ਪੱਛਮੀ ਸਭਿਅਤਾ ਕਹਿੰਦੇ ਹਾਂ, ਨੇ ਸ਼ੈਕਸ਼ਪੀਅਰ ਤੇ ਕੋਲੰਬਸ ਨੂੰ ਜ਼ਰੂਰਤ ਨਾਲੋਂ ਜ਼ਿਆਦਾ ਵਡਿਆਈ ਦਿੱਤੀ, ਜਦੋਂ ਕੋਲੰਬਸ **24** ਅਕਤੂਬਰ **1492** ਨੂੰ ਨਵੀਂ ਦੁਨੀਆਂ ਕਿਊਬਾ ਵੈਸਟ ਇੰਡੀਜ਼ ਖੋਜ ਕੇ ਇਥੇ ਆ ਗਿਆ। ਮੇਰੇ ਹਿਸਾਬਨਾਲ ਸਾਡਾ ਇਤਿਹਾਸਕ ਕਿਤਾਬਾਂ ਫਰੋਲਣ ਦਾ ਮੰਤਵ ਇਹ ਸੀ ਕਿ ਇਹ ਕਿਤੋਂ ਪੱਕਾ ਨਹੀਂ ਹੁੰਦਾ ਕਿ ਕੋਲੰਬਸ ਪਹਿਲਾ ਬੰਦਾ ਸੀ, ਜਿਸ ਨੇ ਅਮਰੀਕਾ ਲੱਭ ਲਿਆ। ਉਹਦੇ ਕਈ ਕਾਰਨ ਹਨ। ਇੱਕ ਕਾਰਨ ਤਾਂ ਇਹ ਕਿ ਜੇ ਸਪੇਨ ਤੋਂ ਚਲ ਕੇ **15**ਵੀਂ ਸਦੀ ਦੇ ਅਖੀਰ ਵਿਚ **1492** ਨੂੰ ਅਮਰੀਕਾ ਲੱਭਦਾ ਹੈ ਤੇ ਇੱਥੇ ਅੱਗੇ ਆ ਕੇ ਉਸਨੂੰ ਬੰਦੇ ਲੱਭਦੇ ਹਨ ਤਾਂ ਇਸ ਦਾ ਮਤਲਬ ਹੋਇਆ ਕਿ ਉਥੇ ਅਮਰੀਕਾ ਵਿਚ ਪਹਿਲਾਂ ਬੰਦੇ ਵਸਦੇ ਸਨ। ਦੂਸਰਾ ਇਹ ਕਹਿੰਦੇ ਕਿ ਸਾਇਬੇਰੀਆ ਤੋਂ ਅਲਾਸਕਾਵੱਲ ਟੱਪ ਕੇ ਗਏ, ਉਥੇ ਨੇੜੇ ਨੇੜੇ ਅਨੇਕਾਂ ਟਾਪੂ ਹਨ। ਉਹ ਟਾਪੂ ਜੰਮ ਜਾਂਦੇ ਹਨ। ਉਨ੍ਹਾਂ ਉਪਰ ਦੀ ਬੰਦਾ ਤੁਰ ਸਕਦਾ ਸੀ ਤੇ ਇਥੇ ਆਉਂਦੇ ਰਹੇ। ਜਦੋਂ ਇਨ੍ਹਾਂ ਨੇ ਕਾਰਲ ਮਾਰਕਸ ਨਾਲ ਸੰਧੀ ਕੀਤੀ ਕਿ ਇਹ ਪਤਾ ਕੀਤਾ ਜਾਵੇ ਕਿ ਕੀ ਇਥੇ ਇਕ ਦੂਜੇ ਨਾਲ ਜ਼ਮੀਨ ਰਲਦੀ ਹੈ? ਉਸ ਕਮੇਟੀ ਨੇ ਮਤਾ ਪਾਸ ਕਰ ਲਿਆਕਿ ਇਹ ਟਾਪੂ ਹੈ ਅਤੇ ਪਾਣੀ ਵੀ ਵਿਚ ਆਉਂਦਾ ਹੈ। ਸਾਇਬੇਰੀਆ ਦੀ ਧਰਤੀ ਅਲਾਸਕਾ ਦੇ ਨਾਲ ਠੋਸ ਰੂਪ ਵਿਚ


Academy of the Punjab in North America: http://www.apnaorg.com

ਨਹੀਂ ਰਲਦੀ। ਜੇ ਧਰਤੀ ਨਹੀਂ ਰਲਦੀ ਤਾਂ ਫਿਰ ਬੰਦਾ ਕਿਵੇਂ ਆਇਆ ਹੋਵੇਗਾ? ਇਸ ਲਈ ਉਹ ਗੱਲ ਖ਼ਾਰਜ ਕਰ ਦਿੱਤੀ। ਸਾਇਬੇਰੀਆ ਵੱਲੋਂ ਅਮਰੀਕਾ ਵਿਚ ਕੋਈ ਬੰਦਾ ਨਹੀਂ ਗਿਆ। ਇਹ ਮਤਾ ਪਾਸ ਕਰ ਲਿਆ। ਇਸ ਨੂੰ ਵੀ ਇਕ ਨਿਊ ਟੈਸਟਾਮੈਂਟ ਵਿਚ ਗਿਣ ਲਿਆ ਜਾਵੇ। ਇਹ ਵੀ ਲਿਖਤੀ ਰੂਪ ਵਿਚ ਫੈਸਲਾ ਕਰ ਲਿਆ ਕਿ ਥੋੜ੍ਹਾ ਥੋੜ੍ਹਾ ਹੀ ਸਮੁੰਦਰ ਪੈਂਦਾ ਹੈ, ਭਾਵੇਂ ਕਿਸੇ ਤਰ੍ਹਾਂ ਪੈਂਦਾ ਹੋਵੇ। ਪਾਣੀ ਕਿਵੇਂ ਲੰਘਿਆ? ਜੇ ਉਹ ਨਿੱਕੇ ਨਿੱਕੇ ਟਾਪੂ ਟੱਪੇ ਨਹੀਂ ਜਾ ਸਕਦੇ ਜੋ ਕੋਈ ਵੀ ਟਾਪੂ ਮੀਲ ਤੋਂ ਉਪਰ ਦੇ ਫਰਕ ਨਾਲ ਨਹੀਂ ਹੈ। ਸਿਆਲਾਂ ਨੂੰ ਤਾਂ ਪਾਣੀ ਜੰਮ ਜਾਂਦਾ ਹੈ। ਉਸ ਦੇ ਉਪਰ ਦੀ ਭਾਵੇਂ ਟੈਂਕ ਭਜਾ ਕੇ ਸਾਇਬੇਰੀਆ ਵਿਚੋਂ ਇਧਰ ਅਲਾਸਕਾ ਨੂੰ ਲੈ ਆਉ। ਇਹ ਮੰਨਿਆ ਜਾਂਦਾ ਹੈ ਕਿਬੰਦਾ ਉਥੋਂ ਦੀ ਨਹੀਂ ਲੰਘਿਆ ਕਿਉਂਕਿ ਉਥੇ ਬੇਅਰਿੰਗ ਲੈਂਡ ਬ੍ਰਿਜ ਪਾਣੀ ਸੀ। ਪਾਣੀ ਕਿਵੇ ਂ ਲੰਘਿਆ ਜਾ ਸਕਦਾ ਸੀ। ਕੋਲੰਬਸ ਤਾਂ ਸਪੇਨ ਤੋਂ ਚਲ ਕੇ ਅਟਲਾਂਟਿਕ ਪਾਰ ਕਰਕੇ ਅਮਰੀਕਾ ਪਹੁੰਚ ਸਕਦਾ ਹੈ, ਤਾਂ ਕੀ ਉਹ ਛੋਟੇ ਛੋਟੇ ਟਾਪੂਨਹੀਂ ਪਾਰ ਕਰ ਸਕਦਾ। ਵੇਖੋ ਕਿੱਡੀ ਹੈਰਾਨੀ ਦੀ ਗੱਲ ਹੈ। ਇਕ ਪਾਸੇ ਤਾਂ ਅਸੀਂਸਾਰਾ ਅਟਲਾਂਟਿਕ ਪਾਰ ਕਰਕੇ ਕਹਿ ਦਿੰਦੇ ਹਾਂ ਕਿ ਨਵੀਂ ਧਰਤੀ ਲੱਭ ਲਈ, ਦੂਜੇ ਪਾਸੇ ਆਮ ਆਦਮੀ ਜਿਹੜੇ ਛਾਲਾਂ ਮਾਰ ਕੇ ਟਾਪੂ ਟੱਪ ਸਕਦੇ ਹਨ, ਉਸਨੂੰ ਕਹਿੰਦੇ ਨਹੀਂ ਟੱਪ ਸਕਦਾ ਕਿਉਂਕਿ ਇਸ ਵਿਚ ਪਾਣੀ ਸੀ। ਪਾਣੀ ਵਿਚ ਦੀ ਬੰਦਾ ਕਿਵੇਂ ਲੰਘ ਸਕਦਾ ਸੀ। ਭਲਿਓ ! ਸਾਇਬੇਰੀਆ ਤੋਂ ਨਾਰਥ ਅਮਰੀਕਾ ਨੂੰ ਸਮੁੰਦਰ ਦਾ ਪਾਣੀ ਪੈਂਦਾ ਹੈ, ਜਿਵੇਂ ਧਰਤੀ ਦੇ ਨਾਲ ਨਾਲ ਲੋਕ ਕਿਸ਼ਤੀਆਂ ਰਾਹੀਂ ਦੂਰ-ਦਰਾਡੇ ਨੂੰ ਜਾਂਦੇ ਸਨ, ਇਸ ਤਰ੍ਹਾਂ ਬੰਦਾ ਕਿਉਂ ਨਹੀਂ ਆਇਆ ਹੋਵੇਗਾ। ਚੀਨ ਦੇ ਵਿਚੋਂ ਵੀ ਇੰਡੋ ਚਾਈਨੀ ਲੋਕ ਪਾਣੀ ਦੇ ਨਾਲ ਨਾਲ ਆ ਜਾਂਦੇ ਸਨ, ਜਿਥੇ ਪਾਣੀ ਨਹੀਂ ਜੰਮਿਆ ਹੁੰਦਾ ਸੀ। ਉਹ ਲੱਭਦੇ ਲਭਾਉਂਦੇ ਵੀ ਆ ਜਾਂਦੇ। ਹਜ਼ਾਰਾਂ ਸਾਲ, ਬਹੁਤ ਮੁੱਦਤਾਂ ਪਹਿਲਾਂ ਅਮਰੀਕਾ ਵਿਚ ਬੰਦੇ ਰਹਿ ਰਹੇ ਸਨ। ਕੋਲੰਬਸ ਅਤੇ ਯੂਰਪ ਨੂੰ ਤਾਂ ਇਹ ਸੁਪਨਾ ਵੀ ਨਹੀਂ ਸੀ ਕਿ ਬੰਦੇ ਰਹਿ ਰਹੇ ਹੋਣਗੇ। ਜਦੋਂ ਇਥੋਂ ਦੀ ਵਸੋਂ ਕੋਲੰਬਸ ਨੇ ਲੱਭੀ ਉਦੋਂ ਵੀ ਓਨੇ ਲੋਕ ਸਾਰੇ ਯੂਰਪ ਵਿਚ ਨਹੀਂ ਰਹਿੰਦੇ ਸਨ, ਜਿੰਨੇ ਉਸ ਸਮੇਂ ਅਮਰੀਕਾ ਵਿਚ ਰਹਿ ਰਹੇ ਸਨ। ਪਰ ਇਹ ਨਿਖੇੜ ਕੇ ਨਹੀਂ ਦੱਸਦੇ ਕਿਉਂਕਿ ਯੂਰਪੀਨ ਲੋਕਾਂ ਨੇ ਆਪਣਾ ਸਰਟੀਫ਼ਿਕੇਟ ਲੈ ਲਿਆ ਕਿ ਅਸੀਂ ਨਵੀਂ ਧਰਤੀ ਅਮਰੀਕਾ ਲੱਭ ਲਈ। ਜਾਹਨ ਇਲੀਅਟ ਨੇ ਇਹ ਗੱਲ ਬਹੁਤ ਵਿਸਥਾਰ ਵਿਚ ਕੀਤੀ ਹੈ ਕਿ ਯੂਰਪ ਦੇ ਲੋਕਾਂ ਨੇ ਜਿਹੜਾ ਕੋਲੰਬਸ ਨੂੰ ਹੀਰੋ ਬਣਾ ਦਿੱਤਾ ਹੈ, ਇਸ ਦਾ ਪਹਿਲਾਂ ਕਿਸੇ ਨੂੰ ਕੋਈ ਗਿਆਨ ਨਹੀਂ ਸੀ, ਉਸ ਦੀਆਂ ਕਹਾਣੀਆਂ ਬਣਾ ਲਈਆਂ। 1614ਈਸਵੀਂ ਵਿਚ ਇਕ ਲੋਪੇ ਦੀ ਵੇਗਾ ਨੇ ਨਵੀਂ ਧਰਤੀ ਦੀ ਖੋਜਦਾ ਇਕ ਨਵਾਂ ਡਰਾਮਾ ਬਣਾਇਆ ਤੇ ਉਸਨੇ ਕ੍ਰਿਸਟੋਫਰ ਕੋਲੰਬਸ ਦਾ ਜ਼ਿਕਰ ਕੀਤਾ। ਸੋ 1614 ਈਸਵੀ ਤੋਂ ਬਾਅਦ, ਕ੍ਰਿਸਟੋਫਰ ਕੋਲੰਬਸ ਦੇ ਮਰਨ ਤੋਂ 100 ਸਾਲ ਬਾਅਦ ਪਹਿਲੀ ਵਾਰ ਉਸ ਦੇ ਬਾਰੇ ਕੁਝ ਲਿਖਿਆ ਗਿਆ। ਐਵੇਂ ਚਿੱਠੀਆਂ ਲਿਖ ਕੇ ਸਬੂਤ ਇਕੱਠੇ ਕਰਨ ਦੀ ਕੋਸ਼ਿਸ਼ ਕੀਤੀ ਗਈ। ਜਿਵੇਂ ਸ਼ੇਕਸ਼ਪੀਅਰ ਦੇ ਮਰਨਤੋਂ ਬਾਅਦ ਉਸ ਦੀ ਐਕਟਿੰਗ ਨੂੰ ਲਿਖਤੀ ਰੂਪ ਦਿਤਾ ਗਿਆ, ਉਸੇ ਤਰ੍ਹਾਂ ਹੀ ਇਹ ਕ੍ਰਿਸਟੋਫਰ ਕੋਲੰਬਸ ਦੁਆਰਾ ਨਵੀਂ ਧਰਤੀ ਲੱਭਣ ਦੀਆਂ ਕਹਾਣੀਆਂ ਹਨ। ਇਹ17ਵੀਂ ਸਦੀ ਵਿਚ ਲੋਕਾਂ ਨੇ ਲਿਖੀਆਂ।

ਕੋਲੰਬਸ ਦੀ ਇਸ ਖੋਜ ਨੂੰ ਯੂਰਪੀਨ ਲੋਕਾਂ ਨੇ ਆਪਣਾ ਇਕ ਮਾਅਰਕਾ ਇਸ ਲਈ ਵੀ ਕਿਹਾ ਕਿਉਂਕਿ ਜਦੋ ਕੋਲੰਬਸ ਵੈਸਟ ਇੰਡੀਜ਼ ਵਿਚ ਆਇਆ ਤਾਂ ਮੁੜ ਕੇ ਜਾਂਦਾ ਹੋਇਆ ਇਥੋਂ ਲੋਕਾਂ ਕੋਲੋਂ ਸੋਨਾ ਚਾਂਦੀ ਖਰੀਦ ਕੇ ਲੈ ਗਿਆ। ਸੋਨਾ ਚਾਂਦੀ ਦੀ ਧਾਤ, ਇਥੇ ਅਮਰੀਕੀ, ਭਾਰਤੀ ਤੇ ਇੰਡੋ ਚਾਈਨੀ ਲੋਕਾਂ ਕੋਲ ਪਹਿਲਾਂ ਹੀ ਸੀ। ਇਹ ਲੋਕ ਭਾਰਤ ਤੋਂ ਆ ਕੇ ਇਥੇ ਪਹਿਲਾਂ ਵਾਪਾਰ ਕਰਦੇ ਸਨ। ਇਸ ਦਾ ਮਤਲਬ ਕਿ ਕੰਲੋਬਸ ਦੇ ਆਉਣ ਤੋਂ ਪਹਿਲਾਂ ਉਨ੍ਹਾਂ ਨੇ ਹੀ ਤਰੱਕੀ ਕੀਤੀ ਸੀ। ਇੰਡੋਚਾਈਨੀ ਲੋਕ ਇਥੇ ਸਥਾਪਿਤ ਸਨ। ਉਹ ਚਿਰੋਕਣਾ ਇਥੇ ਵਸਦੇ ਸਨ। ਉਨ੍ਹਾਂ ਕੋਲ ਸਿੱਕੇ ਅਤੇ ਧਾਤਾਂ ਸਨ। ਉਹ ਧਾਰਮਕ ਲੋਕ ਸਨ। ਕੋਲੰਬਸ ਜਦੋ ਸਿੱਕੇ ਲੈ ਗਿਆਤਾਂ ਯੂਰਪ ਦੇ


Academy of the Punjab in North America: http://www.apnaorg.com

ਲੋਕ ਦੇਖ ਕੇ ਦੰਗ ਰਹਿ ਗਏ ਕਿ ਉਥੇ ਤਾਂ ਇਹੋ ਜਿਹੀਆਂ ਧਾਤਾਂ ਹਨ ਕਿਉਂ ਨਾ ਅਸੀਂ ਆਪਣੀ ਮਾਲਕੀ ਕਰੀਏ ਤੇ ਦੱਸੀਏ ਕਿ ਅਸੀਂ ਨਵੀਂ ਧਰਤੀ ਲੱਭੀਹੈ, ਚਲੋ ਅਸੀਂ ਇਥੋਂ ਦੇ ਮਾਲਕ ਬਣੀਏ। ਉਨ੍ਹਾਂ ਨੇ ਮਾਲਕ ਬਣਨ ਦੀ ਕੋਸ਼ਿਸ਼ ਵੀ ਕੀਤੀ। ਯੂਰਪ ਦੇ ਸਾਰੇ ਦੇਸ਼ਾਂ-ਫਰਾਂਸ, ਇੰਗਲੈਂਡ, ਸਪੇਨ ਆਦਿ ਨੇ ਮਾਲਕ ਬਣਨਦੀ ਕੋਸ਼ਿਸ਼ ਕੀਤੀ। ਪੁਰਤਗਾਲੀਆਂ ਨੇ ਮਾਲਕ ਬਣਨ ਦਾ ਯਤਨ ਕੀਤਾ। ਸਾਰੇ ਦੇਸ਼ਾਂ ਨੇ ਇਸ ਪਾਸੇ ਵੱਲ ਧਾਵਾ ਬੋਲ ਦਿੱਤਾ। ਅਸੀਂ ਅਮੈਰੀਗੂ ਦਾ ਪਿਛਲੇ ਅਧਿਆਇਆਂ ਵਿਚ ਜ਼ਿਕਰ ਵੀ ਕੀਤਾ ਹੈ, ਉਸ ਨੇ ਸਾਊਥ ਅਮਰੀਕਾ ਲੱਭ ਲਿਆ। ਉਹ ਸਾਰੇ ਇਧਰ ਨੂੰ ਭੱਜ ਤੁਰੇ ਕਿ ਇਥੇ ਤਾਂ ਸਿੱਕੇ ਹਨ, ਅਸੀ ਵਾਪਾਰ ਕਰ ਸਕਦਾ ਹਾਂ। ਇਥੇ ਬੀਜ ਤੇ ਨਕਸ਼ ਹਨ। ਵਾਪਾਰਕ ਨਜ਼ਰੀਏ ਨਾਲ ਕਬਜ਼ਾ ਕਰਨ ਲਈ ਤੇ ਨਵੀਂ ਧਰਤੀ ਕਹਿ ਕੇ ਕਬਜ਼ਾ ਕਰਨ ਦਾ ਪੂਰਾ ਯਤਨ ਕੀਤਾ। ਜੇ ਸਹੀ ਢੰਗ ਨਾਲ ਵੇਖੀਏ ਤਾਂ ਕੋਲੰਬਸ ਨੇ ਕੁਝ ਨਹੀਂ ਲੱਭਿਆ। ਧਰਤੀ ਪਹਿਲਾਂ ਵਸਦੀ ਸੀ। ਸਾਰਾ ਯੂਰਪ ਵਿਚ ਬੰਦਿਆਂ ਦੀ ਆਬਾਦੀ ਵੀ ਓਨੀ ਨਹੀਂ ਸੀ ਜਿੰਨੀ ਅਮਰੀਕਾ ਵਿਚ ਕੋਲੰਬਸ ਦੇ ਆਉਣ ਤੋਂ ਪਹਿਲਾਂ ਇਥੇ ਵਸਦੀ ਸੀ।

ਬਾਈਬਲ ਦੇ ਵਿਚ ਯੂਰਪ ਏਸ਼ੀਆ ਤੇ ਅਫਰੀਕਾਂ ਦੀਆਂ ਧਰਤੀਆਂ ਦਾ ਜ਼ਿਕਰ ਆਉਂਦਾ ਹੈ, ਪਰ ਇਹ ਜੋ ਅੱਜ ਦਾ ਅਮਰੀਕਾ ਹੈ, ਇਹ ਏਸ਼ੀਆ ਦਾ ਹਿੱਸਾ ਸੀ। ਇਸ ਵਿਚ ਏਸ਼ੀਅਨ ਲੋਕ ਪਹਿਲਾਂ ਆਉਂਦੇ ਸਨ। ਇਹ ਵੀ ਅਸੀਂ ਕਹਿ ਸਕਦੇ ਹਾਂ ਕਿ ਅਮਰੀਕਾ ਵਿਚ ਬਹੁਤ ਚਿਰੋਕਣੀ ਤਰੱਕੀ ਹੋਈ ਹੋਵੇਗੀ। ਭਾਰਤੀ ਚੀਨੀ ਲੋਕ ਘੁੰਮਦੇ ਘੁਮਾਉਂਦੇ ਪਹਿਲਾਂ ਗੋਆ ਵਿਚ ਗਏ, ਕਿਸੇ ਵਜ੍ਹਾ ਕਰਕੇ ਇਥੇ ਪਹਿਲਾਂ ਪਹੁੰਚੇ ਹੋਣਗੇ। ਇਥੇ ਤਰੱਕੀ ਹੋਈ ਹੋਵੇ। ਇਸ ਪਾਸੇ ਕਿਸੇ ਨੇ ਖੋਜ ਕਰਨ ਦਾ ਯਤਨ ਹੀ ਨਹੀਂ ਕੀਤਾ। ਬਸ ਇਹ ਹੀ ਕਹਿ ਦਿੱਤਾ ਕਿ ਅਸੀਂ ਲੱਭਿਆ। ਇਹ ਧਰਤੀ ਸਾਡੀ ਹੈ ਅਤੇ ਅਸੀਂ ਇਸ ਨੂੰ ਲੁੱਟ ਸਕਦੇ ਹਾਂ। ਅਮਰੀਕਾ ਵਿਚ ਜਿਹੜੇ ਲੋਕ ਯੂਰਪੀਨ ਲੋਕਾਂ ਤੇ ਕੋਲੰਬਸ ਹੁਰਾਂ ਲੱਭੇ ਸਨ, ਉਹ ਧਾਰਮਕ ਲੋਕ ਸਨ। ਉਹ ਮਰਜ਼ੀ ਨਾਲ ਚੱਲਣ ਵਾਲੇ ਵਾਪਾਰੀ ਘੱਟ ਤੇ ਰੱਬ ਤੋਂ ਡਰ ਕੇ ਰਹਿਣ ਵਾਲੇ ਬੰਦੇ ਵੱਧ ਸਨ। ਉਨ੍ਹਾਂ ਨੂੰ ਯੂਰਪੀਨ ਲੋਕਾਂ ਨੇ ਘਟੀਆ ਤਰੀਕੇ ਨਾਲ ਹੀ ਗਿਣਿਆਂ। ਇੰਡੀਅਨਾਂ ਬਾਰੇ, ਕਿਸੇ ਨੇ ਕਹਾਣੀਆਂ ਬਣਾਈਆਂ ਕਿ ਇਹ ਤਾਂ ਜੰਮੇ ਹੀ ਕੰਮ ਕਰਨ ਜਾਂ ਗੁਲਾਮੀ ਕਰਨ ਵਾਸਤੇ ਹਨ। ਇਹ ਤਾਂ ਸਾਡੇ ਯੂਰਪੀਨ ਲੋਕਾਂ ਦੀ ਸੇਵਾ ਕਰਨ ਲਈ ਹੀ ਹਨ। ਕਿਸੇ ਨੇ ਲਿਖਿਆ ਕਿ ਇਹ ਬਾਂਦਰਾਂ ਵਰਗੇ ਹਨ, ਕਿਸੇ ਨੇ ਲਿਖਿਆ ਕਿ ਇਨ੍ਹਾਂ ਉਤੇ ਕੁੱਤੇ ਦਾ ਸਿਰ ਲੱਗਿਆ ਹੈ। ਇਨ੍ਹਾਂ ਬਣਾਈਆਂ ਕਹਾਣੀਆਂ ਕਰਕੇ ਹੀ ਸ਼ਾਇਦ ਡਾਰਵਿਨ ਨੇ ਕਹਾਣੀਆਂ ਦੇ ਆਧਾਰ ਤੇ ਲਿਖ ਦਿੱਤਾ ਕਿ ਬੰਦਾ ਬਾਂਦਰਾਂ ਤੋਂ ਬਣਿਆ। ਬੰਦਾ ਬਾਂਦਰਾਂ ਤੋਂ ਨਹੀਂ ਬਣਿਆ। ਬੰਦਾ ਗੁਲਾਮੀ ਵਾਸਤੇ ਨਹੀਂ ਜੰਮਿਆਂ। ਬੰਦੇ ਇਕੋ ਜਿਹੇ ਹਨ, ਭਾਵੇਂ ਉਹ ਦੁਨੀਆਂ ਵਿਚ ਕਿਤੇ ਵੀ ਜੰਮੇ ਹੋਣ। ਇਹ ਪ੍ਰਭਾਵ ਜਾਂ ਇਹ ਮਨਘੜਤ ਕਹਾਣੀਆਂ ਸਿਰਫ਼ ਰਾਜ ਕਰਨ ਲਈ ਜਾਂ ਲੋਕਾਂ ਨੂੰ ਲੁੱਟਣ ਲਈ ਸਨ। ਅਮਰੀਕਾ ਨੂੰ ਲੁੱਟਣ ਲਈ, ਸਭ ਤੋਂ ਪਹਿਲਾਂ ਯੂਰਪ ਨੇ ਪਹਿਲ ਕਦਮੀ ਕੀਤੀ। ਸਾਰੇ ਟੋਲੀਆਂ ਬਣਾ ਕੇ ਆ ਗਏ ਕਿ ਅਸੀਂ ਸਾਰਾ ਲੁੱਟ ਕੇ ਲੈ ਆਈਏ ਇਥੋਂ ਦੇ ਲੋਕ ਧਾਰਮਕ ਸੀ। ਉਨ੍ਹਾਂ ਨੇ ਮੁਕਾਬਲਾ ਨਾ ਕੀਤਾ। ਉਹ ਝੁਕਦੇ ਗਏ ਇਸ ਤਰ੍ਹਾਂ ਕਰਨ ਵਿਚ ਯੂਰਪ ਕਾਮਯਾਬ ਹੋ ਗਿਆ। ਪਰ ਇਸ ਦਾ ਮਤਲਬ ਇਹ ਨਹੀਂ ਕਿ ਇਹ ਧਰਤੀ ਯੂਰਪੀਅਨ ਸੀ ਜਾਂ ਉਨ੍ਹਾਂ ਨੇ ਲੱਭੀ ਸੀ ਜਾਂ ਉਨ੍ਹਾਂ ਦਾ ਹੀ ਇਥੇ ਕੋਈ ਹੱਕ ਬਣਦਾ ਸੀ। ਇਹ ਕੁਦਰਤ ਨੇ, ਪਰਮਾਤਮਾ ਨੇ ਜਿਵੇ ਜਿਵੇਂ ਧਰਤੀ ਪੈਦਾ ਕੀਤੀ, ਜਿਵੇਂ ਜਿਵੇਂ ਬੰਦੇ ਨੂੰ ਬਣਾਇਆ, ਉਵੇਂ ਬਣਿਆ। ਇਹ ਕਿਸੇ ਦੀ ਮਲਕੀਅਤ ਨਹੀਂ ਹੈ। ਹੁਣ ਇਹ ਨਵੀਆਂ ਖੋਜਾਂ ਹੋਣਗੀਆਂ। ਯੂਰਪ ਨੇ ਇਥੇ ਆਣ ਕੇ ਅਮਰੀਕਾ ਉਪਰ ਸਭ ਤੋਂ ਪਹਿਲਾਂ ਜ਼ਿਆਦਤੀ ਕੀਤੀ। ਅਮਰੀਕੀ ਭਾਰਤੀਆਂ ਬਾਰੇ ਖੋਜਾਂ ਹੋਈਆਂ ਹਨ। ਖੋਜ ਪੱਤਰਾਂ ਵਿਚ ਸਾਨੂੰ ਜ਼ਿਕਰ ਮਿਲਦਾ ਹੈ। ਸਤੀ ਦੀ ਰਸਮ ਦਾ ਜ਼ਿਕਰ ਮਿਲਿਆ, ਰੱਬ ਤੋਂ ਡਰਨ ਵਾਲੇ ਬੰਦਿਆਂ ਦਾ ਜ਼ਿਕਰ ਮਿਲਿਆ, ਕਬੀਲਿਆਂ ਦਾ ਜ਼ਿਕਰ ਮਿਲਿਆ, ਜਿਨਾਂ ਵਿਚ ਸਭ ਤੋਂ ਵੱਡਾ ਪੁਰਖ ਬਜ਼ੁਰਗ ਸੀ, ਉਸ ਨੂੰ ਸਾਰਿਆਂ ਦਾ ਮੁੱਖੀ


Academy of the Punjab in North America: http://www.apnaorg.com

ਮੰਨਦੇ ਸਨ। ਇਹ ਸਾਰੇ ਰੀਤੀ ਰਿਵਾਜ ਚੀਨ ਨਾਲ ਮੇਲ ਖਾਂਦੇ ਸਨ। ਪੱਛਮੀ ਸਭਿਅਤਾ ਦਾ ਕੰਮ ਆਉਣ ਵਾਲਾ ਜਿਹੜਾ ਵਧੀਆ ਰੂਪ ਹੈ, ਉਹ 17ਵੀਂ ਤੇ 18ਵੀਂ ਸਦੀ ਦੇ ਵਿਚ ਜਾ ਕੇ ਸਾਹਮਣੇ ਆਇਆ ਹੈ। ਕੋਲੰਬਸ ਸਤਾਰਵੀਂ ਸਦੀ ਵਿਚ ਜਾ ਕੇ ਹੀ ਕਿਉਂ ਮਸ਼ਹੂਰ ਹੋਇਆ।

**ਅਮਰੀਕਾ ਵਿਚ ਜਿਹੜੇ ਲੋਕ ਯੂਰਪੀਨ ਲੋਕਾਂ ਤੇ ਕੋਲੰਬਸ ਹੁਰਾਂ ਲੱਭੇ ਸਨ, ਉਹ ਧਾਰਮਕ ਲੋਕ ਸਨ। ਉਹ ਮਰਜ਼ੀ ਨਾਲ ਚੱਲਣ ਵਾਲੇ ਵਾਪਾਰੀ ਘੱਟ ਤੇ ਰੱਬ ਤੋਂ ਡਰ ਕੇ ਰਹਿਣ ਵਾਲੇ ਬੰਦੇ ਵੱਧ ਸਨ। ਉਨ੍ਹਾਂ ਨੂੰ ਯੂਰਪੀਨ ਲੋਕਾਂ ਨੇ ਘਟੀਆ ਤਰੀਕੇ ਨਾਲ ਹੀ ਗਿਣਿਆਂ। ਇੰਡੀਅਨਾਂ ਬਾਰੇ, ਕਿਸੇ ਨੇ ਕਹਾਣੀਆਂ ਬਣਾਈਆਂ ਕਿ ਇਹ ਤਾਂ ਜੰਮੇ ਹੀ ਕੰਮ ਕਰਨ ਜਾਂ ਗੁਲਾਮੀ ਕਰਨ ਵਾਸਤੇ ਹਨ। ਇਹ ਤਾਂ ਸਾਡੇ ਯੂਰਪੀਨ ਲੋਕਾਂ ਦੀ ਸੇਵਾ ਕਰਨ ਲਈ ਹੀ ਹਨ।**


Academy of the Punjab in North America: http://www.apnaorg.com

# ਨਵੀਂ ਧਰਤੀ - ਅਮਰੀਕਾ

ਅਮਰੀਕਾ ਨੂੰ ਨਵੀਂ ਧਰਤੀ ਦੇ ਤੌਰ ਤੇ ਸਭ ਤੋਂ ਪਹਿਲਾਂ ਯੂਰਪ ਦੇ ਲੋਕਾਂ ਨੇ ਐਲਾਨ ਕੀਤਾ ਤੇ ਗਿਣਿਆਂ। ਜਦੋਂ ਯੂਰਪ ਦੇ ਦੇਸ਼ਾਂ ਫਰਾਂਸ, ਸਪੇਨ, ਪੁਰਤਗਾਲ ਤੇ ਇੰਗਲੈਂਡ ਨੂੰ ਪਤਾ ਲੱਗ ਗਿਆ ਤਾਂ ਇਨ੍ਹਾਂ ਸਾਰਿਆਂ ਨੇ ਵੇਖਿਆ ਕਿ ਇਹ 2 ਕਰੋੜ ਵਰਗ ਮੀਲ ਧਰਤੀ ਹੈ, ਇਸ ਧਰਤੀ ਉਪਰ ਆਪਣਾ ਹੱਕ ਜਮਾਈਏ ਅਤੇ ਇਥੋਂ ਦਾ ਸੋਨਾ ਚਾਂਦੀ ਤਾਂ ਖਿਚ ਕੇ ਲਿਆ ਸਕਦੇ ਹਾਂ। ਚੀਨ ਤੋਂ ਤਾਂ ਇਹ ਲੋਕ ਡਰਦੇ ਸਨ। ਥੋੜ੍ਹੇ ਜਿਹੇ ਇਲਾਕੇ ਵਿਚ ਬਹੁਤ ਲੋਕ ਰਹਿੰਦੇ ਸਨ। ਯੂਰਪੀਨ ਲੋਕ ਇਨ੍ਹਾਂ ਤੋਂ ਕੰਨ ਵੀ ਭੰਨਦੇ ਸਨ ਤੇ ਥੋੜ੍ਹਾ ਡਰਦੇ ਵੀ ਸਨ। ਰੇਸ਼ਮ, ਕਾਗਜ਼, ਸਟੀਲ ਤੇ ਹੋਰ ਕਈ ਵਸਤਾਂ ਉਧਰੋਂ ਲਿਆ ਕੇ ਉਸ ਦਾ ਪੂਰਾ ਮੁੱਲ ਤਾਰਨਾ ਪੈਂਦਾ ਸੀ। ਭਾਵੇਂ ਨਸ਼ੇ ਵੇਚੇ ਜਾਂ ਧਾਰਮਿਕ ਕਿਤਾਬਾਂ ਵੇਚ ਕੇ ਕੁਝ ਕਰਨਾ ਪੈਂਦਾ ਸੀ।

ਇਧਰ ਭਾਰਤ ਉੱਤੇ ਜਦੋਂ ਮੁਸਲਮਾਨਾਂ ਦਾ ਕਬਜ਼ਾ ਹੋ ਗਿਆ ਤਾਂ ਉਥੇ ਵੀ ਇਹ ਯੂਰਪ ਦੇ ਲੋਕਾਂ ਨੂੰ ਖੰਘਣ ਨਹੀਂ ਦਿੰਦੇ ਸਨ। ਪਹਿਲਾਂ ਉਥੋਂ ਹੀ ਡਰ ਲਗਦਾ ਸੀ। ਇਹ ਦੋ ਧਰਤੀਆਂ ਸਨ -ਇੰਡੀਆ ਤੇ ਚੀਨ, ਜਿਨ੍ਹਾਂ ਨਾਲ ਯੂਰਪੀ ਵਪਾਰੀ ਲੋਕ ਵਾਪਾਰ ਕਰਦੇ ਸਨ। ਜਦੋਂ ਦੋਵੇਂ ਧਰਤੀਆਂ ਉਤੇ, ਭਾਰਤ ਉਤੇ ਇਸਲਾਮਕ ਕਬਜ਼ਾ ਹੋ ਗਿਆ ਤਾਂ ਮੁਹੰਮਦੀ ਲੋਕ ਬਹੁਤ ਸਖ਼ਤ ਸਨ, ਇਲਾਕੇ ਬਹੁਤ ਜ਼ਿਆਦਾ ਸਨ, ਇਸਾਈਅਤ ਵਾਲੇ ਉਨ੍ਹਾਂ ਤੋਂ ਡਰਦੇ ਸਨ। ਈਸਾਈਅਤ ਵਾਲੇ ਭਾਵੇਂ ਇਨ੍ਹਾਂ ਦੇ ਭਰਾ ਹੀ ਸਨ। ਉਨ੍ਹਾਂ 'ਚੋਂ ਜੰਮੇ ਸੀ। ਪਰ ਚੀਨ ਦੀ ਵਸੋਂ ਬੜੀ ਸੀ। ਉਨ੍ਹਾਂ ਦੀ ਆਪਣੀ ਸ਼ਕਤੀ ਦਿਸਦੀ ਸੀ। ਉਹ ਉਸ ਤੋਂ ਵੀ ਡਰਦੇ ਸਨ। ਯੂਰਪੀਨ ਲੋਕਾਂ ਨੂੰ ਅਮਰੀਕਾ ਲੱਭ ਗਿਆ ਕਿ ਇਹ ਨਵੀਂ ਧਰਤੀ ਹੈ, ਇਥੇ ਚੱਲ ਕੇ ਕਬਜ਼ਾ ਕਰੀਏ। ਪਹਿਲਾਂ ਵੀ ਸਾਰੇ ਯੂਰਪ ਨੇ ਰਲ ਕੇ ਅਮਰੀਕਾ ਉਪਰ ਹੱਕ ਜਮਾਉਣ ਦਾ ਯਤਨ ਕੀਤਾ। ਬਹੁਤ ਲੰਬੀ ਚੌੜੀ ਧਰਤੀ ਸੀ ਤੇ ਲੋਕ ਯੂਰਪ ਨਾਲੋਂ ਜ਼ਿਆਦਾ ਸਨ। ਪਰ ਏਡੀ ਵੱਡੀ ਧਰਤੀ, ਜਿਸਦਾ ਖੇਤਰਫਲ 2 ਕਰੋੜ ਵਰਗ ਮੀਲ ਸੀ, ਬਹੁਤ ਲੰਬਾ ਚੌੜਾ ਖੇਤਰ ਹੁੰਦਾ ਹੈ, ਜਿਸ ਦੇ ਵਿਚ ਉਹ ਥੋੜੇ ਥੋੜ੍ਹੇ ਲਗਦੇ ਸਨ। ਇਸ ਲਈ ਯੂਰਪ ਨੂੰ ਹਾਵੀ ਹੋਣ ਲਈ ਬਹੁਤ ਸਮਾਂ ਨਾ ਲੱਗਿਆ। ਅਠਾਰਵੀਂ ਸਦੀ ਵਿਚ ਸਾਰਾ ਯੂਰਪ ਰਲ ਕੇ ਕਬਜ਼ੇ ਕਰਦਾ ਰਿਹਾ। ਜਿਸ ਤਰ੍ਹਾਂ ਵੀ ਉਨ੍ਹਾਂ ਨੂੰ ਸੂਤ ਆਉਂਦਾ ਸੀ, ਉਹ ਕਰਦੇ ਰਹੇ। ਉਨੀਂਵੀਂ ਸਦੀ ਵਿਚ ਬ੍ਰਿਟਿਸ਼ਾਂ ਦਾ ਦਬਦਬਾ ਵਧ ਗਿਆ। ਜਦੋਂ ਇੰਗਲੈਂਡ ਦੀ ਸਿਆਸਤ ਨੇ ਰੰਗ ਵਿਖਾਏ ਇਹ ਤਕਰੀਬਨ ਦੁਨੀਆਂ 'ਤੇ ਛਾ ਗਏ। ਉਨੀਵੀਂ ਸਦੀ ਵਿਚ ਸਾਰੀ ਉਦਯੋਗਿਕ ਸਭਿਅਤਾ ਨੇ ਆਪਣਾ ਰੰਗ ਵਿਖਾਇਆ। 19ਵੀਂ ਸਦੀ ਵਿਚ ਹੀ ਐਲਸਾਂਦਰੋ ਵੋਲਟਾ ਨੇ ਬਿਜਲੀ ਦੀ ਖੋਜ ਵੀ ਕਰ ਦਿੱਤੀ, ਇਸ ਤਰ੍ਹਾਂ ਇੰਗਲੈਂਡ ਦਾਹੀ ਚਾਰੇ ਪਾਸੇ ਚਰਚਾ ਚਲਦਾ ਸੀ। ਸਾਰਿਆਂ ਨੇ ਮਹਿਸੂਸ ਕੀਤਾ ਕਿ ਇੰਗਲੈਂਡ ਦੀ ਬਹੁਤ ਜ਼ਰੂਰਤ ਹੈ। ਅਮਰੀਕਾ ਵੀ ਉਨ੍ਹਾਂ ਦਿਨਾਂ ਵਿਚ ਇੰਗਲੈਡ ਦੀ ਧਰਤੀ ਸੀ। ਇੰਗਲੈਂਡ ਦਾ ਹੀ ਨਾਂ ਚਲਦਾ ਸੀ। ਜਿੰਨਾਂ ਚਿਰ ਅਮਰੀਕਾ ਵਾਸੀਆਂ ਨੂੰ ਇਹ ਅਹਿਸਾਸ ਨਹੀਂ ਹੋਇਆ ਕਿ ਇਹ ਤਾਂ ਸਾਨੂੰ ਲੁੱਟ-ਲੁੱਟ ਕੇ ਸਾਡਾ ਸਾਮਾਨ ਯੂਰਪ ਵਿਚ ਲਈ ਜਾ ਰਹੇ ਹਨ, ਯੂਰਪ ਵਿਚੋਂ ਚੀਜ਼ਾਂ ਬਣਾ ਕੇ ਅਗਾਂਹ ਏਸ਼ੀਆ ਵਿਚ ਵੇਚ ਰਹੇ ਹਨ, ਇਥੇ ਵੀ ਲੈ ਲਿਆਉਂਦੇ ਹਨ-ਇਹ ਤਾਂ ਕੰਮ ਸਹੀ ਨਹੀਂ ਹੈ। ਜਦੋਂ ਤੱਕ ਇਨ੍ਹਾਂ ਨੇ ਬਗ਼ਾਵਤ ਨਹੀਂ ਕੀਤੀ, ਉਦੋਂ ਤੱਕ ਇੰਗਲੈਂਡ ਅਮਰੀਕਾ ਨੂੰ ਦੋਹੀਂ ਹੱਥੀਂ ਲੁੱਟਦਾ ਰਿਹਾ।

ਅਸਲ ਵਿਚ 19ਵੀਂ ਸਦੀ ਵਿਚ ਅਮਰੀਕਾ ਨੂੰ ਆਪਣੀ ਸ਼ਕਤੀ ਮਹਿਸੂਸ ਹੋਣੀ ਸ਼ੁਰੂ ਹੋਈ ਤੇ ਇਸ ਤਰ੍ਹਾਂ ਬਹੁਤ ਸਾਰੀਆਂ ਖੋਜਾਂ ਸਾਹਮਣੇ ਆਈਆਂ। ਡਾਰਵਿਨ ਦੀ ਵਿਕਾਸ ਦੀ ਥਿਊਰੀ ਬਾਰੇ ਗੱਲਾਂਬਾਤਾਂ ਹੋਈਆਂ। ਜੌਹਨ ਲੁਬੌਕ ਨੇ 'ਔਰਿਜਨ ਆਫ਼ ਸਿਵਲਾਈਜ਼ੇਸ਼ਨ' 1870 ਵਿਚ ਛਪਵਾਈ ਸੀ। ਲੇਵਿਸ ਮੌਰਗਨ ਨੇ 1877 ਵਿਚ ਏਸ਼ੀਆਨ ਸੁਸਾਇਟੀ ਛਾਪੀ। ਜੇਮਜ਼ ਫਰੇਜ਼ਰ ਨੇ ਵੀ 1890 ਵਿਚ ਆਪਣੀ ਇਕ ਕਿਤਾਬ ਗੋਲਡਨ ਬਾਰੇ ਛਾਪੀ ਹੈ। ਉਨੀਵੀਂ ਸਦੀ ਦੇ ਅਖੀਰਲੇ ਅੱਧ ਵਿਚ ਲੋਕਾਂ ਵਿਚ ਜਾਗ੍ਰਤੀ ਆ ਗਈ। ਅਮਰੀਕਾ ਨੂੰ ਆਪਣੀ ਸ਼ਕਤੀ ਦਾ


Academy of the Punjab in North America: http://www.apnaorg.com

ਗਿਆਨ ਹੋ ਗਿਆ। ਡਾਰਵਿਨ ਦੀਆਂ ਜਿਹੜੀਆਂ ਥਿਊਰੀਆਂ ਸਨ, ਇਹ ਲੋਕਾਂ ਨੇ ਪ੍ਰਚਲਤ ਕਰ ਦਿੱਤੀਆਂ। ਅੰਗ੍ਰੇਜ਼ਾਂ ਨੇ ਨਿਊਟਨ ਦਸਮੇਂ ਤੋਂ ਲੈ ਕੇ ਵਿਗਿਆਨਕ ਖੋਜਾਂ ਨੂੰ ਅੰਗ੍ਰੇਜ਼ੀ ਵਿਚ ਕਿਤਾਬਾਂ ਛਪਵਾ ਕੇ, ਲੋਕਾਂ ਨੂੰ ਪੀ ਐਚ.ਡੀ. ਦੀਆਂ ਡਿਗਰੀਆਂ ਕਰਨ ਵਿਚ ਉਲਝਾ ਦਿੱਤਾ। ਡਾਰਵਿਨ ਦੀਆਂ ਤਿੰਨ ਕਿਤਾਬਾਂ ਕਿਸੇ ਵਿਦਵਾਨ ਨੇ ਸ਼ਾਇਦ ਪੜ੍ਹੀਆਂ ਹੋਣ, ਪਰ ਉਨ੍ਹਾਂ ਦੇ ਬਾਰੇ ਗੱਲ ਹਰ ਕੋਈ ਕਰਦਾ ਹੈ। ਡਾਰਵਿਨ ਦੇ ਵਿਕਾਸ ਸਿਧਾਂਤ ਦੀ ਸਾਰੇ ਚਰਚਾ ਕਰਦੇ ਹਨ। ਡਾਰਵਿਨ ਦੇ ਵਿਕਾਸ ਸਿਧਾਂਤ ਨੂੰ ਪੜ੍ਹ ਕੇ ਤਾਂ ਵੇਖੋ। ਜਿਸ ਨੇ ਉਸ ਦੀ ਕਿਤਾਬ ਪੜ੍ਹੀ ਹੀ ਨਹੀਂ, ਉਸਦਾ ਡਾਰਵਿਨ ਬਾਰੇ ਗੱਲ ਕਰਨ ਦਾ ਕੋਈ ਹੱਕ ਨਹੀਂ ਬਣਦਾ। ਲੋਕਾਂ ਦੀਆ ਪੀ ਐਚ.ਡੀ. ਦੀਆਂ ਡਿਗਰੀਆਂ 'ਤੇ ਫੋਕੀਆਂ ਛਾਲਾਂ ਨਾ ਮਾਰੋ। ਜੇ ਲੋਕਾਂ ਨੇ ਡਾਰਵਿਨ ਬਾਰੇ ਪੀ ਐਚ.ਡੀ. ਦੀਆਂ ਡਿਗਰੀਆਂ ਕੀਤੀਆਂ ਹਨ ਤਾਂ ਉਨ੍ਹਾਂ ਨੂੰ ਜਿਵੇਂ ਸਮਝ ਲੱਗੀ, ਉਸੇ ਤਰ੍ਹਾਂ ਲਿਖ ਦਿੱਤਾ। ਤੁਸੀਂ ਉਨ੍ਹਾਂ ਦੀ ਸਮਝ ਵਿਚੋਂ ਅਗਾਂਹ ਤੀਸਰੀ ਨਕਲ ਮਾਰ ਕੇ ਤੀਸਰੀ ਜਾਂ ਚੌਥੀ ਜਾਂ ਪੰਜਵੀਂ ਥਾਂ ਉਠ ਕੇ ਅਗਾਂਹ ਲਿਖਦੇ ਹੋ। ਅੱਜ ਜਿਹੜੇ ਪੜ੍ਹਾਉਣ ਵਾਲੇ ਪ੍ਰੋਫੈਸਰਾਂ ਨੇ ਅਗਾਂਹ ਤੋਂ ਅਗਾਂਹ ਪੀ ਐਚ.ਡੀ. ਦੀਆਂ ਡਿਗਰੀਆਂ ਕੀਤੀਆਂ, ਉਹ ਜੇ ਇਹ ਕਹਿਣ ਕਿ ਅਸੀਂ ਡਾਰਵਿਨ ਦੇ ਬਹੁਤ ਵੱਡੇ ਵਿਦਵਾਨ ਹਾਂ, ਇਹ ਉਨ੍ਹਾਂ ਦੀ ਗਲਤਫ਼ਹਿਮੀ ਹੈ। ਜੇ ਉਹ ਉਸ ਦੀ ਮੂਲ ਪੁਸਤਕ ਪੜ੍ਹ ਕੇ ਗੱਲ ਕਰਨ ਫੇਰ ਉਸ ਨੂੰ ਅਸਲੀਅਤ ਦਾ ਪਤਾ ਲੱਗੇਗਾ।

ਕਿਤਾਬ ਪੜ੍ਹ ਕੇ ਤਾਂ ਵੇਖੋ, ਇਹ ਕਿੰਨੀ ਪੱਖਪਾਤੀ ਕਿਤਾਬ ਹੈ; ਜਿਵੇਂ ਚਿੱਟੇ ਬੰਦੇ ਨੂੰ ਚਿੱਟਾ ਬੰਦਾ ਹੀ ਚੰਗਾ ਦਿੱਸਦਾ ਹੈ, ਕਾਲਾ ਨਹੀਂ। ਉਸ ਦੀ ਮੂਲ ਕਿਤਾਬ ਪੜ੍ਹ ਕੇ ਵੇਖੋ ਤਾਂ ਪਤਾ ਲਗੇਗਾ ਕਿ ਡਾਰਵਿਨਦੇ ਵਿਚ ਨਸਲੀ ਜ਼ਹਿਰ ਕਿੰਨਾ ਜ਼ਿਆਦਾ ਸੀ। ਉਸ ਨੇ ਆਪਣੇ ਹਿਸਾਬ ਨਾਲ, ਆਪਣੇ ਆਪ ਨੂੰ ਸ਼੍ਰੇਸ਼ਟ ਗਿਣ ਕੇ ਤੇ ਚਿੱਟੀ ਚਮੜੀ ਨੂੰ ਬਹੁਤ ਤਰਜੀਹ ਦੇ ਕੇ ਗੱਲਲਿਖੀ ਹੋਈ ਹੈ। ਸਾਰਥਕਤਾ ਤੋਂ ਕਿਤੇ ਦੂਰ ਦੀ ਗੱਲ ਲਿਖੀ ਹੋਈ ਹੈ। ਰਾਵਾਂ ਵੱਖਰੀ ਗੱਲ ਹੁੰਦੀਆਂ ਹਨ। ਡਾਰਵਿਨ ਨੇ ਆਪਣੀਆਂ ਰਾਵਾਂ ਦਿਤੀਆਂ ਹਨ। ਉਨ੍ਹਾਂ ਦੀਆਂ ਰਾਵਾਂ ਕਿਸ ਬੁਨਿਆਦ 'ਤੇ ਅਧਾਰਿਤ ਹਨ, ਇਸਦੀ ਉਸਨੇ ਕੋਈ ਵਿਆਖਿਆ ਨਹੀਂ ਕੀਤੀ। ਇਸ ਲਈ ਕੇਵਲ ਰਾਵਾਂ 'ਤੇ ਹੀ ਨਿਰਭਰ ਕਰਨਾ ਬਹੁਤ ਚੰਗੀ ਗੱਲ ਨਹੀਂ ਹੈ। **19**ਵੀਂ ਸਦੀ ਵਿਚ ਜਿਹੜਾ ਊਚ ਨੀਚ ਤੇ ਸਮਾਜਕ ਜ਼ੋਰ ਜ਼ੁਲਮ ਦਾ ਵਿਤਕਰਾ ਸ਼ੁਰੂ ਹੋਇਆ, ਇਹ ਆਪਣੇ ਆਪ ਨੂੰ ਬਹੁਤ ਵੱਡਾ ਸਮਝਣ ਵਾਲੀ ਗੱਲ ਸੀ। ਡਾਰਵਿਨ ਤੇ ਉਸਦੇ ਹੋਰ ਸਾਥੀ ਇਸ ਦੇ ਚੈਂਪੀਅਨ ਸਨ। ਇਨ੍ਹਾਂ ਦਾ ਵਿਤਕਰਾ ਬਹੁਤ ਵਧ ਗਿਆ। ਕਾਰਲ ਮਾਰਕਸ (**1818-1883**) ਦਾ ਇਸ ਵਿਰੋਧ ਵਿਚ ਖੜ੍ਹੇ ਹੋਣ ਦਾ ਕਾਰਨ ਸੀ ਕਿ ਇਨ੍ਹਾਂ ਨੇ ਆਪਣੇ ਆਪ ਨੂੰ ਜ਼ਿਆਦਾ ਖਿੱਚ ਕੇ ਰੱਖਣਾ ਸ਼ੁਰੂ ਕਰ ਦਿੱਤਾ। ਇਨ੍ਹਾਂ ਨੇ ਦੁਨੀਆਂ ਉਸ ਤਰ੍ਹਾਂ ਦੱਸਣੀ ਸ਼ੁਰੂ ਕਰ ਦਿੱਤੀ ਜਿਵੇਂ ਇਨ੍ਹਾਂ ਨੂੰ ਨਜ਼ਰ ਆਉਂਦੀ ਹੈ। ਇਸ ਨੂੰ ਪੱਛਮੀ ਸਭਿਅਤਾ ਕਹਿ ਲਉ। ਕਾਰਲ ਮਾਰਕਸ ਅਕਸਰ ਪੂਰਬੀ ਸਭਿਅਤਾ ਦੀ ਵਕਾਲਤ ਕਰਦਾ ਹੈ। ਉਹ ਪੱਛਮੀ ਸਭਿਅਤਾ ਦੀਆਂ ਗਲਤ ਭਾਵਨਾਵਾਂ ਦੇ ਖਿਲਾਫ਼ ਹੈ। ਲੋਕ ਸਾਰੇ ਬਰਾਬਰ ਹਨ। ਕੋਈ ਚੰਗੇ ਮੰਦੇ ਨਹੀਂ ਹਨ। ਛੋਟੇ ਵੱਡੇ ਦੀ ਥਾਂ ਬਰਾਬਰ ਹੋਣੇ ਚਾਹੀਦੇ ਹਨ। ਇਹ ਕਾਰਲ ਮਾਰਕਸ ਦੀ ਵਿਚਾਰਧਾਰਾ ਸੀ। ਜੇ ਪੱਛਮੀ ਸਭਿਅਤਾ ਵਿਚ ਦੁਜੈਗ ਜਾਂ ਸਮਾਜਕ ਵਿਤਕਰਾ ਨਾ ਆਉਂਦਾ ਤਾਂ ਕਾਰਲ ਮਾਰਕਸ ਨੂੰ ਸਿਧਾਂਤਕ ਤੌਰ 'ਤੇ ਵੱਖਰੇ ਹੋਣ ਦੀ ਲੋੜ ਹੀ ਨਹੀਂ ਪੈਣੀ ਸੀ।

ਜੇ ਪੱਛਮੀ ਸਭਿਅਤਾ ਸਮਾਜਕ ਵਿਤਕਰੇ ਸ਼ੁਰੂ ਨਾ ਕਰਦੀ ਤਾਂ ਕਾਰਲ ਮਾਰਕਸ ਜਾਂ ਕਮਿਊਨਿਜ਼ਮ ਸ਼ੁਰੂ ਹੋਣ ਦੀ ਸ਼ਾਇਦ ਕੋਈ ਜ਼ਰੂਰਤ ਹੀ ਨਾ ਪੈਂਦੀ, 'ਆਪੇ ਫਾਥੜੀਏ ਤੈਨੂੰ ਕੌਣ ਛੁਡਾਵੇ।' ਜਿਹੜੀਆਂ ਗ਼ਲਤ ਸ਼ੋਸ਼ਲ ਕਦਰਾ-ਕੀਮਤਾਂ ਸਨ, ਉਨਾਂ ਦਾ ਵਿਰੋਧ ਹੋਣਾ ਜ਼ਰੂਰੀ ਸੀ।

ਪੂਰਬੀ ਸਭਿਅਤਾ ਤੇ ਭਾਰਤੀ ਤੇ ਚੀਨੀ ਸਭਿਅਤਾ; ਇਨ੍ਹਾਂ ਵਿਚ ਵਿੱਦਿਆ ਅਧਿਆਤਮਕ ਰੰਗ ਦੇ ਵਿਚ ਬਹੁਤ ਹੀ ਚਿਰੋਕਣੀ ਸੀ। ਬੜੀਆਂ ਬੜੀਆਂ ਯੂਨੀਵਰਸਿਟੀਆਂ, ਟੈਕਸਲਾ ਯੂਨੀਵਰਸਿਟੀ ਅਤੇ ਨਾਲੰਦਾ ਯੂਨੀਵਰਸਿਟੀ


Academy of the Punjab in North America: http://www.apnaorg.com

ਵਰਗੇ ਅਦਾਰੇ ਸਨ। ਪਰ ਇਨ੍ਹਾਂ ਦੇ ਵਿਚ ਪੱਛਮੀ ਸਭਿਅਤਾ ਦੀ ਵਿੱਦਿਆ ਦੀ ਬਹੁਤੀ ਪੁਰਾਣੀ ਕਹਾਣੀ ਨਹੀਂ। ਉਨੀਵੀਂ ਸਦੀ ਦੇ ਵਿਚ ਬਹੁਤ ਹੀ ਘੱਟ ਵਿੱਦਿਅਕ ਅਦਾਰੇਸੀ। ਅਸਲ ਦੇ ਵਿਚ ਵਿੱਦਿਆ ਜਿਹੜੀ ਹੈ ਇਸਦਾ ਮੁਢਲਾ ਅਧਿਆਪਕ ਚਾਰਲਜ਼ ਇਲੀਅਟ ਸੀ। ਉਹ **1909** ਵਿਚ ਰਿਟਾਇਰ ਹੁੰਦਾ ਹੈ। ਚਾਰਲਜ਼ ਇਲੀਅਟ ਨੂੰ ਅਸੀਂ ਪਹਿਲਾ ਅਧਿਆਪਕ, ਪਹਿਲਾ ਵਿਗਿਆਨੀ ਕਹਿ ਸਕਦੇ ਹਾਂ। ਪੱਛਮੀ ਸਭਿਅਤਾ ਦੇ ਵਿਚ ਜੋ ਸ਼ੋਸ਼ਲ ਡਿਵੈਲਪਮੈਂਟ ਜਾਂ ਸਮਾਜਿਕ ਉੱਨਤੀ ਹੈ, ਇਹ ਬਹੁਤ ਪੁਰਾਣੀ ਨਹੀਂ ਹੈ। ਆਪਣੀ ਪੂਰਬੀ ਸਭਿਅਤਾ ਵਿਚ ਬਹੁਤ ਹੀ ਪੁਰਾਣੀਆਂ ਸਮਾਜਿਕ ਕਦਰਾਂ-ਕੀਮਤਾਂ ਦੀਆਂ ਮਿਸਾਲਾਂ ਮਿਲਦੀਆਂ ਹਨ। ਅਮਰੀਕਾ ਵਿਚ **1920** ਦੇ ਵਿੱਚ ਜਾਕੇ ਔਰਤ ਨੂੰ ਵੋਟ ਪਾਉਣ ਦਾ ਹੱਕ ਮਿਲਦਾ ਹੈ। ਪੂਰਬੀ ਸਭਿਅਤਾ ਵਿੱਚ ਔਰਤ ਨੂੰ ਵਰਮਾਲਾ ਪਾਉਣ ਦੇ ਆਪਣੇ ਹੱਕ ਦੇਣੇ ਚਿਰੋਕਣੇ ਸਨ। ਜਦੋਂ ਪੱਛਮੀ ਸਭਿਅਤਾ ਨੇ ਔਰਤ ਨੂੰ ਹੱਕ ਦੇਣੇ ਸ਼ੁਰੂ ਕੀਤੇ ਤਾਂ ਬੜਾ ਆਪਣੇ ਆਪ ਨੂੰ ਚੜ੍ਹਾ ਵਧਾ ਕੇ ਪੇਸ਼ਕੀਤਾ ਕਿ ਪਤਾ ਨਹੀਂ ਅਸੀਂ ਕੀ ਮਾਅਰਕਾ ਮਾਰ ਲਿਆ ਹੈ, ਅਸੀਂ ਔਰਤ ਨੂੰ ਵੋਟ ਪਾਉਣ ਦਾ ਹੱਕ ਦੇ ਕੇ ਉਚੇ ਹੋਣ ਦਾ ਹੱਕ ਦੇ ਦਿੱਤਾ। ਇਹ ਵੱਡੇ ਹੋਣ ਦੇ ਕੰਪਲੈਕਸ ਦੀਆਂ ਗੱਲਾਂ ਸਨ। ਵੈਸਟਰਨ ਸਿਵਲਾਈਜੇਸ਼ਨ ਵਿਚ ਵੱਡੇ ਹੋਣ ਦੇ ਕੰਪਲੈਕਸ ਦੀ ਬਿਮਾਰੀ ਨਾ ਆਉਂਦੀ ਤਾਂ ਕਮਿਊਨਿਜ਼ਮ-ਕਰੈਕਸ਼ਨ ਦੀ ਲੋੜ ਹੀ ਨਹੀਂ ਸੀ ਪੈਣੀ, ਜੇ ਗ਼ਲਤ ਪਾਸੇ ਨੂੰ ਨਾ ਜ਼ਿਆਦਾ ਜਾਂਦੇ। ਪੱਛਮੀ ਸਭਿਅਤਾ ਨੇ ਪਹਿਲਾਂ ਤਾਂ ਧਰਮ ਉਪਰ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ। ਧਰਮ ਠੋਸਣ ਦੀ ਕੋਸ਼ਿਸ਼ ਕੀਤੀ। ਜਦੋਂ ਦੁਨੀਆਂ 'ਤੇ ਧਰਮ ਠੋਸਣ ਦੀ ਕੋਸ਼ਿਸ਼ ਕੀਤੀ ਤਾਂ ਜ਼ਰੂਰਤ ਪੈਦਾ ਹੋਈ ਕਿ ਇਹ ਤਾਂ ਕੰਮ ਗ਼ਲਤ ਹੋ ਗਿਆ। ਕਾਰਲ ਮਾਰਕਸ ਲਈ ਉਨ੍ਹਾਂ ਦਾ ਵਿਰੋਧ ਕਰਨਾ ਜ਼ਰੂਰੀ ਹੋ ਗਿਆ।

ਭਾਰਤ ਵਿਚ ਅਤੇ ਹੋਰ ਲੋਕਾਂ ਵਿਚ ਬੜੀ ਮਸ਼ਹੂਰ ਗੱਲ ਹੈ ਕਿ ਮੈਂ ਕਮਿਊਨਿਸਟ ਹਾਂ, ਮੈਂ ਰੱਬ ਨੂੰ ਨਹੀਂ ਮੰਨਦਾ। ਇਸ ਦਾ ਮਤਲਬ ਇਹ ਨਹੀਂ ਕਿ ਪੂਰਬੀ ਕਮਿਊਨਿਸਟ ਰੱਬ ਨੂੰ ਸੱਚੀ ਸ਼ਕਤੀ ਨਹੀਂ ਮੰਨਦੇ। ਅਸਲ ਵਿਚ ਇਨ੍ਹਾਂ ਨੇ ਰੱਬ'ਤੇ ਜਦੋਂ ਮਾਲਕੀ ਕਰ ਲਈ ਕਿ ਅਸੀਂ ਰੱਬ ਦੇ ਮਾਲਕ ਹਾਂ, ਅਸੀਂ ਜਿਵੇਂ ਕਹਿੰਦੇ ਹਾਂ ਉਸੇ ਤਰ੍ਹਾਂ ਹੀ ਰੱਬ ਦਾ ਸੰਕਲਪ ਬਣਾਉਣ, ਉਸ ਦਾ ਵਿਰੋਧ ਹੋਇਆ। ਅਸਲ ਦੇ ਵਿਚ, ਇਹ ਵੈਸਟਰਨ ਸਿਵਲਾਈਜੇਸ਼ਨ ਦਾ ਮਜ਼ਾਕ ਕਰਨਾ ਤੇ ਧਰਮ ਨੂੰ ਆਪ ਕਬਜ਼ਾ ਕਰਕੇ ਤੇ ਆਪ ਹੋਰ ਤਰੀਕੇ ਨਾਲ ਧਰਮ ਲੋਕਾਂ 'ਤੇ ਠੋਸਣ ਦੀ ਜਿਹੜੀ ਵਿਧੀ ਸੀ, ਉਸ ਦੇ ਖਿਲਾਫ਼ ਇਹ ਕਮਿਊਨਿਜ਼ਮ ਦੀ ਆਵਾਜ਼ ਸੀ।

ਆਈਸਾਕ ਨਿਊਟਨ ਦੇ ਨਾਲ ਅਸਲ ਵਿਚ ਵਿਗਿਆਨ ਦਾ ਯੁੱਗ ਸ਼ੁਰੂ ਹੁੰਦਾ ਹੈ। ਨਿਊਟਨ ਅਤੇ ਹੋਰ ਖੋਜੀਆਂ ਨੇ ਕੁਝ ਸਮੇਂ ਦੇ ਵਿਚ ਵਿਗਿਆਨਕ ਤਰੀਕੇ ਨਾਲ ਵਿਧੀ ਵਿਧਾਨ ਪੇਸ਼ ਕੀਤੇ ਤੇ ਉਹ ਲੋਕਾਂ ਨੂੰ ਬਹੁਤ ਸੌਖੇ ਤਰੀਕੇ ਨਾਲ ਪ੍ਰਭਾਵਤ ਕਰ ਲੈਂਦੇ ਸਨ। ਉਹ ਵਿਗਿਆਨਕ ਖੋਜੀਆਂ ਦਾ ਕਰਕੇ ਧਰਮ ਤੇ ਵੈਸਟਰਨ ਸਿਵਲਾਈਜੇਸ਼ਨ-ਪੱਛਮੀ ਸਭਿਅਤਾ ਦਾ ਕਬਜਾ ਹੋਣ ਕਰਕੇ, ਆਪਣੇ ਹਿਸਾਬ ਦੇ ਨਾਲ ਪੱਛਮੀ ਸਭਿਅਤਾ ਵਾਲਿਆਂ ਨੇ ਲਿਖਣ ਦਾ ਯਤਨ ਕੀਤਾ। ਜਦੋਂ ਫਿਰ ਮਹਿਸੂਸ ਹੋਇਆ ਕਿ 'ਜਬੈ ਬਾਣ ਲਾਗਿਓ ਤਬੈ ਰੋਸ ਜਾਗਿਓ', ਜਦੋਂ ਇਸ ਤਰ੍ਹਾਂ ਹੋ ਗਿਆ ਕਿ ਇਹ ਸਭ ਕੁਝ ਆਪਣੇ ਨਾਂ ਹੀ ਲਾਈ ਜਾਂਦੇ ਹਨ, ਇਹ ਸਭ ਕੁਝ ਆਪਣੇ ਤਰੀਕੇ ਨਾਲ ਹੀ ਸਿਖਾਉਂਦੇ ਹਨ, ਈਸਾਈਅਤ ਦੁਨੀਆਂ ਤੇ ਲਾਗੂ ਕਰ ਦਿੱਤੀ ਤਾਂ ਕੁਝ ਪੱਕਾ ਪਤਾ ਹੀ ਨਹੀਂ ਸੀ ਕਿ ਯਸੂ ਮਸੀਹ ਹੈ ਵੀ ਸੀ ਕਿ ਨਹੀਂ, ਤੇ ਬਾਈਬਲ ਕਦੋਂ ਬਣੀ। ਮੁਕਦੀ ਗੱਲ ਇਹ ਹੈ ਕਿ ਇਨਾਂ ਨੇ ਆਪਣੇ ਕਾਨੂੰਨ ਬਣਾ ਲਏ। ਪੱਛਮੀ ਸਭਿਅਤਾ ਨੇ ਲੋਕਾਂ 'ਤੇ ਧਰਮ ਸਿਧਾਂਤ ਠੋਸਣੇ ਸ਼ੁਰੂ ਕਰ ਦਿੱਤੇ। ਲੋਕਾਂ ਦੇ ਦਿਲਾਂ ਨੂੰ ਦਰਦ ਹੋਇਆ। ਸਾਰੇ ਦੇ ਸਾਰੇ ਕਾਨੂੰਨ ਲੋਕਾਂ ਨੂੰ ਮਨਜ਼ੂਰ ਨਹੀਂ ਸਨ। ਇਸ ਕਰਕੇ ਕਮਿਊਨਿਜ਼ਮ ਪੂੰਜੀਵਾਦ ਦੇ ਬਰਾਬਰ ਖੜਾ ਹੋ ਗਿਆ।


Academy of the Punjab in North America: http://www.apnaorg.com

# ਧਾਰਮਿਕ ਇਤਿਹਾਸ ਮਿਥਿਹਾਸ

ਧਾਰਮਿਕ ਦੁਨੀਆਂ, ਕਿੰਨੀ ਕੁ ਇਤਿਹਾਸਕ ਹੈ, ਕਿੰਨੀ ਕੁ ਮਿਥਿਹਾਸਕ? ਇਹ ਗੱਲ ਥੋੜ੍ਹੀ ਜਿਹੀ ਵਿਆਖਿਆ ਸਹਿਤ ਕਰਨ ਨੂੰ ਜੀ ਕਰਦਾ ਹੈ। ਇਤਿਹਾਸਕ ਤੌਰ ਤੇ ਜਿਹੜੀ ਧਾਰਮਿਕ ਦੁਨੀਆਂ ਹੈ, ਇਸ ਨੂੰ ਅਸੀਂ ਦੋ ਸ਼੍ਰੇਣੀਆਂ ਦੇ ਵਿਚ ਵੰਡ ਸਕਦੇ ਹਾਂ। ਇਕ ਧਾਰਮਿਕ ਸ਼੍ਰੇਣੀ ਜਿਸ ਦੇ ਵਿਚ ਹਿੰਦੂਇਜ਼ਮ, ਬੁੱਧਇਜ਼ਮ, ਕੰਨਫਿਊਇਜ਼ਮ, ਤਾਊਵਾਦ ਤੇ ਹੋਰ ਬਹੁਤ ਸਾਰੇ ਇਸ ਸ਼੍ਰੇਣੀ ਦੇ ਧਰਮ ਆਉਂਦੇ ਹਨ, ਇਹ ਇਕ ਸ਼੍ਰੇਣੀ ਹੈ। ਦੂਸਰੀ ਸ਼੍ਰੇਣੀ ਇਸਲਾਮ, ਯਹੂਦੀਅਤ, ਈਸਾਈਅਤ ਤੇ ਇਹਨਾਂ ਦੀਆਂ ਹੋਰ ਕਈ ਸ਼ਾਖਾਵਾਂ ਹਨ। ਇਹ ਦੋ ਸ਼੍ਰੇਣੀਆਂ ਇਤਿਹਾਸਕ ਧਰਮਾਂ ਦੇ ਤੌਰ ਤੇ ਸਾਹਮਣੇ ਆਈਆਂ। ਅਸਲ ਦੇ ਵਿਚ ਸਾਰੀ ਦੁਨੀਆਂ ਦਾ ਕੋਈ ਧਰਮ ਅਜਿਹਾ ਨਹੀਂ ਹੈ ਜਿਹੜਾ ਇਹ ਨਹੀਂ ਕਹਿੰਦਾ ਕਿ ਸੱਚ ਬੋਲਣਾ ਚਾਹੀਦਾ ਹੈ। ਸੱਚ ਦੇ ਲੜ ਲੱਗਣਾ ਚਾਹੀਦਾ ਹੈ। ਸਾਰੇ ਧਰਮ ਸੱਚਪ੍ਰਸਤ ਹਨ। ਇਹ ਤਾਂ ਸਾਰੇ ਧਰਮਾਂ ਦਾ ਇਕ ਯੂਨੀਵਰਸਲ ਸੱਚ ਹੈ ਕਿ ਝੂਠ ਨਹੀਂ ਬੋਲਣਾ ਚਾਹੀਦਾ। ਇਨਸਾਨ ਇਨਸਾਨੀਅਤ ਵਿਚ ਸੱਚ ਦੇ ਲਾਗੇ ਰਹਿ ਕੇ ਹੀ ਸੱਚਪ੍ਰਸਤ ਹੋ ਸਕਦਾ ਹੈ। ਧਰਮ ਇਨਸਾਨ ਨੂੰ ਇਨਸਾਨੀਅਤ ਸਿਖਾਉਂਦਾ ਹੈ। ਜੇ ਧਿਆਨ ਨਾਲ ਵੇਖੀਏ ਤਾਂ ਜਿੰਨੇ ਵੀ ਧਰਮ ਹੋਏ ਹਨ, ਇਤਿਹਾਸ ਦੀ ਗੱਲ ਕਰਕੇ ਆਪਣੇ ਆਪ ਨੂੰ ਜੋੜਦੇ ਹਨ, ਸਦੀਆਂ ਹਜ਼ਾਰਾਂ ਸਾਲਾਂ ਪਹਿਲਾਂ ਦੀ ਗੱਲ ਨੂੰ ਜੇ ਧਰਮ ਇਤਿਹਾਸਕ ਕਹਿੰਦਾ ਹੈ, ਤਾਂ ਜੇ ਅਸੀਂ ਥੋੜ੍ਹੀ ਜਿਹੀ ਸੋਝੀ ਇਸ ਵਿਚ ਸ਼ਾਮਲ ਕਰੀਏ ਤਾਂ ਸਾਨੂੰ ਸਹਿਜੇ ਹੀ ਪਤਾ ਲਗ ਸਕਦਾ ਹੈ ਕਿ ਜਦੋਂ ਧਰਮ ਆਪਣੇ ਆਪ ਨੂੰ ਇਤਿਹਾਸਕ ਕਹਿੰਦੇ ਹਨ ਤਾਂ ਇਹ ਝੂਠ ਹੈ। ਧਰਮ ਨੂੰ ਇਤਿਹਾਸ ਅਤੇ ਮਿਥਿਹਾਸ ਦੇ ਚੱਕਰ ਵਿਚ ਨਹੀਂ ਪੈਣਾ ਚਾਹੀਦਾ। ਕੋਈ ਵੀ ਇਤਿਹਾਸਕ ਜਾਂ ਮਿਥਿਹਾਸਕ ਚੀਜ਼, ਜਿਹੜੀ ਇਨਸਾਨੀਅਤ ਨਾਲ ਜੋੜਦੀ ਹੈ। ਉਹ ਧਾਰਮਕ ਹੈ। ਜਿਹੜੀ ਇਨਸਾਨੀਅਤ ਨਾਲੋਂ ਤੋੜਦੀ ਹੈ, ਆਪਸ ਵਿਚ ਉਲਝਾਉਂਦੀ ਹੈ, ਇਨਸਾਨੀਅਤ ਦਾ ਨੁਕਸਾਨ ਕਰਦੀ ਹੈ, ਇਨਸਾਨੀਅਤ ਦਾ ਕਤਲ ਕਰਦੀ ਹੈ, ਉਹ ਕਾਹਦਾ ਇਤਿਹਾਸ ਹੋਇਆ, ਉਹ ਕਾਹਦਾ ਧਰਮ ਹੋਇਆ?

ਅਸੀਂ ਚੰਗੇ ਵੀ ਹਾਂ ਤੇ ਮੰਦੇ ਵੀ। ਅਸੀਂ ਖੁਸ਼ੀ ਵੀ ਮਾਣਦੇ ਹਾਂ ਤੇ ਗ਼ਮੀ ਵੀ ਹੰਢਾਉਂਦੇ ਹਾਂ। ਸਵਰਗ ਤੇ ਨਰਕ ਅਸੀਂ ਭੋਗਦੇ ਹਾਂ, ਅਸੀ ਸਹੀ ਵੀ ਹੁੰਦੇ ਹਾਂ ਅਤੇਗ਼ਲਤ ਵੀ। ਪਰ ਇਹ ਨਰਕ ਸਵਰਗ, ਖੁਸ਼ੀ ਗਮੀ, ਚੰਗਾ ਮੰਦਾ, ਸਹੀ ਗ਼ਲਤ ਇਸ ਬਾਰੇ ਸਹੀ ਪਾਸੇ ਤੋਰਨ ਲਈ ਧਰਮ ਤਾਂ ਮਹਿਜ਼ ਰਸਤੇ ਹਨ। ਅੱਜ ਤੱਕ ਦੇ ਸਾਰੇ

ਧਰਮਾਂ ਵਿਚ, ਇਹ ਜੋ ਧਰਮਾਂ ਦੀਆਂ ਦੋ ਸ਼੍ਰੇਣੀਆਂ ਦੱਸੀਆਂ ਹਨ, ਇਨ੍ਹਾਂ ਵਿਚ ਹਿੰਦੂ ਧਰਮ ਅਨੁਸਾਰ ਦੁਨੀਆਂ ਮਾਇਆ ਹੈ, ਭੁਲੇਖਾ ਹੈ, ਇਹ ਛਲਾਵਾ ਹੈ, ਇਹ ਫ਼ਾਨੀ ਹੈ। ਹਿੰਦੂ ਧਰਮ ਅਨੁਸਾਰ ਜੋ ਦਿਸ ਰਿਹਾ ਹੈ, ਇਹ ਇਕ ਜਾਦੂ ਦੀ ਖੇਡ ਵਾਂਗ ਹੈ। ਇਹ ਸਾਰਥਕ ਨਹੀਂ ਹੁੰਦੀ, ਖਤਮ ਹੋ ਜਾਣ ਵਾਲੀ ਖੇਡ ਹੈ। ਇਸ ਦਾ ਕੁਝ ਰਹਿਣਵਾਲਾ ਨਹੀਂ ਹੁੰਦਾ। ਹਿੰਦੂ ਧਰਮ ਇਸ ਨੂੰ ਮਾਇਆ ਸਮਝਦਾ ਹੈ। ਜਿਵੇਂ ਜਾਦੂਗਰ ਕਈ ਤਰ੍ਹਾਂ ਦੀਆ ਚੀਜ਼ਾਂ ਬਣਾ ਦਿੰਦਾ ਹੈ, ਥਾਨਾਂ ਦੇ ਥਾਨ ਕੱਪੜੇ ਬਣਾ ਦਿੰਦਾ ਹੈ, ਇਸੇ ਤਰ੍ਹਾਂ ਕਿੰਨੇ ਸਾਰੇ ਪੈਸੇ ਬਣਾ ਦਿੰਦਾ ਹੈ। ਜੇ ਜਾਦੂਗਰ ਦੀ ਖੇਡ ਸਹੀ ਹੋਵੇ ਤਾਂ ਆਪਣੀਆਂ ਸਾਰੀਆਂ ਲੋੜਾਂ ਹੀ ਪੂਰੀਆਂ ਕਰ ਲਵੇ। ਉਸ ਨੂੰ ਲੋਕਾਂ ਨੂੰ ਥਾਂਥਾਂ ਜਾ ਕੇ ਵਿਖਾਉਣ ਅਤੇ ਮੰਗਣ ਦੀ ਕੀ ਲੋੜ ਹੈ। ਇਸ ਵਿੱਚ ਅਸਲੀਅਤ ਨਹੀਂ ਹੈ। ਇਹ ਮਾਇਆ ਹੈ, ਇਹ ਛਲਾਵਾ ਹੈ। ਇਨਸਾਨ ਦਾ ਜੀਵਨ ਜਾਦੂ ਦੀ ਖੇਡ ਦਾਇਕ ਥਾਨ ਹੈ। ਗਰੀਕ ਮੰਨਤ ਹਿੰਦੂ ਧਰਮ ਨਾਲੋਂ ਵੱਖਰੀ ਹੈ। ਕੁਦਰਤ ਦੇ ਮੌਸਮ ਬਦਲਦੇ ਹਨ, ਇਵੇਂ ਕੁਦਰਤੀ ਤੌਰ ਤੇ ਬਦਲਾਓ ਆ ਰਿਹਾ ਹੈ। ਬਾਅਦ ਵਿਚ ਬਾਈਬਲ ਦਾ ਆਧਾਰ ਬਦਲ ਗਿਆ। ਈਸਾਈਅਤ ਤੇ ਇਸਲਾਮ ਦੇ ਹਿਸਾਬ ਨਾਲ ਇਹ ਸਟੇਜ ਹੈ। ਅਸੀਂ ਐਕਟਿੰਗ ਕਰਦੇ ਹਾਂ, ਕੋਈ ਚੰਗੀ ਕਰਦਾ ਹੈ, ਕੋਈ ਮਾੜੀ ਕਰਦਾ ਹੈ। ਦੁਨੀਆਂ ਇਕ ਸਟੇਜ ਹੈ, ਅਸੀਂ ਐਕਟਿੰਗ ਕਰਦੇ ਹਾਂ ਤੇ ਆਪੋ ਆਪਣੀ ਐਕਟਿੰਗ



Academy of the Punjab in North America: http://www.apnaorg.com

ਕਰਨੀ ਸਿਖੀਏ, ਉਹ ਹੀ ਧਰਮ ਹੈ।

ਮਨੁੱਖ ਜਾਤੀ ਦੀ ਗਿਣਤੀ ਅੱਜ ਕੱਲ ਛੇ ਅਰਬ ਜਾਂ ਛੇ ਸੌ ਕਰੋੜ, ਛੇ ਬਿਲੀਅਨ ਤੋਂ ਉੱਪਰ ਹੈ। ਇਸ ਗਿਣਤੀ ਵਿਚੋਂ ਤਕਰੀਬਨ 85%, ਸਾਢੇ ਪੰਜ ਬਿਲੀਅਨ ਤੋਂ ਉੱਪਰ ਲੋਕ ਇਸ ਗੱਲ ਨਾਲ ਸਹਿਮਤ ਹਨ ਕਿ ਧਰਮ ਜ਼ਰੂਰੀ ਹੈ। ਉਹ ਭਾਵੇਂ ਇਕ ਧਰਮ ਨਾਲ ਜੁੜੇ ਹੋਣ, ਭਾਵੇ ਧਾਰਮਿਕ ਦੁਨੀਆਂ ਵਿੱਚ ਵਿਸ਼ਵਾਸ ਕਰਦੇ ਹੋਣ, ਲੇਕਿਨ ਇਨਸਾਨ ਵਾਸਤੇ ਧਾਰਮਿਕ ਹੋਣਾ ਜ਼ਰੂਰੀ ਹੈ। ਜੇ ਅਸੀਂ ਇਸਦੀ ਵਿਆਖਿਆ ਕਰੀਏ ਕਿ ਧਰਮ ਹੈ ਕੀ? ਜੇ ਇਸ ਦੀ ਪਰਿਭਾਸ਼ਾ ਕਰਨ ਦੀ ਕੋਸ਼ਿਸ਼ ਕਰੀਏ ਤਾਂ ਅਸੀਂ ਸਪਸ਼ਟ ਰੂਪ ਵਿਚ ਪਰਿਭਾਸ਼ਾ ਨਹੀਂ ਕਰ ਸਕਦੇ। ਜੇ ਆਪਾਂ ਕਹੀਏ ਕਿ ਧਾਰਮਿਕ ਲੋਕ ਰੱਬ ਤੇ ਯਕੀਨ ਰੱਖਦੇ ਹਨ, ਜੇ ਧਾਰਮਿਕ ਲੋਕ ਵਿਸ਼ਵਾਸ ਕਰਦੇ ਹਨ ਤਾਂ ਫਿਰ ਰੱਬ ਨੂੰ ਰੱਬ ਮੰਨਦੇ ਹਨ ਤਾਂ ਇਹ ਜਿਹੜੇ ਦੋ ਤਿੰਨ ਬਹੁਤ ਵੱਡੇ ਧਰਮਹਨ - ਬੁੱਧਇਜ਼ਮ, ਜੈਨਿਜ਼ਮ, ਕੰਨਫਿਊਇਜ਼ਮ -ਇਹ ਆਖਦੇ ਹਨ ਕਿ ਤੁਹਾਡੇ ਵਿਚ ਹੀ ਸਭ ਕੁਝ ਹੈ। ਪਰਮਾਤਮਾ ਦੀ ਵੱਖਰੀ ਹੋਂਦ ਨੂੰ ਮੰਨਦੇ ਨਹੀਂ ਤਾਂ ਫਿਰ ਬੁੱਧਇਜ਼ਮ, ਜੈਨਿਜ਼ਮ ਅਤੇ ਕੰਨਫਿਊਇਜ਼ਮ ਨੂੰ ਧਰਮ ਨਹੀਂ ਗਿਣਾਂਗੇ? ਇਹ ਧਰਮ ਬੜੇ ਪੁਰਾਣੇ ਹਨ। ਇਸ ਦਾ ਮਤਲਬ ਹੈ ਕਿ ਰੱਬ ਜ਼ਰੂਰੀ ਹੈ ਪਰ ਇਹ ਵੀ ਅਸੀਂਸਪਸ਼ਟ ਰੂਪ ਵਿਚ ਨਹੀਂ ਕਹਿ ਸਕਦੇ। ਜੇ ਅਸੀਂ ਕਹੀਏ ਕਿ ਜਿੰਨੇ ਵੀ ਧਾਰਮਿਕ ਸਿਸਟਮ ਹਨ, ਜਿੰਨੇ ਵੀ ਵੱਡੇ ਵੱਡੇ ਧਰਮ ਹਨ, ਉਨ੍ਹਾਂ ਸਾਰਿਆਂ ਦੀ ਕੋਈ ਨਾ ਕੋਈ ਧਾਰਮਿਕ ਪੁਸਤਕ ਚਾਹੀਦੀ ਹੈ। ਧਾਰਮਿਕ ਲਿਖਤਾਂ ਜਿਵੇਂ; ਕੁਰਾਨ, ਗੀਤਾ, ਸ਼੍ਰੀ ਗੁਰੂਗ੍ਰੰਥ ਸਾਹਿਬ ਹਨ ਪਰ ਕਈ ਧਰਮ ਅਜਿਹੇ ਹਨ ਜਿਨ੍ਹਾਂ ਵਿਚ ਕੋਈ ਧਾਰਮਕ ਗ੍ਰੰਥ ਹੈ ਹੀ ਨਹੀਂ। ਵਿਕਾ ਹੈ, ਸ਼ਿੰਤੋ ਹੈ ਡੀਇਜ਼ਮ : ਇਨ੍ਹਾਂ ਧਰਮਾਂ ਨੂੰ ਅਸੀਂ ਕਿਵੇਂ ਕੱਢ ਸਕਦੇ ਹਾਂ। ਕਹਿਣ ਦਾ ਮਤਲਬ ਹੈ -ਧਰਮ ਦੀ ਪਰਿਭਾਸ਼ਾ ਇਕ ਯੂਨੀਵਰਸਲ ਪਰਿਭਾਸ਼ਾ ਹੈ। ਇਸ ਦਾ ਅਹਿਸਾਸ ਹੀ ਕੀਤਾ ਜਾ ਸਕਦਾ ਹੈ। ਇਨਸਾਨ ਕੇਵਲ ਪੜ੍ਹਨ ਨਾਲ ਜਾਂ ਕੋਈ ਗੱਲ ਮੈਥੇਮੈਟੀਕਲੀ ਮੰਨਣ ਨਾਲ ਹੀ ਵਧੀਆ ਨਹੀਂ-ਵਧੀਆ ਇਨਸਾਨ ਤਾਂ ਇਨਸਾਨ ਦੀ ਦੁਨੀਆਂ ਨਾਲ ਮਿਲਵਰਤਣ ਹੈ। ਇਨਸਾਨ ਕਿਵੇਂ ਵਰਤਦਾ ਹੈ ਤੇ ਦੁਨੀਆ ਦੇ ਵਿਚ ਕਿਵੇਂ ਵਿਚਰਦਾ ਹੈ ਤੇ ਜੇ ਉਹ ਚੰਗਾ ਹੈ ਤਾਂ ਉਹ ਧਾਰਮਿਕ ਹੈ। ਜੇ ਕਿਸੇ ਬੰਦੇ ਦੀ ਹੋਂਦ ਸਾਰੀ ਦੁਨੀਆਂ ਨੂੰ ਤੰਗ ਕਰੀ ਜਾ ਰਹੀ ਹੈ, ਆਲੇ-ਦੁਆਲੇ ਨੂੰ ਤੰਗ ਕਰੀ ਜਾ ਰਹੀ ਹੈ ਤੇ ਉਹ ਕਹੇ ਕਿ ਮੈਂ ਧਾਰਮਿਕ ਹਾਂ ਤਾਂ ਮੈਂ ਯਕੀਨ ਨਾਲ ਕਹਿ ਸਕਦਾ ਕਿ ਉਸਦਾ ਆਪਣੇ ਆਪ ਨੂੰ ਧਾਰਮਿਕ ਕਹਿਣਾ ਸਾਰਥਕ ਨਹੀਂ।

ਧਰਮ ਨੂੰ ਅੰਗਰੇਜ਼ੀ ਵਿਚ ਰਿਲੀਜਨ ਕਹਿੰਦੇ ਹਨ। ਰਿਲੀਜਨ ਅੱਖਰ ਲੈਟਿਨਭਾਸ਼ਾ ਵਿਚ ਰਿਲਿਜਓ ਤੋਂ ਬਣਿਆ ਹੈ-ਰਿਲਿਜਓ ਦਾ ਮਤਲਬ ਹੈ ਰਿਸਪੈਕਟ। ਜੇ ਅਸੀਂ ਕਿਸੇ ਦੀ ਰਿਸਪੈਕਟ ਹੀ ਨਹੀਂ ਕਰ ਸਕਦੇ, ਜੇ ਅਸੀਂ ਵਾਤਾਵਰਨ ਨੂੰ ਸਤਿਕਾਰਯੋਗ ਨਹੀਂ ਬਣਾ ਸਕਦੇ, ਦੂਸਰੇ ਸ਼ਬਦਾਂ ਵਿਚ ਜੇ ਅਸੀ ਆਪ ਸਤਿਕਾਰਯੋਗ ਨਹੀਂ ਹਾਂ, ਆਪਣੇ ਆਪ ਨੂੰ ਸਤਿਕਾਰਯੋਗ ਨਹੀਂ ਬਣਾ ਸਕਦੇ, ਫਿਰ ਅਸੀਂ ਕਿਸੇ ਦਾ ਸਤਿਕਾਰ ਕਿਵੇਂ ਕਰ ਸਕਦੇ ਹਾਂ। ਆਪਣੇ ਆਲੇਦੁਆਲੇ ਦੇ ਵਿਚੋਂ ਆਪਣੇ ਵਾਸਤੇ ਅਸੀਂ ਸਤਿਕਾਰ ਦੀ ਖੱਟੀ ਨਹੀਂ ਕੀਤੀ, ਅਸੀਂਨਾ ਕਿਸੇ ਦੀ ਰਿਸਪੈਕਟ ਕੀਤੀ, ਨਾ ਹੀ ਕਰਾਈ ਤਾਂ ਫਿਰ ਅਸੀਂ ਧਾਰਮਿਕ ਨਹੀਂ ਹੋ ਸਕਦੇ। ਪਰਮਾਤਮਾ ਇਕ ਹੈ, ਪਰਮਾਤਮਾ ਦੀ ਹੋਂਦ ਸਰਬਵਿਆਪੀ ਹੈ, ਉਹ ਸ਼ਕਤੀਸ਼ਾਲੀ ਹੈ। ਜੇ ਉਸ ਦੀ ਹੋਂਦ ਨੂੰ ਬੁੱਧਇਜ਼ਮ ਵਿਚ ਰਖੀਏ, ਕੰਨਫਿਊਜ਼ਮ ਵਿਚ ਜਾਂ ਤਾਊਵਾਦ ਵਿਚ ਰੱਖ ਕੇ ਦੇਖੀਏ, ਇਹ ਤਾਂ ਰੱਬ ਦੀ ਕੋਈ ਵੱਖਰੀ ਹੋਂਦ ਗਿਣਦੇ ਹੀ ਨਹੀਂ ਤੇ ਤੁਹਾਡੇ ਆਪਣੇ ਵਿਚ ਪਰਮਾਤਮਾ ਹੈ, ਉਹ ਬੰਦੇ ਦੇ ਵਿਚ ਹੀ ਹੈ, ਉਹ ਇਕ ਕੋਈ ਸਰਵਸ਼ਕਤੀਮਾਨ ਵੱਖਰੀ ਸ਼ਕਤੀ ਜਾਂ ਸਿੰਘਾਸਣ ਲਾ ਕੇ ਨਹੀਂ ਬੈਠਾ।

ਜੇ ਆਪਾਂ ਕੰਨਫਿਊਇਜ਼ਮ, ਤਾਉਇਜ਼ਮ, ਬੁੱਧਇਜ਼ਮ ਨੂੰ ਵਿਚੋਂ ਕੱਢ ਦਈਏ ਤਾਂ ਦੁਨੀਆਂ ਦੇ 20% ਲੋਕ ਬੁੱਧਇਜ਼ਮ ਤੇ ਕੰਨਫਿਊਇਜ਼ਮ ਦੇ ਸ਼ਰਧਾਲੂ ਹਨ, ਜੋ ਪਰਮਾਤਮਾ ਨੂੰ ਮੰਨਦੇ ਹੀ ਨਹੀਂ। ਇਹ ਵੀ ਅਸੀਂ ਨਹੀਂ ਕਹਿ


Academy of the Punjab in North America: http://www.apnaorg.com

ਸਕਦੇ ਕਿ ਬੁੱਧਇਜ਼ਮਜਾਂ ਕੰਨਫਿਊਇਜ਼ਮ ਇਹ ਧਰਮ ਨਹੀਂ ਹਨ। ਅਸੀਂ ਪਰਮਾਤਮਾ ਦੀ ਹੋਂਦ ਨੂੰ ਜ਼ਰੂਰੀ ਮੰਨਦੇ ਹਾਂ ਜਾਂ ਪਰਮਾਤਮਾ ਦੀ ਹੋਂਦ ਨੂੰ ਜ਼ਰੂਰੀ ਨਹੀਂ ਮੰਨਦੇ, ਅਸੀਂ ਇਸ ਵਿਸ਼ੇ ਤੇ ਕੋਈ ਨਿਰਣਾ, ਨਹੀਂ ਕਰ ਸਕਦੇ। ਜੋ ਇਨਸਾਨ ਗਲਤੀਆਂ ਕਰਦਾ ਹੈ, ਉਹ ਇਨਸਾਨ ਹੈ ਅਤੇ ਜੋ ਗਲਤੀਆਂ ਤੋਂ ਪਰਹੇਜ਼ ਕਰਦਾ ਹੈ ਜਾਂ ਗਲਤੀਆਂ ਤੋਂ ਬਚਣਦੀ ਕੋਸ਼ਿਸ਼ ਕਰਦਾ ਹੈ ਉਹ ਧਰਮ ਦਾ ਵਿਦਿਆਰਥੀ ਹੈ। ਜੋ ਗਲਤੀਆਂ ਬਹੁਤ ਘੱਟ ਕਰਦਾ ਹੈ, ਉਹ ਬਹੁਤ ਵਧੀਆ ਇਨਸਾਨ ਹੈ, ਉਹ ਧਾਰਮਕ ਹੈ।

ਜਿਥੇ ਕੋਈ ਗ਼ਲਤੀ ਨਹੀਂ ਹੈ ਉਹ ਈਸ਼ਵਰ ਹੈ ਤੇ ਉਹ ਇਨਸਾਨ ਨਹੀਂ ਹੋ ਸਕਦਾ। ਇਨਸਾਨ ਗ਼ਲਤੀਆਂ ਕਰ ਸਕਦਾ ਹੈ। ਇਨਸਾਨ ਚੰਗਾ ਬਣਨ ਦੀ ਕੋਸ਼ਿਸ਼ ਕਰ ਸਕਦਾ ਹੈ। ਇਨਸਾਨ ਬਹੁਤ ਵਧੀਆ ਬਣ ਸਕਦਾ ਹੈ ਪਰ ਸੰਪੂਰਨਤਾ ਕੇਵਲ ਈਸ਼ਵਰ ਵਿਚ ਹੀ ਹੋ ਸਕਦੀ ਹੈ। ਉਹ ਇਨਸਾਨ ਵਿਚ ਨਹੀਂ ਹੋ ਸਕਦੀ। ਪੁਰਾਤਨ ਸਮੇ ਂ ਤੋਂ ਲੈ ਕੇ ਪਰਮਾਤਮਾ ਤੇ ਆਤਮਾ ਦਾ ਜ਼ਿਕਰ ਮਿਲਦਾ ਹੈ। ਪਹਿਲੇ ਪੁਰਾਤਨਧਰਮ ਧਾਰਮਿਕ ਇਕਾਈਆਂ ਜਿਵੇ ः ਹਿੰਦੂਇਜ਼ਮ, ਬੁੱਧਇਜ਼ਮ, ਇਸਲਾਮ ਮੁਖ ਧਰਮਹਨ, ਉਨ੍ਹਾਂ ਵਿਚ ਆਤਮਾ ਤੇ ਪਰਮਾਤਮਾ ਦੀ ਗੱਲ ਹੁੰਦੀ ਸੀ। ਸਥਾਪਿਤ ਧਰਮਾਂ ਤੋਂ ਜਿਹੜੇ ਪਹਿਲਾਂ ਦੇ ਧਰਮ ਹਨ, ਉਨ੍ਹਾਂ ਦੇ ਵਿਚ ਜਿਹੜੀ ਆਤਮਾ ਹੈ, ਉਹ ਬੰਦੇ ਵਿਚ ਹੀ ਨਹੀਂ, ਜਾਨਵਰਾਂ, ਕੀੜਿਆਂ ਮਕੌੜਿਆਂ, ਵਨਸਪਤੀ, ਇਥੋਂ ਤੱਕ ਕਿ ਹਵਾ ਪਾਣੀ ਪੱਥਰਾਂ ਵਿਚ ਵੀ ਪਰਮਾਤਮਾ ਨੂੰ ਗਿਣਦੇ ਸੀ।

ਆਧੁਨਿਕ ਧਰਮਾਂ ਦੇ ਵਿਚ ਹੈ -ਸਿੱਖ ਧਰਮ। ਗੁਰੂ ਨਾਨਕ ਜੀ ਇਥੋਂ ਤੱਕ ਲਿਖਦੇ ਹਨ 'ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨ ਕੋਇ॥' ਤੇ ਉਹ ਜੀਅ ਜਿਉਂਦੇ ਹਨਤੇ ਜਿਹੜਾ ਜੀਉਂਦਾ ਹੈ, ਉਸ ਦੇ ਵਿਚ ਆਤਮਾ ਜ਼ਰੂਰ ਹੁੰਦੀ ਹੈ। ਪੁਰਾਤਨ ਧਰਮ ਬਹੁਤ ਹੀ ਵਧੀਆ ਧਰਮ ਸਨ। ਉਨ੍ਹਾਂ ਵਿਚ ਇਕੋ ਹੀ ਨੁਕਸ ਸੀ, ਇਨਸਾਨ ਨੇ ਖੁਦ ਵਹਿਮਭਰਮ ਪਾ ਲਏ, ਜੇ ਵਹਿਮ ਭਰਮ ਵਿਚ ਨਾ ਪੈਂਦੇ ਤਾਂ ਪੁਰਾਤਨ ਧਰਮਾਂ ਵਰਗਾ, ਧਾਰਮਿਕ ਜੀਵਨ ਕਿਸੇ ਹੋਰ ਧਰਮ ਦੇ ਵਿਚ ਸ਼ਪੱਸ਼ਟਤਾ ਦੇ ਨਾਲ ਬਿਆਨ ਨਹੀਂ ਕੀਤਾ ਗਿਆ। ਪੁਰਾਤਨ ਧਰਮਾਂ ਦੀਆਂ ਕਈ ਗੱਲਾਂ ਅੱਜ ਕੱਲ੍ਹ ਨਵੀਂ ਪੀੜ੍ਹੀ ਨੂੰ ਵਿਗਿਆਨ ਦੇ ਯੁੱਗ ਵਿਚ ਅਜੀਬ ਲਗਦੀਆਂ ਹਨ, ਜਿਵੇਂ ਆਪਣੇ ਗੁਜ਼ਰ ਚੁੱਕੇ ਬਜ਼ੁਰਗਾਂ ਦੀ ਪੂਜਾ, ਜਿਹੜੇ ਚਲੇ ਗਏ ਉਨ੍ਹਾਂ ਨੂੰ ਯਾਦ ਕਰਨਾ, ਉਨ੍ਹਾਂ ਦੀ ਪੂਜਾ ਕਰਨੀ ਤੇ ਇਹ ਪੁਰਾਤਨ ਧਰਮਾਂ ਵਿਚ ਬਹੁਤ ਪ੍ਰਚਲਿਤ ਸੀ। ਧਾਰਮਕ ਕਰਮਕਾਂਡ ਕੁਰਬਾਨੀਆਂ ਦੇਣੀਆਂ, ਬਲਿਦਾਨ ਦੇਣੇ, ਬੜੇ ਮਸ਼ਹੂਰ ਸਨ। ਅੱਜ ਕੱਲ੍ਹ ਦੁਨੀਆਂ ਬਲਿਦਾਨ ਦੇਣ ਦੇ ਵਿਚ ਯਕੀਨ ਨਹੀਂ ਰਖਦੀ।

ਤੀਸਰੀ ਵੱਡੀ ਗੱਲ ਪੁਰਾਤਨ ਧਰਮਾਂ ਵਿਚ ਮਿਥਿਹਾਸ ਹੁੰਦੀ ਸੀ। ਮਿਥਿਹਾਸਕ ਗੱਲਾਂ ਤੇ ਮਿਥਿਹਾਸਕ ਕਹਾਣੀਆਂ ਵੀ ਹਨ। ਪਰ ਜੇ ਅਸੀਂ ਧਿਆਨ ਨਾਲ ਦੇਖੀਏ, ਅਸੀਂ ਮੰਨੀਏ ਜਾਂ ਨਾ ਮੰਨੀਏ, ਇਹ ਜਿਹੜੀਆਂ ਦੁਨੀਆਂ ਦੀਆਂ ਕਹਾਣੀਆਂ ਕਿ ਦੁਨੀਆਂ ਕਦੋਂ ਬਣੀ ਸੀ, ਇਹ ਜਿੰਨਾਂ ਮਰਜ਼ੀ ਕੋਈ ਵੱਡਾ ਕਹੇ ਕਿ ਮੈਂ ਸਾਇੰਸਦਾਨ ਹਾਂ, ਮੈਂ ਬਹੁਤ ਵੱਡਾ ਧਾਰਮਿਕ ਖੋਜੀ ਹਾਂ, ਉਨ੍ਹਾਂ ਦੀਆਂ ਦੁਨੀਆਂ ਬਾਰੇ ਸਾਰੀਆਂ ਕਹਾਣੀਆਂ ਮਿਥਿਹਾਸ ਹੀ ਹਨ। ਇਸ ਨੂੰ ਇਤਿਹਾਸ ਕਹਿ ਲੈਂਦੇ ਹਨ। ਪਰ ਜਿਹੜੀ ਗਿਆਰ੍ਹਵੀਂ ਸਦੀ ਹੈ, ਉਸ ਤੋਂ ਪਹਿਲਾਂ ਦਾ ਕੁਝ ਵੀ ਨਹੀਂ। ਗਿਆਰ੍ਹਵੀਂ ਸਦੀ ਤੋਂ ਬਾਅਦ ਦੇ ਵਿਚ ਲਿਖਤਾਂ ਮਿਲਦੀਆਂ ਹਨ, ਗਿਆਰ੍ਹਵੀ ਸਦੀ ਤੋਂ ਪਹਿਲਾਂ ਦਾ ਜੋਕੁਝ ਵੀ ਅੱਜ ਕੱਲ ਅਸੀਂ ਵੇਖਦੇ ਹਾਂ, ਵੱਡੇ-ਵੱਡੇ ਵਿਦਵਾਨਾਂ ਨੇ ਵੱਡੇ-ਵੱਡੇ ਖੋਜੀਆਂਨੇ, ਵਿਗਿਆਨੀਆਂ ਨੇ ਗ੍ਰੰਥ ਬਣਾ ਦਿੱਤੇ, ਪੈਂਤੀ ਸੌ ਸਾਲ ਪਹਿਲਾਂ ਵੀ ਸੀ, ਪੰਜਹਜ਼ਾਰ ਸਾਲ ਪਹਿਲਾਂ ਜਾਂ ਬਿੰਦੀ ਲਾ ਕੇ ਪੰਜਾਹ ਹਜ਼ਾਰ ਸਾਲ ਕਰਕੇ ਦੱਸ ਦਿਤੀਆਂ, ਉਹ ਜਿਹੜੀਆਂ ਖੋਜਾਂ ਹਨ, ਉਹ ਸਾਰੀ ਮਾਈਥਾਲੋਜੀ ਤਾਂ ਹੈ। ਇਹ ਉਹਨਾਂ ਦੇ ਮੰਨਣ ਦਾ ਤਰੀਕਾ ਹੈ। ਪਰ ਇਤਿਹਾਸ ਤਾਂ ਜੋ ਲਿਖਤੀ ਰੂਪ ਵਿਚ ਹੈ ਜਾਂ ਕੋਈ ਵਿਟਨੈਸ ਹੈ, ਉਂਝ ਵੀ ਇਤਿਹਾਸ ਨੂੰ ਕਿਹਾ ਜਾ ਸਕਦਾ ਹੈ, ਉਹ ਮੰਨੀਆਂ ਹੋਈਆਂ ਗੱਲਾਂ ਭਾਵੇਂ ਉਹ ਸੁਣਨ ਨੂੰ ਗਿਨਣ ਨੂੰ ਬਹੁਤ ਵਧੀਆਂ ਲਗਦੀਆਂ, ਇਸਤਰ੍ਹਾਂ ਜਿਵੇਂ


Academy of the Punjab in North America: http://www.apnaorg.com

ਇਤਿਹਾਸ ਲਿਖਿਆ ਹੋਇਆ ਹੈ, ਪਰ ਇਹਦਾ ਕੋਈ ਸਾਰਥਕ ਸਬੂਤ ਨਹੀਂ ਹੈ ਤਾਂ ਫਿਰ ਅਸੀਂ ਇਤਿਹਾਸ ਨਹੀਂ ਕਹਿ ਸਕਦੇ।

ਧਾਰਮਿਕ ਨਜ਼ਰੀਏ ਨਾਲ ਜੇ ਆਪਣੇ ਅਤੀਤ ਤੇ ਨਜ਼ਰ ਮਾਰੀਏ ਤਾਂ ਦੁਨੀਆਂ ਜਦੋਂ ਵੀ ਬਣੀ, ਜਿਥੇ ਵੀ ਬਣੀ, ਜਦੋਂ ਬੰਦੇ ਨੂੰ ਪਤਾ ਲੱਗ ਗਿਆ ਕਿ ਮੈਂਵੀ ਕੁਝ ਹਾਂ, ਮੈਂ ਕੁਝ ਕਰ ਸਕਦਾ ਹਾਂ, ਉਦੋਂ ਬੰਦੇ ਨੂੰ ਇਹ ਵੀ ਮਹਿਸੂਸ ਹੋਇਆ ਕਿ ਮੈਂ ਕੁਝ ਗਲਤ ਨਾ ਕਰ ਦਿਆਂ ਤੇ ਆਪਣੇ ਆਪ ਨੂੰ ਗਲਤੀਆਂ ਤੋਂ ਬਚਾਉਣ ਲਈ ਕਈ ਹਿਦਾਇਤਨਾਮੇ ਤੇ ਅਸੂਲ ਬੰਦੇ ਨੇ ਬਣਾਏ। ਸ਼ੁਰੂ ਵਿਚ ਜਦੋਂ ਹਾਲੇ ਬੰਦਾ ਜ਼ਿਆਦਾ ਸਿਆਣਾ ਨਹੀਂ ਸੀ, ਜਦੋਂ ਰਾਜਨੀਤੀ ਨਹੀਂ ਸੀ, ਜਦੋਂ ਰਾਜਨੀਤੀ ਧਰਮਾਂ ’ਤੇ ਨਹੀਂ ਸੀ ਛਾਈ, ਉਦੋਂ ਬੰਦੇ ਨੇ ਆਪਣੇ ਆਪ ਨੂੰ, ਇਨਸਾਨੀਅਤ ਨੂੰ ਵਧੀਆ ਬਣਾਉਣ ਲਈ, ਇਨਸਾਨੀ ਜੀਵਨ ਨੂੰ ਵਧੀਆ ਰੱਖਣ ਲਈ ਕੁੱਝ ਅਸੂਲ, ਹਦਾਇਤਾਂ ਬਣਾਈਆਂ। ਉਨ੍ਹਾਂ ਨੂੰ ਅਸੀ ਪੁਰਾਤਨ ਧਰਮ, ਪੁਰਾਤਨ ਵਧੀਆਂ ਗੱਲਾਂ, ਜੋ ਇਨਸਾਨੀਅਤ ਦੇ ਵਿਚ ਸੁਣਨ ਵਾਲੀਆਂ ਜਾਂ ਜੋ ਇਨਸਾਨੀਅਤ ਦੇ ਵਿਚ ਰਹਿਣ ਵਾਲੀਆਂ, ਜੋ ਕਿਰਤਾਂ ਅਸੂਲ ਸਨ, ਉਹ ਬੰਦੇ ਨੇ ਬਣਾਏ, ਉਨ੍ਹਾਂ ਨੂੰ ਅਸੀਂ ਪੁਰਾਤਨ ਧਰਮ ਕਹਿ ਸਕਦੇ ਹਾਂ। ਬਾਅਦ ਵਿਚ ਜਦੋਂ ਧਰਮ ਚੱਲੇ, ਧਾਰਮਿਕ ਦੁਨੀਆਂ ਜਦੋਂ ਨਾਵਾਂ ਦੇ ਹਿਸਾਬ ਨਾਲ ਵੇਖੀਏ ਤਾਂ ਭਾਰਤੀ ਰਿਜਨ, ਹਿੰਦੁਸਤਾਨੀ ਰਿਜਨ, ਵਿਚ ਹਿੰਦੂਇਜ਼ਮ, ਜੈਨਇਜ਼ਮ, ਬੁੱਧੀਇਜ਼ਮ, ਸਿਖਿਇਜ਼ਮ -ਇਹ ਭਾਰਤੀ ਮੂਲ ਦੇ ਧਰਮ ਹਨ ਤੇ ਹੋਰ ਵੀ ਨਿੱਕੇ ਮੋਟੇ ਕਈ ਤਰ੍ਹਾਂ ਦੇ ਧਰਮ ਪੈਦਾ ਹੋਏ। ਪਰ ਅਸੀਂ ਭਾਰਤੀ ਇਲਾਕੇ ਵਿਚ ਹਿੰਦੂਇਜ਼ਮ, ਜੈਨਇਜ਼ਮ, ਬੁੱਧਇਜ਼ਮ, ਸਿਖਿਇਜ਼ਮ ਇਨ੍ਹਾਂ ਚਾਰ ਧਰਮਾਂ ਨੂੰ ਮੁੱਖ ਧਰਮ ਮੰਨਦੇ ਹਾਂ। ਦੂਸਰਾ ਚੀਨ ਦਾ ਇਲਾਕਾ ਹੈ। ਤਾਊਵਾਦ ਤੇ ਕੰਨਫਿਊਇਜ਼ਮ ਚੀਨ ਦੇ ਵਿਚ ਪ੍ਰਚਲਿਤ ਹੋਇਆ। ਸ਼ਿੰਤੋ ਧਰਮ ਜਾਪਾਨ ਦੇ ਵਿਚ ਪ੍ਰਚਲਤ ਹੋਇਆ। ਇਨ੍ਹਾਂ ਸਾਰਿਆਂ ਦਾ ਤਾਊਇਜ਼ਮ ਕੰਨਫਿਊਜ਼ਮ, ਇਹ ਸਾਰੇ ਓਰੀਐਂਟਲ ਧਰਮ ਹਨ। ਇਨ੍ਹਾਂ ਦਾ ਗਾਹੇਬਗਾਹੇ ਸਬੰਧ ਤਿੱਬਤ ਨਾਲ ਹੈ ਤੇ ਤਿੱਬਤ ਦਾ ਸਬੰਧ ਬੁੱਧਇਜ਼ਮ ਨਾਲ ਹੈ ਤੇ ਹਿੰਦੂਇਜ਼ਮ ਨਾਲ ਹੈ। ਬੁੱਧਇਜ਼ਮ ਨੂੰ ਜੇ ਅਸੀਂ ਨਿਰੋਲ ਕਹੀਏ ਕਿ ਉਸ ਦਾ ਰਿਸ਼ਤਾ ਹਿੰਦੂਇਜ਼ਮ ਨਾਲ ਨਹੀਂ ਹੈ ਤਾਂ ਇਹ ਗੱਲ ਗਲਤ ਹੋ ਜਾਂਦੀ ਹੈ। ਆਪਾਂ ਵਿਸਥਾਰ ਵਿਚ ਨਾ ਜਾਈਏ। ਇਕ ਕਲਾਸ ਐਸੀ ਹੈ ਜੋ ਹੱਟ ਕੇ ਹੈ। ਇਹ ਸਾਰੇ ਬੁੱਧਇਜ਼ਮ ਤੇ ਜੈਨਇਜ਼ਮ ਅਤੇ ਬਾਕੀ ਦੇ ਧਰਮ ਜਿਹੜੇ ਸਾਰੇ ਹੁਣ ਤੱਕ ਗਿਣੇ ਹਨ, ਇਹ ਸਾਰੇ ਇੱਕ ਕੈਟਾਗਰੀ ਦੇ ਹਨ।

ਦੂਸਰੀ ਮੁੱਖ ਕੈਟਾਗਰੀ ਇਸਲਾਮ, ਕ੍ਰਿਸ਼ਚਿਐਨਟੀ ਤੇ ਜਿਊਇਜ਼ਮ ਹੈ। ਇਹ ਜਿਹੜੀ ਕੈਟਾਗਰੀ ਹੈ, ਜਿਵੇ ਂ ਹੁਣ ਲਗ ਰਿਹਾ ਹੈ ਕਿ ਅਮਰੀਕਾ ਈਸਾਈਅਤ ਦੀ ਬਹੁਤ ਵੱਡੀ ਵਕਾਲਤ ਕਰ ਰਿਹਾ ਹੈ, ਸ਼ਾਇਦ ਅਮਰੀਕਾ ਵਿਚ ਈਸਾਈਅਤ ਦਾ ਜਨਮ ਹੋਇਆ ਨਹੀਂ, ਇਨ੍ਹਾਂ ਦਾ ਵੀ ਜਨਮ, ਜਿਵੇਂ ਹੁਣ ਲਗ ਰਿਹਾ ਕਿ ਅਮਰੀਕਾ ਈਸਾਈਅਤ ਦਾ ਵੱਡਾ ਪ੍ਰਚਾਰਕ ਹੈ, ਇਸ ਦਾ ਜਨਮ ਅਮਰੀਕਾ ਵਿਚ ਨਹੀਂ ਹੋਇਆ। ਇਹ ਬੇਬੀਲੋਨਿਕ ਏਸ਼ੀਆ ਜਿਸ ਨੂੰ ਮਿਡਲ ਈਸਟ ਏਸ਼ੀਆ ਆਖਦੇ ਹਾਂ, ਇਰਾਕ ਬਸਰੇ ਬਗਦਾਦ ਦੇ ਉਸ ਇਲਾਕੇ ਫਿਰ ਸ਼ੁਰੂਆਤ ਹੋਈ ਤੇ ਬਾਅਦ ਵਿਚਆਪਸ ਵਿਚ ਲੜਦੇ ਰਹੇ। ਹੌਲੀ ਹੌਲੀ ਏਥਨਜ਼ ਬਣ ਗਿਆ, ਗਰੀਕ ਸਭਿਅਤਾ ਬਣਗਈ, ਰੋਮਨ ਸਭਿਅਤਾ ਬਣ ਗਈ। ਉਸ ਤੋਂ ਬਾਅਦ ਇਨ੍ਹਾਂ ਦੇ ਝਗੜੇ ਚਲਦੇ ਚਲਦੇ ਵਿਚੋਂ ਕਈ ਧਰਮ ਬਣ ਗਏ। ਲੇਕਿਨ ਇਸ ਦਾ ਜਨਮ ਸਾਰੀ ਦੀ ਸਾਰੀ ਸ਼ਾਖਾਂ ਦਾ ਮਿਡਲ ਈਸਟ, ਬੇਬੀਲੋਨਿਕ ਤੇ ਮੈਸਾਡੋਨਕ ਸਭਿਅਤਾ ਨਾਲ ਹੈ।

ਅਜੋਕੇ ਜਨਜੀਵਨ ਦੇ ਵਿਚ ਧਰਮ ਦੀ ਅਹਿਮੀਅਤ ਹੋਰ ਵੀ ਵੱਧ ਗਈਹੈ। ਪਰਮਾਤਮਾ ਨੇ ਹੀ ਇਨਸਾਨ ਨੂੰ ਬਣਾਇਆ ਤੇ ਪਰਮਾਤਮਾ ਨੇ ਹੀ ਦੁਨੀਆਂ ਵਿਚ ਇਹ ਰਿਸ਼ਤੇ ਬਣਾਏ। ਪਰ ਜੋ ਇਹ ਰਿਸ਼ਤੇ ਨਿਭਾਉਣ ਦੀ ਵਿਧੀ ਹੈ, ਇਹ ਆਪੋ ਆਪਣੀਆਂ ਧਾਰਮਿਕ ਵਿਧੀਆਂ ਹਨ। ਜਿੰਨੀਆਂ ਵਧੀਆ ਵਿਧੀਆਂ ਹਨ, ਓਨੇ ਹੀ ਅਸੀਂ ਆਪਣੇ ਰਿਸ਼ਤੇ ਤੇ ਦੁਨੀਆਂ ਦੇ ਨਾਲ, ਆਪਣੇ ਰਿਸ਼ਤੇ ਨਿਭਾਉਣ ਲਈ ਧਾਰਮਕ ਹਾਂ, ਉਸ ਦੇ ਵਿਚ


Academy of the Punjab in North America: http://www.apnaorg.com

ਕੰਨਟਰੀਬਿਊਸ਼ਨ ਹੈ। ਜਿੰਨਾ ਕੋਈ ਜ਼ਿਆਦਾ ਧਾਰਮਿਕ ਖਿਆਲਾਂ ਦਾ ਹੈ, ਓਨਾ ਹੀ ਰਿਸ਼ਤੇ ਨਿਭਾ ਸਕਣ ਦੇ ਕਾਬਲ ਹੈ।

ਜੇ ਅਸੀਂ ਕਹੀਏ ਕਿ ਹੁਣ ਸਾਇੰਸ ਦਾ ਯੁੱਗ ਹੈ, ਸਾਇੰਸਦਾਨਾਂ ਨੂੰ ਧਰਮਦੀ ਲੋੜ ਨਹੀਂ, ਤਾਂ ਇਹ ਗ਼ਲਤ ਹੈ। ਸਾਇੰਸਦਾਨਾਂ ਨੂੰ ਧਰਮ ਦਾ ਬਹੁਤ ਸਹਿਯੋਗ ਮਿਲਿਆ, ਸਾਇੰਸ ਤੇ ਧਰਮ ਦੋਵੇਂ ਭਾਈਵਾਲ ਹਨ। ਧਾਰਮਿਕ ਗੱਲਾਂ ਨੂੰ ਹੀ ਵਿਗਿਆਨ ਨੇ ਵਿਗਿਆਨਕ ਤਰੀਕੇ ਨਾਲ ਦੱਸਣ ਦਾ ਯਤਨ ਕੀਤਾ ਹੈ। ਮੈਂ ਤਾਂ ਇਥੋਂ ਤਕ ਵੀ ਕਹਾਂਗਾ ਕਿ ਸਾਇੰਸ ਨੇ ਜੋ ਕੁਝ ਵੀ ਕੀਤਾ, ਉਹ ਧਾਰਮਿਕ ਨਜ਼ਰੀਏ ਨਾਲ, ਉਹ ਮਿਥਿਹਾਸਕ ਤੌਰ ਤੇ ਇਕ ਲਾਈਨ ਦੇ ਦੂਸਰੇ ਪਾਸੇ ਗਿਣੀਏ ਤਾਂ ਉਹਦਾ ਮਿਥਿਹਾਸ ਦੇ ਵਿਚ ਇਤਿਹਾਸ ਦੀ ਇਕ ਡਵੀਜ਼ਨ ਹੈ ਧਰਮ। ਉਨ੍ਹਾਂ ਨੂੰ ਇਤਿਹਾਸਕ ਤਰੀਕੇ ਨਾਲ ਦੱਸਿਆ। ਸਾਇੰਸ ਯੁੱਗ ਤੋਂ ਬਾਅਦ ਇਤਿਹਾਸ ਯੁੱਗ ਕਿਹਾ ਜਾ ਸਕਦਾ ਹੈ। ਪਿਛਲਾ ਜਿਹੜਾ ਪਿਛੋਕੜ ਹੈ, ਜਿੰਨੀਆਂ ਮਰਜ਼ੀ ਵੱਡੀਆਂ ਵੱਡੀਆਂ ਅਤੇ ਵਧੀਆ-ਵਧੀਆ ਗੱਲਾਂ ਧਾਰਮਿਕ ਲੋਕਾਂ ਨੇ ਕੀਤੀਆਂ, ਉਨ੍ਹਾਂ ਸਾਰੀਆਂ ਕਹਾਣੀਆਂ ਦਾ ਅਸੀਂ ਮਿਥਿਹਾਸ ਵਿਚ ਵੀ ਨਿਆਂ ਕਰ ਸਕਦੇ ਹਾਂ। ਪਰ ਸਾਇੰਸ ਨੇ ਭਾਵੇਂ ਇਹ ਧਾਰਮਿਕ ਦੁਨੀਆਂ ਦੇ ਵਿਚੋਂ ਹੀ ਸਭ ਕੁੱਝ ਚੁੱਕਿਆ, ਧਾਰਮਿਕ ਗੱਲਾਂ ਦਾ ਹੀ ਵਿਸ਼ਲੇਸ਼ਣ ਕੀਤਾ, ਧਾਰਮਿਕ ਦੁਨੀਆਂ ਦੀਆਂ ਗੱਲਾਂ ਦਾਹੀ ਵਿਗਿਆਨਕ ਤਰੀਕੇ ਦੇ ਨਾਲ ਹੱਲ ਲੱਭਣ ਦੀ ਕੋਸ਼ਿਸ਼ ਕੀਤੀ, ਪਰ ਇਕ ਗੱਲ ਅਸੀਂ ਬੜੇ ਦਾਵੇ ਨਾਲ ਕਹਿ ਸਕਦੇ ਹਾਂ ਕਿ ਸਾਇੰਸ ਦੇ ਕੋਲੋਂ ਅਜੇ ਧਾਰਮਿਕ ਦੁਨੀਆਂ ਦੇ ਸਾਰੇ ਸਵਾਲਾਂ ਦਾ ਜਵਾਬ ਨਹੀਂ ਦਿੱਤਾ ਗਿਆ। ਮੇਰੇ ਹਿਸਾਬ ਦੇ ਨਾਲ ਇਹ ਸਾਰੇ ਸਵਾਲਾਂ ਦੇ ਜਵਾਬ ਸਾਇੰਸ ਕੋਲੋਂ ਸ਼ਾਇਦ ਕਦੇ ਵੀ ਨਾ ਦਿੱਤੇ ਜਾਣ।

ਸਾਇੰਸ ਨੇ ਬਹੁਤ ਕੁਝ ਨਿਖੇੜ ਕੇ ਤੇ ਪ੍ਰਤੱਖ ਕਰਕੇ ਸਾਹਮਣੇ ਰੱਖਿਆ ਪਰ ਜੇ ਅਸੀਂ ਕਹੀਏ ਕਿ ਵਿਗਿਆਨ ਧਾਰਮਿਕ ਦੁਨੀਆਂ ਦੀਆਂ ਸਾਰੀਆਂ ਗੱਲਾਂ ਦਾ ਵਿਸ਼ਲੇਸ਼ਣ ਕਰਨ ਦੇ ਸਮਰੱਥ ਹੋ ਗਿਆ ਤਾਂ ਅਸੀਂ ਅਤਿਕਥਨੀ ਕਰ ਰਹੇ ਹੋਵਾਂਗੇ।

ਸਾਇੰਸ ਸਮਾਜਿਕ ਸਹੂਲਤ ਵਾਸਤੇ ਤੇ ਸਮਾਜ ਦੀਆਂ ਗੱਲਾਂ ਨੂੰ ਨਿਖੇੜਕੇ ਤੇ ਸਿਧਾਂਤਾਂ ਦੇ ਹਿਸਾਬ ਨਾਲ ਦੱਸਣ ਦੇ ਵਿਚ ਬਹੁਤ ਕਾਮਯਾਬ ਰਹੀ ਹੈ। ਪਰ ਜੇ ਕਹੀਏ ਕਿ ਸਮਾਜ ਦੀਆਂ ਸਾਰੀਆਂ ਸਮਾਜਿਕ ਗੱਲਾਂ ਦਾ ਵਿਸ਼ਲੇਸ਼ਣ ਕਰ ਸਕੀ ਹੈ ਤਾਂ ਅਸੀਂ ਇਸ ਗੱਲ ਦੇ ਨਾਲ ਸਹਿਮਤ ਨਹੀਂ ਹਾਂ। ਪਹਿਲੀ ਗੱਲ ਹੈ ਸਮਾਜਿਕ। ਦੂਸਰੀ ਹੈ ਕਲਚਰਲ ਗੱਲਾਂ -ਸਾਰੇ ਕਲਚਲਰ ਅਤੀਤ, ਜਾਂ ਸਮਾਜਿਕ ਅਤੀਤ ਦੀ ਸੌ ਪ੍ਰਤੀਸ਼ਤ ਵਿਆਖਿਆ ਵਿਗਿਆਨ ਨਹੀਂ ਕਰ ਸਕਿਆ। ਜੋ ਸਾਡੇ ਪਰਿਵਾਰਕ ਰਿਸ਼ਤੇ ਹਨ, ਸਾਡਾ ਪਰਿਵਾਰਕ ਅਤੀਤ ਹੈ ਤਾਂ ਉਸ ਦੀ ਵੀ ਪੂਰੀ ਵਿਆਖਿਆ ਹੈ। ਵਿਗਿਆਨ ਨੇ ਬਹੁਤ ਪਰਿਵਾਰਕ ਖੋਜਾਂ ਕੀਤੀਆਂ ਪਰ ਜੇ ਕਹੀਏ ਕਿ ਸੰਪੂਰਨ ਤੌਰ ਤੇ ਵਿਗਿਆਨ ਪਰਿਵਾਰਕ ਵਿਆਖਿਆ ਕਰ ਸਕਿਆ ਹੈ ਤਾਂ ਅਸੀਂ ਅਤਿਕਥਨੀਕਰ ਰਹੇ ਹਾਂ। ਖਾਸ ਤੌਰ ਤੇ ਵਿਗਿਆਨ ਦੇ ਕੋਲੋਂ ਇਨਸਾਨ ਦੇ ਆਤਮਕ ਅਤੀਤ ਦੀ ਸਪਸ਼ਟ ਤੌਰ ਤੇ ਹਾਲੇ ਖੋਜ ਨਹੀਂ ਕੀਤੀ ਗਈ। ਜੋ ਸਪਿਰਚੂਅਲ ਗੱਲਾਂ ਹਨ, ਇਨ੍ਹਾਂ ਤੇ ਜੇ ਅਸੀਂ ਕਹੀਏ ਕਿ ਸਾਇੰਸ ਯਕੀਨ ਨਹੀਂ ਰਖਦੀ ਤਾਂ ਯਕੀਨ ਅਸੀਂ ਉਸ ਗੱਲ ਦਾ ਨਹੀਂ ਕਰਦੇ ਜਿਸ ਦਾ ਸਾਨੂੰ ਪਤਾ ਨਹੀਂ। ਜਿਸ ਦਾ ਸਾਨੂੰ ਪਤਾ ਲੱਗ ਜਾਵੇ ਉਸ ਦਾ ਅਸੀਂ ਯਕੀਨ ਕਰਦੇ ਹਾਂ। ਪਰ ਸਾਇੰਸ ਨੂੰ ਅਜੇ ਆਤਮਕ ਅਤੀਤ ਦਾ ਅਸਲ ਵਿਚ ਪਤਾ ਨਹੀਂ ਲੱਗਾ।

ਮਨੁੱਖ ਜਿੰਨਾ ਚਿਰ ਤੱਕ ਚੰਨ ਉੱਤੇ ਨਹੀਂ ਸੀ ਪਹੁੰਚਿਆ, ਉਤਨੀ ਦੇਰ ਚੰਨ ਵੀ ਚੰਦਾ ਮਾਮਾ ਸੀ। ਰੱਬ ਨੂੰ ਪਤਾ ਨਹੀਂ ਇਨਸਾਨ ਉਪਮਾਮਈ ਮਨ ਦੇ ਨਾਲ ਚੰਨ ਅਤੇ ਸੂਰਜ ਨੂੰ ਗਿਣਦਾ ਰਿਹਾ ਹੈ। ਜਦੋਂ ਗਿਣ ਮਿਣ ਲਿਆ ਤੇ ਪਤਾ ਲਗ ਗਿਆ ਕਿ ਚੰਦ ਵੀ ਇਕ ਧਰਤੀ ਹੈ, ਉਸੇ ਤਰ੍ਹਾਂ ਸਪਿਰਚੂਐਲਿਟੀ ਦੀ ਵੀ ਵਿਗਿਆਨ ਨੇ ਖੋਜ ਕਰ ਲਈ ਤੇ ਵਿਗਿਆਨ ਅਧਿਆਤਮਕਤਾ ਵੀ ਨਿਖੇੜ ਕੇ ਦੱਸਣ ਦੇ ਵਿਚ ਕਾਮਯਾਬ ਹੋ ਗਿਆ ਤਾਂ ਉਸ ਦਿਨ


Academy of the Punjab in North America: http://www.apnaorg.com

ਸਾਨੂੰ ਇਸ ਗੱਲ ਦਾ ਪਤਾ ਲਗੇਗਾ ਕਿ ਅਜੇ ਸਾਇੰਸ ਲਈ ਸਿੱਖਣ ਵਾਲਾ ਕਈ ਕੁਝ ਬਾਕੀ ਰਹਿੰਦਾ ਸੀ। ਵਿਗਿਆਨ ਨੇ ਵਿਦਿਅਕ ਤੌਰ ਤੇ ਦੁਨੀਆਂ ਦੀ ਗਲੋਬਲਾਈਜੇਸ਼ਨ ਕਰਕੇ ਦੁਨੀਆਂ ਨੂੰ ਲਾਗੇ ਕਰ ਦਿੱਤਾ ਹੈ। ਆਵਾਜਾਈ ਦੇ ਸਾਧਨਾ ਨੇ ਦੁਨੀਆਂ ਨੂੰ ਏਨਾ ਲਾਗੇ ਲੈ ਆਂਦਾ ਹੈ ਜਾਂ ਦੁਨੀਆਂ ਨੂੰ ਇੱਕ ਕਰ ਦਿੱਤਾ ਜਾਂ ਏਨਾ ਛੋਟਾ ਕਰ ਦਿੱਤਾ ਕਿ ਹੁਣ ਸਾਰੀ ਦੁਨੀਆਂ ਨੂੰ ਸਮਝ ਸਕਣਾ ਜਾਂ ਦੁਨੀਆਂ ਦੀ ਗੱਲ ਕਰ ਸਕਣਾ ਕੋਈ ਵੱਡੀ ਗੱਲ ਨਹੀਂ ਰਹਿ ਗਈ। ਕੋਈ ਸਮਾਂ ਸੀ ਜਦੋਂ ਧਰਤੀ ਦੇ ਦੂਜੇ ਪਾਸੇ ਹਿੰਦੁਸਤਾਨ ਦੇ ਵਿਚ ਬੈਠੇ ਲੋਕ ਕਹਿੰਦੇ ਸਨ ਜਾਂ ਜਿਨ੍ਹਾਂ ਨੂੰ ਖ਼ਿਆਲ ਆਉਂਦਾ ਸੀ ਕਿ ਧਰਤੀ ਦੇ ਦੂਜੇ ਪਾਸੇ ਕੀ ਹੋਵੇਗਾ। ਕੋਈ ਕਹਿੰਦੇ ਸਨ ਕਿ ਉਥੇ ਚੰਡਾਲ ਰਹਿੰਦੇ ਹਨ, ਕੋਈ ਕਹਿੰਦੇ ਉਥੇ ਭੂਤ ਰਹਿੰਦੇ ਹੋਣਗੇ। ਉਹ ਆਪੋ ਆਪਣੇ ਖਿਆਲ ਪੇਸ਼ ਕਰਦੇ ਸਨ, ਪਰ ਹੁਣ ਪਤਾ ਲਗ ਚੁੱਕਾ ਹੈ ਕਿ ਕਿਹੜੀ ਧਰਤੀ ਤੇ ਕੀ ਹੋ ਰਿਹਾ ਹੈ ਤੇ ਕਿਹੜੇ ਲੋਕ ਜੀਵਨ ਸਹੀ ਜੀ ਰਹੇ ਹਨ ਤੇ ਕਿਹੜੇ ਲੋਕ ਗ਼ਲਤ ਜੀ ਰਹੇ ਹਨ? ਕਿਹੜੇ ਦੇਸ਼ ਦੇ ਵਿਚ ਲੋਕਾਂ ਨੂੰ ਤੰਗ ਕਰਨ ਵਾਲੇ ਜੀ ਰਹੇ ਹਨ ਤੇ ਕਿਹੜੇ ਲੋਕਾਂ ਨੂੰ ਜਾ ਕੇ ਸਮਝਾਉਣ ਵਾਲੇ ਬੈਠੇ ਹਨ। ਇਹ ਸਾਰਾ ਜੋ ਲਾਗੇ-ਲਾਗੇ ਹੋ ਗਿਆ, ਦੁਨੀਆਂ ਦੀ ਸਮਝ ਲੱਗ ਗਈ, ਇਹ ਵਿਗਿਆਨ ਦੀ ਹੀ ਸਾਰੀ ਕਾਢ ਹੈ।

ਲੇਕਿਨ ਸਾਰੀ ਸ੍ਰਿਸ਼ਟੀ ਦੀ ਰਚਨਾ ਕਦੋਂ ਹੋਈ, ਕਿਵੇਂ ਹੋਈ? ਸਾਰੀ ਦੁਨੀਆਂ ਜਾਂ ਸ੍ਰਿਸ਼ਟੀ ਰਚਣ ਦਾ ਕਾਰਣ ਕੀ ਸੀ ਤੇ ਇਸ ਦਾ ਅੰਤ ਕੀ ਹੋਵੇਗਾ? ਇਹ ਸਾਰੇ ਦਾ ਸਾਰਾ ਵਿਗਿਆਨ ਨੇ ਬਹੁਤ ਕੁੱਝ ਖੋਜਿਆ। ਪਰ ਜੇ ਅਸੀਂ ਕਹੀਏ ਕਿਵਿਗਿਆਨ ਨੇ ਬਹੁਤ ਕੁਝ ਨਿਰਣਾ ਕਰ ਲਿਆ ਹੈ ਤਾਂ ਇਹ ਗੱਲ ਗਲਤ ਹੈ। ਵਿਗਿਆਨ ਅਸਲ ਦੇ ਵਿਚ ਉਹ ਚੀਜ਼ਾਂ ਕਰ ਸਕਿਆ ਹੈ ਜਿਨ੍ਹਾਂ ਦੀ ਸਾਨੂੰ ਲੋੜ ਹੈ, ਜਿਸ ਤੋਂ ਬਗ਼ੈਰ ਸਾਡਾ ਭੁਲੇਖਾ ਹੀ ਰਹਿ ਜਾਣਾ ਸੀ। ਪਰ ਕਈ ਭੁਲੇਖੇ ਹੁੰਦੇ ਹਨ, ਜਿਹੜੇ ਦੂਰ ਕਰਨੇ ਬਣਦੇ ਹੀ ਨਹੀਂ, ਜਿਵੇਂ ਜਦੋਂ ਬੰਦੇ ਦਾ ਜਨਮ ਹੁੰਦਾ, ਉਹਨੂੰ ਪਹਿਲੇ ਦਿਨ ਪਤਾ ਲਗ ਜਾਏ, ਜਿਵੇਂ ਸਾਨੂੰ ਕੋਈ ਪਤਾ ਨਹੀਂ ਕਿ ਕਿਸ ਬੰਦੇ ਨਕਿਸ ਜੀਵ ਨੇ ਕਿਸ ਦਿਨ ਮਰ ਜਾਣਾ ਹੈ ਜਾਂ ਕਦੋਂ ਮਰਨਾ ਹੈ, ਜੇ ਪਤਾ ਲਗ ਜਾਵੇਤਾਂ ਕੀ ਉਹ ਬੰਦਾ ਆਪਣੀ ਸਾਧਾਰਨ ਜ਼ਿੰਦਗੀ ਜੀ ਸਕੇਗਾ? ਨਹੀਂ ਜੀ ਸਕੇਗਾ ਇਸ ਗੱਲ ਦੀ ਕਿਤੇ ਵੀ ਲੋੜ ਨਾ ਪਈ ਤੇ ਨਾ ਹੀ ਪੈਣੀ ਅਤੇ ਨਾ ਹੀ ਪੈ ਸਕਦੀ ਹੈ। ਇਸ ਕਰਕੇ ਉਸ ਦੀ ਸਾਰੀ ਪੀੜ੍ਹੀ ਜੇ ਉਹ ਲਿਖਣੀ ਸ਼ੁਰੂ ਕਰ ਦੇਵੇ ਕਿ ਇਸ ਦਿਨ ਤੂੰ ਬੀਮਾਰ ਹੋਣਾ ਹੈ, ਇਸ ਦਿਨ ਤੂੰ ਮਰ ਜਾਣਾ ਹੈ ਤੇ ਪੂਰੇ ਦਿਨ ਗਿਣ ਕੇ ਪਹਿਲਾਂ ਹੀ ਦੱਸ ਦਿਤੇ ਜਾਣ ਤਾਂ ਕੀ ਉਹ ਬੰਦਾ ਆਪਣੀ ਸਾਧਾਰਣ-ਜ਼ਿੰਦਗੀ ਜੀ ਸਕੇਗਾ? ਉਸ ਗੱਲ ਦੀ ਕਿਤੇ ਵੀ ਲੋੜ ਨਾ ਪਈ ਤੇ ਨਾ ਹੀ ਪੈਣੀ ਹੈ ਤੇ ਇਸ ਕਰਕੇ ਇਹ ਭੁਲੇਖਾ ਹੀ ਸਹੀ ਹੈ।


Academy of the Punjab in North America: http://www.apnaorg.com

# ਦੁਨੀਆਂ ਦੇ ਧਰਮ

ਦੁਨੀਆਂ ਦੇ ਵਿਚ ਅੱਜ ਕੱਲ੍ਹ ਮਸ਼ਹੂਰ ਧਰਮ-ਬੁੱਧ ਧਰਮ, ਕ੍ਰਿਸ਼ਚੀਅਨ, ਇਸਲਾਮ, ਯਹੂਦੀ, ਸ਼ਿੰਤੋ, ਤਾਓਇਜ਼ਮ, ਕਨਫ਼ਿਊਇਜ਼ਮ, ਹਿੰਦੂ, ਜੈਨ ਤੇ ਸਿੱਖ ਧਰਮ ਹਨ। ਕੁਝ ਹੋਰ ਵੀ ਧਰਮ ਹਨ, ਜਿਵੇਂ ਸੰਤਾਲੋਜੀ ਹੈ। ਇਨ੍ਹਾਂ ਨੂੰ ਅਸੀਂ ਹੁਣ ਵਿਸ਼ੇਸ਼ ਨਜ਼ਰ ਨਾਲ ਵੇਖਦੇ ਹਾਂ।

ਯਹੂਦੀ ਧਰਮ ਦੇ ਬਾਰੇ ਗੱਲ ਕਰੀਏ। ਯਹੂਦੀ ਮੰਨਦੇ ਹਨ ਕਿ ਦੁਨੀਆਂ ਵਿੱਚ ਪ੍ਰਮਾਤਮਾ ਵਿਚਰ ਰਿਹਾ ਹੈ। ਇਕ ਸਿਲੈਕਟ ਕੀਤੇ 'ਗਰੁੱਪ ਆਫ ਪੀਪਲ' ਹਨ। ਉਨ੍ਹਾਂ ਲੋਕਾਂ ਦੇ ਵਿੱਚ ਰੱਬ ਆਪ ਵਿਚਰ ਰਿਹਾ ਹੈ, ਉਹ ਹਨ ਯਹੂਦੀ। ਇਸ ਦਾ ਮੋਢੀ ਮੋਜ਼ਜ਼ ਹੈ। ਵਿਊ ਆਫ ਗੋਡ ਤੇ ਇਸ ਵਿੱਚ ਜਾਵਾ ਇਸਦਾ ਨਾਂ ਹੈ। ਇਹ ਖਾਣ ਪੀਣ ਵਿੱਚ ਹਲਾਲ ਕਰਕੇ ਜਾਨਵਰ ਨੂੰ ਮਾਰਨ ਵਿੱਚ ਯਕੀਨ ਰੱਖਦੇ ਹਨ। ਮੌਤ ਤੋਂ ਬਾਅਦ ਇਨ੍ਹਾਂ ਦਾ ਯਕੀਨ ਹੈ- ਉਹ ਪੁਨਰ ਜਨਮ ਹੈ, ਇਹ ਜੱਜਮੈਂਟ ਦੇ ਦਿਨ-ਕਿਆਮਤ ਦੇ ਵਿੱਚ ਯਕੀਨ ਰੱਖਦੇ ਹਨ। ਜਾਵਾ ਨੂੰ ਸੱਚਾ ਤੇ ਇਕੋ ਇੱਕ ਰੱਬ ਮੰਨਦੇ ਹਨ। ਇਨ੍ਹਾਂ ਦੇ ਪੈਗੰਬਰਾਂ ਵਿਚੋਂ ਮੋਜਜ਼ ਸਭ ਤੋਂ ਵੱਡਾ ਹੈ। ਉਸ ਤੇ ਯਕੀਨ ਰੱਖਦੇ ਹਨ, ਇਕ ਦਿਨ ਮਸੀਹਾ ਜ਼ਰੂਰ ਆਏਗਾ। ਇਹਨਾਂ ਦੀਆਂ ਧਾਰਮਿਕ ਕਿਤਾਬਾਂ -ਤਨਖ਼ ਤਲਮੁਡ ਤੇ ਜੋ ਰਾਹ ਇਹ ਤਿੰਨ ਕਿਤਾਬਾਂ ਹਨ। ਧਾਰਮਿਕ ਯਹੂਦੀ ਕੈਲੰਡਰ ਵਿਚ ਮਾਰਚ ਅਪ੍ਰੈਲ ਪਹਿਲਾ ਮਹੀਨਾ ਗਿਣਦੇ ਹਨ। ਇਹਨਾਂ ਦੇ ਕੈਲੰਡਰ ਦਾ ਵੱਖਰਾ ਤਰੀਕਾ ਹੈ। 12ਵੀਂ ਸਦੀ ਦਾ ਇਹ ਨਵਾਂ ਧਾਰਮਿਕ ਪ੍ਰਬੰਧ ਹੈ। ਇਸ ਦੇ ਵਿੱਚ 12 ਮਹੀਨਿਆਂ ਦੇ ਵੰਡੇ ਹੋਏ ਕੈਲੰਡਰ ਮੁਤਾਬਕ ਚੌਥੇ ਸਾਲ 13 ਮਹੀਨੇ ਹੋ ਜਾਂਦੇ ਹਨ। ਯਹੂਦੀ ਧਾਰਮਿਕ ਕਹਾਣੀ ਅਨੁਸਾਰ ਇਸ ਦੇ ਮੁੱਖ ਪਾਤਰ ਹਨ- ਅਬਰਾਹਮ, ਇਸਾਕ, ਜੈਕਬ ਤੇ ਮੋਜ਼ਜ਼। ਇਹਨਾਂ ਦੇ ਦੁਆਲੇ ਕਹਾਣੀ ਘੁੰਮਦੀ ਹੈ। ਜੋ ਕੱਟੜ ਯਹੂਦੀ ਹਨ, ਉਹ ਆਧੁਨਿਕ ਦੁਨੀਆਂ ਦੇ ਤੌਰ ਤਰੀਕਿਆਂ ਵਿੱਚ ਯਕੀਨ ਨਹੀਂ ਰੱਖਦੇ। ਇਸ ਦੇ ਰੀਤੀ ਰਿਵਾਜਾਂ ਤੋਂ ਦੂਰ ਰਹਿਣ ਦਾ ਯਤਨ ਕਰਦੇ ਹਨ। ਅਸਲ ਵਿੱਚ ਯਹੂਦੀ ਮੱਤ 19ਵੀਂ ਸਦੀ ਵਿੱਚ ਪੂਰਾ ਚਮਕ ਕੇ ਸਾਹਮਣੇ ਆਇਆ। ਇਹ ਅਸਲ ਵਿੱਚ ਇਸਾਈਅਤ ਵਿੱਚੋਂ ਹੀ ਇਕ ਵੱਖਰੀ ਕੱਟੜ ਧਾਰਾ ਹੈ ਜਿਹਨਾਂ ਦੀ ਗਿਣਤੀ ਆਮਤੌਰ ਤੇ ਇਕ ਕਰੋੜ ਹੈ। ਬਹੁਤੇ ਇਜ਼ਰਾਈਲ ਵਿੱਚ ਹੀ ਰਹਿੰਦੇ ਹਨ। ਅਮਰੀਕਾ ਵਿਚ ਵੀ ਰਹਿੰਦੇ ਹਨ। ਦੁਨੀਆਂ ਦੇ ਵਿੱਚ ਹੋਰ ਵੀ ਹਨ, ਪਰ ਉਹਨਾਂ ਦੀ ਗਿਣਤੀ ਬਹੁਤ ਘੱਟ ਹੈ। ਅੱਜ ਕੱਲ੍ਹ ਇਕ ਕਰੋੜ ਤੋਂ ਉਪਰ ਗਿਣਦੇ ਹਨ। ਗਿਣਤੀ ਵਿੱਚ ਦੁਨੀਆਂ ਦਾ ਸਭ ਤੋ ਵੱਡਾ ਧਰਮ ਈਸਾਈ ਹੈ। ਦੋ ਸੌ ਕਰੋੜ ਦੁਨੀਆਂ ਦੇ ਵਿੱਚ ਇਸਾਈ ਰਹਿੰਦੇ ਹਨ। ਇਸਾਈਅਤ ਦਾ ਫਾਊਂਡਰ ਯਸੂ ਮਸੀਹ ਮੰਨਿਆਂ ਜਾਂਦਾ ਹੈ। ਇਸਾਈ ਯਕੀਨ ਰੱਖਦੇ ਹਨ ਕਿ ਜੱਜਮੈਂਟ ਵਾਲੇ ਦਿਨ ਫੈਸਲੇ ਹੋਣਗੇ। ਇਹ ਸਵਰਗ ਨਰਕ ਦੀ ਗੱਲਕਰਦੇ ਹਨ। ਇਸਾਈ ਯਸੂ ਮਸੀਹ ਨੂੰ ਰੱਬ ਦਾ ਪੁੱਤਰ ਮੰਨਦੇ ਹਨ ਤੇ ਯਕੀਨ ਕਰਦੇ ਹਨ ਕਿ ਯਸੂ ਮਸੀਹ ਇਕ ਕੁਆਰੀ ਮਾਂ ਤੋਂ ਪੈਦਾ ਹੋਇਆ ਸੀ। ਯਸੂ ਮਸੀਹ ਦੇ ਸ਼ਰਧਾਲੂ ਪੁਨਰਜਨਮ ਵਿੱਚ ਯਕੀਨ ਰੱਖਦੇ ਹਨ ਕਿ ਯਸੂ ਮਸੀਹ ਨੇ ਕਰੌਸ ਦੇ ਉਤੇ ਦੁਨੀਆਂ ਦੇ ਭਲੇ ਵਾਸਤੇ ਕੁਰਬਾਨੀ ਦਿੱਤੀ ਸੀ। ਇਸਾਈ ਇਸ ਗੱਲ 'ਤੇ ਪੱਕਾ ਵਿਸ਼ਵਾਸ ਰੱਖਦੇ ਹਨ ਕਿ ਯਸੂ ਮਸੀਹ ਰਾਹੀਂ ਸਿਰਫ਼ ਮੁਕਤੀ ਮਿਲ ਸਕਦੀ ਹੈ। ਇਸ ਗੱਲ ਤੇ ਵੀ ਪੱਕਾ ਯਕੀਨ ਰੱਖਦੇ ਹਨ ਕਿ ਯਸੂ ਮਸੀਹ ਨੇ ਫਿਰ ਮੁੜ ਕੇ ਆਉਣਾ ਹੈ।

ਅਸੀਂ ਬਾਈਬਲ ਪੜ੍ਹਦੇ ਹਾਂ। ਇਸ ਤਰ੍ਹਾਂ ਲਗਦਾ ਕਿ ਇਹ ਬਾਈਬਲ ਹੀ ਇਸਾਈਅਤ ਹੈ। ਲੇਕਿਨ ਧਿਆਨ ਨਾਲ ਦੇਖੀਏ ਜਾਂ ਘੋਖ ਕੇ ਪੜ੍ਹੀਏ ਤਾਂ ਸਭ ਤੋਂ ਪਹਿਲੀ ਲਿਖਤ ਜੋ ਮਿਲਦੀ ਹੈ, ਉਹ ਪਾਲ ਦੇ ਖ਼ਤ ਹਨ। ਯਸੂ ਮਸੀਹ ਨੇ ਆਪਣੇ ਹੱਥ ਨਾਲ ਕੁਝ ਨਹੀਂ ਲਿਖਿਆ। ਜਿਵੇਂ ਕਥਾ ਕਹਾਣੀਆਂ ਗਿਣਤੀ ਮਿਣਤੀ ਹੈ, ਇਹ ਸਾਰੀ ਇਕੱਠੀ ਕੀਤੀ ਹੋਈ ਸਮੱਗਰੀ ਹੈ। ਇਸ ਵਿੱਚ ਕੋਈ ਧਾਰਮਿਕ ਪੁਸਤਕ ਦੀ ਜਾਂ ਯਸੂ ਮਸੀਹ ਦੀ ਕਹੀ ਗੱਲ ਨਹੀਂ ਹੈ। ਜਿਵੇਂ ਬਾਕੀ ਧਰਮਾਂ ਵਿੱਚ ਕਿਤਾਬਾਂ ਮਿਲਦੀਆਂ ਹਨ, ਉਵੇਂ ਈਸਾਈਅਤ ਦੀ ਅਸਲੀ ਕਿਤਾਬ ਕੋਈ


Academy of the Punjab in North America: http://www.apnaorg.com

ਨਹੀਂ। ਦੁਨੀਆਂ ਵਿੱਚ ਸਭ ਤੋਂ ਜ਼ਿਆਦਾ 22 ਕਰੋੜ ਇਸਾਈ ਅਮਰੀਕਾ ਵਿੱਚ ਰਹਿੰਦੇ ਹਨ।

ਦੂਸਰੇ ਨੰਬਰ ਤੇ ਬਰਾਜ਼ੀਲ ਵਿੱਚ 14 ਕਰੋੜ ਇਸਾਈ ਰਹਿੰਦੇ ਹਨ। ਵੈਸੇ ਕ੍ਰਿਸਚੀਅਨ ਯੂਰਪ ਦੇ ਵਿੱਚ ਸਾਰੇ ਰਲਾ ਮਿਲਾ ਉਹਨਾਂ ਦੀ ਗਿਣਤੀ 2 ਬਿਲੀਅਨ, ਦੋ ਅਰਬ ਤੋਂ ਥੋੜ੍ਹੀ ਉਪਰ ਗਿਣੀ ਜਾਂਦੀ ਹੈ। 13ਵੀਂ ਸਦੀ ਦੇ ਮਗਰਲੇ ਅੱਧ ਵਿੱਚ ਜਦੋਂ ਅਰਸਤੂ ਦੀ ਬਾਡੀ ਗਾਸਪੱਲ ਦੀ ਲਾਤਾਨੀ ਭਾਸ਼ਾ ਵਿੱਚ ਟਰਾਂਸਲੇਸ਼ਨ ਉਪਲਬਧ ਹੋਈ ਤਾਂ ਉਦੋਂ ਇਹ ਕ੍ਰਿਸ਼ਚੀਅਨ ਕੈਥੋਲਿਕ ਚਾਲੂ ਹੋਈ। 13ਵੀਂ ਸਦੀ ਦੇ ਅਖੀਰ ਵਿੱਚ ਜਦੋਂ ਏਥਨ ਦੀ ਯੂਨਾਨੀ ਸਭਿਅਤਾ ਦੇ ਬਾਰੇ ਗੱਲਾਂ ਬਾਤਾਂ ਗੰਭੀਰਤਾ ਦੇ ਨਾਲ ਹੋਣੀਆਂ ਸ਼ੁਰੂ ਹੋਈਆਂ ਤਾਂ 13ਵੀਂ ਸਦੀ ਦੇ ਅਖੀਰ ਦੇ ਵਿੱਚ ਕੈਥੋਲਿਕ ਸਾਹਮਣੇ ਆਏ। ਇਹ ਇਸਾਈਅਤ ਦੀ ਬਰਾਂਚ ਦੇ ਰੂਪ ਵਿੱਚ ਸਾਹਮਣੇ ਆਏ।

ਯੂਨਾਨੀ ਸਭਿਅਤਾ ਦਾ 13ਵੀਂ ਸਦੀ ਤੋਂ ਪਹਿਲਾਂ ਦਾ ਕੋਈ ਜ਼ਿਕਰ ਨਹੀਂ ਮਿਲਦਾ। ਬਾਅਦ ਵਿੱਚ ਹਿਸਟੋਰੀਅਨ ਲੋਕਾਂ ਨੇ ਹਜ਼ਾਰਾਂ ਸਾਲ ਪਹਿਲਾਂ ਤੱਕ ਕਹਾਣੀਆਂ ਬਣਾਈਆਂ ਹਨ। ਉਹਨਾਂ ਨੂੰ ਇਤਿਹਾਸ ਨਾ ਕਹੀਏ ਤਾਂ ਠੀਕ ਰਹੇਗਾ; 13ਵੀਂ ਸਦੀਤੋਂ ਬਾਅਦ ਦੀਆਂ ਗੱਲਾਂ ਨੂੰ ਜੀ ਸਦਕੇ ਇਤਿਹਾਸਕ ਮੰਨੋ। ਇਸਾਈਅਤ ਦੀਆਂ ਕਈ ਸ਼ਾਖ਼ਾਵਾਂ ਹਨ। ਇਸਾਈਅਤ ਵਿੱਚ ਸਭ ਤੋਂ ਵੱਡੀ ਸਾਖਾ ਕੈਥੋਲਿਕ ਹੈ। ਅੱਧੇ ਤੋਂ ਵੱਧ ਈਸਾਈ ਕੈਥੋਲਿਕ ਹਨ, 100 ਕਰੋੜ ਤੋਂ ਉਪਰ ਦੁਨੀਆਂ ਵਿੱਚ ਕੈਥੋਲਿਕ ਲੋਕ ਹਨ।

ਇਸਾਈਅਤ ਦੀ ਇਕ ਹੋਰ ਸ਼ਾਖਾ ਪ੍ਰੋਟੈਸਟੇਨਿਜ਼ਮ ਹੈ ਜਿਸ ਦਾ ਫਾਊਂਡਰ ਮਾਰਟਨ ਨੂੰ ਗਿਣਿਆ ਜਾਂਦਾ ਹੈ। ਮਾਰਟਨ ਲੂਥਰ ਦਾ ਜਨਮ ਨਵੰਬਰ 1483 ਵਿੱਚ ਹੋਇਆ ਸੀ। ਬਾਈਬਲ ਨੂੰ ਮੁੱਖ ਰੱਖ ਕੇ ਮਾਰਟਨ ਲੂਥਰ ਚਲਦਾ ਹੈ। ਸੋਲ੍ਹਵੀਂ ਸਦੀ ਦੇ ਵਿਚ ਇਹ ਜਰਮਨ ਦਾ ਜੰਮਪਲ ਦੁਨੀਆਂ ਵਿੱਚ ਚਮਕਦਾ ਹੈ, ਤਾਂ ਉਸ ਦੀ ਚਮਕ, ਮਾਰਟਨ ਲੂਥਰ ਦਾ ਇਤਿਹਾਸ ਵਿੱਚ ਅੱਗੇ ਆਉਣਾ, ਇਵੇਂ ਕਹੋ ਇਥੋਂ ਜਰਮਨ ਦਾ ਬਾਕੀ ਅੰਗਰੇਜ਼ਾਂ ਦਾ, ਇੰਗਲੈਂਡ ਦਾ ਪਹਿਲਾ ਵਿਰੋਧ ਉਥੋਂ ਆਪਸ ਵਿੱਚ ਤੁਰਦਾ ਹੈ। ਮਾਰਟਨ ਲੂਥਰ ਨੇ ਜਦੋਂ ਇਹ ਗਰੀਕ ਵਿਚੋਂ ਜਰਮਨ ਭਾਸ਼ਾ ਦੇ ਵਿੱਚ ਟੈਸਟਾਮੈਂਟ ਨਵਾਂ ਐਗਰੀਮੈਂਟ ਲਿਖਿਆ, ਉਸ ਤੋਂ ਬਾਅਦ ਇਸ ਵਿਰੋਧ ਦਾ ਜਨਮ, ਈਸਾਈਅਤ ਦੇ ਆਪਸੀ ਵਿਰੋਧ ਦੇ ਸਾਹਮਣੇ ਆਉਣ ਨਾਲ ਹੀ ਹੋਇਆ।

**ਪ੍ਰੋਟੇਸਟੇਨਿਜ਼ਮ**

ਪ੍ਰੋਟੇਸਟੇਨਿਜ਼ਮ ਵੀ ਈਸਾਈਅਤ ਦੀ ਸ਼ਾਖਾ ਹੈ। ਇਸ ਨੂੰ ਵਿਰੋਧੀ ਸਾਖਾ ਕਹੋ, ਇਹਨੂੰ ਮੁੱਖ ਸਾਖਾ ਕਹੋ; ਇਸ ਪਾਸੇ ਅਸੀਂ ਕਿਉਂ ਜਾਈਏ। ਅੱਧੇ ਬਿਲੀਅਨ ਦੇ ਕਰੀਬ ਇਹ ਗਿਣਤੀ ਕਰਦੇ ਹਨ। ਪ੍ਰੋਟੈਸਟੇਨਿਜ਼ਮ ਦੇ ਵਿੱਚ ਯਕੀਨ ਕਰਨ ਵਾਲਿਆਂ ਦੀ ਗਿਣਤੀ ਦੀ ਬਹਿਸ ਵਿੱਚ ਆਪਾਂ ਨਾ ਜਾਈਏ। ਈਸਾਈਅਤ ਦੀ ਇਕ ਹੋਰ ਸ਼ਾਖਾ ਹੈ। ਇਹ ਅੱਜ ਕੱਲ੍ਹ ਕਈ ਲੋਕਾਂ ਨੂੰ ਪਤਾ ਨਹੀਂ, ਪਰ ਇਹ 17ਵੀਂ 18 ਵੀਂ ਸਦੀ ਦੇ ਵਿੱਚ ਇਸਾਈਅਤ ਦੀ ਬਹੁਤ ਹੀ ਪ੍ਰਭਾਵਸ਼ਾਲੀ ਸ਼ਾਖਾ ਸੀ। 17ਵੀਂ ਸਦੀ ਦੇ ਵਿੱਚ ਇਸ ਦਾ ਜਨਮ ਹੋਇਆ। ਡੀਇਜ਼ਮ 1793 ਵਿੱਚ ਪਾਇਨ ਨੇ ਕਿਤਾ 'ਤਰਕ ਦਾ ਯੁੱਗ' ਲਿਖੀ ਸੀ। ਅਸਲ ਵਿੱਚ ਉਹ ਸਿੱਧੇ ਤੌਰ ਤੇ ਇਸਾਈਅਤ ਦੇ ਵਿੱਚ ਵਿਸ਼ਵਾਸ ਕਰਨ ਵਾਲਿਆਂ ਅਤੇ ਬਾਈਬਲ ਦੀ ਹੋਂਦ ਉਤੇ ਪਹਿਲੀ ਵਾਰ ਕਿਸੇ ਨੇ ਇਸਾਈਅਤ ਨੂੰ ਚੈਲਿੰਜ ਕੀਤਾ ਸੀ, ਉਹ ਸੀ ਡੀਇਜ਼ਮ। ਇਸ ਕਰਕੇ ਬਹੁਤ ਲੋਕਾਂ ਨੂੰ ਨਹੀਂ ਪਤਾ, ਕਿਉਂਕਿ ਪਾਇਨ ਦੀਆਂ 1794-95 ਵਿੱਚ ਕਿਤਾਬਾਂ ਛਪੀਆਂ ਤੇ ਤੀਜਾ ਹਿੱਸਾ 1807 ਵਿਚ ਛਪਿਆ ਤੇ ਇਹ ਇਕ ਕਿਸਮ ਦੀ ਬਾਈਬਲ ਦੀ ਹੋਂਦ 'ਤੇ ਸ਼ੱਕ ਕਰਨ ਵਾਲੇ ਇਸਾਈ ਸਨ। ਉਨ੍ਹਾਂ ਦੀਆਂ ਠੋਸ ਦਲੀਲਾਂ ਵੇਖੀਏ ਤਾਂ ਹੈਰਾਨੀ ਹੁੰਦੀ ਹੈ। ਉਸ ਵਿਚ ਤਰਕ ਦਿਤੇ ਗਏ। ਇਸੇ ਕਰਕੇ ਸ਼ਾਇਦ, ਕਿਉਂਕਿ ਇਸਾਈਅਤ ਦੁਨੀਆਂ ਦਾ ਸਭ ਤੋਂ ਵੱਡਾ ਧਰਮ ਹੈ, ਇਸ ਵਿੱਚ ਇਹਨਾਂ ਦਾ ਆਪਸੀ ਵਿਰੋਧ ਸੀ, ਉਸਦਾ ਲੋਕਾਂ ਨੂੰ ਬਹੁਤਾ ਪਤਾ ਨਹੀਂ ਹੈ।

ਥੌਮਸ ਪਾਇਨ ਰੱਬ ਤੇ ਯਕੀਨ ਕਰਦਾ ਹੈ, ਉਸ ਦੀ ਹੋਂਦ ਤੇ ਯਕੀਨ ਕਰਦਾ ਹੈ। ਅੰਗਰੇਜਾਂ ਨੇ ਇਸ ਕਿਤਾਬ



Academy of the Punjab in North America: http://www.apnaorg.com

ਉਤੇ ਪਾਬੰਦੀ ਲਾ ਦਿੱਤੀ ਕਿਉਂਕਿ ਥੌਮਸ ਪਾਇਨ ਖੁੱਲ੍ਹੇ ਆਮ ਬਾਈਬਲ ਨੂੰ ਰਾਜਨੀਤੀਕਰਨ ਦਾ ਝੂਠਾ, ਗ਼ਲਤ ਸਾਧਨ ਮੰਨਦਾ ਹੈ। ਇਥੋਂ ਤੱਕ ਕਿ ਪਬਲਿਸ਼ਰਜ਼ ਤੇ ਡਿਸਟਰੀਬਿਊਟਰ ਨੂੰ ਵੀ ਗ੍ਰਿਫਤਾਰ ਕਰ ਲਿਆ। ਪਰ ਅਮਰੀਕਾ ਵਿੱਚ ਇਸ ਗੱਲ ਨੂੰ ਮੰਨਣ ਵਾਲੇ ਲੋਕ ਜ਼ਿਆਦੇ ਸਨ। ਇਸੇ ਕਰਕੇ ਅਮਰੀਕਾ ਦਾ ਰੈਵੂਲੇਸ਼ਨ, ਅੰਗਰੇਜਾਂ ਦੇ ਨਾਲ ਪਹਿਲਾ ਵਿਰੋਧ ਹੈ। ਬ੍ਰਿਟਿਸ਼ ਦੇ ਨਾਲ ਅਮਰੀਕਾ ਦੇ ਮੁਢਲੇ ਵਿਰੋਧ ਦਾ ਕਾਰਨ 'ਏਜ ਆਫ ਰਿਜ਼ਨ', ਕਿਤਾਬ ਸੀ। ਇਸਾਈ ਤਾਂ ਰੱਬ ਦੀ ਸਿਰਜਣਾ ਉਤੇ ਯਕੀਨ ਰੱਖਦੇ। ਸਾਰੇ ਦਿਨ ਰੱਬ ਨੇ ਬਣਾਏ ਹੋਏ ਹਨ। ਕੋਈ ਵੀ ਦਿਨ ਐਸਾ ਨਹੀਂ ਹੈ ਜਿਹੜਾ ਉਹ ਹੌਲੀ ਡੇ ਹੈ ਕਿਉਂਕਿ ਉਪਰ ਪ੍ਰਕਿਤਕ ਗੱਲਾਂ ਉਤੇ ਡੀਇਜ਼ਮ ਵਾਲੇਯਕੀਨ ਨਹੀਂ ਕਰਦੇ। ਇਸ ਕਰਕੇ ਕੋਈ ਵੀ ਦਿਨ ਐਸਾ ਨਹੀਂ ਗਿਣਦੇ ਜਿਹੜਾ ਛੁੱਟੀਕਰਨ ਵਾਲਾ ਖਾਸ ਦਿਨ ਹੈ, ਜਿਹੜਾ ਹੌਲੀ ਡੇ ਹੈ। ਡੀਇਜ਼ਮ ਯਕੀਨ ਨਾਲ ਕਹਿੰਦਾ ਹੈ ਕਿ ਪਰਮਾਤਮਾ ਦੀ ਹੋਂਦ ਹੈ ਤੇ ਪਰਮਾਤਮਾ ਦੀ ਪੂਜਾ ਕਰਨੀ ਚਾਹੀਦੀ ਹੈ। ਸਦਾਚਾਰ ਤੇ ਨੈਤਿਕਤਾ ਇਨਸਾਨੀਅਤ ਲਈ ਬਹੁਤ ਜ਼ਰੂਰੀ ਹੈ। ਪੁਨਰਜਨਮ ਵਿੱਚ ਇਹ ਵੀ ਯਕੀਨ ਰੱਖਦੇ ਹਨ ਕਿ ਇਹਦੇ ਵਿਚੋਂ ਪੁਨਰਜਨਮ ਲਿਆਜਾ ਸਕਦਾ ਹੈ। ਚੰਗੇ ਬਣ ਕੇ ਫਿਰ ਦੁਬਾਰਾ ਜਨਮ ਲੈ ਸਕਦੇ ਹਾਂ। ਗਲਤੀਆਂ ਦੀ ਸਜ਼ਾ ਅਤੇ ਚੰਗੇ ਕੰਮਾਂ ਦਾ ਫ਼ਲ ਜ਼ਰੂਰ ਮਿਲੇਗਾ। ਇਸ ਵਿੱਚ ਇਹ ਯਕੀਨ ਰੱਖਦੇ ਹਨ।

ਡੀਇਜ਼ਮ ਅਸਲ ਵਿੱਚ ਅੰਧ ਵਿਸ਼ਵਾਸ ਦਾ ਤੇ ਵਿਗਿਆਨ ਦਾ ਆਪਸੀ ਟਕਰਾਓ ਹੈ। ਚਰਚ ਦੀ ਅਥਾਰਟੀ 'ਏਜ਼ ਆਫ਼ ਇਨਲਾਈਟਮੈਂਟ' ਨਾਲ ਉਸਦਾ ਵਿਰੋਧ ਹੈ। ਡੀਇਜ਼ਮ ਵਾਲੇ ਧੁਰੋਂ ਆਈਆਂ ਗੱਲਾਂ ਵਿਚ ਬਿਲਕੁਲ ਯਕੀਨ ਨਹੀਂ ਰੱਖਦੇ ਹਨ। ਸਾਇੰਟੇਫਿਕ ਤਰੀਕੇ ਨਾਲ ਧਰਮ ਨੂੰ ਮੰਨਦੇ ਹਨ। ਪੁਰਾਤਨ ਕਥਾਕਹਾਣੀਆਂ ਨੂੰ ਬਿਲਕੁਲ ਨਹੀਂ ਮੰਨਦੇ। ਡੀਇਜ਼ਮ ਭਾਵੇਂ ਅਠਾਰਵੀਂ, ਉਨੀਵੀਂ ਸਦੀ ਤੱਕ ਸੀਮਿਤ ਰਿਹਾ, ਪਰ ਫਿਰ ਇਹ ਬਹੁਤ ਉਭਰਿਆ। ਇਸ ਦੇ ਮਗਰ ਅਮਰੀਕਾ ਦਾ ਰੈਵੂਲੇਸ਼ਨ (1776) ਤੇ ਬਾਅਦ ਵਿੱਚ ਫਰੈਂਚ ਰੈਵੂਲੇਸ਼ਨ (1791) ਮੁੱਖ ਕਾਰਨ ਸੀ। ਡੀਇਜ਼ਮ ਕਿਉਂਕਿ ਸਾਇੰਟੇਫਿਕ ਤਰੀਕੇ ਨਾਲ ਸਾਰੀ ਗੱਲ ਕਰਦੇ ਸਨ, ਇਸ ਲਈਲੋਕਾਂ ਦਾ ਇਕ ਦਮ ਯਕੀਨ ਹੋ ਗਿਆ। ਦੁਨੀਆਂ ਵਿੱਚ ਡੀਇਜ਼ਮ ਨੂੰ ਮੰਨਣ ਵਾਲੇ ਪੋਲਿਟੀਕਲ ਪੜ੍ਹੇ ਲਿਖੇ ਬੰਦੇ ਤੇ ਵਿਗਿਆਨੀ ਸਨ। ਦੁਨੀਆਂ ਦੇ ਮਸ਼ਹੂਰ ਬੰਦੇ ਸਨ। ਦੁਨੀਆਂ ਦਾ ਉਹਨਾਂ ਤੇ ਯਕੀਨ ਨਾ ਕਰਨ ਦਾ ਕਾਰਨ ਨਹੀਂ ਸੀ ਬਣਦਾ। ਇਸ ਦੇ ਸਾਰੇ ਮੋਢੀ ਅਮਰੀਕਾ ਦੇ ਸਨ, ਜਿਹੜੇ ਮੁਢਲੇ ਮਹਾਨ ਵਿਅਕਤੀ ਹੋਏ, ਉਹ ਸਾਰੇ ਦੇ ਸਾਰੇ ਡੀਇਜ਼ਮ ਵਿੱਚ ਯਕੀਨ ਰੱਖਦੇ ਸਨ। ਉਹਨਾਂ ਵਿੱਚ ਜਾਰਜ ਵਸ਼ਿੰਗਟਨ, ਜੇਮਜ਼ਮੈਡੀਸਨ, ਬੈਂਜਮਨ ਫਰੈਂਕਲਿਨ, ਜੇਮਸ਼ ਮੈਡੀਸਨ, ਬੈਜਮਿਨ ਫਰੈਂਕਲਨ ਤੇ ਜੈਫ਼ਰਸਨਸਾਰੇ ਦੇ ਸਾਰੇ ਡੀਇਜ਼ਮ ਵਿੱਚ ਯਕੀਨ ਰੱਖਦੇ ਸੀ।

ਇਬਰਾਹਿਮ ਲਿੰਕਨ ਵੀ ਡੀਇਜ਼ਮ ਦੇ ਵਿੱਚ ਯਕੀਨ ਰੱਖਦਾ ਸੀ। ਇਸ ਦੀਬਹੁਤ ਹੀ ਜ਼ਿਆਦਾ ਵਕਾਲਤ ਕਰਦਾ ਸੀ, ਪਰ ਬਾਅਦ ਵਿੱਚ ਲਿੰਕਨ ਦੇ ਨਾਲ ਇਕ ਦੁਖਾਂਤ ਵਾਪਰ ਗਿਆ। ਉਸਦੇ ਪੁੱਤਰ ਦੀ ਬੇਵਕਤ ਮੌਤ ਹੋ ਗਈ। ਫਿਰ ਉਹ ਇਸਾਈ ਬਣ ਗਿਆ ਸੀ। ਅਮਰੀਕਾ ਦੇ ਮੋਢੀ ਜਾਰਜ ਵਾਸ਼ਿੰਗਟਨ, ਜੇਮਜ਼ ਮੈਡੀਸਨ, ਬੈਂਜਮਨਫਰੈਂਕਲਿਨ ਤੇ ਇਬਰਾਹੀਮ ਲਿੰਕਨ ਸਾਰੇ ਡੀਇਜ਼ਮ ਵਿੱਚ ਯਕੀਨ ਰੱਖਦੇ ਸਨ। ਅੱਜ ਕੱਲ੍ਹ ਡੀਇਜ਼ਮ ਨੂੰ ਖਤਮ ਹੋ ਚੁੱਕੇ ਧਰਮ ਦੇ ਤੌਰ ਤੇ ਗਿਣਨ ਲੱਗ ਪਏ ਹਨ। ਕੋਈ ਵੀ ਧਰਮ ਦੇ ਖਿਲਾਫ ਬੋਲੇ ਜਾਂ ਫ੍ਰੈਂਕਲਿਨ ਜਾਂ ਥਾਮਸ ਜੈਫ਼ਰਸਨ ਵਰਗੀ ਪੋਲੀਟੀਕਲ ਤਾਕਤ ਵਾਲਾ ਬੋਲੇ ਤਾਂ ਲੋਕ ਗੱਲ ਸੁਣਦੇ ਹਨ। ਆਮ ਆਦਮੀ ਜੋ ਧਰਮ ਦੇ ਵਿਰੋਧ ਵਿੱਚ ਬੋਲਦਾ ਹੈ, ਉਹਨੂੰ ਗਿਣਨ ਵਾਸਤੇ ਤਿਆਰ ਨਹੀਂ। ਪਰ ਹੁਣ ਵੈਬਸਾਈਟ ਤੇ ਦੁਬਾਰਾ ਫਿਰ ਇਸ ਦਾ ਬੋਲਬਾਲਾ ਚੱਲਿਆ ਹੈ। ਮੈਨੂੰ ਯਕੀਨ ਹੈ ਕਿ ਡੀਇਜ਼ਮ ਦੁਨੀਆਂ ਵਿੱਚ ਥੋੜ੍ਹਾ ਬਹੁਤਾ ਅਪਣਾ ਰੰਗ ਜ਼ਰੂਰ ਵਿਖਾਏ ਗਾ।

ਇਸਲਾਮ ਦੁਨੀਆਂ ਦਾ ਦੂਸਰਾ ਵੱਡਾ ਧਰਮ ਹੈ। ਇਸਦੀ ਗਿਣਤੀ ਦੁਨੀਆਂ ਵਿੱਚ ਡੇਢ ਅਰਬ, ਡੇਢ ਬਿਲੀਅਨ ਗਿਣੀ ਜਾਂਦੀ ਹੈ। ਦੁਨੀਆਂ ਵਿੱਚ 150 ਕਰੋੜ ਮੁਸਲਮਾਨਾਂ ਦੀ ਗਿਣਤੀ ਹੈ। ਮਿਡਲ ਈਸਟ ਵਿੱਚ


Academy of the Punjab in North America: http://www.apnaorg.com

ਹੀ ਨਹੀਂ, ਹੋਰ ਵੀ ਦੁਨੀਆਂ ਵਿੱਚ ਬਹੁਤ ਸਾਰੇ ਮੁਸਲਮਾਨ ਹਨ। ਮੁਸਲਮਾਨ ਦੂਰ ਦੂਰ ਤੱਕ ਫੈਲੇ ਹੋਏ ਹਨ। ਇਹਨਾਂ ਦੇ ਬਾਨੀ ਹਜ਼ਰਤ ਮੁਹੰਮਦ ਸਾਹਿਬ ਹਨ। ਇਸਲਾਮ ਦੇ ਯਕੀਨ ਹਨ : ਰੱਬ ਇਕ ਹੀ ਹੈ। ਅੱਲਾ ਜੋ ਹੈ, ਉਹ ਰੱਬ ਹੈ ਤੇ ਹਜ਼ਰਤ ਮੁਹੰਮਦ ਰੱਬ ਦੇ ਆਖਰੀ ਅਵਤਾਰ ਹਨ। ਭਾਵੇਂ ਨੋਵਾ, ਅਬਰਾਹੀਮ, ਮੌਜ਼ਿਜ਼ ਬਾਕੀ ਸਾਰਿਆਂ ਵਿਚ ਅਤੇ ਯੀਸਸ ਕਰਾਈਸਟ ਦੇ ਵਿੱਚ ਵੀ ਯਕੀਨ ਰੱਖਦੇ ਹਨ। ਉਹ ਯਸੂ ਮਸੀਹ ਨੂੰ ਰੱਬ ਦਾ ਪੁੱਤਰ ਨਹੀਂ ਮੰਨਦੇ । ਇਹ ਮੰਨਦੇਹਨ, ਕਿ ਉਹ ਰੱਬ ਦੇ ਬਹੁਤ ਹੀ ਮਹਾਨ ਪੈਗੰਬਰਾਂ ਵਿਚੋਂ ਹੈ (ਵਨ ਆਫ਼ ਦਾ ਗਰੇਟਿਸ ਪਰਾਫਟ ਹੈ), ਦੁਨੀਆਂ ਦੇ ਜਿੰਨੇ ਅਵਤਾਰ ਹੋਏ, ਉਨ੍ਹਾਂ ਵਿਚ ਯਸੂ ਮਸੀਹ ਬਹੁਤ ਮਹਾਨ ਹਨ। ਪਰ ਉਹਨਾਂ ਨੂੰ ਰੱਬ ਦਾ ਪੁੱਤਰ ਮੰਨਣਾ ਨਹੀਂ ਚਾਹੁੰਦੇ। ਕੁਰਾਨ ਰੱਬ ਦਾ ਅੰਤਿਮ ਉਪਦੇਸ਼ ਕਹਿੰਦੇ ਹਨ। ਇਹ ਅੰਤਿਮ ਉਪਦੇਸ਼ ਹੈ। ਦੁਨੀਆਂ ਵਾਸਤੇ ਸਭ ਤੋਂ ਵੱਡੀ ਸਿਖਿਆ ਕੁਰਾਨ ਹੈ। ਉਹ ਕਹਿੰਦੇ ਹਨ ਕਿ ਕੁਰਾਨ ਹਜ਼ਰਤ ਮੁਹੰਮਦ ਸਾਹਿਬ ਦੇ ਮੂੰਹ ਵਿੱਚੋਂ ਰੱਬ ਨੇ ਬੋਲੀ ਹੋਈ ਹੈ, ਧੁਰ ਕੀ ਬਾਣੀ ਹੈ। ਰੱਬ ਨੇ ਬੋਲੀ ਤੇ ਮੁਹੰਮਦ ਸਾਹਿਬ ਦਾ ਮੂੰਹ ਵਰਤ ਲਿਆ।

ਇਸਲਾਮ ਵਿੱਚ ਕੁਰਾਨ ਨੂੰ ਸਭ ਤੋਂ ਮਹਾਨ ਗਿਣਿਆ ਗਿਆ ਹੈ। ਸਭ ਤੋਂ ਵੱਡੀ ਡਿਗਰੀ ਕੁਰਾਨ ਨੂੰ ਦਿੱਤੀ ਹੈ। ਹੀਬਰੋ ਸਕਰਿਪਚਰ ਗੋਸਪਲਜ਼ ਨੂੰ ਉਹਨਾਂ ਵੀ ਧਾਰਮਿਕ ਗਿਣਿਆ ਹੈ ਪਰ ਉਹਨਾਂ ਦੀ ਧਾਰਮਿਕ ਪੱਦਵੀ ਦੀ ਡਿਗਰੀ ਕੁਰਾਨ ਤੋਂ ਬਹੁਤ ਥੱਲੇ ਗਿਣੀ ਹੈ। ਕਿਤੇ ਕਿਤੇ ਕੁਰਾਨ ਹੀਬਰੋ ਕ੍ਰਿਸ਼ਚੀਅਨ ਟੈਕਸਟਸ ਦੇ ਨਾਲ ਸਹਿਮਤ ਨਹੀਂ ਹੈ। ਇਸ ਕਰਕੇ ਇਸਲਾਮ ਧਰਮ ਵਿੱਚ ਕੁਰਾਨ ਦਾ ਫੈਸਲਾ ਅੰਤਮ ਕਹਿੰਦੇ ਹਨ। ਮੁਹੰਮਦ ਸਾਹਿਬ ਦੇ ਮੁੱਖ ਵਿਚੋਂ ਪਰਮਾਤਮਾ ਦੀ ਬਾਣੀ- ਕੁਰਾਨ ਉਚਾਰਿਆ ਗਿਆ ਹੈ। ਉਸ ਤੇ ਜ਼ਿਰਾ ਕਰਨ ਵਾਲੇ, ਵਿਰੋਧ ਕਰਨ ਵਾਲੇ, ਗ਼ਲਤ ਸਾਬਤ ਕਰਨ ਵਾਲੇ ਇਸ ਤਰ੍ਹਾਂ ਵੀ ਆਖਦੇ ਹਨ ਕਿ ਮੁਹੰਮਦ ਸਾਹਿਬ ਵਿਦਵਾਨ ਨਹੀਂ ਸਨ, ਪੜ੍ਹੇ ਲਿਖੇ ਨਹੀਂ ਸਨ। ਜਿਹੜੀਆਂ ਗੱਲਾਂ ਹਨ, ਉਹ ਵਿਦਵਤਾ ਤੋਂ ਬਿਨਾਂ ਨਹੀਂ ਕੀਤੀਆਂ ਜਾ ਸਕਦੀਆਂ। ਇਹ ਅਨਪੜ੍ਹ ਬੰਦੇ ਦੀ ਰਚਨਾ ਨਹੀਂ ਹੋ ਸਕਦੀ। ਵਿਰੋਧ ਕਰਨ ਵਾਲੇ ਵੀ ਹਨ। ਇਸਲਾਮ ਵਿੱਚ ਵਿਰੋਧ ਕਰਨ ਵਾਲਿਆਂ ਨੂੰ ਕਾਫ਼ਰ ਕਹਿਣ ਜਾਂ ਸਜ਼ਾਏ ਮੌਤ ਤੱਕ ਦਾ ਹੁਕਮ ਦੇਣ ਨੂੰ ਜਦੋਂ ਇਨਸਾਨ ਤਿਆਰ ਹੋ ਗਿਆ ਤਾਂ ਫਿਰ ਉਹਨਾਂ ਦੀ ਗਿਣਤੀ ਘਟ ਰਹਿ ਗਈ।

ਇਸਲਾਮ ਦੇ ਪੰਜ ਥੰਮ ਹਨ। ਸਭ ਤੋਂ ਪਹਿਲਾ ਸ਼ਰਾਅ ਹੈ । ਜਿਹੜੇ ਇਸਲਾਮਿਕ ਕਾਇਦੇ ਕਾਨੂੰਨ ਹਨ, ਉਹਨਾਂ ਨੂੰ ਸ਼ਰਾਅ ਕਹਿੰਦੇ ਹਨ। ਉਸ ਵਿੱਚ ਇਸਲਾਮੀ ਲੋਕ ਯਕੀਨ ਕਰਦੇ ਹਨ। ਦੂਸਰਾ ਨਮਾਜ਼ ਹੈ। ਪੰਜੇ ਵਕਤ ਮਸੀਤ ਵਿੱਚ ਜਾ ਕੇ ਨਮਾਜ਼ ਪੜ੍ਹਦੇ ਹਨ। ਤੀਸਰਾ ਹੈ ਦਾਨ ਪੁੰਨ। ਜਿਹਨਾਂ ਨੂੰ ਰੱਬ ਨੇ ਬਹੁਤ ਦਿੱਤਾ ਤੇ ਜਿਹਨਾਂ ਕੋਲ ਨਹੀਂ ਹੈ ਉਹਨਾਂ ਨੂੰ ਦੇਣਾ, ਇਸ ’ਤੇ ਯਕੀਨ ਕਰਦੇ ਹਨ। ਇਸਲਾਮ ਦਾ ਚੌਥਾ ਥੰਮ ਰੋਜ਼ੇ ਹਨ। ਰਮਜ਼ਾਨ ਦਾ ਮਹੀਨਾ ਮਨਾਉਂਦੇ ਹਨ। ਪੰਜਵਾਂ ਤੇ ਆਖਰੀ ਥੰਮ ਹੱਜ ਕਰਨਾ ਜ਼ਰੂਰੀ ਹੈ।

ਇਸਲਾਮ ਦੇ ਵਿੱਚ ਵੀ ਤਿੰਨ ਸ਼ਾਖਾ ਪ੍ਰਚਲਿਤ ਹਨ। ਬਹੁਤੇ ਸੁੰਨੀ ਮੁਸਲਮਾਨ ਹਨ, ਜਿਹੜੇ **85** ਪ੍ਰਤੀਸ਼ਤ ਦੇ ਕਰੀਬ ਹਨ। ਦੂਸਰੇ ਨੰਬਰ ਤੇ ਸ਼ੀਆ ਹਨ। ਥੋਹੜੇ ਸੂਫ਼ੀ ਹਨ। ਅੱਜ ਕੱਲ੍ਹ ਦੁਨੀਆਂ ਦੇ ਵਿੱਚ ਪੰਦਰਾਂ ਐਸੇ ਦੇਸ਼ ਹਨ, ਜਿਥੇ **99** ਪ੍ਰਤੀਸ਼ਤ ਵਸੋਂ ਮੁਸਲਮਾਨਾ ਦੀ ਹੈ। ਬਹੁਤ ਸਾਰੇ ਦੇਸ਼ਾਂ ਵਿੱਚ ਹੋਰ ਵੀ ਖਿਲਰੇ ਪਏ ਹਨ। ਸਭ ਤੋਂ ਵੱਧ ਮੁਸਲਮਾਨ ਇੰਡੋਨੇਸ਼ੀਆ ਵਿੱਚ ਹਨ। ਇਹਨਾਂ ਦੀ ਗਿਣਤੀ **170** ਮਿਲੀਅਨ ਦੇ ਕਰੀਬ ਹੈ। ਚੀਨ ਵਿੱਚ ਮੁਸਲਮਾਨਾਂ ਦੀ **10** ਪ੍ਰਤੀਸ਼ਤ ਵਸੋਂ ਹੈ। ਬਾਕੀ ਦੁਨੀਆਂ ਅਮਰੀਕਾ, ਭਾਰਤ, ਪਾਕਿਸਤਾਨ ਤੇ ਬੰਗਲਾਦੇਸ਼ ਵਿੱਚ ਵੀ ਕਾਫੀ ਮੁਸਲਮਾਨ ਹਨ।

ਮਿਰਜ਼ਾ ਹੁਸੈਨ ਅਲੀ ਨੂਰੀ ਬਹਾਈ ਧਰਮ ਦਾ ਮੋਢੀ ਹੈ। ਇਸਲਾਮ ਦੇ ਨਾਲ ਸਬੰਧ ਰੱਖਦਾ ਹੈ, ਇਸ ਗੱਲ ਦੇ ਵਿੱਚ ਯਕੀਨ ਰੱਖਦਾ ਹੈ ਤੇ ਸਭ ਤੋਂ ਮਾਡਰਨ ਧਰਮ ਕਹਾਉਂਦਾ ਹੈ। **1844** ਵਿੱਚ ਇਸ ਦਾ ਜਨਮ ਹੋਇਆ। ਇਹ ਧਰਮ ਸਾਰਿਆਂ ਨੂੰ ਮੰਨਦਾ ਹੈ, ਸਾਰੇ ਪੈਗੰਬਰਾਂ, ਅਬਰਾਹੀਮ ਮੋਜ਼ਿਜ਼, ਬੁੱਧਾ, ਮੁਹੰਮਦ ਸਾਰਿਆਂ ’ਤੇ ਯਕੀਨ


Academy of the Punjab in North America: http://www.apnaorg.com

ਕਰਦਾ ਹੈ। ਇਹ ਕਹਿੰਦਾ ਹੈ ਕਿ ਇਹਨਾਂ ਤੋਂ ਪੂਰੀ ਗੱਲ ਨਹੀਂ ਹੋਈ। ਮੈਂ ਪੂਰੀ ਕਰਕੇ ਦੱਸਦਾ ਹਾਂ। ਕਲੇਮ ਕਰ ਰਿਹਾ ਹੈ ਕਿ ਪੈਗੰਬਰਾਂ ਦੀਆਂ ਕੁਝ ਅਧੂਰੀਆਂ ਰਹਿ ਗਈਆਂ ਗੱਲਾਂ ਨੂੰ ਅਸੀਂ ਨੇਪਰੇ ਚਾੜਨ ਲੱਗੇ ਹਾਂ। ਸਾਰੇ ਧਰਮਾਂ ਦੇ ਵਿੱਚ ਯਕੀਨ ਵੀ ਕਰਦੇ ਹਨ। ਪਰ ਬਹਾਈ ਧਰਮ ਵਿਚ ਉਨ੍ਹਾਂ ਦੀ ਸੰਪੂਰਨਤਾ ਉਤੇ ਸ਼ੱਕ ਕਰਦੇ ਹਨ। ਇਹ ਵੀ ਨਾਲ ਕਹਿੰਦੇ ਹਨ ਕਿ ਸਾਰੇ ਧਰਮਾਂ ਦਾ ਕੋਈ ਮੁੱਢ ਹੈ ਪਰ ਇਸ ਗੱਲ ਦੇ ਨਾਲ ਆਪਣੇ ਆਪ ਤੇ ਯਕੀਨ ਕਰਦੇ ਹਨ ਕਿ ਬਾਹੁਲਾ ਸਭ ਤੋਂ ਆਖਰੀ ਅਵਤਾਰ ਹੈ। ਬਾਕੀ ਤਕਰੀਬਨ ਸਾਰੇ ਧਰਮਾਂ ਦੀਆਂ ਸਹੀ ਤੇ ਵਧੀਆਂ ਗੱਲਾਂ ਉਹੀ ਕਹਿਣ ਦਾ ਯਤਨ ਕਰ ਰਹੇ। ਇਹਨਾਂ ਨੇ ਪਵਿੱਤਰ ਕਿਤਾਬ 'ਕਿਤਾਬੇ ਇਕਦਸ' ਬਣਾਈ ਹੈ ਜਿਸ ਦੇ ਵਿੱਚ ਯਕੀਨ ਰੱਖਦੇ ਹਨ ਕਿ ਇਹ ਹੀ ਸਭ ਤੋਂ ਪਵਿੱਤਰ ਕਿਤਾਬ ਹੈ। ਇਹ ਅਰਬੀ ਭਾਸ਼ਾ ਦੇ ਵਿੱਚ **1873** ਵਿੱਚ ਲਿਖੀ ਗਈ ਸੀ। ਇਸ ਧਰਮ ਨੂੰ ਮੰਨਣ ਵਾਲਿਆਂ ਦੀ ਬਹੁਤੀ ਗਿਣਤੀ ਨਹੀਂ ਹੈ। ਸਾਰੇ ਮਿਲਾ ਕੇ ਤਿੰਨ ਮਿਲੀਅਨ ਏਸ਼ੀਆ ਵਿੱਚ, ਦੋ ਮਿਲੀਅਨ ਦੇ ਕਰੀਬ ਭਾਰਤ ਵਿੱਚ ਤੇ ਤਿੰਨ ਮਿਲੀਅਨ ਅਰਬ ਦੇਸ਼ਾਂ ਵਿੱਚ ਹਨ। ਕੁੱਲ ਇਕ ਕਰੋੜ ਆਬਾਦੀ ਇਹਨਾਂ ਦੀ ਬਣਦੀ ਹੈ। ਇਨ੍ਹਾਂ ਦਾ ਕੋਈ ਟਿਕਾਣਾ ਨਹੀਂ ਹੈ ਕਿਉਂਕਿ ਨਵਾਂ ਵਿਸ਼ਾ ਤੇ ਨਵਾਂ ਧਰਮ ਹੈ, ਹੋ ਸਕਦਾ ਇਸਦਾ ਕੋਈ ਟਿਕਾਣਾ ਬਣਾਉਣ। ਜੇ ਇਹਨਾਂ ਦੇ ਕੋਲ ਕੋਈ ਸਾਰਥਕ ਦਲੀਲਾਂ ਦੇਣ ਵਾਲੇ ਵਿਦਵਾਨ ਹੋਣ ਤਾਂ ਹੋ ਸਕਦਾ ਹੈ ਇਕ ਵੱਖਰੇ ਧਰਮ ਦੇ ਤੌਰ ਤੇ ਇਸਲਾਮ ਦੀ ਸ਼ਾਖਾ ਚੌਥੇ ਧਰਮ ਦੇ ਤੌਰ 'ਤੇ ਸਾਹਮਣੇ ਆਵੇ।

ਇਕ ਤਾਉਇਜ਼ਮ ਹੈ। ਇਹ ਬੜਾ ਵੱਖਰੀ ਕਿਸਮ ਦਾ ਧਰਮ ਹੈ। ਇਹ ਧਰਮ ਨਾਲੋਂ, ਫਿਲਾਸਫ਼ੀ ਜ਼ਿਆਦਾ ਹੈ ਜਾਂ ਫਿਲਾਸਫ਼ੀ ਨਾਲੋਂ ਧਰਮ ਜ਼ਿਆਦਾ ਹੈ; ਜਿਵੇਂ ਕਹਿ ਲਓ-ਇਹ ਜੀਣ ਦੇ ਸਹੀ ਤਰੀਕੇ ਵਿੱਚ ਯਕੀਨ ਕਰਦੇ ਹਨ। ਸਹੀ ਤਰੀਕਾ ਕੁਦਰਤੀ ਤੌਰ ਤੇ ਬੰਦਾ ਜੀਅ ਸਕਦਾ ਹੈ। ਇਹ ਨੈਚਰਲ ਪਰੋਸੈਸ ਦੇ ਹਿਸਾਬ ਨਾਲ ਦੁਨੀਆਂ ਵੇਖਦੇ ਹਨ। ਤਾਉਇਜ਼ਮ ਧਰਮ ਵਿੱਚ ਲੋਕਾਂ ਨੂੰ ਇਹ ਨਹੀਂ ਸਿਖਾਇਆ ਜਾਂਦਾ ਕਿ ਤੁਸੀਂ ਤਾਉਇਜ਼ਮ ਨੂੰ ਆਪਣਾ ਧਰਮ ਲਿਖਾਉ, ਜ਼ਿੰਦਗੀ ਦਾ ਤਰੀਕਾ ਅਪਣਾ ਲਓ। ਤਾਉਇਜ਼ਮ ਵਿੱਚ ਯਕੀਨ ਰੱਖਣ ਵਾਲਿਆਂ ਦਾ ਇੰਨਾ ਹੀ ਮਕਸਦ ਹੈ। ਤਾਉਇਜ਼ਮ ਵਾਲੇ ਮੌਤ ਤੋਂ ਬਾਅਦ ਦੇ ਜੀਵਨ ਵਿੱਚ ਯਕੀਨ ਨਹੀਂ ਰੱਖਦੇ। ਇਸ ਇਸ਼ੂ ਤੇ ਵਕਤ ਜ਼ਾਇਆ ਕਰਨਾ ਜ਼ਰੂਰੀ ਨਹੀਂ ਸਮਝਦੇ। ਜ਼ਿੰਦਗੀ ਦੇ ਵਿੱਚ ਜਿਹੜਾ ਜਿਉਂਦਿਆਂ ਰਹਿਣਾ, ਕੁਦਰਤ ਦੇ ਹਿਸਾਬ ਨਾਲ, ਕੁਦਰਤ ਨੇ ਜੀਵਨ ਦਿੱਤਾ ਕੁਦਰਤ ਦੇ ਤਰੀਕੇ 'ਤੇ ਯਕੀਨ ਹੈ। ਵਿਗਿਆਨਕਾਂ ਨਾਲੋਂ ਇਹ ਧਰਮ ਥੋੜ੍ਹਾ ਜਿਹਾ ਹੱਟ ਕੇ ਹੈ । ਤਾਉਇਜ਼ਮ ਦੇ ਅਨੁਸਾਰ ਮੁੱਖ ਗੱਲ ਇਹ ਹੈ ਕਿ ਦੁਨੀਆਂ ਵਿੱਚ ਆਪਣੇ ਆਲੇ ਦੁਆਲੇ ਜੇ ਅਸੀਂ ਆਪਣੇ ਪਿਆਰ ਦੇ ਨਾਲ ਰਹਿੰਦੇ, ਜੇ ਅਸੀਂ ਆਪਣੇ ਚੌਗਿਰਦੇ ਵਿੱਚ ਜਿਥੇ ਵੀ ਰਹਿੰਦੇ ਹਾਂ, ਉਹਨਾਂ ਦੇ ਵਿੱਚ ਆਪਾਂ ਸਦਭਾਵਨਾ ਬਣਾ ਰੱਖੀਏ, ਮਿਲਵਰਤਣ ਬਣਾ ਰੱਖੀਏ, ਸੋਹਣਾ ਆਪਣਾ ਵਾਤਾਵਰਣ ਹੈ – ਬਸ ਉਹੀ ਧਰਮ ਹੈ। ਤਾਉਇਜ਼ਮ ਉਚੇ ਪਰੋਫ਼ਾਈਲ ਦਾ ਹਾਮੀ ਨਹੀਂ। ਕੁਦਰਤੀ ਤੌਰ ਤੇ 'ਨਿਵੈ ਸੁਗਉਰਾ ਹੋਇ' ਲਿਖਿਆ ਹੈ ਬਾਬਾ ਜੀ ਨੇ, ਜਿਹੜਾ ਸਾਧਾਰਨ ਹੈ, ਕੁਦਰਤੀ ਹੈ, ਜਿਸ ਵਿੱਚ ਨਕਲੀਪਣ ਨਹੀਂ ਹੈ, ਉਹ ਤਾਉਇਜ਼ਮ ਦੇ ਨਾਂ ਤੇ ਚੱਲ ਰਿਹਾ ਹੈ। ਬਾਕੀ ਧਰਮਾਂ ਵਿੱਚ ਡੈਸਟੀਨੇਸ਼ਨ ਹੈ, ਕਿਤੇ ਪਹੁੰਚਣਾ ਹੈ, ਕੋਈ ਪ੍ਰਾਪਤ ਕਰਨਾ ਹੈ, ਤਾਉਇਜ਼ਮ ਉਸ ਵਿੱਚ ਯਕੀਨ ਨਹੀਂ ਕਰਦਾ। ਪਹੁੰਚਣ ਤੋਂ ਪਹਿਲਾਂ ਜੇ ਇਨਸਾਨੀ ਸਫ਼ਰ ਵਧੀਆ ਹੈ ਤਾਂ ਤੁਸੀਂ ਪਹੁੰਚੇ ਹੋਏ ਹੋ। ਜੇ ਇਨਸਾਨ ਬਹੁਤ ਵਧੀਆਂ ਜੀਵਨ ਜਿਉਂਦਾ ਹੈ, ਆਪਣੇ ਆਲੇ ਦੁਆਲੇ ਬਹੁਤ ਵਧੀਆ ਵਾਤਾਵਰਤਣ ਬਣਾ ਕੇ ਰੱਖਦਾ ਹੈ, ਕੁਦਰਤ ਦਾ ਸਤਿਕਾਰ ਕਰਦਾ ਹੈ, ਉਹ ਕੁਦਰਤ ਦੀਆਂ ਦਿੱਤੀਆਂ ਦਾਤਾਂ ਨਾਲ ਆਪਣੇ ਜੀਵਨ ਨੂੰ ਸੁਥਰਾ ਬਣਾ ਕੇ ਰੱਖਦਾ ਹੈ, ਸਾਰਿਆਂ ਨਾਲੋਂ ਵੱਧ ਪਹੁੰਚਿਆਂ ਹੋਇਆ ਹੈ। ਉਹ ਸਾਰਿਆਂ ਨਾਲੋਂ ਧਰਮੀ ਹੈ, ਉਹ ਉਥੇ ਪਹੁੰਚ ਚੁੱਕਾ ਹੈ, ਜਿੱਥੇ ਬਾਕੀ ਦੇ ਧਰਮ ਪਹੁੰਚਾਉਣਾ ਚਾਹੁੰਦੇ ਹਨ। ਕੁਦਰਤੀ ਸ਼ਕਤੀ ਜਿਹਨੇ ਬੰਦੇ ਨੂੰ ਬਣਾਇਆ, ਉਤੇ ਕੋਈ ਸ਼ੱਕ ਨਹੀਂ ਹੈ। ਕਈ ਕਹਿੰਦੇ ਹਨ ਕਿ ਦੁਨੀਆਂ ਵਿੱਚ ਜੋ ਕਰਾਉਂਦਾ, ਰੱਬ ਕਰਾਉਂਦਾ ਹੈ, ਤਾਉਇਜ਼ਮ ਇਹ ਨਹੀਂ


Academy of the Punjab in North America: http://www.apnaorg.com

ਕਰਦਾ। ਇਨਸਾਨ ਆਪ ਆਪਣਾ ਵਿਗਾੜ ਜੋ ਪਾਉਂਦਾ ਹੈ, ਆਪਣਾ ਨੁਕਸਾਨ ਜੋ ਕਰਦਾ ਹੈ ਜਾਂ ਆਪਣੇ ਆਪ ਨੂੰ ਸ਼ੁਧ ਕਰਦਾ, ਸੱਚ ਬੋਲਦਾ ਉਹ ਵੀ ਬੰਦਾ ਆਪ ਹੀ ਬੋਲਦਾ ਹੈ, ਜੇ ਝੂਠ ਬੋਲਦਾ ਹੈ ਤਾਂ ਇਹ ਬੰਦਾ ਆਪ ਬੋਲਦਾ ਹੈ। ਰੱਬ ਦਾ ਕੋਈ ਕਸੂਰ ਨਹੀਂ ਹੈ। ਰੱਬ ਨੇ ਬੰਦੇ ਨੂੰ ਉਵੇਂ ਬਣਾਇਆ ਜਿਸ ਤਰ੍ਹਾਂ ਆਪਣਾ ਜੀਵਨ ਜਿਉਂਦਾ ਹੈ। ਬੁਰਾ ਬੰਦਾ ਬਣਦਾ ਹੈ ਜਾਂ ਚੰਗਾ ਬਣਦਾ ਹੈ, ਇਹ ਜਿਹੜਾ ਬਣਨਾ ਬਣਾਉਣਾ ਬੰਦੇ ਦੇ ਆਪਣੇ ਵੱਸ ਵਿੱਚ ਹੈ। ਜੀਵਨ ਜਿਹੜਾ ਜੀਅ ਰਿਹਾ ਹੈ, ਤਰੀਕੇ ਨਾਲ ਚੰਗਾ ਹੈ ਜਾਂ ਮੰਦਾ ਹੈ, ਉਹੀ ਧਰਮ ਹੈ, ਇਹ ਤਾਉਇਜ਼ਮ ਹੈ, ਇਹ ਤਰੀਕਾ ਹੈ ਜ਼ਿੰਦਗੀ ਦਾ ਰਸਤਾ ਜਾਂ ਸਫ਼ਰ ਹੈ-ਤੁਸੀਂ ਕਿਵੇਂ ਨਬੇੜਦੇ ਹਾਂ। ਇਹ ਤਰੀਕਾ ਜਾਂ ਰਾਹ ਤਾਉਇਜ਼ਮ ਹੈ।

ਅਸੀਂ ਦੂਸਰੇ ਸ਼ਬਦਾਂ ਵਿਚ ਕਹਿ ਸਕਦੇ ਹਾਂ ਕਿ ਤਾਉਇਜ਼ਮ ਵਿੱਚ ਕੁਦਰਤ ਦੇ ਜੋ ਕਰਿਸ਼ਮੇ ਹਨ, ਉਹਨਾਂ ਕਰਿਸ਼ਮਿਆਂ ਨੂੰ, ਆਤਮਿਕ ਸ਼ਕਤੀਆਂ ਨੂੰ ਸਾਰਿਆਂ ਨੂੰ, ਕੁਦਰਤ ਦੇ ਵਿੱਚ ਇਕੋ ਹੀ ਗਿਣਦੇ ਹਨ। ਕੋਈ ਇਕ ਐਬਨੌਰਮਲ ਨਹੀਂ ਹੈ, ਕੋਈ ਇਕ ਦੂਜੇ ਨਾਲੋਂ ਵੱਖਰੀਆਂ ਨਹੀਂ ਹਨ। ਇਕੋ ਹੀ ਕਿਸਮ ਹੈ ਤੇ ਇਕੋ ਹੀ ਚੀਜ਼ ਹੈ। ਤਾਉਇਜ਼ਮ ਦੇ ਬਾਰੇ ਵਿਆਖਿਆ ਨਾਲ ਪੜ੍ਹਨਾ ਹੋਵੇ ਤਾਂ ਤਾਓ ਤੇ ਚਿੰਗ ਕਿਤਾਬ ਪੜੋ, ਜਿਸ ਨੂੰ ਧਾਰਮਿਕ ਪੁਸਤਕ ਕਿਹਾ ਜਾ ਸਕਦਾ ਹੈ। ਤਿੰਨ ਕਿਤਾਬਾਂ ਹਨ - 'ਤਾਉ ਤੇ ਚਿੰਗ, ਆਈਚਿੰਗ ਤੇ ਇਕ ਚੁੰਗ ਤੂ' ਇਹ ਤਿੰਨ ਕਿਤਾਬਾਂ ਨੂੰ ਪੜ੍ਹ ਕੇ ਤਾਉਇਜ਼ਮ ਦੇ ਬਾਰੇ ਹੋਰ ਵੀ ਗਿਆਨ ਹਾਸਲ ਕੀਤਾ ਜਾ ਸਕਦਾ ਹੈ। ਤਾਉਇਜ਼ਮ ਲਾਓ ਤੇ ਚੁੰਗ ਦੀ ਫਿਲਾਸਫ਼ੀ ਹੈ ਜਿਹੜੀ ਰਿਲੀਜ਼ਨ ਦੇ ਤੌਰ ਤੇ ਬਾਅਦ ਵਿੱਚ ਮੰਨੀ ਗਈ ਹੈ। ਲਾਓ ਤੇਚੁੰਗ ਨੂੰ ਅਸੀਂ ਤਾਓਇਜ਼ਮ ਦਾ ਮੋਢੀ ਕਹਿ ਸਕਦੇ ਹਾਂ। ਤਾਉਇਜ਼ਮ ਨੂੰ ਧਰਮ ਦੇ ਤੌਰ ਤੇ, ਖੁੱਲ੍ਹੇ ਤੌਰ ਤੇ ਭਾਵੇਂ ਕੋਈ ਜ਼ਿਆਦਾ ਮਹੱਤਤਾ ਨਹੀਂ ਹੈ ਪਰ ਫਿਰ ਵੀ ਤਾਉਇਜ਼ਮ ਵਿੱਚ ਯਕੀਨ ਰੱਖਣ ਵਾਲੇ ਹਾਂਗਕਾਂਗ, ਤਾਈਵਾਨ, ਵੀਅਤਨਾਮ, ਕੋਰੀਆ, ਥਾਈਲੈਂਡ ਤੇ ਬਹੁਤ ਸਾਰੇ ਚੀਨੀ ਤੇ ਜਪਾਨੀ ਵੀ ਹਨ। ਇਹਨਾਂ ਦੀ ਗਿਣਤੀ **20** ਬਿਲੀਅਨ ਦੇ ਕਰੀਬ ਗਿਣਦੇ ਹਨ ਭਾਵ ਦੋ ਕਰੋੜ ਇਸ ਵਿੱਚ ਯਕੀਨ ਰੱਖਦੇ ਹਨ। ਪਰ ਤਾਉਇਜ਼ਮ **1949** ਤੋਂ ਬਾਅਦ, ਜਦੋਂ ਕਮਿਊਨਿਸਟ ਦੀ ਲੀਡਰਸ਼ਿਪ ਮਾਓ ਕੋਲ ਆਈ, ਫਿਰ ਚੀਨ ਵਿਚ ਤਾਉਇਜ਼ਮ ਦਾ ਬਹੁਤਾ ਬੋਲਬਾਲਾ ਨਹੀਂ ਰਿਹਾ। ਤਾਉਇਜ਼ਮ ਉਤੇ ਧਰਮ ਦੇ ਤੌਰ ਤੇ ਦੋ ਕਰੋੜ ਬੰਦਿਆਂ ਦਾ ਯਕੀਨ ਹੈ। ਇਸ ਲਈ ਅਸੀਂ ਦੁਨੀਆਂ ਦੇ ਚੋਣਵੇਂ ਧਰਮਾਂ ਵਿੱਚ ਇਸ ਦੀ ਗਿਣਤੀ ਕਰ ਸਕਦੇ ਹਾਂ।

ਕਨਫ਼ਿਊਇਜ਼ਮ ਦੇ ਬਾਰੇ ਗੱਲ ਕਰੀਏ। ਕਨਫ਼ਿਊਇਜ਼ਮ ਅਸਲ ਵਿੱਚ ਕੋਈ ਧਾਰਮਿਕ ਪ੍ਰੈਕਟਿਸ ਕਰਨ ਵਾਲੇ ਲੋਕਾਂ ਦੀ ਕੋਈ ਜਥੇਬੰਦੀ ਨਹੀਂ ਹੈ। ਅਸਲ ਵਿਚ ਵੈਸਟਰਨ ਲੋਕਾਂ ਨੇ ਫਿਲਾਸਫਰਾਂ ਨੇ, ਕਨਫਿਊਜ਼ਨ ਨਾਂ ਦੇ ਦਿੱਤਾ ਹੈ। ਇਹ ਕਨ ਫਿਊਨੇ ਚਲਾਇਆ ਸੀ। ਉਸ ਨਾਂ ਕਰਕੇ ਕਨਫਿਊਜ਼ ਬਣਿਆ ਤੇ ਇਸ ਤੋਂ ਬਾਅਦ ਇਸ ਨੂੰ ਕਨਫ਼ਿਊਇਜ਼ਮ ਕਹਿਣਾ ਸ਼ੁਰੂ ਕਰ ਦਿੱਤਾ। ਚੀਨੀ ਇਲਾਕੇ ਵਿੱਚ ਖੁੱਲੇ ਤੌਰ ਤੇ ਕਨਫ਼ਿਊਇਜ਼ਮ ਲੋਕਾਂ ਦੇ ਯਕੀਨ ਦਾ ਕਾਰਨ ਬਣਿਆ। ਕਨਫ਼ਿਊਇਜ਼ਮ ਦੀ ਕਿਤਾਬ ਵਿਚ ਇਹਨਾਂ ਦੇ ਕਾਇਦੇ ਕਾਨੂੰਨ ਬਣਾਏ ਹਨ, ਉਹਨਾਂ ਤੇ ਯਕੀਨ ਕਰਦੇ ਹਨ। ਕਨਫਿਊਜ਼ ਦੀ ਮੁੱਖ ਗੱਲ ਇਹ ਹੈ ਕਿ ਹਰ ਬੰਦੇ ਨੂੰ ਆਪਣੇ ਆਪ ਨੂੰ ਇਕ ਵਧੀਆ ਬੰਦਾ ਜੈਂਟਲਮੈਨ ਬਣਾਉਣ ਵਾਸਤੇ ਜਦੋਜਹਿਦ ਕਰਨੀ ਚਾਹੀਦੀ ਹੈ। ਇਨਸਾਨੀ ਰਿਸ਼ਤਿਆਂ ਨੂੰ ਅਸੀਂ ਜਿੰਨਾ ਕੁ ਵਧੀਆ ਬਣਾ ਸਕਦੇ ਹਾਂ, ਬਸ ਇਹ ਪ੍ਰੈਕਟਿਸ ਜਿਹੜੀ ਵਧੀਆ ਰਿਸ਼ਤੇ ਬਣਾਉਣ ਦੀ, ਵਧੀਆ ਬੰਦੇ ਬਣਾਉਣ ਦੀ, ਇਹ ਹੀ ਕਨਫ਼ਿਊਇਜ਼ ਹੈ। ਕਨਫ਼ਿਊਇਜ਼ਮ ਵਿੱਚ ਹਮਦਰਦੀ ਨੂੰ ਬਹੁਤ ਤਰਜੀਹ ਦਿੰਦੇ ਹਨ। ਹਮਦਰਦੀ ਜਾਂ ਹਮਦਰਦ ਬਣ ਕੇ ਦੁਨੀਆਂ ਵਧੀਆ ਤੋਂ ਵਧੀਆ ਹੋ ਸਕਦੀ ਹੈ। ਕਨਫ਼ਿਊਇਜ਼ਮ ਦਾ ਇਹ ਬੜਾ ਪੱਕਾ ਯਕੀਨ ਹੈ ਕਿ ਇਨਸਾਨ ਨੂੰ ਰੱਬ ਨੇ ਵਧੀਆ ਬਣਾਇਆ ਸੀ। ਇਸ ਵਿੱਚ ਗ਼ਲਤ ਚੀਜ਼ਾਂ ਆ ਗਈਆਂ ਹਨ, ਉਹ ਕੁਦਰਤੀ ਨਹੀਂ ਹਨ। ਇਹ ਅਸੀਂ ਆਪ ਲਿਆਦੀਆਂ ਤੇ ਇਹ ਸਾਰਾ ਬੰਦੇ ਦਾ ਕਸੂਰ ਹੈ। ਉਸ ਵਿੱਚ ਰੱਬ ਦਾ ਕੋਈ ਹੱਥ


Academy of the Punjab in North America: http://www.apnaorg.com

ਨਹੀਂ ਹੈ। ਜੇ ਇਨਸਾਨ ਆਪਣੇ ਆਪ ਨੂੰ ਵਧੀਆ ਬਣਾ ਕੇ ਰੱਖੇ ਤੇ ਪਰਿਵਾਰ ਦੇ ਪ੍ਰਤੀ ਆਪਣੀ ਸਹਾਨਭੂਤੀ ਰੱਖੇ, ਪਰਿਵਾਰ ਦੇ ਨਾਲ ਕੋਈ ਵਧੀਆ ਰਿਸ਼ਤਾ ਹੋਵੇ ਤਾਂ ਸਾਰੇ ਪਰਿਵਾਰ ਦਾ ਬਾਕੀ ਪਰਿਵਾਰਾਂ ਨਾਲ ਵਧੀਆ ਰੱਖਣ, ਇਸ ਤਰ੍ਹਾਂ ਸਰਕਾਰਾਂ ਤੱਕ ਹਰ ਦੁਨੀਆਂ ਦਾ ਸਾਰਾ ਸਿਲਸਿਲਾ ਵਧੀਆ ਹੋਵੇ, ਇਨਸਾਨ ਵਧੀਆਂ ਬਣਨ ਦੀ ਕੋਸ਼ਿਸ਼ ਕਰੇ ਤਾਂ ਉਹ ਪਰਿਵਾਰ ਨੂੰ, ਸਰਕਾਰ ਤੇ ਦੁਨੀਆਂ ਨੂੰ ਵਧੀਆ ਬਣਾ ਸਕਦਾ ਹੈ। ਇਹ ਇਨ੍ਹਾਂ ਦਾ ਬਹੁੱਤ ਵੱਡਾ ਸਿਧਾਂਤ ਹੈ।

ਰਾਜੇ ਤੇ ਪਰਜਾ ਦਾ ਜਿਹੜਾ ਸਬੰਧ ਹੈ, ਪਰਜਾ ਉਸ ਰਾਜੇ ਦਾ ਹੁਕਮ ਮੰਨੇ, ਪਰਜਾ ਵਧੀਆ ਹੋਵੇ ਰਾਜਾ ਵਧੀਆ ਹੋਵੇ। ਘਰ ਵਾਲਾ ਵਧੀਆ, ਘਰ ਵਾਲੀ ਵਧੀਆ ਹੋਵੇ, ਬੱਚਾ ਵਧੀਆ ਹੋਵੇ, ਉਹਨਾਂ ਦਾ ਰਿਸ਼ਤਾ ਜਾਂ ਪਿਉ ਪੁੱਤਰ ਦਾ ਜਾਂ ਵੱਡੇ ਛੋਟਿਆਂ ਦਾ ਸਹੀ ਹੈ, ਰਾਜੇ ਦੇ ਨਾਲ ਪਰਜਾ ਦਾ ਤੇ ਪਰਜਾ ਨਾਲ ਰਾਜੇ ਦਾ ਵੀ ਰਿਸ਼ਤਾ ਸਹੀ ਹੈ। ਕਨਫ਼ਿਊਇਜ਼ਮ ਅਨੁਸਾਰ ਰਿਸ਼ਤੇ ਨਿਭਾਉਣੇ ਆਉਣੇ ਚਾਹੀਦੇ ਹਨ। ਕਨਫ਼ਿਊਇਜ਼ਮ ਵਿੱਚ ਇਹ ਇਕੋ ਹੀ ਵਧੀਆਂ ਗੱਲ ਵਾਲੇ ਵਧੀਆ ਰਾਜੇ ਤੇ ਪਰਜਾਹੋ ਸਕਦੇ ਹਨ। ਕਨਫ਼ਿਊਇਜ਼ਮ ਦੀਆਂ ਤਿੰਨ ਕਿਤਾਬਾਂ ਵੀ ਧਾਰਮਿਕ ਪੁਸਤਕਾਂ ਦੇ ਤੌਰ ਤੇ ਸਾਹਮਣੇ ਆਉਂਦੀਆਂ ਦਾ ਕਨਫ਼ਿਊਇਜ਼ਮ ਕੈਨਨ, ਦਾ ਫਾਈਵ ਕਲਾਸਿਕ, ਐਨਾਲਿਸਕ; ਇਹ ਤਿੰਨ ਪੁਸਤਕਾਂ ਕਨਫ਼ਿਊਇਜ਼ਮ ਦੇ ਵਿੱਚ ਯਕੀਨ ਰੱਖਣ ਵਾਲਿਆਂ ਦੇ ਪੜ੍ਹਨ ਵਾਸਤੇ ਹਨ। ਚੀਨ ਵਿਚ ਕਮਿਉਨਿਜ਼ਮ ਦਾ ਬੋਲਬਾਲਾ ਹੋਇਆ। ਕਮਿਉਨਿਸਟ ਧਰਮ ਨੂੰ ਜ਼ਹਿਰ ਸਮਝਦੇ ਹਨ। ਲੋਕਾਂ ਨੂੰ ਜ਼ਹਿਰੀਲੀਆਂ ਚੀਜ਼ਾਂ ਨਹੀਂ ਪਚਦੀਆਂ। ਇਸ ਕਰਕੇ ਕਮਿਊਨਿਸ਼ਟ ਦੇਸ਼ਾਂ ਵਿੱਚ ਬਹੁਤ ਵਧੀਆ ਵਧੀਆ ਜਿਹੜੇ ਧਾਰਮਿਕ ਸਿਧਾਂਤ ਸਨ, ਉਹਨਾਂ ਨੂੰ ਨਾ ਕਿਸੇ ਨੇ ਖੁਲ੍ਹ ਕੇ ਗ੍ਰਹਿਣ ਕਰਨ ਦੀ ਕੋਸ਼ਿਸ਼ ਕੀਤੀ ਤੇ ਨਾ ਹੀ ਵਰਤਾਉਣ ਦੀ ਕੋਸ਼ਿਸ਼ ਕੀਤੀ ਤੇ ਨਾ ਖੁਲ੍ਹ ਕੇ ਕੋਈ ਧਾਰਮਿਕ ਕਹਿ ਸਕਿਆ। ਇਸ ਲਈ ਇਹ ਧਰਮ ਬਹੁਤ ਵਧੀਆ ਹੁੰਦਾ ਹੋਇਆ ਵੀ ਦੁਨੀਆਂ ਵਿੱਚ ਬਹੁਤਾ ਛਾਅ ਨਹੀਂ ਸਕਿਆ। ਸਿੰਘਾਪੁਰ ਇਕ ਐਸੀ ਸਟੇਟ ਹੈ ਜਿਥੇ ਇਹ ਮੰਨਦੇ ਹਨ ਤੇ ਐਲਾਨ ਕਰਦੇ ਹਨ ਤੇ ਕਲੇਮ ਕਰਦੇ ਹਨ ਕਿ ਉਹ ਕਨਫ਼ਿਊਇਜ਼ਮ ਸਟੇਟ ਹੈ। ਬਾਕੀ ਹੋਰ ਕੋਈ ਸੰਗਦਾ ਗੱਲ ਵੀ ਨਹੀਂ ਕਰਦਾ ਹੈ। ਜਿਵੇਂ ਕੋਰੀਆ ਕਿਸੇ ਸਮੇਂ ਵਿੱਚ ਪੂਰਾ ਕਨਫ਼ਿਊਇਜ਼ਮ ਦਾ ਦੇਸ਼ ਸੀ। ਨਾਰਥ ਕੋਰੀਆ ਵਿਚ ਕਨਫ਼ਿਊਇਜ਼ਮ ਇਕ ਦਮ ਖ਼ਤਮ ਹੋ ਗਿਆ। ਪਰ ਸਾਊਥ ਕੋਰੀਆ ਦੇ ਵਿੱਚ ਹਾਲੇ ਵੀ ਕਨਫ਼ਿਊਇਜ਼ਮ ਨੂੰ ਵਿਟਨੈਸ ਕਰਦੇ ਹਨ। ਕੁੱਲ ਮਿਲਾ ਕੇ ਸਾਰੇ ਓਰੀਐਂਟਲ ਦੇਸ਼ਾਂ ਵਿਚ ਤਕਰੀਬਨ ਦੋ ਕਰੋੜ ਬੰਦੇ ਕਨਫ਼ਿਊਇਜ਼ਮ ਦੇ ਵਿਚ ਯਕੀਨ ਰੱਖਦੇ ਹਨ ਤੇ ਬਹੁਤ ਹੀ ਸਤਿਕਾਰ ਨਾਲ ਮੰਨਦੇ ਹਨ।

ਅਗਲੀ ਗੱਲ ਅਸੀਂ ਬੁੱਧ ਧਰਮ ਦੀ ਕਰਦੇ ਹਾਂ। ਬੁੱਧ ਧਰਮ ਮਹਾਤਮਾ ਬੁੱਧ ਦੀ ਸਿਖਿਆ ਤੇ ਆਧਾਰਤ ਹੈ। ਸਭ ਤੋਂ ਵੱਡੀ ਗੱਲ ਮਹਾਤਮਾ ਬੁੱਧ ਦੀਆਂ ਸਿਖਿਆਵਾਂਦੇ ਵਿੱਚ ਇਹ ਹੈ ਕਿ ਬੰਦੇ ਵਿੱਚ ਹਉਮੈ ਹੈ, ਉਹ ਹੀ ਸਾਰਾ ਨੁਕਸਾਨ ਕਰਦੀ ਹੈ। ਹਉਮੈ ਤੋਂ ਹੀ ਸਾਰੇ ਦੁਖਾਂਤ ਪੈਦਾ ਹੁੰਦੇ ਹਨ। ਅਸਲ ਵਿੱਚ ਹਉਮੈ ਇਕ ਭੁਲੇਖਾ ਹੀ ਹੈ। ਇਸ ਭੁਲੇਖੇ ਵਿੱਚ ਹੀ ਆਪਾਂ ਹਉਮੈ ਪੈਦਾ ਕਰਦੇ ਹਾਂ। ਭੁਲੇਖੇ ਨਾਲ ਆਪਣੀ ਹਉਮੈ ਦੀ ਅੱਗ ਵਿੱਚ ਸਾਰੀ ਉਮਰ ਸੜਦੇ ਰਹਿੰਦੇ ਹਾਂ। ਕਈ ਧਰਮਾਂ ਦੇ ਵਿਚ, ਜਿਸ ਤਰ੍ਹਾਂ ਪਾਰਟੀਆਂ ਬਣਾਈਆਂ ਜਾਂ ਵਰਣ ਬਣਾਏ, ਜਾਤਾਂ ਗੋਤਾਂ ਬਣਾਈਆਂ ਗਈਆਂ, ਬੁੱਧਮੱਤ ਇਸ ਗੱਲ ਵਿੱਚ ਯਕੀਨ ਨਹੀਂ ਰੱਖਦਾ। ਸਮਾਜਕ ਰੁਤਬਾ ਕੋਈ ਵੀ ਹੋਵੇ ਬੁੱਧ ਧਰਮ ਨਿਰਵਾਣਾ (ਇਨਲਾਈਟਮੈਂਟ) ਹੈ। ਇਹ ਕੋਈ ਵੀ ਇਸ ਸਟੇਜ ਉਤੇ ਪਹੁੰਚ ਸਕਦਾ ਹੈ। ਬੁੱਧ ਧਰਮ ਜਾਤ ਪਾਤ ਸਿਸਟਮ ਨੂੰ ਨਹੀਂ ਮੰਨਦਾ। ਦੂਸਰੇ ਨੰਬਰ ’ਤੇ ਵੇਦਾਂ ਦੀ ਅਥਾਰਟੀ ਹੈ, ਉਸ ਨੂੰ ਵੇਦਾਂ ਦੀ ਅਥਾਰਟੀ ਨਹੀਂ ਮੰਨਦਾ। ਇਸ ਕਰਕੇ ਬੁੱਧ ਧਰਮ ਨੂੰ ਹਿੰਦੂ ਧਰਮ ਤੋਂ ਵੱਖਰਾ ਗਿਣਿਆ ਹੈ। ਨਹੀਂ ਤਾਂ ਬਹੁਤੀਆਂ ਗੱਲਾਂ ਹਿੰਦੂ ਧਰਮ ਵਾਲੀਆਂ ਹਨ।

ਇਹ ਕਹਿਣਾ ਗ਼ਲਤ ਨਹੀਂ ਹੋਏਗਾ ਕਿ ਬੁੱਧ ਧਰਮ ਨੂੰ ਓਹੀ ਜੀਵਨ ਦੀਆਂ ਮੁਸ਼ਕਲਾਂ ਹਨ, ਜਿਹੜੀਆਂ


Academy of the Punjab in North America: http://www.apnaorg.com

ਹਿੰਦੂ ਧਰਮ ਤੇ ਬੁੱਧ ਧਰਮ ਸੁਲਝਾਉਣ ਦਾ ਯਤਨ ਕਰਦੇ ਸੀ। ਉਹਨਾਂ ਮੁਸੀਬਤਾਂ ਨੂੰ ਸੁਲਝਾਉਣ ਦਾ ਬੁੱਧਇਜ਼ਮ ਯਤਨ ਸੀ। ਪਰ ਥੋੜ੍ਹਾ ਜਿਹਾ ਜਾਤਾਂ ਤੇ ਵਿਰੋਧ ਹੈ, ਵੇਦਾਂ ਦੀਆਂ ਕੁਝ ਗੱਲਾਂ ਨੂੰ ਸਵੀਕਾਰਦਾ ਨਹੀਂ, ਇਸ ਕਰਕੇ ਬੁੱਧ ਧਰਮ ਹਿੰਦੂ ਧਰਮ ਨਾਲੋਂ ਥੋੜ੍ਹਾ ਹਟ ਕੇ ਹੈ। ਬੁੱਧ ਜੀਵਨ ਨੂੰ ਦੁੱਖ ਝੱਲਦੇ ਮੰਨਦੇਹਨ। ਪਹਿਲੀ ਸਚਾਈ ਹੈ ਕਿ ਦੁੱਖ ਹੀ ਇਹ ਜੀਵਨ ਹੈ। ਜਿਹੜੀਆਂ ਦੁੱਖ ਮੁਸੀਬਤਾਂ ਹਨ, ਇਹ ਅਗਿਆਨਤਾ ਕਰਕੇ ਹਨ ਤੇ ਇਹ ਅਗਿਆਨਤਾ ਸਾਡੀਆਂ ਮੰਗਾਂ ਕਰਕੇ ਹੈ ਤੇ ਇਹ ਮੰਗਾਂ ਸਾਡੀ ਬੇਸਮਝੀ ਹਨ। ਬੇਸਮਝ ਲੋਕ ਖਾਹਿਸ਼ਾਂ ਕਰਦੇ ਹਨ, ਖਾਹਿਸ਼ਾਂ ਕਰਕੇ ਸਾਡੀ ਅਗਿਆਨਤਾ ਹੈ। ਖਾਹਿਸ਼ਾਂ ਕਰਕੇ ਸਾਨੂੰ ਜ਼ਿੰਦਗੀ ਦੇ ਦੁੱਖ ਮਿਲਦੇ ਹਨ, ਦੁਖਾਂਤ ਜੀਵਨ ਸਾਡੀਆਂ ਖਾਹਿਸ਼ਾਂ ਤੇ ਅਗਿਆਨਤਾ ਕਰਕੇ ਹੈ। ਜੇ ਖਾਹਿਸ਼ ਨੂੰ ਜਿੱਤ ਲਈਏ, ਜੇ ਖਾਹਿਸ਼ ਕੋਈ ਨਹੀਂ ਰਹੀ ਤਾਂ ਅਸੀਂ ਸਿਆਣੇ ਬਣ ਗਏ। ਖਾਹਿਸ਼ ਕੋਈ ਨਹੀਂ ਰਹੀ ਤੇ ਅਸੀਂ ਸਮਝਦਾਰ ਹੋ ਗਏ ਤਾਂ ਨਿਰਵਾਣ ਹੋ ਗਿਆ। ਬੁੱਧਇਜ਼ਮ ਵਿਚ ਨਿਰਵਾਣ ਬਹੁਤ ਵੱਡੀ ਪ੍ਰਾਪਤੀ ਹੈ। ਬੁੱਧ ਧਰਮ ਵਿੱਚ ਨਿਰਵਾਣ ਪ੍ਰਾਪਤ ਕਰਨ ਲਈ, ਸਿਆਣੇ ਬਣਨ ਲਈ ਅੱਠ ਰਸਤੇ ਦੱਸੇ ਗਏ ਹਨ; ਪਹਿਲਾ ਸਮਝ ਸਹੀ ਹੋ ਜਾਵੇ, ਦੂਸਰੇ ਨੰਬਰ ਤੇ ਸੋਚ ਸਾਡੀ ਸਹੀ ਹੋ ਜਾਵੇ, ਤੀਸਰੇ ਨੰਬਰ ਤੇ ਸਾਨੂੰ ਬੋਲਣਾ ਆ ਜਾਵੇ। ਚੌਥਾ ਜੇ ਕੰਮ ਕਾਰ ਕਰਦੇ ਹਾਂ, ਉਹ ਸਹੀ ਰਸਤੇ ਚੱਲੀਏ। ਪੰਜਵੇਂ ਨੰਬਰ ਤੇ ਸਾਡਾ ਜੀਵਨ ਸਹੀ ਰਸਤੇ, ਸਾਰਾ ਸਹੀ ਹੋਵੇ ਤੇ ਛੇਵੇਂ ਨੰਬਰ ਤੇ ਕੋਸ਼ਿਸ਼ ਜੇ ਅਸੀਂ ਕੋਸ਼ਿਸ਼ ਕਰੀਏ। ਸੱਤਵੇਂ ਨੰਬਰ ਤੇ ਜੇ ਅਸੀਂ ਸਹੀ ਤਰੀਕੇ ਦੇ ਨਾਲ ਸੋਚੀਏ ਤੇ ਅੱਠਵੇ ਨੰਬਰ ਤੇ ਹੈ ਇਕਾਗਰਤਾ। ਜੇ ਅਸੀਂ ਸਹੀ ਤਰੀਕੇ ਨਾਲ ਇਕਾਗਰਚਿਤ ਹੁੰਦੇ ਹਾਂ ਤਾਂ ਸਾਡਾ ਨਿਰਵਾਣ ਹੋ ਸਕਦਾ ਹੈ। ਨੇਪਾਲ ਵਿਚ ਕਪਲਵਸਤੂ ਵਿਖੇ ਮਹਾਤਮਾ ਬੁੱਧ ਦੇ ਜਨਮ ਨਾਲ ਹੀ ਬੁੱਧ ਧਰਮ ਦਾ ਜਨਮ ਹੋਇਆ। ਦੁਨੀਆਂ ਵਿੱਚ **50** ਕਰੋੜ ਲੋਕ ਬੁੱਧ ਧਰਮ ਵਿੱਚ ਵਿਸ਼ਵਾਸ ਰੱਖਣ ਵਾਲੇ ਹਨ। ਗੌਤਮ ਬੁੱਧ ਦੇ ਜੀਵਨ ਨਾਲ ਸੰਬੰਧਿਤ ਸਾਰੀਆਂ ਗੱਲਾਂ, ਜੋ ਕਿਵੇਂ ਬੁਧ ਰਾਜੇ ਦਾ ਪੁੱਤ ਹੁੰਦਿਆਂ ਤੇ ਸਭ ਕੁਝ ਹੁੰਦਿਆਂ ਜੀਵਨਦੇ ਸਾਰੇ ਸੁਖ ਤਿਆਗ ਕੇ ਜੋ ਸਿਖਦਾ ਹੈ, ਬੁੱਧੂ ਨੂੰ ਗਿਆਨ ਕੀ ਹੁੰਦਾ ਹੈ, ਜੰਗਲਾਂ ਬੇਲਿਆਂ ਵਿੱਚ ਕੋਈ ਮਤਲਬ ਨਹੀਂ, ਆਪਣੇ ਆਪ ਵਿੱਚ ਇਨਸਾਨ ਦੇ ਵਿੱਚ ਜੋ ਹੈ, ਜਾਗ੍ਰਤੀ ਆ ਜਾਵੇ, ਜੇ ਬੰਦਾ ਜਾਗ ਪਵੇ, ਜੀਵਨ ਦੀ ਇਗਨੋਰੈਂਸ ਬਾਰੇ ਸਾਨੂੰ ਪਤਾਨਹੀਂ ਹੈ, ਉਸ ਦਾ ਪਤਾ ਲਗ ਜਾਵੇ ਨਿਰਵਾਣ ਇਹੋ ਹੈ, ਬੰਦਾ ਇਗਨੋਰੈਂਸ ਵਿੱਚੋਂ ਜਾਗ ਪਵੇ, ਇਹ ਬੁੱਧਇਜ਼ਮ ਹੈ।

ਬੁੱਧਇਜ਼ਮ ਦੀ ਸਾਰੀ ਕਹਾਣੀ ਇਸ ਕਿਤਾਬ ਵਿੱਚ ਨਹੀਂ ਕੀਤੀ ਜਾ ਸਕਦੀ। ਬੜੀ ਲੰਬੀ ਚੌੜੀ ਕਹਾਣੀ ਹੈ ਕਿ ਕਿਵੇਂ ਦੁਨੀਆਂ ਦੇ ਸਾਰੇ ਸੁੱਖ ਉਸ ਨੂੰ ਕਿਸੇ ਤਰ੍ਹਾਂ ਦੀ ਥੁੜ ਨਹੀਂ ਸੀ। ਸਿਰਫ ਉਸਨੇ ਜਾਣਨਾ ਚਾਹਿਆ ਕਿ ਬੰਦੇ ਨੂੰ ਮੁਕਤੀ (ਨਿਰਵਾਣ) ਕਿਵੇਂ ਮਿਲੇ? ਵਿਦਵਾਨ ਕਿਵੇਂ ਹੋਵੇ? ਸਾਰਾ ਕੁਝ ਛੱਡ ਛਡਾ ਕੇ ਜੰਗਲਾਂ ਵਿੱਚ ਜਾ ਕੇ ਮਹਾਤਮਾ ਬੁੱਧ ਨੂੰ, ਇੰਨਾ ਚਿਰ ਭਗਤੀ ਕਰਕੇ ਪ੍ਰਾਪਤੀ ਕੀ ਹੋਈ ਕਿ ਉਠ ਜਾਗ ਮਿੱਤਰ ਪਿਆਰੇ ਇਸ ਵਿੱਚ ਸਭ ਕੁਝ ਹੈ। ਤੂੰ ਆਪਣੀ ਇਗਨੋਰੈਂਸ ਛੱਡ ਦੇ ਸਿਆਣਾ ਬਣ ਜਾ। ਸਿਆਣਾ ਬਣ ਗਿਆ ਤਾਂ ਉਸ ਵਿੱਚ ਹੀ ਤੇਰਾ ਧਰਮ ਹੈ, ਉਸ ਵਿੱਚ ਹੀ ਤੇਰਾ ਨਿਰਵਾਣ ਹੈ।

ਹੁਣ ਅਸੀਂ ਸ਼ਿੰਤੋ ਧਰਮ ਦੀ ਗੱਲ ਕਰਦੇ ਹਾਂ। ਸ਼ਿੰਤੋ ਧਰਮ ਜਪਾਨ ਦਾ ਇਕ ਸਟੇਟ ਰਿਲੀਜਨ ਹੈ। ਜਪਾਨ ਦੇ ਜੋ ਇਤਿਹਾਸਕ ਕਲਚਰਲ ਯਕੀਨ ਹਨ, ਜੋ ਉਥੋਂ ਦੇ ਵਿਸ਼ਵਾਸ ਹਨ, ਉਹ ਸਾਰੇ ਹੀ ਕੁਦਰਤ ਦੇ ਅਨੁਸਾਰ ਸ਼ਿੰਤੋ ਧਰਮ ਹੈ। ਕੋਈ ਜ਼ਮਾਨਾ ਸੀ ਕਿ ਜਪਾਨ ਦੇ ਵਿੱਚ ਹੋਰ ਕੋਈ ਧਰਮ ਨਹੀਂ ਸੀ। ਸ਼ਿੰਤੋ ਧਰਮ ਸੀ ਜਿਸ ਤੇ ਬਹੁਤੇ ਲੋਕ ਯਕੀਨ ਕਰਿਆ ਕਰਦੇ ਸੀ। ਸ਼ਿੰਤੋ ਧਰਮ ਦੀ ਮੁੱਖ ਵਿਚਾਰਧਾਰਾ (ਫਿਲਾਸਫ਼ੀ) ਇਹ ਹੈ, ਜਿਸ ਨੂੰ ਬਹੁਤ ਥੌੜੇ ਲਫਜ਼ਾਂ ਵਿੱਚ ਕਹਿ ਸਕਦੇ ਹਾਂ- ਕਰਮ ਹੀ ਧਰਮ ਹੈ, ਧਰਮ ਹੀ ਕਰਮ ਹੈ। ਕੁਦਰਤ ਦੀਆਂ ਸਾਰੀਆਂ ਚੀਜ਼ਾਂ ਪਵਿੱਤਰ ਹਨ। ਸਾਰੀਆਂ ਚੀਜ਼ਾਂ ਮਿਲਾ ਕੇ ਕੁਦਰਤ ਬਣਦੀ ਹੈ। ਹਰ ਇਕ ਚੀਜ਼ ਨੂੰ ਪੌਜ਼ਿਟਵ ਤਰੀਕੇ ਨਾਲ ਵੇਖਦੇ ਹਾਂ। ਜੋ ਦਿਮਾਗ ਵਿੱਚ - ਸਚਾਈ ਆ ਜਾਵੇ, ਪਵਿੱਤਰਤਾ ਆ ਜਾਵੇ, ਸਰੀਰ ਦੇ ਵਿੱਚ ਸ਼ੁਧਤਾ ਆ


Academy of the Punjab in North America: http://www.apnaorg.com

ਜਾਵੇ, ਆਤਮਾ ਵਿੱਚ ਸ਼ੁਧਤਾ ਆ ਜਾਵੇ, ਸੋਚ ਸ਼ੁਧ ਹੋ ਜਾਵੇ, ਦਿਮਾਗ ਪਵਿੱਤਰ ਕਰ ਲਈਏ, ਆਪਣੇ ਸਰੀਰ ਦੀ ਪਵਿੱਤਰਤਾ ਕਰ ਲਈਏ, ਬਸ ਇਸੇ ਵਿੱਚ ਯਕੀਨ ਹੈ ਸ਼ਿੰਤੋ ਧਰਮ ਦਾ ਹੈ। ਸ਼ਿੰਤੋ ਧਰਮ ਅਨੁਸਾਰ ਬੰਦਾ ਸਹੀ ਨਹੀਂ ਹੈ। ਮਨ ਦੀ ਮੈਲ ਬੰਦੇ ਦੇ ਸਰੀਰ ਦੀ ਮੈਲ, ਮਾਨਸਿਕ ਮੈਲ ਹੈ। ਇਹ ਮਾਨਸਿਕ ਮੈਲ ਲਾਹੁਣੀ ਚਾਹੀਦੀ ਹੈ। ਇਸ ਉਤੇ ਬਹੁਤ ਮਲ ਮਲ ਕੇ ਨਹਾਉਣਾ ਚਾਹੀਦਾ ਹੈ। ਵੱਧ ਤੋਂ ਵੱਧ ਚਰਚਾਂ ਵਿੱਚ ਜਾਣਾ ਚਾਹੀਦਾ ਹੈ। ਇਸੇ ਕਰਕੇ ਜਪਾਨ ਦੇ ਵਿੱਚ ਲੱਖ ਦੇ ਕਰੀਬ ਸ਼ਰਾਈਨਜ਼ ਜਾਂ ਚਰਚਾਂ ਹਨ, ਜਿਸਦੇ ਵੱਖਰੇ ਵੱਖਰੇ ਕਾਮੀ ਹਨ, ਜੋ ਪਵਿੱਤਰਤਾ ਦੇ ਪ੍ਰਤੀਕ ਹਨ। ਸ਼ਿੰਤੋ ਧਰਮ ਦੇ ਮੰਦਰ ਹਨ। ਸ਼ਿੰਤੋ ਧਰਮ ਉਨਾਂ ਵਿੱਚ ਵਾਰ ਵਾਰ ਜਾਣ ਦੀ ਸਿੱਖਿਆ ਦਿੰਦਾ ਹੈ। **17**ਵੀਂ, **18**ਵੀਂ ਤੇ **19**ਵੀਂ ਇਨ੍ਹਾਂ ਤਿੰਨ ਸਦੀਆਂ ਦੌਰਾਨ ਜਪਾਨਦੇ ਵਿੱਚ ਹਰ ਘਟਨਾ ਨਾਲ, ਜਿਹੜੇ ਰੀਤੀ ਰਿਵਾਜ਼, ਜੋ ਸਭਿਆਚਾਰਕ, ਜੋ ਕੁਝ ਵੀਸੀ, ਹਰ ਇਕ ਚੀਜ਼ ਦੇ ਵਿੱਚ ਸ਼ਿੰਤੋ ਧਰਮ ਦਾ ਰੰਗ ਵੇਖਿਆ ਜਾ ਸਕਦਾ ਹੈ। ਦੂਸਰੇ ਲਫਜ਼ਾਂ ਵਿੱਚ ਕਹੀਏ ਤਾਂ **17**ਵੀਂ, **18**ਵੀਂ, **19**ਵੀਂ ਸਦੀ ਵਿੱਚ ਸ਼ਿੰਤੋ ਧਰਮ ਸਿਖਰ 'ਤੇ ਸੀ। ਲੇਕਿਨ ਇਹ ਕਦੋਂ ਪੈਦਾ ਹੋਇਆ, ਇਹ ਕਿਵੇਂ ਬਣਿਆ? ਇਸ ਬਾਰੇ ਬਹੁਤਾ ਕਿਸੇ ਨੇ ਇਤਿਹਾਸਕ ਪਿਛੋਕੜ ਲਿਖਣ ਦਾ ਯਤਨ ਨਹੀਂ ਕੀਤਾ ਜਾਂ ਸਾਨੂੰ ਲੱਭਿਆ ਨਹੀਂ। ਸ਼ਿੰਤੋ ਧਰਮ ਨੂੰ ਮੰਨਣ ਵਾਲਿਆਂ ਦੀ ਗਿਣਤੀ ਜਪਾਨ ਵਿੱਚ ਜ਼ਿਆਦਾ ਹੈ; **85, 90** ਪ੍ਰਤੀਸ਼ਤ ਜਪਾਨੀ ਆਪਣੇ ਆਪ ਨੂੰ ਸ਼ਿੰਤੋ ਧਰਮ ਦੇ ਅਨੁਆਈ ਦੱਸਦੇ ਹਨ। ਕਈਆਂ ਨੂੰ ਬੁੱਧਇਜ਼ਮ ਤੇ ਸ਼ਿੰਤੋ ਧਰਮ ਵਿੱਚ ਫਰਕ ਨਹੀਂ ਲਗਦਾ। ਇਸ ਕਰਕੇ ਉਹ ਕੋਈ ਬੁੱਧਇਜ਼ਮ ਕਹਿ ਦਿੰਦੇ ਹਨ ਤੇ ਕੋਈ ਸ਼ਿੰਤੋ ਕਹਿ ਦਿੰਦੇ ਹਾਂ। ਇਸ ਲਈ ਸ਼ਿੰਤੋ ਧਰਮ ਦੀ ਪੂਰੀ ਗਿਣਤੀ ਕਿਸੇ ਰੂਪ ਵਿੱਚ ਨਹੀਂ ਕਰ ਸਕਦੇ । ਯਅਨੀ ਅੱਧਾ ਕਰੋੜ ਵੀ ਕਹੀ ਜਾ ਸਕਦੀ ਹੈ, **8-10** ਕਰੋੜ ਵੀ ਕਈ ਜਾ ਸਕਦੀ ਹੈ। ਕਿਸੇ ਨੇ ਅੱਧਾ ਕਰੋੜ ਲਿਖਿਆ ਹੈ ਤੇ ਕਿਸੇ ਨੇ **100** ਕਰੋੜ ਵੀ ਲਿਖਿਆ ਹੈ।

ਹਿੰਦੂ ਧਰਮ ਦੇ ਬਾਰੇ ਗੱਲ ਸ਼ੁਰੂ ਕਰਨ ਤੋਂ ਪਹਿਲਾਂ ਇਕ ਗੱਲ ਮੈਂ ਸਪਸ਼ਟ ਰੂਪਵਿੱਚ ਕਰਨੀ ਮੁਨਾਸਿਬ ਸਮਝਦਾ ਹਾਂ ਕਿ ਹਿੰਦੂ ਧਰਮ ਨੂੰ ਹਿੰਦੂ ਨਾਮ ਪੱਛਮੀ ਸਭਿਅਤਾ ਦੇ ਲੋਕਾਂ ਨੇ ਦਿੱਤਾ ਹੈ। ਸਿੰਧੂ ਤੋਂ ਹਿੰਦੂ ਬਣਾਇਆ ਹੈ, ਹਿੰਦੂ ਲਿਖਣਾ ਨਹੀਂ ਸੀ ਆਉਂਦਾ, ਬੋਲਣਾ ਨਹੀਂ ਸੀ ਆਉਂਦਾ। ਸਿੰਧ ਦਰਿਆ ਦੇ ਲਾਗੇ ਬੰਨੇ ਜਿਹੜੀ ਸਭਿਅਤਾ ਸੀ, ਜਿਥੇ ਰਿਸ਼ੀਆਂ ਨੇ ਵੇਦਾਂ ਦੀ ਰਚਨਾ ਕੀਤੀ, ਇਸ ਧਰਮ ਨੂੰ ਹਿੰਦੂ ਧਰਮ ਕਿਹਾ ਤੇ ਸਿੰਧੂ ਕਹਿਣਾ ਨਹੀਂ ਸੀ ਆਉਂਦਾ ਤੇ ਹਿੰਦੂ ਨਾਂ ਹੋ ਗਿਆ। ਕਹਿਣ ਦਾ ਮਤਲਬ ਹੈ ਕਿ ਜੇ ਹਿੰਦੂ ਧਰਮ ਨੂੰ ਦੁਨੀਆਂ ਦਾ ਧਰਮ ਕਿਹਾ ਜਾਏ , ਉਹ ਇਸ ਨਾਲ ਜ਼ਿਆਦਾ ਨਿਆਂ ਹੋਏਗਾ। ਸਿਰਫ ਹਿੰਦੂ ਕਹਿ ਕੇ ਇਕ ਕਮਿਊਨਟੀ ਦਾ ਕਬਜ਼ਾ ਹੋ ਜਾਂਦਾ ਹੈ। ਠੀਕ ਹੈ ਹਿੰਦੂ ਕੌਮ ਜੋ ਹੈ, ਇਸ ਵੇਲੇ ਮੌਜੂਦਾ ਹਿੰਦੂ ਕੌਮ ਹੈ, ਇਨ੍ਹਾਂ ਨੂੰ ਨਾਂ ਵੀ ਇਸੇ ਧਰਮ ਤੋਂ ਮਿਲਿਆ। ਇਹ ਉਸ ਧਰਮ ਦੇ ਅਨੁਆਈ ਹਨ। ਲੇਕਿਨ ਹਿੰਦੂ ਧਰਮ ਅਸਲ ਵਿੱਚ ਵੇਦਾਂ ਸ਼ਾਸਤਰਾਂ ਦਾ ਧਰਮ ਹੈ, ਸਿਰਫ ਤੇ ਸਿਰਫ ਹਿੰਦੂਆਂ ਵਾਸਤੇ ਹੀ, ਹਿੰਦੂਸਤਾਨੀਆਂ ਵਾਸਤੇ ਹੀ ਨਹੀਂ ਸੀ, ਦੁਨੀਆਂ ਦੇ **70-75** ਪ੍ਰਤੀਸ਼ਤ ਲੋਕ ਇਸ ਖੇਤਰ ਵਿੱਚ ਰਹਿੰਦੇ ਸਨ, ਜਦੋ ਇਹ ਵੇਦਾਂ ਸ਼ਾਸ਼ਤਰਾਂ ਦੀ ਰਚਨਾ ਹੋਈ।

ਧਰਮ ਕਰਮ ਹੈ ਤੇ ਕਰਮ ਧਰਮ ਹੈ। ਧਰਮ ਤੇ ਕਰਮ ਦੇ ਜਿਹੜੇ ਕਾਨੂੰਨ ਹਨ, ਇਸਦੇ ਆਧਾਰ 'ਤੇ ਹਿੰਦੂਇਜ਼ਮ ਯਕੀਨ ਰੱਖਦਾ ਹੈ। ਜਿੰਨਾ ਚਿਰ ਤੱਕ ਬੰਦੇ ਨੂੰ ਸਾਲਵੇਸ਼ਨ ਨਹੀਂ ਮਿਲ ਜਾਂਦੀ, ਮੁਕਤੀ ਨਹੀਂ ਮਿਲ ਜਾਂਦੀ ਹੈ, ਜਿੰਨਾ ਚਿਰ ਮਨੁੱਖ ਇਹ ਹਾਸਲ ਨਹੀਂ ਕਰ ਲੈਂਦਾ, ਓਨਾ ਚਿਰ ਦੁਨੀਆਂ ਵਿਚ ਵਾਰ-ਵਾਰ ਆਉਂਦਾ ਹੈ, ਵਾਰ ਵਾਰ ਜਾਂਦਾ ਹੈ ਤੇ ਜਿੰਨਾ ਚਿਰ ਤੱਕ ਉਹ **84** ਦੇ ਗੇੜ ਤੋਂ ਮੁਕਤ ਨਹੀਂ ਹੋ ਜਾਂਦਾ ਹੈ। ਕਈ ਵਾਰ ਲੋਕ ਹਿੰਦੂ ਧਰਮ ਨੂੰ ਸਮਝਣ ਤੋਂ ਬਿਨਾਂ ਹੀ ਆਪਣਾ ਵਿਚਾਰ ਬਣਾ ਕੇ ਬਹਿ ਜਾਂਦੇ ਹਨ। ਪਰ ਹਿੰਦੂ ਧਰਮ ਦੇ ਵਿੱਚ ਪਰਮਾਤਮਾ ਇਕੋ ਹੀ ਹੈ ਪਰ ਉਹ ਵੱਖ ਵੱਖ ਭੇਸਾਂ ਦੇ ਵਿੱਚ ਵੱਖ - ਵੱਖ ਅਵਤਾਰਾਂ ਦਾ ਰੂਪ ਧਾਰ ਕੇ ਦੁਨੀਆਂ ਤੇ ਆ ਸਕਦਾ ਹੈ। ਬਹੁਤ ਹੀ ਐਡਵਰਸ ਨੰਬਰ ਗਿਣਿਆ ਹੈ। ਪਰਮਾਤਮਾ ਕਲਯੁੱਗ ਦੇ ਵਿੱਚ ਕਈ ਅਵਤਾਰਾਂ ਦੇ ਵਿੱਚ ਆ ਸਕਦਾ


Academy of the Punjab in North America: http://www.apnaorg.com

ਹੈ।

ਹਿੰਦੂ ਧਰਮ ਵਰਣਾਂ ਵਿੱਚ ਯਕੀਨ ਰੱਖਦਾ ਹੈ। ਹਿੰਦੂ ਧਰਮ ਦੇ ਵਿੱਚ ਚਾਰਵਰਣਾ ਨੂੰ ਮੰਨਿਆਂ ਜਾਂਦਾ ਹੈ ਇਹ ਮੰਨਿਆਂ ਜਾਂਦਾ ਹੈ ਕਿ ਬ੍ਰਹਮਾ ਦੁਨੀਆਂ ਨੂੰ ਪੈਦਾ ਕਰਨ ਵਾਲਾ ਹੈ। ਵਿਸ਼ਨੂੰ ਸਾਡੀ ਪਾਲਣਾ ਪੋਸ਼ਣਾ ਕਰਨ ਵਾਲਾ ਹੈ। ਸ਼ਿਵਾ ਸਾਡੇ ਕੰਮਕਾਰ ਵੇਖ ਕੇ ਤੇ ਸਾਡੀ ਮੁਕਤੀ ਦਾ ਕਾਰਨ ਬਣਦਾ ਹੈ। ਇਸ ਗੱਲ ਵਿੱਚ ਹਿੰਦੂ ਯਕੀਨ ਰੱਖਦੇ ਹਨ ਕਿ ਇਹ ਜੋ ਸਾਨੂੰ ਜੀਵਨ ਮਿਲਿਆ ਹੈ, ਇਹ ਐਵੇਂ ਨਹੀਂ ਮਿਲਿਆ, 84 ਲੱਖ ਜੂਨਾਂ ਚਾਰ ਯੁੱਗਾਂ ਦੇ ਵਿੱਚ ਭੁਗਤ ਕੇ ਉਸ ਤੋਂ ਬਾਅਦ ਜੀਵਨ ਮਿਲਿਆ ਹੈ। ਹਿੰਦੂ ਧਰਮ ਦੀਆਂ ਖਾਸ ਕਿਤਾਬਾਂ- ਵੇਦ ਹਨ, ਗ੍ਰੰਥ ਹਨ। ਉਹਨਾਂ ਦੇ ਵਿੱਚ ਚਾਰ ਵੇਦ, 108 ਉਪਨਿਸ਼ਦ, ਪੁਰਾਣ, ਦੋ ਹਿੰਦੂ ਮਹਾਂਕਾਵਿ ਰਮਾਇਣ ਤੇ ਮਹਾਂਭਾਰਤ ਸ਼ਾਮਲ ਹਨ। ਭਗਵਤ ਗੀਤਾ ਅਸਲ ਵਿੱਚ ਮਹਾਂਭਾਰਤ ਦਾ ਹੀ ਹਿੱਸਾ ਹੈ। ਇਹ ਸਭ ਤੋਂ ਜ਼ਿਆਦਾ ਪਵਿੱਤਰ ਤੇ ਸਭ ਤੋਂ ਜ਼ਿਆਦਾ ਧਾਰਮਿਕ ਮੰਨੀ ਜਾਣ ਵਾਲੀ ਕਿਤਾਬ ਹੈ। ਸਭ ਤੋਂ ਜ਼ਿਆਦਾ ਪੂਜਣਯੋਗ ਸਥਾਨ ਭਗਵਤ ਗੀਤਾ ਦਾ ਹੈ।

ਹਿੰਦੂ ਧਰਮ ਦੇ ਮੁੱਢ ਕਦੀਮ ਨਾਲ ਅੱਜ ਕੱਲ੍ਹ ਲੋਕ ਆਪੋ ਆਪਣੀਆਂ ਕਹਾਣੀਆਂ ਜੋੜਨ ਲੱਗ ਗਏ ਹਨ। ਆਰੀਅਨ ਨਾਂ ਦੀ ਕਹਾਣੀ ਤੇ ਹੌਲੀ-ਹੌਲੀ ਇਵੇਂ ਵੀ ਇਤਿਹਾਸਕਾਰ ਲਿਖਣ ਲੱਗ ਪਏ ਹਨ ਕਿ ਯੂਰਪੀਅਨ ਲੋਕਾਂ ਨੇ ਜਾ ਕੇ ਸੰਸਕ੍ਰਿਤ ਬਣਾਈ। ਲੇਕਿਨ ਇਹਨਾਂ ਭੁਲੇਖਿਆਂ ਵਿਚ ਨਹੀਂ ਪੈਣਾ ਚਾਹੀਦਾ। ਯੂਰਪ ਅਜੇ ਜੰਮਿਆ ਵੀ ਨਹੀਂ ਸੀ ਤੇ ਦੁਨੀਆਂ ਤੇ ਇਨਸਾਨੀਅਤ ਦਾ ਬੋਲ ਬਾਲਾ ਨਹੀਂ ਸੀ, ਬੰਦਾ ਜਾਨਵਰਾਂ ਵਾਂਗ ਜਿਥੇ ਕਿਤੇ ਮਰਜ਼ੀ ਰਹਿੰਦਾ ਹੋਊ, ਉਹਨਾਂ ਦਿਨਾਂ ਦੇ ਵਿਚ ਸਭ ਤੋਂ ਜ਼ਿਆਦਾ ਵਸੋਂ ਇਸ ਦੁਨੀਆਂ ’ਤੇ, ਇਸ ਪਲੈਨਟ ’ਤੇ, ਇੰਦੁਸ ਨਦੀ ਦੇ ਆਲੇ ਦੁਆਲੇ ਸੀ। ਜਦੋਂ ਹੋਰ ਕਿਤੇ ਵੀ ਕੁਝ ਨਹੀਂ ਸੀ, ਹੋਰ ਤੇ ਸਿਵਲਾਈਜੇਸ਼ਨ ਨਹੀਂ ਸੀ, ਉਦੋਂ ਇੰਦੁਸ ਨਦੀ ਦੇ ਆਲੇ ਦੁਆਲੇ ਸਭ ਤੋਂ ਜ਼ਿਆਦਾ ਆਬਾਦੀ ਸੀ। ਉਥੇ ਲੋਕਾਂ ਦੀ ਆਬਾਦੀ ਸੀ।

ਆਮ ਇਨਸਾਨ ਨੂੰ ਇਨਸਾਨੀਅਤ ਨਾਲ ਜੋੜਨ ਲਈ ਜੋ ਰੀਤੀ ਰਿਵਾਜ਼, ਵਿਧਾ ਵਿਧਾਨ ਬਣਾਏ ਸਿਆਣੇ ਲੋਕਾਂ ਨੇ, ਰਿਸ਼ੀਆਂ ਮੁਨੀਆਂ ਨੇ, ਉਹਨਾਂ ਨੂੰ ਨਾਟਕਾਂ ਦੇ ਰੂਪ ਵਿੱਚ ਜਾਗਰਿਤ ਕਰ ਕਰ ਕੇ ਖੇਡਿਆ ਤੇ ਉਹ ਮਿਸਾਲਾਂ ਦਿੰਦੇ ਗਏ, ਮਿਸਾਲਾਂ ਮਸ਼ਹੂਰ ਹੁੰਦੀਆਂ ਗਈਆਂ। ਉਸ ਨਾਲ ਹੋਰ ਹੋਰ ਵਧੀਆ ਕਹਾਣੀਆਂ ਬਣਦੀਆਂ ਗਈਆਂ। ਉਹ ਸਹੀ ਜੀਵਨ ਜੀਣ ਲਈ ਰਸਤੇ ਸਨ। ਉਨ੍ਹਾਂ ਨੂੰ ਡਰ ਪਾਕੇ ਜਾਂ ਉਹਨਾਂ ਨੂੰ ਦੇਵੀ ਦੇਵਤਿਆਂ ਦਾ ਡਰ ਭੈਅ ਪਾ ਕੇ ਜਾਂ ਇਸ਼ਾਰਾ ਦੇ ਕੇ ਇਨਸਾਨ ਨੂੰ ਇਨਸਾਨੀਅਤ ਨਾਲ ਜੋੜੀ ਰੱਖਣ ਲਈ ਸਿਆਣੇ ਰਿਸ਼ੀਆਂ ਮੁਨੀਆਂ ਨੇ ਹੀ ਧਰਮ ਚਲਾਇਆ ਸੀ। ਇਸ ਪਾਸੇ ਵਿਦਵਾਨਾਂ ਦੀ ਰੁਚੀ ਹੋ ਗਈ ਕਿ ਪਹਿਲਾਂ ਤਾਂ ਹੌਲੀ ਹੌਲੀ ਇੰਡੀਆ ਲਿਖਦੇ ਸੀ, ਸੰਸਕ੍ਰਿਤ ਤੇ ਸਭ ਤੋਂ ਪਹਿਲੀ ਭਾਸ਼ਾ ਹੈ। ਸਭ ਤੋਂ ਪਹਿਲਾ ਲਿਖਿਆ ਅੱਖਰ ਸੰਸਕ੍ਰਿਤ ਦਾ ਮਿਲਿਆ ਹੈ। ਬਾਅਦ ਵਿੱਚ ਹੌਲੀ ਹੌਲੀ ਇਹ ਯੂਰਪੀਅਨ ਭਾਸ਼ਾਵਾਂ ਨੂੰ ਇੰਡੋ ਯੂਰਪੀਅਨ ਭਾਸ਼ਾਵਾਂ ਲਿਖਣ ਲੱਗ ਪਏ। ਕੋਈ ਕਿਸੇ ਜੱਟ ਦੇ ਕਮਾਦ ਵਿਚੋਂ ਗੰਨੇ ਭੰਨਣ ਲੱਗਾ ਤਾਂ ਆਪਣੇ ਆਪ ਨੂੰ ਕਹਿੰਦਾ - ਗੰਨੇ ਦੋ ਭੰਨਾਂ ਕਿ ਚਾਰ। ਆਪੇ ਜਵਾਬ ਦਿੰਦਾ ਕਿ ਭਾਵੇਂ ਵੀਹ ਭੰਨ ਲੈ ਕਿਹੜਾ ਜੱਟ ਵੇਖਦਾ। ਇਸ ਦਾ ਕਿਸੇ ਨੇ ਇਤਰਾਜ਼ ਨਹੀਂ ਕੀਤਾ। ਪਤਾ ਨਹੀਂ ਕਿਉਂ ਨਹੀਂ ਇਤਰਾਜ਼ ਕੀਤਾ? ਮੇਰੀ ਸਮਝ ਵਿੱਚ ਨਹੀਂ ਆਉਂਦਾ ਕਿ ਇਹ ਇਤਰਾਜ਼ ਸਦੀਆਂ ਪਹਿਲਾਂ ਹੋਣਾ ਚਾਹੀਦਾ ਸੀ। ਹਿੰਦੂਇਜ਼ਮ ਦੀਆਂ ਸਾਰੀਆਂ ਕਹਾਣੀਆਂ, ਹਿੰਦੂਇਜ਼ਮ ਦਾ ਇਤਿਹਾਸ, ਹਿੰਦੂਇਜ਼ਮ ਤੇ ਸੰਸਕ੍ਰਿਤ ਦਾ ਇਤਿਹਾਸ ਕੀ ਲਿਖਿਆ, ਕਿਥੋਂ ਮਿਲਿਆ? ਅੰਗਰੇਜ਼ੀ ਜਿਹੜੀ 16ਵੀਂ ਸਦੀ ਵਿਚ ਅਜੇ ਤੋਤਲੀਆਂ ਗੱਲਾਂ ਕਰਦੀ ਸੀ, ਇਹ ਕਦੋਂ ਜੰਮੀ ਤੇ ਪੁਰਾਤਨ ਵੇਦਾਂ ਸ਼ਾਸਤਰਾਂ ਦੀਆਂ ਗੱਲਾਂ ਇਹਨਾਂ ਨੇ ਆਪਣੇ ਹਿਸਾਬ ਨਾਲ ਕੀਤੀਆਂ। ਸਾਨੂੰ ਇਹ ਇਜਾਜ਼ਤ ਨਹੀਂ ਸੀ ਦੇਣੀ ਚਾਹੀਦੀ। ਹਿੰਦੂਇਜ਼ਮ ਨੂੰ ਇਜਾਜ਼ਤ ਨਹੀਂ ਦੇਣੀ ਚਾਹੀਦੀ ਸੀ। ਹਿੰਦੂਇਜ਼ਮ ਜਾਂ ਸੰਸਕ੍ਰਿਤ ਭਾਸ਼ਾ ਦੀਆਂ ਪੱਛਮੀ ਸਭਿਅਤਾ ਦੇ ਵਿਦਵਾਨ ਆਪਣੀ ਕਲਮ ਨਾਲ ਗੱਲਾਂ ਕਰਦੇ ਸਨ। ਜੋ ਕੀਤੀਆਂ, ਸਾਨੂੰ ਉਹਨਾਂ ਨੂੰ ਪਹਿਲਾਂ ਹੀ ਰੋਕਣਾ ਚਾਹੀਦਾ ਸੀ ਕਿ ਇਹ ਗੱਲਾਂ ਤੁਸੀਂ ਕਿਉਂ ਕੀਤੀਆਂ?


Academy of the Punjab in North America: http://www.apnaorg.com

ਸਾਡੇ ਵਿੱਚ ਹਿੰਦੁਸਤਾਨੀ ਵਿਦਵਾਨ ਹਨ, ਉਹਨਾਂ ਦੀ ਵਿਦਵਤਾ ਵੇਖੋ। ਉਹਨਾਂ ਦੀਆਂ ਕਹਾਣੀਆਂ 'ਤੇ ਖੋਜ ਕਰਨ ਲੱਗ ਪਏ। ਅਸੀਂ ਉਹਨਾਂ ਨੂੰ ਰੋਕਣਾ ਤਾਂ ਕੀ ਸੀ? ਅਸੀਂ ਹਿੰਦੁਸਤਾਨੀ ਲੋਕਾਂ ਨੇ ਹਿੰਦੂਇਜ਼ਮ ਦੇ ਬਾਰੇ ਮਨਘੜਤ ਕਹਾਣੀਆਂ, ਇਕ ਨਹੀਂ, ਸੈਂਕੜੇ ਕੀਤੀਆਂ। ਮੈਨੂੰ ਸਮਝ ਨਹੀਂ ਆਉਂਦੀ ਜਿਹੜੇ ਪੱਛਮੀ ਸਭਿਅਤਾ ਵਿਚੋਂ ਗਏ, ਜਿਹੜੀਆਂ ਸਾਡੇ ਬਾਰੇ ਕਹਾਣੀਆਂ ਸਨ, ਹਿੰਦੁਸਤਾਨੀ ਧਰਮ ਬਾਰੇ, ਹਿੰਦੁਸਤਾਨੀ ਬੋਲੀ ਜਾਂ ਭਾਸ਼ਾ ਬਾਰੇ, ਜੋ ਵਿਦੇਸ਼ੀਆਂ ਨੇ ਖੋਜਾਂ ਕੀਤੀਆਂ, ਉਹ ਅਸੀਂ ਬਿਲਕੁਲ ਸਹੀ ਮੰਨ ਕੇ ਖੋਜ ਕਰਨ ਲੱਗ ਪਏ। ਇਥੋਂ ਤੱਕ ਕਿ ਹੜੱਪਾ ਤੇ ਮਹਿੰਜੋਦੜੋ ਬਾਰੇ ਵੀ 19ਵੀਂ ਸਦੀ ਵਿਚ ਕਰਾਚੀ ਤੋਂ ਲਾਹੌਰ ਨੂੰ ਰੇਲਵੇ ਲਾਈਨ ਵਿਛਾਉਣ ਲੱਗੇ ਤਾਂ ਰਾਹ ਵਿੱਚ ਹੜੱਪਾ ਤੇ ਮਹਿੰਜਦੜੋ ਆਏ। ਉਨ੍ਹਾਂ ਦੇ ਥੇਹ ਇਨ੍ਹਾਂ ਨੇ ਪੱਟੇ ਤੇ ਉਸ ਤੋਂ ਬਾਅਦ ਪਹਿਲੀ ਵਾਰੀ ਲੋਕਾਂ ਨੂੰ ਪਤਾ ਲੱਗਾ ਕਿ ਭਾਰਤ ਦੀ ਸਭਿਅਤਾ ਇਥੇ ਚਿਰੋਕਣੀ ਸੀ। ਅੰਗਰੇਜ਼ਾਂ ਨੇ ਪਹਿਲਾਂ ਪੀ ਐੱਚ. ਡੀ ਕਰਕੇ ਕਿਤਾਬਾਂ ਲਿਖ ਦਿੱਤੀਆਂ। 20ਵੀਂ ਸਦੀ ਵਿਚ ਪਹਿਲੀ ਵਾਰ ਸਾਡੇ ਕੋਲ ਹੜੱਪਾ ਤੇ ਮਹਿੰਜੋਦੜੋ ਬਾਰੇ ਲਿਖਿਆ ਹੋਇਆ ਮਿਲਿਆ। ਉਹਦੇ ਉਤੇ ਸਰਕਾਰਾਂ ਨੇ, ਸਾਡੇ ਹਿੰਦੁਸਤਾਨੀਆਂ ਨੇ ਫਿਰ ਨੱਠ ਨੱਠ ਇਕ ਦੂਜੇ ਤੋਂ ਅੱਗੇ ਹੋ ਕੇ ਖੋਜਾਂ ਕੀਤੀਆਂ-ਵਿਚਾਰ ਵਿਦੇਸ਼ੀ ਤੇ ਗੱਲਾਂ ਸਾਡੇ ਪਿਛੋਕੜ ਦੀਆਂ। ਸਦਕੇ ਜਾਵਾਂ, ਮੈਨੂੰ ਯਕੀਨ ਨਹੀਂ ਆਉਂਦਾ ਸਾਡੇ ਬੁੱਧੀਜੀਵੀਆਂ'ਤੇ ਕਿ ਇਹ ਇਧਰ ਨੂੰ ਭੱਜੇ ਕਿਉਂ? ਜੇ ਭੱਜੇ ਸਨ ਤਾਂ ਕਿਸੇ ਨੇ, ਸਾਡੇ ਕਿਸੇ ਪਿਓ ਦਾਦੇ ਨੇ ਰੋਕਿਆ ਕਿਉਂ ਨਾ ਇਨ੍ਹਾਂ ਨੂੰ, ਡਾਂਗਾਂ ਮਾਰ ਕੇ ਇਹਨਾਂ ਨੂੰ ਆਪਣੇ ਧਰਮ ਦੀਆਂ ਗੱਲਾਂ ਆਪ ਲਿਖਣ ਲਈ ਕਿਉਂ ਨਾ ਆਖਿਆ। ਜਿਹੜੀਆਂ ਖੋਜਾਂ ਜਿਹੜੇ ਰਸਤੇ ਬਣਾ ਦਿੱਤੇ ਸਨ, ਜਿਹਨਾਂ ਤੇ ਸਾਡੇ ਪੀ ਐੱਚ.ਡੀ. ਕਰਨ ਭੱਜੇ, ਉਹਨਾਂ ਰਸਤਿਆਂ ਨੂੰ ਰੋਕਣ ਦਾ ਯਤਨ ਕਿਉਂ ਨਹੀਂ ਕੀਤਾ। ਮੈਨੂੰ ਇਸ ਗੱਲ ਦੀ ਬਹੁਤ ਹੈਰਾਨੀ ਹੁੰਦੀ ਹੈ।

16ਵੀਂ ਤੇ 17ਵੀਂ ਸਦੀ ਵਿੱਚ ਮੁਸਲਮਾਨ ਬਾਦਸ਼ਾਹ ਹਿੰਦੁਸਤਾਨ ਉਤੇ ਰਾਜ ਕਰਦੇ ਰਹੇ। ਲੇਕਿਨ ਜਿਹੜਾ ਇੰਡੀਆ 'ਤੇ ਢਾਈ-ਪੌਣੇ ਤਿੰਨ ਸੌ ਸਾਲ ਦਾ ਮੁਗਲਰਾਜ ਸੀ, ਉਸ ਵਿੱਚ 1658 ਈ: ਤੱਕ ਹਿੰਦੂ ਧਰਮ ਦਾ ਕੋਈ ਏਨਾ ਜ਼ਿਆਦਾ ਨੁਕਸਾਨ ਨਹੀਂ ਹੋਇਆ। 1658 ਈ: ਤੱਕ ਸ਼ਾਹ ਜਹਾਨ ਜਿੰਨਾ ਚਿਰ ਰਿਹਾ, ਸ਼ਾਹ ਜ਼ਹਾਨ ਤੋਂ ਪਹਿਲਾਂ ਪਹਿਲਾਂ ਕੋਈ ਉਥੇ ਧਰਮ ਨੂੰ ਖਤਰਾ ਨਹੀਂ ਹੋਇਆ। 1658 ਵਿਚ ਸ਼ਾਹ ਜ਼ਹਾਨ ਦੀ ਮੌਤ ਤੋਂ ਬਾਅਦ ਜਦੋਂ ਉਸ ਦਾ ਪੁੱਤਰ ਔਰੰਗਜ਼ੇਬ ਰਾਜਾ ਬਣਿਆ ਤਾਂ ਇਹਨੇ ਜ਼ਬਰਦਸਤੀ ਕਰਨੀ ਸ਼ੁਰੂ ਕੀਤੀ। ਔਰੰਗਜ਼ੇਬ ਨੇ ਹਿੰਦੂ ਧਰਮ ਦਾ ਨੁਕਸਾਨ ਜ਼ਰੂਰ ਕੀਤਾ। 1707 ਈ. ਵਿੱਚ ਉਹ ਵੀ ਮਰ ਗਿਆ। ਪਰ ਜਿੰਨਾ ਨੁਕਸਾਨ ਔਰੰਗਜ਼ੇਬ ਨੇ ਹਿੰਦੂ ਧਰਮ ਦਾ ਕੀਤਾ ਉਹ ਤਾਂ ਅਸੀਂ 100 ਦੇ ਵਿੱਚੋਂ ਇਕ ਜਾਂ 2% ਗਿਣਾਂਗੇ ਜਾਂ 5% ਗਿਣਾਂਗੇ। ਪਰ ਅਸੀਂ ਉਸ ਦੀਆਂ ਕਹਾਣੀਆਂ ਬੜੀਆਂ ਉੱਚੀਆਂ ਲੰਮੀਆਂ ਕਰਕੇ ਗਾਉਂਦੇ ਰਹੇ ਕਿ ਇੰਨੇ ਜੰਜੂ ਲਾਹੇ, ਏਨਾ ਨੁਕਸਾਨ ਕਰ ਦਿੱਤਾ। ਇਹ ਨਹੀਂ ਹੋਣਾ ਚਾਹੀਦਾ ਸੀ। ਲੇਕਿਨ ਜਿੰਨੀ ਹਿੰਦੂਇਜ਼ਮ ਨੂੰ ਪੱਛਮੀ ਵਿਦਵਾਨਾਂ ਨੇ ਢਾਹ ਲਾਈ ਹੈ ਓਨੀ ਮੁਸਲਮਾਨਾਂ ਨੇ ਨਹੀਂ ਲਾਈ। ਉਹਦੇ ਸਾਹਮਣੇ ਮੁਸਲਮਾਨਾਂ ਦਾ ਹਿੱਸਾ ਹਿੰਦੂਇਜ਼ਮ ਵਿਰੁੱਧ ਬਿਲਕੁਲ ਘੱਟ ਹੈ। ਸਾਨੂੰ ਇਸ ਤਰ੍ਹਾਂ ਲੱਗਦਾ ਹੈ ਜਿਵੇਂ ਉਨ੍ਹਾਂ ਨੇ ਪ੍ਰੈਕਟੀਕਲੀ ਬਹੁਤ ਤੰਗ ਕੀਤਾ ਹੈ। ਪਰ ਹਿੰਦੂਇਜ਼ਮ ਨੂੰ ਇਹਨਾਂ ਪੱਛਮੀ ਵਿਦਵਾਨਾਂ ਨੇ ਜਿਹੜਾ ਕਲਮ ਨਾਲ ਤੰਗ ਕੀਤਾ ਓਨਾ ਨੁਕਸਾਨ ਔਰੰਗਜ਼ੇਬ ਨੇ ਨਹੀਂ ਕੀਤਾ।

1857 ਦੇ ਵਿੱਚ ਜਦੋਂ ਬਹਾਦਰ ਸ਼ਾਹ ਜਫ਼ਰ ਨੂੰ ਈਸਟ ਇੰਡੀਆਂ ਕੰਪਨੀ ਵਾਲਿਆਂ ਨੇ ਪਕੜ ਲਿਆ ਤਾਂ ਉਦੋਂ ਤੱਕ ਅਸਲ ਵਿੱਚ 18ਵੀਂ ਸਦੀ ਦੇ ਅਖੀਰ ਵਿੱਚ ਯਅਨੀ ਕਿ ਪਹਿਲੇ ਅੱਧ ਵਿੱਚ ਹੀ ਜ਼ਿਆਦਾ ਨੁਕਸਾਨ ਹੋਇਆ। 17ਵੀਂ ਸਦੀ ਦੇ ਅਖੀਰ ਵਿਚ ਅਤੇ 18ਵੀਂ ਸਦੀ ਦੇ ਪਹਿਲੇ ਅੱਧ ਵਿੱਚ ਮੁਸਲਮਾਨਾਂ ਨੇ ਹਿੰਦੂਇਜ਼ਮ ਦਾ ਨੁਕਸਾਨ ਕੀਤਾ। ਆਪਸ ਵਿੱਚ ਉਹਨਾਂ ਦੀ ਗੜਬੜ ਹੋ ਗਈ। ਮੁਸਲਮਾਨਾਂ ਨੇ ਇਕ ਦੂਜੇ ਨਾਲੋਂ ਵਧੀਆ ਰਾਜਾ ਸਿੱਧ ਕਰਨ ਲਈ ਹਿੰਦੂਇਜ਼ਮ ਦਾ ਨੁਕਸਾਨ ਕਰ ਦਿੱਤਾ। ਪਰ ਬਾਅਦ ਵਿੱਚ ਜਿਹੜਾ ਅੰਗਰੇਜ਼ਾਂ ਨੇ ਹਿੰਦੂਇਜ਼ਮ ਦਾ ਨੁਕਸਾਨ ਕੀਤਾ, ਇਹ ਉਹਦੇ ਮੁਕਾਬਲੇ ਵਿੱਚ ਤਾਂ ਕੋਈ ਖਾਸ ਮਾਅਨੇ ਨਹੀਂ ਰੱਖਦਾ।


Academy of the Punjab in North America: http://www.apnaorg.com

ਖ਼ੈਰ! ਇਸ ਵਕਤ ਦੁਨੀਆਂ ਦੇ ਵਿੱਚ ਤਕਰੀਬਨ ਤਕਰੀਬਨ ਇਕ ਬਿਲੀਅਨ ਲੋਕ ਹਾਲੇ ਵੀ ਹਿੰਦੂਇਜ਼ਮ ਦੇ ਨਾਲ ਸਿੱਧਾ ਸਬੰਧ ਰੱਖਦੇ ਹਨ। ਵੱਖਰੀ ਗੱਲ ਹੈ ਕਿ ਕਿਸੇ ਜ਼ਮਾਨੇ ਦੇ ਵਿੱਚ ਹਿੰਦੂਇਜ਼ਮ ਦੇ ਨਾਲ ਸਬੰਧ ਰੱਖਣ ਵਾਲਿਆਂ ਦੀ ਗਿਣਤੀ ਦੁਨੀਆਂ ਵਿੱਚ **70-75** ਪ੍ਰਤੀਸ਼ਤ ਸੀ। ਇਹ ਵੱਖਰੀ ਗੱਲ ਹੈ ਕਿ ਹੁਣ **16, 17, 18%** ਹੀ ਰਹਿ ਗਈ ਹੈ। ਖ਼ੈਰ! ਹਿੰਦੂਇਜ਼ਮ ਤਿੰਨ ਸ਼ਕਤੀਆਂ ਵਿੱਚ ਯਕੀਨ ਰੱਖਦਾ ਹੈ ਬ੍ਰਹਮਾ, ਵਿਸ਼ਨੂੰ ਤੇ ਸ਼ਿਵਾ। ਬ੍ਰਹਮਾ ਨੇ ਦੁਨੀਆ ਬਣਾਈ ਹੈ। ਵਿਸ਼ਨੂੰ ਦੁਨੀਆਂ ਦੀ ਪਾਲਣਾ ਕਰਦਾ ਹੈ, ਸ਼ਿਵਾ ਸ਼ਕਤੀ ਦਾ ਪ੍ਰਤੀਕ ਹੈ। ਕੋਈ ਇਹਨੂੰ ਮੌਤ ਦਾ ਦੇਵਤਾ ਆਖਦੇ ਹਨ। ਧਾਰਮਿਕ ਪ੍ਰਕਿਰਿਆ ਬਣਾਉਣ ਲਈ ਬ੍ਰਹਮਾ ਅਤੇ ਸ਼ਿਵਾ ਦੋਹਾਂ ਸ਼ਕਤੀਆਂ ਦਾ ਜੋ ਪ੍ਰਤੀਕ ਵਰਤਿਆ ਹੈ, ਇਸ ਦੇ ਨਾਲ ਵਿਸ਼ਨੂੰ ਦੀ ਤੁਲਨਾ ਕਰੀਏ, ਵਿਸ਼ਨੂੰ ਇਸ ਦੁਨੀਆਂ ਦੀ ਪ੍ਰਵਰਿਸ਼ ਕਰਦਾ ਹੈ। ਵਿਸ਼ਨੂੰ ਦੇ ਹਿਸਾਬ ਨਾਲ ਇਨਸਾਨ ਜਿਊਂਦਾ ਹੈ। ਇਨਸਾਨ ਵਾਸਤੇ ਧਰਮ ਬਣਦੇ ਹਨ। ਵਿਸ਼ਨੂੰ ਸਾਰੀ ਦੁਨੀਆਂ ਚਲਾਉਂਦਾ ਹੈ। ਬ੍ਰਹਮਾ ਦਾ ਤਾਂ ਰਾਜਸਥਾਨ ਵਿੱਚ ਕੇਵਲ ਪੁਸ਼ਕਰ ਵਿੱਚ ਇਕ ਮੰਦਰ ਮਿਲਦਾ ਹੈ। ਬਹੁਤੇ ਮੰਦਰ ਵੀ ਉਹਦੇ ਨਹੀਂ ਮਿਲਦੇ? ਵਿਸ਼ਨੂੰ ਸਾਰੇ ਹਿੰਦੂਇਜ਼ਮ ਦਾ ਆਧਾਰ ਹੈ, ਵਿਸ਼ਨੂੰ ਕਿਵੇਂ ਦੁਨੀਆਂ ਚਲਾਉਂਦਾ ਹੈ, ਇਸ ਉਤੇ ਅਧਾਰਤ ਹੈ। ਇਹ ਤਿੰਨ ਰੂਪ ਹਨ। ਤਿੰਨਾਂ ਵਿੱਚੋਂ ਵਿਸ਼ਨੂੰ ਨਾਲ ਸੰਬੰਧਿਤ ਜਿਹੜੇ ਦਸ ਅਵਤਾਰ ਮੰਨਦੇ ਹਨ, ਉਹਨਾਂ ਦੇ ਬਾਰੇ ਹੁਣ ਥੋੜ੍ਹੀ ਗੱਲ ਕਰੀਏ।

ਇਕ ਪਹਿਲਾ ਅਵਤਾਰ ਹੈ ਉਸ ਨੂੰ ਫਿਸ਼ ਅਵਤਾਰ ਕਹਿੰਦੇ ਹਨ। ਹਿੰਦੂਇਜ਼ਮ ਵਿੱਚ ਦੂਸਰਾ ਅਵਤਾਰ ਕੁਰਮਾ, ਜਿਸਨੂੰ ਕੱਛੂ ਕੰਮਾਂ ਕਹਿੰਦੇ ਹਨ, ਉਸ ਦੀ ਸਿੱਲ ਉਤੇ ਬੈਠ ਕੇ ਵਿਸ਼ਨੂੰ ਨਾਲ ਉਸਦਾ ਸੰਬੰਧ ਜੋੜਦੇ ਹਨ। ਬ੍ਰਹਮਾ ਤੀਸਰਾ ਅਵਤਾਰ ਹੈ। ਚੌਥਾ ਨਰਸਿੰਮਾ-ਜੋ ਅੱਧਾ ਸ਼ੇਰ ਅਤੇ ਅੱਧਾ ਬੰਦਾ ਹੈ। ਡਾਰਵਿਨ ਨੇ ਜਦੋਂ ਥਿਊਰੀ ਲਿਖੀ ਹੈ, ਉਸ ਨੇ ਹਿੰਦੂਇਜ਼ਮ ਨੂੰ ਬਹੁਤ ਚੰਗੀ ਤਰ੍ਹਾਂ ਪੜ੍ਹਿਆ ਲਗਦਾ ਹੈ। ਉਸ ਦੀ ਥਿਊਰੀ ਪੜ੍ਹ ਕੇ ਵੇਖੋ, ਉਸ ਦੇ ਵਿੱਚ ਇਹ ਸਾਰੇ ਦਸੇ ਅਵਤਾਰ ਵਿਖਾਏ ਗਏ ਹਨ। ਇਹਨਾਂ ਦੇ ਨਾਲ ਬੜੀਆਂ ਗੱਲਾਂ ਲਿਖੀਆਂ। ਜਿਹੜੇ ਇੰਡੀਅਨ ਲੋਕ ਸਨ, ਉਹ ਜ਼ਿਕਰ ਕਰਦਾ ਹੈ, ਕਈਆਂ ਉਤੇ ਕੁੱਤੇ ਦੇ ਸਿਰ ਲੱਗੇ ਹਨ। ਸ਼ੇਰ ਤੋਂ ਉਸ ਨੇ ਕੁੱਤਾ ਬਣਾ ਲਿਆ। ਮੱਛੀ ਤੋਂ ਦੁਨੀਆਂ ਸ਼ੁਰੂ ਕਰਦਾ ਹੈ। ਪੰਜਵਾਂ ਅਵਤਾਰ ਵਾਮਨਾ -ਜੋ ਬਾਲੀ ਦੇ ਨਾਲ ਸੰਬੰਧਤ ਹੈ। ਛੇਵਾਂ ਅਵਤਾਰ ਹੈ ਪਰਸੂ ਰਾਮ। ਪਰਸੂ ਰਾਮ ਅਸਲ ਵਿੱਚ ਬੜਾ ਗੁੱਸੇ ਖੋਰ, ਬੜੇ ਬਦਲੇ ਦੀ ਭਾਵਨਾ ਵਾਲਾ ਅਵਤਾਰ ਵਿਖਾਇਆ ਹੈ। ਸੱਤਵਾਂ ਮਰਿਆਦਾ ਪਰਸ਼ੋਤਮ ਰਾਮ। ਜੇ ਰੱਬ ਆਪ ਧਰਤੀ ਤੇ ਆਵੇ ਤਾਂ ਉਹ ਕਿਵੇਂ ਰਹੇ? ਬੰਦੇ ਨੂੰ ਜਿਊਣਦੀ ਜੁਗਤੀ ਸਿਖਾਉਣ ਵਾਲਾ ਰਾਮ ਹੈ। ਹਿੰਦੂਇਜ਼ਮ ਵਿੱਚ ਅੱਠਵਾਂ ਅਵਤਾਰ ਕ੍ਰਿਸ਼ਨਾ ਹੈ। ਇਹ ਕ੍ਰਿਸ਼ਨਾ ਰਥਵਾਨ ਦੇ ਤੌਰ ਤੇ ਵੀ ਜਾਣਿਆ ਜਾਂਦਾ ਹੈ। ਇਹ ਸ਼ਕਤੀ ਦੇ ਪ੍ਰਯੋਗ ਕਰਨ ਦੀ ਵਿਧੀ ਹੈ। ਸ਼ਕਤੀ ਨੂੰ ਡਰਾਈਵ ਕਰਕੇ ਲੈ ਜਾਣਾ, ਕਿਵੇਂ ਸ਼ਕਤੀ ਵਰਤੀ ਜਾਵੇ, ਕਿਥੇ ਵਰਤੀ ਜਾਵੇ- ਕ੍ਰਿਸ਼ਨਾ ਉਸ ਗੱਲ ਦਾ ਪ੍ਰਤੀਕ ਹੈ। ਭਗਵਤ ਗੀਤਾ ਦੇ ਕ੍ਰਿਸ਼ਨ ਭਗਵਾਨ ਨੂੰ ਹੀਰੋ ਕਹੋ ਜਾਂ ਲੇਖਕ ਕਹੋ, ਜਾਂ ਉਚਾਰਣ ਵਾਲੇ ਕਹੋ, ਮਹਾਂ ਭਾਰਤ ਦਾ ਹਿੱਸਾ ਭਗਵਤ ਗੀਤਾ ਹੈ। ਕ੍ਰਿਸ਼ਨ ਭਗਵਾਨ ਨੂੰ ਸ਼ਕਤੀ ਦੇ ਰਥਵਾਨ ਦੇ ਤੌਰ 'ਤੇ ਜਾਣਿਆ ਜਾਂਦਾ ਹੈ। ਹਿੰਦੂਇਜ਼ਮ ਵਿੱਚ ਨੌਂਵਾਂ ਅਵਤਾਰ ਭਗਵਾਨ ਬੁੱਧ ਮੰਨਦੇ ਹਨ- ਭਗਵਾਨ ਬੁੱਧ ਨੂੰ ਗਿਆਨ ਹੋਇਆ, ਪ੍ਰਕਾਸ਼ ਹੋ ਗਿਆ। ਇਸ ਵਿਸਥਾਰ ਵਿੱਚ ਆਪਾਂ ਨਾ ਜਾਈਏ। ਇਹ ਵਿਸ਼ਨੂੰ ਦਾ ਇਨਲਾਈਟਡ ਅਵਤਾਰ ਬੁੱਧ ਨੂੰ ਮੰਨਦੇ ਹਨ। ਇਹ ਵੀ ਜ਼ਿਕਰ ਕਰਨਾ ਸਹੀ ਰਹੇਗਾ ਕਿ ਬੁੱਧਇਜ਼ਮ ਵਿੱਚ ਇਸ ਗੱਲ ਨੂੰ ਸਵੀਕਾਰਿਆ ਨਹੀਂ ਜਾਂਦਾ। ਦਸਵਾਂ ਅਵਤਾਰ ਕਾਲਕੀ ਹੈ? ਇਹ ਅਜੇ ਆਏਗਾ। ਵਿਸ਼ਨੂੰ ਸਾਰੀਆਂ ਚੀਜ਼ਾਂ ਨੂੰ ਕਾਬੂ ਕਰੇਗਾ, ਇਹ ਕਲਯੁੱਗ ਦੀ ਸਮਾਪਤੀ ਸਮੇਂ ਆਏਗਾ।

ਇਥੇ ਵਿਚਾਰ ਕਰੀਏ ਕਿ ਇਹ ਜੋ ਦਸਵਾਂ ਅਵਤਾਰ ਕਾਲਕੀ ਹੈ, ਇਸ ਕਿਤਾਬ ਵਿਚ ਇਸ ਉਤੇ ਟਿੱਪਣੀਆਂ ਉਤੇ ਟਿੱਪਣੀ ਕਰਨ ਨੂੰ ਜੀ ਕਰਦਾ ਹੈ। ਦਸਵਾਂ ਅਵਤਾਰ ਜਾਂ ਆਖਰੀ ਅਵਤਾਰ, ਉਸ ਦੀ ਪਰਿਭਾਸ਼ਾ ਬਣਾਉਣ ਲੱਗੇ ਜਾਂ ਕੋਈ ਮਜ਼ਬੂਰੀ ਹੋਵੇਗੀ ਜਾਂ ਕੋਈ ਕਾਰਨ ਹੋਵੇਗਾ। ਕਾਰਨਾਂ ਦੇ ਮਗਰ ਨਾ ਜਾਈਏ। ਸਾਡੇ ਹਿਸਾਬ



Academy of the Punjab in North America: http://www.apnaorg.com

ਨਾਲ ਸਾਰੀ ਦੁਨੀਆਂ ਦੀ ਤਰਕਸ਼ੀਲ ਸੋਚ ਹੈ, ਸਾਰੀ ਸੋਚ ਯਕੀਨ ਕਰਨ ਵਾਲੀ, ਉਸ ਵਿੱਚ ਬਹੁਤ ਸਾਰੀਆਂ ਕਿਤਾਬਾਂ ਨੂੰ ਪੜ੍ਹਿਆ ਤਾਂ ਇਕ ਇਹ ਗੱਲ ਸਾਰਿਆਂ ਧਰਮਾਂ ਵਿੱਚ ਸਾਹਮਣੇ ਆਉਂਦੀ ਹੈ ਕਿ ਹਿੰਦੂਇਜ਼ਮ ਦੀ ਮੌਲਿਕਤਾ ਨੂੰ ਕੋਈ ਉਲੰਘ ਨਹੀਂ ਸਕਿਆ। ਹਿੰਦੂਇਜ਼ਮ ਮੌਲਿਕ ਧਰਮ ਹੈ। ਮੁੱਢ ਕਦੀਮ ਤੋਂ ਧਰਮਾਂ ਦਾ ਜਨਮ ਦਾਤਾ ਹੈ। ਇਕ ਗੱਲ ਦੁਨੀਆਂ ਵਿਚ ਬੜੀ ਮਸ਼ਹੂਰ ਹੈ ਕਿ ਇਨਸਾਨ ਨੇ ਸ਼ਬਦਯਾਨੀ ਭਾਸ਼ਾ ਬਣਾਈ, ਭਾਵੇਂ ਅੰਗਰੇਜ਼ਾਂ ਨੇ ਆਪਣੇ ਦੇਸ਼ ਵਿੱਚ ਅੰਗਰੇਜ਼ੀ ਭਾਸ਼ਾ ਬਣਾਈ, ਕਿਸੇ ਨੇ ਜਰਮਨ ਬਣਾਈ, ਫਰੈਂਚ ਬਣਾਈ, ਭਾਸ਼ਾ ਇਨਸਾਨ ਨੇ, ਕੌਮਾਂ ਜਾਂ ਦੇਸ਼ਾਂ ਨੇ ਬਣਾਈ, ਸਾਡੇ ਇਸ ਬਾਰੇ ਆਪਣਾ ਖਿਆਲ ਪੇਸ਼ ਕਰਨ ਨੂੰ ਜੀ ਕਰਦਾ ਹੈ।

ਇਹ ਸ਼ਬਦ ਇਨਸਾਨ ਨੇ ਨਹੀਂ ਬਣਾਇਆ। ਸ਼ਬਦ ਹੀ ਇਨਸਾਨ ਦਾ ਕਾਰਨ ਬਣਿਆ। ਸ਼ਬਦ ਕਾਰਨ ਹੀ ਇਨਸਾਨ ਬਣਿਆ। ਜਿੰਨਾਂ ਚਿਰ ਤੱਕ ਸ਼ਬਦ ਸ਼ਕਤੀ ਨਹੀਂ ਸੀ, ਜਿੰਨਾਂ ਚਿਰ ਤੱਕ ਸ਼ਬਦ ਸ਼ਕਤੀ ਮੌਜੂਦ ਨਹੀਂ ਸੀ, ਓਨਾ ਚਿਰ ਇਨਸਾਨ ਹੀ ਨਹੀਂ ਸੀ। ਇਨਸਾਨ ਬਣਿਆਂ ਹੀ ਤਾਂ ਜਦੋਂ ਇਸ ਕੋਲ ਸ਼ਬਦ ਸ਼ਕਤੀ ਆ ਗਈ। ਇਨਸਾਨ ਸ਼ਬਦ ਸ਼ਕਤੀ ਕਰਕੇ ਹੀ ਜਾਨਵਰਾਂ ਉਤੇ ਹਾਵੀ ਹੈ। ਇਨਸਾਨ ਵੀ ਪਸ਼ੂ ਹੈ। ਪਰ ਇਸ ਵਿਚ ਇਕ ਸ਼ਕਤੀ ਸ਼ਬਦ ਹੈ। ਸ਼ਬਦਾਂ ਦਾ ਪ੍ਰਯੋਗ ਕਰਕੇ, ਵਰਤਾਲਾਪ ਦੀ ਵਿਧੀ ਕਰਕੇ ਸਾਡੀ ਜਿਹੜੀ ਸੋਚ ਹੈ, ਉਹ ਇਨਸਾਨੀ ਸੋਚ ਪਸ਼ੂਆਂ ਨਾਲੋਂ ਵੱਖਰੀ ਤੇ ਵਧੀਆ ਹੈ। ਸਾਡੇ ਹਿਸਾਬ ਨਾਲ ਸ਼ਬਦ ਜੋ ਹੈ, ਉਹ ਸਭ ਤੋਂ ਵੱਡਾ ਅਵਤਾਰ ਹੈ। ਸ਼ਬਦ ਦਾ ਕਰਕੇ ਹੀ ਸਭ ਕੁਝ ਹੈ, ਇਨਸਾਨੀਅਤ ਹੈ, ਸ਼ਬਦ ਦਾ ਕਰਕੇ ਹੀ ਧਰਮ ਹਨ। ਸ਼ਬਦ ਦਾ ਕਰਕੇ ਹੀ ਜ਼ਿੰਦਗੀ ਦੀ ਸਚਾਈ ਹੈ, ਜਿਸ ਤੱਕ ਪਹੁੰਚਿਆ ਜਾ ਸਕਦਾ ਹੈ। ਸ਼ਬਦ ਹੀ ਵਿਧੀ ਹੈ। ਜੇ ਅਸੀਂ ਧਿਆਨ ਨਾਲ ਦੂਜੇ ਪਾਸੇ ਨੂੰ ਵੇਖੀਏ ਤਾਂ ਗੀਤਾ ਵੀ ਸ਼ਬਦ ਹੈ। ਮਹਾਂਭਾਰਤ, ਰਾਮਾਇਣ, ਵੇਦ ਸਭ ਸ਼ਬਦ ਹੀ ਹਨ। ਗੁਰੂ ਗ੍ਰੰਥ ਸਾਹਿਬ ਸ਼ਬਦ ਹੈ। ਕੁਰਾਨ ਵੀ ਸ਼ਬਦ ਹੈ, ਬਾਈਬਲ ਵੀ ਸ਼ਬਦ ਹੈ। ਸ਼ਬਦ ਨਹੀਂ ਹੈ ਤਾਂ ਧਰਮ ਨਹੀਂ ਹੈ। ਜੇ ਧਰਮ ਨਹੀਂ ਹੈ ਤਾਂ ਇਨਸਾਨ ਨਹੀਂ ਹੈ। ਸਾਡੇ ਹਿਸਾਬ ਨਾਲ ਸ਼ਬਦ ਆਖਰੀ ਅਵਤਾਰ ਹੈ। ਜਿਸ ਦਿਨ ਇਨਸਾਨ ਇਸ ਸਿੱਟੇ ਤੇ ਪਹੁੰਚ ਗਿਆ ਕਿ ਸ਼ਬਦ ਆਖਰੀ ਅਵਤਾਰ ਹੈ, ਉਦੋਂ ਨਾ ਫਿਰ ਕਾਲਕੀ ਨੂੰ ਤੇ ਨਾ ਮੁਹੰਮਦ ਨੂੰ ਤੇ ਨਾ ਯਸੂ ਮਸੀਹ ਨੂੰ ਆਖਰੀ ਅਵਤਾਰ ਕਹਿਣ ਦੀ ਲੋੜ ਪਵੇਗੀ।

ਜੈਨ ਮਤ ਦੁਨੀਆਂ ਦਾ ਸਭ ਤੋਂ ਪੁਰਾਣਾ ਧਰਮ ਗਿਣਿਆ ਜਾਂਦਾ ਹੈ। ਇਸ ਨੂੰ ਬੁੱਧ ਧਰਮ ਤੋਂ ਵੀ ਪਹਿਲਾਂ ਦਾ ਗਿਣਿਆ ਜਾਂਦਾ ਹੈ। ਮਹਾਂਵੀਰ ਇਸ ਦੇ ਮਹਾਨ ਬਾਨੀ ਹੋਏ ਹਨ। ਅਸਲ ਦੇ ਵਿੱਚ ਬੁੱਧ ਤੇ ਜੈਨਇਜ਼ਮ ਹਿੰਦੂਇਜ਼ਮ ਦੀਆਂ ਸ਼ਾਖਾਵਾਂ ਹਨ। ਪਰ ਵਕਤ ਦੇ ਹਿਸਾਬ ਦੇ ਨਾਲ ਜਾਂ ਕਿਸੇ ਸਿਆਸੀ ਗੇੜ ਦੇ ਵਿੱਚ ਇਹ ਵੱਖ ਵੱਖ ਕੀਤੀਆਂ ਗਈਆਂ। ਕਿਸੇ ਨਾ ਕਿਸੇ ਤਰੀਕੇ ਨਾਲ ਹਿੰਦੂਇਜ਼ਮ ਦੀ ਪੁਰਾਤਨਤਾ ਨੂੰ ਉਲੰਘਣ ਦਾ ਯਤਨ ਪਤਾ ਨਹੀਂ ਸਾਡੇ ਪੁਰਾਤਨ ਲੋਕ ਇੰਨੀ ਜ਼ੋਰ ਨਾਲ ਕਿਉਂ ਕਰਦੇ ਰਹੇ। ਜੈਨਇਜ਼ਮ ਅਸਲ ਵਿੱਚ ਵੇਖੀਏ ਤਾਂ ਉਹ ਹਿੰਦੂਇਜ਼ਮ ਦੀ ਹੀ ਇਕ ਸ਼ਾਖਾ ਹੈ। ਲੇਕਿਨ ਵਿਦਵਾਨ ਤੇ ਖੋਜੀ ਉਸ ਨੂੰ ਵੱਖਰਾ ਕਰਕੇ ਬੁੱਧ ਤੋਂ ਬਹੁਤ ਪਿਛਾਂਹ ਲੈ ਗਏ ਹਨ। ਤਰੀਕਾਂ ਤੇ ਤਿਥਾਂ ਮਿਥਾਂ ਵਿਚ ਉਲਝਾ ਕੇ ਇਕ ਨਵੇਂ ਧਰਮ ਤੇ ਇਕ ਬਹੁਤ ਪੁਰਾਣੇ ਵੱਖਰੇ ਧਰਮ ਦੇ ਤੌਰ ਤੇ ਇਹਨਾਂ ਨੂੰ ਦਰਸਾਇਆ ਹੈ। ਜੈਨ ਧਰਮ ਪੂਰਨ ਤੌਰ ਤੇ ਸ਼ਾਕਾਹਾਰੀ ਧਰਮ ਹੈ।

ਕਿਸੇ ਵੀ ਜੀਵ ਨੂੰ, ਕਿਸੇ ਵੀ ਜਾਨਦਾਰ ਚੀਜ਼ ਦਾ ਨੁਕਸਾਨ ਕਰਨਾ ਜਾਂ ਮਾਰਨਾ ਜੈਨ ਧਰਮ ਦੇ ਬਹੁਤ ਖਿਲਾਫ਼ ਹੈ। ਗੁਰੂ ਨਾਨਕ ਸਾਹਿਬ ਨੇ ਲਿਖਿਆ ਹੈ।

'ਜੇਤੇ ਹਰ ਇਕ ਜੀਵ ਦੇ ਵਿੱਚ, ਦਾਣੇ ਦਾਣੇ ਵਿੱਚ ਜੀਵ ਵਸਦੇ ਹਨ। ਜੇ ਫਿਰ ਬੰਦੇ ਨੇ ਦਾਣੇ ਵੀ ਨਹੀਂ ਖਾਣੇ, ਅਨਾਜ ਵੀ ਨਹੀਂ ਖਾਣਾ, ਗਿਰੀਆਂ ਵੀ ਨਹੀਂ ਖਾਣੀਆਂ ਫੇਰ ਪਤਾ ਨਹੀਂ ਕੀ ਖਾਵੇ?

'ਜੈਨ ਸੂਤਰ' ਇਸ ਧਰਮ ਦੀ ਪਵਿੱਤਰ ਕਿਤਾਬ ਹੈ। 'ਜੈਨ ਸੂਤਰ' ਦੇ ਬਾਰੇ ਪੜ੍ਹੀਏ ਤਾਂ ਸ਼ਾਇਦ ਹੀ ਕੋਈ ਐਸੀ ਚੀਜ਼ ਲੱਭੇ ਜਿਹੜੀ ਹਿੰਦੂ ਧਰਮ ਤੋਂ ਬਾਹਰੋਂ ਆਈ। ਕੋਈ ਵੀ ਇਕ ਐਸੀ ਵਿਆਖਿਆ ਨਹੀਂ, ਜਿਹੜੀ ਹਿੰਦੂ


Academy of the Punjab in North America: http://www.apnaorg.com

ਧਰਮ ਕਵਰ ਨਹੀਂ ਕਰਦਾ। ਸਾਡੀ ਨਜ਼ਰ ਦੇ ਵਿੱਚ ਜੈਨਇਜ਼ਮ ਹਿੰਦੂ ਧਰਮ ਦੀ ਹੀ ਇਕ ਸਾਖ਼ਾ ਹੈ। ਜੈਨ ਮੱਤ ਬੁੱਧ ਧਰਮ ਵਾਂਗੂੰ ਬਾਕੀ ਦੇ ਦੇਸ਼ਾਂ ਵਿੱਚ ਨਹੀਂ ਫੈਲਿਆ। ਭਾਰਤ ਤੱਕ ਹੀ ਸੀਮਤ ਰਿਹਾ। ਭਾਰਤ ਦੇ ਵਿੱਚ ਹੀ ਜੈਨ ਧਰਮ ਦੀ ਪ੍ਰਕਿਰਿਆ ਚਲਦੀ ਰਹੀ ਕਿਉਂਕਿ ਕੱਟੜ ਸ਼ਾਕਾਹਾਰੀ ਖ਼ਿਆਲਾਂ ਦੇ ਬੰਦੇ ਦੁਨੀਆਂ ਦੇ ਹੋਰ ਹਿੱਸਿਆਂ ਵਿੱਚ ਜਾ ਕੇ ਕਾਮਯਾਬ ਹੋ ਵੀ ਨਹੀਂ ਸੀ ਸਕਦੇ। ਹੁਣ ਥੋੜੇ ਥੋੜੇ ਬਦੇਸ਼ਾਂ ਵਿੱਚ, ਅੱਜ ਕੱਲ੍ਹ ਬਹੁਤ ਆਧੁਨਿਕ ਸਮੇਂ ਵਿਚ ਮਿਲਦੇ ਹਨ। ਜੈਨ ਧਰਮ ਹੋਰ ਦੁਨੀਆਂ ਵਿਚ ਥੋੜ੍ਹਾ ਥੋੜ੍ਹਾ ਅਮਰੀਕਾ ਵਿੱਚ ਵੀ ਪਹੁੰਚਿਆ ਹੈ। ਅਮਰੀਕਾ ਵਿਚ ਵੀ ਹੁਣ ਲੋਕ ਜੈਨ ਧਰਮ ਦੇ ਲਿਬਾਸ ਵਿਚ ਮਿਲਦੇ ਹਨ। ਪੰਜ ਸੱਤ ਹਜ਼ਾਰ ਜੈਨੀ ਹਨ। ਮੂਲ ਤੌਰ ਤੇ ਇਹ ਭਾਰਤੀ ਧਰਮ ਹੈ। ਇਸ ਦੀ ਕੁੱਲਗਿਣਤੀ ਕਦੇ ਵੀ ਕਰੋੜ ਤੋਂ ਉਪਰ ਨਹੀਂ ਹੋਈ। ਸਾਰੀ ਦੁਨੀਆਂ ਵਿਚ ਵੱਧ ਤੋਂ ਵੱਧ ਇਕ ਕਰੋੜ ਜੈਨ ਧਰਮ ਦੇ ਅਨੁਆਈ ਹਨ।

ਸਿੱਖ ਧਰਮ ਦੁਨੀਆਂ ਦਾ ਪੰਜਵਾਂ ਸਭ ਤੋਂ ਵੱਡਾ ਧਰਮ ਹੈ। ਦੁਨੀਆਂ ਦੇ ਵੀ ਕਹੋ ਤੇ ਹਿੰਦੂ ਧਰਮ ਦਾ ਭਰਾ ਵੀ ਕਹੋ ਪਰ ਸਿੱਖ ਧਰਮ ਦੀ ਇਕ ਵੱਖਰੀ ਪਹਿਚਾਣ ਹੈ। ਮੁਢਲੀ ਗੱਲ ਕਰੀਏ, ਹਿੰਦੂ ਧਰਮ ਬ੍ਰਹਮਾ ਵਿਸ਼ਨੂੰ ਸ਼ਿਵਾ ਤਿੰਨ ਸ਼ਕਤੀਆਂ ਹਨ। ਕੋਈ ਪੈਦਾ ਕਰਨ ਵਾਲਾ ਹੈ, ਕੋਈ ਦੁਸ਼ਟਾਂ ਦਾ ਅੰਤ ਕਰਨ ਵਾਲਾ ਹੈ ਤੇ ਕੋਈ ਪਰਵਰਿਸ਼ ਕਰਨ ਵਾਲਾ ਹੈ। ਇਹ ਸਾਰੀਆਂ ਸ਼ਕਤੀਆਂ ਲੋਕਾਂ ਨੇ ਹਿੰਦੂ ਧਰਮ ਵਿੱਚ ਮੰਨੀਆਂ ਹਨ। ਪਰ ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ ਉਹ ਸਾਰੀਆਂ ਸ਼ਕਤੀਆਂ, ਭਾਵੇਂ ਤਿੰਨ ਨੇ ਭਾਵੇਂ ਪੰਜਾਹ ਤੇ ਭਾਵੇਂ ਅਣਗਿਣਤ ਨਾਮ – 'ਨਾਮ ਅਨੇਕਾਂ ਰੂਪ ਅਨੰਤਾਂ', ਇਸ ਵਿੱਚ ਜਿੰਨੇ ਮਰਜ਼ੀ ਨਾਂ ਰੱਖ ਲਓ ਪਰ ਉਹ ਹੈ ਇਕ। ਉਹ ਇਕੋ ਹੈ ਜੋ ਆਦਿ ਵੀ ਸੱਚ, ਜੁਗਾਦਿ ਵੀ ਸੱਚ ਸੀ ਤੇ ਹੁਣ ਵੀ ਸੱਚ ਹੈ, ਅਗਾਂਹ ਵੀ ਸੱਚ ਹੋਏਗਾ। ਉਸ ਦਾ ਜੋ ਮਰਜ਼ੀ ਨਾਮ ਲਿਖੀ ਜਾਓ, ਉਹ ਹੈ ਇਕੋ ਹੀ। ਇਕੋ ਤੇ ਯਕੀਨ ਕਰਨ ਵਾਲਾ ਇਹ ਧਰਮ ਹੈ। ਦਸਾਂ ਤੇ ਜਾਂ ਤਿੰਨਾਂ ਤੇ ਜਾਂ ਵੀਹਾਂ 'ਤੇ ਯਕੀਨ ਕਰਨ ਵਾਲਾ ਇਹ ਧਰਮ ਨਹੀਂ ਹੈ। ਉਸ ਨੂੰ ਤੁਸੀਂ ਜਿਹੜਾ ਮਰਜ਼ੀ ਨਾਂ ਦਿਓ। ਉਸ ਨੂੰ ਤੁਸੀਂ ਆਪਣੇ ਹਿਸਾਬ ਨਾਲ ਮੁਹੰਮਦ ਕਹਿ ਲਵੋ, ਗੁਰੂ ਨਾਨਕ ਕਹਿ ਲਵੋ, ਇਸ ਵਿਚ ਕੋਈ ਇਤਰਾਜ਼ ਨਹੀਂ, ਭਾਵੇਂ ਰਾਮ ਨੂੰ ਕਹਿ ਲਵੋ, ਇਸ ਦੇ ਨਾਲ ਕੋਈ ਲੈਣ ਦੇਣ ਨਹੀਂ, ਜੋ ਮਰਜ਼ੀ ਕਹੋ ਆਪਣੇ ਰੱਬ ਮੰਨੋ। ਉਹ ਪ੍ਰਮਾਤਮਾ ਇਕੋ ਹੀ ਹੈ। ਸਿੱਖ ਧਰਮ ਦੀ ਪਹਿਲੀ ਪਰਿਭਾਸ਼ਾ ਪ੍ਰਮਾਤਮਾ ਇਕ ਹੈ, ਦੂਸਰੀ ਫ਼ਿਲਾਸਫ਼ੀ ਹੈ ਕਿ ਸਾਰੇ ਲੋਕ ਇਨਸਾਨ ਹਨ। ਸਾਰਿਆਂ ਦਾ ਬਿਨਾਂ ਲਿੰਗ, ਜਾਤ ਪਾਤ ਉਹਨਾਂ ਦਾ ਕੋਈ ਧਰਮ ਹੈ, ਕੋਈ ਕਲਾਸ ਹੈ, ਜਾਤ ਬੋਧ ਹੈ ਪਰ ਇਹ ਸਾਰੇ ਇਕ ਹਨ। ਕੋਈ ਦੁਨੀਆਂ ਵਿੱਚ ਵੱਡਾ ਛੋਟਾ ਨਹੀਂ ਹੈ, ਸਾਰੇ ਬਰਾਬਰ ਹਨ। ਇਸ ਯਕੀਨ ਨੂੰ ਸਿਖ ਧਰਮ ਕਿਹਾ ਜਾਂਦਾ ਹੈ।

ਤੀਸਰਾ ਵੱਡਾ ਨੁਕਤਾ ਹੈ-ਪੁਨਰਜਨਮ ਦਾ। ਯਸੂ ਮਸੀਹ ਨੂੰ ਲੋਕਾਂ ਦੇ ਵਾਸਤੇ ਤੇ ਲੋਕਾਂ ਦੀਆਂ ਮੂਰਖਤਾਈਆਂ ਖ਼ਤਮ ਕਰਨ ਵਾਸਤੇ ਦੁਬਾਰਾ ਜਨਮ ਲੈਣਾ ਪਿਆ। ਹਿੰਦੂ ਧਰਮ ਵਿੱਚ ਪੁਨਰਜਨਮ ਦੀ ਗੱਲ ਬੜੀ ਸ਼ਕਤੀਸ਼ਾਲੀ ਤਰੀਕੇ ਨਾਲ ਕੀਤੀ ਗਈ ਹੈ। ਪੁਨਰਜਨਮ ਦੇ ਵਿੱਚ ਸਿਖ ਧਰਮ ਵੀ ਵਿਸ਼ਵਾਸ ਕਰਦਾ ਹੈ। ਪਰ ਇਥੇ ਤਰੀਕਾ ਹੋਰ ਹੈ। ਇਕ ਡੂੰਘਾਈ ਦੇ ਨਾਲ ਸਮਝਿਆ ਜਾਵੇ ਤਾਂ ਸਿਖਇਜ਼ਮ ਪੁਨਰਜਨਮ ਬੰਦੇ ਦੇ ਜਿਊਂਦਿਆ ਜੀ ਹੋ ਸਕਦਾ ਹੈ। ਇਨਸਾਨ ਜੇ ਸਚਪ੍ਰਸਤ ਹੋ ਜਾਵੇ, ਉਸ ਦੀ ਮੁਕਤੀ ਜਿਊਂਦਿਆਂ ਹੋ ਸਕਦੀ ਹੈ। ਇਨਸਾਨ ਜੇ ਆਪਣੇ ਸੀਸ, ਸਿਰ ਦੇ ਨਾਲ ਸੋਚਣਾ ਬੰਦ ਕਰੇ, ਰੱਬ ਉਤੇ ਯਕੀਨ ਕਰੇ, ਬਸ ਉਹ ਪੁਨਰਜਨਮ ਹੈ। ਗੁਰੂ ਗੋਬਿੰਦ ਸਿੰਘ ਦਸਵੇਂ ਪਾਤਸ਼ਾਹ ਨੇ ਖ਼ਾਲਸਾ ਸਾਜਿਆ। ਖ਼ਾਲਸਾ ਸਾਜਣ ਦਾ ਮਕਸਦ ਕੀ ਸੀ? ਇਹ ਪੁਨਰਜਨਮ ਤੇ ਸੀ। ਆਪਣੀ ਸੋਚ ਛੱਡ ਦਿਓ ਤੇ ਗੁਰੂ ਦੀ ਸੋਚ ਨਾਲ ਸਿਰ ਜੋੜ ਲਵੋ। ਸਿਰ ਨਾਲ ਬੰਦਾ ਸੋਚਦਾ। ਗੁਰੂ ਜੀ ਨੇ ਸਿਰ ਮੰਗਿਆ, ਹੋਰ ਅੰਗ ਨਹੀਂ ਮੰਗਿਆ, ਸਿਰ ਮੰਗੇ ਪੰਜਾਂ ਸਿੰਘਾਂ ਦੇ ਤੇ ਪੰਜਾਂ ਸਿੰਘਾਂ ਦੇ ਸਿਰ ਗੁਰੂ ਨੂੰ ਭੇਟ ਹੋਏ। ਉਹ ਸਿਰ ਉਹਨਾਂ ਦੇ ਨਹੀਂ ਰਹਿ ਗਏ। ਉਹ ਗੁਰੂ ਦੇ ਹੋ ਗਏ। ਉਹਨਾਂ ਦੇ ਸਿਰ ਖਤਮ ਹੋ ਗਏ ਤੇ ਗੁਰੂ ਦਾ ਸਿਰ ਲੱਗ ਗਿਆ,


Academy of the Punjab in North America: http://www.apnaorg.com

ਗੁਰੂ ਦੀ ਸੋਚ ਉਸ ਸਿਰ ਵਿੱਚ ਆ ਗਈ, ਬਸ ਪੁਨਰਜਨਮ ਹੋ ਗਿਆ। ਸਿੱਖ ਧਰਮ ਵਿਵਹਾਰਕ ਧਰਮ ਹੈ ਜਿਸ ਦੇ ਵਿੱਚ ਅੰਧ ਸਿਰਫ਼ ਚਾਰ ਹੀ ਧਰਮ ਹੋਰ ਹਨ, ਜਿਹਨਾਂ ਦੀ ਗਿਣਤੀ ਸਿਖ ਧਰਮ ਤੋਂ ਜ਼ਿਆਦਾ ਹੈ। ਲੇਕਿਨ ਪਤਾ ਨਹੀਂ ਕਿਸ ਕਾਰਨ ਬਹੁਤੀ ਦੁਨੀਆਂ ਸਿਖ ਧਰਮ ਤੋਂ ਵਾਕਫ਼ ਨਹੀਂ ਹੈ। ਬਹੁਤ ਹੀ ਵਿਜ਼ੀਵਲ ਧਰਮ ਹੈ। ਪਤਾ ਨਹੀਂ ਫਿਰ ਦੁਨੀਆਂ ਵਿੱਚ ਬਹੁਤੇ ਲੋਕ ਸਿੱਖ ਧਰਮ ਬਾਰੇ ਕਿਉਂ ਨਹੀਂ ਜਾਣਦੇ। ਬਦੇਸ਼ਾਂ ਵਿੱਚ, ਅਮਰੀਕਾ ਵਿੱਚ ਖਾਸ ਕਰਕੇ ਲੋਕ ਸਿੱਖਾਂ ਨੂੰ ਮੁਸਲਮਾਨ ਸਮਝਦੇ ਹਨ। ਲੇਕਿਨ ਸਿੱਖ ਧਰਮ ਇਕ ਵਿਲੱਖਣ ਤੇ ਆਪਣੀ ਕਿਸਮ ਦਾ ਵੱਖਰਾ ਧਰਮ ਹੈ। ਕਈ ਵਾਰੀ ਹਿੰਦੂ ਧਰਮ ਦੇ ਵਿੱਚ ਕਹਿੰਦੇ ਹਨ ਤੇ ਭਾਰਤ ਦੇ ਸੰਵਿਧਾਨ ਵਿੱਚ ਲਿਖਿਆ ਹੈ ਕਿ ਸਿੱਖ ਧਰਮ ਹਿੰਦੂਇਜ਼ਮ ਦੀ ਸ਼ਾਖਾ ਹੈ। ਹਿੰਦੂ ਧਰਮ ਦਾ ਫੈਕਸਨ ਵਿਸ਼ਵਾਸ ਵਾਲੀਆਂ ਗੱਲਾਂ ਨਹੀਂ ਹਨ। ਇਸ ਵਿੱਚ ਕਰਮ ਦੀਆਂ ਗੱਲਾਂ ਹਨ। ਜੋ ਕੁਝ ਗੁਰੂ ਨਾਨਕ ਦੇਵ ਨੇ ਲਿਖਿਆ ਹੈ, ਦੁਨੀਆ ਨੂੰ ਸਿਖਿਆ ਮਾਤਰ ਲਿਖਣਾ ਚਾਹਿਆ, ਉਨ੍ਹਾਂ ਨੇ ਜਿਊ ਕੇ ਦਿਖਾਇਆ। ਇਹ ਜੀਵਨ ਜੋ ਹੈ, ਇਸ ਵਿਚ ਜਿਉਂਦਿਆ ਜੀਅ ਬੰਦਾ ਸੱਚਪ੍ਰਸਤ ਕਿਉ ਨਹੀਂ ਹੋ ਸਕਦਾ? ਜੇ ਸੱਚਪ੍ਰਸਤ ਹੋ ਜਾਈਏ ਤਾਂ ਆਪੇ ਪੁਨਰਜਨਮ ਹੋ ਗਿਆ। ਜੇ ਮੈਂ ਮੈਂ ਕਰਦਾ ਭੱਜਾ ਫਿਰਦਾ, ਮੈਂ ਕੀਤਾ, ਫਲਾਣਾ ਕੀਤਾ, ਮੇਰੀਆ ਫਲਾਣੀਆਂ ਚੀਜ਼ਾਂ, ਮੇਰਾ ਫਲਾਣਾ, ਜੇ ਅਸੀਂ ਕਹੀਏ ਕਿ ਜੋ ਜੋ ਕੁਝ ਹੈ ਸੋ ਤੇਰਾ, ਬਸ ਖਤਮ ਹੋ ਗਈ ਗੱਲ, ਪੁਨਰਜਨਮ ਹੋ ਗਿਆ।

ਅਗਲੀ ਗੱਲ ਸਿੱਖ ਧਰਮ ਅਨੁਸਾਰ ਇਹ ਹੈ ਕਿ ਹਰ ਕਿਸੇ ਵਿੱਚ ਰੱਬ ਨੇ ਜਾਨ ਪਾਈ ਹੈ। ਹਰ ਕਿਸੇ ਨੂੰ ਜੀਣ ਦਾ ਅਧਿਕਾਰ ਹੈ। ਉਸ ਨੂੰ ਜਿਹੜਾ ਖਤਮ ਕਰਦਾ ਹੈ, ਉਹ ਗਲਤ ਹੈ। ਖਾਸ ਤੌਰ ਤੇ ਆਦਮੀ ਦਾ ਜੋ ਜੀਵਨ ਹੈ, ਉਹ ਆਪਣੇ ਹਿਸਾਬ ਦੇ ਨਾਲ ਜੀਣ ਦਾ ਉਸਦਾ ਪੂਰਨ ਅਧਿਕਾਰ ਹੈ। ਇਨਸਾਨ ਤੋਂ ਜੇ ਕੋਈ ਅਧਿਕਾਰ ਖੋਹਣ ਦੀ ਕੋਸ਼ਿਸ ਕਰਦਾ ਹੈ ਤਾਂ ਆਪਣਾ ਬਚਾਓ ਕਰਨਾ ਉਹਦਾ ਹੱਕ ਬਣਦਾ ਹੈ। ਆਪਣੇ ਬਚਾਓ ਵਾਸਤੇ ਜਾਨ ਬਚਾਓਣ ਲਈ ਜੇਕਰ ਹੋਰ ਹੀਲਾ ਨਹੀਂ ਚਲਦਾ ਹੋਰ ਸਾਧਨ ਨਹੀਂ ਹੈ ਤਾਂ ਹਥਿਆਰ ਚੁੱਕ ਕੇ ਵੀ ਜੇ ਆਪਣੇ ਆਪ ਨੂੰ ਬਚਾਇਆ ਜਾ ਸਕਦਾ ਹੈ ਜਾਂ ਕਿਸੇ ਮਰਦੇ ਜੀਵ ਨੂੰ, ਜਿਸ ਤੇ ਬਹੁਤ ਅਤਿਆਚਾਰ ਹੋ ਰਿਹਾ ਹੈ, ਉਸ ਨੂੰ ਜੇਕਰ ਹਥਿਆਰ ਚੁੱਕ ਕੇ ਬਚਾਇਆ ਜਾ ਸਕਦਾ ਹੈ ਤਾਂ ਉਹ ਵੀ ਇਕ ਧਾਰਮਿਕ ਕਿਰਿਆ ਹੈ। ਆਪਣੇ ਆਪ ਨੂੰ ਬਚਾਉਣਾ, ਆਪਣੀ ਜਾਨ ਦੀ ਰਾਖੀਕਰਨੀ ਜਾਂ ਕਿਸੇ ਐਸੇ ਬੰਦੇ ਦੀ ਰਾਖੀ ਕਰਨੀ ਜਾਂ ਬਚਾਉਣਾ, ਕਿਸੇ ਨੂੰ ਬਚਾਉਣ ਲਈ ਖਲੋ ਜਾਣਾ, ਜਿਸਨੂੰ ਜ਼ਾਲਮ ਅਤਿਆਚਾਰ ਕਰਕੇ ਨਜਾਇਜ਼ ਮਾਰ ਰਿਹਾ ਹੈ, ਉਸ ਦੇ ਹੱਕ ਵਿਚ ਤਲਵਾਰ ਕੱਢ ਕੇ ਖੜ੍ਹੇ ਹੋ ਜਾਣਾ, ਉਹ ਇਕ ਧਾਰਮਿਕ ਕਿਰਿਆ ਕਰਦਾ ਹੈ। ਸਿਖ ਧਰਮ ਇਸ ਵਿੱਚ ਵਿਸ਼ਵਾਸ ਕਰਦਾ ਹੈ। ਜ਼ੁਲਮ ਦੇ ਖਿਲਾਫ਼ ਆਪਣੇ ਬਚਾਓ ਵਾਸਤੇ ਹਥਿਆਰ ਚੁੱਕਣਾ ਇਕ ਧਾਰਮਿਕ ਕਿਰਿਆ ਹੈ।

ਅਗਲੀ ਗੱਲ ਸਿਖ ਧਰਮ ਵਿੱਚ ਇਨਸਾਨੀਅਤ ਦੀ ਹੈ। ਇਨਸਾਨੀਅਤ ਦੀ ਰਾਖੀ ਵਾਸਤੇ ਨੈਤਿਕ ਕਦਰਾਂ ਕੀਮਤਾਂ ਵਾਸਤੇ ਜੇ ਕਿਸੇ ਨੂੰ ਆਪਣੀ ਜਾਨ ਵੀ ਤਲੀ ਤੇ ਧਰਨੀ ਪਵੇ ਤੇ ਉਹ ਵੀ ਧਰ ਲੈਣੀ ਚਾਹੀਦੀ ਹੈ। ਸਿੱਖ ਧਰਮ ਇਸ ਗੱਲ ਵਿੱਚ ਪੂਰਾ ਯਕੀਨ ਰੱਖਦਾ ਹੈ ਕਿ ਨੈਤਿਕ ਕਦਰਾਂ ਕੀਮਤਾਂ ਵਾਸਤੇ, ਇਨਸਾਨੀਅਤ ਦੀ ਰਾਖੀ ਵਾਸਤੇ ਜੇ ਕਿਸੇ ਨੂੰ ਮਰਨਾ ਤੇ ਬਲੀਦਾਨ ਵੀ ਦੇਣਾ ਪੈ ਜਾਵੇ ਤਾਂ ਉਹ ਵੀ ਧਾਰਮਿਕ ਕਿਰਿਆ ਹੈ।

ਇਕ ਹੋਰ ਨੁਕਤਾ ਜੋ ਸਾਂਝਾ ਕਰਨਾ ਚਾਹੁੰਦੇ ਹਾਂ- ਸਿੱਖ ਜੋ ਹਨ, ਇਹ ਆਪਣੇ ਆਪ ਨੂੰ ਰੱਬ ਦੀ ਚੁਣੀ ਹੋਈ ਵੱਖਰੀ ਸੰਸਥਾ ਨਹੀਂ ਸਮਝਦੇ। ਕੋਈ ਵੀ ਦੁਨੀਆਂ ਦਾ ਬੰਦਾ ਸਿੱਖ ਹੋ ਸਕਦਾ ਹੈ। ਸਿੱਖ ਦਾ ਅਰਥ ਹੈ ਧਰਮ ਦਾ ਵਿਦਿਆਰਥੀ। ਧਰਮ ਕੋਈ ਵੀ ਹੋਵੇ, ਧਰਮ ਸਾਰੇ ਇਕੋ ਹੀ ਹੁੰਦੇ ਹਨ, ਜੋ ਇਨਸਾਨੀਅਤ ਸਿਖਾਉਂਦੇ ਹਨ। ਜੋ ਇਨਸਾਨੀਅਤ ਸਿੱਖਦਾ ਹੈ, ਇਨਸਾਨੀਅਤ ਦੇ ਰਾਹ ਤੇ ਚਲਦਾ ਹੈ, ਸਦਾਚਾਰਕ ਤੌਰ ਤੇ ਜੋ ਆਪਣੇ ਆਪ ਨੂੰ ਇਨਸਾਨ ਬਣਾਉਣਾ ਚਾਹੁੰਦਾ ਹੈ, ਉਹ ਸਿਖ ਹੈ। ਇਹ ਕੋਈ ਵੱਖਰੀ ਕਿਸਮ ਦੇ ਡੱਬੇ ਵਿੱਚ ਬੰਦ ਜਾਂ ਗਿਣਤੀ ਵਿੱਚ ਪਈ ਅਸੀਂ ਰੱਬ ਦੇ ਬੰਦੇ ਹਾਂ, ਸਿੱਖ ਕੋਈ ਵੱਖਰੀ ਕਲਾਸ ਹੈ, ਇਹ ਵੱਖਰੀ ਕਲਾਸ ਨਹੀਂ ਹੈ। ਕੋਈ ਵੀ


Academy of the Punjab in North America: http://www.apnaorg.com

ਬੰਦਾ ਦੁਨੀਆਂ ਦਾ ਆਪਣੇ ਆਪ ਨੂੰ ਸਿੱਖ ਕਹਿ ਸਕਦਾ ਹੈ, ਜੇ ਉਹ ਮਰਿਆਦਾ ਦੇ ਵਿੱਚ ਰਹਿਣਾ ਸਿਖ ਜਾਵੇ ਤਾਂ ਉਹ ਸਿੱਖ ਹੈ। ਅੰਮ੍ਰਿਤ ਛਕ ਕੇ, ਜੋ ਖ਼ਾਲਸਾ ਸਰੂਪ ਹੈ, ਇਹ ਕੋਈ ਡਿਗਰੀ ਨਹੀਂ ਹੈ। ਇਹ ਤਾਂ ਐਲਾਨ ਹੈ, ਇਹ ਤਾਂ ਯੂਨੀਫਾਰਮ ਹੈ। ਇਹ ਤਾਂ ਪਛਾਣ ਹੈ ਕਿ ਇਹ ਬੰਦਾ ਸੱਚਪ੍ਰਸਤ ਹੈ। ਜੇ ਕੋਈ ਖ਼ਾਲਸਾ ਰੂਪ ਧਾਰਨ ਕਰਕੇ ਸੱਚਪ੍ਰਸਤ ਨਹੀਂ ਹੈ, ਉਹ ਸੱਚਪ੍ਰਸਤੀ ਵਾਲੀ ਗੱਲ ਨਹੀਂ ਕਰ ਰਿਹਾ ਹੈ। ਸਿਰਫ਼ ਉਸ ਨੇ ਜੇ ਖ਼ਾਲਸੇ ਦਾ ਰੂਪ ਹੀ ਧਾਰਨ ਕੀਤਾ ਹੈ ਤਾਂ ਇਸ ਦਾ ਮਤਲਬ ਇਹ ਨਹੀਂ ਕਿ ਉਹ ਖ਼ਾਲਸਾ ਹੈ। ਖ਼ਾਲਸਾ ਤਾਂ ਖ਼ਾਲਸ ਹੈ, ਜਿਹੜਾ ਸਚਪ੍ਰਸਤੀ ਦੇ ਰਾਹ ਤੇ ਚਲਦਾ ਹੈ। ਗੰਗਾ ਗਏ ਗੰਗਾ ਰਾਮ ਯਮਨਾ ਗਏ ਯਮਨਾ ਦਾਸ, ਜਿਵੇਂ ਦੇਸ ਤੇ ਉਵੇਂ ਦਾ ਵੇਸ ਬਣਾ ਕੇ ਲੋਕ ਤੁਰ ਪੈਂਦੇ ਸਨ। ਜੇ ਕੋਈ ਈਸਾਈ ਮੱਤ ਨੂੰ ਸਿਖਾਉਣ ਆ ਗਿਆ ਤਾਂ ਉਹ ਈਸਾਈ ਬਣ ਗਿਆ। ਜੇ ਕਿਸੇ ਨੇ ਮੁਹੰਮਦ ਦੀ ਗੱਲ ਕੀਤੀ ਤਾਂ ਇਸਲਾਮ ਧਾਰਨ ਕਰ ਗਿਆ।

ਸਿੱਖ ਧਰਮ ਇਕ ਡੈਕਲੇਰਸ਼ਨ ਹੈ। ਜੇ ਸੱਚਪ੍ਰਸਤੀ ਦੇ ਰਾਹ ਤੇ ਚੱਲਣਾ ਹੈ ਤਾਂ ਪਹਿਲਾਂ ਜੋ ਸਰੂਪ ਹੈ, ਇਹ ਐਲਾਨ ਹੈ ਕਿ ਮੈਂ ਸੱਚਪ੍ਰਸਤ ਹੋਣਾ ਚਾਹੁੰਦਾ ਹਾਂ। ਮੈਂ ਝੂਠ ਦਾ ਮਾਰਗ ਛੱਡਿਆ ਤੇ ਮੈਂ ਸੱਚਪ੍ਰਸਤੀ ਦੇ ਰਾਹ ਤੇ ਜਾ ਰਿਹਾ ਹਾਂ। ਵੇਖ ਕੇ ਹੀ ਪਤਾ ਲੱਗ ਜਾਵੇ ਕਿ ਇਹ ਸੱਚਪ੍ਰਸਤ ਬੰਦਾ ਹੈ, ਇਹ ਧਰਮੀ ਆਦਮੀ ਹੈ। ਇਹ ਕੋਈ ਇਕ ਕੌਮ ਨਹੀਂ ਇਕ ਯੂਨਿਟ ਨਹੀਂ ਹੈ। ਫੌਜ ਨਹੀਂ ਇਹ ਤਾ ਪ੍ਰਮਾਤਮਾ ਦੀ ਫੌਜ ਹੈ। ਪ੍ਰਮਾਤਮਾ ਦੀ ਫੌਜ ਦੇ ਵਿੱਚ ਕੋਈ ਇਕ ਕੌਮ ਨਹੀਂ ਰਲ ਸਕਦੀ। ਜਿਹੜਾ ਮਰਜ਼ੀ ਰਲ ਜਾਵੇ, ਜਿਹੜਾ ਮਰਜ਼ੀ ਡਿਕਲੇਅਰ ਕਰੇ- ਪ੍ਰਮਾਤਮਾ ਜੋ ਤੂੰ ਮੈਨੂੰ ਦਿੱਤਾ ਹੈ, ਮੈਨੂੰ ਸਵੀਕਾਰ, ਤੂੰ ਮੇਰਾ ਤੇ ਮੈਂ ਤੇਰਾ, ਬੱਸ ਗੱਲ ਖਤਮ। ਪ੍ਰਮਾਤਮਾ ਨੇ ਜੋ ਦਿੱਤਾ ਹੈ, ਉਹੀ ਡਿਕਲੇਅਰ ਕਰਨਾ, ਪ੍ਰਮਾਤਮਾ ਦੀ ਰਜ਼ਾ ਵਿੱਚ, ਰੱਬ ਦੀ, ਗੁਰੂ ਦੀ ਸੋਚ ਹੈ। ਉਸ ਵਿੱਚ ਆਪਣੇ ਆਪ ਨੂੰ ਸੰਤੁਸ਼ਟ ਕਰਨਾ ਖ਼ਾਲਸਾ ਧਾਰਨ ਕਰਨਾ ਹੈ। ਗੁਰੂ ਗੋਬਿੰਦ ਸਿੰਘ ਸਾਹਿਬ ਨੇ ਜਦੋਂ ਖ਼ਾਲਸਾ ਸਾਜਿਆ, ਕੀ ਪਹਿਲਾਂ ਕੇਸ ਨਹੀਂ ਸਨ? ਲੋਕਾਂ ਦੇ ਕੇਸਾਂ ਨੂੰ ਸਾਫ ਕਰਨ ਲਈ ਕੰਘਾ, ਪੰਜੇ ਕਕਾਰ ਵਿੱਚੋਂ ਕਿਹੜਾ ਹੈ ਜਿਹੜਾ ਛੂ ਮੰਤਰ ਨਾਲ ਅਸਮਾਨ ਤੋਂ ਲਿਆਂਦਾ। ਸਾਰੇ ਇਥੇ ਹੀ ਸਨ। ਇਹ ਰੱਬ ਦੀ ਰਜ਼ਾ ਵਿੱਚ ਰਹਿਣ ਦਾ ਇਕ ਐਲਾਨਨਾਮਾ ਹੈ, ਆਪਣੇ ਆਪ ਨੂੰ ਕਿ ਮੈਂ ਗੁਰੂ ਦੀ ਸੇਵਾ ਦੇ ਵਿਚ ਹਾਂ ਤੇ ਦੂਰੋਂ ਹੀ ਪਤਾ ਲੱਗੇ। ਜਦੋਂ ਪੰਜ ਸਟਾਰ ਲਗੇ ਹੋਣ ਤਾਂ ਪਤਾ ਲੱਗ ਜਾਂਦਾ ਹੈ ਕਿ ਉਹ ਜਰਨੈਲ ਹੈ। ਇਹ ਕੋਈ ਛੂ ਮੰਤਰ ਜਾਂ ਜਾਦੂ ਨਹੀਂ ਹੈ, ਇਹ ਤਾਂ ਆਪਣੇ ਆਪ ਨੂੰ ਡਿਕਲੇਅਰ ਕਰਨਾ ਹੈ ਕਿ ਮੈਂ ਸੱਚਪ੍ਰਸਤ ਹਾਂ। ਸਿਖ ਧਰਮ ਵਿੱਚ ਪੰਜ ਵਿਕਾਰ ਕਾਮ, ਕ੍ਰੋਧ ਲੋਭ, ਮੋਹ, ਹੰਕਾਰ ਗਿਣਦੇ ਹਨ। ਇਹ ਪੰਜੇ ਜੈਨ ਮੱਤ ਵਿੱਚ ਅਤੇ ਹਿੰਦੂ ਧਰਮ ਵਿੱਚ ਹਨ। ਅਸਲ ਵਿੱਚ ਵੇਖੀਏ ਤਾਂ ਇਹ ਪੰਜੇ ਸਾਰੇ ਧਰਮਾਂ ਵਿੱਚ ਹਨ। ਇਹ ਕਿਸੇ ਨਾ ਕਿਸੇ ਰੂਪ ਵਿੱਚ ਸਾਰੇ ਧਰਮਾਂ ਵਿੱਚ ਜ਼ਰੂਰ ਹਨ। ਇਹਨਾਂ ਧਰਮਾਂ ਅਨੁਸਾਰ ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਤੋਂ ਬਚਣਾ ਚਾਹੀਦਾ ਹੈ।

ਸਿੱਖ ਧਰਮ ਵਿੱਚ ਤਾਂ ਇਹ ਸਪਸ਼ਟ ਤੌਰ ਤੇ ਲਿਖਿਆ ਹੈ ਤੀਜੇ ਪਾਤਸ਼ਾਹ ਨੇ 'ਪੰਚ ਦੂਤ ਤੁਧੁ ਵਸਿ ਕੀਤੇ' ਇਹਨਾਂ ਦੇ ਅਧੀਨ ਨਹੀਂ ਹੋਣਾ ਹੈ ਪਰ ਇਹਨਾਂ ਪੰਜਾਂ ਤੋਂ ਬਿਨਾਂ ਸਰ ਵੀ ਨਹੀਂ ਸਕਣਾ। ਜੇ ਪੰਜੇ ਛੱਡ ਦਈਏ, ਦੁਸਟ ਦੂਤ ਹੈ, ਵਿਕਾਰ ਹਨ। ਪੰਜ ਦੂਤਾਂ ਨੂੰ ਵਸ ਕਰਨਾ ਹੈ। ਇਹਨਾਂ ਦੇ ਵਸ ਨਹੀਂ ਹੋਣਾ। ਜਿਹੜਾ ਇਹਨਾਂ ਨੂੰ ਵੱਸ ਕਰਦਾ ਹੈ, ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਦੇ ਕਬਜ਼ੇ ਵਿੱਚੋਂ ਛੁਟ ਜਾਂਦਾ ਹੈ, ਉਹ ਹੀ ਸਿੱਖ ਹੈ। ਇਹ ਪੰਜਾਂ ਦੂਤਾਂ ਨੂੰ ਪੰਜਾਂ ਦੁਸ਼ਟਾਂ ਨੂੰ ਵਸ ਕਰਨ ਦਾ ਤਰੀਕਾ ਵੀ ਦੱਸਿਆ ਹੈ ਕਿ ਜੇ ਬੰਦੇ ਵਿੱਚ ਸੰਤੋਖ ਆ ਜਾਵੇ, ਜੇ ਦਾਨੀ ਪੁਰਖ ਹੋਵੇ, ਜੇ ਨਿਮਰਤਾ ਆ ਜਾਵੇ, ਦਇਆ ਭਾਵਨਾ ਕਾਈਂਡਨੈੱਸ ਤੇ ਚੜ੍ਹਦੀਕਲਾ ਦੇ ਵਿੱਚ ਬੰਦਾ ਰਹੇ ਤਾਂ ਇਹ ਪੰਜ ਦੁਸ਼ਟ ਆਪੇ ਕਾਬੂ ਵਿੱਚ ਆ ਜਾਂਦੇ ਹਨ। ਸੰਤੋਖ ਸਭ ਤੋਂ ਵੱਡਾ ਲੱਛਣ ਹੈ, ਜਦੋਂ ਬੰਦੇ ਨੂੰ ਸੰਤੁਸ਼ਟੀ ਹੋਵੇ, ਸੰਤੋਖ ਮਿਲ ਗਿਆ, ਬਸ ਉਹ ਸੱਚਪ੍ਰਸਤੀ ਦੇ ਬਹੁਤ ਨਜ਼ਦੀਕ ਪਹੁੰਚ ਗਿਆ। ਧੌਲ ਨੂੰ, ਬਲਦ ਨੂੰ ਬਹੁਤ ਲੋਕਾਂ ਨੇ ਰੱਬ ਯਾਨੀ ਧਰਮ ਨੂੰ ਧੌਲ ਕਿਹਾ ਹੈ। ਸਿੱਖ ਧਰਮ ਦੇ ਅਨੁਸਾਰ ਧੌਲ ਜੋ ਬਲਦ ਹੈ ਧਰਮਧੌਲ ਦਇਆ


Academy of the Punjab in North America: http://www.apnaorg.com

ਦਾ ਰੂਪ ਹੈ। ਦਇਆ ਜਿਥੇ ਹੋਵੇ, ਉਥੇ ਸੰਤੋਖ ਹੋਵੇ, ਜਿਥੇ ਦਇਆ ਹੋਵੇ, ਨਿਮਰਤਾ ਹੋਵੇ, ਉਥੇ ਹੋਰ ਵੱਡੀਆਂ ਚੀਜ਼ਾਂ ਦੀ ਲੋੜ ਰਹਿ ਨਹੀਂ ਜਾਂਦੀ।

ਸਿੱਖ ਧਰਮ ਦੀ ਜਿਉਂਦੀ ਜਾਗਦੀ ਗੁਰ ਮਰਿਆਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ। ਗੁਰੂ ਗ੍ਰੰਥ ਸਾਹਿਬ ਵਿਚ **36** ਮਹਾਂਪੁਰਖਾਂ ਦੀ, ਵਿਦਵਾਨਾਂ ਦੀ ਸਰਬ ਸਾਂਝੀ ਬਾਣੀ ਹੈ ਜਿਸ ਵਿਚ ਛੇ ਗੁਰੂ ਸਾਹਿਬਾਂ ਦੀ ਬਾਣੀ, **15** ਭਗਤਾਂ ਦੀ ਬਾਣੀ, **11** ਭੱਟਾਂ ਤੇ ਚਾਰ ਗੁਰੂ ਘਰ ਦੇ ਰਾਗੀ ਢਾਡੀਆਂ ਦੀ ਬਾਣੀ ਹੈ। ਇਹ **36** ਵਿਦਵਾਨਾਂ ਦੀ ਬਾਣੀ ਵੱਖ-ਵੱਖ ਕੌਮਾਂ ਵਿੱਚੋਂ ਵੱਖ-ਵੱਖ ਧਰਮਾਂ ਦੇ ਨਾਲ ਸੰਬੰਧ ਰੱਖਣ ਵਾਲਿਆਂ ਦੀ ਜਿਹੜੀ ਸਾਂਝੀ ਸੋਚ ਹੈ, ਉਸ ਨੂੰ ਇਕੱਤਰ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ **1430** ਅੰਗਾਂ ਦਾ ਇਕ ਧਾਰਮਿਕ ਗ੍ਰੰਥ ਹੈ। ਸਿੱਖ ਧਰਮ ਵਿੱਚ ਜਿਉਂਦੀ ਜਾਗਦੀ ਤਸਵੀਰ ਹੈ, ਜੋ ਗੁਰੂ ਨਾਨਕ ਪਾਤਸ਼ਾਹ ਹੈ, ਜੋ ਜਿਊਂਦਾ ਜਾਗਦਾ ਗੁਰੂ ਮੰਨਿਆ ਜਾਂਦਾ ਹੈ।

ਜਿਥੋਂ ਤੱਕ ਸਿਖ ਕੈਲੰਡਰ ਦਾ ਸਵਾਲ ਹੈ, ਉਸ ਦੇ ਬਾਰੇ ਅਸੀਂ ਦੁਨੀਆਂ ਦੇ ਕੈਲੰਡਰ ਦਾ ਇਕ ਵੱਖਰੇ ਅਧਿਆਏ ਦੇ ਤੌਰ ਤੇ ਇਸੇ ਕਿਤਾਬ ਵਿੱਚ ਜ਼ਿਕਰ ਕਰਾਂਗੇ। ਇਹ ਇਕ ਬੜੀ ਵਿਸਥਾਰ ਪੂਰਵਕ ਦੱਸਣ ਵਾਲੀ ਗੱਲ ਹੈ। ਚੰਦਰਮਾ ਦੇ ਹਿਸਾਬ ਨਾਲ ਕੈਲੰਡਰ ਬਣਾਉਂਦੇ ਹਨ। ਪੰਦਰਾਂ ਦਿਨਾਂ ਦੀ ਵਿਆਖਿਆ, **7** ਦਿਨਾਂ ਦੇ ਹਫਤੇ ਦੀ ਵਿਆਖਿਆ। ਪਹਿਲੀ ਵਾਰ ਦੁਨੀਆਂ ਵਿੱਚ ਗੁਰੂ ਨਾਨਕ ਸਾਹਿਬ ਨੇ ਤੁਖਾਰੀ ਰਾਗ ਵਿੱਚ ਬਾਰਾਂ ਮਹੀਨਿਆਂ ਦਾ ਜੋ ਕੈਲੰਡਰ ਬਣਾਇਆ, ਉਸ ਤੋਂ ਪਹਿਲਾਂ ਦੁਨੀਆਂ ਦੇ ਵਿੱਚ ਕਿਤੇ ਵੀ ਹੋਰ ਕੈਲੰਡਰ ਨਹੀਂ ਮਿਲਦਾ। ਅਸੀਂ ਵੱਖਰੇ ਅਧਿਆਇ ਵਿੱਚ ਇਸ ਦਾ ਵਿਸਥਾਰ ਨਾਲ ਬਿਆਨ ਕਰਾਂਗੇ।

ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਹਨ। ਉਨ੍ਹਾਂ ਦੀਆਂ ਇਤਿਹਾਸਕ ਤਾਰੀਕਾਂ ਮਿਲਦੀਆਂ ਹਨ। **1469** ਈਸਵੀ ਵਿੱਚ ਮਹਿਤਾ ਕਾਲੂ ਦੇ ਘਰ ਰਾਇ ਭੋਇਦੀ ਤਲਵੰਡੀ ਹੈ, ਜੋ ਅੱਜ ਕੱਲ੍ਹ ਨਨਕਾਣਾ ਸਾਹਿਬ ਵਜੋਂ ਜਾਣਿਆ ਜਾਂਦਾ ਹੈ, ਮੌਜੂਦਾ ਪਾਕਿਸਤਾਨੀ ਪੰਜਾਬ ਵਿੱਚ, ਗੁਰੂ ਨਾਨਕ ਪਾਤਸ਼ਾਹ ਦਾ ਜਨਮ ਹੋਇਆ, ਉਥੇ ਅਵਤਾਰ ਧਾਰਿਆ, ਸਿੱਖ ਧਰਮ ਦੀ ਨੀਂਹ ਰੱਖੀ। ਸਿਖ ਧਰਮ ਦੀ ਗੁਰਗੱਦੀ ਉਪਰ ਗੁਰੂ ਨਾਨਕ ਸਾਹਿਬ ਤੋਂ ਬਾਅਦ **1539** ਵਿਚ ਗੁਰੂ ਅੰਗਦ ਦੇਵ ਜੀ ਬਿਰਾਜਮਾਨ ਹੋਏ; **1552** ਵਿਚ ਗੁਰੂ ਅਮਰਦਾਸ ਜੀ ਬਿਰਾਜਮਾਨ ਹੋਏ; **1574** ਵਿਚ ਗੁਰੂ ਰਾਮ ਦਾਸ ਜੀ ਬਿਰਾਜਮਾਨ ਹੋਏ; **1581** ਵਿੱਚ ਗੁਰੂ ਅਰਜਨ ਦੇਵ ਜੀ ਬਿਰਾਜਮਾਨ ਹੋਏ; **1606** ਵਿਚ ਸ੍ਰੀ ਗੁਰੂ ਹਰਗੋਬਿੰਦ ਸਾਹਿਬ; **1644** ਵਿੱਚ ਗੁਰ ਹਰਰਾਇ ਸਾਹਿਬ; **1661** ਵਿੱਚ, ਗੁਰੂ ਹਰਕ੍ਰਿਸ਼ਨ ਸਾਹਿਬ; **1665** ਵਿੱਚ ਗੁਰੂ ਤੇਗ ਬਹਾਦਰ ਸਾਹਿਬ ; **1675** ਵਿੱਚ ਗੁਰੂ ਗੋਬਿੰਦ ਸਿੰਘ ਜੀ ਤੇ **1708** ਤੋਂ ਗੁਰੂ ਗ੍ਰੰਥ ਸਾਹਿਬ ਉਸ ਗੱਦੀ 'ਤੇ ਬਿਰਾਜਮਾਨ ਹਨ। ਦੁਨੀਆਂ ਦੇ ਬਾਕੀ ਧਰਮਾਂ ਦੇ ਸਾਰੇ ਮੰਨਣ ਵਾਲਿਆਂ ਦੀ ਗਿਣਤੀ ਵਧਾ ਚੜ੍ਹਾ ਦੇ ਦੱਸੀ ਜਾਂਦੀ ਹੈ। ਪਰ ਸਿੱਖ ਧਰਮ ਵਿੱਚ ਢਾਈ ਕਰੋੜ ਦੇ ਕਰੀਬ ਹੀ ਸਿੱਖਾਂ ਨੂੰ ਮਾਨਤਾ ਮਿਲੀ ਹੈ ਕਿ ਤੁਸੀਂ ਸਿੱਖ ਕਹਾ ਸਕਦੇ ਹੋ। ਲੇਕਿਨ ਇਸ ਤੋਂ ਜ਼ਿਆਦਾ ਜਿਹੜੇ ਮੁਸਲਮਾਨ ਸਿੱਖ ਪਾਕਿਸਤਾਨ ਵਿੱਚ ਬੈਠੇ ਹਨ, ਉਹ ਜਪੁਜੀ ਸਾਹਿਬ ਦਾ ਨਿਤਨੇਮ ਕਰਦੇ ਹਨ। ਪਰ ਉਹਨਾਂ ਨੂੰ ਸਿੱਖ ਨਹੀਂ ਗਿਣਿਆ ਜਾਂਦਾ। ਸਾਢੇ ਤਿੰਨ ਕਰੋੜ ਦੇ ਕਰੀਬ ਕਬੀਲੇ ਹਨ ਜੋ ਭਾਰਤ ਦੇ ਵੱਖ ਵੱਖ ਹਿੱਸਿਆ ਵਿੱਚ ਰਹਿੰਦੇ ਹਨ, ਜੋ ਗੁਰੂ ਨਾਨਕ, ਨੂੰ ਆਪਣੇ ਧਾਰਮਿਕ ਸਕੂਨ ਵਾਸਤੇ, ਆਪਣਾ ਗੁਰੂ ਮੰਨਦੇ ਹਨ।


Academy of the Punjab in North America: http://www.apnaorg.com

# ਸਾਡੀਆਂ ਕਾਮਯਾਬੀਆਂ

ਜਦੋਂ ਕਿਤੇ ਮੈਂ ਕਿਸੇ ਗੰਭੀਰ ਵਿਸ਼ੇ ਤੇ ਗੱਲ ਕਰਦਾ, ਕੋਈ ਸਮਾਜਿਕ ਇਕੱਤਰਤਾ ਹੋਵੇ ਜਾਂ ਕਿਸੇ ਗੁਰਦੁਆਰੇ ਦੀ ਸੰਗਤ, ਅਕਸਰ ਲੋਕ ਸਵਾਲ ਕਰਦੇ ਕਿ ਇਸ ਤਰਾਂ ਗੱਲ ਬਾਤ ਕਰਨੀ ਕਿਵੇਂ ਸਿੱਖੀ ਹੈ ਮੈਂ। ਕਈ ਵਾਰ ਲੋਕ ਮੇਰੀਆਂ ਲਿਖਤਾਂ ਪੜ੍ਹਕੇ ਖੁਦ ਕੁਝ ਲਿਖਣ ਦੀ ਰੀਝ ਵੀ ਦਰਸਾਉਂਦੇ। ਮੈਂ ਹਰ ਕਿਸੇ ਨੂੰ ਇਹ ਹੀ ਦੱਸਦਾ ਕਿ ਜੇ ਤੁਸੀਂ ਗੁਰਬਾਣੀ ਬਾਰੇ ਕੋਈ ਗੱਲ ਕਰਨਾ ਚਾਹੁੰਦੇ ਹੋ ਤਾਂ ਸਭ ਤੋਂ ਪਹਿਲਾਂ ਤੁਹਾਨੂੰ ਇੱਕ ਕੰਮ ਕਰਨਾ ਪਵੇਗਾ, ਗੁਰਬਾਣੀ ਨੂੰ ਪੜਨਾ ਪਵੇਗਾ। ਹਰ ਇਨਸਾਨ ਹਰ ਉਸ ਵਿਸ਼ੇ ਤੇ ਗੱਲ ਕਰ ਸਕਦਾ ਹੈ ਜੋ ਉਸਨੇ ਪੜਿਆ ਹੋਵੇ । ਜਿੰਨਾ ਜ਼ਿਆਦਾ ਪੜਿਆ ਹੋਊ ਓਨੀ ਜ਼ਿਆਦਾ ਵਧੀਆ ਗੱਲ ਕਰ ਸਕਦਾ ਹੈ ਉਹ। ਰੀਝਾਂ ਤਾਂ ਹਰ ਕਿਸੇ ਦੀਆਂ ਹੁੰਦੀਆਂ ਹਨ ਪਰ ਰੀਝ ਪੂਰੀ ਕਰਨ ਲਈ ਤੁਹਾਨੂੰ ਕੁਝ ਕਰਨਾ ਤਾਂ ਪਵੇਗਾ। ਜੇ ਕੋਈ ਸੋਚੇ ਕਿ ਮੇਰੇ ਡੌਲੇ ਸਭ ਤੋਂ ਵਧੀਆ ਹੋਣ ਤਾਂ ਉਸਨੂੰ ਵਰਜਿਸ਼ ਕਰਨੀ ਪਵੇਗੀ। ਜਿੰਨੀ ਜ਼ਿਆਦਾ ਵਰਜਿਸ਼ ਕਰੇਗਾ ਓਨਾ ਵਧੀਆ ਸਰੀਰ ਬਣ ਜਾਵੇਗਾ। ਮੇਰੇ ਇੱਕ ਮਿੱਤਰ ਦਾ ਕਲਾਸਫੈਲੋ ਪੰਜਾਬ ਵਿੱਚ ਬਹੁਤ ਵੱਡਾ ਲੀਡਰ ਬਣ ਗਿਆ ਤੇ ਉਹ ਕੈਲੇ ਫੋਰਨੀਆਂ ਆਪਣੇ ਰਾਜਨੀਤਕ ਦੌਰੇ ਤੇ ਆਇਆ। ਆਪਣੀ ਰਾਜਨੀਤਕ ਪਾਰਟੀ ਦੀ ਅਮਰੀਕਾ ਵਿੱਚ ਜਰਨਲ ਸੈਕਟਰੀ ਦੀ ਪੋਸਟ ਉਸਨੇ ਆਪਣੇ ਕਲਾਸਫੈਲੋ ਜੋ ਕਿ ਸਾਡਾ ਵੀ ਪੁਰਾਣਾ ਮਿੱਤਰ ਹੈ ਨੂੰ ਦੇ ਦਿੱਤੀ। ਬੜੀਆਂ ਅਖਬਾਰਾਂ ਵਿੱਚ ਤਸਵੀਰਾਂ ਛਪੀਆਂ, ਬਹੁਤ ਵਧਾਈਆਂ ਮਿਲੀਆਂ। ਪਾਰਟੀ ਦੀ ਜਦ ਪਹਿਲੀ ਮੀਟਿੰਗ ਹੋਣੀ ਸੀ ਤਾਂ ਜਨਰਲ ਸੈਕਟਰੀ ਨੂੰ ਭਾਸ਼ਨ ਦੇਣਾ ਪੈਣਾ ਸੀ। ਮੀਟਿੰਗ ਤੋਂ ਇੱਕ ਦਿਨ ਪਹਿਲਾਂ ਮੈਨੂੰ ਫੋਨ ਕਰਕੇ ਕਹਿੰਦਾ ਯਾਰ ਮੈਂ ਫਸ ਗਿਆ, ਭਾਸ਼ਨ ਤਾਂ ਮੈਂ ਕਦੇ ਦਿੱਤਾ ਹੀ ਨਹੀਂ। ਮੈਂ ਤਿੰਨ ਚਾਰ ਨੁਕਤੇ ਜੋ ਮੈਂ ਠੀਕ ਸਮਝਦਾ ਸੀ ਦੱਸੇ ਕਿ ਜਿਸ ਵਿਸ਼ੇ ਤੇ ਬੋਲਣਾ ਹੈ ਉਸ ਬਾਰੇ ਜਾਣਕਾਰੀ ਜਰੂਰੀ ਹੈ। ਦੂਸਰੀ ਗੱਲ ਇਹ ਹੈ ਕਿ ਲੱਚਰ ਅਸ਼ਲੀਲ ਲਫਜ਼ ਨਹੀਂ ਵਰਤਣੇ ਚਾਹੀਦੇ, ਤੀਸਰੀ ਗੱਲ ਕਿ ਆਪਣੀ ਦਲੀਲ ਦੇਂਦੇ ਹੋਏ ਕਿਸੇ ਦੀ ਅਲੋਚਨਾ ਨਾ ਕਰੋ ਤਾਂ ਚੰਗਾ ਹੈ। ਜੇ ਅਸੀਂ ਸਤਿਕਾਰਯੋਗ ਬਣਨਾ ਚਾਹੁੰਦੇ ਹਾਂ ਤਾਂ ਸਾਡੀ ਹਰ ਗੱਲ ਸਤਿਕਾਰਯੋਗ ਹੋਣੀ ਚਾਹੀਦੀ ਹੈ। ਹਰ ਗੱਲ ਗਾਲ੍ਹ ਕੱਢਕੇ ਕਰਨ ਵਾਲਾ ਉਹ ਜਰਨਲ ਸੈਕਟਰੀ ਔਖਾ ਸੌਖਾ ਇੱਕ ਮੀਟਿੰਗ ਤਾਂ ਭੁਗਤਾ ਆਇਆ, ਕੁਝ ਥੋੜ੍ਹਾ ਜਿਹਾ ਲਿਖ ਕੇ ਲੈ ਗਿਆ ਸੀ ਉਹ ਬੋਲ ਆਇਆ ਪਰ ਆ ਕੇ ਆਪਣੇ ਜਮਾਤੀ ਨੂੰ ਕਹਿ ਕੇ ਜਨਰਲ ਸੈਕਟਰੀ ਦੀ ਥਾਂ ਪਾਰਟੀ ਦਾ ਖਜਾਨਚੀ ਬਣ ਗਿਆ।

ਸਾਨੂੰ ਜੇ ਕੁਝ ਕਰਨ ਦਾ ਮੌਕਾ ਮਿਲਦਾ ਹੈ ਤਾਂ ਨੇਕਦਿਲੀ ਨਾਲ ਕੋਸ਼ਿਸ਼ ਕਰੀਏ ਤਾਂ ਸਭ ਕੁਝ ਕਰ ਸਕਦੇ ਹਾਂ। ਸਿੱਖਣਾ ਚਾਹੁੰਦੇ ਹਾਂ ਤਾਂ ਸਿੱਖਿਆ ਲੈਣੀ ਸ਼ੁਰੂ ਕਰਨੀ ਪਵੇਗੀ। ਇੱਕ ਦਮ ਉੱਪਰ ਨਹੀਂ ਚੜਿਆ ਜਾ ਸਕਦਾ। ਹੌਲੀ ਹੌਲੀ ਧਿਆਨ ਨਾਲ ਮੇਹਨਤ ਕਰਨੀ ਪਵੇਗੀ। ਸ਼ੁਰੂ ਹੋਣ ਲਈ ਜੋ ਜਰੂਰੀ ਹੋਵੇ ਉਹ ਤਾਂ ਜਰੂਰ ਕਰਨਾ ਪਵੇ ਗਾ। ਸੋ ਜੋ ਜੋ ਜਰੂਰੀ ਹੈ ਉਸ ਨਾਲ ਸ਼ੁਰੂ ਕਰੀਏ, ਫਿਰ ਉਸਤੋਂ ਬਾਅਦ ਜੋ ਜੋ ਕਰ ਸਕਣਾ ਮਮੁਕਿਨ ਹੈ ਉਹ ਕਰ ਕੇ ਵੇਖੀਏ, ਤੇ ਅਚਾਨਕ ਤੁਸੀਂ ਐਸਾ ਕੁਝ ਕਰ ਜਾਓਗੇ ਜੋ ਕਦੇ ਤੁਸੀਂ ਸੁਪਨੇ ਵਿੱਚ ਵੀ ਨਹੀਂ ਸੀ ਸੋਚਿਆ, ਜੋ ਕਦੇ ਤੁਹਾਨੂੰ ਨਾਮਮੁਕਿਨ ਲਗਦਾ ਸੀ। ਉੱਚੀਆਂ ਉਚਾਈਆਂ ਤੇ ਪਹੁੰਚਣ ਵਾਲੇ ਸਾਰੇ ਲੋਕ ਉਸੇ ਹੀ ਨੁਕਤੇ ਤੋਂ ਚੱਲੇ ਹਨ ਜਿੱਥੇ ਅਸੀਂ ਖੜੇ ਹਾਂ। ਕਾਮਯਾਬੀਆਂ ਹਾਸਲ ਹੋ ਸਕਦੀਆਂ ਹਨ, ਜਿੱਤਾਂ ਪਰਾਪਤ ਹੋ ਸਕਦੀਆਂ ਹਨ ਪਰ ਇਸ ਲਈ ਪਹਿਲਾਂ ਆਪਣੇ ਆਪ ਨੂੰ ਜਿੱਤਣਾ ਪਵੇਗਾ। ਹੋਰ ਕਿਸੇ ਨੂੰ ਜਿੱਤ ਲੈਣ ਦਾ ਤਾਂ ਸਾਨੂੰ ਕੋਈ ਪਛਤਾਵਾ ਵੀ ਹੋ ਸਕਦਾ ਹੈ ਪਰ ਆਪਣੇ ਆਪ ਨੂੰ ਜਿੱਤ ਕੇ ਕਦੇ ਕਿਸੇ ਨੂੰ ਪਛਤਾਵਾ ਨਹੀਂ ਹੋਇਆ। ਸਗੋਂ ਸਕੂਨ ਮਿਲਦਾ ਹੈ, ਚੰਗਾ ਲਗਦਾ ਹੈ। ਬੁਰੇ ਨਤੀਜੇ ਤਾਂ ਉਸ ਵਕਤ ਨਿਕਲਦੇ ਹਨ ਜਦੋਂ ਅਸੀਂ ਆਪਣੀਆਂ ਜ਼ੁੰਮੇਵਾਰੀਆਂ ਅਣਗੌਲੀਆਂ ਕਰਦੇ ਹਾਂ। ਕਾਮਯਾਬ ਹੋਣ ਦਾ ਉਪਰਾਲਾ ਕਰਨਾ ਬਹੁਤ ਚੰਗੀ ਗੱਲ ਹੈ। ਜਿੱਤਾਂ ਪਰਾਪਤ ਕਰਨੀਆਂ ਨਹਾਇਤ


Academy of the Punjab in North America: http://www.apnaorg.com

ਵਧੀਆ ਸੋਚ ਹੈ ਪਰ ਦੁਨੀਆਂ ਨੂੰ ਸਰ ਕਰਨ ਦਾ ਇਰਾਦਾ ਬਨਾਉਣ ਤੋਂ ਪਹਿਲਾਂ ਆਪਣੇ ਆਪ ਨੂੰ ਜਿੱਤਣਾ ਜਰੂਰੀ ਹੈ। ਬਜ਼ੁਰਗਾਂ ਤੋਂ ਸੁਣਿਆਂ ਕਰਦੇ ਸਾਂ "ਹੋਰ ਕਿਸੇ ਤੇ ਊਜ ਲਾਉਣ ਤੋਂ ਪਹਿਲੋਂ ਆਪਣੀ ਪੀੜ੍ਹੀ ਥੱਲੇ ਸੋਟਾ ਫੇਰ ਕੇ ਦੇਖੋ"॥

## ਇਨਸਾਨੀਅਤ

ਵਾਦੀਏ ਇਨਸਾਨੀਅਤ ਵਿੱਚ ਵੱਸ ਰਿਹਾ ਇਨਸਾਨ,
ਕਿਓਂ ਭਲਾ ਇਨਸਾਨੀਅਤ ਦੇ ਅਰਥ ਭੁੱਲਦਾ ਜਾ ਰਿਹਾ।
ਆਪਣੇ ਈਮਾਨ ਤੋਂ ਡੋਲਣ ਦੀ ਕੀਮਤ ਜਾਣਦਾ,
ਦਿਨੋਂ ਦਿਨ ਫਿਰ ਵੀ ਕਿਓਂ ਆਪਣੇ ਆਪ ਰੁਲਦਾ ਜਾ ਰਿਹਾ।
ਇਨਸਾਨੀਅਤ ਦੀਆਂ ਧੱਜੀਆਂ ਕਰ ਰਿਹਾ ਖੁਦ ਇਨਸਾਨ,
ਖੁਦ ਆਪਣੇ ਤੇ ਆਪਣਾਂ ਹੀ ਹੱਥ ਖੁੱਲਦਾ ਜਾ ਰਿਹਾ।
ਕਿਸ ਤੇ ਤੋਹਮਤ ਲਾ ਰਿਹਾ ਹੈ ਕਿਸਨੂੰ ਆਖ ਸੁਣਾ ਰਿਹਾ,
ਆਪਣੇ ਦਰਬਾਰ ਵਿੱਚ ਆਪਣੀ ਕਹਾਣੀ ਪਾ ਰਿਹਾ।
ਸਾਡੇ ਤੋਂ ਵੱਧ ਸਾਨੂੰ ਭਲਾ ਹੈ ਕੌਣ ਜ਼ਿਆਦਾ ਜਾਣਦਾ,
ਕਿਸ ਨੂੰ ਭੁਲੇਖਾ ਪਾ ਰਿਹਾ, ਹੈ ਕਿਸ ਦਾ ਮਨ ਪਰਚਾ ਰਿਹਾ।
ਆਪਣੇ ਚੱਕਰਵਿਊ ਵਿੱਚ ਆਪ ਹੀ ਫਸਿਆ ਪਿਆ,
ਆਪਣੀਂ ਤਾਕਤ ਨੂੰ ਆਪਣੇ ਆਪ ਤੇ ਅਜ਼ਮਾ ਰਿਹਾ।
ਘੇਸਲਾ ਹੋ ਕੇ ਘਰਾੜੇ ਮਾਰਦਾ ਸੋਚੀਂ ਪਿਆ,
ਘੁਮਣਘੇਰੀ ਸੋਚ ਦੀ ਵਿੱਚ ਆਪ ਗੋਤੇ ਖਾ ਰਿਹਾ।
ਇਨਸਾਨੀਅਤ ਇਨਸਾਨ ਦੀ ਰਿਸ਼ਤੇ ਵਿੱਚ ਸਭ ਤੋਂ ਸਖੀ,
ਜਿਸਦੇ ਲੜ ਲੱਗਣਾਂ ਸੀ, ਬੱਸ ਉਸਤੋਂ ਹੀ ਲੜ ਛਡਵਾ ਰਿਹਾ।
ਵਾਦੀਏ ਇਨਸਾਨੀਅਤ ਵਿੱਚ ਵੱਸ ਰਿਹਾ ਇਨਸਾਨ,
ਕਿਓਂ ਭਲਾ ਇਨਸਾਨੀਅਤ ਦੇ ਅਰਥ ਭੁੱਲਦਾ ਜਾ ਰਿਹਾ।


Academy of the Punjab in North America: http://www.apnaorg.com

# ਸਾਡੀ ਬੋਲ ਚਾਲ

ਸਾਡੇ ਬੋਲਾਂ ਵਿੱਚੋਂ ਸਾਡੀ ਸ਼ਖਸ਼ੀਅਤ ਦੇ ਦਰਸ਼ਨ ਹੋ ਜਾਂਦੇ ਹਨ। ਜੇ ਕਿਸੇ ਕੋਲ ਬਹੁਤ ਸਾਰਾ ਧਨ ਮਾਲ ਹੋਵੇ , ਸਰੀਰਕ ਤੌਰ ਤੇ ਵੀ ਬਲਵਾਨ ਹੋਵੇ, ਬਹੁਤ ਮੈਂਬਰ ਹੋਣ ਉਸਦੇ ਪਰਵਾਰ ਦੇ ਪਰ ਜੇ ਉਸਨੂੰ ਗੱਲ ਨਹੀਂ ਕਰਨੀ ਆਉਂਦੀ ਤਾਂ ਉਹ ਕਿਸੇ ਨੂੰ ਪਰਭਾਵਤ ਨਹੀਂ ਕਰ ਸਕਦਾ। ਜੇ ਤੁਹਾਡੀ ਗੱਲ ਦਾ ਕੋਈ ਪਰਭਾਵ ਹੀ ਨਹੀਂ ਤਾਂ ਫਿਰ ਗੱਲ ਕਰਨ ਦੇ ਅਰਥ ਕੀ ਨਿਕਲੇ। ਹਰ ਪਿੰਡ ਹਰ ਸੰਸਥਾ ਨੂੰ ਹਰ ਦੇਸ਼ ਨੂੰ ਹਰ ਕੌਮ ਨੂੰ ਵਧੀਆ ਲੀਡਰ ਚਾਹੀਦੇ ਹਨ। ਧਰਮ ਚਲਾਉਣ ਵਾਸਤੇ ਵੀ ਰਾਜਨੀਤੀ ਜ਼ਰੂਰੀ ਹੈ, "ਰਾਜ ਬਿਨਾ ਨਾ ਧਰਮ ਚਲੇ ਹੈ" ਲੇਕਿਨ ਰਾਜੇ ਨੂੰ ਜੇ ਕਰ ਗੱਲ ਨਹੀਂ ਕਰਨੀ ਆਉਂਦੀ ਤਾਂ "ਅੰਨ੍ਹਾਂ ਆਗੂ ਥਾਪੀਏ" ਵਾਲੀ ਗੱਲ ਹੋ ਜਾਵੇਗੀ। ਪੰਜਾਬੀਆਂ ਵਿੱਚ ਖਾਸਕਰ ਸਿੱਖਾਂ ਵਿੱਚ ਅਜਕਲ ਦੋ ਚਰਚੇ ਆਮ ਤੌਰ ਤੇ ਚੱਲ ਰਹੇ ਹਨ, ਸ਼੍ਰੀ ਅਕਾਲ ਤਖਤ ਸਾਹਿਬ ਅਤੇ ਦਸਮ ਗ੍ਰੰਥ। ਜਿਸ ਨਾਲ ਮਰਜ਼ੀ ਗੱਲ ਕਰਕੇ ਵੇਖ ਲਵੋ ਹਰ ਕੋਈ ਆਪਣਾ ਬਿਆਨ ਦੇਣ ਨੂੰ ਤਿਆਰ ਹੈ। ਪਰ ਪੜ੍ਹਨਾ ਤਾਂ ਇੱਕ ਪਾਸੇ ਰਿਹਾ 99 ਗਾਲੜੀਆਂ ਨੇ ਦਸਮ ਗ੍ਰੰਥ ਦੇ ਦਰਸ਼ਨ ਵੀ ਨਹੀਂ ਕੀਤੇ। ਅਕਾਲ ਤਖਤ ਸਿੱਖਾਂ ਦੇ ਧਰਮ ਰਾਜ ਦਾ ਸਿੰਘਾਸਨ ਹੈ। ਧਰਮਰਾਜ ਨੂੰ ਨਸੀਅਤ ਕੋਈ ਨਹੀਂ ਦੇ ਸਕਦਾ। ਦਸਮ ਗ੍ਰੰਥ ਬਾਰੇ ਗੱਲਾਂ ਕਰਨ ਵਾਲੇ ਕਿਸੇ ਵਿਰਲੇ ਨੂੰ ਹੀ ਸ਼ਾਇਦ ਪਤਾ ਹੋਵੇ ਕਿ 1897 ਵਿੱਚ 32 ਵੱਖ ਵੱਖ ਦਸਮ ਗ੍ਰੰਥ ਸਨ। ਮਾਜੂਦਾ ਦਸਮ ਗ੍ਰੰਥ ਵਿੱਚ 1428 ਅੰਗਾਂ ਵਿੱਚੋਂ 1100 ਦੇ ਕਰੀਬ ਅੰਗਾਂ ਵਿੱਚ ਪਾਤਰ ਚਿਤਰਣ ਹੈ, ਤ੍ਰਿਆ ਚਰਿਤ੍ਰ ਜਿਸ ਨੂੰ ਚਰਿਤ੍ਰੋਪਖਿਆਨ ਵੀ ਆਖਦੇ ਹਨ, ਚੌਵੀਸ ਅਵਤਾਰ, ਬਚਿੱਤ੍ਰ ਨਾਟਕ, ਚੰਡੀ ਚਰਿਤ੍ਰ, ਗਿਆਨ ਪ੍ਰਬੋਧ, ਬ੍ਰਹਮਾਂ ਅਵਤਾਰ ਤੇ ਰੁਦਰ ਅਵਤਾਰ ਸਾਰੇ ਵੇਦਾਂ ਸ਼ਾਸਤਰਾਂ ਤੇ ਉਪਨਿਸ਼ਦਾਂ ਵਿਚਲੇ ਪਾਤਰਾਂ ਦਾ ਚਿਤ੍ਰਣ ਹੈ। ਨੁਕਤਾ ਨਿੱਕਾ ਹੈ ਪਰ ਸਮਝਣਾ ਨਾ ਸਮਝਣਾਂ ਤੁਹਾਡੀ ਆਜ਼ਾਦੀ ਹੈ ਕਿ ਜਿਹੜਾ ਵੀ ਦਸਮ ਗ੍ਰੰਥ ਦੀ ਗੱਲ ਕਰੇ ਉਸਨੂੰ ਬੇਨਤੀ ਕਰੀਏ ਕਿ ਜਾਹ ਵੀਰਾ ਪਹਿਲਾਂ ਦਸਮ ਗ੍ਰੰਥ ਪੜ੍ਹਕੇ ਦੇਖ ਫਿਰ ਆਪਾਂ ਗੱਲ ਕਰਾਂਗੇ।

ਗੱਲ ਜਰੂਰ ਕਰੋ ਗੱਲ ਕਰਨ ਤੋਂ ਬਿਨਾ ਵਿਚਾਰ ਨਹੀਂ ਹੋ ਸਕਦਾ ਪਰ ਬੇਮੈਹਿਨੀ ਕਲਾਮ ਕਰਨ ਦਾ ਕੀ ਲਾਭ। ਪੜ੍ਹਨ ਸਮਝਣ ਤੋਂ ਬਿਨਾਂ ਸਮਝਾਇਆ ਨਹੀਂ ਜਾ ਸਕਦਾ। ਗੱਲ ਕਰਨ ਦਾ ਸਲੀਕਾ ਵੀ ਹੋਣਾ ਚਾਹੀਦਾ ਜੇ ਗਿਆਨ ਹੋਵੇ ਪਰ ਗੱਲ ਤਰਤੀਬ ਨਾਲ ਨਾ ਕੀਤੀ ਜਾਵੇ ਤਾਂ ਵੀ ਸਮਝ ਨਹੀਂ ਲੱਗ ਸਕਦੀ। ਲਿਆਕਤ ਵੀ ਬਹੁਤ ਜਰੂਰੀ ਹੈ ਪਰ ਜਿੰਨਾ ਚਿਰ ਸਰੋਤਿਆਂ ਨੂੰ ਸਮਝ ਨਾਂ ਆਵੇ ਤਾਂ ਗੱਲ ਬਣਦੀ ਨਹੀਂ। ਗੱਲ ਜਿੰਨੀਂ ਮਰਜ਼ੀ ਪਾਏਦਾਰ ਹੋਵੇ ਪਰ ਜੇ ਸਮਝ ਹੀ ਨਾ ਆਵੇ ਤਾਂ ਕੀ ਗੱਲ ਬਣੀ। ਗੱਲਾਂ ਕਰਨ ਦਾ ਇੱਕ ਨੁਕਤਾ ਇਹ ਵੀ ਹੈ ਕਿ ਜੇ ਤੁਹਾਡੇ ਵਿੱਚ ਨਿਮਰਤਾ ਨਹੀਂ, ਜੇ ਇਵੇਂ ਲਗਦਾ ਹੋਵੇ ਜਿਵੇਂ ਤੁਸੀਂ ਰੋਅਬ ਪਾ ਰਹੇ ਹੋ ਤਾਂ ਵੀ ਗੱਲ ਨਹੀਂ ਬਣ ਸਕਦੀ। ਹਰ ਕਿਸੇ ਦੀ ਆਪਣੀ ਵੀ ਰੁੱਖੀ ਮਿੱਸੀ ਸ਼ਾਂਨ ਹੁੰਦੀ ਹੈ। ਗੱਲ ਬਾਤ ਵਿੱਚ ਦਿਆਲੂ ਹੋਣ ਨਾਲ ਹੀ ਤੁਸੀਂ ਪਰਭਾਵ ਪਾ ਸਕਦੇ ਹੋ। ਵਾਰਤਾਲਾਪ ਕਦੇ ਵੀ ਇੱਕ ਪਾਸੜ ਨਹੀਂ ਹੋ ਸਕਦੀ ਤੁਸੀਂ ਵਧੀਆ ਟੋਨ ਵਿੱਚ ਗੱਲ ਕਰਦੇ ਹੋ ਤਾਂ ਅਗਲਾ ਵੀ ਕੋਸ਼ਿਸ਼ ਕਰੇਗਾ ਉਸੇ ਟੋਨ ਵਿੱਚ ਬੋਲਣ ਦੀ। ਸੋ ਉਹ ਬੋਲੀ ਬੋਲੋ ਜੋ ਤੁਸੀਂ ਸੁਣਨਾ ਚਾਹੁੰਦੇ ਹੋ। ਓਨੀ ਗੱਲ ਕਰੀਏ ਜਿੰਨੀ ਅਸੀਂ ਸੁਣਨਾਂ ਪਸੰਦ ਕਰਦੇ ਹਾਂ। ਮੇਰੇ ਇੱਕ ਕਰੀਬੀ ਬਿਜ਼ਨਸਮੈਨ ਮਿੱਤਰ ਦੀ ਧਰਮ ਪਤਨੀ ਬਹੁਤ ਹੀ ਵਿਦਵਾਨ ਹੈ ਅਮਰੀਕਨ ਬੱਚਿਆਂ ਨੂੰ ਹਾਈ ਸਕੂਲ ਵਿੱਚ ਪੜ੍ਹਾਉਂਦੀ ਹੈ। ਬਹੁਤ ਵਧੀਆ ਲੋਕਾਂ ਨਾਲ ਉੱਠਣੀ ਬੈਠਣੀ ਵੀ ਹੈ ਪਰ ਉਹ ਜਿਸ ਮਹਿਫਲ ਵਿੱਚ ਵੀ ਬੈਠੀ ਹੋਵੇ ਸਭ ਨੂੰ ਪਤਾ ਹੁੰਦਾ ਹੈ ਕਿ ਅੱਜ ਹੋਰ ਕਿਸੇ ਦੀ ਵਾਰੀ ਨਹੀਂ ਆਉਣੀ ਗੱਲ ਕਰਨ ਦੀ। ਘੇਅ ਵੀ ਬਹੁਤਾ ਨਹੀਂ ਖਾਧਾ ਜਾਂਦਾ। ਹਿੰਦੀ ਪੰਜਾਬੀ ਤੇ ਉਰਦੂ ਅਜ਼ਾਦੀ ਤੋਂ ਪਹਿਲਾਂ ਇੱਕ ਹੀ ਭਾਸ਼ਾ ਸੀ, ਅੱਜ ਵੀ ਜੇ ਕੋਈ ਸਰਲ ਹਿੰਦੀ, ਸਰਲ ਪੰਜਾਬੀ ਜਾਂ ਸਰਲ ਉਰਦੂ ਬੋਲਦਾ ਹੈ ਤਾਂ ਸਭ ਨੂੰ ਸਮਝ ਲਗਦੀ ਹੈ। ਪਰ ਜਦੋਂ ਸੰਸਕ੍ਰਿਤ ਫਾਰਸੀ ਜਾਂ ਔਖੀ ਸਬਦਾਵਲੀ ਵਰਤਦੇ ਹਾਂ ਤਾਂ ਸਮਝ ਨਹੀਂ


Academy of the Punjab in North America: http://www.apnaorg.com

ਲਗਦੀ। ਦੋ ਕੁ ਮਹੀਨਿਆਂ ਦੀ ਗੱਲ ਹੈ ਮੈਂ ਇੱਕ ਸੈਮੀਨਾਰ ਵਿੱਚ ਹਿੱਸਾ ਲੈਣ ਗੁਰੂ ਨਾਨਕ ਦੇਵ ਯੂਨੀਵਰਸਿਟੀ ਗਿਆ। ਪਰਧਾਨਗੀ ਕਰਨ ਆਏ ਬਹੁਤ ਉੱਚੀ ਪਦਵੀ ਵਾਲੇ ਵਿਦਵਾਨ ਨੇ ਦੱਸਿਆ ਕਿ ਪੰਜਾਬੀ ਕਵਿਤਾ ਤੇ ਸੈਮੀਨਾਰ ਵਿੱਚ ਬੋਲਣ ਲਈ ਉਨ੍ਹਾਂ ਨੇ ਡਾਕਟਰ ਸੁਹਿੰਦਰਬੀਰ ਪ੍ਰੋਫੈਸਰ ਨੂੰ ਜੋ ਕਿ ਉਸ ਸੈਮੀਨਾਰ ਦੇ ਡਾਰੈਕਟਰ ਸਨ ਬੇਨਤੀ ਕੀਤੀ ਕਿ ਤਕਰੀਰ ਲਿਖ ਕੇ ਦੇਣ ਪਰ ਉਨ੍ਹਾਂ ਦੱਸਿਆ ਕਿ ਸੁਹਿੰਦਰਬੀਰ ਨੇ ਐਸੀ ਭਾਸ਼ਾ ਲਿਖੀ ਕਿ ਅੱਧੀ ਸਮਝ ਲੱਗੀ ਅੱਧੀ ਨਹੀਂ ਲੱਗੀ। ਸੋ ਜੇ ਸਰਲ ਤੇ ਸਪਸ਼ਟ ਗੱਲ ਹੀ ਸਮਝ ਲੱਗ ਸਕਦੀ ਹੈ ਤਾਂ ਇਹ ਨੁਕਤਾ ਹੀ ਠੀਕ ਹੈ॥

ਮਨ ਦੀ ਮੈਲ ਮਨੋਂ ਨਾਂ ਉਤਰੀ, ਮਲ ਮਲ ਪਿੰਡੇ ਨ੍ਹਾਈਦਾ ।
ਸੁੰਦਰ ਸੋਹਣੇ ਵਸਤਰ ਪਾ ਕੇ ਅਤਰ ਫਲੇਲ ਲਗਾਈਦਾ ।
ਹੌਮੇ ਤੇ ਹੰਕਾਰ ਨਾਂ ਹਟਿਆ ਦਿਲ ਨੂੰ ਬੜਾ ਹਟਾਈਦਾ ।
ਮਾਲਕ ਦੇ ਮੰਦਰਾਂ ਵਿੱਚ ਜਾ ਕੇ ਨਿੱਤ ਨਿੱਤ ਸੀਸ ਝੁਕਾਈਦਾ ।
ਮੋਹ ਮਮਤਾ ਮਨ ਵਿੱਚ ਬੈਠੀ ਹੈ ਮਨ ਨੂੰ ਬੜਾਂ ਮਨਾਈਂਦਾ ।
ਆਪਣਾਂ ਮਨ ਕਾਬੂ ਨਹੀਂ ਆਉਂਦਾ ਲੋਕਾਂ ਨੂੰ ਸਮਝਾਈਦਾ ।
ਧਰਮ ਦਾ ਮਤਲਬ ਖੁਦ ਨਾ ਜਾਣਾਂ ਧਰਮੀ ਰੂਪ ਬਣਾਈਦਾ ।
ਦੁਨੀਆਂ ਦੇ ਨਿਪਟਾਰੇ ਖਾਤਰ ਡਮ ਡਮ ਡਗਾ ਵਜਾਈਦਾ ।
ਹਰ ਦਮ ਹੌਮੇ ਅੰਗ ਸੰਗ ਰਹਿੰਦੀ ਪਲ ਪਲ ਲੜ ਛਡਵਾਈਦਾ ।
ਪੰਜੇ ਦੂਤ ਅਸਾਂ ਤੋਂ ਤਕੜੇ ਖੁਦ ਤਕੜੇ ਅਖਵਾਈਦਾ ।
ਜੇ ਕੋਈ ਗੱਲ ਸਿਰੇ ਨਾਂ ਚੜ੍ਹਦੀ ਬੜਾ ਗੁੱਸੇ ਵਿੱਚ ਆਈਦਾ ।
ਵਿਸ਼ਵਾਮਿੱਤਰ ਤੋਂ ਵੀ ਵਧੀਆ ਧਰਮਰਾਜ ਬਣਵਾਈਦਾ ।
ਮੋਹ ਮਾਇਆ ਕਿੱਨੀ ਛੋਟੀ ਹੈ ਇੱਕ ਦਮ ਇਹ ਭੁਲ ਜਾਈਦਾ
ਅੱਜ ਏਨਾ ਵੀ ਭੁਲਦਾ ਜਾਂਦਾ ਕਿੱਦਾਂ ਰਾਮ ਮਨਾਈਂਦਾ ।
ਗੁਨ੍ਹਾਗਾਰ ਗਨਕਾ ਨੂੰ ਫਿਰ ਤੋਂ ਕਿੱਦਾਂ ਮੁਕਤ ਕਰਾਈਦਾ ।
ਖੁਦ ਹੀ ਖੈਰ ਕਰੇ ਜੇ ਮਾਲਕ ਤਾਂ ਚਰਨੀ ਚਿੱਤ ਲਾਈਦਾ ।
ਅਠਸਠ ਤੀਰਥ ਓਥੇ ਹਾਜ਼ਰ ਜਿੱਥੇ ਨਾਮ ਧਿਆਈਦਾ ।


Academy of the Punjab in North America: http://www.apnaorg.com

# ਸਾਡੀ ਨਜ਼ਰੇ

ਅਸੀਂ ਕਿਸ ਗੱਲ ਨੂੰ ਕਿੰਨੀ ਕੁ ਗੰਭੀਰਤਾ ਨਾਲ ਲੈਂਦੇ ਹਾਂ ਇਹ ਸਾਡੀ ਆਪੋ ਆਪਣੀ ਯੋਗਤਾ ਹੁੰਦੀ ਹੈ। ਕਈ ਵਾਰ ਅਸੀਂ "ਵਾਲ ਕੀ ਖਾਲ" ਉਤਾਰ ਦੇਂਦੇ ਹਾਂ ਤੇ ਕਈ ਵਾਰ ਵੱਡੀਆਂ ਵੱਡੀਆਂ ਗੱਲਾਂ ਨੂੰ ਸਰਸਰੀ ਸਮਝ ਕੇ ਕੋਈ ਗੌਰ ਹੀ ਨਹੀਂ ਕਰਦੇ। ਸਿਆਣੇ ਲੋਕ ਜੋ ਅਸਲੀਅਤ ਜਾਣਨਾ ਚਾਹੁੰਦੇ ਹਨ ਉਹ ਗੱਲ ਦੀ ਜੜ੍ਹ ਤੱਕ ਜਾਂਦੇ ਹਨ, ਕਾਰਣ ਦਾ ਪਤਾ ਲਾਉਂਦੇ ਹਨ। ਜੇ ਸਮੱਸਿਆ ਦੀ ਜੜ੍ਹ ਦਾ ਪਤਾ ਲੱਗ ਜਾਵੇ ਤਾਂ ਹੱਲ ਲੱਭਣਾ ਸੌਖਾ ਹੋ ਜਾਂਦਾ ਹੈ। ਮੁੜ ਘਿੜ ਬੋਹੜ ਥੱਲੇ ਵਾਲੀ ਹੀ ਗੱਲ ਹੈ ਕਿ ਕਾਰਣ ਲੱਭਣ ਲਈ ਸਮੱਸਿਆ ਦਾ ਪਤਾ ਕਰਨਾ ਪਊ ਤੇ ਸਮੱਸਿਆ ਦਾ ਪਤਾ ਲਾਉਣ ਲਈ ਸਮੱਸਿਆ ਬਾਰੇ ਜਾਣਕਾਰੀ ਹਾਸਲ ਕਰਨੀ ਪਊ ਤੇ ਮੁੱਕਦੀ ਗੱਲ ਜਾਣਕਾਰੀ ਹਾਸਲ ਕਰਨ ਲਈ ਪੜਣਾ ਪਊ। ਜੇ ਸਾਡੇ ਵਿੱਚ ਕੁਝ ਕਰ ਸਕਣ ਦਾ ਹੌਂਸਲਾ ਹੈ ਤਾਂ ਉਸਨੂੰ ਕਰ ਵਿਖਾਈਏ ਤਾਂ ਹੀ ਠੀਕ ਹੈ। ਜੇ ਅਸੀਂ ਇਹ ਹੀ ਸੋਚਦੇ ਰਹਿ ਜਾਈਏ ਕਿ ਮੈਂ ਕਿਉਂ ਪੰਗੇ ਲਵਾਂ ਤਾਂ ਸਾਰੇ ਇਵੇਂ ਹੀ ਸੋਚਣ ਫਿਰ ਗੱਲ ਨਿੱਤਰੇ ਕਿਵੇਂ। ਪੂਰੇ ਹੌਂਸਲੇ ਨਾਲ ਆਪਣੀ ਪੂਰੀ ਲਿਆਕਤ ਦਾ ਇਸਤੇਮਾਲ ਕਰਕੇ ਸਹੀ ਹੱਲ ਲੱਭਣ ਵਿੱਚ ਹੀ ਮਰਦਾਨਗੀ ਹੈ। ਚੱਲ ਛੱਡ ਪਰ੍ਹਾਂ ਕਰਨ ਵਾਲੇ ਤਾਂ ਬਹੁਤ ਹੁੰਦੇ ਹਨ ਪਰ ਉਹ ਲੋਕ ਕਿਸਮਤ ਵਾਲੇ ਹੁੰਦੇ ਹਨ ਜੋ ਕੁਝ ਕਰ ਵਿਖਾਉਂਦੇ ਹਨ। ਇਹ ਸਾਡੇ ਤੇ ਨਿਰਭਰ ਕਰਦਾ ਹੈ ਕਿ ਅਸੀਂ ਵੀ ਕੋਈ ਨੁਕਤਾ ਜਾਣਦੇ ਹਾਂ ਜਾਂ ਨਹੀਂ, ਕੁਝ ਕਹਿ ਸਕਣ ਦੀ ਹਿੰਮਤ ਰੱਖਦੇ ਹਾਂ ਜਾਂ ਨਹੀਂ। ਜੇ ਕੁਝ ਕਹਿਣ ਦੀ ਜ਼ੁਰਰਤ ਹੈ ਤਾਂ ਕਹਿ ਦਿਓ ਹੋ ਸਕਦਾ ਤੁਹਾਡੀ ਆਵਾਜ਼ ਵਿੱਚ ਰਲਣ ਵਾਲੇ ਕਈ ਹੋਰ ਉੱਠ ਖੜ੍ਹੇ ਹੋਣ।

ਦੁਨੀਆਂ ਭਰ ਵਿੱਚ ਸਿੱਖ ਅੱਜਕਲ ਵਸਾਖੀ ਮਨਾ ਰਹੇ ਹਨ। ਲੱਖਾਂ ਸ਼ਾਇਦ ਕਰੋੜਾਂ ਲੋਕਾਂ ਨੇ ਵਸਾਖੀ ਦੀਆਂ ਵਧਾਈਆਂ ਦਿੱਤੀਆਂ ਹੋਣਗੀਆਂ। ਸਾਡੀ ਨਜ਼ਰੇ ਖਾਲਸੇ ਦੀ ਸਿਰਜਣਾ ਦਾ ਕਾਰਣ, ਘਟਨਾਵਾਂ ਤੇ ਨਤੀਜੇ ਕੀ ਨਿਕਲੇ ਸਾਡੀ ਆਪੋ ਆਪਣੀ ਸੋਚਣੀ ਤੇ ਨਿਰਭਰ ਕਰਦਾ ਹੈ। ਗੁਰੂ ਨੇ ਸੀਸ ਮੰਗੇ, ਪੰਜ ਸੀਸ ਪਰਵਾਨ ਹੋਏ, ਅੰਮ੍ਰਿਤ ਸ਼ਕਾਇਆ ਗਿਆ, ਗੁਰੂ ਨੇ ਵੀ ਅੰਮ੍ਰਿਤ ਸ਼ਕਿਆ ਖਾਲਸਾ ਸਾਜਿਆ ਗਿਆ। ਚਲੋ ਸਾਰੇ ਹਰ ਸਾਲ ਇੱਕ ਦੂਜੇ ਨੂੰ ਵਧਾਈਆਂ ਦੇਈਏ, ਹੋ ਸਕੇ ਤਾਂ ਕੋਈ ਵਿਰਲਾ ਵਾਂਝਾ ਅੰਮ੍ਰਿਤ ਸ਼ਕ ਲਵੇ ਗੱਲ ਖਤਮ। ਹਰ ਇਨਸਾਨ ਦੀ ਇੱਕ ਵੇਖਣ ਵਾਲੀ ਨਜ਼ਰ ਹੁੰਦੀ ਹੈ ਅਤੇ ਇੱਕ ਦਿੱਬ ਦ੍ਰਿਸ਼ਟੀ ਹੁੰਦੀ ਹੈ। ਅਸੀਂ ਆਮ ਤੌਰ ਤੇ ਦੇਖਣ ਵਾਲੀ ਨਜ਼ਰ ਤੱਕ ਹੀ ਸੀਮਤ ਰਹਿਨੇ ਆਂ। ਜਿੰਨਾ ਚਿਰ ਦਿੱਬ ਦ੍ਰਿਸ਼ਟੀ ਨਹੀਂ ਕੰਮ ਕਰਦੀ ਅਸੀਂ ਨੁਕਤੇ ਦੀ ਗਹਿਰਾਈ ਤੱਕ ਨਹੀਂ ਪਹੁੰਚ ਸਕਦੇ। ਦਿੱਬ ਦ੍ਰਿਸ਼ਟੀ ਸਿਰਫ ਬਰ੍ਹਮਗਿਆਨੀਆਂ ਦੀ ਹੀ ਨਹੀਂ ਹੋਇਆ ਕਰਦੀ ਹਰ ਕਿਸੇ ਕੋਲ ਉਹ ਅੱਖ ਹੈ ਅਸੀਂ ਜਾਣੀਏਂ ਜਾਂ ਨਾ ਜਾਣੀਏਂ। ਜੀਸਸ ਕਰਾਈਸਟ ਕਰੌਸ ਉੱਤੇ ਮਰ ਗਿਆ ਦੁਨੀਆਂ ਨੂੰ ਗਲਤੀਆਂ ਤੋਂ ਮੁਆਫੀ ਦਿਵਾਉਣ ਵਾਸਤੇ ਤੇ ਮਰ ਕੇ ਅਮਰ ਹੋ ਗਿਆ। ਗੋਬਿੰਦ ਸਿੰਘ ਦੇ ਖਾਲਸੇ ਲਈ ਰੱਬ ਨੂੰ ਜਾਂ ਰੱਬ ਦੇ ਕਿਸੇ ਪੁੱਤਰ ਨੂੰ ਮਰਨ ਦੀ ਕੋਈ ਲੋੜ ਨਹੀਂ। ਖਾਲਸਾ ਖੁਦ ਸੀਸ ਹਾਜ਼ਰ ਕਰਦਾ ਹੈ। ਸੀਸ ਗੁਰੂ ਨੂੰ ਸੌਂਪ ਕੇ ਅਮਰ ਹੋ ਜਾਣ ਦੀ ਜਾਚ ਗੁਰੂ ਪਿਤਾ ਨੇ ਅਮਰ ਕਰਕੇ ਤੇ ਆਪ ਅਮਰ ਹੋ ਕੇ ਸਿਖਾਈ। ਸਿਰ ਵਿੱਚ ਹੀ ਸਾਰੀਆਂ ਗਲਤੀਆਂ ਦੀ ਵਰਕਸ਼ਾਪ ਹੈ ਤੇ ਜੇ ਵਰਕਸ਼ਾਪ ਹੀ ਸਾਡੀ ਨਾ ਹੋਵੇ, ਸੀਸ ਸਾਡਾ ਰਿਹਾ ਹੀ ਨਹੀਂ ਤਾਂ ਗਲਤੀਆਂ ਕਿਵੇਂ ਪੈਦਾ ਹੋਣਗੀਆਂ। ਸੋਚ ਗੁਰੂ ਦੀ ਹੋ ਜਾਵੇ ਤਾਂ ਸਾਡਾ ਸਭ ਕੁਝ ਗੁਰੂ ਦਾ ਹੈ। ਮੇਰਾ ਮੁਝ ਮੇਂ ਕਿਛ ਨਹੀਂ ਜੋ ਕਿਛ ਹੈ ਸੋ ਤੇਰਾ ਤਾਂ ਫਿਰ ਰੱਬ ਦਾ ਸਭ ਕੁਝ ਹੋਇਆ ਅਮਰ ਕਰਨ ਵਾਲੇ ਵਿੱਚ ਤੇ ਹੋਣ ਵਾਲੇ ਵਿੱਚ ਕੋਈ ਫਰਕ ਹੀ ਨਾ ਹੋਇਆ। ਜਿਸਦਾ ਜਨਮ ਹੋਵੇ ਉਸਦੀ ਮੌਤ ਵੀ ਨਿਸ਼ਚਿਤ ਹੈ। ਅਮਰ ਹੋਣ ਲਈ ਸਰੀਰਕ ਤੌਰ ਤੇ ਮਰਨਾ ਲਾਜ਼ਮੀ ਹੈ। ਖਾਲਸੇ ਦਾ ਜਨਮ ਨਹੀਂ ਹੋਇਆ। ਖਾਲਸਾ ਪ੍ਰਗਟਿਓ ਪਰਮਾਤਮ ਕੀ ਮੌਜ ਜਨਮ ਲੈਣ ਵਾਲਾ ਤਾਂ ਹਰ ਇਨਸਾਨ ਹੈ। ਨੁਕਤਾ ਇਹ ਹੈ ਕਿ ਸਾਨੂੰ ਪਰਗਟ ਹੋਣਾ ਆਉਂਦਾ ਹੈ ਕਿ ਨਹੀਂ। ਨਾਸ਼ਵਾਨ ਪੰਚਭੂਤਕ ਮਾਟੀ ਕੇ ਪੁਤਲੇ ਨੂੰ


Academy of the Punjab in North America: http://www.apnaorg.com

ਅਮਰ ਕਰਨ ਦੀ ਵਿਧੀ ਤਾਂ ਗੁਰੂ ਸਮਝਾ ਗਿਆ ਪਰ ਸਾਨੂੰ ਉਸ ਵਿਧੀ ਦਾ ਵਿਧਾਨ ਯਾਦ ਹੈ ਕਿ ਨਹੀਂ। ਸਾਲ ਵਿੱਚ ਇੱਕ ਦਿਨ ਖੱਟੀਆਂ ਪੱਗਾਂ ਬੰਨ੍ਹ ਕੇ ਕੀ ਬਣੇਗਾ। ਗੁਰੂ ਨਾਨਕ ਦੇਵ ਜੀ ਨੇ ਇੱਕ ਮਿਸ਼ਨ, ਇੱਕ ਮੰਜ਼ਿਲ ਦੀ ਪਰਾਪਤੀ ਕਰਨ ਲਈ ਇਨਸਾਨ ਨੂੰ ਸੁਚੇਤ ਕੀਤਾ, ਭਈ ਪਰਾਪਤ ਮਾਨੁਖ ਦੇਹੁਰੀਆ, ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ। ਉਸ ਮੰਜ਼ਿਲ ਦੀ ਪਰਾਪਤੀ ਕਰਨ ਲਈ ਦਸਮ ਪਿਤਾ ਨੇ ਮਾਰਗ ਦਰਸਾਇਆ। ਖਾਲਸਾ ਪੰਥ ਹੈ, ਮਾਰਗ ਹੈ, ਮੰਜ਼ਿਲ ਤੇ ਪਹੁੰਚਣ ਦਾ ਵਿਧੀ ਵਿਧਾਨ ਹੈ। ਜੇ ਕਿਧਰੇ ਸਾਨੂੰ ਗੁਰੂ ਦੀ ਗੱਲ ਤੇ ਪੂਰਣ ਵਿਸ਼ਵਾਸ਼ ਹੁੰਦਾ ਤਾਂ ਅਸੀਂ ਅੱਜ ਤੱਕ ਸਿਰਫ ਢਾਈ ਕਰੋੜ ਹੀ ਨਾ ਰਹਿ ਜਾਂਦੇ ਤੇ ਮਗਰੋਂ ਜੰਮੇਂ ਢਾਈ ਸੌ ਕਰੋੜ ਕਿਵੇਂ ਹੋਏ ਚਲੋ ਨੁਕਤਾ ਸਮਝੀਏ:--

ਹਰ ਇਸਾਈ ਪੂਰਣ ਵਿਸ਼ਵਾਸ਼ ਨਾਲ ਬਾਈਬਲ ਤੇ ਯਕੀਨ ਕਰਦਾ ਹੈ, ਗੱਲ ਯਕੀਨ ਕਰਨ ਵਾਲੀ ਹੈ ਕਿ ਨਹੀਂ ਇਸ ਪਾਸੇ ਨੂੰ ਜਾਂਦੇ ਹੀ ਨਹੀਂ। ਹਰ ਧਰਮ ਸਿਰਜਣਾ ਦੀ ਗੱਲ ਕਰਦਾ ਹੈ। ਬਾਈਬਲ ਅਨੁਸਾਰ ਸਿਰਜਣਾ ਦੀ ਗੱਲ ਕਰੀਏ। "ਸ਼ੁਰੂ ਵਿੱਚ ਰੱਬ ਨੇ ਸਵਰਗ ਅਤੇ ਧਰਤੀ ਬਣਾਈ", ਉਸ ਵਕਤ ਜੇ "ਸਪਿਰਟ ਔਫ ਗੌਢ ਵਾਸ ਹੂਵਰਿੰਗ ਓਵਰ ਦੀ ਫੇਸ ਔਫ ਵਾਟਰ" ਤਾਂ ਤੇ ਪਾਣੀ ਹੈ ਸੀ, ਹਵਾ ਤੋਂ ਬਿਨਾ ਪਾਣੀ ਬਣ ਹੀ ਨਹੀਂ ਸਕਦਾ, ਇਸਦਾ ਮਤਲਬ ਹਵਾ ਵੀ ਸੀ, ਸੇਕ ਬਿਨਾ ਅਗਨੀ ਬਿਨਾ ਹਵਾ ਨਹੀਂ ਬਣ ਸਕਦੀ ਤਾਂ ਫਿਰ ਅਗਨ ਵੀ ਸੀ। ਆਕਾਸ਼ ਬਿਨਾ ਅਗਨ ਦਾ ਕਿਆਸ ਵੀ ਨਹੀਂ ਕੀਤਾ ਜਾ ਸਕਦਾ। ਧਰਤੀ, ਆਕਾਸ਼, ਅਗਨ, ਹਵਾ ਅਤੇ ਪਾਣੀ ਜੇ ਸਭ ਕੁਝ ਹੈ ਸੀ ਤਾਂ ਬਾਈਬਲ ਵਿਚਲੇ ਰੱਬ ਨੇ ਕੀ ਬਣਾਇਆ? ਜਾਦੂ ਨਾਲ ਵਨਸਪਤੀ, ਪਸ਼ੂ ਪੰਛੀ, ਪਾਣੀ ਵਿਚਲੇ ਜੀਵ, ਖੰਡ ਬ੍ਰਿਮੰਡ ਬਣਾ ਕੇ ਫਿਰ ਮਿੱਟੀ ਦੀ ਢੇਰੀ ਇਕੱਠੀ ਕਰਕੇ ਬੰਦੇ ਨੂੰ ਪੈਦਾ ਕੀਤਾ। ਜੇ ਐਨਾ ਸਭ ਕੁਝ ਰੱਬ ਬਣਾ ਸਕਦਾ ਸੀ ਛੇ ਦਿਨਾ ਵਿੱਚ ਤਾਂ ਔਰਤ ਬਨਾਉਣ ਵਾਰੀਂ ਬੰਦੇ ਦੀ ਪੱਸਲੀ ਦੀ ਕੀ ਲੋੜ ਸੀ। ਨੁਕਤਾ ਸਮਝਦੇ ਹੋ ਨਾ? ਇਸ ਕਹਾਣੀ ਤੇ ਯਕੀਨ ਕਰਨ ਵਾਲੇ **250** ਕਰੋੜ ਹਨ। ਖਾਲਸੇ ਦੀ ਸਿਰਜਣਾ ਤੇ ਦੱਸਿਓ ਭਲਾ ਕਿੰਨਿਆਂ ਦਾ ਯਕੀਨ ਹੈ। ਹਰ ਕੋਈ ਪੰਜ ਪਿਆਰੇ ਸਾਜਣ ਦੀ ਕਥਾ ਵੱਖ ਵੱਖ ਤਰੀਕੇ ਨਾਲ ਕਰਦਾ ਹੈ। ਪਰ ਕਦੇ ਕਿਸੇ ਯਕੀਨ ਕੀਤਾ ਕਿ ਜਿਵੇਂ ਪੰਜ ਸਾਜੇ ਓਵੇਂ ਆਪ ਸਜਿਆ। ਪੰਜੇ ਵੀ ਤੇ ਗੁਰੂ ਆਪ ਵੀ ਹਰ ਵਕਤ ਅੱਜ ਵੀ ਸੀਸ ਦੀ ਮੰਗ ਕਰਦੇ ਹਨ। ਅਸੀਂ ਵੀ ਅਮਰ ਹੋ ਸਕਦੇ ਹਾਂ ਪਰ ਸਾਡੇ ਸਿਰ ਦਾ ਸ਼ਾਇਦ ਹਾਲੇ ਵੇਹਲ ਨਹੀਂ॥


Academy of the Punjab in North America: http://www.apnaorg.com

# ਸਾਡੀ ਸਰਦਾਰੀ

ਸੋਹਣਾ ਸਰੂਪ ਹੈ ਜੇ ਕਿਸੇ ਦਾ, ਸੋਹਣੇ ਵਸਤਰ ਪਾਏ ਹਨ, ਕੁਝ ਥੋੜ੍ਹਾ ਅਤਰ ਫਲੇਲ ਵੀ ਲਗਾਇਆ ਹੋਵੇ ਤਾਂ ਬਹੁਤ ਵਧੀਆ ਗੱਲ ਹੈ। ਦੇਖਣੀ ਪਾਖਣੀ ਵਧੀਆ ਲੱਗਣਾ ਵੀ ਚੰਗਾ ਹੈ ਲੇਕਿਨ ਜੇ ਸਾਡਾ ਇਖਲਾਕ ਸਹੀ ਨਹੀਂ, ਕਿਰਦਾਰ ਸਹੀ ਨਹੀਂ, ਸਮਾਜ ਨਾਲ ਜੇ ਸਾਡੇ ਰਿਸ਼ਤੇ ਸਹੀ ਨਹੀਂ, ਜੇ ਅਸੀਂ ਗਿਆਨ ਵਹੂਣੇ ਹਾਂ, ਜੇ ਸਾਨੂੰ ਅਹਿਸਾਸ ਹੀ ਨਹੀਂ ਹੁੰਦਾ, ਜੇ ਸਾਡਾ ਕੋਈ ਤਜ਼ਰਬਾ ਹੀ ਨਹੀਂ ਹੈ, ਜੇ ਸਾਡਾ ਕੋਈ ਯੋਗਦਾਨ ਹੀ ਨਹੀਂ ਹੈ, ਜੇ ਸਾਡੀ ਕੁਝ ਕਰ ਸਕਣ ਦੀ ਸਮਰੱਥਾ ਹੀ ਨਹੀਂ ਹੈ ਤਾਂ ਕੀ ਅਸੀਂ ਸਰਦਾਰ ਕਹਾਉਣ ਦੇ ਕਾਬਲ ਹਾਂ? ਜੇਕਰ ਅਸੀਂ ਮੌਕੇ ਦਾ ਫਾਇਦਾ ਉਠਾਕੇ, ਕਿਸੇ ਤਾਕਤ ਦਾ ਦੁਰਉਪਯੋਗ ਕਰਕੇ ਅਯੋਗ ਲੋਕਾਂ ਨੂੰ ਸਰਦਾਰ ਬਣਾ ਦੇਂਦੇ ਹਾਂ ਤਾਂ ਵੀ ਅਸੀਂ ਕਾਹਦੇ ਆਗੂ ਹੋਏ। ਅਕਸਰ ਅੱਜਕਲ ਇਵੇਂ ਹੋ ਰਿਹਾ ਹੈ ਤਾਂ ਹੀ ਤਾਂ ਸਰਦਾਰੀਆਂ ਦੀ ਕੀਮਤ ਕੋਈ ਨਹੀਂ ਰਹੀ। ਕੋਈ ਸਮਾਂ ਹੁੰਦਾ ਸੀ ਕਿ ਸਰਦਾਰ ਨੂੰ ਆਉਂਦਿਆਂ ਦੇਖ ਕੇ ਲੋਕ ਖੜ੍ਹੇ ਹੋ ਜਾਂਦੇ ਸੀ। ਜੇ ਕਿਸੇ ਨੂੰ ਆਉਂਦਿਆਂ ਵੇਖ ਕੇ ਲੁਕਣਾ ਪੈ ਜਾਵੇ, ਉਰ੍ਹਾਂ ਪਰ੍ਹਾਂ ਹੋਣਾ ਪੈ ਜਾਵੇ, ਸਤਿਕਾਰ ਦੀ ਬਜਾਏ ਜਿਸ ਪ੍ਰਤੀ ਘਿਰਣਾ ਪੈਦਾ ਹੋਵੇ ਉਹ ਕਾਹਦਾ ਸਰਦਾਰ। ਸਾਡੇ ਸ਼ਹਿਰ ਵਿੱਚ ਜਦੋਂ ਪੰਜਾਬੀਆਂ ਦੀ ਗਿਣਤੀ ਵਧਣ ਲੱਗੀ, ਚਾਲੀ ਦੇ ਕਰੀਬ ਪਰਵਾਰ ਹੋ ਗਏ ਪਰ ਗੁਰਦੁਆਰੇ ਸਿਰਫ ਦੋ ਤਿੰਨ ਪਰਵਾਰ ਹੀ ਜਾਇਆ ਕਰਨ। ਉਸਦੇ ਕਈ ਕਾਰਣ ਸੀ ਇੱਕ ਤਾਂ ਇਹ ਕਾਰਣ ਸੀ ਕਿ ਨੌਰਥ ਹੌਲੀਵੁਡ ਜਾਣਾ ਪੈਂਦਾ ਸੀ ਜੋ ਕਿ **50** ਮੀਲ ਦੂਰ ਸੀ। ਦੂਸਰੀ ਗੱਲ ਕਿ ਨਵੇਂ ਆਏ ਕਈਆਂ ਕੋਲ **50** ਮੀਲ ਜਾਣ ਲਈ ਸਾਧਨ ਨਹੀਂ ਸੀ ਜਾਂ ਫਿਰ ਕੰਮ ਕਾਜ ਚੋਂ ਵੇਹਲ ਨਹੀਂ ਸੀ ਲਗਦਾ। ਅਸੀਂ ਸੋਚਿਆ ਸਾਡੇ ਪੰਜਾਬੀ ਭਰਾ ਭੈਣਾਂ ਤਾਂ ਚਲੋ ਮਰਦੇ ਦਮ ਤੱਕ ਗੁਰੂ ਦਾ ਸਤਿਕਾਰ ਕਰਨਗੇ ਪਰ ਆਉਣ ਵਾਲੀ ਪੀੜ੍ਹੀ ਦਾ ਕੀ ਬਣੂ। ਜੇ ਪੰਜਾਬੀ ਨਾ ਆਊ, ਗੁਰਦੁਆਰੇ ਜਾਣ ਦੀ ਰੀਝ ਵੀ ਨਾ ਰਹੀ ਤਾਂ ਆਪਣੇ ਆਪ ਨੂੰ ਕੀ ਕਹਾਉਣਗੇ ਕਿਉਂਕਿ ਅੰਗ੍ਰੇਜ਼ ਤਾਂ ਕਿਸੇ ਨੇ ਕਹਿਣਾ ਨਹੀਂ ਸਾਡੇ ਬੱਚਿਆਂ ਨੂੰ। ਅਸੀਂ ਕੁਝ ਮੋਹਤਵਰ ਲੋਕਾਂ ਨੇਂ ਮਿਲਕੇ ਸਲਾਹ ਕੀਤੀ ਕਿ ਸ਼ਹਿਰ ਵਿੱਚ ਗੁਰਦਵਾਰਾ ਹੋਣਾ ਚਾਹੀਦਾ। ਅੱਸੀ ਕੁ ਹਜ਼ਾਰ ਡਾਲਰ ਅਸੀਂ ਕੋਲੋਂ ਪਾਇਆ, ਦੋ ਕੁ ਲੱਖ ਵੱਖ ਵੱਖ ਸ਼ਹਿਰਾਂ ਦੀਆਂ ਸੰਗਤਾਂ ਤੋਂ ਉਗਰ੍ਹਾਈ ਕੀਤੀ ਕੁਝ ਕਰਜ਼ਾ ਮਿਲ ਗਿਆ ਤੇ ਵਧੀਆ ਗੁਰਦਵਾਰਾ ਬਣ ਗਿਆ। ਹਰ ਹਫਤੇ ਦੀਵਾਨ ਲੱਗਣਾ ਸੰਗਤ ਜੁੜਨ ਲੱਗ ਗਈ। ਸਿੱਖ ਇਤਹਾਸ ਅਤੇ ਗੁਰਬਾਣੀ ਵਿੱਚੋਂ ਉਧਾਰਣਾ ਦੇ ਕੇ ਅਸੀਂ ਕਥਾ ਵਾਰਤਾ ਵੀ ਥੋੜ੍ਹੀ ਘਣੀ ਕਰਨੀ। ਸ਼ਹਿਰ ਵਿੱਚ ਇੱਕ ਪਰਵਾਰ ਐਸਾ ਆ ਗਿਆ ਜੋ ਸਰਦਾਰੀ ਕਰਨਾ ਚਾਹੁੰਦਾ ਸੀ। ਅਸੀਂ ਹਰ ਤਰਾਂ ਉਸ ਪਰਵਾਰ ਨੂੰ ਜੀਅ ਆਇਆਂ ਕਿਹਾ। ਜੋ ਵੀ ਅੱਗੇ ਹੋ ਕੇ ਉਹ ਕਰਨਾ ਚਾਹੁੰਦੇ ਸੀ ਅਸੀਂ ਹਰ ਚਾਹਤ ਪੂਰੀ ਕਰਨ ਦਾ ਯਤਨ ਕੀਤਾ ਪਰ ਸਾਡੇ ਲਾਗੇ ਖੜੋਤੇ ਉਹ ਆਪਣੇ ਆਪ ਨੂੰ ਸਰਦਾਰ ਕਹਾਉਣ ਤੋਂ ਊਣੇ ਮਹਿਸੂਸ ਕਰਦੇ ਸੀ। ਉਸ ਪਰਵਾਰ ਨੇ ਰਾਜਨੀਤੀ ਖੇਡ ਖੇਡਣੀ ਚਾਹੀ, ਕੁਝ ਸੰਗਤ ਦੇ ਮੈਂਬਰ ਹੱਥ ਵੱਸ ਕਰ ਲਏ ਕਿ ਸੁਰਿੰਦਰ ਨੂੰ ਸੇਵਾ ਕਮੇਟੀ ਵਿੱਚ ਨਹੀਂ ਰਹਿਣ ਦੇਣਾ। ਵਿਧਾਨ ਅਨੁਸਾਰ ਸਾਡੇ ਗੁਰੂ ਘਰ ਵਿੱਚ ਚੋਣ ਸਰਬ ਸਮਤੀ ਨਾਲ ਹੀ ਹੋਣੀ ਚਾਹੀਦੀ ਹੈ। ਸਰਬਸੰਮਤੀ ਨਾਂ ਹੋਵੇ ਤਾਂ ਪਰਚੀਆਂ ਪਾ ਲਓ। ਚੋਣ ਕਰਨ ਲੱਗੇ ਤਾਂ ਸਾਨੂੰ ਕਿਹਾ ਗਿਆ ਕਿ ਤੁਸੀਂ ਹੀ ਸ਼ੁਰੂ ਤੋਂ ਸੇਵਾ ਕਰਦੇ ਆ ਰਹੇ ਹੋ ਹੋਰ ਲੋਕਾਂ ਨੂੰ ਮੌਕਾ ਮਿਲਣਾ ਚਾਹੀਦਾ। ਅਸੀਂ ਕਿਹਾ ਧੰਨਭਾਗ ਦੱਸੋ ਕੌਣ ਕੌਣ ਬਣਨਾ ਚਾਹੁੰਦਾ, ਸੱਤ ਮੈਂਬਰ ਤਿਆਰ ਹੋਏ ਅਸੀਂ ਸੱਤੇ ਬਣਾ ਦਿੱਤੇ। ਸੇਵਾ ਕਮੇਟੀ ਵਿੱਚ ਨਾਂ ਹੁੰਦਿਆਂ ਵੀ ਸਾਡੀ ਲੋੜ ਮਹਿਸੂਸ ਕਰਦੇ ਰਹੇ ਸਾਰੇ ਪਰ ਉਸ ਪੱਧਰਪੁਰਸ਼ ਦਾ ਨਾਮ ਕਿਤੇ ਵੀ ਨਾ ਰਿਹਾ ਜੋ ਸਰਦਾਰ ਬਣਨਾ ਚਾਹੁੰਦਾ ਸੀ ਕਿਉਂਕਿ ਉਹ ਸੱਚੀਂ ਦਾ ਸਰਦਾਰ ਸੀ ਹੀ ਨਹੀਂ।

ਜੇ ਸਾਡੀ ਸ਼ਖਸ਼ੀਅਤ ਸਹੀ ਨਹੀਂ ਤਾਂ ਲੋਕ ਸਾਨੂੰ ਭਲਾ ਕਿਉਂ ਸੁਣਨ। ਜੇ ਸਰਦਾਰ ਕਹਾਉਣ ਨੂੰ ਦਿਲ ਕਰਦਾ ਹੈ ਤਾਂ ਤੁਹਾਡੇ ਵਿੱਚੋਂ ਸਰਦਾਰੀ ਦਿਸਣੀ ਚਾਹੀਦੀ ਹੈ ਨਹੀਂ ਤਾਂ ਤੁਸੀਂ ਲੋਕਾਂ ਵਿੱਚੋਂ ਦੀ ਤਾਂ ਲੰਘ ਜਾਵੋਗੇ ਪਰ ਤੁਹਾਡੇ


Academy of the Punjab in North America: http://www.apnaorg.com

ਮਗਰ ਕੋਈ ਨਹੀਂ ਲੱਗੇਗਾ। ਹਾਂ ਇਹ ਗੱਲ ਤਾਂ ਠੀਕ ਹੈ ਕਿ ਜੇ ਕੋਈ ਘੁੱਗੀਆਂ ਦੇ ਬੱਚੇ ਮਾਰ ਰਿਹਾ ਹੈ ਤਾਂ ਉਸ ਨਾਲ ਕੋਈ ਝਗੜਾ ਵਿਰੋਧ ਸ਼ਾਇਦ ਕੋਈ ਨਾਂ ਕਰੇ ਪਰ ਇਹ ਗੱਲ ਯਕੀਨਨ ਕਹਿ ਸਕਦੇ ਹਾਂ ਕਿ ਬੋਟ ਮਾਰਨ ਵਾਲਿਆ ਨੂੰ ਕੋਈ ਸੂਰਵੀਰ ਨਹੀਂ ਕਹਿੰਦਾ। ਜੋ ਲੋਕ ਸੱਚ ਮੁੱਚ ਸਰਦਾਰੀ ਗੁਣ ਰੱਖਦੇ ਹਨ ਉਹ ਸਭ ਨੂੰ ਨਾਲ ਲੈ ਕੇ ਚੱਲਦੇ ਹਨ। ਆਪਣੇ ਆਪ ਨੂੰ ਸਰਦਾਰ ਕਹਿਣ ਨਾਲ ਤੁਸੀਂ ਸਰਦਾਰ ਨਹੀਂ ਬਣ ਸਕਦੇ, ਲੋਕ ਕਹਿਣ ਤਾਂ ਗੱਲ ਬਣਦੀ ਹੈ। ਜੋ ਸਾਡੇ ਆਗੂ ਹੁੰਦੇ ਹਨ ਉਹ ਸਾਨੂੰ ਕਿਸੇ ਗਲਤ ਗੱਲ ਤੋਂ ਵਰਜ਼ ਵੀ ਸਕਦੇ ਹਨ ਨੋਕ ਟੋਕ ਵੀ ਕਰ ਸਕਦੇ ਹਨ ਪਰ ਜੇ ਕੋਈ ਗੁਣ ਹੈ ਕਿਸੇ ਵਿੱਚ ਉਸ ਗੁਣ ਦੀ ਸਿਫਤ ਵੀ ਕਰਦੇ ਹਨ। ਵਧੀਆ ਆਗੂ ਆਪਣੇ ਗੁਣਵੰਤ ਸਾਥੀਆਂ ਦੀ ਕਦਰ ਵੀ ਕਰਦੇ ਹਨ। ਸ਼ਾਬਾਸ਼ ਵੀ ਦੇਂਦੇ ਹਨ। ਮੈਂ ਇੱਕ ਵਾਰ ਇੰਟਰਨੈਟ ਤੇ ਕਿਸੇ ਬੱਚੀ ਦੀ ਲਿਖੀ ਨਜ਼ਮ ਪੜ੍ਹੀ, ਮੈਨੂੰ ਐਨੀ ਚੰਗੀ ਲੱਗੀ ਕਿ ਅੱਧੀ ਯਾਦ ਹੋ ਗਈ ਮੈਨੂੰ। ਕੁਝ ਮਹੀਨੇ ਬਾਅਦ ਮੈਂ ਫਿਰ ਉਸਦੀ ਕੋਈ ਲਿਖਤ ਪੜ੍ਹੀ ਤੇ ਮੈਨੂੰ ਯਾਦ ਆਇਆ ਕਿ ਇਸੇ ਬੱਚੀ ਨੇ ਪਹਿਲਾਂ ਵੀ ਬਹੁਤ ਵਧੀਆ ਲਿਖਿਆ ਸੀ। ਮੈਂ ਸਰਸਰੀ ਉਸਨੂੰ ਈ ਮੇਲ ਕੀਤੀ ਤੇ ਕਿਹਾ ਕਿ ਤੂੰ ਵਧੀਆ ਲਿਖ ਸਕਦੀ ਹੈਂ ਲਿਖਿਆ ਕਰ। ਉਹ ਮੇ ਰੀਆਂ ਲਿਖਤਾਂ ਤੋਂ ਬਹੁਤ ਪ੍ਰਭਾਵਤ ਸੀ। ਮੈਨੂੰ ਅੰਕਲ ਜੀ ਲਿਖਿਆ ਕਰਦੀ ਸੀ। ਖੈਰ ਉਸਨੇ ਐਨੀ ਮੇਹਨਤ ਕੀਤੀ ਉਸਤੋਂ ਬਾਅਦ ਕਿ ਉਸਦੇ ਬਲੋਗ ਤੋਂ ਸਾਰੇ ਪੰਜਾਬੀ ਲੇਖਿਕ ਬਹੁਤ ਪ੍ਰਭਾਵਤ ਹੋਏ। ਨੁਕਤਾ ਇਹ ਹੈ ਕਿ ਕਿਸੇ ਦੇ ਗੁਣ ਦੀ ਤਾਰੀਫ ਕਰਨ ਨਾਲ ਅਗਲੇ ਨੂੰ ਹੌਸਲਾ ਮਿਲਦਾ ਹੈ ਅਤੇ ਤੁਹਾਡੀ ਵੀ ਸਿਆਣਪ ਹੈ ਵਡਿਆਈ ਹੈ।

ਸੱਚ ਬੋਲਣ ਲੱਗਿਆਂ ਸੱਚੀਂ ਡਰ ਲਗਦਾ ਹੈ,
ਫਿਰ ਵੀ ਸੱਚ ਦੀਆਂ ਸਿਫਤਾਂ ਕਰਦੇ ਰਹਿੰਦੇ ਹਾਂ।
ਮਨ ਮੰਦਰ ਦੀ ਮਰਿਯਾਦਾ ਨਾਂ ਰੱਖ ਹੋਈ,
ਮਰਿਯਾਦਾ ਪਰਸ਼ੋਤਮ ਬਣ ਬਣ ਬਹਿੰਦੇ ਹਾਂ।
ਚਾਨਣ ਵਿੱਚ ਤਾਂ ਸਭ ਕੁਝ ਹੀ ਦਿਸ ਪੈਂਦਾ ਹੈ,
ਤਾਹੀਓਂ ਘੁੱਪ ਹਨ੍ਹੇਰੇ ਦੇ ਵਿੱਚ ਰਹਿੰਦੇ ਹਾਂ।
ਸਚਿਆਰੇ ਲੋਕਾਂ ਵਿੱਚ ਸਾਨੂੰ ਗਿਣਦੇ ਨੇਂ,
ਸੂਝਵਾਨ ਲੋਕਾਂ ਵਿੱਚ ਉੱਠਦੇ ਬਹਿੰਦੇ ਹਾਂ।
ਕਈ ਵਾਰੀ ਕਰਤੂਤਾਂ ਤੋਂ ਸੰਗ ਆਉਂਦੀ ਹੈ,
ਸੋਚ ਸਮਝ ਕੇ ਸਾਰਾ ਕੁਝ ਸਹਿ ਲੈਂਦੇ ਹਾਂ।
ਸੱਚ ਬੋਲਣ ਲੱਗਿਆਂ ਸੱਚੀਂ ਡਰ ਲਗਦਾ ਹੈ,
ਫਿਰ ਵੀ ਸੱਚ ਦੀਆਂ ਸਿਫਤਾਂ ਕਰਦੇ ਰਹਿੰਦੇ ਹਾਂ॥


Academy of the Punjab in North America: http://www.apnaorg.com

# ਸਾਡੇ ਝੂਠ

ਜਿਨ੍ਹਾਂ ਗੱਲਾਂ ਨੂੰ ਅੱਧੋਂ ਵੱਧ ਦੁਨੀਆਂ ਅੱਖਾਂ ਮੀਟ ਕੇ ਮੰਨ ਰਹੀ ਹੋਵੇ ਉਹ ਜੇ ਸਹੀ ਹੋਣ ਦੀ ਬਜਾਏ ਚਿੱਟਾ ਝੂਠ ਹੋਣ ਤਾਂ ਭਲਾ ਕੀ ਕਰਨਾ ਚਾਹੀਦਾ ਹੈ? ਇਤਹਾਸਕਾਰਾਂ ਨੇ ਇਸ਼ਾਰੇ ਤਾਂ ਬਹੁਤ ਦਿੱਤੇ ਹਨ ਪਰ ਚੋਰਾਂ ਦੀ ਟੋਲੀ ਇੱਕੋ ਬੋਲੀ, ਗੱਲ ਨੂੰ ਗੋਲ ਮੋਲ ਕਰਕੇ ਲਿਖਦੇ ਹਨ। "ਆਪਣਾ ਅਤੀਤ" ਪੁਸਤਕ ਲਿਖਦਿਆਂ ਮੈਂ ਜੋ ਨੁਕਤੇ ਲੱਭੇ ਉਨ੍ਹਾਂ ਵਿੱਚੋਂ ਕੁਝ ਨੁਕਤੇ ਸਾਂਝੇ ਕਰਨਾ ਚਾਹੁੰਦਾ ਹਾਂ ਪਾਠਕਾਂ ਨਾਲ, ਤੇ ਲਓ ਫਿਰ ਸੁਣੋ :--

ਵਿਲੀਅਮ ਸ਼ੈਕਸ਼ਪੀਅਰ ਪੱਛਮੀ ਸੱਭਿਅਤਾ ਦਾ ਬਹੁਤ ਵੱਡਾ ਅਦਾਕਾਰ ਹੋਇਆ। ਜਦ **1616** ਵਿੱਚ ਉਸਦਾ ਦਿਹਾਂਤ ਹੋਇਆ ਤਾਂ ਉਸ ਵਕਤ ਦਾ ਸਭ ਤੋਂ ਵੱਧ ਚਰਚਤ ਨਾਮ ਸੀ ਉਸਦਾ। ਸ਼ੈਕਸ਼ਪੀਅਰ ਨੇ ਅਦਾਕਾਰੀ ਵਿੱਚ ਬਗਾਵਤ ਕੀਤੀ। ਭਾਸ਼ਾ ਦੀਆਂ ਧੱਜੀਆਂ ਉਡਾ ਦਿੱਤੀਆਂ, ਰਿਸ਼ਤਿਆਂ ਨੂੰ ਰੋਲ ਕੇ ਰੱਖ ਦਿੱਤਾ, ਇਨਸਾਨ ਨੂੰ ਇਨਸਾਨੀਅਤ ਤੋਂ ਹਟਵੇਂ ਰਸਤੇ ਦਿਖਾਉਣ ਵਾਲਾ ਐਕਟਰ ਅੰਗ੍ਰੇਜ਼ਾਂ ਦੇ ਦਿਲ ਦੀ ਧੜਕਣ ਬਣ ਗਿਆ। ਉਸਦੀ ਮੌਤ ਤੋਂ ਬਾਅਦ **1623** ਵਿੱਚ ਜੌਹਨ ਹੈਮਿੰਗਸ ਅਤੇ ਹੈਨਰੀ ਕੌਨਡੇਲ ਨੇ ਸ਼ੈਕਸ਼ਪੀਅਰ ਦੀ ਐਕਟਿੰਗ ਦੀਆਂ ਕਹਾਣੀਆਂ ਲਿਖੀਆਂ, ਡ੍ਰਾਮੇਂ ਲਿਖੇ ਤੇ ਲੋਕਾਂ ਇਹ ਮੰਨ ਕੇ ਪੜ੍ਹੇ ਕਿ ਇਹ ਸ਼ੈਕਸ਼ਪੀਅਰ ਨੇ ਲਿਖੇ ਹਨ ਲੇਕਿਨ ਇਤਹਾਸ ਦੀ ਕੋਈ ਪੁਸਤਕ ਇਸ ਗੱਲ ਦੀ ਸ਼ਾਹਦੀ ਨਹੀਂ ਦੇਂਦੀ ਕਿ ਸ਼ੈਕਸ਼ਪੀਅਰ ਦੇ ਨਾਮ ਹੇਠਾਂ ਛਪੇ ਮੰਨੇ ਪਰਮੰਨੇ ਡ੍ਰਾਮੇ ਸ਼ੈਕਸ਼ਪੀਅਰ ਦੇ ਲਿਖੇ ਹੋਏ ਹਨ। ਸਾਰੇ ਮੰਨੀ ਫਿਰਦੇ ਹਨ ਪਰ ਹੈ ਇਹ ਚਿੱਟਾ ਝੂਠ ਕਿ ਸ਼ੈਕਸ਼ਪੀਅਰ ਨੇ ਅੰਗ੍ਰੇਜ਼ੀ ਭਾਸ਼ਾ ਵਿੱਚ ਰਚਨਾ ਕੀਤੀ। ਸ਼ੈਕਸ਼ਪੀਅਰ ਨੇ ਆਪਣੀ ਕਲਮ ਨਾਲ ਕੁਝ ਵੀ ਨਹੀਂ ਲਿਖਿਆ। ਐਕਟਿੰਗ ਕਰਦਿਆਂ ਸ਼ੈਕਸ਼ਪੀਅਰ ਜਿਵੇਂ ਲਫਜ਼ਾਂ ਨੂੰ ਤੋੜਦਾ ਮਰੋੜਦਾ ਸੀ ਉਸ ਤਰਾਂ ਨਾਮ ਵੀ ਦੇ ਦੇਂਦਾ ਸੀ। ਸ਼ੈਕਸ਼ਪੀਅਰ ਬੇਬੀਲੋਨਿਕ ਧਾਰਮਕ ਗ੍ਰੰਥ (ਕੁਰਾਨ) ਨੂੰ ਬਾਈਬਲ ਕਹਿੰਦਾ ਸੀ। ਅਸਲ ਵਿੱਚ ਸ਼ੈਕਸ਼ਪੀਅਰ ਤੋਂ ਪਹਿਲਾਂ ਬਾਈਬਲ ਨਾਮ ਹੀ ਨਹੀਂ ਸੀ। ਸ਼ੈਕਸ਼ਪੀਅਰ ਦੇ ਨਾਮ ਥੱਲੇ ਛਪੀਆਂ ਕਿਤਾਬਾਂ ਵਿੱਚ ਸੈਂਕੜੇ ਵਾਰ ਬਾਈਬਲ ਕਿਹਾ ਗਿਆ। ਰਾਣੀ ਅਲਜ਼ਬਿਥ (ਪਹਿਲੀ) ਦਾ ਜਦੋਂ ਦਿਹਾਂਤ ਹੋਇਆ ਤੇ ਸਕੌਟਲੈਂਡ ਦਾ ਪ੍ਰਿੰਸ ਜੇਮਜ਼ ਰਾਜਾ ਬਣਿਆਂ ਸਤ੍ਹਾਰਵੀਂ ਸਦੀ ਦੇ ਪਹਿਲੇ ਦਹਾਕੇ ਵਿੱਚ, ਤਾਂ ਉਹ ਵੀ ਸ਼ੈਕਸ਼ਪੀਅਰ ਤੋਂ ਬਹੁਤ ਪ੍ਰਭਾਵਤ ਸੀ ਤਾਂ ਹੀ ਤਾਂ ਕਿੰਗ ਜੇਮਜ਼ ਨੇ ਜੋ ਧਾਰਮਕ ਕਥਾ ਕਥਾਵਾਂ (ਗੌਸਪਲਜ਼) ਇਕੱਤਰ ਕਰਵਾ ਕੇ ਧਾਰਮਕ ਕਿਤਾਬ ਸਨ **1611** ਵਿੱਚ ਛਪਵਾਈ ਤਾਂ ਉਸਦਾ ਨਾਮ ਕਿੰਗ ਜੇਮਜ਼ ਬਾਈਬਲ ਰੱਖਿਆ। ਪਹਿਲੀ ਗੌਸਪਲ ਵਾਈਕਲਿਫ ਨੇ **1380** ਵਿੱਚ ਰਚੀ ਗਿਣੀ ਜਾਂਦੀ ਹੈ। ਅਮਰੀਕਾ ਵਿੱਚ ਪਹਿਲੀ ਅੰਗ੍ਰੇਜ਼ੀ ਬਾਈਬਲ **1782** ਵਿੱਚ ਰੌਬਰਟ ਐਟਕਨ ਨੇ ਲਿਖੀ। ਨੁਕਤੇ ਦੀ ਗੱਲ ਦੱਸਾਂ --- ਪਹਿਲੀ ਬਾਈਬਲ ਦੀ ਰਚਨਾ ਸ੍ਰੀ ਗੁਰੂ ਆਦਿ ਗ੍ਰੰਥ ਸਾਹਿਬ ਦੇ ਪਰਕਾਸ਼ ਦਿਨ **1604** ਇਸਵੀ ਤੋਂ ਸੱਤ ਸਾਲ ਬਾਅਦ ਵਿੱਚ ਹੋਈ। ਹਜ਼ਾਰਾਂ ਸਾਲ ਪਹਿਲਾਂ ਵਾਲਾ ਚਿੱਟਾ ਝੂਠ ਹੈ।

ਜੌਰਜੀਅਨ ਕਲੰਡਰ ਵੀ ਚਿੱਟਾ ਝੂਠ ਹੈ। ਦੋ ਸਤੰਬਰ **1752** ਦਿਨ ਬੁੱਧਵਾਰ ਨੂੰ ਸੌਂ ਕੇ ਅੰਗ੍ਰੇਜ਼ੀ ਰਾਜ ਦੀਆਂ ਸਾਰੀਆਂ ਕਲੋਨੀਆਂ ਵਿੱਚ ਰਹਿਣ ਵਾਲੇ ਲੋਕ **14** ਤਰੀਕ ਨੂੰ ਉੱਠੇ। ਕਿਉਂਕਿ **12** ਦਿਨ ਅਡਜਸਟ ਕਰਕੇ ਚੌਧਵੇਂ ਦਿਨ ਜਾ ਕੇ ਵੀਰਵਾਰ ਆਇਆ। ਇੱਕ ਨੁਕਤਾ ਹੋਰ ਦੱਸਾਂ ਜੌਰਜੀਅਨ ਕਲੰਡਰ ਦਾ ਪਹਿਲੇ ਹਜ਼ਾਰ ਸਾਲ ਵੀ ਚਿੱਟਾ ਝੂਠ ਹੈ। ਪਾਏਦਾਰ ਗੱਲਾਂ ਨੂੰ ਮੰਨਣ ਦਾ ਸਭ ਦਾ ਜੀਅ ਕਰਦਾ ਹੈ। ਪਲੈਟੋ, ਅਰਸਤੂ ਤੇ ਸਿਕੰਦਰ ਦੀਆਂ ਕਥਾ ਕਹਾਣੀਆਂ ਬਹੁਤ ਪਾਏਦਾਰ ਹਨ ਇਸ ਲਈ ਲੋਕ ਮੰਨਦੇ ਹਨ ਪਰ ਕਦੇ ਕਿਸੇ ਇਹ ਨਹੀਂ ਵੰਗਾਰਿਆ ਕਿ ਇਤਹਾਸਕ ਤਰੀਕਾਂ ਕਾਹਤੋਂ ਗਲਤ ਲਿਖਦੇ ਹੋ। ਸਕੰਦਰ ਦੀ ਬਹਾਦਰੀ ਨੂੰ ਮੰਨਦੇ ਹਾਂ ਪਰ **326** ਬੀ ਸੀ ਵਾਲੀ ਤਰੀਕ ਚਿੱਟਾ ਝੂਠ ਹੈ। ਮੈਂ ਆਪਣੇ ਇਨ੍ਹਾਂ ਵਿਚਾਰਾਂ ਦੇ ਸਪਸ਼ਟੀਕਰਨ ਵਾਸਤੇ ਜੇ ਤੁਹਾਨੂੰ ਧਾਰਮਕ ਦੁਨੀਆਂ ਵਿੱਚ


Academy of the Punjab in North America: http://www.apnaorg.com

ਲੈ ਚੱਲਾਂ ਤਾਂ ਧਿਆਨ ਧਰ ਕੇ ਵਿਚਾਰਿਓ ਮੇਰੀ ਗੱਲ ਨੂੰ :-- ਗੁਰੂ ਨਾਨਕ ਨੇ ਜੋ ਜੋ ਲਿਖਿਆ ਉਸ ਵਿੱਚ ਕੋਈ ਐਸੀ ਗੱਲ ਹੈ ਕਿਸੇ ਨੂੰ ਰੜਕੀ ਜੋ ਸਹੀ ਨਾਂ ਹੋਵੇ? ਗੁਰੂ ਨਾਨਕ ਨੇ ਆਗਾਸਾਂ ਆਗਾਸ ਲੱਖ ਪਾਤਾਲਾਂ ਪਾਤਾਲ ਦੀ ਗੱਲ ਕੀਤੀ, ਸਾਚੇ ਤੇ ਪਵਨਾ ਭਇਆ ਪਵਨੇ ਤੇ ਜਲ ਹੋਏ ਵਰਗੀਆਂ ਸਾਇੰਸ ਦੀਆਂ ਗੱਲਾਂ ਕੀਤੀਆਂ। ਹੱਕ ਪਰਾਇਆ ਨਾਨਕਾ ਉਸ ਸੂਅਰ ਉਸ ਗਾਏ ਵੀ ਕਿਹਾ। ਦੁਨੀਆਂ ਦਾ ਕੇਹੜਾ ਵਿਸ਼ਾ ਐਸਾ ਹੈ ਜੋ ਨਾਨਕ ਨੇ ਨਹੀਂ ਟੋਹਿਆ। ਧਾਰਮਕ ਦੁਨੀਆਂ ਦੇ ਹਰ ਪੀਰ ਫਕੀਰ ਬਾਰੇ ਗੱਲ ਕੀਤੀ। ਵੇਦ ਪੁਰਾਨ ਕੁਰਾਨ ਕਤੇਬ ਦੀ ਗੱਲ ਕੀਤੀ ਪਰ ਮੇਰਾ ਨੁਕਤਾ ਸਮਝਿਓ ਜੀ, ਗੁਰੂ ਨਾਨਕ ਦੇਵ ਜੀ ਨੇ ਸੁਕਰਾਤ, ਕ੍ਰਾਈਸਟ, ਪਲੈਟੋ ਜਾਂ ਅਰਸਤੂ ਦੀ ਗੱਲ ਕਿਉਂ ਨਹੀਂ ਕੀਤੀ ਕਿਉਂਕਿ ਉਸ ਵਕਤ ਤੱਕ ਪੰਧਰਵੀਂ ਸੋਲ੍ਹਵੀਂ ਸਦੀ ਤੱਕ ਇਹ ਸਾਰੇ ਹੋਏ ਹੀ ਨਹੀਂ ਸੀ। ਇਹ ਇਤਹਾਸ ਹੈ ਜਾਂ ਮਿਥਿਹਾਸ ਇਸਾਈਅਤ ਦਾ ਮਿਥਹਾਸ ਵੀ ਜੇ ਨਾਨਕ ਦੇ ਸਮੇਂ ਤੱਕ ਲਿਖਿਆ ਗਿਆ ਹੁੰਦਾ ਤਾਂ ਨਾਨਕ ਨੇ ਇਸ਼ਾਰਾ ਜਰੂਰ ਕਰਨਾ ਸੀ। ਭਾਵੇਂ ਇਸ਼ਾਰਾ ਰਾਮ ਵਾਂਗ ਕਰਦੇ ਭਾਵੇਂ ਰਾਵਣ ਵਾਂਗ, ਕ੍ਰਿਸ਼ਨ ਵਾਂਗ, ਅਲਾ ਵਾਂਗ ਜਾਂ ਕਿਸੇ ਗੁਨ੍ਹਾਂਗਾਰ ਗਨਕਾ ਵਾਂਗ। ਧਰਤ ਅਕਾਸ਼ ਪਤਾਲ ਦੀ ਗੱਲ ਕਰਨ ਵਾਲੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ **9335** ਵਾਰ ਹਰਿ ਸ਼ਬਦ ਦਾ ਜ਼ਿਕਰ ਆਇਆ ਹੈ। ਹਰੁ **2** ਵਾਰ, ਹਰ **13** ਵਾਰ, ਹਰੀ **51** ਵਾਰ ਅਤੇ ਕ੍ਰਿਸਨ **8** ਵਾਰ ਆਇਆ ਹੈ। ਰਾਮ **1797** ਵਾਰ, ਰਾਮੁ **253** ਵਾਰ, ਰਾਮਾ **29** ਵਾਰ, ਰਾਮੈ **19** ਵਾਰ, ਰਾਮਿ **7** ਵਾਰ ਲਿਖਿਆ ਹੈ। ਗੁਰਬਾਣੀ ਵਿੱਚ ਵਾਸੁਦੇਵ, ਗੋਤਮ ਜਾਂ ਅਲਾ ਦਾ ਜੇ ਜਿਕਰ ਆ ਸਕਦਾ ਹੈ ਤਾਂ ਜੀਸਸ ਕਰਾਈਸਟ, ਸੁਕਰਾਤ, ਪਲੈਟੋ, ਅਰਸਤੂ ਜੇ ਹੁੰਦੇ ਤਾਂ ਉਨ੍ਹਾਂ ਦਾ ਜ਼ਿਕਰ ਕਿਉਂ ਨਾਂ ਆਉਂਦਾ ਬਾਣੀ ਵਿੱਚ। ਇਤਹਾਸ ਇਸ ਗੱਲ ਦਾ ਗਵਾਹ ਹੈ ਕਿ ਗੁਰੂ ਨਾਨਕ ਬਸਰੇ ਬਗਦਾਦ (ਬੇਬੀਲੋਨਿਕ ਇਲਾਕਾ) ਵਿੱਚ ਗਏ, ਮੱਕੇ ਮਦੀਨੇ ਵੀ ਗਏ। ਬਾਬਰ ਨੂੰ ਵੰਗਾਰ ਸਕਣ ਦੀ ਜੁਗਤ ਜਾਨਣ ਵਾਲੇ ਨਾਨਕ ਨੇ ਯੋਰੋਸ਼ਲਮ ਵਿਚਲੇ ਝਗੜੇ ਦੀ ਗੱਲ ਤਾਂ ਨਹੀਂ ਕੀਤੀ ਕਿਉਂਕਿ ਉਸ ਵਕਤ ਤੱਕ ਇਸਲਾਮ ਦੇ ਖਿਲਾਫ ਕੋਈ ਇਸਾਈ ਜਨਮਿਆਂ ਹੀ ਨਹੀਂ ਸੀ। ਨੁਕਤਾ ਸਮਝਣ ਵਾਲੀ ਗੱਲ ਇਹ ਹੈ ਕਿ ਇਸਲਾਮ ਤੇ ਕਬਜ਼ਾ ਕਰਨ ਲਈ ਇਸਾਈਆਂ ਨੇਂ ਇਹ ਝੂਠ ਮਾਰਿਆ ਹੈ ਚਿੱਟਾ ਝੂਠ॥


Academy of the Punjab in North America: http://www.apnaorg.com

## ਪੰਜ ਦੁਆਬ

ਪੰਡਤ ਮੰਦਰਾਂ ਵਿੱਚ ਬੁੱਤ ਪੂਜਣ, ਮੁੱਲਾਂ ਮੱਕੇ ਕਰਨ ਹਜ਼ਾਬ।
ਸੁੱਨੜ ਦਾ ਕੀ ਕਰੀਏ ਜਿਸਦੀ ਪੂਜਾ ਉਸਦੇ ਪੰਜ ਦੁਆਬ।
ਚੰਦ ਤਾਰਿਆਂ ਤੇ ਹੈ ਕੀ ਕੀ, ਦੁਨੀਆਂ ਲੱਭਦੀ ਫਿਰਦੀ ਹੈ,
ਸੁੱਨੜ ਖੋਜ ਕਰੇ ਕੰਢਿਆਂ ਤੇ ਸਤਲੁਜ ਰਾਵੀ ਸਿੰਧ ਝਨ੍ਹਾਬ।
ਚੀਨੀ ਅਫਰੀਕੀ ਤੇ ਰੋਮਨ ਬਹੁਤ ਪੁਰਾਤਨ ਗਿਣਦੇ ਲੋਕ,
ਸੁੱਨੜ ਆਖੇ ਮਾਨਵਤਾ ਦਾ ਮੁੱਢ ਕਦੀਮ ਤਾਂ ਹੈ ਪੰਜਾਬ।
ਗੀਤਾ ਅਤੇ ਰਮਾਇਣ ਵੀ ਤਾਂ ਜਾਈਆਂ ਨੇ ਪੰਜਾਬ ਦੀਆਂ,
ਸੰਸਕ੍ਰਿਤ ਵੀ ਜੰਮੀਂ ਏਥੇ ਸੁੱਨੜ ਦਾ ਤਾਂ ਇਹੀ ਹਿਸਾਬ।
ਅੱਲਾ ਅੱਲਾ ਕਰੀਂ ਫਰੀਦਾ ਫੇਰ ਕਿਤੇ ਵੀ ਆਵੇਂ ਜੇ।
ਪਾਕ ਪਵਿੱਤਰ ਪੰਜਾਬੀ ਵਿੱਚ ਵਾਰਿਸ ਸ਼ਾਹ ਦਾ ਨਹੀਂ ਜਵਾਬ।
ਝੂਠ ਤੁਫਾਨ ਬੋਲ ਕੇ ਲੋਕੀਂ ਨਕਲੀ ਧਰਮ ਬਣਾ ਲੈਂਦੇ,
ਨਾਨਕ ਦੀ ਬਾਣੀ ਤੇ ਸੁੱਨੜਾ ਦੱਸੀਂ ਕਿੱਥੇ ਦਿਸਦਾ ਦਾਗ।
ਕਾਦਰ ਦੀ ਕੁਦਰਤ ਹੈ ਉਪਜੀ ਇਸ ਓਪਜਾਊ ਧਰਤੀ ਤੇ,
ਉੱਚੇ ਪਰਬਤ ਡੂੰਘੇ ਪਾਣੀ ਮਾਰੂਥਲ ਨਾ ਹੋਣ ਅਬਾਦ।
ਜਾਣ ਬੁੱਝ ਕੇ ਮਚਲੇ ਹੋਏ ਸਭ ਕੁਝ ਜਾਣੇ ਇਹ ਦੁਨੀਆਂ,
ਬਹਿ ਜਾ ਤੂੰ ਚੁੱਪ ਕਰਕੇ ਸੁੱਨੜਾ, ਚਾਤਰ ਲੋਕੀਂ ਬੜੇ ਖਰਾਬ।
ਪਾੜ ਚੀਰ ਕੇ ਲੀਰਾਂ ਕੀਤਾ ਕੋਹਿਆ ਬੜਾ ਕਸਾਈਆਂ ਨੇ,
ਮਹਿਕ ਅਜੇ ਵੀ ਓਡੋ ਕੇਡੀ ਮੌਲਾ ਖਿੜਿਆ ਰਹੇ ਗੁਲਾਬ॥


Academy of the Punjab in North America: http://www.apnaorg.com

# ਸਾਡੀ ਅਸਲੀਅਤ

ਹਰ ਇਨਸਾਨ ਨੂੰ ਆਪਣੀ ਅਸਲੀਅਤ ਦਾ ਪਤਾ ਹੁੰਦਾ ਹੈ। ਜਦ ਅਸੀਂ ਕੁਝ ਗਲਤ ਕਰਨ ਲਗਦੇ ਹਾਂ ਤਾਂ ਸਾਨੂੰ ਪਤਾ ਹੁੰਦਾ ਹੈ ਕਿ ਇਹ ਮੈਂ ਗਲਤ ਕਰ ਰਿਹਾ ਹਾਂ ਪਰ ਫਿਰ ਵੀ ਅਸੀਂ ਟਲਦੇ ਨਹੀਂ ਬੱਸ ਇਹ ਹੀ ਅਸਲੀਅਤ ਹੈ ਸਾਡੀ। ਸਾਨੂੰ ਪਤਾ ਹੁੰਦਾ ਹੈ ਕਿ ਮੈਂ ਝੂਠ ਬੋਲ ਰਿਹਾ ਹਾਂ ਪਰ ਫਿਰ ਵੀ ਅਸੀਂ ਝੂਠ ਬੋਲਦੇ ਹਾਂ। ਜੇ ਕੋਈ ਕਹਿੰਦਾ ਹੈ ਕਿ ਮੈਂ ਤਾਂ ਕਦੇ ਝੂਠ ਨਹੀਂ ਬੋਲਿਆ ਤਾਂ ਉਸਦਾ ਕਹਿਣਾ ਹੀ ਝੂਠ ਹੈ ਕਿਉਂਕਿ ਇਹ ਝੂਠੀ ਦੁਨੀਆਂ ਝੂਠ ਤੋਂ ਸਿਵਾ ਹੋਰ ਕੁਝ ਵੀ ਨਹੀਂ। ਸਾਡੀ ਹੋਂਦ, ਸਾਡਾ ਜਿਸਮ ਇਹ ਸਭ ਕੁਝ ਝੂਠ ਤਾਂ ਹੈ। ਹਾਂ ਇੱਕ ਹੈ ਜੋ ਸੱਚਾ ਹੈ, ਅਸਲੀ ਹੈ ਪਰ ਜਦੋਂ ਅਸੀਂ ਉਸ ਸਤਿਪੁਰਖ ਦੀ ਕਹਾਣੀ ਸੁਣਾਓਦੇ ਹਾਂ ਤਾਂ ਅਸੀਂ ਇੱਕ ਹੋਰ ਝੂਠ ਬੋਲਦੇ ਹਾਂ। ਰੰਗ ਮਜੀਠ ਤੇ ਜਦੋਂ ਅਸੀਂ ਕੱਚੇ ਕਸੁੰਭ ਰੰਗ ਚਾੜ੍ਹਨ ਦੀ ਕੋਸ਼ਿਸ਼ ਕਰਦੇ ਹਾਂ ਤਾਂ ਕਚਿਆਈ ਰਹਿ ਜਾਂਣੀ ਸੁਭਾਵਕ ਹੈ ਕਿਉਂਕਿ ਸੱਚ ਦੀ ਕੋਈ ਕਹਾਣੀ ਹੋ ਹੀ ਨਹੀਂ ਸਕਦੀ। ਰਾਮ ਜੇ ਸੱਚ ਹੈ, ਅਕਾਲ ਪੁਰਖ ਹੈ ਤਾਂ ਉਸਨੂੰ ਕਾਲ ਵਿੱਚ ਬੰਨ੍ਹ ਕੇ, ਉਸਦੀ ਸ਼ਕਲ ਬਣਾ ਕੇ ਝੂਠਾ ਕਰਨ ਦੀ ਕੀ ਲੋੜ ਹੈ। ਰੱਬ ਜੇ ਘਟ ਘਟ ਵਿੱਚ ਰੰਵਿਆਂ ਹੈ ਤਾਂ ਸਾਡਾ ਜਿਸਮ ਭਲਾ ਉਸ ਘਟ ਘਟ ਵਿੱਚ ਆਉਂਦਾ ਹੈ ਕਿ ਨਹੀਂ? ਜੋ ਸਰਬਵਿਆਪੀ ਹੈ ਉਹ ਤਾਂ ਹਰ ਕਿਸੇ ਵਿੱਚ ਵਿਆਪ ਰਿਹਾ ਹੈ। ਸਾਡੇ ਵਿੱਚ ਵੀ ਵਿਆਪ ਰਿਹਾ ਹੈ। ਅਸੀਂ ਭਾਵੇਂ ਸੰਪੂਰਣ ਸੱਚ ਨਹੀਂ ਹੋ ਸਕਦੇ ਪਰ ਸੱਤਿਵਾਦੀ ਤਾਂ ਹੋ ਸਕਦੇ ਹਾਂ। ਸਾਰੇ ਧਰਮ ਚੰਗੇ ਭਲੇ ਹਨ, ਸਾਰੇ ਧਰਮੀਂ ਵੀ ਚੰਗੇ ਭਲੇ ਹਨ। ਚੰਗੇ ਭਲੇ ਲੋਕ ਜਦ ਚੰਗੇ ਭਲੇ ਧਰਮ ਤੇ ਕਬਜ਼ਾ ਕਰਦੇ ਹਨ ਤਾਂ ਉਸ ਧਰਮ ਦੀ ਸਰਬਵਿਆਪਕਤਾ ਨੂੰ ਸੀਮਤ ਕਰ ਦੇਂਦੇ ਹਨ। ਗੁਰੂ ਨਾਨਕ ਇੱਕ ਦੀ ਗੱਲ ਕਰਦੇ ਹਨ, ਇੱਕ ਸੱਤਿਪੁਰਖ ਦੀ ਸਰਬਵਿਆਪਕਤਾ ਦੀ ਗੱਲ ਕਰਦੇ ਹਨ, ਸਰਬਸ਼ਕਤੀਮਾਨ ਸਰਬਸਾਂਝੇ ਅਕਾਲਪੁਰਖ ਦੀ ਗੱਲ ਕਰਦੇ ਹਨ ਜੇ ਨਾਨਕ ਤੇ ਯਕੀਨ ਹੈ ਤਾਂ ਅਸੀਮਤ ਵਿਚਾਰਧਾਰਾ ਨੂੰ ਸਾਡੀ ਕਹਿਣ ਵਾਲਿਆਂ ਦਾ ਕੀ ਕਰੀਏ। ਸਾਡਾ ਧਰਮ, ਸਾਡਾ ਗ੍ਰੰਥ, ਸਾਡੀ ਗੁਰਮੁਖੀ, ਸਾਡਾ ਖਾਲਸਾ, ਜੇਕਰ ਖਾਲਸਾ ਅਕਾਲਪੁਰਖ ਕੀ ਫੌਜ ਹੈ, ਖਾਲਸੇ ਦਾ ਪਰਗਟ ਹੋਣਾ ਅਕਾਲਪੁਰਖ ਕੀ ਮੌਜ ਹੈ ਤਾਂ ਅਕਾਲਪੁਰਖ ਦੀ ਸ਼ਕਤੀ ਤੇ ਕਬਜ਼ਾ ਕੇਹਾ? ਅਸੀਂ ਜੇ ਗੁਰੂ ਨਾਨਕ ਦੇਵ ਜੀ ਨੂੰ ਸੱਚੀਂ ਸਮਝਿਆ ਹੁੰਦਾ ਤਾਂ ਸਾਡਾ ਬਾਬਾ ਕਹਿਣ ਦੀ ਬਜਾਏ ਸਰਬਸਾਂਝਾ ਬਾਬਾ ਕਹਿੰਦੇ। ਲੇਕਿਨ ਸਾਡੀ ਅਸਲੀਅਤ ਇਹ ਹੈ ਕਿ ਅਸੀਂ ਬਾਬੇ ਦੇ ਪੈਰੀਂ ਮੱਥਾ ਟੇਕਦੇ ਹਾਂ, ਸਤਿਕਾਰ ਵੀ ਬਹੁਤ ਕਰਦੇ ਹਾਂ ਪਰ ਸਮਝਣ ਦੀ ਕੋਸ਼ਿਸ਼ ਨਹੀਂ ਕਰਦੇ ਕਿ ਨਾਨਕ ਕਹਿਣਾ ਕੀ ਚਾਹੁੰਦੇ ਹਨ। ਜੇ ਅਸੀਂ ਆਪ ਨਾ ਸਮਝਾਂਗੇ ਤਾਂ ਹੋਰ ਕਿਸੇ ਨੂੰ ਭਲਾ ਕੀ ਸਮਝਾਵਾਂਗੇ। ਅਸੀਂ ਕਹਾਣੀਆਂ ਤੇ ਯਕੀਨ ਕਰਦੇ ਹਾਂ ਅਸਲੀਅਤ ਤੇ ਨਹੀਂ।

ਕਹਾਣੀ ਕੋਈ ਜਿਸ ਤਰਾਂ ਦੀ ਮਰਜ਼ੀ ਲਿਖ ਦੇਵੇ ਅਸੀਂ ਉਸ ਉੱਤੇ ਪੀ ਐਚ ਡੀ ਕਰਨ ਭੱਜ ਤੁਰਦੇ ਹਾਂ। ਕਹਾਣੀ ਕਹਿਣ ਵਾਲੇ ਦਾ ਕੋਈ ਕਸੂਰ ਨਹੀਂ ਹੁੰਦਾ, ਜੇ ਕਿਸੇ ਦੀ ਕਲਮ ਵਿੱਚ ਤੁਹਾਨੂੰ ਵਿਸ਼ਵਾਸ਼ ਦਿਵਾ ਸਕਣ ਦੀ ਸ਼ਕਤੀ ਹੈ ਤਾਂ ਹੀ ਲਿਖਦਾ ਹੈ ਕੋਈ ਪਰ ਜੇ ਅਸਲੀਅਤ ਜਾਨਣ ਤੋਂ ਬਿਨਾ ਹੀ ਸਾਰੀ ਦੁਨੀਆਂ ਮੰਨ ਲਵੇ ਤਾਂ ਗੱਲ ਖਤਮ। ਜਿਵੇਂ ਸਾਰੀ ਦੁਨੀਆਂ ਕਲੰਬਸ ਦੇ ਅਮਰੀਕਾ ਲੱਭਣ ਦੀ ਕਹਾਣੀ ਤੇ ਯਕੀਨ ਕਰੀ ਫਿਰਦੀ ਹੈ। "ਅਪਣਾ ਅਤੀਤ" ਕਿਤਾਬ ਕਲੰਬਸ ਦੀ ਝੂਠੀ ਕਹਾਣੀ ਤੋ ਪਰਦਾ ਲਾਹੁੰਦੀ ਹੈ। ਕੁਝ ਨੁਕਤੇ ਮੈਂ ਤੁਹਾਡੇ ਨਾਲ ਸਾਂਝੇ ਕਰਦਾ ਹਾਂ। ਪਹਿਲੀ ਗੱਲ ਕਿ ਅਸੀਂ ਕਲੰਬਸ ਦੀ ਨਾਟਕੀ ਕਹਾਣੀ ਪੜ੍ਹਕੇ ਉਸਨੂੰ ਮੰਨਣ ਮਨਾਉਣ ਵਿੱਚ ਐਨੇ ਰੁਝ ਗਏ ਕਿ ਅਸੀਂ ਪ੍ਰੀ ਕੁਲੰਬਸ ਅਮੈਰੀਕਨ ਹਿਸਟਰੀ ਪੜ੍ਹੀ ਹੀ ਨਹੀਂ ਜੇ ਪੜ੍ਹੀ ਹੁੰਦੀ ਤਾਂ ਮਿਸੀਸਿੱਪੀ ਸਿਵਲਾਈਜੇਸ਼ਨ ਬਾਰੇ ਜਾਣਕਾਰੀ ਰੱਖਣ ਵਾਲਾ ਕਿਵੇਂ ਮੰਨੇ ਕਿ ਅਮਰੀਕਾ ਕ੍ਰਿਸਟਫਰ ਕਲੰਬਸ ਨੇ ਭਾਲਿਆ। ਕਲੰਬਸ ਦੀ ਕਹਾਣੀ ਤੋਂ ਪਹਿਲਾਂ ਸ਼ਹਿਰ ਮੈਕਸੀਕੋ ਦੀ ਆਬਾਦੀ ਦੋ ਲੱਖ ਤੋਂ ਉੱਪਰ ਸੀ। ਇਨ੍ਹਾਂ ਦੇ -ਡੀ ਐਨ ਏ ਟੈਸਟ ਅਨੁਸਾਰ


Academy of the Punjab in North America: http://www.apnaorg.com

ਵੀ ਏਸ਼ੀਅਨ ਲੋਕ ਬੇਅਰਿੰਗ ਲੈਂਡ ਬ੍ਰਿਜ ਪਾਰ ਕਰਕੇ ਕਲੰਬਸ ਤੋਂ ਹਜ਼ਾਰਾਂ ਸਾਲ ਪਹਿਲਾਂ ਅਮਰੀਕਾ ਆ ਵੱਸੇ ਸਨ। ਸਾਇੰਸਦਾਨਾ ਨੇ ਇਹ ਸਿੱਧ ਕੀਤਾ ਹੈ ਕਿ **8000** ਸਾਲ ਪਹਿਲਾਂ ਵੀ ਅਮ੍ਰੀਕਾ ਦਾ ਕਲਾਈਮੇਟ ਅਜੋਕੇ ਕਲਾਈਮੇਟ ਨਾਲ ਰਲਦਾ ਹੈ। ਜੇ ਪਾਠਕ ਹੋਰ ਜਾਣਕਾਰੀ ਲੈਣਾ ਚਾਹੁਣ ਤਾਂ ਮੈਕਸੀਕੋ ਦੀ "ਮਾਇਆ ਸਿਵਲਾਈਜ਼ੇਸ਼ਨ" ਬਾਰੇ ਪੜ੍ਹ ਕੇ ਦੇਖਣ ਜੇਹੜੀ ਸੱਭਿਅਤਾ ਅਸਲ ਵਿੱਚ ਹਿਸਾਬ ਕਿਤਾਬ ਤੇ ਬਾਕੀ ਸਭ ਤਰੱਕੀਆਂ ਦੀ ਜਨਨੀ ਹੈ। ਸਪੈਨਿਸ਼ ਤਾਂ ਹੀ ਤਾਂ ਭਾਰਤੀ ਭਾਸ਼ਾਵਾਂ ਨਾਲ ਰਲਦੀ ਹੈ। ਦਸ ਤੱਕ ਗਿਣਤੀ ਰਲਾ ਕੇ ਦੱਸਾਂ ਦੇਖੋ ਫਿਰ:-- ਇੱਕ=ਊਨੋ, ਦੋ=ਦੋਸ, ਤਿੰਨ= ਤ੍ਰੈਸ, ਚਾਰ=ਕੁਆਤਰੋ, ਪੰਜ= ਸਿੰਕੋ, ਛੇ=ਸੇਸ, ਸੱਤ=ਸਿਏਤੇ, ਅੱਠ=ਓਚੋ, ਨੌਂ= ਨੌਏਵੇ, ਦਸ=ਦੀਅਸ । ਕਿੰਨਾ ਮੇਲ ਖਾਂਦੀ ਹੈ ਗਿਣਤੀ, ਮੈਕਸੀਕੋ ਅਤੇ ਸੈਂਟਰਲ ਅਮਰੀਕਾ ਦੇ ਪਿੰਡਾਂ ਵਿੱਚ ਅੱਜ ਵੀ ਜਾ ਕੇ ਦੇਖੋ ਬਿਲਕੁਲ ਪੰਜਾਬ ਵਰਗੀ ਤਰੀ ਤਰਕਾਰੀ ਖਾਂਦੇ ਹਨ ਲੋਕ। ਧੂਫ ਵੱਤੀ ਕਰਨਾ ਬਲਕੇ ਸਾਰਾ ਰਹਿਣ ਸੈਹਣ ਪੰਜਾਬੀਆਂ ਵਰਗਾ ਹੈ। ਰੰਗ ਰੂਪ ਸਾਡੇ ਵਰਗੇ ਕਾਲੇ ਵਾਲ ਮੈਂ ਤਾਂ ਜਦ ਮਕਸੀਕਨ ਲੋਕਾਂ ਵਿੱਚ ਵਿਚਰ ਕੇ ਦੇਖਿਆ ਤਾਂ ਆਪਣੇ ਭਰਾ ਹੀ ਲੱਗੇ ਬਹੁਤ ਸਾਰੀ ਸਪੈਨਿਸ਼ ਮੈਨੂੰ ਜ਼ੁਬਾਨੀ ਯਾਦ ਹੋ ਗਈ ਰਲਦੀ ਮਿਲਦੀ ਜੋ ਹੋਈ ਜਿਵੇਂ ਤਾਏ ਨੂੰ ਤੀਓ ਕਹਿੰਦੇ ਹਨ, ਕਮੀਜ ਨੂੰ ਕਮੀਜ਼ਾ। ਕਲੰਬਸ ਦੀ ਕਹਾਣੀ ਤਾਂ **1828** ਵਿੱਚ ਵਾਸ਼ਿੰਗਟਨ ਅਰਵਿੰਗ ਨੇ ਲਿਖੀ ਤੇ **1492** ਦੀ ਤਰੀਕ ਲਿਖ ਦਿੱਤੀ ਦੁਨੀਆਂ ਨੇ ਮੰਨ ਲਈ ਗੱਲ ਮੁੱਕੀ ਝਗੜਾ ਖਤਮ ਅਸਲੀਅਤ ਦੀ ਲੋੜ ਹੀ ਨਾ ਰਹੀ। ਜੇ ਕੋਈ ਜਰਾ ਵੀ ਅਸਲੀਅਤ ਜਾਨਣ ਦੀ ਕੋਸ਼ਿਸ਼ ਕਰਦਾ ਤਾਂ ਸੁਤੇ ਹੀ ਸਮਝ ਜਾਂਦਾ ਕਿ ਐਡਾ ਅਮੀਰ ਕਲੰਬਸ ਜੋ ਕਿ ਬਾਦਸ਼ਾਹਾਂ ਤੋਂ ਮੁਆਵਜ਼ਾ ਵਸੂਲ ਕਰਨ ਦੀ ਸੋਚਦਾ ਸੀ, ਜੋ ਪਹਿਲੀ ਵਾਰ ਤਿੰਨ ਛਿੱਪ ਲੈ ਕੇ ਤੁਰਦਾ ਹੈ ਦੂਜੀ ਵਾਰ **17** ਛਿੱਪ ਤੀਜੀ ਵਾਰ ਛੇ ਛਿੱਪ ਲੈ ਕੇ ਯਾਤਰਾ ਸ਼ੁਰੂ ਕਰਦਾ ਹੈ ਪਰ ਨੁਕਤੇ ਦੀ ਗੱਲ ਦੱਸਾਂ ਅਰਵਿੰਗ ਵਾਸ਼ਿੰਗਟਨ ਕਲੰਬਸ ਦਾ ਜਨਮ ਦਿਨ ਤੇ ਜਨਮਸਥਾਨ ਲਿਖਣਾ ਭੁੱਲ ਗਿਆ। ਨਕਲੀ ਹੀਰੋ ਦੇ ਜਨਮ ਬਾਰੇ ਨਾ ਕਿਨੇ ਲਿਖਿਆ ਨਾ ਕਿਨੇ ਸਵਾਲ ਕੀਤਾ। ਮੈਨੂੰ ਬਚਪਨ ਵਿੱਚ ਵੇਖਿਆ ਇੱਕ ਹਾਸਰਸ ਡ੍ਰਾਮਾਂ ਯਾਦ ਆ ਰਿਹਾ ਹੈ ---- "ਭਾਗਵਾਨੇ ਦਾਲ ਕਾਹਦੀ ਬਣਾਈ ਏ ਪਤਾ ਨਹੀਂ ਲਗਦਾ? ---- ਮੈਂ ਬਾਲਟੀ ਨਾਲ ਖੂਹੀ ਚੋਂ ਪਾਣੀ ਲਿਆਈ, ਲੂਣ ਪਾਇਆ, ਮਸਾਲਾ ਪਾਇਆ, ਦੋ ਘੰਟੇ ਰਿੰਨਦੀ ਰਹੀ, ਕੀ ਹੋਇਆ ਜੇ ਮੈਂ ਚਾਰ ਦਾਣੇ ਦਾਲ ਪੌਣੀ ਭੁੱਲ ਗਈ"। ਹੋਰ ਸੁਣਿਓ ਜਰਾ ਕਲੰਬਸ ਜੋ ਕਿ ਗਵਰਨਰ ਵੀ ਸੀ ਐਡਾ ਵੱਢਾ ਹੀਰੋ ਸੀ ਉਸਦੀ ਮੌਤ ਬਾਰੇ ਵੀ ਕੋਈ ਦਲੀਲਪੂਰਵਕ ਇਤਲਾਹ ਨਹੀਂ ਮਿਲਦੀ। "ਹਿਸਟਰੀ ਟੁਡੇ" ਜੋ ਅਗਸਤ **2003** ਵਿੱਚ ਛਪੀ ਇਸ ਗੱਲ ਦੀ ਗਵਾਹ ਹੈ ਕਿ ਜੋ ਹੱਡੀਆਂ (ਰਮੇਂਨਸ) ਕਲੰਬਸ ਦੀਆਂ ਆਖ ਕੇ ਕਈ ਸ਼ਹਿਰਾਂ ਵਿੱਚ ਲਈ ਫਿਰਦੇ ਹਨ ਉਹ ਡੀ ਐਨ ਏ ਮੁਤਾਬਕ ਪੰਜ ਸੌ ਸਾਲ ਪੁਰਾਣੀਆਂ ਨਹੀਂ ਤੇ ਨਾਂ ਹੀ ਅਰਵਿੰਗ ਵਾਸ਼ਿੰਗਟਨ ਦੇ ਹੀਰੋ ਨਾਲ ਰਲਦੀਆਂ ਹਨ।


Academy of the Punjab in North America: http://www.apnaorg.com

# ਸਾਡੀਆਂ ਕੰਧਾਂ

ਦੁਨੀਆਂ ਨੂੰ ਸਭ ਤੋਂ ਪਹਿਲੀਆਂ ਕੰਧਾਂ ਕੋਠੇ ਹੜੱਪਾ ਅਤੇ ਮਹਿੰਜੋਦੜੋ ਵਿੱਚੋਂ ਮਿਲੇ। ਪਰ ਇਹ ਵੀ ਅਸੀਂ ਜਾਣਦੇ ਹਾਂ ਕਿ ਉਹ ਢਾਅ ਦਿੱਤੇ ਗਏ, ਮੇਟ ਦਿੱਤੇ ਗਏ। ਕਿਉਂਕਿ ਢਾਹ ਢੇਰੀ ਕਰਨ ਵਾਲਿਆਂ ਨੂੰ ਉਹ ਬਹੁਤ ਵਧੀਆ ਢੰਗ ਨਾਲ ਬਣਾਏ ਹੋਏ ਰੰਗ ਮੰਚ ਦੰਦੀਆਂ ਚਿੜਾਉਂਦੇ ਸਨ। ਜੇਹੜੀ ਚੀਜ਼ ਸਾਡੀ ਮਰਜ਼ੀ ਨਾਲ ਨਹੀਂ ਬਣਾਈ ਗਈ ਉਹ ਸਾਨੂੰ ਚੰਗੀ ਨਹੀਂ ਲਗਦੀ। ਅਸੀਂ ਆਪਣੀ ਅਕਲ ਨਾਲੋਂ ਹੋਰ ਕਿਸੇ ਨੂੰ ਤਰਜੀਹ ਦੇ ਹੀ ਨਹੀਂ ਸਕਦੇ। ਜੇ ਸਾਨੂੰ ਕੋਈ ਸਿੱਖਿਆ ਦੇਣ ਦੀ ਕੋਸ਼ਿਸ਼ ਕਰੇ ਤਾਂ ਸਾਨੂੰ ਕਦੇ ਚੰਗਾ ਨਹੀਂ ਲਗਦਾ ਭਾਵੇਂ ਸਾਨੂੰ ਪਤਾ ਹੋਵੇ ਕਿ ਇਹ ਸਹੀ ਸਮਝਾ ਰਿਹਾ ਹੈ ਫਿਰ ਵੀ ਅਸੀਂ ਸੁਣਨਾ ਨਹੀਂ ਚਾਹੁੰਦੇ। ਪੁਰਾਤਨ ਕਥਾ ਕਥਾਵਾਂ ਵਿੱਚ ਮੈਂ ਕਿਧਰੇ ਇੱਕ ਕਹਾਣੀ ਪੜ੍ਹੀ ਕਿ ਇੱਕ ਦਿਨ ਮੋਹਲੇਧਾਰ ਮੀਂਹ ਪੈ ਰਿਹਾ ਸੀ, ਗੜੇ ਪੈ ਰਹੇ ਸੀ। ਇੱਕ ਰੁੱਖ ਦੀ ਟਾਹਣੀ ਨਾਲ ਬਿਜੜੇ ਨੇ ਗੁੰਦ ਗੁੰਦ ਕੇ ਘਰ ਬਣਾਇਆ ਹੋਇਆ ਸੀ। ਚਿੜੀ ਵਰਗਾ ਬਿਜੜਾ ਆਪਣੇ ਘਰ ਵਿੱਚ ਅਰਾਮ ਨਾਲ ਬੈਠਾ ਸੀ। ਮੀਂਹ ਹਨ੍ਹੇਰੀ ਗੜੇ ਉਸ ਨਿੱਕੀ ਜਿਹੀ ਚਿੜੀ ਦਾ ਕੁਝ ਨਹੀਂ ਸੀ ਵਿਗਾੜ ਸਕਦੇ ਕਿਉਂਕਿ ਉਹ ਮਜ਼ਬੂਤ ਆਲ੍ਹਣੇ ਵਿੱਚ ਬੈਠੀ ਸੀ। ਐਨੇ ਨੂੰ ਇੱਕ ਲੰਗੂਰ ਉਸ ਦਰਖਤ ਤੇ ਚੜ੍ਹ ਗਿਆ ਤੇ ਬਿਜੜੇ ਦੇ ਸਾਹਮਣੇ ਵਾਲੀ ਮਜ਼ਬੂਤ ਟਾਹਣੀ ਤੇ ਬੈਠ ਗਿਆ। ਦਰਖਤ ਦੇ ਟਾਹਣ ਪੱਤੇ ਕੁਝ ਤਾਂ ਬਚਾਓ ਕਰ ਰਹੇ ਸੀ ਪਰ ਫਿਰ ਵੀ ਲੰਗੂਰ ਭਿੱਜ ਰਿਹਾ ਸੀ, ਠਰ ਰਿਹਾ ਸੀ ਤੇ ਜੇ ਕੋਈ ਗੜਾ ਕੰਨ ਤੇ ਆਣ ਵੱਜਦਾ ਤਾਂ ਚੀਕਾਂ ਵੀ ਮਾਰ ਰਿਹਾ ਸੀ। ਬਿਜੜੇ ਨੂੰ ਬਹੁਤ ਤਰਸ ਆਇਆ ਤੇ ਬਿਜੜਾ ਬਾਂਦਰ ਨੂੰ ਸਲਾਹ ਦੇਣ ਲੱਗਾ ਕਿ ਦੇਖਣ ਨੂੰ ਤੂੰ ਬੰਦੇ ਵਰਗਾ ਲਗਦਾ ਹੈਂ ਜੇ ਕਿਤੇ ਤੂੰ ਵੀ ਕੋਈ ਘਰ ਬਣਾਇਆ ਹੁੰਦਾ ਤਾਂ ਉਸ ਵਿੱਚ ਆਰਾਮ ਨਾਲ ਬਹਿੰਦਾ। ਦੋ ਕੁ ਮਿੰਟ ਤਾਂ ਸੁਣਦਾ ਰਿਹਾ ਪਰ ਫਿਰ ਉਸ ਲੰਗੂਰ ਨੂੰ ਇਵੇਂ ਲੱਗਾ ਕਿ ਇਹ ਨਿੱਕੀ ਜਿਹੀ ਚਿੜੀ ਉਸਦੀ ਬੇਜ਼ਤੀ ਕਰ ਰਹੀ ਹੈ, ਮਖੌਲ ਉਡਾ ਰਹੀ ਹੈ। ਬਾਂਦਰ ਨੇ ਝਪਟ ਮਾਰ ਕੇ ਬਿਜੜੇ ਦਾ ਘਰ ਤੋੜ ਦਿੱਤਾ।

ਪੁਰਾਣੇ ਲੋਕਾਂ ਨੂੰ ਗੱਲਾਂ ਕਰਦਿਆਂ ਸੁਣਦੇ ਹੁੰਦੇ ਸੀ ਬਚਪਨ ਵਿੱਚ, "ਧੜੀ ਧੜੀ ਦੀਆਂ ਗੱਲਾਂ ਕਰਨ ਡਿਆਂ ਤੂੰ ਆਪਣੇ ਸਿਰ ਢਕਾਵੇ ਲਈ ਚਾਰ ਕੰਧਾਂ ਤਾਂ ਖੜੀਆਂ ਕਰ ਨਹੀਂ ਸਕਿਆ" ਸਾਡੀ ਹਰ ਇਨਸਾਨ ਦੀ ਰੀਝ ਹੁੰਦੀ ਹੈ ਕਿ ਸਾਡਾ ਵੀ ਕੋਈ ਘਰ ਪਰਵਾਰ ਹੋਵੇ। ਪ੍ਰਿੰਸੀਪਲ ਤੇਜਾ ਸਿੰਘ ਜਿਵੇਂ ਲਿਖਦੇ ਹਨ ਕਿ ਘਰ ਉਹ ਹੁੰਦਾ ਹੈ ਜਿਸ ਵਿੱਚ ਬੈਠਾ ਕੋਈ ਕਿਸੇ ਨੂੰ ਉਡੀਕਦਾ ਹੋਵੇ। ਅਸੀਂ ਸਾਰਾ ਜ਼ੋਰ ਲਾਅ ਕੇ ਘਰ ਬਣਾਉਂਦੇ ਹਾਂ। ਪਰਵਾਰ ਬਨਾਉਣਾ ਚਾਹੁੰਦੇ ਹਾਂ, ਨੱਠ ਭੱਜ ਕਰਕੇ ਕਮਾਈਆਂ ਕਰਕੇ ਪਰਵਾਰ ਦੀ ਪਰਵਰਿਸ਼ ਕਰਦੇ ਹਾਂ। ਪਰ ਕਈ ਵਾਰ ਆਪਣੇ ਹੱਥੀਂ ਪਾਲੇ ਹੋਏ ਸਾਡੇ ਆਪਣੇ ਵੀ ਸਾਡਾ ਰਾਹ ਰੋਕਣ ਦਾ ਯਤਨ ਕਰਦੇ ਹਨ। ਜਦੋਂ ਕੋਈ ਸਾਡਾ ਆਪਣਾ ਸਾਡੇ ਰਾਹ ਵਿੱਚ ਦੀਵਾਰ ਬਣਦਾ ਹੈ ਤਾਂ ਬੜੀ ਅਜੀਬ ਹਾਲਤ ਬਣ ਜਾਂਦੀ ਹੈ ਕਿਉਂਕਿ ਆਪਣੇ ਹੱਥੀਂ ਬਣਾਈਆਂ ਕੰਧਾਂ ਢਾਹ ਦੇਣ ਨੂੰ ਸਾਡਾ ਦਿਲ ਨਹੀਂ ਕਰਦਾ ਪਰ ਹੋਰ ਕੋਈ ਚਾਰਾ ਵੀ ਨਹੀਂ ਹੁੰਦਾ ਸਾਨੂੰ ਰੁਕਣਾ ਪੈਂਦਾ ਹੈ, ਹਰਨਾ ਪੈਂਦਾ ਹੈ, ਆਪਣੇ ਮਨ ਨੂੰ ਮਾਰਨਾ ਪੈਂਦਾ ਹੈ। ਤੇ ਕਈ ਵਾਰ ਮਰ ਜਾਂਦੇ ਹਾਂ ਅਸੀਂ। ਜਦੋਂ ਤੱਕ ਤਾਂ ਅਸੀਂ ਆਪ ਕੰਧਾਂ ਉਸਾਰਦੇ ਹਾਂ ਤਾਂ ਸਾਨੂੰ ਸੁਖ ਮਿਲਦਾ ਹੈ, ਸੰਤੁਸ਼ਟੀ ਮਿਲਦੀ ਹੈ। ਲੇਕਿਨ ਜਦ ਉਹ ਹੀ ਕੰਧਾਂ ਸਾਡੇ ਦੁਆਲੇ ਖੜੀਆਂ ਹੋ ਜਾਂਦੀਆਂ ਹਨ ਤਾਂ ਪਿੰਜਰੇ ਵਿਚ ਪਏ ਪੰਛੀ ਵਾਂਗ ਸਾਨੂੰ ਉੱਡਣਾ ਭੁੱਲ ਜਾਂਦਾ ਹੈ। ਸਾਡੇ ਪਰ ਹੁੰਦਿਆਂ ਵੀ ਸਾਡਾ ਉੱਡ ਜਾਣਾ ਮੁਮਕਿਨ ਨਹੀਂ ਹੁੰਦਾ। ਕਿਉਂਕਿ ਆਪਣਿਆਂ ਦੀ ਨੀਅਤ ਤੇ ਸ਼ੱਕ ਕਰਨ ਤੋਂ ਪਹਿਲਾਂ ਸਾਡੇ ਰਿਸ਼ਤੇ ਸਾਹਮਣੇ ਆਣ ਖੜਦੇ ਹਨ। ਸਾਡੇ ਰਾਹ ਰੋਕਣ ਵਾਲਿਆਂ ਦੀ ਸੋਚ ਦਾ ਜੋ ਕਾਰਣ ਹੁੰਦਾ ਹੈ ਉਸਦੀ ਸਾਨੂੰ ਜਾਣਕਾਰੀ ਹੁੰਦੀ ਹੈ। ਸਾਡੇ ਆਪਣਿਆਂ ਦੀ ਕਾਬਲੀਅਤ ਦਾ ਸ਼ਕਤੀ ਦਾ ਵੀ ਸਾਨੂੰ ਗਿਆਨ ਹੁੰਦਾ ਹੈ।

ਐਸੀ ਹਾਲਤ ਜਦ ਪੈਦਾ ਹੋ ਜਾਵੇ ਤਾਂ ਭਲਾ ਕੀ ਕਰਨਾ ਚਾਹੀਦਾ ਹੈ। ਆਓ ਇਸ ਨੁਕਤੇ ਤੇ ਗੱਲ ਕਰੀਏ


Academy of the Punjab in North America: http://www.apnaorg.com

। ਕਈ ਵਾਰ ਅਸੀਂ ਧਾਰਮਕ ਆਸਰਾ ਲੈਂਦੇ ਹਾਂ ਜਿਵੇਂ ਗੀਤਾ ਵਿੱਚ ਭਗਵਾਨ ਕ੍ਰਿਸ਼ਨ ਅਰਜਨ ਦਾ ਮਾਰਗ ਦਰਸ਼ਨ ਕਰਾਉਂਦੇ ਹਨ ਕਿ ਜਦ ਤੁਹਾਡੇ ਆਪਣੇ ਬਦਨੀਤ ਹੋ ਜਾਂਦੇ ਹਨ, ਕਸ਼ਟ ਦੇਣ ਲਗਦੇ ਹਨ ਤਾਂ ਬਦੀ ਦਾ ਮੁਕਾਬਲਾ ਕਰਨਾ ਸਾਡਾ ਫਰਜ਼ ਬਣ ਜਾਂਦਾ ਹੈ। ਕਿਉਕਿ ਹਥਿਆਰ ਸਿੱਟਣ ਨਾਲ ਤੇ ਗੱਲ ਨਹੀਂ ਬਣਨੀ ਪਰ ਉਹ ਸਮਾਂ ਜਿਸ ਵਕਤ ਅਰਜਨ ਨੂੰ ਆਪਣੇ ਗੁਰੂ ਦਰੋਣਾਚਾਰੀਆ, ਪਿਤਾਮਾ ਭੀਸ਼ਮ ਜਾਂ ਤਾਏ ਦੇ ਪੁੱਤ ਭਰਾ ਦੁਰਜੋਧਨ ਦੇ ਖਿਲਾਫ ਯੁੱਧ ਕਰਨਾ ਪਿਆ ਉਸ ਸਮੇਂ ਅਤੇ ਅੱਜੋਕੇ ਸਮੇਂ ਵਿਚਾਲੇ ਹੋਰ ਵੀ ਬਹੁਤ ਸਾਰੇ ਰਸਤੇ ਨਿਕਲ ਆਏ ਹਨ। ਅੱਜ ਦੇ ਸਮੇਂ ਸਿਆਣਾ ਉਹ ਹੈ ਜੋ ਸਾਰੀਆਂ ਸਿਆਣਪਾਂ ਜੋ ਦੁਨੀਆਂ ਵਿੱਚ ਮਾਜੂਦ ਹਨ ਸਾਰੀਆਂ ਨੂੰ ਵਿਚਾਰ ਕੇ ਕੋਈ ਐਸਾ ਰਾਹ ਅਪਣਾਏ ਕਿ ਸੱਪ ਵੀ ਮਰ ਜਾਏ ਤੇ ਸੋਟਾ ਵੀ ਨਾ ਟੁੱਟੇ। ਅਸੀਂ ਭਾਵੇਂ ਜਿੰਨੇ ਮਰਜ਼ੀ ਸਿਆਣੇ ਤਜ਼ਰਬੇ ਕਾਰ ਕਿਉਂ ਨਾ ਹੋਈਏ ਫਿਰ ਵੀ ਜੋ ਸਿਆਣਪਾਂ ਉਪਲਭਦ ਹਨ, ਜਿਨ੍ਹਾਂ ਦਾ ਅਸੀਂ ਲਾਭ ਲੈ ਸਕਦੇ ਹਾਂ ਉਹ ਸਾਰੀਆਂ ਸਿਆਣਪਾਂ ਵਿਚਾਰ ਕੇ ਸਹੀ ਰਸਤਾ ਅਪਨਾਉਣਾ ਹੀ ਸਾਡੀ ਸਿਆਣਪ ਹੋਵੇਗੀ। ਚੜ੍ਹਦੀ ਕਲਾ ਵਿੱਚ ਰਹਿਣਾ ਵੀ ਬਹੁਤ ਜਰੂਰੀ ਹੈ ਦਿਲ ਛੱਡਣ ਨਾਲ ਵੀ ਗੱਲ ਨਹੀਂ ਬਣਦੀ। ਸਵੈ ਵਿਸ਼ਵਾਸ਼ ਨਹੀਂ ਹੈ ਤਾਂ ਅਸੀਂ ਕਿਸੇ ਵੀ ਘੁੱਮਣਘੇ ਰੀ ਵਿੱਚੋਂ ਨਹੀਂ ਨਿਕਲ ਸਕਦੇ। ਆਗੂ ਉਹ ਹੀ ਹੁੰਦਾ ਹੈ ਜਿਸਨੂੰ ਅੱਗੇ ਲੱਗਣ ਦੀ ਜੁਗਤੀ ਆਉਂਦੀ ਹੋਵੇ। ਦੁਨੀਆਂ ਵਿੱਚ ਤੁਰਦਿਆਂ ਜੇ ਤੁਸੀਂ ਅੱਗੇ ਲੱਗ ਕੇ ਤੁਰਨਾ ਨਹੀਂ ਜਾਣਦੇ ਤਾਂ ਬਈ ਫਿਰ ਪਿਛਲੱਗ ਕਹਾਉਣਾ ਪਊ। ਭੱਜਨੱਠ ਕਰਨੀ ਜਰੂਰੀ ਹੈ ਪਰ ਸਹੀ ਪਾਸੇ ਨੂੰ ਜਾਓਗੇ ਤਾਂ ਮੰਜ਼ਿਲ ਮਿਲੇਗੀ ਹਰ ਭੱਜ ਦੌੜ ਦੇ ਸਹੀ ਨਤੀਜੇ ਨਿਕਲਣ ਇਹ ਜਰੂਰੀ ਨਹੀਂ ਹੁੰਦਾ। ਜੇ ਅਸੀਂ ਏਨੇ ਕੁ ਸਮਝਦਾਰ ਹੋ ਜਾਈਏ ਕਿ ਸਾਨੂੰ ਪਤਾ ਹੋਵੇ ਕਿ ਅਸੀ ਕੇਹੜੀ ਵਿਧੀ ਅਪਣਾ ਰਹੇ ਹਾਂ, ਜੋ ਕਰਦੇ ਹਾਂ ਉਸ ਦੀ ਸਮਝ ਹੋਵੇ। ਬਦਲੇ ਵਿੱਚ ਕੀ ਮਿਲੇਗਾ ਇਸਦੀ ਵੀ ਸੋਚ ਹੋਵੇ ਤਾਂ ਹੀ ਖਿਡਾਰੀ ਹਾਂ। ਪਰ ਖੇਡ ਨੂੰ ਖੇਡਣਾ ਤਾਂ ਪਵੇਗਾ ਲੇਕਿਨ ਜੇ ਤੁਹਾਡੇ ਦੁਆਲੇ ਉਸਰੀਆਂ ਕੰਧਾਂ ਨੇ ਤੁਹਾਨੂੰ ਰੋਕ ਲਿਆ ਤਾਂ ਸਮਜੋ ਖੇਲ ਖਤਮ। ਆਪ ਮੋਏ ਜੱਗ ਪਰਲੋ। ਮਰ ਜਾਣ ਵਾਲੇ ਜਾਂ ਛੱਡ ਕੇ ਦੌੜ ਜਾਣ ਵਾਲੇ ਜੇਤੂ ਨਹੀਂ ਹੋ ਸਕਦੇ। ਆਪਣੇ ਆਪਣੇ ਹੀ ਹੁੰਦੇ ਹਨ, ਜੇ ਉਹ ਕੰਧਾਂ ਵੀ ਬਣਦੇ ਹਨ ਤਾਂ ਵੀ ਆਪਣਿਆਂ ਤੋਂ ਦੂਰ ਭੱਜਣਾਂ ਕੋਈ ਹੱਲ ਨਹੀਂ ਹੈ। ਹਰ ਸੰਭਵ ਕੋਸ਼ਿਸ਼ ਕਰਕੇ ਆਪਣੇ ਵਾਤਾਵਰਣ ਨੂੰ ਸੰਵਾਰਨਾਂ ਹੀ ਸਾਡੀ ਵਡਿਆਈ ਹੈ। ਸੱਤ ਸਮੁੰਦਰ ਪਾਰ ਪਹੁੰਚ ਕੇ ਅਸੀਂ ਨਾਮ ਖੱਟ ਸਕਦੇ ਹਾਂ ਪੈਸੇ ਬਣਾ ਸਕਦੇ ਹਾਂ ਪਰ ਆਪਣੇ ਨਹੀਂ ਕਦੇ ਖਰੀਦੇ ਜਾਂਦੇ। ਵਿਦੇਸ਼ਾਂ ਵਿੱਚ ਮੈਂ ਕਈ ਕਿਸਮ ਦੀਆਂ ਕਾਮਯਾਬੀਆਂ ਤੋਂ ਬਾਅਦ ਜਦ ਵਾਪਿਸ ਪੰਜਾਬ ਦੇ, ਆਪਣਿਆਂ ਦੇ ਸੁਖ ਭਾਲਣ ਵਾਸਤੇ ਗਿਆ ਤਾਂ ਗੌਰਮਿੰਟ ਕੌਲਿਜ ਕਪੂਰਥਲੇ ਇੱਕ ਸੌ ਪੰਜਾਹ ਸਾਲਾ ਯਾਦਗਾਰੀ ਸਮਾਗਮ ਵਿੱਚ ਮੈਂ ਇੱਕ ਕਵਿਤਾ ਪੜ੍ਹੀ ਜੋ ਸੁਰਜੀਤ ਪਾਤਰ ਤੇ ਹੋਰ ਸਾਰੇ ਮਿੱਤਰਾਂ ਨੂੰ ਬੜੀ ਚੰਗੀ ਲੱਗੀ ਸਾਂਝੀ ਕਰਾਂ:--

ਸੱਤ ਸਮੁੰਦਰ ਤਰਕੇ, ਹਰਕੇ, ਵਾਪਿਸ ਘਰ ਨੂੰ ਆਇਆ ਹਾਂ।
ਦੇਸ਼ ਵਿਦੇਸ਼ਾਂ ਦੇ ਵਿੱਚ ਜਾ ਕੇ, ਅਮਰੀਕਾ ਵਿੱਚ ਪੈਰ ਜਮਾ ਕੇ,
ਧਰਤ ਆਕਾਸ਼ ਬੜੇ ਹੀ ਗਾਹ ਕੇ, ਪ੍ਰਦੇਸਾਂ ਦੀ ਮੋਹਰ ਲਵਾ ਕੇ,
ਸ਼ਹਿਰ ਮੇਰੇ ਦੀ ਮਿੱਟੀ ਵਿਚਲੀ ਮਹਿਕ ਨੂੰ ਭਾਲਣ ਆਇਆ ਹਾਂ।
ਸੱਤ ਸਮੁੰਦਰ ਤਰਕੇ, ਹਰਕੇ, ਵਾਪਸ ਘਰ ਨੂੰ ਆਇਆ ਹਾਂ।
ਚੋਗਾ ਚੁਗਣ ਵਿਦੇਸ਼ੀਂ ਆਇਆ, ਵਤਨੋ ਦੂਰ ਆਲ੍ਹਣਾ ਪਾਇਆ,
ਹਰ ਮੌਸਮ ਵਿੱਚ ਢਲਣਾ ਚਾਹਿਆ, ਰਹੁਰੀਤਾਂ ਨੂੰ ਵੀ ਅਪਣਾਇਆ,
ਥੱਕ ਹਾਰ ਕੇ ਮੁੜ ਆਇਆ ਹਾਂ ਮੈਂ ਜਿੱਥੋਂ ਦਾ ਜਾਇਆ ਹਾਂ।
ਸੱਤ ਸਮੁੰਦਰ ਤਰਕੇ, ਹਰਕੇ, ਵਾਪਸ ਘਰ ਨੂੰ ਆਇਆ ਹਾਂ।


Academy of the Punjab in North America: http://www.apnaorg.com

ਮੇਰਾ ਸ਼ਹਿਰ, ਸ਼ਹਿਰ ਦੀਆਂ ਗਲੀਆਂ, ਮੇਰੇ ਜੁੱਸੇ ਦੇ ਵਿੱਚ ਰਲੀਆਂ,
ਜਿੱਥੇ ਮੇਰੀਆਂ ਰੀਝਾਂ ਪਲੀਆਂ, ਚਰਨਾਮਤ ਨੂੰ ਤਰਸਣ ਤਲੀਆਂ,
ਸ਼ਹਿਰ ਮੇਰੇ ਦੇ ਸੁਖ ਸਾਗਰ ਦਾ, ਬੂੰਦ ਬੂੰਦ ਤ੍ਰਿਹਾਇਆ ਹਾਂ।
ਸੱਤ ਸਮੁੰਦਰ ਤਰਕੇ, ਹਰਕੇ, ਵਾਪਸ ਘਰ ਨੂੰ ਆਇਆ ਹਾਂ।
ਮੇਰੇ ਵਤਨ ਦਿਓ ਮੇਰੇ ਯਾਰੋ, ਮੇਰੇ ਸ਼ਹਿਰ ਦੀਓ ਮੁਟਿਆਰੋ,
ਆਪਣਾ ਸੱਭਿਆਚਾਰ ਨਾਂ ਹਾਰੋ, ਘਰ ਆਏ ਦੀ ਨਜ਼ਰ ਉਤਾਰੋ,
ਸਾਬਤ ਸੂਰਤ ਸੁੱਨੜ ਨੂੰ, ਮੈਂ ਘਰ ਨੂੰ ਮੋੜ ਲਿਆਇਆ ਹਾਂ।
ਸੱਤ ਸਮੁੰਦਰ ਤਰਕੇ, ਹਰਕੇ, ਵਾਪਸ ਘਰ ਨੂੰ ਆਇਆ ਹਾਂ॥


Academy of the Punjab in North America: http://www.apnaorg.com

# ਸਾਡੀ ਸਿਆਣ

ਇੱਕ ਤਸਵੀਰ ਸਾਡੇ ਦਿਲ ਵਿੱਚ ਹੁੰਦੀ ਹੈ ਕਿ ਅਸੀਂ ਕੌਣ ਹਾਂ ਤੇ ਦੂਸਰੀ ਤਸਵੀਰ ਦੁਨੀਆਂ ਦੀ ਨਜ਼ਰੇ ਅਸੀਂ ਕੌਣ ਹਾਂ ਇਸ ਗੱਲ ਤੇ ਨਿਰਭਰ ਕਰਦੀ ਹੈ। ਸ਼ਾਇਦ 2002 ਦੀ ਗੱਲ ਹੈ ਕਿ ਮੈਂ ਕੈਲਗਰੀ ਤੋਂ ਲੌਸਏਂਜਲਸ ਜਾ ਰਿਹਾ ਸੀ। ਪਗੜੀ ਵਾਲਾ ਮੈਂ ਹੀ ਸੀ ਇਕੱਲਾ। ਹਵਾਈ ਜਹਾਜ਼ ਬਹੁਤਾ ਵੱਢਾ ਨਹੀਂ ਸੀ। ਸ਼ਾਇਦ ਇੱਕ ਹੀ ਗੁਸਲਖਾਨਾ ਸੀ ਜੋ ਕਿ ਬਿਜਨਸ ਕਲਾਸ ਦੀਆਂ ਸੀਟਾਂ ਲਾਗੇ ਸੀ। ਇੱਕ ਗੋਰੀ ਕੁੜੀ ਦੇ ਨਾਲ ਪੰਜ ਕੁ ਸਾਲ ਦਾ ਬੱਚਾ ਜਿਸਨੂੰ ਲੈ ਕੇ ਉਹ ਮੇਰੇ ਕੋਲ ਦੀ ਗੁਸਲਖਾਨੇ ਵੱਲ ਜਾਣ ਲੱਗੀ ਤਾਂ ਬੱਚਾ ਮੇਰੇ ਵੱਲ ਵੇਖ ਕੇ ਉੱਚੀ ਉੱਚੀ ਕਹਿਣ ਲੱਗਾ "ਬਿਨ ਲਾਡਨ"। ਉਸ ਬੱਚੇ ਨੂੰ ਮੈਂ ਬਿਨ ਲਾਡਨ ਲਗਦਾ ਸੀ। ਇੱਕ ਵਾਰ ਮੈਂ 1983 ਵਿੱਚ ਸੈਵਨ ਅਲੈਵਨ ਸਟੋਰ ਤੇ ਕੰਮ ਕਰ ਰਿਹਾ ਸੀ ਕਿ ਇੱਕ ਗੋਰਾ ਆਇਆ ਤੇ ਮੇਰੇ ਕੋਲੋਂ ਲਾਗਲੇ ਮਹੱਲੇ ਦੀ ਕਿਸੇ ਸੜਕ ਦਾ ਸਰਨਾਵਾਂ ਪੁੱਛੇ ਜੋ ਕਿ ਮੈਨੂੰ ਪਤਾ ਨਹੀਂ ਸੀ। ਮੇਰੇ ਕੋਲੋਂ ਇਜ਼ਾਜ਼ਤ ਲੈ ਕੇ ਉਸਨੇ ਮੇਰਾ ਫੋਨ ਵਰਤਿਆ। ਮੇਰੇ ਲਾਗੇ ਖੜੋ ਕੇ ਮੇਰੇ ਫੋਨ ਤੋਂ ਸਰਸਰੀ ਤੌਰ ਤੇ ਗੱਲ ਕਰ ਰਿਹਾ ਸੀ ਕਿ ਇਸ ਇਰਾਨੀ ਨੂੰ ਰਾਹ ਦਾ ਨਹੀਂ ਪਤਾ। ਉਸਦੀ ਨਜ਼ਰੇ ਮੈਂ ਇਰਾਨੀ ਸੀ। ਇੱਕ ਹੋਰ ਘਟਣਾ ਯਾਦ ਆਈ ਮੇਰਾ ਵੀਰ ਜਸਵਿੰਦਰ ਸਾਨੂੰ ਮਿਲਣ ਵਾਸਤੇ ਭਾਰਤ ਤੋਂ ਆਇਆ ਹੋਇਆ ਸੀ ਤੇ ਅਚਾਨਕ ਮੇਰਾ ਸਾਂਢੂ ਸਤਵਿੰਦਰ ਵੀ ਜਰਮਨੀ ਤੋਂ ਆਇਆ ਹੋਇਆ ਸੀ ਮਿਲਣ ਗਿਲਣ। ਦੋਨਾ ਨੇ ਇੱਕ ਦਿਨ ਸਲਾਹ ਕੀਤੀ ਕਿ ਆਪਾਂ ਆਪੇ ਕੁਝ ਖਰੀਦੀਏ ਤੇ ਲਾਗੇ ਇੱਕ ਦੁਕਾਨ ਤੇ ਚਲੇ ਗਏ। ਦੁਕਾਨਦਾਰ ਨੇ ਦੋਨ੍ਹਾ ਦੇ ਅੰਗ੍ਰੇਜੀ ਬੋਲਣ ਦੇ ਤਰੀਕੇ ਤੋਂ ਉਨ੍ਹਾਂ ਨੂੰ ਪੁੱਛਿਆ ਕਿ ਤੁਸੀਂ ਕਿੱਥੋਂ ਦੇ ਰਹਿਣ ਵਾਲੇ ਹੋ। ਸਤਵਿੰਦਰ ਕਹਿਣ ਲੱਗਾ ਕਿ ਇਹ ਇੰਡੀਅਨ ਹੈ ਤੇ ਮੈਂ ਜਰਮਨ ਹਾਂ ਪਰ ਦੁਕਾਨਦਾਰ ਇਕਦਮ ਟੋਕ ਕੇ ਕਹਿਣ ਲੱਗਾ - ਤੂੰ ਵੀ ਇੰਡੀਅਨ ਹੀ ਹੈਂ।

ਜਦੋਂ ਅਸੀਂ ਕਿਸੇ ਨੂੰ ਸਿਆਣਦੇ ਨਹੀਂ ਤਾਂ ਇਸਦੇ ਕਈ ਵਾਰ ਐਸੇ ਨਤੀਜੇ ਨਿਕਲ ਜਾਂਦੇ ਹਨ ਕਿ ਅਸੀਂ ਅੰਦਾਜ਼ਾ ਵੀ ਨਹੀਂ ਲਾ ਸਕਦੇ ਕਿ ਸਾਡੀ ਗਲਤ ਪਹਿਚਾਣ ਜਾਂ ਨਾਸਮਝੀ ਕਰਕੇ ਕੀ ਦਾ ਕੀ ਬਣ ਗਿਆ। ਲੋਕ ਹਿਟਲਰ ਨੂੰ ਵਧੀਆ ਨਜ਼ਰ ਨਾਲ ਨਹੀਂ ਦੇਖਦੇ। ਇੱਕ ਪਹਿਚਾਣ ਬਣੀ ਹੋਈ ਹੈ ਕਿ ਹਿਟਲਰ ਬਹੁਤ ਗਲਤ ਸੀ। ਲੇਕਿਨ ਅੱਜ ਤੱਕ ਕਿਸੇ ਨੇ ਵਿਚਲੀ ਗੱਲ ਦਾ ਪਤਾ ਨਹੀਂ ਲਾਇਆ ਕਿਉਂਕਿ ਅਸੀਂ ਪੱਕੀ ਤਸਵੀਰ ਬਣਾ ਕੇ ਬੈਠੇ ਹਾਂ ਕਿ ਹਿਟਲਰ ਜਿੰਨਾ ਗਲਤ ਬੰਦਾ ਕੋਈ ਹੋ ਹੀ ਨਹੀਂ ਸਕਦਾ। ਸ਼ਾਇਦ ਬਹੁਤੇ ਲੋਕਾਂ ਨੂੰ ਇਸ ਗੱਲ ਦਾ ਪਤਾ ਨਹੀਂ ਕਿ ਹਿਟਲਰ ਨੇ ਬੜਾ ਰੌਲਾ ਪਾਇਆ ਕਿ ਉਹ ਆਰੀਅਨ ਹੈ ਪਰ ਕਿਸੇ ਨੇ ਨਹੀਂ ਮੰਨਿਆਂ ਕਿ ਹਿਟਲਰ ਦੇ ਦਾਦੇ ਪੜਦਾਦੇ ਪੰਜਾਬੀ ਸਨ, ਇੰਦਸ ਨਦੀ ਸਿੰਧ ਦਰਿਆ ਦੇ ਕਿਨਾਰੇ ਰਹਿੰਦੇ ਰਹੇ। ਜਰਮਨ ਅਤੇ ਆਲੇ ਦੁਆਲੇ ਸਾਰੇ ਇਲਾਕਿਆਂ ਵਿੱਚ ਰਹਿਣ ਵਾਲੇ ਨੀਲੀਆਂ ਅੱਖਾਂ ਵਾਲੇ ਲੋਕਾਂ ਦਾ ਪਿਛੋਕੜ ਸਿੰਧ ਘਾਟੀ ਸੀ ਹਿਟਲਰ ਜੇ ਯਹੂਦੀਆਂ ਦੇ ਤੇ ਇਸਾਈਆਂ ਦੇ ਖਿਲਾਫ ਛੇ ਸਾਲ ਜੰਗ ਲੜਦਾ ਹੈ ਤਾਂ ਇਸਦਾ ਕਾਰਣ ਭਲਾ ਕੀ ਸੀ। ਕੀ ਬਿਨਾ ਵਜ੍ਹਾ ਹੀ ਉੱਠ ਕੇ ਕੁੱਟਣ ਮਾਰਨ ਲੱਗ ਪਿਆ ਸੀ? ਆਓ ਅੱਜ ਇੱਕ ਐਸਾ ਨੁਕਤਾ ਸਾਂਝਾ ਕਰੀਏ ਜਿਸ ਨੂੰ ਸਵੀਕਾਰ ਕਰਨ ਲਈ ਕੋਈ ਕੋਈ ਨਿੱਤਰੇਗਾ ਪਰ ਸੱਚ ਨੂੰ ਤਾਂ ਜਿਵੇਂ ਕਹਿੰਦੇ ਅੱਗ ਵੀ ਨਹੀਂ ਸਾੜਦੀ। ਨਵੇਂ ਜੰਮੇਂ ਪਰ ਰਾਜਨੀਤਕ ਚਾਲਾਂ ਵਿੱਚ ਸਭ ਤੋਂ ਅੱਗੇ ਲੰਘਦੇ ਜਾ ਰਹੇ ਯਹੂਦੀਆਂ ਅਤੇ ਇਸਾਈਆਂ ਨੇ ਧਰਮ ਤੇ ਕਬਜ਼ਾ ਕਰਨ ਦੀ ਹਰ ਚਾਲ ਚੱਲੀ। ਸਨਾਤਨ ਧਰਮ ਹਿੰਦੂ ਧਰਮ ਨੂੰ ਮਿਥਿਹਾਸ ਕਹਿ ਕੇ ਅਤੇ ਇਸਲਾਮ ਤੇ ਕਬਜ਼ਾ ਕਰਕੇ ਸਾਰੀ ਦੁਨੀਆਂ ਤੇ ਰਾਜ ਕਰਨਾ ਚਾਹੁੰਦੇ ਸਨ। ਲੇਕਿਨ ਜਦ ਇਸਲਾਮ ਤੇ ਕਬਜ਼ਾ ਨਾ ਕਰ ਸਕੇ ਤਾਂ ਇਸਲਾਮ ਦੀ ਇੱਕ ਨਵੀਂ ਤਸਵੀਰ ਬਨਾਉਣ ਦਾ ਯਤਨ ਕੀਤਾ। 17ਵੀਂ ਸਦੀ ਵਿੱਚ ਜਾ ਕੇ ਬਾਈਬਲ ਦਾ ਜੋ ਪਹਿਲਾ ਰੂਪ ਤਿਆਰ ਕੀਤਾ ਗਿਆ ਓਸ ਵਿੱਚ ਵੀ ਕੁਰਾਨ ਦੇ ਥਾਂ ਥਾਂ ਦਰਸ਼ਨ ਹੁੰਦੇ ਹਨ। ਜਿਸ ਸਮੇਂ ਬਾਬਰ ਭਾਰਤ ਵਿੱਚ ਰਾਜ ਕਾਇਮ


Academy of the Punjab in North America: http://www.apnaorg.com

ਕਰ ਰਿਹਾ ਸੀ ਤਾਂ ਇਹ ਤਾਂ ਕੁਦਰਤੀ ਗੱਲ ਸੀ ਕਿ ਹਿੰਦੂ ਮੁਸਲਿਮ ਟਕਰਾਓ ਪੈਦਾ ਹੋ ਗਿਆ ਸੀ। ਦੂਸਰਾ ਟਕਰਾਓ ਮੈਸਾਡੋਨਿਕ ਬੇਬੀਲੋਨਿਕ ਇਲਾਕੇ ਵੱਲੋਂ ਆਏ ਤੇ ਦੂਸਰੇ ਪਾਸੇ ਜਰਮਨ ਵੱਲੋਂ ਆਏ ਲੋਕਾਂ ਵਿਚਾਲੇ ਹਾਲੇ ਸ਼ੁਰੂ ਨਹੀਂ ਸੀ ਹੋਇਆ। ਹਿੰਦੂ ਮੁਸਲਿਮ ਧਾਰਮਿਕ ਝਗੜੇ ਨੂੰ ਨਿਪਟਾਉਣ ਲਈ ਸੋਲ੍ਹਵੀਂ ਤੇ ਸਤ੍ਹਾਰਵੀਂ ਸਦੀ ਵਿੱਚ ਸਿੱਖ ਧਰਮ ਇੱਕ ਸਾਂਝੇ ਰੂਪ ਵਿੱਚ ਸਾਹਮਣੇ ਆਇਆ। **1604** ਵਿੱਚ ਆਦਿ ਗ੍ਰੰਥ ਦੇ ਪ੍ਰਕਾਸ਼ ਹੋ ਜਾਣ ਤੇ ਸੱਚ ਧਰਮ ਸ਼ਬਦ ਦੇ ਲੜ ਲੱਗ ਗਿਆ। ਉਸ ਸਮੇਂ ਤੱਕ ਜੇ ਯੋਰੋਸ਼ਲਮ ਦਾ ਝਗੜਾ ਹੋਇਆ ਹੁੰਦਾ ਤਾਂ ਉਸਦਾ ਹਵਾਲਾ ਗੁਰਬਾਣੀ ਵਿੱਚ ਜਰੂਰ ਆ ਜਾਣਾ ਸੀ ਬਾਬਾ ਨਾਨਕ ਮੱਕੇ ਮਦੀਨੇ ਬਸਰੇ ਬਗਦਾਦ ਡਮਾਸਕਸ ਸਾਰੇ ਇਲਾਕੇ ਘੁੰਮਦੇ ਰਹੇ ਜੇ ਕਿਧਰੇ ਯਹੂਦੀਆਂ ਇਸਾਈਆਂ ਮੁਸਲਮਾਨਾ ਦਾ ਉਸ ਸਮੇਂ ਤੱਕ ਝਗੜਾ ਹੋਇਆ ਹੁੰਦਾ ਤਾਂ ਨਾਨਕ ਦੀ ਨਜ਼ਰੇ ਜਰੂਰ ਚੜ ਜਾਣਾ ਸੀ। ਸ਼੍ਰੀ ਗੁਰੂ ਨਾਨਕ ਧਾਰਮਕ ਦੁਨੀਆਂ ਨੂੰ ਰਲ ਕੇ ਚੱਲਣ ਤੇ ਇੱਕ ਤੇ ਪੂਰਣ ਵਿਸ਼ਵਾਸ਼ ਰੱਖਣ ਲਈ ਪ੍ਰੇਰਦੇ ਹਨ ਲੇਕਿਨ ਉਹ ਜੋ ਇੱਕ ਹੈ ਉਸਦੀ ਤਸਵੀਰ ਨਹੀਂ ਬਣਾਈ ਜਾ ਸਕਦੀ। ਜੋ ਨਿਰਵੈਰ ਹੈ ਉਹ ਭਲਾ ਕਿਸੇ ਨਾਲ ਕਿਉਂ ਲੜੂ। ਜੋ ਨਿਰਭਓ ਹੈ ਉਸ ਨੂੰ ਕਿਸੇ ਤੋਂ ਕੀ ਖਤਰਾ। ਮੁਕਦੀ ਗੱਲ ਪੰਚਭੂਤਕ ਜਿਸਮ ਸੰਪੂਰਣ ਸੱਚ ਹੋ ਹੀ ਨਹੀਂ ਸਕਦਾ। ਹਿਟਲਰ ਗੁਰੂ ਨਾਨਕ ਸਾਹਿਬ ਦੇ ਸੱਤਿ ਪੁਰਖ ਜੋ ਅਕਾਲ ਮੂਰਤ ਹੈ ਉਸ ਤੇ ਯਕੀਨ ਰੱਖਦਾ ਸੀ ਇਸੇ ਵਾਸਤੇ ਪੋਪ ਅਤੇ ਬਾਕੀ ਸਾਰੇ ਪਾਦਰੀਆਂ ਵਿੱਚ ਹਿਟਲਰ ਨੂੰ ਰੱਬ ਨਹੀਂ ਸੀ ਦਿਸਦਾ।

ਇਸ ਨੁਕਤੇ ਦੇ ਸਪਸ਼ਟੀਕਰਨ ਵਾਸਤੇ ਜਰਮਨ ਦੀ ਹੀ ਇੱਕ ਹੋਰ ਮਿਸਾਲ ਦੇਣੀ ਠੀਕ ਸਮਝਦਾ ਹਾਂ। ਦੁਨੀਆਂ ਤੇ ਇੱਕ ਐਸਾ ਧਰਮ ਅੱਜ ਵੀ ਚੱਲ ਰਿਹਾ ਹੈ ਬਲਕੇ **51** ਇਸਾਈਆਂ ਦਾ ਯਕੀਨ ਹੈ ਜਿਸ ਉੱਪਰ ਉਹ ਹੈ ਪ੍ਰੋਟੈਸਟੈਂਟਇਜ਼ਮ। ਅਸਲ ਵਿੱਚ ਦੁਨੀਆਂ ਦਾ ਸਭ ਤੋਂ ਵੱਡਾ ਧਰਮ ਹੈ ਇਹ ਪਿਛਲੀਆਂ ਚਾਰ ਪੰਜ ਸਦੀਆਂ ਦਾ ਪਰ ਇਸ ਤੇ ਇਸਾਈਅਤ ਦੀ ਮੋਹਰ ਲਾਈ ਹੋਈ ਹੈ। ਪ੍ਰੋਟੈਸਟੈਂਟਇਜ਼ਮ ਦਾ ਬਾਨੀ ਮਾਰਟਨ ਲੂਥਰ ਵੀ ਆਰੀਅਨ ਸੀ ਭਾਵੇਂ ਜਰਮਨ ਵਿੱਚ ਰਹਿੰਦਾ ਸੀ। ਗੁਰੂ ਨਾਨਕ ਨਾਲੋਂ ਉਮਰ ਵਿੱਚ **15** ਕੁ ਸਾਲ ਹੀ ਛੋਟਾ ਸੀ। ਸਨ **1517** ਵਿੱਚ ਜੋ **95** ਥੀਸਜ਼ ਮਾਰਟਨ ਲੂਥਰ ਵਿਟਨਬਰਗ ਦੀ ਕੈਸਲ ਚਰਚ ਦੇ ਬੂਹੇ ਤੇ ਚਿਪਕਾ ਆਇਆ ਸੀ। ਉਸ ਕਰਕੇ ਹੀ **1522** ਤੱਕ ਮਾਰਟਨ ਲੂਥਰ ਅੱਧ ਤੋਂ ਵੱਧ ਯੌਰਪ ਦੇ ਦਿਲਾਂ ਵਿੱਚ ਵੱਸ ਗਿਆ ਸੀ। ਨੁਕਤਾ ਸਮਝਣ ਵਾਲੀ ਗੱਲ ਇਹ ਹੈ ਕਿ ਉਹ **95** ਥੀਸਜ਼ ਕੀ ਸਨ। ਕਦੇ ਕਿਸੇ ਨੇ ਉਨ੍ਹਾਂ **95** ਥੀਸਜ਼ ਦੇ ਵਿਚਲਾ ਵਿਰੋਧ ਦੁਨੀਆਂ ਨਾਲ ਸਾਂਝਾ ਨਹੀਂ ਕੀਤਾ। ਗੁਰੂ ਨਾਨਕ ਦੀ ਵਿਚਾਰਧਾਰਾ ਤੋਂ ਮਾਰਟਨ ਲੂਥਰ ਵਾਰੇ ਵਾਰੇ ਜਾਂਦਾ ਸੀ। ਮਾਰਟਨ ਲੂਥਰ **95** ਆਰਟੀਕਲਾਂ ਵਿੱਚ ਊਚ ਨੀਚ ਦੇ ਮੱਤ ਭੇਦ ਦੂਰ ਕਰਦਾ ਹੈ। ਤਕੜੇ ਮਾੜੇ ਤੇ ਅਮੀਰ ਗਰੀਬ ਦਾ ਫਰਕ ਮੇਟਦਾ ਹੈ। ਸਮਾਜਿਕ ਬਰਾਬਰਤਾ ਦੀ ਗੱਲ ਕਰਦਾ ਹੈ ਤੇ ਸਭ ਤੋਂ ਯਾਦ ਕਰਨ ਵਾਲੀ ਗੱਲ ਇਹ ਹੈ ਕਿ ਦੇਹਧਾਰੀ ਪੋਪ ਲੂਥਰ ਦੀ ਨਜ਼ਰੇ ਰੱਬ ਦਾ ਦਰਜ਼ਾ ਨਹੀਂ ਲੈ ਸਕਦੇ। ਜੇ ਕਿਤੇ ਇਸਾਈਅਤ ਮਾਰਟਨ ਲੂਥਰ ਦੀ ਗੱਲ ਮੰਨ ਕੇ ਗੁਰੂ ਨਾਨਕ ਦੇ ਸ਼ਬਦ ਗੁਰੂ ਨੂੰ ਪਰਵਾਨਗੀ ਦੇ ਦੇਂਦੀ ਤਾਂ ਫਿਰ ਸਮੁੱਚੀ ਮਾਨਵਤਾ ਦਾ ਪਾਰ ਉਤਾਰਾ ਹੋ ਸਕਦਾ ਸੀ। ਪ੍ਰੋਟੈਸਟੈਂਟਇਜ਼ਮ ਸਕ੍ਰਿਪਚਰ ਤੇ ਸ਼ਬਦ ਤੇ ਯਕੀਨ ਰੱਖਦਾ ਹੈ, ਗੁਰੂ ਨਾਨਕ ਤੇ ਯਕੀਨ ਰੱਖਦਾ ਹੈ। ਜੇ ਕੋਈ ਦੇਹਧਾਰੀ ਹੈ ਤਾਂ ਉਹ ਰੱਬ ਨਹੀਂ ਹੈ। ਮਨੁਖਤਾ ਨੇ ਆਪਣੀ ਸਿਆਣ ਕਰਨੀ ਹੈ ਪਹਿਚਾਣ ਕਰਨੀ ਹੈ ਤਾਂ ਸ਼ਬਦ ਬਿਨਾ ਨਹੀਂ ਹੋ ਸਕਦੀ।


Academy of the Punjab in North America: http://www.apnaorg.com

# ਸ਼ਬਦ

ਸਤਿ ਸ਼ਬਦ ਸ਼ਕਤੀ ਸੰਪੂਰਣ ਇੱਕੋ ਇੱਕ ਓਅੰਕਾਰ।
ਸਤਿ ਸ਼ੁਰੂਆਤ ਸਤਿ ਹੀ ਵਰਤੇ ਸਤਿ ਰਹੇਗਾ ਆਖਰਕਾਰ।
ਸਤਿ ਸ਼ਕਤੀ ਸਭ ਕਰੇ ਕਰਾਵੇ ਸਤਿ ਸਿਰਜੇ ਸੰਸਾਰ।
ਸੰਪੂਰਣ ਨਾ ਡਰੇ ਡਰਾਵੇ ਨਾ ਕੋਈ ਜਿੱਤ ਨਾ ਹਾਰ।
ਸਰਬਵਿਆਪਕ ਸ਼ਕਤੀ ਦਾ ਹੈ ਸ਼ਬਦਾਂ ਵਿੱਚ ਸਤਿਕਾਰ।
ਸਮਾਂ ਕਾਲ ਸੀਮਾਂ ਨਾ ਕੋਈ ਜੂਨ ਰਹਿਤ ਆਕਾਰ।
ਸੂਰਤ ਮੂਰਤ ਨਾ ਕੋਈ ਜਾਮਾਂ ਨਾਰਾਇਣ ਨਿਰੰਕਾਰ।
ਸਾਹਿਬ ਸਹੀ ਸਲਾਮਤ ਸਤਿਗੁਰ ਮੇਹਰਾਂ ਦਾ ਭੰਡਾਰ।
ਸਭ ਨੂੰ ਦਾਤਾਂ ਬਖਸ਼ ਰਿਹਾ ਹੈ ਦਾਤਾਂ ਭਖਸ਼ਣਹਾਰ।
ਸਰਬਕਲਾ ਸਮਰੱਥ ਦਾ ਸਿਮਰਣ ਨਾਮ ਲੰਘਾਵੇ ਪਾਰ।
ਸਹਿਜ ਸਿਆਣਪ ਸੰਜਮ ਸੁੱਚਮ ਦਾਤਾਂ ਹੱਥ ਦਾਤਾਰ।
ਸਤਿ ਸਤਿ ਕਰ ਜਾਣੀਏਂ ਸਾਰੇ ਸ਼ਬਦ ਬਣੇ ਆਧਾਰ।
ਸ਼ਬਦ ਬਿਨਾ ਸੋਝੀ ਨਾ ਕੋਈ ਸ਼ਬਦ ਸਵਾਰਣਹਾਰ।
ਸ਼ਬਦ ਜਾਪ ਦੀ ਜੁਗਤੀ ਦੇ ਨਾ ਪਾਈਏ ਪਰਵਦਗਾਰ॥
ਸੁਰਿੰਦਰ ਸਿੰਘ ਸੁੱਨੜ


Academy of the Punjab in North America: http://www.apnaorg.com

# ਸਾਡੀ ਸਮਝ

ਬਚਪਨ ਵਿੱਚ ਹਰ ਸਾਲ ਦਸੈਹਿਰਾ ਦੇਖਣ ਦਾ ਬੜਾ ਚਾਅ ਹੁੰਦਾ ਸੀ। ਹਰ ਸਾਲ ਸਾਰੇ ਦਿਨ ਜਿੰਨੇ ਦਿਨ ਵੀ ਦਸੈਹਿਰਾ ਰਾਮ ਲ਼ੀਲਾ ਚੱਲਣੀ ਅਸੀਂ ਦੇਖਣ ਜਾਣਾ। ਵੱਡਾ ਕਾਰਣ ਤਾਂ ਖਾਣ ਪੀਣ ਦਾ ਹੁੰਦਾ ਸੀ। ਖਰਚਣ ਨੂੰ ਪੈਸੇ ਮਿਲਦੇ ਹੁੰਦੇ ਸੀ। ਹਨੁਮਾਨ ਦੀ ਸੈਨਾ ਜਦ ਪੂਛਾਂ ਲਾਕੇ ਲੜਨੀ ਤਾਂ ਬਹੁਤ ਚੰਗਾ ਲੱਗਣਾ। ਆਖਰੀ ਦਿਨ ਰਾਵਣ ਦੇ ਦਸ ਸਿਰਾਂ ਵਾਲੇ ਵੱਡੇ ਸਾਰੇ ਬੁੱਤ ਨੂੰ ਸੜਦੇ ਦੇਖ ਕੇ ਬੜਾ ਮਜ਼ਾ ਆਉਣਾ। ਰਮਾਇਣ ਦੀ ਕਹਾਣੀ ਸਿਆਣਿਆਂ ਨੇ ਸੁਣਾਉਣੀ ਤਾਂ ਸੁਤੇ ਸਿਧ ਸੁਣ ਲੈਣੀ ਪਰ ਜਦ ਰੱਬ ਦੇ ਧਰਤੀ ਉੱਪਰ ਆ ਕੇ ਦੁਨੀਆਂ ਨੂੰ ਜੀਣ ਦੀ ਮਰਿਆਦਾ ਸਿਖਾਉਣ ਵਾਲੀ ਗੱਲ ਸਮਝ ਵਿੱਚ ਆਉਣ ਲੱਗੀ ਤਾਂ ਰਮਾਇਣ ਦੇ ਅਰਥ ਦਿਲ ਵਿੱਚ ਬਦਲ ਗਏ। ਹੁਣ ਪਿਛਲੇ ਕੁਝ ਸਾਲਾਂ ਤੋਂ ਮਰਿਆਦਾ ਦੀ ਧਰਮ ਦੀ ਪੜਚੋਲ ਕਰਦਿਆਂ ਜਦ ਧਾਰਮਿਕ ਗੰਭੀਰਤਾ ਸਮਝ ਵਿੱਚ ਆਉਣ ਲੱਗੀ ਤਾਂ ਰਾਮ ਦਾ ਸਰਨਾਵਾਂ ਭਾਲਣਾ ਮੁਛਕਿਲ ਹੋ ਗਿਆ। ਗੀਤਾ ਬਾਰੇ ਵੀ ਐਨਾ ਕੁ ਹੀ ਪਤਾ ਸੀ ਕਿ ਧਾਰਮਿਕ ਪੁਸਤਕ ਕਰਕੇ ਗੀਤਾ ਦੀ ਸਹੁੰ ਚੁੱਕ ਕੇ ਲੋਕ ਝੂਠ ਨਹੀਂ ਬੋਲ ਸਕਦੇ। ਹੌਲੀ ਹੌਲੀ ਪਤਾ ਲੱਗਾ ਕਿ ਗੀਤਾ ਤਾਂ ਮਹਾਂਭਾਰਤ ਦਾ ਹਿੱਸਾ ਹੈ। ਫਿਰ ਵੀ ਇਹ ਸਰਸਰੀ ਗੱਲ ਹੀ ਲਗਦੀ ਸੀ। ਸਾਡੀ ਕਲਾਸ ਵਿੱਚ ਇੱਕ ਮੁੰਡੇ ਨੇ ਗੀਤ ਸੁਣਾਇਆ ਸਾਨੂੰ ਬੜਾ ਚੰਗਾ ਲੱਗਾ, "ਕੌਰਵ ਨੇ ਪਾਂਡਵ ਸੇ ਕੀ ਥੀ ਲੜਾਈ, ਜੋ ਕੀ ਥੀ ਹੱਥੋਪਾਈ ਤੋ ਮੈਂ ਕਿਆ ਕਰੂੰ"। ਹੁਣ ਜਦ ਮਹਾਂਭਾਰਤ ਨੂੰ ਅਲੋਚਨਾਤਮਿਕ ਢੰਗ ਨਾਲ ਪੜਿਆ ਤਾਂ ਭਗਵਾਨ ਕ੍ਰਿਸ਼ਨ ਦੇ ਅਰਜਣ ਦੀ ਰੱਥ ਦੇ ਰਥਵਾਨ ਬਣਨ ਦਾ ਕਾਰਣ ਸਮਝ ਆਇਆ। ਭੀਮਸੈਨ ਦੇ ਪੁੱਤਰ ਨੂੰ ਜਦ ਕਰਣ ਤੀਰ ਮਾਰਕੇ ਮਾਰਦਾ ਤਾਂ ਭਗਵਾਨ ਕ੍ਰਿਸ਼ਨ ਦਾ ਹੱਸਣਾ ਤੇ ਭੀਮ ਦਾ ਉਸਦੇ ਹਾਸੇ ਨੂੰ ਟੋਕਣਾ ਇੱਕ ਸਰਸਰੀ ਗੱਲ ਲਗਦੀ ਹੁੰਦੀ ਸੀ। ਲੇਕਿਨ ਇਸ ਗੱਲ ਦੀ ਸਮਝ ਨਹੀਂ ਸੀ ਕਿ ਕਰਣ ਦੇ ਉਸ ਤੀਰ ਨਾਲ ਤਾਂ ਅਰਜਣ ਵੀ ਮਰ ਸਕਦਾ ਸੀ ਤੇ ਯੁੱਧ ਵੀ ਹਰ ਸਕਦੇ ਸੀ ਪਾਂਡਵ। ਰਾਜੇ ਦੇ ਪੁੱਤਰ ਗੌਤਮ ਬੁੱਧ ਦੀ ਸਾਰੀ ਸੁਖ ਸੁਵਿਧਾ ਤਿਆਗ ਕੇ ਤਪੱਸਿਆ ਕਰਨ ਜਾਣ ਵਾਲੀ ਕਹਾਣੀ ਬੜੇ ਮਜ਼ੇ ਨਾਲ ਸੁਣਿਆਂ ਕਰਦੇ ਸਾਂ। ਲੇਕਿਨ ਜਦ ਸਮਝ ਲੱਗੀ ਕਿ ਬੁੱਧ ਨੂੰ ਜੋ ਗਿਆਨ ਹੋਇਆ ਉਹ ਤਾਂ ਇਹ ਹੀ ਸੀ ਕਿ ਇਨਸਾਨ ਆਪਣੇ ਅੰਦਰ ਹੀ ਸਭ ਕੁਝ ਲੱਭ ਸਕਦਾ ਹੈ ਤਪੱਸਿਆ ਕਰਨ ਦੀ ਲੋੜ ਹੀ ਨਹੀਂ।

ਬਾਬਰ ਤੋਂ ਲੈ ਕੇ ਔਰੰਗਜੇਬ ਤੱਕ ਦੇ ਇਤਹਾਸ ਨੂੰ ਬੜੇ ਰੱਟੇ ਲਾਇਆ ਕਰਦੇ ਸਾਂ ਵਿਦਿਆਰਥੀ ਹੁੰਦਿਆਂ ਅੰਗ੍ਰੇਜੀ ਰਾਜ ਸਮੇਂ ਇਸਾਈਅਤ ਅਤੇ ਮੁਸਲਮ ਰਾਜ ਸਮੇਂ ਇਸਲਾਮ ਬਾਰੇ ਵੱਖੋ ਵੱਖ ਤਰੀਕੇ ਨਾਲ ਸੋਚਿਆ ਕਰਦੇ ਸਾਂ। ਯਹੂਦੀਆਂ ਬਾਰੇ ਪਲੈਟੋ ਤੇ ਅਰਸਤੂ ਬਾਰੇ ਵੱਖ ਤਰੀਕੇ ਨਾਲ ਸੋਚਦੇ ਸਾਂ। ਪ੍ਰੰਤੂ ਜਦ ਧਰਮ ਸਮਝਣ ਦੀ ਵਿਧੀ ਸਮਝ ਆਈ ਤਾਂ ਜਾ ਕੇ ਪਤਾ ਲੱਗਾ ਕਿ ਇਸਲਾਮ, ਕ੍ਰਿਸ਼ਚਿਐਨਟੀ ਅਤੇ ਯਹੂਦੀ ਇਹ ਤਿੰਨੋਂ ਇੱਕ ਹੀ ਧਰਮ ਦੀਆਂ ਸ਼ਾਖਾਵਾਂ ਹਨ। ਇਸਲਾਮ ਜੋ ਕਿ ਸਨਾਤਨ ਧਰਮ ਦੇ ਪੈਰੋਕਾਰਾਂ ਤੋਂ ਦੁਖੀ ਹੋ ਕੇ ਵਜੂਦ ਵਿੱਚ ਆਇਆ ਸੀ ਆਮ ਦੁਨੀਆਂ ਦੇ ਹਾਣਦਾ ਸੀ। ਹਰ ਕੋਈ ਕੁਰਾਨ ਪੜ੍ਹ ਸਕਦਾ ਸੀ। ਪੰਜੇ ਵਕਤ ਮਸੀਤ ਜਾਣਾ, ਨਮਾਜ਼ ਪੜ੍ਹਨੀ ਰੋਜੇ ਰੱਖਣੇ ਹਰ ਇਨਸਾਨ ਲਈ ਦਰਵਾਜ਼ੇ ਖੁੱਲੇ ਸਨ। ਵੇਦਾਂ ਸ਼ਾਸਤਰਾਂ ਉੱਪਨਿਸ਼ਦਾਂ ਨੂੰ ਤਾਂ ਹਰ ਕੋਈ ਪੜ੍ਹ ਸੁਣ ਨਹੀਂ ਸੀ ਸਕਦਾ ਪਰ ਕੁਰਾਨ ਪੜ੍ਹਨ ਸੁਣਨ ਵਾਲਿਆਂ ਲਈ ਹਰ ਸੁਵਿਧਾ ਮਹੱਈਆ ਕੀਤੀ ਜਾਂਦੀ ਸੀ। ਜੇ ਕਿਧਰੇ ਇਸਲਾਮ ਵਿੱਚ ਐਨੀ ਕੱਟੜਤਾ ਨਾ ਹੁੰਦੀ ਤਾਂ ਸਾਰੀ ਦੁਨੀਆਂ ਦਾ ਧਰਮ ਬਣ ਸਕਣ ਦੀ ਸਮਰੱਥਾ ਰੱਖਦਾ ਸੀ ਇਸਲਾਮ। ਕੱਟੜਤਾ ਨੂੰ ਘੱਟ ਕਰਨ ਦੇ ਤਰੀਕੇ ਵਜੋਂ ਇਸਾਈ ਤੇ ਯਹੂਦੀ ਪੈਦਾ ਹੋਏ ਤੇ ਹੌਲੀ ਹੌਲੀ ਵੱਖਰੇ ਧਰਮ ਦੇ ਰੂਪ ਵਿੱਚ ਦਿਸਣ ਲੱਗੇ। ਇਸ ਧਾਰਮਿਕ ਰੌਲੇ ਨੂੰ ਦੇਖ ਕੇ ਹੀ ਕਿਸੇ ਨੇ ਲਿਖਿਆ ਹੋਣੈ "ਕਮ ਹੈ ਬਹੁਤ ਕਮ ਹੈ, ਬਲਕੇ ਇੰਤਹਾਅ ਕਮ ਹੈ, ਜਿਸ ਕਦਰ ਜ਼ਿਕਰੇ ਖੁਦਾ ਹੈ ਖੌਫੇ ਖੁਦਾ ਕਮ ਹੈ" 17ਵੀਂ 18ਵੀਂ ਸਦੀ ਵਿੱਚ ਨਿਊਟਨ ਵਰਗੇ ਸਾਂਇੰਸਦਾਨਾ ਦਾ ਦੌਰ ਆਇਆ ਤਾਂ ਸਾਇੰਸ ਧਰਮਾਂ ਦੇ ਬਰੋਬਰ ਖੜ ਗਈ। ਸੈਂਟੇਫਿਕ ਤਰੀਕੇ


Academy of the Punjab in North America: http://www.apnaorg.com

ਨਾਲ ਕੀਤੀਆਂ ਗੱਲਾਂ ਆਸਾਨੀ ਨਾਲ ਸਮਝ ਪੈ ਜਾਂਦੀਆਂ ਇਸ ਲਈ ਦੁਨੀਆਂ ਧਰਮਾਂ ਨਾਲੋਂ ਸਾਇੰਸ ਤੇ ਵੱਧ ਵਿਸ਼ਵਾਸ਼ ਕਰਨ ਲੱਗ ਪਈ। ਸਾਰੇ ਪਹਿਲੇ ਸਾਇੰਸਦਾਨ ਕਿਉਂਕਿ ਪੱਛਿਮ ਦੇ ਹੋਏ ਇਸ ਕਰਕੇ ਪੂਰਬੀ ਗੁਣ ਗਿਆਨ ਪਿੱਛੇ ਰਹਿ ਗਿਆ। ਭਾਵੇਂ ਅਗਨਬਾਣ ਤੇ ਮਿਸਾਈਲਾਂ ਵਿੱਚ ਬਹੁਤਾ ਅੰਤਰ ਨਹੀਂ ਪਰ ਫਿਰ ਵੀ ਧਾਰਮਿਕ ਤਰੀਕੇ ਨਾਲੋਂ ਸਾਂਇਟੇਫਿਕ ਤਰੀਕਾ ਦੁਨੀਆਂ ਨੂੰ ਜ਼ਿਆਦਾ ਅਸਰਦਾਇਕ ਲੱਗਾ। ਸਾਂਇੰਸ ਯੁੱਗ ਧਾਰਮਿਕ ਦੁਨੀਆਂ ਨੂੰ ਵੱਸ ਵਿੱਚ ਕਰਨ ਲੱਗਾ। ਪਲੈਟੋ ਅਰਸਤੂ ਤੇ ਨਿਊਟਨ ਹੁਣਾ ਦੇ ਫਾਰਮੂਲੇ ਚੰਗੇ ਲੱਗਣ ਲੱਗੇ, ਸਹੀ ਲੱਗਣ ਲੱਗੇ । ਧਾਰਮਿਕ ਦੁਨੀਆਂ ਦੇ ਕੋਲ ਸਿਰਫ ਇੱਕੋ ਤਰਕ ਸੀ ਕਿ ਇਹ ਜੋ ਗੱਲਾਂ ਸਾਂਇੰਸਦਾਨ ਕਰ ਰਹੇ ਹਨ ਇਹ ਸਾਰੀਆਂ ਪੁਰਾਤਨ ਗ੍ਰੰਥਾਂ ਵਿੱਚੋਂ ਇਸ਼ਾਰੇ ਲੈ ਕੇ ਕਰਦੇ ਹਨ। ਯਹੂਦੀ ਤਾਂ **17**ਵੀਂ ਸਦੀ ਵਿੱਚ ਸਾਹਮਣੇ ਆਏ ਪਰ ਬੜੀ ਸਿਆਣਪ ਨਾਲ ਪਲੈਟੋ ਤੇ ਅਰਸਤੂ ਵਰਗਿਆਂ ਨੂੰ ਦੋ ਢਾਈ ਹਜ਼ਾਰ ਸਾਲ ਪਹਿਲਾਂ ਹੋਏ ਆਖ ਦਿੱਤਾ। ਇਸ ਮੰਨਤ ਨੂੰ ਗਲਤ ਸਿੱਧ ਕਰਨ ਵਾਸਤੇ ਕੋਈ ਦਲੀਲ ਨਹੀਂ ਸੀ ਕਿਸੇ ਕੋਲ ਕਿਉਂਕਿ ਪੁਰਾਤਨ ਧਰਮਾਂ ਦੀ ਸਹੀ ਤਰੀਕ ਦਾ ਵੀ ਤਾਂ ਕਿਸੇ ਨੂੰ ਨਹੀਂ ਸੀ ਪਤਾ। ਤਿੰਨ ਸਦੀਆਂ ਜਾਂ ਤਿੰਨ ਹਜ਼ਾਰ ਸਾਲ ਪਹਿਲਾਂ ਵਿਚ ਕੋਈ ਅੰਤਰ ਨਹੀਂ ਸੀ ਕਰ ਸਕਦਾ ਇਸ ਲਈ ਸੋਚਣ ਵਾਲਿਆਂ ਨੇ ਸੋਚਿਆ ਕਿ ਝੂਠ ਦਾ ਕੜ੍ਹਾਅ ਕਰਨ ਲੱਗੇ ਹਾਂ ਚਾਸ ਜਿੰਨੀ ਮਰਜ਼ੀ ਪਾਈਏ।

ਸਤਿਯੁਗ, ਦੁਆਪਰ ਅਤੇ ਤ੍ਰੇਤਾ ਯੁੱਗ ਵਿੱਚ ਤਾਂ ਕੋਈ ਤਾਰੀਖ ਹੋ ਹੀ ਨਹੀਂ ਸੀ ਸਕਦੀ ਲੇਕਿਨ ਕਲਯੁੱਗ ਨੂੰ ਕਲਯੁੱਗਾਂ ਨੇ ਖਿੱਚ ਕੇ ਲੰਬਾ ਕਰ ਦਿੱਤਾ। ਇਹ ਜੋ ਤਿੰਨ ਚਾਰ ਹਜ਼ਾਰ ਸਾਲ ਪੁਰਾਣੀਆਂ ਤਾਰੀਕਾਂ ਲਿਖੀਆਂ ਹਨ ਇਹ ਇਤਹਾਸ ਨਹੀਂ ਹੈ। ਇਸਵੀ ਸਨ ਦੀਆਂ ਵੀ ਪਹਿਲੀਆਂ ਦਸ ਸਦੀਆਂ ਵਿੱਚ ਕੋਈ ਲਿਖਤੀ ਤਾਰੀਕ ਨਹੀਂ ਮਿਲਦੀ ਖੈਰ ਮੈਂ ਇਸ ਲਹੌਰ ਦੀ ਲੜਾਈ ਚੋਂ ਕੀ ਲੈਣਾ। ਆਪਣੇ ਨੁਕਤੇ ਵੱਲ ਵਧਾਂ ਕਿ ਜਦ ਇਸਾਈਆਂ ਤੇ ਯਹੂਦੀਆਂ ਨੇ ਸਾਰੀ ਦੁਨੀਆਂ ਦੇ ਇਤਹਾਸ ਨੂੰ ਸਾਂਇੰਸ ਦਾ ਰੰਗ ਚਾੜ ਕੇ ਆਪਣੀ ਕਲਮ ਨਾਲ ਲਿਖਿਆ ਤਾਂ ਹਰ ਪਾਸੇ ਇਸਾਈਅਤ ਦੀ ਮੋਹਰ ਲਾਉਣੀ ਸ਼ੁਰੂ ਕਰ ਦਿੱਤੀ। ਪ੍ਰੋਟੈਸਟੈਂਟਇਜ਼ਮ ਜੋ ਕਿ ਦੁਨੀਆ ਦੇ ਪੋਪਾਂ ਪਾਦਰੀਆਂ ਨੂੰ ਮੰਨਦਾ ਹੀ ਨਹੀਂ ਉਸ ਉੱਤੇ ਵੀ ਇਸਾਈਅਤ ਦਾ ਠੱਪਾ ਲਾਅ ਦਿੱਤਾ। ਫਿਰ ਸੋਚਿਆ ਕਿ ਇਹ ਧਰਮ ਤਾਂ ਸ਼ਬਦ ਦੇ ਲੜ ਲਾਉਂਦਾ ਹੈ ਇਸ ਲਈ ਇੱਕ ਨਵੀਂ ਸ਼ਾਖਾ ਬਣਾਉਣ ਦਾ ਯਤਨ ਵੀ ਹੋਇਆ ਜਿਸ ਵਿੱਚ ਸ਼ਬਦ ਨੂੰ ਬਾਣੀ ਨੂੰ ਗ੍ਰੰਥਾਂ ਨੂੰ ਵੀ ਨਿਕਾਰਨ ਦਾ ਯਤਨ ਕੀਤਾ ਗਿਆ। ਜਿਸ ਦੀ ਲਾਠੀ ਉਸਦੀ ਭੈਂਸ ਵਾਲੀ ਗੱਲ ਹੋਈ ਕਿ ਤਾਕਤਵਰ ਲੋਕਾਂ ਨੇ ਡੀਇਸਮ ਚਾਲੂ ਕਰ ਦਿੱਤਾ ਜਿਸ ਅਨੁਸਾਰ ਕੋਈ ਗ੍ਰੰਥ ਵੀ ਕੋਈ ਮਾਇਨਾ ਨਹੀਂ ਰੱਖਦਾ। ਜੌਰਜ ਵਾਸ਼ਿੰਗਟਨ, ਜੈਫਰਸਨ, ਬੈਂਜਾਮਿਨ ਫਰੈਂਕਲਿਨ ਅਤੇ ਇਬਰਾਹਿਮ ਲਿੰਕਨ ਵਰਗੇ ਆਪਣੇ ਆਪ ਨੂੰ ਡੀਇਜ਼ਮ ਦੇ ਪੈਰੋਕਾਰ ਕਹਾਉਂਦੇ ਸਨ। ਪਰ ਇਹ ਭੁੱਲ ਗਏ ਕਿ ਕੁਝ ਵੀ ਕਹਾਉਣ ਲਈ ਸ਼ਬਦਾਂ ਦਾ ਸਹਾਰਾ ਤਾਂ ਲੈਣਾ ਹੀ ਪਵੇਗਾ। ਮੇਰਾ ਨੁਕਤਾ ਮੈਨੂੰ ਇਹ ਕਹਿਣ ਲਈ ਮਜਬੂਰ ਕਰ ਰਿਹਾ ਹੈ ਕਿ ਜੇ ਪ੍ਰੋਟੈਸਟੈਂਟਇਜ਼ਮ ਨੂੰ ਮਾਰਟਨ ਲੂਥਰ ਦੇ **95** ਥੀਸਜ਼ਾਂ ਨੂੰ ਪੜ੍ਹ ਕੇ ਦੇਖੀਏ ਤਾਂ ਗੁਰਬਾਣੀ ਰੰਗ ਸਾਫ ਨਜ਼ਰ ਆਉਂਦਾ ਹੈ। ਸੰਪੂਰਣਤਾ ਨੂੰ ਲਿਖਣ ਕਹਿਣ ਜਾਂ ਸੁਣਨ ਵਾਸਤੇ ਵੀ ਸ਼ਬਦਾਂ ਦਾ ਆਸਰਾ ਲੈਣਾ ਪੈਂਦਾ ਹੈ। ਜੋ ਜਨਮਦਾ ਹੈ ਉਹ ਵਿਗਸਦਾ ਵੀ ਹੈ, ਆਦਿ ਸੱਚ ਜੁਗਾਦਿ ਸੱਚ ਹੈ ਭੀ ਸੱਚ ਤੇ ਹੋਸੀ ਭੀ ਸੱਚ ਤਾਂ ਸ਼ਬਦ ਬਿਨਾ ਹੋਰ ਕੋਈ ਨਹੀਂ ਹੋ ਸਕਦਾ। ਸਾਡੀ ਸਮਝ ਵਿੱਚ ਤਾਂ ਉਹ ਹੀ ਆਵੇਗਾ ਜਿਸਨੂੰ ਅਸੀਂ ਸਮਝਣ ਦਾ ਯਤਨ ਕਰਾਂਗੇ। ਜੇ ਗੁਰਬਾਣੀ ਨੂੰ ਸਮਝਣਾ ਚਾਹੁੰਦੇ ਹਾਂ ਤਾਂ ਬਾਣੀ ਪੜਨ ਤੋਂ ਬਿਨਾ ਤਾਂ ਨਹੀਂ ਸਮਝ ਲੱਗਣੀ ਜੇ ਅਸੀਂ ਧਾਰਮਿਕ ਗੱਲ ਕਰਨੀ ਚਾਹੁੰਦੇ ਹਾਂ ਤਾਂ ਜਿਸ ਧਰਮ ਦਾ ਗਿਆਨ ਨਹੀਂ ਉਸ ਧਰਮ ਬਾਰੇ ਗੱਲ ਕੀਤੀ ਹੀ ਨਹੀਂ ਜਾ ਸਕਦੀ। ਦੁਨੀਆਂ ਦਾ ਸਭ ਤੋਂ ਵਧੀਆ ਧਰਮ ਕੇਹੜਾ ਹੈ ਇਸ ਸਵਾਲ ਦਾ ਜਵਾਬ ਓਨਾ ਚਿਰ ਕੋਈ ਨਹੀਂ ਦੇ ਸਕਦਾ ਜਿੰਨਾ ਚਿਰ ਸਾਰੇ ਧਰਮਾਂ ਨੂੰ ਪੜਦਾ ਨਹੀਂ। ਜੇਹੜਾ ਚਾਰ ਵੇਦਾਂ ਦਾ ਗਿਆਤਾ ਹੋਵੇਗਾ ਉਹ ਹੀ ਚਤੁਰਵੇਦੀ ਅਖਵਾਏਗਾ ਹਾਂ ਬਾਕੀ ਸਾਰੇ ਚਾਤਰ ਅਖਵਾ ਸਕਦੇ ਹਨ।


Academy of the Punjab in North America: http://www.apnaorg.com

ਆਪਣਾ ਸਭ ਦਾ ਦਿਲ ਕਰਦਾ ਹੈ ਕਿ ਧਾਰਮਿਕ ਜੀਵਨ ਜੀਵੀਏ ਪਰ ਫਿਰ ਵੀ ਕੁਝ ਨਾ ਕੁਝ ਅਧੂਰਾ ਜਰੂਰ ਰਹਿ ਜਾਂਦਾ ਹੈ। ਮੇਰੇ ਆਪਣੇ ਅਧੂਰੇ ਪਣ ਵਿੱਚੋਂ ਜਨਮੀ ਇੱਕ ਨਜ਼ਮ ਸਾਂਝੀ ਕਰ ਰਿਹਾ ਹਾਂ:--

## ਰੱਬਪ੍ਰਸਤ

ਰੱਬਪ੍ਰਸਤ ਹੋਣਾ ਚਾਹੁੰਦਾ ਹਾਂ, ਸੱਚ ਬੋਲਣ ਨੂੰ ਜੀਅ ਕਰਦਾ ਹੈ।
ਸਾਡੇ ਵੱਡ ਵਡੇਰੇ ਸੁਣਿਆਂ ਰੱਬਪ੍ਰਸਤ ਹੋਇਆ ਕਰਦੇ ਸੀ।
ਸਾਡੇ ਪਿਓ ਦਾਦੇ ਪੜਦਾਦੇ ਸੱਚਪ੍ਰਸਤ ਹੋਇਆ ਕਰਦੇ ਸੀ।
ਦਿਲ ਕਰਦਾ ਹੈ ਅੰਮ੍ਰਿਤਧਾਰੀ ਹੋ ਜਾਵਾਂ ਮੈਂ, ਪਰ ਡਰਦਾ ਹਾਂ,
ਅੰਮ੍ਰਿਤ ਦੀ ਮਰਿਯਾਦਾ ਕੌਣ ਨਿਭਾਊਗਾ। ਝੂਠਾ ਸੱਚ ਦੀ ਬੋਲੀ ਕੀਕਣ ਪਾਊਗਾ।
ਝੂਠ ਦੀ ਬੁੱਕਲ ਲਾਹ ਦਿੱਤੀ ਤਾਂ ਠਰ ਜਾਵਾਂਗਾ, ਸੱਚ ਖਾ ਕੇ ਤਾਂ ਜੀਅ ਨਹੀਂ ਸਕਦਾ ਮਰ ਜਾਵਾਂਗਾ।
ਇਹ ਤਾਂ ਬਹੁਤ ਕਠਨ ਰਸਤਾ ਹੈ, ਹੋਰ ਕੋਈ ਉਪਰਾਲਾ ਕਰੀਏ। ਰੱਬਪ੍ਰਸਤ ਹੋਣਾ ਚਾਹੁੰਦਾ ਹਾਂ -
ਸ਼ਬਦ ਗੁਰੂ ਵਿੱਚ ਵਾਸਦੇਵ ਦਾ ਨਾਂ ਆਉਂਦਾ ਹੈ। ਗੀਤਾ ਦਾ ਉਪਦੇਸ਼ ਲਵਾਂ ਮੈਂ ਕੇਸ਼ਵ ਦਾ ਚੇਲਾ ਬਣ ਜਾਵਾਂ।
ਧਰਮਰਾਜ ਤੋਂ ਆਗਿਆ ਲੈ ਕੇ ਅਰਜਣ ਵਾਂਗੂੰ ਤੀਰ ਚਲਾਵਾਂ।
ਮੇਰੇ ਵਿੱਚ ਤਾਂ ਅੱਗ ਬੜੀ ਹੈ, ਭੀਮਸੈਨ ਦਾ ਪੁੱਤ ਬਣ ਜਾਵਾਂ।
ਲੇਕਿਨ ਮੈਨੂੰ ਡਰ ਲਗਦਾ ਹੈ, ਕਰਣ ਕਿਸੇ ਮਜ਼ਬੂਰੀ ਕਾਰਣ,
ਅਰਜਣ ਦੇ ਥਾਂ ਤੀਰ ਕਿਤੇ ਮੇਰੇ ਨਾ ਮਾਰੇ।
ਕੀ ਕਰ ਸਕਦਾਂ ਰੱਬਪ੍ਰਸਤ ਹੋਣਾ ਚਾਹੁੰਦਾ ਹਾਂ। ਰਾਮ ਰੱਬ ਦਾ ਉੱਤਮ ਨਾ ਹੈ, ਰਾਮ ਰਾਮ ਕਰਕੇ ਵੇਂਹਦਾ ਹਾਂ।
ਮਰਕਟ ਰੱਬ ਦਾ ਹੋ ਸਕਦਾ ਹੈ ਮੈਨੂੰ ਕੀ ਹੈ। ਪੁਲ ਬੰਨ੍ਹ ਕੇ ਤੇ ਲੰਕਾ ਵੀ ਨਹੀਂ ਜਾਣਾ ਪੈਣਾ।
ਸ਼ਹਿਰ ਸ਼ਹਿਰ ਹਰ ਗਲੀ ਗਲੀ ਵਿੱਚ ਰਾਵਣ ਰਹਿੰਦੇ। ਕੁੰਭਕਰਣ ਦੇ ਕਈ ਘਰਾੜੇ ਘਰ ਸੁਣਦੇ ਹਨ।
ਪਰ ਮੈਂ ਸੋਚਾਂ ਦੈਂਤਾਂ ਦੇ ਨਾਲ ਪੰਗਾ ਲੈ ਕੇ ਮੈਂ ਕੀ ਕਰਨਾ।
ਹਨੂੰਮਾਨ ਤਾਂ ਉੜ ਜਾਂਦਾ ਸੀ, ਮੈਥੋਂ ਉੱਡਿਆ ਵੀ ਨਹੀਂ ਜਾਣਾ।
ਸਮਝ ਨਹੀਂ ਲਗਦੀ ਕੀ ਸੋਚਾਂ, ਕੇਹੜਾ ਰਾਹ ਅਪਣਾ ਕੇ ਦੇਖਾਂ। ਰੱਬਪ੍ਰਸਤ ਹੋਣਾ ਚਾਹੁੰਦਾ ਹਾਂ -
ਧਰਤੀ ਦੇ ਦੂਜੇ ਪਾਸੇ ਹਾਂ, ਚੱਲ ਸੁਕਰਾਤ ਦੀ ਗੱਲ ਕਰਦੇ ਹਾਂ। ਗੱਲ ਕਰਨ ਦਾ ਡਰ ਵੀ ਕੋਈ ਨਹੀਂ,
ਆਪਾਂ ਕੇਹੜਾ ਜ਼ਹਿਰ ਪਿਆਲਾ ਪੀ ਲੈਣਾ ਹੈ। ਕੀ ਕਰੀਏ ਤੇ ਕੀ ਨਾ ਕਰੀਏ, ਫਿਰ ਸੋਚਾਂਗੇ।
ਅੱਜ ਦੀ ਗੱਲ ਏਥੇ ਬੰਦ ਕਰਕੇ ਚਲਦਾ ਹਾਂ ਹੁਣ।
ਕੱਲ ਸਵੇਰੇ ਕੰਮ ਤੇ ਜਾਣਾ, ਕਾਰ ਦੀਆਂ ਕਿਸ਼ਤਾਂ ਬਾਕੀ ਨੇ।
ਕੀ ਕਰ ਸਕਦਾਂ, ਰੱਬਪ੍ਰਸਤ ਹੋਣਾ ਚਾਹੁੰਦਾ ਹਾਂ। ਸਾਡੇ ਪਿਓ ਦਾਦੇ ਪੜਦਾਦੇ ਰੱਬਪ੍ਰਸਤ ਹੋਇਆ ਕਰਦੇ ਸੀ।
ਸਾਡੇ ਵੱਡ ਵਡੇਰੇ ਸੁਣਿਆਂ ਸੱਚਪ੍ਰਸਤ ਹੋਇਆ ਕਰਦੇ ਸੀ, ਰੱਬਪ੍ਰਸਤ ਹੋਇਆ ਕਰਦੇ ਸੀ॥


Academy of the Punjab in North America: http://www.apnaorg.com

# ਸਾਡੇ ਪੰਜਾਬੀ

ਪੰਜਾਬ ਦੇ ਜੰਮਪਲ ਜਾਂ ਪੰਜਾਬੀ ਬੋਲੀ ਬੋਲਣ ਵਾਲਿਆਂ ਨੂੰ ਅਸੀਂ ਪੰਜਾਬੀ ਗਿਣਦੇ ਹਾਂ। ਆਓ ਆਪਣੀ ਕੌਮ ਦੀ ਕੁਝ ਜਾਣਕਾਰੀ ਕਰੀਏ, ਅੱਜ ਦੀ ਤਾਰੀਖ ਵਿੱਚ ਮੋਟੇ ਤੌਰ ਤੇ ਪੰਜਾਬੀਆਂ ਦੀ ਪਹਿਲਾਂ ਗਿਣਤੀ ਕਰੀਏ। ਮੇਰੇ ਕਈ ਪਾਠਕਾਂ ਨੂੰ ਇਹ ਜਾਣ ਕੇ ਹੈਰਾਨੀ ਹੋਵੇਗੀ ਕਿ ਪਾਕਿਸਤਾਨ ਵਿੱਚ 9 ਕਰੋੜ ਲੋਕੀਂ ਅੱਜ ਵੀ ਆਪਣੇ ਆਪ ਨੂੰ ਜਨ ਗਣਨਾ ਵੇਲੇ ਪੰਜਾਬੀ ਲਿਖਵਾਉਂਦੇ ਹਨ। ਭਾਰਤ ਵਿੱਚ ਭਾਵੇਂ ਪਾਕਿਸਤਾਨ ਤੋਂ ਵੱਧ ਪੰਜਾਬੀ ਰਹਿੰਦੇ ਹਨ ਲੇਕਿਨ ਤਿੰਨ ਕਰੋੜ ਤੋਂ ਘੱਟ ਲੋਕ ਪੰਜਾਬੀ ਲਿਖਵਾਉਂਦੇ ਹਨ। ਮੇਰੀ ਹੈਰਾਨੀ ਦੀ ਹੱਦ ਨਾ ਰਹੀ ਜਦ ਪਤਾ ਲੱਗਾ ਕਿ ਜਲੰਧਰ ਸ਼ਹਿਰ ਦੇ 55 ਲੋਕ ਪੰਜਾਬੀ ਨੂੰ ਮਾਤ ਭਾਸ਼ਾ ਨਹੀਂ ਲਿਖਵਾਉਂਦੇ। ਮੈਂ ਪਹਿਲਾਂ ਵੀ ਕਈ ਵਾਰ ਲਿਖਿਆ ਹੈ ਕਿ ਦਿੱਲੀ ਤੋਂ ਲੈ ਕੇ ਚੰਬੇ ਤੱਕ, ਚੰਬੇ ਤੋਂ ਜੰਮੂੰ ਤੱਕ, ਜੰਮੂੰ ਤੋਂ ਅਟਕ ਤੱਕ, ਅਟਕ ਤੋਂ ਗੰਗਾਨਗਰ ਤੱਕ ਅਤੇ ਗੰਗਾਨਗਰ ਤੋਂ ਦਿੱਲੀ ਤੱਕ ਜੋ ਇਲਾਕਾ ਹੈ ਇਸ ਵਿੱਚ ਰਹਿਣ ਵਾਲੇ ਲੋਕ ਜਾਂ ਤਾਂ ਪੰਜਾਬੀ ਬੋਲਦੇ ਹਨ ਤੇ ਜਾਂ ਫਿਰ ਝੂਠ ਬੋਲਦੇ ਹਨ। ਜੇ ਕੋਈ ਝੂਠਾ ਮੇਰੀ ਗੱਲ ਦਾ ਗੁੱਸਾ ਵੀ ਕਰ ਲਊ ਤਾਂ ਕੋਈ ਗੱਲ ਨਹੀਂ। ਅਜ਼ਾਦ ਕਸ਼ਮੀਰ ਅਤੇ ਅਫਗਾਨਿਸਤਾਨ ਵਿੱਚ ਲੱਖਾਂ ਪੰਜਾਬੀ ਹਨ। ਸਾਡੀ ਇਹ ਸਿਫਤ ਹੈ ਕਿ ਅਸੀਂ ਸਿਰਫ ਸਿੱਖਾਂ ਨੂੰ ਹੀ ਪੰਜਾਬੀ ਸਮਝਦੇ ਹਾਂ ਜੋ ਕੇ ਬੜੀ ਗਲਤ ਸੋਚ ਹੈ। ਇੰਗਲੈਂਡ ਵਿੱਚ ਮੁਸਲਮ ਸਿਖ ਤੇ ਹਿੰਦੂ ਜੋ ਪੰਜਾਬੀ ਹਨ ਮਿਲਾ ਕੇ ਤਿੰਨ ਮਿਲੀਅਨ ਤੋਂ ਵੱਧ ਹਨ। ਕੈਨੇਡਾ ਵਿੱਚ 9 ਲੱਖ, ਯੂ ਏ ਈ ਵਿੱਚ ਵੀ 9 ਲੱਖ, ਅਮਰੀਕਾ ਵਿੱਚ 7 ਲੱਖ, ਸਾਊਦੀ ਅਰਬ ਵਿੱਚ 7 ਲੱਖ, ਹੌਗ ਕੌਂਗ 3 ਲੱਖ, ਮਲੇਸ਼ੀਆ ਅਸਟ੍ਰੇਲੀਆ ਅਤੇ ਅਫਰੀਕਾ ਵਿੱਚ ਦੋ ਦੋ ਲੱਖ ਪੰਜਾਬੀ ਹਨ। ਦੁਨੀਆਂ ਵਿੱਚ ਲਗਪਗ 20 ਕਰੋੜ ਲੋਕ ਭਾਸ਼ਾ ਕਰਕੇ ਪੰਜਾਬੀ ਹਨ ਲੇਕਿਨ 7 ਕਰੋੜ ਪੰਜਾਬੀ ਨਹੀਂ ਕਹਾਉਣਾ ਚਾਹੁੰਦੇ। ਫਿਰ ਵੀ 13 ਕਰੋੜ (ਇੱਕ ਸੌ ਤੀਹ ਮਿਲੀਅਨ) ਲੋਕ ਪੰਜਾਬੀ ਬੋਲੀ ਨੂੰ ਮਾਂ ਬੋਲੀ ਕਹਿੰਦੇ ਹਨ। ਨੀਦਰਲੈਂਡ ਤੇ ਜਰਮਨੀ ਦੇ ਲੋਕ ਬਹੁਤ ਚਿਰ ਤੱਕ ਪੰਜਾਬੀ ਕਹਾਉਣ ਲਈ ਤਰਸਦੇ ਰਹੇ ਪਰ ਪਤਾ ਨਹੀਂ ਕਿਉਂ ਕਿਸੇ ਨੇ ਗੱਲ ਨਹੀਂ ਗੌਲੀ।

ਦੋਨੇ ਦੀ ਇੱਕ ਗੱਲ ਬੜੀ ਮਸ਼ਹੂਰ ਸੀ, “ਦੁੱਧ ਜਲੰਧਰ ਤੇ ਬਾਲਟੀ ਅੰਦਰ” ਪੂਰਬੀ ਪੰਜਾਬ ਦੇ ਹਰ ਪਿੰਡ ਵਿੱਚੋਂ ਕਾਫੀ ਗਿਣਤੀ ਵਿੱਚ ਲੋਕ ਵਿਦੇਸ਼ਾਂ ਵੱਲ ਨੂੰ ਹੋ ਤੁਰੇ। ਸਾਡੇ ਦੇਖਦਿਆਂ ਲੋਕ ਤੀਹ ਕੁ ਸਾਲ ਪਹਿਲਾਂ ਪੰਜਾਬ ਤੋਂ ਆ ਕੇ ਆਪਣੇ ਪਿਛੋਕੜ ਨੂੰ ਬਹੁਤ ਯਾਦ ਕਰਿਆ ਕਰਦੇ ਸੀ ਤਾਂ ਹੀ ਤਾਂ ਪੈਸੇ ਕਮਾ ਕੇ ਸਭ ਤੋਂ ਪਹਿਲਾਂ ਆਪਣੇ ਪਿੰਡ ਜਾ ਕੇ ਵਧੀਆ ਘਰ ਬਣਾਉਂਦੇ। ਪੂਰਬੀ ਪੰਜਾਬ ਦੇ ਪਿੰਡਾਂ ਵਿੱਚ ਬਹੁਤ ਆਲੀਸ਼ਾਨ ਮਕਾਨ ਬਣੇ ਹੋਏ ਹਨ ਪਰ ਪੰਜਾਬੀ ਵਿਦੇਸ਼ਾਂ ਵਿੱਚ ਰਹਿੰਦੇ ਹਨ ਤੇ ਮਕਾਨਾ ਵਿੱਚ ਭਈਏ, ਬਾਲਟੀ ਅੰਦਰ ਵਾਲੀ ਹੀ ਗੱਲ ਹੋਈ ਨਾ। ਚਲੋ ਅੱਜ ਕੈਨੇਡਾ ਵਿੱਚ ਵੱਸਦੇ ਪੰਜਾਬੀਆਂ ਦੀ ਕਹਾਣੀ ਕਰੀਏ। ਕੈਨੇਡਾ ਇਲਾਕੇ ਵਿੱਚ, ਏਰੀਏ ਮੁਤਾਬਕ ਦੁਨੀਆਂ ਦਾ ਦੂਸਰਾ ਵੱਡਾ ਦੇਸ਼ ਹੈ ਰੂਸ ਦਾ ਇਲਾਕਾ ਸਭ ਤੋਂ ਵੱਧ ਹੈ। ਕੈਨੇਡਾ ਦੀ ਕੁੱਲ ਅਬਾਦੀ ਚਾਰ ਕਰੋੜ ਤੋਂ ਘੱਟ ਹੈ। ਸਭ ਤੋਂ ਵੱਡਾ ਸ਼ਹਿਰ ਟ੍ਰਾਂਟੋ 55 ਮਿਲੀਅਨ, ਮੌਨਟ੍ਰੀਅਲ 36 ਅਤੇ ਵੈਨਕੋਵਰ 21 ਮਿਲੀਅਨ ਆਬਾਦੀ ਵਾਲੇ ਵੱਡੇ ਸ਼ਹਿਰ ਹਨ। ਪਰ ਦੁਨੀਆਂ ਦਾ ਚੌਥਾ ਹਿੱਸਾ ਤਾਜ਼ਾ ਪਾਣੀ ਤੇ ਦਸਵਾਂ ਹਿੱਸਾ ਜੰਗਲ ਕੈਨੇਡਾ ਵਿੱਚ ਹਨ। ਕੈਨੇਡਾ ਦੇ 9 ਲੱਖ ਪੰਜਾਬੀਆਂ ਵਿੱਚੋਂ ਤਕਰੀਬਨ 4 ਲੱਖ ਸਿੱਖ ਹਨ ਪਰ ਜੇ ਅਸੀਂ ਸ਼ਬਦ ਨੂੰ ਇਸ਼ਟ ਮੰਨ ਕੇ ਚੱਲਣ ਵਾਲੇ ਤੇ ਦੇਹ ਧਾਰੀ ਪੋਪਾਂ ਪਾਦਰੀਆਂ ਨੂੰ ਗੁਰੂ ਨਾਨਕ ਵਾਂਗ ਮਾਨਤਾ ਨਾ ਦੇਣ ਵਾਲੇ 95 ਲੱਖ ਆਪਣੇ ਧਰਮ ਭਰਾਵਾਂ (ਪ੍ਰੋਟੈਸਟੈਂਟ) ਨਾਲ ਫੇਫਰੇ ਸਾਂਝੇ ਕਰ ਲਈਏ, ਸ਼ਬਦ ਗੁਰੂ ਸ਼੍ਰੀ ਗੁਰੂ ਗ੍ਰੰਥ ਸਾਹਿਬ ਤੋਂ ਜੇ ਜਾਣੂ ਕਰਵਾ ਦੇਈਏ ਤਾਂ ਕੈਨੇਡਾ ਦੀ ਚੌਥਾ ਹਿੱਸਾ ਆਬਾਦੀ ਸਿੱਖਾਂ ਦੀ ਹੋ ਜਾਏ। ਅਜੇ ਤੱਕ ਲੋਕ ਸਾਡੀ ਸੂਰਤ ਨੂੰ ਹੀ ਜਾਣਦੇ ਹਨ। ਸੀਰਤ ਤਾਂ ਖੈਰ ਹਾਲੇ ਸਾਨੂੰ ਵੀ ਨਹੀਂ ਪੂਰੀ ਸਮਝ ਆਈ। ਮੇਰੇ ਕਹਿਣ ਦਾ ਮਤਲਬ ਇਹ ਨਹੀਂ ਕਿ ਕਨੇਡੀਅਨ ਸਿੱਖਾਂ


Academy of the Punjab in North America: http://www.apnaorg.com

ਨੇ ਕੁਝ ਨਹੀਂ ਕੀਤਾ, ਬਹੁਤ ਕੁਝ ਕੀਤਾ ਹੈ ਉਸਦੀ ਵੀ ਆਪਾਂ ਗੱਲ ਕਰਦੇ ਹਾਂ। ਕੈਨੇਡਾ ਪਹਿਲੀ ਜੁਲਾਈ **1867** ਵਿੱਚ ਦੇਸ਼ ਬਣਿਆਂ ਤੇ **1897** ਵਿੱਚ ਸਿੱਖ ਰਜਮੈਂਟ ਦਾ ਵੈਨਕੋਵਰ ਆਉਣਾ ਸਿੱਖ ਜਗਤ ਲਈ ਇੱਕ ਇਤਹਾਸਕ ਗੱਲ ਸੀ। **1904** ਦੀ ਜਨ ਗਣਨਾ ਵਿੱਚ **258** ਲੋਕਾਂ ਨੇ ਸਿੱਖ ਲਿਖਵਾਇਆ ਸੀ ਇਹ ਇਤਹਾਸਕ ਅੰਕੜੇ ਹਨ। **1907** ਤੱਕ ਸਿੱਖਾਂ ਦੀ ਗਿਣਤੀ ਕਈ ਹਜ਼ਾਰ ਹੋ ਗਈ ਸੀ ਇਸੇ ਕਰਕੇ ਸਿੱਖਾਂ ਨੂੰ ਵੋਟ ਦੇ ਅਧਿਕਾਰ ਤੋਂ ਵਾਂਝਿਆਂ ਕਰ ਦਿੱਤਾ ਗਿਆ ਸੀ। ਕਾਮਾਂ ਘਾਟਾ ਮਾਰੂ ਅਤੇ ਮੇਵਾ ਸਿੰਘ ਦੀ ਫਾਂਸੀ ਦਾ ਇਤਹਾਸ ਤਾਂ ਸਾਰੇ ਜਾਣਦੇ ਹਨ। ਸਿੱਖਾਂ ਨੂੰ **1947** ਵਿੱਚ ਵੋਟ ਪਾਉਣ ਦਾ ਅਧਿਕਾਰ ਮਿਲਿਆ। ਤਿੰਨ ਸਾਲ ਬਾਅਦ **1950** ਵਿੱਚ ਨਰਾਇਣ ਸਿੰਘ ਗ੍ਰੇਵਾਲ ਕੌਂਸਲਰ ਬਣਿਆਂ ਮਿਸ਼ਨ ਬੀ ਸੀ ਦਾ। ਪਹਿਲਾ ਐਮ ਐਲ ਏ ਮੋਹ ਸਹੋਤਾ ਸ਼ਾਇਦ **1986** ਵਿੱਚ ਬਣਿਆਂ, ਜਦ ਮੈਨੂੰ ਇਹ ਖਬਰ ਮਿਲੀ ਤਾਂ ਸੈਵਨ **11** ਸਟੋਰ ਤੇ ਕਲਰਕੀ ਕਰਦਾ ਵੀ ਮੈਂ ਆਪਣੀ ਕੌਮ ਦੀ ਕਾਮਯਾਬੀ ਤੇ ਫੁੱਲਿਆ ਨਹੀਂ ਸੀ ਸਮਾ ਰਿਹਾ। **1993** ਵਿੱਚ ਗੁਬਖਸ਼ ਸਿੰਘ ਮੱਲੀ ਤੇ ਹਰਬੰਸ (ਹਰਬ) ਧਾਲੀਵਾਲ ਐਮ ਪੀ ਬਣੇ। ਉੱਜਲ ਦਸਾਂਝ ਤੇ ਹੋਰ ਕਈ ਉੱਚ ਕੋਟੀ ਦੇ ਸਿਆਸਤਦਾਨ ਹਨ ਸਾਡੇ ਭਰਾ ਪਰ ਸ਼ਬਦ ਗੁਰੂ ਦੀ ਸੁੱਚਤਾ ਉੱਚਤਾ ਅਸੀਂ ਲੋਕਾਂ ਨੂੰ ਨਹੀਂ ਦੱਸ ਪਾਏ। ਇਹ ਠੀਕ ਹੈ ਕਿ ਖਾਲਸਾ ਸਰੂਪ ਸਿੱਖ ਦਾ ਸਭ ਤੋਂ ਵਧੀਆ ਸਰੂਪ ਹੈ ਪਰ ਜੋ ਸਾਡੇ ਭਰਾ ਭਤੀਜੇ ਅੰਮ੍ਰਿਤ ਧਾਰੀ ਨਹੀਂ ਹਨ ਕੀ ਉਹ ਸਾਰੇ ਕਿਸੇ ਗਿਣਤੀ ਵਿੱਚ ਹਨ ਕਿ ਨਹੀਂ। ਇਸਾਈਆਂ ਨੇ ਧੱਕੇ ਨਾਲ ਕਈ ਧਰਮਾਂ ਤੇ ਆਪਣੀ ਮੋਹਰ ਲਾ ਦਿੱਤੀ ਪਰ ਅਸੀਂ ਪੂਰਾ ਜੋਰ ਲਾ ਕੇ ਆਪਣੇ ਬੱਚਿਆਂ ਨੂੰ ਘਰੋਂ ਕੱਢਣ ਤੇ ਲੱਗੇ ਹੋਏ ਹਾਂ। ਗੁਰੂ ਨਾਨਕ ਨੇ ਸਾਰੀ ਦੁਨੀਆਂ ਨੂੰ ਰੁਸ਼ਨਾ ਦੇਣ ਵਾਲਾ ਚਾਨਣ ਮੁਨਾਰਾ ਤਿਆਰ ਕੀਤਾ ਸੀ ਪਰ ਅਸੀਂ ਉਸ ਤੇ ਕਬਜ਼ਾ ਕਰਨ ਲਈ ਸਿਰ ਧੜ ਦੀ ਬਾਜੀ ਲਾ ਦੇਂਦੇ ਹਾਂ। ਮੁਆਫ ਕਰਨਾ ਮੇਰਾ ਇਰਾਦਾ ਕਿਸੇ ਦੀ ਨਿੰਦਾ ਕਰਨ ਦਾ ਨਹੀਂ। ਮੈਂ ਨਾਂ ਰਾਜਨੀਤਕ ਹਾਂ ਤੇ ਨਾਂ ਹੀ ਕੱਟੜ ਧਰਮੀਂ ਹਾਂ। ਗੁਰਬਾਣੀ ਦਰਬਾਰ ਤੇ ਨਤਮਸਤਕ ਹੋਣ ਵਾਲਾ ਇੱਕ ਸਾਧਾਰਣ ਸਿੱਖ ਹਾਂ, ਵਿਦਿਆਰਥੀ ਹਾਂ ਹਾਲੇ ਬਹੁਤ ਕੁਝ ਸਿੱਖਣ ਦੀ ਲੋਚਾ ਹੈ। ਸੋ ਕ੍ਰਿਪਾ ਕਰਕੇ ਮੇਰੇ ਅੱਜ ਦੇ ਨੁਕਤੇ ਨੂੰ ਮੇਰੇ ਦਿਲ ਵਿੱਚ ਬੈਠ ਕੇ ਸਮਝਿਓ ਜੀ। ਆਓ ਮੇਰੇ ਗੁਰੂ ਦੇ ਪਿਆਰੇ ਮੇਰੇ ਵੀਰੋ ਭੈਣੋ ਸਾਰੇ ਸ਼ਬਦ ਗੁਰੂ ਨੂੰ ਸਮਝਣ ਦਾ ਯਤਨ ਕਰੀਏ। ਜੇ ਕਿਤੇ ਸਾਨੂੰ ਸੱਚੀਂ ਪਤਾ ਲੱਗ ਗਿਆ ਕਿ ਕਿਨਾ ਵੱਡਾ ਖਜ਼ਾਨਾ ਲਈ ਬੈਠੇ ਹਾਂ ਤਾਂ ਵੰਡ ਸ਼ਕਣ ਦੀ ਸਾਡੀ ਪੁਰਾਣੀ ਆਦਤ ਜਾਗ ਪਵੇਗੀ ਕਿਉਂਕਿ ਨਾਨਕ ਦਰਬਾਰ ਦਾ ਖਜਾਨਾ ਤਾਂ ਜਿੰਨਾ ਵੰਡਾਂਗੇ ਓਨਾ ਹੀ ਦੂਣ ਸਵਾਇਆ ਹੋ ਜਾਵੇਗਾ। ਸਾਨੂੰ ਸਾਡੀ ਗੱਲ ਸਮਝਣ ਦੇ ਸਮਰੱਥ ਕਰੀਂ ਮਾਲਕਾ ਕਿਉਂਕਿ ਜੇ ਸਾਡੀ ਸਮਝ ਵਿੱਚ ਹੀ ਨਾ ਆਇਆ ਕੁਝ ਤਾਂ ਕਿਸੇ ਹੋਰ ਭਰਾ ਨੂੰ ਕਿਵੇਂ ਸਮਝਾਵਾਂਗੇ। ਕਾਦਰ ਦੀ ਕੁਦਰਤ ਦਾ ਕਮਾਲ ਪੰਜਾਬ ਦੀ ਧਰਤੀ, ਪੰਜਾਂ ਦਰਿਆਵਾਂ ਦੀ ਧਰਤੀ ਦਾ ਸੋਕਾ ਦੇਖ ਕੇ ਹੀ ਸ਼ਾਇਦ ਮੇਰੀ ਕਲਮ ਨੇ ਇਹ ਲਾਈਨਾ ਲਿਖਆਂ:-

ਕਾਦਰ ਦੀ ਕੁਦਰਤ ਦੇ ਕਾਤਲ ਕੌਣ ਕੌਣ,
ਨਾ ਗਿਣਾਂ ਗਿਣਤੀ ਚ' ਮੇਰਾ ਨਾਮ ਵੀ ਆਊ।
ਤੇਰਾ ਮੇਰਾ ਸਾਰਿਆਂ ਦਾ ਦੋਸ਼ ਹੈ,
ਇੱਕ ਦੋਸ਼ੀ ਦੂਸਰੇ ਤੇ ਦੋਸ਼ ਕੀ ਲਾਊ।
ਕਾਬੂ ਕਰਦੇ ਫਿਰਨ ਜੋ ਕਰਤਾਰ ਨੂੰ,
ਕਿਸ ਧਰਮ ਦਾ ਪਿੰਜਰਾ ਜੋ ਕੈਦ ਕਰ ਪਾਊ।
ਮੁਰਗਾਬੀ ਤੋਂ ਸ਼ਾਂਤ ਸਾਗਰ ਖੁੱਸ ਗਿਆ,
ਕਿਸਮਤ ਤੇ ਹੱਸੂਗੀ ਜਾਂ ਫਿਰ ਰੋਂਦੀ ਰਹਿ ਜਾਊ।
ਅੰਬ ਜ਼ਾਮਨ ਨਾ ਰਹੇ ਬਾਗਾਂ ਦੀ ਮੌਤ ਤੇ,


Academy of the Punjab in North America: http://www.apnaorg.com

ਕੋਇਲ ਵਿਚਾਰੀ ਗਾਊਗੀ ਜਾਂ ਕੀਰਨੇ ਪਾਊ।
ਸਵਾਂਤ ਬੂੰਦਾਂ ਭਾਲਦਾਂ ਛੱਪੜ ਵੀ ਨਾ ਰਹੇ,
ਚਾਤ੍ਰਿਕ ਬਬੀਹਾ ਸੁੱਨੜਾ ਜੀਊ ਕਿ ਮਰ ਜਾਊ।
ਇਹ ਪੀਰਾਂ ਅਵਤਾਰਾਂ ਦੀ ਧਰਤੀ ਸੀ ਕਦੇ,
ਰਾਮ ਰੱਬ ਅੱਲਾ ਦਾ ਬੰਦਾ ਕੀ ਸਮਝ ਪਾਊ।
ਰਾਮ ਦੇ ਸਰਨਾਵਿਆਂ ਦੀ ਲਿਸਟ ਵਿੱਚ,
ਕੋਈ ਲੁਬਾਣਾ ਕਿਸ ਤਰਾਂ ਹੁਣ ਗੁਰੂ ਲੱਭ ਪਾਊ।
ਅੰਬਰਾਂ ਨੂੰ ਛੋਹ ਰਹੇ ਹੋ ਪਰਬਤੋ,
ਬਹੁਤ ਉਚੇ ਥਾਂ ਤਾਂ ਫੁੱਲ ਬੂਟਾ ਨਾ ਉੱਗ ਪਾਊ।
ਕੀ ਪਤਾ ਸੀ ਪਾਣੀਆਂ ਦੇ ਦੇਸ਼ ਵਿੱਚ,
ਪਾਣੀ ਦੇਖਣ ਨੂੰ ਕਦੇ ਨਲਕਾ ਤਰਸ ਜਾਊ।

**ਪੂਰਬੀ ਪੰਜਾਬ ਦੇ ਹਰ ਪਿੰਡ ਵਿੱਚੋਂ ਕਾਫੀ ਗਿਣਤੀ ਵਿੱਚ ਲੋਕ ਵਿਦੇਸ਼ਾਂ ਵੱਲ ਨੂੰ ਹੋ ਤੁਰੇ। ਸਾਡੇ ਦੇਖਦਿਆਂ ਲੋਕ ਤੀਹ ਕੁ ਸਾਲ ਪਹਿਲਾਂ ਪੰਜਾਬ ਤੋਂ ਆ ਕੇ ਆਪਣੇ ਪਿਛੋਕੜ ਨੂੰ ਬਹੁਤ ਯਾਦ ਕਰਿਆ ਕਰਦੇ ਸੀ ਤਾਂ ਹੀ ਤਾਂ ਪੈਸੇ ਕਮਾ ਕੇ ਸਭ ਤੋਂ ਪਹਿਲਾਂ ਆਪਣੇ ਪਿੰਡ ਜਾ ਕੇ ਵਧੀਆ ਘਰ ਬਣਾਉਂਦੇ। ਪੂਰਬੀ ਪੰਜਾਬ ਦੇ ਪਿੰਡਾਂ ਵਿੱਚ ਬਹੁਤ ਆਲੀਸ਼ਾਨ ਮਕਾਨ ਬਣੇ ਹੋਏ ਹਨ ।**


Academy of the Punjab in North America: http://www.apnaorg.com

# ਸਾਡੀ ਰਹਿਣੀ ਬਹਿਣੀ

ਕਿਤੇ ਗੁਰੂ ਘਰ ਵਿੱਚ ਗੁਰੂ ਸਵਾਰੇ ਕੀਰਤਨੀਏਂ ਕੀਰਤਨ ਕਰ ਰਹੇ ਹੋਣ, "ਰਹਿਣੀ ਰਹੇ ਸੋਈ ਸਿੱਖ ਮੇਰਾ" ਤਾਂ ਸਤਿ ਸੰਗਤ ਬਹੁਤ ਹੀ ਸਤਿਕਾਰ ਨਾਲ ਸੁਣਦੀ ਹੈ "ਜਿਨ ਕੋ ਹਰ ਰੰਗ ਲਾਗਾ ਇਸ ਜੁੱਗ ਮੇ ਸੋ ਕਹੀਅਤ ਹੈ ਸੂਰਾ" ਸ਼ਬਦ ਸੁਣਦੇ ਸੁਣਦੇ ਕਈ ਸਿੱਖ ਸਰੋਤੇ ਅੱਖਾਂ ਮੀਚ ਲੈਂਦੇ ਹਨ। ਲੇਕਿਨ ਹਰ ਰੰਗ ਕਿਵੇਂ ਲਗਦਾ ਹੈ, ਇਸ ਪਾਸੇ ਸੋਚਣਾ ਅਸੀਂ ਬਹੁਤਾ ਜਰੂਰੀ ਨਹੀਂ ਸਮਝਦੇ। ਹਰ ਰੰਗ ਦਾ ਸਤਿਕਾਰ ਕਰਦੇ ਹਾਂ, ਬਹੁਤ ਚੰਗਾ ਲਗਦਾ ਹੈ ਹਰ ਰੰਗ, ਪਰ ਆਪਣੇ ਰੰਗ ਵਿੱਚ ਰਹਿਣ ਦੀ ਆਦਤ ਸਾਨੂੰ ਅਸਲ ਗੱਲ ਵੱਲ ਜਾਣ ਹੀ ਨਹੀਂ ਦੇਂਦੀ। ਇਹ ਵੀ ਠੀਕ ਹੈ ਕਿ ਸੀਰਤ ਸੂਰਤ ਤੋਂ ਬਿਨਾ ਨਹੀਂ ਹੋ ਸਕਦੀ ਲੇਕਿਨ ਰੰਗ ਮਜੀਠ ਸਿਰਫ ਸੀਰਤ ਨੂੰ ਹੀ ਚੜ ਸਕਦਾ ਹੈ। ਸੂਰਤ ਭਾਵੇਂ ਰਾਮ ਦੀ ਹੈ, ਰਹੀਮ ਦੀ ਹੈ ਜਾਂ ਗੁਰੂ ਨਾਨਕ ਦੀ ਹੈ ਉਹ ਕਿਸੇ ਨਾ ਕਿਸੇ ਦਿਨ ਉਮਰ ਭੋਗ ਜਾਏਗੀ। ਪਰ ਸੂਰਤ ਵਿੱਚ ਵੱਸਦੀ ਸੀਰਤ ਤੇ ਜੇ ਕਿਤੇ ਰੰਗ ਮਜੀਠ ਚੜ ਜਾਏ ਤਾਂ ਸੂਰਤ ਮਿਟ ਜਾਣ ਤੇ ਵੀ ਸੀਰਤ ਜਿਊਦੀ ਰਹਿੰਦੀ ਹੈ, "ਸੱਚੀ ਦਰਗਿਹ ਜਾਏ ਸੱਚਾ ਪਿੜ ਮੱਲਿਆ" ਦਸਾਂ ਗੁਰੂਆਂ ਦੀ ਕੋਈ ਵੀ ਅਸਲ ਤਸਵੀਰ ਨਹੀਂ ਹੈ। ਮੁਸੱਵਰ ਦੇ ਤਸੱਵਰ ਨੂੰ ਸੋਹਬਾ ਸਿੰਘ ਵਰਗੇ ਮਹਾਨ ਚਿੱਤਰਕਾਰ ਦੀ ਕਲਪਣਾ ਨੂੰ ਸਿਰ ਨਿਵਾਂ ਕੇ ਮੱਥਾ ਟੇਕਣ ਦਾ ਵੀ ਕੋਈ ਡਰ ਨਹੀਂ ਲੇਕਿਨ ਸਾਰੀਆਂ ਤਸਵੀਰਾਂ ਸਾਰੇ ਸਰੂਪ ਨਾਸ਼ਵਾਨ ਹੁਦੇ ਹਨ। ਗੁਰੂ ਜੋਤ ਗੁਰੂ ਸਾਹਿਬਾਂ ਦੀ ਸੀਰਤ ਹੀ ਰਹਿੰਦੀ ਦੁਨੀਆਂ ਤੱਕ ਜਗਮਗਾਉਂਦੀ ਰਹੇਗੀ। ਰਹਿਤ ਮਰਿਯਾਦਾ ਦਾ ਰਿਸ਼ਤਾ ਅਸੀਂ ਸੂਰਤ ਤੱਕ, ਸਰੀਰ ਤੱਕ ਸੀਮਤ ਕਰ ਦਿੱਤਾ। ਸਿੱਖ ਦੀ ਰਹਿਣੀ ਦੀ ਜਦੋਂ ਅਸੀਂ ਗੱਲ ਕਰਦੇ ਹਾਂ ਤਾਂ ਆਮ ਤੌਰ ਤੇ ਇਹ ਹੀ ਕਹਿੰਦੇ ਹਾਂ ਕਿ ਅੰਮ੍ਰਿਤ ਸ਼ਕੋ ਤੇ ਗੁਰੂ ਵਾਲੇ ਬਣੋ। ਧੰਨ ਹਨ ਉਹ ਜੋ ਅੰਮ੍ਰਿਤ ਸ਼ਕਦੇ ਹਨ ਪੰਜ ਸਟਾਰਾਂ ਵਾਲਾ ਬਹੁਤ ਵੱਡਾ ਅਫਸਰ ਹੁੰਦਾ ਹੈ ਪਰ ਜਿੰਨਾ ਚਿਰ ਜਿਹਨ ਵਿੱਚ ਜੋਤ ਨਹੀਂ ਜਗਦੀ, ਸ਼ਬਦ ਗੁਰੂ ਦਾ ਮਜੀਠ ਰੰਗ ਨਹੀਂ ਚੜਦਾ ਓਨਾ ਚਿਰ ਗੱਲ ਨਹੀਂ ਬਣ ਸਕਦੀ। ਜੇ ਸੁੰਦਰ ਸਰੂਪ ਹੈ, ਕੁਦਰਤ ਦੀ ਕਿਰਪਾ ਨਾਲ ਮਿਲੇ ਕੇਸ ਹਨ, ਕੇਸਾਂ ਨੂੰ ਸੰਵਾਰਨ ਵਾਸਤੇ ਕੰਘਾ ਹੈ, ਸਰੀਰਕ ਨੰਗੇਜ ਕੱਜਣ ਲਈ ਕਛੈਹਰਾ ਹੈ, ਆਪਣੀ ਜਾਨ ਦੀ ਹਿਫਾਜ਼ਤ ਵਾਸਤੇ ਕਿਰਪਾਨ ਹੈ, ਗੁੱਟ ਦੀ ਹਿਫਾਜ਼ਤ ਲਈ ਗੁੱਟ ਤੇ ਜਾਂ ਸੀਸ ਦੀ ਹਿਫਾਜ਼ਤ ਵਾਸਤੇ ਸੀਸ ਤੇ ਕੜਾ ਹੈ ਤਾਂ ਸੂਰਤ ਸੰਪੂਰਣ ਹੈ ਪਰ ਸੀਰਤ ਦੀ ਸੰਪੂਰਣਤਾ ਸ਼ਬਦ ਬਿਨਾ ਨਹੀਂ ਹੋ ਸਕਦੀ। ਗੁਰੂ ਨਾਨਕ ਨੂੰ ਗੁਰੂ ਮੰਨਣ ਵਾਲੇ ਮਨ ਤਾਂ ਮੰਦਿਰ ਹਨ, ਪੂਜਣ ਅਸਥਾਨ ਹਨ, ਪਰ ਜੋ ਨਾਨਕ ਦਾ ਗੁਰੂ ਹੈ "ਸਬਦ ਗੁਰੂ ਸੁਰਤਿ ਧੁਨ ਚੇਲਾ, ਉਸ ਗੁਰੂ ਨਾਲ ਗੱਲ ਕਰਾਂਗੇ ਤਾਂ ਹਰ ਵਾਰ ਇਕ ਹੀ ਗੱਲ ਹੋਵੇਗੀ, ਜਪੁਜੀ ਹੈ ਜਾਂ ਸੁਖਮਣੀ ਜਿੰਨੀ ਵਾਰ ਮਰਜ਼ੀ ਪੜੋ ਉਹ ਹੀ ਸੱਚ ਪੜੋਗੇ ਕਿਉਂਕਿ ਸੰਪੂਰਣਤਾ ਕਦੇ ਬਦਲ ਹੀ ਨਹੀਂ ਸਕਦੀ। ਗੁਰੂ ਸਾਹਿਬਾਂ ਨੇ ਗੀਤ ਤੋਂ ਤਲਵਾਰ ਤੱਕ ਦਾ ਸਫਰ ਕੀਤਾ ਲੇਕਿਨ ਸ਼ਬਦ ਤਾਂ ਅਟੱਲ, ਅਡੋਲ ਹੈ। ਮੇਰਾ ਕਹਿਣ ਦਾ ਭਾਵ ਹੈ ਕਿ ਸਾਡੀ ਰਹਿਣੀ ਬਹਿਣੀ ਸੂਰਤ ਤੱਕ ਹੀ ਸੀਮਤ ਨਹੀਂ ਹੋਣੀ ਚਾਹੀਦੀ। ਸੰਪੂਰਣ ਵਿਸ਼ਵਾਸ਼ ਨਾਲ ਸ਼ਬਦ ਗੁਰੂ ਦੇ ਲੜ ਲੱਗਣਾ ਵੀ ਸਿੱਖ ਰਹਿਤ ਮਰਿਯਾਦਾ ਹੈ।

ਸਮੁੱਚੀ ਗੁਰਬਾਣੀ ਅਕਾਲ ਉਸਤਤਿ ਹੈ, ਹਾਂ ਭੱਟਾਂ ਨੇ ਗੁਰੂ ਸਾਹਿਬਾਂ ਵਿੱਚ ਪਰਤੱਖ ਹਰ ਦੇ ਦਰਸ਼ਣ ਕਰਕੇ ਗੁਰੂ ਉਸਤਤਿ ਕੀਤੀ ਹੈ। ਜਿਸਮਾਨੀ ਕਹਾਣੀਆਂ, ਦੇਵੀ ਦੇਵਤਿਆਂ ਦਾ ਪਾਤਰਚਿਤਰਣ ਕਰਨ ਵਾਲੇ ਵੇਦਾਂ ਸ਼ਾਸਤਰਾਂ ਉੱਪਨਿਸ਼ਦਾਂ ਅੰਜੀਲਾਂ ਦਾ ਬਾਣੀ ਵਿੱਚ ਪ੍ਰਸੰਗਾਤਮਿਕ ਜ਼ਿਕਰ ਤਾਂ ਜਰੂਰ ਹੈ ਲੇਕਿਨ ਕਿਧਰੇ ਵੀ ਅਕਾਲਮੂਰਤ ਦੀ ਤਸਵੀਰ ਜਾਂ ਕਹਾਣੀ ਨਹੀਂ ਕੀਤੀ। ਜਿਸਦੀ ਕੋਈ ਕਹਾਣੀ ਹੈ ਉਹ ਦਿਸਦਾ ਵੀ ਹੋਊ ਪਰ "ਜੋ ਦੀਖਤ ਸੋ ਵਿਣਸ ਹੈ" ਵਿਣਸ ਜਾਣ ਵਾਲਾ ਅਕਾਲਪੁਰਖ ਕਿਵੇਂ ਹੋ ਸਕਦਾ ਹੈ। ਕਰਨ ਕਰਾਉਣ ਵਾਲਾ ਕਰਤਾ, ਕਰਮ ਕਰਨ ਵਾਲਾ ਜਿਸਮ ਨਹੀਂ ਹੋ ਸਕਦਾ। ਜਿਸ ਜਿਸਮ ਵਿੱਚ ਸੰਤ ਦਾ ਵਾਸਾ ਹੋ ਗਿਆ ਹੋਵੇ ਤੇ ਸੀਰਤ ਜਾਗਦੀ ਹੋਵੇ, ਜਗਦੀ


Academy of the Punjab in North America: http://www.apnaorg.com

ਹੋਵੇ "ਰਾਮ ਕਬੀਰਾ ਏਕ ਭਏ ਹੈ" ਉਸ ਸੰਤ ਦਾ ਜਿਸਮ ਕੋਈ ਤੱਤੀ ਤਵੀ ਤੇ ਰੱਖ ਦੇਵੇ ਤਾਂ ਵੀ ਜੋਤ ਨਹੀਂ ਬੁਝ ਸਕਦੀ। ਜਗਦੀ ਜੋਤ ਬਰ੍ਹਮਗਿਆਨੀ ਜਦ ਸਰੀਰ ਤਿਆਗਦਾ ਹੈ ਤਾਂ ਉਹ ਮਰਦਾ ਨਹੀਂ ਆਪਣੇ ਘਰ ਨੂੰ ਜਾਂਦਾ ਹੈ। ਜਿੰਨਾ ਕੁ ਅਸੀਂ ਬਾਣੀ ਨਾਲ ਜੁੜੇ ਹਾਂ ਓਨਾ ਕੁ ਜਾਗੇ ਹਾਂ। ਜੋ ਗੁਰੂ ਬਾਣੀ ਬਣ ਜਾਏ ਜਾਂ ਜੋ ਬਾਣੀ ਗੁਰੂ ਬਣ ਜਾਏ ਉਹ ਅਵਸਥਾ ਬਰ੍ਹਮ ਅਵਸਥਾ ਹੈ। ਰਮਾਇਣ, ਮਹਾਂਭਾਰਤ ਦਸਮਗ੍ਰੰਥ ਸਭ ਸਤਿਕਾਰਯੋਗ ਧਾਰਮਿਕ ਗ੍ਰੰਥ ਹਨ, ਪੁੱਤ ਸਪੁੱਤ ਬਾਬਾਣੀਆਂ ਕਹਾਣੀਆਂ ਕਰਦੇ ਹਨ ਲੇਕਿਨ ਜਦ ਕੋਈ ਕਹਾਣੀ ਹੁੰਦੀ ਹੈ, ਰਾਮ ਦੀ ਕਹਾਣੀ ਹੀ ਹੋਵੇ ਭਾਵੇਂ ਉਹ ਸੰਪੂਰਣ ਸੱਚ ਨਹੀਂ ਹੋ ਸਕਦੀ। ਅਜੇ ਤੱਕ ਅਸੀਂ ਸ਼ਬਦ ਗੁਰੂ ਦੇ ਮੁਕਾਬਲੇ ਕਰਾ ਰਹੇ ਹਾਂ ਕੀ ਇਹ ਹੀ ਸਾਡੀ ਰਹਿਣੀ ਹੈ। ਐਨੀ ਵੀ ਜੇ ਸਾਨੂੰ ਸਮਝ ਨਹੀਂ ਕਿ ਗੁਰੂ ਨਾਨਕ ਦਾ ਬਰ੍ਹਮਵਿਚਾਰ ਕੇਹੜਾ ਹੈ, ਸਤਿਗੁਰਾਂ ਦਾ ਸ਼ਬਦ ਗੁਰੂ ਕੇਹੜਾ ਹੈ ਤਾਂ ਜਿਸ ਤਰਾਂ ਦੀ ਮਰਜ਼ੀ ਰਹਿਣੀ ਰਹਿ ਰਹੇ ਹੋਈਏ ਉਹ ਨਾਨਕ ਦੇ ਸਿੱਖ ਦੀ ਰਹਿਣੀ ਬਹਿਣੀ ਨਹੀਂ ਹੋ ਸਕਦੀ। ਅਸੀਂ ਸਿਰਫ ਇਹ ਯਾਦ ਕਰਕੇ ਰੱਟਾ ਲਾ ਕੇ ਬੈਠੇ ਹਾਂ ਕਿ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਨੇ ਗੁਰੂ ਗ੍ਰੰਥ ਨੂੰ ਗੁਰਗੱਦੀ ਤੇ ਬਿਠਾਇਆ। ਨੁਕਤੇ ਵੱਲ ਆਵਾਂ ਗੁਰੂ ਗੋਬਿੰਦ ਸਿੰਘ ਨੇ ਆਪਣੇ ਕਰ ਕਮਲਾਂ ਨਾਲ ਦੇਹ ਧਾਰੀ ਗੁਰਗੱਦੀ ਨੂੰ ਸਮਾਪਤ ਕੀਤਾ। ਖਾਲਸਾ ਸਾਜ ਕੇ ਖਾਲਸੇ ਨੂੰ ਅਮਰ ਕਰਨ ਲਈ ਜਿਸਮਾਨੀ ਤੌਰ ਤੇ ਗੁਰੂ ਜੇ ਖਾਲਸੇ ਵਿੱਚ ਘੁਲ ਮਿਲ ਜਾਂਦਾ ਹੈ ਸਮਾ ਜਾਂਦਾ ਹੈ ਤਾਂ ਗੁਰੂ ਦੀ ਸਾਰੀ ਸਾਧਨਾ ਅਮਰ ਖਾਲਸੇ ਵਿੱਚ ਰਲਕੇ ਅਮਰ ਹੋ ਜਾਂਦੀ ਹੈ। ਗੁਰੂ ਦੀ ਜਿਸਮਾਨੀ ਸਾਧਨਾ ਸੰਪੂਰਣ ਹੋਈ, ਸ਼ਬਦ ਜੋਤ ਜੋ ਗੁਰੂ ਦੇ ਜਿਸਮਾਂ ਵਿੱਚ ਦਸ ਜਾਮੇਂ ਬਦਲ ਚੁੱਕੀ ਸੀ ਵਾਪਿਸ ਆਪਣੇ ਘਰ ਆ ਗਈ। ਸ਼ਬਦ ਜੋਤ ਸ਼ਬਦ ਵਿੱਚ ਸਮਾ ਗਈ, ਸ਼ਬਦ ਜੋਤ ਗੀਤ ਤੋਂ ਤਲਵਾਰ ਤੱਕ ਦਾ ਸਫਰ ਕਰਕੇ ਵਾਪਿਸ ਸ਼ਬਦ ਸੰਗ ਆਣ ਰਲੀ। ਜੋ ਸਿਰਫ ਨਾਨਕ ਦਾ ਹੀ ਨਹੀਂ ਸਭ ਦਾ ਗੁਰੂ ਹੈ। ਇਹ ਨੁਕਤਾ ਸਮਝਣ ਵਾਸਤੇ ਆਓ ਸ਼ਬਦ ਗੁਰੂ ਦਾ ਹੀ ਆਸਰਾ ਲਈਏ :--

ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ 117 ਪੰਗਤੀਆਂ ਵਿੱਚ "ਸਬਦ" ਦੇ ਲੜ ਲਾਇਆ ਗਿਆ ਹੈ। ਮਿਸਾਲ ਦੇ ਤੌਰ ਤੇ "ਊਤਮ ਕਰਣੀ ਸਬਦ ਬੀਚਾਰ" "ਨਾਨਕ ਸਚੁ ਭਾਂਡਾ ਜਿਸ ਸਬਦ ਪਿਆਸ"। ਗੁਰੂ ਗ੍ਰੰਥ ਸਾਹਿਬ ਦੀਆਂ 959 ਪੰਗਤੀਆਂ ਵਿੱਚ "ਸਬਦਿ" ਦੀ ਮਹਿਮਾਂ ਮਿਲਦੀ ਹੈ, ਮਿਸਾਲ ਵਜੋਂ "ਜਿਨ ਸਬਦਿ ਗੁਰੂ ਸੁਣਿ ਮੰਨਿਆ ਤਿਨ ਮਨਿ ਧਿਆਇਆ ਹਰਿ ਸੋਏ" "ਸਬਦਿ ਮਿਲਹਿ ਤਾ ਹਰਿ ਮਿਲੈ ਸੇਵਾ ਪਵੈ ਸਭ ਥਾਇ"। "ਸਬਦੁ" 594 ਪੰਗਤੀਆਂ ਵਿੱਚ ਸਤਿਕਾਰਿਆ ਹੈ ਜਿਵੇਂ, "ਸਚੁ ਬਾਣੀ ਸਚੁ ਸਬਦੁ ਹੈ ਜਾ ਸਚਿ ਧਰੇ ਪਿਆਰ" "ਸਚਾ ਸਬਦੁ ਨ ਸੇਵਿਓ ਸਭਿ ਕਾਜ ਸਵਾਰਣਹਾਰ"। "ਸਬਦੰ" 17 ਵਾਰ ਗੁਰਬਾਣੀ ਦੀਆਂ ਸਤਰਾਂ ਦਾ ਮਾਣ ਬਣਦਾ ਹੈ ਜਿਵੇਂ "ਜੋਗ ਸਬਦੰ ਗਿਆਨ ਸਬਦੰ ਬੇਦ ਸਬਦੰ ਬ੍ਰਾਹਮਣਹ"। ਅਤੇ 152 ਸਤਰਾਂ ਵਿੱਚ "ਸਬਦੀ" ਲਿਖਿਆ ਹੈ ਜਿਵੇਂ, "ਗੁਰ ਸਬਦੀ ਸਚੁ ਪਾਇਆ ਦੂਖ ਨਿਵਾਰਣਹਾਰ"। "ਸਬਦੀਂ" ਇੱਕ ਵਾਰ, " ਜਗੁ ਖੋਟੌ ਸਚੁ ਨਿਰਮਲੌ ਗੁਰ ਸਬਦੀਂ ਵਿਚਾਰਿ"। "ਸਬਦੇ" 121 ਵਾਰ ਲਿਖਿਆ ਹੈ, "ਹਉਮੈ ਮਮਤਾ ਸਬਦੇ ਖੋਵੈ"। "ਸਬਦੈ" 81 ਵਾਰ ਆਉਂਦਾ ਹੈ ਜਿਵੇਂ, "ਬਿਨੁ ਸਬਦੈ ਪਿਰੁ ਨ ਪਾਈਐ ਬਿਰਥਾ ਜਨਮ ਗਵਾਇ"। ਸਬਦੋ ਚਾਰ ਵਾਰ, "ਸਬਦੋ ਤ ਗਾਵੋ ਹਰੀ ਕੇਰਾ ਮਨਿ ਜਿਨੀ ਵਸਾਇਆ"। "ਸਬਦੌ" ਇੱਕ ਵਾਰ, "ਸਬਦੌ ਹੀ ਭਗਤ ਜਾਪਦੇ ਜਿਨ ਕੀ ਬਾਣੀ ਸਚੀ ਹੋਏ"। ਕੁੱਲ ਮਿਲਾ ਕੇ 2047 ਪੰਗਤੀਆਂ ਵਿੱਚ ਸ਼ਬਦ ਨੂੰ ਗੁਰੂ ਦਾ ਦਰਜਾ ਮਿਲਿਆ ਹੋਇਆ ਹੈ। ਗੁਰੂ ਨਾਨਕ ਸਮੇਤ ਸਭ ਗੁਰੂਆ ਅਤੇ ਭਗਤਾਂ ਨੇ ਸ਼ਬਦ ਨੂੰ ਗੁਰੂ ਕਿਹਾ ਤੇ ਮੰਨਿਆਂ ਹੈ ਸ਼ਬਦ ਹੀ ਗੁਰੂ ਸੀ ਸ਼ਬਦ ਹੀ ਗੁਰੂ ਹੈ ਤੇ ਸਬਦ ਹੀ ਗੁਰੂ ਰਹੇਗਾ ਜਿੰਨਾ ਚਿਰ ਸਾਨੂੰ ਇਸ ਗੱਲ ਦਾ ਗਿਆਨ ਨਹੀਂ ਹੈ ਓਨਾ ਚਿਰ ਅਸੀਂ ਗਿਆਨ ਵਿਹੂਣੇ ਹਾਂ। ਸੁਰਤ ਤੇ ਸੀਰਤ ਦਾ ਸੁਮੇਲ ਹੋ ਜਾਏ ਤਾਂ ਹੀ ਖਾਲਸਾ ਸਜਦਾ ਹੈ। ਖਾਲਸ ਸੂਰਤ, ਸਾਬਤ ਸੂਰਤ ਨੂੰ ਜੇ ਰੰਗ ਮਜੀਠ ਚੜ ਜਾਏ ਤਾਂ ਸਾਡੀ ਰਹਿਣੀ ਬਹਿਣੀ ਗੁਰੂ ਨਾਨਕ ਦੇ ਸਿੱਖ ਵਾਲੀ ਹੋ ਜਾਏ।


Academy of the Punjab in North America: http://www.apnaorg.com

ਮੈਨੂੰ ਰੰਗ ਦੇ ਰੰਗ ਮਜੀਠ,
ਕੱਚੇ ਰੰਗ ਕਸੁੰਭ ਲਾ ਲਾ ਲਾਹ ਲਾਹ ਹੋ ਗਏ ਢੀਠ।
ਇਹ ਵੀ ਤੇਰੀ ਦਾਤ ਤੂੰ ਦਾਤਾ ਜਿੰਨੇ ਰੰਗ ਵਿਖਾਏ,
ਸੱਤ ਰੰਗੀਆਂ ਪੀਂਗਾਂ ਅਸਮਾਨੀ ਚੜ ਚੜ ਰੂਪ ਬਣਾਏ।
ਕੱਚੀ ਕੰਚਨ ਦੇਹੀ ਕੋਲੋਂ ਕਿੰਨੇ ਕੇਲ ਕਰਾਏ।
ਪੱਕਾ ਰੰਗ ਚੜ੍ਹਾ ਦੇ ਹੁਣ ਲੱਗ ਜਾਵੇ ਚਰਣ ਪ੍ਰੀਤ।
ਮੈਨੂੰ ਰੰਗ ਦੇ ਰੰਗ ਮਜੀਠ,
ਦੁਨੀਆਂ ਦੇ ਦਰਸ਼ਨ ਕਰਵਾਏ ਇਹ ਵੀ ਤੇਰੀ ਦਾਤ,
ਮਾਂ ਪਿਓ ਸਖੇ ਸਬੰਧੀ ਦਿੱਤੇ ਬਖਸ਼ੀ ਇੱਕ ਜਮਾਤ।
ਜੋਬਨ ਰੱਤੀ ਜੋਰੂ ਪੁੱਤਰ ਭੈਣਾਂ ਭਾਈ ਸਾਥ।
ਬੱਸ ਬੱਸ ਬੱਸ ਹੁਣ ਬਖਸ਼ੀਂ ਮੈਨੂੰ ਮਾਲਕ ਮਨ ਦਾ ਮੀਤ
ਮੈਨੂੰ ਰੰਗਦੇ ਰੰਗ ਮਜੀਠ।
ਹੱਥ ਪੈਰ ਬੜੇ ਹੀ ਮਾਰੇ ਦੁਨੀਆਂ ਦੇ ਵਿੱਚ ਆ ਕੇ,
ਚਹੁੰ ਕੂਟੀਂ ਭੱਜ ਭੱਜ ਕੇ ਤੱਕਿਆ ਦੇਸ਼ ਵਿਦੇਸ਼ੀਂ ਜਾ ਕੇ,
ਚੁਣ ਚੁਣ ਕੇ ਚਸਕੇ ਵੀ ਲਾਏ ਤੱਕਿਆ ਮਨ ਪਰਚਾ ਕੇ।
ਮਨ ਮੰਦਰ ਵਿੱਚ ਗੂੰਜ ਪਵੇ ਜੇ ਬੱਸ ਇੱਕ ਤੇਰਾ ਗੀਤ।
ਮੈਨੂੰ ਰੰਗ ਦੇ ਰੰਗ ਮਜੀਠ।
ਜੇ ਤੂੰ ਕ੍ਰਿਪਾ ਕਰੇਂ ਗੁਸਾਈਆਂ ਤਾਂ ਕੋਈ ਕਰਮ ਕਮਾਵਾਂ,
ਚਾਹਤ ਹੋਰ ਰਹੇ ਨਾ ਕੋਈ ਬੱਸ ਇੱਕ ਤੈਨੂੰ ਚਾਹਵਾਂ।
ਤੇਰਾ ਹੀ ਤਾਂ ਹੈ ਇਹ ਸਭ ਕੁਝ ਬੱਸ ਤੇਰਾ ਬਣ ਜਾਵਾਂ।
ਪਤ ਮੇਰੀ ਰਹਿ ਜਾਵੇ ਜੇ ਮਿਲ ਜਾਵੇ ਪਤਤ ਪੁਨੀਤ।
ਮੈਨੂੰ ਰੰਗ ਦੇ ਰੰਗ ਮਜੀਠ।
ਕੱਚੇ ਰੰਗ ਕਸੁੰਭ ਲਾ ਲਾ ਲਾਹ ਲਾਹ ਹੋ ਗਏ ਢੀਠ॥


Academy of the Punjab in North America: http://www.apnaorg.com

# ਸਾਡੀ ਕੱਟੜਤਾ

ਦੁਨੀਆਂ ਦੀ ਤਪਸ਼ ਤੋਂ ਬਚਣ ਦੇ ਉਪਰਾਲੇ ਵਜੋਂ ਮੈਂ ਅਧਿਆਤਮਵਾਦ ਦੇ ਸੀਤਲ ਸਾਗਰ ਵਿੱਚ ਡੁਬਕੀ ਲਾਉਣ ਦੀ ਸੋਚ ਕੇ ਧਾਰਮਕ ਗ੍ਰੰਥ ਪੜ੍ਹਨੇ ਸ਼ੁਰੂ ਕੀਤੇ। ਜਿਵੇਂ ਜਿਵੇਂ ਮੈਂ ਪੜ੍ਹਦਾ ਗਿਆ ਸੁਖਸਾਗਰ ਦੀਆਂ ਗਹਿਰਾਈਆਂ ਵਿੱਚੋਂ ਕਈ ਅਨਮੋਲ ਹੀਰੇ ਨਜ਼ਰ ਪੈਂਦੇ ਰਹੇ ਤੇ ਨਾਲ ਦੀ ਨਾਲ ਇਹ ਵੀ ਗਿਆਨ ਹੋਣ ਲੱਗਾ ਕਿ ਸਾਡੀ ਇੱਕ ਕੱਟੜਤਾ ਕਰਕੇ ਅਸੀਂ ਕੀ ਕੁਝ ਗੰਵਾਈ ਬੈਠੇ ਹਾਂ। ਦੁਨੀਆਂ ਦੀ ਸਭ ਤੋਂ ਪਹਿਲੀ ਵਿਦਵਿਤਾ ਵੇਦਾਂ ਸ਼ਾਸਤਰਾਂ ਵਿੱਚ ਜੋ ਗਿਆਨ ਸੀ ਉਹ ਸਾਡੀ ਕੱਟੜਤਾ ਨੇ ਕੈਦ ਕਰ ਲਿਆ। ਸਾਡੀ ਬ੍ਰਾਹਮਣਵਾਦੀ ਕੱਟੜਤਾ ਨੇ ਦੁਨੀਆਂ ਭਰ ਵਿੱਚ ਸੀਤਲਤਾ ਦਾ ਸੁਖ ਦੇ ਸਕਣ ਵਾਲੇ ਗਿਆਨ ਨੂੰ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਕਰ ਦਿੱਤਾ। ਤਾਂ ਦੁਨੀਆਂ ਦੇ ਹਰ ਵਰਗ ਦੀ ਪਹੁੰਚ ਵਾਲਾ ਇਸਲਾਮ ਸਾਹਮਣੇ ਆਇਆ। ਇਸਲਾਮ ਸਾਰੀ ਦੁਨੀਆਂ ਨੂੰ ਇੱਕੋ ਰੰਗ ਵਿੱਚ ਰੰਗ ਸਕਦਾ ਸੀ ਜੇ ਕਿਤੇ ਇਸਲਾਮ ਵਿੱਚ ਕੱਟੜਤਾ ਨਾਂ ਹੁੰਦੀ। ਜਦ ਸਨਾਤਨ ਧਰਮ ਹਿੰਦੂ ਧਰਮ ਇਸਲਾਮਕ ਕੱਟੜਤਾ ਦਾ ਸ਼ਿਕਾਰ ਹੋਣ ਲੱਗਾ ਤਾਂ ਇੱਕ ਬਹੁਤ ਵੱਡਾ ਦੁਖਾਂਤ ਖੜਾ ਹੋ ਗਿਆ। ਕੱਟੜਤਾ ਦੀ ਤਲਵਾਰ ਨੇ ਜਦ ਧੱਕੇ ਨਾਲ ਆਬੇਹਜ਼ਾਤ ਵੰਡਣਾ ਸ਼ੁਰੂ ਕਰ ਦਿੱਤਾ ਤਾਂ ਸਮੇਂ ਦੀ ਲੋੜ ਕਰਕੇ **1604** ਵਿੱਚ ਇੱਕ ਸਰਬਸਾਂਝੀ ਵਿਦਵਤਾ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿੱਚ ਦੁਨੀਆਂ ਦੇ ਪਾਰਉਤਾਰੇ ਲਈ ਬਖਸ਼ਿਸ਼ ਹੋਈ। ਇੱਕ ਐਸਾ ਗ੍ਰੰਥ ਜਿਸ ਵਿੱਚ ਹਰ ਵਰਗ ਦੇ ਵਿਦਵਾਨਾ ਦੀ ਵਿਦਵਤਾ ਦੇ ਦਰਸ਼ਨ ਹੁੰਦੇ ਹਨ। ਗੁਰੂਆਂ ਭਗਤਾਂ ਤੇ ਰਾਗੀਆਂ ਦੀ ਸਰਬਸਾਂਝੀ ਵਿਦਵਤਾ ਜਿਸ ਵਿੱਚ ਬੈਠ ਕੇ ਬਾਬਾ ਫਰੀਦ ਜੀ ਵੀ ਅੱਲਾ ਅੱਲਾ ਕਰ ਰਹੇ ਹਨ ਅਤੇ ਸੁਖਾਂ ਦੀ ਮਣੀ ਲੈ ਕੇ ਗੁਰੂ ਅਰਜਨ ਵੀ ਆਦਿ ਗੁਰਹੇ ਨਮ੍ਹੇਂ ਕਰ ਰਹੇ ਹਨ। ਸਰਬਸਾਂਝੇ ਸੁਖਸਾਗਰ ਤੇ ਜਦੋਂ ਸਾਡੀ ਸਿੱਖ ਕੱਟੜਤਾ ਨੇ ਕਬਜ਼ਾ ਕੀਤਾ ਤਾਂ ਦੋ ਕੱਟੜ ਧਰਮਾਂ ਵਿੱਚ ਪੁਲ ਬਣਨ ਦੀ ਬਜਾਏ ਪਾਤਸ਼ਾਹ ਨਾਨਕ ਦੇ ਕਰ ਕਮਲਾਂ ਨਾਲ ਤਿਆਰ ਕੀਤਾ ਗਿਆਨ ਤੀਸਰੀ ਧਿਰ ਬਣ ਗਿਆ। ਨਾ ਸਹੁਰਿਆਂ ਦੀ ਨਾ ਪੇਕਿਆਂ ਦੀ ਰਹੀ ਮੁਟਿਆਰ ਵਾਂਗ ਇਕੱਲਾ ਰਹਿ ਗਿਆ। ਸ਼ਬਦ ਸ਼ਕਤੀ ਨੂੰ, ਅਸੀਮਤ ਨੂੰ ਸੀਮਤ ਕਰਨ ਵਾਲੀ ਕੱਟੜਤਾ ਨੇ ਤਾਂ ਉਹ ਸਾਰੇ ਘਰੋਂ ਬਾਹਰ ਕਰ ਦਿੱਤੇ ਜੋ ਸਾਡੇ ਖੁਨ ਦੇ ਰਿਸ਼ਤੇ ਸਨ ਪਰ ਕੱਟੜ ਨਹੀਂ ਸੀ ਇਸ ਕਰਕੇ ਪਰਾਏ ਕਰ ਦਿੱਤੇ। ਪੱਛਮ ਵਿੱਚ ਮਾਰਟਨ ਲੂਥਰ, ਜਵਿੰਗਲੀ ਅਤੇ ਕਾਲਵਿਨ ਨੇ ਦੁਨੀਆਂ ਨੂੰ ਕੱਟੜਪੰਥੀਆਂ ਤੋਂ ਛੁਟਕਾਰਾ ਦਿਵਾ ਕੇ ਸ਼ਬਦ ਦੇ ਲੜ ਲਾਉਣ ਦਾ ਯਤਨ ਕੀਤਾ ਤਾਂ ਸ਼ਬਦ ਗੁਰੂ ਤੇ ਕਾਬਜ਼ ਕੱਟੜਤਾ ਨੇ ਲੂਥਰ ਵਰਗਿਆਂ ਸ਼ਬਦ ਦੀ ਸ਼ਰਣ ਵਿੱਚ ਆਉਣ ਵਾਲਿਆਂ ਲਈ ਦਰਵਾਜ਼ੇ ਨਾ ਖ੍ਹੋਲੇ। **16**ਵੀਂ ਅਤੇ **17**ਵੀਂ ਸਦੀ ਵਿੱਚ ਬੁੱਤ ਪੂਜਣ ਵਾਲੇ, ਹਜ਼ਰਤ ਮੁਹੰਮਦ ਦੇ ਇਲਹਾਮ ਤੇ ਯਕੀਨ ਕਰਨ ਵਾਲੇ ਅਤੇ ਸ਼ਬਦ ਦੇ ਲੜ ਲੱਗਣ ਵਾਲਿਆਂ ਦੀ ਗਿਣਤੀ ਤਕਰੀਬਨ ਇੱਕੋ ਜਿਹੀ ਸੀ ਪਰ ਕਿਉਂਕਿ ਅਸੀਂ ਜਰਮਨ ਨੀਦਰਲੈਂਡ ਫ੍ਰਾਂਸ ਅਤੇ ਸਕੈਂਡੇਨੇਵੀਆ ਵਿੱਚ ਰਹਿਣ ਵਾਲੇ ਸ਼ਬਦ ਦੇ ਵਣਜਾਰਿਆਂ ਨੂੰ ਆਪਣੇ ਨਹੀਂ ਸਵੀਕਾਰਿਆ ਇਸ ਲਈ ਉਹ ਸਾਡੇ ਨਾ ਬਣ ਸਕੇ ਤੇ ਧਾਰਮਕ ਦੁਨੀਆਂ ਦੀ ਚੌਥੀ ਧਿਰ ਲਈ ਰਸਤਾ ਬਣ ਗਿਆ।

**17**ਵੀਂ ਅਤੇ **18**ਵੀਂ ਸਦੀ ਵਿੱਚ ਜਿਵੇਂ ਯੁਗ ਪਲਟ ਗਿਆ ਹੋਵੇ ਇਸ ਤਰਾਂ ਹੋਇਆ। ਸਾਂਇੰਸ ਨੇ ਇੱਕ ਦਮ ਰੰਗ ਵਿਖਾਏ। ਆਈਸਕ ਨਿਊਟਨ (**1643-1727**) ਨੇ ਜਦ ਪ੍ਰਿੰਸੀਪੀਆ ਮੈਥੇਮੈਟਿਕਾ **1687** ਵਿੱਚ ਲਿਖੀ ਤਾਂ ਨਿਊਟਨ ਇੱਕ ਦਮ ਦੁਨੀਆਂ ਦਾ ਸਭ ਤੋਂ ਮਸ਼ਹੂਰ ਵਿਅਕਤੀ ਹੋ ਗਿਆ। ਹਜ਼ਰਤ ਮੁਹੰਮਦ ਤੋਂ ਬਾਅਦ ਦੂਸਰੇ ਨੰਬਰ ਤੇ ਜਾਣਿਆਂ ਜਾਣ ਲੱਗਾ। ਸਾਇੰਸ ਧਾਰਮਕ ਦੁਨੀਆਂ ਦੇ ਬਰਾਬਰ ਖੜ ਗਈ। ਸਾਂਇੰਸਦਾਨਾ ਦਾ ਵੀ ਭਾਵੇਂ ਆਪਸੀ ਵਿਰੋਧ ਹੋਇਆ ਪਰ ਸਾਂਇੰਸਦਾਨ ਕੱਟੜ ਨਹੀਂ ਸਨ। ਰੌਬਰਟ ਹੁੱਕ ਨਿਊਟਨ ਦੀ ਥਿਊਰੀ ਔਫ ਗ੍ਰੈਵੀਟੇਸ਼ਨ ਨੂੰ ਚੋਰੀ ਕੀਤੀ ਹੋਈ ਥਿਊਰੀ ਕਹਿੰਦਾ ਹੈ। ਨਿਊਟਨ ਆਪਣੇ ਚਾਰੋਂ ਅਡੀਸ਼ਨਾ ਵਿੱਚ ਰੌਬਰਟ ਹੁੱਕ ਦਾ


Academy of the Punjab in North America: http://www.apnaorg.com

ਜ਼ਿਕਰ ਕਰਦਾ ਹੈ, ਉਸਦਾ ਵਿਰੋਧ ਨਹੀਂ ਕਰਦਾ। ਨਿਊਟਨ ਇਹ ਵੀ ਮੰਨਦਾ ਹੈ ਕਿ ਇਹ ਵਿਚਾਰ ਨਵਾਂ ਨਹੀਂ ਹੈ ਲੇਕਿਨ ਵਿਚਾਰ ਦੀ ਸਾਂਇਟੇਫਿਕ ਤਰੀਕੇ ਨਾਲ ਪਰਦਰਸ਼ਨੀ ਨਿਊਟਨ ਨੇ ਕੀਤੀ। ਧਾਰਮਕ ਗ੍ਰੰਥਾਂ ਖਾਸਕਰ ਗੁਰੂ ਗ੍ਰੰਥ ਵਿੱਚ ਸਾਂਇੰਸਦਾਨਾ ਵਾਂਗ ਕਈ ਹਵਾਲੇ ਮਿਲਦੇ ਹਨ ਜਿਵੇਂ "ਸਾਚੇ ਤੇ ਪਵਨਾ ਭਇਆ, ਪਵਨੇ ਤੇ ਜਲ ਹੋਏ" (ਗੁਰੂ ਨਾਨਕ ਰਾਗ ਸ੍ਰੀ ਰਾਗ) ਨਿਊਟਨ ਆਪਣੇ ਕੰਮ ਤੋਂ ਪੂਰੀ ਤਰਾਂ ਸੰਤੁਸ਼ਟ ਵੀ ਨਹੀਂ ਸੀ। ਉਹ ਆਪ ਲਿਖਦਾ ਹੈ ਕਿ ਬਹੁਤ ਕੁਝ ਹੋਰ ਹੋ ਸਕਣ ਦੀ ਗੁੰਜਾਇਸ਼ ਹੈ। ਨਿਊਟਨ ਵੀ ਕੱਟੜਪੰਥੀਆਂ ਨੂੰ ਨਹੀਂ ਸੀ ਮੰਨਦਾ ਪਰ ਰੱਬ ਦੀ ਸ਼ਕਤੀ ਨੂੰ ਮੰਨਦਾ ਸੀ। ਨਿਊਟਨ ਆਪ ਲਿਖਦਾ ਹੈ, ਗ੍ਰੈਵਟੀ ਅਕਸਪਲੇਨਸ ਦੀ ਮੋਸ਼ਨ ਔਫ ਦੀ ਪਲੈਨਿਟਸ ਬਟ ਇਟ ਕੈਨ ਨੌਟ ਅਕਸਪਲੇਨ ਹੂ ਸੈਟ ਦੀ ਪਲੈਨਿਟਸ ਇਨ ਮੋਸ਼ਨ। ਨਿਊਟਨ ਨੇ **1704** ਵਿੱਚ ਮੰਨਿਆਂ ਕਿ ਸਾਰੀ ਸੈਂਟੇਫਿਕ ਇਨਫਰਮੇਸ਼ਨ ਧਾਰਮਕ ਗ੍ਰੰਥਾਂ ਚੋਂ ਹੀ ਲਈ ਹੈ। ਇਤਿਹਾਸਕਾਰ ਜੋ **17**ਵੀਂ **18**ਵੀਂ ਸਦੀ ਵਿੱਚ ਇਤਿਹਾਸ ਲਿਖਣ ਦਾ ਯਤਨ ਕਰ ਰਹੇ ਸਨ ਨਿਊਟਨ ਉਨ੍ਹਾਂ ਦੇ ਨਾਲ ਸਹਿਮਤ ਨਹੀਂ ਸੀ। ਪਰ ਕਿਉਂਕਿ ਲੋਕ ਸਾਂਇੰਸਦਾਨਾ ਤੇ ਬਹੁਤ ਯਕੀਨ ਕਰਨ ਲੱਗ ਪਏ ਸਨ ਇਸ ਲਈ ਸੈਂਟੇਫਿਕ ਲੋਕਾਂ ਨੇ ਜੇਹੜਾ ਆਪਣੇ ਕੋਲੋਂ ਬਣਾ ਕੇ ਇਤਿਹਾਸ ਲਿਖਿਆ ਉਹ ਲੋਕਾਂ ਮੰਨ ਲਿਆ।

ਪਲੈਟੋ ਵੀ ਇੱਕ ਮੈਥੇਮਟੀਸ਼ਨ ਸੀ, ਫਿਲੌਸਪਰ ਸੀ, ਬੁੱਧੀਜੀਵੀ ਸਾਂਇੰਸਦਾਨ ਸੀ ਜਿਸਨੇ ਏਥਨਜ਼ ਵਿੱਚ ਉੱਚ ਵਿੱਦਿਆ ਦੀ ਪਹਿਲੀ ਅਕੈਡਮੀਂ ਖ੍ਹੋਲੀ। ਪਲੈਟੋ ਦੀਆਂ ਲਿਖਤਾਂ ਵਿੱਚ ਉਸਦੇ ਪਾਤਰ ਮੌਰਲ ਫਿਲੌਸਫੀ ਦੀਆਂ ਗੱਲਾਂ ਕਰਦੇ ਹਨ। ਸੁਕਰਾਤ ਨੂੰ ਤਾਂ ਖਾਸ ਤੌਰ ਤੇ ਇੱਕ ਮਰਿਯਾਦਾ ਪਰਸ਼ੋਤਮ ਬਨਾਉਣ ਦਾ ਯਤਨ ਕੀਤਾ ਗਿਆ ਹੈ। (ਭਾਵੇਂ ਅਰਿਸਟੋਫੇਨਜ਼ ਦੇ ਕੌਮੇਡੀ ਡਰਾਮੇ "ਦੀ ਕਲਾਉਡਜ਼" ਵਿੱਚ ਸੁਕਰਾਤ ਇੱਕ ਕਲਾਊਨ ਹੈ) ਪਲੈਟੋ ਗ੍ਰੀਕ ਸੀ ਤੇ ਉਸਦਾ ਸਮਕਾਲੀ ਸਿਸਰੋ ਲੈਟਿਨ ਸੀ। ਸੁਕਰਾਤ ਦਾ ਪਾਤਰ ਚਿਤਰਣ ਪਲੈਟੋ ਨੇ ਹੀ ਕੀਤਾ। ਜਿਵੇਂ ਗੁਰੂ ਇਤਿਹਾਸ ਵਿੱਚ "ਸੁਥਰਾ" ਨਾਮ ਕਈ ਸਿੱਖਿਆਦਾਇਕ ਕਹਾਣੀਆਂ ਨਾਲ ਜੋੜਿਆ ਜਾਂਦਾ ਹੈ ਠੀਕ ਉਸੇ ਤਰਾਂ ਲੌਜੀਕਲ ਡਾਏਲੌਗ ਕਹਿਣ ਲਈ ਸੁਕਰਾਤ ਇੱਕ ਕਿਰਦਾਰ ਹੈ। ਬਚਪਨ ਵਿੱਚ ਜਦੋਂ ਮੈਂ ਕਦੇ ਸੁਕਰਾਤ ਦੇ ਜ਼ਹਿਰ ਪਿਆਲੇ ਦੀ ਗੱਲ ਸੁਣਦਾ ਤਾਂ ਇਵੇਂ ਲਗਦਾ ਸੀ ਜਿਵੇਂ ਸੁਕਰਾਤ ਨੇ ਹੀ ਸਭ ਕੁਝ ਲਿਖਿਆ ਹੋਵੇ। ਸੁਕਰਾਤ ਨੂੰ ਜਦ ਜ਼ਹਿਰ ਪਿਆਲਾ ਪਿਲਾਉਣ ਲੱਗੇ ਤਾਂ ਉਸਤੋਂ ਆਖਰੀ ਇੱਛਾ ਪ੍ਰਗਟਾਉਣ ਲਈ ਪੁੱਛਿਆ ਗਿਆ, ਸੁਕਰਾਤ ਨੇ ਆਖਰੀ ਇੱਛਾ ਵਜੋਂ ਅਰਦਾਸ ਕੀਤੀ ਕਿ ਇਹ ਲੋਕ ਜੋ ਮੈਨੂੰ ਜ਼ਹਿਰ ਪਿਲਾ ਰਹੇ ਹਨ ਇਨ੍ਹਾਂ ਨੂੰ ਰੱਬਾ ਮੁਆਫ ਕਰ ਦੇਵੀਂ ਕਿਉਂਕਿ ਇਨ੍ਹਾਂ ਵਿਚਾਰਿਆਂ ਨੂੰ ਪਤਾ ਨਹੀਂ ਕਿ ਕੀ ਕਰ ਰਹੇ ਹਨ। ਪਰ ਪਲੈਟੋ ਨੂੰ ਪੜਨ ਤੋਂ ਬਾਅਦ ਪਤਾ ਲੱਗਾ ਕਿ ਸੁਕਰਾਤ ਦਾ ਪਾਤਰ ਚਿਤਰਣ ਤਾਂ ਪਲੈਟੋ ਦੀ ਰਚਨਾ ਹੈ। ਪਲੈਟੋ ਦੀ ਸਾਰੀ ਰਚਨਾ ਕਾਰਡੀਨਲ ਅਨਗੇਲੋ ਮਾਈ ਨੇ **1822** ਵਿੱਚ ਜੱਗ ਜਾਹਰ ਕੀਤੀ। ਇਸ ਤੋਂ ਪਹਿਲਾਂ ਕਿਸੇ ਨੇ ਪਲੈਟੋ ਦੀ ਮੌਰਲ ਫਿਲੌਸਪੀ ਬਾਰੇ ਕੁਝ ਨਹੀਂ ਲਿਖਿਆ। ਪਲੈਟੋ ਦੇ **36** ਡਾਏਲੌਗ ਤੇ **13** ਖਤ ਸਨ **1822** ਨੂੰ ਹੀ ਲੋਕਾਂ ਨੇ ਦੇਖੇ। ਸਮਿੱਥ ਵਿਲੀਅਮ ਨੇ ਜਦ ਪਲੈਟੋ ਦਾ ਜ਼ਿਕਰ **1870** ਵਿੱਚ ਡਿਕਸ਼ਨਰੀ ਔਫ ਗ੍ਰੀਕ ਵਿੱਚ ਕੀਤਾ ਤਾਂ ਲੋਕਾਂ ਨੇ ਪਲੈਟੋ ਨੂੰ ਪੜ੍ਹਿਆ ਤਾਂ ਜਾ ਕੇ ਪਤਾ ਲੱਗਾ ਕਿ ਸੁਕਰਾਤ ਤਾਂ ਪਲੈਟੋ ਦੀਆਂ ਲਿਖਤਾਂ ਦਾ ਪਾਤਰ ਸੀ। ਪਲੈਟੋ ਦੀ ਰਚਨਾ ਵਿੱਚ ਸੁਕਰਾਤ ਦੇ ਲੌਜਿਕ ਤੋਂ ਬਿਨਾ ਕਾਨੂੰਨੀ ਹਦਾਇਤਾਂ, ਸਹਿਜ ਸਿਆਣਪ, ਅਧੁਨਿਕ ਇਨਸਾਨੀਅਤ ਬਾਰੇ ਗਿਆਨ, ਵਿੱਦਿਆ, ਇਨਸਾਨੀ ਬਰਾਬਰਤਾ ਅਤੇ ਸਰਕਾਰਾਂ ਦੇ ਵੱਖ ਵੱਖ ਰੂਪਾਂ ਬਾਰੇ ਦੱਸਿਆ ਹੈ। ਦੁਨੀਆਂ ਨੇ ਪਲੈਟੋ ਦੇ ਬਾਰੇ ਹੀ ਪੜ੍ਹਿਆ ਹੈ ਕਿਸੇ ਵਿਰਲੇ ਨੇ ਹੀ ਸ਼ਾਇਦ ਪਲੈਟੋ ਦੇ ਸਾਰੇ ਡਾਏਲੌਗ ਪੜ੍ਹੇ ਹੋਣ। ਪਲੈਟੋ ਦਾ ਲਿਖਿਆ "ਦੀ ਰਿਪਬਲਿਕ ਡਾਏਲੌਗ" ਜਿਸਦਾ ਸਿਸਰੋ ਨੇ ਲੈਟਿਨ ਵਿੱਚ ਅਨੁਵਾਦ ਕੀਤਾ "ਦੀ ਰਿਪਬਲੀਕਾ" ਸਿਰਫ ਉਹ ਹੀ ਲੋਕਾਂ ਨੇ ਪੜ੍ਹਿਆ। ਅਰਸਤੂ ਵੀ ਪਲੈਟੋ ਦੀ ਤਰਾਂ ਫਿਜਿਕਸ, ਮੈਟਾਫਿਜਿਕਸ, ਕਵਿਤਾ ਥੇਟਰ ਸੰਗੀਤ, ਲੌਜਿਕ, ਰਾਜਨੀਤੀ, ਮੌਰਲ ਐਥਿਕਸ, ਬਇਆਲੋਜੀ ਤੇ ਜਿਆਲੋਜੀ ਦੀਆਂ ਗੱਲਾਂ ਕਰਦਾ ਹੈ। ਪਲੈਟੋ ਤੇ ਅਰਸਤੂ ਪਹਿਲੇ


Academy of the Punjab in North America: http://www.apnaorg.com

ਸਾਂਇੰਸਦਾਨ ਕਹੇ ਜਾ ਸਕਦੇ ਹਨ। ਅਰਸਤੂ ਪੰਜ ਤੱਤਾਂ ਬਾਰੇ ਵੀ ਗੱਲ ਕਰਦਾ ਹੈ। ਪਤਾ ਨਹੀਂ ਕਿਉਂ ਅੱਜ ਤੀਕ ਕਿਸੇ ਨੇ ਇਸ ਗੱਲ ਨੂੰ ਕਿਉਂ ਨਹੀਂ ਚਿਤਾਰਿਆ ਕਿ ਪਲੈਟੋ ਅਤੇ ਅਰਸਤੂ ਦੀਆਂ ਸਾਰੀਆਂ ਰਚਨਾਵਾਂ "ਮੰਨੂੰ ਸਿਮਰਤੀ" ਮੰਨੂੰ ਦੇ ਕਾਨੂੰਨ ਜੋ ਬਣੇ ਸਨ 11ਵੀਂ ਸਦੀ ਵਿੱਚ ਉਨ੍ਹਾਂ ਦਾ ਹੂ ਬ ਹੂ ਅਨੁਵਾਦ ਹੈ। ਅਲਗਜ਼ੈਂਡਰ ਬਾਰੇ ਜੋ ਇਤਹਾਸ ਲਿਖਿਆਂ ਹੈ ਉਹ ਹੀ ਹੈ ਬੱਸ। ਵੈਸੇ ਅਲਗਜ਼ੈਂਡਰ ਦੀ ਗ੍ਰੇਟ ਦੇ ਜੀਵਨ ਦਾ ਹੋਰ ਕੋਈ ਸਾਰਥਿਕ ਸਬੂਤ ਕਿਤੋਂ ਨਹੀਂ ਮਿਲਦਾ। ਜੀਸਸ ਕ੍ਰਾਈਸਟ ਦਾ ਵੀ ਕੋਈ ਇਤਹਾਸ ਨਹੀਂ ਮਿਲਦਾ। ਫ੍ਰੈਡਰਿਕ ਸ਼ਲੀਰ (1768-1834) ਨੇ ਜਦ ਨਿਊਟੈਸਟਾਮੈਂਟ ਲਿਖੀ ਅਤੇ ਜੌਰਜ ਈਲੀਅਟ ਨੇ 1846 ਵਿੱਚ "ਦੀ ਲਾਈਫ ਔਫ ਜੀਸਸ" ਲਿਖੀ। ਸਨ 1854 ਵਿੱਚ ਫਿਯੂਰਬੈਚ ਨੇ "ਦੀ ਅਸੈਂਸ ਔਫ ਕ੍ਰਿਸ਼ਚਿਐਨਟੀ" ਲਿਖੀ ਤਾਂ ਜੀਸਸ ਦਾ ਦੁਨੀਆਂ ਨੂੰ ਪਤਾ ਲੱਗਾ। ਮਿਰਜ਼ਾ ਗੁਲਾਮ ਅਹਿਮਦ ਅਨੁਸਾਰ ਜੀਸਸ ਪਲਸਟਾਈਨ ਤੋਂ ਕਸ਼ਮੀਰ ਚਲਾ ਗਿਆ ਸੀ ਤੇ ਖਨਿਆਰ ਜ਼ਿਲੇ ਵਿੱਚ ਰੋਸਾਬਲ ਜਾ ਕੇ ਰਿਹਾ ਤੇ ਬੁੱਡਾ ਹੋ ਕੇ ਮਰਿਆ। ਰੋਸਾਬਲ ਵਿੱਚ ਜੀਸਸ ਦੀ ਕਬਰ ਵੀ ਕਹੀ ਜਾਂਦੀ ਹੈ। ਜੁਦਿਜ਼ਮ ਤਾਂ ਕ੍ਰਾਈਸਟ ਨੂੰ ਰੱਬ ਦਾ ਪੁੱਤਰ ਮੰਨਦਾ ਹੀ ਨਹੀਂ ਮਸੀਹਾ ਵੀ ਨਹੀਂ ਮੰਨਦਾ।

ਪੱਛਮੀਂ ਸੱਭਿਅਤਾ ਦੇ ਸਾਂਇੰਸ ਯੁਗ ਦੇ ਇਤਹਾਸਕਾਰਾਂ ਨੇ ਜਦ ਧਾਰਮਕ ਇਤਹਾਸ ਨੂੰ ਆਪਣੀ ਕਲਮ ਨਾਲ ਲਿਖਿਆ ਤਾਂ ਸੁਕਰਾਤ ਅਤੇ ਜੀਸਸ ਕ੍ਰਾਈਸਟ ਦੇ ਨਾਲ ਪਲੈਟੋ ਅਤੇ ਅਰਸਤੂ ਨੂੰ ਵੀ ਹਜ਼ਾਰਾਂ ਸਾਲ ਪਹਿਲਾਂ ਹੋਏ ਲਿਖ ਦਿੱਤਾ। ਅਲਗਜ਼ੈਂਡਰ ਨੂੰ ਵੀ 326 ਬੀ ਸੀ ਵਿੱਚ ਲਿਜਾ ਫਿੱਟ ਕੀਤਾ। ਸਰ ਵਿਲੀਅਮ ਜੋਨਜ਼ ਜੋ ਕਲਕੱਤੇ ਅੰਗ੍ਰੇਜ਼ ਜੱਜ ਸੀ ਉਸਨੇ 1794 ਵਿੱਚ ਮੰਨੂੰ ਸਿਮਰਤੀਆਂ ਦੀ ਟ੍ਰਾਂਸਲੇਸ਼ਨ ਕੀਤੀ। ਜੱਜ ਜੋਨਜ਼ ਤਾਂ ਅਲਗਜ਼ੈਂਡਰ ਦੀ ਗ੍ਰੇਟ ਬਾਰੇ ਲਿਖਦਿਆਂ ਇਹ ਵਿਚਾਰ ਦੇਂਦਾ ਹੈ ਕਿ ਚੰਦਰ ਗੁਪਤ ਮੋਰੀਏ ਦਾ ਨਾਮ ਬਦਲ ਕੇ ਕਿਸੇ ਨੇ ਅਲਗਜ਼ੈਂਡਰ ਕਰ ਦਿੱਤਾ। ਸਾਇੰਸ ਦਾ ਯੁਗ ਸੀ ਤੇ ਲੋਕਾਂ ਦਾ ਸਾਂਇੰਸ ਤੇ ਯਕੀਨ ਬਣ ਚੁੱਕਾ ਸੀ ਇਸ ਲਈ ਸਭ ਨੇ ਮੰਨ ਲਿਆ। ਸਵਾਲ ਪੈਦਾ ਹੋਇਆ ਕਿ ਕੀ ਇਹ ਬੀ ਸੀ ਵਾਲੀਆਂ ਤਰੀਕਾਂ ਸਹੀ ਹਨ? ਜਵਾਬ ਵਿੱਚ ਇਤਹਾਸਕਾਰਾਂ ਨੇ ਉਲਟਾ ਇਹ ਪੁੱਛਿਆ ਕਿ ਵੇਦਾਂ ਸ਼ਾਸਤਰਾਂ ਦੀਆਂ ਕੇਹੜੀਆਂ ਤਰੀਕਾਂ ਸਹੀ ਹਨ ਸਭ ਅੰਦਾਜ਼ੇ ਹੀ ਹਨ। ਸਭ ਨੇ ਮਨਜ਼ੂਰ ਕਰ ਲਿਆ ਤੇ 17ਵੀਂ 18ਵੀਂ ਸਦੀ ਵਿੱਚ ਹੋਏ ਸਾਂਇੰਸਦਾਨਾਂ ਨੂੰ ਧਾਰਮਕ ਦੁਨੀਆਂ ਦੇ ਜਨਮਦਾਤੇ ਸਵੀਕਾਰ ਕਰ ਲਿਆ ਗਿਆ। ਸਮੁੱਚੀ ਪੱਛਮੀਂ ਸੱਭਿਅਤਾ ਦੇ ਸਾਰੇ ਦੇ ਸਾਰੇ ਕਿਰਦਾਰ 17ਵੀਂ ਸਦੀ ਤੋਂ ਬਾਅਦ ਸਾਹਮਣੇ ਆਏ ਤੇ ਜਿਵੇਂ ਨਿਊਟਨ ਨੇ ਸਦੀਆਂ ਪਹਿਲਾਂ ਵਿਚਾਰੇ ਗਏ ਵਿਸ਼ੇ ਨੂੰ ਸਿਧਾਂਤਕ ਰੂਪ ਦੇ ਕੇ ਆਪਣੇ ਨਾਮ ਕਰ ਲਿਆ ਠੀਕ ਉਸੇ ਤਰਾਂ ਪੱਛਮੀ ਮੂਲ ਦੇ ਇਤਹਾਸਕਾਰਾਂ ਨੇ ਸੁਕਰਾਤ, ਕ੍ਰਾਈਸਟ, ਪਲੈਟੋ, ਅਰਸਤੂ, ਅਲਗਜ਼ੈਂਡਰ ਨੂੰ ਇਤਹਾਸ ਦੇ ਫਰੇਮ ਵਿੱਚ ਐਸਾ ਫਿੱਟ ਕੀਤਾ ਕਿ ਰਾਮ ਰਹੀਮ ਸਭ ਪਿੱਛੇ ਛੱਡ ਦਿੱਤੇ। ਸਵਾਮੀਂ ਪਾਣਨੀ ਨੇ ਜੋ ਦੁਨੀਆਂ ਨੂੰ ਭਾਸ਼ਾ ਲਿਖਣ ਦੇ 3959 ਰੂਲਜ਼ (ਅਸ਼ਠ ਅਧਿਆਏ ਸੂਤਰਾ) ਤਿਆਰ ਕਰਕੇ ਦਿੱਤੇ ਸਨ ਉਨ੍ਹਾਂ ਨੂੰ ਤਾਂ ਅਬੂ ਰੇਹਾਨ ਬਰੂਨੀ 11ਵੀਂ ਸਦੀ ਦੇ ਵਿੱਚ ਲਿਖੇ ਦੱਸਦਾ ਹੈ ਲੇਕਿਨ ਪੈਰਾਮਿਡ ਟੈਕਸਟਸ ਨੂੰ ਵਿਦਵਾਨ ਸਾਂਇੰਸਦਾਨਾ ਨੇ ਵੇਦਾਂ ਤੋਂ ਵੀ ਪਹਿਲਾਂ ਦੀ ਲਿਖੀ ਹੋਈ ਕਿਹਾ। ਮੈਸੋਪਟਾਮੀਆਂ ਦੀ "ਐਪਿਕ ਔਫ ਗਿਲਗਾਮੇਸ਼" ਨੂੰ ਵੀ ਰਿਗ ਵੇਦ ਤੋਂ ਪਹਿਲਾਂ ਲਿਖੀ ਆਖ ਦਿੱਤਾ ਤੇ ਸਭ ਨੇ ਮੰਨ ਵੀ ਲਿਆ। ਮੈਂ ਜਦ ਇਸ ਗੱਲ ਨੂੰ ਇਸ ਮੰਨਤ ਨੂੰ ਸਮਝਣ ਦੇ ਉਪਰਾਲੇ ਵਜੋਂ ਇਤਹਾਸ ਦੇ ਵਰਕੇ ਫਰੋਲੇ ਤਾਂ ਮੇਰੀ ਹੈਰਾਨੀ ਦੀ ਹੱਦ ਨਾ ਰਹੀ ਕਿ ਪੇਰਾਮਿਡ ਟੈਕਸਟ ਜਿਸ ਨੂੰ ਪਹਿਲੀ ਵਾਰ ਗਾਸਟਨ ਮਸਪੈਰੋ ਨੇ ਦੁਨੀਆਂ ਦੇ ਸਾਹਮਣੇ ਲਿਆਂਦਾ ਉਸਦਾ ਜਨਮ 23 ਜੂਨ 1846 ਨੂੰ ਪੈਰਿਸ ਵਿੱਚ ਹੋਇਆ 30 ਜੂਨ 1916 ਨੂੰ ਉਸਦੀ ਮੌਤ ਹੋਈ। ਗਾਸਟਨ ਮਸਪੈਰੋ ਨੇ 1881 ਵਿੱਚ ਪੈਰਾਮਿਡ ਟੈਕਸਟਸ ਦੀ ਰਚਨਾ ਕੀਤੀ ਉਹ ਬੀ ਸੀ ਸਨ ਵਿੱਚ ਕਿਵੇਂ ਗਿਣੀਏਂ। ਇਸੇ ਤਰਾਂ "ਐਪਿਕ ਔਫ ਗਿਲਗਮੇਸ਼" ਜੋ ਕਿ ਲੰਡਨ ਦੇ ਜੰਮ ਪਲ ਜੌਰਜ ਸਮਿੱਥ ਨੇ ਲਿਖੀ। ਜੌਰਜ ਸਮਿੱਥ ਦਾ ਜਨਮ ਲੰਡਨ ਵਿੱਚ 26 ਮਾਰਚ 1840 ਨੂੰ ਹੋਇਆ ਤੇ 1876 ਵਿੱਚ ਉਸਦੀ ਮੌਤ ਹੋ ਗਈ। ਐਪਿਕ ਔਫ ਗਿਲਗਾਮੇਸ਼ ਕਿਧਰੇ 1870


Academy of the Punjab in North America: http://www.apnaorg.com

– **1876** ਵਿਚਕਾਰ ਲਿਖੀ ਹੋਊ ਪਰ ਉਸਨੂੰ ਹਜ਼ਾਰਾਂ ਸਾਲ ਪਹਿਲਾਂ ਦੀ ਕਿਵੇਂ ਗਿਣ ਲਈਏ। ਸਰ ਵਿਲੀਅਮ ਜੋਨਜ਼ ਤੇ ਹੋਰ ਪੱਛਮੀਂ ਵਿਦਵਾਨਾ ਨੇ ਵੇਦਾਂ ਸ਼ਾਸਤਰਾਂ, ਉਪਨਿਸ਼ਦਾਂ, ਅੰਜ਼ੀਲਾਂ, ਰਮਾਇਣ, ਮਹਾਂਭਾਰਤ ਅਤੇ ਕੁਰਾਨ ਸ਼ਰੀਫ ਦੇ ਜਦ ਅਨੁਵਾਦ ਕਰਨੇ **19**ਵੀਂ ਸਦੀ ਵਿੱਚ ਸ਼ੁਰੂ ਕੀਤੇ ਤਾਂ ਗ੍ਰੀਕ ਅਤੇ ਰੋਮਨ ਵਿਦਵਾਨਾ ਦੀਆਂ **18**ਵੀਂ ਸਦੀ ਦੀਆਂ ਲਿਖੀਆਂ ਰਚਨਾਵਾਂ ਨੂੰ ਪੁਰਾਤਨਤਾ ਵਿੱਚ ਜਾ ਫਿੱਟ ਕੀਤਾ। ਗ੍ਰੀਕ ਅਤੇ ਰੋਮਨ ਸਾਂਇੰਸਦਾਨਾ ਦੀ **18**ਵੀਂ ਸਦੀ ਦੀ ਖੋਜ ਨੂੰ ਪੁਰਾਤਨ ਸਿੱਧ ਕਰਨ ਲਈ ਆਖ ਦਿੱਤਾ ਕਿ ਅਸੀਂ ਹੁਣ ਅਨੁਵਾਦ ਕੀਤਾ ਹੈ। ਪਰ ਮੈਨੂੰ ਤਾਂ ਇਤਹਾਸ ਵਿੱਚ ਕੋਈ ਐਸੀ ਗ੍ਰੀਕ ਜਾਂ ਰੋਮਨ ਰਚਨਾ ਨਹੀਂ ਦਿਸੀ ਜਿਸਦਾ ਅਨੁਵਾਦ ਕੀਤਾ ਗਿਆ ਹੋਵੇ। ਖੈਰ ਭਾਵੇਂ ਪੱਛਮੀਂ ਪਾਤਰ ਨਕਲੀ ਸੀ ਜਾਂ ਅਸਲੀ, ਇਤਹਾਸ ਸੀ ਜਾਂ ਮਿਥਿਹਾਸ, ਬੀ ਸੀ ਸੰਨ ਸੰਮਤ ਅਸਲੀ ਸੀ ਜਾਂ ਨਕਲੀ, ਪਹਿਲੀਆਂ ਦਸ ਸਦੀਆਂ ਦਾ ਇਤਹਾਸ ਮਨਘੜਤ ਸੀ ਜਾਂ ਥੋੜਾ ਘਣਾ ਸੱਚ ਪਰ ਕਿਸੇ ਨੇ ਵੀ ਇਸ ਤੇ ਕੋਈ ਕਿੰਤੂ ਨਹੀਂ ਕੀਤਾ ਸਗੋਂ ਸਾਂਇੰਸਦਾਨ ਕਹਾਉਣ ਦੇ ਚਾਅ ਵਿੱਚ, ਡਿਗਰੀਆਂ ਲੈਣ ਦੀ ਦੌੜ ਵਿੱਚ ਐਸੇ ਭਿਆਲੀਦਾਰ ਬਣੇ ਕਿ ਜੋ ਕੁਝ ਵੀ ਗਿਆਨ ਵਿਗਿਆਨ ਸਾਡੇ ਗ੍ਰੰਥਾਂ ਵਿੱਚ ਸੀ ਉਹ ਸਾਡੀ ਕੱਟੜਤਾ ਦੀ ਕੈਦ ਵਿੱਚ ਦਿਨ ਕਟੀ ਕਰਦਾ ਰਿਹਾ ਤੇ ਪੱਛਮੀਂ ਸੱਭਿਅਤਾ ਸਾਰਾ ਰਾਜ ਭਾਗ ਸੰਭਾਲ ਕੇ ਬੈਠ ਗਈ। ਆਪੇ ਫਾਥੜੀਏ ਤੈਨੂੰ ਕੌਣ ਛਡਾਵੇ॥


Academy of the Punjab in North America: http://www.apnaorg.com

# ਡੁੱਬਦਾ ਬੇੜਾ

ਡੁੱਬਦੇ ਜਾਂਦੇ ਬੇੜੇ ਨੂੰ ਕੋਈ ਡੁੱਬ ਜਾਣ ਤੋਂ ਆਣ ਬਚਾਵੇ,
ਮੱਖਣ ਸ਼ਾਹ ਲੁਬਾਣੇ ਲਈ ਕੋਈ ਤੇਗ ਬਹਾਦਰ ਬਣ ਕੇ ਆਵੇ।
ਬੇੜਾ ਬੜਾ ਪੁਰਾਣਾ ਹੈ ਇਹ, ਯਾਦ ਨਹੀਂ ਕਿਸ ਦਿਨ ਬਣਿਆਂ ਸੀ।
ਪਤਾ ਨਹੀਂ ਪ੍ਰਗਟ ਹੋਇਆ ਸੀ, ਜਾਂ ਦੈਵੀ ਸ਼ਕਤੀ ਜਣਿਆਂ ਸੀ।
ਐਨੀ ਦੁਨੀਆਂ ਚੁੱਕ ਲੈਂਦਾ ਸੀ, ਅੱਜ ਕਿਉਂ ਐਵੇਂ ਡੁੱਬਦਾ ਜਾਵੇ।
ਢੁੱਬਦੇ ਜਾਂਦੇ ਬੇੜੇ ਨੂੰ ਕੋਈ ਡੁੱਬ ਜਾਣ ਤੋਂ ਆਣ ਬਚਾਵੇ।
ਮਹਾਂਯੋਧਿਆਂ ਦਾ ਇਹ ਰੱਥ ਸੀ, ਦੇਵੀ ਦੇਵਤਿਆਂ ਦੀ ਸੱਥ ਸੀ।
ਪੀਰ ਫਕੀਰਾਂ ਦਾ ਇਹ ਘਰ ਸੀ, ਜਤੀਆਂ ਸਤੀਆਂ ਦਾ ਜਤਸਤ ਸੀ।
ਜਤਸਤ ਡੋਲ ਜਾਣ ਤੋਂ ਪਹਿਲਾਂ, ਸਿਰਲੱਥ ਕੋਈ ਸੂਰਮਾਂ ਆਵੇ।
ਡੁੱਬਦੇ ਜਾਂਦੇ ਬੇੜੇ ਨੂੰ ਕੋਈ ਡੁੱਬ ਜਾਣ ਤੋਂ ਆਣ ਬਚਾਵੇ।
ਦੇਸ਼ ਵਿਦੇਸ਼ਾਂ ਦੇ ਵਿੱਚ ਲੋਕੀਂ ਥਾਂ ਥਾਂ ਇਸਦੀਆਂ ਗੱਲਾਂ ਕਰਦੇ।
ਦਰਿਆਂ ਦੀ ਦਰਿਆਵਾਂ ਦੀ ਜੇ ਗੱਲ ਚੱਲੇ ਤਾਂ ਹਾਮੀਂ ਭਰਦੇ।
ਡੁੱਬਦੇ ਜਾਂਦੇ ਦੀ ਵੀ ਦੇਖੋ ਹੁਣ ਤੱਕ ਤਾਬ ਨਾ ਝੱਲੀ ਜਾਵੇ।
ਡੁੱਬਦੇ ਜਾਂਦੇ ਬੇੜੇ ਨੂੰ ਕੋਈ ਡੁੱਬ ਜਾਣ ਤੋਂ ਆਣ ਬਚਾਵੇ।
ਦੁਨੀਆਂ ਵਿੱਚ ਕਾਫੀ ਨੇ ਹਾਲੇ ਇਸਦੀ ਖੈਰ ਮੰਗਣ ਵਾਲੇ ਵੀ।
ਜਾਣਦਿਆਂ ਕਿ ਡੁੱਬਦਾ ਜਾਂਦਾ ਹਟੇ ਨਹੀਂ ਰੰਗਣ ਵਾਲੇ ਵੀ।
ਅਜੇ ਸਰੋਪੇ ਮਿਲਦੇ ਏਥੇ ਜੇਹੜਾ ਚੱਜ ਦੀ ਗੱਲ ਸੁਣਾਵੇ।
ਢੁੱਬਦੇ ਜਾਂਦੇ ਬੇੜੇ ਨੂੰ ਕੋਈ ਡੁੱਬ ਜਾਣ ਤੋਂ ਆਣ ਬਚਾਵੇ।
ਹਾਲੇ ਸ਼ਾਇਦ ਬਚ ਸਕਦਾ ਹੈ ਆਪਣਾ ਇਹ ਅਨਮੋਲ ਖਜ਼ਾਨਾਂ।
ਧਾਕ ਰਹੀ ਦੁਨੀਆਂ ਵਿੱਚ ਇਸਦੀ, ਇਸ ਤੋਂ ਵਾਕਿਫ ਕੁੱਲ ਜ਼ਮਾਨਾਂ।
ਚੌਂਕ ਚਾਂਦਨੀ ਦੇ ਵਿੱਚ ਜਾ ਕੇ, ਫਿਰ ਕੋਈ ਆਪਣੀ ਬਲੀ ਚੜ੍ਹਾਵੇ।
ਡੁੱਬਦੇ ਜਾਂਦੇ ਬੇੜੇ ਨੂੰ ਕੋਈ ਡੁੱਬ ਜਾਣ ਤੋਂ ਆਣ ਬਚਾਵੇ॥


Academy of the Punjab in North America: http://www.apnaorg.com

# ਸਾਡੇ ਧਿਆਨਯੋਗ

ਕਾਮਰੇਡ ਹਰਭਜਨ ਸਿੰਘ ਜਿਨ੍ਹਾ ਨੂੰ ਮਾਸਟਰ ਬਾਸੀ ਕਰਕੇ ਜਾਣਿਆਂ ਜਾਂਦਾ ਹੈ ਮੇਰੀਆਂ ਲਿਖਤਾਂ ਬੜੇ ਹੀ ਸ਼ੌਕ ਨਾਲ ਪੜਦੇ ਹਨ। ਜਦ ਵੀ ਕਦੇ ਉਨ੍ਹਾ ਨਾਲ ਮੇਰੀ ਫੋਨ ਤੇ ਗੱਲ ਹੋਣੀ ਤਾਂ ਉਹ ਮੇਰੀਆਂ ਲਿਖਤਾਂ ਬਾਰੇ ਗੱਲ ਸ਼ੁਰੂ ਕਰਦੇ ਪਰ ਆਪਣੇ ਗਿਆਨ ਦੇ ਸਮੁੰਦਰ ਵਿੱਚ ਪਏ ਬੜੇ ਅਨਮੋਲ ਮੋਤੀਆਂ ਦੇ ਦਰਸ਼ਣ ਵੀ ਕਰਵਾ ਦੇਂਦੇ। ਮੈਂ ਆਪਣੇ ਨੁਕਤੇ ਵੱਲ ਜਾਣ ਤੋਂ ਪਹਿਲਾਂ ਦੱਸ ਦਿਆਂ ਕਿ ਮਾਸਟਰ ਬਾਸੀ ਕਾਮਰੇਡ ਸੁਰਜੀਤ ਦੇ ਆਪਣੇ ਪਰਵਾਰ ਵਿੱਚੋਂ ਹਨ। ਪਿੰਡ ਜੰਡਿਆਲਾ ਮੰਜ਼ਕੀ ਹੈ ਤੇ ਸ਼ਾਇਦ ਦਾਦੂਵਾਲ ਰਹਿੰਦੇ ਰਹੇ, ਕਾਮਰੇਡ ਸੁਰਜੀਤ ਦੇ ਸਪੁੱਤਰ ਨੂੰ ਮੈਂ ਤਾਂ ਨਹੀਂ ਸੀ ਜਾਣਦਾ ਪਰ ਬਾਸੀ ਸਾਹਿਬ ਉਸਨੂੰ ਗੋਗੀ ਕਹਿ ਕੇ ਗੱਲ ਕਰਦੇ ਹਨ। ਖੈਰ ਅੱਜ ਫਿਰ ਮਾਸਟਰ ਬਾਸੀ ਨਾਲ ਘੈਂਟਾ ਡੇਢ ਘੈਂਟਾ ਗੱਲ ਹੋਈ। ਇੱਕ ਦਰਦ ਹੈ ਜਿਸਨੂੰ ਉਹ ਦਿਲ ਨਾਲ ਲਾਈ ਫਿਰਦੇ ਹਨ ਤੇ ਜੇ ਕਦੇ ਮੌਕਾ ਮਿਲੇ ਕੋਈ ਸੁਣ ਕੇ ਸਮਝਣ ਵਾਲਾ ਮਿਲ ਜਾਵੇ ਤਾਂ ਐਨੇ ਭਾਵਕ ਹੋ ਜਾਂਦੇ ਹਨ ਕਿ ਭਾਵਕਤਾ ਦੇ ਉਸ ਲੈਵਲ ਨੂੰ ਬਿਆਨ ਕਰਨ ਲਈ ਮੇਰੀ ਸ਼ਬਦਾਵਲੀ ਮੈਨੂੰ ਬੌਣੀ ਲਗਦੀ ਹੈ। ਸਰਸਰੀ ਗੱਲ ਕਰਦਿਆਂ ਕਈ ਵਾਰ ਐਸੀ ਦੁਖਦੀ ਰਗ ਤੇ ਹੱਥ ਰੱਖ ਦੇਂਦੇ ਕਿ ਮੈਨੂੰ ਸੁਣ ਕੇ ਯਕੀਨ ਨਹੀਂ ਆਉਂਦਾ ਕਿ ਸਾਡੇ ਬਜ਼ੁਰਗ ਆਪਣੇ ਦਿਲਾਂ ਵਿੱਚ ਕਿਸ ਤਰਾਂ ਦਰਦ ਸੰਭਾਲੀ ਬੈਠੇ ਹਨ। ਅੱਜ ਦੋ ਗੱਲਾਂ ਐਸੀਆਂ ਕੀਤੀਆਂ ਕਿ ਮੈਥੋਂ ਰਿਹਾ ਨਾ ਗਿਆ ਤੇ ਮੈਂ ਲਿਖਣ ਲੱਗ ਗਿਆ ਤਾਂ ਕਿ ਮੈਨੂੰ ਭੁੱਲ ਨਾ ਜਾਵੇ। ਇੱਕ ਤਾਂ ਉਹ ਸਰਸਰੀ ਹੀ ਗੱਲ ਕਰ ਗਏ ਕਿ ਕਸ਼ਮੀਰ ਦੇ ਵੰਡੇ ਜਾਣ ਦਾ ਮਸਲਾ ਕਿੰਨਾ ਵੱਡਾ ਮਸਲਾ ਬਣ ਗਿਆ ਕਿ ਸਾਰੀ ਦੁਨੀਆਂ ਦਾ ਜੋਰ ਲੱਗਾ ਹੋਇਆ ਹੈ ਕਿ ਕਿਸੇ ਤਰਾਂ ਕਸ਼ਮੀਰ ਇੱਕ ਹੋਣਾ ਚਾਹੀਦਾ, ਪਰ ਜਦ "ਪੰਜਾਬ ਦਾ ਢਿੱਡ ਪਾੜ ਕੇ ਦੋ ਹਿੱਸੇ ਕੀਤੇ ਗਏ" ਤਾਂ ਤੇ ਕਿਸੇ ਨੇ ਇੱਕ ਵਾਰ ਵੀ ਨਹੀਂ ਕਿਹਾ ਕਿ ਮਾੜਾ ਹੋਇਆ। ਅੱਧੀ ਸਿੱਖ ਕੌਮ ਉੱਜੜ ਪੁੱਜੜ ਗਈ, ਅਣਗਿਣਤ ਮਾਰੇ ਗਏ , ਕਈਆਂ ਨੇ ਆਪਣਾ ਧਰਮ ਬਦਲ ਕੇ ਚਾਰ ਦਿਨ ਜੀਣ ਲਈ ਗੁਰੂ ਤੋਂ ਮੂੰਹ ਮੋੜ ਲਿਆ। ਮੈਂ ਹੈਰਾਨ ਸਾਂ ਕਿ ਐਡੀ ਵੱਡੀ ਗੱਲ ਉਹ ਸੁਤੇ ਸਿਧ ਹੀ ਕਰ ਗਏ। ਦੂਸਰੀ ਗੱਲ ਜੋ ਕਾਮਰੇਡ ਬਾਸੀ ਨੇ ਅੱਜ ਕੀਤੀ ਕਿ ਮਹਾਤਮਾਂ ਗਾਂਧੀ ਨੂੰ ਜਦ ਨੱਥੂ ਰਾਮ ਗੌਡਸੇ ਨੇ ਮਾਰਿਆ ਤਾਂ ਗੱਲ ਨੂੰ ਦਬਾਉਣ ਦਾ ਪੂਰਾ ਯਤਨ ਕੀਤਾ ਗਿਆ, ਰਾਜੀਵ ਗਾਂਧੀ ਨੂੰ ਜਦ ਮਨੁੱਖੀ ਬੰਬ ਬਣਕੇ ਮਾਰਿਆ ਗਿਆ ਤਾਂ ਵੀ ਗੱਲ ਨੂੰ ਦਬਾਉਣ ਦਾ ਪੂਰਾ ਯਤਨ ਕੀਤਾ ਗਿਆ ਪਰ ਇੰਦਰਾ ਗਾਂਧੀ ਦੀ ਮੌਤ ਤੇ ਸਿੱਖਾਂ ਦੀ ਜੋ ਹਾਲਤ ਕੀਤੀ ਗਈ ਉਸਨੂੰ ਯਾਦ ਕਰਕੇ ਹਾਲੇ ਵੀ ਲੂੰਈਂ ਕੰਡੇ ਖੜੇ ਹੋ ਜਾਂਦੇ ਹਨ ਭਲਾ ਕਿਉਂ ਕਿਉਂਕਿ ਅਸੀਂ ਸਿੱਖ ਹਾਂ? ਮੈਂ ਅੱਜ ਹੀ ਇੰਟਰਨੈਟ ਤੇ ਪੜ੍ਹ ਰਿਹਾ ਸੀ ਕਿ ਭੁਪਾਲ ਕਾਂਡ ਵਿੱਚ ਮਰ ਜਾਣ ਵਾਲਿਆਂ ਨੂੰ ਯੂਨੀਅਨ ਕਾਰਬਾਈਡ ਨੇ ਬਹੁਤੇ ਪੈਸੇ ਨਹੀਂ ਦਿੱਤੇ ਇਸ ਕਰਕੇ ਭਾਰਤ ਸਰਕਾਰ ਨੇ 15000 ਪੰਦਰਾਂ ਹਜ਼ਾਰ ਮਿਲੀਅਨ ਰੁਪਏ ਲੋਕਾਂ ਨੂੰ ਮੁਆਵਜੇ ਵਜੋਂ ਦੇਣ ਦਾ ਐਲਾਨ ਕੀਤਾ ਹੈ ਪਰ ਉਸੇ ਸਾਲ ਦਿੱਲੀ ਵਿੱਚ ਹੋਏ ਕਤਲੇਆਮ ਦੇ ਦੋਸ਼ੀਆਂ ਨੂੰ ਅਜੇ ਤੱਕ ਗ੍ਰਿਫਤਾਰ ਵੀ ਨਹੀਂ ਕੀਤਾ ਗਿਆ ਕਿਉਂਕਿ ਮਰਨ ਵਾਲੇ ਸਾਰੇ ਸਿੱਖ ਸਨ। ਭਾਰਤ ਸਰਕਾਰ ਦੇ ਇਸ ਰਵੱਈਏ ਨੂੰ ਇਤਹਾਸ ਕਿਵੇਂ ਲਿਖੇਗਾ ਕਹਿ ਨਹੀਂ ਸਕਦੇ।

ਇਸ ਵਿੱਚ ਕੋਈ ਛੱਕ ਨਹੀਂ ਕਿ ਨਿਮਾਣਿਆਂ ਦਾ ਮਾਣ ਬਣ ਸਕਣ ਵਾਲੀ, ਦੀਨ ਕੇ ਹੇਤ ਲੜਨ ਵਾਲੀ, ਪੁਰਜ਼ਾ ਪੁਰਜ਼ਾ ਕਟ ਮਰਨ ਵਾਲੀ, ਚਰਖੀਆਂ ਤੇ ਚੜਨ ਵਾਲੀ, ਖੋਪੜੀਆਂ ਲਵ੍ਹਾਉਣ ਵਾਲੀ ਕੌਮ ਹੈ ਸਾਡੀ। ਸਾਰੀ ਦੁਨੀਆਂ ਵਿੱਚ ਕਿਧਰੇ ਹੋਰ ਮਿਸਾਲ ਨਹੀਂ ਮਿਲਦੀ, ਬਾਬਰ ਵਰਗੇ ਬਾਦਸ਼ਾਹ ਦੇ ਸਾਹਮਣੇ ਖੜ ਕੇ ਰਾਜੇ ਸ਼ੀਂਹ ਮੁਕੱਦਮ ਕੁੱਤੇ ਗੁਰੂ ਨਾਨਕ ਤੋਂ ਬਿਨਾ ਭਲਾ ਹੋਰ ਕੋਈ ਕਹਿ ਸਕਦਾ ਸੀ। ਹਿੰਦ ਦੀ ਚਾਦਰ ਬਣਨ ਲਈ ਕੋਈ ਗੁਰੂ ਤੇਗ ਬਹਾਦਰ ਵਰਗੀ ਕੁਰਬਾਨੀ ਦੇ ਸਕਦਾ ਸੀ। ਦੁਨੀਆਂ ਵਿੱਚ ਹੋਰ ਵੀ ਬੜੇ ਧਰਮੀਂ ਲੋਕ ਹੋਏ ਹਨ ਕਦੇ ਕਿਸੇ ਹੋਰ ਨੇ ਸਰਬੱਤ ਦਾ ਭਲਾ ਮੰਗਿਆ? ਅੱਜ ਦੇ ਸਿੱਖ ਵੀ ਦੁਨੀਆਂ ਦੇ ਕੋਨੇ ਕੋਨੇ ਵਿੱਚ ਗੁਰੂ ਨਾਨਕ ਦੀ ਫੁਲਵਾੜੀ


Academy of the Punjab in North America: http://www.apnaorg.com

ਦੀ ਮਹਿਕ ਲਈ ਫਿਰਦੇ ਹਨ। ਜਿਸ ਜਿਸ ਦੇਸ਼ ਵਿੱਚ ਰਹਿੰਦੇ ਹਨ ਉਸ ਦੇਸ਼ ਦੇ ਸਾਰੇ ਰੀਤੀ ਰਿਵਾਜ਼ ਵੀ ਨਿਭਾਉਂਦੇ ਹਨ ਤੇ ਆਪਣੇ ਪਿਛੋਕੜ ਨਾਲੋਂ ਵੀ ਨਹੀਂ ਟੁੱਟੇ। ਸਿੱਖ ਤਾਂ ਹਰ ਨਿਆਸਰੇ ਦਾ ਆਸਰਾ ਬਣ ਜਾਂਦੇ ਹਨ ਪਰ ਅੱਜ ਤੱਕ ਸਿੱਖ ਦਾ ਜਾਂ ਸਿੱਖੀ ਦਾ ਵੀ ਕੋਈ ਮਦਦਗਾਰ ਬਣਿਆਂ ਦੱਸਿਓ ਤਾਂ ਭਲਾ ਸਿੱਖ ਹਮੇਸ਼ਾਂ ਦੁਨੀਆਂ ਦੀ ਅੱਖ ਵਿੱਚ ਰੜਕਦੇ ਰਹੇ ਜਾਣਦੇ ਹੋ ਕਿਓਂ, ਕਿਓਂਕਿ ਅਸੀਂ ਆਪਸੀ ਟਕਰਾਓ ਤੋਂ ਬਾਜ਼ ਨਹੀਂ ਆਉਂਦੇ। ਸਿੱਖਾਂ ਨੇ ਸਿੱਖੀ ਨੂੰ ਅਜੇ ਤੱਕ ਆਪ ਨਹੀਂ ਸਿੱਖਿਆ। ਕਹਿਣ ਨੂੰ ਅਸੀਂ ਕਹਿੰਦੇ ਹਾਂ ਕਿ ਸਿੱਖ ਦਾ ਮਤਲਬ ਹੈ ਵਿਦਿਆਰਥੀ ਪਰ ਮੈਨੂੰ ਤਾਂ ਅੱਜ ਤੱਕ ਸਾਰੇ ਅਧਿਅਪਕ ਹੀ ਮਿਲੇ ਹਨ। ਮੇਰਾ ਇੱਕ ਲੇਖ ਅਜੀਤ ਵੀਕਲੀ ਵਿੱਚੋਂ ਪੜਕੇ ਕਿਸੇ ਵੀਰ ਨੇ **604** ਏਰੀਆ ਕੋਡ ਚੋਂ ਕਾਲ ਕੀਤੀ ਕਹਿਣ ਲੱਗਾ ਕਿ ਤੇਰਾ ਲੇਖ ਪੜ ਕੇ ਅਸੀਂ ਬਹੁਤ ਹੱਸੇ। ਮੈਂ ਕਿਹਾ ਉਹ ਕਿਉਂ ਤੇ ਕਹਿਣ ਲੱਗਾ ਕਿ ਸੁਕਰਾਤ ਪਲੈਟੋ ਬਾਰੇ ਅਸੀਂ ਜੋ ਸਾਰੀ ਉਮਰ ਸੁਣਦੇ ਰਹੇ ਤੂੰ ਉਸਨੂੰ ਕਿਵੇਂ ਉਲੱਦ ਸਕਦਾਂ। ਮੈਂ ਬਥੇਰਾ ਕਿਹਾ ਕਿ ਵੀਰਾ ਤੂੰ ਸੁਣਿਆਂ ਹੈ ਕਾਸ਼ ਕਿਤੇ ਤੂੰ ਪੜਿਆ ਹੁੰਦਾ। ਆਪਾਂ ਗੁਰੂ ਗ੍ਰੰਥ ਨੂੰ ਵੀ ਹਾਲੇ ਤੱਕ ਚੱਜ ਨਾਲ ਨਹੀਂ ਪੜਿਆ ਹੋਰ ਧਰਮਾਂ ਦਾ ਸਾਨੂੰ ਗਿਆਨ ਕੀ ਹੋਣਾ ਬੱਸ ਜਿਵੇਂ ਕੋਈ ਕਹਿ ਦੇਵੇ ਉਸ ਤਰਾਂ ਹੀ ਅਸੀਂ ਮੰਨ ਲੈਂਦੇ ਹਾਂ। ਮਾਰਟਨ ਲੂਥਰ, ਜਵਿੰਗਲੀ ਅਤੇ ਕਾਲਵਿਨ ਸ਼ਬਦ ਨੂੰ ਮੰਨਣ ਵਾਲੇ ਸਤਿਗੁਰਾਂ ਦੇ, ਗੁਰੂ ਸਾਹਿਬਾਂ ਦੇ ਸਮਕਾਲੀ ਹੋਏ ਹਨ। ਗੁਰੂ ਨਾਨਕ ਦੇ ਗੁਰੂ, ਸ਼ਬਦ ਗੁਰੂ ਨੂੰ ਮੰਨਦੇ ਸਨ ਪਰ ਅਸੀਂ ਆਪਣਿਆਂ ਨੂੰ ਨਹੀਂ ਸਵੀਕਾਰਿਆ ਤੇ ਸਦੀਆਂ ਬਾਅਦ ਹੋਂਦ ਵਿੱਚ ਆਈ ਇਸਾਈਅਤ ਨੇ ਕਬਜ਼ਾ ਕਰ ਲਿਆ ਤੇ ਮੋਹਰ ਲਾ ਦਿੱਤੀ ਕਿ ਪ੍ਰੋਟੈਸਟੈਂਟ ਜੋ ਸ਼ਬਦ ਦੀ ਗੱਲ ਕਰਦੇ ਹਨ ਉਹ ਬਾਈਬਲ ਹੈ। ਬਾਈਬਲ ਭਲੇ ਨੂੰ ਉਸ ਵਕਤ ਜਨਮੀਂ ਵੀ ਨਹੀਂ ਸੀ। ਦੁਨੀਆਂ ਦੀ ਸਭ ਤੋਂ ਪਹਿਲੀ ਬਾਈਬਲ ਕਿੰਗ ਜੇਮਜ਼ ਬਾਈਬਲ ਹੈ ਤੇ ਉਹ **17**ਵੀ ਸਦੀ ਵਿੱਚ ਪਹਿਲੀ ਵਾਰ ਤਿਆਰ ਕੀਤੀ ਗਈ।

ਅੱਜ ਦਾ ਨੁਕਤਾ ਕਾਮਰੇਡ ਬਾਸੀ ਨੂੰ ਸਮਰਪਿਤ ਕਰਨਾ ਚਾਹੁੰਦਾ ਹਾਂ। ਇੱਕ ਸਦੀ ਦੇ ਕਰੀਬ ਉਮਰ ਭੋਗ ਚੁੱਕੇ ਮਾਸਟਰ ਬਾਸੀ ਕਮੁਨਿਸਟ ਵਿਚਾਰਾਂ ਦੇ ਹਨ। ਇਹ ਵੀ ਇੱਕ ਐਸਾ ਵਿਚਾਰ ਹੈ ਕਿ ਜਿਸ ਨੂੰ ਅੱਜ ਤੱਕ ਲੋਕਾਂ ਨੇ ਸਮਝਿਆ ਹੀ ਨਹੀਂ। ਕਾਰਲ ਮਾਰਕਸ ਇੱਕ ਬਹੁਤ ਹੀ ਵੱਡਾ ਵਿਦਵਾਨ ਸੀ ਧਾਰਮਕ ਫਿਲਾਸਫੀ ਦੀ ਪੀ ਐਚ ਡੀ ਕੀਤੀ ਸੀ ਉਸਨੇ। **1818** ਵਿੱਚ ਜਨਮ ਲੈ ਕੇ **1883** ਤੱਕ ਐਡੇ ਵੱਡੇ ਗੁਣੀ ਗਿਆਨੀ ਨੇ ਆਪਣੀ ਉਮਰ ਕਿਵੇਂ ਬਿਤਾਈ ਸਾਨੂੰ ਬਹੁਤਿਆਂ ਨੂੰ ਨਹੀਂ ਪਤਾ। ਮਾਰਕਸ ਦੀ ਮੌਤ ਤੋਂ ਬਾਅਦ ਭਾਵੇਂ ਅੱਧੀ ਤੋਂ ਵੱਧ ਦੁਨੀਆਂ ਮਾਰਕਸਵਾਦੀ ਵਿਚਾਰਧਾਰਾ ਦੀ ਉਪਾਸ਼ਕ ਹੋ ਗਈ ਸੀ ਪਰ ਗਰੀਬ ਮਜ਼ਦੂਰ ਦੀ ਗੱਲ ਕਰਨ ਵਾਲੇ ਕਾਰਲ ਮਾਰਕਸ ਦੇ ਸੱਤ ਬੱਚਿਆਂ ਵਿੱਚੋਂ ਚਾਰ ਭੁੱਖ ਦੇ ਦੁੱਖ ਮਰ ਗਏ। ਸਮੇਂ ਦੀਆਂ ਸਰਕਾਰਾਂ ਮਾਰਕਸ ਦੀ ਸਲਾਹ ਤਾਂ ਲੈਂਦੀਆਂ ਸੀ ਲੇਕਿਨ ਉਸਦੀ ਬਰਾਬਰਤਾ ਵਾਲੀ ਗੱਲ ਕਿਸੇ ਨੂੰ ਚੰਗੀ ਨਹੀਂ ਸੀ ਲਗਦੀ। "ਦਾਸ ਕੈਪੀਟਲ" ਵਿੱਚ ਕਾਰਲ ਮਾਰਕਸ ਇਹ ਹੀ ਕਹਿਣਾ ਚਾਹੁੰਦਾ ਸੀ ਕਿ ਸ਼ਕਤੀ ਨੂੰ ਇੱਕ ਥਾਂ ਇੱਕਠੀ ਕਰਨ ਨਾਲ ਦੁਨੀਆਂ ਖਤਮ ਹੋ ਜਾਏ ਗੀ। ਐਟਮ ਬੰਬ ਕੀ ਹੈ, ਬਹੁਤ ਸਾਰੀ ਸ਼ਕਤੀ ਇੱਕ ਬੰਬ ਵਿੱਚ ਇਕੱਠੀ ਕੀਤੀ ਹੋਈ ਹੁੰਦੀ ਹੈ। ਪਰ ਜਦ ਬੰਬ ਫਟਦਾ ਹੈ ਤਾਂ ਸਭ ਕੁਝ ਨਸ਼ਟ ਕਰ ਦੇਂਦਾ ਹੈ। ਅਸੀਂ ਭਾਵੇਂ ਆਪਣੇ ਜਰਮਨ ਭਰਾਵਾਂ ਨੂੰ ਲਾਗੇ ਨਹੀਂ ਲੱਗਣ ਦਿੱਤਾ ਪਰ ਮਾਰਟਨ ਲੂਥਰ ਵਾਂਗ ਕਾਰਲ ਮਾਰਕਸ ਵੀ ਸ਼ਕਤੀਸ਼ਾਲੀ ਰਾਜਿਆਂ ਨੂੰ ਨਹੀਂ ਸੀ ਮੰਨਦਾ। ਮੈਂ ਤਾਂ ਜਦ ਕਾਰਲ ਮਾਰਕਸ ਨੂੰ ਪੜਿਆ ਤਾਂ ਮੇਰਾ ਜੀਅ ਕਰੇ ਮੈਂ ਉਸਨੂੰ ਬਾਪੂ ਕਹਾਂ। ਕਿਉਂਕਿ ਮਾਰਕਸ ਦੀਆਂ ਸਾਰੀਆਂ ਰਚਨਾਵਾਂ ਵਿੱਚੋਂ ਗੁਰੂ ਨਾਨਕ ਵਿਚਾਰਧਾਰਾ ਦੀ ਮਹਿਕ ਆਉਂਦੀ ਹੈ। ਵਾਹ ਲਗਦੀ ਨੂੰ ਮਾਰਕਸ ਆਪਣੇ ਕੇਸ ਵੀ ਨਹੀਂ ਸੀ ਕੱਟਦਾ ਤੇ ਆਪਣੇ ਆਪ ਨੂੰ ਹਮੇਸ਼ਾਂ ਸ਼ਬਦ ਦੇ ਲੜ ਲਾਉਣ ਦੀ ਹੀ ਰੀਝ ਸੀ। ਲੈਨਿਨ **17** ਸਾਲ ਦਾ ਸੀ ਜਦ ਮਾਰਕਸ ਭੁੱਖ ਤੋਂ ਹਾਰ ਕੇ ਪਰ ਗਰੀਬ ਮਜ਼ਦੂਰਾਂ ਲਈ ਲੜਾਈ ਜਿੱਤ ਕੇ ਅਲਵਿਦਾ ਕਹਿ ਗਿਆ। "ਵੱਟ ਇਜ਼ ਟੂ ਬੀ ਡੰਨ" ਵਿੱਚ ਲੈਨਿਨ ਮਾਰਕਸਵਾਦੀ ਵਿਚਾਰਧਾਰਾ ਨੂੰ ਲਾਗੂ ਕਰਨ ਲਈ ਜੂਝਦਾ ਹੈ। ਬਹੁਤ ਵੱਡਾ ਵਿਦਵਾਨ



Academy of the Punjab in North America: http://www.apnaorg.com

ਸੀ ਲੈਨਿਨ ਵੀ। ਰਸ਼ੀਅਨ ਲੜਾਈ 1917 ਵਾਲੀ ਵਿੱਚ ਲੈਨਿਨ ਦੀ ਜਿੱਤ ਦਾ ਕਾਰਣ ਉਸਦੀ ਮਾਰਕਸਵਾਦੀ ਸੋਚ ਹੀ ਸੀ। ਜਿਵੇਂ ਕਹਿੰਦੇ ਦਾਲ ਵਿੱਚ ਕੋਕੜੂ ਵੀ ਹੁੰਦੇ ਹਨ ਲੈਨਿਨ ਤੋਂ ਅੱਠ ਸਾਲ ਉਮਰ ਵਿੱਚ ਛੋਟਾ ਸਟਾਲਿਨ ਜੋ 1878 ਵਿੱਚ ਜਨਮਿਆਂ ਤੇ ਜਵਾਨੀ ਦੀ ਉਮਰ ਵਿੱਚ ਹੀ ਲੈਨਿਨ ਨਾਲ ਜਾ ਮਿਲਿਆ ਯਕੀਨ ਕਰਕੇ 1917 ਵਿੱਚ ਜਦ ਸਟਾਲਿਨ ਨੂੰ ਪਾਵਰ ਦੇ ਦਿੱਤੀ ਤਾਂ ਬੱਸ ਉਹ ਪਾਵਰ ਹੀ ਲੈਨਿਨ ਦੀ 1924 ਵਿੱਚ ਮੌਤ ਦਾ ਕਾਰਣ ਬਣੀ। ਚਰਚਲ ਦਾ ਅਤੇ ਰੂਸਵੇਲਟ ਦਾ ਮਿੱਤਰ ਬਣ ਕੇ ਸਟਾਲਿਨ ਸ਼ਕਤੀਸ਼ਾਲੀ ਤਾਂ ਬਹੁਤ ਬਣ ਗਿਆ ਪਰ 30 ਮਿਲੀਅਨ ਮਜ਼ਦੂਰਾਂ ਦੀ ਮੌਤ ਦਾ ਕਾਰਣ ਬਣ ਗਿਆ। ਹਿਟਲਰ ਨੂੰ ਸਟਾਲਿਨ ਦੇ ਹੱਥੋਂ ਮਜ਼ਬੂਰ ਹੋ ਕੇ ਖੁਦਕਸ਼ੀ ਕਰਨੀ ਪਈ ਪਰ ਕੈਪਟਿਲਿਜ਼ਮ ਦੇ ਖਿਲਾਫ ਅਤੇ ਮਜ਼ਦੂਰਾਂ ਦੇ ਹੱਕ ਵਿੱਚ ਲੜਨ ਵਾਲਾ ਇੱਕ ਹੋਰ ਸ਼ਬਦ ਦੇ ਲੜ ਲੱਗਣ ਵਾਲਾ ਸਾਡਾ ਚਾਚਾ ਤਾਇਆ ਬਦਨਾਮ ਕਰ ਦਿੱਤਾ ਗਿਆ। ਹੋਰ ਕੋਈ ਮੰਨੇ ਜਾਂ ਨਾ ਮੰਨੇ ਪਰ ਮੈਨੂੰ ਤਾਂ ਮਾਰਟਨ ਲੂਥਰ, ਕਾਰਲ ਮਾਰਕਸ, ਲੈਨਿਨ ਅਤੇ ਹਿਟਲਰ ਨੂੰ ਆਪਣੇ ਦਾਦੇ ਪੜਦਾਦੇ ਕਹਿੰਦਿਆਂ ਕੋਈ ਸੰਗ ਨਹੀਂ ਆਉਂਦੀ। ਹਾਂ ਕਈ ਹੋਰ ਉੱਚ ਕੋਟੀ ਦੇ ਆਪਣੇ ਆਪ ਨੂੰ ਕਮੁਨਿਸਟ ਕਹਾਉਣ ਵਾਲੇ ਹੋਏ ਹਨ ਸਟਾਲਨ ਵਰਗੇ ਜੋ ਆਮ ਆਦਮੀ ਵਰਗੇ ਨਹੀਂ ਸਨ। ਜਿਸ ਜਿਸ ਵੀ ਲੀਡਰ ਨੇ ਆਪਣੇ ਆਪ ਨੂੰ ਸ਼ਕਤੀਸ਼ਾਲੀ ਬਨਾਉਣ ਵਾਸਤੇ ਸਿਆਸਤ ਕੀਤੀ ਉਹ ਮਾਰਕਸਵਾਦੀ ਨਹੀਂ ਕਹੇ ਜਾ ਸਕਦੇ ਭਾਵੇਂ ਉਹ 1949 ਤੋਂ ਚੀਨ ਦੀ ਆਜ਼ਾਦੀ ਤੋਂ ਲੈਕੇ 1976 ਵਿੱਚ ਆਪਣੀ ਮੌਤ ਤੱਕ ਚੀਨੀ ਹੁਕਮਰਾਨ ਮਾਓਜ਼ੇਦੁੰਗ ਹੋਵੇ ਜਾਂ ਵੀਅਤਨਾਮ ਵਾਰ ਦਾ ਹੀਰੋ ਹੋਚੀਮਨ ਹੋਵੇ। ਹਾਂ ਫੀਡਲ ਕਾਸਟ੍ਰੋ ਮਲੰਗ ਮਾਰਕਸਵਾਦੀ ਹੈ ਜੋ ਐਡੇ ਵੱਡੇ ਕੈਪੀਟਲਿਸਟ ਅਮਰੀਕਾ ਦੇ ਬਨੇਰੇ ਤੇ ਬੈਠਾ ਹੈ। ਸਾਰੀ ਉਮਰ ਉਸਦੀ ਵਾਅ ਵੱਲ ਨਹੀਂ ਦੇਖ ਸਕਿਆ ਕੋਈ। ਸਾਡਾ ਦੁਖਾਂਤ ਹੈ ਕਿ ਅਸੀਂ ਹਨ੍ਹੇਰੇ ਵਿੱਚ ਬੈਠੇ ਚਾਨਣ ਦੀਆਂ ਗੱਲਾਂ ਕਰਦੇ ਹਾਂ ਲੇਕਿਨ ਪੜਨ ਬਿਨਾਂ ਸ਼ਬਦ ਦੇ ਲੜ ਲੱਗਣ ਬਿਨਾ ਗੱਲ ਨਹੀਂ ਬਣਨੀ॥

ਜਿਸ ਨੂੰ ਲੱਭਦੇ ਲੱਭਦੇ ਦੁਨੀਆਂ ਤਰਸ ਗਈ, ਉਹ ਤਾਂ ਸੁਣਿਆਂ ਚਾਨਣਵੰਤ ਸਵੇਰਾ ਹੈ।
ਮੇਰੀ ਉਮਰ ਹਨ੍ਹੇਰੇ ਦੇ ਵਿੱਚ ਬੀਤ ਗਈ, ਸਭ ਤੋਂ ਲਾਗੇ ਰਿਸ਼ਤੇਦਾਰ ਹਨ੍ਹੇਰਾ ਹੈ।
ਘੁੱਪ ਹਨ੍ਹੇਰਾ ਮੇਰੀ ਸਾਰੀ ਜ਼ਿਦਗੀ ਹੈ, ਘੁੱਪ ਹਨ੍ਹੇਰਾ ਮੇਰਾ ਚਾਰ ਚੁਫੇਰਾ ਹੈ।
ਆਪਣਾ ਹੈ ਇਹ ਆਪਾਂ ਇਸ ਵਿੱਚ ਜੀਂਦੇ ਹਾਂ, ਫਰਕ ਨਹੀਂ ਕੁਝ ਤੇਰਾ ਹੈ ਜਾਂ ਮੇਰਾ ਹੈ।
ਇੱਕ ਸੱਚੇ ਵਿੱਚ ਸਾਰੀ ਉਮਰ ਬਿਤਾ ਚੱਲੇ, ਦੇਖੋ ਸਾਡਾ ਕਿੰਨਾ ਵੱਡਾ ਜੇਰਾ ਹੈ।
ਏਨੀ ਵੀ ਨਹੀਂ ਸਮਝ ਕਿ ਸਾਨੂੰ ਸਮਝ ਨਹੀਂ ਦੁਨੀਆਂ ਵਿੱਚ ਕਿਸ ਕੰਮ ਲਈ ਸਾਡਾ ਫੇਰਾ ਹੈ।
ਆਪਣੀ ਕਿਸਮਤ ਆਪ ਬਣਾ ਕੇ ਬੈਠੇ ਹਾਂ, ਕੀ ਜਾਣੀਏਂ ਕਿੱਥੇ ਕੀ ਨਿਬੇੜਾ ਹੈ।
ਗੱਲ ਕਰੀਏ ਤਾਂ ਲੋਕੀਂ ਸਾਨੂੰ ਸੁਣਦੇ ਨੇ, ਇਸਦਾ ਮਤਲਬ ਸਾਨੂੰ ਇਲਮ ਬਥੇਰਾ ਹੈ।
ਭਰਮ ਦਾ ਅੱਲਣ ਪਾ ਕੇ ਭਾਜੀ ਪੱਕਦੀ ਹੈ, ਖੁਸ਼ਫਹਿਮੀ ਦਾ ਸਾਡੇ ਘਰੇ ਲਵੇਰਾ ਹੈ।
ਸ਼ੌਂਕ ਨਾਲ ਸਭ ਰਲ ਮਿਲ ਕੇ ਛਕ ਲੈਂਦੇ ਹਾਂ, ਨਾ ਕੋਈ ਸਾਡਾ ਰੌਲਾ ਨਾ ਕੋਈ ਝੇੜਾ ਹੈ।
ਪਰਖ ਲੈਣ ਦੀ ਲੋੜ ਨਹੀਂ ਲਗਦੀ ਹੁਣ ਤਾਂ, ਖੁਸ਼ਬੂ ਤੇ ਬਦਬੂ ਦਾ ਅੰਤਰ ਕੇਹੜਾ ਹੈ।
ਜਾਹ ਵੀਰਾ ਤੂੰ ਕਿੱਦਾਂ ਸਾਨੂੰ ਲੱਭੇਂਗਾ, ਭੁੱਲ ਭਲਾਈਆਂ ਦੇ ਵਿੱਚ ਸਾਡਾ ਡੇਰਾ ਹੈ।


Academy of the Punjab in North America: http://www.apnaorg.com

# ਸਾਡਾ ਕਿਰਦਾਰ

ਸਾਡੇ ਤੇ ਕਿਰਪਾ ਕਰਕੇ ਵਿਧਾਤਾ ਨੇ ਸਾਨੂੰ ਇਨਸਾਨੀ ਜੀਵਨ ਦਿੱਤਾ, ਦੇਖਣ ਨੂੰ ਅੱਖਾਂ ਬਖਸ਼ਿਸ਼ ਕੀਤੀਆਂ, ਸਰਵਣ ਕਰਨ ਵਾਸਤੇ ਕੰਨ, ਨੱਕ ਜ਼ੀਭ ਹੱਥ ਪੈਰ ਵੀ ਸਾਨੂੰ ਦਿੱਤੇ ਇਹ ਸਾਡੇ ਤੇ ਕਿਨੀ ਵੱਡੀ ਕ੍ਰਿਪਾ ਹੋਈ ਪਰ ਅਸੀਂ ਇਸ ਜੀਵਨ ਨੂੰ ਕਿਸ ਤਰਾਂ ਹੰਢਾਉਂਦੇ ਹਾਂ। ਕਿਸ ਤਰਾਂ ਦੇਖਦੇ ਹਾਂ, ਕੀ ਸੁਣ ਕੇ ਚੰਗਾ ਲੱਗਦਾ ਹੈ, ਕਰ ਪੈਰਾਂ ਨੂੰ ਅਸੀਂ ਕਿਵੇਂ ਇਸਤੇਮਾਲ ਕਰਦੇ ਹਾਂ, ਕੁਦਰਤ ਦੇ ਇਸ ਕ੍ਰਿਸ਼ਮੇਂ ਨੂੰ ਅਸੀਂ ਕਿਸ ਤਰਾਂ ਦੁਨੀਆਂ ਵਿੱਚ ਖੜਾ ਕਰਦੇ ਹਾਂ, ਅਸੀਂ ਦੁਨੀਆਂ ਨੂੰ ਕਿਵੇਂ ਲਗਦੇ ਹਾਂ ਬਸ ਇਹ ਹੀ ਸਾਡਾ ਕਿਰਦਾਰ ਹੁੰਦਾ ਹੈ। ਜਿਸ ਤਰੀਕੇ ਨਾਲ ਅਸੀਂ ਇਸ ਜੀਵਨ ਨੂੰ ਜਿਊਂਦੇ ਹਾਂ ਉਹ ਹੀ ਸਾਡੀ ਸ਼ਖਸ਼ੀਅਤ ਹੁੰਦੀ ਹੈ। ਹਰ ਇਨਸਾਨ ਦਾ ਆਪੋ ਆਪਣਾ ਕਿਰਦਾਰ ਹੁੰਦਾ ਹੈ ਪਰ ਕਈ ਵਾਰ ਸਾਡਾ ਦੁਨੀਆਂ ਨੂੰ ਪਤਾ ਹੀ ਨਹੀਂ ਲੱਗਦਾ। ਸਾਡਾ ਚੰਗਾ ਮੰਦਾ ਸਭ ਢਕਿਆ ਰਹਿੰਦਾ ਹੈ। ਜਿੰਨੀ ਕਿਸੇ ਦੀ ਜ਼ਿਆਦਾ ਵਾਕਫੀਅਤ ਹੁੰਦੀ ਹੈ ਓਨਾ ਹੀ ਉਸਦਾ ਅਸਤਿਤਵ ਸਾਹਮਣੇ ਆਉਂਦਾ ਹੈ। ਜਿੰਨੇ ਲੋਕਾਂ ਵਿੱਚ ਸਾਡੀ ਉੱਠਣੀ ਬੈਠਣੀ ਹੋਵੇ, ਜਿੰਨੇ ਵੱਧ ਲੋਕਾਂ ਵਿੱਚ ਅਸੀਂ ਵਿਚਰਦੇ ਹੋਈਏ ਉਹ ਸਾਰੇ ਸਾਡੀਆਂ ਚੰਗਿਆਈਆਂ ਬੁਰਿਆਈਆਂ ਨੂੰ ਜਾਣਦੇ ਹੁੰਦੇ ਹਨ। ਮੈਂ ਜੌਹਨ ਮੈਕਸਵੈਲ ਦੀ ਕਿਤਾਬ ਪੜ ਰਿਹਾ ਸੀ ਉਹ ਬੜੇ ਸਰਲ ਤਰੀਕੇ ਨਾਲ ਇੱਕ ਜਗ੍ਹਾ ਲਿਖਦਾ ਹੈ ਕਿ ਜੇਹੜਾ ਵੀ ਸਾਨੂੰ ਮਿਲਦਾ ਹੈ ਕੀ ਸਾਨੂੰ ਮਿਲ ਕੇ ਉਸਦੀ ਮਹੱਤਤਾ ਵਧਦੀ ਹੈ ਜਾਂ ਘਟਦੀ ਹੈ। ਕੀ ਅਸੀਂ ਮਿਲ ਕੇ ਕਿਸੇ ਦੀ ਭੋਰਾ ਮਾਸਾ ਵਡਿਆਈ ਕਰਦੇ ਹਾਂ ਕਿ ਉਸਨੂੰ ਘਟੀਆ ਮਹਿਸੂਸ ਕਰਵਾਉਂਦੇ ਹਾਂ। ਜੇ ਕਿਤੇ ਆਪਾਂ ਆਪਣੇ ਮਿਲਣ ਵਾਲੇ ਲੋਕਾਂ ਨੂੰ ਇੱਕ ਮਿੰਟ ਜਾਂ ਅੱਧੇ ਮਿੰਟ ਵਾਸਤੇ ਪਰਸੰਸਾ ਕਰਕੇ ਵਧੀਆ ਅਹਿਸਾਸ ਦਿਵਾਉਂਦੇ ਹਾਂ ਤਾਂ ਉਸਦੇ ਦਿਲ ਵਿੱਚ ਆਪਣੀ ਵਧੀਆ ਤਸਵੀਰ ਛੱਡ ਜਾਂਦੇ ਹਾਂ। ਸਾਡੀਆਂ ਪੰਜ ਗਿਆਨ ਇੰਦਰੀਆਂ ਤੇ ਪੰਜ ਕਰਮ ਇੰਦਰੀਆਂ ਹਨ। ਹਰ ਕੋਈ ਇਨ੍ਹਾਂ ਦਾ ਇਸਤੇਮਾਲ ਵੀ ਕਰਦਾ ਹੈ ਪਰ ਕੀ ਅਸੀਂ ਇੰਦਰੀਆਂ ਦਾ ਪ੍ਰਯੋਗ ਕਰਦਿਆਂ ਕਿਸੇ ਨੂੰ ਸੁਖ ਦੇਂਦੇ ਹਾਂ ਕਿ ਕਸ਼ਟ ਦੇਂਦੇ ਹਾਂ ਬਸ ਏਨਾ ਹੀ ਫਰਕ ਹੁੰਦਾ ਹੈ।

ਦੁਨੀਆਂ ਨਾਲ ਸਾਡਾ ਕਿੰਨਾ ਗੂੜਾ ਰਿਸ਼ਤਾ ਹੈ, ਸੁਖਦਾਇਕ ਹੈ ਕਿ ਦੁਖਦਾਇਕ ਬੱਸ ਸਾਡੇ ਰਿਸ਼ਤਿਆਂ ਦੀ ਅਸਲੀਅਤ ਹੀ ਸਾਡਾ ਵਿਅਕਤਿਤਵ ਹੁੰਦਾ ਹੈ। ਅਸੀਂ ਕਿਸੇ ਨੂੰ ਕਿੰਨਾ ਕੁ ਸਮਝਦੇ ਹਾਂ, ਜਿੰਨਾ ਕੁ ਜਾਨਣ ਦਾ ਇਰਾਦਾ ਹੋਵੇ ਉਸ ਤਰਾਂ ਦੀ ਹੀ ਤਸਵੀਰ ਅਸੀਂ ਬਣਾ ਲੈਂਦੇ ਹਾਂ। ਤਕਰੀਬਨ ਸਾਰਾ ਹੀ ਪੜਿਆ ਲਿਖਿਆ ਪੰਜਾਬੀ ਭਾਈਚਾਰਾ ਰਬਿੰਦਰ ਨਾਥ ਟੈਗੋਰ ਦੇ ਨਾਂ ਤੋਂ ਵਾਕਿਫ ਹੈ। ਨੋਬਲ ਪ੍ਰਾਈਜ਼ ਮਿਲਣ ਕਰਕੇ, ਗੀਤਾਂਜਲੀ ਕਰਕੇ, ਭਾਰਤ ਅਤੇ ਬੰਗਲਾਦੇਸ਼ ਦੇ ਰਾਸ਼ਟਰੀ ਗੀਤਾਂ ਦੇ ਲੇਖਿਕ ਹੋਣ ਕਰਕੇ ਜਾਣਦੇ ਹਾਂ। ਪਰ ਸ਼ਾਇਦ ਬਹੁਤ ਘੱਟ ਸਿੱਖਾਂ ਨੂੰ ਇਸ ਗੱਲ ਦਾ ਪਤਾ ਹੋਣੈ ਕਿ ਬਚਪਨ ਵਿੱਚ ਰਾਬਿੰਦਰ ਨਾਥ ਟੈਗੋਰ ਅੰਮ੍ਰਿਤਸਰ ਰਿਹਾ ਆਪਣੀ ਜੀਵਨ ਕਹਾਣੀ ਵਿੱਚ ਟੈਗੋਰ ਬੜੇ ਪਿਆਰ ਨਾਲ ਲਿਖਦਾ ਹੈ ਕਿ **11-12** ਸਾਲ ਦੀ ਉਮਰ ਵਿੱਚ ਉਹ ਆਪਣੇ ਪਿਤਾ ਜੀ ਨਾਲ ਗੁਰਦੁਆਰੇ (ਦਰਬਾਰ ਸਾਹਿਬ) ਨਿੱਤਨੇਮ ਨਾਲ ਜਾਂਦੇ ਸੀ। ਰਬਿੰਦਰ ਨਾਥ ਦੀਆਂ ਸ਼ਹੀਦਾਂ ਤੇ ਲਿਖੀਆਂ ਕਵਿਤਾਵਾਂ ਖਾਸ ਕਰ ਬੰਦਾ ਸਿੰਘ ਬਹਾਦਰ ਅਤੇ ਭਾਈ ਤਾਰੂ ਸਿੰਘ ਦੀ ਸ਼ਹੀਦੀ ਬਾਰੇ ਲਿਖੀਆਂ ਸਾਰੀਆਂ ਕਵਿਤਾਵਾਂ ਬੰਗਾਲ ਦੇ ਸਕੂਲਾਂ ਵਿੱਚ ਬੰਗਲਾਦੇਸ਼ ਵਿੱਚ ਲੋਕ ਪੜਦੇ ਹਨ ਪਰ ਬਹੁਤੇ ਸਿੱਖਾਂ ਨੂੰ ਪਤਾ ਹੀ ਨਹੀਂ। ਸਾਡੀ ਅਗਿਆਨਤਾ ਸਾਨੂੰ ਸਹੀ ਕਿਰਦਾਰ ਨਹੀਂ ਸਮਝਣ ਦੇਂਦੀ। ਕਿਸੇ ਦੀ ਸਿਫਤ ਕਰਨ ਲੱਗਿਆਂ ਜੇ ਤੁਹਾਨੂੰ ਉਸਦੀ ਜਾਣਕਾਰੀ ਹੋਵੇ ਤਾਂ ਆਸਾਨੀ ਨਾਲ ਵਡਿਆਈ ਹੋ ਸਕਦੀ ਹੈ। ਵਾਕਫੀਅਤ ਵਾਸਤੇ ਸਾਨੂੰ ਸੰਪਰਕ ਬਨਾਉਣਾ ਪਊ ਤੇ ਸੰਪਰਕ ਪੈਦਾ ਕਰਨ ਲਈ ਕੋਸ਼ਿਸ਼ ਵੀ ਕਰਨੀ ਪਊ। ਹਰ ਇਨਸਾਨ ਇਹ ਹੀ ਸੋਚਦਾ ਹੈ ਕਿ ਉਹ ਸਹੀ ਹੈ, ਦੂਸਰੇ ਨੂੰ ਸਮਝਣ ਦਾ ਅਸੀਂ ਯਤਨ ਹੀ ਨਹੀਂ ਕਰਦੇ। ਜਿੰਨਾ ਕੁ ਸਮਾਜਿਕ ਤੌਰ ਤੇ ਪਰਵਾਰ ਕਰਕੇ, ਕੰਮ ਕਾਰ ਕਰਕੇ ਜਾਂ ਧਰਮ


Academy of the Punjab in North America: http://www.apnaorg.com

ਅਸਥਾਨ ਇਕੱਠਿਆਂ ਜਾਣ ਕਰਕੇ ਸਾਡਾ ਲੋਕਾਂ ਨਾਲ ਰਿਸ਼ਤਾ ਬਣਦਾ ਹੈ ਓਨਾ ਹੀ ਮਸਾਂ ਨਿਭਾਉਂਦੇ ਹਾਂ ਅਸੀਂ। ਅੱਜ ਦੇ ਨੁਕਤੇ ਵਿੱਚ ਮੈਂ ਇਹ ਗੱਲ ਆਪਣੇ ਜੀਵਨ ਅਨੁਭਵ ਵਿੱਚੋਂ ਮਿਸਾਲ ਦੇ ਕੇ ਨਿਖਾਰਨੀ ਚਾਹੁੰਦਾ ਹਾਂ। ਅਸੀਂ ਕਈ ਵਾਰ ਸੋਚ ਲੈਂਦੇ ਹਾਂ ਕਿ ਸਾਰੇ ਤਾਂ ਮੈਨੂੰ ਜਾਣਦੇ ਹਨ ਜਿਵੇਂ ਕੋਈ ਕਹੇ ਕਿ ਟੈਗੋਰ ਨੂੰ ਕੌਣ ਨਹੀਂ ਜਾਣਦਾ। ਇਹ ਵੀ ਠੀਕ ਹੈ ਕਿ ਬਹੁਤ ਲੋਕ ਸਾਨੂੰ ਜਾਣਦੇ ਹੁੰਦੇ ਨੇ ਪਰ ਅਸੀਂ ਬਹੁਤੀ ਵਾਰ ਇਹ ਜਾਨਣ ਦੀ ਕੋਸ਼ਿਸ਼ ਹੀ ਨਹੀਂ ਕਰਦੇ ਕਿ ਸਾਨੂੰ ਜਾਨਣ ਵਾਲਿਆਂ ਨੂੰ ਅਸੀਂ ਕੋਈ ਸੁਖ ਦੇ ਰਹੇ ਹੁੰਦੇ ਹਾਂ ਜਾਂ ਕਸ਼ਟ ਦੇ ਰਹੇ ਹੁੰਦੇ ਹਾਂ। ਲਓ ਮੈਂ ਆਪਣੀ ਮਿਸਾਲ ਦੇਵਾਂ :-

ਕੈਲੇਫੋਰਨੀਆਂ ਵਿੱਚ ਮੇਰੇ ਪਰਿਵਾਰ ਦੇ ਸੌ ਤੋਂ ਵੱਧ ਮੈਂਬਰ ਹਨ। ਜਦੋਂ ਵੀ ਕੋਈ ਸਾਡਾ ਆਉਣਾ ਤਾਂ ਅਸੀਂ ਹਰ ਤਰਾਂ ਰਲ ਮਿਲ ਕੇ ਯਤਨ ਕਰਨਾ ਕਿ ਸਭ ਦੇ ਪੈਰ ਲੱਗ ਜਾਣ ਸਾਰੇ ਕਾਮਯਾਬ ਹੋ ਜਾਣ। ਕੇਹੜਾ ਕਿੰਨਾ ਕਾਮਯਾਬ ਹੁੰਦਾ ਹੈ ਇਹ ਤਾਂ ਉਸਦੇ ਆਪਣੇ ਤੇ ਹੀ ਨਿਰਭਰ ਕਰਦਾ ਹੈ ਪਰ ਕਿਸੇ ਆਪਣੇ ਨੂੰ ਰਾਹ ਪਾ ਦੇਣਾ ਵੀ ਕਾਫੀ ਹੈ। ਸਾਡੇ ਕੋਲ ਕਈ ਐਸੇ ਵੀ ਆਏ ਜੋ ਵੀਹ ਪੰਝੀ ਸਾਲਾਂ ਵਿੱਚ ਸਾਡੇ ਤੋਂ ਕਿਤੇ ਅੱਗੇ ਨਿਕਲ ਗਏ। ਕੋਈ ਥੋੜਾ ਕੋਈ ਬਹੁਤਾ ਕਾਮਯਾਬ ਹੋਇਆ ਇਹ ਤਾਂ ਉਨ੍ਹਾਂ ਦੀ ਆਪਣੀ ਕਾਬਲੀਅਤ ਤੇ ਨਿਰਭਰ ਕਰਦਾ ਹੈ ਪਰ ਇੱਕ ਗੱਲ ਜਰੂਰ ਹੋਈ ਕਿ ਸਾਰੇ ਦੇ ਸਾਰੇ ਆਪੋ ਆਪਣੇ ਰਾਹ ਤੁਰ ਪਏ। ਕਈ ਵਾਰ ਮੇਰੇ ਦੋਸਤਾਂ ਮਿੱਤਰਾਂ ਨੇ ਮੇਰੇ ਕਿਸੇ ਕਾਮਯਾਬ ਰਿਸ਼ਤੇਦਾਰ ਬਾਰੇ ਗੱਲ ਕਰਨੀ ਤਾਂ ਮੈਂ ਇੱਕ ਮਿਸਾਲ ਦਿਆ ਕਰਦਾ ਸੀ ਕਿ ਜਿੰਨਾ ਚਿਰ ਪੰਛੀ ਦੇ ਬੋਟ ਉਡ਼ ਨਹੀਂ ਸਕਦੇ ਓਨਾ ਚਿਰ ਪੰਛੀ ਦੁਨੀਆਂ ਦੀ ਸਾਰੀ ਮੀਂਹ ਹਨ੍ਹੇਰੀ ਆਪਣੇ ਖੰਭਾਂ ਤੇ ਝੱਲਦਾ ਹੈ ਲੇਕਿਨ ਜਦ ਬੱਚਿਆਂ ਦੇ ਆਪਣੇ ਖੰਭ ਨਿਕਲ ਆਉਂਦੇ ਹਨ ਤਾਂ ਬੱਚਿਆਂ ਦਾ ਵੀ ਉਡ਼ ਜਾਣ ਵਿੱਚ ਭਲਾ ਹੈ ਤੇ ਪੰਛੀ ਦਾ ਵੀ ਭਲਾ ਇਸੇ ਗੱਲ ਵਿੱਚ ਹੁੰਦਾ ਹੈ ਕਿ ਬੱਚੇ ਉਡ਼ ਜਾਣ। ਪਰ ਕਈ ਵਾਰ ਮੈਂ ਇਕੱਲਿਆਂ ਬੈਠ ਕੇ ਸੋਚਦਾ ਕਿ ਸਾਡੇ ਕਈ ਐਸੀਆਂ ਉਡਾਰੀਆਂ ਮਾਰ ਗਏ ਕਿ ਕਦੇ ਪਰਤ ਕੇ ਪੁਰਾਣੇ ਆਲ੍ਹਣੇ ਵੱਲ ਨੂੰ ਤੱਕਿਆ ਵੀ ਨਹੀਂ। ਫਿਰ ਆਪਣੇ ਸਵਾਲ ਦਾ ਜਵਾਬ ਆਪੇ ਹੀ ਦੇ ਲੈਂਦਾ ਕਿ ਹੋ ਸਕਦਾ ਹੈ ਮੇਰੇ ਕੋਲੋਂ ਸਹੀ ਤਰੀਕੇ ਨਾਲ ਰਿਸ਼ਤਾ ਨਾ ਨਿਭਾਇਆ ਗਿਆ ਹੋਵੇ। ਅਸੀਂ ਦੂਸਰਿਆਂ ਬਾਰੇ ਉਸ ਤਰਾਂ ਸੋਚਦੇ ਹਾਂ ਜਿਵੇਂ ਸਾਨੂੰ ਸਮਝ ਲਗਦੀ ਹੈ। ਮੇਰੀ ਕਲਮ ਦਾ ਕਰਕੇ ਮੈਨੂੰ ਹਜ਼ਾਰਾਂ ਛਾਇਦ ਲੱਖਾਂ ਲੋਕ ਜਾਣਦੇ ਹਨ ਪਰ ਇਹ ਜਰੂਰੀ ਨਹੀਂ ਕਿ ਸਾਰੇ ਮੇਰੀ ਕਲਮ ਦੀ ਤਾਰੀਫ ਕਰਦੇ ਹੋਣ। ਕਈ ਪਾਠਕਾਂ ਦੀ ਮੇਰੇ ਵਿਚਾਰ ਨਾਲ ਅਸਿਹਮਤੀ ਵੀ ਹੋ ਸਕਦੀ ਹੈ। ਮੇਰੀ ਕਲਮ ਵਿੱਚੋਂ ਮੇਰੇ ਕਿਰਦਾਰ ਬਾਰੇ ਵੱਖ ਵੱਖ ਪਾਠਕਾਂ ਦਾ ਵੱਖ ਵੱਖ ਅੰਦਾਜ਼ਾ ਹੋ ਸਕਦਾ ਹੈ। ਵਿਚਾਰ ਵੱਖ ਹੋ ਸਕਦਾ ਹੈ। ਖੈਰ ਜਿੰਨਾ ਚਿਰ ਤੱਕ ਅਸੀਂ ਆਪਣੀ ਕੀਮਤ ਨਹੀਂ ਜਾਣਦੇ ਓਨਾ ਚਿਰ ਤੱਕ ਤਾਂ ਸਾਨੂੰ ਵਕਤ ਦੀ ਵੀ ਕੀਮਤ ਨਹੀਂ ਸਮਝ ਲੱਗ ਸਕਦੀ ਤੇ ਜਿੰਨਾ ਚਿਰ ਸਾਨੂੰ ਸਮੇਂ ਦੀ ਕੀਮਤ ਦਾ ਨਹੀਂ ਪਤਾ ਓਨਾਂ ਚਿਰ ਅਸੀਂ ਕੁਝ ਵੀ ਨਹੀਂ ਕਰ ਸਕਦੇ। ਜੀਵਨ ਤਾਂ ਕਰਤਵਿੱਦਿਆ ਹੀ ਹੈ ਜੋ ਕੁਝ ਅਸੀਂ ਕਰਦੇ ਹਾਂ ਉਹ ਹੀ ਸਾਡਾ ਕਿਰਦਾਰ ਹੁੰਦਾ ਹੈ। ਇਹ ਨੁਕਤਾ ਕਵਿਤਾ ਵਿੱਚ ਕਹੀਏ :-

ਰਾਮ ਤੇ ਰਾਵਣ ਦੀਆਂ ਸੀ ਰਾਸ਼ੀਆਂ ਤਾਂ ਰਲਦੀਆਂ, ਪਰ ਕ੍ਰਿਸ਼ਨ ਦਾ ਤੇ ਕੰਸ ਦਾ ਕਿਰਦਾਰ ਆਪਣਾ ਆਪਣਾ।
ਪੋਤੇ ਨੱਤੇ ਇੱਕ ਹੀ ਬਾਬੇ ਦੇ ਭਾਵੇਂ ਹਾਂ ਅਸੀਂ,ਪਰ ਕੱਲੇ ਕੱਲੇ ਸਖਸ਼ ਦਾ ਸਤਿਕਾਰ ਆਪਣਾ ਆਪਣਾ।
ਕਿਸਮ ਤਾਂ ਇੱਕੋ ਅਸੀਂ ਇਹ ਜਿਸਮ ਵੀ ਇੱਕੋ ਜਿਹਾ,ਪਰ ਹਰ ਕਿਸੇ ਦਾ ਫੇਰ ਵੀ ਵਿਓਹਾਰ ਆਪਣਾ ਆਪਣਾ।
ਦਿਲ ਦੀ ਬਣਤਰ ਇੱਕ ਹੈ ਧੜਕਣ ਵੀ ਇੱਕੋ ਹੀ ਜਿਹੀ,ਪਰ ਵੱਖਰੇ ਵੱਖਰੇ ਦਿਲਾਂ ਦੇ ਵਿੱਚ ਪਿਆਰ ਆਪਣਾ ਆਪਣਾ।
ਸ਼ਬਦ ਵੀ ਇੱਕੋ ਜਿਹੇ ਬੋਲੀ ਵੀ ਸਾਡੀ ਇੱਕ ਹੈ, ਪਰ ਹਰ ਕਿਸੇ ਦੀ ਜੀਭ ਤੇ ਇਜ਼ਹਾਰ ਆਪਣਾ ਆਪਣਾ।
ਕੋਈ ਫੁੱਲ ਕੇਹੜੇ ਬਗੀਚੇ ਕਿਸ ਤਰਾਂ ਖਿੜਿਆ ਕਦੇ, ਗੁਲ ਵੀ ਆਪੋ ਆਪਣੇ ਗੁਲਜ਼ਾਰ ਆਪਣਾ ਆਪਣਾ।


Academy of the Punjab in North America: http://www.apnaorg.com

# ਸਾਡੇ ਪਰਦੇਸੀ ਤੁਖਾਰ ਬੁਖਾਰ

ਸੀਤਲਤਾ ਤਾਂ ਗਰਮੀਂ ਸਰਦੀ ਦਾ ਸੁਮੇਲ ਹੁੰਦੀ ਹੈ। ਗਰਮੀਂ ਬਿਨਾ ਵੀ ਨਹੀਂ ਸਰ ਸਕਦਾ ਤੇ ਕੱਲੇ ਸੇਕ ਵਿੱਚ ਵੀ ਜੀਵਿਆ ਨਹੀਂ ਜਾ ਸਕਦਾ। ਔੜ ਲੱਗੀ ਤੋਂ ਕਿਤੇ ਕਣੀਆਂ ਪੈ ਜਾਣ ਤਾਂ ਦਿਲ ਕਰਦਾ ਹਰ ਬੂੰਦ ਨੂੰ ਮਾਣ ਸਕੀਏ ਪਰ ਜੇ ਕਈ ਦਿਨ ਮੀਂਹ ਪੈਂਦਾ ਰਹੇ ਤੇ ਗੜੇ ਪੈਣੇ ਸ਼ੁਰੂ ਹੋ ਜਾਣ ਸੀਤਲਤਾ ਤੁਖਾਰ ਵਿੱਚ ਬਦਲ ਜਾਏ ਤਾਂ ਸਹਾਰੀ ਨਹੀਂ ਜਾਂਦੀ। ਵਗਦੇ ਪਾਣੀ ਵਿੱਚ ਡੁਬਕੀ ਲਾਉਣ ਨੂੰ ਹਰ ਕਿਸੇ ਦਾ ਚਿੱਤ ਕਰਦਾ ਹੈ ਪਰ ਜੇ ਉਹ ਹੀ ਪਾਣੀ ਜੰਮ ਜਾਵੇ ਬਰਫ ਬਣ ਜਾਵੇ ਤਾਂ ਇਸ਼ਨਾਨ ਨਹੀਂ ਹੋ ਸਕਦਾ। ਹਰ ਜਿਸਮ ਵਿੱਚ ਸੇਕ ਹੁੰਦਾ ਹੈ ਪਰ ਜੇ ਸੇਕ ਦੀ ਮਿਕਦਾਰ ਬੁਖਾਰ ਵਿੱਚ ਬਦਲ ਜਾਵੇ, ਪਿੰਡਾ ਤਪਣ ਲੱਗ ਜਾਵੇ ਤਾਂ ਸਹਾਰ ਨਹੀਂ ਹੁੰਦਾ। ਜਦੋਂ ਵੀ ਕੋਈ ਕਲਪਦਾ ਹੈ ਉਸਦਾ ਕੋਈ ਕਾਰਣ ਹੁੰਦਾ ਹੈ। ਬਿਨਾ ਵਜ੍ਹਾ ਦੁਨੀਆਂ ਵਿੱਚ ਕੋਈ ਨਹੀਂ ਕਲਪਦਾ। ਸਾਡੇ ਦਰਦ ਨੂੰ ਤਕਲੀਫ ਨੂੰ ਜਦੋਂ ਅਸੀਂ ਬਿਆਨ ਕਰਦੇ ਹਾਂ ਤਾਂ ਕਈ ਵਾਰ ਦੁਨੀਆਂ ਉਸਦੇ ਅਰਥ ਆਪਣੇ ਹਿਸਾਬ ਨਾਲ ਕਰਦੀ ਹੈ। ਕੋਈ ਉਸਨੂੰ ਸਮੇਂ ਦੀ ਆਵਾਜ਼ ਆਖਦਾ ਹੈ ਕੋਈ ਅੱਤਵਾਦ ਆਖਦਾ ਹੈ। ਪਚਦਾ ਪਚਦਾ ਤਾਂ ਹਰ ਕੋਈ ਪਚਾ ਸਕਦਾ ਹੈ ਪਰ ਜਦ ਪਾਣੀ ਸਿਰ ਤੋਂ ਲੰਘਣ ਲੱਗ ਜਾਵੇ ਤਾਂ ਫਿਰ ਮਰਦਾ ਕੀ ਨਹੀਂ ਕਰਦਾ। ਤਕਲੀਫ ਨਾਂ ਹੁੰਦੀ ਕੋਈ ਤਾਂ ਗੁਰੂ ਨਾਨਕ ਬਾਬਰ ਦੀ ਫੌਜ ਨੂੰ "ਪਾਪ ਕੀ ਜੰਞ" ਕਾਹਤੋਂ ਕਹਿੰਦੇ। ਸਮੇਂ ਦੇ ਹੁਕਮਰਾਨ ਨੂੰ "ਰਾਜੇ ਸ਼ੀਂਹ ਮੁਕੱਦਮ ਕੁੱਤੇ" ਕਹਿਣਾ ਪਿਆ ਤਾਂ ਉਸਦਾ ਕੋਈ ਕਾਰਣ ਹੋਊ। ਨਾਨਕ ਦੀ ਸ਼ਬਦ ਜੋਤ ਜਦ ਛੇਵੇਂ ਜਾਮੇਂ ਵਿੱਚ ਤਲਵਾਰ ਚੁੱਕਦੀ ਹੈ ਤਾਂ ਉਸਦੀ ਕੋਈ ਵਜ੍ਹਾ ਹੋਊ। ਤੱਤੀ ਤਵੀ ਦਾ ਸੇਕ, ਤੱਤੀ ਰੇਤ ਦਾ ਸੇਕ ਸਤਿਗੁਰਾਂ ਤੋਂ ਵੀ ਸਹਾਰਿਆ ਨਹੀਂ ਸੀ ਜਾ ਸਕਦਾ। ਦਸਵੇਂ ਪਾਤਸ਼ਾਹ ਜੇ ਪਿਤਾ ਦੀ ਜਾਂ ਪੁੱਤਰਾਂ ਦੀ ਕੁਰਬਾਨੀ ਦੇਂਦੇ ਹਨ, ਸਰਬੰਸ ਵਾਰ ਦੇਂਦੇ ਹਨ ਤਾਂ ਬਿਨਾ ਵਜ੍ਹਾ ਤਾਂ ਨਹੀਂ ਵਾਰਦੇ। ਇਹ ਵੱਖਰੀ ਗੱਲ ਹੈ ਕਿ ਸਭ ਕੁਝ ਵਾਰ ਕੇ ਵੀ ਜ਼ਫਰਨਾਵਾਂ (ਜਿੱਤ ਦੀ ਚਿੱਠੀ) ਲਿਖਣ ਦੀ ਤੌਫੀਕ ਰੱਖਦੇ ਸੀ।

ਨੌਂਵੇਂ ਪਾਤਸ਼ਾਹ ਦੀ ਸ਼ਹਾਦਤ ਸਾਰੇ ਹਿੰਦੁਸਤਾਨ ਦੀ ਹਿਫਾਜ਼ਤ ਕਰਨ ਲਈ ਹੋਈ, ਇਨਸਾਨੀ ਕਦਰਾਂ ਕੀਮਤਾਂ ਦੀ ਰਾਖੀ ਕਰਦਿਆਂ ਦਸਵੇਂ ਪਾਤਸ਼ਾਹ ਦੀ ਕੁਰਬਾਨੀ ਨੂੰ ਜੇ ਮਹਾਤਮਾਂ ਗਾਂਧੀ "ਭੁੱਲਿਆ ਹੋਇਆ ਦੇਸ਼ ਭਗਤ" ਕਹਿੰਦਾ ਹੈ ਤਾਂ ਦਸਮ ਪਿਤਾ ਦੇ ਪੁੱਤ ਪੋਤਰੇ ਕਿਵੇਂ ਜਰਨ। ਸਰਦਾਰ ਭਗਤ ਸਿੰਘ ਨੂੰ ਜੇ ਕੋਈ ਅੱਤਵਾਦੀ ਆਖ ਕੇ ਫਾਂਸੀ ਲਗਵਾਉਂਦਾ ਹੈ ਤਾਂ ਭਗਤ ਸਿੰਘ ਦੇ ਭਰਾ ਭਤੀਜੇ ਕਿਵੇਂ ਜਰਨ। ਉੱਨੀ ਸੌ ਸੰਤਾਲੀ ਦੇ ਵੱਢ ਵਢਾਂਗੇ ਤੋਂ ਗਾਂਧੀ ਜੇ ਤਕਰੀਰ ਕਰਦਾ ਹੈ "ਮੁਸ਼ਲਮਾਨ ਭਾਈਓਂ ਕੇ ਜੋ ਘਾਓ ਆਏ ਹੈਂ ਵੋ ਸ਼ਿਖੋਂ ਕੀ ਤਲਵਾਰੋਂ ਸ਼ੇ ਆਏ ਹੈ" ਤਾਂ ਸਿੱਖ ਇਸ ਤਕਰੀਰ ਦੇ ਦੱਸਿਓ ਭਲਾ ਕੀ ਅਰਥ ਕਰਨ। ਸਭ ਕੁਝ ਛੱਡ ਛਡਾ ਕੇ, ਜਗੀਰਾਂ ਸਰਦਾਰੀਆਂ ਤਿਆਗ ਕੇ ਖਾਲੀ ਹੱਥ ਆਏ ਸਿੱਖਾਂ ਨੇ ਇੱਕ ਵਾਰ ਫਿਰ ਜੀਵਨ ੳ ਅ ਤੋਂ ਸ਼ੁਰੂ ਕੀਤਾ। ਜਾਨ ਹੈ ਤਾਂ ਜਹਾਨ ਹੈ ਇਹ ਤਾਂ ਸਭ ਜਾਣਦੇ ਹਨ ਪਰ ਸਿੱਖ ਕੌਮ ਇਸ ਤੋਂ ਅੱਗੇ ਸੋਚਦੀ ਹੈ, "ਇਮਾਨ ਹੈ ਤਾਂ ਜਾਨ ਹੈ" ਅਸੀਂ ਸਭ ਕੁਝ ਗੰਵਾ ਕੇ ਵੀ ਆਪਣਾ ਇਮਾਨ ਨਹੀਂ ਗੰਵਾਇਆ। ਇਮਾਨ ਦੀ ਰਾਖੀ ਲਈ ਸਤਿਗੁਰਾਂ ਨੇ ਅਤੇ ਆਜ਼ਾਦੀ ਦੀ ਪਰਾਪਤੀ ਵਾਸਤੇ ਭਗਤ ਸਿੰਘ ਤੇ ਉਸਦੇ ਭਰਾ ਭਤੀਜਿਆਂ ਨੇ ਕੀ ਕੀ ਨਹੀਂ ਕੀਤਾ। ਭਾਰਤ ਦੀ ਅਰਥਵਿਵਸਥਾ ਵਿੱਚੋਂ ਜੇ ਸਿੱਖਾਂ ਨੂੰ ਬਾਹਰ ਕਰ ਦਿੱਤਾ ਜਾਏ ਤਾਂ ਬਾਕੀ ਕੀ ਬਚਦਾ ਹੈ। ਸਿੱਖ ਵਿਦੇਸ਼ਾਂ ਵਿੱਚ ਕਿਉਂ ਆਏ ਕਿਉਕਿ ਆਪਣੇ ਦੇਸ਼ ਵਿੱਚ ਸਿੱਖਾਂ ਨੂੰ ਕੋਈ ਦਾਣਿਆਂ ਤੋਂ ਦੋ ਤੋਲ ਨਹੀਂ ਸੀ ਲੈਂਦਾ। ਕਿਸਾਨ ਕੌਮ ਨੂੰ ਕਿਰਸਾਨੀ ਵਿੱਚ ਫ੍ਹੇਲ ਕਰਨ ਦੇ ਜ਼ੁੰਮੇਂਵਾਰ ਕੌਣ ਹਨ। ਕਿਸਾਨ ਜੋ ਇੱਕ ਬੇਗਰਜ ਕੌਮ ਸੀ। ਹਰ ਚੀਜ਼ ਸੀ ਕਿਸਾਨ ਕੋਲ ਪਰ ਸਮੇਂ ਦੀਆਂ ਸਰਕਾਰਾਂ ਨੂੰ ਇਹ ਨਾ ਪਚਿਆ, ਐਸੇ ਹਾਲਾਤ ਪੈਦਾ ਕਰ ਦਿੱਤੇ ਗਏ ਕਿ ਕਿਰਤੀ ਕਿਸਾਨ ਨੂੰ ਇੱਕ ਰੁਪਈਆ ਦਿਹਾੜੀ ਵੀ ਨਹੀਂ ਸੀ ਪੈਂਦੀ। ਮੈਂ ਖੁਦ **1975** ਤੋਂ ਲੈ ਕੇ **1980** ਤੱਕ ਪੰਜਾਬ ਦੇ ਚੋਣਵੇਂ ਕਿਸਾਨਾ


Academy of the Punjab in North America: http://www.apnaorg.com

ਵਿੱਚ ਗਿਣਿਆਂ ਜਾਂਦਾ ਸਾਂ, ਸੁਣੀ ਸੁਣਾਈ ਨਹੀਂ ਆਪਣੇ ਪਿੰਡੇ ਤੇ ਹੰਢਾਈ ਗੱਲ ਕਰਦਾ ਹਾਂ ਕਿ ਕਿਸਾਨ ਨੂੰ ਮੁਨਾਫਾ ਤਾਂ ਕੀ ਹੋਣਾ ਉਹ ਮਜ਼ਦੂਰੀ ਵੀ ਮੁਫਤ ਕਰਦਾ ਸੀ।

ਸਤਿਗੁਰੂ ਦੀ ਬੜੀ ਅਪਾਰ ਕਿਰਪਾ ਹੈ ਸਿੱਖ ਜਿੱਥੇ ਜਿੱਥੇ ਵੀ ਹਨ ਆਪਣੇ ਇਮਾਨ ਦਾ ਅਹਿਸਾਸ ਦਿਲ ਵਿੱਚ ਸਾਂਭਦਿਆਂ ਵਿਦੇਸ਼ਾਂ ਵਿੱਚ ਵਿਦੇਸ਼ੀ ਕਾਇਦੇ ਕਾਨੂੰਨ ਨਿਭਾਉਂਦਿਆਂ ਗੁਰੂ ਨਾਨਕ ਦੀ ਫੁਲਵਾੜੀ ਦੀ ਮਹਿਕ ਦੁਨੀਆਂ ਵਿੱਚ ਵੰਡ ਰਹੇ ਹਨ। ਜੇ ਸਿੱਖ ਧਰਤੀ ਦੇ ਦੂਜੇ ਪਾਸੇ ਆ ਕੇ ਕੈਨੇਡਾ ਵਰਗੇ ਦੇਸ਼ ਵਿੱਚ ਕੇਂਦਰੀ ਮੰਤਰੀ ਬਣਦੇ ਹਨ, ਮੁੱਖ ਮੰਤਰੀ ਬਣਦੇ ਹਨ ਜਾਂ ਮੈਂਬਰ ਪਾਰਲੀਮੈਂਟ ਬਣਦੇ ਹਨ ਤਾਂ ਇਸਦੀ ਕੋਈ ਵਜ੍ਹਾ ਹੋਊ ਐਵੇਂ ਤਾਂ ਨਹੀਂ ਕੋਈ ਕਿਸੇ ਨੂੰ ਪਦਵੀ ਦੇਂਦਾ। ਲੇਕਿਨ ਸਾਡੇ ਦੇਸ਼ ਭਾਰਤ ਦੀ ਸਰਕਾਰ ਦੀਆਂ ਨਜ਼ਰਾਂ ਵਿੱਚ ਤਾਂ ਸਿੱਖ ਅੱਤਵਾਦੀ ਹਨ। ਵਿਦੇਸ਼ਾਂ ਵਿੱਚ ਵੱਸਦੇ ਸਿੱਖਾਂ ਨੂੰ ਸ਼ੱਕ ਦੀ ਨਜ਼ਰ ਨਾਲ ਦੇਖਣ ਦੀ ਬਜਾਏ ਜੇ ਭਾਰਤ ਸਰਕਾਰ ਅਪਣਾ ਲਵੇ , ਸਾਨੂੰ ਸਾਡੇ ਦੇਸ਼ ਵਾਪਿਸ ਜਾਣ ਲਈ ਖੱਜਲ ਖਰਾਬ ਨਾ ਹੋਣਾ ਪਵੇ ਤਾਂ ਯਕੀਨ ਜਾਣਿਓਂ ਹਰ ਸਿੱਖ ਦਾ ਦਿਲ ਆਪਣੇ ਵਤਨ ਲਈ, ਆਪਣੀਂ ਧਰਤੀ ਮਾਂ ਲਈ ਧੜਕਦਾ ਹੈ। ਭਾਰਤੀ ਵਸਿੰਦਿਆਂ ਦੇ ਵਾਂਗ ਬਰਾਬਰ ਦੇ ਹੱਕ ਸਾਨੂੰ ਹੋਣ ਤਾਂ ਇੱਕ ਸਾਲ ਦੇ ਵਿੱਚ ਵਿੱਚ ਭਾਰਤ ਦੁਨੀਆਂ ਦੀ ਸਭ ਤੋਂ ਵੱਡੀ ਅਰਥਵਿਵਸਥਾ ਬਣ ਸਕਦੀ ਹੈ। ਅਜੋਕੀ ਦੁਨੀਆਂ ਦਾ ਸਭ ਤੋਂ ਵੱਡਾ ਅਰਥਸ਼ਾਸਤਰੀ ਸਿੱਖ ਸਰੂਪ ਵਾਲਾ ਪਰਧਾਨ ਮੰਤਰੀ ਵੀ ਜੇ ਇਸ ਗੱਲ ਨੂੰ ਨਹੀਂ ਸਵੀਕਾਰ ਸਕਿਆ ਤਾਂ ਸ਼ਾਇਦ ਕਦੇ ਵੀ ਕੋਈ ਨਹੀਂ ਸਮਝ ਸਕੇਗਾ ਕਿ ਸਿੱਖ ਕਦੇ ਵੀ ਕਿਸੇ ਦੇ ਦੋਖੀ ਨਹੀਂ ਹੋ ਸਕਦੇ, ਹਾਂ ਏਨਾ ਸਾਡੇ ਵਿੱਚ ਨੁਕਸ ਜਰੂਰ ਹੈ ਕਿ ਅਸੀਂ ਗਲਤ ਨੂੰ ਗਲਤ ਕਹਿਣ ਦੀ ਜ਼ੁਰਤ ਰੱਖਦੇ ਹਾਂ। ਪੰਜਾਬ ਵਿੱਚ ਮੇਰੀ ਪਿਤਾ ਪੁਰਖੀ ਅਤੇ ਆਪਣੀਂ ਮੇਹਨਤ ਨਾਲ ਬਣਾਈ ਜਾਏਦਾਤ ਭਾਵੇਂ ਕਈ ਕਰੋੜਾਂ ਦੀ ਹੈ ਪਰ ਮੈਨੂੰ ਪੰਜਾਬ ਵਿੱਚ ਜਾ ਕੇ ਸੈਲ ਫੋਨ ਲੈਣ ਲਈ ਛੱਤੀ ਪਾਪੜ ਵੇਲਣੇ ਪਏ। ਮੇਰਾ ਡ੍ਰਾਈਵਰ ਕਿਉਂਕਿ ਉਹ ਮੇਰੇ ਭੁੱਖੇ ਪਿਆਰੇ ਵਤਨ ਦਾ ਵਾਸੀ ਹੈ ਉਹ ਫੋਨ ਲੈ ਸਕਦਾ ਹੈ ਮੈਂ ਨਹੀਂ ਲੈ ਸਕਦਾ। ਮੌਜੂਦਾ ਪੰਜਾਬ ਸਰਕਾਰ ਭਾਵੇਂ ਅਕਾਲੀ ਸਰਕਾਰ ਹੈ ਪਰ ਸਿੱਖਾਂ ਵਾਸਤੇ ਖਾਸਕਰ ਵਿਦੇਸ਼ਾਂ ਵਿੱਚ ਵੱਸਦੇ ਸਿੱਖਾਂ ਵਾਸਤੇ ਦੱਸਿਓ ਭਲਾ ਕੀ ਕੀਤਾ ਕਿਸੇ ਨੇ। ਪੰਜਾਬ ਦੀਆਂ ਕਚੈਹਰੀਆਂ ਵਿੱਚ ਅੱਧੋਂ ਵੱਧ ਦਵਾਨੀ ਦਾਅਵੇ ਸਾਡੇ ਵਿਦੇਸ਼ਾਂ ਵਿੱਚ ਵੱਸਦੇ ਭਰਾਵਾਂ ਖਿਲਾਫ ਚੱਲ ਰਹੇ ਹਨ। ਜਬੈ ਬਾਣ ਲਾਗਿਓ ਤਬੈ ਰੋਸ ਜਾਗਿਓ, ਦਿਲ ਵਿੱਚ ਰੋਸ ਹੈ ਦੁਸ਼ਮਣੀ ਨਹੀਂ ਹੈ। ਹਰ ਸਿੱਖ ਦਾ ਕਤਰਾ ਕਤਰਾ ਖ਼ੂਨ ਹਾਜ਼ਰ ਹੈ, ਜਰਾ ਆਪਣੇ ਬਣਕੇ ਆਵਾਜ ਮਾਰ ਕੇ ਤਾਂ ਦੇਖੋ। ਸਾਡਾ ਇਹ ਮਸ਼ਵਰਾ ਹੈ ਮੰਗ ਨਹੀਂ ਹੈ, ਮੰਗਤੇ ਨਹੀਂ ਹਾਂ ਅਸੀਂ, ਜੇ ਸੰਨ ਸੰਤਾਲੀ ਦੀ ਮਾਰ ਝੱਲ ਸਕਦੇ ਹਾਂ, ਵਿਦੇਸ਼ਾਂ ਵਿੱਚ ਆ ਕੇ ਕੇਸਰੀ ਨਿਸ਼ਾਨ ਝੁਲਾ ਸਕਦੇ ਹਾਂ ਤਾਂ ਅਸੀਂ ਆਪਣੀ ਬਾਲ ਕੇ ਸੇਕਣਾ ਵੀ ਜਾਣਦੇ ਹਾਂ। ਦੋ ਕਰੋੜ ਦੀ ਗਿਣਤੀ ਵਾਲੀ ਕੌਮ ਦੋ ਸੌ ਕਰੋੜ ਗਿਣਤੀ ਵਾਲੀ ਕੌਮ ਵਿੱਚ ਵਿਚਰਦੀ ਸਿਰ ਕੱਢਵੀਂ ਦਿਸਦੀ ਹੈ ਸਿੱਖ ਕੌਮ ਨਾਲ ਬੇਇਨਸਾਫੀ ਕਰਕੇ ਨਾ ਅੱਜ ਤੱਕ ਕਿਸੇ ਕੁਝ ਖੱਟਿਆ ਨਾ ਖੱਟਣਗੇ।

ਹਰ ਹਨ੍ਹੇਰੀ ਰਾਤ ਚੋਂ ਸਵੇਰ ਦੇ ਸੂਰਜ ਵਾਂਗ ਉਦੈ ਹੋਣ ਵਾਲੀ ਸਿੱਖ ਕੌਮ ਇਸ ਦੁਨੀਆਂ ਦੇ ਹਰ ਤੁਖਾਰ ਬੁਖਾਰ ਝੱਲ ਸਕਦੀ ਹੈ, ਝੱਲਦੀ ਆਈ ਹੈ ਲੇਕਿਨ ਸਾਡੇ ਆਪਸੀ ਟਕਰਾਓ ਦੇਖ ਕੇ ਦੁਨੀਆਂ ਅੰਦਾਜ਼ੇ ਲਗਾ ਲੈਂਦੀ ਹੈ। ਕੋਈ ਕਹਿੰਦਾ ਸਿੱਖ ਧਰਮ ਕੋਈ ਧਰਮ ਹੀ ਨਹੀਂ ਹੈ। ਕੋਈ ਧਾਰਮਕ ਗ੍ਰੰਥਾਂ ਦੇ ਮੁਕਾਬਲੇ ਕਰਵਾ ਰਿਹਾ, ਕੋਈ ਕਹਿੰਦਾ ਗੁਰਮੁਖੀ ਵਿੱਚ ਲਿਖੀ ਜਾਣ ਵਾਲੀ ਪੰਜਾਬੀ ਭਾਸ਼ਾ ਹੀ ਨਹੀਂ ਹੈ, ਪੰਜਾਬੀ ਨੇ ਖਤਮ ਹੋ ਜਾਣਾ। ਪਰ ਬਲੋਚੀ ਊਠ ਦਾ ਉਗਾਲੀ ਕਰਦਿਆਂ ਲਮਕਦਾ ਬੁੱਲ੍ਹ ਖਾਣ ਦੀ ਉਮੀਦ ਵਿੱਚ ਬੈਠੇ ਸਾਰੇ ਲੂੰਬੜ ਭੁੱਖੇ ਮਰਨਗੇ। ਲੋੜ ਹੈ ਤਾਂ ਸਾਨੂੰ ਆਪਸ ਵਿੱਚ ਰਲ ਕੇ ਚੱਲਣ ਦੀ ਲੋੜ ਹੈ। ਸਾਡੇ ਆਪਸੀ ਟਕਰਾਓ ਕਰਕੇ ਤਾਂ ਸਾਡਾ ਬਹੁਤ ਨੁਕਸਾਨ ਹੋ ਸਕਦਾ ਹੈ ਪਰ ਹੋਰ ਕੋਈ ਸਾਡੀ ਵਾਅ ਵੱਲ ਨਹੀਂ ਵੇਖ ਸਕਦਾ। ਜੇ ਸਾਨੂੰ ਆਪਣੇ ਆਪ ਤੇ, ਆਪਣਿਆਂ ਤੇ ਅਤੇ ਆਪਣੇ ਇਸ਼ਟ ਸ਼ਬਦ ਗੁਰੂ ਤੇ ਸੰਪੂਰਣ ਵਿਸ਼ਵਾਸ਼ ਹੈ ਤਾਂ ਨਾਂ ਸਾਨੂੰ ਪੋਖ ਤੁਖਾਰ ਵਿਆਪ ਸਕਦਾ ਹੈ ਤੇ ਨਾ ਹੀ


Academy of the Punjab in North America: http://www.apnaorg.com

ਆਸਾੜ ਤਪੰਦਾ ਲੱਗ ਸਕਦਾ ਹੈ। ਅਸੀਂ ਪਰਦੇਸਾਂ ਵਿੱਚ ਰੋਜੀ ਰੋਟੀ ਦੀ ਖਾਤਰ ਹੀ ਨਹੀਂ ਆਏ। ਦੁਨੀਆਂ ਵਿੱਚ ਜਦ ਅਸੀਂ ਵਿਚਰਦੇ ਹਾਂ ਤਾਂ ਲੋਕ ਸਾਡੀ ਕੀਮਤ ਸਮਝ ਜਾਂਦੇ ਹਨ ਜੇ ਨਹੀਂ ਸਮਝਦੇ ਤਾਂ ਸਾਡੇ ਆਪਣੇ ਸਾਨੂੰ ਆਪਣਾ ਨਹੀਂ ਸਮਝਦੇ। ਖੈਰ ਬੜਾ ਲੰਬਾ ਕਿੱਸਾ ਹੈ ਇਹ, ਇੱਕ ਕਵੀ ਦਾ ਦਿਲ ਵਿਦੇਸ਼ਾਂ ਵਿੱਚ ਵੱਸਦੇ ਸਿੱਖ ਦੇ ਦਿਲ ਦੀ ਵੇਦਨ ਇਸ ਤਰਾਂ ਬਿਆਨ ਕਰਦਾ ਹੈ:--

## ਪਰਦੇਸੀ

ਪਰਦੇਸਾਂ ਵਿੱਚ ਵਿਚਰਦਾ ਮੈਂ ਬਹੁਤ ਫਿਰਿਆ ਦੋਸਤਾ,
ਪਰਦੇਸਾਂ ਵਿੱਚ ਪਰਦੇਸੀ ਹੀ ਆਖਿਆ ਸਭ ਨੇ,
ਪਰ ਤੂੰ ਪਰਦੇਸੀ ਨਾ ਕਹੇਂ ਤਾਂ ਮੇਹਰਬਾਨੀ।
ਮੇਰੀ ਜ੍ਹੇਬ ਦੇ ਵਿੱਚ ਪਾਸਪੋਰਟ ਦੇਖਿਆ ਜੋ ਤੂੰ,
ਮੈਂ ਮੰਨਦਾ ਹਾਂ ਵਿਦੇਸ਼ੀ ਹੈ।
ਜ੍ਹੇਬ ਦੇ ਪਿੱਛੇ ਧੜਕਦੇ ਦਿਲ ਨੂੰ ਜੇ ਵੇਖੇਂ,
ਹਰ ਧੜਕਣ ਵਿੱਚ ਆਪਣਾ ਅਤੀਤ ਦੇਖੇਂਗਾ।
ਮੈਂ ਇਕਬਾਲ ਕਰਦਾ ਹਾਂ,
ਕਿ ਆਪਣੀ ਭੁੱਖ ਮੇਟਣ ਲਈ ਵਿਦੇਸ਼ਾਂ ਵਿੱਚ ਮੈਂ ਜਾ ਵੱਸਿਆ।
ਲੈਂਦਾ ਹਾਂ ਇਜ਼ਾਜਤ ਆਪਣੇ ਹੀ ਦੇਸ਼ ਪਰਤਣ ਦੀ।
ਆਪਣੀ ਮਾਂ ਦੇ ਪਿੰਡ ਜਾਣ ਲਈ ਪੁੱਛ ਗਿੱਛ ਵੀ ਹੁੰਦੀ ਹੈ।
ਪਰ ਖੂਨ ਦੇ ਰਿਸ਼ਤੇ ਕਦੇ ਟੁੱਟਿਆ ਨਹੀਂ ਕਰਦੇ।
ਨਹੁੰ ਤੇ ਮਾਸ ਦਾ ਰਿਸ਼ਤਾ ਹੈ ਆਪਣਾ ਵੀਰਨਾ।
ਦੁਨੀਆਂ ਕਹੇ ਪਰਦੇਸੀ, ਲੱਖ ਵਾਰ ਆਖੇ।
ਪਰ ਤੂੰ ਪਰਦੇਸੀ ਨਾ ਕਹੇਂ ਤਾਂ ਮੇਹਰਬਾਨੀ।


Academy of the Punjab in North America: http://www.apnaorg.com

# ਸਾਡਾ ਭੋਲਾਪਣ

ਸ਼ਬਦ ਗੁਰੂ ਤੇ ਸੰਪੂਰਣ ਵਿਸ਼ਵਾਸ਼ ਕਰਨ ਵਾਲੀ ਸਿੱਖ ਕੌਮ ਕਈ ਵਾਰ ਭੋਲੇਪਣ ਵਿੱਚ ਹਰ ਕਥਾ ਵਾਰਤਾ ਤੇ ਪੂਰਣ ਵਿਸ਼ਵਾਸ਼ ਕਰ ਲੈਂਦੀ ਹੈ। ਸ਼ਬਦ ਗੁਰੂ ਸ਼੍ਰੀ ਗੁਰੂ ਗ੍ਰੰਥ ਸਾਹਿਬ ਸੰਪੂਰਣ ਸੱਚ ਹੈ, ਸੱਚ ਦੀ ਕੋਈ ਕਥਾ ਵਾਰਤਾ ਤਾਂ ਹੋ ਹੀ ਨਹੀਂ ਸਕਦੀ। ਇਹ ਵੀ ਸੱਚ ਹੈ ਕਿ ਹਰ ਧਰਮ ਵਧੀਆ ਸਿੱਖਿਆ ਦੇਂਦਾ ਹੈ ਪਰ ਫਿਰ ਵੀ ਹਰ ਕਿਸੇ ਦਾ ਆਪੋ ਆਪਣਾ ਵਿਦੀ ਵਿਧਾਨ ਹੁੰਦਾ ਹੈ। ਸਰਬੱਤ ਦਾ ਭਲਾ ਮੰਗਣ ਵਾਲੀ ਤੇ ਸਾਰੇ ਧਰਮਾਂ ਦਾ ਸਤਿਕਾਰ ਕਰਨ ਵਾਲੀ ਸਿੱਖ ਕੌਮ ਕਈ ਵਾਰ ਹਰ ਧਾਰਮਕ ਗ੍ਰੰਥ ਨੂੰ ਸ਼ਬਦ ਗੁਰੂ ਸਮਝ ਬੈਠਦੀ ਹੈ ਜੋ ਕਿ ਸਾਡਾ ਭੋਲਾਪਣ ਹੈ। ਗੀਤਾ, ਕੁਰਾਨ ਜਾਂ ਬਾਈਬਲ ਦਾ ਸਤਿਕਾਰ ਕਰਨਾ ਜਾਂ ਇਨ੍ਹਾਂ ਮਹਾਨ ਗ੍ਰੰਥਾਂ ਨੂੰ ਪੜਨਾ ਤੇ ਸਮਝਣਾ ਬਹੁਤ ਵਧੀਆ ਗੱਲ ਹੈ। ਪਰ ਬਿਨਾ ਕਿਸੇ ਵਾਧ ਘਾਟ ਵਾਲਾ ਸੰਪੂਰਣ ਸੱਚ ਸ਼ਬਦ ਗੁਰੂ ਸ਼੍ਰੀ ਗੁਰੂ ਗ੍ਰੰਥ ਸਾਹਿਬ ਹੀ ਸਿੱਖ ਜਗਤ ਦਾ ਇਸ਼ਟ ਹੈ। ਬਹੁਤ ਸਾਰੀ ਵਿਦਵਤਾ ਐਸੀ ਹੈ ਜੋ ਸਾਨੂੰ ਗੁਰਬਾਣੀ ਵਾਂਗਰਾਂ ਸਤਿਕਾਰਯੋਗ ਲਗਦੀ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਭਾਈ ਗੁਰਦਾਸ ਅਤੇ ਭਾਈ ਨੰਦ ਲਾਲ ਦੀਆਂ ਰਚਨਾਵਾਂ ਗੁਰਬਾਣੀ ਦੀ ਗਹਿਰ ਗੰਭੀਰਤਾ ਵਰਗੇ ਝਲਕਾਰੇ ਦੇਂਦੀਆਂ ਹਨ। ਭਾਈ ਗੁਰਦਾਸ ਦੀਆਂ ਵਾਰਾਂ ਨੂੰ ਤਾਂ ਸਨਮਾਨ ਨਾਲ ਗੁਰਬਾਣੀ ਦੀ ਕੁੰਜੀ ਵੀ ਕਿਹਾ ਜਾਂਦਾ ਹੈ, ਲੇਕਿਨ ਗੁਰੂ ਗ੍ਰੰਥ ਸਾਹਿਬ ਦੀ ਅਗਾਧ ਬੋਧ ਬਾਣੀ ਵਿਚਲੇ ਪ੍ਰਸੰਗਾਂ ਦੀ ਵਿਆਖਿਆ ਕਰਨ ਵਾਲੀਆਂ ਭਾਈ ਗੁਰਦਾਸ ਜੀ ਦੀਆਂ ਰਚਨਾਵਾਂ ਅਤੇ ਸ਼ਬਦ ਗੁਰੂ ਦੀ ਬਾਣੀ ਲਿਖਣ ਦਾ ਕਾਰਜ ਤੇ ਕਾਰਣ ਵੱਖੋ ਵੱਖਰਾ ਹੈ। ਸਤਿਕਾਰਯੋਗ, ਪੂਜਣਯੋਗ ਰਚਨਾਵਾਂ ਦਸਮ ਗ੍ਰੰਥ ਅਤੇ ਸੂਰਜ ਪਰਕਾਸ਼ ਵਿਚਲਾ ਅਧਿਆਤਮਵਾਦ ਬਿਨਾਸ਼ੱਕ ਵੱਡੀ ਵਡਿਆਈ ਵਾਲਾ ਹੈ ਲੇਕਿਨ ਜੋ ਸ਼ਬਦ ਜੋਤ ਗੁਰੂ ਨਾਨਕ ਸਾਹਿਬ ਵਿੱਚ ਜਗੀ ਤੇ ਦਸ ਜਾਮੇਂ ਬਦਲ ਕੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਹਾਜ਼ਰ ਨਾਜ਼ਰ ਹੈ ਉਸ ਯੋਤ ਦੀ ਬਰਾਬਰਤਾ ਜਾਂ ਤੁਲਨਾ ਕਿਸੇ ਵੀ ਹੋਰ ਗ੍ਰੰਥ ਨਾਲ ਜੇ ਅਸੀਂ ਕਰਦੇ ਹਾਂ ਤਾਂ ਇਹ ਸਾਡਾ ਭੋਲਾਪਣ ਹੈ।

ਕੱਲ ਐਤਵਾਰ ਦੇ ਦੀਵਾਨ ਵਿੱਚ ਗੁਰਦਵਾਰਾ ਲੈਂਕਰਸ਼ਮ ਨੌਰਥ ਹੌਲੀਵੁਡ ਜਾਣ ਦਾ ਸਵੱਬ ਬਣਿਆਂ। ਇੱਕ ਬਜ਼ੁਰਗ ਕਥਾਵਾਚਕ ਪੰਜਾਬ ਤੋਂ ਆਏ ਹੋਏ ਸਨ ਜਿਨ੍ਹਾਂ ਨੂੰ ਸੁਣਨ ਵਾਸਤੇ ਸੰਗਤ ਹੁੰਮ ਹੁੰਮਾ ਕੇ ਆਈ ਹੋਈ ਸੀ। ਸਹਿਜ ਸੁਭਾਅ ਕਥਾ ਕਰਦਿਆਂ ਉਹ ਆਪ ਵੀ ਅੱਖਾਂ ਭਰ ਆਏ ਤੇ ਸ਼ਾਇਦ ਕੋਈ ਵਿਰਲਾ ਹੀ ਐਸਾ ਹੋਊ ਜਿਸ ਦੀਆਂ ਅੱਖਾਂ ਗਿੱਲੀਆਂ ਨਾ ਹੋਈਆਂ ਹੋਣ। ਸੱਚ ਕਹਾਂ ਮੈਂ ਵੀ ਦੋ ਤਿੰਨ ਵਾਰ ਐਨਕ ਉਤਾਰ ਕੇ ਅੱਖਾਂ ਪੂੰਝੀਆਂ। ਬੱਚੇ ਦੇ ਜਨਮ ਵੇਲੇ ਰੋਣ ਦੀ ਗੱਲ ਕਰਦਿਆਂ ਕਹਿਣ ਲੱਗੇ ਕਿ ਪਹਿਲਾ ਸਾਹ ਆਉਂਦਿਆਂ ਸਾਰ ਹੀ ਬੱਚਾ ਰੋਣ ਲੱਗ ਜਾਂਦਾ ਹੈ ਕਿਉਂਕਿ ਉਹ ਇਕਾਗਰਤਾ ਗੰਵਾ ਬੈਠਦਾ ਹੈ, ਟੁੱਟ ਗਿਆ ਹੁੰਦਾ ਆਪਣੇ ਇਸ਼ਟ ਨਾਲੋਂ। ਇੱਕ ਓਂਕਾਰ ਕਿਹਾ ਨਹੀਂ ਜਾਂਦਾ ਤੇ ਓਂਆਂ ਓਂਆਂ ਕਰਨ ਲੱਗ ਜਾਂਦਾ ਹੈ। ਸਾਧ ਸੰਗਤ ਹੋਰ ਵੀ ਗੰਭੀਰ ਹੋ ਗਈ ਜਦ ਕਥਾਵਾਚਕ ਨੇ ਨੌਂਵੇਂ ਪਾਤਸ਼ਾਹ ਦੀ ਚਾਂਦਨੀ ਚੌਕ ਵਾਲੀ ਸ਼ਹਾਦਤ ਬਾਰੇ ਗੱਲ ਕੀਤੀ। ਕਥਾ ਕੁਝ ਇਸ ਤਰਾਂ ਸੀ ਕਿ ਕੋਈ ਸਿੱਖ **1675** ਵਿੱਚ ਨੌਂਵੇਂ ਪਾਤਸ਼ਾਹ ਨੂੰ ਮਿਲਣ ਵਾਸਤੇ ਆਨੰਦਪੁਰ ਗਿਆ ਦਰਸ਼ਣ ਕਰਕੇ ਦਿਲ ਵਿੱਚ ਇੱਕ ਰੀਝ ਜਾਗੀ ਪਰ ਕਹਿਣ ਦੀ ਹਿੰਮਤ ਨਹੀਂ ਸੀ ਪੈ ਰਹੀ। ਜਾਣੀ ਜਾਣ ਗੁਰੂ ਸਮਝ ਗਏ ਤੇ ਆਪ ਉਸ ਆਪਣੇ ਸਿੱਖ ਨੂੰ ਬੁਲਾ ਕੇ ਪੁਛਿਆ ਕਿ ਕੀ ਕਹਿਣਾ ਚਾਹੁੰਦੇ ਹੋ। ਸਿੱਖ ਨੇ ਆਪਣੇ ਮਨ ਦੀ ਅਭਿਲਾਸ਼ਾ ਜਾਹਰ ਕੀਤੀ ਕਿ ਦਿਲ ਕਰਦਾ ਹੈ ਕਿ ਆਪ ਜੀ ਸਾਡੇ ਗਰੀਬ ਖਾਨੇ ਆਓ ਤਾਂ ਕਿ ਆਪ ਜੀ ਨੂੰ ਹੱਥੀਂ ਤਿਆਰ ਕਰਕੇ ਪਰਸ਼ਾਦਾ ਛਕਾ ਸਕਾਂ। ਗੁਰੂ ਜੀ ਨੇ ਬਚਨ ਕੀਤਾ ਕਿ ਜਰੂਰ ਆਵਾਂਗੇ। ਲੇਕਿਨ ਜਦ ਪਤਾ ਲੱਗਾ ਕਿ ਗੁਰੂ ਤੇਗ ਬਹਾਦਰ ਤਾਂ ਧਰਮ ਦੀ ਰਾਖੀ ਕਰਨ ਗਏ ਸ਼ਹੀਦ ਕਰ ਦਿੱਤੇ ਗਏ ਤਾਂ ਗੁਰੂ ਦਾ ਸਿੱਖ ਧਾਹਾਂ ਮਾਰ ਕੇ ਰੋਇਆ। ਭਾਈ ਜੈਤਾ (ਰੰਗਰੇਟਾ) ਕਿਵੇਂ ਗੁਰੂ ਦੇ ਸੀਸ ਨੂੰ ਲੈ ਕੇ ਨਿਕਲਦਾ ਹੈ ਉਸ ਦਰਦ ਭਰੇ ਵੇਰਵੇ ਨੂੰ ਸੁਣ ਕੇ ਕੋਈ ਵੀ ਸਿੱਖ ਆਪਣੇ ਹੰਝੂ ਨਹੀਂ


Academy of the Punjab in North America: http://www.apnaorg.com

ਰੋਕ ਸਕਦਾ। ਗੁਰੂ ਦੇ ਸੀਸ ਨੂੰ ਗਠੜੀ ਵਾਂਗ ਲਵ੍ਹੇਟ ਕੇ ਲੰਬੀ ਵਾਟ ਤਹਿ ਕਰਦਾ ਜੈਤਾ ਭੁੱਖ ਨਾਲ ਵਿਆਕੁਲ ਹੋਇਆ ਰਸਤੇ ਵਿੱਚ ਕਿਸੇ ਦਾ ਨਿਵਾਸ ਅਸਥਾਨ ਦੇਖ ਕੇ ਰੁਕਦਾ ਹੈ। ਕੀ ਦੇਖਦਾ ਹੈ ਕਿ ਕੋਈ ਸਿੱਖ ਧਾਹਾਂ ਮਾਰ ਕੇ ਰੋ ਰਿਹਾ ਹੈ। ਕੀ ਹੋਇਆ ਤੈਨੂੰ ਗੁਰੂ ਪਿਆਰਿਆ? ਭਾਈ ਜੈਤੇ ਦੇ ਇਸ ਸਵਾਲ ਦਾ ਉੱਤਰ ਨਹੀਂ ਦੇ ਹੋ ਰਿਹਾ ਰੋਂਦੇ ਸਿੱਖ ਕੋਲੋਂ। ਬਹੁਤ ਹੀ ਵਰਾਉਣ ਤੋਂ ਬਾਅਦ ਸਿੱਖ ਸਿਰ ਮਾਰਦਾ ਹੈ ਤੇ ਨਾਲੇ ਉਲਾਂਭਾ ਦੇਂਦਾ ਹੈ, "ਜੇ ਨਹੀਂ ਸੀ ਸਾਡੇ ਗਰੀਬ ਖਾਨੇ ਆਓਣਾ ਤਾਂ ਗੁਰਾਂ ਨੇ ਵਾਅਦਾ ਕਿਉਂ ਕੀਤਾ"। ਭਾਈ ਜੈਤਾ ਸਾਰੀ ਗੱਲ ਸਮਝ ਗਿਆ ਤੇ ਸਿੱਖ ਨੂੰ ਸੀਸ ਵਾਲੀ ਗਠੜੀ ਫੜਾਉਂਦਿਆਂ ਕਹਿਣ ਲੱਗਾ ਖ੍ਹੋਲ ਇਸਨੂੰ। ਦਰਸ਼ਣ ਕਰਕੇ ਨਿਹਾਲ ਹੋ ਗਿਆ ਸਿੱਖ ਤੇ ਗੁਰਾਂ ਦੀ ਥਾਂ ਭੁੱਖੇ ਭਾਣੇ ਜੈਤੇ ਨੂੰ ਭੋਜਨ ਕਰਾ ਕੇ ਆਪਣੀ ਰੀਝ ਪੂਰੀ ਕੀਤੀ। ਸੂਰਜਪਰਕਾਸ਼ ਦੇ ਆਧਾਰ ਤੇ ਕਥਾ ਸੀ।

ਭਾਈ ਸੰਤੋਖ ਸਿੰਘ ਨੇ ਸੂਰਜ ਪਰਕਾਸ਼ ਵਿੱਚ ਜਿਸ ਦਾ ਨਾਮ ਪਹਿਲਾਂ ਸ਼੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਸੀ ਵਿੱਚ ਦੂਜੇ ਤੋਂ ਦਸਵੇਂ ਗੁਰੂ ਸਾਹਿਬਾਂ ਦੇ ਜੀਵਨ ਨੂੰ ਭਾਈ ਬਾਲੇ ਅਤੇ ਪੁਰਾਤਨ ਜਨਮ ਸਾਖੀਆਂ ਦੇ ਆਧਾਰ ਤੇ ਕਾਵਿਕ ਰੂਪ ਵਿੱਚ ਲਿਖਿਆ। ਇੱਕ ਸਿੱਖ ਦੀ ਸੰਤੋਖ ਸਿੰਘ ਦੀ **1840-42** ਦੀ ਸ਼ਰਧਾ ਵਿੱਚੋਂ ਉਪਜਿਆ ਇਹ ਉੱਚ ਪਾਏ ਦਾ ਮਹਾਂਕਾਵ ਹੈ। ਗੁਰੂ ਇਤਹਾਸ ਨੂੰ ਜਦੋਂ ਅਸੀਂ ਨੀਝ ਨਾਲ ਸੁਣਦੇ ਹਾਂ ਤਾਂ ਸਾਡੇ ਕੋਲੋਂ ਸਾਡਾ ਰੋਣ ਨਹੀਂ ਰੋਕਿਆ ਜਾਂਦਾ ਤੇ ਜੇ ਕਿਤੇ ਭੋਲੇ ਸਿੱਖ ਗੁਰਬਾਣੀ ਨੂੰ, ਜੀਵਤ ਜਾਗਤ ਗੁਰੂ ਨੂੰ ਇਸ ਤਰਾਂ ਨੀਝ ਨਾਲ ਪੜਣ ਸੁਣਨ ਤਾਂ ਸੱਭੇ ਥੋਕ ਪਰਾਪਤ ਹੋ ਸਕਦੇ ਹਨ। ਭਾਈ ਸੰਤੋਖ ਸਿੰਘ ਨੇ ਗੁਰੂ ਉਪਮਾਂ ਵਿੱਚ ਸੂਰਜ ਪਰਕਾਸ਼ ਗ੍ਰੰਥ ਲਿਖਿਆ ਪਰ ਅਸੀਂ ਸੂਰਜ ਪਰਕਾਸ਼ ਨੂੰ ਮੱਥਾ ਟੇਕਣ ਤੋਂ ਵੱਧ ਕੁਝ ਨਹੀਂ ਕੀਤਾ। ਹਾਂ ਸਾਡੇ ਕੁਝ ਕਥਾਵਾਚਕਾਂ ਨੇ ਸੂਰਜ ਪਰਕਾਸ਼ ਨੂੰ ਪੜਿਆ ਹੈ। ਬਹੁਤ ਕਥਾਵਾਚਕ ਜਦ ਪ੍ਰਸੰਗ ਦੇਂਦੇ ਹਨ ਤਾਂ ਪਤਾ ਲਗਦਾ ਹੈ ਕਿ ਇਹ ਪਰਕਾਸ਼ ਕਿਥੋਂ ਪਰਾਪਤ ਹੋਇਆ। ਇੱਕ ਨੁਕਤਾ ਹੋਰ ਸਾਂਝਾ ਕਰਨ ਨੂੰ ਦਿਲ ਕਰਦਾ ਹੈ ਕਿ ਭਾਈ ਸੰਤੋਖ ਸਿੰਘ ਦੀਆਂ ਬਾਕੀ ਲਿਖਤਾਂ ਸ਼ਾਇਦ ਕਿਸੇ ਨੇ ਨਹੀਂ ਪੜੀਆਂ। ਹੋ ਸਕਦਾ ਕਿਸੇ ਨੇ ਪੜੀਆਂ ਹੋਣ ਪਰ ਮੈਂ ਆਪਣੇ ਕੰਨੀ ਕਦੇ ਕਿਸੇ ਨੂੰ ਭਾਈ ਸੰਤੋਖ ਸਿੰਘ ਰਚਿਤ "ਗੁਰੂ ਨਾਨਕ ਪਰਕਾਸ਼" ਜਾਂ ਜਪੁਜੀ ਸਾਹਿਬ ਦੇ ਮੁਢਲੇ ਟੀਕਿਆਂ ਵਿੱਚ ਆਉਂਦਾ "ਗਰਭ ਗੰਜਨੀ ਟੀਕਾ" ਵਿੱਚੋਂ ਪ੍ਰਸੰਗ ਦੇਂਦਿਆਂ ਨਹੀਂ ਸੁਣਿਆਂ। ਭਾਈ ਸੰਤੋਖ ਸਿੰਘ **19**ਵੀਂ ਸਦੀ ਵਿੱਚ ਖੜੀ ਬੋਲੀ ਦੇ ਸਭ ਤੋਂ ਵੱਡੇ ਵਾਰਤਕਕਾਰ ਤੇ ਸਭ ਤੋਂ ਵੱਡੇ ਕਵੀ ਹੋਏ ਹਨ। ਜਿਨ੍ਹਾਂ ਦਾ **1783** ਵਿੱਚ ਰਾਮ ਤੀਰਥ ਜਨਮ ਹੋਇਆ ਤੇ **1843** ਵਿੱਚ ਕੈਥਲ (ਹਰਿਆਣਾ) ਵਿੱਚ ਦਿਹਾਂਤ ਹੋਇਆ। ਸੰਸਕ੍ਰਿਤ, ਬ੍ਰਜੀ ਫਾਰਸੀ ਅਤੇ ਖੜੀ ਬੋਲੀ ਨਾਲ ਬਰਾਬਰ ਪਿਆਰ ਕਰਨ ਵਾਲੇ ਭਾਈ ਸੰਤੋਖ ਸਿੰਘ ਨੇ ਸਭ ਤੋਂ ਪਹਿਲਾਂ "ਨਾਮ ਕੋਸ਼" ਸੰਸਕ੍ਰਿਤ ਵਿਆਕਰਣ ਦੀ ਸਰਲ ਭਾਸ਼ਾ ਵਿੱਚ ਰਚਨਾ ਕੀਤੀ। ਗੁਰੂ ਨਾਨਕ ਪਰਕਾਸ਼ ਅਤੇ ਗਰਭ ਗੰਜਨੀ ਟੀਕੇ ਦੇ ਨਾਲ ਨਾਲ "ਬਾਲਮੀਕ ਰਮਾਇਣ" ਅਤੇ "ਆਤਮ ਪੁਰਾਣ ਦੀ ਵੀ ਰਚਨਾ ਕੀਤੀ। ਜਿੰਨਾ ਚਿਰ ਅਸੀਂ ਆਪਣੇ ਧਾਰਮਕ ਗ੍ਰੰਥ ਨਹੀਂ ਪੜਦੇ, ਗੁਰਬਾਣੀ ਨੂੰ ਸਮਝਦੇ ਨਹੀਂ ਓਨਾ ਚਿਰ ਆਪਾਂ ਆਪਣੇ ਭੋਲੇਪਣ ਵਿੱਚ ਭਟਕਦੇ ਰਹਾਂਗੇ। ਆਓ ਅਰਦਾਸ ਕਰੀਏ ਕਿ ਸਾਨੂੰ ਸਮਝਕੇ ਪੜਣ ਦਾ ਵੱਲ ਆ ਜਾਵੇ। ਮੈਂ ਕਈ ਵਾਰ ਸੁਣਿਆਂ ਲੋਕਾਂ ਨੂੰ ਕਹਿੰਦਿਆਂ ਕਿ ਸੁਖਮਣੀ ਸਾਹਿਬ ਦਾ ਸੰਪੂਰਣ ਪਾਠ ਅੱਧੇ ਘੰਟੇ ਵਿੱਚ ਕਰ ਲੈਂਦੇ ਹਨ। ਜੇ ਸਮਝ ਵਿੱਚ ਇੱਕ ਅਸ਼ਟਪਦੀ ਵੀ ਨਾ ਆਈ ਹੋਵੇ ਤਾਂ ਕਾਹਲ ਕਰਨ ਦਾ ਕੀ ਫਾਇਦਾ। ਨਿੱਤ ਨੇਮ ਵੀ ਜਰੂਰੀ ਹੈ ਜਿਵੇਂ ਆਪਾਂ ਸੈਲ ਫੋਨ ਮੋਬਿਲ ਫੋਨ ਸਾਰਾ ਦਿਨ ਵਰਤਦੇ ਹਾਂ ਪਰ ਜੇ ਰੋਜ ਚਾਰਜ ਨਾ ਕਰੀਏ ਤਾਂ ਅਗਲੇ ਦਿਨ ਨਹੀਂ ਵਰਤ ਸਕਦੇ ਠੀਕ ਉਸੇ ਤਰਾਂ ਜੇ ਨਿੱਤ ਨੇਮ ਨਹੀਂ ਕਰਦੇ ਤਾਂ ਸਾਡੀ ਧਾਰਮਕ ਸੋਚ ਤੰਦਰੁਸਤ ਨਹੀਂ ਰਹਿ ਸਕਦੀ। ਕਵਿਤਾ ਵਿੱਚ ਕਹਿਣ ਨੂੰ ਦਿਲ ਕਰ ਆਇਆ:-


Academy of the Punjab in North America: http://www.apnaorg.com

ਤੇਰੇ ਵਾਂਗੂੰ ਤੱਤੀ ਤਵੀ ਦੇ ਉੱਤੇ ਬਹਿਕੇ, ਸਾਡੇ ਕੋਲੋਂ ਗੀਤ ਇਲਾਹੀ ਗਾ ਨਾਂ ਹੁੰਦੇ।
ਧਰਮ ਦੀ ਖਾਤਰ ਜੋ ਜੋ ਤੂੰ ਕਰਕੇ ਦੱਸਿਆ ਹੈ, ਸਾਥੋਂ ਤੇਰੇ ਪੂਰਨੇ ਦੁਹਰਾ ਨਾ ਹੁੰਦੇ।
ਜਿੰਨੀ ਵੱਡੀ ਕੀਮਤ ਸਤਿਗੁਰ ਤੂੰ ਤਾਰੀ ਹੈ, ਐਡੇ ਵੱਡੇ ਮੁੱਲ ਸਾਡੇ ਤੋਂ ਪਾ ਨਾਂ ਹੁੰਦੇ।
ਜਿੰਨ੍ਹਾਂ ਰਾਹਾਂ ਤੇ ਤੂੰ ਖੁਦ ਤੁਰਕੇ ਦੱਸਿਆ ਹੈ, ਸਾਡੇ ਤੋਂ ਉਹ ਲੰਬੇ ਰਾਹ ਮੁਕਾ ਨਾ ਹੁੰਦੇ।
ਤੇਰੇ ਸਿਦਕ ਤੋਂ ਸਦਕੇ ਸਦਕੇ ਜਾਂਦੇ ਹਾਂ, ਪਰ ਸਾਡੇ ਤੋਂ ਖੁਦ ਉਹ ਸਿਦਕ ਨਿਭਾਅ ਨਾ ਹੁੰਦੇ।
ਤੇਰੀ ਗੱਲ ਕਰਕੇ ਵੱਡੇ ਧਰਮੀਂ ਬਣਦੇ ਹਾਂ, ਧਰਮੀਂ ਕਾਰਜ ਆਪਣੇ ਤੋਂ ਕਰਵਾ ਨਾ ਹੁੰਦੇ।
ਇੱਕ ਦੂਜੇ ਨੂੰ ਅੱਗੇ ਹੋ ਹੋ ਦੱਸਦੇ ਹਾਂ, ਢੰਗ ਤਰੀਕੇ ਆਪਣੇ ਤੇ ਅਜ਼ਮਾ ਨਾ ਹੁੰਦੇ।
ਤੂੰ ਤੇ ਤੱਤੀ ਰੇਤ ਸੀਸ ਤੇ ਝੱਲ ਲਈ, ਸਾਡੀ ਦੇਹੀ ਤੋਂ ਤਾਂ ਕਸ਼ਟ ਉਠਾ ਨਾ ਹੁੰਦੇ॥

**ਜਿੰਨਾ ਚਿਰ ਅਸੀਂ ਆਪਣੇ ਧਾਰਮਕ ਗ੍ਰੰਥ ਨਹੀਂ ਪੜਦੇ, ਗੁਰਬਾਣੀ ਨੂੰ ਸਮਝਦੇ ਨਹੀਂ ਓਨਾ ਚਿਰ ਆਪਾਂ ਆਪਣੇ ਭੋਲੇਪਣ ਵਿੱਚ ਭਟਕਦੇ ਰਹਾਂਗੇ।**


Academy of the Punjab in North America: http://www.apnaorg.com

# ਦੁਬਿਧਾ ਦੂਰ ਕਰੋ

ਪਿੰਡ ਦੇ ਸਭ ਤੋਂ ਪੁਰਾਣੇ, ਸਭ ਤੋਂ ਵੱਡੇ ਅਤੇ ਸਭ ਤੋਂ ਮਜ਼ਬੂਤ ਪਰਿਵਾਰ ਨੂੰ ਕਮਜ਼ੋਰ ਕਰਨ ਦੀ ਸੋਚ ਰੱਖਣ ਵਾਲੇ ਚਾਤਰ ਲੋਕ ਕੁਝ ਐਸੀਆਂ ਚਤੁਰਾਈਆਂ ਕਰਦੇ ਜੋ ਹੱਸਦੇ ਵੱਸਦੇ ਪਰਿਵਾਰ ਵਿੱਚ ਟਕਰਾਓ ਪੈਦਾ ਕਰ ਦੇਂਦੀਆਂ। ਉਸ ਆਪਸੀ ਵਿਰੋਧ ਦੇ ਨਤੀਜੇ ਵਜੋਂ ਪਰਿਵਾਰ ਕਮਜ਼ੋਰ ਹੋ ਜਾਂਦਾ ਤੇ ਚਾਤੁਰ ਸ਼ਰੀਕਾਂ 'ਤੇ ਨਿਰਭਰਤਾ ਦੀ ਨੌਬਤ ਆ ਜਾਂਦੀ। ਵਜੂਕਾ ਤਾਂ ਖਤਮ ਹੋ ਜਾਣਾ ਵੱਖਰੀ ਗੱਲ ਪਰ ਟਕਰਾਓ ਕਰਵਾ ਕੇ ਨਿਆਂ ਹੱਥ ਵਿੱਚ ਲੈ ਕੇ ਚਾਤੁਰ ਫਿਰ ਜੋ ਮਰਜ਼ੀ ਕਰਨ, ਕੋਈ ਨਹੀਂ ਰੋਕ ਸਕਦਾ।

ਹਿੰਦੁਸਤਾਨੀ ਪਰਿਵਾਰ ਤੋਂ ਵੱਡਾ ਤੇ ਪੁਰਾਣਾ ਪਰਿਵਾਰ ਹੋਰ ਕੋਈ ਨਹੀਂ ਸੀ ਧਰਤੀ ਦੇ ਇਸ ਪਿੰਡੇ ਉੱਤੇ ਇਨਸਾਨ ਨੂੰ ਬਾਕੀ ਜੀਵਾਂ ਤੇ ਹਾਵੀ ਕਰਨ ਵਾਲੀ ਮੁੱਖ ਸ਼ਕਤੀ 'ਸ਼ਬਦ' ਲਿਖਣ ਦਾ ਵਿਧੀ ਵਿਧਾਨ ਇਸੇ ਪਰਿਵਾਰ ਦੇ ਮੈਂਬਰ 'ਪਾਣਿਨੀ' ਨੇ ਲਿਖਿਆ ਤੇ ਦੁਨੀਆਂ ਦਾ ਸਭ ਤੋਂ ਪਹਿਲਾ ਲਿਖਤੀ ਗ੍ਰੰਥ 'ਰਿੱਗ ਵੇਦ' ਵੀ ਇਸੇ ਹੀ ਪਰਿਵਾਰ ਨੇ ਲਿਖਿਆ। ਪਾੜੋ ਤੇ ਰਾਜ ਕਰੋ ਦੀ ਨੀਤੀ ਬਾਰੇ ਸੁਣਦਿਆਂ ਮੈਨੂੰ ਅੱਧੀ ਸਦੀ ਹੋ ਗਈ ਹੈ, ਪਤਾ ਨਹੀਂ ਕਦੋਂ ਦਾ ਸਾਨੂੰ ਇਸ ਨੀਤੀ ਬਾਰੇ ਪਤਾ ਸੀ। ਪਰ ਮੈਨੂੰ ਇਹ ਗੱਲ ਸਮਝ ਨਹੀਂ ਆਉਂਦੀ ਕਿ ਜੇ ਸਾਨੂੰ ਪਤਾ ਸੀ ਕਿ ਪਾੜੋ ਤੇ ਰਾਜ ਕਰੋ ਦਾ ਹਥਿਆਰ ਗ਼ਲਤ ਹੈ ਤਾਂ ਫਿਰ ਅਸੀਂ ਇਸ ਨੂੰ ਆਪਣੇ ਤੇ ਵਾਰ ਕਿਉਂ ਕਰਨ ਦਿੱਤਾ? ਇਨਸਾਨ ਦੀ ਸਭ ਤੋਂ ਵੱਡੀ ਤਾਕਤ ਭਾਸ਼ਾ 'ਤੇ ਜਿਸਦਾ ਕਬਜ਼ਾ ਹੈ, ਉਹ ਸਾਰੀ ਦੁਨੀਆਂ ਤੇ ਰਾਜ ਕਿਉਂ ਨਹੀਂ ਕਰ ਸਕਦਾ? ਅੰਗਰੇਜ਼ੀ ਭਾਸ਼ਾ ਜਿਸ ਦੀ **1634** ਤੋਂ ਪਹਿਲਾਂ ਦੀ ਕੋਈ ਵਿਆਕਰਣ ਨਹੀਂ ਮਿਲਦੀ (ਲੈਟਿਨ ਵਿੱਚ ਹੀ ਲਿਖਦੇ ਸਨ), ਅੱਜ ਸਾਰੀ ਦੁਨੀਆਂ ਨੂੰ ਆਪਣੇ ਰੰਗ ਵਿੱਚ ਰੰਗਣ ਲਈ ਪੂਰੀ ਤਿਆਰੀ ਵਿੱਚ ਹੈ। ਅੰਗ੍ਰੇਜ਼ੀ ਦਾ ਗਲੋਬਲਾਈਜੇਸ਼ਨ ਕਰਨ ਵਿੱਚ ਸਫ਼ਲ ਹੋ ਰਹੇ ਅੰਗਰੇਜ਼ਾਂ ਨੇ ਜਦ **1947** ਵਿੱਚ ਭਾਰਤ ਨੂੰ ਆਜ਼ਾਦ ਕੀਤਾ ਤਾਂ ਅੰਗਰੇਜ਼ੀ ਸਮੇਤ ਵੀਹ ਭਾਸ਼ਾਵਾਂ ਨੂੰ ਰਾਸ਼ਟਰੀ ਭਾਸ਼ਾ ਦਾ ਦਰਜਾ ਦਿੱਤਾ। ਪੰਜਾਬੀ, ਹਿੰਦੀ, ਸਿੰਧੀ, ਗੁਜਰਾਤੀ, ਉੜੀਆ। ਬੰਗਾਲੀ ਦਾ ਜੇ ਟਕਰਾਓ ਨਾ ਕਰਵਾਇਆ ਜਾਂਦਾ ਤਾਂ ਹਿੰਦੁਸਤਾਨੀ ਭਾਸ਼ਾ ਇੱਕ ਹੀ ਤਾਂ ਸੀ। ਉਸਨੂੰ ਭਾਵੇਂ ਦੇਵਨਾਗਰੀ ਵਿੱਚ ਲਿਖੀ ਜਾਂਦੇ ਭਾਵੇਂ ਗੁਰਮੁਖੀ ਸ਼ਾਹਮੁਖੀ ਵਿੱਚ ਲਿਖੀ ਜਾਂਦੇ। ਭਾਸ਼ਾ ਦੇ ਆਧਾਰ ਤੇ ਟਕਰਾਓ ਕਰਵਾ ਕੇ ਪਰਿਵਾਰ ਨੂੰ ਖੇਰੂੰ ਖੇਰੂੰ ਕਰ ਦਿੱਤਾ ਗਿਆ ਹੈ।

ਰਾਮ, ਰਹੀਮ, ਪੁਰਾਨ, ਕੁਰਾਨ ਤਾਂ ਅਧਿਆਤਮਿਕ ਪਰਿਵਾਰ ਦੇ ਮੈਂਬਰ ਸਨ। ਸੁੰਨ ਤੋਂ, ਸਿਫ਼ਰ ਤੋਂ ਉਪਜੇ ਇੱਕ ਤੇ ਪੂਰਾ ਵਿਸ਼ਵਾਸ ਕਰਨ ਵਾਲੇ, ਇੱਕ ਦੀਆਂ ਦਿੱਤੀਆਂ ਦਾਤਾਂ ਦਾ ਸ਼ੁਕਰਾਨਾ ਕਰਨ ਵਾਲੇ ਇਸ ਅਧਿਆਤਮਿਕ ਪਰਿਵਾਰ ਨੂੰ ਜਿਸ ਦੀਆਂ ਕਈ ਪੁਸ਼ਤਾਂ ਦੀ ਸਾਂਝ ਭਿਆਲੀ ਕਿਸੇ ਤੋਂ ਭੁੱਲੀ ਹੋਈ ਨਹੀਂ, ਇੱਕ ਦੂਸਰੇ ਦੇ ਵਿਰੋਧ ਵਿੱਚ ਖੜ੍ਹੇ ਕਰਕੇ ਦੋਹਾਂ ਦਾ ਹੀ ਨਿਆਂ ਆਪਣੇ ਹੱਥ ਵਿੱਚ ਲੈ ਲਿਆ ਗਿਆ। ਬਾਦਸ਼ਾਹ ਅਕਬਰ ਜੇ ਹਿੰਦੂ ਲੜਕੀ ਯੋਧਾ ਨੂੰ ਰਾਣੀ ਬਣਾ ਕੇ ਮਹਿਲਾਂ ਵਿੱਚ ਲਿਆਉਂਦਾ ਹੈ ਤਾਂ ਉਸ ਵਾਸਤੇ ਮੁਸਲਮਾਨ ਬਾਦਸ਼ਾਹ ਦੇ ਮਹਿਲਾਂ ਵਿੱਚ ਮੰਦਰ ਵੀ ਬਣਾਇਆ ਜਾਂਦਾ ਹੈ। ਰਿਆਸਤਾਂ ਵਿੱਚ ਰਾਜਿਆਂ ਨੇ ਮੰਦਰ, ਮਸੀਤਾਂ ਤੇ ਗੁਰਦੁਆਰੇ ਬਨਾਉਣ ਲੱਗਿਆਂ ਕੋਈ ਵਿਤਕਰਾ ਨਹੀਂ ਸੀ ਕੀਤਾ ਕਦੇ। ਇਹ ਉਹ ਹੀ ਪੰਜਾਬ ਹੈ ਜਿਸ ਵਿੱਚ ਹਿੰਦੂ ਮੁਸਲਮ ਸਿੱਖ ਕਦੇ ਰਲਮਿਲ ਕੇ ਢੋਲੇ ਦੀਆਂ ਲਾਉਂਦੇ ਸਨ, ਟਕਰਾਓ ਕਰਵਾ ਦਿੱਤਾ ਗਿਆ।

ਸੰਨ ਸੰਤਾਲੀ ਵਿੱਚ ਪੰਜਾਬੀਆਂ ਨੇ ਪੰਜਾਬੀਆਂ ਨੂੰ ਕਸਾਈਆਂ ਵਾਂਗ ਕੋਹ ਕੋਹ ਕੇ ਮਾਰਿਆ। ਧੀਆਂ ਭੈਣਾਂ ਦੀ ਇੱਜ਼ਤ ਮਿੱਟੀ ਵਿੱਚ ਮਿਲਾ ਦਿੱਤੀ। ਕੀ ਭਲਾ ਇਹ ਟਕਰਾਓ ਟਾਲਿਆ ਨਹੀਂ ਸੀ ਜਾ ਸਕਦਾ? ਅੱਜ ਵੀ ਦੋਵੇਂ ਪਾਸਿਆਂ ਦੇ ਪੰਜਾਬ ਕੱਲੇ ਕੱਲੇ ਵੀ ਦੁਨੀਆਂ ਦੇ ਅੱਧ ਤੋਂ ਵੱਧ ਦੇਸ਼ਾਂ ਨਾਲੋਂ ਜ਼ਿਆਦਾ ਤਾਕਤ ਰੱਖਦੇ ਹਨ। ਸ਼ਾਇਦ ਤਾਂ ਹੀ ਤਾਂ ਬਾਡਰ ਦੇ ਦੋਹੀਂ ਪਾਸੀਂ ਬੰਬ ਬੰਦੂਕਾਂ ਤਿਆਰ ਕਰਕੇ ਬੈਠੇ ਹਨ। ਐਥੋਂ ਤੱਕ ਨੌਬਤ ਪਹੁੰਚ ਗਈ ਹੈ ਕਿ


Academy of the Punjab in North America: http://www.apnaorg.com

ਹੁਣ ਆਪਸ ਵਿੱਚ ਹੀ ਟਕਰਾਈ ਜਾਂਦੇ ਹਨ। ਮੁਸਲਮਾਨ ਆਪਸ ਵਿੱਚ ਲੜ ਕੇ ਮਰੀ ਜਾਂਦੇ ਹਨ ਤੇ ਪੂਰਬੀ ਪੰਜਾਬ ਤਿੰਨ ਹਿੱਸਿਆਂ ਵਿੱਚ ਵੰਡ ਹੋਣ ਤੋਂ ਬਾਅਦ, **1903** ਵਾਲੇ ਪੰਜਾਬ ਦਾ ਸੱਤਵਾਂ ਹਿੱਸਾ ਰਹਿ ਜਾਣ ਤੋਂ ਬਾਅਦ ਵੀ ਆਪਸ ਵਿੱਚ ਲੜੀ ਜਾਂਦੇ ਹਨ। ਵੇਦ ਸ਼ਾਸਤਰਾਂ ਦੇ ਗਿਆਤਾ, ਹਿੰਦੂ ਧਰਮ ਤੇ ਪੂਰਨ ਭਰੋਸਾ ਕਰਨ ਵਾਲਿਆਂ ਦਾ ਕਾਂਸ਼ੀ ਨਿਰਮਾਣ ਘਰ ਹੈ। ਬੇਦੀ ਖਾਨਦਾਨ ਵਿੱਚ ਅਵਤਾਰ ਧਾਰ ਕੇ ਜੇ ਗੁਰੂ ਨਾਨਕ ਸਿੱਖ ਧਰਮ ਚਲਾਉਂਦੇ ਹਨ ਤਾਂ ਇਸਦਾ ਮਤਲਬ ਇਹ ਨਹੀਂ ਕਿ ਨਾਨਕ ਹਿੰਦੂ ਧਰਮ ਦਾ ਕਿਸੇ ਤਰ੍ਹਾਂ ਵਿਰੋਧ ਕਰਦੇ ਹਨ। ਗੁਰੂ ਨਾਨਕ ਦੇ ਜੋਤ ਸਰੂਪ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਹਿੰਦੂ ਸਿੱਖ ਜਾਂ ਮੁਸਲਮਾਨ ਕਿਸ ਲਾਈਨ ਵਿੱਚ ਵੱਖਰੇ ਦਿਸਦੇ ਹਨ? ਦੱਸਿਓ ਭਲਾ! ਦਸਵੇਂ ਨਾਨਕ ਗੁਰੂ ਗੋਬਿੰਦ ਸਿੰਘ ਆਪਣੀ **42** ਸਾਲ ਦੀ ਉਮਰ ਵਿੱਚੋਂ **33** ਸਾਲ ਗੋਬਿੰਦ ਰਾਏ ਸਨ, ਕੀ ਦਸਵੇਂ ਗੁਰੂ ਕਿਸੇ ਤਰ੍ਹਾਂ ਵੀ ਹਿੰਦੂਆਂ ਦੇ ਵਿਰੋਧ ਵਿੱਚ ਖੜ੍ਹੇ ਦਿਸਦੇ ਹਨ। ਕੀ ਅਸੀਂ ਦੁਬਿਧਾ ਦੂਰ ਕਰਕੇ ਇੱਕ ਪਰਿਵਾਰ ਨਹੀਂ ਬਣ ਸਕਦੇ?

ਵੇਦ ਕਤੇਬਾਂ ਦੇ ਵਿੱਚ ਲਿਖੀਆਂ ਲੱਖ ਪਤੇ ਦੀਆਂ ਬਾਤਾਂ,
ਪੁਰਾਣ, ਕੁਰਾਣ ਬੜੇ ਸਚਿਆਰੇ ਸੌ ਸੌ ਦੇਣ ਸੁਗਾਤਾਂ ।
ਸੱਚ ਤੇ ਕਬਜ਼ਾ ਕਰਕੇ ਲੋਕੀਂ ਤਾਕਤਵਰ ਅਖਵਾਉਂਦੇ,
ਮਾਣਸ ਦੇਹੀ ਇੱਕੋ ਜੇਹੀ ਨਾਂ ਜਿਣਸਾਂ ਨਾਂ ਜਾਤਾਂ।
ਸੱਚ ਤੇ ਕਾਬਜ ਲੋਕੀਂ ਸੱਚ ਦੀ ਸਾਰ ਨਾਂ ਜਾਨਣ ਦੇਂਦੇ,
ਨ੍ਹੇਰੇ ਦੇ ਵਿੱਚੇ ਵਿੱਚ ਰੱਖਦੇ, ਪਾਰ ਨਾਂ ਜਾਨਣ ਦੇਂਦੇ।
ਰੱਬ ਦਾ ਸਰਨਾਵਾਂ ਨਾਂ ਦੱਸਦੇ ਬੜੇ ਪਰੋਹਤ ਪੱਕੇ,
ਮੰਦਰਾਂ ਚੋਂ ਬਾਹਰ ਨਾਂ ਨਿਕਲੇ ਖੁਦ ਭਗਵਾਂਨ ਵੀ ਜਕੇ।
ਕਾਦਰ ਦੀ ਕੁਦਰਤ ਵੀ ਕਾਦਰ ਤਾਂ ਫਿਰ ਕਾਹਦਾ ਰੌਲਾ,
ਰਾਮ, ਰਹੀਮ ਤਾਂ ਸਰਬ ਵਿਆਪੀ ਨਾਂ ਕਾਂਸ਼ੀ ਨਾਂ ਮੱਕੇ ॥


Academy of the Punjab in North America: http://www.apnaorg.com

# ਕੈਲੰਡਰ

ਸਦੀਆਂ, ਸਾਲ, ਮਹੀਨਿਆਂ, ਹਫਤਿਆਂ ਅਤੇ ਦਿਨਾਂ ਦੀ ਗਿਣਤੀ ਮਿਣਤਕਰਨ ਵਾਲੇ ਵਿਧੀ ਵਿਧਾਨ ਨੂੰ ਅਸੀਂ ਕੈਲੰਡਰ ਆਖਦੇ ਹਾਂ। ਸਦੀਆਂ ਤੱਕ ਦੀ ਗਿਣਤੀ ਨੂੰ ਤਾਂ ਅਸੀਂ ਕੈਲੰਡਰ ਦੀ ਕਲੇਵਰ ਵਿੱਚ ਲੈ ਸਕਦੇ ਹਾਂ ਲੇਕਿਨ ਯੁੱਗ ਨੂੰ ਕੈਲੰਡਰ ਵਿੱਚ ਕਿਸੇ ਤਰਾਂ ਵੀ ਕਾਬੂ ਨਹੀਂ ਕੀਤਾ ਜਾ ਸਕਦਾ। ਇੱਕ ਦਿਨ ਵਿਚਲੀ ਘੜ੍ਹੀਆਂ, ਪਹਿਰ, ਘੰਟੇ, ਮਿੰਟ, ਸਕਿੰਟਾਂ ਨੂੰ ਵੀ ਕੈਲੰਡਰ ਨਹੀਂ ਕਹਿ ਸਕਦੇ। ਧਰਤੀ ਦਾ, ਸੂਰਜ ਦਾ ਅਤੇ ਚੰਦ ਤਾਰਿਆਂ ਦਾ ਜੋ ਗਤੀ ਵਿਧਾਨ ਹੈ, ਉਹ ਹੀ ਕੈਲੰਡਰ ਦਾ ਵਿਧਾਨ ਹੈ। ਬੀਤ ਗਏ ਸਮੇਂ ਦੀਆਂ, ਇਤਿਹਾਸ ਦੀਆਂ ਗਿਣਤੀਆਂ ਮਿਣਤੀਆਂ ਕੈਲੰਡਰ ਤੋਂ ਬਿਨਾ ਨਹੀਂ ਹੋ ਸਕਦੀਆਂ। ਇਸ ਲਈ ਮੈਨੂੰ ਆਪਣੇ ਅਤੀਤ ਦੀ ਕਹਾਣੀਕਰਨ ਲਈ ਕੈਲੰਡਰ ਦੀ ਗੱਲ ਕਰਨੀ ਪਈ।

ਬੀਤ ਚੁੱਕੀ ਕਹਾਣੀ, ਬੀਤ ਰਹੀ ਕਹਾਣੀ ਜਾਂ ਭਵਿੱਖ ਬਾਣੀ ਕਰਨ ਲਈ ਕੈਲੰਡਰ ਬਹੁਤ ਹੀ ਜ਼ਰੂਰੀ ਹੈ। 'ਆਪਣਾ ਅਤੀਤ' ਲਿਖਣ ਲਈ ਕੈਲੰਡਰ ਬਿਨਾਂ ਤਾਂ ਸਰ ਹੀ ਨਹੀਂ ਸੀ ਸਕਦਾ ਪਰ ਮੇਰੀ ਹੈਰਾਨੀ ਦੀ ਹੱਦ ਨਾ ਰਹੀ ਕਿ ਕੈਲੰਡਰ ਦਾ ਇਤਿਹਾਸ, ਕੈਲੰਡਰ ਦੀ ਕਹਾਣੀ ਵੀ ਲੋਕਾਂ ਨੇ ਧਾਰਮਿਕ ਇਤਿਹਾਸ ਵਾਂਗ ਆਪਣੀ ਮਰਜ਼ੀ ਮੁਤਾਬਕ ਹੀ ਲਿਖ ਲਈ। ਮਨਘੜਤ ਕਹਿਣ ਨੂੰ ਤਾਂ ਦਿਲ ਨਹੀਂ ਕਰਦਾ ਪਰ ਮਿਥਿਹਾਸ ਨੂੰ ਇਤਿਹਾਸ ਕਹਿਣ ਵਾਲਿਆਂ ਦੀ ਜ਼ਿੱਦ ਬਹੁਤੀ ਚੰਗੀ ਵੀ ਨਹੀਂ ਲੱਗੀ। ਜੌਰਜੀਅਨ ਕੈਲੰਡਰ ਨੂੰ ਅੱਜ ਕੱਲ ਸਾਰੀ ਦੁਨੀਆਂ ਵਿਚ ਮਾਨਤਾ ਮਿਲੀ ਹੋਈ ਹੈ। ਇੱਕ ਜਨਵਰੀ ਤੋਂ ਇਕੱਤੀ ਦਸੰਬਰ ਦਾ ਸਾਲ ਸਾਰੀ ਦੁਨੀਆਂ ਮੰਨ ਕੇ ਬੈਠ ਗਈ ਹੈ। ਦੁਨੀਆਂ ਦੇ ਕਾਰ ਵਿਹਾਰ, ਸਮਾਜਿਕ ਤੇ ਧਾਰਮਕ ਤਿਥੀਆਂ ਮਿਤੀਆਂ, ਦਿਨ ਦਿਹਾਰ, ਛੁੱਟੀਆਂ ਅਤੇ ਪ੍ਰੋਗਰਾਮ, ਜਨਮ ਦਿਨ, ਮੀਟਿੰਗਾਂ, ਆਉਣ ਵਾਲੇ ਸਮੇਂ ਦਕਾਰ ਵਿਹਾਰ ਸਾਰੇ ਦੇ ਸਾਰੇ ਜੌਰਜੀਅਨ ਕੈਲੰਡਰ ਨੂੰ ਹੀ ਮੁੱਖ ਰੱਖ ਕੇ ਛਪ ਰਹੇ ਹਨ। **1751** ਵਿੱਚ ਜਦੋਂ ਜੌਰਜੀਅਨ ਕੈਲੰਡਰ ਬਰਤਾਨੀਆਂ ਵਿੱਚ ਲਾਗੂ ਕਰਨ ਦੀ ਕੋਸ਼ਿਸ਼ ਕੀਤੀ ਗਈ ਤਾਂ ਬਹੁਤ ਵਿਰੋਧ ਸਾਹਮਣੇ ਆਇਆ। ਕਦੇ ਕਿਸੇ ਨੇ ਸੋਚਿਆ ਹੀ ਨਹੀਂ ਸੀ ਕਿ ਸਭ ਤੋਂ ਅਖੀਰ ਵਿੱਚ ਬਣਿਆਂ ਇਹ ਕੈਲੰਡਰ ਸਾਰੀ ਦੁਨੀਆਂ 'ਤੇ ਛਾਅ ਜਾਵੇਗਾ। ਕਹਿੰਦੇ ਅੰਗਰੇਜ਼ੀ ਰਾਜ ਇੱਕ ਸਮੇਂ ਐਨਾ ਫੈਲਿਆ ਹੋਇਆ ਸੀ ਕਿ ਕਦੇ ਸੂਰਜ ਨਹੀਂ ਛੁਪਦਾ ਸੀ। ਭਲਾ ਜੇ ਧਿਆਨ ਨਾਲ ਵਿਚਾਰੀਏ ਤਾਂ ਅੱਜ ਕਿਹੜਾ ਅੰਗਰੇਜ਼ੀ ਰਾਜ ਘੱਟ ਹੈ। ਅੰਗਰੇਜ਼ੀ ਭਾਸ਼ਾ ਤੇ ਅੰਗਰੇਜ਼ੀ ਕੈਲੰਡਰ ਤਾਂ ਸਾਰੀ ਦੁਨੀਆ ਸਵੀਕਾਰ ਕਰੀ ਬੈਠੀ ਹੈ।

ਦੁਨੀਆਂ ਦੇ ਸਭ ਤੋਂ ਪਹਿਲੇ ਲਿਖਤੀ ਰੂਪ ਵਾਲੇ ਗ੍ਰੰਥ ਰਿੱਗ ਵੇਦ ਵਿੱਚ **12** ਮਹੀਨਿਆਂ ਦਾ ਜ਼ਿਕਰ ਆਉਂਦਾ ਹੈ। ਪੰਜ ਸਦੀਆਂ ਪਹਿਲਾਂ ਗੁਰੂ ਨਾਨਕ ਦੇਵ ਜੀ ਨੇ ਬਾਰਾਂ ਮਹੀਨਿਆਂ ਦਾ ਤੁਖਾਰੀ ਰਾਗ ਵਿੱਚ ਜਿਸ ਵਿਸਥਾਰ ਨਾਲ ਜ਼ਿਕਰ ਕੀਤਾ ਹੈ, ਗੁਰੂ ਅਰਜਨ ਤੋਂ ਸਿਵਾ ਇਤਿਹਾਸ ਵਿੱਚ ਉਸ ਤੋਂ ਵੱਧ ਵਿਸਥਾਰ ਪੂਰਵਕ ਕੋਈ ਕੈਲੰਡਰ ਨਹੀਂ ਬਣਿਆਂ। ਮਾਰਚ ਦੀ ਸੀਤਲਤਾ ਨਾਲੋਂ ਤਪਸ਼ ਵੱਲ ਨੂੰ ਤੁਰ ਪੈਣਾ, ਵਿਸਾਖ ਵਿੱਚ ਰੁੱਤਾਂ ਦਾ ਬਦਲ ਜਾਣਾ, ਸਭ ਤੋਂ ਵੱਡੇ ਜੇਠ ਮਹੀਨੇ ਦੀ ਅਤੇ ਅਸਾੜ੍ਹਦੀ ਤੇਜ ਧੁੱਪ ਦਾ ਵਿਸਥਾਰ, ਸੌਣ ਮਹੀਨੇ ਦੀ ਬਰਸਾਤ ਵਿੱਚਲੇ ਸੱਪ ਸਪੋਲੀਆਂ ਦਾ ਵੇਰਵਾ, ਭਾਦੋਂ- ਭਾਦੁਇ ਦੇ ਭਰਮ ਦੀ ਗੱਲ, ਅਸੁਨ ਦੇ ਪ੍ਰੇਮ ਉਮਾਹੜੇ, ਕੱਤ ਕੇ ਕਰਮ ਕਮਾਉਣ ਵਾਲੇ ਕੱਤਕ, (ਮਨ ਘਰ) ਮੰਘਰ ਵਿੱਚ ਸੀਤਲਤਾ ਵੱਲ ਮੁੜਨ, ਪੋਖ ਦਤੁਖਾਰ (ਠੰਢ) ਦੀ ਅਤੇ ਮਾਘ ਦੇ ਨਾਮ, ਦਾਨ, ਇਸਨਾਨ ਅਤੇ ਆਖਿਰ ਫਲਗੁਣ ਅਨੰਦ ਅਪਾਰ ਦੀ ਕਹਾਣੀ ਜਿਸ ਵਿਸਥਾਰ ਨਾਲ ਗੁਰੂ ਗ੍ਰੰਥ ਵਿੱਚ ਅੰਕਿਤ ਹੈ, ਹੋਰ ਕਿਸੇ ਕੈਲੰਡਰ ਵਿੱਚ ਹੈ? ਦੱਸਿਓ ਭਲਾ? ਸੱਤ ਦਿਨਾਂ ਦੇ ਹਫਤੇ ਦਾ ਗੁਰਬਾਣੀ ਤੋਂ ਵੱਧ ਵਿਸਥਾਰ ਹੋਣ ਦਾ ਜ਼ਿਕਰ ਅਸੀਂ ਤਾਂ ਅੱਜ ਤੱਕ ਨਹੀਂ ਪੜ੍ਹਿਆ ਸੁਣਿਆਂ। ਕਰਾਈਸਟ ਸੱਚੀਂ ਮੁੱਚੀਂ ਦਾ ਅਵਤਾਰ ਪੈਦਾ ਹੋਇਆ ਕਿ ਨਹੀਂ, ਇਸ ਪਾਸੇ ਤਾਂ ਕੋਈ ਕਿਸੇ ਜਾਣ ਹੀ ਨਹੀਂ ਦਿੰਦਾ। ਸਾਲਾਂ ਦੀ ਗਿਣਤੀ ਪਿਛਾਂਹ ਨੂੰ ਜਿੰਨੀ ਮਰਜ਼ੀ ਲਈ


Academy of the Punjab in North America: http://www.apnaorg.com

ਜਾਓ ਪਰ ਦੋ ਹਜ਼ਾਰ ਸਾਲ, **3500** ਸਾਲ ਜਾਂ ਹੋਰ ਲੱਖਾਂ ਹਜ਼ਾਰਾਂ ਸਾਲ ਗਿਣਨ ਲੱਗਿਆਂ ਜਦ ਉਸਨੂੰ ਇਤਿਹਾਸ ਆਖਦੇ ਹਨ ਤਾਂ ਇਸ ਗੱਲ ਦੀ ਮੈਨੂੰ ਬਿਲਕੁਲ ਸਮਝ ਨਹੀਂ ਲਗਦੀ।

ਮੈਨੂੰ ਇੱਕ ਮਿੱਤਰ ਵਿਦਵਾਨ ਨੇ ਸਵਾਲ ਕੀਤਾ ਕਿ ਜੇ ਤੂੰ ਆਖਦਾ ਹੈਂ ਕਿ ਬੀ. ਸੀ. ਜਾਂ ਹਜ਼ਾਰਾਂ ਸਾਲਾਂ ਦਾ ਇਤਿਹਾਸ ਸਹੀ ਨਹੀਂ ਲਗਦਾ ਤਾਂ ਤੂੰ ਦੱਸ ਸਹੀ ਕੀ ਹੈ? ਮੈਂ ਜਵਾਬ ਦਿੱਤਾ ਕਿ ਮੈਨੂੰ ਝੂਠ ਬੋਲਣ ਦੀ ਕੀ ਲੋੜ ਹੈ? ਮੇਰੀ ਕਿਹੜੀ ਵੇਲਣ ਵਿਚ ਬਾਂਹ ਆਈ ਹੈ ਕਿ ਝੂਠ ਬੋਲਾਂ। ਮੇਰੇ ਹਿਸਾਬ ਨਾਲ ਤਾਂ ਕੈਲੰਡਰ ਦਾ ਲਿਖਤੀ ਇਤਿਹਾਸ ਇੱਕ ਹਜ਼ਾਰ ਸਾਲ ਤੋਂ ਪੁਰਾਣਾ ਨਹੀਂ ਹੈ। ਕੈਲੰਡਰ ਕੀ, ਕੋਈ ਵੀ ਇਤਿਹਾਸ ਜਿਸ ਦੀਆਂ ਤਰੀਕਾਂ ਅਸੀਂ ਪਿਛਲੀਆਂ ਚਾਰ ਕੁ ਸਦੀਆਂ ਵਿੱਚ ਨਿਸ਼ਚਤ ਕੀਤੀਆਂ ਹਨ, ਉਹ ਸਹੀ ਤਰੀਕਾਂ ਨਹੀਂ। ਇਸਦਾ ਮਤਲਬ ਇਹ ਨਹੀਂ ਕਿ ਸਾਨੂੰ ਪੁਰਾਤਨ ਵਿਦਵਤਾ ਨਾਲੋਂ ਰਿਸ਼ਤਾ ਤੋੜ ਲੈਣਾ ਚਾਹੀਦਾ ਹੈ, ਬਿਲਕੁਲ ਨਹੀਂ, ਗਿਆਨ ਇਤਿਹਾਸ ਹੈ ਜਾਂ ਮਿਥਿਹਾਸ, ਹੀਰਾ ਤਾਂ ਹੀਰਾ ਹੀ ਹੁੰਦਾ ਹੈ। ਪਰ ਇਤਿਹਾਸ ਦੀ ਸਾਰਥਿਕਤਾ ਦਾ ਕੋਈ ਸਬੂਤ ਤਾਂ ਹੋਣਾ ਚਾਹੀਦਾ। ਬਿਨਾ ਸਬੂਤ ਇਤਿਹਾਸ ਕਿਵੇਂ ਹੋ ਸਕਦਾ?

ਉਪਨਿਸ਼ਦਾਂ ਵਿੱਚ, ਰਮਾਇਣ ਅਤੇ ਮਹਾਂਭਾਰਤ ਵਿੱਚ ਰਾਜੇ ਨੂੰ ਪਰਮਾਤਮਾ ਦਾ ਹੀ ਰੂਪ ਲਿਖਿਆ ਹੈ। ਜੇ ਕਿਤੇ ਰੱਬ ਧਰਤੀ ਤੇ ਆਵੇ ਤਾਂ ਮਰਿਆਦਾ ਪਰਸ਼ੋਤਮ ਰਾਮ ਵਾਂਗ ਜੀਵਨ ਬਤੀਤ ਕਰੇ। ਸੱਚ ਤੇ ਝੂਠ ਦਾ ਯੁੱਧ ਕ੍ਰਿਸ਼ਨ ਭਗਵਾਨ ਦੇ ਰੂਪ ਵਿੱਚ ਆ ਕੇ ਰਾਮ ਦੀ ਲੀਲ੍ਹਾ ਹੈ। ਭਾਰਤੀ ਅੰਜੀਲਾਂ ਵਿੱਚ ਸਤਿਯੁਗ, ਦੁਆਪਰ, ਤ੍ਰੇਤਾ ਅਤੇ ਕਲਯੁੱਗ ਦਾ ਜ਼ਿਕਰ ਆਉਂਦਾ ਹੈ। ਯੁੱਗ ਕੈਲੰਡਰ ਨਹੀਂ ਹੁੰਦੇ, ਭਾਵ ਉਪਨਿਸ਼ਦਾਂ ਦੇ ਰਾਜੇ ਦੇ ਰੂਪ ਵਿੱਚ ਰਾਮ ਦਾ ਧਰਤੀ 'ਤੇ ਆਉਣਾ ਸਮੇਂ ਦੀ ਸੀਮਾਂ ਵਿੱਚ ਨਹੀਂ ਹੈ। ਅਸੀਮ ਪਰਮ ਪੁਰਖ ਦੀ ਗੱਲ ਸੀਮਾਂਬੱਧ ਹੋ ਵੀ ਨਹੀਂ ਸਕਦੀ। ਲੇਕਿਨ ਰਾਜੇ ਅਲੈੱਗਜ਼ੈਂਡਰਪਲੈਟੋ, ਅਰਸਤੂ, ਸੁਕਰਾਤ ਜਾਂ ਯੀਸਸ ਕਰਾਈਸਟ ਦੀਆਂ ਜਨਮ ਕੁੰਡਲੀਆਂ ਬਨਾਉਣ ਵਾਲੇ ਕੈਲੰਡਰਾਂ ਦੀ ਉਮਰ ਕਈ ਹਜ਼ਾਰ ਸਾਲ ਗਿਣੀਂ ਫਿਰਦੇ ਹਨ। ਮੇਰੇ ਮਨ ਨੂੰ ਤਾਂ ਨਹੀਂ ਲਗਦੀ ਇਹ ਗੱਲ। ਇਸਦਾ ਮਤਲਬ ਇਹ ਨਹੀਂ ਕਿ ਇਨ੍ਹਾਂ ਸਾਰਿਆਂ ਮਹਾਂਪੁਰਖਾਂ ਦੀ ਗੱਲ ਗਲਤ ਹੈ, ਮੇਰੇ ਹਿਸਾਬ ਨਾਲ ਇਸਨੂੰ ਇਤਿਹਾਸ ਕਹਿਣਾ ਸਹੀ ਨਹੀਂ ਲਗਦਾ। ਦੁਨੀਆਂ ਭਰ ਵਿੱਚ ਮਾਨਤਾ ਪ੍ਰਾਪਤ ਜੌਰਜੀਅਨ ਕੈਲੰਡਰ ਅਨੁਸਾਰ ਬੀ. ਸੀ. ਦਾ ਅੰਤ ਕਰਾਈਸਟ ਦੇ ਜਨਮ ਨਾਲ ਹੋ ਜਾਂਦਾ ਹੈ। ਹਜ਼ਾਰਾਂ ਸਾਲਾਂ ਦੀ ਗੱਲ ਕਰਨ ਵਾਲਾ ਕੈਲੰਡਰ **1873** ਵਿੱਚ ਜਪਾਨ 'ਚ ਲਾਗੂ ਹੋਇਆ, ਇਜਪਟ ਵਿੱਚ **1875** ਵਿੱਚ, ਰੂਸ ਵਿੱਚ **1918** ਵਿੱਚ, ਗ੍ਰੀਸ ਵਿੱਚ **1924**, ਟਰਕੀ ਵਿੱਚ **1926** ਅਤੇ ਚੀਨ ਵਿੱਚ **1949** ਵਿੱਚ ਲਾਗੂ ਹੋ ਗਿਆ। ਅੱਜ ਕਿਸੇ ਦੇਸ਼ ਦਾ ਵੀ ਜੌਰਜੀਅਨ ਕੈਲੰਡਰ ਬਿਨਾਂ ਭਾਵੇਂ ਨਹੀਂ ਸਰ ਸਕਦਾ ਪਰ ਇੱਕ ਗੱਲ ਸਪਸ਼ਟ ਹੈ ਕਿ ਇਸ ਕੈਲੰਡਰ ਬਾਰੇ ਸੋਲ੍ਹਵੀਂ ਸਦੀ ਤੋਂ ਪਹਿਲਾਂ ਕੋਈ ਨਾਮੋ ਨਿਸ਼ਾਨ ਨਹੀਂ ਸੀ। ਜੋ ਕੈਲੰਡਰ ਸੋਲ੍ਹਵੀਂ ਸਦੀ ਵਿੱਚ ਬਣਨਾ ਸ਼ੁਰੂ ਹੁੰਦਾ ਹੈ ਤੇ **18**ਵੀਂ ਸਦੀ ਵਿੱਚ ਜਾ ਕੇ ਮਾਨਤਾ ਪ੍ਰਾਪਤ ਕਰਦਾ ਹੈ, **20**ਵੀਂ ਸਦੀ ਵਿੱਚ ਵੀ ਜਿਸ ਕੈਲੰਡਰ ਵਿੱਚ ਸੁਧਾਰ ਕਰਨ ਦੀ ਨੌਬਤ ਆਉਂਦੀ ਹੈ, ਉਹ ਕੈਲੰਡਰ ਹਜ਼ਾਰਾਂ ਸਾਲ ਪਹਿਲਾਂ ਦੀਆਂ ਜਦ ਗੱਲਾਂ ਕਰਦਾ ਹੈ ਤੇ ਆਪਣੀ ਕਹਾਣੀ ਨੂੰ ਇਤਿਹਾਸਕ ਕਹਿਣ ਦੀ ਜ਼ਿਦ ਕਰਦਾ ਹੈ ਤਾਂ ਹੋਰ ਕੋਈ ਮੰਨੀਂ ਜਾਵੇ, ਮੇਰੇ ਹਿਸਾਬ ਕਿਤਾਬ ਨਾਲ ਇਤਿਹਾਸ ਨਹੀਂ ਹੈ।

ਸਾਲਾਂ ਦੀ ਗਿਣਤੀ ਜੌਰਜੀਅਨ ਕੈਲੰਡਰ ਦੇ **1000**ਵੇਂ ਸਾਲ ਤੋਂ ਜੋ ਵੀ ਪਹਿਲਾਂ ਕਰਨ ਦਾ ਯਤਨ ਕਰਦਾ ਹੈ, ਉਹ ਮੇਰੀ ਸਮਝ ਤੋਂ ਤਾਂ ਬਾਹਰ ਹੈ। ਸੰਨ **1000**ਤੋਂ ਪਹਿਲਾਂ ਦਾ ਸਾਰਾ ਸਮਾਂ ਸਾਰੇ ਸਾਲ ਮੈਨੂੰ ਤਾਂ ਸਿਫ਼ਰ ਸਾਲ ਜ਼ੀਰੋ ਯੀਅਰ ਲਗਦ 'ਹੈ। ਪਹਿਲੀਆਂ ਦਸ ਸਦੀਆਂ ਕਿਸਨੇ, ਕਦੋਂ ਅਤੇ ਕਾਹਤੋਂ ਲਿਖ ਮਾਰੀਆਂ ਸਮਝ ਨਹੀਂ ਆਉਂਦੀ। ਜੇ ਭਲਾ ਪਹਿਲੀਆਂ ਦਸ ਸਦੀਆਂ ਅਤੇ ਉਸਤੋਂ ਪਹਿਲਾਂ ਦੀਆਂ ਸਾਰੀਆਂ ਤਿਥੀਆਂ ਮਿਤੀਆਂ ਨੂੰ ਮਿਥਿਹਾਸ ਆਖੀਏ ਤਾਂ ਕਿੰਨਾ ਕੁ ਨੁਕਸਾਨ ਹੈ। ਝੂਠ ਬੋਲਣ ਦਾ ਕੋਈ ਕਾਰਣ ਤਾਂ ਹੋਣਾ ਚਾਹੀਦਾ ਹੈ ਨਾ, ਬਿਨਾਂ


Academy of the Punjab in North America: http://www.apnaorg.com

ਵਜ੍ਹਾ ਤਾਣੀ ਉਲਝਾਅ ਦੇਣਾ ਤਾਂ ਕਿਸੇ ਦੇ ਕੰਮ ਵੀ ਨਹੀਂ ਆ ਸਕਦਾ। ਮਿਥਿਹਾਸਕ ਗੱਲ ਵੀ ਤਾਂ ਸਤਿਕਾਰਯੋਗ, ਪੂਜਣਯੋਗ ਹੋ ਸਕਦੀ ਹੈ ਤਾਂ ਫਿਰ ਕੈਲੰਡਰ ਦੀ ਕੈਦ ਕਿਉਂ? ਪੱਛਮੀਂ ਸੱਭਿਅਤਾ ਵਿੱਚ ਸਭ ਤੋਂ ਪਹਿਲਾਂ ਕੈਲੰਡਰ ਬਨਾਉਣ ਦਾ ਅਧੂਰਾ ਯਤਨ ਜਰਮਨ ਦੇ ਜੌਹਨ ਗੁਟਨਬਰਗ ਨੇ **1469** ਵਿੱਚ ਕੀਤਾ। ਚੀਨੀ ਕੈਲੰਡਰ, ਭਾਰਤੀ ਕੈਲੰਡਰ ਅਤੇ ਇਸਲਾਮਿਕ ਕੈਲੰਡਰ ਭਾਵੇਂ ਬਹੁਤ ਪਹਿਲਾਂ ਤੋਂ ਚਰਚਾ ਵਿੱਚ ਸਨ ਪਰ ਕਿਸੇ ਵੀ ਕੈਲੰਡਰ ਦੀਆਂ ਤਰੀਕਾਂ ਸੰਨ **1000** ਤੋਂ ਪਹਿਲਾਂ ਦੀਆਂ ਲਿਖੀਆਂ ਨਹੀਂ ਮਿਲਦੀਆਂ। ਚੀਨੀ ਅਤੇ ਭਾਰਤੀ ਕੈਲੰਡਰ ਧਾਰਮਿਕ ਨਜ਼ਰੀਏ ਨਾਲ ਬਣਾਏ ਗਏ ਸਨ।

ਜੀਵਨ ਸੇਧ ਵਾਸਤੇ, ਹੁਕਮ ਵਿੱਚ ਰਹਿਣ ਵਾਸਤੇ, ਇਨਸਾਨੀਅਤ ਸਿੱਖਣ ਵਾਸਤੇ, ਰੱਬ ਦੀ ਰਜ਼ਾ ਵਿੱਚ ਰਹਿਣਾ ਸਿਖਾਉਣ ਵਾਲੇ ਸਿਧਾਂਤ ਸਨ। ਰੱਬ ਦੀ ਰਜ਼ਾ ਵਿੱਚ ਰਹਿਣ ਲਈ ਕਿਸੇ ਖਾਸ ਤਰੀਕ ਦੀ ਲੋੜ ਹੀ ਨਹੀਂ ਸੀ। ਤੀਸਰਾ ਮੁਢਲਾ ਕੈਲੰਡਰ ਇਸਲਾਮਿਕ ਹੈ ਜੋ ਕਿ ਰੱਬੀ ਹੁਕਮ ਮੰਨਣ ਦਾ ਹਦਾਇਤਨਾਮਾ ਹੈ। ਕ੍ਰਿਸ਼ਚੀਅਨ ਕੈਲੰਡਰ ਵੀ ਤਾਂ ਧਾਰਮਿਕ ਨਜ਼ਰੀਏ ਨਾਲ ਹੀ ਹੋਂਦ ਵਿੱਚ ਆਇਆ ਪਰ ਇਤਿਹਾਸਿਕ ਤਰੀਕਾਂ ਲਿਖ ਕੇ ਲੋਕਾਂ ਨੂੰ ਉਲਝਾ ਦਿੱਤਾ। ਭਗਵਾਨ ਕ੍ਰਿਸ਼ਨ ਦਾ ਕਿਰਦਾਰ ਭਾਵੇ ਕਿੰਨਾ ਵੀ ਪੂਜਨੀਕ ਹੈ ਸੀ ਪਰ ਜਦੋਂ ਸਿਕੰਦਰ ਦੇ ਨਾਮ ਨਾਲ **326** ਬੀ. ਸੀ. ਲਾ ਕੇ ਭਗਵਾਨ ਕ੍ਰਿਸ਼ਨ ਦੀ ਕਰਮ ਭੂਮੀ, ਧਰਮ ਭੂਮੀ ਨੂੰ ਸਰ ਕਰਨ ਲਈ ਜਾਂਦਾ ਸਿਕੰਦਰ ਤਰੀਕਾਂ ਅਨੁਸਾਰ ਦਿਸਦਾ ਹੈ ਤਾਂ ਕਹਾਣੀ ਇਤਿਹਾਸਕ ਲਗਦੀ ਹੈ। ਭਾਰਤੀ ਗ੍ਰੰਥਾਂ ਉੱਪਨਿਸ਼ਦਾਂ, ਅੰਜੀਲਾਂ ਦੇ ਦਰਸ਼ਨ ਕਰਕੇ, ਸਮਝਦਾਰੀ ਨਾਲ ਪਾਤਰ ਚਿਤਰਣ ਬਦਲਕੇ, ਨਵੇਂ ਨਾਮਕਰਣ ਕਰਕੇ, ਸੰਨ ਸੰਮਤ ਦੇ ਫਰੇਮ ਵਿੱਚ ਜੜ ਕੇ ਐਸਾ ਪੇਸ਼ ਕੀਤਾ ਕਿ ਹੁਣ ਤਾਂ ਇਹ ਵੀ ਪਤਾ ਕਰਨਾ ਔਖਾ ਹੋ ਗਿਆ ਕਿ ਸੱਚ ਕੀ ਹੈ ਤੇ ਮਨਘੜਤ ਕੀ ਹੈ? ਜੇ ਇਹ ਗੱਲ ਕਰਨੀ ਗੁਨਾਹ ਹੈ ਤਾਂ ਮੈਨੂੰ ਕੋਈ ਐਸੀ ਸਜ਼ਾ ਦਿਓ ਕਿ ਲੋਕੀ ਤ੍ਰਭਕਕੇ ਜਾਗ ਪੈਣ!


Academy of the Punjab in North America: http://www.apnaorg.com

# ਮੁਸਲਮਾਣੁ ਕਹਾਵਣੁ ਮੁਸਕਲੁ

ਇਸਲਾਮ ਤਾਂ ਧਰਮ ਹੈ, ਧਰਮ ਕਦੇ ਗ਼ਲਤ ਹੋ ਹੀ ਨਹੀਂ ਸਕਦਾ। ਜੋ ਗ਼ਲਤ ਹੈ, ਉਹ ਧਾਰਮਿਕ ਨਹੀਂ ਹੋ ਸਕਦਾ। ਸਦੀਆਂ ਪਹਿਲਾਂ ਦੀ ਗੱਲ ਹੈ ਕਿ ਪੰਜਾਬ, ਸਿੰਧ ਦੇ ਭਾਰਤੀ ਮੂਲ ਦੇ ਕੁਝ ਵਪਾਰੀ ਜੋ ਇਰਾਨ, ਬਸਰੇ ਬਗਦਾਦ ਵਿੱਚ ਜਾ ਵਸੇ ਸਨ, ਲੇਕਿਨ ਆਪਣੀ ਧਾਰਮਿਕ ਤ੍ਰਿਪਤੀ ਵਾਸਤੇ ਪੰਜਾਬ ਵੱਲ ਹੀ ਵੇਖਦੇ ਸਨ, ਉਨ੍ਹਾਂ ਨੂੰ ਆਪਣੇ ਮੂਲ ਨਾਲੋਂ ਤੋੜਿਆ ਵਿਛੋੜਿਆ ਗਿਆ। ਪਾਣਿਨੀ ਦੁਆਰਾ ਸਭ ਤੋਂ ਪਹਿਲਾਂ ਦੁਨੀਆਂ ਦੀ ਭਾਸ਼ਾ ਲਿਖਣ ਦਾ ਜੋ ਵਿਧੀ ਵਿਧਾਨ ਬਣਾਇਆ ਗਿਆ, ਉਸ ਵਿਧੀ ਵਿਧਾਨ ਤੇ ਕਾਬਜ਼ ਲੋਕਾਂ ਨੇ ਜਦੋਂ ਉਹ ਖਜ਼ਾਨਾ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਕਰ ਦਿੱਤਾ ਤਾਂ ਅਧਿਆਤਮਿਕਤਾ ਦੇ ਦਰਵਾਜ਼ੇ ਖ੍ਹੋਲਣ ਲਈ ਬਹੁਤ ਸਾਰੇ ਧਰਮ ਲੋੜ ਅਨੁਸਾਰ ਪੈਦਾ ਹੋ ਗਏ। ਬੇਬੀਲੋਨਿਕ ਸੱਭਿਅਤਾ ਦੀ ਲੋੜ ਹੀ ਨਾ ਪੈਂਦੀ ਜੇ ਸਾਰੇ ਦੇ ਸਾਰੇ ਅਧਿਆਤਮਿਕ ਲੋਕਾਂ ਨੂੰ ਅਧਿਆਤਮਿਕਤਾ ਤੋਂ ਧੱਕੇ ਨਾ ਵੱਜਦੇ। ਜੇ ਬ੍ਰਹਮਾ, ਬਿਸ਼ਨ, ਮਹੇਸ਼ ਕਾਬਜ਼ ਹੋ ਸਕਦੇ ਹਨ ਤਾਂ ਬਈ ਮੁਹੰਮਦ, ਕਰਾਈਸਟ ਜਾਂ ਸੁਕਰਾਤ ਕਿਉਂ ਨਹੀਂ ਕਬਜ਼ਾ ਕਰ ਸਕਦੇ । ਰੱਬ 'ਤੇ ਕਬਜ਼ਾ ਕਰਨ ਵਾਲਿਆਂ ਨੇ ਸਾਰੀ ਦੁਨੀਆਂ ਲੜਾ ਲੜਾ ਕੇ ਮਾਰ ਦਿੱਤੀ। ਦੁਨੀਆਂ ਵਿੱਚ ਜੀਣ ਦਾ ਸਭ ਤੋਂ ਵਧੀਆ ਤਰੀਕਾ ਹੈ ਧਾਰਮਿਕ ਜੀਵਨ। ਲੇਕਿਨ ਇਸ ਦੁਨੀਆਂ ਦੇ ਸਾਰੇ ਦੁਖਾਂਤ, ਸਾਰੇ ਯੁੱਧ ਧਰਮਾਂ ਕਾਰਣ ਹੀ ਹੋਏ ਹਨ। ਕਾਸ਼ ਅਸੀਂ ਧਰਮ ਦੇ ਅਰਥ ਸਮਝ ਸਕਦੇ।

ਬਾਬਰ ਨੇ ਤਾਂ ਸ਼ਾਇਦ ਧਾਰਮਿਕ ਬਰਾਬਰਤਾ ਵਾਸਤੇ ਅਯੁੱਧਿਆ ਵਿੱਚ ਮੰਦਰ ਨੂੰ ਮਸਜਦ ਬਣਾਇਆ ਹੋਵੇ ਪਰ ਧਰਮ ਦੇ ਨਾਂ ਤੇ ਯੁੱਧ ਕਰਵਾਉਣ ਵਾਲਿਆਂ ਦਾ ਕੀ ਕਰੀਏ ਨਾ ਤਾਂ ਹਿੰਦੂ ਗ਼ਲਤ ਹਨ ਤੇ ਨਾ ਹੀ ਮੁਸਲਮਾਨ ਗ਼ਲਤ ਹਨ, ਜੇ ਗ਼ਲਤ ਹੈ ਤਾਂ ਸਿਆਸਤ ਗ਼ਲਤ ਹੈ। ਬਾਬਰੀ ਮਸਜਿਦ ਦੇ ਮਾਮਲੇ ਵਿੱਚ ਸਤਾਰਾਂ ਸਾਲ, ਕਰੋੜਾਂ ਰੁਪਈਏ ਤੇ ਕਈ ਜਾਨਾਂ ਚਲੇ ਜਾਣ ਬਾਅਦ ਵੀ ਮਸਲਾ ਉਥੇ ਹੀ ਹੈ। ਜੇ ਭਲਾ ਮੰਦਰ ਵੀ ਬਣ ਜਾਵੇ ਤੇ ਲਾਗੇ ਬੰਨੇ ਕਿਧਰੇ ਮਸਜਿਦ ਵੀ ਬਣ ਜਾਵੇ ਤਾਂ ਕੀ ਨੁਕਸਾਨ ਹੈ। ਪਰ ਸਿਆਸਤਦਾਨਾਂ ਨੂੰ ਇਹ ਮਨਜ਼ੂਰ ਨਹੀਂ ਹੈ। ਜੇ ਝਗੜਾ ਹੀ ਖਤਮ ਹੋ ਗਿਆ ਤਾਂ ਫਿਰ ਸਿਆਸਤਦਾਨ ਕਿੱਧਰ ਜਾਣਗੇ ਜਾਗੋ ਵੀਰੋ! ਕਿਓਂ ਲੜ ਲੜ ਮਰਨ ਲੱਗੇ ਹੋ, ਕਿਤੇ ਇਵੇਂ ਨਾ ਹੋਵੇ ਕਿ ਸਿਆਸਤਦਾਨ ਹੀ ਰਹਿ ਜਾਣ ਬਾਕੀ ਸਾਰੇ ਜਾਂਦੇ ਲੱਗਣ। ਅੰਗਰੇਜ਼ ਸਾਡੀ ਆਪਸੀ ਲੜਾਈ ਦੇ ਕਾਰਣ ਜਾਣਦੇ ਹਨ। ਪਾਕਿਸਤਾਨੀਆਂ ਦਾ ਅਤੇ ਭਾਰਤੀ ਲੋਕਾਂ ਦਾ ਤਾਂ ਕੋਈ ਝਗੜਾ ਨਹੀਂ ਹੈ, ਲੜਾਈ ਤਾਂ ਸਿਆਸਤ ਦੀ ਹੈ। ਪਾਕਿਸਤਾਨ ਵਿੱਚ ਸਰਕਾਰ ਅਤੇ ਧਾਰਮਿਕ ਜਥੇਬੰਦੀਆਂ ਦੀ ਲੜਾਈ ਅੰਗਰੇਜ਼ਾਂ ਦੀ ਸਿਆਸਤ ਹੈ। ਮੁਸਲਮਾਨ ਆਪਸ ਵਿੱਚ ਲੜਦੇ ਰਹਿਣ ਇਹ ਹੀ ਤਾਂ ਸਿਆਸਤ ਹੈ। ਪਾਕਿਸਤਾਨ ਨੂੰ ਐਟਮੀਂ ਸ਼ਕਤੀ ਬਣਨ ਦੀ ਲੋੜ ਹੀ ਨਹੀਂ ਸੀ ਪਰ ਅੰਗਰੇਜ਼ਾਂ ਨੇ ਔਖੇ ਹੋ ਕੇ ਪਾਕਿਸਤਾਨ ਦਾ ਬੰਬ ਬਣਵਾਇਆ। ਕ੍ਰਿਸਚੀਐਨਿਟੀ ਅਤੇ ਇਸਲਾਮ ਦੀ ਆਪਸੀ ਲੜਾਈ ਜੇ ਹਿੰਦੂ ਮੁਸਲਿਮ ਲੜਾਈ ਬਣ ਜਾਵੇ ਤਾਂ ਜਿੱਤ ਅੰਗਰੇ ਜਾਂ ਦੀ ਹੈ। ਦੁਨੀਆਂ ਭਰ ਵਿੱਚ ਵੱਸਦੇ ਡੇਢ੍ਹ ਅਰਬ ਮੁਸਲਮਾਨ ਅਤੇ ਅਰਬ ਤੋਂ ਉੱਪਰ ਹਿੰਦੂ ਜੇ ਆਪਸ ਵਿੱਚ ਲੜਦੇ ਰਹਿਣ ਤਾਂ ਸਿਆਸਤਦਾਨ ਆਪਣੀ ਉਮਰ ਕਾਮਯਾਬੀ ਨਾਲ ਬਿਤਾ ਜਾਣਗੇ। ਮੇਰੀ ਉਮਰ ਦੇ ਤਾਂ ਸਾਰੇ ਲੋਕ ਮਰ ਮੁੱਕ ਜਾਣਗੇ। ਕੀ ਕਰ ਸਕਦੇ ਹਾਂ, 'ਆਪ ਮੋਏ ਜੱਗ ਪਰਲੋ'। ਗੁਰੁ ਨਾਨਕ ਫੁਰਮਾਉਂਦੇ ਹਨ 'ਮੁਸਲਮਾਣੁ ਕਹਾਵਣੁ ਮੁਸਕਲੁ' ਭਲਾ ਅਸੀਂ ਸਮਝਣ ਦਾ ਯਤਨ ਵੀ ਕੀਤਾ ਕਿ ਇਸਦਾ ਅਰਥ ਕੀ ਹੈ ?


Academy of the Punjab in North America: http://www.apnaorg.com

# ਆਪਣੇ ਅਤੀਤ ਦਾ ਦਰਦ

ਇਤਿਹਾਸ ਬੀਤ ਗਈ ਕਹਾਣੀ ਨੂੰ ਆਖਦੇ ਨੇ। ਕੱਲ੍ਹ ਜੋ ਬੀਤ ਗਿਆ, ਉਸਕੱਲ੍ਹ ਦੀ ਕਹਾਣੀ ਅੱਜ ਇਤਿਹਾਸ ਲੱਗ ਰਹੀ ਹੈ। ਲੇਕਨ ਜੋ ਕੱਲ੍ਹ ਆਉਣ ਵਾਲਾ ਹੈ, ਉਸ ਕੱਲ੍ਹ ਵਿੱਚ ਅੱਜ ਦਾ ਵਰਤਮਾਨ ਇਤਿਹਾਸ ਲੱਗੇਗਾ। ਇੱਕ ਇਤਿਹਾਸ ਬੀਤ ਚੁੱਕਾ, ਇੱਕ ਹਾਲੇ ਬੀਤ ਰਿਹਾ। ਬੀਤ ਚੁੱਕੇ ਸਮੇਂ ਨੂੰ ਅਸੀਂ ਇਸ ਲਈ ਯਾਦ ਕਰਦੇ ਹਾਂ ਕਿ ਜੋ ਗਲਤੀਆਂ ਸਾਡੇ ਤੋਂ ਜਾਣੇ ਅਣਜਾਣੇ ਹੋ ਗਈਆਂ ਅੱਗੇ ਤੋਂ ਨਾ ਕਰੀਏ। ਲੇਕਿਨ ਗਿਣ ਕੇ ਦੇਖ ਲਓ ਹਰ ਨਵੇਂ ਇਤਿਹਾਸ ਵਿੱਚ ਅਸੀਂ ਪੁਰਾਣੇ ਤੋਂ ਵੱਧ ਗ਼ਲਤੀਆਂ ਕਰਦੇ ਹਾਂ। ਜਾਣਦਿਆਂ ਅਣਜਾਣ ਬਣ ਕੇ ਅਸੀਂ ਅੱਜ ਤੱਕ ਕੀ ਖੱਟਿਆ। ਆਪਣਾ ਇਤਿਹਾਸ ਹੋਰ ਤਾਂ ਕਿਸੇ ਨੇ ਨਹੀਂ ਬਣਾਇਆ। ਚੰਗੀਆਂ ਜਾਂ ਮਾੜੀਆਂ ਆਪਣੇ ਆਪਣਿਆਂ ਦੀਆਂ ਹੀ ਤਾਂ ਕਰਤੂਤਾਂ ਹਨ, ਚਲੋ ਸਿਫਤਾਂ ਕਹਿ ਲਓ। ਲੇਕਿਨ ਜੋ ਇਤਿਹਾਸ ਅਸੀਂ ਅੱਜ ਬਣਾ ਰਹੇ ਹਾਂ, ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਪਤਾ ਨਹੀਂ ਕਿਹੜੇ ਅੱਖਰਾਂ ਵਿੱਚ ਲਿਖਣ। ਐਨੇ ਪੁਰਾਤਨ ਤੇ ਅਮੀਰ ਵਿਰਸੇ ਨੂੰ ਅਸੀਂ ਕਿਵੇਂ ਲੀਰੋ ਲੀਰ ਕਰੀ ਬੈਠੇ ਹਾਂ, ਇਸਦੇ ਕਾਰਣ ਘਟਨਾਵਾਂ ਤੇ ਨਤੀਜੇ ਅਸੀਂ ਜਾਣਦੇ ਹਾਂ। ਲੇਕਿਨ ਪਤਾ ਨਹੀਂ ਕਿਉਂ ਇਵੇਂ ਲਗਦਾ ਜਿਵੇਂ ਸਾਨੂੰ ਕਿਸੇ ਗੱਲ ਦਾ ਕੋਈ ਪਛਤਾਵਾ ਨਹੀਂ ਹੈ।

ਸਾਡਾ ਇਤਿਹਾਸ ਪੰਜ ਹਜ਼ਾਰ ਸਾਲ ਪੁਰਾਣਾ ਮਿਲਦਾ ਹੈ। ਉਸ ਤੋਂ ਪਹਿਲਾਂ ਦਾ ਕੋਈ ਸਾਰਥਕ ਸਬੂਤ ਨਹੀਂ ਮਿਲਦਾ। ਰਿਗਵੇਦ ਵਿੱਚ ਲਫਜ਼ ਵਰਤਿਆ ਸਪਤਸਿੰਧਵ। ਦੇਵਨਾਗਰੀ ਲਿੱਪੀ ਤੇ ਸੰਸਕ੍ਰਿਤ ਭਾਸ਼ਾ ਵਿੱਚ ਲਿਖੇ ਵੇਦਾਂ ਦੇ ਅਰਥ ਕਰਨਵਾਲੇ ਇਸਦੇ ਅਰਥ ਕਰਦੇ ਹਨ ਸੱਤ ਪਾਣੀ। ਸੱਤ ਦਰਿਆ ਸਿੰਧ - ਜੇਹਲਮ ਝਨ੍ਹਾਬ - ਰਾਵੀ- ਬਿਆਸ - ਸਤਲੁਜ ਅਤੇ ਸਰਸਵਤੀ ਜਿਸ ਨੂੰ ਘੱਗਰ ਦਰਿਆ ਵੀ ਆਖਦੇ ਹਨ। ਇਹ ਇਲਾਕਾ ਤਕਰੀਬਨ ਦੋ ਲੱਖ ਵਰਗ ਮੀਲ ਦਾ ਇਲਾਕਾ ਸੀ, ਅਜੋਕੇ ਪੰਜਾਬ ਤੋਂ ਲਗ ਭਗ ਸੱਤ ਗੁਣਾ ਵੱਡਾ, ਇਸ ਇਲਾਕੇ ਦੇ ਲੋਕ ਪੰਜਾਬੀ ਸਨ। ਲਹੌਰੀ ਪੰਜਾਬੀ, ਬਿਸਤ ਦੋਆਬੀ, ਲਹਿੰਦੀ ਪੰਜਾਬੀ, ਸਿੰਧੀ ਤੇ ਪਹਾੜੀ ਬੋਲਦੇ। ਮਿਹਨਤ ਮਜ਼ਦੂਰੀ ਕਰਨ ਵਾਲੇ ਸਿੱਧੇ ਸਾਦੇ ਲੋਕ ਸਨ ਕਿਉਂਕਿ ਪੰਜਾਬੀ ਤਾਂ ਇਨ੍ਹਾਂ ਆਮ ਲੋਕਾਂ ਦੀ ਭਾਸ਼ਾ ਸੀ, ਇਸ ਕਰਕੇ ਸਾਡੇ ਧਾਰਮਿਕ ਆਗੂਆਂ ਨੇ ਪਤਾ ਨਹੀਂ ਕੀ ਸੋਚ ਕੇ ਵੇਦਾਂ ਸ਼ਾਸਤਰਾਂ ਦੀ ਰਚਨਾ ਕਰਨ ਲੱਗਿਆ ਐਸੀ ਭਾਸ਼ਾ ਚੁਣੀ ਜਿਸਨੂੰ ਆਮ ਲੋਕ ਪੜ੍ਹ ਨਾ ਸਕਣ। ਇਹ ਹੀ ਕਾਰਨ ਹੈ ਕਿ ਉਰਦੂ ਫ਼ਾਰਸੀ ਹੌਲੀ ਹੌਲੀ ਕਾਬਜ਼ ਹੋ ਗਈ। ਉਰਦੂ ਭਾਸ਼ਾ ਕਿਉਂਕਿ ਪੰਜਾਬੀ ਨਾਲ ਮਿਲਦੀ ਜੁਲਦੀ ਭਾਸ਼ਾ ਸੀ, ਇਸ ਕਰਕੇ ਬਹੁਤ ਜਲਦੀ ਪ੍ਰਚਲਿਤ ਹੋ ਗਈ। ਸੰਸਕ੍ਰਿਤ ਸਿਰਫ਼ ਗ੍ਰੰਥਾਂ ਤੀਕ ਹੀ ਸੀਮਤ ਰਹਿ ਗਈਤੇ ਉਰਦੂ ਫ਼ਾਰਸੀ ਸਰਕਾਰੇ ਦਰਬਾਰੇ ਵੀ ਕਾਬਜ਼ ਹੋ ਗਈ।

ਰਹਿੰਦੀ ਕਸਰ ਸੂਫੀ ਕਵੀਆਂ ਨੇ ਪੂਰੀ ਕਰ ਦਿੱਤੀ । ਆਮ ਲੋਕਾਂ ਦੇ ਸਮਝ ਵਿੱਚ ਨਾ ਆ ਸਕਣ ਵਾਲੀ ਭਾਸ਼ਾ ਸੰਸਕ੍ਰਿਤ ਵਿੱਚ ਲਿਖ ਕੇ ਜੋ ਜੀਵਨ ਦਾ ਰਹੱਸਵੇਦਾਂ ਵਿੱਚ ਕੈਦ ਕਰਕੇ ਰੱਖਿਆ ਹੋਇਆ ਸੀ, ਸਰਲ ਭਾਸ਼ਾ ਵਿੱਚ ਸੂਫੀਆਂ ਨੇ ਲੋਕਾਂ ਤੱਕ ਪਹੁੰਚਾਇਆ। ਆਮ ਜੀਵਨ ਵਿੱਚੋਂ ਉਦਾਰਣਾਂ ਦੇ ਕੇ ਆਮ ਲੋਕਾਂ ਦੇ ਸਮਝ ਵਿੱਚ ਆ ਸਕਣ ਵਾਲੀ ਭਾਸ਼ਾ ਵਿੱਚ ਲਿਖੀ ਸੂਫ਼ੀ ਕਵਿਤਾ ਪੰਜਾਬੀਆਂ ਨੇ ਰੱਜ ਰੱਜ ਕੇ ਗਾਈ। ਉਰਦੂ ਫ਼ਾਰਸੀ ਏਨੀ ਪ੍ਰਚਲਿਤ ਹੋ ਗਈ ਕਿ ਲੋਕਾਂ ਨੇ ਲਿਖਣੀ ਪੜ੍ਹਨੀ ਵੀ ਸਿੱਖ ਲਈ। ਪੰਜਾਬ ਦੇ ਆਮ ਲੋਕਾਂ ਨੇ ਸਭ ਤੋਂ ਪਹਿਲਾਂ ਉਰਦੂ ਫ਼ਾਰਸੀ ਵਾਲੀ ਲਿੱਪੀ ਜੋ ਪੁੱਠੇ ਪਾਸਿਓਂ ਲਿਖ ਹੁੰਦੀ ਹੈ, ਲਿਖਣੀ ਪੜ੍ਹਨੀ ਸਿੱਖੀ। ਸਾਡੀ ਕੌਮ ਦੇ ਲੰਬੜਦਾਰਾਂ ਨੇ ਸੋਚਣ ਦੀ ਖੇਚਲ ਹੀ ਨਹੀਂ ਕੀਤੀ ਕਿ ਪੰਜਾਬੀ ਨੂੰ ਉਰਦੂ ਵਿੱਚ ਲਿਖਣਾ ਸਿੱਖ ਕੇ ਭਾਸ਼ਾ ਨੂੰ ਸੰਵਾਰ ਰਹੇ ਹਨ ਜਾਂ ਵਿਗਾੜ ਰਹੇ ਹਨ। ਇਸ ਵਿਸ਼ੇ ਤੇ ਅਸੀਂ ਘੂਕ ਸੁੱਤੇ ਰਹੇ ਤੇ ਕੀ ਦਾ ਕੀ ਹੋ ਗਿਆ। ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿੱਚ ਸਰਕਾਰੀ ਭਾਸ਼ਾ ਉਰਦੂ ਫ਼ਾਰਸੀ ਸੀ। ਭਾਵੇਂ ਤਿੰਨ ਸੌ ਸਾਲ ਪਹਿਲਾਂ ਗੁਰੂ ਅੰਗਦ ਦੇਵ ਜੀ ਨੇ ਪੈਂਤੀ ਅੱਖਰੀ ਆਮ ਲੋਕਾਂ ਵਾਸਤੇ ਪੰਜਾਬੀ ਭਾਸ਼ਾ ਦੀ ਪੰਜਾਬੀ ਲਿੱਪੀ ਗੁਰਮੁਖੀ ਬਣਾਈ ਸੀ ਪਰ ਮਹਾਰਾਜਾ ਰਣਜੀਤ ਸਿੰਘ


Academy of the Punjab in North America: http://www.apnaorg.com

ਦੇ ਰਾਜ ਵਿੱਚ ਨਾ ਰਾਜੇ ਨੂੰ ਤੇ ਨਾ ਪਰਜਾ ਨੂੰ ਖਿਆਲ ਆਇਆ ਕਿ ਕਿੱਡੀ ਵੱਡੀ ਗ਼ਲਤੀ ਕਰ ਰਹੇ ਹਨ। ਅੱਜ ਤੱਕ ਕਿਸੇ ਨੇ ਇਹ ਗਲਤੀ ਨਹੀਂ ਚਿਤਾਰੀ।

ਆਪਣੀ ਮਾਤ ਭਾਸ਼ਾ ਦਾ ਅਤੀਤ ਦਿਲ ਨੂੰ ਦਰਦ ਦੇ ਸਿਵਾ ਹੋਰ ਕੁਝ ਨਹੀਂ ਦੇ ਸਕਦਾ। ਰੋਣ ਨੂੰ ਦਿਲ ਕਰਦਾ ਹੈ ਪਰ ਰੋ ਕੇ ਦੱਸੀਏ ਕਿਸਨੂੰ? ਕਿਸ ਦੀ ਸ਼ਕਾਇਤ ਕਿਸ ਕੋਲ ਕਰੀਏ? ਕਹਿੰਦੇ 'ਜੇ ਮਾਂ ਹੋਵੇ ਯਾਰਨੀ ਪੁੱਤ ਪ੍ਰਚਾਰਨ ਕੰਮ ਨਾ ਚੰਗਾ' ਲੇਕਿਨ ਪੁੱਤ ਕਰੇ ਤਾਂ ਕੀ ਕਰੇ। ਕਾਬਲ ਦਰਿਆ ਤੋਂ ਲੈ ਕੇ ਜਮੁਨਾ ਤੱਕ ਜੋ ਵੀ ਵਸੋਂ ਸੀ, ਸਾਰੇ ਦੇ ਸਾਰੇ ਪੰਜਾਬੀ ਸਨ। ਅੱਜ ਕੀ ਹੋਇਆ, ਰਹਾਇਸ਼ ਤਾਂ ਓਥੇ ਹੀ ਹੈ, ਲੋਕ ਵੀ ਓਹੀ ਨੇ, ਦਾਦੇ ਪੜਦਾਦੇ ਤਾਂ ਸਾਰੇ ਪੰਜਾਬੀ ਸਨ ਲੇਕਨ ਪੋਤਰੇ ਨੱਤੇ, ਕੋਈ ਅਫ਼ਗਾਨਿਸਤਾਨੀ ਕਹਾਉਂਦਾ ਹੈ ਤੇ ਕੋਈ ਪਾਕਿਸਤਾਨੀ, ਹੋਰ ਤਾਂ ਹੋਰ ਅੰਬਾਲੇ ਬੈਠੇ ਉਹੀ ਲੋਕ ਪੰਜਾਬੀਆਂ ਨੂੰ ਆਪਣੇ ਦੁਸ਼ਮਣ ਮੰਨਦੇ ਹਨ। ਮੈਂ ਇੱਕ ਦਿਨ ਬੈਠਾ ਸੋਚਦਾ ਸਾਂ ਕਿ ਜੇ ਕਿਸੇ ਨੇ ਹੋਰ ਕਿਸੇ ਭਾਸ਼ਾ ਵਿੱਚ ਲਿਖਣਾ ਹੋਵੇ ਚੰਬੇ ਦੀਏ ਬੰਦ ਕਲੀਏ, ਕੇਹੜੇ ਵੇਲੇ ਤੈਨੂੰ ਰੱਬ ਨੇ ਬਣਾਇਆ, ਸੋਚਾਂ ਵਿੱਚ ਆਪ ਪੈ ਗਿਆ, ਦੂਜਾ ਚੰਦ ਕਿੱਧਰੋਂ ਚੜ੍ਹ ਆਇਆ। ਤਾਂ ਭਲਾ ਕਿਵੇਂ ਲਿਖੂ ਕਿਉਂਕਿ ਚੰਬੇ ਦੀਆਂ ਕਲੀਆਂ ਵਿਚਾਰੀਆਂ ਪੰਜਾਬਣਾਂ ਤਾਂ ਰਹੀਆਂ ਹੀ ਨਹੀਂ । ਸਮਝ ਨਹੀਂ ਲਗਦੀ ਆਪਣੇ ਅਤੀਤ ਨੂੰ ਯਾਦ ਕਰਕੇ ਰੋਵਾਂ ਕਿ ਹੱਸਾਂ। ਆਪਣਾ ਝੱਗਾ ਚੁੱਕਿਆਂ ਆਪਣਾ ਹੀ ਢਿੱਡ ਨੰਗਾ ਹੋਣਾ।

ਸ਼ਾਇਦ ਅਸੀਂ ਪਤਾ ਲਾਉਣਾ ਹੀ ਨਹੀਂ ਚਾਹੁੰਦੇ ਕਿ ਕਿੱਧਰ ਨੂੰ ਜਾ ਰਹੇ ਹਾਂ। ਸਾਡੇ ਬੱਚੇ ਅੰਗਰੇਜ਼ੀ ਸਿੱਖਦੇ ਸਾਨੂੰ ਬੜੇ ਚੰਗੇ ਲਗਦੇ ਨੇ, ਲੇਕਿਨ ਅੰਗਰੇਜ਼ੀ ਦਾ ਪਾਰਾ ਕਿਤੇ ਸਾਡੇ ਹੱਡ ਤਾਂ ਨਾ ਗਾਲ ਦਊ। ਮਦਰ ਟਰੈਸਾ ਨੂੰ ਸਾਰੀ ਦੁਨੀਆਂ ਬੜੇ ਸਤਿਕਾਰ ਨਾਲ ਯਾਦ ਕਰਦੀ ਹੈ। ਮਦਰ ਟਰੈਸਾ ਨੇ ਬਹੁਤ ਬੱਚਿਆਂ ਦੀ ਮਾਂ ਬਣ ਸਕਣ ਦ ੍ਮਾਣ ਪ੍ਰਾਪਤ ਕੀਤਾ। ਲੱਖਾਂ ਬੱਚਿਆਂ ਨੂੰ ਵਧੀਆ ਸਿੱਖਿਆ ਦੇਣਾ ਕੋਈ ਹਾਰੀ ਸਾਰੀ ਦਾ ਕੰਮ ਤਾਂ ਹੈ ਨਹੀਂ ਲੇਕਿਨ ਲੱਖਾਂ ਬੱਚੇ ਐਨੇ ਸੌਖੇ ਤਰੀਕੇ ਨਾਲ ਇਸਾਈ ਵੀ ਨਹੀਂ ਸਨ ਬਣਾਏ ਜਾ ਸਕਦੇ। ਪੰਜਾਬ ਦੀ ਧਰਤੀ 'ਤੇ ਲਗਦਾ ਕਈ ਮਦਰ ਟਰੈਸਾਂ ਨੋਬਲ ਪਰਾਈਜ਼ ਲੈ ਲੈ ਕੇ ਗਈਆਂ। ਪਰ ਸਾਡੀ ਜ਼ਾਤ ਜ਼ਰੂਰ ਵਿਗਾੜ ਕੇ ਧਰ ਗਈਆਂ ।

ਹਿੰਦੀ ਦਾ ਇੱਕ ਗੀਤ ਹੈ – 'ਸਭ ਕੁਛ ਲੁਟਾ ਕੇ ਹੋਸ਼ ਮੇਂ ਆਏ ਤੋਂ ਕਿਆ ਕੀਆ। ' ਪਰ ਮੈਨੂੰ ਤਾਂ ਫ਼ਿਕਰ ਹੈ ਕਿ ਸਭ ਕੁਝ ਲੁਟਾ ਕੇ ਵੀ ਸਾਨੂੰ ਹੋਸ਼ ਨਹੀਂ ਆਈ। ਸਾਡੀ ਕੌਮ ਦੇ ਆਗੂਆਂ ਨੂੰ ਕੀ ਕਹਾਂ। ਆਪਣੀਆਂ ਕੁਰਸੀਆਂ ਖਾਤਰ ਪੰਜਾਬ, ਪੰਜਾਬੀ ਬੋਲੀ ਅਤੇ ਪੰਜਾਬੀਅਤ ਦਾ ਨਾਸ ਕਰੀ ਜਾਂਦੇ ਹਨ । ਆਪਣੀ ਕੁਰਸੀ ਨਹੀਂ ਛੱਡਣੀ ਬਾਕੀ ਭਾਵੇਂ ਸਭ ਕੁਝ ਜਾਂਦਾ ਰਹੇ। ਮੈਨੂੰ ਤਾਂ ਕਈ ਵਾਰ ਡਰ ਲਗਦਾ ਕਿ ਜੇ ਕੁਰਸੀ ਡਾਉਣ ਜੋਗੀ ਜਗਾਹ ਹੀ ਨਾ ਰਹੀ ਸਾਡੇ ਕੋਲ ਤਾਂ ਸਾਡੇ ਚੌਧਰੀ ਆਪਣੀ ਕੁਰਸੀ ਰੱਖਣਗੇ ਕਿੱਥੇ? ਕਈ ਵਾਰ ਦਿਲ ਕਰਦਾ ਤਕੜਾ ਹੋ ਕੇ ਆਪਣੀ ਕੌਮ ਦਿਆਂ ਚੌਧਰੀਆਂ ਨੂੰ ਕਹਾਂ – ਵੀਰਾ ਛੱਡ ਕੇ ਦੇਖੋ, ਕੀ ਰੱਖਿਆ ਬੱਲੇ ਬੱਲੇ ਵਿੱਚ, ਪਰ ਡਰ ਵੀ ਲਗਦਾ ਸੁਰਜੀਤ ਪਾਤਰ ਦੇ ਬੋਲ ਯਾਦ ਕਰਦਾਂ – 'ਜੀਣ ਜੋਗਾ ਤਾਂ ਹੋ, ਤੇਰਾ ਵੀ ਕਤਲ ਕਰ ਦਿਆਂਗੇ। ' ਮੈਨੂੰ ਤਾਂ ਲਗਦਾ ਡਰ, ਚੁੱਪ ਰਹਿਣਾਂ ਕੁਝ ਨਹੀਂ ਕਹਿਣਾ। ਵੰਡਣਾ ਪਤਾ ਨਹੀਂ ਕੀ ਹੈ, ਆਪਣੀ ਚੀਜ਼ ਜੇ ਆਪ ਨਹੀਂ ਵੰਡ ਸਕਦੇ ਤਾਂ ਵੰਡੀਆਂ ਪਾਉਣ ਲਈ ਸੱਦੀ ਬਿੱਲੀ ਨੇ ਸਭ ਕੁਝ ਖਾ ਜਾਣਾ। ਚੱਲ ਮੈਨੂੰ ਕੀ ਮਰਨ ਭੁੱਖੇ !

*****



Academy of the Punjab in North America: http://www.apnaorg.com

# ਬੰਦੇ ਦਾ ਮੁੱਢ ਕਦੀਮ

ਜਨਮ ਕੁੰਡਲੀ ਬਣਾਉਣ ਵਾਲੇ ਸਾਰੇ ਵਿਦਵਾਨ ਇਸ ਗੱਲ ਨਾਲ ਸਹਿਮਤ ਹਨ ਕਿ ਜੇ ਸਾਡੇ ਜਨਮ ਦਾ ਸਹੀ ਸਮਾਂ, ਸਹੀ ਤਾਰੀਕ ਅਤੇ ਸਹੀ ਅਸਥਾਨ ਦਾ ਪਤਾ ਹੋਵੇ ਤਾਂ ਬਹੁਤ ਹੱਦ ਤੱਕ ਪਤਾ ਲੱਗ ਜਾਂਦਾ ਹੈ ਕਿ ਇਨਸਾਨ ਦੇ ਸਿਤਾਰੇ ਕਿਸ ਤਰ੍ਹਾਂ ਦੇ ਹਨ। ਸੂਰਜ ਦੇ ਦੁਆਲੇ ਘੁੰਮ ਰਹੇ ਇਹ ਗ੍ਰਹਿਆਂ ਦੀ ਜੋ ਆਪਣੀ ਆਕਰਸ਼ਣ ਸ਼ਕਤੀ ਹੈ, ਉਸਦਾ ਪ੍ਰਭਾਵ ਇਕ ਦੂਸਰੇ ਗ੍ਰਹਿ ਤੇ ਪੈਂਦਾ ਹੈ। ਧਰਤੀ ਸੂਰਜ ਤੋਂ ਲੱਖਾਂ ਮੀਲ ਦੂਰ ਹੋਣ ਦੇ ਬਾਵਜੂਦ ਵੀ ਧਰਤੀ ਉਤੇ ਸੂਰਜ ਦੀ ਆਕਰਸ਼ਣ ਸ਼ਕਤੀ ਦਾ ਪ੍ਰਭਾਵ ਪੈਂਦਾ ਹੈ।

ਜੇ ਜਨਮ ਅਸਥਾਨ ਦੇ ਕਰਕੇ ਸਿਤਾਰੇ ਪਤਾ ਚਲ ਸਕਦੇ ਹਨ ਤੇ ਸਿਤਾਰਿਆਂ ਦੀ ਸਹੀ ਜਾਣਕਾਰੀ ਹੋਵੇ ਤਾਂ ਫਿਰ ਸਾਡਾ ਜਨਮ ਅਸਥਾਨ ਵੀ ਭਾਲਿਆ ਜਾ ਸਕਦਾ ਹੈ। ਭੂ ਮਧ ਰੇਖਾ ਤੋਂ ਉਤਰ ਵੱਲ, ਦਖਣ ਵੱਲ ਜਾਂ ਪੂਰਬ ਪੱਛਮ ਕਿਸ ਪਾਸੇ ਜਨਮ ਹੋਇਆ। ਜੇ ਜਨਮ ਦਾ ਪਤਾ ਕਰਕੇ ਸਿਤਾਰੇ ਪਤਾ ਚਲ ਸਕਦੇ ਹਨ ਤਾਂ ਮੈਂ ਯਕੀਨ ਨਾਲ ਕਹਿ ਸਕਦਾ ਹਾਂ ਕਿ ਸਿਤਾਰਿਆਂ ਦੀ ਸਹੀ ਜਾਣਕਾਰੀ ਹੋਵੇ ਤਾਂ ਅਸੀਂ ਸਹੀ ਜਨਮ ਅਸਥਾਨ ਦਾ ਵੀ ਪਤਾ ਲਗਾ ਸਕਦੇ ਹਾਂ। ਅੱਜ ਤੱਕ ਦੀ ਖੋਜ ਮੁਤਾਬਕ ਜਿੰਨੀ ਕੁ ਅਸੀਂ ਸਿਤਾਰਿਆਂ ਦੀ ਜਾਣਕਾਰੀ ਰੱਖਦੇ ਹਾਂ, ਉਸ ਮੁਤਾਬਕ ਦੇਖੀਏ ਤਾਂ ਧਰਤੀ ਉਤੇ ਕਈ ਕਰੋੜ ਸਾਲ ਪਹਿਲਾਂ ਪਾਣੀ ਮੌਜੂਦ ਸੀ। ਇਸ ਦਾ ਭਾਵ ਕਈ ਕਰੋੜ ਸਾਲ ਪਹਿਲਾਂ ਹਵਾ ਵੀ ਸੀ ਕਿਉਂਕਿ ਹਵਾ ਬਿਨਾ ਪਾਣੀ ਦੀ ਹੋਂਦ ਅਸੰਭਵ ਹੈ। ਪਾਣੀ ਸੀ, ਹਵਾ ਸੀ, ਧਰਤੀ ਸੀ ਤੇ ਇਹ ਵੀ ਸਾਨੂੰ ਪਤਾ ਹੈ ਕਿ ਧਰਤੀ ਦੇ ਵਿਚਕਾਰ ਹਾਲੇ ਵੀ ਏਨੀ ਗਰਮੀ ਹੈ ਕਿ ਧਰਤੀ ਦੇ ਆਰਪਾਰ ਮੋਰੀ ਨਹੀਂ ਕੀਤੀ ਜਾ ਸਕਦੀ। ਕਹਿਣ ਤੋਂ ਭਾਵ ਪਾਣੀ, ਹਵਾ, ਧਰਤੀ ਅਤੇ ਅਗਨ ਧਰਤੀ ਉਤੇ ਕਈ ਕਰੋੜਾਂ ਸਾਲ ਪਹਿਲਾਂ ਮੌਜੂਦ ਸਨ। ਜੇ ਮੈਂ ਅਰਬਾਂ ਸਾਲ ਕਹਾਂ ਤਾਂ ਵੀ ਕੋਈ ਇਸ ਨੂੰ ਗ਼ਲਤ ਨਹੀਂ ਕਹਿ ਸਕਦਾ। ਇਸ ਵਿਸ਼ੇ ਤੇ ਮੈਂ ਸੈਂਕੜੇ ਕਿਤਾਬਾਂ ਪੜ੍ਹੀਆਂ, ਬਹੁਤੀਆਂ ਅਗਰੇਜ਼ੀ ਵਿਚ ਹੀ ਲਿਖੀਆਂ ਹੋਈਆਂ ਹਨ। ਬਾਕੀ ਭਾਸ਼ਾਵਾਂ ਵਿਚ ਜੇ ਇੱਕੜ ਦੁੱਕੜ ਕਿਤਾਬਾਂ ਮਿਲਦੀਆਂ ਹਨ, ਉਹ ਵੀ ਅਗਰੇਜ਼ੀ ਦੀਆਂ ਲਿਖਤਾਂ ਦੀ ਨਕਲ ਮਾਰ ਕੇ ਹੀ ਲਿਖੀਆਂ ਲਗਦੀਆਂ ਹਨ। ਬੰਦੇ ਦੇ ਜਨਮ ਬਾਰੇ ਕਿ ਬੰਦਾ ਕਿੱਥੇ ਤੇ ਕਦੋਂ ਪੈਦਾ ਹੋਇਆ, ਇਸ ਬਾਰੇ ਬਹੁਤ ਹੀ ਅਜੀਬ ਅੰਦਾਜ਼ੇ ਲਗਾਏ ਹੋਏ ਹਨ। ਦਸ ਹਜ਼ਾਰ ਬੀ.ਸੀ. **30** ਹਜ਼ਾਰ ਬੀ.ਸੀ., **35** ਹਜ਼ਾਰ ਬੀ.ਸੀ., **50** ਹਜ਼ਾਰ ਬੀ.ਸੀ. ਤੇ ਕਿਤੇ ਕਿਤੇ **5** ਲੱਖ ਸਾਲ ਪਹਿਲਾਂ ਦੀ ਗੱਲ ਕੀਤੀ ਮਿਲਦੀ ਹੈ।

ਪੰਜ ਲੱਖ ਦੇ ਨਾਲ ਕਈਆਂ ਨੇ ਇਕ ਬਿੰਦੀ ਹੋਰ ਲਾ ਕੇ ਪੰਜਾਹ ਲੱਖ ਸਾਲ ਵੀ ਲਿਖ ਲਿਆ। ਚੈਸਟਰ ਸਟਾਰ ਦੀ ਕਿਤਾਬ 'ਹਿਸਟਰੀ ਆਫ਼ ਦੀ ਏਸ਼ੀਅਨ ਵਰਲਡ' ਵਿਚ **1**ਕਰੋੜ **57** ਲੱਖ ਸਾਲ ਦੀ ਵੀ ਗੱਲ ਕੀਤੀ ਹੈ।

ਆਦਮੀ ਦੇ ਮੁੱਢ ਕਦੀਮ ਬਾਰੇ ਇਹ ਜਿੰਨੇ ਵੀ ਹਵਾਲੇ ਮਿਲਦੇ ਹਨ, ਉਸ ਸਾਰੀ ਗੱਲਬਾਤ ਦਾ ਜ਼ਰੀਆ ਖੁਦਾਈ ਕਰਕੇ ਮਿਲੀਆਂ ਹੱਡੀਆਂ, ਪਿੰਜਰ ਤੇ ਇਨਸਾਨੀ ਨਿਸ਼ਾਨੀਆਂ ਹੀ ਹਨ। ਲੇਕਿਨ ਕਿਸੇ ਨੇ ਵੀ ਅੱਜ ਤੱਕ ਇਹ ਦਾਅਵਾ ਨਹੀਂ ਕੀਤਾ ਕਿ ਆਦਮੀ ਜਿਸਦਾ ਪਿੰਜਰ ਬਹੁਤ ਪੁਰਾਣਾ ਮਿਲਿਆ, ਇਸ ਆਦਮੀ ਦਾ ਜਨਮ ਕਿਥੇ ਹੋਇਆ ਹੋਊ। ਆਦਮੀ ਕੋਈ ਦਰੱਖ਼ਤ ਤਾਂ ਸੀ ਨਹੀਂ ਕਿ ਜਿਥੇ ਜੰਮਿਆ ਉਥੇ ਹੀ ਉਸਦੀ ਮੌਤ ਹੋਈ ਹੈ। ਯੂਨਾਨੀ ਸਭਿਅਤਾ ਬਾਰੇ ਬੜਾ ਕੁਝ ਲਿਖਿਆ ਗਿਆ। ਸੁੰਡੀ ਵਰਗੀ ਸ਼ਕਲ ਦਾ ਦੇਸ਼ ਹੈ ਇਟਲੀ, ਪਰ ਕਿਉਂਕਿ ਸਮੁੰਦਰ ਦਾ ਪਾਣੀ ਬਹੁਤ ਸੀ, ਇਸ ਲਈ ਸਮੁੰਦਰੀ ਤਟਾਂ ਤੇ ਹੀ ਬੰਦੇ ਦੀ ਸ਼ੁਰੂਆਤ ਕਰਦੇ ਹਨ। ਗਰੀਸ ਦੀ ਵੀ ਇਹ ਹੀ ਕਹਾਣੀ ਹੈ ਕਿ ਆਦਮੀ ਸਮੁੰਦਰ ਦੇ ਕਰਕੇ ਏਥੇ ਪੈਦਾ ਹੋਇਆ। ਅਫ਼ਰੀਕਾ ਤੇ ਅਰਬ ਦੇਸ਼ਾਂ ਵਿਚ ਦਰਿਆਵਾਂ ਦੇ ਕੰਢੇ ਆਦਮੀ ਮਿਲਿਆ ਦਸਦੇ ਹਨ। ਚੀਨ ਵਿਚ ਵੀ ਨਦੀ ਦੇ ਕਿਨਾਰੇ ਹੀ ਛੇ ਸੌ ਬੀ.ਸੀ. ਦੇ ਕਰੀਬ ਬੰਦਾ ਮਿਲਦਾ ਹੈ, ਲੇਕਿਨ ਕਿਸੇ ਨੇ ਵੀ ਆਦਮੀ ਦੀ ਕੁੰਡਲੀ ਨਹੀਂ ਬਣਾਈ। ਕੁੰਡਲੀ ਬਣਾਵਾਂਗੇ ਤਾਂ ਇਹ ਦਲੀਲ ਦੇਣੀ ਪਵੇਗੀ। ਹੱਡੀਆਂ ਮਿਲਣ ਕਰਕੇ ਜਨਮ ਦਾ ਤਾਂ ਅੰਦਾਜ਼ਾ ਨਹੀਂ ਨਾ ਲਗ ਸਕਦਾ।


Academy of the Punjab in North America: http://www.apnaorg.com

ਆਓ ਆਪਾਂ ਭੂ ਮਧ ਰੇਖਾ ਦੇ ਆਧਾਰ 'ਤੇ, ਕਰਕ ਰੇਖਾ ਦੇ ਆਧਾਰ 'ਤੇ, ਗ੍ਰਹਿਆਂ ਦੇ ਆਧਾਰ 'ਤੇ, ਧਰਤੀ ਦੀ ਬਣਤਰ ਦੇ ਆਧਾਰ 'ਤੇ, ਵਾਯੂਮਡਲ ਦੇ ਆਧਾਰ'ਤੇ, ਤਾਪਮਾਨ ਦੇ ਆਧਾਰ 'ਤੇ ਅਤੇ ਸਮੁੱਚੇ ਧਰਾਤਲ ਦੇ ਆਧਾਰ 'ਤੇ ਸਾਰੇ ਰਲ ਮਿਲਕੇ ਆਦਮੀ ਦੇ ਮੁਢ ਕਦੀਮ ਦੀ ਗਲ ਚਲਾਈਏ। ਜੇ ਕਿਤੋਂ ਕਮੀ ਰਹਿ ਗਈ ਤਾਂ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਮਿਹਨਤ ਕਰਕੇ ਸਹੀ ਜਨਮ ਕੁੰਡਲੀ ਬਣਾ ਲੈਣਗੀਆਂ। ਕਰੋੜਾਂ ਸਾਲ ਸ਼ਾਇਦ ਅਰਬਾਂ ਸਾਲ ਪਹਿਲਾਂ ਧਰਤੀ ਸੀ, ਪਾਣੀ ਸੀ, ਹਵਾਸੀ, ਗਰਮੀ ਸੀ ਤਾਂ ਫਿਰ ਆਦਮੀ ਦੇ ਵਜੂਦ ਦਾ ਬਾਕੀ ਕੀ ਹੈ ਜੋ ਨਹੀਂ ਸੀ। ਆਕਾਰ ਬਣ ਜਾਵੇ ਤਾਂ ਪੰਜੇ ਤੱਤ ਇਕੱਠੇ ਹੋ ਕੇ ਬੰਦਾ ਬਣ ਜਾਵੇ। ਮੇਰੇ ਕਹਿਣ ਤੋਂ ਭਾਵ ਜੇ ਪੰਜੇ ਤੱਤ ਅਰਬਾਂ ਸਾਲ ਪਹਿਲਾਂ ਹੀ ਮੌਜੂਦ ਸਨ ਤਾਂ ਕਿਸੇ ਨਾ ਕਿਸੇ ਆਕਾਰ ਵਿਚ, ਕਿਸੇ ਨਾ ਕਿਸੇ ਸ਼ਕਲ ਵਿਚ ਬੰਦਾ ਵੀ ਅਰਬਾਂ ਸਾਲ ਪਹਿਲਾਂ ਜਨਮਿਆ। ਬੰਦੇ ਦੇ ਵਜੂਦ ਵਾਸਤੇ ਪੰਜਾਂ ਤਤਾਂ ਦੀ ਜ਼ਰੂਰਤ ਹੈ ਤੇ ਜੇ ਪੰਜੇ ਹੀ ਅਰਬਾਂ ਸਾਲ ਪਹਿਲਾਂ ਮੌਜੂਦ ਸਨ ਤਾਂ ਮੈਨੂੰ ਕਹਿ ਲੈਣ ਦਿਓ ਕਿ ਆਦਮੀ ਅਰਬਾਂ ਸਾਲ ਪਹਿਲਾਂ ਪੈਦਾ ਹੋਇਆ। ਸਗੋਂ ਗ੍ਰਹਿਆਂ ਦੇ ਹਿਸਾਬ ਨਾਲ ਇਸ ਤੋਂ ਵੀ ਪਹਿਲਾਂ ਦੀ ਕੋਈ ਗੱਲ ਸੁਣਾਓਗੇ ਤਾਂ ਮੈਨੂੰ ਚੰਗਾ ਲੱਗੇਗਾ।

ਅਰਬਾਂ ਸਾਲ ਪਹਿਲਾਂ ਸਮੁੰਦਰ ਦਾ ਪਾਣੀ ਗਰਮੀ ਨਾਲ ਭਾਫ਼ ਬਣ ਉਡਦਾ, ਨਮੀ ਵਾਲੀ ਹਵਾ ਕਿਉਂਕਿ ਭਾਰੀ ਹੁੰਦੀ ਹੈ, ਬਦਲਾਂ ਦੇ ਰੂਪ ਵਿਚ ਇਹ ਹਵਾਵਾਂ ਉਨ੍ਹਾਂ ਇਲਾਕਿਆਂ ਵੱਲ ਉਡ ਤੁਰਦੀਆਂ ਜਿਧਰ ਹਵਾ ਹਲਕੀ ਹੋਵੇ । ਹਵਾ ਦੇ ਵਾਤਾਵਰਣ ਕਰਕੇ ਟਕਰਾ ਨਾਲ ਮੀਂਹ ਪੈਂਦੇ। ਮੀਹਾਂ ਦੇ ਪਾਣੀ ਨਦੀਆਂ ਨਾਲਿਆਂ ਵਿਚ ਦੀ ਹੁੰਦੇ ਹੋਏ ਫਿਰ ਹੌਲੀ ਹੌਲੀ ਸਮੁੰਦਰ ਵਿਚ ਆਣ ਰਲਦੇ। ਕੁਝ ਬੱਦਲ ਜੋ ਉਚੇ ਪਰਬਤਾਂ ਤੇ ਚਲੇ ਜਾਂਦੇ ਜੋ ਪਰਬਤ ਭੂ ਮਧ ਰੇਖਾ ਤੋਂ ਬਹੁਤ ਦੂਰ ਹੁੰਦੇ। ਨਾਰਥ ਪੋਲ ਵੱਲ ਦੇ ਸਾਰੇ ਉਚੇ ਪਹਾੜਾਂ ਉਤੇ ਐਨੀ ਠੰਡ ਹੁੰਦੀ ਕਿ ਸਮੁੰਦਰੀ ਹਵਾਵਾਂ ਓਥੇ ਪਹੁੰਚਦੀਆਂ ਹੀ ਜੰਮ ਜਾਂਦੀਆਂ। ਫਿਰ ਕਦੇ ਗਰਮ ਹਵਾ ਦੇ ਵਗਣ ਨਾਲ ਬਰਫਾਂ ਥੋੜ੍ਹਾ ਬਹੁਤ ਖੁਰ ਵੀ ਜਾਂਦੀਆਂ ਤੇ ਉਹ ਪਾਣੀ ਵੀ ਨਦੀਆਂ ਨਾਲਿਆਂ ਵਿਚ ਬਰਸਾਤੀ ਪਾਣੀਆਂ ਨਾਲ ਰਲਦਾ ਰਲਾਉਂਦਾ ਸਮੁੰਦਰ ਵਿਚ ਚਲਾ ਜਾਂਦਾ। ਹੁਣ ਤੱਕ ਆਪਾਂ ਇਸ ਸਿੱਟੇ ਤੇ ਪਹੁੰਚੇ ਹਾਂ ਕਿ ਅਰਬਾਂ ਸਾਲ ਪਹਿਲਾਂ ਬੰਦੇ ਦੇ ਵਜੂਦ ਵਾਸਤੇ ਲੋੜੀਂਦੇ ਸਾਰੇ ਤੱਤ ਮੌਜੂਦ ਸਨ। ਉਚੇ ਪਹਾੜ, ਬਰਫ਼, ਬਾਰਸ਼ ਤੇ ਨਦੀਆਂ ਨਾਲੇ ਮੌਜੂਦ ਸਨ। ਇਹ ਸਭ ਕੁਝ ਘੋਖ ਕੇ ਤਾਂ ਮੇਰਾ ਦਿਲ ਕਰਦਾ ਹੈ ਕਿ ਮੈਂ ਜ਼ਿਦ ਕਰਕੇ ਕਹਾਂ ਕਿ ਬੰਦਾ ਅਰਬਾਂ ਸਾਲ ਪਹਿਲਾਂ ਪੈਦਾ ਹੋਇਆ। ਬੰਦੇ ਦੇ ਸਿਤਾਰਿਆਂ ਵਲੋਂ, ਧਰਤੀ ਅਤੇ ਬਾਕੀ ਸਾਰੇ ਗ੍ਰਹਿ ਜੋ ਸੂਰਜ ਦੇ ਇਰਦ ਗਿਰਦ ਘੁੰਮਦੇ ਹਨ, ਉਨ੍ਹਾਂ ਗ੍ਰਹਿਆਂ ਵਲੋਂ ਲੱਭਣਾਂ ਸ਼ੁਰੂ ਕਰਾਂਗੇ ਤਾਂ ਅਰਬਾਂ ਸਾਲ ਦੇ ਬੰਦੇ ਦੀ ਜਨਮ ਕੁੰਡਲੀ ਵੀ ਬਣਾ ਲਵਾਂਗੇ।

ਅਜੋਕੇ ਸਮੇਂ ਦੀਆਂ ਸਹੂਲਤਾਂ ਤੋਂ ਬਿਨਾਂ ਨਾ ਤਾਂ ਆਦਮੀ ਭੂ ਮਧ ਰੇਖਾ ਦੇ ਕਰੀਬ ਰਹਿ ਸਕਦਾ ਸੀ ਤੇ ਨਾ ਹੀ ਉਤਰ ਵਿਚ ਬਰਫ਼ੀਲੇ ਇਲਾਕਿਆਂ ਵਿਚ ਹੀ ਰਹਿ ਸਕਦਾ ਹੈ। ਜੇ ਉਤਰ ਵਿਚ ਬੰਦਾ ਪੈਦਾ ਹੋਇਆ ਵੀ ਹੋਊ ਤਾਂ ਠਰ ਕੇ ਮਰ ਗਿਆ ਹੋਊ, ਕੁਝ ਦਿਨਾਂ ਵਿਚ ਜਾਂ ਸ਼ਾਇਦ ਕੁਝ ਘੰਟਿਆਂ ਵਿਚ ਹੀ। ਕਈ ਇਲਾਕੇ ਇਸ ਧਰਤੀ ਉਤੇ ਐਸੇ ਹਨ ਜਿਥੇ ਆਕਸੀਜਨ ਨਾਲ ਲੈ ਕੇ ਹੀ ਜਾਇਆ ਜਾ ਸਕਦਾ ਹੈ। ਕਈ ਐਸੇ ਗਰਮ ਇਲਾਕੇ ਵੀ ਹਨ ਜਿਥੇ ਏਅਰ ਕੰਡੀਸ਼ਨ ਤੋਂ ਬਿਨਾਂ ਬੰਦਾ ਜੀਅ ਨਹੀਂ ਸਕਦਾ। ਇਸ ਦਾ ਭਾਵ ਬੰਦਾ ਨਾ ਬਹੁਤੇ ਗਰਮ ਤੇ ਨਾ ਬਹੁਤੇ ਠੰਢੇ ਇਲਾਕੇ ਵਿਚ ਪੈਦਾ ਹੋਇਆ। ਦੂਸਰੀ ਵੱਡੀ ਗੱਲ ਕਿ ਪਾਣੀ ਤੋਂ ਬਿਨਾਂ ਅਸੀਂ ਕਿੰਨਾ ਚਿਰ ਜੀਅ ਸਕਦੇ ਹਾਂ? ਤਾਂ ਫਿਰ ਜ਼ਾਹਰ ਹੈ ਕਿ ਪਾਣੀਆਂ ਦੇ ਕੰਢਿਆਂ ਤੇ ਬੰਦਾ ਪੈਦਾ ਹੋਇਆ। ਸਮੁੰਦਰ ਦਾ ਪਾਣੀ ਤਾਂ ਖਾਰਾ ਹੁੰਦਾ ਹੈ। ਅੱਜ ਵੀ ਨਹੀਂ ਪੀਤਾ ਜਾ ਸਕਦਾ। ਲੇਕਿਨ ਬਰਸਾਤੀ ਪਾਣੀ ਅਤੇ ਬਰਫਾਨੀ ਪਾਣੀ ਤਾਂ ਮਿੱਠਾ ਹੁੰਦਾ ਹੈ। ਕਿਸੇ ਪਸ਼ੂ ਨੂੰ ਵੀ ਦੋ ਬਰਤਨਾਂ ਵਿਚ ਪਾਣੀ ਦਿਓ; ਇਕ ਵਿਚ ਸਮੁੰਦਰ ਦਾ ਅਤੇ ਦੂਜੇ ਵਿਚ ਨਦੀ ਦਾ, ਜਾਨਵਰ ਵੀ ਨਦੀ ਦਾ ਪਾਣੀ ਪੀ ਕੇ ਖੁਸ਼ ਰਹੇਗਾ। ਤੇ ਫਿਰ ਜੇ ਮੈਂ ਇਸ ਗੱਲ ਦੀ ਵੀ ਜ਼ਿਦ ਕਰਾਂ ਕਿ ਬੰਦਾ ਸਮੁੰਦਰੀ ਤਟ ਤੇ ਨਹੀਂ ਸਗੋਂ ਨਦੀਆਂ ਦੇ ਕਿਨਾਰਿਆਂ ਤੇ ਪੈਦਾ ਹੋਇਆ ਤਾਂ ਮੇਰੀ ਇਸ ਜ਼ਿਦ ਦਾ ਜਵਾਬ ਵੀ ਕਿਸੇ ਤੋਂ ਸੌਖਾ ਨਹੀਂ ਦਿਤਾ


Academy of the Punjab in North America: http://www.apnaorg.com

ਜਾਣਾ।

ਅਰਬਾਂ ਸਾਲ ਪਹਿਲਾਂ ਧਰਤੀ ’ਤੇ, ਨਦੀਆਂ ਦੇ ਕਿਨਾਰਿਆਂ ’ਤੇ ਬੰਦਾ, ਜਾਨਵਰ, ਪਸ਼ੂ ਪੰਛੀ ਪੈਦਾ ਹੋਏ। ਜੇ ਮੇਰੇ ਨਾਲ ਏਥੋਂ ਤਕ ਸਹਿਮਤ ਹੋ ਤਾਂ ਮੈਂ ਅਗਲੀ ਗੱਲ ਕਰਾਂ ਕਿ ਕਿਹੜੀਆਂ ਨਦੀਆਂ ਤੇ ਬੰਦਾ ਪੈਦਾ ਹੋਇਆ ਹੋਊ? ਯੂਨਾਨੀ ਲੋਕਾਂ ਨਾਲ ਤਾਂ ਮੈਂ ਸਹਿਮਤ ਨਹੀਂ ਕਿਉਂਕਿ ਸਮੁੰਦਰ ਦਾ ਪਾਣੀ ਪੀ ਕੇ ਸਾਡੇ ਨਕੜ ਦਾਦੇ ਜੀਂਦੇ ਰਹੇ, ਮੈਂ ਨਹੀਂ ਮੰਨਦਾ। ਅਫ਼ਰੀਕਾ ਵਿਚ ਭੂ ਮੱਧ ਰੇਖਾ ਦੇ ਕਰੀਬ ਕਰਕੇ ਗਰਮੀ ਏਨੀ ਹੈ ਕਿ ਕਿਸੇ ਹਾਲਤ ਵਿਚ ਵੀ ਬੰਦਾ ਅਫ਼ਰੀਕਾ ਵਿਚ ਪੈਦਾ ਨਹੀਂ ਹੋਇਆ। ਅਰਬ ਦੇਸ਼ਾਂ ਵਿਚ ਵੀ ਜੀਵਨ ਸ਼ੁਰੂ ਹੋਣ ਦੇ ਆਸਾਰ ਨਜ਼ਰ ਨਹੀਂ ਆਉਂਦੇ। ਏਨੀ ਗਰਮੀ ਕੋਈ ਨਹੀਂ ਸਹਾਰ ਸਕਦਾ; ਹਾਂ ਇਰਾਨ ਵਿਚ ਪੰਜਾਂ ਦਰਿਆਵਾਂ ਦੇ ਵਿਚਾਲੇ ਦਾ ਇਲਾਕਾ ਜਿਸ ਨੂੰ ਕਦੇ ਪੰਜਾਬ ਵੀ ਕਿਹਾ ਜਾਂਦਾ ਸੀ, ਉਸ ਇਲਾਕੇ ਵਿਚ ਦੂਜੇ ਜਾਂ ਤੀਜੇ ਪੜਾਅ ਤੇ ਹੋ ਸਕਦਾ ਹੈ, ਵਸ ਵੀ ਗਿਆ ਹੋਵੇ। ਚੀਨ ਦੀ ਵੀ ਗੱਲ ਮੰਨਣ ਵਾਲੀ ਨਹੀਂ ਕਿਉਂਕਿ ਸਰਦੀਆਂ ਸਹਿ ਸਕਣੀਆਂ ਵੀ ਮੁਢਲੇ ਬੰਦੇ ਲਈ ਔਖੀ ਗੱਲ ਸੀ। ਯੂਰਪ ਵਿਚ ਜੇ ਕੋਈ ਪਿੰਜਰ ਬਹੁਤ ਪੁਰਾਣਾ ਮਿਲ ਵੀ ਗਿਆ ਹੋਊ ਤਾਂ ਉਸਦਾ ਮਤਲਬ ਇਹ ਨਹੀਂ ਹੋ ਸਕਦਾ ਕਿ ਬੰਦਾ ਪੈਦਾ ਹੀ ਓਥੇ ਹੋਇਆ। ਕੋਈ ਭੁਲਿਆ ਭਟਕਿਆ ਕਬੀਲਾ ਜਾ ਵੀ ਸਕਦਾ ਹੈ ਗ਼ਲਤ ਪਾਸੇ ਤੇ ਫਿਰ ਠੰਡ ਨੇ ਓਥੇਹੀ ਸਿੱਟ ਲਿਆ ਹੋਵੇ।

ਦੁਨੀਆਂ ਦੇ ਤਖ਼ਤੇ ਉਤੇ ਹੜੱਪਾ ਤੇ ਮਹਿੰਜੋਦੜੋ ਵਰਗਾ ਕੋਈ ਐਸਾ ਇਲਾਕਾ ਨਹੀਂ ਹੈ ਜਿਸ ਨੂੰ ਬੰਦੇ ਦੇ ਪੈਦਾ ਹੋ ਸਕਣ ਦਾ ਅਸਥਾਨ ਕਿਹਾ ਜਾ ਸਕਦਾ ਹੈ। ਹੜਪਾ ਸਮੁੰਦਰ ਤੋਂ ਕੋਈ ਚਾਰ ਕੁ ਸੌ ਮੀਲ ਦੂਰ ਤੇ ਪਹਾੜ ਤੋਂ ਵੀ ਚਾਰ ਕੁ ਸੌ ਮੀਲ ਦੂਰ ਮੌਨਸੂਨ ਹਵਾਵਾਂ ਦਾ ਰਸਤਾ, ਬਰਸਾਤੀ ਪਾਣੀ ਤੇ ਪਹਾੜਾਂ ਤੋਂ ਢਲ ਕੇ ਆਇਆ ਬਰਫ਼ ਦਾ ਮਿੱਠਾ ਪਾਣੀ, ਇਦਸ ਤੇ ਜਿਹਲਮ ਨਦੀਆਂ ਦੀ ਗੋਦ ਵਿਚ ਵਸਿਆ ਸਵਰਗ ਭੂ ਮੱਧ ਰੇਖਾ ਦੀ ਗਰਮੀ ਤੋਂ ਦੂਰ ਬਰਫ਼ਾਨੀ ਉਤਰੀ ਇਲਾਕੇ ਤੋਂ ਦੂਰ, ਬਨਸਪਤੀ ਵਾਸਤੇ ਐਨੀ ਅਨੁਕੂਲ ਜ਼ਰਖ਼ੇਜ਼ ਜ਼ਮੀਨ, ਸਭ ਕੁਝ ਗਿਣੀ ਜਾਣ ਤੋਂ ਚੰਗਾ ਹੈ ਕਿ ਮੈਂ ਸਵਾਲ ਕਰਾਂ ਕਿ ਇਸ ਤੋਂ ਵਧ ਅਨੁਕੂਲ ਇਲਾਕਾ ਜਿਥੇ ਬੰਦਾ ਉਪਜਿਆ, ਵਿਗਸਿਆ ਹੋ ਸਕਦਾ, ਉਹ ਕਿਹੜਾ ਇਲਾਕਾ ਹੋ ਸਕਦਾ ਹੈ? ਇਸੇ ਧਰਤੀ ਤੇ ਤਾਂ ਇਸ ਤੋਂ ਵਧੀਆ ਅਸਥਾਨ ਮੈਨੂੰ ਨਹੀਂ ਦਿਸਿਆ ਜਿਥੇ ਬੰਦਾ ਪੈਦਾ ਹੋ ਸਕਦਾ ਸੀ। ਅਰਬ ਦੇਸ਼, ਇਟਲੀ, ਯੌਰਪ, ਚੀਨ, ਰੂਸ, ਅਮਰੀਕਾ, ਕੈਨੇਡਾ, ਮੈਂ ਸਾਰਾ ਗਾਹ ਵੇਖਿਆ; ਹੜੱਪਾ ਵਰਗਾ ਕੋਈ ਇਲਾਕਾ ਨਹੀਂ ਹੈ ਜਿਸ ਵਿਚ ਬੰਦਾ ਪੈਦਾ ਹੋਇਆ ਹੋ ਸਕਦਾ ਹੈ। ਸੁਰਤੀ ਲਾ ਕੇ ਇਸ ਪਾਸੇ ਸੋਚੋਗੇ ਤਾਂ ਮੇਰੇ ਜ਼ਿੱਦ ਕਰਨ ਦੇ ਕੁਝ ਅਰਥ ਜ਼ਰੂਰ ਲੱਗਣਗੇ। ਮੈਨੂੰ ਜ਼ਿੱਦ ਲਫ਼ਜ ਚੰਗਾ ਲਗਣ ਲਗ ਗਿਆ ਹੈ। ਦੁਨੀਆਂ ਦੇ ਸਾਰੇ ਖੋਜੀ ਹਰ ਕਿਤਾਬ ਵਿਚ ਹੜੱਪਾ ਨੂੰ ਸਭ ਤੋਂ ਪੁਰਾਣਾ ਸ਼ਹਿਰ ਮੰਨਦੇ ਹਨ। **3000**ਬੀ.ਸੀ. ਵਿਚ ਪੱਕੀਆਂ ਇਟਾਂ ਦੇ ਬਣੇ ਹੜੱਪਾ ਤੇ ਮਹਿੰਜੋਦੜੋ ਨੂੰ ਜਦ ਆਰੀਆ ਢਾਹ ਢੇਰੀ ਕਰਦੇ ਹਨ ਤਾਂ ਉਸ ਵਕਤ ਦੀ ਗੱਲ ਲਿਖਦਿਆਂ, ਬਹੁਤ ਸਾਰੇ ਹਿਸਟੋਰੀਅਨ ਲਿਖਦੇ ਹਨ ਕਿ ਨਾਟਕ ਕਲਾ ਸਿਖਰ ’ਤੇ ਸੀ। ਇਕ ਨਾਟਕ ਖੇਲਣ ਵਾਲਾ ਮੰਚ ਚਾਰ ਬਲਾਕ ਵਿਚ ਲਿਖਦੇ ਹਨ। ਤਕਰੀਬਨ ਸੌ ਘਰ ਦੀ ਜਗ੍ਹਾ ਵਿਚ। ਢੱਕੀਆਂ ਹੋਈਆਂ ਨਾਲੀਆਂ ਪਾਣੀ ਨਿਕਲਣ ਲਈ ਹਨ। ਚਾਲੀ ਸੇਰ ਦੇ ਵੱਟੇ ਮਿਲੇ। ਹੱਡੀਆਂ ਤੇ ਸੋਨੇ ਚਾਂਦੀ ਦੇ ਗਹਿਣੇ, ਖੇਤੀ ਕਰਨ ਦੇ ਔਜ਼ਾਰ, *ਲਿਪੀ* ਸ਼ਬਦ ਦਾ ਜਾਮਾ ਵੀ ਖੋਜੀਆਂ ਨੇ ਲੱਭਾ। ਸਭ ਕੁਝ ਹੀ ਲੱਭਾ ਜਿਸਨੂੰ ਗਿਣ ਕੇ ਅਸੀਂ ਕਹਿ ਸਕਦੇ ਹਾਂ ਕਿ ਦੁਨੀਆਂ ਦੀ ਆਰੰਭਤਾ ਹੜੱਪਾ ਤੇ ਮਹਿੰਜੋਦੜੇ ਤੋਂ ਹੀ ਹੋਈ, ਪਰ ਪਤਾ ਨਹੀਂ ਕਿਉਂ ਸਾਰੇ ਇਤਿਹਾਸਕਾਰ ਇਹ ਕਹਿਣ ਤੋਂ ਅੱਜ ਤਕ ਕਿਉਂ ਸੰਗਦੇ ਰਹੇ ਕਿ ਇਨਸਾਨ ਪੈਦਾ ਵੀ ਹੜੱਪਾ ਤੇ ਮਹਿੰਜੋਦੜੋ ਇਲਾਕੇ ਵਿਚ ਹੋਇਆ ਅਤੇ ਇਨਸਾਨੀ ਸਭਿਅਤਾ ਵੀ ਇਸੇ ਇਲਾਕੇ ਵਿਚ ਹੀ ਸ਼ੁਰੂ ਹੋਈ। ਚਾਰੇ ਪਾਸੇ ਜਿਧਰ ਕਿਤੇ ਵੀ ਬੰਦਾ ਗਿਆ, ਏਥੋਂ ਹੀ ਗਿਆ, ਮੇਰਾ ਵਿਸ਼ਵਾਸ ਹੈ।


Academy of the Punjab in North America: http://www.apnaorg.com

# ਪੰਜਾਬ ਦੀ ਧਰਤੀ ਤੇ ਭਾਸ਼ਾ

ਪੰਜਾਬ ਦੀ ਧਰਤੀ ਤੇ ਇੰਦਸ 'ਸਿੰਧ' ਨਦੀ ਅਤੇ ਜੇਹਲਮ ਨਦੀ ਦੇ ਮਿਲਾਪ ਤੋਂ ਮਾਸਾ ਕੁ ਉੱਤਰ ਪੂਰਬ ਵੱਲ ਵੱਸਿਆ ਸ਼ਹਿਰ ਹੜੱਪਾ, ਦੁਨੀਆਂ ਦਾ ਸਭ ਤੋਂ ਪਹਿਲਾ ਸ਼ਹਿਰ ਸੀ। ਇੱਕ ਵਰਗ ਮੀਲ ਵਿੱਚ ਪੱਕੀਆਂ ਇੱਟਾਂ ਦਾ ਬਣਿਆਂ ਸ਼ਹਿਰ ਜਿਸ ਵਿੱਚ **2500** ਬੀ. ਸੀ. ਵਿੱਚ ਚਾਰ ਅਮਰੀਕਨ ਬਲਾਕ ਦੇ ਆਕਾਰ ਦਾ ਰੰਗ ਮੰਚ ਸੀ, ਜਿਸ ਰੰਗ ਮੰਚ ਤੇ ਲੋਕ ਦੇਵੀ ਦੇਵਤਿਆਂ ਦਾ ਰੂਪ ਧਾਰ ਕੇ ਅਦਾਕਾਰੀ ਕਰਿਆ ਕਰਦੇ ਸੀ। ਮੈਂ ਉਸ ਸਮੇਂ ਦੀ ਗੱਲ ਕਰ ਰਿਹਾ ਹਾਂ ਜਦੋਂ ਹਾਲੇ ਇਸ ਦੁਨੀਆਂ 'ਤੇ ਲਿਖਤ ਸ਼ੁਰੂ ਨਹੀਂ ਸੀ ਹੋਈ। ਸਮਾਂ ਪਾ ਕੇ ਲਿਖਤੀ ਰੂਪ ਵਿੱਚ ਵੀ ਪਹਿਲਾ ਅੱਖਰ ਇਸੇ ਧਰਤੀ ਤੇ ਹੀ ਮਿਲਿਆ। ਮੇਰਾ ਦਿਲ ਕਰਦਾ ਹੈ ਕਿ ਮੈਂ ਉਸ ਸਮੇਂ ਦੇ ਲੇਖਕਾਂ ਤੇ ਅਦਾਕਾਰਾਂ ਨੂੰ ਪੰਜਾਬੀ ਕਹਾਂ। ਉਹ ਸਾਰੇ ਦੇ ਸਾਰੇ ਅਦਾਕਾਰ ਜੋ ਇੰਦਰ ਦੇਵਤਾ, ਜਲ, ਅਗਨੀ ਤੇ ਬਾਕੀ ਦੇਵੀ ਦੇਵਤਿਆਂ ਦੇ ਰੂਪ ਧਾਰ ਕੇ ਨਾਟਕ ਖੇਡਿਆ ਕਰਦੇ ਸਨ, ਸਾਰੇ ਦੇ ਸਾਰੇ ਪੰਜਾਬ ਦੇ ਜੰਮਪਲ ਪੰਜਾਬੀ ਸਨ। ਦੁਨੀਆਂ ਦਾ ਸਭ ਤੋਂ ਪਹਿਲਾ ਗ੍ਰੰਥ ਰਿਗਵੇਦ ਵੀ ਇੰਦਸ ਨਦੀ ਦੇ ਕਿਨਾਰੇ ਤੇ ਬੈਠ ਕੇ ਲਿਖਿਆ ਗਿਆ, ਤਾਂ ਫਿਰਇਹ ਗੱਲ ਮੰਨਣ ਤੋਂ ਕੰਨੀਂ ਕਿਉਂ ਕਤਰਾਈ ਜਾ ਰਹੀ ਹੈ ਕਿ ਰਿਗਵੇਦ ਦਾ ਰਚਣਵਾਲਾ ਜਾਂ ਰਚਣ ਵਾਲੇ, ਪੰਜਾਬੀ ਸਨ। ਰਾਮਾਇਣ ਅਤੇ ਮਹਾਂਭਾਰਤ ਨਾਟਕ ਦੇ ਰੂਪਵਿੱਚ ਧਾਰਮਿਕ ਪ੍ਰਚਾਰ ਵਾਸਤੇ ਇਸੇ ਇਲਾਕੇ ਵਿੱਚ ਪੰਜਾਬ ਵਿੱਚ ਪੰਜਾਬੀਆਂ ਨੇ ਰੱਜ ਰੱਜ ਕੇ ਖੇਲੇ।

ਪੰਜਾਂ ਦਰਿਆਵਾਂ ਦੀ ਧਰਤੀ ਪੰਜਾਬ ਦੇ ਲੋਕ ਪੰਜਾਬੀ ਸਨ, ਪੰਜਾਬੀ ਹਨ ਅਤੇ ਪੰਜਾਬੀ ਹੀ ਰਹਿਣਗੇ। ਸਮੇਂ ਦੇ ਤਾਕਤਵਰ ਲੋਕਾਂ ਨੇ ਪੰਜਾਬ ਨੂੰ ਲੀਰੋ ਲੀਰ ਕਰ ਦਿੱਤਾ। ਖੈਰ ਸੱਲਾ! ਕੋਈ ਗੱਲ ਨਹੀਂ, ਪੰਜਾਬੀਆਂ ਦੀਆਂ ਰਗਾਂ ਵਿੱਚ ਵਹਿੰਦੇ ਖ਼ੂਨ ਦਾ ਰੰਗ ਤਾਂ ਕੋਈ ਲੀਰਾਂ ਨਹੀਂ ਕਰ ਸਕਦਾ। ਆਪਣੇ ਦੇਸ਼ ਵਿੱਚ ਨਾ ਸਹੀ ਵਿਦੇਸ਼ਾਂ ਵਿੱਚ, ਖਾਸ ਕਰ ਅਮਰੀਕਾ ਕੈਨੇਡਾ ਵਿੱਚ ਤਾਂ ਪੰਜਾਬੀ ਆਪਣੀ ਪਹਿਚਾਣ ਬਨਾਉਣ ਵਿੱਚ ਸਫ਼ਲ ਹਨ। ਹਰ ਪੰਜਾਬੀ ਨੂੰ ਪੰਜਾਬੀ ਹੋਣ ਦਾ ਮਾਣ ਹੈ। ਜਦੋਂ ਕੋਈ ਕਿਸੇ ਪੰਜਾਬੀ ਨੂੰ ਇਰਾਨੀ ਜਾਂ ਇਰਾਕੀ ਕਹਿ ਕੇ ਬੁਲਾਉਂਦਾ ਹੈ ਤਾਂ ਇਵੇਂ ਸਮਝਦੇ ਹਨ ਕਿ ਜਿਵੇਂ ਕੋਈ ਗਾਲ ਕੱਢ ਰਿਹਾ ਹੋਵੇ। ਗੁਰਮੁਖੀ ਵਿੱਚ ਲਿਖੀ ਪੰਜਾਬੀ ਭਾਸ਼ਾ ਦਾ ਪੂਰਬੀ ਜਾਂ ਪੱਛਮੀ ਪੰਜਾਬ ਵਿੱਚ ਓਨਾ ਸਤਿਕਾਰ ਨਹੀਂ ਜਿੰਨਾ ਕੈਨੇਡਾ ਵਿੱਚ ਹੈ। ਫਰੈਂਚ, ਚੀਨੀਂ ਅਤੇ ਪੰਜਾਬੀ ਵਿੱਚੋਂ ਕਿਸੇ ਇੱਕ ਭਾਸ਼ਾ ਨੂੰ ਦੂਸਰੀ ਭਾਸ਼ਾ ਦੇ ਅਧਿਕਾਰ ਦੇ ਤੌਰ 'ਤੇ ਪੜ੍ਹਿਆ ਜਾ ਸਕਦਾ ਹੈ। ਅੰਮ੍ਰਿਤਧਾਰੀ ਪੰਜਾਬੀ ਕੈਨੇਡੀਅਨ ਪਾਰਲੀਮੈਂਟ ਦੇ ਮੈਂਬਰ ਹਨ। ਕਿਸੇ ਪੰਜਾਬੀ ਕੋਲੋਂ ਤਾਂ ਹੋ ਸਕਦਾ ਕੋਈ ਗਲਤੀ ਹੋ ਗਈ ਹੋਵੇ, ਲੇਕਿਨ ਪੰਜਾਬੀ ਭਾਸ਼ਾ ਨੇ ਕਿਸੇ ਦਾ ਕੀ ਵਿਗਾੜਿਆ। ਮੈਨੂੰ ਸਮਝ ਨਹੀਂ ਆਉਂਦੀ ਕਿ ਆਪਣੀ ਮਾਂ ਬੋਲੀ ਤੋਂ ਮੁਨਕਰ ਹੋ ਕੇ, ਮਾਂ ਵੱਲ ਪਿੱਠ ਕਰਕੇ ਬੈਠਣ ਵਾਲਿਆਂ ਦਾ ਕਾਲਜਾ ਕਿਉਂ ਨਹੀਂ ਫਟ ਜਾਂਦਾ। ਪੰਜਾਬ ਦੀ ਧਰਤੀ ਨੂੰ ਪੰਜਾਬ ਨਾ ਮੰਨਣਾ, ਪੰਜਾਬੀ ਬੋਲੀ ਨੂੰ ਮਾਂ ਬੋਲੀ ਕਹਿਣ ਤੋਂ ਸੰਗ ਆਉਣੀ ਪਤਾ ਨਹੀਂ ਕਿੰਨੀ ਕੁ ਵਡਿਆਈ ਦੀ ਗੱਲ ਹੈ।

ਪੰਜਾਬ ਦੀ ਧਰਤੀ ਅਤੇ ਪੰਜਾਬੀ ਬੋਲੀ ਦੀ ਵੀ ਗੱਲ ਛੱਡੋ। ਗੁਰੂ ਨਾਨਕ ਨੇ ਧਾਰਮਿਕ ਦੁਨੀਆਂ ਦੇ ਆਪਸੀ ਝਗੜੇ ਧਾਰਮਕ ਤਰੀਕੇ ਨਾਲ ਹੱਲ ਕਰਨ ਵਾਸਤੇ ਸਿੱਖ ਧਰਮ ਦੁਨੀਆਂ ਨੂੰ ਬਖਸ਼ਿਸ਼ ਕੀਤਾ। ਗੁਰੂ ਨਾਨਕ ਦੇ ਚਲਾਏ ਇਸ ਧਰਮ ਨੂੰ ਦੁਨੀਆਂ ਦਾ ਸਭ ਤੋਂ ਨਵੀਨ ਤੇ ਸਭ ਤੋਂ ਪ੍ਰਭਾਵਸ਼ਾਲੀ ਵਿਚਾਰਧਾਰਾ ਵਾਲਾ ਧਰਮ ਮੰਨਿਆਂ ਗਿਆਹੈ। ਦੁਨੀਆਂ ਵਿਚ ਸੈਂਕੜੇ ਧਰਮ ਹਨ ਪਰ ਸਿੱਖ ਧਰਮ ਸਿੱਖਾਂ ਦੀ ਗਿਣਤੀ ਮੁਤਾਬਕ ਦੁਨੀਆਂ ਦਾ ਪੰਜਵਾਂ ਵੱਡਾ ਧਰਮ ਹੈ। ਕਿੰਨੇ ਅਫਸੋਸ ਦੀ ਗੱਲ ਹੈ ਕਿ ਸਿੱਖ ਧਰਮ ਦੇ ਜਨਮ ਅਸਥਾਨਾਂ 'ਤੇ ਅਜੇ ਵੀ ਕਈ ਲੋਕ ਇਹ ਕਹਿਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਸਿੱਖ ਕੋਈ ਧਰਮ ਹੀ ਨਹੀਂ। ਦੁਨੀਆਂ ਦਾ ਕੋਈ ਵੀ ਧਾਰਮਿਕ ਆਦਮੀ ਜੇ ਉਹ ਧਾਰਮਕ ਹੈ, ਭਾਵੇਂ ਕਿਸੇ ਵੀ ਧਰਮ ਵਿੱਚ ਯਕੀਨ ਰੱਖਦਾ ਹੋਵੇ, ਜੇ ਉਹ ਧਰਮੀ ਹੈ ਤਾਂ ਆਪਣੇ ਆਪ ਨੂੰ ਸਿੱਖ ਵੀ ਅਖਵਾ


Academy of the Punjab in North America: http://www.apnaorg.com

ਸਕਦਾ ਹੈ। ਭਾਰਤ ਦੇ ਕਾਨੂੰਨ 9..3. ਵਿੱਚ ਸਿੱਖ ਧਰਮ ਨੂੰ ਅਜੇ ਤੱਕ ਧਰਮ ਹੀ ਨਹੀਂ ਗਿਣਦੇ। ਪੰਜਾਬੀ ਵੀ ਨਹੀਂ, ਬੋਲੀ ਵੀ ਪੰਜਾਬੀ ਨਹੀਂ, ਸਿੱਖ ਧਰਮ ਇੱਕ ਧਰਮ ਵੀ ਨਹੀਂ ਤਾਂ ਅਸੀਂ ਕੌਣ ਹਾਂ? ਵਿਦੇਸ਼ਾਂ ਵਿੱਚ ਪੰਜਾਬੀ ਹਾਂ, ਵਿਦੇਸ਼ਾਂ ਵਿੱਚ ਸਾਡੀ ਭਾਸ਼ਾ ਪੰਜਾਬੀ ਹੈ, ਵਿਦੇਸ਼ਾਂ ਵਿੱਚ ਦੁਨੀਆਂ ਦਾ ਪੰਜਵਾਂ ਵੱਡਾ ਧਰਮ ਹੈ-ਸਿੱਖ ਧਰਮ, ਲੇਕਿਨ ਅਸੀਂ ਭਾਰਤ ਵਿੱਚ ਕੌਣ ਹਾਂ? ਅੰਗਰੇਜ਼ਾਂ ਨਾਲ ਜੋ 1845 ਵਿੱਚ ਜੰਗ ਸਿੰਘਾਂ ਤੇ ਫਰੰਗੀਆਂ ਦੀ ਹੋਈ, ਉਸ ਲੜਾਈ ਵਿੱਚ ਬਾਕੀਆਂ ਵੱਲੋਂ ਜੇ ਜ਼ਰਾ ਜਿੰਨੀਂ ਵੀ ਮਦਦ ਮਿਲ ਜਾਂਦੀ ਤਾਂ ਭਾਰਤ ਓਦੋਂ ਹੀ ਆਜ਼ਾਦ ਹੋ ਜਾਣਾ ਸੀ। ਸਿਰਫ਼ ਸਰਕਾਰ ਨਹੀਂ ਸੀ ਕੋਈ ਤਾਂ ਹੀ ਤਾਂ ਸਿੱਖ ਫੌਜਾਂ ਜਿੱਤ ਕੇ ਵੀ ਅੰਤ ਹਾਰ ਗਈਆਂ। ਸਿੱਖਾਂ ਦੀ ਲੜਾਈ ਦੇਸ਼ ਦੀ ਲੜਾਈ ਕਿਵੇਂ ਗਿਣੀ ਜਾਵੇ, ਕਿਉਂ ਜੋ ਸਿੱਖਾਂ ਨੂੰ ਤਾਂ ਅੱਜ ਤੱਕ ਕਿਸੇ ਨੇ ਗਿਣਿਆਂ ਨਹੀਂ।

*****



Academy of the Punjab in North America: http://www.apnaorg.com

# ਖੜੀ ਬੋਲੀ

ਅੱਗ ਦੇ ਗੋਲੇ ਸੂਰਜ ਨਾਲੋਂ ਟੁੱਟ ਕੇ ਜਿੰਨੀ ਕੁ ਦੂਰ ਜਾਇਆ ਜਾ ਸਕਦਾ ਸੀ, ਓਨੀ ਦੂਰ ਜਾ ਕੇ ਵੀ ਅਗਨ ਰੂਪ ਧਰਤੀ ਨੂੰ ਸੂਰਜ ਦੇ ਦੁਆਲੇ ਹੀ ਘੁੰਮਣਾ ਪਿਆ। ਰਿਗਵੇਦ ਦੇ ਪਹਿਲੇ ਮੰਡਲ ਵਿੱਚ ਸਹੀ ਕਥਨ ਆਉਂਦਾ ਹੈ ਕਿ ਅਗਨ ਹੀ ਰਤਨਧਾਤਵ ਹੈ। ਅਗਨੀ ਜਿੰਨਾ ਚਿਰ ਅਨਕੂਲ ਪੱਧਰ ਤੱਕ ਸਹਿਜ ਸੁਭਾਓ ਧਾਰਣ ਨਹੀਂ ਕਰਦੀ ਓਨਾਚਿਰ ਹਵਾ ਦੀ ਹੋਂਦ ਮੁਮਕਿਨ ਹੀ ਨਹੀਂ ਹੈ। ਧਰਤੀ ਤੇ ਹਵਾ ਨਾ ਹੋਵੇ ਤਾਂ ਪਾਣੀ ਨਹੀਂ ਬਣ ਸਕਦਾ। ਅਗਨ ਸੱਚ ਦਾ ਧਰਤੀ ਰੂਪ ਧਾਰਣ ਕਰਨਾ, ਸਾਚੇ ਤੇ ਪਵਨਾ ਭਇਆ, ਪਵਨੇ ਤੇ ਜਲ ਹੋਏ। ਹਵਾ ਦਾ ਹੋਂਦ ਵਿੱਚ ਆਉਣਾ ਤੇ ਹਵਾਵਾਂ ਤੋਂ ਪਾਣੀ ਉਤਪਨ ਹੋਣ ਨਾਲ ਧਰਤੀ ਮਾਂ ਦੀ ਕੁੱਖ ਹਰੀ ਹੋਣ ਦੇ ਸਾਧਨ ਬਣੇ

ਪਾਣੀ ਦੇ ਜੀਵ, ਵਨਸਪਤੀ, ਪਸ਼ੂ ਪੰਛੀ ਪੈਦਾ ਹੋਏ ਅਤੇ ਆਪਣੇ ਆਪਣੇ ਇਦਾਰੇ ਵਿੱਚ ਵਿਕਸਤ ਹੋਏ। ਪਾਣੀ ਦੇ ਜੀਵ ਪਾਣੀ ਵਿੱਚ ਵਿਕਸਤ ਹੋਏ, ਪੰਛੀ ਪਰਿੰਦੇ ਵੱਖਰੇ ਵਿਕਸਤ ਹੋਏ, ਰੀਂਘਣ ਵਾਲੇ ਜੀਵ ਵੱਖਰੇ ਅਤੇ ਧਰਤੀ ਤੇ ਤੁਰਨ ਵਾਲੇ ਜੀਵ ਵੱਖਰੇ ਤਰੀਕਿਆਂ ਨਾਲ ਵਿਕਸਤ ਹੋਏ।

ਧਰਤੀ ਤੇ ਤੁਰਨ ਵਾਲੇ ਜੀਵਾਂ ਵਿੱਚੋਂ ਬੰਦੇ ਦਾ ਵਿਕਾਸ ਬਹੁ ਪੱਖੀ ਵਿਕਾਸ ਹੋਇਆ। ਖਾਸ ਕਰ ਭਾਸ਼ਾ ਨੇ ਬੰਦੇ ਨੂੰ ਜਾਨਵਰ ਤੋਂ ਇਨਸਾਨ ਬਣਾ ਦਿੱਤਾ। ਉਹ ਮੁਢਲੀ ਭਾਸ਼ਾ ਜੋ ਵਿਆਕਰਣਕ ਭਾਸ਼ਾ ਨਹੀਂ ਸੀ ਪਰ ਇੱਕ ਦੂਜੇ ਨੂੰ ਸਮਝਾ ਸਕਣ ਦੀ ਸਮਰੱਥਾ ਰੱਖਦੀ ਸੀ, 'ਇੱਕ ਨੇ ਕਹੀ ਦੂਸਰੇ ਮਾਨੀ, ਦੋਨੋ ਬ੍ਰਹਮਗਿਆਨੀ' ਉਹ ਮੁਢਲੀ ਭਾਸ਼ਾ ਸੀ ਖੜੀ ਬੋਲੀ। ਵਿਆਕਰਣਕ ਨਾਂ ਹੁੰਦਿਆਂ ਹੋਇਆਂ ਵੀ ਖੜ੍ਹੀ ਬੋਲੀ ਨੇ ਬੰਦੇ ਨੂੰ ਇਨਸਾਨੀਅਤ ਦਾ ਪਾਂਧੀ ਬਣਾ ਦਿੱਤਾ। ਸਾਡੀਆਂ ਸਿਆਣਪਾਂ 'ਚੋਂ ਉਪਜੀ ਵਿਆਕਰਣ ਨੇ ਆਮ ਲੋਕਾਂ ਦੇ ਸਮਝ ਵਿੱਚ ਆਉਣ ਵਾਲੀ ਖੜ੍ਹੀ ਬੋਲੀ ਨੂੰ ਭਾਸ਼ਾ ਕਹਾਉਣ ਦਾ ਹੱਕ ਵੀ ਨਾ ਦਿੱਤਾ। ਨਾ ਖੇਡਣਾ ਨਾ ਖੇਡਣ ਦੇਣਾ, ਸੰਸਕ੍ਰਿਤ ਨਾ ਤਾਂ ਭਾਸ਼ਾ ਦੇ ਤੌਰ ਤੇ ਵਿਕਸਤ ਹੋਈ ਤੇ ਨਾ ਖੜ੍ਹੀ ਬੋਲੀ ਨੂੰ ਵਿਕਸਤ ਹੋਣ ਦਿੱਤਾ। ਖੜ੍ਹੀ ਬੋਲੀ ਕੋਲੋਂ ਜੇ ਸੰਸਕ੍ਰਿਤ ਨੇ ਦੇਵਨਾਗਰੀ ਲਿੱਪੀ ਵੀ ਖੋਹ ਲਈ ਤਾਂ ਜਿਵੇਂ ਕਹਾਵਤ ਹੈ ਕਿ ਲੋੜ ਕਾਢ ਦੀ ਜਨਨੀ ਹੁੰਦੀ ਹੈ, ਲਿੱਪੀ ਦੀ ਲੋੜ ਮਹਿਸੂਸ ਹੋਈ। ਸਿੱਟੇ ਵਜੋਂ ਸ਼ਾਹਮੁਖੀ ਹੋਂਦ ਵਿੱਚ ਆਈ।

ਬਾਬਾ ਫਰੀਦ, ਹਾਸ਼ਮ, ਬੁੱਲਾ, ਸ਼ਾਹ ਹੁਸੈਨ ਅਤੇ ਬਹੁਤ ਸਾਰੇ ਹੋਰ ਲੇਖਕਾਂ ਨੇ ਆਮ ਲੋਕਾਂ ਵਾਸਤੇ, ਆਮ ਲੋਕਾਂ ਦੇ ਦਿਲਾਂ ਦੀ ਧੜਕਣ ਬਣਨ ਵਾਲੀ ਸ਼ਬਦਾਵਲੀ ਵਰਤ ਕੇ ਖੜ੍ਹੀ ਬੋਲੀ ਨੂੰ ਜਿਉਂਦਿਆਂ ਰੱਖਿਆ। ਫ਼ਾਰਸੀ ਨੇ ਸੰਸਕ੍ਰਿਤ ਵਾਂਗ ਖੜ੍ਹੀ ਬੋਲੀ ਕੋਲੋਂ ਸ਼ਾਹਮੁਖੀ ਖੋਹ ਲਈ। ਦੇਵਨਾਗਰੀ ਤੇ ਸ਼ਾਹਮੁਖੀ ਦੇ ਵਿਆਕਰਣਕ ਰੂਪ ਧਾਰਣ ਕਰਨ ਕਾਰਣ ਖੜ੍ਹੀ ਬੋਲੀ ਲਿਖਣ ਵਾਸਤੇ ਗੁਰਾਂ ਨੇ ਗੁਰਮੁਖੀ ਬਣਾਈ। ਦੇਵਨਾਗਰੀ ਸ਼ਾਹਮੁਖੀ ਤੇ ਗੁਰਮੁਖੀ ਤਿੰਨੋਂ ਲਿੱਪੀਆਂ ਖੜ੍ਹੀ ਬੋਲੀ ਲਿਖਣ ਲਈ ਹੀ ਪੈਦਾ ਹੋਈਆਂ ਸਨ। ਹੁਣ ਅਸੀਂ ਹਿੰਦੀ, ਉਰਦੂ ਅਤੇ ਪੰਜਾਬੀ ਤਿੰਨ ਭਾਸ਼ਾਵਾਂ ਬਣਾਈ ਬੈਠੇ ਹਾਂ ਪਰ ਇਹ ਤਿੰਨ ਨਾਮ ਇੱਕ ਹੀ ਭਾਸ਼ਾ ਦੇ ਨਾਮ ਹਨ।

ਹਿੰਦੀ ਉਰਦੂ ਪੰਜਾਬੀ ਹਰ ਕੋਈ ਸਮਝਦਾ ਹੈ। ਜੇ ਨਹੀਂ ਸਮਝ ਲਗਦਾ ਤਾਂ ਸੰਸਕ੍ਰਿਤ ਤੇ ਫ਼ਾਰਸੀ ਦਾ ਗੂੜ ਗਿਆਨ ਨਹੀਂ ਸਮਝ ਲਗਦਾ। ਰਹਿੰਦੀ ਕਸਰ ਅੰਗਰੇਜ਼ੀ ਨੇ ਪੂਰੀ ਕਰ ਦਿੱਤੀ। ਜੇ ਅਸੀਂ ਹਿੰਦੀ ਦਾ ਸੰਸਕ੍ਰਿਤੀਕਰਣ ਨਾ ਕਰੀਏ, ਉਰਦੂ ਦਾ ਫ਼ਾਰਸੀਕਰਣ ਨਾ ਕਰੀਏ, ਸ਼ਬਦਾਵਲੀ ਤੋਂ ਧੱਕੇ ਨਾਲ ਲਾਈ ਅੰਗਰੇਜ਼ੀ ਮੋਹਰ ਲਾਹ ਦੇਈਏ ਤਾਂ ਹਿੰਦੀ ਪੰਜਾਬੀ ਉਰਦੂ ਤਿੰਨਾਂ ਵਿੱਚ ਕੋਈ ਅੰਤਰ ਨਹੀਂ ਹੈ। ਤਿੰਨਾਂ ਦੀ ਭਾਸ਼ਾ ਖੜ੍ਹੀ ਬੋਲੀ ਹੈ, ਲੋਕ ਬੋਲੀ ਹੈ, ਦੁਨੀਆਂ ਦੀ ਸਭ ਤੋਂ ਪਹਿਲੀ ਬੋਲੀ ਹੈ। ਅੰਗਰੇਜ਼ੀ ਦੇ ਅੱਧ ਤੋਂ ਵੱਧ ਲਫ਼ਜ਼ ਖੜੀ ਬੋਲੀ ਵਿੱਚੋਂ ਚੋਰੀ ਕੀਤੇ ਹੋਏ ਹਨ। ਅਰਬੀ ਲੈਟਿਨ ਅਤੇ ਸਪੈਨਿ ਵਿੱਚੋਂ ਜੇ ਖੜ੍ਹੀ ਬੋਲੀ ਦੇ ਸ਼ਬਦ ਕੱਢ ਦੇਈਏ ਤਾਂ ਬਾਕੀ ਕੁਝ ਵੀ ਨਹੀਂ ਬਚਦਾ।


Academy of the Punjab in North America: http://www.apnaorg.com

# ਹਿੰਦੀ ਪੰਜਾਬੀ ਦਾ ਅਸਲੀਕਰਣ

ਦਰੱਖਤ ਭਾਵੇਂ ਜਿੰਨਾਂ ਮਰਜ਼ੀ ਵੱਡਾ ਹੋਵੇ ਪਰ ਉਸਨੂੰ ਜਿਉਂਦੇ ਰਹਿਣ ਵਾਸਤੇ ਆਪਣੀਆਂ ਜੜ੍ਹਾਂ ਨਾਲ ਜੁੜੇ ਰਹਿਣਾ ਬਹੁਤ ਜ਼ਰੂਰੀ ਹੁੰਦਾ ਹੈ। ਭਾਸ਼ਾ ਤੋਂ ਪਹਿਲਾਂ ਦੇ ਬੰਦੇ ਨੂੰ ਇੱਕ ਕਿਸਮ ਦਾ ਜਾਨਵਰ ਕਹਿਣਾ ਇਨਸਾਨ ਕਹਿਣ ਨਾਲੋਂ ਜ਼ਿਆਦਾ ਠੀਕ ਲਗਦਾ ਹੈ। ਲਿੱਪੀ ਤੋਂ ਬਿਨਾਂ ਭਾਸ਼ਾ ਲਿਖੀ ਹੀ ਨਹੀਂ ਜਾ ਸਕਦੀ। ਵਿਆਕਰਣ ਤੋਂ ਬਿਨਾਂ ਲਿੱਪੀ ਦੇ ਕੋਈ ਅਰਥ ਨਹੀਂ ਬਣਦੇ। ਲਿੱਪੀ ਨੂੰ ਵਿਆਕਰਣਕ ਤੌਰ ਤੇ ਭਾਸ਼ਾ ਲਿਖਣ ਲਈ ਪਾਣਿਨੀ ਨੇ ਸ਼ੁਰੂ ਕੀਤਾ। ਲੇਕਿਨ ਭਾਰਤੀ ਭਾਸ਼ਾ ਦਾ ਦਿਨੋਂ ਦਿਨ ਜੋ ਅੰਗ੍ਰੇਜ਼ੀਕਰਨ ਹੋ ਰਿਹਾ ਹੈ ਕੀ ਇਹ ਹਿੰਦੀ ਪੰਜਾਬੀ ਨੂੰ ਉਸਦੀਆਂ ਜੜ੍ਹਾਂ ਤੋਂ ਜੁਦਾ ਤਾਂ ਨਹੀਂ ਕਰ ਰਿਹਾ ਜੇ ਕਰ ਰਿਹਾ ਹੈ ਤਾਂ ਯਕੀਨ ਕਰਿਓ ਹਿੰਦੀ ਪੰਜਾਬੀ ਦਾ ਇਹ ਦਰੱਖਤ ਸੁੱਕਦਾ ਸੁੱਕਦਾ ਸੁੱਕ ਜਾਵੇਗਾ। ਹਿੰਦੀ ਤੇ ਪੰਜਾਬੀ ਇੱਕੋ ਮਾਂ ਦੀਆਂ ਜਾਈਆਂ, ਇੱਕੋ ਧਰਤੀ ਮਾਂ ਦੀਆਂ ਜੌੜੀਆਂ ਧੀਆਂ ਹਨ। ਹਿੰਦੀ ਦਾ ਸੰਸਕ੍ਰਿਤੀਕਰਣ ਕਰਨ ਤੇ ਬਹੁਤ ਜ਼ੋਰ ਲੱਗ ਰਿਹਾ ਹੈ। ਹਿੰਦੀ ਬੋਲਦਿਆਂ ਜੇ ਕੋਈ ਸੰਸਕ੍ਰਿਤ ਦੇ ਲਫ਼ਜ਼ ਵਰਤੇ ਤਾਂ ਉਸਨੂੰ ਬੜਾ ਗੁਣੀ ਗਿਆਨ ਮੰਨਿਆਂ ਜਾਂਦਾ ਹੈ।

ਸੰਸਕ੍ਰਿਤ ਵਿਦਵਾਨਾਂ ਦੀ ਗਿਣਤੀ ਅੱਜ ਵੀ ਕੁਝ ਹਜ਼ਾਰ ਹੈ। ਸੰਸਕ੍ਰਿਤ ਦੇ ਪੜ੍ਹਣ ਪੜ੍ਹਾਉਣ ਵਾਲੇ ਸਾਰੇ ਮਿਲਾ ਕੇ ਵੀ ਹਜ਼ਾਰਾਂ ਵਿੱਚ ਹਨ, ਲੱਖਾਂ ਕਰੋੜਾਂ ਨਹੀਂ ਹਨ। ਹਿੰਦੀ ਨੂੰ ਸੰਸਕ੍ਰਿਤ ਦੇ ਰੰਗ ਵਿੱਚ ਰੰਗਣ ਨਾਲ ਅਸੀਂ ਆਮ ਆਦਮੀ ਦੇ ਮੂੰਹ 'ਚੋਂ ਖੋਹ ਲਵਾਂਗੇ। ਗੁਰਮੁਖੀ ਦੀ ਵਿਆਕਰਣ ਦੇਵਨਾਗਰੀ ਤੋਂ ਭਾਵੇਂ ਬਹੁਤ ਬਾਅਦ **1532-1539** ਵਿੱਚ ਗੁਰੁ ਨਾਨਕ ਦੇਵ ਜੀ ਅਤੇ ਗੁਰੂ ਅੰਗਦ ਦੇਵ ਜੀ ਨੇ ਕਰਤਾਰਪੁਰ ਵਿਖੇ ਮਿਲ ਬੈਠ ਕੇ ਬਣਾਈ, ਲੇਕਿਨ ਸਾਰੀ ਦੁਨੀਆਂ ਦਾ ਵਿਸ਼ਵੀਕਰਣ ਕਰਨ ਵਿੱਚ ਕਾਮਯਾਬ ਹੋ ਰਹੀ ਅੰਗਰੇਜ਼ੀ ਦੀ ਵਿਆਕਰਣ **1634** ਵਿੱਚ ਤਿਆਰ ਕੀਤੀ ਗਈ। **1586** ਵਿੱਚ ਵਿਲੀਅਮ ਬੁਲੌਕਰ ਨੇ ਅਸਫ਼ਲ ਕੋਸ਼ਿਸ਼ ਕੀਤੀ। **1594** ਵਿੱਚ ਪੌਲ ਗ੍ਰੀਵਸ ਨੇ ਗ੍ਰਾਮੈਟਿਕਾ ਇੰਗਲੀਕਾਨਾ (ਲੈਟਿਨ ਵਿਆਕਰਣ) ਬਣਾਈ ਪਰ ਅੰਗ੍ਰੇਜ਼ੀ ਗ੍ਰਾਮਰ**1634** ਵਿੱਚ ਚਾਰਲਸ ਬਟਲਰ ਨੇ ਬਣਾਈ। ਮੈਨੂੰ ਸਮਝ ਨਹੀਂ ਆਉਂਦੀ ਕਿ ਹਿੰਦੀ ਪੰਜਾਬੀ ਕੱਲ ਦੀ ਜੰਮੀਂ ਅੰਗਰੇਜ਼ੀ ਦੀਆਂ ਗੋਲੀਆਂ ਬਣ ਕੇ ਕਿਉਂ ਖੁਸ਼ ਹਨ। ਕਿਰਪਾ ਕਰੋ ਜੀ ਹਿੰਦੀ ਪੰਜਾਬੀ ਨੂੰ ਆਮ ਪਰਚੱਲਤ ਲਫਜ਼ਾਂ ਵਿੱਚ, ਆਮ ਲੋਕਾਂ ਦੇ ਸਮਝ ਵਿੱਚ ਆਉਣ ਵਾਲੀ ਸ਼ਬਦਾਵਲੀ ਵਿੱਚ ਹੀ ਰਹਿਣ ਦਿਓ, ਇਹ ਹੀ ਹਿੰਦੀ ਪੰਜਾਬੀ ਦਾ ਅਸਲੀਕਰਣ ਹੋਵੇਗਾ। ਲਓ ਕੁਝ ਸੱਚੀਆਂ ਸੁਣਾਵਾਂ:

ਬੰਦੇ ਨੂੰ ਜਾਨਵਰਾਂ ਨਾਲੋਂ ਕਿਤੇ ਵੱਧ ਸ਼ਕਤੀਮਾਨ ਬਣਾਉਣ ਵਾਲੀ ਸ਼ਬਦ ਸ਼ਕਤੀ ਭਾਰਤ ਮਾਂ ਦੀ ਧਰਤੀ ਤੇ ਇੰਦਸ ਦਰਿਆ ਦੇ ਕਿਨਾਰਿਆਂ ਤੋਂ ਪ੍ਰਾਪਤ ਹੋਈ। ਕੋਈ ਜਿੰਨੇ ਮਰਜ਼ੀ ਅਟਕਲ ਪੱਚੂ ਮਾਰੀ ਜਾਵੇ ਪਰ ਰਿੱਗ ਵੇਦ ਤੋਂ ਪਹਿਲਾਂ ਦਾ ਕੋਈ ਲਿਖਤ ਸਬੂਤ ਨਾ ਅੱਜ ਤੱਕ ਮਿਲਿਆ ਹੈ ਤੇ ਨਾ ਹੀ ਮਿਲ ਸਕੇਗਾ। ਸ਼ਬਦ ਸ਼ਕਤੀ ਜਿਸ ਧਰਤੀ ਮਾਂ ਦੀ ਗੋਦ ਵਿੱਚੋਂ ਮਿਲੀ ਹੈ, ਉਸ ਸ਼ਬਦ ਜਨਨੀ ਨੂੰ ਇਨਸਾਨੀਅਤ ਦੀ ਜਨਨੀ ਕਹਿਣ ਤੋਂ ਅਸੀਂ ਸੰਗਦੇ ਕਿਉਂ ਹਾਂ। ਵੇਦਾਂ ਸ਼ਾਸਤਰਾਂ ਅਤੇ ਅੰਜੀਲਾਂ ਨੂੰ ਮਿਥਿਹਾਸਿਕ ਕਹਿਣ ਵਾਲਿਆਂ ਨੂੰ ਕੋਈ ਕੋਲ ਬਿਠਾ ਕੇ ਪੁੱਛੇ ਕਿ ਕਿੰਗ ਜੇਮਜ਼ ਬਾਈਬਲ **1611** ਵਿੱਚ ਪਹਿਲੀ ਵਾਰ ਤਿਆਰ ਕੀਤੀ ਗਈ ਪਰ **1604** ਵਿੱਚ ਤਾਂ ਸ਼੍ਰੀ ਆਦਿ ਗ੍ਰੰਥ ਦਾ ਵੀ ਪਰਕਾਸ਼ ਹੋ ਚੁੱਕਿਆ ਸੀ। ਬਾਈਬਲ ਦੇ ਜਨਮ ਤੋਂ ਸੌ ਸਾਲ ਪਹਿਲਾਂ ਗੁਰੁ ਨਾਨਕ, ਭਗਤ ਕਬੀਰ ਰਵਿਦਾਸ ਭਗਤ, ਨਾਮਦੇਵ, ਰਾਮਾਨੰਦ ਜੀ ਅਤੇ ਹੋਰ ਬਹੁਤ ਸਾਰੇ ਭਾਰਤੀ ਮੂਲ ਦੇ ਮਹਾਂਪੁਰਖਾਂ ਦੀਆਂ ਅਧਿਆਤਮਿਕ ਰਚਨਾਵਾਂ ਪ੍ਰਕਾਸ਼ਿਤ ਹੋ ਚੁੱਕੀਆਂ ਸਨ।

ਕੀ ਤੁਸੀਂ ਇਨ੍ਹਾਂ ਸਾਰੇ ਅਧਿਆਤਮਵਾਦੀ ਮਹਾਂਪੁਰਖਾਂ ਦੀ ਰਚਨਾ ਨੂੰ ਵੀ ਮਿਥਿਹਾਸਿਕ ਹੀ ਗਿਣਦੇ ਹੋ? ਲਓ ਇੱਕ ਗੱਲ ਹੋਰ ਸੁਣਿਓ ਜ਼ਰਾ ਕਦੇ ਕਿਸੇ ਨੇ ਇਸ ਪਾਸੇ ਧਿਆਨ ਦੇਣ ਦਾ ਯਤਨ ਹੀ ਨਹੀਂ ਕੀਤਾ ਕਿ ਪਹਿਲੀ



Academy of the Punjab in North America: http://www.apnaorg.com

ਬਾਈਬਲ ਜਦ ਤਿਆਰ ਕੀਤੀ ਗਈ ਤਾਂ ਉਸਦੀ ਭਾਸ਼ਾ ਕੀ ਸੀ, ਕਿਸ ਭਾਸ਼ਾ ਵਿੱਚ ਪਹਿਲੀ ਬਾਈਬਲ ਲਿਖੀ ਗਈ ਸੀ? ਕਹਿਣ ਨੂੰ ਤਾਂ ਕਈ ਚਿਰ ਉਸ ਭਾਸ਼ਾ ਨੂੰ ਇੰਡੋ ਯੌਰਪੀਅਨ ਭਾਸ਼ਾ ਕਹਿੰਦੇ ਰਹੇ ਪਰ ਕਦੇ ਕਿਸੇ ਨੇ ਇਸ ਗੱਲ ਦਾ ਖੁਲਾਸਾ ਨਹੀਂ ਕੀਤਾ ਕਿ ਪਹਿਲੀ ਬਾਈਬਲ ਦੀ ਬੋਲੀ **60**% ਭਾਰਤੀ ਬੋਲੀ ਸੀ, **12**% ਭਾਰਤੀ ਮੂਲ ਨਾਲੋਂ ਰੁੱਸੀ ਹੋਈ ਮੈਸਾਡੋਨ ਅਤੇ ਬੇਬੀਲੋਨਿਕ ਭਾਸ਼ਾ ਅਰਬੀ ਅਤੇ ਫਾਰਸੀ ਬੋਲੀ ਸੀ, **8**% ਲੈਟਿਨ ਲਫਜ਼ ਸਨ (ਅਜੋਕਲੈਟਿਨ ਭਾਸ਼ਾ ਵਿੱਚ ਵੀ ਤਕਰੀਬਨ ਅੱਧੇ ਲਫਜ਼ ਭਾਰਤੀ ਮੂਲ 'ਚੋਂ ਹੀ ਹਨ)। ਬਾਕੀ ਬਚੇ**20**% ਲਫਜ਼ ਜਰਮਨ, ਗ੍ਰੀਕ, ਪੁਰਤਗੇਜ਼ੀ ਅਤੇ ਹੋਰ ਕਈ ਸਾਰੀਆਂ ਨਵੀਂਆਂ ਜੰਮੀਆਂ ਯੌਰਪੀ ਭਾਸ਼ਾਵਾਂ ਵਿੱਚੋਂ ਸਨ। ਅੰਗਰੇਜ਼ੀ ਵਿਚਾਰੀ ਦੀ ਹਾਲੇ ਵਿਆਕਰਣ ਬਣ ਰਹੀ ਸੀ ਉਨ੍ਹੀਂ ਦਿਨੀ। ਮਗਰੋਂ ਜੰਮ ਕੇ ਤੇ ਚਾਰ ਕੁ ਸਦੀਆਂ ਵਿੱਚ ਹੀ ਦੁਨੀਆਂ ਦੀ ਨਕੜ ਦਾਦੀ ਬਣੀ ਫਿਰਦੀ ਅੰਗ੍ਰੇਜ਼ੀ ਕੋਲ ਕੋਈ ਐਸਾ ਸਬੂਤ ਨਹੀਂ ਜਿਸ ਦੇ ਆਧਾਰ ਤੇ ਆਪਣੀ ਪੁਰਾਤਨਤਾ ਸਿੱਧ ਕਰ ਸਕੇ। ਜਿਊਣ ਨੂੰ ਜੀਅ ਕਰਦਾ ਹੈ ਤਾਂ ਜੜ੍ਹਾਂ ਨਾਲ ਜੁੜਣਾ ਪਵੇਗਾ। ਹਿੰਦੀ ਪੰਜਾਬੀ ਦਾ ਜੇ ਅਸੀਂ ਅਸਲੀਕਰਣ ਕਰਨ ਤੋਂ ਸੰਗਦੇ ਹਾਂ ਤਾਂ ਸੰਗਦੇ ਸੰਗਦੇ ਕਿਤੇ ਅੰਗਰੇਜ਼ੀ ਦੇ ਗਲੋਬੀਕਰਣ ਦਾ ਸ਼ਿਕਾਰ ਨਾ ਹੋ ਜਾਈਏ । ਸਾਡੀਆਂ ਆਉਣ ਵਾਲੀਆਂ ਪ੍ਰੀੜੀਆਂ ਕਹਿਣਗੀਆਂ, ਏਥੇ ਹਰ ਵੱਡੀ ਮੱਛੀ ਛੋਟੀ ਨੂੰ ਨਿਗਲ ਜਾਂਦੀ ਹੈ, ਤਾਂ ਹੀ ਤਾਂ ਇਹ ਸੰਸਾਰ ਹੈ।

**ਸ਼ਬਦ ਸ਼ਕਤੀ ਜਿਸ ਧਰਤੀ ਮਾਂ ਦੀ ਗੋਦ ਵਿੱਚੋਂ ਮਿਲੀ ਹੈ, ਉਸ ਸ਼ਬਦ ਜਨਨੀ ਨੂੰ ਇਨਸਾਨੀਅਤ ਦੀ ਜਨਨੀ ਕਹਿਣ ਤੋਂ ਅਸੀਂ ਸੰਗਦੇ ਕਿਉਂ ਹਾਂ।**


Academy of the Punjab in North America: http://www.apnaorg.com

# ਪੰਜਾਬ ਵਿਚ ਮੇਰਾ ਦੋਨਾ ਦੇਸ਼

ਪੰਜਾਬ ਦੀ ਪੰਜਾਂ ਦਰਿਆਵਾਂ ਦੀ ਜਰਖੇਜ਼ ਧਰਤੀ ਜਿਸ ਵਿੱਚ ਇਨਸਾਨੀਅਤ ਦਾ ਜਨਮ ਹੋਇਆ, ਧਾਰਮਿਕ ਦੁਨੀਆਂ ਦਾ ਜਨਮ ਹੋਇਆ, ਸ਼ਬਦ ਦਾ ਜਨਮ ਹੋਇਆ, ਵਜ਼ਨ ਕਰਨ ਦੇ ਸਾਧਨ, ਗਹਿਣੇ ਅਤੇ ਲਗਪਗ ਸਾਰੀ ਦੀ ਸਾਰੀ ਸਮਗਰੀ ਜੋ ਇਨਸਾਨ ਦੇ ਜੀਣ ਵਾਸਤੇ ਚਾਹੀਦੀ ਹੈ, ਉਹ ਸਾਰੀ ਹੀ ਹਜ਼ਾਰਾਂ ਸਾਲ ਪਹਿਲਾਂ ਪੰਜਾਬ ਵਿੱਚ ਉਪਲਬਧ ਸੀ। ਪੰਜਾਬ ਨੂੰ ਕੰਧਾਰ ਦੇਸ਼, ਮਧੁਰ ਦੇਸ਼, ਸਪਤ ਸਿੰਧੂ ਅਤੇ ਕਈ ਹੋਰ ਨਾਵਾਂ ਨਾਲ ਜਾਣਿਆਂ ਜਾਂਦਾ ਰਿਹਾ। **1947** ਵਿੱਚ **40%** ਦੇ ਕਰੀਬ ਪੰਜਾਬ ਪੂਰਬੀ ਪੰਜਾਬ ਕਹਾਉਣ ਲੱਗਾ। **1966** ਵਿੱਚ ਹਿਮਾਚਲ ਤੇ ਹਰਿਆਣਾ ਨਿਕਲ ਜਾਣ ਤੋਂ ਬਾਅਦ ਅਸਲ ਪੰਜਾਬ ਦਾ ਸਤਵਾਂ ਹਿੱਸਾ ਰਹਿ ਗਏ ਪੰਜਾਬ ਦੇ ਵਿਚਕਾਰ ਰੇਤਲੀ ਬਰਾਨ ਧਰਤੀ (ਦੋਨਾ ਦੇਸ਼) ਦੀ ਗੱਲ ਕਰੀਏ। ਮਾਝਾ ਮਾਲਵਾ ਅਤੇ ਦੁਆਬਾ ਅਜੋਕੇ ਪੰਜਾਬ ਦੇ ਤਿੰਨ ਹਿੱਸੇ ਗਿਣੇ ਜਾਂਦੇ ਹਨ। ਸਤਲੁਜ ਅਤੇ ਬਿਆਸ ਦੇ ਵਿਚਕਾਰਲੇ ਇਲਾਕੇ ਨੂੰ ਦੁਆਬ ਕਿਹਾ ਜਾਂਦਾ ਹੈ। ਦੁਆਬ ਦੇ ਵੀ ਕਈ ਹੋਰ ਵੱਖ ਵੱਖ ਨਾਮ ਹਨ। ਸਤਲੁਜ ਦੇ ਨਾਲ ਲਗਦਾ ਇਲਾਕਾ ਮੰਜਕੀ ਅਤੇ ਬਿਆਸ ਦੇ ਨਾਲ ਲਗਦਾ ਇਲਾਕਾ ਬੇਟ ਅਖਵਾਉਂਦਾ ਹੈ। ਚਿੱਟੀ ਅਤੇ ਕਾਲੀ ਵੇਈਂ ਦੇ ਵਿਚਕਾਰ ਦਾ ਮਾਰੂ ਇਲਾਕਾ, ਬਰਾਨ ਇਲਾਕਾ ਦੋਨਾ ਅਖਵਾਉਂਦਾ। ਬਿਸਤ ਦੁਆਬ ਨਹਿਰ ਜਦ ਜਲੰਧਰ ਟੱਪਦੀ ਹੈ ਤਾਂ ਇਸਦੇ ਉੱਤਰੀ ਪੱਛਮੀ ਪਾਸੇ ਜੋ ਰੇਤਲਾ ਇਲਾਕਾ ਹੈ ਉਹ ਹੈ ਮੇਰਾ ਦੋਨਾ ਦੇਸ਼।

ਸਿਧਵਾਂ ਅਤੇ ਕਾਲਾ ਸੰਘਿਆ ਦੋਨੇ ਦੇ ਵੱਡੇ ਪਿੰਡ ਅਖਵਾਉਂਦੇ ਹਨ। ਟਿੱਬਿਆਂ ਦੀ ਰੇਤਾ ਹਵਾ ਨਾਲ ਕਿੱਕਲੀ ਪਾਉਂਦੀ ਪਾਉਂਦੀ ਸਾਰੇ ਰਾਹ ਖਹਿੜੇ ਮੇਟ ਦੇਂਦੀ। ਅੱਜ ਕੱਲ੍ਹ ਭਾਵੇਂ ਪੱਕੀਆਂ ਸੜਕਾਂ ਬਣ ਗਈਆਂ ਹਨ ਤੇ ਹਰ ਤਰ੍ਹਾਂ ਦੀਆਂ ਫਸਲਾਂ ਵੀ ਹੁੰਦੀਆਂ ਹਨ, ਪਰ ਕੋਈ ਸਮਾਂ ਸੀ ਜਦ ਮੂੰਗਫਲੀ, ਮੋਠ ਤੇ ਇੱਕੜ ਦੁੱਕੜ ਹੋਰ ਫਸਲਾਂ ਹੀ ਹੁੰਦੀਆਂ ਸਨ। ਪਿੰਡਾਂ ਦੀ ਨਿਆਂਈਂ ਵਿੱਚ ਬਹੁਤ ਮਿਹਨਤ ਕਰਕੇ ਲੋਕ ਮਾੜੀ ਮੋਟੀ ਗੁਜ਼ਾਰੇ ਜੋਗੀ ਕਣਕ, ਮਕੱਈ ਬੀਜਦੇ। ਮਾਲ ਡੰਗਰ ਝੱਲਾਂ ਬੇਲਿਆਂ ਵਿੱਚ ਚਰ ਕੇ ਢਿਡ ਭਰਦੇ। ਦੋਨਾ ਆਰਥਿਕ ਤੌਰ ਤੇ ਕਮਜ਼ੋਰ ਇਲਾਕਾ ਸੀ। ਮਾਝੇ ਦੇ ਲੋਕ ਦੋਨੇ ਵਿੱਚ ਰਿਸ਼ਤੇ ਨਹੀਂ ਸੀ ਕਰਿਆ ਕਰਦੇ। ਬੜੀ ਮਸ਼ਹੂਰ ਸੀ ਮਝੈਲਾਂ ਦੀ ਗੱਲ, 'ਜਿੱਥੇ ਘਾਹ ਨਹੀਂ ਓਥੇ ਤਾਂ ਲੋਕੀਂ ਗਾਂ ਨਹੀਂ ਛੱਡਦੇ, ਕੁੜੀ ਕਿਵੇਂ ਵਿਆਹ ਦੇਈਏ'। ਹੋਰ ਤਾਂ ਕੋਈ ਆਮਦਨ ਨਹੀਂ ਸੀ, ਕੰਮ ਕਾਰ ਵੀ ਬਹੁਤਾ ਨਹੀਂ ਸੀ। ਸ਼ਾਇਦ ਏਸੇ ਲਈ ਹੀ ਸਭ ਲੋਕ ਕੋਸ਼ਿਸ਼ ਕਰਦੇ ਕਿ ਬੱਚੇ ਪੜ੍ਹ ਜਾਣ ਤਾਂ ਸ਼ਾਇਦ ਕੋਈ ਨੌਕਰੀ ਹੀ ਮਿਲ ਜਾਵੇ। ਪੰਜਾਹ ਸਾਲ ਪਹਿਲਾਂ ਮੈਂ ਕਾਲਾ ਸੰਘਿਆਂ ਸਕੂਲ ਵਿੱਚ ਦਾਖਲ ਹੋਇਆ ਉਸ ਵਕਤ ਵੀ ਸਕੂਲ ਵਿੱਚ ਹਜ਼ਾਰਾਂ ਬੱਚੇ ਦਾਖਲ ਸਨ। ਸਾਰੇ ਘਰਾਂ ਵਿੱਚ ਦੁੱਧ ਘਿਓ ਜ਼ਰੂਰ ਹੁੰਦਾ ਸੀ। ਬਹੁਤ ਵਧੀਆ ਮੱਝਾਂ ਗਾਈਆਂ ਹੁੰਦੀਆਂ ਸਨ। ਬਲਦਾਂ ਦੀਆਂ ਜੋਗਾਂ ਵਧੀਆ ਵਧੀਆ ਰੱਖਣ ਦਾ ਸ਼ੌਕ ਸੀ। 'ਜੱਟ ਘਵਾਲ਼ੇ ਦਾ ਤੇ ਬੌਲਦ ਕਾਲ਼ੇ ਦਾ' ਬੜਾ ਮਸ਼ਹੂਰ ਗਿਣਦੇ।

ਸਵਾਣੀਆਂ ਦਾ ਦੁੱਧ ਘਿਓ ਖਾਂਦਿਆਂ ਪੀਂਦਿਆਂ, ਸਾਂਭਦਿਆਂ ਹੀ ਦਿਨ ਲੰਘ ਜਾਣਾ। ਮੁੰਡਿਆਂ ਨੇ ਸਰੀਰ ਬਣਾਉਣੇ ਤੇ ਖੇਡਾਂ ਵਿੱਚ ਹਿੱਸਾ ਲੈਣ ਦਾ ਸ਼ੌਕ ਤਕਰੀਬਨ ਸਾਰਿਆਂ ਦਾ ਹੀ ਸੀ। ਕੁਸ਼ਤੀਆਂ ਜਾਂ ਖੇਡਾਂ ਕਿਤੇ ਵੀ ਹੁੰਦੀਆਂ ਹੋਣ, ਲੋਕ ਹੁੰਮ ਹੁਮਾ ਕੇ ਪਹੁੰਚ ਜਾਂਦੇ। ਕਾਲੇ ਦੀ ਛਿੰਝ ਤੋਂ ਹਫ਼ਤਾ ਦਸ ਦਿਨ ਪਹਿਲਾਂ ਹੀ ਦੁਕਾਨਦਾਰਾਂ ਨੇ ਤਿਆਰੀਆਂ ਕਰਨੀਆਂ ਸ਼ੁਰੂ ਕਰ ਦੇਣੀਆਂ। ਕਈ ਕਈ ਮੀਲ ਦੂਰ ਤੱਕ ਰਾਹਾਂ 'ਤੇ ਦੁਕਾਨਾਂ ਲੱਗ ਜਾਣੀਆਂ। ਮੱਸਿਆ ਤੇ ਬਲ਼ਦ ਦੌੜਦੇ ਦੇਖਣ ਲਈ ਹਜ਼ਾਰਾਂ ਦੀ ਗਿਣਤੀ ਵਿੱਚ ਲੋਕ ਜੁੜ ਜਾਣੇ। ਦੋਨੇ ਦੇ ਵਧੀਆ ਪਸ਼ੂ ਸਾਰੇ ਪੰਜਾਬ ਵਿੱਚ ਮਸ਼ਹੂਰ ਸਨ ਤਾਂ ਹੀ ਤਾਂ ਪਸ਼ੂਆਂ ਦੀਆਂ ਚੋਰੀਆਂ ਬਹੁਤ ਹੁੰਦੀਆਂ ਸਨ। ਜਿਹੜਾ ਪਸ਼ੂ ਚੋਰ ਚੁਰਾ ਕੇ ਦਰਿਆਓਂ ਪਾਰ ਲੈ ਜਾਂਦੇ, ਉਹ ਕਦੇ ਨਾ ਲੱਭਦਾ। ਪਿੰਡਾਂ ਵਿੱਚ ਦੋਨੇ ਦੇ ਮੁੰਡੇ ਦੁੱਧ ਘਿਓ ਦੀ ਚੋਰੀ ਕਰਕੇ ਬੜਾ


Academy of the Punjab in North America: http://www.apnaorg.com

ਮਜ਼ਾ ਲੈਂਦੇ । ਸਾਰਾ ਦਿਨ ਪਾਥੀਆਂ ਦੀ ਅੱਗ ਤੇ ਕੜ੍ਹ ਕੜ੍ਹ ਕੇ ਦੁੱਧ ਏਨਾ ਮਿੱਠਾ ਹੋ ਜਾਣਾ ਕਿ ਪੁੱਛੋ ਨਾ। ਮੈਂ ਕਈ ਵਾਰ ਬਚਪਨ ਵਿੱਚ ਕਣਕ ਦੀ ਨਾੜ ਦੀ ਨਲਪੀ ਬਣਾ ਕੇ ਕਾੜ੍ਹਨੇ ਵਿੱਚੋਂ, ਮਲਾਈ ਵਿੱਚ ਨਲਪੀ ਖੋਭ ਕੇ ਰੱਜ ਰੱਜ ਕੇ ਦੁੱਧ ਪੀਤਾ, ਘਰਦਿਆਂ ਨੂੰ ਪਤਾ ਵੀ ਨਹੀਂ ਸੀ ਲਗਦਾ। ਖੇਡਣ ਮੱਲਣ ਦੀ ਉਮਰ ਵਿੱਚ ਦੁੱਧ ਘਿਓ ਜਿੰਨਾ ਮਰਜ਼ੀ ਖਾਈ ਜਾਓ ਪਚ ਜਾਂਦਾ। ਚੋਰੀਂ ਮਿਲੇ ਜਾਂ ਸਾਧੀਂ ਦੁੱਧ ਘਿਓ ਦਾ ਲਾਲਚ ਸਾਰੇ ਹੀ ਕਰਦੇ। ਘਿਓ ਵੇਚਣ ਵਾਲੀ ਦੀ ਇੱਕ ਗੱਲ ਬੜੀ ਮਸ਼ਹੂਰ ਹੁੰਦੀ ਸੀ, 'ਸੇਰ ਨਾ ਦਿੰਦੀ ਸਿੱਧਵੀਂ ਪੰਜ ਪਾਅ ਕਾਲੇ, ਲੁੱਟੀ ਗਈ ਵਿਚਾਰੀ ਟਾਵੀਂ ਦੇ ਵਿਚਕਾਲੇ' ਮਾਲ ਚਾਰਦਿਆਂ ਮੁੰਡਿਆਂ ਨੇ ਘਿਓ ਲੁੱਟ ਖਾਧਾ।

ਲੋੜ ਕਾਢ ਦੀ ਜਨਨੀ ਹੁੰਦੀ ਹੈ। ਆਪਣੀ ਆਰਥਿਕ ਹਾਲਤ ਨਾਲ ਨਜਿੱਠਣ ਲਈ ਸਕੂਲਾਂ ਕਾਲਜਾਂ ਵਿੱਚ ਲੋਕਾਂ ਨੇ ਪੜ੍ਹਾਈਆਂ ਕੀਤੀਆਂ। ਦਿੱਲੀ, ਕਲਕੱਤੇ ਅਤੇ ਬੰਬਈ (ਮੁੰਬਈ) ਆਦਿ ਵੱਡੇ ਸ਼ਹਿਰਾਂ ਵਿੱਚ ਜਾ ਕੇ ਜਿਸ ਤਰ੍ਹਾਂ ਦਾ ਵੀ ਕੰਮ ਮਿਲਿਆ ਬਿਨਾਂ ਕਿਸੇ ਹਿਚਕਚਾਹਟ ਦੇ ਕੀਤਾ। ਫੌਜ ਦੀ ਨੌਕਰੀ ਮਿਲੀ ਤਾਂ ਫੌਜੀ ਬਣ ਗਏ । ਮਾਝੇ ਮਾਲਵੇ ਵਾਂਗ ਘਰ ਬੈਠਿਆਂ ਨੂੰ ਰੋਟੀ ਤਾਂ ਮਿਲਣੀ ਨਹੀਂ ਸੀ। ਦੋਨੇ ਦੇਸ਼ ਦੇ ਲੋਕਾਂ ਦੀ ਰੋਟੀ ਤਾਂ ਕਿੱਕਰ ਦੀ ਟੀਸੀ ਤੇ ਹੋਇਆ ਕਰਦੀ ਸੀ, ਹਰ ਟੀਸੀ ਤੇ ਚੜ੍ਹ ਕੇ ਵੀ ਦੇਖਿਆ ਦੋਨੇ ਦਿਆਂ ਲੋਕਾਂ। ਜੇ ਕਿਧਰੇ ਪੁਲ ਬਣਦਾ ਹੋਵੇ ਜਾਂ ਕੋਈ ਵੀ ਕੰਮ ਮਿਲੇ ਜਿੱਥੇ ਮਰਜ਼ੀ ਮਿਲੇ, ਲੋਕ ਓਥੇ ਹੀ ਚਲੇ ਜਾਂਦੇ। ਅੰਗਰੇਜ਼ਾਂ ਨੇ ਚੰਗੀ ਸਿਹਤਵਾਲੇ ਤੇ ਕਾਮੇ ਲੋਕਾਂ ਨੂੰ ਬੜੀਆਂ ਨੌਕਰੀਆਂ ਦਿੱਤੀਆਂ। ਇੱਕ ਸਮਾਂ ਸੀ ਕਿ ਭਾਰਤੀ ਫੌਜ ਦੇ 25% ਜਵਾਨ ਦੋਨੇ ਦੇ ਹੋਇਆ ਕਰਦੇ ਸਨ। ਆਜ਼ਾਦ ਹਿੰਦ ਫੌਜ ਦੇ ਅੱਧੋਂ ਵੱਧ ਮੈਂਬਰ ਦੋਨੇ ਦੇ ਹੀ ਸਨ। ਮਸਕਟ, ਡੁਬਈ ਅਤੇ ਆਲੇ ਦੁਆਲੇ ਦੇ (ਯੂ.ਏ.ਈ) ਇਲਾਕਿਆਂ ਵਿੱਚ ਇਮਾਰਤਾਂ ਬਣਨੀਆਂ ਸ਼ੁਰੂ ਹੋਈਆਂ ਤਾਂ ਸਭ ਤੋਂ ਵੱਧ ਮਜ਼ਦੂਰ ਦੋਨੇ ਵਿੱਚੋਂ ਗਏ। ਦੁਨੀਆਂ ਦੇ ਸਮੁੰਦਰੀ ਜਹਾਜ਼ਾਂ ਵਿੱਚ ਹਰ ਤਰ੍ਹਾਂ ਦਾ ਕੰਮ ਕੀਤਾ। ਇੰਗਲੈਂਡ ਅਤੇ ਹੋਰ ਯੌਰਪੀ ਦੇਸ਼ਾਂ ਵਿੱਚ ਚਲੇ ਗਏ ਤੇ ਜਿਸ ਤਰ੍ਹਾਂ ਦਾ ਵੀ ਕੰਮ ਮਿਲਿਆ ਕੀਤਾ। ਮੈਨੂੰ ਯਾਦ ਹੈ। ਇਹ 1974 ਦੇ ਕਰੀਬ ਦੀ ਗੱਲ ਹੈ ਕਿ ਦੋਨੇ ਦਾ ਇੱਕ ਮੁੰਡਾ ਕਿਸੇ ਯੌਰਪੀਅਨ ਦੇਸ਼ ਵਿੱਚੋਂ ਆਇਆ। ਉਸਨੇ ਬਹੁਤ ਵਧੀਆ ਨਾਈਲੋਨ ਦੀ ਕੋਟੀ ਪਾਈ ਹੋਈ ਸੀ। ਕਿਸੇ ਨੇ ਕੋਟੀ ਦੀ ਸਿਫ਼ਤ ਕੀਤੀ ਤੇ ਉਹ ਮੁੰਡਾ ਕਹਿਣ ਲੱਗਾ, ਇਹ ਕੋਟੀ ਖਰੀਦਣ ਵਾਸਤੇ ਮੈਂ ਜਿਹੜੇ ਪਤੀਲੇ ਮਾਂਜਦਾ ਰਿਹਾਂ ਉਹ ਐਨੇ ਵੱਡੇ ਸੀ ਕਿ ਕਈ ਵਾਰ ਪਤੀਲੇ ਦੇ ਵਿੱਚ ਵੜ ਕੇ ਸਾਫ ਕਰਨਾ ਪੈਂਦਾ ਸੀ। ਮੇਰੇ ਦੋਨੇ ਦੇ ਮਿਹਨਤੀ ਲੋਕ ਅੱਜ ਇਸੇ ਲਈ ਹੀ ਕਾਮਯਾਬ ਹਨ।

ਅੱਜ ਦੋਨੇ ਦਾ ਕੋਈ ਪਿੰਡ ਐਸਾ ਨਹੀਂ ਜਿਸ ਪਿੰਡ ਦੇ ਲੋਕ ਵਿਦੇਸ਼ਾਂ ਵਿੱਚ ਨਾ ਗਏ ਹੋਣ। ਅਮਰੀਕਾ, ਕੈਨੇਡਾ ਅਤੇ ਇੰਗਲੈਂਡ ਹੀ ਨਹੀਂ ਦੁਨੀਆਂ ਦੀ ਹਰ ਨੁੱਕਰੇ ਪਹੁੰਚ ਕੇ, ਮਿਹਨਤ ਮਜ਼ਦੂਰੀ ਕਰਕੇ, ਪੈਸੇ ਕਮਾ ਕੇ ਆਪਣੇ ਦੋਨੇ ਦੇਸ਼ ਦੇ ਜੰਗਲ ਵਿੱਚ ਮੰਗਲ ਲਾ ਦਿੱਤੇ। ਅੱਜ ਦੋਨੇ ਦੇ ਪਿੰਡ ਦੇਖਣ ਵਾਲੇ ਹਨ। ਸੰਨ 1956 ਵਿੱਚ ਸਾਡਾ ਘਰ ਜੋ ਕਹਿੰਦੇ ਚਾਰ ਲੱਖ ਇੱਟਾਂ ਲਾ ਕੇ ਬਣਿਆਂ ਸੀ, ਪਿੰਡ ਵਿੱਚੋਂ ਹੀ ਨਹੀਂ ਕਈਆਂ ਪਿੰਡਾਂ ਵਿੱਚੋਂ ਸੋਹਣਾ ਘਰ ਸੀ। ਸਖਾਣੀ ਵਿੱਚ ਹੁਣ ਜਾ ਕੇ ਵੇਖੋ ਸ਼ਾਇਦ ਹੀ ਕੋਈ ਘਰ ਸਾਡੇ ਤੋਂ ਨੀਵਾਂ ਹੋਵੇ। ਅਰਬਾਂ ਰੁਪਏ ਕਮਾ ਕੇ ਦੋਨੇ ਦੇ ਲੋਕਾਂ ਨੇ ਆਪਣੇ ਪਿੰਡਾਂ ਨੂੰ ਲਿਆਂਦੇ, ਸੋਹਣੇ ਸੋਹਣੇ ਘਰ ਬਣਾਏ। ਘਰ ਘਰ ਟਰੈਕਟਰ ਟਰਾਲੀ ਖੇਤੀ ਦੇ ਨਵੇਂ ਸਾਧਨ, ਅੱਜ ਜਿੰਨੀ ਫਸਲ ਦੋਨੇ ਵਿੱਚ ਹੁੰਦੀ ਹੈ, ਹੋਰ ਕਿਧਰੇ ਨਹੀਂ ਹੁੰਦੀ। ਹਰ ਤਰ੍ਹਾਂ ਦੇ ਸੁਖ ਹਨ ਮੇਰੇ ਦੋਨੇ ਦੇਸ਼ ਵਿੱਚ। ਪੈਸੇ ਦੀ ਕੋਈ ਕਮੀ ਨਹੀਂ, ਗੱਡੀਆਂ ਮੋਟਰਾਂ ਨਵੀਆਂ ਤੋਂ ਨਵੀਆਂ ਪਰ ਇੱਕ ਬਹੁਤ ਹੀ ਦੁੱਖਦਾਇਕ ਗੱਲ ਵੀ ਸਾਂਝੀ ਕਰਨ ਨੂੰ ਦਿਲ ਕਰਦਾ ਹੈ। ਕਿਸੇ ਜ਼ਮਾਨੇ ਵਿੱਚ ਦੋਨੇ ਦਾ ਪਾਣੀ ਤੇ ਹਵਾ ਐਨੇ ਸਾਫ਼ ਸੁਥਰੇ ਹੋਇਆ ਕਰਦੇ ਸਨ ਕਿ ਇਕ ਮਿਸਾਲ ਸੀ। ਅੱਜ ਕਲ੍ਹ ਜਲੰਧਰ ਸ਼ਹਿਰ, ਜਿਸਨੂੰ ਸਾਰੀ ਉਮਰ ਦੋਨਾ ਦੇਸ਼ ਦੁੱਧ ਪਿਆਉਂਦਾ ਰਿਹਾ, ਦੋਨੇ ਨੂੰ ਪਤਾ ਨਹੀਂ ਕਿਸ ਗਲਤੀ ਦੀ ਸਜ਼ਾ ਦੇ ਰਿਹਾ ਹੈ, ਪਤਾ ਨਹੀਂ ਕਿਸ ਤਰ੍ਹਾਂ ਦੇ ਕੈਮੀਕਲ ਘੁਲਿਆਂ ਵਾਲਾ ਗੰਦਾਪਾਣੀ ਦੋਨੇ ਦੇ ਐਨ ਵਿਚਕਾਰ ਦੀ ਇਕ ਡ੍ਰੇਨ ਵਿੱਚ ਗੋਡੇ ਗੋਡੇ ਖੜਾ ਹੈ। ਆਲੇ ਦੁਆਲੇ ਮੀਲ ਮੀਲ


Academy of the Punjab in North America: http://www.apnaorg.com

ਤੱਕ ਸਾਹ ਲੈਣਾ ਮੁਸ਼ਕਲ ਹੈ। ਕੁਝ ਚਿਰ ਜੇ ਇਸੇ ਤਰ੍ਹਾਂ ਰਿਹਾ ਤਾਂ ਦੋਨੇ ਦਾ ਪਾਣੀ ਵੀ ਪੀਣ ਦੇ ਕਾਬਲ ਨਹੀਂ ਰਹੇਗਾ। ਹਵਾ ਤਾਂ ਖਰਾਬ ਹੋ ਹੀ ਚੁੱਕੀ ਹੈ। ਮੇਰੀ ਮੇਰੇ ਦੋਨੇ ਦੇ ਸਾਰਿਆਂ ਵੀਰਾਂ ਅੱਗੇ ਬੇਨਤੀ ਹੈ ਕਿ ਸਾਰੇ ਇਕੱਠੇ ਹੋ ਕੇ ਇਸ ਡ੍ਰੇਨ ਦੇ ਗੰਦੇ ਪਾਣੀ ਬਾਰੇ ਸੋਚੋ, ਨਹੀਂ ਤਾਂ ਦੋਨੇ ਵਿੱਚ ਜੀਣਾ ਮੁਸ਼ਕਿਲ ਹੋ ਜਾਵੇਗਾ।

ਸਾਨੂੰ ਆਸ ਹੀ ਨਹੀਂ ਪੂਰਾ ਵਿਸ਼ਵਾਸ਼ ਹੈ ਕਿ ਸਾਰੇ ਲੋਕ ਇਹ ਸਮਝ ਸਕਦੇ ਹਨ ਕਿ ਐਨੀ ਮਿਹਨਤ ਮਜ਼ਦੂਰੀ ਕਰਕੇ ਵਸਾਇਆ ਹੋਇਆ ਦੋਨਾ ਦੇਸ਼ ਇਸ ਗੰਦੀ ਡ੍ਰੇਨ ਦਾ ਕਰਕੇ ਬੀਮਾਰ ਹੋ ਸਕਦਾ ਹੈ, ਉੱਜੜ ਸਕਦਾ ਹੈ, ਮਰ ਮੁੱਕ ਸਕਦਾ ਹੈ। ਇਹ ਕਿੱਡੀ ਕੁ ਵੱਡੀ ਮੰਗ ਹੈ ਜੇ ਅਸੀਂ ਸਾਹ ਲੈਣਾ ਮੰਗਦੇ ਹਾਂ, ਜੀਣਾ ਮੰਗਦੇ ਹਾਂ। ਮੁਸ਼ੱਕਤ ਕਰਕੇ ਬਣਾਏ ਹੋਏ ਦੋਨੇ ਦੇ ਘਰਾਂ ਵਿੱਚ ਰਹਿਣਾ ਮੰਗਦੇ ਹਾਂ। ਜੇ ਸੀਚੇਵਾਲ ਵਾਲੇ ਸੰਤਾਂ ਦੀ ਗੱਲ ਮੰਨ ਸਕਦੇ ਹਨ ਤਾਂ ਸਾਰਾ ਦੋਨਾਂ ਇਕੱਠਾ ਹੋ ਕੇ ਸੰਤਾਂ ਕੋਲ ਹੀ ਚੱਲੀਏ ਤੇ ਆਪਣੇ ਦੋਨੇ ਲਈ ਜੀਵਨ ਦਾਨ ਮੰਗੀਏ । ਅਸੀਂ ਸਾਰਾ ਜ਼ੋਰ ਲਾ ਕੇ ਹੋਕਾ ਦਿੰਦੇ ਹਾਂ ਕਿ ਆਓ ਸਾਰੇ ਮਿਲ ਕੇ ਆਪਣੇ ਦੋਨੇ ਲਈ ਜੀਵਨ ਦਾਨ ਮੰਗੀਏ। ਜੇ ਇਸ ਗੰਦੇ ਨਾਲੇ ਤੋਂ ਖਹਿੜਾ ਨਾ ਛੁੱਟਿਆ ਤਾਂ ਫਿਰ ਆਪਣਾ ਬੋਰੀਆ ਬਿਸਤਰਾ ਬੰਨ ਕੇ ਰੱਖਿਓ, ਵਿਦੇਸ਼ ਤਾਂ ਵਿਦੇਸ਼ ਹੀ ਸਹੀ, ਸਾਨੂੰ ਜੀਣਾ ਤਾਂ ਪਵੇਗਾ ਹੀ, ਜੇ ਮੀਲ ਦੂਰੋਂ ਸੁੰਘਿਆ ਨਹੀਂ ਜਾ ਸਕਦਾ, ਉਸ ਵਿੱਚ ਘੁਲੇ ਕੈਮੀਕਲਾਂ ਨੂੰ ਚੈਕ ਕਰਵਾਓ। ਮੈਂ ਪੂਰੇ ਯਕੀਨ ਨਾਲ ਕਹਿ ਸਕਦਾ ਹਾਂ ਕਿ ਕੁਝ ਐਸਾ ਕੈਮੀਕਲ ਜ਼ਰੂਰ ਮਿਲਿਆ ਹੈ ਉਸ ਵਿੱਚ, ਜੋ ਇਨਸਾਨੀ ਜੀਵਨ ਲਈ ਮੌਤ ਬਣ ਸਕਦਾ ਹੈ। ਟਾਹਲੀ ਸਾਹਿਬ ਗੁਰਦਵਾਰੇ ਸੱਥ ਵਿੱਚ ਬੈਠ ਕੇ ਸਾਥੀਓ ਸਾਹ ਲੈਣ ਦੀ ਗੱਲ ਵੀ ਕਰਿਓ! ਕਿਤੇ ਇਵੇਂ ਨਾ ਹੋਵੇ ਕਿ ਦੋਨੇ ਦੀ ਸੱਥ ਵਿੱਚ ਬੈਠਣ ਵਾਸਤੇ ਵੀ ਸਾਨੂੰ ਕਿਸੇ ਕਿੱਕਰ ਦੀ ਟੀਸੀ ’ਤੇ ਪਹੁੰਚਣਾ ਪਵੇ!

*****

**ਇਹ 1974 ਦੇ ਕਰੀਬ ਦੀ ਗੱਲ ਹੈ ਕਿ ਦੋਨੇ ਦਾ ਇੱਕ ਮੁੰਡਾ ਕਿਸੇ ਯੌਰਪੀਅਨ ਦੇਸ਼ ਵਿੱਚੋਂ ਆਇਆ। ਉਸਨੇ ਬਹੁਤ ਵਧੀਆ ਨਾਈਲੋਨ ਦੀ ਕੋਟੀ ਪਾਈ ਹੋਈ ਸੀ। ਕਿਸੇ ਨੇ ਕੋਟੀ ਦੀ ਸਿਫ਼ਤ ਕੀਤੀ ਤੇ ਉਹ ਮੁੰਡਾ ਕਹਿਣ ਲੱਗਾ, ਇਹ ਕੋਟੀ ਖਰੀਦਣ ਵਾਸਤੇ ਮੈਂ ਜਿਹੜੇ ਪਤੀਲੇ ਮਾਂਜਦਾ ਰਿਹਾਂ ਉਹ ਐਨੇ ਵੱਡੇ ਸੀ ਕਿ ਕਈ ਵਾਰ ਪਤੀਲੇ ਦੇ ਵਿੱਚ ਵੜ ਕੇ ਸਾਫ ਕਰਨਾ ਪੈਂਦਾ ਸੀ। ਮੇਰੇ ਦੋਨੇ ਦੇ ਮਿਹਨਤੀ ਲੋਕ ਅੱਜ ਇਸੇ ਲਈ ਹੀ ਕਾਮਯਾਬ ਹਨ।**


Academy of the Punjab in North America: http://www.apnaorg.com

# ਪੰਜਾਬ ਦੀ ਕਿਰਤੀ ਕਿਸਾਨੀ

ਕੋਈ ਸਮਾਂ ਸੀ ਕਿ ਸਿਆਣੇ ਕਿਹਾ ਕਰਦੇ ਸਨ, 'ਉੱਤਮ ਖੇਤੀ, ਮੱਧਮ ਵਪਾਰ ਤੇ ਨਖਿੱਧ ਚਾਕਰੀ।' ਕੀ ਇਹ ਕਹਾਵਤ ਅੱਜ ਵੀ ਕੋਈ ਕੀਮਤ ਰੱਖਦੀ ਹੈ ਜਾਂ ਨਹੀਂ। ਭਾਵੇਂ ਅੱਜ ਵੀ ਚਾਰ ਖੇਤਾਂ ਦਾ ਮਾਲਕ ਚੌੜਾ ਹੋ ਹੋ ਕੇ ਬਹਿੰਦਾ ਹੈ, ਲੇਕਿਨ ਪੁਰਾਤਨ ਕਿਸਾਨੀ ਦੀਆਂ ਕਦਰਾਂ-ਕੀਮਤਾਂ ਭਾਲਿਆਂ ਵੀ ਨਹੀਂ ਲੱਭਦੀਆਂ। ਕੋਈ ਸਮਾਂ ਸੀ ਕਿ ਦੁਨੀਆਂ ਵਿੱਚ ਕਿਸਾਨ ਹੀ ਇੱਕ ਵਾਹਿਦ ਕੌਮ ਸੀ, ਜੋ ਆਤਮ ਨਿਰਭਰ ਸੀ। ਘਰ ਦੀ ਕਣਕ ਦੀਆਂ ਰੋਟੀਆਂ ਆਪਣੇ ਘਰੇ ਹੀ ਚੱਕੀ ਪੀਹ ਕੇ ਪੀਸਿਆ ਆਟਾ, ਘਰ ਦੀ ਮੱਕੀ ਦੀ ਰੋਟੀ ਉੱਤੇ ਕੜਛੀ ਸਾਗ ਦੀ ਤੇ ਵਿੱਚ ਤਾਜ਼ੀ ਮਖਣੀ ਦੀ ਡਲੀ। ਸ਼ਾਹ ਵੇਲੇ ਦੇਸੀ ਘਿਓ ਦਾ ਪਰੌਂਠਾ, ਘਰ ਦਾ ਬਣਾਇਆ ਅਚਾਰ, ਘਰ ਦਾ ਪੈਦਾ ਕੀਤਾ ਗੰਢਾ ਤੇ ਨਾਲ ਘਰ ਦੇ ਬਣਾਏ ਗੁੜ ਦੀ ਰੋੜੀ ਘਰ ਦੇ ਲਵੇਰੇ ਦੇ ਦੁੱਧ ਦਾ ਬਣਾਇਆ ਦਹੀਂ, ਲੱਸੀ, ਸਿਰਫ ਕਿਸਾਨ ਕੋਲ ਹੀ ਤਾਂ ਹੋ ਸਕਦਾ ਸੀ। ਸਾਵੇ ਬੱਗੇ ਬਲਦਾਂ ਦੀਆਂ ਜੋੜੀਆਂ, ਗਲਾਂ ਵਿੱਚ ਟੱਲੀਆਂ, ਪੰਜਾਲੀਆਂ, ਅਰਲੀਆਂ, ਹੱਥੇ, ਮੁੰਨੇ ਤੇ ਪਰੈਣੀਆਂ ਸਭ ਘਰ ਦੀ ਲੱਕੜ ਦੇ ਬਣੇ ਹੁੰਦੇ। ਘਰ ਦੀ ਸਣ ਸਨੁਕੜੇ ਦੇ ਹੱਥੀਂ ਵੱਟੇਹੋਏ ਰੱਸੀਆਂ ਰੱਸੇ ਤੇ ਮੰਜਿਆਂ ਦੀਆਂ ਦੌਣਾ ਤੇ ਘਰ ਦੇ ਖੂਹ ਦਾ ਠੰਢਾ ਮਿੱਠਾ ਪਾਣੀ। ਘਰ ਦੀ ਕਪਾਹ ਨਰਮੇ ਦੀਆਂ ਪੂਣੀਆਂ ਕੱਤ ਕੇ ਲੰਬੇ ਲੰਬੇ ਤੰਦ ਪਾ ਕੇ ਕੱਤੇ ਹੋਏ ਸੂਤਦੀਆਂ ਘਰ ਦੀ ਰਕਾਨ ਦੀਆਂ ਆਪਣੇ ਦਲਾਨ ਵਿੱਚ ਬੈਠ ਕੇ ਬੁਣੇ ਹੋਏ ਖੇਸ ਦਰੀਆਂ। ਕਰੋਸ਼ੀਏ ਨਾਲ ਕੱਢੀਆਂ ਝਾਲਰਾਂ ਵਾਲੀਆਂ ਪੱਖੀਆਂ ਦੀ ਝੱਲ, ਰਾਤ ਦੀ ਰੋਟੀ ਖਾਂਦਿਆਂ ਕਿਤੇ ਮੰਜੇ ਤੇ ਬੈਠੇ ਜੱਟ ਨੂੰ ਜੱਟੀ ਝੱਲ ਮਾਰ ਰਹੀ ਹੋਵੇ ਤਾਂ ਸਾਰੇ ਦਿਨ ਦਾ ਥਕੇਵਾਂ ਪਲਾਂ ਵਿੱਚ ਹੀ ਲਹਿ ਜਾਂਦਾ। ਹਰ ਤਰ੍ਹਾਂ ਦੀਆਂ ਸਬਜ਼ੀਆਂ, ਹਲਦੀ ਲਸਣ ਵੀ ਘਰ ਦੇ, ਦਾਲਾਂ ਘਰ ਦੀਆਂ। ਗਵਾਰੇ ਤੇ ਹਰਵਾਂਹ ਦੀਆਂ ਲੈਰੀਆਂ ਫਲੀਆਂ ਕਿਤੇ ਸਵਾਣੀ ਨੇ ਰੀਝ ਨਾਲ ਬਣਾਈਆਂ ਹੋਣ, ਕਿਤੇ ਲਸਣ ਦੀਆਂ ਹਰੀਆਂ ਭੂਕਾਂ ਹਰਾ ਧਨੀਆਂ ਤੇ ਤਾਜ਼ੀ ਮੇਥੀ ਪਾ ਕੇ ਘਰ ਦੇ ਆਂਡਿਆਂ ਦੀ ਭੁਰਜੀ ਬਣੀ ਹੋਣੀ। ਰੋਟੀ ਤੋਂ ਬਾਅਦ ਮੂੰਹ ਮਿੱਠਾ ਕਰਨ ਲਈ ਸ਼ੱਕਰ ਘਿਓ ਜਾਂ ਘਰ ਦੀ ਬਣਾਈ ਰਾਬ। ਘਰ ਦੀਆਂ ਟਾਹਲੀਆਂ ਤੂਤ ਜਿਨ੍ਹਾਂ ਦੇ ਮੋਸ਼ਿਆਂ ਦੀਆਂ ਬਣੀਆਂ ਬਾਲੇ ਸ਼ਤੀਰੀਆਂ, ਘਰ ਦਾ ਸਰਕੜਾ ਕਾਨੇ ਤੇ ਆਪਣੀਂ ਘਰ ਦੀ ਮਿੱਟੀ ਦੇ ਬਣੇ ਹੋਏ ਘਰ। ਗੱਲ ਕੀ ਕਿ ਕੁੱਲੀ ਗੁੱਲੀ ਤੇ ਜੁੱਲੀ ਸਭ ਘਰ ਦੇ ਹੁੰਦੇ।

ਅੱਜ ਦੇ ਕਿੰਨੇ ਕੁ ਕਿਸਾਨ ਹਨ ਜਿਨ੍ਹਾਂ ਨੂੰ ਕਿਰਤੀ ਕਿਹਾ ਜਾ ਸਕਦਾ ਹੈ, ਸ਼ਾਇਦ ਬਹੁਤੇ ਨਹੀਂ। ਕਿਸੇ ਨੇ ਠੀਕ ਹੀ ਟਿੱਚਰ ਕੀਤੀ ਹੈ 'ਪੁੱਤ ਸਰਦਾਰਾਂ ਦੇ, ਚਿੱਟੇ ਚਾਦਰੇ ਜ਼ਮੀਨਾਂ ਗਹਿਣੇ'। ਜੇ ਕਿਰਤ ਨਹੀਂ ਕਰਨੀ ਤਾਂ ਫਿਰ ਕਿਸਾਨ ਕਹਾਉਣ ਨਾਲ ਤਾਂ ਕੋਈ ਕਿਸਾਨ ਨਹੀਂ ਹੋ ਸਕਦਾ। ਇਹ ਵੀ ਠੀਕ ਹੈ ਕਿ ਕਿਸਾਨ ਦਾ ਗੂਠਾ ਹਾਲੇ ਚੱਲਦਾ ਹੈ। ਉਧਾਰ ਮਿਲ ਜਾਂਦਾ ਹੈ ਲੇਕਿਨ ਕਿੰਨਾ ਕੁ ਚਿਰ ਮਿਲਦਾ ਰਹੂ। ਦੋ ਏਕੜ ਦੀ ਫਰਦ ਲਾ ਕੇ ਜੇ ਟਰੈਕਟਰ ਲੈ ਵੀ ਆਂਦਾ ਤਾਂ ਉਸਦੀ ਕਿਸ਼ਤ ਕੌਣ ਦੇਊ। ਵੱਡੇ ਵੱਡੇ ਮਕਾਨ ਪਾਉਣ ਲਈ ਬੈਂਕਾਂ ਕਰਜ਼ਾ ਬਹੁਤ ਸੌਖਾ ਦੇ ਦੇਂਦੀਆਂ ਪਰ ਉਸ ਕਰਜ਼ੇ ਨੂੰ ਲਾਹੁਣਾ ਕਿਸ ਤਰ੍ਹਾਂ? ਨਵੇਂ ਨਵੇਂ ਫੈਸ਼ਨਾ ਦੇ ਕੱਪੜੇ ਪਾਉਣ ਨੂੰ ਦਿਲ ਕਰਨਾ ਤਾਂ ਵੱਖਰੀ ਗੱਲ ਹੈ ਪਰ ਪੈਸੇ ਕਿੱਥੋਂ ਆਉਣਗੇ? ਮੈਨੂੰ ਇੱਕ ਗੱਲ ਯਾਦ ਆਈ ਕਿ ਕੋਈ ਜੱਟ ਪੰਜਾਹ ਰੁਪੈ ਦਾ ਕੱਪੜਾ ਸ਼ਹਿਰੋਂ ਸੌ ਰੁਪੈ ਵਿੱਚ ਉਧਾਰ ਲੈ ਕੇ ਆਗਿਆ। ਜੱਟੀ ਨੇ ਜਦ ਦੱਸਿਆ ਕਿ ਇਹ ਤਾਂ ਪੰਜਾਹ ਰੁਪੈ ਦਾ ਹੈ ਤਾਂ ਜੱਟ ਕਹਿਣ ਲੱਗਾ - ਪੰਜਾਹ ਦੁਕਾਨਦਾਰ ਖੱਟ ਗਿਆ ਤੇ ਪੰਜਾਹ ਮੈਂ ਖੱਟ ਗਿਆਂ। ਉਹ ਕਿਵੇਂ, ਦੁਕਾਨਦਾਰ ਨੇ ਪੰਜਾਹ ਵੱਧ ਲਿਖ ਲਏ ਪਰ ਮੈਂ ਇੱਕ ਵੀ ਨਹੀਂ ਦੇਣਾ। ਬਹੁਤੇ ਕਿਸਾਨ ਕਰਜ਼ੇ ਨੇ ਹੀ ਬਰਬਾਦ ਕੀਤੇ ਹਨ। ਬਾਕੀ ਰਹਿੰਦੇ ਵੀ ਕਰਜ਼ੇ ਨੇ ਹੀ ਖਤਮ ਕਰਨੇ ਹਨ। ਜਿੱਤਣਾ ਕਰਜ਼ਾ ਦੇਣ ਵਾਲਿਆਂ ਨੇ ਵੀ ਨਹੀਂ। ਇਸ ਵਕਤ ਦੋਵੇਂ ਧਿਰਾਂ ਆਪਣੇ ਆਪ ਨੂੰ ਚਾਤਰ ਸਮਝਦੀਆਂ ਹਨ। ਕੁੰਡੀਆਂ ਦੇ ਸਿੰਗ ਫਸੇ ਹਨ ਪਰ ਲਗਦਾ ਵੜੇਵੇਂ ਕਿਸੇ ਵੀ ਨਹੀਂ ਖਾਧੇ। ਵੱਡੇ ਵੱਡੇ


Academy of the Punjab in North America: http://www.apnaorg.com

ਹੋਟਲਾਂ ਵਿੱਚ ਖਾਣਾ ਖਾਣ ਨੂੰ, ਪਾਰਟੀਆਂ ਕਰਨ ਨੂੰ ਦਿਲ ਕਰਦਾ ਹੈ ਤਾਂ ਖ਼ੈਰ ਸੱਲਾ ਪਰ ਜਿਸਨੇ ਚਾਦਰ ਵੇਖ ਕੇ ਪੈਰ ਨਹੀਂ ਪਸਾਰੇ, ਉਹ ਬਹੁਤੀ ਦੇਰ ਲੰਮੀਆਂ ਤਾਣ ਕੇ ਨਹੀਂ ਸੌਂ ਸਕਦਾ। ਵੱਡੇ ਵੱਡੇ ਮਹੱਲਾਂ ਵਿੱਚ ਰਹਿਣ ਵਾਲਾ, ਹੋਟਲਾਂ ਤੇ ਪਾਰਟੀਆਂ ਕਰਨ ਵਾਲਾ ਤੇ ਟਾਈਆਂ ਸੂਟ ਪਾਉਣ ਵਾਲਾ, ਜੋ ਕਿ ਕਰਜ਼ੇ ਨਾਲ ਵਿੰਨ੍ਹਿਆਂ ਪਿਆ ਹੈ, ਮੈਂ ਤਾਂ ਉਸਨੂੰ ਕਿਸਾਨ ਨਹੀਂ ਗਿਣਦਾ। ਮੇਰਾ ਕਿਸਾਨ ਤਾਂ ਕੁੱਲੀ ਗੁੱਲੀ ਤੇ ਜੁੱਲੀ ਦਾ ਮਾਲਕ ਹੁੰਦਾ ਸੀ। ਦੱਬ ਕੇ ਵਾਹੁੰਦਾ ਸੀ ਤੇ ਰੱਜ ਕੇ ਖਾਂਦਾ ਸੀ। ਸਭ ਕੁਝ ਹੀ ਉਸਦਾ ਆਪਣਾ ਸੀ। ਆਪਣੀ ਨੀਂਦੇ ਸੌਂਦਾ ਸੀ ਤੇ ਆਪਣੀ ਨਿੱਕੀ ਜਿਹੀ ਦੁਨੀਆਂ ਦਾ ਰਾਜਾ ਸੀ।

ਅੱਜ ਪੰਜਾਬ ਦੀ ਕਿਰਸਾਣੀ ਹਟਕੋਰੇ ਲੈ ਰਹੀ ਹੈ। ਹਰ ਸਾਲ ਕਰਜ਼ਿਆਂ ਦਾ ਭਾਰ ਵਧਦਾ ਹੀ ਜਾ ਰਿਹਾ ਹੈ। ਫ਼ਸਲ ਜੇ ਵਧੀਆ ਹੋ ਵੀ ਗਈ ਤਾਂ ਕੀ ਪਤਾ ਕਿਸ ਭਾਅ ਵਿਕੇ। ਕਿਸਾਨੀ ਦਾ ਇਹ ਜੂਆ ਭਲਾ ਕਿੰਨਾ ਕੁ ਚਿਰ ਖੇਡਿਆ ਜਾ ਸਕਦਾ ਹੈ। ਕਾਰਣ ਭਾਵੇਂ ਕੋਈ ਵੀ ਹੋਵੇ ਪਰ ਜੇ ਜੂਆ ਖੇਡਣਾ ਪਵੇ ਤਾਂ ਸਮਝੋ ਕਿ ਮੁਸੀਬਤ ਦਰਵਾਜ਼ਾ ਖੜਕਾ ਰਹੀ ਹੈ, ਜੂਆ ਖੇਡਣ ਵਾਲਾ ਭਾਵੇਂ ਧਰਮਰਾਜ ਹੀ ਕਿਉਂ ਨਾ ਹੋਵੇ। ਅਮਰੀਕਾ ਵਰਗੇ ਦੇਸ਼ਾਂ ਵਿੱਚ ਜਿੰਮੀਂਦਾਰ ਕਾਮਯਾਬ ਇਸ ਲਈ ਹਨ ਕਿਉਂਕਿ ਵੱਡੇ ਵੱਡੇ ਜਿੰਮੀਂਦਾਰਾਂ ਨੇ ਵੀ ਹੱਥੀਂ ਕੰਮ ਕਰਨਾ ਕਦੇ ਨਹੀਂ ਤਿਆਗਿਆ। ਦੂਸਰੀ ਗੱਲ ਕਿ ਫਸਲਾਂ ਦਾ ਬੀਮਾ ਹੋਇਆ ਹੁੰਦਾ ਹੈ। ਕੁਦਰਤੀ ਕਰੋਪੀ ਦੀ ਹਾਲਤ ਵਿੱਚ ਵੀ ਕਿਸਾਨ ਨੂੰ ਵਾਜ਼ਿਬ ਇਵਜ਼ਾਨਾ ਜ਼ਰੂਰ ਮਿਲਦਾ ਹੈ। ਖੇਤੀ ਪਰਧਾਨ ਦੇਸ਼ ਦਾ ਖੇਤੀ ਕਰਨ ਵਾਲਾ ਕਿਸਾਨ ਖੁਦਕਸ਼ੀਆਂ ਕਰ ਰਿਹਾ ਹੈ ਤਾਂ ਉਸ ਦੇਸ਼ ਦੀ ਆਰਥਿਕਤਾ ਬਾਰੇ ਹੋਰ ਕੀ ਪਤਾ ਕਰੀਏ। ਦੇਸ਼ ਨੇ ਜੇ ਖੇਤੀ ’ਤੇ ਨਿਰਭਰ ਕਰਨਾ ਹੈ ਤਾਂ ਖੇਤੀ ਕਰਨ ਵਾਲੇ ਕਿਰਸਾਨ ਨੂੰ ਵੀ ਜਿਊਂਦਿਆਂ ਰੱਖਣਾ ਪਵੇਗਾ। ਕਿਸਾਨੀ ਮਰ ਗਈ ਤਾਂ ਯਕੀਨ ਕਰਿਓ ਬਹੁਤਾ ਕੁਝ ਜਿਊਂਦਾ ਨਹੀਂ ਰਹਿ ਸਕਦਾ। ਸਰਕਾਰ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਐਹੋ ਜੇਹੇ ਵਿਧੀ ਵਿਧਾਨ ਬਣਾਏ ਜਾਣ ਕਿ ਸਾਡੀ ਕਿਸਾਨੀ ਚੜ੍ਹਦੀਕਲਾ ਵਿੱਚ ਰਹੇ। ਹੋਰ ਬਹੁਤ ਸਾਰੇ ਕਰਜ਼ੇ ਦੇਣ ਨਾਲ ਕਿਸਾਨੀ ਸਮੱਸਿਆ ਹੱਲ ਨਹੀਂ ਹੋ ਸਕਦੀ। ਕੋਈ ਗਰੰਟੀ ਵਾਲੀ ਗੱਲ ਹੋਣੀ ਚਾਹੀਦੀ ਹੈ। ਫਸਲਾਂ ਪੈਦਾ ਕਰਨ ’ਤੇ ਜਿੰਨਾ ਖਰਚ ਹੁੰਦਾ ਹੈ, ਉਸ ਤੋਂ ਜੇ ਕੀਮਤ ਘੱਟ ਮਿਲੇ ਤਾਂ ਕਿਸਾਨ ਕਿੰਨਾ ਕੁ ਚਿਰ ਕੱਢੂ। ਕੁਦਰਤ ਦੀ ਕਰੋਪੀ ਹੋ ਜਾਵੇ, ਹੜ੍ਹ, ਸੋਕਾ ਜਾਂ ਗੜੇਮਾਰ ਦੀ ਹਾਲਤ ਵਿੱਚ ਕਿਸਾਨ ਦਾ ਖਰਚਾ ਹਰ ਹਾਲਤ ਵਿੱਚ ਮਿਲਣਾ ਚਾਹੀਦਾ ਹੈ। ਦੂਸਰੇ ਪਾਸੇ ਕਿਸਾਨ ਦਾ ਵੀ ਫਰਜ਼ ਬਣਦਾ ਹੈ ਕਿ ਉਹ ਮੌਜੂਦਾ ਸਰਕਾਰ ਦੀ ਸੁੱਖ ਮੰਗੇ। ਟਕਰਾਓ ਕਰਕੇ ਨੁਕਸਾਨ ਤਾਂ ਹੋ ਸਕਦਾ ਹੈ, ਲੇਕਿਨ ਫਾਇਦਾ ਕੋਈ ਨਹੀਂ ਹੋ ਸਕਦਾ। ਚੋਣਾਂ ਸਮੇਂ ਆਪਣੀ ਮਨ ਪਸੰਦ ਦਾ ਸਹੀ ਨੁਮਾਇੰਦਾ ਚੁਣਨਾ ਤਾਂ ਬਿਲਕੁਲ ਠੀਕ ਹੈ, ਲੇਕਿਨ ਕਿਸੇ ਵੀ ਪਾਰਟੀ ਦੀ ਸਰਕਾਰ ਬਣ ਜਾਣ ਤੋਂ ਬਾਅਦ ਸਰਕਾਰ ਦਾ ਸਹਿਯੋਗ ਕਰਨਾ ਹੀ ਬਣਦਾ ਹੈ। ਕਿਸਾਨ ਹੀ ਨਹੀਂ ਵਿਰੋਧੀ ਪਾਰਟੀਆਂ ਵੀ ਜੇਕਰ ਟਕਰਾਓ ਦੇ ਥਾਂ ਸਹਿਯੋਗ ਕਰਨ, ਤਾਰਾਂ ਤੋੜਨ ਦੀ ਬਿਜਾਏ ਸਾਈਕਲ ਨੂੰ ਧੱਕਾ ਲਾਉਣ ਤਾਂ ਅੱਧੀਆਂ ਬਿਮਾਰੀਆਂ ਦੂਰ ਹੋ ਸਕਦੀਆਂ ਹਨ। ਖੈਰ ਸਾਡੀ ਸੋਚ ਰਾਜਨੀਤਕ ਨਹੀਂ ਹੈ। ਸਾਡੀ ਹਰ ਸੰਭਵ ਕੋਸ਼ਿਸ਼ ਰਹੇਗੀ ਕਿ ਕਿਸਾਨੀ ਅਤੇ ਕਿਸਾਨ ਦੀ ਖੈਰ ਮੰਗੀ ਜਾਵੇ!

*****


Academy of the Punjab in North America: http://www.apnaorg.com

# ਇੱਕ ਸਦੀ ਪਹਿਲਾਂ ਦਾ ਪੰਜਾਬ

ਇੱਕ ਸਦੀ ਪਹਿਲਾਂ ਵਾਲੇ ਪੰਜਾਬ ਦੀ ਜ਼ਿਲ੍ਹਿਆਂ ਅਨੁਸਾਰ ਗੱਲ ਕਰਨ ਨੂੰ ਜੀਅ ਕਰਦਾ ਹੈ। ਸੌ ਸਾਲ ਪਹਿਲਾਂ ਸਾਡਾ ਪੰਜਾਬ ਕਿਸ ਤਰ੍ਹਾਂ ਲਗਦਾ ਸੀ, ਆਓ ਇੱਕ ਨਜ਼ਰ ਆਪਣੇ ਅਤੀਤ ਤੇ ਮਾਰੀਏ।

ਅਟਕ ਬਿਆਸੀ ਮੀਲ ਇੰਦਸ ਦਰਿਆ ਦੇ ਪੂਰਬੀ ਕੰਢੇ ਦੇ ਨਾਲ ਨਾਲ ਅਟਕ ਜ਼ਿਲ੍ਹਾ **4223** ਵਰਗ ਮੀਲ ਖੇਤਰ ਦਾ ਜ਼ਿਲ੍ਹਾ ਸੀ। ਹਜ਼ਾਰਾ ਅਤੇ ਮੱਰੀ ਪਹਾੜਾਂ ਦੀ ਗੋਦ ਵਿੱਚ ਇੰਦਸ ਤੇ ਜੇਹਲਮ ਦਰਿਆਵਾਂ ਵਿਚਕਾਰ ਘੁੱਗ ਵੱਸਦਾ ਇਲਾਕਾ ਸੀ। ਕਾਦਰ ਦੀ ਕੁਦਰਤ ਦਾ ਸ਼ਾਇਦ ਹੀ ਕੋਈ ਐਸਾ ਨਜ਼ਾਰਾ ਹੋਵੇਗਾ ਜੋ ਅਟਕ ਜ਼ਿਲ੍ਹੇ ਵਿੱਚ ਨਹੀਂ ਮਿਲਦਾ। ਬਾਸਲ ਤੋਂ ਕਾਲਾ ਚਿੱਟਾ ਨੂੰ ਜਾਂਦੀ ਸੜਕ ਜਦੋਂ ਜੰਗਲਾਂ ਵਿੱਚੋਂ ਦੀ ਲੰਘਦੀ ਤਾਂ ਦੇਖ ਕੇ ਹੀ ਪਤਾ ਲੱਗ ਜਾਂਦਾ ਕਿ ਇਸ ਇਲਾਕੇ ਤੇ ਕੁਦਰਤ ਕਿੰਨੀ ਮੇਹਰਬਾਨ ਹੈ। ਅਟਕ ਦੀ ਪੁਰਾਣੀ ਸਰਾਂ, ਕਿਲ੍ਹਾ ਤੇ ਖੰਡਰਾਤ ਅਟਕ ਦੇ ਅਤੀਤ ਦੀ ਕਹਾਣੀ ਕਰਦੇ। ਇੰਦਸ ਜਦੋਂ ਪਹਾੜਾਂ ਨਾਲ ਸਮਝੌਤਾ ਕਰਕੇ ਸਮੁੰਦਰ ਦੀ ਸ਼ਕਲਧਾਰਦੀ ਤਾਂ ਚੜ੍ਹਦੇ ਤੇ ਅਸਤ ਹੁੰਦੇ ਸੂਰਜ਼ ਦਾ ਨਜ਼ਾਰਾ ਜਿਸ ਕਿਸੇ ਵੀ ਦੇਖਿਆ ਬੱਸ ਦੇਖਦਾ ਹੀ ਰਹਿ ਗਿਆ। ਇੰਦਸ ਨਦੀ ਦੇ ਇੱਕ ਪਾਸੇ ਪਿਸ਼ਾਵਰ ਅਤੇ ਉੱਤਰੀ ਫਰੰਟੀਅਰ ਤੇ ਦੂਜੇ ਪਾਸੇ ਅਟਕ। **82** ਮੀਲ ਦਾ ਸਾਥ ਕਰਕੇ ਜਦ ਇੰਦਸ ਪਾਸਾ ਵੱਟ ਜਾਂਦੀ ਤਾਂ ਬਾਕੀ ਦਾ ਪੱਛਮੀ ਕੰਢਾ ਮੀਆਂਵਾਲ ਜ਼ਿਲ੍ਹੇ ਦੀ ਮੀਆਂਵਾਲ ਤਹਿਸੀਲ ਨਾਲ ਲਗਦਾ ਸੀ। ਦੱਖਣੀ ਹੱਦ ਸ਼ਾਹਪੁਰ ਦੀ ਖੁਸ਼ਬ ਤਹਿਸੀਲ, ਜੇਹਲਮ ਦੀ ਚੱਕਵਾਲ ਤਹਿਸੀਲ ਅਤੇ ਰਾਵਲਪਿੰਡੀ ਦੀਆਂ ਗੁੱਜਰਖਾਨ ਤੇ ਰਾਵਲਪਿੰਡੀ ਤਹਿਸੀਲਾਂ ਪੂਰਬ ਵੱਲੋਂ ਲਗਦੀਆਂ। ਉੱਤਰ ਵਿੱਚ ਪੂਰਬੀ ਪਹਾੜੀਆਂ (ਹਜ਼ਾਰੇ ਦੀਆਂ ਪਹਾੜੀਆਂ) ਤੇ ਵਿੱਚ ਵਿਚਾਲੇ ਨਹਾਇਤ ਖੂਬਸੂਰਤ ਅਟਕ ਸੀ। ਚਾਰ ਤਹਿਸੀਲਾਂ ਸਨ ਉੱਤਰ ਵਿੱਚ ਅਟਕ ਤਹਿਸੀਲ, ਦੱਖਣ ਵਿੱਚ ਤਾਲਾਗੰਗ, ਪੱਛਮ ਵਿੱਚ ਪਿੰਡੀ ਘੇਬ ਅਤੇ ਪੂਰਬ ਵਿੱਚ ਤਹਿਸੀਲ ਫਤਿਹਜੰਗ ਸੀ।

ਕਾਬਲ ਦਰਿਆ ਜਦੋਂ ਇੰਦਸ ਵਿੱਚ ਛਾਲ ਮਾਰਦਾ ਤੇ ਇੰਦਸ ਵਿੱਚ ਡੁੱਬ ਕੇ ਇੰਦਸ ਹੀ ਬਣ ਜਾਂਦਾ। ਉਸ ਤੋਂ ਬਿੰਦ ਕੁ ਮਗਰੋਂ ਹੀ ਕਾਬਲ ਦੀ ਰੀਸੇ ਅਟਕ ਦਾ ਪਾਣੀ ਵੀ ਇੰਦਸ ਦੀ ਮਲਕੀਅਤ ਬਣ ਬੈਠਦਾ। **1883** ਵਿੱਚ ਰੇਲ ਦਾ ਪੁਲ ਬਣ ਜਾਣ ਤੋਂ ਪਹਿਲਾਂ ਲੋਕ ਲੱਕੜ ਦੇ ਬਣਾਏ ਹੋਏ ਪੁਲ ਉੱਤੋਂ ਦੀ ਹੀ ਇੰਦਸ ਦੇ ਪਾਰ ਲੰਘਦੇ । ਰੇਲ ਦਾ ਦੂਜਾ ਪੁਲ **1904** ਵਿੱਚ ਖੁਸ਼ਲਗੜ ਬਣ ਜਾਣ ਤੋਂ ਬਾਅਦ ਵੀ ਲੋਕ ਕਿਸ਼ਤੀ ਤੇ ਬੈਠ ਕੇ ਪਾਰ ਲੰਘਣਾ ਵਧੀਆ ਸਮਝਦੇ। ਅਟਕ ਜਿਲ੍ਹੇ ਦੇ ਸਾਰੇ ਨਦੀਆਂ ਨਾਲੇ ਇੱਕ ਦੂਜੇ ਵਿੱਚ ਰਲਦੇ ਰਲਾਉਂਦੇ ਇੰਦਸ ਵਿੱਚ ਆਣ ਰਲਦੇ। ਇੰਦਸ ਦੀ ਚਲਾਕੀ ਵੇਖੋ ਕਿ ਇੱਕ ਵਾਰ ਜੋ ਵੀ ਪਾਣੀ ਕਬਜੇ ਵਿੱਚ ਆ ਗਿਆ, ਉਸ ਵਿੱਚੋਂ ਚੂਲੀ ਭਰ ਪਾਣੀ ਵੀ ਵਾਪਿਸ ਅਟਕ ਦਾ ਕੋਈ ਖੇਤ ਸਿੰਜਣ ਵਾਸਤੇ ਨਹੀਂ ਦਿੱਤਾ। ਅਟਕ ਜ਼ਿਲ੍ਹੇ ਦੀ ਢਲਾਣ ਜੋ ਪੱਛਮ ਵੱਲ ਨੂੰ ਸੀ, ਇਸੇ ਲਈ ਤਾਂ ਅਟਕ ਜ਼ਿਲ੍ਹੇ ਦਾ ਸਾਰਾ ਪਾਣੀ ਭੱਜ ਭੱਜ ਕੇ ਇੰਦਸ ਵਿੱਚ ਜਾ ਰਲਦਾ। ਚੈਹਲ ਅਤੇ ਹਾਰੋ ਦਾ ਪਾਣੀ ਉੱਤਰੀ ਇਲਾਕੇ ਨੂੰ ਸਿੰਜਦਾ ਪਰ ਮੌਕਾ ਮਿਲਣ ਤੇ ਇੰਦਸ ਵਿੱਚ ਸਮਾ ਕੇ ਹੀ ਸਾਹ ਲੈਂਦਾ। ਪਾਣੀਆਂ ਨੇ ਕਈ ਵਾਰ ਅਟਕ ਜ਼ਿਲ੍ਹੇ ਵਿੱਚ ਹੂੰਝਾ ਵੀ ਫੇਰਿਆ ਲੇਕਿਨ ਪਾਣੀਆਂ ਦਾ ਕਰਕੇ ਹੀ ਦੁਬਾਰਾ ਚੈਹਲ ਪਹਿਲ ਹੋ ਗਈ। ਅਟਕ ਵਿੱਚ ਕੁਦਰਤ ਦੀਆਂ ਏਨੀਆਂ ਨਿਆਮਤਾਂ ਸਨ ਕਿ ਇਨਸਾਨ ਨੂੰ ਜਿਊਣ ਲਈ ਬਹੁਤੀਆਂ ਸਿਆਣਪਾਂ ਦੀ ਲੋੜ ਹੀ ਨਹੀਂ।

ਅੰਗਰੇਜ਼ੀ ਫੌਜ ਦੇ ਇੱਕ ਅਫਸਰ ਟੌਡ ਆਰ. ਆਈ. ਐਮ.ਨੇ ਲਿਖਿਆ ਹੈ ਕਿ ਪਿੰਡੀਘੇਬ ਤੋਂ ਕੋਈ ਦੋ ਕੁ ਮੀਲ ਦੱਖਣ ਵੱਲ ਇੱਕ ਨਿੱਕੀ ਜਿਹੀ ਝੀਲ ਦੇ ਕਿਨਾਰੇ ਪੱਥਰ ਯੁਗ ਦੇ ਵੇਲੇ ਦੇ ਕਈ ਹਥਿਆਰ, ਪੱਥਰ ਦੇ ਬਰਛੇ , ਕੁਹਾੜੀਆਂ ਅਤੇ ਹੋਰ ਬਹੁਤ ਸਾਰੀਆਂ ਨਿਸ਼ਾਨੀਆਂ ਮਿਲੀਆਂ। ਉਹ ਨਿਸ਼ਾਨੀਆਂ ਇਨ ਬਿਨ ਉਸੇ ਤਰ੍ਹਾਂ ਦੀਆਂ ਸਨ ਜਿਸ ਤਰ੍ਹਾਂ ਦੀਆਂ ਜਿਸ ਤਰ੍ਹਾਂ ਦੀਆਂ ਨਿਸ਼ਾਨੀਆਂ ਨੂੰ ਯੌਰਪ (ਫਰਾਂਸ) ਵਿੱਚ **40, 000** ਸਾਲ ਪੁਰਾਣੀਆਂ


Academy of the Punjab in North America: http://www.apnaorg.com

ਗਿਣੀ ਜਾਂਦੀਆਂ ਹਨ। **327** ਬੀ ਸੀ. ਵਿੱਚ ਜਦੋਂ ਸਕੰਦਰ (ਅਲੈਗਜ਼ੈਂਡਰ) ਨੇ ਇੰਦਸ ਨਦੀ ਪਾਰ ਕੀਤੀ ਤਾਂ ਅਟਕ ਇਲਾਕੇ ਵਿੱਚ ਉਸਦਾ ਵਾਹਵਾ ਮੂੰਹ ਮਿੱਠਾ ਹੋਇਆ। ਟੈਕਸਲਾ ਲੋਕ ਬਹੁਤ ਹੀ ਅਮੀਰ ਕੌਮ ਗਿਣੀ ਜਾਂਦੀ ਸੀ। ਟੈਕਸਲਾ ਨੂੰ ਦੋਹੀਂ ਹੱਥੀਂ ਲੁੱਟਣ ਤੋਂ ਬਾਅਦ ਹੀ ਜੇਹਲਮ ਪਾਰ ਕਰਕੇ ਉਸਦਾ ਪੋਰਸ ਨਾਲ ਪੰਗਾ ਪਿਆ। ਇਤਿਹਾਸਕਾਰ **1500** ਬੀ. ਸੀ. ਤੋਂ ਕਿਤੇ ਪਹਿਲਾਂ ਬਣੀਆਂ ਖੂਹੀਆਂ ਦੀ ਗੱਲ ਲਿਖਦੇ ਹਨ। ਨਾਲੀਆਂ ਬਣਾ ਕੇ ਲੋਕ ਆਪਣੇ ਘਰਾਂ ਦਾ ਪਾਣੀ ਇਨ੍ਹਾਂ ਖੂਹੀਆਂ ਵਿੱਚ ਸੁੱਟਦੇ ਸਨ। ਟੈਕਸਲਾ ਤੋਂ ਹਵੇਲੀਆਂ ਨੂੰ ਜਾਂਦੀ ਰੇਲਵੇ ਲਾਈਨ ਤੇ ਆਉਂਦੇ ਭੀਰਮੰਡ ਸ਼ਹਿਰ ਨੂੰ ਇਸ ਇਲਾਕੇ ਦਾ ਸਭ ਤੋਂ ਪੁਰਾਣਾ ਸ਼ਹਿਰ ਗਿਣਿਆਂ ਜਾਂਦਾ ਹੈ। ਭੀਰਮੰਡ ਦੀ ਖੁਦਾਈ ਕਰਦਿਆਂ ਥੇਹ ਦੀਆਂ ਤਿੰਨ ਤੈਹਾਂ ਮਿਲੀਆਂ। ਇਸ ਤੋਂ ਕਿਆਸ ਲਾਇਆ ਜਾ ਸਕਦਾ ਹੈ ਕਿ ਇਹ ਆਬਾਦੀ ਤਿੰਨ ਵਾਰ ਜ਼ਰੂਰ ਗ਼ਰਕ ਹੋਈ। ਉੱਪਰਲੀ ਤਹਿ ਤੋਂ **6** ਫੁੱਟ ਥੱਲੇ, ਦੂਜੀ ਤਹਿ ਵਿੱਚੋਂ **1167** ਚਾਂਦੀ ਦੇ ਸਿੱਕੇ ਬਹੁਤ ਸਾਰੇ ਸੋਨੇ ਦੇ ਸਿੱਕੇ ਅਤੇ ਗਹਿਣੇ ਜਿਨ੍ਹਾਂ ਵਿੱਚ ਚਾਂਦੀ ਦੇ ਗਹਿਣੇ ਵੀ ਸਨ, ਇੱਕ ਘੜੇ ਵਿੱਚ ਬੰਦ ਕਰਕੇ ਰੱਖੇ ਮਿਲੇ। ਕਈ ਸਿੱਕਿਆਂ ਤੇ ਸਕੰਦਰ ਅਲੈਗਜੈਂਡਰਦਾ ਸਿਰ ਵੀ ਬਣਿਆਂ ਸੀ। ਖੁਦਾਈ ਕਰਦਿਆਂ ਵੱਡੇ ਵੱਡੇ ਦੀਵਾਨ ਹਾਲ ਅਤੇ ਇੱਕ ਬੁੱਧ ਦਾ ਮੰਦਰ ਵੀ ਮਿਲਿਆ।

ਧਾਰਮਕ ਨਜ਼ਰੀਏ ਨਾਲ ਦੇਖੀਏ ਤਾਂ ਅਟਕ ਵਿਚ ਬੁੱਧ ਮੱਤ ਦੀਆਂ ਨਿਸ਼ਾਨੀਆਂ ਦੇ ਨਾਲ ਨਾਲ ਹਿੰਦੂ ਮੱਤ ਨਾਲ ਸੰਬੰਧਿਤ ਨਿਸ਼ਾਨੀਆਂ, ਪੁਰਾਤਨ ਦੇਵੀ ਦੇਵਤਿਆਂ ਦੀਆਂ ਮੂਰਤਾਂ ਤੇ ਇਸਲਾਮਿਕ ਕਦਰਾਂ - ਕੀਮਤਾਂ ਦੀਆਂ ਨਿਸ਼ਾਨੀਆਂ ਵੀ ਸਮੇਂ ਸਮੇਂ ਖੋਜੀਆਂ ਨੇ ਖੋਜੀਆਂ। ਹਿਊਨਸਾਂਗ ਦੇ ਸਮੇਂ ਦੀਆਂ ਨਿਸ਼ਾਨੀਆਂ ਮਿਲੀਆਂ। ਆਨੰਦਪਾਲ ਦੀਆਂ ਹਿੰਦੂ ਫੌਜਾਂ ਅਤੇ ਮਹਿਮੂਦ ਗਜ਼ਨਵੀਂ ਦੀ ਲੜਾਈ ਅਟਕ ਜ਼ਿਲ੍ਹੇ ਵਿੱਚ ਹੋਈ। ਇਸ ਲੜਾਈ ਵਿੱਚ ਭਾਵੇਂ ਰਾਜਪੂਤਾਂ ਦੀ ਹਾਰ ਹੋਈ ਪਰ **30, 000** ਫੌਜ ਦੇ ਅਚਾਨਕ ਹਮਲੇ ਨੇ ਮੁਹੰਮਦਨ ਫੌਜਾਂ ਨੂੰ ਬਹੁਤ ਵੱਡੀ ਸੱਟ ਮਾਰੀ। ਮਹਿਮੂਦ ਗਜ਼ਨਵੀਦੀਆਂ ਫੌਜਾਂ ਹਰਦੀਆਂ ਹਰਦੀਆਂ ਮਸਾਂ ਜਿੱਤੀਆਂ। ਤੇਰਵੀਂ ਸਦੀ ਵਿੱਚ ਗੌਰੀ ਵੀਮਰਦਾ ਮਰਦਾ ਬਚਿਆ, ਜਦ ਰਾਤ ਦੇ ਅੰਧੇਰੇ ਵਿੱਚ ਉਸ ਦੇ ਟੈਂਟ ਤੇ ਹਮਲਾ ਬੋਲਿਆ ਗਿਆ। ਸਾਰੇ ਦੇ ਸਾਰੇ ਹਮਲਾਵਰ ਜੋ ਭਾਰਤ ਨੂੰ ਲੁੱਟਣ ਲਈ ਆਉਂਦੇ, ਉਨ੍ਹਾਂ ਦਾ ਕੋਈ ਨਾ ਕੋਈ ਵਾਹ ਅਟਕ ਦੇ ਲੋਕਾਂ ਨਾਲ ਜ਼ਰੂਰ ਪੈਂਦਾ। ਜੰਜੂਆ ਲੋਕ ਜਿਨ੍ਹਾਂ ਵਿੱਚ ਜੱਟ ਗੁੱਜਰ ਤੇ ਹੋਰ ਕਈ ਕਿਸਮ ਦੇ ਲੋਕ ਸਨ, ਆਪਸ ਵਿੱਚ ਬੜੇ ਪਿਆਰ ਨਾਲ ਰਹਿੰਦੇ। ਮੁਸੀਬਤ ਪੈਣ ਤੇ ਇਕੱਠੇ ਹੋ ਜਾਂਦੇ ਤੇ ਵੱਡਿਆਂ ਵੱਡਿਆਂ ਨੂੰ ਚਣੇ ਚਬਾ ਦੇਂਦੇ। ਅਟਕ ਜ਼ਿਲ੍ਹਾ ਨਾਦਰ ਸ਼ਾਹ, ਅਹਿਮਦ ਸ਼ਾਹ ਅਤੇ ਹੋਰ ਕਈ ਹਮਲਾਵਰਾਂ ਦਾ ਰਸਤਾ ਬਣਿਆਂ ਰਿਹਾ। ਸਿੱਖਾਂ ਦੀ ਕੋਈ ਵੀ ਮਿਸਲ ਜੇਹਲਮ ਦੇ ਪਾਰ ਨਹੀਂ ਸੀ। **1765** ਵਿੱਚ ਪਹਿਲੀ ਵਾਰ ਗੁੱਜਰ ਸਿੰਘ ਭੰਗੀ ਨੇ ਕੁਝ ਇਲਾਕੇ ’ਤੇ ਕਬਜ਼ਾ ਕੀਤਾ। ਫਤਿਹਜੰਗ ਤਸੀਲ ਤੇ ਸ਼ੁਕਰਚੱਕੀਆ ਤਹਿਸੀਲ ਦੇ ਸਰਦਾਰ ਚਤਰ ਸਿੰਘ ਨੇ ਕਬਜ਼ਾ ਕਰ ਲਿਆ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿੱਚ ਸਾਰੇ ਦਾ ਸਾਰਾ ਜ਼ਿਲ੍ਹਾ ਸ਼ਾਮਲ ਸੀ। **19**ਵੀਂ ਸਦੀ ਦੇ ਸ਼ੁਰੂ ਵਿੱਚ ਸਾਰਾ ਜ਼ਿਲ੍ਹਾ ਸੰਪੂਰਣ ਸਿੱਖ ਰਾਜ ਬਣ ਗਿਆ। ਲਾਹੌਰ ਤੋਂ ਦੂਰ ਹੋਣ ਕਰਕੇ ਇਹ ਇਲਾਕਾ ਕਿਰਾਏ ਤੇ ਚੜ੍ਹਦਾ ਰਿਹਾ। ਵੱਖ ਵੱਖ ਲੋਕਾਂ ਨੇ ਮਾਮਲਾਤਾਰ ਕੇ ਇੰਦਸ ਤੇ ਜੇਹਲਮ ਵਿਚਲਾ ਇਲਾਕਾ ਮੱਲੀ ਰੱਖਿਆ। ਅਟਕ ਨੂੰ ਸੰਵਿਧਾਨਕ ਤੌਰ ਤੇ ਜ਼ਿਲ੍ਹਾ ਪਹਿਲੀ ਅਪ੍ਰੈਲ **1904** ਵਿੱਚ ਬਣਾਇਆ ਗਿਆ।

ਅਟਕ ਦੇ ਲੋਕਾਂ ਨੂੰ ਜੋ ਮਰਜ਼ੀ ਕਹੀ ਜਾਓ, ਜਿਸਦਾ ਮਰਜ਼ੀ ਝੰਡਾ ਝੁੱਲਦਾ ਰਿਹਾ ਹੋਵੇ ਪਰ ਇੱਕ ਗੱਲ ਤੋਂ ਕੋਈ ਵੀ ਮੁਨਕਰ ਨਹੀਂ ਹੋ ਸਕਦਾ ਕਿ ਅਟਕ ਦੇ ਲੋਕਾਂ ਵਿੱਚ ਇੰਦਸ ਨਦੀ ਦੇ ਕੰਢੇ ਤੇ ਸ਼ਾਲਾਤੁੱਲਾ ਦਾ ਜੰਮਪਲ ਪਾਣਿਨੀ ਵੀ ਸ਼ਾਮਿਲ ਹੈ। ਉਸ ਨੇ ਦੁਨੀਆਂ ਦੀ ਸਭ ਤੋਂ ਪਹਿਲੀ ਵਿਆਕਰਣ ਬਣਾਈ । ਇਹ ਲੋਕ ਪੰਜਾਬੀ ਸਨ, ਪੰਜਾਬੀ ਹਨ ਅਤੇ ਰਹਿੰਦੀ ਦੁਨੀਆਂ ਤੱਕ ਪੰਜਾਬੀ ਹੀ ਰਹਿਣਗੇ, ‘ਜੀਵੇ ਪੰਜਾਬ!’

*****



Academy of the Punjab in North America: http://www.apnaorg.com

# ਪੁਰਾਤਨ ਸੱਭਿਅਤਾ

ਸੱਭਿਅਤਾ ਲਿਖਣ ਵਾਸਤੇ ਜਾਂ ਪੁਕਾਰਨ ਵਾਸਤੇ ਸ਼ਬਦ ਤਾਂ ਵਰਤਣੇ ਹੀ ਪੈਣਗੇ। ਸ਼ਬਦਾਂ ਤੋਂ ਬਿਨਾ ਜੇਕਰ ਸੱਭਿਅਤਾ ਲਿਖ ਵੀ ਨਹੀਂ ਹੋ ਸਕਦੀ ਤਾਂ ਫਿਰ ਸੱਭਿਅਤਾ ਦੀ ਪੁਰਾਤਨਤਾ ਬਾਰੇ ਗੱਲ ਕਰਨ ਤੋਂ ਪਹਿਲਾਂ ਸ਼ਬਦ ਦੀ ਪੁਰਾਤਨਤਾ ਦੀ ਗੱਲ ਕਰਨੀ ਪਵੇਗੀ। ਆਪਣਾ ਅਤੀਤ ਅਸੀਂ ਲੋਕਾਂ ਦੀਆਂ ਲਿਖੀਆਂ ਕਿਤਾਬਾਂ 'ਚੋਂ ਪੜ੍ਹਿਆ। ਜਿਵੇਂ ਵੀ ਕਿਸੇ ਨੇ ਲਿਖਿਆ ਅਸੀਂ ਮੰਨ ਲਿਆ। ਚਾਤਰ ਲੋਕਾਂ ਦੀਆਂ ਚਤਰਾਈਆਂ ਨੂੰ ਕਦੇ ਕਿਸੇ ਨੇ ਸ਼ੱਕ ਦੀ ਨਜ਼ਰ ਨਾਲ ਨਾ ਦੇਖਿਆ। ਯੂਨਾਨੀ ਸੱਭਿਅਤਾ ਦੀ ਪੁਰਾਤਨਤਾ ਬਾਰੇ ਵਕਾਲਤ ਕਰਨ ਵਾਲਿਆਂ ਨੂੰ ਭਲਾ ਕੋਈ ਪੁੱਛੇ ਕਿ ਸ਼ਬਦ ਤੋਂ ਬਿਨਾਂ ਯੂਨਾਨ ਕਿਵੇਂ ਲਿਖ ਸਕਦੇ ਹੋ। ਪੁਰਾਤਨ ਸਭਿਅਤਾਵਾਂ ਦੀ ਕਹਾਣੀਕਰਨ ਵਾਲੇ ਸਾਰੇ ਇਸ ਗੱਲ ਨਾਲ ਸਹਿਮਤ ਹਨ ਕਿ ਦੁਨੀਆਂ ਨੂੰ ਸਭ ਤੋਂ ਪਹਿਲਾ ਲਿਖਿਆ ਹੋਇਆ ਅੱਖਰ ਸਿੰਧ ਘਾਟੀ ਵਿੱਚੋਂ ਹੀ ਮਿਲਿਆ। ਜਿੱਥੋਂ ਸ਼ਬਦ ਦੀ ਸ਼ੁਰੂਆਤ ਹੋਈ, ਕੀ ਓਥੇ ਸ਼ਬਦ ਦੀ ਵਰਤੋਂ ਕਰਨ ਤੇ ਕੋਈ ਪਾਬੰਦੀ ਸੀ? ਸਾਰੇ ਦੇ ਸਾਰੇ ਵਿਦਵਾਨ ਮੰਨਦੇ ਹਨ ਕਿ ਰਿੱਗ ਵੇਦ ਦੁਨੀਆਂ ਦਾ ਸਭ ਤੋਂ ਪਹਿਲਾ ਧਾਰਮਿਕ ਗ੍ਰੰਥ ਹੈ। ਸੱਭਿਅਤਾ ਦੇ ਵਿੱਚੋਂ ਜੇ ਭਲਾ ਧਰਮ ਨੂੰ ਪਾਸੇ ਕਰ ਦੇਈਏ ਤਾਂ ਫਿਰ ਬਾਕੀ ਬਚਦਾ ਕੀ ਹੈ?

ਵਿਦਵਾਨ ਪੰਜਾਬੀਆਂ ਨੂੰ, ਇਤਿਹਾਸਕਾਰਾਂ ਨੂੰ, ਖੋਜੀਆਂ ਨੂੰ ਅਤੇ ਸਾਰੇ ਦੇ ਸਾਰੇ ਸੱਚਪ੍ਰਸਤ ਲੋਕਾਂ ਨੂੰ ਅਪੀਲ ਕਰਨ ਨੂੰ ਦਿਲ ਕਰਦਾ ਹੈ ਕਿ ਆਓ! ਆਪਣੇ ਅਤੀਤ ਦੀ ਕਹਾਣੀ ਆਪ ਲਿਖੀਏ। ਦੁਨੀਆਂ ਮੰਨਦੀ ਹੈ ਕਿ ਸਭ ਤੋਂ ਪੁਰਾਣਾ ਰੰਗਮੰਚ ਹੜੱਪਾ ਤੇ ਮਹਿੰਜੋਦੜੋ ਵਿੱਚ ਹੀ ਪਾਇਆ ਗਿਆ। ਰੰਗ ਮੰਚ ਤੇ ਭਲਾ ਅਸੀਂ ਕੀ ਕਰਦੇ ਹਾਂ, ਸ਼ਬਦਾਂ ਦਾ ਪ੍ਰਯੋਗ ਕਰਕੇ, ਧੁਨੀਆਂ ਦਾ ਪ੍ਰਯੋਗ ਕਰਕੇ, ਇਸ਼ਾਰਿਆਂ ਨਾਲ ਕੋਈ ਕਹਾਣੀ ਕਰਦੇ ਹਾਂ, ਲੋਕ ਉਸਨੂੰ ਸੁਣਦੇ ਦੇਖਦੇ ਹਨ। ਸਹਿਜੇ ਹੀ ਆਖ ਸਕਦੇ ਹਾਂ ਕਿ ਸ਼ਬਦ ਦੀ ਸ਼ੁਰੂਆਤ ਦੇ ਨਾਲ ਨਾਲ ਸ਼ਬਦਾਂ ਦੇ ਪ੍ਰਯੋਗ ਕਰਨ ਦੀ ਸਟੇਜ ਵੀ ਸਿੰਧ ਘਾਟੀ ਵਿੱਚ ਹੀ ਹੋਈ। ਧੁਨੀਆਂ ਦਾ ਤਾਲਮੇਲ ਨਾਟਕ ਖੇਲ੍ਹਣ ਵਾਸਤੇ ਜ਼ਰੂਰੀ ਹੁੰਦਾ ਹੈ। ਕਈ ਵਾਰ ਨਾਟਕ ਖੇਲ੍ਹਦਿਆਂ ਇਸ਼ਾਰਿਆਂ ਨਾਲ ਵੀ ਕੰਮ ਚਲਾਉਣਾ ਪੈਂਦਾ ਹੈ। ਦੁਨੀਆਂ ਦੇ ਕਿਸੇ ਵੀ ਇਤਿਹਾਸਕਾਰ ਨੂੰ ਇਸ ਗੱਲ ਨਾਲ ਕਿੰਤੂ ਪ੍ਰੰਤੂ ਨਹੀਂ ਹੈ ਕਿ ਸਭ ਤੋਂ ਪਹਿਲਾ ਸ਼ਬਦ, ਸਭ ਤੋਂ ਪਹਿਲੀ ਸਟੇਜ ਤੇ ਸਭ ਤੋਂ ਪਹਿਲਾ ਨਾਟਕ ਕਿੱਥੋਂ ਲੱਭਿਆ। ਇਸਦਾ ਭਾਵ ਹੋਇਆ ਕਿ ਸ਼ਬਦ ਹੀ ਨਹੀਂ ਸਮੁੱਚੀ ਭਾਸ਼ਾ ਦਾ ਹੀ ਜਨਮ ਸਿੰਧ ਘਾਟੀ ਵਿੱਚ ਹੋਇਆ ਕਿਉਂਕਿ ਭਾਸ਼ਾ ਦੀ ਪਰਿਭਾਸ਼ਾ ਸ਼ਬਦ, ਧੁਨੀ ਅਤੇ ਇਸ਼ਾਰੇ ਤੋਂ ਬਿਨਾ ਹੋ ਹੀ ਨਹੀਂ ਸਕਦੀ। ਭਾਸ਼ਾ ਦੇ ਜਨਮ ਅਸਥਾਨ ਨੂੰ ਸਭਿਅਤਾ ਦਾ ਜਨਮ ਅਸਥਾਨ ਕਹਿਣ ਦਾ ਫਿਰ ਕੀ ਡਰ।

ਸ਼ਬਦ ਸ਼ਕਤੀ ਕਰਕੇ ਹੀ ਇਨਸਾਨ ਬਾਕੀ ਜੀਵਾਂ ਨਾਲੋਂ ਸਭ ਤੋਂ ਵੱਧ ਤਾਕਤਵਰ ਹੈ। ਧੁਨੀਆਂ ਵੀ ਤਾਂ ਭਾਸ਼ਾ ਹੀ ਹੁੰਦੀਆਂ ਹਨ। ਲੋਕ ਇਕੱਲੀ ਧੁਨ ਵਜਾ ਕੇ ਵੀ ਸਰੋਤਿਆਂ ਨੂੰ ਕੀਲ ਲੈਂਦੇ ਹਨ। ਸ਼ਬਦਾਂ ਦਾ ਪ੍ਰਯੋਗ ਵੀ ਉਚਾਰਣ ਵੇਲੇ ਧੁਨੀ ਤੋਂ ਬਿਨਾ ਸੰਭਵ ਨਹੀਂ ਹੁੰਦਾ। ਕਿਸੇ ਪੁਰਾਣੇ ਗੀਤ ਦੀ ਧੁਨ ਸੁਣ ਕੇ ਹੀ ਪਤਾ ਲੱਗ ਜਾਂਦਾ ਹੈ ਕਿ ਕਿਹੜਾ ਗੀਤ ਹੈ। ਇੱਕ ਵਾਰ ਮੇਰੇ ਨਾਲ ਕੋਰੀਆ ਦਾ ਮਿਸਟਰ ਚੋਏਮੇਰੀ ਕਾਰ ਵਿੱਚ ਕਿਸੇ ਕੰਮ ਲੌਸ ਐਂਜਲਸ ਨੂੰ ਜਾ ਰਿਹਾ ਸੀ। ਹਿੰਦੀ ਪੰਜਾਬੀ ਦਾ ਇੱਕ ਅੱਖਰ ਵੀ ਉਸਨੂੰ ਨਹੀਂ ਸੀ ਆਉਂਦਾ ਲੇਕਿਨ ਕਾਰ ਵਿੱਚ ਲਤਾ ਮੰਗੇਸ਼ਕਰ ਦਾ ਗੀਤ, 'ਖੁਦ ਦਿਲ ਸੇ ਦਿਲ ਕੀ ਬਾਤ ਕਹੀ ਔਰ ਰੋ ਦੀਏ' ਸੁਣ ਕੇ ਕਹਿਣ ਲੱਗਾ, 'ਸੈਡਸੌਂਗ।' ਧੁਨੀ ਤੋਂ ਹੀ ਚੋਏ ਨੂੰ ਪਤਾ ਲੱਗ ਗਿਆ ਕਿ ਕਰੁਣਾਮਈ ਗੀਤ ਹੈ। ਇਸ਼ਾਰੇ ਨਾਲ ਵੀ ਅਸੀਂ ਕਿਸੇ ਨੂੰ ਬੁਲਾ ਸਕਦੇ ਹਾਂ, ਘੂਰੀ ਵੱਟ ਕੇ ਦਬਕ ਸਕਦੇ ਹਾਂ, ਮੁਸਕਰਾਹਟ ਨਾਲ ਖੁਸ਼ ਕਰ ਸਕਦੇ ਹਾਂ, ਆਪਣੇ ਕੰਨ ਫੜ ਕੇ ਤਰਸਮਈ ਮੂੰਹ ਬਣਾ ਕੇ ਮੁਆਫੀ ਮੰਗ ਸਕਦੇ ਹਾਂ ਜਾਂ ਹੋਰ ਕਿਸੇ ਇਸ਼ਾਰੇ ਨਾਲ ਸਮਝਾ ਸਕਦੇ ਹਾਂ। ਕਹਿਣ ਤੋਂ ਭਾਵ ਭਾਸ਼ਾ ਵਾਸਤੇ ਸ਼ਬਦ, ਧੁਨੀਆਂ ਅਤੇ ਇਸ਼ਾਰੇ ਹੀ ਸਾਧਨ ਹਨ।


Academy of the Punjab in North America: http://www.apnaorg.com

# ਪੰਜਾਬੀ ਦਾ ਅਤੀਤ ਅਤੇ ਭਵਿੱਖ

ਪੰਜਾਬੀਆਂ ਨੂੰ ਐਸੇ ਐਸੇ ਪੱਤਣ ਤਰਨੇ ਪਏ, ਜੋ ਦੁਨੀਆਂ ਦੀ ਹੋਰ ਕਿਸੇ ਵੀ ਕੌਮ ਦੇ ਹਿੱਸੇ ਨਹੀਂ ਆਏ । ਸ਼ਾਇਦ ਕੋਈ ਹੋਰ ਕੌਮ ਏਨੇ ਪੱਤਣ ਤਰ ਵੀ ਨਾ ਸਕਦੀ। ਐਡਾ ਵੱਡਾ ਜੇਰਾ ਤਾਂ ਰੱਬ ਨੇ ਪੰਜਾਬੀਆਂ ਦਾ ਹੀ ਬਣਾਇਆ ਹੈ। ਭਾਸ਼ਾ ਦੀ ਗੱਲ ਵੇਖੋ, ਜ਼ਰੂਰਤ ਪੈਣ ਤੇ ਪੰਜਾਬੀਆਂ ਨੇ ਉਰਦੂ, ਫ਼ਾਰਸੀ ਸਿੱਖੀ, ਹਿੰਦੀ ਸਿੱਖੀ, ਬੰਗਾਲੀ, ਉੜੀਆ ਅਤੇ ਦੱਖਣੀ ਭਾਰਤ ਦੀਆਂ ਕੰਨੜ, ਮਲਿਆਲਮ, ਤਾਮਿਲ, ਤੈਲਗੂ ਅਤੇ ਪੱਛਮੀਂ ਭਾਰਤ ਦੀ ਗੁਜਰਾਤੀ ਕਈ ਪੰਜਾਬੀ ਇਸ ਤਰਾਂ ਬੋਲਦੇ ਹਨ ਕਿ ਯਕੀਨ ਹੀ ਨਹੀਂ ਆਉਂਦਾ ਕਿ ਇਹ ਪੰਜਾਬੀ ਲੋਕ ਹਨ। ਮੈਂ ਕਲਕੱਤੇ ਜਾ ਕੇ ਦੇਖਿਆ ਤਾਂ ਮੇਰੀ ਹੈਰਾਨੀ ਦੀ ਹੱਦ ਨਾ ਰਹੀ ਕਿ ਸਿੱਖ ਬੰਗਾਲੀ ਭਾਸ਼ਾ ਦੇ ਵਿਦਵਾਨ ਵੀ ਹਨ। ਭਵਨੇਸ਼ਵਰ, ਕਟਕ ਅਤੇ ਸੰਭਲ ਪੁਰ ਇਲਾਕੇ ਵਿੱਚ ਪੰਜਾਬੀ ਲੋਕ ਬਹੁਤ ਵਧੀਆ ਉੜੀਆ ਬੋਲਦੇ ਹਨ। ਗੁਜਰਾਤ ਵਿੱਚ ਗੁਜਰਾਤੀ ਜੋਈ ਫਿਰਦੇ ਹਨ। ਜੀਵਨ ਵਿੱਚ ਅਗਾਂਹ ਵਧੂ ਕਰੂਰਾ ਪੰਜਾਬੀਆਂ ਨੂੰ ਵਿਦੇਸ਼ਾਂ ਵਿੱਚ ਲੈ ਗਿਆ। ਅੰਗ੍ਰੇਜ਼ੀ ਤਾਂ ਹਰ ਪੜ੍ਹਿਆ ਲਿਖਿਆ ਪੰਜਾਬੀ ਬੋਲ ਹੀ ਲੈਂਦਾ ਹੈ। ਮੈਂ ਮੌਂਟਰੀਅਲ (ਕੈਨੇਡਾ) ਜਾ ਕੇ ਦੇਖਿਆ ਲੋਕ ਫ੍ਰੈਂਚ ਇਸ ਤਰਾਂ ਬੋਲਦੇ ਹਨ ਜਿਵੇਂ ਪੰਜਾਬੀਆਂ ਦੀ ਮਾਂ ਬੋਲੀ ਹੋਵੇ। ਦੱਖਣੀ ਅਮਰੀਕਾ ਵਿੱਚ ਰਹਿਣ ਵਾਲੇ ਪੰਜਾਬੀ ਸਪੈਨਿਸ਼ ਬੋਲਦੇ ਹਨ। ਕੈਲੇਫੋਰਨੀਆਂ, ਅਰੀਜ਼ੋਨਾ, ਨਿਊ ਮੈਕਸੀਕੋ ਅਤੇ ਟੈਕਸਸ ਸਟੇਟ ਵਿੱਚ ਬਹੁਗਿਣਤੀ ਮਕਸੀਕਣ ਹੋਣ ਕਰਕੇ ਬਹੁਤ ਸਾਰੇ ਪੰਜਾਬੀ ਸਪੈਨਿਸ਼ ਸਿੱਖ ਗਏ ਹਨ। ਜਰਮਨੀ ਵਿੱਚ ਰਹਿੰਦੇ ਪੰਜਾਬੀ ਬੜੀ ਵਧੀਆ ਜਰਮਨ ਬੋਲਦੇ ਹਨ, ਇਟਲੀ ਵਿੱਚ ਇਟਾਲੀਅਨ, ਲੇਕਿਨ ਜਿਸ ਮਰਜ਼ੀ ਪੰਜਾਬੀ ਨੂੰ ਜਿੱਥੇ ਮਰਜ਼ੀ ਰਹਿੰਦਾ ਹੋਵੇ, ਪੁੱਛ ਕੇ ਵੇਖ ਲਓ, ਹਿੱਕ ਤਾਣ ਕੇ ਕਹੇਗਾ ਕਿ ਮੈਂ ਪੰਜਾਬੀ ਹਾਂ।

ਦੁਨੀਆਂ ਦੀ ਸਭ ਤੋਂ ਪਹਿਲੀ ਵਿਆਕਰਣ ਅਸ਼ਟਾਅਧਿਆਏ ਪਾਣਿਨੀ ਨੇ ਲਿਖੀ, ਪਾਣਿਨੀ ਵੀ ਪੰਜਾਬੀ ਤੇ ਲਿਖੀ ਵੀ ਪੰਜਾਬ ਵਿੱਚ ਬਹਿ ਕੇ। ਮੈਂ ਕਈ ਖੋਜ ਪੁਸਤਕਾਂ ਵਿੱਚ ਪੜ੍ਹਿਆ ਹੈ, ਡਾ. ਪ੍ਰੇਮ ਪ੍ਰਕਾਸ਼ ਸਿੰਘ ਵੀ ਲਿਖਦੇ ਹਨ ਕਿ ਪੰਜਾਬੀ ਭਾਸ਼ਾ ਕੈਕੇਈ ਪ੍ਰਾਕ੍ਰਿਤੀ, ਮਦ੍ਰ ਪ੍ਰਾਕ੍ਰਿਤੀ ਅਤੇ ਗੰਧ੍ਰਵ ਪ੍ਰਾਕ੍ਰਿਤੀ ਵਿੱਚੋਂ ਪੈਦਾ ਹੋਈ। ਮੇਰਾ ਦਿਲ ਕਰਦਾ ਮੈਂ ਥੋੜ੍ਹਾ ਜਿਹਾ ਕਦਮ ਹੋਰ ਅੱਗੇ ਵਧਾਂ। ਗੰਧਾਰੀ ਪ੍ਰਾਕ੍ਰਿਤ ਦਾ ਜਨਮ ਅਸਥਾਨ ਭਲਾ ਕਿਹੜਾ ਸੀ, ਪੰਜਾਬ। ਕੰਧਾਰ ਅੱਜ ਕੱਲ੍ਹ ਅਫਗਾਨਿਸਤਾਨ ਵਿੱਚ ਹੀ ਸਹੀ ਪਰ ਇੱਕ ਦਿਨ ਤਾਂ ਪੰਜਾਬ ਹੀ ਸੀ। ਜੇਹਲਮ ਅਤੇ ਰਾਵੀ ਦੇ ਵਿਚਲੇ ਇਲਾਕੇ ਦੀ ਪ੍ਰਾਕ੍ਰਿਤ ਨੂੰ ਕੈਕੇਈ ਕਿਹਾ ਜਾਂਦਾ ਸੀ, ਇਹ ਵੀ ਪੰਜਾਬ ਅਤੇ ਜਮੁਨਾ ਤੋਂ ਲੈ ਕੇ ਰਾਵੀ ਵਿਚਲੇ ਇਲਾਕੇ ਦੀ ਪ੍ਰਾਕ੍ਰਿਤ ਮਧ੍ਰ ਸੀ। ਪੰਜਾਬ ਦੀ ਧਰਤੀ 'ਤੇ ਪੰਜਾਬੀਆਂ ਦੀ ਬੋਲੀ ਨੂੰ ਚਾਹੇ ਪ੍ਰਾਕ੍ਰਿਤਾਂ ਕਹੋ, ਚਾਹੇ ਹਿੰਦਵੀ ਕਹੋ, ਚਾਹੇ ਸਿੰਧਵੀ ਕਹੋ, ਟੱਕ ਆਖੋ, ਜਾਂ ਕੋਈ ਅਪਭ੍ਰੰਸ਼, ਇਹ ਸਭ ਪੈਦਾ ਪੰਜਾਬ ਵਿੱਚ ਹੋਈਆਂ। ਵੈਦਿਕ ਭਾਸ਼ਾ ਵੀ ਪੰਜਾਬੀ ਤੇ ਵੇਦ ਵੀ ਪੰਜਾਬੀ, ਮੈਂ ਤੇ ਕਹਾਂਗਾ ਕਿ ਸੰਸਕ੍ਰਿਤ ਦੇ ਜਨਮ ਦਾ ਸਮਾਂ ਤੇ ਅਸਥਾਨ ਪੰਜਾਬ ਹੈ ਤਾਂ ਇਹ ਕਿਉਂ ਨਹੀਂ ਕਹਿੰਦੇ ਕਿ ਸੰਸਕ੍ਰਿਤ ਵੀ ਪੰਜਾਬੀ ਵਿੱਚੋਂ ਹੀ ਬਣੀ। ਮਨੁੱਖਤਾ ਦੀ ਸਭ ਤੋਂ ਪਹਿਲੀ ਸਭਿਅਤਾ ਦੀ ਸਭ ਤੋਂ ਪਹਿਲੀ ਬੋਲੀ ਨੂੰ ਆਪਣੀ ਬੋਲੀ ਕਹਿਣ ਤੋਂ ਚਾਹੇ ਬਹੁਤ ਲੋਕ ਕੰਨੀ ਕਤਰਾਉਂਦੇ ਰਹੇ ਫਿਰ ਵੀ ਗੁਰੂ ਦੀ ਐਸੀ ਕਿਰਪਾ ਹੈ ਕਿ ਕਰੋੜਾਂ ਪੰਜਾਬੀਆਂ ਦੀ ਜਿੰਦ ਜਾਨ ਹੈ ਪੰਜਾਬੀ।

ਹਿੰਦੀ, ਹਿੰਦੂ ਅਤੇ ਹਿੰਦੁਸਤਾਨ ਦੀ ਜਨਮ ਭੂਮੀ ਪੰਜਾਬ ਨੂੰ ਸਮੇਂ ਸਮੇਂ ਸਿਆਸਤਦਾਨਾ ਨੇ ਲੀਰੋ ਲੀਰ ਕੀਤਾ। ਸਿੰਧੀ ਕਹੋ, ਬਲੋਚੀ ਕਹੋ, ਕਜ਼ਾਕੀ, ਅਫ਼ਗਾਨੀ ਜਾਂ ਪਾਕੀ ਕਹੋ, ਹਿਮਾਚਲੀ ਜਾਂ ਹਰਿਆਣਵੀ ਕਹੋ, ਲੇਕਿਨ ਪੰਜਾਬੀ ਤਾਂ ਪੰਜਾਬੀ ਹੀ ਹਨ। ਵਿਦੇਸ਼ਾਂ ਵਿੱਚ ਵੱਸਦੇ ਪੰਜਾਬੀਆਂ ਵਿੱਚੋਂ ਕਿਸੇ ਦਾ ਵੀ ਦਿਲ ਫਰੋਲ ਕੇ ਦੇਖ ਲਓ, ਕਤਰਾ ਕਤਰਾ ਖ਼ੂਨ ਪੰਜਾਬੀ ਦੀ ਖ਼ੈਰ ਮੰਗੇਗਾ। ਪੰਜਾਬੀਆਂ ਦੀ ਰਗ ਰਗ ਵਿੱਚ ਆਪਣੀਂ ਮਾਂ ਬੋਲੀ ਪੰਜਾਬੀ ਦੇ ਆਵਾਜ਼ੇ ਆਉਂਦੇ ਹਨ। ਲੇਕਿਨ ਇੱਕ ਐਸਾ ਰੋਗ ਲਗਦਾ ਜਾ ਰਿਹਾ ਹੈ ਜੋ ਸਮਾਂ ਪੈਣ ਤੇ ਐਨਾ ਗੰਭੀਰ ਰੋਗ ਬਣ ਜਾਵੇਗਾ


Academy of the Punjab in North America: http://www.apnaorg.com

ਕਿ ਫਿਰ ਉਸਦਾ ਇਲਾਜ ਕਰਨਾ ਮੁਸ਼ਕਿਲ ਹੋ ਜਾਵੇਗਾ।

ਜ਼ਰਾ ਗੌਰ ਕਰਿਓ ਮੇਰੇ ਪੰਜਾਬੀ ਵੀਰੋ ਭੈਣੋ, ਅੱਜ ਤੱਕ ਸਾਨੂੰ ਸਾਡੇ ਆਪਣਿਆਂ ਨੇ ਨਹੀਂ ਅਪਣਾਇਆ ਵਿਦੇਸ਼ੀ ਕਿਵੇਂ ਅਪਣਾਉਣਗੇ। ਵਿਦੇਸ਼ਾਂ ਵਿੱਚ ਸਾਡੇ ਬੱਚੇ ਆਪਣੇ ਆਪ ਨੂੰ ਅੰਗਰੇਜ਼ ਸਮਝਣ ਲੱਗ ਪਏ ਹਨ। ਪੰਜਾਬੀ ਨਾਲੋਂ ਟੁੱਟ ਜਾਣਗੇ ਤੇ ਕਿਸੇ ਹੋਰ ਨੇ ਅਪਨਾਉਣਾ ਨਹੀਂ, ਪਹਿਚਾਣ ਕੀ ਰਹੂ? ਵਿਦੇਸ਼ੀ ਗੰਗੂਆਂ ਦੇ ਨਾਲ ਬੱਚੇ ਤੋਰ ਕੇ ਕਿਸੇ ਨਾ ਕਿਸੇ ਕੰਧ ਥੱਲਿਓਂ ਹੀ ਮਿਲਣਗੇ। ਵਿਦੇਸ਼ੀ ਭਾਸ਼ਾ ਸਿੱਖਣ ਦਾ ਕੋਈ ਹਰਜ਼ ਨਹੀਂ ਲੇਕਿਨ ਸਾਡੇ ਬੱਚਿਆਂ ਨੂੰ ਕਦੇ ਕਿਸੇ ਨੇ ਆਪਣੇ ਨਹੀਂ ਕਹਿਣਾ ਤੇ ਸਾਡੀ ਭਾਸ਼ਾ ਜੇ ਸਮਝ ਹੀ ਨਾ ਲੱਗੀ ਤਾਂ ਕਿਸ ਦੇ ਗਲ ਲੱਗ ਕੇ ਰੋਣਗੇ? ਪੰਜਾਬੀ ਹੋਣ ਦੇ ਨਾਤੇ ਸਾਡਾ ਸਾਰਿਆਂ ਦਾ ਇਹ ਫ਼ਰਜ਼ ਬਣਦਾ ਹੈ ਕਿ ਅਸੀਂ ਆਪਣੇ ਬੱਚੇ ਬਚਾਈਏ, ਨਹੀਂ ਤਾਂ ਯਕੀਨ ਕਰਿਓ, ਸਾਡੇ ਪੋਤਿਆਂ ਦੋਹਤਿਆਂ ਦੇ ਖ਼ੂਨ ਵਿੱਚੋਂ ਪੰਜਾਬੀ ਮਹਿਕ ਨਹੀਂ ਆਉਣੀ। ਸਿਰਫ ਆਸ ਹੀ ਨਹੀਂ, ਮੈਂ ਵਿਸ਼ਵਾਸ਼ ਕਰੀ ਬੈਠਾ ਹਾਂ ਕਿ ਅਸੀਂ ਪੰਜਾਬੀਅਤ ਨੂੰ ਢਹਿੰਦੀਆਂ ਕਲਾਂ ਵੱਲ ਨਹੀਂ ਜਾਣ ਦਿਆਂਗੇ।

*****

**ਦੁਨੀਆਂ ਦੀ ਸਭ ਤੋਂ ਪਹਿਲੀ ਵਿਆਕਰਣ ਅਸ਼ਟਾਅਧਿਆਏ ਪਾਣਿਨੀ ਨੇ ਲਿਖੀ, ਪਾਣਿਨੀ ਵੀ ਪੰਜਾਬੀ ਤੇ ਲਿਖੀ ਵੀ ਪੰਜਾਬ ਵਿੱਚ ਬਹਿ ਕੇ।**


Academy of the Punjab in North America: http://www.apnaorg.com

# ਪਿੰਡ ਦਾ ਅਤੀਤ

ਤੜਕੇ, ਪਹੁ ਫੁਟਾਲਾ ਹੁੰਦਿਆਂ ਹੀ ਚਿੜੀਆਂ ਦੀ ਚੂੰ ਚੂੰ ਕੰਨਾਂ ਵਿੱਚ ਪੈਣ ਦੀ ਦੇਰ ਕਿ ਸਵਾਣੀਆਂ ਨੇ ਚਾਟੀਆਂ ਵਿੱਚ ਮਧਾਣੀਆਂ ਪਾ ਦੇਣੀਆਂ। ਵੱਡੇ ਪਰਿਵਾਰ ਹੋਣੇ, ਕਿਸੇ ਨੋਂਹ ਧੀ ਨੇ ਧਾਰਾਂ ਕੱਢਣ ਲੱਗ ਜਾਣਾ, ਕਿਸੇ ਨੇ ਕੁਝ ਹੋਰ ਬਹਾਰੀ ਕੂੜਾ ਕਰਨ ਲੱਗ ਜਾਣਾ। ਕਿਸਾਨ ਨੇ ਜੋਗ ਦੇ ਗਲ਼ ਪੰਜਾਲੀ ਪਾ ਕੇ ਤੇ ਪੁੱਠੇ ਰੁਕ ਹਲ ਨੂੰ ਪੰਜਾਲੀ ਤੇ ਟੰਗ ਕੇ, ਮੋਢੇ ਤੇ ਪਰਨਾ ਰੱਖ ਕੇ, ਹੱਥ ਪਰੈਣੀ ਫੜ ਕੇ ਜਦ ਖੇਤ ਵੱਲ ਤੁਰਨ ਲੱਗਣਾ ਤਾਂ ਅੱਧ ਰਿੜਕਿਆ ਕੜੀ ਵਾਲਾ ਗਲਾਸ ਭਰ ਕੇ ਸਵਾਣੀ ਨੇ ਆਣ ਫੜਾਉਣਾ। ਇੱਕੋ ਡੀਕ ਲਾ ਕੇ ਜੱਟ ਨੇ ਪੀ ਲੈਣਾ ਤੇ ਬਲਦਾਂ ਨੂੰ ਖੇਤਾਂ ਵੱਲ ਲੈ ਤੁਰਨਾ। ਰੋਜ਼ ਹੀ ਇਸ ਤਰ੍ਹਾਂ ਦਿਨ ਦੀ ਸ਼ੁਰੂਆਤ ਹੋਣੀ। ਜੇ ਕੋਈ ਆਵਾਜ਼ ਆਉਣੀ ਤਾਂ ਘਰ 'ਚੋਂ ਕਿਸੇ ਇੱਕ ਦੀ, ਜਪੁਜੀ ਪੜ੍ਹਨ ਦੀ ਆਵਾਜ਼ ਆਉਣੀ। ਨਾ ਕੋਈ ਕਿਸੇ ਨੂੰ ਕੰਮ ਦੱਸਦਾ ਤੇ ਨਾ ਹੀ ਕੋਈ ਪੁੱਛਦਾ। ਸਾਰੇ ਆਪੋ ਆਪਣੇ ਕੰਮ ਕਰਦੇ ਫਿਰਦੇ। ਜੱਟ ਦੇ ਮਗਰ ਸ਼ਾਹ ਵੇਲਾ ਲੈ ਕੇ ਜਾਣਾ। ਤਾਜ਼ੀ ਵਾਹੀ ਹੋਈ ਜ਼ਮੀਨ ਤੇ ਜੱਟੀ ਨੇ ਇਸ ਤਰ੍ਹਾਂ ਪਸੱਕਾ ਮਾਰ ਕੇ ਬੈਠਣਾ ਜਿਵੇਂ ਦੁਨੀਆਂ ਦੇ ਸਭ ਤੋਂ ਕੂਲੇ ਗੱਦੇ ਤੇ ਬੈਠੀ ਹੋਵੇ। ਜਿੰਨੀ ਮਰਜ਼ੀ ਭੁੱਖ ਲੱਗੀ ਹੋਵੇ ਪਰ ਜੱਟੀ ਦੇ ਪਹੁੰਚਣ ਤੋਂ ਬਾਅਦ ਇੱਕ ਗੇੜਾ ਜੱਟ ਨੇ ਜ਼ਰੂਰ ਲਾ ਕੇ ਹੀ ਹਲ ਰੋਕਣਾ। ਅੱਜ ਇਹ ਸਭ ਕੁਝ ਸਿਰਫ਼ ਯਾਦਾਂ ਵਿੱਚ ਹੀ ਰਹਿ ਗਿਆ।

ਕਿਸੇ ਵਿਰਲੇ ਹੀ ਘਰ ਪਾਥੀਆਂ ਦੀ ਸੁਲਘਦੀ ਅੱਗ ਤੇ ਦੁੱਧ ਵਾਲਾ ਕਾੜ੍ਹਨਾ ਮਿਲਦਾ। ਪਹਿਲੀ ਗੱਲ ਤਾਂ ਲਵੇਰਾ ਰੱਖਣ ਦਾ ਸ਼ੌਕ ਹੀ ਜਾਂਦਾ ਰਿਹਾ। ਜੇ ਕਿਸੇ ਦੇ ਮੱਝ ਜਾਂ ਗਾਂ ਸੂਈ ਹੋਵੇ ਤਾਂ ਚਾਹ ਜੋਗਾ ਰੱਖ ਕੇ ਬਾਕੀ ਦੁੱਧ ਜਲੰਧਰ ਤੇ ਬਾਲਟੀ ਅੰਦਰ। ਤੜਕਸਾਰ ਉੱਠਣ ਦੇ ਜ਼ਮਾਨੇ ਵੀ ਜਾਂਦੇ ਰਹੇ। ਦੋ ਦੋ ਚਾਰ ਚਾਰ ਖੇਤਾਂ ਵਾਲਿਆਂ ਨੇ ਵੀ ਟਰੈਕਟਰ ਰੱਖੇ ਹਨ। ਚਾਰ ਲੱਖ ਦੇ ਜੇ ਸੰਦ ਹੋਣ ਤਾਂ ਘੱਟੋ ਘੱਟ ਚਾਲ੍ਹੀ ਹਜ਼ਾਰ ਰੁਪਇਆ ਸਾਲ ਦਾ ਬੈਂਕ ਲੈ ਜਾਊ। ਜੱਟ ਨੂੰ ਕੀ ਬਚਿਆ, ਠਣ ਠਣ ਗੁਪਾਲ। ਕੰਮ ਨਾ ਕਰਨ ਦੀ ਬੀਮਾਰੀ ਪਤਾ ਨਹੀਂ ਕਿਵੇਂ ਲੱਗੀ। ਆਮ ਤੌਰ ਤੇ ਜੋ ਪੰਜਾਬੀ ਗ਼ਲਤ ਕਰਦੇ ਹਨ, ਇਸਦਾ ਉਲਾਂਭਾ ਪੱਛਮੀ ਸਭਿਅਤਾ ਨੂੰ ਦੇਂਦੇ ਹਨ। ਲੇਕਿਨ ਅਮਰੀਕਾ ਵਿੱਚ ਦਸ ਦਸ ਹਜ਼ਾਰ ਏਕੜ ਜ਼ਮੀਨ ਦੇ ਮਾਲਕ ਮੈਂ ਖ਼ੁਦ ਗ਼ਮ ਬੂਟ ਪਾ ਕੇ ਖੇਤਾਂ ਵਿੱਚ ਕੰਮ ਕਰਦੇ ਦੇਖੇ ਹਨ। ਦੀਦਾਰ ਸਿੰਘ ਬੈਂਸ, ਟੁੱਟ ਭਰਾ ਜਾਂ ਬਾਠ ਨੂੰ ਜੇ ਕਿਸੇ ਨੇ ਮਿਲਣਾ ਹੋਵੇ ਤਾਂ ਖੇਤਾਂ ਵਿੱਚ ਹੀ ਮਿਲਦੇ ਹਨ। ਠੀਕ ਹੈ ਕਿ ਜੱਟ ਨੂੰ ਕਰਜ਼ਾ ਬਹੁਤ ਆਸਾਨੀ ਨਾਲ ਮਿਲ ਜਾਂਦਾ, ਲੇਕਿਨ ਕਿੰਨਾ ਕੁ ਚਿਰ ਮਿਲਦਾ ਰਹੂ। ਉਹ ਦਿਨ ਦੂਰ ਨਹੀਂ ਕਿ ਆਮ ਕਿਸਾਨ ਦੇ ਸਿਰ ਐਨਾ ਕਰਜ਼ਾ ਹੋ ਜਾਵੇਗਾ ਕਿ ਸਾਰੀ ਵੇਚ ਕੇ ਵੀ ਨਹੀਂ ਲਹਿਣਾ। ਨਾ ਹੋਊ ਬਾਂਸ ਤੇ ਨਾ ਵੱਜੂ ਬੰਸਰੀ।

ਕੋਈ ਸਮਾਂ ਸੀ ਕਿ ਪੰਜਾਬ ਵਿੱਚ ਆਹਵਤਾਂ ਜਾਣੀਆਂ। ਰਲ ਮਿਲ ਕੇ ਕਣਕ ਵੱਢ ਲੈਣੀ। ਇੱਕ ਦੂਜੇ ਨਾਲ ਜ਼ਿਦ ਜ਼ਿਦ ਕੇ ਕਿਆਰੇ ਵੱਢਣੇ। ਮੈਨੂੰ ਯਾਦ ਹੈ ਇੱਕ ਵਾਰ ਬਾਬੇ ਵੀਰ ਸਿੰਘ ਦੇ ਆਹਵਤ ਆਈ। ਅਸੀਂ ਨਿੱਕੇ ਸਾਂ ਪਰ ਬੇੜ ਵਗੈਰਾ ਚੁੱਕੀ ਫਿਰਦੇ। ਦੁਪੈਹਰ ਦਾ ਖਾਣਾ ਆਇਆ। ਸਾਰਿਆਂ ਨੂੰ ਪਹਿਲਾਂ ਬੁੱਕ ਬੁੱਕ ਸ਼ੱਕਰ ਤੇ ਕੜਛੀ ਨਾਲ ਘਿਓ ਪਾਇਆ। ਫਿਰ ਦਾਲ ਸਬਜ਼ੀ ਨਾਲ ਰੋਟੀ। ਮੈਨੂੰ ਯਾਦ ਹੈ ਇੱਕ ਆਹਵਤੀ 'ਬੱਤੋ' ਬਾਕੀ ਸਾਰਿਆਂ ਨਾਲੋਂ ਤਕੜਾ ਸੀ। ਦੋ ਬੁੱਕ ਸ਼ੱਕਰ ਤੇ ਦੋ ਤਿੰਨ ਕੜਛੀਆਂ ਘਿਓ ਪਹਿਲਾਂ ਹੀ ਉਸਨੂੰ ਪਾ ਦਿੱਤਾ ਸੀ। ਜਦੋਂ ਸਾਰੇ ਰੋਟੀ ਖਾ ਹਟੇ ਤਾਂ ਮਾਂਜੀ ਨੇ ਮਖੌਲ ਨਾਲ ਬੱਤੋ ਨੂੰ ਕਿਹਾ, ਬੱਤੋ ਆਹ ਥੋੜ੍ਹਾ ਜਿਹਾ ਘਿਓ ਬਚਿਆ, ਪੀ ਲਾ ਮੈਂ ਕਿੱਧਰ ਵਾਪਿਸ ਚੁੱਕੀ ਫਿਰੂੰ। ਡੇੜ੍ਹ ਛੰਨਾ ਘਿਓ ਬੱਤੋ ਰੱਜਿਆ ਹੋਇਆ ਵੀ ਪੀ ਗਿਆ। ਸ਼ਾਮ ਨੂੰ ਬਾਕੀ ਸਾਰੇ ਘਰੋ ਘਰੀ ਮੁੜ ਗਏ ਪਰ ਬੱਤੋ ਕਣਕ ਵੱਢਦਾ ਰਿਹਾ। ਚੰਦ ਦੀ ਚਾਂਦਨੀ ਸੀ, ਘਿਓ ਪਚਾਉਣ ਵਾਸਤੇ ਸਾਰੀ ਰਾਤ ਵਾਢੀ ਕਰਦਾ ਰਿਹਾ। ਸਵੇਰੇ ਜਾ ਕੇ ਦੇਖਿਆ ਇਕੱਲੇ ਬੱਤੋ ਨੇ ਰਾਤੋ ਰਾਤ ਛੇ ਕਨਾਲ ਕਣਕ ਵੱਢ ਸੁੱਟੀ।



Academy of the Punjab in North America: http://www.apnaorg.com

ਹੁਣ ਪੰਜਾਬੀ ਜੱਟ ਕੰਮ ਨਹੀਂ ਕਰਦੇ, ਜਿਸ ਕੰਮ ਲਈ ਕਦੇ ਜੱਟ ਮਸ਼ਹੂਰ ਹੁੰਦੇ ਸਨ। ਹਾਜ਼ਮੇ ਅਕਸਰ ਖਰਾਬ ਰਹਿੰਦੇ, ਸ਼ਰਾਬ ਤੋਂ ਬਿਨਾ ਹੋਰ ਕੁਝ ਸ਼ੌਕ ਨਾਲ ਖਾਂਦੇ ਪੀਂਦੇ ਹੀ ਨਹੀਂ। ਦੇਖ ਕੇ ਦੂਰੋਂ ਪਛਾਣ ਹੋਣ ਵਾਲੇ ਦਿਨ ਗਵਾਚ ਗਏ। ਵੱਛੂ ਜਿਹੇ ਜੱਟਾਂ ਦੇ ਮੁੰਡੇ ਖੇਤਾਂ 'ਚੋਂ ਮੂਲੀ ਵੀ ਜੇ ਲਿਆਉਣੀ ਤਾਂ ਸਕੂਟਰ ਤੇ ਜਾਂਦੇ। ਪੰਜਾਬੀ ਗੱਭਰੂ ਕੋਈ ਟਾਵਾਂ ਟਾਵਾਂ ਹੀ ਰਹਿ ਗਿਆ। ਹੇਕਾਂ ਲਾ ਕੇ ਬੋਲੀਆਂ ਵੀ ਤਾਂ ਹੀ ਪਾਉਣ ਜੇ ਬੋਲੀ ਆਉਂਦੀ ਹੋਵੇ । ਅੰਗਰੇਜ਼ੀ ਵਧੀਆ ਬੋਲ ਲੈਂਦੇ ਪਰ ਪੰਜਾਬੀ ਵੱਲੋਂ ਦਿਨ ਪ੍ਰਤੀਦਿਨ ਹੱਥ ਤੰਗ ਹੋ ਰਿਹਾ ਹੈ। ਕੀ ਬਣੂੰ ਸਾਡਾ ਸਮਝ ਨਹੀਂ ਲੱਗ ਰਹੀ।

*****

**ਕਿਸੇ ਵਿਰਲੇ ਹੀ ਘਰ ਪਾਥੀਆਂ ਦੀ ਸੁਲਘਦੀ ਅੱਗ ਤੇ ਦੁੱਧ ਵਾਲਾ ਕਾੜ੍ਹਨਾ ਮਿਲਦਾ। ਪਹਿਲੀ ਗੱਲ ਤਾਂ ਲਵੇਰਾ ਰੱਖਣ ਦਾ ਸ਼ੌਕ ਹੀ ਜਾਂਦਾ ਰਿਹਾ। ਜੇ ਕਿਸੇ ਦੇ ਮੱਝ ਜਾਂ ਗਾਂ ਸੂਈ ਹੋਵੇ ਤਾਂ ਚਾਹ ਜੋਗਾ ਰੱਖ ਕੇ ਬਾਕੀ ਦੁੱਧ ਜਲੰਧਰ ਤੇ ਬਾਲਟੀ ਅੰਦਰ। ਤੜਕਸਾਰ ਉੱਠਣ ਦੇ ਜ਼ਮਾਨੇ ਵੀ ਜਾਂਦੇ ਰਹੇ। ਦੋ ਦੋ ਚਾਰ ਚਾਰ ਖੇਤਾਂ ਵਾਲਿਆਂ ਨੇ ਵੀ ਟਰੈਕਟਰ ਰੱਖੇ ਹਨ। ਚਾਰ ਲੱਖ ਦੇ ਜੇ ਸੰਦ ਹੋਣ ਤਾਂ ਘੱਟੋ ਘੱਟ ਚਾਲ੍ਹੀ ਹਜ਼ਾਰ ਰੁਪਇਆ ਸਾਲ ਦਾ ਬੈਂਕ ਲੈ ਜਾਊ। ਜੱਟ ਨੂੰ ਕੀ ਬਚਿਆ, ਠੁਣ ਠੁਣ ਗੁਪਾਲ।**


Academy of the Punjab in North America: http://www.apnaorg.com

# ਪੰਜਾਬ ਦੀਆਂ ਕਦਰਾਂ-ਕੀਮਤਾਂ

ਪੰਜਾਬ ਅਤੇ ਪੰਜਾਬੀ ਕਦਰਾਂ-ਕੀਮਤਾਂ ਨੂੰ ਉਲੰਘ ਕੇ ਜਾਣ ਵਾਲਿਆਂ ਨੇ ਤਾਂ ਕੋਈ ਕਸਰ ਨਹੀਂ ਰਹਿਣ ਦਿੱਤੀ ਲੇਕਿਨ ਸੱਚ ਨੂੰ ਸਾੜਨ ਵਾਲੀ ਅੱਗ ਅਜੇ ਤੱਕ ਤਾਂ ਨਹੀਂ ਬਣੀ। ਪੰਜਾਬ, ਪੰਜਾਬੀ ਅਤੇ ਪੰਜਾਬੀਆਂ ਨੂੰ ਜੋ ਚਾਹੋ ਕਹਿ ਸਕਦੇ ਹੋ, ਪਰ ਨਾਮ ਬਦਲ ਦੇਣ ਨਾਲ ਸੱਚ ਤਾਂ ਨਹੀਂ ਬਦਲਿਆ ਜਾ ਸਕਦਾ। ਪੰਜਾਬੀ ਇਤਿਹਾਸ ਤੋਂ ਪਹਿਲਾਂ ਦਾ ਕੋਈ ਇਤਿਹਾਸ ਇਸ ਧਰਤੀ ਤੇ ਤਾਂ ਨਹੀਂ, ਹਾਂ ਮਿਥਿਹਾਸਕ ਗੱਲ ਕਰਨੀ ਹੈ ਤਾਂ ਹਜ਼ਾਰ ਸਾਲ ਕਹੋ ਜਾਂ ਇੱਕ ਸਿਫ਼ਰ ਹੋਰ ਲਾ ਕੇ ਦਸ ਹਜ਼ਾਰ ਲਿਖ ਦਿਓ, ਲੱਖ ਕਹਿ ਲਓ ਕਿਸੇ ਨੂੰ ਕੀ। ਝੂਠ ਦਾ ਕੜ੍ਹਾਹ ਕਰਨਾ ਤਾਂ ਫਿਰ ਚਾਸ ਕਿਉਂ ਘੱਟ ਰਹਿ ਜਾਵੇ। ਮਨੁੱਖ ਨੂੰ ਬਰਬਾਦ ਕਰ ਦੇਣ ਵਾਲੀਆਂ ਐਟਮ ਸ਼ਕਤੀਆਂ ਜਾਂ ਮਨੁੱਖ ਨੂੰ ਇਸਾਨੀਅਤ ਤੋਂ ਦੂਰ ਕਰਨ ਵਾਲੀਆਂ ਇਨਸਾਨੀ ਖੋਜਾਂ ਤੋਂ ਬਿਨਾ ਹਰ ਪ੍ਰਾਪਤੀ ਪੰਜਾਬ ਵਿੱਚੋਂ ਹੀ ਹੋਈ ਹੈ। ਏਥੋਂ ਤੱਕ ਕਿ ਇਨਸਾਨ ਨੂੰ ਸਹੀ ਰਸਤੇ ਤੇ ਤੋਰਨ ਲਈ, ਡਰ ਭੈਅ ਵਿੱਚ ਰੱਖਣ ਲਈ ਹੜੱਪਾ ਮਹਿੰਜੋਦੜੋ ਵਿੱਚ ਈਸਾ ਤੋਂ ਕਈ ਹਜ਼ਾਰ ਸਾਲ ਪਹਿਲਾਂ ਦੇਵੀ ਦੇਵਤਿਆਂ ਦਾ ਮਿਥਿਹਾਸਕ ਪਾਤਰ ਚਿਤਰਣ ਵੀ ਪੰਜਾਬ ਵਿੱਚ ਹੀ ਹੋਇਆ। ਜਲ ਦੇਵਤਾ, ਅਗਨੀ ਦੇਵਤਾ ਆਦਿ ਅਤੇ ਰਾਜੇ ਦੇ ਰੂਪ ਵਿੱਚ ਰਾਮ ਦਾ ਕਿਰਦਾਰ ਨਿਭਾਉਣ ਦਾ ਖਿਆਲ ਵੀ ਪੰਜਾਬ ਦੇ ਪੰਜਾਬੀਆਂ ਨੂੰ ਹੀ ਆਇਆ। ਵੱਖਰੀ ਗੱਲ ਹੈ ਕਿ ਇੱਕ ਪੰਜਾਬੀ ( ਪਾਣਨੀ ) ਦੀ ਹੀ ਬਣਾਈ ਹੋਈ ਦੁਨੀਆਂ ਦੀ ਪਹਿਲੀ ਵਿਆਕਰਣ ਨੂੰ ਪੰਜਾਬਣ ਕਹਾਉਣ ਦਾ ਸੁਭਾਗ ਪ੍ਰਾਪਤ ਨਹੀਂ ਹੋਇਆ।

ਗੁਰੂ ਨਾਨਕ ਦੇ ਉਚਾਰੇ ਹੋਏ ਨਿਰੰਕਾਰੀ ਗੀਤ ਵਿਚਲਾ ਅਧਿਆਤਮਕ ਰਹੱਸ ਆਦਿ ਜੁਗਾਦੋਂ ਸੱਚ ਹੈ ਤੇ ਰਹੇਗਾ ਵੀ ਸੱਚ। ਸੱਚਪ੍ਰਸਤੀ ਦੇ ਦਾਅਵੇ ਕਰਨ ਵਾਲੇ ਜਾਣਦੇ ਹਨ ਕਿ ਸੰਪੂਰਣ ਸੱਚ ਤਾਂ ਸ਼ਬਦਾਂ ਵਿੱਚ ਹੀ ਹੋ ਸਕਦਾ ਹੈ, ਫਿਰ ਵੀ ਨਾਸ਼ਵਾਨ ਨੂੰ ਅਵਿਨਾਸ਼ੀ ਕਹਿ ਕੇ ਆਪਣੇ ਆਪ ਨਾਲ ਰੋਲ ਮਾਰ ਰਹੇ ਹਨ। ਸਰਬਸਾਂਝੀ ਵਿਚਾਰਧਾਰਾ ਨੂੰ ਠੇਸ ਪਹੁੰਚਾਉਣ ਦਾ ਯਤਨ ਕਰਨ ਵਾਲਿਆਂ ਨੂੰ ਰੋਕਣਾ ਵੀ ਸਾਡਾ ਧਰਮ ਹੈ। ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜ਼ਫਰਨਾਮੇ ਵਿੱਚ ਲਿਖਦੇ ਹਨ 'ਚੂੰ ਕਾਰ ਅਜ਼ ਹਮਾਂ ਹੀਲਤੇ ਦਰ ਗੁਜ਼ਸ਼ਤ, ਹਲਾਲ ਅਸਤ ਬੁਰਦਨ ਵਾ ਸ਼ਮਸ਼ੀਰ ਦਸਤ। ' ਜੇ ਕੋਈ ਕਹੇ ਕਿ ਸਿੱਖ ਧਰਮ ਤਾਂ ਕਿਸੇ ਹੋਰ ਧਰਮ ਦਾ ਹਿੱਸਾ ਹੈ ਤਾਂ ਕਹਿਣ ਨਾਲ ਸਚਾਈ ਨਹੀਂ ਮਿਟ ਸਕਦੀ। ਪੰਜਾਬੀ ਵਿਰਾਸਤ ਨੂੰ ਜੇ ਕੋਈ ਆਪਣੇ ਨਾਮ ਕਰੀ ਫਿਰਦਾ ਹੈ ਤਾਂ ਇਸਦਾ ਇਹ ਮਤਲਬ ਤਾਂ ਨਹੀਂ ਕਿ ਪੰਜਾਬੀਅਤ ਹੀ ਜਾਂਦੀ ਰਹੀ। ਰਾਬਿੰਦਰ ਨਾਥ ਟੈਗੋਰ ਲਿਖਦੇ ਹਨ ਕਿ ਸੂਰਜ ਦੀ ਪਹਿਲੀ ਕਿਰਣ ਪੰਜਾਬ 'ਤੇ ਹੀ ਪਈ, ਲੇਕਿਨ ਜੇ ਕੋਈ ਕਹੇ ਪਈ ਹੋਊ ਪਰ ਮੈਂ ਨਹੀਂ ਮੰਨਦਾ ਤਾਂ ਉਸਦੇ ਮੰਨਣ ਨਾਲ ਜਾਂ ਨਾ ਮੰਨਣ ਨਾਲ ਸੱਚ ਤਾਂ ਨਹੀਂ ਬਦਲ ਸਕਦਾ। ਪੰਜਾਬ ਦੀ ਗੱਲ, ਧਰਮ ਦੀ ਗੱਲ, ਸੱਭਿਆਚਾਰ ਦੀ ਗੱਲ ਜੇ ਅਸੀਂ ਪੰਜਾਬੀ ਵਿੱਚ ਨਹੀਂ ਕਰਾਂਗੇ ਤਾਂ ਠੀਕ ਤਰੀਕੇ ਨਾਲ ਕਰ ਹੀ ਨਹੀਂ ਸਕਾਂਗੇ। ਦਿਲ ਕਰਦਾ ਹੈ ਕਿ ਮੈਂ ਹਰ ਚੁਰਸਤੇ ਵਿੱਚ ਖੜ੍ਹ ਕੇ ਪੰਜਾਬੀਆਂ ਨੂੰ ਉੱਚੀ ਉੱਚੀ ਆਵਾਜ਼ਾਂ ਮਾਰਾਂ - ਜਾਗੋ ਵੀਰੋ ਕਿਤੇ ਬਹੁਤ ਦੇਰ ਨਾ ਹੋ ਜਾਵੇ। ਪੁੱਤ ਸਰਦਾਰਾਂ ਦੇ ਕਹਾਉਣ ਨੂੰ ਦਿਲ ਕਰਦਾ ਹੈ ਤਾਂ ਸਰਦਾਰੀ ਦੀ ਰਾਖੀ ਵੀ ਕਰਨੀ ਪਵੇਗੀ।

ਦੋ ਤਿੰਨ ਸਦੀਆਂ ਪਹਿਲਾਂ ਜੰਮੇਂ ਦੇਸ਼ ਦੁਨੀਆਂ ਦੀ ਸਭ ਤੋਂ ਪਹਿਲੀ ਸਭਿਅਤਾ ਨੂੰ, ਸਭ ਤੋਂ ਵੱਧੀਆ ਰਹੱਸ ਨੂੰ ਤਰੋੜਣ ਮਰੋੜਣ ਦਾ ਯਤਨ ਕਰ ਰਹੇ ਹਨ। ਸਾਡੀ ਹਰ ਸੰਭਵ ਕੋਸ਼ਿਸ਼ ਰਹੇਗੀ ਕਿ ਦੇਸ਼ ਪਰਦੇਸ ਵਿੱਚ ਵਿਚਰਦੇ ਸਾਡੇ ਪੰਜਾਬੀ ਵੀਰ ਭੈਣਾਂ ਨੂੰ ਪੰਜਾਬੀ ਬੋਲੀ ਦੀ ਸੁਖ ਮੰਗਣ ਲਈ ਪ੍ਰੇਰਿਆ ਜਾਵੇ ਕਿਉਂਕਿ ਪੰਜਾਬੀ ਬੋਲੀ ਜਾਂਦੀ ਰਹੀ ਤਾਂ ਦੁਨੀਆਂ ਦੀ ਸਭ ਤੋਂ ਪਹਿਲੀ ਤੇ ਸਭ ਤੋਂ ਅਮੀਰ ਵਿਰਾਸਤ ਨੂੰ ਆਪਣੀ ਕਹਿਣ ਦਾ ਹੱਕ ਵੀ ਜਾਂਦਾ ਰਹੂ। ਗੁਰੂ ਨਾਨਕ ਬਾਰੇ, ਸ਼੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਜਾਂ ਗੁਰੂ ਖਾਲਸੇ ਬਾਰੇ ਜੋ ਕੋਈ ਵੀ ਵਿਅਕਤੀ ਕਿੰਤੂ ਪ੍ਰੰਤੂ ਕਰਦਾ ਹੈ ਤਾਂ ਉਸ ਸਪੋਲੀਏ ਨੂੰ ਸੱਪ ਬਣਨ ਤੋਂ ਪਹਿਲਾਂ ਪਹਿਲਾਂ ਹੀ ਮਸਲ ਦੇਣ ਵਿੱਚ ਬੇਹਤਰੀ ਹੈ। ਸੱਪ ਬਣ ਜਾਵੇ


Academy of the Punjab in North America: http://www.apnaorg.com

ਤਾਂ ਮੁਸ਼ਕਲ ਹੋ ਜਾਵੇਗੀ। ਜੀਵੇ ਪੰਜਾਬ ਦਾ ਨਾਹਰਾ ਲਾਉਣ ਨਾਲ ਹੀ ਗੱਲ ਨਹੀਂ ਬਣਨੀ, ਹਰ ਪੁੱਤਰ ਨੂੰ ਆਪਣੀ ਮਾਂ ਪੰਜਾਬੀ ਦੀ ਪਹਿਰੇਦਾਰੀ ਕਰਨੀ ਪਵੇਗੀ। ਮਾਂ ਤੋਂ ਵੱਡਾ ਰਿਸ਼ਤਾ ਕੋਈ ਨਹੀਂ ਹੁੰਦਾ। ਜੇ ਅਸੀਂ ਮਾਂ ਦੀ ਹਿਫ਼ਾਜ਼ਤ ਨਹੀਂ ਕਰ ਸਕਦੇ ਤਾਂ ਸ਼ਾਇਦ ਕੁਝ ਵੀ ਕਰਨ ਦੇ ਕਾਬਲ ਨਹੀਂ ਹਾਂ। ਪੱਛਮੀ ਪੰਜਾਬ ਜਿਸਨੂੰ ਪਾਕਿਸਤਾਨੀ ਪੰਜਾਬ ਕਹਿੰਦੇ ਫਿਰਦੇ ਹਨ, ਸਾਰੇ ਲੋਕ ਪੰਜਾਬੀ ਬੋਲਦੇ ਹਨ, ਲੇਕਿਨ ਗੁਰਮੁਖੀ ਤੋਂ ਬਿਨਾਂ ਕਿਸੇ ਵੀ ਲਿੱਪੀ ਵਿੱਚ ਸਹੀ ਪੰਜਾਬੀ ਨਹੀਂ ਲਿਖੀ ਜਾ ਸਕਦੀ। ਲੋਕਾਂ ਦੀ ਮਾਂ ਬੋਲੀ ਤੇ ਪਾਬੰਦੀ ਲਾ ਕੇ ਕੋਈ ਵੀ ਜੇਤੂ ਨਹੀਂ ਅਖਵਾ ਸਕਦਾ। ਮੈਨੂੰ ਪੂਰਾ ਯਕੀਨ ਹੈ ਕਿ ਕੋਈ ਨਾ ਕੋਈ ਹੁਕਮਰਾਨ ਮਹਿਸੂਸ ਕਰੇਗਾ ਕਿ ਪੰਜਾਬੀਆਂ ਦੀ ਮਾਂ ਨੂੰ ਪਿੰਜਰੇ ਤੋਂ ਆਜ਼ਾਦ ਕਰਕੇ ਦੁਨੀਆਂ ਭਰ ਦੇ ਪੰਜਾਬੀਆਂ ਨੂੰ ਜਿੱਤ ਲਵਾਂ। ਜੇ ਅੱਜ ਦਾ ਪ੍ਰਧਾਨ ਪੰਜਾਬੀ ਮਾਂ ਨੂੰ ਰਿਹਾ ਕਰ ਦੇਵੇ ਤਾਂ ਪਾਕਿਸਤਾਨ ਦਾ ਸਭ ਤੋਂ ਮਜ਼ਬੂਤ ਪ੍ਰਧਾਨ ਬਣ ਜਾਵੇ। ਮਾਂ ਸਿਰ ਕੋਈ ਅਹਿਸਾਨ ਕਰ ਦੇਵੇ ਤਾਂ ਸਾਰੇ ਬੱਚੇ ਉਸ ਅਹਿਸਾਨ ਨੂੰ ਦਿਲ ਵਿੱਚ ਵਸਾ ਲੈਂਦੇ ਹਨ। ਸਾਰੇ ਕਸ਼ਮੀਰੀ ਪੰਜਾਬੀ ਹੋਣ ਦੇ ਬਾਵਜੂਦ ਵੀ ਆਪਣੀ ਮਾਂ ਬੋਲੀ ਪੰਜਾਬੀ ਦੀ ਸੁੱਖ ਨਹੀਂ ਮੰਗ ਰਹੇ। ਖੈਰ! ਯਤਨ ਕਰਨਾ ਸਾਡਾ ਫਰਜ਼ ਹੈ, ਅਸੀਂ ਯਤਨ ਕਰਦੇ ਰਹਾਂਗੇ ਤੇ ਵਾਰ ਵਾਰ ਕਹਾਂਗੇ ਕਿ ਦਿੱਲੀ ਤੋਂ ਲੈ ਕੇ ਚੰਬੇ ਤੱਕ, ਚੰਬੇ ਤੋਂ ਜੰਮੂ, ਸਾਰਾ ਪੱਛਮੀ ਪੰਜਾਬ, ਬੀਕਾਨੇਰ ਗੰਗਾਨਗਰ ਤੋਂ ਲੈ ਕੇ ਦਿੱਲੀ ਤੱਕ ਦੇ ਵਿਚਲੇ ਇਲਾਕੇ ਵਿੱਚ ਰਹਿਣ ਵਾਲੇ ਸਾਰੇ ਲੋਕ ਜਾਂ ਤਾਂ ਪੰਜਾਬੀ ਬੋਲਦੇ ਹਨ ਤੇ ਜਾਂ ਫਿਰ ਝੂਠ ਬੋਲਦੇ ਹਨ। ਆਓ! 'ਆਪਣੀ ਆਵਾਜ਼' ਵਿੱਚ ਰਲੀਏ, ਆਪਣੀ ਮਾਂ ਦੀ ਗੋਦ ਵਿੱਚ ਬੈਠੀਏ। ਤੇਰੀ ਮੇਰੀ ਮਾਂ 'ਪੰਜਾਬੀ!'

*****



Academy of the Punjab in North America: http://www.apnaorg.com

# ਸੀਮਤ ਅਸੀਮ

ਕਾਦਰ ਦੀ ਕੁਦਰਤ ਦਾ ਕਮਾਲ ਤਾਂ ਦੇਖੋ ਕਿ ਇਨਸਾਨ ਦਾ ਪੰਚ ਭੂਤਕ ਜਿਸਮ ਭਾਵੇਂ ਨਾਸ਼ਵਾਨ ਹੈ ਪਰ ਇਸ ਵਿੱਚ ਅਸੀਮ, ਅਵਿਨਾਸ਼ੀ ਸ਼ਕਤੀਆਂ ਹੁੰਦੀਆਂ ਹਨ। ਇਨਸਾਨੀ ਜੀਵਨ ਸੀਮਤ ਹੈ ਲੇਕਿਨ ਸੋਚ ਅਸੀਮਤ ਹੋ ਸਕਣ ਦੀ ਸਮਰੱਥਾ ਰੱਖਦੀ ਹੈ। ਅਸੀਮਤ ਸ਼ਕਤੀਆਂ ਸੀਮਤ ਮਨੁੱਖ ਵਿੱਚ ਹੁੰਦੀਆਂ ਤਾਂ ਹਨ ਲੇਕਿਨ ਕੌਣ ਕਿੱਥੇ ਤੱਕ ਪਹੁੰਚਦਾ ਹੈ, ਇਹ ਉਸ ਦੀ ਸ਼ਖਸ਼ੀਅਤ ਹੁੰਦੀ ਹੈ। ਮਹਾਨ ਲੋਕ ਆਪਣੀ ਮਹਾਨਤਾ ਮਰਨ ਲੱਗੇ ਨਾਲ ਨਹੀਂ ਲੈ ਜਾਂਦੇ। ਮਹਾਂਪੁਰਖ ਕਈ ਵਾਰ ਐਸਾ ਕੁਝ ਕਰ ਜਾਂਦੇ ਹਨ, ਦੁਨੀਆਂ ਲਈ ਕੁਝ ਐਸਾ ਛੱਡ ਜਾਂਦੇ ਹਨ, ਜੋ ਸਦੀਵੀ ਹੁੰਦਾ ਹੈ। ਆਮ ਇਨਸਾਨ ਵੀ ਕਈ ਵਾਰ ਐਸਾ ਕੁਝ ਕਰ ਵਿਖਾਉਂਦਾ ਹੈ ਕਿ ਉਸ ਦਾ ਕਰਮ ਸਦੀਵੀ ਜਾਂ ਚਿਰੰਜੀਵੀ ਹੋ ਜਾਂਦਾ ਹੈ। ਸੀਮਤ ਜੀਵਨ ਵਾਲਾ ਇਨਸਾਨ ਆਪਣੇ ਅੰਦਰੋਂ ਅਸੀਮਤ ਸ਼ਕਤੀਆਂ ਭਾਲ ਸਕਦਾ ਹੈ। ਇਨਸਾਨ ਵਿੱਚ ਐਨਾ ਕੁਝ ਕਰ ਸਕਣ ਦੀ ਸਮਰੱਥਾ ਹੈ ਕਿ ਕਈ ਵਾਰ ਯਕੀਨ ਨਹੀਂ ਆਉਂਦਾ। 'ਬੰਦੇ ਖੋਜ ਦਿਲ ਹਰ ਰੋਜ਼' ਨਿਰਭਰ ਕਰਦਾ ਹੈ ਕਿ ਅਸੀਂ ਆਪਣੇ ਆਪ ਦੀ ਕਿੰਨੀ ਕੁ ਖੋਜ ਕਰਦੇ ਹਾਂ। ਸਮੁੰਦਰ ਦੇ ਕੰਢੇ ਤੇ ਜਾ ਕੇ ਕਈ ਲੋਕ ਲਹਿਰਾਂ ਦੇਖ ਕੇ ਹੀ ਮੁੜ ਆਉਂਦੇ ਹਨ। ਕਈ ਲੋਕ ਦੋ ਚਾਰ ਟੁੱਭੀਆਂ ਲਾ ਲੈਂਦੇ ਹਨ। ਕਈ ਤਰਨ ਦਾ ਸ਼ੌਕ ਰੱਖਦੇ ਹਨ ਤੇ ਕਈ ਸਮੁੰਦਰ ਦੀ ਗਹਿਰਾਈ ਤੱਕ ਜਾਣ ਦਾ ਯਤਨ ਕਰਦੇ ਹਨ। ਇਨਸਾਨੀ ਜੀਵਨ ਸਮੁੰਦਰ ਦੀ ਤਰ੍ਹਾਂ ਹੈ, ਅਸੀਂ ਆਪਣੇ ਜੀਵਨ ਸਮੁੰਦਰ ਦੀ ਕਿਸ ਤਹਿ ਤੱਕ ਪਹੁੰਚਦੇ ਹਾਂ ਇਹ ਸਾਡੇ ਤੇ ਨਿਰਭਰ ਕਰਦਾ ਹੈ। ਲੇਕਿਨ 'ਖੇਤੀ ਖਸਮਾਂ ਸੇਤੀ' ਜੱਟ ਦੀ ਫ਼ਸਲ ਕਿਸ ਤਰ੍ਹਾਂ ਦੀ ਹੈ ਇਹ ਜੱਟ ਦੀ ਖੇਤੀ ਕਰ ਸਕਣ ਦੀ ਯੋਗਤਾ ਤੇ ਨਿਰਭਰ ਕਰਦੀ ਹੈ। 'ਮਨ ਤਨ ਨਿਰਮਲ ਕਰੋ ਕਿਆਰਾ' ਜੀਵਨ ਰੂਪੀ ਖੇਤੀ ਕਰਦਿਆਂ ਜ਼ਮੀਨ ਨੂੰ ਕਿੰਨਾ ਸੰਵਾਰਦੇ ਹਾਂ, ਕਿੰਨਾ ਵਧੀਆ ਬੀਜ ਪਾਉਂਦੇ ਹਾਂ, ਖਾਦ ਪਾਣੀ ਕਿਵੇਂ ਕਰਦੇ ਹਾਂ। ਉਪਜ ਸਾਡੀ ਮਿਹਨਤ ਤੇ ਨਿਰਭਰ ਕਰਦੀ ਹੈ।

ਨੌਜਵਾਨ ਸਤਾਈ ਸਾਲ ਦੀ ਉਮਰ ਵਿੱਚ ਲੱਖਾਂ ਤੋਂ ਕੱਖਾਂ ਦਾ ਹੋ ਗਿਆ। ਡੰਗ ਦੀ ਡੰਗ ਰੋਟੀ ਦੀ ਵੀ ਚਿੰਤਾ ਬਣ ਗਈ। ਉਧਾਰ ਪੈਸੇ ਫੜ ਕੇ ਵਿਦੇਸ਼ਾਂ ਵਿੱਚ ਨੌਕਰੀ ਕਰਨ ਲਈ ਤੁਰ ਪਿਆ। ਪਹਿਲੀ ਵਾਰ ਹਵਾਈ ਜਹਾਜ ਵਿੱਚ ਸਫ਼ਰ ਕਰਦਿਆਂ ਇਹ ਸੋਚ ਕੇ ਕੁਝ ਨਹੀਂ ਖਾਂਦਾ ਕਿ ਕਿਤੇ ਖਾਣੇ ਦੇ ਪੈਸੇ ਨਾਂ ਦੇਣੇ ਪੈ ਜਾਣ। ਕਈ ਦੇਸ਼ਾਂ ਵਿਚ ਧੱਕੇ ਧੋੜੇ ਖਾਂਦਾ ਹੋਇਆ ਆਖ਼ਰ ਅਮਰੀਕਾ ਪਹੁੰਚ ਜਾਂਦਾ ਹੈ। ਝਾੜੂ ਪੋਚੇ ਲਾਉਣ ਦਾ ਕੰਮ ਵੀ ਉਸ ਨੂੰ ਰੱਬ ਦੀ ਰਹਿਮਤ ਲੱਗਿਆ। ਮੀਂਹ ਹਨ੍ਹੇਰੀ ਵਿੱਚ ਵੀ ਕੂੜਾ ਸੁੱਟਣ ਵਾਲਾ ਮੋਮਜਾਮੇ ਦਾ ਬੈਗ ਪਾ ਕੇ ਉਸ ਬੈਗ ਵਿੱਚ ਵੇਖਣ ਲਈ ਦੋ ਮੋਰੀਆਂ ਕੱਢ ਕੇ ਗੜ੍ਹੇ ਪੈਂਦਿਆਂ ਵਿੱਚ ਵੀ ਤੁਰ ਕੇ ਕੰਮ ਤੇ ਜ਼ਰੂਰ ਪਹੁੰਚਦਾ। ਇੱਕ ਨਿੱਕਾ ਜਿਹਾ ਕਮਰਾ ਤਿੰਨ ਜਣਿਆਂ ਰਲ ਕੇ ਕਿਰਾਏ ਤੇ ਲਿਆ ਰਹਿ ਲਈ। ਸਰੀਰਕ ਤੌਰ ਤੇ ਬਹੁਤ ਹੀ ਕਮਜ਼ੋਰ, ਉਸ ਦਾ ਸਮਾਜ ਜਿਵੇਂ ਸੁੰਗੜ ਕੇ ਉਸ ਕਮਰੇ ਤੋਂ ਕੰਮ ਤੱਕ ਸੀਮਤ ਹੋ ਗਿਆ ਸੀ। ਲੇਕਿਨ ਕੁਝ ਸਾਲਾਂ ਵਿੱਚ ਹੀ ਉਹ ਇਸ ਪੱਧਰ ਤੇ, ਇਸ ਮੁਕਾਮ ਤੇ ਪਹੁੰਚ ਜਾਂਦਾ ਹੈ ਜਿੱਥੇ ਉਸ ਦੀ ਗਿਣਤੀ ਸਿਆਣੇ, ਗੁਣਵਾਨ ਅਤੇ ਕਾਮਯਾਬ ਵਿਓਪਾਰੀਆਂ ਵਿੱਚ ਹੋਣ ਲਗਦੀ ਹੈ। ਉਸ ਦਾ ਬਹੁਤ ਵੱਡਾ ਸਮਾਜਿਕ ਦਾਇਰਾ ਬਣ ਜਾਂਦਾ ਹੈ। ਹਜ਼ਾਰਾਂ ਸ਼ਾਇਦ ਲੱਖਾਂ ਲੋਕ ਉਸ ਨੂੰ ਜਾਣਦੇ, ਉਸ ਦੇ ਬਾਰੇ ਪੜ੍ਹਦੇ ਸੁਣਦੇ ਹਨ। ਬਹੁਤ ਅਜੀਬ ਲਗਦਾ ਹੈ ਕਿ ਇਹ ਕਿਵੇਂ ਹੋ ਗਿਆ ? ਇਹ ਸੋਚਕੇ ਹੋਰ ਵੀ ਅਜੀਬ ਲਗਦਾ ਕਿ ਇਹ ਮੇਰੀ ਆਪਣੀ ਹੀ ਕਹਾਣੀ ਹੈ। ਯਕੀਨ ਕਰਿਓ ਮੈਂ ਆਪਣੀ ਕਿਸੇ ਕਾਮਯਾਬੀ ਦੀ ਫੜ੍ਹ ਨਹੀਂ ਮਾਰਨਾ ਚਾਹੁੰਦਾ। 'ਹਰ ਇੱਕ ਬੰਦਾ ਸ਼ਾਹ ਦੁਨੀਆਂ ਦਾ ਹਰ ਇੱਕ ਤੀਵੀਂ ਰਾਣੀ'। ਹਰ ਕਿਸੇ ਦੇ ਆਪਣੇ ਸੁਪਨੇ ਹੁੰਦੇ ਹਨ, ਆਪਣੀ ਆਪਣੀ ਜੀਵਨ ਵਿਧੀ ਹੁੰਦੀ ਹੈ। ਅਸੀਂ ਕਿੱਥੇ ਜਾਂਦੇ ਹਾਂ, ਅਸੀਂ ਕੀ ਕੁਝ ਖੱਟਿਆ ਕਮਾਇਆ ਜਾਂ ਅਸੀਂ ਕਿਸ ਕਿਸ ਨੂੰ ਜਾਣਦੇ ਹਾਂ ਇਸ ਤੋਂ ਸਾਡੀ ਕਾਮਯਾਬੀ ਦਾ ਅੰਦਾਜ਼ਾ ਨਹੀਂ


Academy of the Punjab in North America: http://www.apnaorg.com

ਲੱਗ ਸਕਦਾ। ਮੇਰੇ ਹਿਸਾਬ ਨਾਲ ਸਾਡੀ ਹੋਰ ਹੋਰ ਕਰ ਸਕਣ ਲਈ ਜੱਦੋ-ਜਹਿਦ ਹੀ ਸਾਡੀ ਕਾਮਯਾਬੀ ਹੈ। ਸਾਡੀ ਭਾਵੁਕ, ਸਮਾਜਿਕ, ਆਤਮਿਕ, ਸਰੀਰਕ, ਬੌਧਿਕ ਅਤੇ ਧਨ ਦੌਲਤ ਨਾਲ ਕਿਸੇ ਦੀ ਮਦਦ ਕਰ ਸਕਣ ਦੀ ਸ਼ਕਤੀ ਹੀ ਸਾਡੀ ਕਾਮਯਾਬੀ ਹੈ। ਕਾਮਯਾਬੀਆਂ ਵੱਲ ਜਾਂਦੀਆਂ ਸੜਕਾਂ ਹਮੇਸ਼ਾਂ ਨਵੀਆਂ ਬਣਦੀਆਂ ਰਹਿੰਦੀਆ ਹਨ। ਕਾਮਯਾਬੀਆਂ ਦਾ ਕੋਈ ਅੰਤ ਨਹੀਂ ਹੁੰਦਾ। ਸੀਮਤ ਜੀਵਨ ਜੀਣ ਵਾਲਾ ਇਨਸਾਨ ਅਸੀਮਤ ਕਾਮਯਾਬੀਆਂ ਕਰ ਸਕਦਾ ਹੈ।

ਹਥਲੀ ਰਚਨਾ ਲਿਖਣ ਦਾ ਖ਼ਿਆਲ ਇਸ ਕਰਕੇ ਆਇਆ ਕਿ ਮੇਰੇ ਜੀਵਨ ਵਿਚ ਜੋ ਤਬਦੀਲੀ ਆਈ ਉਸ ਦੇ ਘਟਨਾਕਰਮ ਤੋਂ ਮੇਰੇ ਪਾਠਕ ਸ਼ਾਇਦ ਕੁਝ ਪ੍ਰਾਪਤ ਕਰ ਸਕਣ ਜੋ ਪਾਠਕਾਂ ਦੇ ਨਿੱਜੀ ਜੀਵਨ ਵਿੱਚ ਕੁਝ ਯੋਗਦਾਨ ਪਾ ਸਕੇ। ਉਹ ਸਾਰੇ ਵਿਧੀ ਵਿਧਾਨ, ਤਜ਼ਰਬਾ ਅਤੇ ਸੋਚ ਸ਼ਾਇਦ ਕਿਸੇ ਹੋਰ ਦੇ ਵੀ ਕੰਮ ਆ ਸਕਣ। ਸਾਡੇ ਜੀਵਨ ਨੂੰ ਰੰਗਾਂ ਵਿੱਚ ਰੰਗ ਦੇਣ ਦੀ ਸ਼ਕਤੀ, ਜੀਵਨ ਨੂੰ ਇਕਦਮ ਬਦਲ ਕੇ ਰੱਖ ਦੇਣ ਦੀ ਸੋਚ ਸਾਡੇ ਵਿੱਚ ਮੌਜੂਦ ਹੁੰਦੀ ਹੈ। ਇਹ ਸਾਡੇ ਤੇ ਨਿਰਭਰ ਕਰਦਾ ਹੈ ਕਿ ਉਸ ਨੂੰ ਵਰਤਣਾ ਕਿਵੇਂ ਹੈ। ਮੇਰੀਆਂ ਨਿੱਜੀ ਸੋਚਾਂ, ਮੇਰੀਆਂ ਨਿੱਕੀਆਂ ਮੋਟੀਆਂ ਪ੍ਰਾਪਤੀਆਂ ਸ਼ਾਇਦ ਕਿਸੇ ਨੂੰ ਬਹੁਤ ਵੱਡੀਆਂ ਪ੍ਰਾਪਤੀਆਂ ਕਰ ਸਕਣ ਲਈ ਪ੍ਰੇਰਿਤ ਕਰ ਦੇਣ। ਮੇਰਾ ਜੀਵਨ ਇੱਕ ਆਦਰਸ਼ਕ ਜੀਵਨ ਦੇ ਤਾਂ ਲਾਗੇ ਪਾਸੇ ਵੀ ਨਹੀਂ ਲੇਕਿਨ ਅਸੀਂ ਜਿਸ ਯੁੱਗ ਵਿੱਚ ਜੀਅ ਰਹੇ ਹਾਂ ਇਸ ਯੁੱਗ ਵਿੱਚ ਕਈ ਲੋਕ ਰਾਤੋ-ਰਾਤ ਦੁਨੀਆਂ ਬਦਲ ਕੇ ਰੱਖ ਦੇਣ ਦੀ ਸ਼ਕਤੀ ਰੱਖਦੇ ਹਨ। ਆਮ ਤੌਰ ਤੇ ਸ਼ਕਤੀ ਦੇ ਅਰਥ ਲੋਕ ਵਧੀਆ ਨਹੀਂ ਸਮਝਦੇ ਪਰ ਮੇਰੇ ਖ਼ਿਆਲ ਨਾਲ ਸ਼ਕਤੀ ਬਹੁਤਹੀ ਭਾਵੁਕ ਸ਼ਬਦ ਹੈ। ਕਈ ਲੋਕ ਸ਼ਕਤੀ ਹਾਸਲ ਕਰਨ ਲਈ ਲਾਲ੍ਹਾਂ ਸੁੱਟਦੇ ਰਹਿੰਦੇ ਹਨ ਲੇਕਿਨ ਕਰਦੇ ਕੱਤਰਦੇ ਕੁਝ ਨਹੀਂ। ਐਸੇ ਲੋਕ ਕਦੇ ਵੀ ਸ਼ਕਤੀਸ਼ਾਲੀ ਨਹੀਂ ਬਣ ਸਕਦੇ। ਕਈ ਵਾਰ ਸ਼ਕਤੀਵਾਨ ਲੋਕਾਂ ਨੂੰ ਲੋਕ ਸ਼ੱਕ ਦੀ ਨਜ਼ਰ ਨਾਲ ਦੇਖਦੇ ਹਨ। ਇਹ ਆਪਣੇ ਤੇ ਨਿਰਭਰ ਕਰਦਾ ਹੈ ਕਿ ਤਾਕਤ ਦੇ ਅਸੀਂ ਕੀ ਅਰਥ ਕਰਦੇ ਹਾਂ। ਕਿਸੇ ਨੂੰ ਹਰਾ ਦੇਣਾ ਤਾਕਤ ਤੋਂ ਬਿਨਾ ਸੰਭਵ ਤਾਂ ਨਹੀਂ ਪਰ ਏਹੋ ਜਿਹੀ ਤਾਕਤ ਨਾ ਹੋਵੇ ਫੇਰ ਕੀ ਥੁੜ੍ਹਿਆ ਭਲਾ। ਆਪਣੀ ਜੀਵਨ ਯਾਤਰਾ ਲਈ ਰਸਤੇ ਬਣਾ ਸਕਣ ਦੀ ਸ਼ਕਤੀ ਹਰ ਕਿਸੇ ਵਿੱਚ ਹੀ ਹੁੰਦੀ ਹੈ। ਅਸੀਂ ਆਪਣੇ ਰਸਤੇ ਆਪ ਬਣਾਉਂਦੇ ਹਾਂ ਜਾਂ ਲੋਕਾਂ ਦੇ ਬਣਾਏ ਰਸਤਿਆਂ ਤੇ ਹੀ ਤੁਰਦੇ ਹਾਂ ਇਹ ਸਾਡੀ ਆਪੋ ਆਪਣੀ ਯੋਗਤਾ ਹੁੰਦੀ ਹੈ। ਅਸੀਂ ਪਿਛਲੱਗ ਹਾਂ ਕਿ ਗਾਡੀ ਹਾਂ, ਅਸੀਂ ਮਿਤੀ ਹਾਂ ਜਾਂ ਫ਼ਾਡੀ ਹਾਂ, ਜੇ ਸਾਨੂੰ ਅੱਗੇ ਲੱਗ ਕੇ ਤੁਰਨਾ ਨਾ ਆਵੇ ਤਾਂ ਫਿਰ ਮਗਰ-ਮਗਰ ਤੁਰੇ ਚੱਲੋ ਤੁਹਾਡੀ ਮਰਜ਼ੀ। ਜੀਵਨ ਨੂੰ ਬਦਲ ਕੇ ਰੱਖ ਦੇਣ ਦੀ ਯੋਗਤਾ ਹੀ ਸਾਡੀ ਅਸੀਮ ਸ਼ਕਤੀ ਹੁੰਦੀ ਹੈ। ਵਾਤਾਵਰਨ ਨੂੰ ਵਿਰੋਧੀ ਨਹੀਂ ਸਾਥੀ ਬਣਾ ਲੈਣ ਦੀ ਸ਼ਕਤੀ ਕਿਸੇ ਤੇ ਠੋਸੀ ਨਹੀਂ ਜਾ ਸਕਦੀ, ਹਾਂ ਸਾਂਝੀ ਜ਼ਰੂਰ ਕੀਤੀ ਜਾ ਸਕਦੀ ਹੈ। ਆਪਣੇ ਵਿਅਕਤੀਗਤ ਰਾਜਭਾਗ ਨੂੰ ਸਹੀ ਰਸਤੇ ਤੋਰ ਸਕਣਾ ਸਾਡੀ ਸਭ ਤੋਂ ਵੱਡੀ ਜਿੱਤ ਹੁੰਦੀ ਹੈ।

ਇਤਿਹਾਸ ਦੇ ਵਰਕੇ ਫਰੋਲਦਿਆਂ ਪਤਾ ਲੱਗਦਾ ਹੈ ਕਿ ਜੀਵਨ ਜੁਗਤੀ ਸਿੱਖਣ ਦੀ ਸ਼ਕਤੀ ਕਈ ਤਰ੍ਹਾਂ ਦੇ ਰੂਪ ਧਾਰ ਕੇ ਸਾਹਮਣੇ ਆਈ। ਆਰੰਭ ਵਿੱਚ, ਇਨਸਾਨ ਦੇ ਮੁੱਢ ਕਦੀਮ ਵਿੱਚ ਸ਼ਰੀਰਕ ਸ਼ਕਤੀ ਨੂੰ ਹੀ ਸਭ ਤੋਂ ਬਲਵਾਨ ਮੰਨਿਆ ਜਾਂਦਾ ਰਿਹਾ। ਜੋ ਸਭ ਤੋਂ ਤੱਕੜਾ ਹੁੰਦਾ ਉਹ ਆਪਣੇ ਆਲੇ ਦੁਆਲੇ ਨੂੰ ਆਪਣੇ ਪਿੱਛੇ ਲਾ ਲੈਂਦਾ। ਫਿਰ ਜਦੋਂ ਰਿਸ਼ਤਿਆਂ ਦੀ ਅਹਿਮੀਅਤ ਦਾ ਪਤਾ ਲੱਗਾ, ਬੰਦਾ ਸੱਭਿਅਕ ਸੋਚ ਕਰਨ ਲੱਗ ਪਿਆ ਤਾਂ ਪਿਤਾ ਪੁਰਖੀ ਤਾਕਤ ਅੱਗੇ ਦੀ ਅੱਗੇ ਚੱਲਣ ਲੱਗੀ। ਇਤਿਹਾਸਕ ਗ਼ਲਤੀਆਂ ਨੂੰ ਸੁਧਾਰਨ ਦੀ ਸੋਚ ਜਾਗ ਪਈ। ਤਕਨੀਕੀ ਯੋਗਤਾ ਦਾ ਆਰੰਭ ਹੋਇਆ ਤਾਂ ਲੋਕ ਪੈਸੇ ਨੂੰ ਸ਼ਕਤੀ ਗਿਣਨ ਲੱਗ ਪਏ। ਜਿੰਨਾ ਕਿਸੇ ਕੋਲ ਵੱਧ ਪੈਸਾ ਆ ਜਾਂਦਾ ਉਹ ਓਨਾ ਹੀ ਵੱਡਾ ਅਖਵਾਉਂਦਾ। ਖ਼ੈਰ ਅੱਜ ਵੀ ਇਹ ਸਾਰਿਆਂ ਸ਼ਕਤੀਆਂ ਸਾਡੇ ਜੀਵਨ ਵਿੱਚ ਬਹੁਤ ਵੱਡਾ ਰੋਲ ਅਦਾ ਕਰਦੀਆਂ ਹਨ। ਜੇ ਕੋਈ ਸ਼ਰੀਰਕ ਤੌਰ ਤੇ ਬਹੁਤ ਤੱਕੜਾ ਹੈ ਤਾਂ ਕੀ ਮਾੜਾ। ਜੇ ਕਿਸੇ ਕੋਲ ਪਿਤਾ ਪੁਰਖੀ ਸ਼ਕਤੀ ਹੈ ਤਾਂ ਵੀ ਮੌਜਾਂ। ਜੇ ਕਿਸੇ ਨੇ ਬਹੁਤ ਕਮਾਈ ਕੀਤੀ ਹੈ ਤੇ ਬਹੁਤ ਪੈਸੇ ਵਾਲਾ ਹੈ ਤਾਂ ਬਹੁਤ ਹੀ ਵਧੀਆ ਗੱਲ


Academy of the Punjab in North America: http://www.apnaorg.com

ਹੈ। ਕਿਸੇ ਕਿਸਮ ਦੀ ਵੀ ਸ਼ਕਤੀ ਹੋਵੇ ਉਹ ਨਾ ਹੋਣ ਨਾਲੋਂ ਤਾਂ ਬੇਹਤਰ ਹੀ ਹੈ ਨਾ। ਲੇਕਿਨ ਅੱਜ ਦੇ ਵਿਗਿਆਨਕ ਯੁੱਗ ਵਿੱਚ ਕਿਸੇ ਖ਼ਾਸ ਗਿਆਨ ਵਿੱਚ ਨਿਪੁੰਨਤਾ ਸ਼ਕਤੀ ਦਾ ਸਭ ਤੋਂ ਵੱਡਾ ਵਸੀਲਾ ਹੈ। ਨਵੇਂ ਵਿਚਾਰ, ਨਵੀਆਂ ਲਹਿਰਾਂ ਤੇ ਨਵੇਂ ਤਰੀਕੇ ਅੱਜ ਦੁਨੀਆਂ ਨੂੰ ਨਿਤ ਦਿਨ ਬਦਲ ਰਹੇ ਹਨ। ਭਾਵੇਂ ਪੈਸੇ ਅਤੇ ਤਕਨੀਕ ਨੇ ਦੁਨੀਆਂ ਨੂੰ ਉੱਚੀਆਂ ਉੱਚਾਈਆਂ ਤੇ ਪਹੁੰਚਾ ਦਿੱਤਾ ਪਰ ਅੱਜਕਲ ਵਿਗਿਆਨਕ ਨਿਪੁੰਨਤਾ ਬੰਦੇ ਨੂੰ ਹੋਰ ਉੱਪਰ ਲਿਜਾ ਸਕਣ ਦੀ ਸ਼ਕਤੀ ਬਣ ਗਈ ਹੈ। ਅੱਜ ਗਿਆਨ ਅਤੇ ਅਗਿਆਨ ਦੋ ਰਸਤੇ ਹਨ। ਅਗਿਆਨੀ ਕੋਲ ਜਿਨਾਂ ਮਰਜ਼ੀ ਧਨ ਦੌਲਤ ਆ ਜਾਵੇ, ਜਿੰਨੀ ਮਰਜ਼ੀ ਜ਼ਮੀਨ, ਜਾਇਦਾਦ ਹੋਵੇ, ਅੱਜ ਦੇ ਯੁੱਗ ਵਿੱਚ ਤਾਕਤਵਰ ਨਹੀਂ ਰਹਿ ਸਕਦਾ। ਪ੍ਰਾਪਤੀਆਂ ਨੂੰ ਸੰਭਾਲ ਨਹੀਂ ਸਕਦੇ ਤਾਂ ਅਗਿਆਨਤਾ ਵਿੱਚ ਸਭ ਕੁਝ ਜਾਂਦਾ ਰਹੂ।

ਅੱਜ ਗਿਆਨ ਦੇ ਦਰਵਾਜੇ ਸਭ ਲਈ ਖੁਲ੍ਹੇ ਹਨ। ਅਸੀਮਤ ਗਿਆਨ ਨਾਲ ਅਸੀਮਤ ਸ਼ਕਤੀਆਂ ਪੈਦਾ ਹੋ ਸਕਦੀਆਂ ਹਨ। ਸਾਰੀ ਦੁਨੀਆਂ ਗਿਆਨਵਾਨ ਹੋ ਸਕਦੀ ਹੈ ਪਰ 'ਸਵਾਦਾਂ ਦੇ ਬਚਨਾਂ ਨਾਲ' ਕੁੱਝ ਨਹੀਂ ਬਣ ਸਕਦਾ। ਸਾਨੂੰ ਸਮੇਂ ਦੇ ਨਾਲ ਚਲਣ ਲਈ ਕੁੱਝ ਹੀਲਾ ਬੁੱਤਾ ਵੀ ਕਰਨਾ ਪਊ। ਗਿਆਨ ਗ੍ਰਹਿਣ ਕਰਨ ਲਈ ਪੁਸਤਕਾਂ ਦੇ ਢੇਰ ਲੱਗੇ ਪਏ ਹਨ। ਸ਼ਬਦਾਂ ਦੇ ਸਮੁੰਦਰ ਵਿੱਚ ਬਹੁਤ ਹੀਰੇ ਮੋਤੀ ਹਨ, ਇਹ ਸਾਡੇ ਤੇ ਨਿਰਭਰ ਕਰਦਾ ਹੈ ਕਿ ਅਸੀਂ ਕੁੱਝ ਪੜ੍ਹਨ, ਪ੍ਰਾਪਤ ਕਰਨ ਲਈ ਸਮਾਂ ਕੱਢ ਸਕਦੇ ਹਾਂ ਜਾਂ ਨਹੀਂ।

ਗਿਆਨ ਹਾਸਲ ਕਰ ਲੈਣ ਨਾਲ ਵੀ ਗੱਲ ਮੁਕਦੀ ਨਹੀਂ ਜਿੰਨਾ ਚਿਰ ਤੱਕ ਅਸੀਂ ਉਸ ਗਿਆਨ ਦਾ ਪ੍ਰਯੋਗ ਨਹੀਂ ਕਰਦੇ ਓਨਾ ਚਿਰ ਕਾਮਯਾਬ ਨਹੀਂ ਹੋ ਸਕਦੇ, ਸ਼ਕਤੀਵਾਨ ਨਹੀਂ ਹੋ ਸਕਦੇ। ਕੁੱਝ ਕਰ ਸਕਣ ਦੀ ਯੋਗਤਾ ਸਾਡੀ ਸ਼ਕਤੀ ਤਾਂ ਹੁੰਦੀ ਹੈ। ਲੇਕਿਨ ਜਿੰਨਾ ਚਿਰ ਯੋਗਤਾ ਦਾ ਪ੍ਰਯੋਗ ਨਹੀਂ ਕਰਦੇ ਆਪਣੀ ਯੋਗਤਾ ਦਾ ਕੋਈ ਲਾਭ ਨਹੀਂ ਲੈਂਦੇ ਤਾਂ ਫਿਰ ਉਹ ਯੋਗਤਾ ਕਿਸ ਕੰਮ ਦੀ ਹੋਈ। ਮੈਂ ਕੁੱਝ ਦਿਨ ਹੋਏ ਆਪਣੀ ਬੈਂਕ ਵਿੱਚ ਬੈਠਾ ਇਕ ਬਹੁਤ ਸੀਨੀਅਰ ਅਫ਼ਸਰ ਢਾਣ ਡਾਉਣੀ ਨਾਲ ਸਾਡੇ ਵਿਓਪਾਰ ਦੀਆਂ ਗੱਲਾਂ ਕਰ ਰਿਹਾ ਸੀ। ਗੱਲ ਬਾਤ ਤੋਂ ਬਾਅਦ ਡਾਉਣੀ ਨੇ ਇਕ ਕਿਤਾਬ ਚੁੱਕੀ 'ਰਿੱਚੈਸਟ ਮੈਨ ਆਫ਼ ਬਾਬੀਲੋਨ' ਤੇ ਮੈਨੂੰ ਕਹਿਣ ਲੱਗਾ ਕਿ ਮੈਂ ਇਹ ਕਿਤਾਬ ਜ਼ਰੂਰ ਪੜ੍ਹ ਕੇ ਵੇਖਾਂ। ਮੈਂ ਘਰ ਆਕੇ ਉਹ ਕਿਤਾਬ ਪੜ੍ਹੀ, ਮੈਨੂੰ ਏਨੀ ਚੰਗੀ ਲੱਗੀ ਕਿ ਮੈਂ ਆਪਣੇ ਬੇਟੇ ਕੰਵਰ ਨੂੰ ਕਿਹਾ ਕਿ ਉਹ ਪੜ੍ਹ ਕੇ ਦੇਖੇ। ਕੰਵਰ ਕਿਤਾਬ ਖੋਲ੍ਹ ਕੇ ਦੇਖਣ ਲੱਗ ਪਿਆ ਤੇ ਨਾਲੇ ਕਹਿਣ ਲੱਗਾ, 'ਮੈਂ ਪੜ੍ਹੀ ਹੈ ਇਹ ਕਿਤਾਬ ਬਹੁਤ ਵਧੀਆ ਹੈ'। ਮੇਰੀ ਹੈਰਾਨੀ ਦੀ ਹੱਦ ਨਾ ਰਹੀ। ਦੋ ਸਾਲ ਪਹਿਲਾਂ ਵੀ ਕੰਵਰ ਨੇ ਮੈਨੂੰ ਕੁੱਝ ਕਿਤਾਬਾਂ ਪੜ੍ਹਨ ਨੂੰ ਦਿੱਤੀਆ ਸੀ ਜੋ ਮੈਨੂੰ ਏਨੀਆਂ ਚੰਗੀਆਂ ਲੱਗੀਆਂ ਕਿ ਮੈਂ 'ਮੇਰੇ ਪੰਧ ਪੈਂਡੇ' ਕਿਤਾਬ ਲਿਖਣ ਲਈ ਮਜ਼ਬੂਰ ਹੋ ਗਿਆ। ਕੰਵਰ ਨੂੰ ਏਨਾ ਗਿਆਨ ਹੈ ਕਿ ਜਦ ਗੱਲ ਕਰਦਾ ਹੋਵੇ ਤਾਂ ਏਵੇਂ ਲੱਗਦਾ ਜਿਵੇਂ ਪੀ.ਐਚ. ਡੀ.ਕੀਤੀ ਹੋਵੇ, ਲੇਕਿਨ ਅੱਠਵਾਂ ਸਾਲ ਜਾਂਦਾ ਉਸ ਨੂੰ ਸੈਨ ਦਿਆਗੋ ਸਟੇਟ ਯੂਨੀਵਰਸਿਟੀ ਗਿਆਂ ਪਰ ਹਾਲੇ ਤੱਕ ਡਿਗਰੀ ਨਹੀਂ ਕਰ ਹੋਈ। ਅਪਣੀ ਯੋਗਤਾ ਤਾਂ ਰੰਗ ਦਿਖਾਵੇਤਾਂ ਹੀ ਪਤਾ ਲੱਗਦਾ ਹੈ ਕਿ ਕੋਈ ਕੁੱਝ ਕਰ ਸਕਦਾ ਹੈ ਕਿ ਨਹੀਂ। ਗੱਲੀਂ-ਬਾਤੀਂ ਮੈਂ ਵੱਡੀ ਕਰਤੂਤਣ ਵੱਡੀ ਭੈਣ, ਇਵੇਂ ਨਹੀਂ ਗੱਡੀ ਚਲ ਸਕਦੀ। ਪੁਰਾਣੇ ਜ਼ਮਾਨੇ ਦੀਆਂ ਗੱਲਾਂ ਗਈਆਂ ਕਿ ਜੋ ਤਕੜਾ ਹੋਵੇ, ਅਮੀਰ ਹੋਵੇ ਜਾਂ ਉਸ ਦੇ ਪਿਓ ਦਾਦੇ ਅਮੀਰ ਹੋਣ ਤਾਂ ਵੀ ਕੋਈ ਉੱਚੀਆ-ਉੱਚਾਈਆਂ ਤੇ ਪਹੁੰਚ ਸਕਦਾ ਹੈ। ਅੱਜਕਲ੍ਹ ਤਾਂ ਕੋਈ ਵੀ ਬੰਦਾ ਸਮਝਦਾਰੀ ਨਾਲ ਗਿਆਨ ਹਾਸਿਲ ਕਰ ਸਕਦਾ ਹੈ। ਪਰ ਹਰ ਕੋਈ ਅਸੀਮਤ ਗਿਆਨ ਹਾਸਿਲ ਕਰ ਸਕਦਾ ਹੈ। ਜੇਕਰ ਸੀਮਤ ਨੂੰ, ਨਾਸ਼ਵਾਨ ਸ਼ਰੀਰ ਨੂੰ ਅਸੀਮਤ ਸੋਚ ਦੇ ਰੰਗਾਂ ਨਾਲ ਰੰਗ ਰੰਗੀਲਿਆਂ ਕਰ ਦੇਵੇ ਤਾਂ ਸੀਮਤ ਇਨਸਾਨ ਦੀਆਂ ਅਸੀਮਿਤ ਸ਼ਕਤੀਆਂ ਦੇ ਵੱਖ-ਵੱਖ ਰੂਪ ਕਲਮ ਰਾਹੀਂ ਸਾਂਝੇ ਕਰਨ ਦੀ ਰੀਝ ਸੀਨੇ ਨਾਲ ਲਾਈ ਫਿਰਦਾ ਹਾਂ।


Academy of the Punjab in North America: http://www.apnaorg.com

# ਸੋਏ ਦੂਣ ਸਵਾਏ

ਰਾਜਨੀਤੀ ਦੀ ਦੋ ਧਾਰੀ ਦਾਤਰੀ ਦੇ ਵਾਰ ਮੰਨੂੰ ਦੀ ਦਾਤਰੀ ਨਾਲੋਂ ਕਿਸੇ ਤਰ੍ਹਾਂ ਵੀ ਘੱਟ ਨਹੀਂ। ਮੋਸ਼ੇ ਪਾਉਣ ਦੀ ਜਾਚ ਹੈ ਮੰਨੂੰਆਂ ਨੂੰ। ਲੇਕਿਨ ਮੰਨੂੰਆਂ ਨੂੰ ਯਾਦ ਹੋਣਾ ਚਾਹੀਦਾ ਹੈ ਕਿ ਸੋਏ ਹਰ ਵਾਰ ਦੂਣ ਸਵਾਏ ਹੀ ਹੋਏ ਹਨ ਕੁਦਰਤ ਦਾ ਕ੍ਰਿਸ਼ਮਾ ਪਰਬਤਾਂ ਦੀ ਬਰਫ਼ ਢਲ ਕੇ ਸਿੰਧ ਦਰਿਆ ਦਾ ਰੂਪ ਧਾਰ ਕੇ ਪੰਜਾਬੀ ਜਨ-ਜੀਵਨ ਵਾਸਤੇ ਮਾਂ ਦੀ ਗੋਦ ਬਣ ਕੇ ਪੰਜਾਬ ਵਿੱਚ ਪਰਗਟ ਹੋਇਆ। ਲੱਖਾਂ ਸਾਲ ਸਿੰਧ ਦਰਿਆ ਦਾ ਠੰਡਾ ਮਿੱਠਾ ਪਾਣੀ ਪਸ਼ੂ ਪੰਛੀਆਂ ਅਤੇ ਇਨਸਾਨ ਵਾਸਤੇ ਜਿਊਂਦੇ ਰਹਿਣ ਦਾ ਸਬੱਬ ਬਣਿਆ ਰਿਹਾ। ਦੂਰ ਦੁਰਾਡਿਓਂ ਮਿੱਠਾ ਅੰਮ੍ਰਿਤ ਪਾਣੀ ਪੀਣ ਆਏ ਲੋਕਾਂ ਨੂੰ ਸਿੰਧ ਕਹਿਣਾ ਨਹੀਂ ਸੀ ਆਉਂਦਾ। ਸਿੰਧ ਦਾ ਹਿੰਦ ਬਣ ਗਿਆ, ਪੰਜਾਬੀ ਜੋ ਕਿ ਹਜ਼ਾਰਾਂ ਸਾਲਾਂ ਤੋਂ ਸਿੰਧੂ ਕਰਕੇ ਜਾਣੇ ਜਾਂਦੇ ਸਨ ਉਹ ਹਿੰਦੂ ਕਰਕੇ ਜਾਣੇ ਜਾਣ ਲੱਗੇ। ਸਿੰਧੂ ਨੂੰ ਜੇ ਹਿੰਦੂ ਕਹਿ ਦਿੱਤਾ ਕਿਸੇ ਨੇ ਤਾਂ ਫਿਰ ਕੀ ਹੋਇਆ। ਸਪਤ ਸਿੰਧੂ, ਵਹੀਕ ਦੇਸ਼, ਕੰਧਾਰ ਦੇਸ਼, ਕੰਬੋਜ਼, ਕੈਕਈ ਜਾਂ ਮਧੁਰ ਦੇਸ਼ ਤੇ ਜਾਂ ਪੰਜਾਬ ਨਾਮ ਬਦਲ ਗਏ ਪਰ ਲੋਕ ਤਾਂ ਉਹ ਹੀ ਸਨ। ਪੰਜਾਬੀ ਪੁੱਤਰ ਨੂੰ ਸਿੰਧੂ ਜਾਂ ਹਿੰਦੂ ਕਹਿਣ ਨਾਲ ਕੀ ਫ਼ਰਕ ਪੈਂਦਾ। ਦੁਨੀਆਂ ਦੀ ਸਭ ਤੋਂ ਪਹਿਲੀ ਸੱਭਿਅਕ ਬੋਲੀ ਪੰਜਾਬੀ ਵਾਸਤੇ ਦੁਨੀਆਂ ਦੀ ਸਭ ਤੋਂ ਪਹਿਲੀ ਵਿਆਕਰਣ ਬਣਾਈ ਗਈ। ਅਟਕ ਜਿਲ੍ਹੇ ਦੇ ਸ਼ਾਲਾਤੁੱਲਾ ਨਗਰ ਦਾ ਜੰਮ ਪਲ ਪਾਨਣੀ ਜੇ ਵਿਆਕਰਣ ਤਿਆਰ ਕਰਦਾ ਹੈ ਤਾਂ ਉਹ ਕਿਸੇ ਵਿਦੇਸ਼ੀ ਭਾਸ਼ਾ ਵਿੱਚ ਨਹੀਂ ਆਪਣੀ ਮਾਂ ਬੋਲੀ ਵਿੱਚ ਹੀ ਕਰਦਾ ਹੈ। ਸਿੰਧੂ ਤਾਂ ਕਹਿਣਾ ਮੁਸ਼ਕਲ ਸੀ ਹਿੰਦੂ ਬਣ ਗਏ ਪਰ ਸੰਸਕ੍ਰਿਤ ਹੰਸਕ੍ਰਿਤ ਕਿਉਂ ਨਾ ਬਣੀ। ਸੰਸਕ੍ਰਿਤ ਪੰਜਾਬੀ ਦੀ ਪਹਿਲੀ ਵਿਆਕਰਣਕ ਭਾਸ਼ਾ ਹੈ। ਹਿੰਦੀ ਵੀ ਪੰਜਾਬੀ ਭਾਸ਼ਾ ਹੈ, ਕੋਈ ਮੰਨੇ ਜਾਂ ਨਾ ਮੰਨੇ ਪਰ ਕਾਂਸ਼ੀ ਤੋਂ ਲੈ ਕੇ ਕੰਧਾਰ ਤੱਕ ਦਾ ਇਲਾਕਾ ਪੰਜਾਬੀ ਸੀ। ਮਰ ਜਾਣੀ ਪੰਜਾਬੀ ਨੂੰ ਮੰਨੂੰਆਂ ਨੇ ਨਿੱਕਾ-ਨਿੱਕਾ ਕਰਕੇ ਕੁਤਰਿਆ। ਸੰਸਕ੍ਰਿਤ ਜੇ ਪੰਜਾਬੀਆਂ ਕੋਲੋਂ ਖੋਹ ਕੇ ਪੰਡਿਤ ਆਪਣੇ ਖੀਸੇ ਵਿੱਚ ਨਾ ਪਾਉਂਦੇ, ਜੇ ਹਰ ਪੰਜਾਬੀ ਦਾ ਹੱਕ ਹੁੰਦਾ ਕਿ ਸੰਸਕ੍ਰਿਤ ਪੜ੍ਹ ਲਿਖ ਸਕੇ ਤਾਂ ਸ਼ਾਇਦ ਗੁਰਮੁਖੀ ਲਿੱਪੀ ਦੀ ਲੋੜ ਹੀ ਨਾ ਪੈਂਦੀ। ਆਮ ਪੰਜਾਬੀ ਆਪਣੀ ਮਾਤ ਭਾਸ਼ਾ ਸੰਸਕ੍ਰਿਤ ਦੇ ਲਾਗੇ ਵੀ ਨਹੀਂ ਸੀ ਢੁੱਕ ਸਕਦਾ।

ਪੰਜਾਬੀ ਲੋਕ ਸ਼ਾਹਮੁਖੀ ਵਿੱਚ ਦਿਲ ਦੀ ਭੜ੍ਹਾਸ ਕੱਢਦੇ ਰਹੇ। ਸ਼ਾਹਮੁਖੀ ਪੰਜਾਬੀ ਮਾਂ ਦੀ ਬਹੁਤ ਵਧੀਆ ਪੁਸ਼ਾਕ ਹੋਣ ਦੇ ਬਾਵਜੂਦ ਵੀ ਪੂਰਾ ਨਿਆਂ ਨਹੀਂ ਸੀ ਕਰ ਸਕਦੀ। ਪੰਜਾਬੀਆਂ ਦੀ ਪੰਜਾਬੀਅਤ ਨੂੰ ਲਿਖਣ ਵਾਸਤੇ , ਹਰ ਪੰਜਾਬੀ ਦੇ ਵਾਸਤੇ ਗੁਰਮੁਖੀ ਲਿੱਪੀ ਗੁਰੂ ਸਾਹਿਬਾਂ ਨੇ ਤਿਆਰ ਕੀਤੀ। ਪੰਜਾਬੀ ਕਹਾ ਕੇ ਸਾਰੇ ਪੰਜਾਬੀ ਆਪਣਾ ਮਾਣ ਸਮਝਦੇ ਹਨ। ਪੰਜਾਬ ਦਾ ਭਾਵੇਂ ਬੰਦ ਬੰਦ ਕੱਟ ਦਿੱਤਾ ਗਿਆ ਪਰ ਮੌਤ ਨੂੰ ਮੱਤਾਂ ਦੇਣ ਵਾਲੀ ਕੌਮ ਹਿੰਦੀ ਪੰਜਾਬੀ ਅਖਵਾਉਂਦਾ ਹੈ। ਪਾਕਿਸਤਾਨੀ ਬਣ ਗਏ ਪੰਜਾਬੀ ਚਾਹੁੰਦਿਆਂ ਹੋਇਆਂ ਵੀ ਗੁਰਮੁਖੀ ਵਿੱਚ ਪੰਜਾਬੀ ਭਾਸ਼ਾ ਨਹੀਂ ਪੜ੍ਹ ਸਕਦੇ। ਸ਼ਾਹਮੁਖੀ ਵਿੱਚ ਹੀ ਸਹੀ ਪਰ ਪੰਜਾਬੀ ਬੋਲੀ ਨੂੰ ਮਾਂ ਬੋਲੀ ਕਹਿਣ ਵਾਲੇ ਨੌਂ ਕਰੋੜ ਪਾਕਿਸਤਾਨੀ ਪੰਜਾਬੀ ਹਨ। ਕਸ਼ਮੀਰ, ਹਿਮਾਚਲ, ਪੰਜਾਬ, ਹਰਿਆਣਾ, ਦਿੱਲੀ ਅਤੇ ਗੰਗਾਨਗਰ ਇਲਾਕੇ ਵਿੱਚ ਮੰਨੂੰਆਂ ਨੇ ਪੰਜਾਬੀ ਖ਼ਤਮ ਕਰਨ ਲਈ ਬਹੁਤ ਦਾਤਰੀ ਚਲਾਈ ਪਰ ਚਾਰ ਕਰੋੜ ਤੋਂ ਉੱਪਰ ਪੰਜਾਬੀ ਮਾਂ ਦੇ ਪੁੱਤ ਧੀਆਂ ਆਪਣੀ ਮਾਂ ਬੋਲੀ ਹੀ ਬੋਲਦੇ ਹਨ। ਉੱਤਰ ਪ੍ਰਦੇਸ਼, ਬੰਬੇ, ਕਲਕੱਤੇ ਅਤੇ ਦੇਸ਼ ਦੇ ਬਾਕੀ ਇਲਾਕਿਆਂ ਵਿੱਚ ਇੱਕ ਕਰੋੜ ਤੋਂ ਵੱਧ ਲੋਕ ਪੰਜਾਬੀ ਬੋਲਣ ਵਾਲੇ ਹਨ। ਇੰਗਲੈਂਡ, ਅਮਰੀਕਾ, ਕੈਨੇਡਾ ਵਿੱਚ ਲੱਖਾਂ ਪੰਜਾਬੀ ਹਨ। ਹਰਿਆਣੇ ਦੀ ਨਾ ਸਹੀ ਪਰ ਬ੍ਰਿਟਿਸ਼ ਕੁਲੰਬੀਆ (ਕੈਨੇਡਾ) ਸਟੇਟ ਦੀ ਦੂਸਰੀ ਭਾਸ਼ਾ ਦਾ ਦਰਜਾ ਪ੍ਰਾਪਤ ਪੰਜਾਬੀ ਭਾਸ਼ਾ ਬਹੁਤ ਸਾਰੇ ਮੰਨੂੰਆਂ ਦੇ ਹੁੰਦਿਆਂ ਵੀ ਵਧ ਰਹੀ ਹੈ। ਕਿਸੇ ਦੀ ਮਹਿਬੂਬਾ ਨੇ ਕਿਤੇ ਸ਼ਰਤ ਰੱਖ ਦਿੱਤੀ ਕਿ ਤੈਨੂੰ ਤਾਂ ਮੰਨਾ ਜੇ ਤੂੰ ਆਪਣੀ ਮਾਂ ਦਾ ਕਾਲਜਾ ਕੱਢ ਕੇ ਲਿਆਵੇਂ। ਮੂਰਖ ਪੁੱਤਰ ਆਪਣੀ ਮਾਂ ਦਾ ਕਾਲਜਾ ਕੱਢ ਕੇ ਹੱਥ ਵਿੱਚ ਫੜ ਕੇ ਦੌੜਾ ਜਾ ਰਿਹਾ ਸੀ। ਭੱਜੇ ਜਾਂਦੇ ਨੂੰ ਠੇਡਾ ਲੱਗ ਗਿਆ ਤੇ ਡਿੱਗਣ ਲੱਗਾ ਤਾਂ ਮਾਂ ਦਾ ਦਿਲ


Academy of the Punjab in North America: http://www.apnaorg.com

ਫਿਰ ਵੀ ਤੜਪ ਉੱਠਿਆ – ਵੇ ਪੁੱਤ ਬਚ ਕੇ। ਮੰਨੂੰ ਦੀ ਦਾਤਰੀ ਤਾਂ ਚੱਲਣੀ ਸੁਭਾਵਕ ਹੀ ਸੀ ਲੇਕਿਨ ਆਪਣੀ ਮਾਂ ਤੋਂ ਮੁਨਕਰ ਹੋਣ ਵਾਲਿਆਂ ਨੂੰ ਵੀ ਦੱਸ ਦੇਈਏ–ਪੁੱਤੋ ਜਿੱਥੋਂ ਤੱਕ ਮਰਜ਼ੀ ਭੱਜ ਲਓ ਰਹਿਣਾ ਤੁਹਾਨੂੰ ਪੁੱਤ ਬਣਕੇ ਹੀ ਪੈਣਾ। ਕਿਸੇ ਨੂੰ ਖੁਸ਼ ਕਰਨ ਲਈ ਮਾਂ ਦਾ ਕਾਲਜਾ ਕੱਢਣ ਵਾਲੇ ਪੁੱਤਰੋ ਜਿਉਂਦੇ ਵੱਸਦੇ ਰਹੋ। ਮਾਂ ਪੰਜਾਬੀ ਦੇ ਕਾਤਲਾਂ ਨੂੰ ਯਾਦ ਵੀ ਕਰਵਾਉਂਦੇ ਜਾਈਏ 'ਮੰਨੂੰ ਸਾਡੀ ਦਾਤਰੀ, ਅਸੀਂ ਮੰਨੂੰ ਦੇ ਸੋਏ, ਮੰਨੂੰ ਜਿਉਂ-ਜਿਉਂ ਸਾਨੂੰ ਵੱਢਦਾ ਅਸੀਂ ਦੂਣ ਸਵਾਏ ਹੋਏ'॥

*****

## Bibliography


*Advent of Man. . . . . . . . . . . . C. R. Darwin*
*An Introduction to Chinese Civilization. . . . . . Johan Meskin*
*Civilization of Modern World . . . . . . . . . . Jacob*
*Dissent of Man. . . . . . . . . . C. R. Darwin*
*Discovery of India. . . . . . . . . . J. L. Nehru*
*History of Ideas. . . . . . . . . . Lovejoye*
*History of the Arabs. . . . . . . . . . Philip Khuri*
*History of Thought and Invention. . . . . . . . . . Peter Watson*
*Natural History of Creation. . . . . . . . . . Robert Chambers*
*Origin of Civilization-Return of the Ar]ns. . . . . . . . . . Bhagwan Gidwani*
*The Origin and Goal of History. . . . . . . . . . Karal Learth*
*The Closing of Ameri\n Mind. . . . . . . . . . Prof. Allen*
*Bloom Wealth of Nations. . . . . . . . . . Adam Smith*
*The Sense of Reality… Isaiah Berlin*
*The Quest for the Origins of Vedic Culture …. Edwin Br]nt*
*The Civilization of the Middle Ages……. Norman Cantor*
*The Philosophy of Enlightenment……Ernst Cassirer*
*The Birth of the Gods and the Origins of Agriculture …Jacques Cauvin*
*The Measure of Reality……. Alfred W. Crosby*
*A History of Religious Ideas…. . Mircea Eliade*
*The Old World and the New…. . J. H. Elliott:*
*The Coming of the Book…. Henri Jean martin*
*Cities in Civilization…… Peter Hall*
*Ameri\ in 1492……. Alvin M. Josephy*
*India- A history……. John Keay*
*Asia in the Making of Europe…. . Donald F. Lach*
*The Great Chain of Being…. A. O. Lovejoy*
*The Growth of Biologi\l Thought…. Ernst Mayr*
*The Prehistory of the Mind…. Steven Mithen*
*The Early History of the Ancient Near East… Hans J. Nissen*
*Mapping Time. … E. G. Richards*
*The Varieties of Religious Experience… William James*
*The Light of Asia…… Sir Edwin Arnold*
*The Public Philosophy…. Walter Lippmann*
*The Secrets of Self…. . Sir Muhammad Iqbal*
*Rediscovering the Bible……. Bernard Anderson*



Academy of the Punjab in North America: http://www.apnaorg.com

# ਸ਼ਬਦ ਪਰਕਾਸ਼

ਧਾਰਮਕ ਦੁਨੀਆਂ ਦੀ ਆਵਾਜ਼

- ਧਾਰਮਕ ਦੁਨੀਆਂ ਦੀ ਪਰਵਾਜ਼ ਸੂਖਸ਼ਮ ਤੋਂ ਸੂਖਸ਼ਮ
- ਅਸਥੂਲ ਤੋਂ ਅਸਥੂਲ

ਸੱਚ ਸਮਿੱਖਿਆ **ਸ਼ਬਦ**

ਪੰਜ ਭੂਤਕ ਜਿਸਮ ਨਾਨਕ ਦਾ ਹੈ, ਰਾਮ ਦਾ ਹੈ ਜਾਂ ਕਿਸੇ ਹੋਰ ਮਹਾਂਪੁਰਖ ਦਾ ਹੈ, ਮਾਤਾ ਦੇ ਗਰਭ ਚੋਂ ਪੈਦਾ ਹੋਏਗਾ ਤਾਂ ਇਕ ਦਿਨ ਜ਼ਰੂਰ ਬਿਖਰ ਜਾਵੇਗਾ।

ਸਚ, ਗਰਭ ਜੂਨ ਤੋਂ ਰਹਿਤ, ਅਡੋਲ, ਸਰਬ ਕਲਾ ਸਮਰਥ, ਨਾ ਕੋਈ ਵੈਰੀ, ਨਾ ਕਿਸੇ ਦਾ ਡਰ, ਕਾਲ ਰਹਿਤ ਪਰ ਜੀਵਤ ਜਾਗਤ, ਭਲਾ ਕੀ ਹੋ ਸਕਦਾ ਹੈ ?

**ਸ਼ਬਦ** ਜੇ ਕਿਧਰੇ ਮਹਾਂਪੁਰਖਾਂ ਨੇ ਉਚਾਰੇ ਹੋਣ ਤਾਂ ਉਹ ਗ੍ਰੰਥ ਬਣ ਜਾਂਦੇ ਹਨ, ਧਰਮ ਬਣ ਜਾਂਦੇ ਹਨ, ਲੇਕਿਨ ਐਸੇ **ਸ਼ਬਦ** ਜੋ ਪੁਰਖ ਦੇ ਉਚਾਰੇ ਹੋਏ ਨਾ ਲਗਣ, ਇਲਾਹੀ ਨੂਰ, ਬ੍ਰਹਮ ਗਿਆਨ, ਜਿਸਦੀ ਕੋਈ ਜਨਨੀ ਹੋਹੀ ਨਹੀਂ ਸਕਦੀ ਉਸ ਸ਼ਬਦ ਦਾ ਜਨਮ ਨਹੀਂ, ਪ੍ਰਕਾਸ਼ ਹੀ ਹੋ ਸਕਦਾ ਹੈ। ਮੇਰੀ ਕਲਮ ਕਿਸੇ ਵਿਦਵਾਨ ਦੀ ਅਲੋਚਨਾ ਕਰਨ ਦੀ ਜੁਰਅਤ ਵੀ ਨਹੀਂ ਕਰ ਸਕਦੀ। ਜੇ ਕੋਈ ਮੇਰੇ ਵਿਚਾਰ ਨਾਲ ਸਹਿਮਤ ਨਹੀਂ ਤਾਂ ਮੈਨੂੰ ਕੋਈ ਗਿਲਾ ਨਹੀਂ। ਗੁਰੂ ਦੇ ਰਾਹੀਂ ਜਾਂ ਕਿਸੇ ਭਗਤ ਦੇ ਰਾਹੀਂ ਜੇ ਇਲਾਹੀ **ਸ਼ਬਦ** ਦਾ ਪ੍ਰਕਾਸ਼ ਹੋ ਜਾਵੇ ਤੇ ਉਸ ਪ੍ਰਕਾਸ਼ ਨੂੰ ਕੋਈ ਪ੍ਰਕਾਸ਼ਵਾਨ ਇਕ-ਮਿਕ ਕਰਕੇ ਸਾਰੀ ਦੁਨੀਆਂ ਦਾ ਚਾਨਣ ਮੁਨਾਰਾ ਬਣਾ ਦੇਵੇ ਤਾਂ ਇਨਸਾਨ ਭਾਵੇਂ ਜਿੰਨਾ ਮਰਜ਼ੀ ਵਿਦਵਾਨ ਹੋਵੇ, ਅੰਦਾਜ਼ਾ ਨਹੀਂ ਲਗਾ ਸਕਦਾ ਕਿ **ਸ਼ਬਦ** ਪ੍ਰਕਾਸ਼ ਕਿਵੇਂ ਹੋਇਆ।


Academy of the Punjab in North America: http://www.apnaorg.com

# ਆਮੁੱਖ

ਸ਼ਬਦ ਸ਼ਕਤੀ ਇਕ ਐਸੀ ਸ਼ਕਤੀ ਹੈ, ਜਿਸ ਕਾਰਨ ਇਨਸਾਨ ਸ੍ਰਿਸ਼ਟੀ ਦੇ ਸਾਰੇ ਜੀਵਾਂ ਨੂੰ ਆਪਣੇ ਵਸ ਵਿਚ ਕਰੀ ਫਿਰਦਾ ਹੈ। ਸਰੀਰਕ ਤੌਰ ਤੇ ਬਹੁਤ ਸਾਰੇ ਜੀਵ ਇਨਸਾਨ ਨਾਲੋਂ ਤਕੜੇ ਹੁੰਦੇ ਹਨ। ਬਹੁਤ ਸਾਰੇ ਕਾਰਜਾਂ ਵਿਚ ਕਈ ਪਸ਼ੂ ਇਨਸਾਨ ਨਾਲੋਂ ਕਿਤੇ ਬਲਵਾਨ ਹੁੰਦੇ ਹਨ। ਸ਼ਬਦ ਤੇ ਸੋਚ ਨਾ ਹੋਵੇ ਤਾਂ ਬੰਦੇ ਦਾ ਬਾਕੀ ਸਭ ਕੁਝ ਤਕਰੀਬਨ ਪਸ਼ੂਆਂ ਵਰਗਾ ਹੀ ਤਾਂ ਹੈ। ਇਨਸਾਨ ਨੂੰ ਇਸ ਗਲ ਦੀ ਸੋਝੀ ਹੈ ਕਿ ਸ਼ਬਦ ਸ਼ਕਤੀ ਨਾਲ ਹੀ ਬੰਦਾ ਸਰਬ ਸ੍ਰੇਸ਼ਟ ਹੈ। ਹਰ ਕਿਸੇ ਦੀ ਸ਼ਬਦ ਸ਼ਕਤੀ ਵਖ-ਵਖ ਹੁੰਦੀ ਹੈ। ਸਿਆਣੇ ਕਿਹਾ ਕਰਦੇ ਸੀ, 'ਤੂੰ ਬੋਲ ਤੇ ਮੈਂ ਦਸਾਂ, ਤੇਰੀ ਔਕਾਤ ਕੀ ਹੈ ?' ਸ਼ਬਦਾਂ ਦੀ ਵਰਤੋਂ ਕਰਨ ਦੇ ਵਖਰੇ-ਵਖਰੇ ਅੰਦਾਜ਼ ਹੀ ਸਾਨੂੰ ਇਕ-ਦੂਜੇ ਤੋਂ ਵਖ ਕਰਦੇ ਹਨ। ਅਧਿਆਤਮਿਕ ਦੁਨੀਆਂ ਵਿਚ ਅਸੀਂ ਕਿਆਰੇ ਪਾਈ ਫਿਰਦੇ ਹਾਂ, ਕੋਈ ਆਖਦਾ ਮੇਰਾ ਰਬ ਈਸਾ ਮਸੀਹ ਹੈ, ਕੋਈ ਆਖੇ ਅਲਾ, ਕੋਈ ਰਾਮ, ਹਰ ਕੋਈ ਆਪਣੇ-ਆਪਣੇ ਸ਼ਬਦ ਵਰਤ ਕੇ ਆਪਣੀ-ਆਪਣੀ ਸੋਚ ਤੇ ਪਹਿਰਾ ਦੇ ਰਿਹਾ ਹੈ।

ਬਾਈਬਲ, ਕੁਰਾਨ, ਗੀਤਾ ਤੇ ਹੋਰ ਸਾਰੇ ਧਾਰਮਿਕ ਗ੍ਰੰਥਾਂ ਦਾ ਵਜੂਦ ਸ਼ਬਦ ਦੇ ਬਿਨਾਂ ਭਲਾ ਕਿਵੇਂ ਸੰਭਵ ਹੋ ਸਕਦਾ ਹੈ ? ਬਿਲਕੁਲ ਨਹੀਂ, ਜੇ ਸ਼ਬਦ ਹੀ ਸਾਧਨ ਹੈ, ਸਮੁਚੀ ਅਧਿਆਤਮਿਕਤਾ ਦਾ ਤਾਂ ਫਿਰ ਰੌਲਾ ਕਾਹਦਾ ? ਕਿਸ ਗਲ ਦੇ ਕਿਆਰੇ ਪਾਈ ਫਿਰਦੇ ਹਾਂ, ਆਪੋ-ਆਪਣੇ ਸ਼ਬਦ ਵਰਤ ਕੇ ਆਪਣੇ-ਆਪਣੇ ਰਬ ਨਿਸ਼ਚਿਤ ਕਰਕੇ, ਜੇ ਗਲ ਇਕਦੀ ਹੀ ਕਰਨੀ ਹੈ, ਤਾਂ ਸਾਰੇ ਸ਼ਬਦ ਗ੍ਰੰਥ ਇਕਤਰਿਤ ਕਰਕੇ ਸ਼ਬਦ ਨੂੰ ਹੀ ਗੁਰੂ ਮਨ ਲਈਏ ਤਾਂ ਕੀ ਗ਼ਲਤ ਹੈ ? ਸ਼ਬਦ ਹੀ ਰਸਤਾ ਹੈ ਤਾਂ ਇਸੇ ਰਸਤੇ ਤੇ ਚਲੀਏ। ਸਾਥ ਹੋਵੇ ਤਾਂ ਰਸਤਾ ਸੌਖਾ ਤੈਅ ਹੋ ਸਕਦਾ ਹੈ। ਵਖ-ਵਖ ਦਿਸ਼ਾਵਾਂ ਵਲ ਤੁਰ ਕੇ ਇਕ ਜਗਾਹ ਤੇ ਪਹੁੰਚਣਾ ਤਾਂ ਸੰਭਵ ਨਹੀਂ। ਹਨ੍ਹੇਰੇ ਵਿਚ ਠੇਡੇ ਖਾਣ ਦੀ ਬਜਾਏ ਜੇ ਸਿਰਫ਼ ਸ਼ਬਦ ਦੇ ਲੜ ਲਗ ਜਾਈਏ, ਜੋ ਸ਼ਬਦ ਪ੍ਰਕਾਸ਼ ਹੀ ਪ੍ਰਕਾਸ਼ ਵੰਡ ਰਿਹਾ ਹੋਵੇ, ਤਾਂ ਕੀ ਗ਼ਲਤ ਹੈ ? ਸਮੁਚੀ ਮਨੁਖਤਾ ਦੀ ਸੋਚ ਸਾਂਝੀ ਹੋ ਜਾਏ, ਤਾਂ ਕੀ ਗ਼ਲਤ ਹੈ। ਹਨ੍ਹੇਰੇ ਵਿਚ ਤਾਂ ਕੁਝ ਨਜ਼ਰ ਨਹੀਂ ਆ ਸਕਦਾ, ਸ਼ਬਦ ਤੋਂ ਵਧ ਪ੍ਰਕਾਸ਼ ਕਿਤੇ ਹੋ ਹੀ ਨਹੀਂ ਸਕਦਾ। ਪ੍ਰਕਾਸ਼ ਦੀ ਪਹਿਚਾਣ ਕਰ ਸਕਣ ਦੀ ਸਮਰਥਾ ਤਾਂ ਸਾਡੀ ਹੈ ਪਰ ਜੇ ਜਾਣ-ਬੁਝ ਕੇ ਭਟਕਦੇ ਫਿਰਨਾ ਹੈ ਤਾਂ ਆਪੇ ਫਾਥੜੀਏ ਤੈਨੂੰ ਕੌਣ ਛਡਾਵੇ।

**-ਸੁਰਿੰਦਰ ਸਿੰਘ ਸੁੱਨੜ**



Academy of the Punjab in North America: http://www.apnaorg.com

# ਪੁਸਤਕ ਬਾਰੇ

ਜਦੋਂ ਤੋਂ ਇਸ ਜਗਤ ਵਿਚ ਗੁਰਬਾਣੀ ਦਾ ਪ੍ਰਕਾਸ਼ ਹੋਇਆ ਹੈ, ਤਦੋਂ ਤੋਂ ਨਦਰ ਤੇ ਕਰਮ ਨੂੰ ਪ੍ਰਾਪਤ ਸ਼ਰਧਾਲੂ-ਜਨਾਂ ਨੇ ਆਪਣੇ ਜੀਵਨ ਦੇ ਮਾਰਗਾਂ ਵਿਚ ਪਸਰੇ ਹਨੇਰਿਆਂ ਨੂੰ ਗੁਰਬਾਣੀ ਦੀ ਰੌਸ਼ਨੀ ਵਿਚ ਸੁਖਾਲਿਆਂ ਤਹਿ ਕੀਤਾ ਹੈ। ਗੁਰਬਾਣੀ ਦੀ ਇਕ ਤੁਕ ਨੇ ਅਣਗਿਣਤ ਇਨਸਾਨਾਂ ਦੇ ਜੀਵਨ ਰੂਪੀ ਸੁਕੇ ਬ੍ਰਿਛਾਂ ਨੂੰ ਰੂਹਾਨੀ ਹਰਿਆਵਲ ਨਾਲ ਹਰੇ-ਕਚੂਰ ਕੀਤਾ ਹੈ। ਗੁਰੂ ਕੀ ਬਾਣੀ ਦਾ ਸਭ ਤੋਂ ਸ੍ਰੇਸ਼ਟ ਪਹਿਲੂ ਤਾਂ ਇਹ ਹੈ ਕਿ ਇਹ ਇਕ ਖ਼ਾਸ ਧਰਮ ਜਾਂ ਦੇਸ਼ ਤਕ ਹੀ ਸੀਮਿਤ ਨਹੀਂ ਹੈ, ਸਗੋਂ ਸ੍ਰਿਸ਼ਟੀ ਦੇ ਸਾਰੇ ਲੋਕ, ਭਾਵੇਂ ਉਹ ਕਿਸੇ ਵੀ ਜ਼ਾਤ, ਰੂਪ, ਰੰਗ ਜਾਂ ਧਰਮ ਦੇ ਹੋਣ, ਇਸ ਦੇ ਅਥਾਹ ਸਾਗਰ ਵਿਚੋਂ ਅਣਗਿਣਤ ਮੋਤੀ ਪ੍ਰਾਪਤ ਕਰਕੇ ਆਪਣੇ ਜੀਵਨ ਨੂੰ ਰੂਹਾਨੀ ਤੌਰ ਤੇ ਉਜਲੇ ਕਰ ਸਕਦੇ ਹਨ। ਪਰ ਇਹ ਦਸਣਾ ਬਹੁਤ ਸੰਤੋਖਜਨਕ ਹੋਵੇਗਾ ਕਿ ਸਿਖ ਇਤਿਹਾਸ ਇਸ ਤਥ ਦੀ ਪੁਸ਼ਟੀ ਕਰਦਾ ਹੈ ਕਿ ਗੁਰੂ ਕੇ ਸਿਖਾਂ ਨੇ ਆਪਣੇ ਜੀਵਨ ਵਿਚ ਗੁਰਬਾਣੀ ਦੇ ਉਪਦੇਸ਼ ਤੇ ਆਦਰਸ਼ ਨੂੰ ਕਮਾਉਣ ਲਈ ਅਣਗਿਣਤ ਜਿੰਦੜੀਆਂ ਘੋਲ ਘੁਮਾਈਆਂ ਹਨ। ਗੁਰੂ ਕੇ ਸਿਖਾਂ ਨੇ 'ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥' ਦੇ ਧਾਰਨੀ ਬਣ ਕੇ ਦਸਿਆ ਹੈ। ਮੇਰਾ ਵਿਸ਼ਵਾਸ ਹੈ ਕਿ ਜੋ ਇਨਸਾਨ ਇਕ ਮਨ ਇਕ ਚਿਤ ਹੋ ਕੇ ਨੇਮ ਨਾਲ ਗੁਰਬਾਣੀ ਦਾ ਪਾਠ ਕਰਦਾ ਹੈ ਤਾਂ ਉਸ ਨੂੰ ਗੁਰਬਾਣੀ ਦੇ ਅਰਥ ਅਤੇ ਉੱਚੇ ਮੰਡਲਾਂ ਦੀਆਂ ਉਡਾਰੀਆਂ ਸੁਤੇ -ਸਿਧ ਪ੍ਰਾਪਤ ਹੋ ਜਾਂਦੀਆਂ ਹਨ। ਫਿਰ ਇਸ ਅਨੁਭਵ ਅਤੇ ਅਨੰਦਮਈ ਅਵਸਥਾ ਵਿਚੋਂ ਕਹੇ ਜਾਂਦੇ ਬੋਲ ਕੇਵਲ ਪ੍ਰੇਮ ਰਸ ਪ੍ਰਾਪਤ ਹੋਣ ਦੀ ਦੁਹਾਈ ਹੀ ਕਹੇ ਜਾ ਸਕਦੇ ਹਨ :

ਸੁਨਹੁ ਲੋਕਾ ਮੈ ਪ੍ਰੇਮ ਰਸੁ ਪਾਇਆ ॥ (**370**)

ਇਸੇ ਹੀ ਬਿਰਤੀ ਵਿਚੋਂ ਸੁਰਿੰਦਰ ਸਿੰਘ ਸੁੱਨੜ ਦੀ ਹਥਲੀ ਪੁਸਤਕ 'ਸ਼ਬਦ ਪ੍ਰਕਾਸ਼' ਹੋਂਦ ਵਿਚ ਆਈ ਹੈ। ਲੇਖਕ ਨੂੰ ਗੁਰੂ ਲਿਵ ਦੀ ਸਹਿਜ ਅਵਸਥਾ ਵਿਚੋਂ ਜੋ ਕੁਝ ਪ੍ਰਾਪਤ ਹੋਇਆ ਹੈ, ਉਸ ਨੂੰ ਆਪਣੀ ਸਾਧਾਰਨ ਤੇ ਕੁਦਰਤੀ ਸ਼ਬਦਾਵਲੀ ਵਿਚ ਹੀ ਲਿਖ ਦਿਤਾ ਹੈ। ਇਸ ਲਈ ਇਹ ਪੁਸਤਕ ਵਹਿੰਦੇ ਨਿਰਮਲ ਪਾਣੀ ਵਾਂਗ ਉਸ ਦੀ ਸ਼ਰਧਾ ਅਤੇ ਪ੍ਰੇਮ ਰਸ ਦਾ ਵਹਿਣ ਹੈ। ਮੈਨੂੰ ਇਸ ਲਿਖਤ ਵਿਚੋਂ ਲੇਖਕ ਦੀ ਉੱਚੀ ਸੁਰਤਿ ਦੇ ਥਾਂ-ਥਾਂ ਝਲਕਾਰੇ ਪਏ ਹਨ। ਕਿਸੇ ਸੁਭਾਗੀ ਘੜੀ ਸਮੇਂ ਲੇਖਕ ਨੇ ਆਪਣੇ ਅਨੁਭਵਾਂ ਨੂੰ ਕਲਮ ਵਿਚ ਬੰਦ ਕਰ ਲਿਆ ਹੈ। ਭਾਵੇਂ ਸਰਸਰੀ ਨਜ਼ਰ ਨਾਲ ਪੜ੍ਹਦਿਆਂ ਕਿਤੇ ਕਿਤੇ ਉਸਦੇ ਵੀਚਾਰ ਭਿੰਨ ਹੋਣ ਕਾਰਨ ਅਚੰਭਿਤ ਵੀ ਕਰਦੇ ਹਨ, ਪਰ ਪੂਰੇ ਸੰਦਰਭ ਵਿਚ ਸਮਝਣ ਨਾਲ ਫਿਰ ਸਹੀ ਲਗਦੇ ਹਨ। ਆਪਣੀ ਗਲ ਕਹਿਣ ਤੇ ਲਿਖਣ ਦਾ ਹਕ ਲੇਖਕਾਂ ਨੂੰ ਹੁੰਦਾ ਹੈ।

ਲੇਖਕ ਨੂੰ ਅਹਿਸਾਸ ਹੈ ਕਿ ਸਾਡੀ ਪੁਰਾਤਨ ਅਧਿਆਤਮਕ ਦੁਨੀਆਂ ਵਿਚ ਜੋ ਵਖਰੇ-ਵਖਰੇ ਕਿਆਰੇ ਪਾਉਣ ਦਾ ਰਿਵਾਜ਼ ਹੈ, ਉਹ ਬਹੁਤ ਚਿਰੋਕਣਾ ਹੈ : ੳ... ਮੈਂ ਠੀਕ ਤੂੰ ਗ਼ਲਤ, ਮੇਰਾ ਧਰਮ ਸਹੀ ਤੇਰਾ ਗ਼ਲਤ, ...ਮੈਂ ਦੇ ਮਗਰ ਲਗ ਕੇ ਮਰਿਯਾਦਾ ਭੁਲ ਰਹੇ ਇਨਸਾਨ ਆਪਣੀ-ਆਪਣੀ ਭਟਕਣਾ ਵਿਚ ਭਟਕ ਰਹੇ ਹਨ। ਅ ਲੇਖਕ ਅਨੁਸਾਰ ਸੰਪੂਰਣ ਸਿਰਫ਼ ਸਚ ਹੀ ਹੋ ਸਕਦਾ ਹੈ, ਸਚ ਤੋਂ ਸਿਵਾ ਸਭ ਝੂਠ ਹੈ। ਇਨਸਾਨ ਭਾਵੇਂ ਜਿੰਨਾ ਮਰਜ਼ੀ ਸਚਿਆਰਾ ਬਣਨ ਦੀ ਕੋਸ਼ਿਸ਼ ਕਰੇ, ਕਦੇ ਵੀ ਸੰਪੂਰਣ ਸਚ ਨਹੀਂ ਹੋ ਸਕਦਾ। ਗੁਰੂ ਨਾਨਕ ਸਪਸ਼ਟ ਕਰਦੇ ਹਨ ਕਿ ਸ਼ਬਦ ਤੋਂ ਬਿਨਾਂ ਹੋਰ ਕੋਈ ਰਸਤਾ ਨਹੀਂ; ਸਚ ਸਿਰਫ਼ ਸ਼ਬਦ ਦੀ ਕਲੇਵਰ ਵਿਚ ਹੀ ਆ ਸਕਦਾ ਹੈ। ਲੇਖਕ ਨੇ ਸਚ, ਧਰਮ, ਭਗਤੀ ਅੰਦੋਲਨ, ਚਾਰ-ਵਾਕ, ਜੈਨ ਮਤ, ਯੂਹੀਦੀਅਤ; ਖ਼ਾਲਸਾ, ਸ੍ਰੀ ਗੁਰੂ ਗ੍ਰੰਥ ਸਾਹਿਬ, ਗੁਰਗਦੀ, ਤੇ ਗੁਰਬਾਣੀ ਦੀ ਅਲੌਕਿਕ ਮਹਤਤਾ ਬਾਰੇ ਆਪਣੇ ਵੀਚਾਰ ਲਿਖੇ ਹਨ। ਉਸ ਨੂੰ ਖ਼ੇਦ ਹੈ ਕਿ ਗੁਰੂ ਕੀ ਬਾਣੀ-ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਬਹੁਤ ਵਿਦਵਾਨਾਂ ਨੇ ਸਹੀ ਸੋਚ ਨਹੀਂ ਪ੍ਰਗਟਾਈ। ਲੇਖਕ ਗੁਰੂ ਗ੍ਰੰਥ ਸਾਹਿਬ


Academy of the Punjab in North America: http://www.apnaorg.com

ਲਈ ਆਮ ਵਰਤੇ ਜਾਂਦੇ ਸ਼ਬਦ 'ਸੰਪਾਦਨਾ ਹੋਈ' 'ਤੇ ਬਹੁਤ ਇਤਰਾਜ਼ ਕਰਦਾ ਹੈ, ਕਿਉਂਕਿ ਗੁਰੂ ਗ੍ਰੰਥ ਸਾਹਿਬ ਦਾ ਤਾਂ ਪ੍ਰਕਾਸ਼ ਹੋਇਆ ਹੈ ਤੇ ਪ੍ਰਕਾਸ਼ ਕਰਨ ਵਾਲਾ ਹੀ ਇਸ ਦਾ ਰਾਜ਼ ਜਾਣਦਾ ਹੈ। ਅਸੀਂ ਤਾਂ ਪ੍ਰਕਾਸ਼ ਦੇ ਸਾਹਮਣੇ ਹਨੇਰੇ ਮਨ ਨੂੰ ਰੌਸ਼ਨੀ ਵਿਚ ਬਦਲਣਾ ਹੈ। ਉਸ ਨੂੰ 'ਬਾਣੀ ਕਿਥੋਂ ਆਈ' ਦੀ ਚਰਚਾ ਕਰਨ ਵਾਲੇ ਮੈਕਲੋਡ ਤੇ ਹੋਰ ਬਹੁਤ ਸਾਰੇ ਵਿਦਵਾਨਾਂ ਤੇ ਹੈਰਾਨੀ ਹੁੰਦੀ ਹੈ; 'ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਜੋ ਪਹਿਲਾ ਪ੍ਰਕਾਸ਼ ਹੋਇਆ, ਉਸ ਪ੍ਰਕਾਸ਼ ਨੂੰ ਬਿਆਨ ਕਰਨ ਵਿਚ ਅਸਮਰਥ ਹਨ। ਭਾਈ ਹੋਰ ਕਿਹੜਾ ਸਿਆਣਾ ਆ ਗਿਆ ਜੋ ਬਾਬੇ ਨਾਨਕ ਤੋਂ ਸਿਆਣਾ ਹੈ, ਜਿਹੜਾ ਕਹੇ ਕਿ ਮੈਨੂੰ ਪਤਾ ਬਾਣੀ ਕਿਵੇਂ ਰਚੀ ਗਈ; ਮੈਨੂੰ ਪਤਾ ਬਾਣੀ ਕਿਥੋਂ ਆਈ ਹੈ। ' ਇਸੇ ਤਰ੍ਹਾਂ ਉਸ ਨੇ 'ਸਹਿਜੇ ਰਚਿਓ ਖ਼ਾਲਸਾ' ਦੇ ਕਰਤਾ ਵਾਂਗ 'ਗੁਰਗਦੀ ਦੇ ਰਹਸ' ਬਾਰੇ ਵੀ ਲਿਖਿਆ ਹੈ ਕਿ ਇਸ ਜੋਤ ਦਾ ਪ੍ਰਕਾਸ਼ ਉਸੇ ਹੀ ਸਰੀਰ ਵਿਚ ਹੀ ਹੋਣਾ ਸੀ ਜਿਸ ਬਾਰੇ ਧੁਰ ਦਰਗਾਹੋਂ ਨਿਸ਼ਚਿਤ ਸੀ। ਦੁਨੀਆਦਾਰੀ ਦੀ ਅਕਲ ਨਾਲ ਹਕ ਜਿਤਾਉਣ ਵਾਲਿਆਂ ਨੂੰ ਰਹਸ ਬਾਰੇ ਕੁਝ ਨਹੀਂ ਪਤਾ ਸੀ।

'ਖ਼ਾਲਸਾ' ਦੀ ਵਿਆਖਿਆ ਕਰਦਿਆਂ ਉਹ ਲਿਖਦਾ ਹੈ ਕਿ ਸੀਮਤ ਬੁਧੀ ਵਾਲੇ ਇਨਸਾਨ ਖ਼ਾਲਸੇ ਦੀ ਸਹੀ ਪ੍ਰੀਭਾਸ਼ਾ ਕਰਨ ਲਗਿਆਂ ਕਈ ਵਾਰੀ ਪੂਰੇ ਸ਼ਬਦ ਲਭਣ ਵਿਚ ਅਸਮਰਥ ਰਹਿੰਦੇ ਹਨ। 'ਖ਼ਾਲਸਾ ਕਿਸੇ ਵਿਅਕਤੀ ਵਿਸ਼ੇਸ਼ ਦਾ ਨਾਂ ਨਹੀਂ ਹੈ, ਖ਼ਾਲਸਾ ਕਿਸੇ ਇਕ ਇਨਸਾਨ ਦਾ ਨਾਂ ਨਹੀਂ ਹੈ; ਖ਼ਾਲਸਾ ਇਕ ਸ਼ਕਤੀ ਹੈ, ਇਕ ਵਿਸ਼ਵਾਸ ਹੈ, ਰਬ ਵਰਗਾ ਵਿਸ਼ਵਾਸ........ ਖ਼ਾਲਸੇ ਦੀ ਤਾਂ ਕਿਸੇ ਵੀ ਧਾਰਮਕ ਸਵਰੂਪ ਨਾਲ ਤੁਲਨਾ ਕੀਤੀ ਜਾ ਸਕਦੀ ਹੈ ਜੋ ਖ਼ਾਲਸ ਹੈ। ਉਹ ਖ਼ਾਲਸਾ ਹੈ ਜਿਸ ਨੂੰ ਆਪਣੇ ਆਪ ਤੇ ਵਿਸ਼ਵਾਸ ਹੈ, ਆਪਣੇ ਗੁਰੂ ਤੇ ਵਿਸ਼ਵਾਸ ਹੈ ਤੇ ਪੂਰਨ ਵਿਸ਼ਵਾਸ ਹੈ, ਉਹ ਖ਼ਾਲਸਾ ਹੈ। ਸਿਖ ਧਰਮ ਵਿਚ, ਗੁਰੂ ਨਾਨਕ ਦੇ ਸਿਰਜੇ ਹੋਏ ਧਰਮ ਵਿਚ ਜੋ ਸੂਰਤ ਸ਼ਬਦ ਵਿਚੋਂ ਦਿਸਦੀ ਹੈ, ਤਾਂ ਇਹ ਸੂਰਤ ਖ਼ਾਲਸੇ ਦੀ ਹੈ। '

ਲੇਖਕ ਇਸ ਪੁਸਤਕ ਤੋਂ ਪਹਿਲਾਂ 'ਮੰਜ਼ਿਲ ਨਾ ਮਿਲੀ' ਪੁਸਤਕ ਵੀ ਪਾਠਕਾਂ ਨੂੰ ਭੇਟ ਕਰ ਚੁਕਾ ਹੈ ਜਿਸ ਵਿਚ ਦਰਜ ਨਿਬੰਧ, ਕਹਾਣੀਆਂ ਤੇ ਕਵਿਤਾਵਾਂ ਉਸ ਦੇ ਨਿਜੀ ਜੀਵਨ ਨਾਲ ਵਾਪਰੀਆਂ ਹਨ ਤੇ ਉਸਨੇ ਸ਼ਬਦੀ ਰੰਗਣ ਤੋਂ ਹਟ ਕੇ ਉਵੇਂ ਹੀ ਬਿਆਨ ਕੀਤੀਆਂ ਹਨ, ਜਿਵੇਂ ਵਾਪਰੀਆਂ ਹਨ। ਕੈਲੇਫੋਰਨੀਆਂ ਤੋਂ ਉਹ 'ਆਪਣੀ ਆਵਾਜ਼' ਨਾਂ ਦਾ ਮੈਗਜ਼ੀਨ ਵੀ ਕਢ ਰਿਹਾ ਹੈ ਜਿਸ ਨੂੰ ਪਾਠਕਾਂ ਵਲੋਂ ਬੇਹਦ ਪਸੰਦ ਕੀਤਾ ਜਾ ਰਿਹਾ ਹੈ।

ਹਥਲੀ ਪੁਸਤਕ ਲੇਖਕ ਦੀ ਵਿਚਾਰਧਾਰਾ ਨੂੰ ਤਰਤੀਬਵਾਰ ਅਗੇ ਵਲ ਵਧਾਉਂਦੀ ਹੋਈ ਸੰਪੂਰਣ ਸਚ ਦੀ ਸੋਝੀ ਕਰਾਉਣ ਵਿਚ ਕਿੰਨੀ ਕੁ ਸਫਲ ਹੈ, ਇਹ ਪਾਠਕ ਹੀ ਦਸਣਗੇ। ਪੰਜਾਬੀ ਮਾਂ ਬੋਲੀ ਤੇ ਸਾਹਿਤਕ ਵਿਭਾਗ ਦਾ ਅਧਿਕਾਰੀ ਹੋਣ ਦੇ ਨਾਤੇ ਮੈਂ ਇਸ ਪੁਸਤਕ ਦੇ ਲੇਖਕ ਨੂੰ ਵਧਾਈ ਦਿੰਦਾ ਹਾਂ।

ਆਸ ਹੈ ਪੁਸਤਕ ਪਾਠਕਾਂ ਵਿਚ ਆਪਣੀ ਨਿਵੇਕਲੀ ਥਾਂ ਬਣਾਏਗੀ।

**-ਚੇਤਨ ਸਿੰਘ**

ਡਿਪਟੀ ਡਾਇਰੈਕਟਰ

ਭਾਸ਼ਾ ਵਿਭਾਗ ਪੰਜਾਬ ਪਹਿਲੀ ਮਾਘ, 538 ਨਾਨਕਸ਼ਾਹੀ ਪਟਿਆਲਾ


Academy of the Punjab in North America: http://www.apnaorg.com

# ਇਨਸਾਨੀਅਤ

ਇਨਸਾਨ ਤੇ ਇਨਸਾਨੀਅਤ ਦੋ ਵਖ-ਵਖ ਚੀਜ਼ਾਂ ਨਹੀਂ ਹੁੰਦੀਆਂ। ਇਨਸਾਨ ਵਿਚ ਜੇ ਇਨਸਾਨੀਅਤ ਨਹੀਂ ਤਾਂ ਉਹ ਇਨਸਾਨ ਕਹਾਉਣ ਦਾ ਹਕਦਾਰ ਹੀ ਨਹੀਂ ਹੈ। ਇਨਸਾਨ ਤਾਂ ਹੀ ਇਨਸਾਨ ਹੈ ਜੇ ਉਸ ਵਿਚ ਇਨਸਾਨੀਅਤ ਹੈ। ਜੇ ਇਨਸਾਨੀਅਤ ਹੀ ਨਹੀਂ ਹੈ ਤਾਂ ਫਿਰ ਹੈਵਾਨ ਤੇ ਇਨਸਾਨ ਵਿਚ ਫਰਕ ਕੀ ਹੋਇਆ ? ਪ੍ਰਕ੍ਰਿਤੀ ਨੇ ਅਨੇਕਾਂ ਪ੍ਰਕਾਰ ਦੇ ਜੀਵ-ਜੰਤੂਆਂ ਦੀ ਸਿਰਜਨਾ ਕੀਤੀ ਹੈ ਪਰ ਇਨਸਾਨ ਹੀ ਇਕ ਐਸਾ ਜੀਵ ਹੈ, ਜਿਸ ਨੂੰ ਸਭ ਤੋਂ ਵਧ ਸਮਝ ਹੈ, ਜਿਸ ਨੂੰ ਇਹ ਪਤਾ ਹੈ ਕਿ ਜੋ ਉਹ ਕਰ ਰਿਹਾ ਹੈ, ਉਹ ਕਿੰਨਾ ਕੁ ਸਹੀ ਹੈ ? ਅਸੀਂ ਇਹ ਜਾਣਦਿਆਂ ਹੋਇਆਂ ਵੀ ਕਿ ਇਹ ਸਹੀ ਨਹੀਂ ਹੈ ਫਿਰ ਵੀ ਉਹ ਕਾਰਜ ਕਰਨ ਦਾ ਯਤਨ ਕਰਦੇ ਹਾਂ। ਉਸ ਸਮੇਂ ਅਸੀਂ ਇਨਸਾਨੀਅਤ ਤੋਂ ਟੁਟਦੇ ਹਾਂ। ਇਨਸਾਨ ਨੂੰ ਜਦੋਂ ਇਹ ਪਤਾ ਲਗਾ ਕਿ ਮੈਂ ਤਾਂ ਬੜਾ ਸਿਆਣਾ ਹਾਂ, ਮੈਂ ਤਾਂ ਬਹੁਤ ਕੁਝ ਕਰਨ ਦੇ ਸਮਰਥ ਹਾਂ, ਮੈਂ ਤਾਂ ਸਿਰਜਨਾ ਵੀ ਕਰ ਸਕਦਾ ਹਾਂ, ਬੜੀਆਂ-ਬੜੀਆਂ ਸ਼ਕਤੀਆਂ ਮੇਰੇ ਵਿਚ ਹਨ, ਮੈਂ ਸੋਚ ਵੀ ਸਕਦਾ ਹਾਂ, ਮੈਂ ਸਮਝ ਵੀ ਸਕਦਾ ਹਾਂ, ਤਾਂ ਉਹ ਆਪਣੇ ਮਹਾਨ ਆਪੇ ਤੋਂ ਟੁਟ ਜਾਂਦਾ ਹੈ। ਜਦੋਂ ਤੋਂ ਇਨਸਾਨ ਸਿਆਣਾ ਬਣ ਗਿਆ, ਬਸ ਉਸੇ ਦਿਨ ਤੋਂ ਉਹ ਆਪਣੇ ਰਾਹ ਤੋਂ ਉੱਖੜ ਗਿਆ। ਉਹ ਐਨਾ ਉਖੜਿਆ ਕਿ ਜਾਣਦਿਆਂ-ਬੁਝਦਿਆਂ ਵੀ ਉਹ ਗ਼ਲਤ ਰਸਤੇ ਉਤੇ ਤੁਰੀ ਗਿਆ। ਇਨਸਾਨ ਐਨਾ ਦੂਰ ਨਿਕਲ ਗਿਆ ਹੈ ਕਿ ਉਸ ਨੂੰ ਆਪਣੀ ਸਮਝ ਐਨੀ ਵਡੀ ਲਗਣ ਲਗ ਗਈ, ਆਪਣੀ ਲਿਆਕਤ ਉਸ ਨੂੰ ਐਨੀ ਵਡੀ ਲਗਣ ਲਗ ਪਈ ਕਿ ਉਹ ਇਹ ਭੁਲ ਹੀ ਗਿਆ ਕਿ ਉਸ ਨੂੰ ਕੰਟਰੋਲ ਕਰਨ ਵਾਲਾ ਵੀ ਕੋਈ ਹੋਰ ਉਸ ਤੋਂ ਉੱਪਰ ਹੈ, ਜੋ ਉਸ ਤੋਂ ਵਧ ਤਾਕਤਵਰ ਹੈ। ਉਸ ਨੂੰ ਰਬ ਭੁਲ ਗਿਆ। ਉਸ ਨੂੰ ਆਪਣੇ-ਆਪ ਉਤੇ ਐਨਾ ਵਿਸ਼ਵਾਸ ਹੋ ਗਿਆ ਕਿ ਉਸ ਨੂੰ ਕਿਸੇ ਹੋਰ ਤੇ ਵਿਸ਼ਵਾਸ ਕਰਨ ਦੀ ਜ਼ਰੂਰਤ ਈ ਨਹੀਂ ਜਾਪਣ ਲਗੀ। ਜਦੋਂ ਉਸ ਦਾ ਵਿਸ਼ਵਾਸ ਪ੍ਰਮਾਤਮਾ ਤੇ ਨਾ ਰਿਹਾ ਤੇ ਫਿਰ ਉਸ ਨੂੰ ਜੋ ਮੁਸ਼ਕਿਲਾਂ ਆਈਆਂ ਤਾਂ ਉਹ ਡਰ ਗਿਆ ਕਿ ਮੈਂ ਇਹ ਕੀ ਕਰ ਬੈਠਾਂ। ਉਦੋਂ ਉਸ ਸਮੇਂ ਦੇ ਕੁਝ ਸਿਆਣੇ ਲੋਕਾਂ ਨੇ ਮਿਲ ਬੈਠ ਕੇ ਮਤੇ ਪਕਾਏ ਕਿ ਇਨਸਾਨ ਨੂੰ ਸਮਝਾਇਆ ਜਾਵੇ ਕਿ ਜ਼ਿੰਦਗੀ ਜਿਊਣ ਲਈ ਇਨਸਾਨ ਨੂੰ ਇਨਸਾਨੀਅਤ ਦੇ ਲਾਗੇ ਰਹਿਣਾ ਪਵੇਗਾ। ਸਿਆਣੇ ਲੋਕਾਂ ਨੇ ਮਿਲ ਬੈਠ ਕੇ ਜੋ ਇਨਸਾਨ ਨੂੰ ਸਮਝਾਉਣ ਵਾਸਤੇ ਮਤੇ ਪਕਾਏ, ਉਹ ਬਾਅਦ ਵਿਚ ਜਾ ਕੇ ਧਰਮ ਦਾ ਰੂਪ ਧਾਰਨ ਕਰ ਗਏ। ਅਸੀਂ ਇਸ ਬਹਿਸ ਵਿਚ ਨਹੀਂ ਪੈਣਾ ਚਾਹੁੰਦੇ ਕਿ ਇਨਸਾਨ ਕਿਵੇਂ ਪੈਦਾ ਹੋਇਆ ? ਕਦੋਂ ਪੈਦਾ ਹੋਇਆ ? ਕਿਉਂ ਪੈਦਾ ਹੋਇਆ ? ਬਸ ਸਾਡਾ ਐਨਾ ਜਾਣ ਲੈਣਾ ਹੀ ਕਾਫੀ ਹੈ ਕਿ ਇਨਸਾਨ ਜਦੋਂ ਵੀ ਪੈਦਾ ਹੋਇਆ, ਜਿਸ ਕਰਕੇ ਵੀ ਪੈਦਾ ਹੋਇਆ, ਉਹ ਕਿਵੇਂ ਵੀ ਪੈਦਾ ਹੋਇਆ, ਉਹ ਇਕ ਐਸੇ ਸਿਰਜਣਹਾਰ ਦੀ ਸਿਰਜਨਾ ਸੀ, ਜੋ ਇਸ ਸ੍ਰਿਸ਼ਟੀ ਦੇ ਹਰ ਜੀਵ ਤੋਂ ਵਖਰੀ ਸੀ। ਆਪਣੀ ਤਾਕਤ ਦਾ ਮੁਰੀਦ ਬਣਿਆ ਇਨਸਾਨ ਜਦੋਂ ਆਪਣੀ ਭਟਕਣਾ ਵਿਚ ਭਟਕਦਾ ਦੂਰ ਨਿਕਲ ਗਿਆ ਤਾਂ ਇਹ ਜ਼ਰੂਰੀ ਹੋ ਗਿਆ ਕਿ ਉਸ ਨੂੰ ਸਮਝਾਇਆ ਜਾਵੇ ਕਿ ਜੀਵਨ ਦਾ ਰਹਸ ਕੀ ਹੈ ? ਇਨਸਾਨ ਦਾ ਸਹੀ ਜੀਵਨ ਕੀ ਹੈ ? ਇਸ ਲਈ ਧਰਮ ਹੋਂਦ ਵਿਚ ਆਏ। ਸੋ ਅਸੀਂ ਸੰਖੇਪ ਰੂਪ ਵਿਚ ਆਖ ਸਕਦੇ ਹਾਂ ਕਿ ਧਰਮ ਜਿਊਣ ਦੀ ਵਿਧੀ ਹੈ।

ਦੁਨੀਆਂ ਦੇ ਵਿਚ ਇਨਸਾਨ ਦੇ ਇਤਿਹਾਸ ਨੂੰ ਫਰੋਲੀਏ ਤਾਂ ਤਿੰਨ ਸਭਿਆਤਾਵਾਂ ਸਾਹਮਣੇ ਆਉਂਦੀਆਂ ਹਨ। ਤਿੰਨਾਂ ਵਿਚੋਂ ਦੋ ਨੂੰ ਤਾਂ ਅਸੀਂ ਸਭਿਅਤਾ ਆਖ ਸਕਦੇ ਹਾਂ- -ਸਿੰਧ ਘਾਟੀ ਦੀ ਸਭਿਅਤਾ ਤੇ ਯੂਨਾਨੀ ਸਭਿਅਤਾ। ਤੀਸਰਾ ਅੰਦਾਜ਼ਾ ਇਹ ਹੈ ਕਿ ਇਨਸਾਨ ਅਫ਼ਰੀਕਾ ਮਹਾਂਦੀਪ ਵਿਚ ਪੈਦਾ ਹੋਇਆ। ਜੇ ਇਨਸਾਨ ਅਫ਼ਰੀਕਾ ਮਹਾਂਦੀਪ ਵਿਚ ਪੈਦਾ ਹੋਇਆ ਵੀ ਹੋਵੇ ਤਾਂ ਵੀ ਜੋ ਅਜੋਕੇ ਹਾਲਾਤ ਹਨ, ਉਸ ਨੂੰ ਮੁਖ ਰਖਦਿਆਂ ਅਸੀਂ ਅੰਦਾਜ਼ਾ ਲਾ ਸਕਦੇ ਹਾਂ ਕਿ ਜਿਸ ਮਹਾਂਦੀਪ ਵਿਚ ਸਭਿਅਤਾ ਅਜੇ ਤਕ ਵੀ ਲੰਙੜਾ ਕੇ ਤੁਰਦੀ ਹੈ, ਉਸ ਮਹਾਂਦੀਪ ਵਿਚ


Academy of the Punjab in North America: http://www.apnaorg.com

ਜੇ ਬੰਦਾ ਪੈਦਾ ਵੀ ਹੋਇਆ ਹੋਊ ਤਾਂ ਉਸ ਨੂੰ ਸਭਿਅਕ ਆਖਣਾ ਬਹੁਤਾ ਯੋਗ ਨਹੀਂ ਹੋਵੇਗਾ। ਦੂਸਰਾ, ਯੂਨਾਨੀ ਜ਼ਿਦ ਕਰਦੇ ਹਨ ਕਿ ਯੂਨਾਨੀ ਸਭਿਅਤਾ ਸਿੰਧ ਘਾਟੀ ਦੀ ਸਭਿਅਤਾ ਨਾਲੋਂ ਪਹਿਲਾਂ ਹੋਂਦ ਵਿਚ ਆਈ, ਪ੍ਰੰਤੂ ਪੁਰਾਤਨ ਇਤਿਹਾਸ ਨੂੰ ਫਰੋਲਦਿਆਂ ਅਜਿਹੀ ਕੋਈ ਠੋਸ ਦਲੀਲ ਨਹੀਂ ਮਿਲਦੀ, ਜਿਸ ਦੇ ਆਧਾਰ 'ਤੇ ਅਸੀਂ ਯੂਨਾਨੀ ਸਭਿਅਤਾ ਨੂੰ ਦੁਨੀਆਂ ਦੀ ਸਭ ਤੋਂ ਪਹਿਲੀ ਸਭਿਅਤਾ ਆਖ ਸਕੀਏ। ਇਨਸਾਨ ਦੇ ਜਿਊਣ ਲਈ ਸਭ ਤੋਂ ਜ਼ਰੂਰੀ ਜੋ ਵਸਤੂ ਹੈ, ਉਹ ਹੈ ਹਵਾ ਤੇ ਪਾਣੀ। ਪੰਜ ਤਤਾਂ ਦਾ ਬਣਿਆ ਹੋਇਆ ਇਹ ਇਨਸਾਨ ਦਾ ਪੰਚ ਭੂਤਕ ਸਰੀਰ, ਕਿਸੇ ਐਸੀ ਜਗ੍ਹਾ ਤੇ ਹੋ ਹੀ ਨਹੀਂ ਸਕਦਾ, ਜਿਥੇ ਪੰਜ ਹੀ ਇਕਤਰ ਨਾ ਹੋ ਸਕਣ। ਇਹ ਪੰਜੇ ਤਤ: ਹਵਾ, ਪਾਣੀ, ਅਗਨੀ, ਧਰਤੀ ਤੇ ਆਕਾਸ਼। ਜੇ ਪਾਣੀ ਨਹੀਂ ਤਾਂ ਵੀ ਇਨਸਾਨ ਜਿਊਂਦਾ ਨਹੀਂ ਰਹਿ ਸਕਦਾ। ਹਵਾ ਨਹੀਂ ਹੈ ਤਾਂ ਵੀ ਇਨਸਾਨ ਜਿਊਂਦਾ ਨਹੀਂ ਰਹਿ ਸਕਦਾ। ਤਪਸ਼ ਖ਼ਤਮ ਹੋ ਗਈ ਤਾਂ ਵੀ ਇਨਸਾਨ ਖ਼ਤਮ ਹੋ ਗਿਆ। ਇਹ ਜੋ ਮਿਟੀ ਸਰੀਰ ਨੂੰ ਲਗੀ ਹੋਈ ਹੈ, ਇਸ ਤੋਂ ਬਿਨਾਂ ਵੀ ਵਜੂਦ ਨਹੀਂ ਹੋ ਸਕਦਾ। ਫਿਰ ਨਿਰਆਕਾਰ ਤਾਂ ਕਰਤਾਰ ਹੀ ਹੋ ਸਕਦਾ ਹੈ, ਪ੍ਰਮਾਤਮਾ ਹੀ ਹੋ ਸਕਦਾ ਹੈ। ਇਸ ਲਈ ਆਕਾਰ ਤੋਂ ਬਿਨਾਂ ਵੀ ਇਨਸਾਨ ਦਾ ਹੋਣਾ ਨਾ-ਮੁਮਕਿਨ ਹੈ। ਸੋ, ਅਸੀਂ ਸੁਤੇ-ਸਿਧ ਹੀ ਇਸ ਨਤੀਜੇ 'ਤੇ ਪਹੁੰਚ ਸਕਦੇ ਹਾਂ ਕਿ ਇਨਸਾਨੀ ਸਭਿਅਤਾ ਦਾ ਜਨਮ ਪਾਣੀਆਂ ਦੇ ਕੰਢਿਆਂ ਉਤੇ ਹੋਇਆ। ਇਨਸਾਨ ਪੈਦਾ ਭਾਵੇਂ ਜਿਥੇ ਮਰਜ਼ੀ ਹੋਇਆ ਹੋਵੇ, ਲੇਕਿਨ ਵਸਿਆ ਜਾ ਕੇ ਪਾਣੀ ਦੇ ਕੰਢਿਆਂ ਤੇ ਹੈ। ਜਿਥੇ ਪਾਣੀ, ਉਥੇ ਹਵਾ ਵੀ ਜ਼ਰੂਰੀ ਹੋਵੇਗੀ, ਹਵਾ ਤੋਂ ਬਿਨਾਂ ਪਾਣੀ ਦੀ ਹੋਂਦ ਕੋਈ ਨਹੀਂ ਹੁੰਦੀ। ਸੋ, ਅਸੀਂ ਇਸ ਗਲ ਦੇ ਨਾਲ ਸਹਿਮਤ ਹੋ ਸਕਦੇ ਹਾਂ ਕਿ ਦਰਿਆਵਾਂ ਦੇ ਕੰਢਿਆਂ ਤੇ ਇਨਸਾਨੀਅਤ ਵਧੀ ਫੁਲੀ। ਦੁਨੀਆਂ ਦਾ ਸਭ ਤੋਂ ਵਡਾ ਪਾਣੀ ਦਾ ਰਸਤਾ ਅਜੇ ਤਕ ਵੀ ਸਿੰਧ ਨਦੀ ਹੈ, ਜੋ ਕੈਲਾਸ਼ ਪਰਬਤ ਦੀ ਟੀਸੀ ਤੋਂ ਨਿਕਲ ਕੇ ਉਚੇ, ਨੀਵੇਂ ਪਰਬਤਾਂ ਦੀਆਂ ਟੀਸੀਆਂ ਨਾਲ ਲੁਕਣ-ਮੀਟੀ ਖੇਡਦੀ ਮਾਨ ਸਰੋਵਰ ਝੀਲ ਬਣ ਗਈ। ਮਾਨ ਸਰੋਵਰ ਝੀਲ ਤੋਂ ਖਿਸਕਦੀ-ਖਿਸਕਦੀ ਇਹ ਸਿੰਧ ਘਾਟੀ ਨੂੰ ਸਰ ਕਰਦੀ ਹੋਈ ਅਰਬ ਸਾਗਰ ਵਿਚ ਜਾ ਸਮਾਈ। ਇਸ ਨਦੀ ਵਿਚ ਹਿੰਦੂ ਕੁਸ਼ ਪਰਬਤ ਦਾ ਪਾਣੀ ਵੀ ਆਣ ਰਲਿਆ। ਜਿਹਲਮ, ਚਨਾਬ ਤੇ ਰਾਵੀ ਆਪਣਾ ਸਫ਼ਰ ਤੈਅ ਕਰਦੇ ਇਕ-ਦੂਜੇ ਵਿਚ ਰਲਦੇ ਆਖ਼ਰ ਸਿੰਧ (ੀਦਚਤ) ਨਦੀ ਵਿਚ ਜਾ ਰਲੇ। ਸਤਲੁਜ ਤੇ ਬਿਆਸ ਹਰੀਕੇ-ਪਤਣ ਤੇ ਜਾ ਕੇ ਪਹਿਲਾਂ ਆਪਸ ਵਿਚ ਰਲ ਕੇ, ਪੈਂਡਾ ਮੁਕਾਉਂਦੇ ਹੋਏ ਫਿਰ ਸਿੰਧ ਨਦੀ ਵਿਚ ਇਕ-ਮਿਕ ਹੋਏ। ਸਰਸਵਤੀ ਜਿਸ ਨੂੰ ਘਗਰ ਦਰਿਆ ਵੀ ਕਿਹਾ ਜਾਂਦਾ ਹੈ, ਇਹ ਵੀ ਰਲਦੀ-ਰਲਾਉਂਦੀ ਆਪਣੇ ਰਸਤੇ ਬਦਲਦੀ ਉਸੇ ਰਸਤੇ ਪਹਿਲਾਂ ਸਤਲੁਜ ਦੇ ਪਾਣੀਆਂ ਨਾਲ ਰਲੀ ਤੇ ਫਿਰ ਉਹ ਵੀ ਉਸ ਦੇ ਵਿਚ ਜਾ ਸਮਾਈ। ਇਤਿਹਾਸ ਇਸ ਗਲ ਦਾ ਗਵਾਹ ਹੈ ਕਿ ਜਮੁਨਾ ਨਦੀ ਪਤਾ ਨਹੀਂ ਕਿਸ ਕਾਰਨ ਪੰਜਾਬ ਨਾਲ ਰੁਸ ਗਈ। ਇਕ ਸਮਾਂ ਸੀ, ਜਮੁਨਾ ਨਦੀ ਦੇ ਪਾਣੀ ਦਾ ਰਸਤਾ ਵੀ ਸਰਸਵਤੀ ਦੇ ਪਾਣੀਆਂ, ਘਗਰ ਦਰਿਆ ਨਾਲ ਰਲ ਕੇ ਇਹ ਵੀ ਸਿੰਧ ਨਦੀ ਵਿਚ ਰਲ ਜਾਇਆ ਕਰਦਾ ਸੀ। ਕਹਿਣ ਤੋਂ ਭਾਵ ਪਾਣੀਆਂ ਦਾ ਐਡਾ ਵਡਾ ਸੁਮੇਲ ਦੁਨੀਆਂ ਦੇ ਤਖ਼ਤੇ ਤੇ ਕਿਧਰੇ ਵੀ ਨਹੀਂ ਮਿਲਦਾ। ਇਹ **250** ਲਖ ਵਰਗ ਮੀਲ ਦਾ ਇਲਾਕਾ ਸੀ, ਜਿਸ ਨੂੰ ਕਿਸੇ ਸਮੇ ਂਸਪਤ ਸਿੰਧੂ ਕਿਹਾ ਜਾਂਦਾ ਸੀ। ਕਦੇ ਇਸ ਦਾ ਨਾਂ ਸਾਡੇ ਰਿਸ਼ੀਆਂ-ਮੁਨੀਆਂ ਨੇ ਪੰਜਾਬ ਰਖਿਆ ਸੀ, ਪੰਜਾਂ ਪਾਣੀਆਂ ਦੀ ਧਰਤੀ। ਭਾਵੇਂ ਅਜ ਦਾ ਪੰਜਾਬ ਉਸ ਪੁਰਾਣੇ ਪੰਜਾਬ ਦਾ ਸਤਵਾਂ ਹਿਸਾ ਰਹਿ ਗਿਆ ਪਰ ਕਿਸੇ ਸਮੇਂ **250** ਲਖ ਵਰਗ ਮੀਲ ਦਾ, ਪਾਣੀਆਂ ਦਾ ਇਹ ਇਲਾਕਾ ਦਰਿਆਵਾਂ ਦਾ ਇਲਾਕਾ ਗਿਣਿਆ ਜਾਂਦਾ ਸੀ। ਦੁਨੀਆਂ ਦੀ ਸਭ ਤੋਂ ਜ਼ਿਆਦਾ ਵਸੋਂ ਇਸ ਖੇਤਰ ਦੇ ਵਿਚ ਸੀ। ਅਸੀਂ ਯਕੀਨ ਨਾਲ ਕਹਿ ਸਕਦੇ ਹਾਂ ਕਿ ਇਨਸਾਨੀਅਤ ਦਾ ਜੇਕਰ ਯੂਨਾਨ ਵਿਚ ਜਨਮ ਹੋਇਆ ਵੀ ਹੋਵੇ ਤਾਂ ਵਿਕਾਸ ਜ਼ਰੂਰ ਸਿੰਧ ਘਾਟੀ ਵਿਚ ਹੋਇਆ।


Academy of the Punjab in North America: http://www.apnaorg.com

# ਵੇਦ ਸ਼ਾਸ਼ਤਰ

ਰਿਗਵੇਦ ਦੁਨੀਆਂ ਦਾ ਸਭ ਤੋਂ ਪਹਿਲਾ ਗ੍ਰੰਥ ਹੈ। ਕਿਸੇ ਵੀ ਹੋਰ ਕਿਤਾਬ ਵਿਚ ਇਤਿਹਾਸ ਦਾ ਜ਼ਿਕਰ ਨਹੀਂ ਮਿਲਦਾ ਜੋ ਰਿਗਵੇਦ ਤੋਂ ਪਹਿਲਾਂ ਲਿਖੀ ਗਈ ਹੋਵੇ। ਜਿਨ੍ਹਾਂ ਦਿਨਾਂ ਵਿਚ ਰਿਗਵੇਦ ਦੀ ਸੰਪਾਦਨਾ ਹੋਈ, ਉਨ੍ਹਾਂ ਦਿਨਾਂ ਵਿਚ ਸਿੰਧ (ਅਦਚਤ) ਨਦੀ ਦੇ ਇਰਦ-ਗਿਰਦ, ਦਰਿਆਵਾਂ ਦੇ ਕੰਢਿਆਂ ਤੇ ਇਸ ਧਰਤੀ ਤੇ ਰਹਿਣ ਵਾਲੇ 7075 ਪ੍ਰਤਿਸ਼ਤ ਲੋਕ ਰਹਿੰਦੇ ਸਨ। ਕਹਿਣ ਤੋਂ ਭਾਵ ਹੈ ਕਿ ਜਦੋਂ ਰਿਗਵੇਦ ਦੀ ਰਚਨਾ ਹੋਈ ਤਾਂ ਇਹ ਰਚਨਾ ਇਸ ਦੁਨੀਆਂ ਤੇ ਰਹਿਣ ਵਾਲੇ ਤਕਰੀਬਨ 70-75 ਪ੍ਰਤਿਸ਼ਤ ਲੋਕਾਂ ਵਾਸਤੇ ਹੋਈ। ਇਹ ਵਖਰੀ ਗਲ ਹੈ ਕਿ ਅਜ ਰਿਗਵੇਦ ਨੂੰ ਮੰਨਣ ਵਾਲੇ ਲੋਕਾਂ ਦੀ ਗਿਣਤੀ 5-7 ਪ੍ਰਤਿਸ਼ਤ ਰਹਿ ਗਈ ਹੈ। ਇਸ ਦਾ ਕਾਰਨ ਕੀ ਹੈ ? ਇਸ ਨੂੰ ਅਸੀਂ ਵਿਸਥਾਰ ਨਾਲ ਨਹੀਂ ਲਿਖਣਾ ਚਾਹੁੰਦੇ, ਕਿਉਂਕਿ 'ਕੁਝ ਕਸੂਰ ਤੇਰਾ ਹੈ, ਕੁਝ ਕਸੂਰ ਮੇਰਾ ਹੈ ਤੇ ਕੁਝ ਕਸੂਰ ਆਪਣਾ ਦੋਵਾਂ ਦਾ ਹੈ। '

ਜਦੋਂ ਹਜ਼ਾਰਾਂ ਸਾਲ ਪਹਿਲਾਂ ਰਿਗਵੇਦ ਰਚਿਆ ਗਿਆ ਤਾਂ ਇਸ ਦੀ ਰਚਨਾ ਲਿਖਤੀ ਰੂਪ ਵਿਚ ਨਹੀਂ ਹੋਈ। ਦੇਵੀ-ਦੇਵਤਿਆਂ ਦਾ ਪਾਤਰ-ਚਿਤਰਣ, ਖ਼ਾਸ ਕਰਕੇ ਅਗਨੀ ਤੇ ਪਾਣੀ ਨੂੰ ਦੇਵਤੇ ਮੰਨ ਕੇ ਉਨ੍ਹਾਂ ਦਾ ਪਾਤਰ ਚਿਤਰਣ ਉਸ ਸਮੇਂ ਦੇ ਬੁਧੀਜੀਵਾਂ ਨੇ ਪ੍ਰਚਾਰ ਰੂਪ ਵਿਚ ਕੀਤਾ। ਕਹਿਣ ਤੋਂ ਭਾਵ ਕਿ ਰਿਗਵੇਦ ਜਦੋਂ ਮੁਢਲੀ ਅਵਸਥਾ ਵਿਚ ਸੀ ਤਾਂ ਉਸ ਦਾ ਕੋਈ ਲਿਖਤੀ ਰੂਪ ਨਹੀਂ ਸੀ। ਇਵੇਂ ਵੀ ਆਖ ਸਕਦੇ ਹਾਂ ਕਿ ਹਜ਼ਾਰਾਂ ਸਾਲ ਬਾਅਦ ਜਦੋਂ ਰਿਗਵੇਦ ਦੀ ਰਚਨਾ ਜਾਂ ਸੰਪਾਦਨਾ ਹੋਈ ਤਾਂ ਉਦੋਂ ਅਜੇ ਦੁਨੀਆਂ ਵਿਚ ਕਾਗ਼ਜ਼ ਦੀ ਕਾਢ ਨਹੀਂ ਸੀ ਹੋਈ। ਰਿਗਵੇਦ ਨੂੰ ਦਰਖ਼ਤਾਂ ਦੇ ਪਤਿਆਂ ਉਤੇ ਲਿਖਿਆ ਗਿਆ। ਰਿਗਵੇਦ ਦੇ ਮੰਤਰ ਵਖ-ਵਖ ਭਾਸ਼ਾਵਾਂ ਵਿਚ, ਵਖ ਵਖ ਵਿਦਵਾਨਾਂ ਨੇ, ਵਖ-ਵਖ ਤਰੀਕਿਆਂ ਨਾਲ ਲਿਖੇ, ਜਿਸ ਨੂੰ ਅਗੇ ਆ ਕੇ ਕਈ ਹਜ਼ਾਰ ਸਾਲ ਬਾਅਦ ਸਮੇਂ ਦੇ ਵਿਦਵਾਨਾਂ ਨੇ ਕਈ ਭਾਸ਼ਾਵਾਂ ਵਿਚੋਂ ਚੁਣ ਕੇ ਬਣਾਈ ਗਈ ਵਿਆਕਰਣ ਸੰਸਕ੍ਰਿਤ ਵਿਚ ਲਿਖਿਆ। ਸੰਸਕ੍ਰਿਤ ਵਿਚ ਰਿਗਵੇਦ ਨੂੰ ਲਿਖਣ ਦੀ ਵਡੀ ਭੁਲ ਹੋ ਨਿਬੜੀ, ਕਿਉਂਕਿ ਸੰਸਕ੍ਰਿਤ ਆਮ ਲੋਕਾਂ ਦੀ ਭਾਸ਼ਾ ਨਹੀਂ ਸੀ। ਆਮ ਲੋਕ ਇਸ ਨੂੰ ਪੜ੍ਹ ਨਹੀਂ ਸਕਦੇ ਸਨ। ਆਮ ਲੋਕਾਂ ਨੂੰ ਹਕ ਨਹੀਂ ਸੀ ਕਿ ਸੰਸਕ੍ਰਿਤ ਨੂੰ ਪੜ੍ਹਨ ਤੇ ਬੋਲਣ ਦਾ ਹੌਂਸਲਾ ਵੀ ਕਰ ਸਕਦੇ। ਸੰਸਕ੍ਰਿਤ ਕੁਝ ਖ਼ਾਸ ਲੋਕਾਂ ਦੀ ਭਾਸ਼ਾ ਬਣ ਕੇ ਰਹਿ ਗਈ ਸੰਸਕ੍ਰਿਤ ਦੇ ਪਿੰਜਰੇ ਵਿਚ ਰਿਗਵੇਦ ਕੈਦ ਹੋ ਗਿਆ। ਰਿਗਵੇਦ ਵਿਚ ਦੇਵੀ-ਦੇਵਤਿਆਂ ਦਾ ਪਾਤਰ-ਚਿਤਰਣ ਹੈ। ਦੇਵੀ ਦੇਵਤਿਆਂ ਦਾ ਪਾਤਰ ਚਿਤਰਣ ਕਰਦਿਆਂ, ਸਮੇਂ ਦੇ ਵਿਦਵਾਨਾਂ ਨੇ ਇਨਸਾਨ ਨੂੰ ਡਰਾਉਣ ਦਾ ਯਤਨ ਕੀਤਾ ਤੇ ਪੂਰੀ ਕੋਸ਼ਿਸ਼ ਕੀਤੀ ਕਿ ਇਨਸਾਨ ਨੂੰ ਕੁਝ ਐਸਾ ਡਰ ਪਾਇਆ ਜਾਵੇ ਜਿਸ ਕਰਕੇ ਇਨਸਾਨ ਗਲਤੀਆਂ ਨਾ ਕਰੇ। ਇਨਸਾਨ ਦੀਆਂ ਪੰਜ ਗਿਆਨ ਇੰਦਰੀਆਂ--ਅਖਾਂ, ਕੰਨ, ਨਕ, ਜੀਭ ਤੇ ਚਮੜੀ ਅਤੇ ਪੰਜ ਕਰਮ ਇੰਦਰੀਆਂ-- ਹਥ, ਪੈਰ, ਮੂੰਹ, ਕਾਮ ਇੰਦਰੀ ਤੇ ਮਲ-ਮੂਤਰ ਵਾਲੀਆਂ ਇੰਦਰੀਆਂ ਨੂੰ ਮੁਖ ਰਖ ਕੇ ਇਨਸਾਨ ਨੂੰ ਰਿਗਵੇਦ ਵਿਚ ਦੇਵੀ-ਦੇਵਤਿਆਂ ਦੀ ਉਦਾਹਰਣ ਦੇ ਕੇ, ਦੇਵੀ ਦੇਵਤਿਆਂ ਦਾ ਪਾਤਰ ਚਿਤਰਣ ਕਰਕੇ ਲੋਕਾਂ ਨੂੰ ਡਰ ਦੇ ਕੇ, ਮਨੁਖ ਨੂੰ ਆਲੇ ਦੁਆਲੇ ਦੀ ਜਾਣਕਾਰੀ ਦੇਣ ਦਾ ਉਪਰਾਲਾ ਕੀਤਾ। ਇਹ ਆਮ ਪ੍ਰਚਲਤ ਗਲ ਹੈ ਕਿ ਰਿਗਵੇਦ ਪੂਰਨ ਸਚ ਹੈ। ਭਾਰਤੀ ਦਰਸ਼ਨ ਅਨੁਸਾਰ ਵੇਦ ਸਚੇ ਹਨ ਪਰ ਕੋਈ ਵੀ ਦੁਨੀਆਂ ਦਾ ਧਰਮ ਐਸਾ ਨਹੀਂ ਹੈ, ਜਿਹੜਾ ਇਹ ਨਾ ਕਹਿੰਦਾ ਹੋਵੇ ਕਿ ਸਾਡਾ ਧਰਮ ਜਾਂ ਧਾਰਮਿਕ ਗ੍ਰੰਥ ਸਚਾ ਨਹੀਂ। ਪਹਿਲਾਂ ਦੀਆਂ ਸਾਰੀਆਂ ਧਾਰਮਿਕ ਰਚਨਾਵਾਂ ਭਾਵੇਂ ਰਿਸ਼ੀਆਂ-ਮੁਨੀਆਂ ਨੇ ਲਿਖੀਆਂ ਜਾਂ ਕਿਸੇ ਨੇ ਵੀ ਲਿਖੀਆਂ ਹੋਣ, ਉਨ੍ਹਾਂ ਨੂੰ ਅਸੀਂ ਮਨੁਖ ਰਚਿਤ ਰਚਨਾਵਾਂ ਆਖ ਸਕਦੇ ਹਾਂ। ਉਹ ਇਨਸਾਨ ਨੇ ਲਿਖੀਆਂ ਹਨ। ਇਹ ਗਲ ਵੀ ਆਮ ਪ੍ਰਚਲਤ ਹੈ ਕਿ ਬ੍ਰਹਮਾ ਨੇ ਸ੍ਰਿਸ਼ਟੀ ਦੀ ਰਚਨਾ ਕੀਤੀ ਅਤੇ ਬ੍ਰਹਮਾ ਨੇ ਹੀ ਵੇਦਾਂ ਦੀ ਰਚਨਾ ਕੀਤੀ ਹੈ। ਬ੍ਰਹਮਾ ਨੇ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ। ਜੇ ਮੰਨ ਵੀ


Academy of the Punjab in North America: http://www.apnaorg.com

ਲਈਏ ਅਤੇ ਉਹ ਬ੍ਰਹਮਾ ਜਿਸ ਦੀ ਤਸਵੀਰ ਇਨਸਾਨ ਵਰਗੀ ਬਣਾਉਂਦੇ ਹਨ, ਜੇ ਇਨਸਾਨ ਵਰਗੇ ਬ੍ਰਹਮਾ ਨੇ ਸ੍ਰਿਸ਼ਟੀ ਰਚੀ ਹੈ ਤਾਂ ਫਿਰ ਬ੍ਰਹਮਾਂ ਨੂੰ ਕਿਸ ਨੇ ਰਚਿਆ ? ਜੇ ਬ੍ਰਹਮਾ ਇਨਸਾਨ ਵਰਗਾ ਸੀ ਤਾਂ ਉਸ ਨੇ ਕਿਸੇ ਮਾਂ ਦੇ ਗਰਭ ਵਿਚੋਂ ਜਨਮ ਲਿਆ ਹੋਵੇਗਾ ਤੇ ਮਾਂ ਦੀ ਰਚਨਾ ਕਿਸ ਨੇ ਕੀਤੀ ਤੇ ਉਸ ਦੇ ਰਹਿਣ ਦਾ ਕੋਈ ਟਿਕਾਣਾ ਵੀ ਹੋਵੇਗਾ। ਬ੍ਰਹਮਾ ਦਾ ਕੋਈ ਪਿਤਾ ਵੀ ਹੋਵੇਗਾ, ਪਿਤਾ ਤੋਂ ਬਿਨਾਂ ਇਨਸਾਨ ਦੀ ਰਚਨਾ ਸੰਭਵ ਨਹੀਂ ਤੇ ਜੇ ਸਿਰਜਣਾ ਕਰਨ ਵਾਲੇ ਪਹਿਲਾਂ ਹੀ ਮੌਜੂਦ ਸੀ ਤਾਂ ਫਿਰ ਬ੍ਰਹਮਾ ਨੇ ਕੀ ਰਚਿਆ ? ਜੇ ਬ੍ਰਹਮਾ ਇਨਸਾਨ ਸੀ ਤਾਂ ਇਨਸਾਨ ਸਚ ਪ੍ਰਸਤ ਤਾਂ ਹੋ ਸਕਦਾ, ਸੰਪੂਰਨ ਸਚ ਨਹੀਂ ਹੋ ਸਕਦਾ। ਇਨਸਾਨ ਰਬਪ੍ਰਸਤ ਤਾਂ ਹੋ ਸਕਦਾ ਹੈ, ਰਬ ਨਹੀਂ ਹੋ ਸਕਦਾ। ਜੇ ਬ੍ਰਹਮਾ ਰਬ ਸੀ ਤਾਂ ਉਹ ਇਨਸਾਨ ਨਹੀਂ ਹੋ ਸਕਦਾ, ਜੇ ਉਹ ਇਨਸਾਨ ਸੀ ਤਾਂ ਰਬ ਨਹੀਂ ਹੋ ਸਕਦਾ। ਜੇ ਅਸੀਂ ਧਾਰਮਿਕ ਦੁਨੀਆਂ ਦੇ ਗ੍ਰੰਥਾਂ ਨੂੰ ਸਚ ਮੰਨ ਲਈਏ ਤਾਂ ਫਿਰ ਇਨਸਾਨ ਨੂੰ ਹੋਰ ਖੋਜਾਂ ਕਰਨ ਦੀ ਤਾਂ ਲੋੜ ਹੀ ਨਹੀਂ। ਗੈਲੀਲੀਓ ਬਾਈਬਲ ਦੀਆਂ ਗਲਾਂ ਨੂੰ ਜੇ ਬਿਲਕੁਲ ਸਚ ਮੰਨ ਲੈਂਦਾ ਬਾਈਬਲ ਦੀਆਂ ਗਲਾਂ ਸਚ ਸਨ ਤਾਂ ਫਿਰ ਬਹੁਤਾ ਭਜ-ਦੌੜ ਕਰਨ ਦੀ ਤਾਂ ਲੋੜ ਹੀ ਨਹੀਂ ਰਹਿ ਜਾਂਦੀ। ਹੋਰ ਵੀ ਬਹੁਤ ਸਾਰੇ ਪਛਮੀ ਵਿਦਵਾਨਾਂ ਨੇ ਜਿਵੇਂ ਸੁਕਰਾਤ, ਪਲੈਟੋ, ਅਰਿਸਟੋਟਲ ਤੇ ਜਾਨ ਡਿਊਵੀ ਨੇ ਪਛਮੀ ਸਿਧਾਂਤਾਂ ਨੂੰ ਕਈ ਤਰੀਕਿਆਂ ਨਾਲ ਲੋਕਾਂ ਸਾਹਮਣੇ ਰਖਿਆ। ਪਰ ਜੇ ਅਸੀਂ ਇਹ ਮੰਨ ਕੇ ਚਲੀਏ ਕਿ ਰਿਗਵੇਦ ਹੀ ਸਰਬ ਸਚ ਹੈ ਤਾਂ ਬਾਕੀ ਤਾਂ ਕੁਝ ਕਰਨ ਦੀ ਜ਼ਰੂਰਤ ਹੀ ਨਹੀਂ ਰਹਿ ਜਾਂਦੀ। ਫਿਰ ਦੁਨੀਆਂ ਦਾ ਗਿਆਨ ਤਾਂ ਰਿਗਵੇਦ ਤਕ ਹੀ ਸੀਮਤ ਰਹਿ ਗਿਆ। ਜੇ ਦੇਵੀ-ਦੇਵਤਿਆਂ ਦਾ ਪਾਤਰ ਚਿਤਰਣ ਹੀ ਸਰਬ-ਸਚ ਹੈ ਤਾਂ ਫਿਰ ਇਨਸਾਨ ਦੀਆਂ ਬਾਕੀ ਸੋਚਾਂ, ਕਾਮਯਾਬੀਆਂ (ਅਚੀਵਮੈਂਟਸ) ਨੂੰ ਅਸੀਂ ਕਿਸ ਖਾਤੇ ਵਿਚ ਰਖੀਏ।

ਸਾਮਵੇਦ ਨੂੰ ਦੂਸਰਾ ਵੇਦ ਮੰਨਿਆ ਗਿਆ ਹੈ। ਜੇ ਕਿਸੇ ਨੇ ਸਾਮਵੇਦ ਨੂੰ ਅਤੇ ਰਿਗਵੇਦ ਨੂੰ ਵੀ ਧਿਆਨ ਨਾਲ ਪੜ੍ਹਿਆ ਹੋਵੇਗਾ ਤਾਂ ਉਹ ਭਲੀ-ਭਾਂਤ ਇਹ ਸਮਝ ਜਾਵੇਗਾ ਕਿ ਇਸ ਵਿਚ ਰਿਗਵੇਦ ਨਾਲੋਂ ਕੁਝ ਵੀ ਵਖਰਾ ਨਹੀਂ। ਸਾਮਵੇਦ ਵਿਚ ਰਿਗਵੇਦ ਦੇ ਮੰਤਰਾਂ ਨੂੰ ਹੀ ਸੰਗੀਤਾਤਮਕ ਸ਼ੈਲੀ ਨਾਲ ਲਿਖਿਆ ਗਿਆ ਹੈ। ਇਕ ਵੀ ਮੰਤਰ ਸਾਮਵੇਦ ਵਿਚ ਐਸਾ ਨਹੀਂ ਜੋ ਰਿਗਵੇਦ ਨਾਲੋਂ ਬਾਹਰ ਦਾ ਹੋਵੇ ਤੇ ਜੇ ਅਸੀਂ ਚਾਰ ਵੇਦਾਂ ਦੀ ਗਲ ਕਰਦੇ ਹਾਂ ਤਾਂ ਪਹਿਲੇ ਦੋ ਵੇਦ ਰਿਗਵੇਦ ਤੇ ਸਾਮਵੇਦ ਵਿਚ ਤਾਂ ਇਕੋ ਜਿਹੇ ਮੰਤਰ ਹਨ। ਇਨ੍ਹਾਂ ਹੀ ਮੰਤਰਾਂ ਨੂੰ ਸੰਗੀਤਾਤਮਕ ਤਰੀਕੇ ਨਾਲ ਲਿਖਿਆ ਗਿਆ ਹੈ ਤੇ ਕੋਈ ਨਵੀਂ ਗਲ ਤਾਂ ਸਾਹਮਣੇ ਆਈ ਨਾ। ਸਭ ਤੋਂ ਵਡੀ ਗਲ ਵੇਦਾਂ ਵਿਚ ਇਹ ਹੈ ਕਿ ਪ੍ਰਮਾਤਮਾ ਦੀ ਹੋਂਦ ਨੂੰ ਵੇਦ ਮੰਨਦੇ ਹੀ ਨਹੀਂ। ਰਬ ਨਾਂ ਦੀ ਕਿਸੇ ਚੀਜ਼ ਦਾ ਵੇਦਾਂ ਵਿਚ ਜ਼ਿਕਰ ਹੀ ਨਹੀਂ ਆਉਂਦਾ। ਤੀਸਰਾ ਵੇਦ ਯਜੁਰਵੇਦ ਹੈ। ਇਸ ਵਿਚ ਵੀ ਓਹੀ ਦੇਵੀ- ਦੇਵਤੇ ਹਨ, ਜੋ ਰਿਗਵੇਦ ਵਿਚ ਹਨ। ਦੇਵੀ

ਦੇਵਤਿਆਂ ਨੂੰ ਕਿਵੇਂ ਖੁਸ਼ ਕੀਤਾ ਜਾ ਸਕਦਾ ਹੈ। ਯਗ ਕਰਨੇ ਤੇ ਕਰਮਕਾਂਡਾਂ ਬਾਰੇ ਜ਼ਿਕਰ ਹੈ। ਇਸ ਤੋਂ ਭਲੀ-ਭਾਂਤ ਅੰਦਾਜ਼ਾ ਲਗਾ ਸਕੇ ਹਾਂ ਕਿ ਓਹੀ ਦੇਵੀ-ਦੇਵਤੇ ਹਨ ਤੇ ਫ਼ਰਕ ਕੋਈ ਨਹੀਂ ਹੈ। ਤਿੰਨੋਂ ਵੇਦ ਨਾਸਤਕ ਬ੍ਰਹਮ ਹੀ ਹਨ। ਜੋ ਸ਼੍ਰਿਸ਼ਟੀ ਨੂੰ ਸਿਰਜਣ ਵਾਲਾ ਹੈ, ਉਹ ਬ੍ਰਹਮਾ ਇਨਸਾਨ ਵਰਗਾ ਹੈ, ਜਿਸ ਨੂੰ ਪ੍ਰਮਾਤਮਾ ਨਹੀਂ ਕਿਹਾ ਜਾ ਸਕਦਾ। ਕੁਦਰਤੀ ਸ਼ਕਤੀਆਂ ਦੇ ਪ੍ਰਤੀਕ ਦੇਵੀ-ਦੇਵਤੇ, ਉਨ੍ਹਾਂ ਦੀਆਂ ਸ਼ਕਤੀਆਂ ਦਾ ਪ੍ਰਗਟਾਵਾ ਤੇ ਉਨ੍ਹਾਂ ਸ਼ਕਤੀਆਂ ਨੂੰ ਮਨਾਉਣਾ ਕਿਵੇਂ ਹੈ, ਇਹੀ ਜ਼ਾਹਰ ਹੈ। ਪੁਰਾਣ ਸ਼ਾਸਤਰ ਦੀਆਂ ਜੋ ਕਥਾਵਾਂ ਹਨ, ਉਨ੍ਹਾਂ ਵਿਚ ਕੁਦਰਤੀ ਸ਼ਕਤੀਆਂ ਦੇ ਸੂਖਸ਼ਮ ਰੂਪ ਨੂੰ ਅਸਥੂਲ ਰੂਪ ਵਿਚ, ਇਕ ਮਾਨਵ ਦੇ ਰੂਪ ਵਿਚ ਪ੍ਰਗਟਾਇਆ ਗਿਆ ਹੈ। ਵੇਦਾਂ ਦੇ ਦੇਵਤਿਆਂ ਨੂੰ ਆਕਾਸ਼, ਸਵਰਗ ਤੇ ਧਰਤੀ, ਜਿਸ ਨੂੰ ਤ੍ਰੈਲੋਕ ਵੀ ਕਹਿੰਦੇ ਹਨ, ਵਿਚ ਵੰਡ ਕੇ ਵੀ ਅਸੀਂ ਵੇਖ ਸਕਦੇ ਹਾਂ। ਆਕਾਸ਼ ਵਿਚ ਇੰਦਰ ਦੇਵਤਾ ਨੂੰ ਪ੍ਰਧਾਨ ਮੰਨ ਕੇ ਚਲਦੇ ਹਾਂ। ਵਿਸ਼ਨੂੰ ਪ੍ਰਧਾਨ ਸਵਰਗ ਹੈ ਤੇ ਅਗ ਧਰਤੀ ਤੇ ਪ੍ਰਧਾਨ ਹੈ। ਬਾਕੀ ਜਿਹੜੇ ਦੇਵੀ-ਦੇਵਤੇ ਇਸ ਨਾਲ ਸੰਬੰਧਤ ਹਨ ਜੇ ਉਹ ਸਵਰਗ, ਧਰਤੀ


Academy of the Punjab in North America: http://www.apnaorg.com

ਤੇ ਆਕਾਸ਼ ਜਿਹੜੇ ਹਨ, ਉਨ੍ਹਾਂ ਦੀ ਸਿਰਜਨਾ ਕਰਨ ਵਾਲੇ ਦੇਵੀਦੇਵਤੇ ਹਨ, ਉਨ੍ਹਾਂ ਨੂੰ ਚਲਾਉਣ ਵਾਲੇ ਵੀ ਦੇਵੀ-ਦੇਵਤੇ ਹਨ, ਉਨ੍ਹਾਂ ਵਿਚ ਰਹਿਣ ਵਾਲੇ ਵੀ ਦੇਵੀ-ਦੇਵਤੇ ਹਨ ਤਾਂ ਬਾਕੀ ਫਿਰ ਕੁਝ ਨਹੀਂ ਰਹਿ ਜਾਂਦਾ। ਪਰਮਾਤਮਾ ਰਬ ਦੀ ਗਲ ਕਰਦਿਆਂ ਗੁਰੂ ਨਾਨਕ ਦੇਵ ਜੀ ਲਿਖਦੇ ਹਨ :

ਅਰਬਦ ਨਰਬਦ ਧੁੰਧੂਕਾਰਾ ॥ ਧਰਣਿ ਨ ਗਗਨਾ ਹੁਕਮੁ ਅਧਾਰਾ ॥
ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ ॥ ਸੁੰਨ ਸਮਾਧਿ ਲਗਾਇਦਾ ॥

ਅਗੇ ਜਾ ਕੇ ਲਿਖਦੇ ਹਨ :

ਖਾਣੀ ਨ ਬਾਣੀ ਪਉਣ ਨ ਪਾਣੀ ਨ ਕੋ ਆਇ ਨ ਜਾਇਦਾ ॥

ਜਿਥੇ ਹਵਾ ਨਹੀਂ ਹੈ, ਪਾਣੀ ਨਹੀਂ ਹੈ, ਖਣਿਜ ਪਦਾਰਥ ਵੀ ਕੋਈ ਨਹੀਂ ਹੈ, ਆਉਂਦਾ-ਜਾਂਦਾ ਵੀ ਕੋਈ ਨਹੀਂ ਤਾਂ ਫਿਰ ਪੰਜ ਭੂਤਕ ਸਰੀਰ ਕਿਵੇਂ ਰਹਿ ਸਕਦਾ ਹੈ। ਉਥੇ ਤਾਂ ਸਚ ਦੇ ਸਿਵਾਏ ਕਿਸੇ ਚੀਜ਼ ਦੀ ਹੋਂਦ ਰਹਿ ਹੀ ਨਹੀਂ ਸਕਦੀ। ਸੋ, ਜੇ ਪ੍ਰਕਿਰਤੀ ਹੀ ਸਿਰਫ਼ ਸਚ ਹੈ, ਪ੍ਰਮਾਤਮਾ ਹੀ ਸਿਰਜਨਹਾਰ ਹੈ ਤਾਂ ਦੇਵੀ-ਦੇਵਤੇ ਕਿਸ ਕਤਾਰ ਵਿਚ ਰਖੀਏ। ਜਿਵੇਂ ਅਸੀਂ ਰਾਜਾ ਤੇ ਪਰਜਾ ਦੀਆਂ ਕਹਾਣੀਆਂ ਸੁਣਦੇ ਹਾਂ, ਪ੍ਰਾਣ ਸ਼ਾਸਤਰਾਂ ਨੂੰ ਪੜ੍ਹਦੇ ਹਾਂ ਤਾਂ ਉਨ੍ਹਾਂ ਵਿਚ ਰਾਜੇ-ਰਾਣੀਆਂ ਤੇ ਪਰਜਾ ਦੀਆਂ ਕਹਾਣੀਆਂ ਹਨ। ਉਨ੍ਹਾਂ ਦੇ ਜਿਊਣ ਦੇ ਤਰੀਕੇ ਹਨ, ਉਨ੍ਹਾਂ ਦੀ ਤਾਕਤ ਤੇ ਡਰ-ਭਾਓ ਸੀ, ਜਿਵੇਂ ਪ੍ਰਾਣ ਸ਼ਾਸਤਰਾਂ ਵਿਚ ਬਿਆਨ ਕੀਤਾ ਗਿਆ ਹੈ। ਇਵੇਂ ਲਗਦਾ ਹੈ ਕਿ ਵੇਦਾਂ ਦੀ ਜਦੋਂ ਕਲਮ ਦੇ ਨਾਲ ਰਚਨਾ ਹੋਈ, ਬੋਲਚਾਲ ਵਿਚ ਭਾਵੇਂ ਕਿੰਨੇ ਹਜ਼ਾਰ ਸਾਲ ਪਹਿਲਾਂ ਦੇ ਕਿਉਂ ਨਾ ਹੋਣ, ਜਦੋਂ ਪ੍ਰਾਣ-ਸ਼ਾਸਤਰਾਂ ਦੀਆਂ ਕਥਾ-ਕਥਾਵਾਂ ਛਾਪੀਆਂ, ਉਨ੍ਹਾਂ ਦਿਨਾਂ ਵਿਚ ਉਹ ਵੀ ਛਾਪੇ ਗਏ।

ਚੌਥਾ ਵੇਦ 'ਅਥਰਵ ਵੇਦ' ਇਸ ਵਿਚ ਜਾਦੂ-ਟੂਣੇ ਤੇ ਕਰਾਮਾਤਾਂ ਦਾ ਜ਼ਿਕਰ ਆਉਂਦਾ ਹੈ ਜੋ ਅਦਭੁਤ ਸ਼ਕਤੀਆਂ ਇਸ ਵਿਚ ਦਿਖਾਈਆਂ ਗਈਆਂ ਹਨ, ਇਨ੍ਹਾਂ ਸਾਰੀਆਂ ਆਲੌਕਿਕ ਸ਼ਕਤੀਆਂ ਤੇ ਕਰਾਮਾਤੀ ਸ਼ਕਤੀਆਂ ਨੂੰ ਵੀ ਜੇ ਧਿਆਨ ਨਾਲ ਵੇਖੀਏ ਤਾਂ ਮੁੜ ਕੇ ਫਿਰ ਦੇਵੀ-ਦੇਵਤਿਆਂ ਵਲ ਸੰਕੇਤ ਹੈ। ਸੋ, ਵੇਦਾਂ ਦੀ ਗਲ ਕਰਦਿਆਂ ਇਹ ਤਾਂ ਸਾਫ਼ ਜ਼ਾਹਰ ਹੈ ਕਿ ਰਿਗਵੇਦ ਦੀ ਰਚਨਾ, ਜੋ ਲੋਕ ਜ਼ੁਬਾਨੀਕਲਾਮੀ ਮੰਤਰਾਂ ਦਾ ਜਾਪ ਬਹੁਤ ਦੇਰ ਤੋਂ ਕਰਦੇ ਆਏ। ਰਿਗਵੇਦ ਦਾ ਆਰੰਭ ਜਿੰਨਾ ਮਰਜ਼ੀ ਚਿਰਾਂ ਦਾ ਹੋਵੇ ਪਰ ਬਾਕੀ ਤਿੰਨੋਂ ਵੇਦਾਂ (ਸਾਮ, ਯਜੁਰ ਤੇ ਅਥਰਵ ਵੇਦ), ਇਨ੍ਹਾਂ ਦੀ ਰਚਨਾ ਪ੍ਰਾਣ-ਸ਼ਾਸਤਰਾਂ ਨਾਲੋਂ ਬਹੁਤ ਦੇਰ ਬਾਅਦ ਕੀਤੀ ਗਈ ਲਗਦੀ ਹੈ। ਬਾਕੀ ਤਿੰਨ ਵੇਦਾਂ ਵਿਚ ਥਾਂ-ਥਾਂ ਹੀ ਨਹੀਂ, ਨਿਰੋਲ ਸਮੁਚੇ ਤੌਰ ਤੇ ਰਿਗਵੇਦ ਦੇ ਹੀ ਨੈਣ-ਨਕਸ਼ ਮਿਲਦੇ ਹਨ। ਵੇਦਾਂ ਦੀ ਰਚਨਾ ਸਿਰਫ਼ ਇਸੇ ਕਰਕੇ ਕੀਤੀ ਗਈ ਹੈ ਕਿ ਇਨਸਾਨ ਨੂੰ ਇਨਸਾਨੀਅਤ ਦੇ ਨਾਲ ਜੋੜੀ ਰਖਿਆ ਜਾਵੇ ਕਿਉਂਕਿ ਜਦੋਂ ਤੋਂ ਇਨਸਾਨ ਨੂੰ ਇਹ ਪਤਾ ਲਗ ਗਿਆ ਕਿ ਉਹ ਬਹੁਤ ਕੁਝ ਕਰਨ ਦੇ ਸਮਰਥ ਹੈ ਤਾਂ ਇਹ ਵੀ ਨਾਲ ਦੀ ਨਾਲ ਪਤਾ ਲਗ ਗਿਆ ਕਿ ਇਨਸਾਨ ਬਹੁਤ ਸਾਰੀਆਂ ਗ਼ਲਤੀਆਂ ਵੀ ਕਰਦਾ ਹੈ। ਉਸ ਨੂੰ ਗ਼ਲਤੀਆਂ ਕਰਨ ਤੋਂ ਰੋਕਣ ਲਈ, ਡਰਾਉਣ ਲਈ ਵੇਦਾਂ ਵੀ ਦੀ ਰਚਨਾ ਹੋਈ।

ਚਾਰੋਂ ਵੇਦ ਭਾਰਤੀ ਪੁਰਾਤਨਤਾ ਦੇ ਸਭ ਤੋਂ ਪੁਰਾਣੇ ਧਾਰਮਿਕ ਗ੍ਰੰਥਾਂ ਦੇ ਤੌਰ ਤੇ ਗਿਣੇ ਜਾਂਦੇ ਹਨ। ਭਾਰਤੀ ਧਾਰਮਿਕ ਦੁਨੀਆਂ ਵਿਚ ਵੇਦਾਂ ਨੂੰ ਸਭ ਤੋਂ ਸਚਿਆਰੇ ਗਿਣਿਆ ਗਿਆ ਹੈ ਪਰ ਹੈਰਾਨੀ ਦੀ ਗਲ ਹੈ ਕਿ ਚਾਰੋਂ ਹੀ ਵੇਦਾਂ ਵਿਚ ਨਾ ਪ੍ਰਮਾਤਮਾ ਦਾ ਤੇ ਨਾ ਆਤਮਾ ਦਾ ਕੋਈ ਜ਼ਿਕਰ ਆਉਂਦਾ ਹੈ। ਹਿੰਦੂ ਮਤ ਅਨੁਸਾਰ ਵੇਦ ਮਨੁਖ ਦੀ ਨਹੀਂ ਸਗੋਂ ਪ੍ਰਮਾਤਮਾ ਦੀ ਰਚਨਾ ਹਨ ਪਰ ਜੇ ਪ੍ਰਮਾਤਮਾ ਨਾਂ ਦੀ ਕਿਸੇ ਚੀਜ਼ ਦਾ ਜ਼ਿਕਰ ਹੀ ਨਹੀਂ ਆਉਂਦਾ ਤਾਂ ਫਿਰ ਇਹ ਅਸੀਂ ਕਿਵੇਂ ਆਖ ਸਕਦੇ ਹਾਂ ਕਿ ਵੇਦ ਪ੍ਰਮਾਤਮਾ ਦੀ ਰਚਨਾ ਹਨ। ਪ੍ਰਮਾਤਮਾ ਦੀ ਹੋਂਦ ਦਾ ਕੋਈ ਸਬੂਤ ਵੇਦਾਂ ਵਿਚ ਨਹੀਂ ਮਿਲਦਾ। ਚਾਰੇ ਵੇਦਾਂ ਦਾ ਪਾਠ ਕਰਨ ਉਪਰੰਤ ਇਵੇਂ ਲਗਦਾ ਹੈ ਜਿਵੇਂ ਚਾਰੋਂ ਵੇਦ ਵੈਦਿਕ ਰਿਸ਼ੀਆਂ ਮੁਨੀਆਂ ਦੀ ਰਚਨਾ ਹੈ।


Academy of the Punjab in North America: http://www.apnaorg.com

ਅਸਲ ਵਿਚ ਵੇਦਾਂ ਵਿਚੋਂ, ਜੋ ਸਾਡੀ ਆਰੀਆ ਜਾਤੀ ਹੈ, ਉਸ ਦਾ ਵੇਰਵਾ ਮਿਲਦਾ ਹੈ। ਸਿੰਧ ਘਾਟੀ ਦੀ ਜੋ ਦਰਾਵੜ ਸਭਿਅਤਾ ਹੈ, ਉਸ ਨੂੰ ਆਰੀਅਨ ਲੋਕਾਂ ਵਲੋਂ ਕਿਵੇਂ ਤਹਿਸ ਨਹਿਸ ਕੀਤਾ ਗਿਆ, ਕਿਲਿਆਂ ਨੂੰ ਕਿਵੇ ਂਤੋੜਿਆ ਗਿਆ, ਇਹੋ ਜਿਹੇ ਪ੍ਰਸੰਗ ਮਿਲਦੇ ਹਨ। ਸੰਖੇਪ ਰੂਪ ਵਿਚ ਇਹ ਵੀ ਕਿਹਾ ਜਾ ਸਕਦਾ ਹੈ ਕਿ ਪੁਰਾਤਨ ਇਨਸਾਨ ਪ੍ਰਕਿਰਤਿਕ ਸ਼ਕਤੀਆਂ ਤੋਂ ਡਰਦਾ ਸੀ ਤੇ ਉਨ੍ਹਾਂ ਦੀ ਪੂਜਾ ਕਰਦਾ ਸੀ। ਵੇਦਾਂ ਵਿਚ ਜੋ ਸ੍ਰਿਸ਼ਟੀ ਦਾ ਸੰਕਲਪ ਹੈ, ਉਹ ਇਸ ਤਰ੍ਹਾਂ ਲਗਦਾ ਹੈ ਜਿਵੇਂ ਕੋਈ ਮੰਜਾ ਬੁਣ ਰਿਹਾ ਹੋਵੇ, ਕੋਈ ਵਸਤੂ ਬਣਾ ਰਿਹਾ ਹੋਵੇ। ਰਿਗਵੇਦ ਵਿਚ ਇਕ ਜਗ੍ਹਾ ਕੋਈ ਸਵਾਲ ਪੁਛਦਾ ਹੈ ਕਿ ਜਿਹੜੀ ਸ੍ਰਿਸ਼ਟੀ ਹੈ, ਇਸ ਨੂੰ ਕਿਸ ਰੁਖ ਦੀ ਲਕੜੀ ਲਾਈ ਗਈ ? ਵੇਦਾਂ ਵਿਚ ਇਹੋ ਜਿਹੀਆਂ ਭੋਲੀਆਂ ਗਲਾਂ ਪੜ੍ਹ ਕੇ ਹੈਰਾਨੀ ਹੁੰਦੀ ਹੈ। ਸਾਰੇ ਵੇਦਾਂ ਨੂੰ ਪੜ੍ਹ ਕੇ ਵੇਖੀਏ ਤਾਂ ਇਸ ਤਰ੍ਹਾਂ ਲਗਦਾ ਹੈ ਕਿ ਧਰਮ ਦੀ ਕਿਤੇ ਕੋਈ ਲੋੜ ਹੀ ਨਹੀਂ ਸਮਝੀ ਗਈ। ਸੋ, ਸੰਖੇਪ ਵਿਚ ਅਸੀਂ ਇਵੇਂ ਆਖ ਸਕਦੇ ਹਾਂ ਕਿ ਜੋ ਚਾਰੋਂ ਵੇਦ ਹਨ ਇਨ੍ਹਾਂ ਵੇਦਾਂ ਦੀ ਰਚਨਾ ਵੀ, ਰਚਨ ਵਾਲਾ ਵੀ ਤੇ ਜਿਨ੍ਹਾਂ ਸ਼ਕਤੀਆਂ ਦਾ ਪਾਤਰ ਚਿਤਰਣ ਇਨ੍ਹਾਂ ਵੇਦਾਂ ਵਿਚ ਮਿਲਦਾ ਹੈ, ਇਹ ਸਾਰੇ ਦੇ ਸਾਰੇ ਧਾਰਮਿਕ ਦੁਨੀਆਂ ਤੋਂ ਪਹਿਲਾਂ ਦੇ ਪਾਤਰ ਹਨ।

**ਵੇਦਾਂ ਦੀ ਰਚਨਾ ਸਿਰਫ਼ ਇਸੇ ਕਰਕੇ ਕੀਤੀ ਗਈ ਹੈ ਕਿ ਇਨਸਾਨ ਨੂੰ ਇਨਸਾਨੀਅਤ ਦੇ ਨਾਲ ਜੋੜੀ ਰਖਿਆ ਜਾਵੇ ਕਿਉਂਕਿ ਜਦੋਂ ਤੋਂ ਇਨਸਾਨ ਨੂੰ ਇਹ ਪਤਾ ਲਗ ਗਿਆ ਕਿ ਉਹ ਬਹੁਤ ਕੁਝ ਕਰਨ ਦੇ ਸਮਰਥ ਹੈ ਤਾਂ ਇਹ ਵੀ ਨਾਲ ਦੀ ਨਾਲ ਪਤਾ ਲਗ ਗਿਆ ਕਿ ਇਨਸਾਨ ਬਹੁਤ ਸਾਰੀਆਂ ਗ਼ਲਤੀਆਂ ਵੀ ਕਰਦਾ ਹੈ। ਉਸ ਨੂੰ ਗ਼ਲਤੀਆਂ ਕਰਨ ਤੋਂ ਰੋਕਣ ਲਈ, ਡਰਾਉਣ ਲਈ ਵੇਦਾਂ ਵੀ ਦੀ ਰਚਨਾ ਹੋਈ।**



Academy of the Punjab in North America: http://www.apnaorg.com

# ਉਪਨਿਸ਼ਦ

ਉਪਨਿਸ਼ਦਾਂ ਨਾਲ ਧਾਰਮਿਕ ਚਿੰਤਨ ਸ਼ੁਰੂ ਹੁੰਦਾ ਹੈ। ਜਿਵੇਂ ਵੇਦ ਜਾਦੂ ਚਿੰਤਨ ਦਾ ਫਲ ਹਨ ਇਸੇ ਤਰ੍ਹਾਂ ਉਪਨਿਸ਼ਦ ਧਰਮ ਦਾ ਫਲ ਲਗਦੇ ਹਨ। ਕੁਝ ਉਪਨਿਸ਼ਦਾਂ ਦੀ ਰਚਨਾ ਵੇਦਾਂ ਦੇ ਕਾਲਾਂ ਵਿਚ ਵੀ ਹੋਈ ਲਗਦੀ ਹੈ। ਉਪਨਿਸ਼ਦਾਂ ਦੀ ਗਿਣਤੀ **100** ਦੇ ਕਰੀਬ ਹੈ। ਗੀਤਾ ਨੂੰ ਉਪਨਿਸ਼ਦਾਂ ਦਾ ਸਾਰ ਭਾਵ ਅਰਥ ਮੰਨਿਆ ਜਾਂਦਾ ਹੈ। ਗੀਤਾ ਵਿਚ ਬਹੁਤ ਸਾਰੇ ਉਪਨਿਸ਼ਦਾਂ ਦਾ ਜ਼ਿਕਰ ਆਉਂਦਾ ਹੈ। ਧਰਮ ਸਤਿਕਾਰ ਦੀ ਗੁਰੂ ਚੇਲੇ ਵਾਲੀ ਜੋ ਪ੍ਰਥਾ ਹੈ ਇਹ ਉਪਨਿਸ਼ਦਾਂ ਵਿਚ ਸ਼ੁਰੂ ਹੋਈ ਲਗਦੀ ਹੈ। ਗੁਰੂ ਦੇ ਚਰਨਾਂ ਵਿਚ ਬੈਠ ਕੇ ਲੋਕ ਸ਼ਾਂਤੀ ਅਤੇ ਸੁਖ ਗ੍ਰਹਿਣ ਕਰਦੇ ਹਨ। ਗੁਰੂ ਤੋਂ ਕਈ ਤਰ੍ਹਾਂ ਦੇ ਅਰਥ ਲੈਂਦੇ ਹਨ। ਉਪਨਿਸ਼ਦ ਭਾਵੇਂ ਇਕ-ਦੂਸਰੇ ਦੇ ਨਾਲ ਮਿਲਦੇ ਨਹੀਂ ਪਰ ਸਾਰਿਆਂ ਵਿਚ ਇਕ ਗਲ ਸਾਂਝੀ ਜ਼ਰੂਰ ਹੈ ਕਿ ਇਨ੍ਹਾਂ ਦਾ ਵਿਸ਼ਾ ਆਤਮਾ ਤੇ ਪ੍ਰਮਾਤਮਾ ਦਾ ਹੈ। ਵੇਦਾਂ ਦੇ ਨਾਲ ਉਪਨਿਸ਼ਦਾਂ ਦਾ ਸਿਰਫ਼ ਏਨਾ ਕੁ ਸੰਬੰਧ ਜ਼ਰੂਰ ਹੈ ਕਿ ਜੋ ਦੇਵੀਦੇਵਤਿਆਂ ਦਾ ਸੰਕਲਪ ਵੇਦਾਂ ਵਿਚ ਮਿਲਦਾ ਹੈ, ਇਨ੍ਹਾਂ ਸਾਰਿਆਂ ਦਾ ਸਤਿਕਾਰ ਕਰਦੇ ਹੋਏ ਪ੍ਰਮਾਤਮਾ ਦੀ ਵਡਿਆਈ ਉਸ ਵਿਚ ਵਡੀ ਦਸੀ ਹੈ। ਯਾਨੀ ਬ੍ਰਹਮਾ ਨੂੰ ਇਨ੍ਹਾਂ ਦਾ ਸਰਦਾਰ ਦਸਿਆ ਗਿਆ ਹੈ। ਇਕ ਗਲ ਉਭਰ ਕੇ ਸਾਹਮਣੇ ਆਈ ਕਿ ਪ੍ਰਮਾਤਮਾ ਦਾ ਜ਼ਿਕਰ ਉਪਨਿਸ਼ਦਾਂ ਵਿਚ ਸਾਹਮਣੇ ਆਇਆ, ਪਰ ਪ੍ਰਮਾਤਮਾ ਦੇ ਜੋ ਭਾਵ ਅਰਥ ਕਢੇ ਗਏ ਹਨ, ਉਨ੍ਹਾਂ ਤੋਂ ਇਹ ਲਗਦਾ ਹੈ ਕਿ ਉਹ ਪ੍ਰਮਾਤਮਾ ਯਥਾਰਥ ਨੂੰ ਹੀ ਗਿਣਦੇ ਸਨ।

ਤ੍ਰੈਤੀਯ ਉਪਨਿਸ਼ਦ ਵਿਚ ਭ੍ਰਿਗੂ ਵਰਣ ਤੋਂ ਪੁਛਦਾ ਹੈ ਕਿ ਜੋ ਯਥਾਰਥ ਹੈ, ਜਿਸ ਵਿਚੋਂ ਸਾਰਾ ਕੁਝ ਉਪਜਿਆ ਹੈ, ਉਹ ਕੀ ਹੈ ਤੇ ਉਸੇ ਭਾਸ਼ਾ ਵਿਚ ਦਸਿਆ ਹੈ ਕਿ ਯਥਾਰਥ ਬ੍ਰਹਮਾ ਹੈ। ਉਪਨਿਸ਼ਦ ਦੁਨੀਆਂ ਦੇ ਸਾਰੇ ਜੰਮਣ-ਮਰਨ ਨੂੰ ਸਮਝਣ ਦਾ ਯਤਨ ਕਰਦੇ ਦਿਖਾਈ ਦਿੰਦੇ ਹਨ ਤੇ ਜਿਥੇ ਕਿਤੇ ਜਾ ਕੇ ਆਪਣੇ-ਆਪ ਨੂੰ ਦੋਸ਼ ਮੁਕਤ ਕਰਾਉਣਾ ਚਾਹੁੰਦੇ ਹਨ, ਉਥੇ ਸਾਰੀ ਗਲ ਬ੍ਰਹਮਾ 'ਤੇ ਛਡ ਦਿੰਦੇ ਹਨ। ਇਨਸਾਨ ਦਾ ਦੁਨੀਆਂ ਤੇ ਆਉਣਾ-ਜਾਣਾ ਤੇ ਇਨਸਾਨੀਅਤ ਦੇ ਬਾਰੇ ਬੜਾ ਵਿਸਥਾਰ ਦੇ ਨਾਲ ਉਪਨਿਸ਼ਦਾਂ ਵਿਚ ਵਿਚਾਰ ਮਿਲਦਾ ਹੈ। ਜਿਵੇਂ ਜੇ ਬੰਦਾ ਮਰ ਗਿਆ, ਜੇ ਬੰਦਾ ਸਵਰਗ ਸੁਧਾਰ ਗਿਆ, ਉਸ ਦੇ ਪੰਚ ਭੂਤਕ ਸਰੀਰ ਨੂੰ, ਮੋਏ ਹੋਏ ਵਿਅਕਤੀ ਨੂੰ, ਦੇਖ ਕੇ ਇਹ ਸਵਾਲ ਪੁਛਦੇ ਹਨ ਕਿ ਦੇਖਣ ਨੂੰ ਤਾਂ ਆਮ ਵਿਅਕਤੀ ਵਰਗਾ ਹੀ ਲਗਦਾ ਹੈ ਪਰ ਇਸ ਵਿਚੋਂ ਕੀ ਨਿਕਲ ਗਿਆ, ਅਜਿਹੇ ਸਵਾਲ ? ਜਦੋਂ ਜਨਮ-ਮਰਨ ਦੇ ਸਵਾਲ ਪੈਦਾ ਹੋਏ ਉਦੋਂ ਪੁਨਰ ਜਨਮ ਦਾ ਸੰਕਲਪ ਵੀ ਉਪਨਿਸ਼ਦਾਂ ਵਿਚ ਹੀ ਸ਼ੁਰੂ ਹੋਇਆ, ਜਿਵੇਂ ਸਵਰਗ-ਨਰਕ, ਕਿਸੇ ਬੰਦੇ ਦਾ ਅਮਰ ਹੋ ਜਾਣਾ (ਅ-ਮਰ), ਉਪਨਿਸ਼ਦਾਂ ਵਿਚ ਧਾਰਮਿਕ ਖ਼ਿਆਲ ਪੈਦਾ ਹੁੰਦੇ ਹਨ। ਬ੍ਰਹਮ ਸ਼ਕਤੀ ਤੇ ਬ੍ਰਹਮ ਭਗਤੀ ਦੇ ਆਲੇਦੁਆਲੇ ਦੀ ਗਲ ਘੁੰਮਦੀ ਹੈ। ਵੇਦਾਂ ਵਿਚ ਆਤਮਾ ਦਾ ਪ੍ਰਮਾਤਮਾ ਦਾ ਸੰਕਲਪ ਨਹੀਂ। ਉਪਨਿਸ਼ਦਾਂ ਵਿਚ ਆਪਸੀ ਰਿਸ਼ਤਿਆਂ ਦੀ ਗਲ ਚਲੀ। ਤ੍ਰੈਤੀਯ ਉਪਨਿਸ਼ਦ ਵਿਚ ਇਕ ਬੜੀ ਵਧੀਆ ਉਦਾਹਰਣ ਮਿਲਦੀ ਹੈ, ਬ੍ਰਹਮਾ ਦਾ ਜੋ ਸੰਕਲਪ ਹੈ, ਉਸ ਨੂੰ ਇਵੇਂ ਦਰਸਾਇਆ ਗਿਆ ਹੈ ਜਿਵੇਂ ਬ੍ਰਹਮਾ ਨੇ ਹੀ ਆਪਣੇ ਵਿਚੋਂ ਸਾਰਾ ਕੁਝ ਉਪਜਾਇਆ ਹੈ। ਲਗਦਾ ਹੈ ਹਰ ਚੀਜ਼ ਵਿਚ ਬ੍ਰਹਮਾ ਹੈ ਤੇ ਹਰ ਚੀਜ਼ ਬ੍ਰਹਮਾ ਵਿਚ ਹੈ, ਪਰ ਬ੍ਰਹਮਾ ਦਾ ਪਾਤਰ ਚਿਤਰਣ ਜੋ ਉਪਨਿਸ਼ਦ ਕਰਦੇ ਹਨ, ਬਹੁਤੀ ਗਲ ਇਥੇ ਹੀ ਮੁਕਦੀ ਹੈ ਕਿ ਜਿਸ ਦਾ ਪਾਤਰ ਚਿਤਰਣ ਕੀਤਾ ਜਾ ਸਕਦਾ ਹੈ, ਉਹ ਪ੍ਰਮਾਤਮਾ ਕਾਹਦਾ ਹੋਇਆ ? ਆਪਣੀ ਸੋਚ ਅਨੁਸਾਰ ਜੇ ਕੋਈ ਮੂਰਤ ਬਣਾ ਕੇ ਬੈਠਾ ਰਹੇ ਕਿ ਇਹ ਪ੍ਰਮਾਤਮਾ ਹੈ ਜਾਂ ਬ੍ਰਹਮਾ ਹੈ, ਉਹ ਪੰਜ ਭੂਤਕ ਸਰੀਰ ਹੈ, ਉਹ ਦੇਖਦਾ ਹੈ, ਸੁਣਦਾ ਵੀ ਹੈ। ਮੁਕਦੀ ਗਲ ਜੇ ਅਸੀਂ ਮੂਰਤ ਹੀ ਬਣਾ ਕੇ ਬੈਠ ਗਏ ਤਾਂ ਫਿਰ ਅਸੀਮ ਨੂੰ ਸੀਮਾਂਬੱਧ ਕਰਨ ਦਾ ਜੋ ਯਤਨ ਹੈ, ਉਸ ਨੂੰ ਅਸੀਂ ਕਿੰਨਾ ਕੁ ਸਹੀ ਕਹਿ ਸਕਦੇ ਹਾਂ। ਜੋ ਅਸੀਮ ਹੈ, ਉਸ ਦੀ ਪ੍ਰੀਭਾਸ਼ਾ ਇਕ ਇਨਸਾਨ ਦੇ ਕਾਬੂ ਕਿਵੇਂ ਆ ਗਈ ? ਉਪਨਿਸ਼ਦਾਂ ਵਿਚ ਇਕ ਗਲ


Academy of the Punjab in North America: http://www.apnaorg.com

ਬੜੀ ਉੱਭਰ ਕੇ ਸਾਹਮਣੇ ਆਈ, ਜਿਵੇਂ ਵੇਦ ਪ੍ਰਮਾਤਮਾ ਦਾ ਨਾਮਕਰਨ ਕਰਨ ਵਿਚ ਅਸਮਰਥ ਰਹੇ ਹਨ, ਉਪਨਿਸ਼ਦ ਘਟੋ-ਘਟ ਬ੍ਰਹਮਾ ਦੇ ਰੂਪ ਵਿਚ ਪ੍ਰਮਾਤਮਾ ਦਾ ਨਾਮਕਰਨ ਜ਼ਰੂਰ ਕਰ ਗਏ। ਗੁਰੂ ਚੇਲੇ ਦਾ ਸੰਕਲਪ, ਚੇਲਿਆਂ ਦਾ ਗੁਰੂ ਦੇ ਚਰਨਾਂ ਵਿਚ ਬੈਠ ਕੇ ਸੁਣਨਾ ਸਭ ਤੋਂ ਵਡੀ ਤਬਦੀਲੀ ਹੈ ਜੋ ਵੇਦਾਂ ਨਾਲੋਂ ਉਪਨਿਸ਼ਦਾਂ ਵਿਚ ਹੈ। ਧਰਮ ਧੌਲ ਦਾ ਰੂਪ, ਰਾਜਾ ਦਾ ਤੇ ਪਰਜਾ ਦਾ ਸੰਕਲਪ। ਰਾਜੇ, ਜਿਨ੍ਹਾਂ ਨੂੰ ਦੇਵੀ-ਦੇਵਤੇ ਵੀ ਮੰਨਿਆ ਗਿਆ, ਜਿਵੇਂ ਸ਼੍ਰੀ ਰਾਮ ਤੇ ਭਗਵਾਨ ਕ੍ਰਿਸ਼ਨ, ਤੇ ਇਹ ਭਗਵਾਨ ਵੀ ਮੰਨੇ ਗਏ ਤੇ ਰਾਜੇ ਵੀ।

ਗੀਤਾ ਦੇ ਵਿਚ ਕਰਮ, ਭਗਤੀ, ਗਿਆਨ ਤਿੰਨਾਂ ਦਾ ਵਰਣਨ ਬੜਾ ਖ਼ੂਬਸੂਰਤ ਤਰੀਕੇ ਨਾਲ ਮਿਲਦਾ ਹੈ। ਗੀਤਾ ਇਕ ਇਨਸਾਨ ਦੇ ਜੀਵਨ ਦੀ ਸਚਾਈ ਹੈ। ਇਨਸਾਨ ਨੂੰ ਸਚ ਵਾਸਤੇ, ਸਚ-ਪ੍ਰਸਤ ਰਹਿਣ ਵਾਸਤੇ, ਰਬ ਪ੍ਰਸਤ ਰਹਿਣ ਵਾਸਤੇ ਜਦੋਂ ਕਿਸੇ ਵੀ ਇਮਤਿਹਾਨ ਵਿਚੋਂ ਗੁਜ਼ਰਨਾ ਪਵੇ ਤਾਂ ਉਸ ਨੂੰ ਹਰ ਤਰ੍ਹਾਂ ਦੀ ਮੁਸੀਬਤ ਦਾ ਸਾਹਮਣਾ ਕਰਨ ਲਈ ਤਿਆਰ ਰਹਿਣਾ ਚਾਹੀਦਾ ਹੈ। ਜੇ ਕੋਈ ਰਾਜਾ ਪੁਤਰ ਮੋਹ ਵਿਚ ਆ ਕੇ ਅਧਰਮੀ ਬਣਦਾ ਹੈ ਤਾਂ ਧ੍ਰਿਤਰਾਸ਼ਟਰ ਵਾਂਗ ਉਸ ਦੇ ਨਤੀਜੇ ਵਜੋਂ ਕੋਈ ਦੁਰਯੋਧਨ ਪੈਦਾ ਹੁੰਦਾ ਹੈ। ਇਕ ਸਾਧਾਰਨ ਤਰੀਕੇ ਨਾਲ ਸਮਝਾਈ ਗਈ ਗਲ ਹੈ, ਕਿ ਰਾਜਾ ਜੇ ਪੁਤਰ ਮੋਹ ਵਿਚ ਆ ਕੇ ਕੋਈ ਐਸਾ ਕਾਰਜ ਕਰਦਾ ਹੈ, ਜਿਸ ਦੇ ਨਤੀਜੇ ਸਹੀ ਨਹੀਂ ਨਿਕਲਦੇ ਤਾਂ ਉਹ ਅਧਰਮੀ ਹੋ ਗਿਆ।

ਗੀਤਾ ਦਾ ਸੰਦੇਸ਼ ਕੀ ਹੈ ? ਸਾਰਅੰਸ਼ ਵਜੋਂ ਅਸੀਂ ਆਖ ਸਕਦੇ ਹਾਂ ਕਿ ਜੇ ਅਰਜਨ ਵਰਗਾ ਮਹਾਂਬਲੀ ਜੋ ਸਾਰੀ ਦੁਨੀਆਂ ਨੂੰ ਆਪਣੇ ਤੀਰਾਂ ਨਾਲ ਕੰਧ ਕਰਨ ਦੀ ਸਮਰਥਾ ਰਖਦਾ ਹੈ, ਤੀਰਾਂ ਨਾਲ ਮੀਂਹ, ਹਨੇਰੀ ਪੈਦਾ ਕਰ ਸਕਦਾ ਹੈ। ਹਰ ਕਿਸਮ ਦੀ ਮੁਮਕਨ ਨਾ-ਮੁਮਕਿਨ ਸ਼ਕਤੀ ਉਸ ਵਿਚ ਮੌਜੂਦ ਹੈ, ਉਹ ਜੇ ਕਿਧਰੇ ਐਸੇ ਯੁੱਧ ਦੇ ਮੈਦਾਨ ਵਿਚ ਚਲਾ ਜਾਵੇ, ਐਸੀ ਲੜਾਈ ਲੜਨੀ ਪਵੇ, ਐਸੇ ਲੋਕਾਂ ਨੂੰ ਮਾਰਨ ਵਾਸਤੇ ਤਿਆਰ ਹੋਣਾ ਪਵੇ, ਜਿਨ੍ਹਾਂ ਵਿਚ ਭੀਸ਼ਮ ਪਿਤਾਮਾ ਵਰਗੇ ਦਾਦੇ-ਪੜਦਾਦੇ ਹਨ, ਜਿਨ੍ਹਾਂ ਦੀ ਗੋਦ ਵਿਚ ਬੈਠ ਕੇ ਅਰਜਨ ਨੇ ਆਪਣੇ ਬਚਪਨ ਦੀਆਂ ਮੰਜ਼ਿਲਾਂ ਤੈਅ ਕੀਤੀਆਂ ਹੋਣ, ਦਰੋਣਾਚਾਰੀਆ ਵਰਗੇ ਮਹਾਂ-ਯੋਧੇ ਤੇ ਮਹਾਂ-ਗੁਰੂ ਜਿਸ ਕੋਲੋਂ ਅਰਜਨ ਨੇ ਸਾਰੀ ਦੀ ਸਾਰੀ ਧਨੁਸ਼ ਵਿਦਿਆ ਪ੍ਰਾਪਤ ਕੀਤੀ ਹੋਵੇ, ਕਿਰਪਾਚਾਰਯ ਵਰਗੇ ਕੁਲ ਗੁਰੂ, ਤਾਏ ਦੇ ਪੁਤਰ ਭਰਾ ਜਿਨ੍ਹਾਂ ਦੇ ਨਾਲ ਹਰ ਤਰ੍ਹਾਂ ਦੀ ਜੀਵਨ ਯਾਤਰਾ ਇਕਠਿਆਂ ਕੀਤੀ ਹੋਵੇ ਤਾਂ ਅਜਿਹੇ ਰਿਸ਼ਤਿਆਂ ਨੂੰ ਵੇਖ ਕੇ ਜੇ ਅਰਜਨ ਵਰਗਾ ਮਹਾਂਬਲੀ ਹਥਿਆਰ ਸੁਟ ਬੈਠਦਾ ਹੈ ਤਾਂ ਅਜਿਹੇ ਸਮੇਂ ਗੀਤਾ ਵਰਗੇ ਉਪਦੇਸ਼ ਜ਼ਰੂਰੀ ਹੋ ਜਾਂਦੇ ਹਨ। ਭਗਵਾਨ ਕ੍ਰਿਸ਼ਨ ਨੂੰ ਭਾਵੇਂ ਅਰਜਨ ਦਾ ਰਥਵਾਨ ਬਣ ਕੇ ਜੰਗ ਵਿਚ ਜਾਣਾ ਪਿਆ, ਲੇਕਿਨ ਉਸ ਭਗਵਾਨ ਦੇ ਰਥਵਾਨ ਬਣ ਜਾਣ ਦਾ ਜੋ ਤਰਕ ਹੈ, ਉਸ ਦੀ ਬਹੁਤ ਹੀ ਜ਼ਿਆਦਾ ਜ਼ਰੂਰਤ ਸੀ। ਯੁੱਧ ਸ਼ੁਰੂ ਹੋਣ ਤੋਂ ਪਹਿਲਾਂ ਕੌਰਵਾਂ ਤੇ ਪਾਂਡਵਾਂ ਦੀ ਲੜਾਈ ਸ਼ੁਰੂ ਹੋਣ ਤੋਂ ਪਹਿਲਾਂ, ਸਚ-ਝੂਠ ਦਾ ਦੰਗਲ ਸ਼ੁਰੂ ਹੋਣ ਤੋਂ ਪਹਿਲਾਂ, ਜ਼ਾਲਮਾਂ ਤੇ ਸਤਵਾਦੀਆਂ ਦਾ ਟਾਕਰਾ ਹੋਣ ਤੋਂ ਪਹਿਲਾਂ, ਰਿਸ਼ਤਿਆਂ ਦੇ ਖ਼ੂਨ ਦਾ ਅਸਰ ਐਨਾ ਹੋ ਜਾਵੇ ਕਿ ਅਰਜਨ ਵਰਗੇ ਮਹਾਂਬਲੀ ਹਥਿਆਰ ਸੁਟ ਬੈਠਣ ਤਾਂ ਉਸ ਵਕਤ ਦਿਬ-ਦ੍ਰਿਸ਼ਟੀ ਵਾਲੇ ਭਗਵਾਨ ਕ੍ਰਿਸ਼ਨ ਦੀ ਉਸ ਯੁੱਧ ਵਿਚ ਮੌਜੂਦਗੀ ਜ਼ਰੂਰੀ ਬਣ ਜਾਂਦੀ ਸੀ। ਭਾਵੇਂ ਭਗਵਾਨ ਕ੍ਰਿਸ਼ਨ ਨੇ ਮਹਾਂਭਾਰਤ ਦੇ ਵਿਚ ਕੋਈ ਹਥਿਆਰ ਨਹੀਂ ਚੁਕਿਆ, ਕਿਸੇ ਦਾ ਕਤਲ ਨਹੀਂ ਕੀਤਾ ਲੇਕਿਨ ਭਗਵਾਨ ਕ੍ਰਿਸ਼ਨ ਦੀ ਜੇ ਸੇਧ ਨਾ ਮਿਲਦੀ, ਜੇ ਰਬ ਆਪ ਅਰਜਨ ਨੂੰ ਉਸ ਦੇ ਫ਼ਰਜ਼ਾਂ ਤੋਂ ਵਾਕਫ਼ ਨਾ ਕਰਾਉਂਦਾ ਤਾਂ ਉਹ ਯੁੱਧ ਨਹੀਂ ਸੀ ਹੋ ਸਕਦਾ।

ਭਾਵੇਂ ਜੈਨ ਮਤ ਵਾਲੇ ਭਗਵਾਨ ਕਿਸ਼ਨ ਨੂੰ ਇਸ ਯੁੱਧ ਦਾ ਦੋਸ਼ੀ ਕਰਾਰ ਦਿੰਦੇ ਹਨ ਤੇ ਸਪਸ਼ਟ ਲਿਖਦੇ ਹਨ ਕਿ ਜੇ ਭਗਵਾਨ ਕ੍ਰਿਸ਼ਨ ਚਾਹੁੰਦੇ ਤਾਂ ਯੁੱਧ ਰੁਕ ਸਕਦਾ ਸੀ। ਉਹ ਯੁੱਧ ਕਰਾਉਣ ਦਾ ਦੋਸ਼ੀ ਹੀ ਭਗਵਾਨ ਕ੍ਰਿਸ਼ਨ ਨੂੰ ਮੰਨਦੇ ਹਨ ਪਰ ਜੇ ਕ੍ਰਿਸ਼ਨ ਭਗਵਾਨ ਅਰਜਨ ਨੂੰ ਉਸ ਦੇ ਫ਼ਰਜ਼ਾਂ ਤੋਂ ਜਾਣੂ ਨਾ ਕਰਾਉਂਦੇ ਤਾਂ ਝੂਠ ਦਾ, ਜ਼ੁਲਮ ਦਾ ਖ਼ਾਤਮਾ ਹੋਣਾ ਮੁਸ਼ਕਲ ਹੀ ਨਹੀਂ ਨਾ-ਮੁਮਕਿਨ ਸੀ। 'ਗੀਤਾ' ਦਾ ਉਪਦੇਸ਼ ਹੀ ਇਹ ਹੈ ਕਿ ਜੇ ਤੁਹਾਡਾ ਕੋਈ


Academy of the Punjab in North America: http://www.apnaorg.com

ਗੁਰ ਭਾਈ ਜਾਂ ਉਸਤਾਦ ਵੀ ਝੂਠ ਦੇ ਨਾਲ ਖੜ੍ਹਾ ਹੈ ਤਾਂ ਜੇ ਤੁਹਾਨੂੰ ਉਸ ਨਾਲ ਲੜਨਾ ਵੀ ਪਵੇ ਤਾਂ ਉਸ ਨੂੰ ਮਾਰਨਾ ਵੀ ਪਵੇ ਤਾਂ ਤੁਹਾਨੂੰ ਇਸ ਫ਼ਰਜ ਤੋਂ ਪਿਛਾਹ ਨਹੀਂ ਹੋਣਾ ਚਾਹੀਦਾ। ਜ਼ਫ਼ਰਨਾਮੇ ਦੇ ਵਿਚ ਇਕ ਜਗ੍ਹਾ ਗੁਰੂ ਸਾਹਿਬ ਲਿਖਦੇ ਹਨ :

ਚੂੰ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ਸ਼ਤ ॥
ਹਲਾਲ ਅਸਤ ਬੁਰਦਨ ਵ ਸ਼ਮਸ਼ੀਰ ਦਸਤ ॥
(ਜ਼ਫ਼ਰਨਾਮਾ)

ਬਸ, ਜੇ ਜ਼ਫ਼ਰਨਾਮੇ ਦੀਆਂ ਇਨ੍ਹਾਂ ਪੰਕਤੀਆਂ ਦੇ ਅਰਥ ਕਰ ਲਏ ਜਾਣ ਤਾਂ ਇਹੀ ਗੀਤਾ ਦੇ ਉਪਦੇਸ਼ 'ਕਿ ਜਦੋਂ ਬਾਕੀ ਸਾਰੇ ਰਸਤੇ ਬੰਦ ਹੋ ਜਾਣ, ਤੁਹਾਡਾ ਕੋਈ ਚਾਰਾ ਨਾ ਚਲਦਾ ਹੋਵੇ ਤਾਂ ਆਪਣੇ-ਆਪ ਨੂੰ ਬਚਾਉਣ ਵਾਸਤੇ ਤਲਵਾਰ ਦਾ ਇਸਤੇਮਾਲ ਕਰਨਾ ਵੀ ਧਾਰਮਿਕ ਕਿਰਿਆ ਹੈ। ਅਸੀਂ ਵੇਦਾਂ ਸ਼ਾਸਤਰਾਂ ਤੋਂ ਚਲ ਕੇ ਉਪਨਿਸ਼ਦਾਂ ਦੀ ਗਲ ਕਰਦੇ ਹੋਏ, ਧਾਰਮਿਕ ਆਗ਼ਾਜ਼ ਦੀ ਗਲ ਕਰਦੇ ਹੋਏ 'ਗੀਤਾ' ਦੇ ਉਪਦੇਸ਼ ਦੀ ਗਲ ਇਸ ਲਈ ਕੀਤੀ ਹੈ ਕਿ ਇਨਸਾਨ ਨੂੰ ਇਨਸਾਨੀਅਤ ਦੇ ਨਾਲ ਜੁੜੇ ਰਹਿਣ ਦੀ ਕੀ ਮਹਤਤਾ ਹੈ। ਇਨਸਾਨ ਦੀ ਜ਼ਿੰਦਗੀ ਵਿਚ ਧਰਮ ਬਹੁਤ ਅਹਿਮੀਅਤ ਰਖਦਾ ਹੈ। ਸਚ-ਪ੍ਰਸਤ ਹੋਣਾ ਇਨਸਾਨ ਲਈ ਕਿੰਨਾ ਜ਼ਰੂਰੀ ਹੈ। ਸਚ ਤੇ ਤਾਂ ਕੋਈ ਵੀ ਧਰਮ ਕਿੰਤੂ-ਪ੍ਰੰਤੂ ਨਹੀਂ ਕਰਦਾ ਕਿ ਰਬ ਪ੍ਰਸਤ ਹੋ ਕੇ ਹੀ ਇਨਸਾਨ ਸਹੀ ਜੀਵਨ ਜੀਅ ਸਕਦਾ ਹੈ। ਲੇਕਿਨ ਫਰਕ ਬਸ ਏਨਾ ਹੀ ਹੈ ਕਿ ਰਬ ਪ੍ਰਸਤ ਹੋਇਆ ਜਾਵੇ ਤੇ ਕਿਵੇਂ ਹੋਇਆ ਜਾਵੇ। ਸਾਰੇ ਆਪੋ-ਆਪਣੇ ਰਾਹ, ਆਪੋ-ਆਪਣੇ ਤਰੀਕੇ ਇਥੋਂ ਤਕ ਕਿ ਕਈ ਪ੍ਰਕਾਰ ਦੇ ਰਬ ਦੇ ਨਾਂ ਨਿਸ਼ਚਿਤ ਕਰਕੇ ਬੈਠੇ ਹਨ। ਮੈਂ ਠੀਕ ਤੂੰ ਗ਼ਲਤ, ਮੇਰਾ ਧਰਮ ਸਹੀ ਤੇਰਾ ਗ਼ਲਤ, ਮੇਰਾ ਰਬ ਸਹੀ, ਤੇਰਾ ਗ਼ਲਤ। ਮੈਂ ਦੇ ਮਗਰ ਲਗ ਕੇ ਮਰਿਆਦਾ ਭੁਲ ਰਹੇ ਇਨਸਾਨ ਆਪਣੀ-ਆਪਣੀ ਭਟਕਣਾ ਵਿਚ ਭਟਕ ਰਹੇ ਹਨ।

ਸਾਡੀ ਪੁਰਾਤਨ ਅਧਿਆਤਮਿਕ ਦੁਨੀਆਂ ਵਿਚ ਜੋ ਵਖਰੇ-ਵਖਰੇ ਕਿਆਰੇ ਪਾਉਣ ਦਾ ਰਿਵਾਜ਼ ਹੈ, ਉਹ ਬਹੁਤ ਚਿਰੋਕਣਾ ਹੈ। ਸਾਡੇ ਪਿਤਰਾਂ ਨੇ ਸਾਡੇ ਬਜ਼ੁਰਗਾਂ ਨੇ ਧਾਰਮਿਕ ਆਗੂਆਂ ਨੇ ਰਿਸ਼ੀਆਂ-ਮੁਨੀਆਂ ਨੇ ਚਾਰ ਯੁਗਾਂ ਦਾ ਸੰਕਲਪ ਚਾਰ ਯੁਗਾਂ ਨੂੰ ਵਖਰੇਵਖਰੇ ਰੂਪ ਵਿਚ ਨਿਸ਼ਚਿਤ ਜਾਂ ਨਿਰਧਾਰਤ ਕਰਨ ਦਾ ਜੋ ਯਤਨ ਕੀਤਾ ਹੈ, ਉਸ ਦੀ ਥੋੜ੍ਹੀ ਚਰਚਾ ਕਰਨੀ ਜ਼ਰੂਰੀ ਸਮਝਦੇ ਹਾਂ।


Academy of the Punjab in North America: http://www.apnaorg.com

# ਸੰਪੂਰਣ ਸੱਚ

ਸੰਪੂਰਣ ਸਿਰਫ਼ ਸਚ ਹੀ ਹੋ ਸਕਦਾ ਹੈ। ਸਚ ਤੋਂ ਸਿਵਾ ਬਾਕੀ ਸਭ ਝੂਠ ਹੈ। ਇਨਸਾਨ ਭਾਵੇਂ ਜਿੰਨਾ ਮਰਜ਼ੀ ਸਚਿਆਰਾ ਬਣਨ ਦੀ ਕੋਸ਼ਿਸ਼ ਕਰੇ ਕਦੇ ਵੀ ਸੰਪੂਰਣ ਸਚ ਨਹੀਂ ਹੋ ਸਕਦਾ। ਸਚ ਤਾਂ ਅਨੇਕ ਹੁੰਦਿਆਂ ਹੋਇਆਂ ਵੀ ਇਕ ਹੈ, ਅਸਥੂਲਤਾ ਵਿਚ ਵੀ ਸੂਖਮ ਹੈ। ਦਿਸਦਿਆਂ ਹੋਇਆਂ ਅਦਿਸ ਹੈ। ਜਿਸ ਦੀ ਸ਼ਕਤੀ ਦਾ ਸੰਪੂਰਣ ਗਿਆਨ ਕਿਸੇ ਨੂੰ ਵੀ ਨਹੀਂ ਹੈ, ਉਹ ਹੀ ਸੰਪੂਰਣ ਸਚ ਹੈ। ਇਨਸਾਨ ਨੇ ਆਪਣੀ ਅਕਲ ਦੇ ਬੜੇ ਘੋੜੇ ਦੌੜਾਏ ਲੇਕਿਨ ਅਕਲ ਸਾਨੂੰ ਆਪਣੇ ਮੂਲ ਤੋਂ ਹਮੇਸ਼ਾਂ ਦੂਰ ਕਰਦੀ ਰਹੀ। ਹਰ ਇਨਸਾਨ ਭਲੀ-ਭਾਂਤ ਜਾਣਦਾ ਹੈ ਕਿ ਸਾਡਾ ਪੰਚ ਭੂਤਕ ਪੁਤਲਾ ਇਕ ਦਿਨ ਜ਼ਰੂਰ ਬਿਖਰ ਜਾਵੇਗਾ, ਲੇਕਿਨ ਕੋਈ ਵੀ ਨਹੀਂ ਚਾਹੁੰਦਾ ਕਿ ਸਾਨੂੰ ਕੁਝ ਹੋਵੇ। ਮਲ-ਮਲ ਕੇ ਨਹਾਉਂਦੇ ਹਾਂ, ਕਿਧਰੇ ਸਾਨੂੰ ਮੈਲ ਨਾ ਲਗੀ ਦਿਸੇ। ਮਿਟੀ ਤੋਂ ਮਿਟੀ ਝਾੜਦਿਆਂ ਸਾਰੀ ਉਮਰ ਬੀਤ ਜਾਂਦੀ ਪਰ ਆਖ਼ਿਰ ਮਿਟੀ ਮਿਟੀ ਵਿਚ ਹੀ ਸਮਾਪਤ ਹੁੰਦੀ ਹੈ।

ਧਰਤੀ ਦਾ ਚੱਪਾ-ਚੱਪਾ ਗਾਹ ਵੇਖਿਆ, ਚੰਦ ਤਾਰਿਆਂ ਦਾ ਪਤਾ ਲਾਉਣ ਦੀ ਉਤਸੁਕਤਾ ਹੈ, ਪਰ ਕੀ ਸਾਨੂੰ ਸੰਪੂਰਣ ਗਿਆਨ ਹੋ ਗਿਆ ਹੈ ? ਬਿਲਕੁਲ ਨਹੀਂ, ਹਾਂ ਗਲ਼ਤ ਫ਼ਹਿਮੀ ਦਾ ਸ਼ਿਕਾਰ ਜ਼ਰੂਰ ਹੁੰਦੇ ਹਾਂ। ਸਾਡੀ ਗ਼ਲਤ ਫ਼ਹਿਮੀ ਹੀ ਤਾਂ ਹੈ ਕਿ ਅਸੀਂ ਸਭ ਕੁਝ ਜਾਣਦੇ ਹਾਂ। ਏਥੋਂ ਤਕ ਕਿ ਅਸੀਂ ਯੁਗਾਂ-ਯੁਗਾਂਤਰਾਂ ਨੂੰ ਵੀ ਆਪਣੇ ਹਿਸਾਬ ਨਾਲ ਗਿਣ ਮਿਣ ਕੇ ਬੈਠੇ ਹਾਂ। ਸਤਯੁਗ, ਤ੍ਰੇਤਾ, ਦੁਆਪਰ ਅਤੇ ਕਲਯੁੱਗ ਚਾਰ ਯੁਗ ਗਿਣਦੇ ਹਾਂ। ਯੁਗਾਂ ਪ੍ਰਤੀ ਵੀ ਹਰ ਕੋਈ ਆਪਣੀ ਪ੍ਰੀਭਾਸ਼ਾ ਬਣਾ ਕੇ ਬੈਠਾ ਹੈ। ਯੁਗ ਵੀ ਅਸੀਂ ਮਿਥੇ ਤੇ ਯੁਗਾਂ ਦੀ ਉਮਰ ਵੀ ਆਪੋ ਆਪਣੀ ਸੋਚ ਮੁਤਾਬਕ ਤਹਿ ਕਰ ਲਈ। ਇਹ ਜਾਣਦਿਆਂ ਕਿ ਤਹਿ ਤਕ ਜਾਣਾ ਸਾਡੇ ਵਸ ਦੀ ਗਲ ਨਹੀਂ ਹੈ ਫਿਰ ਵੀ ਆਪਣੀ ਸੋਚ ਦੇ ਮੁਰੀਦ ਬਣ ਬੈਠੇ ਹਾਂ। ਕਈ ਲੋਕ ਆਪਣੀ ਵਿਦਵਤਾ ਦੀ ਫਿਲ ਮਾਰਨ ਖ਼ਾਤਰ ਯੁਗਾਂ ਦੀ ਉਮਰ ਲਖਾਂ ਸਾਲ ਗਿਣਦੇ ਹਨ। ਭਾਵੇਂ ਕਰੋੜਾਂ ਸਾਲ ਕਹੀ ਜਾਣ, ਕੀ ਫ਼ਰਕ ਪੈਂਦਾ ਹੈ; ਜੇ ਕੋਈ ਇਸੇ ਗਲ ਵਿਚ ਖ਼ੁਸ਼ ਹੈ ਤਾਂ ਕਿਸੇ ਨੂੰ ਕੀ ?

ਸਤਯੁਗ ਦੀ ਉਮਰ ਨਿਸਚਿਤ ਕਰਨ ਤੋਂ ਪਹਿਲਾਂ ਕਿਸੇ ਨੇ ਵੀ ਨਹੀਂ ਸੋਚਿਆ ਕਿ ਸਚ ਬਾਰੇ ਜੋ ਵੀ ਕੋਈ ਕਹੇ ਉਹ ਸੰਪੂਰਣ ਸਚ ਨਹੀਂ ਹੋਵੇਗਾ। ਜੇ ਅਸੀਂ ਸਤਿ ਦੀ ਪ੍ਰੀਭਾਸ਼ਾ ਤਕ ਨਹੀਂ ਕਰ ਸਕਦੇ ਤਾਂ ਸਤਿ ਦੀ ਉਮਰ ਕਿਵੇਂ ਦਸ ਸਕਦੇ ਹਾਂ। ਗੁਰੂ ਨਾਨਕ ਲਿਖਦੇ ਹਨ--ਸਚ ਖੰਡਿ ਵਸੈ ਨਿਰੰਕਾਰੁ ॥ ਕੀ ਕੋਈ ਨਿੰਰਕਾਰ ਦੀ ਉਮਰ ਜਾਣਦਾ ਹੈ ? ਸਚ ਦੀ ਹਦਬੰਦੀ ਕਰਨੀ ਇਨਸਾਨ ਦੀ ਪਹੁੰਚ ਤੋਂ ਬਾਹਰ ਹੈ। ਮਾਰੂ ਰਾਗ ਵਿਚ ਗੁਰੂ ਨਾਨਕ ਸਤਯੁਗ ਦੀ ਅਵਸਥਾ ਦਾ ਜ਼ਿਕਰ ਕਰਦੇ ਹਨ--'ਖਾਣੀ ਨ ਬਾਣੀ ਪਉਣ ਨ ਪਾਣੀ...., ਨ ਕੋ ਆਏ ਜਾਇਦਾ ॥' ਜ਼ਾਹਰ ਹੈ ਕਿ ਜਿਥੇ ਪਾਣੀ ਨਹੀਂ ਹੈ ਹਵਾ ਨਹੀਂ ਹੈ ਓਥੇ ਸਚ ਤੋਂ ਸਿਵਾ ਹੋਰ ਕੁਝ ਹੋ ਹੀ ਨਹੀਂ ਸਕਦਾ। ਅਸੀਂ ਕਈ ਵਾਰ ਆਖਦੇ ਹਾਂ ਕਿ ਫਲਾਣਾ ਬੰਦਾ ਤਾਂ ਸਤਯੁਗੀ ਇਨਸਾਨ ਹੈ, ਇਸ ਗਲ ਦੀ ਸਮਝ ਨਹੀਂ ਲਗੀ ਕਿ ਇਨਸਾਨ ਸਤਯੁਗੀ ਕਿਵੇਂ ਹੋ ਸਕਦਾ ਹੈ। ਜੇ ਪੰਜੇ ਤਤ ਮੌਜੂਦ ਨਹੀਂ ਤਾਂ ਉਸ ਜਗ੍ਹਾ ਪੰਜ ਭੂਤਕ ਇਨਸਾਨ ਹੋ ਹੀ ਨਹੀਂ ਸਕਦਾ। ਗੁਰੂ ਨਾਨਕ ਮੁਤਾਬਕ ਸਤਯੁਗ ਤਾਂ ਸੁੰਨ ਹੈ, ਸਮਾਧ ਹੈ ਅਸੀਮ ਹੈ, ਅਸੀਮ ਨੂੰ ਸੀਮਾਂਬੱਧ ਕਰਨ ਦੇ ਯਤਨ ਕਿੰਨੇ ਕੁ ਸਾਰਥਕ ਹੋ ਸਕਦੇ ਹਨ। ਜਿਸ ਦਿਨ ਇਨਸਾਨ ਦੇ ਰੂਪ ਵਿਚ ਨਜ਼ਰ ਆਵੇ ਭਾਵੇਂ ਰਾਮ ਹੀ ਕਿਉਂ ਨਾ ਹੋਵੇ, ਉਸ ਦਿਨ ਸਮਝੋ ਯੁਗ ਬਦਲ ਗਿਆ। ਜੋ ਰੂਪਮਾਨ ਹੈ, ਜਿਸਦਾ ਵੈਰ ਵੀ ਹੈ ਭਾਵੇਂ ਬਦੀ ਨਾਲ ਹੀ ਕਿਉਂ ਨਾ ਹੋਵੇ, ਜਿਸਦੀ ਜੂਨ ਵੀ ਹੈ, ਅਜੂਨੀ ਨਹੀਂ ਹੈ, ਉਸਨੂੰ ਭਾਵੇਂ ਮਰਿਯਾਦਾ ਪਰਸ਼ੋਤਮ ਰਾਮ ਜਾਂ ਕੋਈ ਹੋਰ ਨਾਮ ਨਾਲ ਅਲੰਕ੍ਰਿਤ ਕਰੋ, ਉਹ ਸਚ ਦਾ ਪ੍ਰਤੀਕ ਤਾਂ ਹੋ ਸਕਦਾ ਹੈ, ਸੰਪੂਰਣ ਸਚ ਨਹੀਂ ਹੋ ਸਕਦਾ।

ਮਰਿਯਾਦਾ ਪਰਸ਼ੋਤਮ ਰਾਮ ਦਾ ਪਾਤਰ ਚਿਤਰਣ ਕਰਨ ਵਾਲੇ ਆਪ ਆਪਣੇ ਤਰੀਕੇ ਵਰਤ ਕੇ ਤ੍ਰੇਤੇ ਯੁਗ


Academy of the Punjab in North America: http://www.apnaorg.com

ਦੀ ਗਲ ਕਰਦੇ ਹਨ। ਸਤਿ ਪੁਰਖ ਦੀ ਕਹਾਣੀ ਕਰੀਏ-ਜੇ ਰਬ ਧਰਤੀ 'ਤੇ ਇਨਸਾਨੀ ਰੂਪ ਵਿਚ ਆਵੇ ਤਾਂ ਕਿਸ ਤਰ੍ਹਾਂ ਦਾ ਜੀਵਨ ਹੋਵੇ, ਮਰਿਯਾਦਾ ਵਿਚ ਰਹਿੰਦਿਆਂ ਵੀ ਰਾਮ ਜਦ ਇਨਸਾਨੀ ਰੂਪ ਵਿਚ ਹੈ ਤਾਂ ਸਚ ਸੰਪੂਰਣ ਨਹੀਂ ਹੋ ਸਕਦਾ। ਜਿਸ ਤਰ੍ਹਾਂ ਲਛਮਣ ਰਾਮ ਪ੍ਰਸਤ ਹੈ, ਹਨੂੰਮਾਨ ਰਾਮ ਪ੍ਰਸਤ ਹੈ, ਸੁਗਰੀਵ ਰਾਮ ਪ੍ਰਸਤ ਹੈ, ਤਿੰਨੋਂ ਰਾਮ ਨਹੀਂ ਬਣ ਸਕਦੇ। ਪ੍ਰਤੀਕ ਕਦੇ ਪਰਮੇਸ਼ਰ ਨਹੀਂ ਹੋ ਸਕਦਾ। ਬਾਲੀ ਦਾ ਵਧ ਕਰਨਾ ਸ੍ਰੀ ਰਾਮ ਚੰਦਰ ਨੇ ਜ਼ਰੂਰੀ ਸਮਝਿਆ ਲੇਕਿਨ ਲੁਕ ਕੇ ਵਾਰ ਕਰਨ ਦੀ ਕਿਉਂ ਲੋੜ ਪਈ। ਉਹ ਸਰਬ ਸ਼ਕਤੀਮਾਨ ਹੈ, ਸੰਪੂਰਣ ਹੈ, ਸੰਪੂਰਣ ਨੂੰ ਕਿਸੇ ਬਾਲੀ ਦੇ ਬਲ ਤੋਂ ਡਰਨ ਦੀ ਕੀ ਲੋੜ ? ਮਹਾਂਰਿਸ਼ੀ ਬਾਲਮੀਕ ਨੇ ਪਰਮਾਤਮਾ ਨੂੰ ਇਨਸਾਨੀ ਰੂਪ ਵਿਚ ਚਿਤਰਣ ਕਰਕੇ ਰਾਮ ਕਹਾਣੀ ਰਾਮਾਇਣ ਲਿਖੀ। ਤੁਲਸੀ ਦਾਸ ਨੇ ਵੀ ਮਰਿਯਾਦਾ ਪਰਸ਼ੋਤਮ ਦਾ ਪਾਤਰ ਚਿਤਰਣ ਕਰਨਾ ਚਾਹਿਆ ਲੇਕਿਨ ਸੀਤਾ ਮਾਤਾ ਦੀ ਅਗਨੀ ਪ੍ਰੀਖਿਆ ਤੇ ਕਲਮ ਰੁਕ ਗਈ। ਤੁਲਸੀਦਾਸ ਜੀ ਨੇ ਅਗਲੀ ਕਹਾਣੀ ਮਰਿਯਾਦਾ ਪਰਸ਼ੋਤਮ ਦੀ ਕਹਾਣੀ ਵਿਚ ਅੰਕਿਤ ਨਹੀਂ ਕੀਤੀ।

ਤ੍ਰੇਤਾ ਯੁਗ ਤਿੰਨ ਚੌਥਾਈ ਸਚ ਤਾਂ ਕਹਿ ਸਕਦੇ ਹਾਂ ਲੇਕਿਨ ਸੰਪੂਰਣ ਸਚ ਨਹੀਂ ਹੈ। ਸ੍ਰੀ ਰਾਮ ਕਿਸੇ ਦਾ ਪੁਤਰ, ਕਿਸੇ ਦਾ ਪਤੀ ਤੇ ਕਿਸੇ ਦਾ ਭਾਈ ਵੀ ਹੈ। ਪਰਮਾਤਮਾ ਤਾਂ ਕਿਸੇ ਵਿਅਕਤੀ ਵਿਸ਼ੇਸ਼ ਦਾ ਸਖਾ ਨਹੀਂ ਹੋ ਸਕਦਾ। ਤ੍ਰੇਤੇ ਯੁਗ ਦੀ ਉਮਰ ਦੇ ਅੰਦਾਜ਼ੇ ਲਗਾਏ ਜਾ ਸਕਦੇ ਹਨ, ਕਿਉਂਕਿ ਰਾਮ ਅਤੇ ਸੀਤਾ ਮਾਤਾ ਦੇ ਪਿਤਾ ਪਿਤਾਮੇ ਹੋਏ, ਰਾਜ ਗੁਰੂ, ਕੁਲ ਗੁਰੂ ਹੋਏ। ਇਹ ਹੋ ਸਕਦਾ ਹੈ ਕਿ ਸ੍ਰੀ ਰਾਮ ਦੇ ਅਵਤਾਰ ਧਾਰਣ ਤੋਂ ਹਜ਼ਾਰ ਪੰਦਰਾਂ ਸੌ ਸਾਲ ਪਹਿਲਾਂ ਤ੍ਰੇਤਾ ਯੁਗ ਸ਼ੁਰੂ ਹੋਇਆ ਹੋਵੇ। ਲੇਕਿਨ ਜੇ ਸਾਰੀਆਂ ਕਥਾ ਕਹਾਣੀਆਂ ਨੂੰ ਇਕਠੇ ਕਰਕੇ ਦੇਖੀਏ ਤਾਂ ਦੁਆਪਰ ਵਿਚ ਹਨੂੰਮਾਨ ਭੀਮ ਸੈਨ ਦੇ ਬਲ ਦਾ ਇਮਤਿਹਾਨ ਲੈਂਦਾ ਹੈ। ਇਕ ਰਾਮ ਪ੍ਰਸਤ ਦੀ ਉਮਰ ਕਿੰਨੀ ਕੁ ਲੰਬੀ ਹੋ ਸਕਦੀ ਹੈ, ਜ਼ਾਹਰ ਹੈ ਹਜ਼ਾਰਾਂ ਸਾਲ ਨਹੀਂ ਹੋ ਸਕਦੀ। ਸੋ ਤ੍ਰੇਤੇ ਯੁਗ ਦੀ ਉਮਰ ਦੋ-ਢਾਈ ਹਜ਼ਾਰ ਸਾਲ ਤੋਂ ਵਧ ਨਹੀਂ ਹੋ ਸਕਦੀ। ਕੋਈ ਕਹੇ ਤੇ ਕੋਈ ਮੰਨ ਲਵੇ, ਉਹ ਮੰਨਣ ਵਾਲਾ ਜਾਣੇ ਲੇਕਿਨ ਇਤਿਹਾਸ ਵਿਚ ਅਜੇ ਤਕ ਕੋਈ ਠੋਸ ਦਲੀਲ ਨਹੀਂ ਮਿਲਦੀ ਕਿ ਤ੍ਰੇਤਾ ਯੁਗ ਕਿੰਨੇ ਸਾਲਾਂ ਦਾ ਹੈ। ਜੋ ਅਸੀਮ ਹੈ, ਜੇ ਉਸਦੀ ਸੀਮਾਂ ਕੋਈ ਘਟ ਵਧ ਦਸੇ ਤਾਂ ਕਿਸੇ ਨੂੰ ਇਸਦਾ ਕੋਈ ਨੁਕਸਾਨ ਨਹੀਂ ਹੈ, ਤਾਂ ਫਿਰ ਵਿਰੋਧ ਕਿਉਂ ਹੋਵੇ ? ਜਿਸ ਤਰ੍ਹਾਂ ਕੋਈ ਖ਼ੁਸ਼ ਹੈ, ਰਹਿਣ ਦੇਵੋ ਆਪਣਾ ਕੀ ਜਾਂਦਾ ਹੈ ?

ਦੁਆਪਰ ਯੁਗ ਵਿਚ ਮਰਿਯਾਦਾ ਵਿਚ ਰਹਿਣਾ ਵੀ ਬਹੁਤਾ ਜ਼ਰੂਰੀ ਨਾ ਰਿਹਾ। ਤਾਕਤਵਰ ਮਰਿਯਾਦਾ ਭੰਗ ਕਰਨ ਵਿਚ ਹੀ ਵਡਿਆਈ ਮਹਿਸੂਸ ਕਰਨ ਲਗੇ। ਸਕੇ ਚਾਚੇ ਦੀ ਨੂੰਹ, ਮਾਂ ਸਮਾਨ ਭਾਬੀ ਨੂੰ ਭਰੇ ਦਰਬਾਰ ਵਿਚ ਵਾਲਾਂ ਤੋਂ ਫੜ ਕੇ, ਘਸੀਟ ਕੇ ਲਿਆਉਣਾ ਮਰਿਯਾਦਾ ਦੀ ਤੌਹੀਨ ਨਹੀਂ ਤਾਂ ਹੋਰ ਕੀ ਹੈ। ਰਾਜ ਭਾਗ ਤੇ ਕਬਜ਼ਾ ਕਰਨ ਖ਼ਾਤਰ ਦੁਰਯੋਧਨ ਹਰ ਮਰਿਯਾਦਾ ਭੰਗ ਕਰਦਾ ਹੈ। ਦੁਆਪਰ ਯੁਗ ਦੇ ਅਵਤਾਰ ਸ੍ਰੀ ਕ੍ਰਿਸ਼ਨ ਭਾਵੇਂ ਸਚ ਪ੍ਰਸਤ ਸਨ ਫਿਰ ਵੀ ਯੁਧ ਦੇ ਸਾਰੇ ਨਿਯਮ ਤੋੜੇ ਗਏ, ਗਦਾ ਯੁੱਧ ਵਿਚ ਚਡਿਆਂ ਤੇ ਵਾਰ ਕਰਨਾ ਮਰਿਯਾਦਾ ਦੇ ਖਿਲਾਫ਼ ਹੈ ਲੇਕਿਨ ਸ੍ਰੀ ਕ੍ਰਿਸ਼ਨ ਦੇ ਇਸ਼ਾਰੇ ਤੇ ਭੀਮ ਦਰਯੋਧਨ ਦਾ ਅੰਤ ਚਡਿਆਂ ਤੇ ਵਾਰ ਕਰਕੇ ਹੀ ਕਰਦਾ ਹੈ। ਧਰਮਰਾਜ ਯੁਧਿਸ਼ਟਰ ਆਪਣੇ ਗੁਰੂ ਦਰੋਣਾਚਾਰੀਆ ਦੀ ਤਾਕਤ ਤੋਂ ਭਲੀ ਭਾਂਤ ਵਾਕਿਫ਼ ਸੀ। ਧਰਮਰਾਜ ਦਾ ਝੂਠ ਬੋਲ ਕੇ ਦਰੋਣਾਚਾਰੀਆ ਨੂੰ ਖ਼ਤਮ ਕਰਨਾ ਕਿਸ ਮਰਿਯਾਦਾ ਵਿਚ ਸਹੀ ਗਿਣੀਏ। ਮਹਾਂਵੀਰ ਅਰਜਨ ਸਿਰਖੰਡੀ ਦਾ ਸਹਾਰਾ ਲੈ ਕੇ ਭੀਸ਼ਮ ਦਾ ਸਰੀਰ ਛਲੀ ਕਰਦਾ ਹੈ, ਕੋਈ ਮਰਿਯਾਦਾ ਰਹੀ ਨਹੀਂ ਤਾਂ ਕੀ ਗਲ ਕਰੀਏ ?

ਦੁਆਪਰ ਵਿਚ ਸਚ ਤੇ ਝੂਠ ਦਾ ਕਰੜਾ ਮੁਕਾਬਲਾ ਹੋਇਆ, ਭਾਵੇਂ ਜਿਤ ਸਚ ਦੀ ਹੋਈ ਲੇਕਿਨ ਸਚ ਦੀ ਸੰਪੂਰਣਤਾ ਤੇ ਕਿੰਤੂ ਪ੍ਰੰਤੂ ਵੀ ਹੋਇਆ। ਸਚ ਦੇ ਪ੍ਰਤੀਕ ਸ੍ਰੀ ਕ੍ਰਿਸ਼ਨ ਦੀ ਸੋਚ ਵਿਚ ਪੂਰਣ ਵਿਸ਼ਵਾਸ ਨਾ ਰਿਹਾ। ਜੋਰਤੀ ਭਰ ਵੀ ਊਣਾ ਨਹੀਂ, ਓਹ ਹੀ ਸੰਪੂਰਣ ਹੈ, ਲੇਕਿਨ ਜੋ ਅਧਾ ਭਰਿਆ ਅਧਾ ਖ਼ਾਲੀ ਹੈ ਉਸਨੂੰ ਸੰਪੂਰਣ ਕਿਵੇਂ ਕਹਿ ਸਕਦੇ ਹਾਂ। ਦੁਆਪਰ ਅਰਧ ਸਚ ਹੈ ਲੇਕਿਨ ਸ੍ਰੀ ਕ੍ਰਿਸ਼ਨ ਬਦੀ ਦਾ ਅੰਤ ਕਰਨ ਵਿਚ ਸਫਲ ਹੋਏ


Academy of the Punjab in North America: http://www.apnaorg.com

। ਮਹਾਂਭਾਰਤ ਦਾ ਯੁੱਧ ਤੇ ਉਸਦੇ ਕਾਰਣ ਘਟਨਾਵਾਂ ਤੇ ਨਤੀਜੇ ਕੁਲ ਮਿਲਾ ਕੇ **5000** ਸਾਲ ਵਿਚ ਸਭ ਕੁਝ ਹੋ ਗਿਆ ਜਾਪਦਾ ਹੈ, ਚਲੋ **100** ਸਾਲ ਕਹਿ ਲਓ। ਬਾਅਦ ਵਿਚ ਧਰਮ ਰਾਜ ਕਾਇਮ ਕਰਨ ਵਾਸਤੇ ਕਿੰਨਾਂ ਕੁ ਸਮਾਂ ਲਗ ਗਿਆ ਹੋਵੇਗਾ। ਇਤਿਹਾਸਕ ਨਜ਼ਰੀਏ ਨਾਲ ਦੇਖੀਏ ਤਾਂ ਦੁਆਪਰ **1500** ਸਾਲ ਤੋਂ ਵਧ ਉਮਰ ਦਾ ਨਹੀਂ ਹੋ ਸਕਦਾ, ਲੇਕਿਨ ਇਕ ਵਾਰ ਫਿਰ ਕਹਿਣ ਨੂੰ ਦਿਲ ਕਰਦਾ ਹੈ ਕਿ ਜੇ ਕੋਈ ਇਸ ਵਿਚਾਰ ਨਾਲ ਸਹਿਮਤ ਨਹੀਂ ਤਾਂ ਸਾਨੂੰ ਕੋਈ ਗਿਲਾ ਸ਼ਿਕਵਾ ਨਹੀਂ।

ਕਲਯੁੱਗ ਆਖ਼ਰੀ ਯੁਗ ਗਿਣਿਆਂ ਜਾਂਦਾ ਹੈ। ਗਿਆਨ ਧਿਆਨ ਅਤੇ ਸੋਚ ਸਮਝ ਸਿਖਰ ਤੇ ਪਹੁੰਚ ਗਈ ਹੈ। ਸਾਡੀ ਸਿਆਣਪ ਦੇ ਕਾਰਣ ਹੀ ਤਾਂ ਕਲਯੁੱਗ ਹੈ। ਇਨਸਾਨ ਦੀ ਸਿਆਣਪ ਨੇ ਹੀ ਇਨਸਾਨ ਦੇ ਅੰਤ ਦਾ ਕਾਰਣ ਬਣ ਜਾਣਾ ਹੈ। ਸਿਆਣਪ ਦਾ ਅੰਤ ਸਤਯੁਗ ਦੇ ਰਸਤੇ ਸਾਫ਼ ਕਰੇਗਾ। ਸਭ ਕੁਝ ਖ਼ਤਮ ਹੋ ਜਾਵੇਗਾ, ਫਿਰ ਇਕ ਵਾਰ ਸੁੰਨ ਹੋਵੇਗੀ। ਪੰਜ ਭੂਤਕ ਪੁਤਲਾ ਨਾ ਰਿਹਾ ਤਾਂ ਵੈਰ ਵਿਰੋਧ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਤਕਰੀਬਨ ਹਜ਼ਾਰ ਕੁ ਸਾਲ ਪੁਰਾਣਾ ਹੈ ਇਹ ਆਪਣਾ ਕਲਯੁੱਗ, ਬਹੁਤ ਲੰਬੀ ਉਮਰ ਹੋਈ ਤਾਂ ਏਨੀ ਕੁ ਹੋਰ ਹੋਵੇ ਗੀ। ਇਹ ਜ਼ਰੂਰੀ ਨਹੀਂ ਕਿ ਕੋਈ ਹੋਰ ਸਾਡੇ ਨਾਲ ਸਹਿਮਤ ਹੋਵੇ ਲੇਕਿਨ ਸਾਡੇ ਖ਼ਿਆਲ ਅਨੁਸਾਰ ਸਤਯੁਗ ਅਸੀਮ ਹੈ, ਤ੍ਰੇਤਾ ਸੀਮਾ ਵਿਚ ਹੈ, ਦੁਆਪਰ ਅਰਧ ਅਵਸਥਾ ਹੈ ਤੇ ਕਲਯੁੱਗ ਨੇ ਆਪਣਾ ਝੁੰਡ ਚੁਕ ਦਿਤਾ ਹੈ। ਅਸੀਂ ਬਹੁਤ ਤੇਜ਼ ਦੌੜ ਰਹੇ ਹਾਂ

ਲੇਕਿਨ ਜਿਸ ਰਸਤੇ ਤੇ ਜਾ ਰਹੇ ਹਾਂ, ਉਹ ਸਚਖੰਡ ਵਲ ਨਹੀਂ ਜਾਂਦਾ । ਪੰਜ ਸੌ ਸਾਲ ਪਹਿਲਾਂ ਗੁਰੂ ਨਾਨਕ ਦੀ ਦਿਬ ਦ੍ਰਿਸ਼ਟੀ ਇਨਸਾਨ ਨੂੰ ਇਨਸਾਨੀਅਤ ਦੇ ਕਰੀਬ ਰਹਿਣ ਦੀ ਗੁੜ੍ਹਤੀ ਦੇ ਗਈ ਸੀ। ਇਨਸਾਨੀਅਤ ਦੇ ਕਰੀਬ ਰਹਿਣ ਲਈ ਸਚ ਦੇ ਕਰੀਬ ਰਹਿਣਾ ਪਵੇਗਾ ਤੇ ਸਚ ਦੇ ਕਰੀਬ ਰਹਿਣ ਲਈ ਸਾਨੂੰ ਕੋਈ ਸੇਧ ਲੈਣੀ ਪਵੇਗੀ, ਕੋਈ ਰਸਤਾ ਅਪਨਾਉਣਾ ਪਵੇਗਾ। ਕਲਯੁੱਗ ਵਿਚ ਸਚ ਨਹੀਂ, ਮਰਿਯਾਦਾ ਨਹੀਂ, ਸਚ ਝੂਠ ਦੀ ਲੜਾਈ ਵੀ ਨਹੀਂ, ਬਸ ਹੈ ਤਾਂ ਨਿਰਾ ਝੂਠ ਹੈ। ਝੂਠ ਝੂਠੇ ਤੇ ਫਤਵਾ ਲਾ ਰਿਹਾ ਹੈ ਕਿ ਤੂੰ ਵਡਾ ਝੂਠ ਹੈਂ। ਇਹ ਜਾਣਦਿਆਂ ਕਿ ਝੂਠ ਹੈ ਫਿਰ ਵੀ ਕਲਯੁੱਗੀ ਇਨਸਾਨ ਆਪਣੇ ਆਪ ਨੂੰ ਸਚ ਸਮਝੀ ਬੈਠਾ ਹੈ।

ਹਰ ਇਨਸਾਨ ਕੋਸ਼ਿਸ ਕਰਦਾ ਹੈ ਕਿ ਕੋਈ ਰਸਤਾ ਮਿਲ ਜਾਵੇ ਜਿਸ ਤੇ ਚਲ ਕੇ ਸਚਿਆਰੇ ਹੋਣ ਦਾ ਮਾਣ ਪ੍ਰਾਪਤ ਕਰ ਸਕੀਏ। ਗੁਰੂ ਨਾਨਕ ਸਪਸ਼ਟ ਕਰਦੇ ਹਨ ਕਿ ਸ਼ਬਦ ਤੋਂ ਬਿਨਾਂ ਹੋਰ ਕੋਈ ਰਸਤਾ ਨਹੀਂ ਹੈ। ਸਚ ਸਿਰਫ਼ ਸ਼ਬਦ ਦੀ ਕਲੇਵਰ ਵਿਚ ਹੀ ਆ ਸਕਦਾ ਹੈ। ਕਲਯੁੱਗ ਵਿਚ ਕੋਈ ਵੀ ਇਨਸਾਨ ਸਚ ਦਾ ਪ੍ਰਤੀਕ ਬਣ ਸਕਣ ਦੇ ਸਮਰਥ ਨਹੀਂ ਹੈ। ਸ਼ਬਦ ਵੀ ਕਈ ਪਰਕਾਰ ਦੇ ਹੁੰਦੇ ਹਨ, ਕਈ ਸ਼ਬਦ ਤਾਂ ਸਾਰਾ ਵਾਤਾਵਰਣ ਹੀ ਵਿਗਾੜ ਦੇਂਦੇ ਹਨ। ਬਹੁਤ ਕਿਤਾਬਾਂ ਦੇ ਦਰਸ਼ਨ ਕਰਨ ਦਾ ਮੌਕਾ ਮਿਲਿਆ ਲੇਕਿਨ ਸੰਪੂਰਣਤਾ ਦੀ ਇਕੋ ਇਕ ਮਿਸਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ। ਸਤਿਨਾਮ ਤੋਂ ਲੈ ਕੇ 'ਆਠਾਰਹ ਦਸ ਬੀਸ' ਤਕ ਸੰਪੂਰਣ ਸਚ ਹੈ। ਕਲਯੁੱਗ ਵਿਚ ਸਚ ਦੀ ਸਿਖਿਆ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਸਿਵਾ ਹੋਰ ਕਿਤੋਂ ਨਹੀਂ ਮਿਲ ਸਕਦੀ। ਸੰਪੂਰਣ ਸਚ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਕਿੰਤੂ ਪ੍ਰੰਤੂ ਕਰਨ ਦੀ ਕੋਈ ਗੁਜਾਇੰਸ਼ ਨਹੀਂ ਹੈ। ਸਚ ਹੈ ਸੰਪੂਰਣ ਸਚ।


Academy of the Punjab in North America: http://www.apnaorg.com

# ਚਾਰਵਾਹਕ

ਚਾਰਵਾਕ ਦਰਸ਼ਨ ਕਹਿੰਦਾ ਹੈ ਕਿ ਜੋ ਦਿਸਦਾ ਹੈ ਉਹੀ ਸਹੀ ਹੈ ਬਾਕੀ ਕੁਝ ਨਹੀਂ। ਸਿਰਫ਼ ਲੌਕਿਕ ਪ੍ਰਤਖ ਨੂੰ ਹੀ ਪ੍ਰਤਖ ਮੰਨਦਾ ਹੈ। ਫਿਰ ਚਾਰਵਾਕ ਇਨਸਾਨ ਨੂੰ ਆਪਣੇ ਭੌਤਿਕ ਸਰੀਰ ਦੀਆਂ ਗਿਆਨ ਇੰਦਰੀਆਂ ਤੇ ਕਰਮ ਇੰਦਰੀਆਂ ਵਲ ਮੋੜ ਕੇ ਲੈ ਜਾਂਦਾ ਹੈ। ਲੇਕਿਨ ਚਾਰਵਾਕ ਦੀ ਬਾਕੀ ਮਤਾਂ ਨਾਲੋਂ ਇਕ ਜੋ ਵਖਰੀ ਗਲ ਹੈ ਉਹ ਇਹ ਹੈ ਕਿ ਇਸ ਦੀ ਸੋਚ ਵਿਗਿਆਨਕ ਹੈ। ਜਿਹੜੇ ਪਹਿਲੇ ਆਦਮੀ ਪ੍ਰਮਾਤਮਾ ਦੇ ਚਕਰ ਵਿਚ ਫਸੇ ਸਨ, ਨਰਕ, ਸਵਰਗ ਦੇ ਚਕਰ ਵਿਚ ਫਸੇ ਸਨ, ਮੁਕਤੀ ਪ੍ਰਾਪਤ ਕਰਨ ਦੇ ਚਕਰ ਵਿਚ ਫਸੇ ਸਨ, ਉਨ੍ਹਾਂ ਸਾਰਿਆਂ ਦੀ ਮੁਖ਼ਾਲਫ਼ਤ ਕਰਦਾ ਹੈ। ਮਿਸਾਲਾਂ ਦੇ ਕੇ ਬ੍ਰਾਹਮਣਵਾਦ ਨੂੰ ਵੰਗਾਰਿਆ ਗਿਆ ਹੈ। ਸਪਸ਼ਟ ਤੌਰ 'ਤੇ ਕਈ ਥਾਈਂ ਲਿਖਿਆ ਹੈ ਕਿ ਜੇ ਜਾਨਵਰਾਂ ਦੀ ਬਲੀ ਦਿਤਿਆਂ ਕੰਮ ਬਣਦਾ ਹੈ ਤਾਂ ਬ੍ਰਾਹਮਣ ਆਪਣੇ ਕਿਸੇ ਜੀਵ ਦੀ ਜਾਂ ਆਪਣੇ ਪਰਿਵਾਰ ਦੇ ਜੀਅ ਦੀ ਬਲੀ ਕਿਉਂ ਨਹੀਂ ਦਿੰਦਾ। ਸ਼ਰਾਧਾਂ ਬਾਰੇ ਲਿਖਿਆ ਹੈ ਕਿ ਜੇ ਪੰਡਤਾਂ ਨੂੰ ਖੁਆ ਕੇ ਉਨ੍ਹਾਂ ਦੇ ਪਿਤਰਾਂ ਨੂੰ ਪਰਲੋਕ ਵਿਚ ਸਥਾਨ ਮਿਲ ਜਾਂਦਾ ਹੈ ਤਾਂ ਕਿਸੇ ਕੰਮ 'ਤੇ ਗਏ ਪਤੀ ਦੀ ਪਤਨੀ ਜੇ ਖਾਣਾ ਖਾ ਲਵੇ ਤਾਂ ਉਸ ਨੂੰ ਪ੍ਰਾਪਤ ਕਿਉਂ ਨਹੀਂ ਹੁੰਦਾ। ਇਸ ਤਰ੍ਹਾਂ ਸ਼ਰਾਧਾਂ 'ਤੇ ਬੜੀ ਟਿਪਣੀ ਕੀਤੀ ਗਈ ਹੈ। ਚਾਰਵਾਕ ਵਿਚ ਬ੍ਰਾਹਮਣਵਾਦ ਦੇ ਸ਼ਰਾਧ ਵਰਗੇ ਕਰਮ ਕਾਂਡਾਂ ਦੀਆਂ ਉਦਾਹਰਣਾਂ ਦੇ ਕੇ ਆਲੋਚਨਾ ਕੀਤੀ ਗਈ ਹੈ। ਸੋ, ਅਸੀਂ ਸੰਖੇਪ ਰੂਪ ਵਿਚ ਆਖ ਸਕਦੇ ਹਾਂ ਕਿ ਚਾਰਵਾਕ ਆਪਣੇ ਸਮੇਂ ਦੇ ਵਿਗਿਆਨਕ ਸਿਧਾਂਤ ਸਨ। ਚਾਰਵਾਕ ਨੇ ਆਪਣੇ ਸਮੇਂ ਦੇ ਅਧਿਆਤਮਵਾਦੀ ਵਿਚਾਰਾਂ ਨਾਲ ਸਿਧੀ ਟਕਰ ਲਈ। ਇਹ ਠੀਕ ਹੈ ਕਿ ਚਾਰਵਾਕ ਦਾ ਸਿਧਾਂਤ ਪ੍ਰਚਲਤ ਨਹੀਂ ਹੋਇਆ। ਲੇਕਿਨ ਇਹ ਸਮੁਚੇ ਤੌਰ ਤੇ ਸਮੇਂ ਦੀ ਜ਼ਰੂਰਤ ਸੀ ਕਿ ਇਸ ਦੁਨੀਆਂ ਨੂੰ ਦਸਿਆ ਜਾਏ ਕਿ ਜੋ ਵੀ ਸ਼ਕਤੀਆਂ, ਕਰਾਮਾਤਾਂ, ਜਾਦੂਟੂਣਿਆਂ ਨਾਲ ਜੋ ਆਮ ਲੋਕਾਂ ਨੂੰ ਡਰਾਇਆ ਜਾ ਰਿਹਾ ਹੈ ਇਸ ਤੋਂ ਡਰਨ ਦੀ ਲੋੜ ਨਹੀਂ, ਸਗੋਂ ਇਸ ਦੀਆਂ ਅਸਲੀ ਕਦਰਾਂ-ਕੀਮਤਾਂ ਸਾਨੂੰ ਆਪ ਅਪਣਾਉਣੀਆਂ ਚਾਹੀਦੀਆਂ ਹਨ।


Academy of the Punjab in North America: http://www.apnaorg.com

# ਭਗਤੀ ਅੰਦੋਲਨ

**11**ਵੀਂ-**12**ਵੀਂ ਸਦੀ ਵਿਚ ਭਗਤੀ ਅੰਦੋਲਨ ਸ਼ੁਰੂ ਹੋਇਆ, ਜਿਸ ਵਿਚ ਭਗਤਾਂ ਤੇ ਵਿਦਵਾਨਾਂ ਨੇ ਸ਼ਬਦ ਦਾ ਸਹਾਰਾ ਲੈ ਕੇ ਇਨਸਾਨ ਨੂੰ ਸ਼ਬਦਾਂ ਰਾਹੀਂ ਜੀਵਨ ਦੇ ਰਹਸ ਵਿਆਖਿਆ ਸਹਿਤ ਸਮਝਾਏ। ਬਾਬਾ ਫ਼ਰੀਦ, ਭਗਤ ਕਬੀਰ, ਗੁਰੂ ਨਾਨਕ ਤੇ ਹੋਰ ਬਹੁਤ ਸਾਰੇ ਭਗਤ ਜਨ, ਜਿਨ੍ਹਾਂ ਨੂੰ ਉਸ ਸਮੇਂ ਦੇ ਫ਼ਿਲਾਸਫ਼ਰ ਆਖ ਸਕਦੇ ਹਾਂ, ਅਧਿਆਤਮਕ ਮਹਾਂਪੁਰਖ ਆਖ ਸਕਦੇ ਹਾਂ; ਉਨ੍ਹਾਂ ਨੇ ਜੋ ਸਾਹਿਤ ਰਚਿਆ, ਸ਼ਬਦ ਦੇ ਲੜ ਲਗ ਕੇ ਜੋ ਇਨਸਾਨ ਨੂੰ ਸਿਖਿਆ ਦਿਤੀ, ਪ੍ਰੇਰਨਾ ਦਿਤੀ; ਉਸ ਪ੍ਰੇਰਨਾ ਨੂੰ, ਉਸ ਅਧਿਆਤਮਕ ਗਿਆਨ ਨੂੰ ਭਗਤੀ ਲਹਿਰ ਆਖਦੇ ਹਨ। ਸੰਖੇਪ ਵਿਚ ਅਸੀਂ ਇਵੇਂ ਕਹਿ ਸਕਦੇ ਹਾਂ ਕਿ ਭਗਤੀ ਲਹਿਰ ਦੇ ਮਹਾਂਪੁਰਖਾਂ ਨੇ ਆਪ ਇਨਸਾਨ ਨੂੰ ਉੱਚੀਆਂ ਸ਼੍ਰੇਣੀਆਂ ਦੇ ਖ਼ਾਸ ਸੰਪਰਦਾਇਕ ਕਰਮਕਾਂਡੀ ਧਰਮ ਨਾਲੋਂ ਆਜ਼ਾਦ ਕਰਵਾ ਕੇ ਰਬ ਨਾਲ ਸਿਧੇ ਮੇਲ ਕਰਵਾਉਣ ਦਾ ਯਤਨ ਕੀਤਾ। ਪ੍ਰਮਾਤਮਾ ਨੂੰ ਮਿਲ ਸਕਣ ਦੀ ਜੀਵਨ ਜਾਂਚ ਦਸੀ। ਪੁਰਾਤਨ ਪ੍ਰੰਪਰਾਵਾਂ ਨੂੰ ਤਿਆਗ ਕੇ ਜੀਵਨ ਦੀ ਨਵੀਂ ਵਿਆਖਿਆ ਕੀਤੀ। ਆਮ ਇਨਸਾਨ ਲਈ ਧਾਰਮਿਕ ਦੁਨੀਆਂ ਦੇ ਨਵੇਂ ਦਰਵਾਜ਼ੇ ਖੋਲ੍ਹੇ।

ਭਗਤੀ ਲਹਿਰ ਦੇ ਕਰਤਾ, ਜੋ ਸਾਨੂੰ ਆਮ ਇਨਸਾਨ ਨੂੰ ਦਸਣਾ ਚਾਹੁੰਦੇ ਸਨ, ਉਨ੍ਹਾਂ ਨੇ ਸਾਨੂੰ ਇਕ ਨਵਾਂ ਜੀਵਨ ਦਰਸ਼ਨ ਦਿਤਾ। ਉਸ ਦੇ ਵਿਪਰੀਤ ਵਿਗਿਆਨ ਨੇ ਇਨਸਾਨ ਨੂੰ ਸਿਰਫ਼ ਕਲਾ ਸਮਰਥਕ ਬਣਾਉਣ ਦਾ ਯਤਨ ਕੀਤਾ। ਵਿਗਿਆਨਕ ਕਾਢਾਂ ਨੇ ਇਨਸਾਨ ਨੂੰ ਰਚਨਾਤਮਕ ਸ਼ਕਤੀ ਦੇ ਰੂਪ ਵਿਚ ਦੇਖਿਆ। ਲੇਕਿਨ ਫਿਰ ਵੀ ਕਦੇ ਨਾ ਕਦੇ ਉਹ ਭਗਤੀ ਲਹਿਰ ਦਾ ਜੋ ਪ੍ਰਭਾਵ ਹੈ, ਉਸ ਤੋਂ ਬਚ ਨਹੀਂ ਸਕੇ, ਕਿ ਸਾਨੂੰ ਦੇਖਣ ਵਾਲਾ ਕੋਈ ਨਾ ਕੋਈ ਜ਼ਰੂਰ ਬੈਠਾ ਹੈ। ਇਹ ਸਾਨੂੰ ਜੋ ਵਿਖਾਇਆ, ਅਸੀਂ ਜੋ ਵੇਦਾਂ, ਸ਼ਾਸਤਰਾਂ ਤੋਂ ਲੈ ਕੇ ਵਿਗਿਆਨਕ ਦੁਨੀਆ ਦੀ ਸਮਰਥਾ ਤਕ ਦੀ ਜੋ ਕਹਾਣੀ ਦੇ ਰੂਪ ਵਿਚ ਗਲ ਕੀਤੀ ਹੈ, ਇਸ ਸਾਰੀ ਉਤੇ ਥੋੜ੍ਹੀ ਜਿਹੀ ਹੋਰ ਰੌਸ਼ਨੀ ਪਾਉਣ ਲਈ ਸਾਨੂੰ ਸ਼ਾਬਦਿਕ ਰੂਪ ਵਿਚ ਜੋਗ੍ਰੰਥ ਮਿਲੇ, ਉਨ੍ਹਾਂ 'ਤੇ ਚਰਚਾ ਕਰਨੀ ਜ਼ਰੂਰੀ ਹੋ ਜਾਂਦੀ ਹੈ ਜਿਵੇਂ ਕਿ ਰਮਾਇਣ, ਮਹਾਂਭਾਰਤ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ। ਅਸੀਂ ਅਗਲਿਆਂ ਪੰਨਿਆਂ ਵਿਚ ਯਤਨ ਕਰਾਂਗੇ ਕਿ ਇਨ੍ਹਾਂ ਗ੍ਰੰਥਾਂ 'ਤੇ ਵਿਚਾਰ ਕਰੀਏ। ਇਨਸਾਨੀ ਜ਼ਿੰਦਗੀ ਵਿਚ ਧਰਮ ਦਾ ਕੀ ਸਥਾਨ ਹੈ ? ਇਨ੍ਹਾਂ ਗ੍ਰੰਥਾਂ ਵਿਚ ਧਰਮ ਨੂੰ ਕਿਸ ਤਰ੍ਹਾਂ ਤਰਜੀਹ ਦਿਤੀ ਗਈ ਹੈ ? ਇਨਸਾਨੀ ਜੀਵਨ ਵਿਚ ਇਨ੍ਹਾਂ ਗ੍ਰੰਥਾਂ ਦਾ ਕੀ ਸਥਾਨ ਹੈ। ਅਗਲੇ ਪੰਨਿਆਂ ਵਿਚ ਅਸੀਂ ਤਰਕ ਦਲੀਲ ਦੇ ਕੇ ਆਲੋਚਨਾਤਮਕ ਨਜ਼ਰੀਏ ਨਾਲ ਗਲਬਾਤ ਕਰਾਂਗੇ।


Academy of the Punjab in North America: http://www.apnaorg.com

# ਰਮਾਇਣ

ਜੇ ਰਬ ਧਰਤੀ ਉਤੇ ਆਏ ਅਤੇ ਇਨਸਾਨੀ ਜੀਵਨ ਜੀਵੇ ਤਾਂ ਕਿਸ ਤਰ੍ਹਾਂ ਦਾ ਹੋ ਸਕਦਾ ਹੈ। ਪ੍ਰਮਾਤਮਾ ਦਾ ਇਨਸਾਨੀ ਰੂਪ ਵਿਚ ਇਕ ਇਨਸਾਨ ਦੀ ਤਰ੍ਹਾਂ ਪਾਤਰਚਿਤਰਣ ਸਭ ਤੋਂ ਵਧੀਆ ਤਰੀਕੇ ਨਾਲ ਬਾਲਮੀਕ ਜੀ ਨੇ ਕੀਤਾ। ਤੁਲਸੀਦਾਸ ਨੇ ਵੀ ਇਸੇ ਰੰਗ ਵਿਚ ਰਾਮ ਦੀ ਕਹਾਣੀ ਰਮਾਇਣ ਲਿਖੀ ਹੈ। ਰਾਮ ਦਾ ਧਰਤੀ 'ਤੇ ਇਕ ਇਨਸਾਨ ਦੇ ਰੂਪ ਵਿਚ ਅਵਤਾਰ ਧਾਰਨਾ, ਇਨਸਾਨਾਂ ਵਾਂਗ ਬਚਪਨ ਬਿਤਾਉਣਾ, ਇਨਸਾਨੀ ਜੀਵਨ ਵਾਂਗ ਵਿਦਿਆ ਪ੍ਰਾਪਤ ਕਰਨੀ, ਗੁਰੂ ਧਾਰਨ ਕਰਨਾ ਆਦਿ ਸਾਰਾ ਕੁਝ ਲਿਖਿਆ ਹੈ। ਭਾਵੇਂ ਰਾਮ ਚੰਦਰ ਦਾ ਪਾਤਰ ਚਿਤਰਣ ਇਕ ਰਾਜੇ ਦੇ ਪੁਤਰ 'ਰਾਜ ਕੁਮਾਰ' ਦੇ ਰੂਪ ਵਿਚ ਕੀਤਾ ਹੈ, ਲੇਕਿਨ ਫਿਰ ਵੀ ਪੰਜ ਭੂਤਕ ਸਰੀਰ, ਇਨਸਾਨੀ ਸਰੀਰ ਦੇ ਵਿਚ ਇਸ ਧਰਤੀ 'ਤੇ ਇਨਸਾਨਾਂ ਵਾਂਗ ਵਿਚਰਨਾ ਰਾਮ ਵਾਸਤੇ ਵੀ ਦੁਨੀਆਵੀ ਮੁਸੀਬਤਾਂ ਦਾ ਕਾਰਨ ਬਣ ਜਾਂਦਾ ਹੈ। ਇਨਸਾਨਾਂ ਵਾਂਗ ਜ਼ਿੰਦਗੀ ਦੇ ਕਈ ਪਤਣ ਤਰਨੇ ਪਏ; ਬਨਵਾਸ ਕਟਣਾ ਪਿਆ; ਜੰਗਲਾਂ ਦੇ ਵਿਚ ਰਹਿਣਾ ਪਿਆ; ਬੜੇ-ਬੜੇ ਕੁਰਖ਼ਤ ਲੋਕਾਂ ਦੇ ਨਾਲ ਯੁੱਧ ਕਰਨੇ ਪਏ। ਇਹ ਸਾਰੀਆਂ ਦੁਖ-ਤਕਲੀਫ਼ਾਂ ਇਨਸਾਨੀ ਰੂਪ ਵਿਚ ਰਾਮ ਨੇ ਝਲੀਆਂ।

ਰਾਮਾਇਣ ਭਾਵੇਂ ਰਾਮ ਦੀ ਕਹਾਣੀ ਹੈ, ਭਾਵੇਂ ਰਬ ਦੀ ਕਹਾਣੀ ਹੈ ਲੇਕਿਨ ਫਿਰ ਵੀ ਇਸਨੂੰ ਧਰਮ ਗ੍ਰੰਥ ਆਖਣਾ ਹੋਵੇ ਤਾਂ ਵੀ ਇਸ ਦੀ ਇਕ ਇਨਸਾਨ ਨੇ ਹੀ ਰਚਨਾ ਕੀਤੀ ਹੈ। ਤੁਲਸੀਦਾਸ ਤੇ ਬਾਲਮੀਕ ਜੀ ਭਾਵੇ ਂ ਬਹੁਤ ਵਡੇ ਮਹਾਂ-ਪੁਰਖ ਹੋਏ ਹਨ, ਲੇਕਿਨ ਹਨ ਤਾਂ ਇਨਸਾਨ ਹੀ। ਸੰਪੂਰਨ ਸਚ ਤਾਂ ਸਿਰਫ਼ ਪ੍ਰਮਾਤਮਾ ਹੀ ਹੋ ਸਕਦਾ ਹੈ। ਇਨਸਾਨ ਦੇ ਕੋਲੋਂ ਸਚ ਲਿਖਦਿਆਂ ਵੀ ਕਈ ਵਾਰੀ ਅਜਿਹੀਆਂ ਗ਼ਲਤੀਆਂ ਹੋ ਜਾਂਦੀਆਂ ਹਨ ਜਿਹੜੀਆਂ ਆਪ ਦੀ ਆਲੋਚਨਾ ਆਪ ਹੀ ਕਰ ਜਾਂਦੀਆਂ ਹਨ। ਬਾਲੀ ਦਾ ਬਧ ਕਰਨ ਵਾਲੀ ਜਿਹੜੀ ਕਹਾਣੀ ਹੈ; ਜੇ ਰਾਮ ਸਚ " ਹੀ ਪ੍ਰਮਾਤਮਾ ਸੀ ਤਾਂ ਬਾਲੀ ਨੂੰ ਮਾਰਨ ਵਾਸਤੇ ਲੁਕ ਕੇ ਕਿਉਂ ਵਾਰ ਕਰਨਾ ਪਿਆ ? ਪ੍ਰਮਾਤਮਾ ਨੂੰ ਤਾਂ ਇਸ ਗਲ ਦੀ ਜਾਣਕਾਰੀ ਹੋਣੀ ਚਾਹੀਦੀ ਸੀ ਕਿ ਸੀਤਾ ਮਾਤਾ ਨੂੰ ਇਕਲਿਆਂ ਨਾ ਛਡਿਆ ਜਾਏ। ਕੋਈ ਖ਼ਤਰਾ ਹੋ ਸਕਦਾ ਹੈ; ਕੋਈ ਰਾਵਣ ਵਰਗਾ ਕੁਬੁਧਾ ਬੇਹੂਦਾ ਹਰਕਤ ਕਰ ਸਕਦਾ ਹੈ। ਜੇ ਪਤਾ ਹੀ ਨਹੀਂ ਲਗ ਸਕਿਆ ਤਾਂ ਫਿਰ ਪ੍ਰਮਾਤਮਾ ਤਾਂ ਸਰਵ-ਵਿਆਪੀ ਹੈ, ਸਭ ਕੁਝ ਜਾਣਦਾ ਹੈ, ਰਾਮ ਦਾ ਸੀਤਾ ਮਾਤਾ ਦੀ ਅਗਨੀ ਪ੍ਰੀਖਿਆ ਲੈਣਾ ਰਬ ਨੂੰ ਤਾਂ ਨਹੀਂ ਜਚਦਾ। ਰਾਮਾਇਣ ਬਾਰੇ ਅਸੀਂ ਸੰਖੇਪ ਰੂਪ ਵਿਚ ਆਖ ਸਕਦੇ ਹਾਂ ਕਿ ਸਚ ਜੀਵਨ ਦਾ ਏਨਾ ਵਡਾ ਰਹਸ ਹੈ, ਜ਼ਿੰਦਗੀ ਜੀਉਣ ਦੀ ਏਨੀ ਵਧੀਆ ਜੁਗਤੀ ਹੈ ਇਸ ਵਿਚ, ਜੇ ਪ੍ਰਮਾਤਮਾ ਨੂੰ ਇਨਸਾਨੀ ਜਾਮਾ ਪਹਿਨ ਕੇ ਧਰਤੀ 'ਤੇ ਆਉਣਾ ਪਵੇ ਤਾਂ ਉਹ ਇਸ ਜੁਗਤੀ ਦੇ ਨਾਲ, ਰਾਮਾਇਣ ਦੇ ਰਹਸ ਦੇ ਨਾਲ ਜ਼ਿੰਦਗੀ ਬਸਰ ਕਰਦਾ ਹੋਇਆਂ ਇਨਸਾਨੀ ਰੂਪ ਵਿਚ ਹੀ ਰਬ ਦੀ ਹੈਸੀਅਤ ਬਰਕਰਾਰ ਰਖ ਸਕਦਾ ਹੈ; ਰਾਮ ਦਾ ਅਸਤਿਤਵ ਬਰਕਰਾਰ ਰਖ ਸਕਦਾ ਹੈ। ਜੀਵਨ ਦੀਆਂ ਕਈ ਅਟਲ ਸਚਾਈਆਂ ਰਾਮਾਇਣ ਵਿਚੋਂ ਉੱਭਰ ਕੇ ਸਾਹਮਣੇ ਆਉਂਦੀਆਂ ਹਨ; ਜਿਵੇਂ ਰਾਜਾ ਜਨਕ ਇਕ ਦਿਨ ਸੁਪਨੇ ਵਿਚ ਅਬੜਵਾਹੇ ਉਠ ਖਲੋਇਆ ਤੇ ਆਪਣੀ ਰਾਣੀ ਨੂੰ ਜਗਾ ਕੇ ਕਹਿਣ ਲਗਾ ਕਿ 'ਮੈਨੂੰ ਬਹੁਤ ਭੈੜਾ ਸੁਪਨਾ ਆਇਆ ਹੈ, ਮੇਰਾ ਸਾਰਾ ਰਾਜ-ਭਾਗ ਜਾਂਦਾ ਰਿਹਾ, ਮੇਰੇ ਹਥ ਵਿਚ ਇਕ ਠੂਠਾ ਹੈ ਤੇ ਮੈਂ ਮੰਗਦਾ ਫਿਰਦਾ ਹਾਂ। ' ਰਾਣੀ ਨੇ ਸਹਿਜੇ ਹੀ ਉੱਤਰ ਦਿਤਾ ਕਿ 'ਹੇ ਰਾਜਨ ਨਾ ਤਾਂ ਇਹ ਤੇਰਾ ਸੁਪਨਾ ਹੀ ਸਚਾ ਹੈ, ਨਾ ਇਸ ਰਾਜ ਭਾਗ ਨੇ ਰਹਿਣਾ ਹੈ, ਨਾ ਹੀ ਕਿਸੇ ਸੁਪਨੇ ਨੇ ਰਹਿਣਾ ਹੈ। ' ਸਾਡਾ ਇਨਸਾਨੀ ਜੀਵਨ ਹੀ ਝੂਠ ਹੈ। ਇਸ ਦੀਆਂ ਸਾਰੀਆਂ ਮਲਕੀਅਤਾਂ, ਸਾਰੀ ਭਜ-ਦੌੜ ਹੀ ਇਕ ਸੁਪਨਾ ਹੈ। ਬਹੁਤ ਸਾਰੇ ਜ਼ਿੰਦਗੀ ਦੇ ਰਹਸ ਰਾਮਾਇਣ ਵਿਚੋਂ ਮਿਲਦੇ ਹਨ। ਰਾਮਾਇਣ ਇਕ ਐਸਾ ਮਹਾਂ-ਕਾਵਿ ਹੈ ਜਿਸਨੂੰ ਧਾਰਮਿਕ ਗ੍ਰੰਥਾਂ ਵਿਚ, ਉਪਨਿਸ਼ਦਾਂ ਵਿਚ, ਹਰ ਤਰ੍ਹਾਂ ਦੇ ਰਹਸਵਾਦੀ ਇਦਾਰਿਆਂ ਵਿਚ ਬਹੁਤ ਹੀ ਸਤਿਕਾਰ ਨਾਲ ਮੰਨਿਆ ਜਾਂਦਾ ਹੈ।


Academy of the Punjab in North America: http://www.apnaorg.com

# ਮਹਾਂਭਾਰਤ

ਮਹਾਂਭਾਰਤ ਵਿਚ ਦਸਿਆ ਗਿਆ ਹੈ ਕਿ ਦੁਨੀਆਂ ਸਚ ਧਰਮ ਦੇ ਸਿਰ 'ਤੇ ਖੜ੍ਹੀ ਹੈ। ਵੇਦਾਂ ਵਿਚ ਧਰਮ ਨੂੰ ਸੰਸਾਰਕ ਵਿਧੀ ਜਾਂ ਰਹੁ-ਰੀਤੀ ਜਾਂ ਕਰਮਾਂ ਤਕ ਹੀ ਸੀਮਤ ਰਖਿਆ ਗਿਆ, ਲੇਕਿਨ ਭਾਰਤੀ ਸਭਿਆਚਾਰ ਵਿਚ ਧਾਰਮਿਕ ਦੁਨੀਆਂ ਦੇ ਬਹੁਤ ਸਾਰੇ ਪੜਾਅ ਆਏ ਤਾਂ ਉਸ ਵਿਚ ਬ੍ਰਹਮਾ ਨੂੰ ਤਰਜੀਹ ਦਿਤੀ ਗਈ। ਰਾਜੇ ਮਹਾਰਾਜਿਆਂ ਨੂੰ ਬ੍ਰਹਮ ਦੇ ਰੂਪ ਵਿਚ ਦੇਖਿਆ ਗਿਆ, ਅਵਤਾਰਾਂ ਦੇ ਰੂਪ ਵਿਚ ਦੇਖਿਆ ਗਿਆ। ਰਾਮ ਤੇ ਭਗਵਾਨ ਕ੍ਰਿਸ਼ਨ ਰਾਜੇ ਵੀ ਸਨ ਤੇ ਭਗਵਾਨ ਵੀ ਸਨ, ਰਬ ਦਾ ਪ੍ਰਤੀਕ ਵੀ ਸਨ। ਮਹਾਂਭਾਰਤ ਦੀ ਗਲ ਕਰਨ ਤੋਂ ਪਹਿਲਾਂ, ਭੂਮਿਕਾ ਵਜੋਂ, ਸਾਨੂੰ ਹਿੰਦੂ ਧਰਮ ਦੇ ਬਾਰੇ ਕੁਝ ਗਲਾਂ ਸਪਸ਼ਟ ਕਰਨੀਆਂ ਜ਼ਰੂਰੀ ਬਣ ਜਾਂਦੀਆਂ ਹਨ।

'ਹਿੰਦੂ' ਲਫ਼ਜ਼ ਜੋ ਹੈ ਇਹ ਪੁਰਾਤਨ ਸਮੇਂ ਤੋਂ ਸਿੰਧੂ, ਸੰਧੂ, ਇੰਦੂ ਤੋਂ ਬਦਲਦਾ ਹੋਇਆ ਹਿੰਦੂ ਲਫ਼ਜ਼ ਦਾ ਰੂਪ ਧਾਰਨ ਕਰ ਗਿਆ। ਆਮ ਤੌਰ ਤੇ ਅਸੀਂ ਇਹ ਮੰਨ ਕੇ ਚਲਦੇ ਹਾਂ ਕਿ ਹਿੰਦੂ ਇਕ ਧਰਮ ਹੈ; ਇਹ ਹਿੰਦੂ ਲਫ਼ਜ਼ ਦੇ ਨਾਲ ਸਰਾਸਰ ਅਨਿਆਂ ਹੈ। ਮੁਸਲਮਾਨਾਂ ਨੇ ਜਦੋਂ ਭਾਰਤ 'ਤੇ ਆਪਣੇ ਪੈਰ ਜਮਾਉਣੇ ਸ਼ੁਰੂ ਕਰ ਦਿਤੇ, ਜਦੋਂ ਮੁਸਲਮਾਨਾਂ ਦਾ, ਇਸਲਾਮ ਦਾ ਟਕਰਾਅ ਸ਼ੁਰੂ ਹੋਇਆ, ਉਹ ਜਦੋਂ ਵੀ ਭਾਰਤੀ ਖੇਤਰ ਵਿਚ ਆਏ ਤਾਂ ਉਨ੍ਹਾਂ ਦੇ ਨਾਲ ਟਕਰਾਉਂਦਾ ਜੋ ਵੀ ਧਰਮ, ਜੋ ਇਸਲਾਮ ਧਰਮ ਨੂੰ ਨਹੀਂ ਮੰਨਦਾ ਸੀ, ਉਹ ਸਾਰੇ ਲੋਕ ਭਾਵੇਂ ਕਿਸੇ ਧਰਮ ਦੀ ਪਾਲਣਾ ਕਰਨ ਵਾਲੇ ਕਿਉਂ ਨਾ ਹੋਣ, ਹਿੰਦੂ ਗਿਣੇ ਜਾਂਦੇ ਸਨ। ਸਾਹਿਤਕ ਖੇਤਰ ਵਿਚ ਪਹਿਲੀ ਵਾਰ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿਚ ਹਿੰਦੁਸਤਾਨ ਲਫ਼ਜ਼ ਦਾ ਜ਼ਿਕਰ ਕੀਤਾ । ਹਿੰਦੁਸਤਾਨ, ਜਿਸ ਵਿਚ ਵੇਦਾਂ ਸ਼ਾਸਤਰਾਂ ਨੂੰ ਮੰਨਣ ਵਾਲੇ ਲੋਕ ਸ਼ਾਮਲ ਸਨ। ਦੇਵੀ ਦੇਵਤਿਆਂ ਦਾ ਵਿਰੋਧ ਕਰਨ ਵਾਲੇ, ਬ੍ਰਹਮਾ ਦਾ ਵਿਰੋਧ ਕਰਨ ਵਾਲੇ ਜੈਨ ਮਤ ਤੇ ਬੁਧ ਮਤ ਵੀ ਸਨ ਤੇ ਥੋੜ੍ਹੇ-ਘਣੇ ਯਹੂਦੀ (ਯੂਨਾਨੀ) ਵੀ ਸਨ । ਇਥੇ ਇਹ ਗਲ ਵਰਣਨਯੋਗ ਹੈ ਕਿ ਯਹੂਦੀ ਧਰਮ ਦੇ ਵਿਚੋਂ ਹੀ ਈਸਾਈਅਤ ਤੇ ਇਸਲਾਮ ਦਾ ਜਨਮ ਹੋਇਆ। ਸਾਰੇ ਦੇ ਸਾਰੇ ਜੋ ਹਿੰਦੋਸਤਾਨ ਦੀ ਧਰਤੀ 'ਤੇ ਜਾਂ ਇਸ ਤਰ੍ਹਾਂ ਕਹਿ ਲਵੋ ਜੋ ਭਾਰਤਵਾਸੀ ਸਨ, ਹਿੰਦੂ ਸਨ, ਉਹ ਭਾਵੇਂ ਜੈਨ ਮਤ ਦੇ ਧਾਰਨੀ ਹੋਣ, ਸਿਖ ਮਤ ਦੇ ਧਾਰਨੀ ਹੋਣ, ਉਹ ਹਿੰਦੂ ਸਨ। ਹਾਂ ਹਿੰਦੂ ਇਕ ਮਤ ਵੀ ਹੈ। ਇਸ ਦੇ ਜੇ ਅਰਥ ਕਰਨ ਦੀ ਕੋਸ਼ਿਸ਼ ਕਰੀਏ ਤਾਂ ਇਹ ਹਿੰਦੂ ਮਤ ਨੂੰ ਹੋਰ ਵੀ ਛੋਟਾ ਕਰ ਦਿੰਦੇ ਹਨ। ਹਿੰਦੂ ਮਤ ਵਿਚ ਜ਼ਾਤ ਵਰਣ ਜਾਂ ਕਿਸੇ ਆਸ਼ਰਮ ਨਾਲ ਸੰਬੰਧ ਰਖਣ ਵਾਲੇ ਪੁਰਸ਼ ਹੀ ਖ਼ਾਸ ਕਰਕੇ ਧਰਮੀ ਹੋ ਸਕਦੇ ਹਨ। ਚਾਰੋਂ ਵੇਦ ਅਤੇ ਉਪਨਿਸ਼ਦ ਹਿੰਦੂ ਧਰਮ ਦੇ ਮੋਢੀ ਗਿਣੇ ਜਾਂਦੇ ਹਨ; ਭਾਵੇਂ ਵੇਦਾਂ ਵਿਚ ਰਬ ਦਾ ਕੋਈ ਜ਼ਿਕਰ ਨਹੀਂ ਆਉਂਦਾ। ਹਾਂ ਇਹ ਗ੍ਰੰਥ ਧਰਮ ਦੇ ਸੋਮੇ ਜ਼ਰੂਰ ਹਨ। ਹਿੰਦੂ ਲਫ਼ਜ਼ ਦੀ ਵਿਆਖਿਆ ਥੋੜ੍ਹੇ ਲਫ਼ਜ਼ਾਂ ਵਿਚ ਕਰੀਏ ਤਾਂ ਆਖ ਸਕਦੇ ਹਾਂ ਕਿ ਇਹ ਕਿਸੇ ਦੇ ਵਤੇ ਜਾਂ ਕਿਸੇ ਇਕ ਧਾਰਮਕ ਗ੍ਰੰਥ ਜਾਂ ਕਿਸੇ ਧਾਰਮਿਕ ਬਾਨੀ ਦਾ ਨਾਂ ਨਹੀਂ ਹੈ। ਜੇ ਇਸ ਨੂੰ ਹਿੰਦੂ ਧਰਮ ਕਹੀਏ ਤਾਂ ਭਾਰਤ ਦੇ ਵਸਨੀਕਾਂ ਦੇ ਜੋ ਵੀ ਗ੍ਰੰਥ, ਵੇਦ ਹਨ, ਇਨ੍ਹਾਂ ਵਿਚ ਜੋ ਵਿਸ਼ਵਾਸ ਰਖਦੇ ਹਨ, ਉਹ ਹਿੰਦੂ ਮਤ ਦੇ ਧਾਰਨੀ ਹਨ।

ਮਹਾਂਭਾਰਤ ਇਕ ਐਸਾ ਗ੍ਰੰਥ ਹੈ ਜਿਸ ਨੂੰ ਦੁਨੀਆਂ ਦਾ ਸਭ ਤੋਂ ਵਡਾ ਗ੍ਰੰਥ ਕਿਹਾ ਜਾ ਸਕਦਾ ਹੈ। ਇਸ ਵਿਚ ਸੰਸਕ੍ਰਿਤ ਦੇ ਇਕ ਲਖ ਸ਼ਲੋਕ ਗਿਣੇ ਜਾਂਦੇ ਹਨ। ਮਹਾਂਭਾਰਤ ਦੇ ਰਚਨ ਵਾਲੇ ਮੁਨੀ ਵੇਦ ਵਿਆਸ ਮੰਨੇ ਗਏ ਹਨ। ਲੇਕਿਨ ਜੇ ਅਸੀਂ ਮਹਾਂਭਾਰਤ ਨੂੰ ਸਮੁਚੇ ਤੌਰ ਤੇ ਪੜ੍ਹ ਕੇ ਵੇਖੀਏ ਤਾਂ ਇਹ ਕਿਸੇ ਇਕ ਲੇਖਕ ਦੀ ਰਚਨਾ ਨਹੀਂ ਲਗਦੀ । ਵਖ-ਵਖ ਧਾਰਨਾਵਾਂ ਤੇ ਉਨ੍ਹਾਂ ਦੇ ਪ੍ਰਗਟਾਵੇ ਲਈ ਵਖ-ਵਖ ਤਰੀਕੇ, ਵਖ-ਵਖ ਇਤਿਹਾਸਕ ਜ਼ਿਕਰ, ਜੋ ਆਉਂਦੇ ਹਨ, ਉਨ੍ਹਾਂ ਨੂੰ ਮਦੇ ਨਜ਼ਰ ਰਖਦੇ ਹੋਏ ਮਹਾਂਭਾਰਤ ਦੀ ਜੋ ਰਚਨਾ ਹੈ, ਇਸ ਨੂੰ ਅਸੀਂ ਲਗਭਗ ਇਕ ਹਜ਼ਾਰ ਸਾਲ ਦੇ ਵਿਚ ਹੋਈ ਰਚਨਾ ਆਖ ਸਕਦੇ ਹਾਂ। ਇਹ ਸਮਾਂ **400-500** ਸਾਲ ਪੂਰਬ ਈ: ਤੋਂ ਲੈ


Academy of the Punjab in North America: http://www.apnaorg.com

ਕੇ 400-500 ਸਾਲ ਤਕ ਦੇ ਸਮੇਂ ਵਿਚ ਫੈਲਿਆ ਹੋਇਆ ਹੈ।

ਮਹਾਂਭਾਰਤ ਹਿੰਦੋਸਤਾਨ ਦੀ ਧਰਤੀ 'ਤੇ ਪਹਿਲਾ ਗ੍ਰੰਥ ਹੈ ਜਿਸ ਵਿਚ ਇਨਸਾਨ ਨੂੰ ਸਤ ਪੁਰਖ ਹੋਣ ਦੀ ਸਿਖਿਆ ਵੀ ਦਿਤੀ ਗਈ ਹੈ ਤੇ ਅਸਤ ਦੇ ਹਾਮੀ ਦੀ ਦੁਰਦਸ਼ਾ ਵੀ ਦਿਖਾਈ ਗਈ ਹੈ। ਇਹ ਪਹਿਲਾ ਗ੍ਰੰਥ ਹੈ ਜਿਸ ਵਿਚ ਸਚ ਤੇ ਝੂਠ ਦਾ ਯੁੱਧ ਹੋਇਆ। ਬਹੁਤ ਤਾਕਤਵਰ ਝੂਠ ਦਾ ਅੰਤ ਹੋਇਆ। ਸਚ ਭਾਵੇਂ ਬਹੁਤ ਸੀਮਤ ਸੀ ਲੇਕਿਨ ਆਖਿਰ ਸਚ ਦੀ ਜਿਤ ਹੋਈ। ਪੁਤਰ ਮੋਹ ਵਿਚ ਆ ਕੇ ਜਦੋਂ ਧ੍ਰਿਤਰਾਸ਼ਟਰ ਦੁਰਯੋਧਨ ਦੇ ਰੂਪ ਵਿਚ ਬੁਰਿਆਈ ਦਾ ਸਮਰਥਕ ਬਣਦਾ ਹੈ ਤਾਂ ਇਸ ਨੂੰ ਇਸ ਦੇ ਕੀ ਨਤੀਜੇ ਭੁਗਤਣੇ ਪਏ। ਇਸ ਨੂੰ ਬਹੁਤ ਹੀ ਖ਼ੂਬਸੂਰਤ ਸ਼ਲੋਕਾਂ ਵਿਚ ਲਿਖ ਕੇ ਦੁਨੀਆਂ ਦੇ ਸਾਹਮਣੇ ਮਿਸਾਲ ਦੇ ਤੌਰ 'ਤੇ ਰਖਿਆ ਹੈ। ਮਰਿਯਾਦਾ ਭੰਗ ਕਰਨ ਵਾਲਿਆਂ ਨੂੰ, ਭਾਵੇਂ ਉਹ ਜਿੰਨੇ ਮਰਜ਼ੀ ਵਡੇ ਰਾਜੇ ਮਹਾਰਾਜੇ ਹੋਣ, ਭਾਵੇਂ ਉਹ ਜਿੰਨੀ ਮਰਜ਼ੀ ਵਡੀ ਤਾਕਤ ਦੇ ਮਾਲਕ ਹੋਣ, ਭਾਵੇਂ ਉਨ੍ਹਾਂ ਦੇ ਮਗਰ ਵਡੀ ਤਾਕਤ ਭਾਵ ਭੀਸ਼ਮ ਵਰਗੇ ਬਹਾਦਰ, ਦਰੋਣਾਚਾਰਯ ਵਰਗਾ ਉਸਤਾਦ, ਕ੍ਰਿਪਾਚਾਰੀਆ ਵਰਗਾ ਗੁਰੂ ਤੇ ਹਰ ਤਰ੍ਹਾਂ ਦੀ ਸੈਨਾ ਹੋਵੇ; ਫਿਰ ਵੀ ਉਨ੍ਹਾਂ ਦੀ ਜਿਤ ਹੋਣੀ ਅਸੰਭਵ ਹੈ। ਸਚ ਦੇ ਮਗਰ ਪ੍ਰਮਾਤਮਾ ਆਪ ਖੜ੍ਹਦਾ ਹੈ। ਸਚ ਪ੍ਰਸਤ ਭਾਵੇਂ ਜਿੰਨੀ ਮਰਜ਼ੀ ਸੀਮਤ ਤਾਕਤ ਰਖਦੇ ਹੋਣ, ਉਹ ਆਪਣੇ ਵਿਸ਼ਵਾਸ ਦੇ ਸਿਰ 'ਤੇ ਜਿਤ ਪ੍ਰਾਪਤ ਕਰਦੇ ਹਨ।

ਮਹਾਂਭਾਰਤ ਵਿਚ ਇਹ ਤਰਕ ਜਗ੍ਹਾ ਜਗ੍ਹਾ ਆਇਆ ਹੈ ਕਿ ਇਨਸਾਨ ਨੂੰ ਗਲ ਕਰਨ ਤੋਂ ਪਹਿਲਾਂ ਸੋਚਣਾ ਜ਼ਰੂਰ ਚਾਹੀਦਾ ਹੈ। ਮਿਸਾਲ ਦੇ ਤੋਰ 'ਤੇ ਦਰੋਪਦੀ ਦੇ ਮੂੰਹ ਵਿਚੋਂ ਨਿਕਲੇ ਕੁਝ ਲਫ਼ਜ਼ ਉਸ ਨੂੰ ਏਨੇ ਮਹਿੰਗੇ ਪਏ ਕਿ ਉਹ ਲਫ਼ਜ਼ ਇਕ ਬਹੁਤ ਵਡੇ ਯੁੱਧ ਦਾ ਕਾਰਨ ਬਣ ਗਏ। ਮਹਾਂਭਾਰਤ ਵਿਚ ਜ਼ਿਕਰ ਆਉਂਦਾ ਹੈ ਕਿ ਪਾਂਡਵਾਂ ਨੇ ਇਕ ਮਹਿਲ ਬਣਵਾਇਆ। ਇਕ ਬਹੁਤ ਹੀ ਅਦਭੁਤ ਮਹਿਲ ਜਿਸ ਵਿਚ ਜੋ ਦਿਸਦਾ ਸੀ ਸਭ ਕੁਝ ਉਸ ਦੇ ਵਿਪਰੀਤ ਸੀ, ਸਭ ਕੁਝ ਉਸ ਦੇ ਉਲਟ ਸੀ। ਜਿਥੇ ਅਗਨੀ ਦਿਸਦੀ ਸੀ ਉਥੇ ਪਾਣੀ ਦਾ ਤਲਾਬ ਸੀ। ਜਿਥੇ ਰਸਤਾ ਦਿਸਦਾ ਸੀ ਉਥੇ ਕੰਧ ਸੀ, ਜਿਥੇ ਘਾਹ ਦਿਸਦਾ ਸੀ ਉਥੇ ਅਗਨੀ ਸੀ। ਕਹਿਣ ਤੋਂ ਭਾਵ ਹਰ ਚੀਜ਼ ਜੋ ਦਿਸਦੀ ਸੀ, ਅਸਲੀਅਤ ਉਸ ਦੇ ਉਲਟ ਸੀ। ਗ੍ਰਹਿ ਪ੍ਰਵੇਸ਼ ਕਰਾਉਣ ਲਗਿਆਂ ਸਾਰੇ ਰਾਜੇ ਮਹਾਰਾਜਿਆਂ ਨੂੰ ਸਦਾ ਦਿਤਾ ਗਿਆ। ਦੁਰਯੋਧਨ ਵੀ ਮਹਿਲ ਦੇਖਣ ਲਈ ਆਇਆ। ਜਦੋਂ ਦੁਰਯੋਧਨ ਉਸ ਮਹਿਲ ਦਾ ਨਿਰੀਖਣ ਕਰਨ ਲਗਾ ਤਾਂ ਜਦੋਂ ਉਹ ਰਸਤਾ ਦੇਖ ਕੇ ਪੈਰ ਧਰੇ ਤਾਂ ਪਾਣੀ ਵਿਚ ਡਿਗ ਜਾਵੇ, ਜਦੋਂ ਦੂਸਰੇ ਪਾਸੇ ਨੂੰ ਮੁੜੇ ਤਾਂ ਕਿਸੇ ਕੰਧ ਨਾਲ ਟਕਰਾ ਜਾਵੇ। ਦੂਰੋਂ ਦੇਖਦੀ ਦਰੋਪਦੀ ਦੇ ਮੂੰਹ ਵਿਚੋਂ ਇਹ ਲਫ਼ਜ਼ ਨਿਕਲੇ, 'ਅੰਨ੍ਹੇ ਦਾ ਪੁਤਰ ਅੰਨ੍ਹਾ। '

ਇਹ ਲਫ਼ਜ਼ ਕਾਹਦੇ ਦਰੋਪਦੀ ਦੇ ਮੂੰਹ ਵਿਚੋਂ ਨਿਕਲੇ, ਸਾਰਾ ਰਾਜ ਭਾਗ ਖੁਸ ਗਿਆ, ਬਸ ਉਸੇ ਦਰੋਪਦੀ ਨੂੰ ਭਰੇ ਦਰਬਾਰ ਵਿਚ ਵਾਲਾਂ ਤੋਂ ਫੜ ਕੇ ਘੜੀਸ ਕੇ ਲਿਆਂਦਾ ਗਿਆ। ਮਾਂ ਸਮਾਨ ਵਡੀ ਭਰਜਾਈ ਦੀ ਭਰੇ ਦਰਬਾਰ ਵਿਚ ਬੇਇਜ਼ਤੀ ਕੀਤੀ ਗਈ। ਇਥੋਂ ਤਕ ਜ਼ਿਕਰ ਆਉਂਦਾ ਹੈ ਕਿ ਉਸ ਦੇ ਸਾਰੇ ਵਸਤਰ ਉਤਾਰਨ ਦਾ ਵੀ ਯਤਨ ਕੀਤਾ ਗਿਆ। ਦਰੋਪਦੀ ਦੇ ਇਨ੍ਹਾਂ ਲਫ਼ਜ਼ਾਂ ਦਾ ਨਤੀਜਾ ਐਨੇ ਵਡੇ ਵੈਰ-ਵਿਰੋਧ ਵਿਚ ਬਦਲ ਗਿਆ ਕਿ ਦੁਨੀਆਂ ਦੇ ਸਭ ਤੋਂ ਵਡੇ ਯੁੱਧ ਦਾ ਕਾਰਨ ਬਣ ਗਏ। 'ਗੀਤਾ' ਦੇ ਮਹਾਂਭਾਰਤ ਦੇ ਵਿਚ ਹੀ ਕੁਝ ਅਧਿਆਇ ਹਨ, ਕੁਝ ਚੈਪਟਰ ਹਨ, ਜਿਨ੍ਹਾਂ ਨੂੰ ਗੀਤਾ ਜਾਂ ਭਗਵਤ ਗੀਤਾ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਭਗਵਤ ਗੀਤਾ ਦੇ ਅਰਥ (ਸ਼ਾਬਦਿਕ ਅਰਥ) ਹਨ - ਭਗਵਾਨ ਦੇ ਬੋਲ, ਭਗਵਾਨ ਦੇ ਗੀਤ, ਰਬ ਦੇ ਗੀਤ, ਰਬ ਦੀ ਸਿਖਿਆ ਆਦਿ। ਮਹਾਂਭਾਰਤ ਵਿਚ ਇਕ ਐਸਾ ਸਮਾਂ ਆਇਆ ਜਦੋਂ ਅਰਜਨ ਆਪਣੇ ਭਾਈਚਾਰੇ ਨੂੰ ਆਪਣੇ ਗੁਰੂ ਪੀਰਾਂ ਨੂੰ ਖ਼ਤਮ ਕਰਨ ਦੇ ਡਰ ਨਾਲ ਹਥਿਆਰ ਸੁਟ ਬੈਠਦਾ ਹੈ ਤੇ ਅਰਜਨ ਨੂੰ ਹਥਿਆਰ ਚੁਕਣ ਲਈ ਪ੍ਰੇਰਨਾ, ਜ਼ੁਲਮ ਦੇ ਖ਼ਿਲਾਫ਼ ਖੜ੍ਹਾ ਕਰਨਾ, ਉਸ ਨੂੰ ਆਪਣੇ ਫ਼ਰਜ਼ਾਂ ਤੋਂ ਜਾਣੂ ਕਰਵਾਉਣ ਦਾ ਸਿਰਫ਼ ਮੰਤਵ ਸੀ ਗੀਤਾ। ਇਨ੍ਹਾਂ ਸਾਰਿਆਂ ਵਿਚ ਸਰਲ ਪ੍ਰਕਾਰ ਦੀ ਸੰਸਕ੍ਰਿਤ ਵਿਚ ਭਗਵਾਨ ਕ੍ਰਿਸ਼ਨ ਤੇ ਅਰਜਨ ਵਿਚਕਾਰ ਵਾਰਤਾਲਾਪ ਦਾ ਵਰਨਣ ਹੈ।


Academy of the Punjab in North America: http://www.apnaorg.com

# ਜੈਨ ਮਤ

ਜੈਨ ਧਰਮ ਭਾਰਤ ਦੇ ਬਹੁਤ ਪੁਰਾਣੇ ਧਰਮਾਂ ਵਿਚ ਗਿਣਿਆ ਜਾਂਦਾ ਹੈ। ਬੁਧ ਧਰਮ ਤੋਂ ਚਿਰੋਕਣਾ ਪਹਿਲਾਂ ਹੋਂਦ ਵਿਚ ਆਇਆ। ਭਗਵਾਨ ਮਹਾਂਵੀਰ ਜੋ ਬੁਧ ਦੇ ਸਮਕਾਲੀ ਸਨ, ਉਹ ਜੈਨ ਮਤ ਦੇ **24**ਵੇਂ ਗੁਰੂ ਦੇ ਰੂਪ ਵਿਚ ਮੰਨੇ ਜਾਂਦੇ ਹਨ। ਮਤਲਬ ਤਕਰੀਬਨ-ਤਕਰੀਬਨ **10-15** ਸਦੀਆਂ ਪਹਿਲਾਂ ਇਹ ਧਰਮ ਚਾਲੂ ਹੋਇਆ। ਜੈਨ ਮਤ ਵਿਚ ਜੀਵ ਹਤਿਆ ਤੋਂ ਬਹੁਤ ਜ਼ਿਆਦਾ ਘਿਰਣਾ ਹੈ। ਕਿਸੇ ਵੀ ਤਰ੍ਹਾਂ ਜੀਵ ਜੰਤੂਆਂ ਨੂੰ ਮਾਰਨਾ ਜੈਨ ਮਤ ਵਿਚ ਵਰਜਿਤ ਹੈ। ਹਿੰਸਾ, ਝੂਠ ਨਾ ਬੋਲਣਾ ਤੇ ਚੋਰੀ ਨਾ ਕਰਨਾ ਬੁਰੇ ਕੰਮ ਨਾ ਕਰਨੇ, ਪੈਸਾ ਇਕਠਾ ਨਾ ਕਰਨਾ, ਇਹ ਸਭ ਜੈਨ ਮਤ ਦੀਆਂ ਵਿਸ਼ੇਸ਼ਤਾਈਆਂ ਹਨ। ਬੁਧ ਮਤ ਤੇ ਜੈਨ ਮਤ ਵਿਚ ਵੀ ਦੇਵੀ ਦੇਵਤਿਆਂ ਦਾ ਕੋਈ ਜ਼ਿਕਰ ਨਹੀਂ ਮਿਲਦਾ। ਬਲਕਿ ਦੇਵੀ-ਦੇਵਤਿਆਂ ਬਾਰੇ ਬੇ-ਵਿਸ਼ਵਾਸੀ ਪੈਦਾ ਕੀਤੀ ਗਈ ਹੈ ਕਿ ਦੇਵੀ- ਦੇਵਤੇ , ਪ੍ਰਮਾਤਮਾ ਸਭ ਬੇ-ਅਰਥ ਗਲਾਂ ਹਨ। ਇਨਸਾਨ ਦੇ ਅੰਦਰ ਹੀ ਪ੍ਰਮਾਤਮਾ ਹੈ। ਇਨਸਾਨ ਜੇ ਚੰਗਾ ਬਣ ਜਾਵੇ ਤਾਂ ਉਹ ਰਬ ਦਾ ਰੂਪ ਹੀ ਹੋ ਸਕਦਾ ਹੈ।

## ਬੁੱਧ ਧਰਮ

ਬੁਧ ਧਰਮ ਕਿਸੇ ਸਮੇਂ ਦਾ ਸਭ ਤੋਂ ਵਡਾ ਧਰਮ ਬਣ ਕੇ ਸਾਹਮਣੇ ਆਇਆ । ਗੌਤਮ ਬੁਧ ਦੇ ਉਪਦੇਸ਼ਾਂ ਨਾਲ ਇਸ ਦੀ ਆਰੰਭਤਾ ਹੋਈ। ਇਕ ਸਮਾਂ ਸੀ ਜਦੋਂ ਬੁਧ ਧਰਮ ਭਾਰਤ ਸਮੇਤ ਲੰਕਾ, ਵੀਅਤਨਾਮ, ਬਰਮਾ, ਕੋਰੀਆ, ਮੰਗੋਲੀਆ, ਕੰਬੋਡੀਆ, ਚੀਨ, ਰੂਸ, ਤਿਬਤ, ਮਧ ਏਸ਼ੀਆ, ਭੂਟਾਨ ਤੇ ਸਿਕਮ ਸਾਰੇ ਦੇ ਸਾਰੇ ਸਾਊਥ ਈਸਟ ਏਸ਼ੀਆ ਦਾ ਧਰਮ ਬਣ ਗਿਆ। ਇਹ ਗਲ ਠੀਕ ਹੈ ਕਿ ਅਜ-ਕਲ੍ਹ ਬੁਧ ਧਰਮ ਭਾਰਤ ਵਿਚ ਬਹੁਤ ਘਟ ਹੈ ਲੇਕਿਨ ਇਕ ਸਮਾਂ ਸੀ ਜਦੋਂ ਬੁਧ ਧਰਮ ਦੇ ਮੰਨਣ ਵਾਲਿਆਂ ਨੇ ਬੁਧ ਧਰਮ ਦੇ ਪ੍ਰਚਾਰਕਾਂ ਨੇ, ਹੜਪਾ ਤੇ ਮਹਿੰਜੋਦੜੋ ਦੀ ਸਭਿਅਤਾ ਤੋਂ ਬਾਅਦ ਪਹਿਲੀ ਵਾਰ ਸਕੂਲ ਖੁਲ੍ਹਵਾਏ। ਜਗ੍ਹਾ-ਜਗ੍ਹਾ ਤੇ ਸਰਾਵਾਂ ਬਣਵਾਈਆਂ ਤੇ ਜਗ੍ਹਾ ਜਗ੍ਹਾ ਤੇ ਪ੍ਰਚਾਰਕ ਭੇਜੇ। ਲੇਕਿਨ ਬੁਧ ਧਰਮ (ਮਤ) ਵਿਚ ਦੇਵੀ ਦੇਵਤਿਆਂ ਵਾਸਤੇ ਕੋਈ ਜਗ੍ਹਾ ਨਹੀਂ, ਬ੍ਰਹਮਾ ਵਾਸਤੇ ਕੋਈ ਜਗ੍ਹਾ ਨਹੀਂ, ਇਸ ਕਰਕੇ ਸਮੇਂ ਦੇ ਪੁਜਾਰੀ, ਪੰਡਤਾਂ ਨੇ ਬੁਧ ਧਰਮ ਨੂੰ ਖ਼ਤਮ ਕਰਨ ਲਈ ਸਿਰ ਧੜ ਦੀ ਬਾਜ਼ੀ ਲਾ ਦਿਤੀ। ਜੈਨੀ, ਹਿੰਦੂ ਧਰਮ ਵਿਚ ਹੀ ਆਣ ਰਲੇ ਤੇ ਹਿੰਦੂ ਧਰਮ ਦੀ ਸ਼ਾਖਾ ਦੇ ਤੌਰ 'ਤੇ ਆਪਣੀ ਪਹਿਚਾਣ ਅਪਣਾ ਲਈ। ਜੈਨ ਮਤ ਸਾਊਥ ਇੰਡੀਆ ਵਿਚ ਕਾਫ਼ੀ ਪ੍ਰਚਲਤ ਹੈ।

## ਯਹੂਦੀ ਧਰਮ

ਯਹੂਦੀ ਧਰਮ ਦੁਨੀਆਂ ਦਾ ਬਹੁਤ ਹੀ ਪੁਰਾਣਾ ਧਰਮ ਹੈ। ਈਸਾਈ ਤੇ ਇਸਲਾਮ ਧਰਮ ਯਹੂਦੀ ਧਾਰਮਿਕ ਪਰੰਪਰਾ ਵਿਚੋਂ ਹੀ ਪੈਦਾ ਹੋਏ। ਯਹੂਦੀ ਧਰਮ ਦੀ ਜੋ ਧਾਰਮਿਕ ਪੁਸਤਕ ਹੈ, ਉਹ 'ਬਾਈਬਲ' ਮੰਨੀ ਜਾਂਦੀ ਹੈ ਜਿਸ ਨੂੰ 'ਓਲਡ ਟੈਸਟਾਮੈਂਟ' ਆਖਦੇ ਹਨ। ਇਹ ਯਹੂਦੀਆਂ ਦੀ ਧਾਰਮਿਕ ਪੁਸਤਕ ਹੈ। ਬਾਅਦ ਵਿਚ ਈਸਾਈਆਂ ਨੇ ਨਿਊ ਟੈਸਟਾਮੈਂਟ ਤਹਿਤ ਆਪਣੀ ਨਵੀਂ ਬਾਈਬਲ ਲਿਖ ਲਈ। ਇਸਲਾਮ ਨੇ ਕੁਰਾਨ ਸ਼ਰੀਫ਼ ਰਾਹੀਂ ਨਵੇਂ ਧਰਮ ਦਾ ਆਗ਼ਾਜ਼ ਕੀਤਾ। ਕੁਰਾਨ ਇਕ ਬਹੁਤ ਹੀ ਸਿਖਿਆਦਾਇਕ ਪੁਸਤਕ ਹੈ। -ਵੀਂ ਸਦੀ ਵਿਚ ਪੈਦਾ ਹੋਏ ਹਜ਼ਰਤ ਮੁਹੰਮਦ ਸਾਹਿਬ ਜੋ ਮਕੇ ਵਿਚ ਪੈਦਾ ਹੋਏ, **630** ਈਸਵੀ ਵਿਚ ਮਦੀਨੇ ਵਿਚ ਸਵਰਗਵਾਸ ਹੋਏ, ਜਦੋਂ ਉਨ੍ਹਾਂ ਦੀ ਉਮਰ ਤਕਰੀਬਨ **40** ਸਾਲ ਦੀ ਸੀ। ਉਨ੍ਹਾਂ ਨੇ ਦਾਅਵਾ ਕੀਤਾ ਕਿ ਖ਼ੁਦਾ ਨੇ, ਅਲ੍ਹਾ ਨੇ ਆਪ ਉਨ੍ਹਾਂ ਦੇ ਵਿਚ ਬੈਠ ਕੇ ਕੁਰਾਨ ਸ਼ਰੀਫ਼ ਦੀ ਰਚਨਾ ਕਰਵਾਈ। ਸੰਪੂਰਨ ਧਾਰਮਕ ਪੁਸਤਕ ਦੇ ਤੌਰ ਤੇ ਇਸਲਾਮੀ ਸੰਸਾਰ ਨੂੰ ਮੁਖ਼ਾਤਿਬ ਕੀਤੀ। ਅਲ੍ਹਾ ਦੀ ਤਾਰੀਫ਼ ਵਿਚ ਹਜ਼ਰਤ ਮੁਹੰਮਦ ਸਾਹਿਬ ਲਿਖਦੇ ਹਨ ਕਿ ਇਸ ਸੰਸਾਰ ਵਿਚ ਅਲ੍ਹਾ ਹੀ ਸ਼ਕਤੀਸ਼ਾਲੀ ਹੈ; ਸਾਰੀਆਂ ਸ਼ਕਤੀਆਂ ਦਾ ਮਾਲਕ ਹੈ। ਅਲ੍ਹਾ ਦੋ ਜਹਾਨਾਂ ਦਾ ਮਾਲਕ ਤੇ ਰਾਜਾ ਹੈ।


Academy of the Punjab in North America: http://www.apnaorg.com

# ਸਿੱਖ ਧਰਮ

15ਵੀਂ ਸਦੀ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿਖ ਧਰਮ ਦੀ ਨੀਂਹ ਰਖੀ। ਸਿਖ ਦਾ ਸ਼ਾਬਦਿਕ ਅਰਥ 'ਧਰਮ ਦਾ ਵਿਦਿਆਰਥੀ' ਹੈ। ਧਰਮ ਭਾਵੇਂ ਜਿਹੜਾ ਮਰਜ਼ੀ ਹੋਵੇ। ਕਿਸੇ ਦਾ ਜੇ ਕੋਈ ਸਹੀ ਤੌਰ ਤੇ ਧਾਰਮਿਕ ਅਕੀਦਾ ਹੈ ਤਾਂ ਉਸ ਦਾ ਧਰਮ ਭਾਵੇਂ ਜਿਹੜਾ ਮਰਜ਼ੀ ਹੈ, ਉਹ ਆਪਣੇ ਆਪ ਨੂੰ ਗੁਰੂ ਨਾਨਕ ਦਾ ਸਿਖ ਅਖਵਾ ਸਕਦਾ ਹੈ। ਗੁਰਬਾਣੀ ਦਾ ਮਹਾਂਵਾਕ ਹੈ :

ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ, ਮਨ ਤਨ ਭਏ ਅਰੋਗਾ ॥

ਕੋਈ ਵੀ ਧਾਰਮਿਕ ਆਦਮੀ ਜੇ ਆਪਣੇ ਆਪ ਨੂੰ ਸਾਫ਼ ਸੁਥਰਾ ਸਵਛ ਕਰਕੇ ਕਿਸੇ ਵੀ ਧਰਮ ਦਾ ਪ੍ਰਮਾਤਮਾ ਦਾ, ਕਿਸੇ ਵੀ ਸ਼ਕਤੀ ਦਾ ਸਿਮਰਨ ਕਰਦਾ ਹੈ, ਸਤਿਕਾਰ ਕਰਦਾ ਹੈ, ਕਿਸੇ ਵੀ ਰਬ ਰੂਹ 'ਤੇ ਵਿਸ਼ਵਾਸ਼ ਕਰਦਾ ਹੈ ਤਾਂ ਉਹ ਸਿਖ ਹੈ, ਉਹ ਧਾਰਮਿਕ ਹੈ। ਸਿਖ ਧਰਮ ਦਾ ਧਾਰਮਿਕ ਗ੍ਰੰਥ--ਸ੍ਰੀ ਗੁਰੂ ਗ੍ਰੰਥ ਸਾਹਿਬ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ **1604** ਈਸਵੀ ਵਿਚ ਆਦਿ ਗ੍ਰੰਥ ਦਾ ਪ੍ਰਕਾਸ਼ ਕਰਵਾਇਆ ਸੀ। **1706** ਈਸਵੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਨੇ ਨੌਵੀਂ ਪਾਤਸ਼ਾਹੀ ਦੀ ਬਾਣੀ ਅੰਕਿਤ ਕਰਕੇ ਆਪਣੇ ਕਰ-ਕਮਲਾਂ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪੂਰਣਤਾ ਕਰਵਾਈ।

ਜਦੋਂ ਗੁਰੂ ਨਾਨਕ ਦੇਵ ਜੀ ਦੀ ਜੋਤ ਨੌਵਾਂ ਜਾਮਾ ਪਹਿਨ ਕੇ ਗੁਰੂ ਤੇਗ਼ ਬਹਾਦਰ ਜੀ ਦੇ ਰੂਪ 'ਚ ਪਹਿਲੀ ਵਾਰ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਪਹੁੰਚੀ ਤਾਂ ਨੌਵੇਂ ਪਿਤਾ ਗੁਰੂ ਤੇਗ਼ ਬਹਾਦਰ ਜੀ ਨੂੰ ਹਰਿਮੰਦਰ ਸਾਹਿਬ ਵਿਚ ਜਾਣ ਦੀ ਇਜਾਜ਼ਤ ਨਾ ਦਿਤੀ ਗਈ। ਗੁਰੂ ਨਾਨਕ ਦੇ ਚਲਾਏ ਸਿਖ ਧਰਮ ਵਿਚ ਗੁਰੂ ਨਾਨਕ ਦੇ ਨੌਵੇਂ ਜੋਤਿ ਸਰੂਪ ਨੂੰ ਸ੍ਰੀ ਦਰਬਾਰ ਸਾਹਿਬ ਅੰਦਰ ਜਾਣ ਦੀ ਇਜਾਜ਼ਤ ਨਾ ਮਿਲਣਾ ਬਹੁਤ ਹੀ ਅਜੀਬ ਮੋੜ ਸੀ। ਪਹਿਲਾ ਗੁਰਦੁਆਰਾ ਜਿਸ ਅਸਥਾਨ 'ਤੇ ਪਹਿਲੀ ਵਾਰੀ ਸ੍ਰੀ ਆਦਿ ਗ੍ਰੰਥ ਦਾ ਪ੍ਰਕਾਸ਼ ਹੋਇਆ, ਉਸ ਅਸਥਾਨ 'ਤੇ ਗੁਰੂ ਨਾਨਕ ਦੇਵ ਜੀ ਦੇ ਨੌਵੇਂ ਰੂਪ ਨੂੰ ਜਾਣ ਤੋਂ ਮਨ੍ਹਾ ਕਰਨਾ ਬਹੁਤ ਵਡੀ ਧਾਰਮਿਕ ਰੁਕਾਵਟ ਸਿਧ ਹੋਇਆ। ਉਹ ਵੀ ਉਸ ਸਰਬ-ਸਾਂਝੇ ਅਸਥਾਨ 'ਤੇ ਜਿਸ ਦੇ ਚਾਰੋਂ ਦਰਵਾਜ਼ੇ ਹਰ ਇਕ ਲਈ ਹਮੇਸ਼ਾਂ ਖੁਲ੍ਹੇ ਰਹਿਣ ਦਾ ਪ੍ਰਤੀਕ ਹੋਣ।

ਗੁਰੂ ਤੇਗ਼ ਬਹਾਦਰ ਜੀ ਪਿਤਾ ਪੁਰਖੀ, ਭਰਾਵਾਂ, ਭਤੀਜਿਆਂ ਵਿਚਕਾਰ ਕੀਰਤਪੁਰ ਸਾਹਿਬ ਵੀ ਬਹੁਤੀ ਦੇਰ ਨਾ ਰਹੇ। ਆਨੰਦਪੁਰ ਸਾਹਿਬ, ਉਹਨਾਂ ਨੇ ਚਕ ਨਾਨਕੀ ਦੇ ਨਾਂ ਨਾਲ ਵਸਾਇਆ। ਇਥੇ ਬੈਠ ਕੇ ਧੁਰ ਦਰਗਾਹੋਂ ਧੁਰ ਕੀ ਬਾਣੀ ਨੂੰ ਕਲਮਬੰਦ ਕੀਤਾ। ਫਿਰ ਦੇਸ਼ ਦੇ ਵਖ-ਵਖ ਹਿਸਿਆਂ ਦੇ ਵਿਚ ਜਾ ਕੇ ਆਮ ਲੋਕਾਂ ਨੂੰ ਮਿਲ ਕੇ ਲੋਕਾਂ ਦੇ ਨਾਲ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਸਾਂਝੀ ਕੀਤੀ। ਪਟਨਾ ਸਾਹਿਬ ਵਿਖੇ ਦਸ਼ਮੇਸ਼ ਪਿਤਾ ਨੇ ਗੋਬਿੰਦ ਰਾਏ ਦੇ ਰੂਪ ਵਿਚ ਅਵਤਾਰ ਧਾਰਿਆ ਤੇ ਉਸ ਤੋਂ ਬਾਅਦ ਫਿਰ ਨੌਵੇਂ ਗੁਰੂ ਜੀ ਜਲਦੀ ਹੀ ਆਨੰਦਪੁਰ ਸਾਹਿਬ ਵਾਪਸ ਪਰਤ ਕੇ ਗੁਰੂ ਨਾਨਕ ਦੀ ਗੁਰਗਦੀ ਤੇ ਬਿਰਾਜਮਾਨ ਰਹੇ। ਏਨੀ ਵਧੀਆ ਤਰੀਕੇ ਨਾਲ ਗੁਰਗਦੀ ਤੇ ਬਿਰਾਜਮਾਨ ਰਹੇ ਕਿ ਹਿੰਦੋਸਤਾਨ ਦੇ ਸਾਰੇ ਧਾਰਮਿਕ ਲੋਕਾਂ ਨੂੰ, ਸਾਰੀਆਂ ਧਾਰਮਿਕ ਪ੍ਰੰਪਰਾਵਾਂ ਨੂੰ ਇਹ ਪਤਾ ਚਲ ਗਿਆ ਕਿ ਆਨੰਦਪੁਰ ਸਾਹਿਬ ਵਿਚ ਗੁਰੂ ਨਾਨਕ ਦੇਵ ਜੀ ਦੀ ਜੋਤ ਬਿਰਾਜਮਾਨ ਹੈ।

ਜਦੋਂ ਪੰਡਿਤ ਲੋਕਾਂ ਨੂੰ ਇਸਲਾਮ ਦਾ ਜਬਰ ਸਹਿਣਾ ਪਿਆ ਤਾਂ ਭਾਰਤ ਦੀਆਂ ਵਖ-ਵਖ ਪਰੰਪਰਾਵਾਂ ਦੇ ਧਾਰਮਿਕ ਆਗੂ ਗੁਰੂ ਤੇਗ਼ ਬਹਾਦਰ ਜੀ ਦੇ ਕੋਲ ਪਹੁੰਚੇ ਤੇ ਮਿਲ ਬੈਠ ਕੇ ਧਰਮ ਨੂੰ ਬਚਾਉਣ ਦਾ ਮਤਾ ਪਕਾਇਆ। ਨੌਵੇਂ ਪਾਤਸ਼ਾਹ ਧਰਮ ਨੂੰ ਬਚਾਉਣ ਲਈ ਦਿਲੀ ਪਹੁੰਚੇ। ਲੇਕਿਨ ਸਮੇਂ ਦੀ ਹਕੂਮਤ ਦਾ ਏਨਾ ਜ਼ੋਰ ਕਿ ਗੁਰੂ ਨੂੰ ਵੀ ਹਥ ਪਾਉਣ ਤੋਂ ਗੁਰੇਜ਼ ਨਾ ਕੀਤਾ। 'ਸੀਸ ਦੀਆ ਪਰ ਸਿਰਰ ਨਾ ਦੀਆ ॥' ਧਰਮ ਨਹੀਂ ਹਾਰਿਆ। ਸੀਸ ਤੇ ਭਾਵੇਂ ਕਟਿਆ ਗਿਆ ਪੰਜ ਭੂਤਕ ਸਰੀਰ ਦਾ, ਲੇਕਿਨ ਉਸ ਸਮੇਂ ਦੀ ਹਕੂਮਤ ਨੂੰ ਇਹ ਕੀ ਪਤਾ ਸੀ ਕਿ ਇਸ


Academy of the Punjab in North America: http://www.apnaorg.com

ਪੰਜ ਭੂਤਕ ਸਰੀਰ ਵਿਚ ਜੋ ਜੋਤ ਬਿਰਾਜਮਾਨ ਹੈ ਉਸ ਜੋਤ ਦੀ ਤਾਂ ਕੋਈ ਰਾਜਾ ਮਹਾਰਾਜਾ, ਕੋਈ ਤਲਵਾਰ ਖ਼ਬਰਸਾਰ ਤਕ ਨਹੀਂ ਜਾਣਦੀ, ਇਸ ਜੋਤ ਤਕ ਪਹੁੰਚਣਾ ਤਾਂ ਇਕ ਪਾਸੇ ਰਿਹਾ। ਸ਼ਹਾਦਤ ਤੋਂ ਬਾਅਦ ਕਿਸੇ ਵੀ ਸਿਖ ਦਾ, ਕਿਸੇ ਵੀ ਹਿੰਦੋਸਤਾਨੀ ਦਾ, ਗੁਰੂ ਜੀ ਦੀ ਦੇਹ ਨੂੰ ਸਵੀਕਾਰਨ ਦਾ ਹੀਆ ਨਾ ਪਿਆ। ਤਲਵਾਰ ਨੇੜੇ ਕਿ ਰਬ। ਤਲਵਾਰ ਦੇ ਡਰ ਤੋਂ ਰਬ ਵਲੋਂ ਮੂੰਹ ਮੋੜਨ ਵਾਲੇ ਸਾਰੇ ਹਿੰਦੋਸਤਾਨੀ ਇਮਤਿਹਾਨ ਵਿਚੋਂ ਫੇਲ੍ਹ ਹੋ ਗਏ । ਤਾਂ ਹੀ ਤਾਂ ਗੋਬਿੰਦ ਰਾਏ ਜੀ ਨੂੰ, ਜਿਨ੍ਹਾਂ ਦੀ ਉਮਰ ਉਸ ਵੇਲੇ **1675** ਈ. ਨੂੰ ਸਿਰਫ਼ ਨੌਵੇਂ ਸਾਲ ਦੀ ਸੀ, ਬਹੁਤ ਸੋਚ ਵਿਚਾਰ ਕੇ ਸਿਖ ਦਾ ਇਕ ਐਸਾ ਸਰੂਪ ਤਿਆਰ ਕਰਨਾ ਪਿਆ ਜਿਹੜਾ ਸਰੂਪ ਕਿਸੇ ਵੀ ਇਮਤਿਹਾਨ ਦੇ ਵਿਚ ਫੇਲ੍ਹ ਨਾ ਹੋਵੇ। ਸੀਰਤ ਤੇ ਸੂਰਤ ਦੀ ਲੋੜ 9ਵੇਂ ਪਾਤਸ਼ਾਹ ਦੀ ਸ਼ਹਾਦਤ ਤੋਂ ਬਾਅਦ ਮਹਿਸੂਸ ਹੋਈ। ਇਸੇ ਲਈ ਖ਼ਾਲਸਾ ਸਾਜਣਾ ਪਿਆ ਤੇ ਖ਼ਾਲਸੇ ਵਿਚ ਗੁਰੂ ਸਾਹਿਬ ਦਾ ਆਪ ਸਮਾਅ ਜਾਣਾ, ਖ਼ਾਲਸੇ ਦਾ ਅਮਰ ਹੋ ਜਾਣਾ, ਸੀਰਤ ਤੇ ਸੂਰਤ ਵਿਚ ਇਕ ਵਖਰਾ ਪਰਿਵਰਤਨ ਹੋਇਆ, ਜਾ ਇੰਞ ਕਹੋਕਿ ਗੁਰ ਨਾਨਕ ਦੇਵ ਜੀ ਨੂੰ ਗੁਰੂ ਮੰਨਣ ਵਾਲੇ ਗੁਰੂ ਨਾਨਕ ਦੇਵ ਜੀ ਨੂੰ ਨਿਰੰਕਾਰ ਦੀ ਜੋਤ ਮੰਨਣ ਵਾਲੇ, ਗੁਰ ਸਿਖ ਦੀ ਜੋ ਸੂਰਤ ਬਣੀ, ਉਸ ਸੂਰਤ ਵਾਲਾ ਵਿਅਕਤੀ, ਖ਼ਾਲਸਾ ਸਰੂਪ, ਆਪਣਾ ਮੂੰਹ ਛਿਪਾਵੇ ਤਾਂ ਕਿਸ ਤਰ੍ਹਾਂ ਛਿਪਾਵੇ।

ਦੁਨੀਆਂ ਦੇ ਵਿਚ ਜੋ ਵੀ ਜਨਮ ਲੈਂਦਾ ਹੈ ਉਸ ਦਾ ਕੋਈ ਅੰਤ ਵੀ ਹੁੰਦਾ ਹੈ। ਲੇਕਿਨ ਖ਼ਾਲਸਾ **1699** ਈਸਵੀ ਦੇ ਵਿਚ ਜਨਮਿਆ, ਬਲਕਿ ਪ੍ਰਗਟਿਆ ਲਿਖੀਏ ਤਾਂ ਜ਼ਿਆਦਾ ਵਧੀਆ ਰਹੇਗਾ। ਹਰ ਇਕ ਚੀਜ਼ ਤੇ ਹਰ ਇਕ ਜੀਵ ਜੋ ਬਣਦਾ ਹੈ ਉਸ ਦਾ ਕੋਈ ਮਧਕਾਲ ਤੇ ਕੋਈ ਅੰਤਕਾਲ ਜ਼ਰੂਰ ਹੁੰਦਾ ਹੈ, ਲੇਕਿਨ ਰਹਿੰਦੀ ਦੁਨੀਆਂ ਤਕ ਖ਼ਾਲਸੇ ਦੇ ਜਨਮ ਦਾ ਕਦੀ ਮਧਕਾਲ ਤੇ ਕੋਈ ਅੰਤਕਾਲ ਨਹੀਂ ਹੋਵੇਗਾ। ਜਦ ਸਰੂਪ ਪ੍ਰਗਟ ਹੋ ਗਿਆ, ਸੀਰਤ ਵੀ ਸੀ ਤੇ ਸੂਰਤ ਵੀ ਸੀ। ਜਦੋਂ ਖ਼ਾਲਸੇ ਦੀ ਸਥਾਪਨਾ ਹੋਈ ਤਾਂ ਗੁਰੂ ਨਾਨਕ ਦੇਵ ਜੀ ਦੇ ਜੋਗੁਰ-ਪੀਰ ਸ਼ਬਦ ਸਨ ਉਹ ਵੀ ਮੌਜੂਦ ਸਨ, ਸ਼ਬਦ ਗੁਰੂ ਮੌਜੂਦ ਸੀ ਤੇ ਗੁਰੂ ਗੋਬਿੰਦ ਸਿੰਘ ਜੀ ਦੀ 'ਜਾਨ ਕੀ ਜਾਨ' 'ਪਿੰਡ ਪ੍ਰਾਣ' ਖ਼ਾਲਸਾ ਵੀ ਮੌਜੂਦ ਸੀ। ਤਾਂ ਫਿਰ ਇਸ ਹਾਲ ਵਿਚ ਇਸ ਉਚਾਈ ਤੇ ਪਹੁੰਚ ਕੇ ਜਦੋਂ ਰਸਤਾ ਵੀ ਹੋਵੇ ਤੇ ਰਸਤੇ ਓਤੇ ਚਲਣ ਵਾਲੇ ਵੀ ਹੋਣ, ਉਥੇ ਹੋਰ ਕਿਸੇ ਵਿਅਕਤੀ ਵਿਸ਼ੇਸ਼ ਦੀ ਲੋੜ ਨਹੀਂ ਰਹਿ ਜਾਂਦੀ ਜਾਂ ਇਸ ਤਰ੍ਹਾਂ ਕਹੋ ਕਿ ਜਦੋਂ ਗੁਰਬਾਣੀ ਮੌਜੂਦ ਸੀ, ਗੁਰਬਾਣੀ ਨੂੰ ਮੰਨਣ ਵਾਲੇ ਗੁਰੂ ਨਾਨਕ ਦੇਵ ਜੀ ਦੇ ਰਸਤੇ 'ਤੇ ਚਲਣ ਵਾਲੇ ਖ਼ਾਲਸਾ ਸਰੂਪ ਮੌਜੂਦ ਸਨ, ਸੀਰਤ ਵੀ ਮੌਜੂਦ ਸੀ ਤੇ ਸੂਰਤ ਵੀ ਮੌਜੂਦ ਸੀ ਤਾਂ ਫਿਰ ਹੋਰ ਕਿਸੇ ਪੰਜ ਭੂਤਕ ਗੁਰੂ ਦੀ ਜ਼ਰੂਰਤ ਹੀ ਨਹੀਂ ਰਹਿ ਜਾਂਦੀ। ਖ਼ਾਲਸਾ ਗੁਰੂ ਹੈ ਗੁਰੂ ਖ਼ਾਲਸਾ ਹੈ। ਖ਼ਾਲਸਾ ਗੁਰੂ ਦਾ ਰੂਪ ਹੈ, ਗੁਰੂ ਦਾ ਪਿੰਡ ਪ੍ਰਾਣ ਹੈ : ਗੁਰੂ ਦੀ ਜਾਨ ਕੀ ਜਾਨ ਹੈ। ਖ਼ਾਲਸੇ ਦਾ ਜੋ ਇਸ਼ਟ ਹੈ ਉਹ ਸ਼ਬਦ ਗੁਰੂ ਹੈ ਤਾਂ ਫਿਰ ਧਰਮ ਦੀ ਪ੍ਰੀਭਾਸ਼ਾ ਹੋਰ ਕਿਵੇਂ ਹੋਵੇ। ਜਦੋਂ ਧਾਰਮਿਕ ਬਾਣੀ ਹੈ ਤੇ ਬਾਣੀ ਨੂੰ ਪੜ੍ਹਨ ਵਾਲੇ, ਸੁਣਨ ਵਾਲੇ ਤੇ ਮੰਨਣ ਵਾਲੇ ਮੌਜੂਦ ਹਨ ਤਾਂ ਇਹੋ ਜਿਹੇ ਪ੍ਰਪਕ ਨੂੰ ਹੋਰ ਸੋਧਣ ਜਾਂ ਪ੍ਰੇਰਨ ਦੀ ਕੋਈ ਗੁੰਜਾਇਸ਼ ਨਹੀਂ ਰਹਿ ਜਾਂਦੀ। ਬਾਕੀ ਸਾਰੇ ਗੁਰੂ ਸਾਹਿਬਾਨ ਹਲੀਮੀ ਨਾਲ, ਨਿਮਰਤਾ ਨਾਲ ਸਭ ਕੁਝ ਦਸਣ ਦਾ ਯਤਨ ਕਰਦੇ ਰਹੇ। ਇਨਸਾਨ ਨੂੰ ਨਿਮਾਣੇ ਬਣ ਕੇ ਇਨਸਾਨੀਅਤ ਦਾ ਰਸਤਾ ਦਸਦੇ ਰਹੇ। ਲੇਕਿਨ ਗੁਰੂ ਗੋਬਿੰਦ ਸਿੰਘ ਜੀ ਨੇ ਆਪਣਾ ਫ਼ਰਜ਼ ਸਮਝਿਆ ਕਿ ਹੁਕਮ ਕੀਤਾ ਜਾਵੇ-- 'ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ। ' ਮੁਕਦੀ ਗਲ ਸਿਖ ਧਰਮ ਗੁਰੂ ਨਾਨਕ ਦੇਵ ਜੀ ਦੇ ਕਰ-ਕਮਲਾਂ ਨਾਲ ਸ਼ੁਰੂ ਹੋਇਆ। ਸਿਖ ਧਰਮ ਦਾ ਮੂਲ ਮੰਤਰ ਗੁਰਬਾਣੀ ਹੈ। ਸਿਖ ਧਰਮ ਦਾ ਇਸ਼ਟ ਗੁਰੂ ਗ੍ਰੰਥ ਸਾਹਿਬ ਹੈ। ਸਿਖ ਧਰਮ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਚਾਨਣ ਮੁਨਾਰਾ ਮਾਰਗ ਦਰਸ਼ਕ ਮੰਨ ਕੇ ਚਲਦਾ ਹੈ। ਸਿਖ ਧਰਮ ਦਾ ਧਾਰਮਿਕ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਸੰਪੂਰਨ ਗ੍ਰੰਥ ਹੈ ਤੇ ਸਿਖ ਦੀ ਸੂਰਤ ਵੀ ਸੰਪੂਰਨ ਹੈ ਤਾਂ ਫਿਰ ਹੋਰ ਕਿਸੇ ਦਲੀਲ ਦੀ ਕੋਈ ਜ਼ਰੂਰਤ ਨਹੀਂ ਰਹਿ ਜਾਂਦੀ ਕੇ ਸਿਖ ਧਰਮ ਇਕ ਵਖਰਾ ਧਰਮ ਹੈ।


Academy of the Punjab in North America: http://www.apnaorg.com

# ਸੂਰਤ ਤੇ ਸੀਰਤ

ਅਧਿਆਤਮਕ ਗਲਾਂ, ਅਧਿਆਤਮ ਚਰਚਾ ਤੇ ਅਧਿਆਤਮ ਕਾਇਦੇ ਕਾਨੂੰਨ ਇਨਸਾਨ ਨੂੰ ਦਸਣ ਦੀ ਕੋਸ਼ਿਸ਼ ਕਰਦੇ ਹਨ ਕਿ ਹਰ ਧਰਮ ਦੇ ਜੀਵਨ ਨੂੰ ਸਾਫ਼ ਸੁਥਰਾ ਬਣਾਉਣ ਲਈ ਵਖੋ-ਵਖਰੇ ਢੰਗ ਤਰੀਕੇ ਹਨ। ਕਿਸੇ ਨੇ ਕਿਧਰੇ ਦੀਆਂ ਕਰਾਮਾਤੀ ਸ਼ਕਤੀਆ ਨਾਲ ਡਰਾ ਕੇ, ਕਿਸੇ ਨੇ ਮਹਾ-ਪੁਰਖਾਂ ਦਾ ਪਾਤਰ ਚਿਤਰਣ ਕਰਕੇ, ਕਿਸੇ ਨੇ ਰਾਜਿਆਂ ਮਹਾਰਾਜਿਆਂ ਨੂੰ ਆਦਰਸ਼ਕ ਚਿੰਨ੍ਹ ਬਣਾ ਕੇ ਅਤੇ ਗੁਰੂ ਨਾਨਕ ਨੇ ਸ਼ਬਦ ਨੂੰ ਗੁਰੂ ਬਣਾ ਕੇ, ਜੋ ਧਾਰਮਿਕ ਸਚਾਈਆਂ ਹਨ, ਧਰਮ ਦੀ ਜੋ ਮਹਾਨਤਾ ਹੈ, ਧਰਮ ਦੇ ਕਾਨੂੰਨ ਹਨ, ਲਛਣ ਹਨ; ਉਨ੍ਹਾਂ ਦੀ ਗਲ ਕੀਤੀ ਹੈ। ਇਨਸਾਨ ਲਈ ਵਖ ਵਖ ਢੰਗ ਤਰੀਕਿਆਂ ਦੇ ਨਾਲ ਵਖ-ਵਖ ਧਰਮਾਂ ਨੇ ਪ੍ਰਭੂ ਦੀ ਪ੍ਰਾਪਤੀ ਦੇ ਦਾਓ-ਪੇਚ ਲਿਖੇ

ਗੁਰੂ ਨਾਨਕ ਦੇਵ ਜੀ ਨੇ ਸ਼ਬਦ ਸ਼ਕਤੀ ਦਾ ਪ੍ਰਯੋਗ ਕਰਕੇ 'ਸ਼ਬਦ ਗੁਰੂ ਸੁਰਤਿ ਧੁਨਿ ਚੇਲਾ' ਆਖ ਕੇ ਸ਼ਬਦ ਨੂੰ, ਸ਼ਾਬਦਿਕ ਵਿਧੀ ਨੂੰ ਸਭ ਤੋਂ ਵਧੀਆ ਵਿਧੀ ਕਿਹਾ ਤੇ ਸ਼ਬਦ ਰਾਹੀਂ ਸੰਸਾਰ ਨੂੰ ਸਿਧੇ ਰਸਤੇ, ਪ੍ਰਮਾਤਮਾ ਦੇ ਰਸਤੇ ਤੋਰਨ ਦਾ ਯਤਨ ਕੀਤਾ। ਹਰ ਧਰਮ ਦਾ ਢੰਗ-ਤਰੀਕਾ ਵਖਰਾ ਸੀ। ਕਿਸੇ ਨੇ ਕੋਈ ਦੇਵੀ ਦੇਵਤੇ ਕਿਸੇ ਨੇ ਕੋਈ ਰਾਜੇ, ਲੇਕਿਨ ਹਰ ਇਕ ਧਰਮ ਨੇ ਉਸ ਦੀ ਪ੍ਰਸੰਸਾ ਕਰਦਿਆਂ ਇਨਸਾਨਾਂ ਨੂੰ ਇਕ ਦੇ ਲੜ ਲਗਣ ਦੀ ਪ੍ਰੇਰਨਾ ਕੀਤੀ। ਇਹ ਜੋ ਪ੍ਰੇਰਨਾ ਹੈ, ਇਹ ਜੋ ਧਾਰਮਿਕ ਸਚਾਈਆਂ ਹਨ, ਭਾਵੇਂ ਕਿਸੇ ਵੀ ਧਰਮ ਦੀਆਂ ਹੋਣ, ਇਨ੍ਹਾਂ ਸਚਾਈਆਂ ਨੂੰ ਧਰਮ ਦੀ ਰੀੜ੍ਹ ਦੀ ਹਡੀ ਕਿਹਾ ਜਾ ਸਕਦਾ ਹੈ, ਕੇਂਦਰੀ ਭਾਵ ਕਿਹਾ ਜਾ ਸਕਦਾ ਹੈ। ਇਹ ਜੋ ਧਾਰਮਿਕ ਸਿਖਿਆ ਹੈ, ਧਾਰਮਿਕ ਵਿਧੀਆਂ ਹਨ, ਇਹ ਧਰਮ ਦੀ ਪ੍ਰੀਭਾਸ਼ਾ ਹੈ। ਲੇਕਿਨ ਨਾਲ ਦੇ ਨਾਲ ਧਰਮ ਦੀ ਪ੍ਰੀਭਾਸ਼ਾ ਕਰਦਿਆਂ ਸਾਰੇ ਧਰਮਾਂ ਨੇ ਕਿਸੇ ਨਾ ਕਿਸੇ ਰੂਪ ਵਿਚ ਉਸ ਦਾ ਪਾਤਰ ਚਿਤਰਣ ਕਰਨ ਦਾ ਯਤਨ ਕੀਤਾ ਹੈ। ਸਾਰੇ ਧਰਮਾਂ ਵਿਚ ਕੋਈ ਨਾ ਕੋਈ ਐਸੀ ਮਿਸਾਲ ਹੈ ਜਦ ਕਿਸੇ ਨਾ ਕਿਸੇ ਨੂੰ ਆਪਣਾ ਰਬ ਜਾਣ ਕੇ ਮੰਨਿਆ ਹੈ।

ਭਾਰਤੀ ਸੰਸਕ੍ਰਿਤੀ ਵਿਚ ਜਿੰਨੇ ਵੀ ਧਰਮ ਚਲੇ ਹਨ, ਆਪਣੇ ਆਪਣੇ ਸਾਰੇ ਧਰਮਾਂ, ਸਾਰੇ ਮਤਾਂ, ਸਾਰੇ ਦਰਸ਼ਨਾਂ ਵਿਚ ਤਕਰੀਬਨ ਤਕਰੀਬਨ ਸਾਰੇ ਧਾਰਮਿਕ ਗ੍ਰੰਥਾਂ ਵੇਦਾਂ, ਸ਼ਾਸਤਰਾਂ, ਉਪਨਿਸ਼ਦਾਂ, ਰਾਮਾਇਣ, ਮਹਾਂਭਾਰਤ, ਗੀਤਾ, ਬੁਧ ਮਤ, ਜੈਨ ਮਤ ਅਤੇ ਯਹੂਦੀ ਮਤ ਵਿਚ, ਜਿਸ ਵਿਚੋਂ ਇਸਲਾਮ ਧਰਮ ਜਨਮਿਆਂ, ਇਨ੍ਹਾਂ ਦੀ ਚਰਚਾ ਕਰਦੇ ਹੋਏ, ਗਲ ਸਿਖ ਧਰਮ ਤੇ ਆ ਕੇ ਰੁਕੀ। ਇਹ ਸਾਰੀ ਟਿਪਣੀ ਇਹ ਸਾਰੀ ਚਰਚਾ ਇਸ ਕਰਕੇ ਕੀਤੀ ਹੈ ਕਿਉਂਕਿ ਧਾਰਮਿਕ ਦੁਨੀਆਂ ਦਾ ਇਰਾਦਾ, ਧਾਰਮਿਕ ਦੁਨੀਆਂ ਦਾ ਨਿਸ਼ਾਨਾਂ ਤੇ ਧਾਰਮਿਕ ਸੇਧ ਤਾਂ ਸਾਰੀ ਦੁਨੀਆਂ ਦੇ ਧਾਰਮਿਕ ਲੋਕਾਂ ਦੀ ਇਕੋ ਜਿਹੀ ਹੀ ਹੁੰਦੀ ਹੈ।

ਜੇ ਕਿਸੇ ਵਿਅਕਤੀ ਨੇ ਕਿਸੇ ਵੀ ਧਰਮ ਦੀ ਚਰਚਾ ਕਰਨੀ ਹੋਵੇ ਭਾਵੇਂ ਉਹ ਕਿਸੇ ਵੀ ਧਰਮ ਦਾ ਧਾਰਨੀ ਕਿਉਂ ਨਾ ਹੋਵੇ ਲੇਕਿਨ ਜੇ ਉਸ ਨੇ ਧਾਰਮਿਕ ਰਹਸ ਦਾ ਰਸ ਮਾਨਣਾ ਹੈ ਤਾਂ ਉਸ ਨੂੰ ਧਾਰਮਿਕ ਦੁਨੀਆਂ ਦੇ ਸਮਕਾਲੀ ਜਾਂ ਇਤਿਹਾਸ ਵਿਚਲੇ ਬਾਕੀ ਪੰਨਿਆਂ ਨੂੰ ਪਰਤ ਕੇ ਵੇਖਣਾ ਪਵੇਗਾ। ਕਿਉਂਕਿ ਅਸੀਂ ਜਿੰਨਾ ਚਿਰ ਬਾਕੀ ਸਾਰੇ ਧਰਮਾਂ ਬਾਰੇ ਨਹੀਂ ਜਾਣ ਲੈਂਦੇ ਤਾਂ ਓਨਾ ਚਿਰ ਇਹ ਪਤਾ ਨਹੀਂ ਲਗ ਸਕਦਾ ਕਿ ਅੰਦਰ ਕੀ ਹੈ, ਯਥਾਰਥ ਕੀ ਹੈ। ਮਿਸਾਲ ਦੇ ਤੌਰ 'ਤੇ ਜੇ ਮੈਂ ਸਿਖ ਹਾਂ, ਸਾਡੇ ਦਾਦੇ-ਪੜਦਾਦੇ ਗੁਰੂ ਨਾਨਕ ਦੇਵ ਜੀ ਦੇ ਸਿਖ ਸਨ, ਜੇ ਅਸੀਂ ਸਿਖ ਧਰਮ ਦੀ ਗਲ ਕਰਨਾ ਚਾਹੁੰਦੇ ਹਾਂ, ਸਿਖ ਧਰਮ ਦੇ ਧਾਰਨੀ ਹਾਂ, ਸਿਖ ਧਰਮ ਹੀ ਸਾਡਾ ਸਭ ਕੁਝ ਹੈ। ਲੇਕਿਨ ਜੇ ਅਸੀਂ ਸਿਖ ਧਰਮ ਦੀ ਆਲੋਚਨਾਤਮਕ ਗਲ ਕਰਨੀ ਹੈ ਤਾਂ ਸਾਨੂੰ ਬਾਕੀ ਸਾਰੇ ਧਰਮਾਂ 'ਤੇ ਵੀ, ਭਾਵੇਂ ਪੰਛੀ ਝਾਤ ਨਜ਼ਰ ਹੀ ਮਾਰੀਏ, ਜ਼ਰੂਰ ਵਾਕਫ਼ੀਅਤ ਹੋਣੀ ਚਾਹੀਦੀ ਹੈ। ਇਸ ਲਈ ਅਸੀਂ ਪਹਿਲੇ ਪੰਨਿਆਂ ਵਿਚ ਸਮੁਚੇ ਧਾਰਮਿਕ ਜਗਤ 'ਤੇ ਥੋੜ੍ਹੀ ਬਹੁਤ ਨਜ਼ਰ ਮਾਰਨ ਦੀ ਕੋਸ਼ਿਸ਼ ਕੀਤੀ ਹੈ।


Academy of the Punjab in North America: http://www.apnaorg.com

ਇਤਿਹਾਸ ਬੀਤ ਗਈ ਕਹਾਣੀ ਹੋਇਆ ਕਰਦਾ ਹੈ। ਬੀਤ ਗਏ ਸਮੇਂ ਨੂੰ ਇਤਿਹਾਸ ਆਖਦੇ ਹਨ, ਲੇਕਿਨ ਬੀਤ ਗਏ ਨੂੰ ਯਾਦ ਕਰਕੇ, ਜੋ ਉਸ ਵਿਚ ਸਹੀ ਬੀਤਿਆ, ਉਸ ਦਾ ਗਿਆਨ ਸਾਨੂੰ ਮਿਲਦਾ ਹੈ ਤੇ ਜੋ ਕੁਝ ਸਹੀ ਨਹੀਂ ਬੀਤਿਆ ਜਾਂ ਜਿਸ ਗਲ ਦਾ ਸਾਡੇ ਪੁਰਾਤਨ ਪਿਤਾ-ਪੁਰਖੀ ਗ੍ਰੰਥਾਂ, ਸਾਡੇ ਵਿਦਵਾਨਾਂ, ਸਾਡੇ ਨਕੜ ਦਾਦਿਆਂ ਦੇ ਕੋਲੋਂ ਜੋ ਗਾਹੇ-ਬਗਾਹੇ ਤਰੁਟੀਆਂ ਰਹਿ ਗਈਆਂ ਹੋਣ ਜਾਂ ਇੰਝ ਕਹੋ ਕਿ ਕੁਝ ਅੰਧ ਵਿਸ਼ਵਾਸ਼ ਹੋ ਗਿਆ ਹੋਵੇ ਜਾਂ ਕੋਈ ਗ਼ਲਤੀਆਂ ਹੋ ਗਈਆਂ ਹੋਣ, ਇਤਿਹਾਸ ਪੜ੍ਹ ਕੇ ਸਾਨੂੰ ਉਨ੍ਹਾਂ ਬਾਰੇ ਪਤਾ ਚਲ ਜਾਂਦਾ ਹੈ ਤੇ ਅਸੀਂ ਉਹ ਗ਼ਲਤੀਆਂ ਭਵਿਖ ਵਿਚ ਕਰਨ ਤੋਂ ਗੁਰੇਜ਼ ਕਰਦੇ ਹਾਂ। ਆਪਣੇ ਧਰਮ ਦੇ ਅਨੁਯਾਈ ਹੋਣਾ, ਆਪਣੇ ਧਰਮ ਦਾ ਸਮਰਥਨ ਕਰਨਾ, ਸਤਿਕਾਰ ਕਰਨਾ ਬਹੁਤ ਵਧੀਆ ਗਲ ਹੈ। ਕਿਸੇ ਵੀ ਧਰਮ ਦਾ ਕੋਈ ਅਨੁਯਾਈ ਹੋਵੇ, ਉਸ ਵਿਅਕਤੀ ਨੂੰ ਅਸੀਂ ਸਤਿਕਾਰ ਭੇਟ ਕਰਦੇ ਹਾਂ, ਲੇਕਿਨ ਨਾਲ ਦੇ ਨਾਲ ਜੇ ਬਾਕੀ ਧਰਮਾਂ ਬਾਰੇ ਵੀ ਉਸ ਨੂੰ ਕੋਈ ਗਿਆਨ ਹੋਵੇ ਤਾਂ ਉਹ ਬਹੁਤ ਵਡਿਆਈ ਦੀ ਗਲ ਹੈ, ਸਿਫ਼ਤ ਦੀ ਗਲ ਹੈ ਇਨਸਾਨ ਹਮੇਸ਼ਾਂ, ਮੁਢ ਕਦੀਮ ਤੋਂ ਹੀ ਧਾਰਮਿਕ ਰਿਹਾ ਹੈ। ਇਨਸਾਨ ਆਖਦੇ ਹੀ ਤਾਂ ਹਨ, ਇਨਸਾਨ ਲਫ਼ਜ਼ ਹੀ ਤਾਂ ਬਣਿਆ ਕਿਉਂਕਿ ਇਨਸਾਨ ਵਿਚ ਇਨਸਾਨੀਅਤ ਹੈ। ਜਿਸ ਦਿਨ ਤੋਂ ਵੀ ਇਨਸਾਨ ਨੂੰ ਇਨਸਾਨ ਕਿਹਾ ਗਿਆ, ਬਸ ਉਸੇ ਦਿਨ ਤੋਂ ਇਨਸਾਨ ਵਿਚ ਇਨਸਾਨੀਅਤ ਜ਼ਰੂਰ ਸੀ। ਧਾਰਮਿਕ ਹੈ ਇਨਸਾਨ, ਜੇ ਧਾਰਮਿਕ ਨਹੀਂ ਤਾਂ ਉਹ ਇਨਸਾਨ ਨਹੀਂ ਹੋ ਸਕਦਾ। ਜਿੰਨਾ ਵੀ ਕੋਈ ਆਦਮੀ ਇਨਸਾਨੀਅਤ ਤੋਂ ਦੂਰ ਹੋਵੇਗਾ ਉਹ ਹੈਵਾਨੀਅਤ ਦੇ ਓਨਾ ਹੀ ਕਰੀਬ ਹੁੰਦਾ ਜਾਵੇਗਾ। ਅਸਲ ਵਿਚ ਧਾਰਮਿਕ ਹੋਣਾ ਹੀ ਤਾਂ ਇਨਸਾਨੀਅਤ ਹੈ ਤੇ ਇਨਸਾਨੀਅਤ ਹੀ ਧਰਮ ਹੈ; ਤੇ ਜੇ ਅਸੀਂ ਧਰਮ ਦੀ ਗਲ ਕਰਦੇ ਹੋਏ ਇਨਸਾਨੀਅਤ ਦੀ ਗਲ ਵੀ ਨਾਲੋਂ-ਨਾਲ ਕਰੀਏ; ਧਾਰਮਿਕ ਇਤਿਹਾਸ ਪੜ੍ਹਦਿਆਂ, ਧਾਰਮਿਕ ਗਲ ਕਰਦਿਆਂ, ਜੇ ਅਸੀਂ ਇਨਸਾਨ ਤੇ ਇਨਸਾਨੀਅਤ ਦੇ ਇਤਿਹਾਸ ਦੇ ਪੰਨੇ ਪਰਤਦੇ ਹਾਂ ਤਾਂ ਇਸ ਬਾਰੇ ਕੁਝ ਲਭਾਂਗੇ, ਜੇ ਸਾਨੂੰ ਵਿਸ਼ਵਾਸ ਹੈ ਤਾਂ ਹੀ, ਜੇ ਵਿਸ਼ਵਾਸ ਨਹੀਂ ਤਾਂ ਕੁਝ ਵੀ ਨਹੀਂ। ਵਿਸ਼ਵਾਸ ਇਕ ਐਸੀ ਸਟੇਜ ਹੈ, ਇਕ ਐਸੀ ਚੀਜ਼ ਹੈ, ਜੇ ਥੋੜ੍ਹੀ ਜਿਹੀ ਵੀ ਘਟ ਹੈ ਤਾਂ ਉਸ ਦੇ ਕੋਈ ਅਰਥ ਨਹੀਂ ਨਿਕਲਦੇ। ਵਿਸ਼ਵਾਸ ਹੈ ਤਾਂ ਪੂਰਨ ਵਿਸ਼ਵਾਸ ਹੈ, ਤਾਂ ਹੀ ਉਹ ਵਿਸ਼ਵਾਸ ਬਣਦਾ ਹੈ। 99 ਪ੍ਰਤੀਸ਼ਤ ਵਿਸ਼ਵਾਸ ਦੇ ਕੋਈ ਮਾਅਨੇ ਨਹੀਂ ਹੁੰਦੇ। ਜੇ ਕਿਸੇ ਤੇ ਵਿਸ਼ਵਾਸ ਹੋਵੇ ਤਾਂ ਹੀ ਤਾਂ ਅਸੀਂ ਉਸ ਤੋਂ ਕੋਈ ਉਮੀਦ ਰਖਦੇ ਹਾਂ ਸਾਨੂੰ ਕੋਈ ਆਸ ਬਝਦੀ ਹੈ। ਸਾਨੂੰ ਕੁਝ ਅਸੂਲ ਮਿਲਦੇ ਹਨ। ਸਾਡਾ ਕੁਝ ਕਰਨ ਨੂੰ ਦਿਲ ਕਰਦਾ ਹੈ। ਵਿਚਾਰਾਂ ਕਰਨ ਨੂੰ ਦਿਲ ਕਰਦਾ ਹੈ। ਜੇ ਵਿਸ਼ਵਾਸ ਨਹੀਂ ਹੈ ਤਾਂ ਫਿਰ ਉਹ ਸਭ ਕੁਝ ਹੀ ਨਹੀਂ ਹੈ।

ਧਰਮ ਇਨਸਾਨਾਂ ਅਤੇ ਇਨਸਾਨੀਅਤ ਦੇ ਰਸਤੇ ਦੀ ਗਲ ਕਰਦਾ ਹੈ। ਧਰਮ ਅਤੇ ਧਾਰਮਿਕ ਕਦਰਾਂ-ਕੀਮਤਾਂ ਇਨਸਾਨ ਨੂੰ ਹਮੇਸ਼ਾਂ ਸਾਹਿਤਕ ਤੇ ਕਲਾਤਮਕ ਪ੍ਰੇਰਨਾ ਵੀ ਦਿੰਦੀਆਂ ਹਨ। ਸਾਹਿਤ ਅਤੇ ਧਰਮ ਦਾ ਅਨਿਖੜਵਾਂ ਰਿਸ਼ਤਾ ਹੈ, ਸ਼ਬਦ ਦਾ ਤੇ ਧਰਮ ਦਾ ਬਹੁਤ ਹੀ ਗੂੜ੍ਹਾ ਰਿਸ਼ਤਾ ਹੈ। ਅਸਲ ਸ਼ਕਤੀ ਜੋ ਇਨਸਾਨ ਨੂੰ ਬਾਕੀ ਸਾਰੇ ਜੀਵਾਂ ਤੋਂ ਜ਼ਿਆਦਾ ਸ਼ਕਤੀਸ਼ਾਲੀ ਬਣਾਉਂਦੀ ਹੈ ਉਹ 'ਸ਼ਬਦ' ਦੀ ਸ਼ਕਤੀ ਹੈ।

ਸਰੀਰਕ ਤੌਰ 'ਤੇ ਬਹੁਤ ਸਾਰੇ ਜਾਨਵਰ ਇਨਸਾਨ ਤੋਂ ਕਿਤੇ ਵਧ ਤਾਕਤਵਰ ਹੁੰਦੇ ਹਨ ਲੇਕਿਨ ਸ਼ਬਦ ਦੀ ਸ਼ਕਤੀ ਹੋਣ ਕਰਕੇ ਇਨਸਾਨ ਸਾਰੇ ਜੀਵਾਂ 'ਤੇ ਹਾਵੀ ਹੋ ਜਾਂਦਾ ਹੈ। ਸਾਰੇ ਜੀਵਾਂ ਨੂੰ ਆਪਣੇ ਵਸ ਵਿਚ ਕਰ ਸਕਣ ਦੀ ਸਮਰਥਾ ਰਖਦਾ ਹੈ। ਜੋ ਧਾਰਮਿਕ ਖ਼ਿਆਲ ਹਨ, ਜੋ ਧਾਰਮਿਕ ਸੋਚ ਹੈ ਉਸ ਦੇ ਅਸਰ ਨਾਲ ਆਪਣੇ ਆਪਣੇ ਧਰਮ ਦੀ ਧਾਰਮਿਕ ਗਲ ਕਰਨ ਵਾਲੇ ਵਿਅਕਤੀ ਲਈ, ਧਾਰਮਿਕ ਸੋਚ ਰਖਣ ਵਾਲੇ ਵਿਅਕਤੀ ਲਈ, ਧਾਰਮਿਕ ਪ੍ਰਚਾਰਕ ਲਈ ਇਹ ਬਹੁਤ ਜ਼ਰੂਰੀ ਹੈ ਕਿ ਉਹ ਆਪਣੇ ਧਰਮ ਦੇ ਨਾਲ ਨਾਲ ਬਾਕੀ ਧਰਮਾਂ ਦੀ ਵਾਕਫ਼ੀਅਤ ਵੀ ਰਖਦਾ ਹੋਵੇ। ਕੋਈ ਵੀ ਧਾਰਮਿਕ ਵਿਅਕਤੀ ਜੇ ਤਾਂ ਉਹ ਧਰਮੀ ਹੈ, ਸਹੀ ਰੂਪ ਵਿਚ ਧਰਮੀ ਹੈ ਤਾਂ ਉਹ ਬਾਕੀ ਦੇ ਜੋ ਧਰਮ ਹਨ, ਉਨ੍ਹਾਂ ਦਾ ਜ਼ਰੂਰ ਅਧਿਐਨ ਕਰੇਗਾ। ਉਨ੍ਹਾਂ ਦਾ ਜਦ ਗਿਆਨ ਪ੍ਰਾਪਤ ਕਰਨ ਦੀ ਕੋਸ਼ਿਸ਼


Academy of the Punjab in North America: http://www.apnaorg.com

ਕਰੇਗਾ ਤਾਂ ਧਾਰਮਿਕ ਦੁਨੀਆਂ ਦੇ ਕਾਇਦੇ-ਕਾਨੂੰਨ ਅਨੁਸਾਰ ਧਾਰਮਿਕ ਵਜੂਦ ਵਿਚ ਰਹਿਣ ਲਈ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਦੂਸਰੇ ਧਰਮਾਂ ਨੂੰ ਪੜ੍ਹਦਿਆਂ ਜਾਂ ਦੂਸਰੇ ਧਰਮਾਂ ਦੀ ਮਿਸਾਲ ਦਿੰਦਿਆਂ, ਗਲ ਕਰਦਿਆਂ ਧਰਮੀ ਲੋਕ ਕਦੇ ਵੀ ਸਤਿਕਾਰ ਕਰਨ ਤੋਂ ਗੁਰੇਜ਼ ਨਹੀਂ ਕਰਨਗੇ।

ਦੂਸਰੇ ਧਰਮ ਦਾ ਅਧਿਐਨ ਅਸੀਂ ਤਾਂ ਹੀ ਕਰ ਸਕਦੇ ਹਾਂ, ਦੂਸਰੇ ਧਰਮਾਂ ਦੇ ਵਿਚੋਂ ਅਸੀਂ ਤਾਂ ਹੀ ਕੁਝ ਸਿਖ ਸਕਦੇ ਹਾਂ, ਦੂਸਰੇ ਧਰਮਾਂ ਦੀ ਅਸੀਂ ਗਲ ਹੀ ਤਾਂ ਕਰ ਸਕਦੇ ਹਾਂ ਜੇ ਸਾਡੇ ਦਿਲ ਵਿਚ ਧਾਰਮਿਕ ਦੁਨੀਆਂ ਦਾ ਸਤਿਕਾਰ ਹੈ। ਹਮਦਰਦੀ ਤੇ ਸਤਿਕਾਰ ਦੇ ਨਾਲ, ਨਿਰਪਖ ਹੋ ਕੇ ਜੇ ਕੋਈ ਗਲ ਕਰਾਂਗੇ, ਤਾਂ ਹੀ ਤਾਂ ਉਹ ਧਾਰਮਿਕ ਗਲ ਹੋਵੇਗੀ। ਜਦੋਂ ਅਸੀਂ ਦੂਜੇ ਧਰਮਾਂ ਬਾਰੇ ਪੜ੍ਹਦੇ ਹਾਂ ਤਾਂ ਦੂਸਰੇ ਧਰਮ ਨੂੰ ਪੜ੍ਹਦਿਆਂ ਵੀ ਆਪਣੇ ਧਰਮ ਦੀ ਵੀ ਸਮਝ ਸਾਨੂੰ ਵਧੀਆ ਲਗਦੀ ਹੈ। ਇਨਸਾਨੀਅਤ ਦੇ ਧਾਰਮਿਕ ਪਿਛੋਕੜ ਵਲ ਝਾਤ ਮਾਰਦਿਆਂ ਸਾਡੀ ਧਾਰਮਿਕ ਦੁਨੀਆਂ ਦੇ ਨਾਲ ਨੇੜਤਾ ਵਧਦੀ ਹੈ। ਅਜ ਕਲ੍ਹ ਤਾਂ ਦੁਨੀਆਂ ਏਨੀ ਕਰੀਬ ਹੁੰਦੀ ਜਾ ਰਹੀ ਹੈ, ਭੂਗੋਲਿਕ ਤੌਰ 'ਤੇ ਏਨੀ ਛੋਟੀ ਲਗ ਰਹੀ ਹੈ ਕਿ ਇਹ ਧਰਤੀ ਜਿਸ 'ਤੇ ਇਨਸਾਨ ਵਸਦਾ ਹੈ, **10-12** ਘੰਟਿਆਂ ਵਿਚ ਇਕ ਜਗ੍ਹਾ ਤੋਂ ਜਿਸ ਮਰਜ਼ੀ ਹੋਰ ਜਗ੍ਹਾ 'ਤੇ ਜਾਇਆ ਜਾ ਸਕਦਾ ਹੈ। ਇਕ ਦੇਸ਼ ਦੀ ਦੂਸਰੇ ਦੇਸ਼ਾਂ ਦੇ ਨਾਲ, ਇਕ ਕੌਮ ਦੀ ਦੂਸਰੀਆਂ ਕੌਮਾਂ ਨਾਲ, ਇਕ ਧਰਮ ਦੀ ਦੂਸਰੇ ਧਰਮਾਂ ਨਾਲ ਏਨੀ ਜ਼ਿਆਦਾ ਇਕ ਦੂਜੇ 'ਤੇ ਨਿਰਭਰਤਾ, ਏਨੀ ਜ਼ਿਆਦਾ ਇਕ ਦੂਜੇ ਦੀ ਲੋੜ ਹੋ ਗਈ ਹੈ ਕਿ ਕੋਈ ਵੀ ਘਟਨਾ, ਕੋਈ ਵੀ ਮਹਤਵਪੂਰਨ ਗਲ ਦੁਨੀਆਂ ਦੇ ਕਿਸੇ ਵੀ ਹਿਸੇ ਵਿਚ ਕਿਉਂ ਨਾ ਵਾਪਰੀ ਹੋਵੇ, ਉਹ ਜਿੰਨੀ ਜ਼ਿਆਦਾ ਮਹਤਵਪੂਰਨ ਹੈ, ਦੁਨੀਆਂ ਦੇ ਬਾਕੀ ਹਿਸਿਆਂ ਵਿਚ ਉਸ ਦਾ ਓਨਾ ਹੀ ਜ਼ਿਆਦਾ ਅਸਰ ਪਵੇਗਾ। ਸਮੇਂ ਦੀ ਲੋੜ ਹੈ ਕਿ ਇਨਸਾਨ ਵਿਤਕਰੇ ਛਡ ਕੇ ਕੌਮਾਂ, ਨਸਲਾਂ, ਰਸਮਾਂ ਰਿਵਾਜ਼ਾਂ, ਰੰਗ ਰੂਪ ਤੇ ਧਰਮ ਦੇ ਵਿਤਕਰਿਆਂ ਨੂੰ ਛਡ ਕੇ ਆਪਸ ਦੇ ਵਿਚ ਪਿਆਰ ਨਾਲ ਰਹੇ। ਰਲ-ਬੈਠ ਕੇ ਮਿਲ ਕੇ ਰਹਿਣਾ ਜੇ ਸਾਨੂੰ ਆ ਜਾਏ ਤਾਂ ਬਹੁਤ ਮੁਸ਼ਕਲਾਂ ਹਲ ਹੋ ਸਕਦੀਆਂ ਹਨ। ਬਹੁਤ ਦੁਖ ਦੂਰ ਹੋ ਸਕਦੇ ਹਨ। ਮਿਲਾਪ ਵਿਚ ਸੁਖ ਹੈ, ਟਕਰਾਓ ਵਿਚ ਦਰਦ ਹੈ, ਦੁਖ ਹੈ। ਹਰ ਧਰਮ ਦੁਖਾਂ ਤੋਂ ਛੁਟਕਾਰਾ ਪਾਉਣਾ ਅਤੇ ਸੁਖਾਂ ਦੀ ਪ੍ਰਾਪਤੀ ਦੀ ਗਲ ਕਰਦਾ ਹੈ ਤਾਂ ਫਿਰ ਕਿਉਂ ਨਾ ਮਿਲਾਪ ਕਰੀਏ। ਜੇ ਦਰਦ ਮਿਲਦਾ ਹੈ ਟਕਰਾਓ ਵਿਚ, ਫਿਰ ਟਕਰਾਓ ਕਰਨ ਦੀ ਕੀ ਲੋੜ ਹੈ। ਹਾਂ ਸਾਨੂੰ, ਹਰ ਇਨਸਾਨ ਨੂੰ ਇਹ ਸਮਝ ਹੋਣੀ ਚਾਹੀਦੀ ਹੈ ਕਿ ਆਪਣੀ ਸਿਫਤ ਕਰਨਾ ਆਪਣੇ ਧਰਮ ਦੀ ਸਿਫਤ ਕਰਨਾ ਤੇ ਹੋਰ ਕਿਸੇ ਦੀ ਜਾਂ ਹੋਰ ਕਿਸੇ ਧਰਮ ਦੀ ਨਿਖੇਧੀ ਕਰਨਾ ਇਹ ਤਾਂ ਧਾਰਮਿਕ ਕਿਰਿਆ ਹੋ ਹੀ ਨਹੀਂ ਸਕਦੀ। ਧਰਮ ਕਿਸੇ ਦੀ ਨਿਖੇਧੀ ਕਿਉਂ ਕਰੇਗਾ।

ਹਰ ਇਕ ਇਨਸਾਨ ਦਾ ਇਹ ਹਕ ਬਣਦਾ ਹੈ, ਹਰ ਇਕ ਇਨਸਾਨ ਦਾ ਇਹ ਮੌਲਿਕ ਅਧਿਕਾਰ ਬਣਦਾ ਹੈ ਕਿ ਉਹ ਜਿਸ ਮਰਜ਼ੀ ਧਾਰਮਿਕ ਵਿਚਾਰਧਾਰਾ ਵਾਲਾ ਹੋਵੇ, ਲੇਕਿਨ ਜੇ ਕੋਈ ਧਰਮੀ ਹੈ ਤਾਂ ਫਿਰ ਉਹ ਗ਼ਲਤ ਕਿਵੇਂ ਹੋ ਸਕਦਾ ਹੈ। ਅਸੀਂ ਪੁਰਾਤਨ ਇਤਿਹਾਸ ਵਿਚ, ਇਨਸਾਨ ਦੇ ਇਤਿਹਾਸ ਵਿਚ ਜੋ ਟਕਰਾਓ ਕੀਤੇ ਹਨ, ਨਤੀਜੇ ਵਜੋਂ ਜੋ ਦੁਖ ਭੋਗੇ ਹਨ, ਉਨ੍ਹਾਂ ਤੋਂ ਸਾਨੂੰ ਕੁਝ ਸਿਖਣਾ ਚਾਹੀਦਾ ਹੈ, ਉਨ੍ਹਾਂ ਤੋਂ ਸਾਨੂੰ ਕੁਝ ਰੌਸ਼ਨੀ ਮਿਲਣੀ ਚਾਹੀਦੀ ਹੈ। ਮਿਲ ਬੈਠਣ ਨਾਲ ਹੀ ਸੁਖ ਸ਼ਾਤੀ ਹੈ, ਆਪਸੀ ਪਿਆਰ ਤੇ ਸਤਿਕਾਰ ਵਿਚ ਹੀ ਸੁਖ ਹੈ। ਜੇ ਗਲ ਹੀ ਸਾਰੇ ਧਰਮ ਇਕ ਦੀ ਕਰਦੇ ਹਨ ਫਿਰ ਕਿਉਂ ਨਾ ਰਲ-ਬੈਠ ਕੇ ਬਸ ਇਕ ਹੀ ਹੋ ਜਾਈਏ। ਉਸ ਇਕ ਦੀ ਗਲ ਕਰੀਏ, ਉਸ ਇਕ ਦਾ ਸਤਿਕਾਰ ਕਰੀਏ, ਟਕਰਾਓ ਖ਼ਤਮ ਹੋ ਜਾਏ ਤਾਂ ਸਾਰੇ ਦਰਦ ਦੂਰ ਹੋ ਜਾਣ। ਸੁਖ ਮਿਲ ਜਾਏ, ਇਨਸਾਨ ਧੰਨ ਹੋ ਜਾਏ, ਇਨਸਾਨ ਧਰਮੀ ਹੋ ਜਾਏ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਕਰ-ਕਮਲਾਂ ਨਾਲ ਚਲਾਏ ਗਏ ਸਿਖ ਧਰਮ ਦੀ ਗਲ ਕਰੀਏ ! ਦੁਨੀਆਂ ਵਿਚ ਧਰਮ ਤਾਂ ਚਿਰੋਕਣੇ ਮੌਜੂਦ ਸਨ ਬਲਕਿ ਇਨਸਾਨ ਤੇ ਇਨਸਾਨੀਅਤ ਦਾ ਜਨਮ ਹੀ ਇਕਠਿਆਂ ਹੋਇਆ।


Academy of the Punjab in North America: http://www.apnaorg.com

ਇਨਸਾਨ ਇਨਸਾਨ ਹੈ ਜੇ ਉਸ ਵਿਚ ਇਨਸਾਨੀਅਤ ਹੈ। ਧਰਮ ਨਹੀਂ ਹੈ ਤਾਂ ਇਨਸਾਨ ਵੀ ਨਹੀਂ ਹੈ। ਇਨਸਾਨ ਦੇ ਜਨਮ ਤੋਂ ਹੀ ਜੋ ਇਨਸਾਨੀਅਤ ਦੇ ਕਾਇਦੇ ਕਾਨੂੰਨ, ਜੋ ਚੰਗੇ ਕਰਮ, ਜੋ ਆਦਮੀ ਨੂੰ ਸਿਧੇ ਰਾਹ ਚਲਣ ਵਾਸਤੇ ਸਿਖਿਆ ਮਾਤਰ, ਪ੍ਰੇਰਨਾ ਮਾਤਰ, ਪਤਿਆ ਕੇ, ਡਰਾ ਕੇ, ਕਿਸੇ ਵੀ ਤਰ੍ਹਾਂ ਸਮਝਾ ਕੇ, ਜੋ ਮਨੁਖਤਾ ਦੇ ਪਿਤਾ-ਪਿਤਾਮਾ ਹੋਏ ਹਨ, ਉਨ੍ਹਾਂ ਨੇ ਜੋ ਇਨਸਾਨ ਨੂੰ ਸਿਧੇ ਰਾਹ ਦਸੇ, ਚੰਗੀਆਂ, ਚੰਗਿਆਈਆਂ ਦਸੀਆਂ, ਸੁਹਿਰਦਤਾ ਦਸੀ, ਇਕ ਦੂਜੇ ਦਾ ਭਲਾ ਮੰਗਣਾ ਦਸਿਆ, ਇਕ ਦੂਜੇ ਦੀ ਸਹਾਇਤਾ ਕਰਨੀ ਦਸੀ; ਇਹੀ ਸਭ ਕੁਝ ਰਲਾ-ਮਿਲਾ ਕੇ ਤਾਂ ਧਰਮ ਬਣਦਾ ਹੈ। ਅਸੀਂ ਸਹਿਜ ਜ਼ਿੰਦਗੀ ਵਿਚ ਕਈ ਵਾਰੀ ਕਹਿ ਜਾਂਦੇ ਹਾਂ ਕਿ ਮੇਰਾ ਇਹ ਧਰਮ ਬਣਦਾ ਸੀ ਤਾਂ ਹੀ ਮੈਂ ਇਹ ਵਧੀਆ ਕੰਮ ਕੀਤਾ। ਬਸ ਵਧੀਆ ਕਰਨਾ ਹੀ ਧਾਰਮਿਕ ਰੁਚੀ ਹੈ ਤੇ ਇਹ ਰੁਚੀ ਤਾਂ ਬਹੁਤ ਚਿਰ ਤੋਂ ਚਲੀ ਆ ਰਹੀ ਸੀ। ਭਾਵੇਂ ਵੇਦਾਂ ਵਿਚ ਲੋਕਾਂ ਨੂੰ ਕਰਾਮਾਤਾਂ ਨਾਲ ਡਰਾ ਕੇ, ਕ੍ਰਿਸ਼ਮੇ ਦਿਖਾ ਕੇ, ਦੇਵੀ-ਦੇਵਤਿਆਂ ਦਾ ਪਾਤਰ ਚਿਤਰਣ ਕਰਕੇ ਸਾਡੇ ਨਕੜਦਾਦਿਆਂ ਪੜ੍ਹਦਾਦਿਆਂ ਨੇ ਵਧੀਆ ਢੰਗ ਨਾਲ ਇਨਸਾਨ ਨੂੰ ਸਿਧੇ ਇਨਸਾਨੀਅਤ ਦੇ ਰਸਤੇ ਤੋਰਨ ਦਾ ਯਤਨ ਕੀਤਾ। ਗ੍ਰੰਥਾਂ ਵਿਚੋਂ ਉਪਨਿਸ਼ਦਾਂ ਵਿਚੋਂ ਰਾਜਿਆਂ ਨੂੰ ਰਬ ਮੰਨ ਕੇ, ਰਾਜਿਆਂ ਨੂੰ ਬ੍ਰਹਮਾ ਮੰਨ ਕੇ, ਰਾਜਿਆਂ ਨੂੰ ਹੀ ਸਭ ਕੁਝ ਮੰਨ ਕੇ, ਇਨਸਾਨ ਨੂੰ ਉਨ੍ਹਾਂ ਰਾਜਿਆਂ ਦਾ ਹੁਕਮ ਮੰਨਣ, ਰਾਜੇ ਦੀ ਰਜ਼ਾ ਵਿਚ ਰਹਿਣ, ਰਾਜੇ ਦਾ ਸਤਿਕਾਰ ਕਰਨ, ਰਾਜੇ ਦੇ ਰਾਜ ਵਿਚ ਸਹੀ ਤਰੀਕੇ ਨਾਲ ਰਹਿਣ ਦੀ ਪ੍ਰੇਰਨਾ ਇਨਸਾਨ ਨੂੰ ਮਿਲੀ।

ਰਾਮਾਇਣ ਵਿਚ ਇਨਸਾਨ ਦੇ ਰੂਪ ਵਿਚ ਭਗਵਾਨ ਦਾ ਪਾਤਰ ਚਿਤਰਣ ਕਰਕੇ, ਇਨਸਾਨ ਨੂੰ ਇਨਸਾਨੀ ਜ਼ਿੰਦਗੀ ਕਿਵੇਂ ਜਿਉਣੀ ਚਾਹੀਦੀ ਹੈ, ਇਸ ਦੀ ਮਿਸਾਲ ਇਸ ਦੀ ਮਰਿਆਦਾ ਪ੍ਰਸ਼ੋਤਮ ਰਾਮ ਦੇ ਅਸਤਿਤਵ ਵਿਚ, ਰਾਮ ਦੇ ਵਿਅਕਤਿਤਵ ਵਿਚ ਰਾਮ ਦੀ ਸਖ਼ਸ਼ੀਅਤ ਵਿਚ, ਰਬ ਨੂੰ ਦੁਨੀਆਂ 'ਤੇ ਲਿਆ ਕੇ ਦੁਨੀਆਂ ਲਈ ਇਕ ਵਾਹਿਦ ਮਿਸਾਲ ਕਾਇਮ ਕੀਤੀ। ਮਹਾਂਭਾਰਤ ਵਿਚ ਜ਼ੁਲਮ ਦੇ ਮੁਕਾਬਲੇ ਵਿਚ ਖੜ੍ਹ ਜਾਣਾ ਹੀ ਆਪਣੇ ਆਪ ਧਰਮ ਬਣ ਗਿਆ। ਜ਼ਾਲਮ ਦੇ ਜ਼ੁਲਮ ਨੂੰ ਸਹਿਣਾ ਵੀ ਕੋਈ ਧਾਰਮਿਕ ਗਲ ਨਹੀਂ ਹੈ । ਜ਼ਾਲਮ ਦੇ ਕੋਲੋਂ ਆਪਣੇ ਆਪ ਨੂੰ ਬਚਾਉਣਾ ਬਲਕਿ ਜ਼ਾਲਮ ਨੂੰ ਖ਼ਤਮ ਕਰਨਾ ਇਹ ਵੀ ਸਾਡਾ ਧਰਮ ਬਣਦਾ ਹੈ। ਭਾਵੇਂ ਜ਼ਾਲਮ ਸਾਡਾ ਕੋਈ ਆਪਣਾ ਹੀ ਕਿਉਂ ਨਾ ਹੋਵੇ, ਭਾਵੇਂ ਜ਼ਾਲਮ ਸਾਡੇ ਤਾਏ ਦਾ ਪੁਤ ਭਰਾ ਹੀ ਕਿਉਂ ਨਾ ਹੋਵੇ, ਭਾਵੇਂ ਜ਼ੁਲਮ ਦੇ ਨਾਲ ਮਦਦਗਾਰ ਬਣ ਕੇ ਸਾਡਾ ਕੋਈ ਪਿਤਾਮਾ ਭੀਸ਼ਮ ਹੀ ਕਿਉਂ ਨਾ ਖੜ੍ਹਾ ਹੋਵੇ, ਭਾਵੇਂ ਵਡੇ ਵਡੇ ਕੁਲ-ਗੁਰੂ, "ਵਡੇ -ਵਡੇ ਤੀਰ-ਅੰਦਾਜ਼ੀ ਦੇ ਉਸਤਾਦ, ਵਡੇ-ਵਡੇ ਯੋਧੇ, ਵਡੇ-ਵਡੇ ਪੁਰਖ ਜੇ ਜ਼ੁਲਮ ਦੇ ਹਕ ਵਿਚ ਖੜ੍ਹੇ ਹਨ, ਜ਼ਾਲਮ ਦੀ ਜਦੋਂ ਸਹਾਇਤਾ ਕਰਨ ਲਈ ਖੜ੍ਹੇ ਹਨ ਤਾਂ ਉਨ੍ਹਾਂ ਨੂੰ ਬਖ਼ਸ਼ ਦੇਣਾ ਵੀ ਧਾਰਮਿਕ ਗਲ ਨਹੀਂ ਹੈ। ਜ਼ੁਲਮ ਦਾ ਹਮਾਇਤੀ ਵੀ ਜ਼ਾਲਮ ਹੁੰਦਾ ਹੈ ਤੇ ਜ਼ੁਲਮ ਦਾ ਡਟ ਕੇ ਮੁਕਾਬਲਾ ਕਰਨਾ, ਜ਼ੁਲਮ ਨੂੰ ਖ਼ਤਮ ਕਰਨਾ ਨਿਆਂ ਮੰਗਣਾ ਆਪਣਾ ਹਕ ਮੰਗਣਾ, ਇਹ ਇਕ ਧਾਰਮਿਕ ਕਿਰਿਆ ਹੈ। ਇਸ ਤੋਂ ਬਾਅਦ ਜੇ ਬੁਧ ਜਾਂ ਜੈਨ ਮਤ ਵਿਚ ਬ੍ਰਹਮਾ ਨੂੰ ਤੇ ਹੋਰ ਦੇਵੀ ਦੇਵਤਿਆਂ ਨੂੰ, ਕਰਤਾ ਨੂੰ, ਪ੍ਰਮਾਤਮਾ ਨੂੰ ਵੀ ਨਿਰਗੁਣ ਦਸਿਆ ਤੇ ਜੋ ਗੁਣ ਜਾਂ ਔਗੁਣ ਹਨ ਤਾਂ ਇਨਸਾਨ ਵਿਚ ਹਨ। ਜੈਨ ਤੇ ਬੁਧ ਮਤ ਦੋਵੇਂ ਇਸ ਗਲ ਦੇ ਧਾਰਨੀ ਹਨ ਕਿ ਕੋਈ ਪ੍ਰਮਾਤਮਾ ਨਹੀਂ ਹੈ, ਕੋਈ ਦੇਵ ਨਹੀਂ ਹੈ, ਕੋਈ ਦੇਵਤਾ ਨਹੀਂ ਹੈ, ਕੋਈ ਬ੍ਰਹਮਾ ਨਹੀਂ ਹੈ, ਜਿਸ ਨੇ ਇਹ ਦੁਨੀਆਂ ਬਣਾਈ। ਇਹ ਜੋ ਦੁਨੀਆਂ ਹੈ ਇਹ ਇਨਸਾਨ ਦੇ ਕਰਮਾਂ ਦਾ ਫਲ ਹੈ, ਜੋ ਕਰਾਂਗੇ ਸੋ ਭਰਾਂਗ। ਇਹ ਸਭ ਕੁਝ ਵਿਚਾਰਦਿਆਂ ਹੋਇਆਂ, ਚਲੋ ਯਹੂਦੀ ਧਰਮ ਦੀ ਵੀ ਗਲ ਕਰੀਏ। ਇਸ ਵਿਚ ਉਨ੍ਹਾਂ ਨੇ ਆਪਣਾ ਤਰੀਕਾ ਵਰਤਿਆ ਕਿ ਰਬ ਨੇ ਆਪਣੇ ਪੁਤਰ ਨੂੰ ਧਰਤੀ 'ਤੇ ਭੇਜਿਆ ਤੇ ਉਸ ਨੇ ਧਰਤੀ ਤੇ ਆ ਕੇ, ਰਬ ਦੇ ਪੁਤਰ ਨੇ ਇਹ ਜੋ ਦੁਨੀਆਂ ਦਾ ਪ੍ਰਬੰਧ ਕੀਤਾ, ਇਸ ਬਾਰੇ ਓਲਡ ਟੈਸਟਾਮੈਂਟ ਵਿਚ ਕਈ ਤਰ੍ਹਾਂ ਦੀਆਂ ਮਿਸਾਲਾਂ ਦੇ ਕੇ, ਕਹਾਣੀਆਂ ਪਾ ਕੇ ਇਨਸਾਨ ਨੂੰ ਧਾਰਮਿਕ ਜੀਵ ਬਣਾਉਣ ਵਲ ਪ੍ਰੇਰਿਤ ਕਰਨ ਦਾ ਯਤਨ ਕੀਤਾ ਹੈ।


Academy of the Punjab in North America: http://www.apnaorg.com

15ਵੀਂ ਸਦੀ ਤਕ ਬਹੁਤ ਪ੍ਰਕਾਰ ਦੇ ਮਤ, ਕਈ ਤਰ੍ਹਾਂ ਦੇ ਧਰਮ, ਕਈ ਪ੍ਰਕਾਰ ਦੇ ਧਾਰਮਕ ਆਗੂ ਦੁਨੀਆਂ 'ਤੇ ਮੌਜੂਦ ਸਨ। ਬਹੁਤ ਪ੍ਰਕਾਰ ਦੇ ਪ੍ਰਚਾਰਕ ਮੌਜੂਦ ਸਨ; ਰਾਜੇ ਮਹਾਰਾਜੇ ਮੌਜੂਦ ਸਨ। ਸਾਰਾ ਕੁਝ ਤਾਂ ਸੀ, ਧਾਰਮਿਕ ਲੋਕ ਵੀ ਸਨ, ਧਰਮ ਵੀ ਸਨ ਤਾਂ ਫਿਰ ਇਕ ਨਵੇਂ ਧਰਮ 'ਸਿਖ ਧਰਮ' ਦੀ ਕੀ ਲੋੜ ਪਈ ? ਕੀ ਕਾਰਨ ਸੀ ਕਿ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਕ ਨਵੇਂ ਧਰਮ, 'ਸਿਖ ਧਰਮ' ਦਾ ਮੁਢ ਬੰਨ੍ਹਿਆ ? ਇਸ ਦਾ ਕਾਰਨ ਕੀ ਸੀ ? ਸਾਰੇ ਧਰਮ ਹੁੰਦਿਆਂ ਹੋਇਆਂ ਵੀ ਇਹ ਇਕ ਨਵੀਂ ਲੀਹ, ਇਕ ਨਵੀਂ ਸੇਧ, ਇਕ ਨਵੀਂ ਸਿਖਿਆ ਦੀ ਭਲਾ ਕੀ ਜ਼ਰੂਰਤ ਸੀ ? ਜ਼ਰਾ ਇਸ ਵਲ ਨਜ਼ਰ ਮਾਰੀਏ। ਠੀਕ ਹੈ ਦੁਨੀਆਂ ਵਿਚ ਧਾਰਮਿਕ ਲੋਕ ਵੀ ਸਨ ਤੇ ਧਰਮ ਵੀ ਸਨ, ਲੇਕਿਨ ਜਦੋਂ ਧਾਰਮਿਕ ਲੋਕ ਦੂਸਰੇ ਧਰਮ ਦੇ ਲੋਕਾਂ ਨੂੰ ਆਪਣੇ-ਆਪ ਤੋਂ ਨਿਰਬਲ ਕਰਨ ਲਈ ਅਜਿਹੇ ਯਤਨ ਕਰਨ ਲਗੇ, ਜਿਹੜੇ ਇਨਸਾਨੀਅਤ ਦੇ ਖ਼ਿਲਾਫ਼ ਸਨ, ਜਿਹੜੇ ਕਰਮ ਧਰਮੀ ਆਦਮੀ ਕਰ ਹੀ ਨਹੀਂ ਸਕਦਾ। ਜਦੋਂ ਇਥੋਂ ਤਕ ਨੌਬਤ ਆ ਗਈ ਕਿ ਸਾਡਾ ਧਰਮ ਹੀ ਚੰਗਾ ਹੈ, ਤੁਹਾਡਾ ਚੰਗਾ ਨਹੀਂ। ਵਧਦੀ ਗਲ ਇਥੋਂ ਤਕ ਚਲੀ ਗਈ ਕਿ ਸਾਡੇ ਧਰਮ ਦੇ ਨਾਲ ਰਲ ਜਾਓ ਨਹੀਂ ਤਾਂ ਤੁਹਾਡਾ ਗਲਾ ਕਟ ਦੇਵਾਂਗੇ , ਤੁਹਾਨੂੰ ਖ਼ਤਮ ਕਰ ਦੇਵਾਂਗੇ। ਬੜੀ ਬਦਕਿਸਮਤੀ ਹੋਈ ਕਿ ਧਾਰਮਿਕ ਲੋਕ ਧਾਰਮਿਕ ਲੋਕਾਂ ਦੇ ਨਾਲ ਯੁੱਧ ਕਰਨ ਲਗੇ। ਧਰਮੀ, ਧਰਮੀ ਨੂੰ ਮਾਰਨ ਲਗ ਪਿਆ ਤਾਂ ਠੀਕ ਉਸ ਸਮੇਂ ਜਦੋਂ ਇਸਲਾਮ ਨੇ--ਰਬ ਨੇੜੇ ਕਿ ਘਸੁੰਨ, ਇਸ ਡਰਾਵੇ ਨਾਲ ਘਸੁੰਨ ਪਰੇਡ ਕਰਕੇ ਭਾਰਤ ਦੇ ਵਿਚ ਰਹਿਣ ਵਾਲੇ ਲੋਕਾਂ ਨੂੰ ਵੇਖਿਆ, ਵਖ-ਵਖ ਧਰਮ, ਲੇਕਿਨ ਜਿਨ੍ਹਾਂ ਦਾ ਨਾਮਕਰਨ ਕਰਨਾ ਮੁਸ਼ਕਲ ਸੀ, ਸਾਰਿਆਂ ਨੂੰ ਇਕਠੇ ਕਰਕੇ ਇਸਲਾਮ ਨੇ ਹਿੰਦੂ ਨਜ਼ਰੀਏ ਨਾਲ ਵੇਖਣਾ ਸ਼ੁਰੂ ਕਰ ਦਿਤਾ, ਬਾਕੀ ਸਾਰੇ ਧਰਮਾਂ ਨੂੰ ਇਸਲਾਮ ਨੇ ਹਿੰਦੂ ਆਖ ਕੇ, ਹਿੰਦੂ ਜਾਣ ਕੇ, ਸਾਰਿਆਂ 'ਤੇ ਜ਼ੁਲਮ ਕਰਨਾ ਸ਼ੁਰੂ ਕਰ ਦਿਤਾ, ਕਤਲ ਹੋਣੇ ਸ਼ੁਰੂ ਹੋ ਗਏ, ਮਣਾਂ-ਮੂੰਹੀ ਜੰਜੂ ਲਾਹ ਕੇ ਰੋਟੀ ਖਾਣ ਦਾ ਪ੍ਰਣ ਕਰਨ ਲਗ ਪਏ, ਜਦੋਂ ਅਤਿਆਚਾਰ ਦੀ ਅਤ ਹੋ ਗਈ ਤਾਂ ਗੁਰੂ ਨਾਨਕ ਦੇਵ ਜੀ ਦੀ ਆਵਾਜ਼ ਦੂਰ-ਦੂਰ ਤਕ ਸੁਣੀ ਗਈ। ਗੁਰੂ ਜੀ ਤੋਂ ਪਹਿਲਾਂ ਕਿਸੇ ਦੀ ਕੀ ਮਜਾਲ ਕਿ ਕੋਈ ਰਾਜੇ ਨੂੰ ਕਹੇ :

ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ ॥

ਗੁਰੂ ਨਾਨਕ ਹੀ ਸੀ ਕਿ ਜੋ ਕਹਿਣ ਦੀ ਜ਼ੁਰਅਤ ਰਖਦੇ ਸਨ, 'ਰਾਜੇ ਸੀਂਹ ਮੁਕਦਮ ਕੁਤੇ॥' ਸ੍ਰੀ ਗੁਰੂ ਜੀ ਇਹੋਆਖਿਆ ਜੋ ਸਹੀ ਸੀ, ਜੋ ਓਸ ਮਾਲਕ ਨੇ ਗੁਰੂ ਜੀ ਤੋਂ ਅਖਵਾਇਆ, ਬਸ ਉਹ ਹੀ ਆਖਿਆ ਗੁਰੂ ਜੀ ਨੇ । ਗੁਰੂ ਜੀ ਹਿੰਦੂਆਂ ਤੇ ਮੁਸਲਮਾਨਾਂ ਵਿਚਾਲੇ ਇਕ ਪੁਲ ਬਣ ਕੇ ਖੜ ਗਏ ਤੇ ਆਖਿਆਂ ਕਿ ਦੋਨੋਂ ਧਰਮ ਇਕ ਹੀ ਗਲ ਕਹਿਣਾ ਚਾਹੁੰਦੇ ਹਨ, ਚੰਗਿਆਈਆਂ ਵਲ ਲਿਜਾਣਾ ਚਾਹੁੰਦੇ ਹਨ, ਇਨਸਾਨ ਨੂੰ ਇਕ ਹੀ ਮਿਸ਼ਨ ਵਲ ਸੇਧਿਤ ਰਖਦੇ ਹਨ। ਜੇ ਇਕ ਹੀ ਟਿਕਾਣਾ ਹੈ ਤਾਂ ਫਿਰ ਰਾਹ ਵਖਰੇਵਖਰੇ ਕਿਉਂ ਹੋਣ ? ਸੋ ਇਸ ਰਾਹ ਉਤੇ ਇਕਠੇ ਤੁਰੇ ਜਾਵਾਂਗੇ ਤਾਂ ਸਮਾਂ ਵੀ ਸਹੀ ਬੀਤੇਗਾ, ਥਕੇਵਾਂ ਵੀ ਘਟ ਮਹਿਸੂਸ ਹੋਵੇਗਾ। ਟੀਚਾ ਤਾਂ ਇਕ ਹੀ ਹੈ; ਜੇ ਉਹ ਹੈ ਹੀ ਇਕ ਤਾਂ ਉਸ ਨੂੰ ਰਾਮ ਕਹੋ, ਜਾਂ ਰਹੀਮ ਕਹੋ, ਕੀ ਫ਼ਰਕ ਪੈਂਦਾ ਹੈ ? ਬਸ ਇਹ ਸਾਂਝੀ ਗਲ ਕਹਿਣ ਲਈ ਗੁਰੂ ਨਾਨਕ ਨੇ ਆਵਾਜ਼ ਉਠਾਈ ਤੇ ਐਸੇ ਗੀਤ, ਐਸੀ ਬਾਣੀ ਕੁਦਰਤ ਨੇ, ਪ੍ਰਮਾਤਮਾ ਨੇ ਗੁਰੂ ਨਾਨਕ ਦੇਵ ਜੀ ਦੇ ਵਿਚ ਬੈਠ ਕੇ ਲਿਖਵਾਈ ਕਿ ਉਹ ਸ਼ਬਦ, ਉਹ ਸ਼ਬਦਾਵਲੀ, ਉਸਦੇ ਅਰਥ, ਉਹ ਅਰਥਾਵਲੀ ਇਕ ਐਸਾ ਮਾਰਗ ਦਰਸ਼ਨ ਕਰਦੀ ਹੈ ਜਿਸ 'ਤੇ ਚਲ ਕੇ ਇਨਸਾਨ ਇਨਸਾਨੀਅਤ ਦੇ ਟਿਕਾਣੇ ਵਿਚ ਰਹਿਣ ਦਾ ਫ਼ਖ਼ਰ ਮਹਿਸੂਸ ਕਰ ਸਕਦਾ ਹੈ ਕਿ ਮੈਂ ਇਨਸਾਨ ਹਾਂ।

ਗੁਰੂ ਨਾਨਕ ਆਖਦੇ ਹਨ : ਤੂੰ ਇਕ ਹੈਂ; ਤੂੰ ਤਿੰਨ ਵੀ ਨਹੀਂ ਹੈਂ, ਤੂੰ 33 ਕਰੋੜ ਵੀ ਨਹੀਂ ਹੈਂ, ਹਿੰਦੂ ਵੀ ਨਹੀਂ ਹੈਂ, ਮੁਸਲਮਾਨ ਵੀ ਨਹੀਂ ਹੈਂ ਤੂੰ, ਤੇ ਸਭ ਕੁਝ ਹੈਂ ਤੂੰ, ਲੇਕਿਨ ਇਕ ਹੈਂ ਤੇ ਬਸ ਸਿਰਫ਼ ਇਕ ਹੈਂ। ਸਤਿਨਾਮ ਇਕ ਹੀ ਹੈ ਜੋ ਓਮ ਵੀ ਹੈ, ਜੋ ਅਸਥੂਲ ਵੀ ਹੈ ਤੇ ਸਤਿਨਾਮ ਸੂਖਸ਼ਮ ਵੀ; ਜੋ ਵਿਅਕਤੀ ਵੀ ਹੈ, ਸ਼ਕਤੀ ਵੀ


Academy of the Punjab in North America: http://www.apnaorg.com

ਹੈ, ਸਰਬ ਵਿਆਪੀ ਹੈ, ਅੰਤਰਯਾਮੀ, ਜੋ ਸਭ ਕੁਝ ਹੈ, ਜਿਸ ਵਿਚ ਸਭ ਕੁਝ ਹੈ, ਜਿਸ ਦਾ ਸਭ ਕੁਝ ਹੈ। ਬਸ ਓਹੀ ਤਾਂ ਹੈ ਸਭ ਕੁਝ ਇਕ ਹੈ, ਬਸ ਇਕ ਹੈ, ਉਹ ਸ਼ੂਖਸ਼ਮ ਵੀ ਹੈ, ਅਸਥੂਲ ਵੀ ਹੈ, ਓਮ ਵੀ ਹੈ ਤੇ ਓਅੰਕਾਰ ਵੀ, ਸੀਮਾ ਵਿਚ ਵੀ ਹੈ, ਅਸੀਮ ਵੀ ਹੈ। ਗੁਰੂ ਜੀ ਜਦੋਂ ਉਸ ਦਾ ਪਿਆਰ ਨਾਲ, ਸਤਿਕਾਰ ਨਾਲ, ਬਿਆਨ ਕਰਦੇ , ਉਸ ਇਕ ਦਾ ਤਾਂ ਆਪਣੇ ਅਨੁਭਵ ਵਿਚ, ਕੁਝ ਇਸ ਤਰ੍ਹਾਂ ਦੂਰ ਬੈਠੇ ਦਿਸਦੇ ਤੇ ਆਖਦੇ ਹਨ : 'ਅਰਬਦ ਨਰਬਦ ਧੁੰਧੂਕਾਰਾ.... ਸੁਨਿ ਸਮਾਧਿ ਲਗਾਇਦਾ ॥' ਥੋੜ੍ਹਾ ਜਿਹਾ ਅਗੇ ਹੋਰ ਲਿਖਦੇ ਹਨ -

ਖਾਣੀ ਨ ਬਾਣੀ ਪਉਣ ਨ ਪਾਣੀ ॥ ਓਪਤਿ ਖਪਤਿ ਨ ਆਵਣ ਜਾਣੀ ॥ (**1035**)

ਜਿਥੇ ਹਵਾ ਨਹੀਂ ਹੈ, ਜਿਥੇ ਪਾਣੀ ਵੀ ਨਹੀਂ ਹੈ, ਕਿਸੇ ਪ੍ਰਕਾਰ ਦੇ ਕੋਈ ਖਣਿਜ ਪਦਾਰਥ ਵੀ ਨਹੀਂ ਹਨ, ਉਸ ਜਗ੍ਹਾ ਜਿਥੇ ਨਾ ਕੋਈ ਆਉਂਦਾ ਹੈ ਨਾ ਕੋਈ ਜਾਂਦਾ ਹੈ, ਐਸੀ ਜਗ੍ਹਾ ਜਿਸ ਵਿਚ ਸ਼ੂਨਯ ਹੈ, ਹਵਾ ਤੇ ਪਾਣੀ ਦੀ ਅਣਹੋਂਦ ਹੈ ਤਾਂ ਫਿਰ ਐਸੀ ਜਗ੍ਹਾ ਪੰਜ ਭੂਤਕ ਸ਼ਰੀਰ ਕਿਵੇਂ ਰਹਿ ਸਕਦਾ ਹੈ; ਇਨਸਾਨ ਕਿਵੇਂ ਰਹਿ ਸਕਦਾ ਹੈ? ਅਜਿਹੀ ਜਗਾ ਵਿਚ ਸਰਬ ਸ਼ਕਤੀਮਾਨ ਪ੍ਰਮਾਤਮਾ ਹੀ ਰਹਿ ਸਕਦਾ ਹੈ, ਬਸ ਇਹ ਸੋਚਣ ਵਾਲੀ ਗਲ ਹੈ।

ਗੁਰੂ ਨਾਨਕ ਦੇਵ ਜੀ ਦਾ ਤੇ ਉਨ੍ਹਾਂ ਤੋਂ ਪਹਿਲੇ ਧਾਰਮਿਕ ਲੋਕਾਂ ਦਾ ਸਿਰਫ਼ ਏਨਾ ਹੀ ਅੰਤਰ ਹੈ ਕਿ ਪਹਿਲਾਂ ਸਾਰੇ ਰਿਸ਼ੀ-ਮੁਨੀ, ਸਾਰੇ ਧਾਰਮਿਕ ਲੋਕ ਭਗਵਾਨ ਨੂੰ, ਰਾਮ ਨੂੰ ਇਕ ਇਨਸਾਨ ਦੇ ਰੂਪ ਵਿਚ ਦੇਖਦੇ ਰਹੇ। ਜੇ ਬ੍ਰਹਮਾ ਦੀ ਮੂਰਤ ਬਣਾਈ ਤਾਂ ਉਹ ਵੀ ਇਨਸਾਨ ਵਰਗੀ, ਜੇ ਰਾਮ ਦਾ ਪਾਤਰ-ਚਿਤਰਣ ਕੀਤਾ, ਉਹ ਵੀ ਇਨਸਾਨ ਵਰਗਾ। ਜੇ ਸ੍ਰੀ ਕ੍ਰਿਸ਼ਨ ਦਾ ਕੋਈ ਵਿਅਕਤਿਤਵ, ਕੋਈ ਪਾਰਟ, ਕੋਈ ਯੋਗਦਾਨ ਧਰਤੀ 'ਤੇ ਦਿਖਾਉਣ ਦਾ ਯਤਨ ਕੀਤਾ ਤਾਂ ਉਹ ਵੀ ਇਨਸਾਨ ਵਰਗਾ; ਤੇ ਇਨਸਾਨ ਜੋ ਹੈ, ਜਿਸ ਨੂੰ ਵੀ, ਭਾਵੇਂ ਉਹ ਰਾਮ ਹੈ, ਕਿਸ਼ਨ ਹੈ, ਰਹੀਮ ਹੈ, ਹਜ਼ਰਤ ਮੁਹੰਮਦ ਹੈ, ਕੋਈ ਵੀ ਹੈ; ਪੰਜ ਭੂਤਕ ਸਰੀਰ ਵਿਚ ਦਿਸੇਗਾ, ਇਨਸਾਨੀ ਰੂਪ ਵਿਚ ਦਿਸੇਗਾ; ਤਾਂ ਬਸ ਇਥੇ ਹੀ ਗਲ ਮੁਕਦੀ ਹੈ ਕਿ ਉਹ ਜ਼ਰੂਰ ਇਕ ਦਿਨ ਬਿਖਰੇਗਾ ਵੀ। ਜੋ ਪੰਜ ਤਤਾਂ ਦਾ ਬਣਿਆ ਹੋਇਆ ਸਰੀਰ ਹੈ, ਉਸ ਦਾ ਅੰਤ ਜ਼ਰੂਰ ਹੋਵੇਗਾ। ਪੰਜਾਂ ਤਤਾਂ ਦਾ ਬਣਿਆ ਹੋਇਆ ਕੋਈ ਇਨਸਾਨੀ ਪੁਤਲਾ, ਜੇ ਪੰਜਾਂ ਤਤਾਂ ਵਿਚੋਂ ਇਕ ਵੀ ਘਟ ਹੋ ਜਾਵੇ ਤਾਂ ਜਿਉਂਦਾ ਨਹੀਂ ਰਹਿ ਸਕਦਾ। ਇਸ ਸਰੀਰ ਵਿਚੋਂ ਜੇ ਪਾਣੀ ਖ਼ਤਮ ਹੋ ਜਾਏ ਤਾਂ ਆਖਦੇ ਹਨ ਪਾਣੀ ਮੁਕ ਗਿਆ ਹੈ। ਜੇ ਸਾਹ ਬੰਦ ਹੋ ਜਾਏ ਤਾਂ ਆਖਦੇ ਹਨ, ਨਬਜ਼ ਨਹੀਂ ਚਲ ਰਹੀ, ਸਾਹ ਖ਼ਤਮ ਹੋ ਗਿਆ। ਜੇ ਅਗਨ ਮੁਕ ਜਾਏ ਤਾਂ ਸਿਆਣੇ, ਵੈਦਹਕੀਮ, ਆਖਦੇ ਹਨ, ਬਸ ਹੁਣ ਤਾਂ ਸਰੀਰ ਠੰਢਾ ਹੋ ਗਿਆ ਹੈ, ਖ਼ਤਮ ਹੋ ਗਿਆ ਹੈ। ਪਾਣੀ ਖ਼ਤਮ ਹੋ ਜਾਏ, ਜਿਸਮ ਵਿਚ ਪਾਣੀ ਨਾ ਰਹੇ ਤਾਂ ਬਸ ਰਤ ਸੁਕ ਜਾਵੇ ਤਾਂ ਕੁਝ ਨਹੀਂ ਰਹਿੰਦਾ। ਪੰਜ ਤਤਾਂ ਵਿਚੋਂ ਇਕ ਵੀ ਘਟ ਜਾਏ ਤਾਂ ਇਨਸਾਨ ਦਾ ਜੋ ਜਿਸਮ ਹੈ, ਉਸ ਦਾ ਵਜੂਦ ਖ਼ਤਮ ਹੋ ਜਾਂਦਾ ਹੈ, ਅੰਤਕਾਲ ਹੋ ਜਾਂਦਾ ਹੈ। ਗੁਰੂ ਨਾਨਕ ਆਖਦੇ ਹਨ : 'ਪੌਣ ਨਾ ਪਾਣੀ, ਖਾਣੀ ਨਾ ਬਾਣੀ ॥' ਜਿਥੇ ਕੋਈ ਖਣਿਜ ਪਦਾਰਥ ਨਹੀਂ ਹੈ, ਹਵਾ ਨਹੀਂ ਹੈ, ਪਾਣੀ ਨਹੀਂ ਹੈ, ਤਾਂ ਫਿਰ ਉਥੇ ਪੰਜ ਭੂਤਕ ਸਰੀਰ ਦਾ ਹੋਣਾ ਤਾਂ ਨਾਮੁਮਕਿਨ ਹੈ, ਕਿਉਂਕਿ ਪਾਣੀ ਤੋਂ ਬਿਨਾਂ, ਹਵਾ ਤੋਂ ਬਿਨਾਂ ਸਰੀਰ ਦਾ ਵਜੂਦ ਹੋ ਹੀ ਨਹੀਂ ਸਕਦਾ ਤਾਂ ਫਿਰ ਕੀ ਅਰਥ ਕਰੀਏ।

ਗੁਰੂ ਨਾਨਕ ਦੇਵ ਜੀ ਦੀ ਨਜ਼ਰ ਵਿਚ ਜੋ ਪ੍ਰਮਾਤਮਾ ਹੈ, ਜੋ ਰਬ ਹੈ, ਉਹ ਇਨਸਾਨ ਨਹੀਂ ਹੈ, ਉਹ ਪੰਜ ਤਤਾਂ ਦਾ ਬਣਿਆ ਹੋਇਆ ਨਹੀਂ ਹੈ। ਉਹ ਕੋਈ ਵਿਅਕਤੀ ਵਿਸ਼ੇਸ਼ ਨਹੀਂ ਹੋ ਸਕਦਾ, ਉਹ ਤਾਂ ਕੋਈ ਸ਼ਕਤੀ ਹੀ ਹੋ ਸਕਦੀ ਹੈ। ਇਹ ਜੋ ਵਿਅਕਤੀ ਤੇ ਸ਼ਕਤੀ ਦਾ ਅੰਤਰ ਹੈ, ਬਸ ਇਹੋਅੰਤਰ ਹੈ ਗੁਰੂ ਨਾਨਕ

ਦੇਵ ਜੀ ਦੇ ਸਿਖ ਧਰਮ ਦਾ ਤੇ ਬਾਕੀ ਪਹਿਲਾਂ ਤੇ ਬਾਅਦ ਵਿਚ ਪੈਦਾ ਹੋਏ ਧਰਮਾਂ ਦਾ। ਬਾਕੀ ਸਾਰੇ ਧਰਮ ਇਸ ਗਲ ਨੂੰ ਮੰਨਦੇ ਹਨ ਕਿ ਪਰਮਾਤਮਾ ਇਕ ਹੈ ਲੇਕਿਨ ਕੋਈ ਕਹਿੰਦਾ ਇਹ ਤਾਂ ਮੇਰੇ ਬ੍ਰਹਮਾ ਵਰਗਾ ਹੈ, ਕੋਈ ਆਖਦਾ ਰਬ ਮੇਰੇ ਰਾਮ ਵਰਗਾ ਹੈ, ਕੋਈ ਆਖਦਾ ਭਗਵਾਨ ਕ੍ਰਿਸ਼ਨ ਵਰਗਾ ਰਬ ਹੈ, ਕੋਈ ਆਖਦਾ ਅਲ੍ਹਾ


Academy of the Punjab in North America: http://www.apnaorg.com

ਰਬ ਹੈ, ਮੌਲਾ ਹੈ, ਕੋਈ ਆਖਦਾ ਜੀਸਸ ਕਰਾਇਸਟ ਹੀ ਰਬ ਦਾ ਪੁਤਰ ਹੈ। ਕੋਈ ਆਖਦਾ ਕੁਝ ਹੋਰ, ਕੋਈ ਸਮਝਦਾ ਹੋਰ; ਇਸ ਦੇ ਅਨੇਕਾਂ ਨਾਂ ਲੈਂਦੇ ਹਨ, ਲੇਕਿਨ ਗੁਰੂ ਨਾਨਕ ਆਖਦੇ ਹਨ : 'ਤੇਰੇ ਨਾਮ ਅਨੇਕ ਹਨ'। ਗੁਰੂ ਜੀ ਨੂੰ ਇਸ ਗਲ ਤੇ ਕੋਈ ਕਿੰਤੂ-ਪ੍ਰੰਤੂ ਨਹੀਂ ਹੈ; ਇਸ ਵਿਚ ਕੋਈ ਸ਼ਕ-ਸ਼ੁਬਾਹ ਜਾਂ ਗਿਲਾ ਨਹੀਂ ਹੈ। ਗੁਰੂ ਜੀ ਨੇ ਕਿਧਰੇ ਇਹ ਨਹੀਂ ਕਿਹਾ ਕਿ ਰਾਮ ਨੂੰ ਰਬ ਨਾ ਮੰਨੋ, ਕ੍ਰਿਸ਼ਨ ਨੂੰ ਰਬ ਨਾ ਮੰਨੋ। ਕਿਸੇ ਵੀ ਤਰ੍ਹਾਂ ਦੇ ਧਾਰਮਿਕ ਨਾਮ ਜੋ ਰਬ ਨਾਲ ਜੋੜਦੇ ਹਨ, ਉਸ ਦੇ ਨਾਲ ਜੁੜੇ ਇਹ ਨਾਮ ਵਖ ਨਹੀਂ ਹੋ ਸਕਦੇ। ਲੇਕਿਨ ਇਹ ਕਹਿੰਦੇ ਹਨ ਕਿ ਉਹ ਵਿਅਕਤੀ ਵਿਸ਼ੇਸ਼ ਨਹੀਂ ਹੈ, ਉਹ ਇਕ ਐਸੀ ਸ਼ਕਤੀ ਹੈ ਜੋ ਸਾਨੂੰ ਧਾਰਮਿਕ ਲੋਕਾਂ ਨੂੰ ਸਤਿਕਾਰ ਵਜੋਂ ਸਾਰੇ ਧਾਰਮਿਕ ਲੋਕਾਂ ਨੂੰ ਪਿਆਰ ਦੇ ਨਾਲ ਆਪਣੇ ਧਰਮ ਤੇ ਪੂਰਾ ਵਿਸ਼ਵਾਸ ਕਰਨ ਲਈ ਪ੍ਰੇਰਦੇ ਹਨ। ਗੁਰੂ ਜੀ ਦਾ ਮਹਾਂਵਾਕ ਹੈ :

ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ ਮਨ ਤਨ ਭਏ ਅਰੋਗਾ ॥

ਆਪਣਾ ਜੋ ਪ੍ਰਣ ਹੈ ਜੋ ਵੀ ਵਿਸ਼ਵਾਸ ਹੈ ਉਸ ਵਿਚ ਪੂਰਣ ਵਿਸ਼ਵਾਸ, ਜੇ ਵਿਸ਼ਵਾਸ ਥੋੜ੍ਹਾ ਜਿਹਾ ਵੀ ਘਟ ਹੋ ਗਿਆ ਤਾਂ ਬਸ ਸਭ ਕੁਝ ਖ਼ਤਮ ਹੋ ਗਿਆ। ਗੁਰੂ ਨਾਨਕ ਦੇਵ ਜੀ ਦਾ ਜੋ ਨਵਾਂ ਧਰਮ 'ਸਿਖ ਧਰਮ' ਚਲਾਉਣ ਦਾ ਮਕਸਦ ਸੀ, ਜੋ ਲੋੜ ਸੀ ਇਹ ਧਰਮ ਚਲਾਉਣ ਦੀ, ਉਸ ਜ਼ਰੂਰਤ ਨੂੰ, ਉਸ ਮਕਸਦ ਨੂੰ ਅਸੀਂ ਸਮਝਣ ਦਾ ਯਤਨ ਹੀ ਨਹੀਂ ਕੀਤਾ। ਬਸ ਇਹ ਪਕੜ ਕੇ ਬਹਿ ਗਏ ਕਿ ਗੁਰੂ ਨਾਨਕ ਹੀ ਸਾਡਾ ਰਾਮ ਹੈ, ਰਬ ਹੈ, ਗੁਰੂ ਨਾਨਕ ਦੇਵ ਜੀ ਨੂੰ ਪੂਜਣ ਵਲ ਨੂੰ ਅਸੀਂ ਤੁਰ ਪਏ, ਲੇਕਿਨ ਜੋ ਗੁਰੂ ਜੀ ਆਖਣਾ ਚਾਹੁੰਦੇ ਸਨ ਉਸ ਗਲ ਵਲ ਅਜ ਤਕ ਕਿਸੇ ਨੇ ਧਿਆਨ ਨਹੀਂ ਦਿਤਾ। ਗੁਰੂ ਨਾਨਕ ਦੇਵ ਜੀ ਦੇ ਪੰਜ ਭੂਤਕ ਜਿਸਮ ਦੀ, ਉਹ ਪੰਜ ਭੂਤਕ ਜਿਸਮ ਜਿਸ ਨੇ ਇਕ ਦਿਨ ਜ਼ਰੂਰ ਬਿਖਰ ਜਾਣਾ ਹੈ, ਉਸ ਜਿਸਮ ਨੂੰ ਅਸੀਂ ਜੇ ਰਬ ਆਖਦੇ ਹਾਂ, ਉਸ ਦੀ ਮੂਰਤ ਦੀ ਤਸਵੀਰ ਬਣਾ ਕੇ ਬਹਿ ਜਾਂਦੇ ਹਾਂ। ਗੁਰੂ ਨਾਨਕ ਦੇਵ ਜੀ ਦੀ ਤਸਵੀਰ ਨੂੰ ਧੂਫ਼ ਬਤੀ ਜਲਾ ਕੇ ਧੂਫ਼ ਕਰਦੇ ਹਾਂ, ਤਾਂ ਕੀ ਅਸੀਂ ਗੁਰੂ ਜੀ ਜੋ ਗਲ ਕਹਿਣਾ ਚਾਹੁੰਦੇ ਸਨ ਉਸ ਤੇ ਪੂਰਾ ਉਤਰਦੇ ਹਾਂ, ਉਸ ਨਾਲ ਨਿਆਂ ਕਰਦੇ ਹਾਂ। ਪੰਜ ਭੂਤਕ ਸਰੀਰ ਦੇ ਅੰਦਰ ਪ੍ਰਮਾਤਮਾ ਕੈਦ ਨਹੀਂ ਹੋ ਸਕਦਾ। ਸਰੀਰ ਜੋ ਹੈ ਹੀ ਪੰਜ ਭੂਤਕ, ਇਸ ਨੇ ਤਾਂ ਇਕ ਦਿਨ ਬਿਖਰਨਾ ਹੀ ਬਿਖਰਨਾ ਹੈ। ਗੁਰੂ ਨਾਨਕ ਦੇਵ ਜੀ ਦਾ ਰਬ ਤਾਂ ਆਦਿ ਸਚ ਹੈ ਜੁਗਾਦਿ ਵੀ ਸਚ ਹੈ, ਜੋ ਹਮੇਸ਼ਾਂ ਸਚ ਹੈ, ਜੋ ਹਮੇਸ਼ਾਂ ਜਿਉਂਦਾ ਹੈ, ਜਿਸ ਦੀ ਜਾਨ ਨਾ ਨਿਕਲਦੀ, ਨਾ ਕੋਈ ਪਿਓ ਉਸ ਨੂੰ ਜਨਮ ਦੇ ਸਕਦਾ ਹੈ, ਨਾ ਕਿਸੇ ਮਾਤਾ ਦੇ ਗਰਭ ਵਿਚੋਂ ਉਹ ਜਨਮ ਲੈ ਸਕਦਾ ਹੈ। ਜੋ ਗਰਭ ਜੂਨ ਵਿਚ ਜਨਮਿਆਂ ਉਹ ਰਬ ਨਹੀਂ ਹੋ ਸਕਦਾ। ਪ੍ਰਮਾਤਮਾ, ਰਾਮ, ਰਬ ਅਲ੍ਹਾ ਭਗਵਾਨ ਤਾਂ ਇਕ ਸ਼ਕਤੀ ਹੈ ਭਾਈ। ਗੁਰੂ ਨਾਨਕ ਦੇ ਪੰਜ ਭੂਤਕ ਸਰੀਰ ਨੂੰ ਜੇ ਅਸੀਂ ਪੂਜਣਾ ਹੈ, ਪੂਜੋਗੁਰੂ ਨਾਨਕ ਦੇਵ ਜੀ ਨੂੰ, ਕੋਈ ਇਤਰਾਜ਼ ਨਹੀਂ ਹੈ, ਰਾਮ ਨੂੰ ਪੂਜੋ, ਕ੍ਰਿਸ਼ਨ ਨੂੰ ਪੂਜੋ, ਇਸ ਵਿਚ ਕੋਈ ਗਲ ਗ਼ਲਤ ਨਹੀਂ ਹੈ ਪੂਜੋ, ਲੇਕਿਨ ਕੀ ਗੁਰੂ ਜੀ ਇਹ ਗਲ ਆਖਣੀ ਚਾਹੁੰਦੇ ਸਨ ? ਗੁਰੂ ਜੀ ਦੀ ਜੋ ਬਾਣੀ ਹੈ, ਉਸ ਬਾਣੀ ਵਿਚ ਕਿਧਰੇ ਇਹ ਮਿਲਦਾ ਹੈ ਕਿ ਰਬ ਜੋ ਹੈ ਜਿਹੜੀ ਪੂਜਣ ਵਾਲੀ ਚੀਜ਼ ਹੈ, ਜੋ ਸਾਡਾ ਇਸ਼ਟ ਹੈ, ਜਿਸ ਤਕ ਪੰਹੁਚਣਾ ਹੈ, ਜਿਸ ਨੂੰ ਮਿਲਣ ਦੀ ਤਾਂਘ ਹੈ, ਉਹ ਪੰਜ ਭੂਤਕ ਸਰੀਰ ਦਾ ਹੈ, ਹੈ ਕਿਧਰੇ ਇਹ **1430** ਅੰਗਾਂ ਦੇ ਅੰਦਰ। ਗੁਰੂ ਨਾਨਕ ਦੀ ਜਿਉਂਦੀ ਜਾਗਦੀ ਜੋਤਿ ਅੰਦਰ ਕਿਧਰੇ ਇਹ ਗਲ ਹੈ ਕਿ ਗੁਰੂ ਜੀ ਨੇ ਕਿਧਰੇ ਲਿਖਿਆ ਹੋਵੇ; ਕਿਸੇ ਹੋਰ ਗੁਰੂ ਸਾਹਿਬ ਵਿਚ, ਕਿਸੇ ਭਗਤ ਜਨ ਦੇ ਮਨ ਵਿਚ ਬੈਠ ਕੇ ਗੁਰੂ ਜੀ ਨੇ ਲਿਖਿਆ ਹੋਵੇ, ਕਿਸੇ ਰਬੀ ਜੋਤਿ ਨੇ ਲਿਖਿਆ ਹੋਵੇ, ਕਿ ਜੋ ਰਬ ਹੈ, ਉਹ ਪੰਜ ਭੂਤਕ ਸਰੀਰ ਦਾ ਬਣਿਆ ਹੈ। ਪ੍ਰਤੀਕ ਕਦੇ ਪਰਮਾਤਮਾ ਹੋ ਨਹੀਂ ਸਕਦਾ। ਸਾਰੇ ਦੇਵਤੇ ਪ੍ਰਮਾਤਮਾ, ਰਾਮ, ਰਬ ਦੇ ਪ੍ਰਤੀਕ ਹਨ।

ਗੁਰੂ ਨਾਨਕ ਦੇਵ ਜੀ ਦਾ ਜੋ ਫਲਸਫਾ ਹੈ, ਜੋ ਗੁਰੂ ਜੀ ਕਹਿਣਾ ਚਾਹੁੰਦੇ ਹਨ, ਜਿਸ ਕਰਕੇ ਗੁਰੂ ਜੀ


Academy of the Punjab in North America: http://www.apnaorg.com

ਵਿਚਾਰਧਾਰਾ ਦੀ ਲੋੜ ਪਈ, ਕੀ ਅਸੀਂ ਇਸ ਗਲ ਵਲ ਸੋਚਣ ਦੀ ਲੋੜ ਸਮਝੀ ਹੈ ਕਿ ਗੁਰੂ ਜੀ ਕਹਿਣਾ ਕੀ ਚਾਹੁੰਦੇ ਹਨ ? ਗੁਰੂ ਜੀ ਨੇ ਕਿਧਰੇ ਨਹੀਂ ਲਿਖਿਆ ਕਿ ਰਬ ਐਸ ਤਰ੍ਹਾਂ ਦਾ ਹੈ। ਗੁਰੂ ਜੀ ਆਖਦੇ ਹਨ ਉਹ ਇਕ ਹੈ, ਇਕ ਓਅੰਕਾਰ ਹੈ, ਸੂਖਮ ਵੀ ਹੈ, ਅਸਥੂਲ ਵੀ ਹੈ, ਸੀਮਾ ਵਿਚ ਵੀ ਹੈ ਅਤੇ ਸੀਮਾ ਤੋਂ ਪਰ੍ਹੇ ਵੀ ਹੈ। ਗੁਰੂ ਨਾਨਕ ਨੇ ਓਹਦਾ ਨਾਂ ਕੀ ਧਰਿਆ-- ਸਤਿ, ਸਤਿਨਾਮ, ਓਅੰਕਾਰ, ਸਤਿਨਾਮ ਸਤਿ ਹੈ। ਉਸ ਦਾ ਨਾਮ ਇਕ ਹੈ। ਗੁਰੂ ਜੀ ਦੇ ਸ਼ਾਬਦਿਕ ਅਰਥ ਵੀ ਨਾਅਨਕ, ਜੋ ਅਨੇਕ ਨਹੀਂ ਹਨ। ਸੋ ਨਾਨਕ ਨਾਮ ਦੇ ਸ਼ਾਬਦਿਕ ਅਰਥ ਵੀ ਇਕ ਹੀ ਬਣਦੇ ਹਨ ਲੇਕਿਨ ਗੁਰੂ ਨਾਨਕ ਦੇਵ ਜੀ ਦਾ ਜੋ ਪੰਜ ਭੂਤਕ ਸਰੀਰ ਹੈ, ਜੋ ਨਾਨਕ ਹੈ, ਮਹਿਤਾ ਕਾਲੂ ਦਾ ਪੁਤਰ ਹੈ, ਮਾਂ ਦੇ ਗਰਭ ਦੇ ਵਿਚੋਂ ਜਿਸ ਨੇ ਜਨਮ ਲਿਆ, ਉਹ ਕੀ ਸਤਿ ਹੈ, ਸਤਿ ਦਾ ਪ੍ਰਤੀਕ ਹੈ, ਸਤਿ ਆਖ ਕੇ ਅਸੀਂ ਜੇ ਉਸ ਦੀ ਪੂਜਾ ਕਰਨੀ ਹੈ-- ਚਲੋ ਕਰੋ ਭਾਈ, ਜੇ ਤੁਸੀਂ ਗੁਰੂ ਨਾਨਕ ਦੇਵ ਜੀ ਨੂੰ ਰਬ ਮੰਨ ਕੇ ਉਸ ਦੀ ਪੂਜਾ ਕਰਨੀ ਹੈ, ਕਰੋ, ਜ਼ਰੂਰ ਕਰੋ। ਜੇ ਤੁਹਾਡਾ ਵਿਸ਼ਵਾਸ ਧੰਨੇ ਦੇ ਵਿਸ਼ਵਾਸ ਨਾਲ ਰਲਦਾ ਹੈ, ਜੇ ਧੰਨੇ ਨੂੰ ਇਕ ਠਾਕੁਰ ਦੇ ਵਿਚੋਂ, ਇਕ ਪਥਰ ਦੇ ਵਿਚ ਵਿਸ਼ਵਾਸ ਕਰਕੇ ਰਬ ਲਭ ਸਕਦਾ ਹੈ ਤਾਂ ਅਸੀਂ ਗੁਰੂ ਨਾਨਕ ਦੇਵ ਜੀ ਦੇ ਵਿਚੋਂ ਕਿਉਂ ਨਹੀਂ ਲਭ ਸਕਦੇ? ਜ਼ਰੂਰ ਲਭ ਸਕਦੇ ਹਾਂ, ਵਿਸ਼ਵਾਸ ਕਰਕੇ ਦੇਖੋ, ਕਿਸੇ ਤੇ ਵੀ ਕਰਕੇ

ਦੇਖੋ, ਗੁਰੂ ਨਾਨਕ ਦੇਵ ਜੀ 'ਤੇ ਕਰਕੇ ਦੇਖੋ, ਰਾਮ 'ਤੇ ਕਰਕੇ ਦੇਖੋ, ਕਿਸੇ ਵੀ ਭਗਵਾਨ ਤੇ ਵਿਸ਼ਵਾਸ ਕਰ ਕੇ ਦੇਖੋ, ਪੂਰਨ ਵਿਸ਼ਵਾਸ ਸੌ ਫ਼ੀ ਸਦੀ ਵਿਸ਼ਵਾਸ, 99 ਫ਼ੀ ਸਦੀ ਦੇ ਕੋਈ ਮਾਅਨੇ ਨਹੀਂ ਹਨ। ਸੌ ਫ਼ੀ ਸਦੀ ਵਿਸ਼ਵਾਸ ਕਰਕੇ ਦੇਖੋ, ਜੇ ਤੁਹਾਡਾ ਵਿਸ਼ਵਾਸ ਸੌ ਫ਼ੀਸਦੀ ਹੈ, ਧੰਨੇ ਵਰਗਾ ਵਿਸ਼ਵਾਸ ਹੈ ਤਾਂ ਯਕੀਨ ਕਰਿਓ, ਭਗਵਾਨ ਪਥਰ ਵਿਚੋਂ ਵੀ ਮਿਲ ਜਾਵੇਗਾ। ਲੇਕਿਨ ਗੁਰੂ ਜੀ ਨੇ ਜੋ ਆਪਣੀ ਬਾਣੀ ਦੇ ਵਿਚ ਕਹਿਣਾ ਚਾਹਿਆ ਹੈ; ਉਸ ਅਨੁਸਾਰ ਪਰਮਾਤਮਾ ਜਨਮ ਨਹੀਂ ਲੈ ਸਕਦਾ, ਪੰਜ ਭੂਤਕ ਜਨਮ ਨਹੀਂ ਲੈ ਸਕਦਾ। ਜੇ ਗੁਰੂ ਜੀ ਨੂੰ ਕੋਈ ਪ੍ਰਤਖ ਹਰਿ ਮੰਨੇ, ਜੇ ਗੁਰੂ ਜੀ ਨੂੰ ਕੋਈ ਪ੍ਰੇਮੀ, ਕੋਈ ਸਿਖ, ਕੋਈ ਪਿਆਰਾ ਰਬ ਮੰਨੇ, ਕਰਤਾਰ ਮੰਨੇ, ਤਾਂ ਇਸ ਦੇ ਵਿਚ ਕੋਈ ਅਤਿਕਥਨੀ ਨਹੀਂ, ਇਸ ਦੇ ਵਿਚ ਕੋਈ ਗ਼ਲਤੀ ਨਹੀਂ ਹੈ।

ਅਸੀਂ ਭਾਰਤੀ ਸਭਿਅਤਾ ਦੇ ਲੋਕ, ਭਾਰਤੀ ਉਪ ਮਹਾਂਦੀਪ ਵਿਚ ਵਸਦੇ ਲੋਕ, ਭਾਰਤੀ ਮੂਲ ਦੇ ਲੋਕ ਪੁਰਾਤਨ ਸਮੇਂ ਤੋਂ ਕਿਸੇ ਨਾ ਕਿਸੇ ਨੂੰ ਆਪਣਾ ਰਬ ਮੰਨ ਕੇ ਚਲਦੇ ਆਏ ਹਾਂ। ਅਸੀਂ ਆਪਣੇ ਪੁਰਾਣੇ ਇਤਿਹਾਸ ਨੂੰ ਫੋਲੀਏ , ਜਿਥੋਂ ਤਕ ਵੀ ਸਾਡੀ ਨਜ਼ਰ ਜਾਂਦੀ ਹੈ ਉਥੋਂ ਤਕ ਹੀ ਸਾਨੂੰ ਇਸ ਗਲ ਦੇ ਪ੍ਰਤਖ ਪ੍ਰਮਾਣ ਮਿਲਦੇ ਹਨ ਕਿ ਅਸੀਂ ਕਿਸੇ ਨਾ ਕਿਸੇ ਚੀਜ਼ ਨੂੰ ਆਪਣਾ ਇਸ਼ਟ ਬਣਾ ਕੇ ਤੁਰੇ ਹਾਂ। ਧਾਰਮਿਕ ਦੁਨੀਆਂ ਦੇ ਲੋਕ ਕਿਸੇ ਨਾ ਕਿਸੇ ਚੀਜ਼ ਨੂੰ, ਕਿਸੇ ਨਾ ਕਿਸੇ ਸ਼ਕਤੀ ਨੂੰ ਭਾਵੇਂ ਉਹ ਅਗਨੀ ਦੇਵਤਾ ਹੋਵੇ ਜਾਂ ਕੋਈ ਥਲ ਦੇਵਤਾ ਹੋਵੇ, ਜਾਂ ਕੋਈ ਜਲ ਦੇਵਤਾ ਹੋਵੇ, ਰਿਗਵੇਦ ਵਿਚ ਜ਼ਿਕਰ ਆਉਂਦਾ ਹੈ, ਭਾਵੇਂ ਉਹ ਇੰਦਰ ਦੇਵਤਾ ਹੋਵੇ, ਵੇਦਾਂ ਦੇ ਵਿਚ ਜ਼ਿਕਰ ਆਉਂਦਾ ਹੈ, ਕੁਦਰਤੀ ਕ੍ਰਿਸ਼ਮੇ ਨੂੰ ਕੁਦਰਤ ਦੀਆਂ ਕਰਾਮਾਤਾਂ ਹਨ। ਇਨ੍ਹਾਂ ਨੂੰ ਅਸੀਂ ਵਿਸ਼ੇਸ਼ ਕਰਕੇ ਕਰਾਮਾਤਾਂ ਵਿਚ ਵਿਸ਼ਵਾਸ ਕਰਕੇ, ਦੇਵੀ ਦੇਵਤਿਆਂ ਵਿਚ ਵਿਸ਼ਵਾਸ ਕਰਕੇ ਤੇ ਉਸ ਵਿਚੋਂ ਆਪਣਾ ਰਬ ਭਾਲਦੇ ਰਹੇ ਹਾਂ। ਜੇ ਸ਼ਿਵ ਸ਼ਕਤੀ ਨੂੰ ਅਸੀਂ ਆਪਣਾ ਰਬ ਸਵੀਕਾਰ ਕਰ ਸਕਦੇ ਹਾਂ, ਸਦੀਆਂ ਤਕ ਜੇ ਬ੍ਰਹਮਾ ਤੇ ਵਿਸ਼ਵਾਸ਼ ਕਰਦੇ ਹਾਂ ਤੇ ਇਹ ਕਹਿ ਸਕਦੇ ਹਾਂ ਕਿ ਬ੍ਰਹਮਾ ਨੇ ਹੀ ਸਾਰੀ ਸ੍ਰਿਸ਼ਟੀ ਨੂੰ ਸਿਰਜਿਆ ਹੈ, ਇਹ ਕੋਈ ਗ਼ਲਤ ਗਲ ਨਹੀਂ ਹੈ, ਵਿਸ਼ਵਾਸ ਪਕਾ ਹੈ । ਜਿੰਨਾ ਚਿਰ ਤਕ ਸਾਡਾ ਵਿਸ਼ਵਾਸ ਪਕਾ ਹੈ ਉਦੋਂ ਤਕ ਦੇਵੀ ਦੇਵਤੇ ਜਿਨ੍ਹਾਂ ਨੂੰ ਰਬ ਦੀ ਜਗਾ ਬਿਠਾ ਦਿਤਾ, ਜੇ ਬ੍ਰਹਮਾ ਜਾਂ ਫਿਰ ਸ਼ਿਵ ਸ਼ਕਤੀ ਹੈ, ਜਿਸ ਨੂੰ ਰਬ ਦੀ ਜਗਾ ਬਿਠਾ ਦਿਤਾ, ਕੋਈ ਗਲ ਨਹੀਂ ਜਿਸ ਨੂੰ ਮਰਜ਼ੀ ਬਿਠਾ ਦਿਓ, ਰਬ ਦੀ ਜਗ੍ਹਾ ਚਾਹੇ ਰਾਮ ਨੂੰ ਬਿਠਾ ਦਿਓ, ਚਾਹੇ ਰਹੀਮ ਨੂੰ, ਸਭ ਠੀਕ ਹੈ, ਰਬ ਕਹੋ ਜੇ ਯਕੀਨ ਹੈ ਪੂਰਨ ਯਕੀਨ। ਜੇ ਗੁਰੂ ਨਾਨਕ ਦੇਵ ਜੀ ਨੂੰ ਰਬ ਕਹਿਣ ਨੂੰ ਕਿਸੇ ਦਾ ਦਿਲ ਕਰਦਾ ਹੈ, ਜੇ ਉਨ੍ਹਾਂ ਦੀ ਤਸਵੀਰ ਵਿਚੋਂ ਆਪਣਾ ਇਸ਼ਟ ਦਿਸਦਾ ਹੈ, ਉਸ ਦੇ ਵਿਚ ਤਾਂ ਇਹ ਕੋਈ ਗ਼ਲਤ ਗਲ ਨਹੀਂ ਹੈ।


Academy of the Punjab in North America: http://www.apnaorg.com

ਮਸਲਾ ਤਾਂ ਸਾਡੇ ਮੰਨ ਲੈਣ ਦਾ ਹੈ, ਮਸਲਾ ਤਾਂ ਸਾਡੇ ਵਿਸ਼ਵਾਸ ਦਾ ਹੈ, ਮਸਲਾ ਤਾਂ ਸਾਡੇ ਯਕੀਨ ਦਾ ਹੈ, ਜੇ ਸਚੀ-ਮੁਚੀਂ ਦਿਲ ਲਾ ਕੇ ਕੋਈ ਇਨਸਾਨ ਕੋਈ ਸਿਖ ਗੁਰੂ ਨਾਨਕ ਦੇਵ ਜੀ ਦੀ ਤਸਵੀਰ ਨੂੰ ਪੂਰਨ ਵਿਸ਼ਵਾਸ ਦੇ ਨਾਲ ਆਪਣਾ ਰਬ ਮੰਨਦਾ ਹੈ ਇਸ ਵਿਚੋਂ ਆਪਣਾ ਰਬ ਭਾਲਦਾ ਹੈ, ਇਸ ਅੰਦਰ ਯਕੀਨ ਹੈ, ਉਸ ਤੇ ਨਿਰਭਰ ਕਰਦੀ ਹੈ ਸਾਰੀ ਗਲ। ਜੇ ਵਿਸ਼ਵਾਸ਼ ਦੇ ਨਾਲ ਕੋਈ ਰਾਮ ਨੂੰ ਜਾਂ ਕਿਸੇ ਹੋਰ ਮਹਾਂਪੁਰਖ ਨੂੰ ਰਬ ਮੰਨਦਾ ਹੈ ਤੇ ਉਹ ਰਾਮ ਦੀ, ਕ੍ਰਿਸ਼ਨ ਦੀ, ਸ਼ਿਵ ਦੀ ਜਾਂ ਪ੍ਰਮਾਤਮਾ ਦੀ, ਗੁਰੂ ਨਾਨਕ ਦੇਵ ਜੀ ਦੀ ਗਲ ਨਹੀਂ; ਇਹ ਗਲ ਉਸਦੇ ਵਿਸ਼ਵਾਸ ਦੀ ਹੈ। ਜੇ ਵਿਸ਼ਵਾਸ ਦੇ ਨਾਲ, ਜੇ ਤੁਸੀਂ ਪੂਰਨ ਵਿਸ਼ਵਾਸ ਦੇ ਨਾਲ ਰਬ ਮੰਨਦੇ ਹੋ ਤੇ ਧੰਨੇ ਦੇ ਪਥਰ ਵਿਚ ਵਿਸ਼ਵਾਸ ਵਾਂਗ ਵਿਸ਼ਵਾਸ ਕਰ ਸਕਦੇ ਹੋ, ਸੰਪੂਰਨ ਵਿਸ਼ਵਾਸ ਜੇ ਹੈ ਤਾਂ ਪਥਰ ਦੇ ਠਾਕੁਰ 'ਤੇ ਵਿਸ਼ਵਾਸ ਕਰਕੇ ਵੀ ਉਸ ਵਿਚੋਂ ਰਬ ਮਿਲ ਜਾਵੇਗਾ। ਧੰਨੇ ਦਾ ਵਿਸ਼ਵਾਸ ਹੋਗਿਆ ਤੇ ਉਸੇ ਨਾਲ ਹੀ ਰਬ ਮਿਲ ਗਿਆ।

ਜ਼ਾਹਿਰ ਹੈ ਕਿਸੇ ਨਾ ਕਿਸੇ ਤਰੀਕੇ ਨਾਲ ਉਸ ਵਿਸ਼ਵਾਸ ਨੂੰ ਵਿਸ਼ਵਾਸ ਦਿਵਾਉਣਾ ਪੈਣਾ, ਭਾਈ ਤੇਰਾ ਜੋ ਵਿਸ਼ਵਾਸ ਹੈ ਜੇ ਉਹ ਜਿਤ ਗਿਆ। ਮਸਲਾ ਵਿਸ਼ਵਾਸ ਦਾ ਹੈ ਜੇ ਸਾਨੂੰ ਵਿਸ਼ਵਾਸ ਹੈ ਤੇ ਆਪਣੇ ਯਕੀਨ ਦੇ ਨਾਲ ਅਸੀਂ ਕਿਸੇ ਨੂੰ ਵੀ ਮੰਨ ਲਈਏ, ਕੁਝ ਵੀ ਮੰਨ ਲਈਏ ਉਹੀਓ ਹੋ ਜਾਵੇਗਾ। ਗੁਰੂ ਨਾਨਕ ਦੇਵ ਜੀ ਆਪਣੀ ਵਿਦਵਤਾ ਦੇ ਨਾਲ ਆਪਣੀ ਦਿਬ ਦ੍ਰਿਸ਼ਟੀ ਦੇ ਨਾਲ, ਆਪਣੀ ਕਲਮ ਦੇ ਨਾਲ ਜੋ ਵਿਚਾਰ ਸਾਡੇ ਨਾਲ ਸਾਂਝੇ ਕਰਕੇ ਗਏ, ਜੋ ਵੀ ਰਬ ਗੁਰੂ ਨਾਨਕ ਦੇਵ ਜੀ ਨੂੰ ਦਿਸਿਆ, ਗੁਰੂ ਨਾਨਕ ਅਨੁਸਾਰ ਵਿਅਕਤੀ ਵਿਸ਼ੇਸ਼ ਕੋਈ ਵੀ, ਨਾ ਨਾਨਕ, ਨਾ ਰਾਮ, ਨਾ ਰਹੀਮ, ਨਾ ਬ੍ਰਹਮਾ ਕੋਈ ਵੀ ਵਿਅਕਤੀ ਵਿਸ਼ੇਸ਼, ਇਹ ਗੁਰੂ ਨਾਨਕ ਦੀ ਗਲ ਕਰ ਰਹੇ ਹਾਂ, ਗੁਰੂ ਜੀ ਦੀ ਵਿਚਾਰਧਾਰਾ ਅਨੁਸਾਰ ਕੋਈ ਵਿਸ਼ੇਸ਼ ਵਿਅਕਤੀ ਭਾਵੇਂ ਉਹ ਰਾਮ ਹੈ, ਰਹੀਮ ਹੈ ਕੋਈ ਵੀ ਹੋਵੇ ਜਿਸ ਵਿਅਕਤੀ ਨੇ ਕਿਸੇ ਮਾਂ ਦੇ ਗਰਭ ਵਿਚ ਜਨਮ ਲਿਆ, ਜਿਵੇਂ ਗੁਰੂ ਨਾਨਕ ਦੇਵ ਜੀ ਨੇ ਮਹਿਤਾ ਕਾਲੂ ਦੇ ਘਰ **1469** ਈਸਵੀ ਵਿਚ ਜਨਮ ਲਿਆ, ਬਾਲਕ ਨੇ ਜਨਮ ਲਿਆ, ਇਨਸਾਨ ਦੇ ਬਾਲਕ ਨੇ ਜਨਮ ਲਿਆ, ਗੁਰੂ ਜੀ ਦੀ ਵਿਚਾਰਧਾਰਾ, ਗੁਰੂ ਜੀ ਦਾ ਜੋ ਫ਼ਲਸਫ਼ਾ ਹੈ, ਉਸ ਅਨੁਸਾਰ ਪੰਜ ਭੂਤਕ ਸਰੀਰ ਜੋ ਹੈ, ਉਹ ਪ੍ਰਮਾਤਮਾ ਨਹੀਂ ਹੋ ਸਕਦਾ। ਤਾਂ ਫਿਰ ਭਾਈ ਅਸੀਂ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਜਾਂ ਰਾਮ ਨੂੰ ਜਾਂ ਹੋਰ ਕਿਸੇ ਵਿਅਕਤੀ ਵਿਸ਼ੇਸ਼ ਨੂੰ ਰਬ ਕਿਵੇਂ ਮੰਨਦੇ ਹਾਂ, ਉਸ ਦੇ ਨਾਲ ਅਸੀਂ ਕਿਵੇਂ ਨਿਆਂ ਕਰਦੇ ਹਾਂ ਕਿ ਅਸੀਂ ਜੇ ਕਿਸੇ ਵਿਅਕਤੀ ਵਿਸ਼ੇਸ਼ ਨੂੰ ਰਬ ਮੰਨਿਆ ਉਹ ਕਿਉਂ ਮੰਨਿਆ।

ਹਰ ਇਕ ਇਨਸਾਨ ਦਾ ਹਰ ਚੀਜ਼ ਦਾ ਕੋਈ ਨਾ ਕੋਈ ਨਾਂ ਹੁੰਦਾ ਹੈ। ਹਰ ਵਸਤੂ ਨੂੰ ਕਿਸੇ ਨਾ ਕਿਸੇ ਨਾਂ ਨਾਲ ਜਾਣਿਆ ਜਾਂਦਾ ਹੈ। ਇਨਸਾਨ ਦਾ ਜੋ ਆਮ ਤੌਰ ਤੇ ਨਾਂ ਹੁੰਦਾ ਹੈ ਕਈ ਵਾਰੀ ਉਹ ਉਸ 'ਤੇ ਪੂਰਾ ਨਹੀਂ ਉਤਰਦਾ। ਸਿਆਣੇ ਕਹਿੰਦੇ ਹਨ : ਤਿੰਨ ਤਰ੍ਹਾਂ ਦੇ ਨਾਂ ਹੋਇਆ ਕਰਦੇ ਹਨ। ਇਕ ਨਾਂ ਜੋ ਮਾਤਾ-ਪਿਤਾ ਨੇ ਰਖਿਆ। ਜੋ ਅਸੀਂ ਕਰਦੇ ਹਾਂ ਤੇ ਜੋ ਸਾਡੀ ਕਿਰਤ ਹੈ: ਇਕ ਨਾਂ ਉਸ ਤੋਂ ਬਣਦਾ ਹੈ ਜੋ ਅਸੀਂ ਕਿਰਤ ਕਰਦੇ ਹਾਂ ਜਿਵੇ ਂ ਸਕੂਲ ਕਾਲਜ ਵਿਚ ਜੇ ਕੋਈ ਪੜ੍ਹਾਉਂਦਾ ਹੈ ਤਾਂ ਅਸੀਂ ਮਾਸਟਰ ਜੀ ਜਾਂ ਪ੍ਰੋਫੈਸਰ ਸਾਹਿਬ ਕਹਿੰਦੇ ਹਾਂ ਜੇ ਕੋਈ ਲੋਕਾਂ ਦਾ ਇਲਾਜ ਕਰਦਾ ਹੈ ਉਸ ਨੂੰ ਡਾਕਟਰ ਸਾਹਿਬ ਕਹਿੰਦੇ ਹਾਂ। ਇਕ ਨਾਂ ਸਾਨੂੰ ਮਾਂ ਪਿਓ ਨੇ ਦਿਤਾ ਹੁੰਦਾ ਹੈ, ਇਕ ਨਾਂ ਅਸੀਂ ਕਮਾਉਂਦੇ ਹਾਂ, ਕਿਰਤ ਅਸੀਂ ਜੋ ਕਰਦੇ ਹਾਂ, ਉਸ ਦੇ ਨਾਲ ਸਾਡਾ ਨਾਂ ਬਣਦਾ ਹੈ। ਤੀਸਰਾ ਨਾਂ ਬਣਦਾ ਹੈ ਸਾਡੀ ਰਹਿਣੀ-ਬਹਿਣੀ ਤੁਸੀਂ ਕਿਨ੍ਹਾਂ ਲੋਕਾਂ ਦੇ ਨਾਲ ਉਠਦੇ ਬੈਠਦੇ ਹਾਂ। ਸਾਡੇ ਪਿਤਾ ਜੀ ਕਿਹਾ ਕਰਦੇ ਸਨ ਜੇ ਤੁਹਾਡੇ ਦੋਸਤ ਸੰਤ ਹਨ ਸਾਧੂ ਹਨ, ਸੰਤਾਂ ਦੇ ਨਾਲ ਸਾਧੂਆਂ ਦੇ ਨਾਲ ਜੇ ਤੁਹਾਡਾ ਉਠਣਾ ਬੈਠਣਾ ਹੈ ਤਾਂ ਲੋਕ ਤੁਹਾਡੀ ਗਲ ਇਸ ਤਰ੍ਹਾਂ ਕਰਨਗੇ ਜਿਵੇਂ ਸਾਧੂਆਂ ਦੀ ਗਲ ਕਰਦੇ ਹਨ, ਸੰਤਾਂ ਦੀ ਗਲ ਕਰਦੇ ਹਨ। ਜੇ ਤੁਹਾਡੀ ਉਠਣੀ ਬੈਠਣੀ ਚੋਰਾਂ ਦੇ ਨਾਲ ਹੈ, ਦੋਸਤੀ ਚੋਰਾਂ ਦੇ ਨਾਲ ਹੈ ਤੇ ਫਿਰ ਲੋਕ ਕਹਿਣਗੇ, 'ਔਹ ਜਾਂਦੇ ਹਨ, ਚੋਰਾਂ ਦੇ ਯਾਰ। ' ਜਿਸ ਤਰ੍ਹਾਂ ਦੇ ਲੋਕਾਂ ਦੇ ਨਾਲ ਸਾਡੀ ਉਠਣੀ ਬੈਠਣੀ ਹੈ ਉਸ ਤੋਂ ਵੀ ਸਾਨੂੰ ਇਕ ਨਾਮ ਪ੍ਰਾਪਤ ਹੁੰਦਾ


Academy of the Punjab in North America: http://www.apnaorg.com

ਹੈ। ਦੋਸਤ ਮਿਤਰ ਜਿਨ੍ਹਾਂ ਦੇ ਨਾਲ ਮਿਲਦੇ ਹਾਂ ਵਿਚਰਦੇ ਹਾਂ, ਉਨ੍ਹਾਂ ਤੋਂ ਵੀ ਸਾਨੂੰ ਇਕ ਨਾਂ ਮਿਲਦਾ ਹੈ। ਦੋਸਤ ਮਿਤਰ ਵਸਤਰਾਂ ਦੇ, ਕਪੜਿਆਂ ਦੇ ਸਮਾਨ ਹੁੰਦੇ ਹਨ। ਜਿਵੇਂ ਜੇ ਕਿਸੇ ਨੇ ਸੁਹਣੇ ਵਸਤਰ ਪਾਏ ਹਨ, ਟਾਈ-ਸ਼ਾਈ ਲਗਾਈ ਹੈ ਤੇ ਬੂਟ ਵੀ ਲਿਸ਼ਕਦੇ ਪਾਏ ਹਨ, ਚੰਗੀ ਨੋਕਦਾਰ ਪਗ ਬੰਨ੍ਹੀ ਹੈ ਤਾਂ ਭਾਵੇਂ ਕੋਈ ਉਸ ਨੂੰ ਜਾਣਦਾ ਵੀ ਨਾ ਹੋਵੇ, ਸਲਾਮ ਕਰ ਦੇਵੇਗਾ, ਇਹ ਜਾਣ ਕੇ, ਇਹ ਵੇਖ ਕੇ ਕਿ ਇਹ ਕੋਈ ਵਿਸ਼ੇਸ਼ ਵਿਅਕਤੀ ਹੈ। ਤੇ ਜੇ ਸਾਡੇ ਵਸਤਰ ਗੰਦੇ ਪਾਏ ਹਨ, ਸਾਡੀ ਹਾਲਤ ਐਸੀ ਹੈ ਤਾਂ ਕੀ ਸਾਨੂੰ ਕੋਈ ਸਲਾਮ ਕਰੇਗਾ, ਨਹੀਂ।

ਸੋ ਸਾਡੇ ਤਿੰਨ ਤਰ੍ਹਾਂ ਦੇ ਨਾਂ ਹਨ, ਇਕ ਮਾਤਾ ਪਿਤਾ ਦਾ ਰਖਿਆ ਨਾਂ ਹੁੰਦਾ ਹੈ, ਇਕ ਨਾਂ ਸਾਡੀ ਕਿਰਤ ਨਾਲ ਜੁੜਿਆ ਹੁੰਦਾ ਹੈ। ਜੋ ਨਾਮਕਰਨ ਕਰਦੇ ਹਨ, ਲੋਕ ਉਸ ਦੇ ਅਨੁਸਾਰ ਕਈ ਵਾਰੀ ਅਸੀਂ ਪੂਰਾ ਨਹੀਂ ਉਤਰਦੇ । ਜਿਵੇਂ ਕਿਸੇ ਦਾ ਨਾਂ ਤਾਂ ਘਰਦਿਆਂ ਨੇ ਰਖਿਆ ਸ਼ੇਰ ਸਿਉਂ ਪਰ ਹੋਵੇ ਉਹ ਡਰਾਕਲ ਤੇ ਉਹ ਨਾਂ 'ਤੇ ਪੂਰਾ ਨਾ ਉਤਰਿਆ, ਢੁਕਿਆ ਨਾ ਪੂਰਾ। ਜੇ ਅਸੀਂ ਗੁਰੂ ਨਾਨਕ ਵਲ ਦੇਖੀਏ -- ਨਾ-ਅਨਕ; ਨਾ-ਅਨੇਕ, ਇਕ ਹੀ ਅਨੇ ਕ ਨਹੀਂ, ਇਕੋ ਹੀ ਨਾਨਕ ਹੋਇਆ ਹੈ ਤੇ ਜਿਸ ਚੀਜ਼ ਦੀ ਨਾਨਕ ਨੇ ਗਲ ਕੀਤੀ ਹੈ ਉਹ ਵੀ ਇਕੋ ਹੀ ਹੈ, ਉਸ ਨਾਂ ਤੇ ਜੋ ਮਾਤਾ ਪਿਤਾ ਨੇ ਦਿਤਾ ਨਾਨਕ ਉਸ ਨਾਮ 'ਤੇ ਪੂਰਾ ਉਤਰਦੇ ਹਨ। ਗੁਰੂ ਨਾਨਕ ਜੀ ਦੀ ਵਿਦਵਤਾ, ਸ਼ਖ਼ਸੀਅਤ ਗੁਰੂ ਨਾਨਕ ਦੇ ਨਾਮ ਦੇ ਨਾਲ ਸੰਪੂਰਣ ਨਿਆਂ ਕਰਦੀ ਹੈ। ਗੁਰ ਨਾਨਕ ਨੂੰ ਜੇ ਕੋਈ ਰਬ ਮੰਨਦਾ ਹੈ ਇਹ ਉਸਦੇ ਨਾਮ ਤੋਂ ਲਗਦਾ ਹੈ ਕਿ ਉਹ ਰਬ ਹੈ। ਦੂਸਰਾ ਨਾਂ ਕਿਸ ਤਰ੍ਹਾਂ ਮਿਲਦਾ ਹੈ ? ਇਹ ਸਾਡੀ ਕਿਰਤ ਹੈ ਅਸੀਂ ਕੀ ਕਰਦੇ ਹਾਂ, ਜਿਵੇਂ ਅਸੀਂ ਹੁਣੇ ਗਲ ਕੀਤੀ ਹੈ ਜੇ ਕੋਈ ਡਾਕਟਰ ਹੈ ਉਹ ਲੋਕਾਂ ਦਾ ਇਲਾਜ ਕਰਦਾ ਹੈ। ਉਸਨੂੰ ਡਾਕਟਰ ਸਾਹਿਬ ਕਹਿੰਦੇ ਹਨ। ਗੁਰੂ ਨਾਨਕ ਨੇ ਕਿਰਤ ਕੀ ਕੀਤੀ ਹੈ ਸਾਰੀ ਜ਼ਿੰਦਗੀ ? ਉਹੀ ਕਿਰਤ ਕਮਾਈ ਕੀਤੀ ਸਾਰੀ ਜ਼ਿੰਦਗੀ, ਜੋ ਰਬ ਤੋਂ ਬਗੈਰ ਕੋਈ ਅਜਿਹੀ ਕਿਰਤ ਕਮਾਈ ਕਰ ਹੀ ਨਹੀਂ ਸਕਦਾ। ਇਹ ਕਿਰਤ ਕਮਾਈ ਜੋਗੁਰੂ ਨਾਨਕ ਨੇ ਕੀਤੀ, ਜਿਸ ਹਿਸਾਬ ਦੇ ਨਾਲ ਗੁਰ ਜੀ ਦੀ ਕਲਮ ਚਲੀ, ਜਿਹੜੀ ਬਾਣੀ ਗੁਰੂ ਜੀ ਦੇ ਮੁਖ ਮੰਡਲ ਵਿਚੋਂ ਨਿਕਲੀ ਇਹ ਭਲਾ ਕਿਸੇ ਬੰਦੇ ਦੀ ਬਾਣੀ ਲਗਦੀ ਹੈ, ਜੇ ਇਸ ਨੂੰ ਧੁਰ ਕੀ ਬਾਣੀ ਆਖਦੇ ਹਾਂ ਤਾਂ ਇਸ ਵਿਚ ਗ਼ਲਤ ਕੀ ਹੈ ? ਇਹ ਬਾਣੀ ਜੋ ਗੁਰੂ ਜੀ ਨੇ ਉਚਾਰੀ ਹੈ ਇਹ ਸ਼ਬਦ, ਇਹ ਜੋ ਸ਼ਬਦਾਂ ਦਾ ਸੁਮੇਲ, ਜੋ ਸ਼ਬਦਾਵਲੀ ਜੋ ਸ਼ਬਦਾਂ ਦੀ ਸ਼ਕਤੀ, ਗੁਰੂ ਜੀ ਨੇ ਮੁਖ ਮੰਡਲ 'ਚੋਂ ਉਚਾਰੀ, ਇਹ ਬਾਣੀ ਭਲਾ ਕਿਸੇ ਵਿਅਕਤੀ ਦੀ ਹੋ ਸਕਦੀ ਹੈ। ਕੋਈ ਵਿਅਕਤੀ ਇਹੋ ਜਿਹੀ ਗਲ ਕਰ ਸਕਦਾ ਹੈ। ਗੁਰੂ ਜੀ ਦੀ ਜੋ ਕਿਰਤ ਹੈ, ਜੋ ਕਿਰਤ ਕਮਾਈ ਹੈ, ਜੋ ਕੁਝ ਕਹਿਆ ਗੁਰੂ ਜੀ ਨੇ, ਉਸ ਦੇ ਹਿਸਾਬ ਨਾਲ ਵੀ ਉਨ੍ਹਾਂ ਦਾ ਕੋਈ ਨਾਂ ਬਣਦਾ ਹੈ। ਜੋ ਗੁਰੂ ਜੀ ਨੇ ਕੀਤਾ ਉਸ ਦੇ ਹਿਸਾਬ ਦੇ ਨਾਲ ਉਨ੍ਹਾਂ ਦਾ ਨਾਂ ਰਖੀਏ ਤਾਂ ਕੀ ਨਾਂ ਰਖ ਸਕਦੇ ਹਾਂ, ਦਸੋ, ਕੀ ਰਖ ਸਕਦੇ ਹਾਂ ? ਜੋ ਵੀ ਕਿਸੇ ਨੇ ਕਿਹਾ, ਬੋਲਿਆ, ਕਰਿਆ, ਕਿਸ ਤਰ੍ਹਾਂ ਦਾ ਕੀਤਾ, ਉਸ ਦੇ ਹਿਸਾਬ ਨਾਲ ਜੋ ਉਨ੍ਹਾਂ ਕਿਰਤ ਕੀਤੀ, ਉਸ ਬਾਣੀ ਦੇ ਹਿਸਾਬ ਦੇ ਨਾਲ ਉਨ੍ਹਾਂ ਦਾ ਨਾਂ ਕੀ ਰਖੀਏ। ਜੇ ਮੇਰੇ ਵਰਗਾ ਕਹੇ ਇਹ ਤਾਂ ਰਬ ਦੀਆਂ ਗਲਾਂ, ਇਸ ਵਿਚ ਕੀ ਗ਼ਲਤ ਹੈ ? ਰਬ ਤੋਂ ਬਿਨਾਂ ਇਹ ਗਲਾਂ ਹੋਰ ਕੋਈ ਕਰ ਹੀ ਨਹੀਂ ਸਕਦਾ। ਭਲੀ-ਭਾਂਤੀ ਸਾਡੇ ਮੂੰਹ ਚੋਂ ਨਿਕਲਦਾ 'ਹੇ ਵਾਹਿਗੁਰੂ, ਇਹ ਸਤਿਗੁਰ ਦੇ ਮੁਖ ਮੰਡਲ ਵਿਚੋਂ ਜੋ ਗਲਾਂ ਨਿਕਲੀਆਂ ਹਨ, ਰਬ ਦੀਆਂ ਗਲਾਂ ਹਨ। ' ਧੁਰ ਕੀ ਬਾਣੀ ਹੈ ਇਸ ਵਿਚ ਗ਼ਲਤ ਕੀ ਹੈ ?

ਤੀਸਰਾ ਨਾਂ ਕੀ ਹੈ, ਕਿ ਤੁਹਾਡੀ ਉਠਣੀ ਬੈਠਣੀ ਕਿਸ ਦੇ ਨਾਲ ਹੈ, ਕਿਵੇਂ ਦੀ ਹੈ, ਕਿਥੇ ਜਾਂਦੇ ਹੋ ਤੁਸੀਂ, ਕਿਨ੍ਹਾਂ ਲੋਕਾਂ ਦੇ ਨਾਲ ਵਿਚਰਦੇ ਹੋ, ਉਸ ਤੋਂ ਵੀ ਤੁਹਾਡਾ ਨਾਂ ਬਣਦਾ ਹੈ। ਗੁਰੂ ਨਾਨਕ ਦੇਵ ਜੀ ਦੇ ਮਿਤਰ ਕੌਣ ਸਨ। ਗੁਰੂ ਜੀ ਕਿਸ ਨੂੰ ਮਿਲੇ, ਕਿਥੇ ਗਏ। ਗੁਰੂ ਜੀ ਦੇਵ ਨੇ ਮਕੇ ਤੋਂ ਲੈ ਕੇ ਜਗਨਨਾਥ ਪੁਰੀ ਤਕ, ਦੁਨੀਆਂ ਦੇ ਵਿਚ ਕਿਨ੍ਹਾਂ-ਕਿਨ੍ਹਾਂ ਜਗਾ ਤੇ ਜਾ ਕੇ, ਜੋ ਚਾਰ ਉਦਾਸੀਆਂ ਕੀਤੀਆਂ, ਇਨ੍ਹਾਂ ਵਿਚ ਉਹ ਕਿਥੇ ਕਿਥੇ ਗਏ, ਕਿਸ ਨੂੰ ਮਿਲੇ, ਉਨ੍ਹਾਂ ਦੀ ਵਾਰਤਾਲਾਪ ਕਿਸ ਕਿਸ ਨਾਲ ਸੀ ? ਭਲਾ ਜੇ ਮਕੇ ਗਏ ਤਾਂ ਕਿਉਂ ਗਏ ? ਉਥੇ ਹਜ਼ਰਤ


Academy of the Punjab in North America: http://www.apnaorg.com

ਮੁਹੰਮਦ ਸਾਹਿਬ ਦਾ ਧਰਮ ਸਥਾਨ ਸੀ ਤੇ ਉਥੇ ਧਾਰਮਿਕ ਲੋਕ ਸਨ। ਉਨ੍ਹਾਂ ਨਾਲ ਧਰਮ ਦੀਆਂ ਗਲਾਂ ਕੀਤੀਆਂ, ਵਿਚਾਰ ਕੀਤੀ ਕਿ ਭਾਈ ਕਿਸੇ ਵਿਅਕਤੀ ਵਿਸ਼ੇਸ਼ ਨੂੰ ਰਬ ਨਾ ਕਹੋ। ਇਹ ਸਾਰਾ ਕੁਝ ਰਚਣ ਵਾਲਾ ਵਿਅਕਤੀ ਕਿਵੇਂ ਹੋ ਸਕਦਾ ਹੈ ? ਬਾਕੀ ਦੀ ਜੋ ਸ੍ਰਿਸ਼ਟੀ ਹੈ ਉਸ ਨੂੰ ਰਚਣ ਵਾਲਾ ਕੌਣ ਹੈ ? ਹਜ਼ਰਤ ਮੁਹੰਮਦ ਹੈ ਤਾਂ ਇਹ ਕਿਵੇਂ ਹੋ ਸਕਦਾ ਹੈ ! ਇਕ ਵਿਅਕਤੀ ਜੋ ਹਡ ਮਾਸ ਦਾ ਬਣਿਆ ਹੋਇਆ ਹੈ, ਉਹ ਸ਼੍ਰਿਸ਼ਟੀ ਦੀ ਰਚਨਾ ਕਰ ਹੀ ਨਹੀਂ ਸਕਦਾ, ਜੋ ਆਪ ਇਕ ਦਿਨ ਬਿਖਰ ਸਕਦਾ ਹੈ। ਮਕੇ ਵਿਚ ਜਨਮ ਹੋਇਆ, ਮਦੀਨੇ ਵਿਚ ਅੰਤ ਹੋ ਗਿਆ। ਜੋ ਜਨਮ ਲੈਂਦਾ ਹੈ, ਉਸ ਦੀ ਮੌਤ ਵੀ ਇਕ ਦਿਨ ਆ ਜਾਂਦੀ ਹੈ। ਜੇ ਮਕੇ ਵਿਚ ਜਾ ਕੇ ਗੁਰੂ ਨਾਨਕ ਨੇ ਇਹ ਗਲ ਕੀਤੀ, ਕਿਨ੍ਹਾਂ ਲੋਕਾਂ ਨਾਲ ਕੀਤੀ, ਇਸ ਤੋਂ ਕੀ ਨਾਂ ਦੇਈਏ ਗੁਰੂ ਨਾਨਕ ਦੇਵ ਜੀ ਨੂੰ। ਪਾਕਪਟਨ ਵਿਚ ਜਾ ਕੇ ਜੋਗਲ ਕੀਤੀ, ਉਹ ਕਿਨ੍ਹਾਂ ਨਾਲ ਕੀਤੀ ? ਕਿਸ ਨਾਲ ਸੀ ਉਠਣੀ-ਬੈਠਣੀ। ਗੁਰੂ ਜੀ ਜਗਨਨਾਥ ਪੁਰੀ ਗਏ, ਜਿਥੇ ਪੁਜਾਰੀ ਪੰਡਿਤ ਧੂਫ ਜਲਾ ਕੇ ਆਰਤੀਆਂ ਕਰ ਰਹੇ ਸਨ, ਉਨ੍ਹਾਂ ਨੂੰ ਸਮਝਾਉਂਦੇ ਹਨ :

ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ ॥

ਇਕ ਬਹੁਤ ਵਡੀ ਆਰਤੀ ਹੋ ਰਹੀ ਹੈ। ਕਿਨ੍ਹਾਂ ਲੋਕਾਂ ਨਾਲ ਉਠਣੀ ਬੈਠਣੀ ਹੋਈ ? ਜਗਨਨਾਥ ਪੁਰੀ ਦਾ ਮੰਦਰ ਸਮੁੰਦਰ ਦੇ ਕੰਢੇ ਬਣਿਆ ਹੋਇਆ ਹੈ। ਉਥੇ ਜੋ ਲੋਕ ਬੈਠੇ ਸਨ, ਉਨ੍ਹਾਂ ਨੂੰ ਅਸੀਂ ਕੀ ਕਹੀਏ ? ਉਹ ਧਾਰਮਿਕ ਸਨ ਜਾਂ ਨਹੀਂ ? ਉਹ ਰਬ ਨੂੰ ਲਭਦੇ ਸਨ। ਠੀਕ ਹੈ, ਉਨ੍ਹਾਂ ਦੇ ਲਭਣ ਦਾ ਤਰੀਕਾ ਜਾਂ ਉਨ੍ਹਾਂ ਦੇ ਵਿਸ਼ਵਾਸ ਦਾ ਤਰੀਕਾ ਜੋ ਸੀ, ਉਹ ਇਨਸਾਨੀ ਸੀ, ਰੂਹਾਨੀਅਤ ਸੀ। ਆਪਣੀ ਬਲ-ਬੁਧੀ ਦੇ ਨਾਲ ਉਨ੍ਹਾਂ ਨੂੰ ਰੂਹਾਨੀਅਤ ਦੀ ਗਲ ਦਸੀ। ਰੂਹਾਨੀਅਤ ਜੋ ਹੈ ਉਸ ਦੇ ਮੁਤਾਬਿਕ ਅਸੀਂ ਗੁਰੂ ਨਾਨਕ ਨੂੰ ਕੀ ਨਾਂ ਦੇਈਏ। ਗੁਰੂ ਨਾਨਕ ਦੇਵ ਜੀ ਨੂੰ ਜੇ ਮੈਂ ਰਬ ਕਹਾਂ, ਤਾਂ ਮੇਰਾ ਇਸ ਗਲ ਤੇ ਵਿਸ਼ਵਾਸ ਕਿੰਨਾ ਕੁ ਹੈ। ਗੁਰੂ ਜੀ ਨੂੰ ਜੇ ਕੋਈ ਵੀ ਹੋਰ ਰਬ ਕਹੇ ਤੇ ਸੌ ਪ੍ਰਤਿਸ਼ਤ ਯਕੀਨਨ ਇਹ ਸਹੀ ਗਲ ਹੈ। ਲੇਕਿਨ ਫਿਰ ਉਹ ਗਲ ਮੁੜ ਕੇ ਆ ਜਾਂਦੀ ਹੈ - ਗੁਰੂ ਜੀ ਨੂੰ ਰਬ ਕਹਿਣਾ ਗ਼ਲਤ ਨਹੀਂ ਹੈ। ਗੁਰੂ ਜੀ ਰਬ ਸਨ, ਮਸਲਾ ਇਸ ਗਲ ਦਾ ਨਹੀਂ, ਮਸਲਾ ਤੁਹਾਡੇ ਮੇਰੇ ਵਿਸ਼ਵਾਸ਼ ਦਾ ਹੈ। ਸਾਨੂੰ ਵਿਸ਼ਵਾਸ ਕਿੰਨਾ ਹੈ, ਜੇ ਸਾਨੂੰ ਪੂਰਨ ਵਿਸ਼ਵਾਸ ਹੈ ਤਾਂ ਫਿਰ ਗੁਰੂ ਨਾਨਕ ਰਬ ਹੈ। ਜੇ ਸੰਪੂਰਨ 'ਤੇ ਵਿਸ਼ਵਾਸ ਕਰਨਾ ਹੈ ਤਾਂ ਵਿਸ਼ਵਾਸ ਸੰਪੂਰਨ ਹੋਣਾ ਚਾਹੀਦਾ ਹੈ। ਜੇ ਸੰਪੂਰਨ ਦੇ ਨਾਲ ਤਹਿ ਦਿਲੋਂ ਸੌ ਪ੍ਰਤਿਸ਼ਤ ਰਬ ਮੰਨਦੇ ਹਾਂ ਤਾਂ ਗੁਰੂ ਨਾਨਕ ਰਬ ਹੈ। ਉਨ੍ਹਾਂ ਦੇ ਪੰਜ ਭੂਤਕ ਸਰੀਰ ਨੇ ਅਵਤਾਰ ਵੀ ਧਾਰਿਆ ਤੇ ਜਿਸ ਨੇ **1539** ਵਿਚ ਦੇਹ ਛਡੀ। ਭਾਵੇਂ ਗੁਰੂ ਜੀ ਨੇ ਬਿਖਰ ਜਾਣ ਵਾਲੇ ਸਰੀਰਕ ਜਾਮੇ ਵਿਚ ਹੀ ਜੀਵਨ ਬੀਤਾਇਆ ਲੇਕਿਨ ਜੇ ਅਸੀਂ ਯਕੀਨ ਨਾਲ ਇਹ ਆਖੀਏ ਤਾਂ ਪੰਜ ਭੂਤਕ ਸਰੀਰ ਦੇ ਵਿਚ ਜੋ ਬੈਠਾ ਹੈ, ਉਸ ਗੁਰੂ ਨਾਨਕ ਦੇ ਹੋਠਾਂ ਵਿਚ, ਉਸ ਦੇ ਜੋ ਮੁਖ ਮੰਡਲ ਵਿਚੋਂ ਜੋ ਬਾਣੀ ਸਾਨੂੰ ਮਿਲੀ ਹੈ, ਜੇ ਉਸ ਬਾਣੀ ਦੇ ਵਿਚੋਂ ਸਾਨੂੰ ਇਹ ਗਲਾਂ ਲਭੀਆਂ, ਉਹ ਸਾਧਾਰਨ ਇਨਸਾਨੀ ਕਿਰਤ ਹੋ ਹੀ ਨਹੀਂ ਸਕਦੀ। ਫਿਰ ਗੁਰੂ ਨਾਨਕ ਨੂੰ ਰਬ ਕਹਿਣਾ, ਪੀਰ ਕਹਿਣਾ, ਨਿਰਾਕਾਰ ਕਹਿਣਾ

ਗ਼ਲਤ ਨਹੀਂ ਹੈ। ਗੁਰੂ ਨਾਨਕ ਕਿਸ ਨੂੰ ਆਪਣਾ ਗੁਰੂ, ਪੀਰ ਮੰਨਦੇ ਸਨ...

ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥

ਗੁਰੂ ਜੀ ਦੇ ਬੋਲੇ ਸ਼ਬਦ, ਜਿਹੜੇ ਉਸ ਪੰਜ ਭੂਤਕ ਸਰੀਰ ਵਿਚ ਦੀ ਹੋ ਕੇ ਸਾਨੂੰ ਮਿਲੇ, ਜਿਸ ਨੂੰ ਆਧਾਰ ਬਣਾ ਕੇ ਉਹ ਰਬੀ ਬਾਣੀ ਸਾਡੇ ਤਕ ਪਹੁੰਚੀ, ਜੇ ਉਸ ਆਧਾਰ 'ਤੇ ਅਸੀਂ ਗੁਰੂ ਨਾਨਕ ਦੇਵ ਜੀ ਨੂੰ ਰਬ ਮੰਨ ਲਈਏ ਜਾਂ ਰਬ ਦਾ ਰਸਤਾ ਮੰਨਾ ਲਈਏ ਤੇ ਉਸ ਦੇ ਵਿਚ ਕੀ ਫ਼ਰਕ ਹੈ। ਜੇ ਸਾਨੂੰ ਵਿਸ਼ਵਾਸ ਕਰਨਾ ਆ ਜਾਏ, ਸਾਨੂੰ ਯਕੀਨ ਕਰਨਾ ਆ ਜਾਏ, ਜੇ ਵਿਸ਼ਵਾਸ ਪੂਰਨ ਹੈ, ਤਾਂ ਗੁਰੂ ਨਾਨਕ ਸੰਪੂਰਨ ਗੁਰੂ ਨੂੰ ਨਿਰਆਕਾਰ ਕਹੋ, ਕਰਤਾਰ ਕਹੋ ਜਿਸ ਮਰਜ਼ੀ ਵਿਸ਼ੇਸ਼ਣ ਨਾਲ ਬੁਲਾਓ। ਮੈਨੂੰ ਵਿਸ਼ਵਾਸ ਹੈ, ਮੈਂ ਵਿਸ਼ਵਾਸ਼ ਨਾਲ ਕਹਿ ਸਕਦਾ ਹਾਂ ਕਿ ਗੁਰੂ


Academy of the Punjab in North America: http://www.apnaorg.com

ਨਾਨਕ ਨਿਰਆਕਾਰ ਵੀ ਸੀ, ਓਅੰਕਾਰ ਵੀ ਸੀ, ਕਰਤਾਰ ਵੀ ਸੀ, ਓਮ ਵੀ ਸੀ।

ਹੋਰ ਉਪਮਾ ਜਿਵੇਂ ਕਿਸੇ ਵੀ ਨਜ਼ਰ ਦੇ ਨਾਲ ਦੇਖਿਆਂ ਰਾਮ ਨੂੰ, ਪ੍ਰਭੂ ਅਲ੍ਹਾ ਨੂੰ, ਉਨ੍ਹਾਂ ਦੀ ਨਜ਼ਰ ਸੁਹਾਵਣੀ ਹੋ ਜਾਏ, ਅਧਿਐਨ ਹੋ ਜਾਏ ਆਪਣੇ ਰਾਹ ਤੇ ਚਲਦਿਆਂ ਯਕੀਨ ਹੋ ਜਾਵੇ, ਵਿਸ਼ਵਾਸ ਹੋ ਜਾਵੇ। ਆਪਣੇ ਧਰਮ ਦੇ ਵਿਚ ਵਿਸ਼ਵਾਸ ਹੋ ਜਾਵੇ, ਸਾਰੇ ਦੇ ਸਾਰੇ ਇਕ ਹੋ ਜਾਣ ਤਾਂ ਗਲ ਬਣ ਜਾਏ, ਧੰਨ ਹੋ ਜਾਏ ਇਹ ਦੁਨੀਆਂ। ਰਾਜੇ ਤੇ ਧਰਮ ਦਾ ਸੂਰਤ ਤੇ ਸੀਰਤ ਦਾ ਜੇ ਮਿਲਾਪ ਹੋ ਜਾਵੇ, ਰਾਜਾ ਧਰਮੀ ਬਣ ਜਾਵੇ, ਜੇ ਸੂਰਤ ਵਿਚ ਸੀਰਤ ਨਜ਼ਰ ਆਏ ਇਸ ਤੋਂ ਅਗੇ ਹੋਰ ਕੁਝ ਨਹੀਂ ਹੈ, ਸੰਪੂਰਨ ਹੈ ਇਥੇ ਇਹ ਗਲ। ਜੇ **10** ਸਾਲ ਦਾ ਬਚਾ ਜਿਸਨੂੰ ਰਬ ਨੇ ਪੜ੍ਹਨ ਦੇਖਣ ਲਈ ਬੜੀਆਂ ਸੁਹਣੀਆਂ ਅਖੀਆਂ ਦਿਤੀਆਂ ਹਨ, ਜੇ ਉਸ ਦੇ ਘਰ ਦੇ ਜ਼ਿਦ ਕਰਨ ਕਿ ਅਸੀਂ ਇਸ ਨੂੰ ਐਨਕਾਂ ਲਗਵਾਉਣੀਆਂ ਹਨ, ਇਹ ਸਹੀ ਨਹੀਂ ਹੈ। ਕੰਨਾਂ ਰਾਹੀਂ ਸੁਣਦਾ ਹੈ, ਸੁਹਣੇ ਵਧੀਆਂ ਕੰਨ ਹਨ, ਜੇ ਕੋਈ ਕਹੇ ਕਿ ਮੈਂ ਤਾਂ ਹੀਅਰਿੰਗ ਏਡ (ਮਸ਼ੀਨ) ਲਗਾਉਣੀ ਹੈ, ਇਹ ਕੀ ਸਹੀ ਹੈ ? ਕੁਦਰਤ ਨੇ ਜੋ ਸਾਡੇ ਸਰੀਰ ਨੂੰ ਬਖ਼ਸ਼ਿਆ ਹੈ ਜੇ ਇਨ੍ਹਾਂ ਦਾ ਰੋਲ ਹੈ, ਜੋ ਸਾਨੂੰ ਰੋਮ ਬਖ਼ਸ਼ੇ ਹਨ, ਕੀ ਇਨ੍ਹਾਂ ਚੀਜ਼ਾਂ ਨੂੰ ਬਦਲਣਾ ਜ਼ਰੂਰੀ ਹੈ। ਕੁਦਰਤ ਦਾ ਕੋਈ ਕਾਰਨ ਹੈ ਇਸ ਵਿਚ। ਜੇ ਕੋਈ ਕਹੇ ਕਿ ਮੇਰੀ ਮਾਤਾ ਦੇ ਮੂੰਹ ਤੇ ਤਾਂ ਵਾਲ (ਦਾੜ੍ਹੀ) ਨਹੀਂ ਹੈ, ਪਿਓ ਦੇ ਮੂੰਹ ਤੇ ਕਿਉਂ ਹੈ ? ਜੋ ਉਸ ਕੁਦਰਤ ਨੇ ਕੀਤਾ ਉਸ ਤੇ ਵਿਸ਼ਵਾਸ ਕਰੀਏ ਉਸ ਦਾ ਧਿਆਨ ਕਰੀਏ ਗਿਆਨ ਕਰੀਏ। ਬਾਕੀ ਜੋ ਮੰਗਾਂ ਹਨ ਮੰਗਣ ਦੀ ਲੋੜ ਹੀ ਨਹੀਂ ਹੈ। ਵਾਹਿਗੁਰੂ ਕਿਰਪਾ ਕਰੇ ਕਿ ਅਸੀਂ ਧਾਰਮਿਕ ਦੁਨੀਆਂ ਦੇ ਨਾਲ ਚਲਣ ਦੀ ਕੋਸ਼ਿਸ਼ ਕਰੀਏ, ਰਸਤਾ ਕੋਈ ਵੀ ਹੋਵੇ ਕੁਦਰਤ ਦੇ ਨਾਲ ਕੁਦਰਤੀ ਤੌਰ ਤੇ ਸੁਮੇਲ ਹੋ ਜਾਏ ਤਾਂ ਫਿਰ ਗਲ ਬਣ ਜਾਏ। ਜਿਹੜੇ ਸੀਰਤ ਦੀ ਜਾਂ ਸੂਰਤ ਦੀ ਜੋ ਆਲੋਚਨਾ ਵਾਲੇ ਪਾਸੇ ਤੁਰੇ ਹਨ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕਿਵੇਂ ਹੋਈ, ਕਿਥੋਂ ਬਾਣੀ ਆਈ, ਪੋਥੀਆਂ ਕਿਥੋਂ ਆਈਆਂ ? ਜੋ ਗੁਰੂ ਨਾਨਕ ਦਾ ਪ੍ਰਕਾਸ਼ ਹੈ, ਉਹ ਜੋਤ ਜੋ ਉਸ ਦਾ ਪ੍ਰਕਾਸ਼ਮਾਨ ਹੋਇਆ, ਪ੍ਰਕਾਸ਼ ਕਿਸ ਤਰ੍ਹਾਂ ਇਕਤਰ ਹੋਇਆ? ਉਸ ਤੇ ਕਿੰਤੂ ਪ੍ਰੰਤੂ ਬਿਲਕੁਲ ਨਾ ਕਰੋ। ਇਸ ਵਿਚ ਜੋ ਸਿਖ ਹੈ ਉਸ ਨੂੰ ਜਿਸ ਤਰ੍ਹਾਂ ਬਖ਼ਸ਼ਿਸ਼ ਹੋਈ ਉਸ ਤਰ੍ਹਾਂ ਉਸ 'ਤੇ ਯਕੀਨ ਕਰੀਏ ਤਾਂ ਯਕੀਨ ਕਰਿਆਂ ਗਲ ਬਣ ਸਕਦੀ ਹੈ। ਗੁਰੂ ਗ੍ਰੰਥ ਸਾਹਿਬ ਦੀ ਆਲੋਚਨਾ ਕਰਦੇ ਹੋਏ ਵੀ ਸਾਨੂੰ ਡਰ ਨਹੀਂ ਲਗਦਾ।

'ਪ੍ਰਗਟਿਓ ਖ਼ਾਲਸਾ ਪਰਮਾਤਮ ਕੀ ਮੌਜ'-- ਪਰਗਟ ਹੋਇਆ ਖ਼ਾਲਸਾ; ਜਿਸ ਕਿਸੇ ਦਾ ਜਨਮ ਹੁੰਦਾ ਹੈ, ਉਸਦਾ ਕੋਈ ਮਧ ਕਾਲ ਵੀ ਹੁੰਦਾ ਹੈ ਤੇ ਕੋਈ ਅੰਤਕਾਲ ਵੀ। ਖ਼ਾਲਸੇ ਦਾ ਕਦੇ ਕੋਈ ਮਧ ਕਾਲ ਨਹੀਂ ਹੋ ਸਕਦਾ ਤੇ ਨਾ ਹੀ ਅੰਤਕਾਲ ਕਿਉਂਕਿ ਖ਼ਾਲਸ ਖ਼ਾਲਸਾ ਤਾਂ ਕਦੇ ਨਾ ਮਿਟ ਸਕਣ ਵਾਲੀ ਹਸਤੀ ਹੈ। ਖ਼ਾਲਸਾ ਕੋਈ ਵਿਅਕਤੀ ਨਹੀਂ ਹੈ, ਖ਼ਾਲਸਾ ਤਾਂ ਸ਼ਕਤੀ ਹੈ, ਖ਼ਾਲਸਾ ਕਿਸੇ ਦਾ ਨਾਮ ਨਹੀਂ ਬਲਕਿ ਇਹ ਤਾਂ ਬਹੁਤ ਵਡੀ ਉਪਾਧੀ ਹੈ; ਇਕ ਅਜੀਬ ਕਿਸਮ ਦੀ ਅਵਸਥਾ ਹੈ। ਸੋਲਾਂ ਸੌ ਨੜ੍ਹਿਨਵੇਂ ਦੀ ਵਿਸਾਖੀ ਵਾਲੇ ਦਿਨ ਖ਼ਾਲਸੇ ਦੀ ਸਾਜਨਾ ਹੋਈ, ਪੰਜ ਪਿਆਰਿਆਂ ਦੀ ਸਾਜਨਾ। ਪੰਜ ਪਿਆਰੇ ਸਾਜ ਕੇ ਗੁਰੂ ਜੀ ਦੀ ਆਪ ਵੀ ਉਸ ਤਰ੍ਹਾਂ ਸਜ ਜਾਣ ਦੀ ਰੀਝ, 'ਖ਼ਾਲਸਾ ਮੇਰੋ ਰੂਪ ਹੈ ਖ਼ਾਸ' ਕਹਿਣ ਦਾ ਫ਼ੈਸਲਾ, ਕੋਈ ਜਨਮ ਲੈਣ ਦੀ ਜਾਂ ਜਨਮ ਦੇਣ ਦੀ ਕੋਸ਼ਿਸ਼ ਨਹੀਂ ਸੀ। ਪੂਰਣ ਵਿਸ਼ਵਾਸ਼ ਨਾ ਹੋਵੇ ਤਾਂ ਸਿਰ ਤਾਂ ਕੀ ਕੁਝ ਵੀ ਦੇਣ ਨੂੰ ਦਿਲ ਨਹੀਂ ਕਰਦਾ। ਗੁਰੂ ਦੇ ਪੰਜ ਪਿਆਰੇ ਆਪਣੇ ਸਿਰ ਸਮਰਪਤ ਕਰ ਕੇ, ਦੁਨਿਆਵੀ ਸਿਰਾਂ ਨੂੰ ਤਿਆਗ ਕੇ ਅਮਰ ਹੋ ਗਏ। ਕੇਸ ਜੋ ਕੁਦਰਤ ਨੇ ਬਖ਼ਸ਼ ਰਖੇ ਸਨ, ਕੇਸਾਂ ਨੂੰ ਸੰਵਾਰਨ ਵਾਸਤੇ ਕੰਘਾ ਗੁਰੂ ਨੇ ਬਖ਼ਸ਼ ਦਿਤਾ। ਇਨਸਾਨੀ ਸਰੀਰ ਦਾ ਸਤਿਕਾਰ ਕਰਨ ਵਾਸਤੇ, ਨੰਗੇਜ਼ ਢਕਣ ਵਾਸਤੇ ਸੁੰਦਰ ਕਛਹਿਰੇ, ਗੁਰੂ ਪਿਤਾ ਨੇ ਤਿਆਰ ਕਰਵਾ ਕੇ ਬਖ਼ਸ਼ਿਸ਼ ਕੀਤੇ। ਆਪਣੇ ਆਪ ਤੇ ਕ੍ਰਿਪਾ ਕਰ ਸਕਣ ਦੇ ਸਮਰਥ ਕਰਨ ਲਈ, ਆਪਣੀ ਰਖਿਆ ਆਪ ਕਰ ਸਕਣ ਲਈ ਕਿਰਪਾਆਨ ਕਿਰਪਾਨ ਖ਼ਾਲਸੇ ਨੂੰ ਪ੍ਰਾਪਤ ਹੋਈ। ਆਪਣੀ ਹਿਫ਼ਾਜਤ ਕਰਨੀ ਤਾਂ ਹਰ ਕਿਸੇ ਦਾ ਧਰਮ ਹੈ। ਕਿਸੇ ਦੀ ਤਲਵਾਰ ਦੇ ਵਾਰ ਤੋਂ ਬਚਨ



Academy of the Punjab in North America: http://www.apnaorg.com

ਵਾਸਤੇ ਕੜਾ, ਸਿਰ ਤੇ ਕੜਾ ਹੈ ਜਾਂ ਗੁਟ ਤੇ, ਯੁੱਧ ਸਮੇਂ ਕ੍ਰਿਪਾਨ ਚਲਾਉਣ ਵਾਸਤੇ ਗੁਟ ਦੀ ਅਤੇ ਸੀਸ ਦੀ ਹਿਫ਼ਾਜ਼ਤ ਕਰਨ ਵਾਸਤੇ ਕੜਾ ਬਖ਼ਸ਼ਿਸ਼ ਹੋਇਆ। 'ਮੈਂ' ਮੁਕ ਗਈ, ਤੇਰਾ ਤੁਝ ਕੋ ਸੌਂਪ ਦਿਤਾ। ਗੁਰੂ ਨੇ ਖ਼ੁਦ ਸ਼ਿਕਰਤ ਕੀਤੀ ਤੇ ਪੰਥ ਬਣ ਗਿਆ, ਅਕਾਲ ਪੁਰਖ ਕੀ ਫ਼ੌਜ ਬਣ ਗਈ।

ਗੋਬਿੰਦ ਰਾਏ ਤੇਤੀ ਸਾਲ ਦੀ ਉਮਰ ਤਕ ਗੁਰੂ ਨਾਨਕ ਦੀ ਜੋਤ, 'ਨਾਨਕ ਸੀਰਤ' ਨੂੰ ਸੰਭਾਲਦੇ ਰਹੇ। ਜਦੋਂ ਨੌਵੇਂ ਪਾਤਸ਼ਾਹ ਦੀ ਸ਼ਹਾਦਤ ਹੋਈ ਤੇ ਕਿਸੇ ਨੇ ਵੀ ਹਿੰਮਤ ਨਾ ਦਿਖਾਈ, ਕੋਈ ਵੀ ਗੁਰੂ ਦਾ ਸਿਖ ਅਖਵਾਉਣ ਲਈ ਨਾ ਨਿਤਰਿਆ, ਤਾਂ ਸਵਾਲ ਪੈਦਾ ਹੋ ਗਿਆ ਕਿ ਸਿਖ ਕੌਣ ਹਨ ? ਸਿਖ ਦੀ ਪਹਿਚਾਣ ਕੀ ਹੈ ? ਐਸੀ ਪਹਿਚਾਣ ਬਣਾਈ, ਆਪ ਅੰਮ੍ਰਿਤ ਛਕ ਕੇ ਐਸੇ ਸਿੰਘ ਸਜੇ ਕਿ ਭਾਵੇਂ ਸਿਰਫ਼ ਨੌਂ ਸਾਲ ਹੀ ਗੋਬਿੰਦ ਰਾਏ ਗੋਬਿੰਦ ਸਿੰਘ ਬਣੇ ਲੇਕਿਨ ਰਹਿੰਦੀ ਦੁਨੀਆਂ ਤਕ ਅਮਰ ਖ਼ਾਲਸੇ ਵਿਚ ਬੈਠੇ ਦਿਸਣਗੇ। ਜਿਵੇਂ ਗੁਰੂ ਨਾਨਕ ਦੇ ਨਾਸ਼ਵਾਨ ਜਿਸਮ ਵਿਚ ਅਬਿਨਾਸ਼ੀ ਜੋਤ ਦਾ ਪ੍ਰਕਾਸ਼ ਸੀ ਉਸ ਤਰ੍ਹਾਂ ਗੋਬਿੰਦ ਸਿੰਘ ਦੀ ਸੂਰਤ ਵਿਚ ਅਬਿਨਾਸ਼ੀ ਸਰੂਪ ਦਾ ਪ੍ਰਕਾਸ਼ ਹੋਇਆ। ਜਿਵੇਂ ਨਾਨਕ ਪ੍ਰਕਾਸ਼, ਸਮੁਚਾ ਗੁਰੂ ਪ੍ਰਕਾਸ਼ ਅਤੇ ਉਸ ਪ੍ਰਕਾਸ਼ ਨਾਲ ਮੇਲ ਖਾਂਦਾ ਸਾਰੇ ਦਾ ਸਾਰਾ ਪ੍ਰਕਾਸ਼ ਮਿਲ ਕੇ ਦੁਨੀਆ ਦਾ ਇਕ ਵਖਰਾ ਚਾਨਣ ਮੁਨਾਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਕਿਸੇ ਨੂੰ ਵੀ ਅਮਰ ਕਰ ਸਕਣ ਦੀ ਸਮਰਥਾ ਰਖਦਾ ਹੈ। ਠੀਕ ਉਸੇ ਤਰ੍ਹਾਂ ਖ਼ਾਲਸਾ ਅਮਰ ਸਰੂਪ ਕਿਸੇ ਨੂੰ ਵੀ ਅਮਰ ਕਰ ਸਕਣ ਦੀ ਸਮਰਥਾ ਰਖਦਾ ਹੈ। ਜਿਵੇਂ ਗੁਰੂ ਨਾਨਕ ਸੂਖਸ਼ਮ ਵੀ ਸੀ ਤੇ ਅਸਥੂਲ ਵੀ, ਉਸੇ ਤਰ੍ਹਾਂ ਖ਼ਾਲਸਾ ਸੂਖਸ਼ਮ ਵੀ ਹੈ ਤੇ ਅਸਥੂਲ ਵੀ। ਸੂਰਤ ਵਿਚ ਸੀਰਤ ਅਤੇ ਸੀਰਤ ਵਿਚ ਸੂਰਤ, ਬਾਣੀ ਗੁਰੂ, ਗੁਰੂ ਹੈ ਬਾਣੀ, ਸੀਰਤ ਤੇ ਸੂਰਤ ਦਾ ਸਾਂਝਾ ਪ੍ਰਕਾਸ਼ ਹੈ ਖ਼ਾਲਸਾ। ਮੁਆਫ਼ ਕਰਨਾ ਜੀ, ਮੈਂ ਤੇ ਕਹਾਂਗਾ ਕਿ ਖ਼ਾਲਸੇ ਦਾ ਪ੍ਰਕਾਸ਼ ਹੋਇਆ। ਗੁਰੂ ਗ੍ਰੰਥ ਦਾ ਪ੍ਰਕਾਸ਼ ਸਮੁਚੀ ਸ੍ਰਿਸ਼ਟੀ ਨੂੰ ਪ੍ਰਕਾਸ਼ਮਾਨ ਕਰ ਸਕਦਾ ਹੈ, ਖ਼ਾਲਸੇ ਦੀ ਉਪਾਧੀ ਪ੍ਰਾਪਤ ਕਰਕੇ ਵੀ ਸਾਰੀ ਸ੍ਰਿਸ਼ਟੀ ਅਮਰ ਹੋ ਸਕਦੀ ਹੈ, ਪ੍ਰਕਾਸ਼ਮਾਨ ਹੋ ਸਕਦੀ ਹੈ।

ਕਿਸੇ ਨੇ ਕਿਸੇ ਨੂੰ ਰਬ ਜਾਣ ਕੇ, ਕਿਸੇ ਨੇ ਕਿਸੇ ਨੂੰ ਮੁਰਸ਼ਦ ਮੰਨ ਕੇ, ਮਿਸਾਲ ਦੇ ਤੌਰ 'ਤੇ ਬ੍ਰਹਮਾ, ਵਿਸ਼ਨੂੰ, ਮਹੇਸ਼, ਰਾਮ-ਕ੍ਰਿਸ਼ਨ, ਂ" ਈਸਾ, ਹਜ਼ਰਤ ਮੁਹੰਮਦ ਦੇ ਰੂਪ ਵਿਚ ਵਰਣਨ ਕੀਤਾ। ਕਹਿਣ ਤੋਂ ਭਾਵ ਹਰ ਕਿਸੇ ਨੇ, ਜੋ ਧਾਰਮਿਕ ਸੀਰਤ ਤੇ ਜੋ ਧਾਰਮਿਕ, ਜੋ ਧਰਮ ਦੀਆਂ ਸਚਾਈਆਂ ਹਨ, ਉਨ੍ਹਾਂ ਨੂੰ ਦਿਖਾਉਣ ਲਈ, ਕਿਸੇ ਨਾ ਕਿਸੇ ਰੂਪ ਦਾ ਵਰਣਨ ਜ਼ਰੂਰ ਕੀਤਾ ਹੈ। ਗੁਰੂ ਨਾਨਕ ਨੇ ਸਿਖ ਧਰਮ ਦੀ ਸਿਰਜਣਾ ਕੀਤੀ। ਸਿਖ ਨੂੰ ਸ਼ਬਦ ਦੇ ਲੜ ਲਾਇਆ। ਸ਼ਬਦ ਦੀ ਸ਼ਕਤੀ ਨਾਲ ਸੰਸਾਰ ਨੂੰ ਸਮਝਾਇਆ। ਸ਼ਬਦ ਦੀ ਮਹਾਨਤਾ, ਸ਼ਬਦ ਦੀ ਸਚਾਈ, ਸ਼ਬਦ ਦੀ ਉੱਚਤਾ ਨੂੰ ਸ਼ਬਦ ਰਾਹੀਂ ਹੀ ਪ੍ਰਗਟਾਇਆ। ਸਿਖ ਧਰਮ ਦੀ ਜੋ ਪ੍ਰੀਭਾਸ਼ਾ ਹੈ ਜਾਂ ਸਿਖ ਧਰਮ ਦੀ ਜੋ ਪਹਿਚਾਣ ਹੈ, ਧਾਰਮਿਕ ਤੌਰ 'ਤੇ, ਉਹ ਤਾਂ ਗੁਰੂ ਨਾਨਕ ਦੇਵ ਜੀ ਦੇ ਬਾਣੀ ਉਚਾਰਦਿਆਂ ਸਾਰ ਹੀ ਸ਼ੁਰੂ ਹੋ ਗਈ ਸੀ।

ਗੁਰੂ ਗੋਬਿੰਦ ਸਿੰਘ ਜੀ ਨੇ ਇਸ ਸ਼ਬਦ ਸ਼ਕਤੀ ਨੂੰ ਸਰਬ ਸ਼ਕਤੀਮਾਨ ਜਾਣ ਕੇ, ਜੋ ਗੁਰੂ ਨਾਨਕ ਦੀ ਜੋਤ ਧਰੀ, ਉਸ ਸ਼ਬਦ ਦੇ ਵਿਚ -- ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਨਾਨਕ ਦੀ ਜਿਉਂਦੀ ਜਾਗਦੀ ਦੇਹ, ਜਿਉਂਦੀ ਜਾਗਦੀ ਜੋਤ ਦੀ ਉਪਾਧੀ ਦਿਤੀ। ਇਸ ਤੋਂ ਪਹਿਲਾਂ ਬਹੁਤ ਹੀ ਸੋਚ ਵਿਚਾਰ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਸਿਖ ਨੂੰ ਇਕ ਰੂਪ ਵੀ ਬਖ਼ਸ਼ਿਆ। ਜਦੋਂ ਗੁਰੂ ਗੋਬਿੰਦ ਸਿੰਘ ਜੀ ਨੂੰ ਪੁਛਿਆ ਗਿਆ ਕਿ ਸ਼ਬਦ ਦੇ ਲੜ ਤਾਂ ਸਾਨੂੰ ਲਾਉਣ ਲਗੇ ਹੋ ਤੇ ਜੇ ਅਸੀਂ ਆਪਣੇ ਗੁਰੂ ਦੇ ਹੂ-ਬ-ਹੂ ਦਰਸ਼ਨ ਕਰਨੇ ਹੋਣ ਤਾਂ ਫਿਰ ਕਿਵੇਂ ਕਰੀਏ ? ਤਾਂ ਗੁਰੂ ਸਾਹਿਬ ਨੇ ਤਿੰਨ ਵਚਨ ਕੀਤੇ ਤੇ ਆਪਣੀਆਂ ਸਿਖ ਸੰਗਤਾਂ ਨੂੰ ਸਮਝਾਇਆ : ਪਰਚਾ ਸ਼ਬਦ ਦਾ, ਪੂਜਾ ਅਕਾਲ ਦੀ ਤੇ ਦੀਦਾਰ ਖ਼ਾਲਸੇ ਦਾ। ਖ਼ਾਲਸਾ ਸਰੂਪ ਐਸਾ ਸਰੂਪ ਹੈ, ਕੁਦਰਤੀ ਤੌਰ 'ਤੇ ਇਹ ਇਕ ਐਸਾ ਵਿਸ਼ਾ ਹੈ ਜਿਸ ਦੀ ਵਿਸ਼ੇਸ਼ ਤੌਰ 'ਤੇ ਜੇ ਅਸੀਂ ਗਲ ਨਾ ਕਰੀਏ ਤਾਂ ਸਿਖ ਧਰਮ ਦੀ ਹੋਰ ਜਿੰਨੀ ਵੀ ਮਰਜ਼ੀ ਗਲ ਕਰੀ ਜਾਈਏ ਤਾਂ


Academy of the Punjab in North America: http://www.apnaorg.com

ਇਹ ਅਧੂਰੀ ਹੀ ਰਹੇਗੀ।

ਖ਼ਾਲਸਾ ਕੀ ਹੈ ? ਕੀ ਕੇਵਲ ਲੰਮੀ ਦਾਹੜੀ ਮੁਛਾਂ ਵਾਲਾ ਇਨਸਾਨ, ਜਿਸ ਨੇ ਸਿਰ 'ਤੇ ਪਗੜੀ ਬੰਨ੍ਹੀ ਹੋਵੇ , ਗਲ਼ ਵਿਚ ਕਿਰਪਾਨ ਪਾਈ ਹੋਵੇ, ਕੀ ਉਹ ਖ਼ਾਲਸਾ ਹੈ ? ਕੀ ਉਸ ਨੂੰ ਹੀ ਖ਼ਾਲਸਾ ਆਖਦੇ ਹਨ। ਸੀਮਤ ਬੁਧੀ ਵਾਲੇ ਇਨਸਾਨ ਖ਼ਾਲਸੇ ਦੀ ਸਹੀ ਪ੍ਰੀਭਾਸ਼ਾ ਕਰਨ ਲਗਿਆਂ ਕਈ ਵਾਰੀ ਪੂਰੇ ਸ਼ਬਦ ਲਭਣ ਵਿਚ ਅਸਮਰਥ ਰਹਿੰਦੇ ਹਨ। ਖ਼ਾਲਸਾ ਕਿਸੇ ਵਿਅਕਤੀ ਵਿਸ਼ੇਸ਼ ਦਾ ਨਾਮ ਨਹੀਂ ਹੈ, ਖ਼ਾਲਸਾ ਕਿਸੇ ਇਕ ਇਨਸਾਨ ਦਾ ਨਾਮ ਨਹੀਂ ਹੈ, ਖ਼ਾਲਸਾ ਇਕ ਸ਼ਕਤੀ ਹੈ, ਇਕ ਵਿਸ਼ਵਾਸ ਹੈ, ਰਬ ਵਰਗਾ ਵਿਸ਼ਵਾਸ। ਖ਼ਾਲਸਾ ਤਾਂ ਬ੍ਰਹਮਾ ਹੈ, ਖ਼ਾਲਸਾ ਤਾਂ ਸ਼ਿਵ ਸ਼ਕਤੀ ਹੈ। ਖ਼ਾਲਸੇ ਦੀ ਤਾਂ ਕਿਸੇ ਵੀ ਧਾਰਮਿਕ ਸ੍ਵਰੂਪ ਦੇ ਨਾਲ ਤੁਲਨਾ ਕੀਤੀ ਜਾ ਸਕਦੀ ਹੈ। ਜੋ ਖ਼ਾਲਸ ਹੈ ਉਹੀ ਖ਼ਾਲਸਾ ਹੈ। ਜਿਸ ਨੂੰ ਆਪਣੇ ਆਪ 'ਤੇ ਵਿਸ਼ਵਾਸ ਹੈ, ਆਪਣੇ ਗੁਰੂ ਤੇ ਵਿਸ਼ਵਾਸ ਹੈ ਤੇ ਪੂਰਨ ਵਿਸ਼ਵਾਸ ਹੈ, ਉਹ ਖ਼ਾਲਸਾ ਹੈ।

ਸੀਰਤ ਦੇ ਨਾਲ ਹਰ ਧਰਮ ਨੇ ਕੋਈ ਆਪ ਆਪਣੀ ਸੂਰਤ ਵੀ ਬਣਾਈ। ਸਿਖ ਧਰਮ ਵਿਚ ਗੁਰੂ ਨਾਨਕ ਦੇ ਸਿਰਜੇ ਹੋਏ ਧਰਮ ਵਿਚ ਜੇ ਸੀਰਤ ਸ਼ਬਦ ਵਿਚੋਂ ਦਿਸਦੀ ਹੈ ਤਾਂ ਸੂਰਤ ਖ਼ਾਲਸੇ ਵਿਚ ਦਿਸਦੀ ਹੈ। ਖ਼ਾਲਸਾ ਇਕ ਐਸਾ ਵਿਸ਼ਵਾਸ ਹੈ ਜਿਸ ਵਿਸ਼ਵਾਸ ਦਾ ਧਾਰਨੀ ਦੁਨੀਆਂ ਦਾ ਕੋਈ ਵੀ ਵਿਅਕਤੀ ਹੋ ਸਕਦਾ ਹੈ, ਭਾਵੇਂ ਉਹ ਕਿਸੇ ਵੀ ਧਰਮ ਦਾ ਅਨਿਆਈ ਕਿਉਂ ਨਾ ਹੋਵੇ। ਦੁਨੀਆਂ ਦੇ ਕਿਸੇ ਭਾਗ ਵਿਚ ਵੀ ਭਾਵੇਂ ਕਿਉਂ ਨਾ ਰਹਿੰਦਾ ਹੋਵੇ । ਜੇ ਉਹ ਆਪਣੇ ਕਿਸੇ ਰਬ ਨੂੰ, ਆਪਣੇ ਕਿਸੇ ਭਗਵਾਨ ਨੂੰ, ਆਪਣੇ ਕਿਸੇ ਇਸ਼ਟ ਨੂੰ ਸੰਪੂਰਨ ਤੌਰ ਤੇ ਮੰਨਦਾ ਹੈ, ਉਸ ਨੂੰ ਸੰਪੂਰਨ ਵਿਸ਼ਵਾਸ ਹੈ ਕਿਸੇ 'ਤੇ, ਕਹਿਣ ਤੋਂ ਭਾਵ ਜੇ ਕੋਈ ਰਬ ਪ੍ਰਸਤ ਹੈ, ਉਸ ਦਾ ਰਬ ਭਾਵੇਂ ਕੋਈ ਵੀ ਹੋਵੇ ਤਾਂ ਉਹ ਆਪਣੇ ਰਬ ਤੇ ਵਿਸ਼ਵਾਸ ਕਰੇ, ਕਿ ਜੋ ਇਨਸਾਨ ਨੂੰ ਕੁਦਰਤ ਨੇ ਦਿਤਾ ਹੈ, ਕੁਦਰਤ ਦਾ ਕੀਤਾ ਕਤਰਿਆ, ਕੁਦਰਤ ਦੀਆਂ ਬਖ਼ਸ਼ਿਸ਼ਾਂ ਤੇ ਯਕੀਨ ਕਰਕੇ, ਵਿਸ਼ਵਾਸ ਕਰਕੇ ਪ੍ਰਮਾਤਮਾ ਨੇ ਇਨਸਾਨ ਨੂੰ ਕੰਚਨ ਦੇਹੀ ਦਿਤੀ ਹੈ, ਅਖਾਂ

ਦੇਖਣ ਲਈ ਦਿਤੀਆਂ ਹਨ, ਜਿਹੜਾ ਅਸੀਂ ਵਿਸ਼ਵਾਸ ਨਾਲ ਕਹਿੰਦੇ ਹਾਂ ਕਿ ਅਖਾਂ ਤਾਂ ਬਹੁਤ ਜ਼ਰੂਰੀ ਹਨ। ਜਦੋਂ **40-45** ਸਾਲ ਦੀ ਉਮਰ ਤੋਂ ਬਾਅਦ ਥੋੜ੍ਹੀ ਨਜ਼ਰ ਕਮਜ਼ੋਰ ਹੋ ਜਾਂਦੀ ਹੈ ਤਾਂ ਅਸੀਂ ਠੀਕ ਵੇਖਣ, ਪੜ੍ਹਣ, ਲਿਖਣ ਲਈ ਐਨਕ ਲਗਾਉਂਦੇ ਹਾਂ। ਇਹ ਤਾਂ ਇਨਸਾਨ ਦੀ ਇਕ ਫ਼ਿਤਰਤ ਹੈ ਕਿ ਜੋ ਪੈਸੇ ਦੇ ਕੇ ਅਸੀਂ ਐਨਕ ਲਗਵਾਈ, ਪੈਸਾ ਵੀ ਦਿਤਾ, ਧੰਨਵਾਦ ਵੀ ਕੀਤਾ। ਅਸੀਂ ਡਾਕਟਰ ਸਾਹਿਬ ਦਾ ਬਹੁਤ ਬਹੁਤ ਧੰਨਵਾਦ ਕਰਦੇ ਹਾਂ। ਲੇਕਿਨ ਕਦੇ ਵੀ ਕਿਸੇ ਨੇ ਇਹ ਨਹੀਂ ਸੋਚਿਆ ਕਿ **40-50** ਸਾਲ ਜਿਸ ਨੇ ਨਜ਼ਰ ਦੇ ਰਖੀ ਉਸ ਦਾ ਵੀ ਕੋਈ ਧੰਨਵਾਦ ਕਰੇ। ਇਨਸਾਨੀ ਦੇਹ ਤੇ ਪੰਜ ਗਿਆਨ ਇੰਦਰੀਆਂ, ਪੰਜ ਕਰਮ ਇੰਦਰੀਆਂ, ਜੋ ਚਸਕੇ ਲਾ ਲਾ ਕੇ ਅਸੀਂ ਮਾਣਦੇ ਹਾਂ, ਜਿਸ ਤਰ੍ਹਾਂ ਸਾਡਾ ਮਨ ਮੰਨੇ, ਅਸੀਂ ਉਸੇ ਤਰ੍ਹਾਂ ਪ੍ਰਯੋਗ ਕਰਦੇ ਹਾਂ।

ਲੇਕਿਨ ਕਦੇ ਉਸ ਦੇਣ ਵਾਲੇ ਦਾ, ਵਿਸ਼ੇਸ਼ ਤੋਰ ਤੇ ਇੰਦਰੀਆਂ ਨੂੰ, ਇਸ ਤੇ ਮਾਣ ਕਰਦਿਆਂ ਧੰਨਵਾਦ ਕਰਨ ਦੀ ਜ਼ਰੂਰਤ ਹੀ ਮਹਿਸੂਸ ਨਹੀਂ ਕੀਤੀ, ਜਿਵੇਂ ਕਿ ਸਾਡਾ ਹਕ ਹੁੰਦਾ ਹੈ ਇਨ੍ਹਾਂ 'ਤੇ। ਮੇਰੇ ਹਥ, ਮੇਰੇ ਕੰਨ, ਮੇਰੀ ਮੇਰੀ ਹੀ ਲਗੀ ਹੈ ਤੇ ਜਿਸ ਨੇ ਬਖ਼ਸ਼ਿਆ ਹੈ, ਇਹ ਸਭ ਕੁਝ ਕਦੇ ਕਦਾਈਂ ਵਰ੍ਹੇ ਛਿਮਾਹੀ ਸਾਧ ਸੰਗਤ ਵਿਚ ਬੈਠ ਕੇ ਮੰਨ ਲੈਂਦੇ ਹਾਂ ਕਿ ਦੇਣ ਵਾਲਾ ਉਹੀ ਹੈ। ਲੇਕਿਨ ਜੋ ਆਪਣੇ ਕੋਲ ਹੈ ਉਹ ਆਪਣਾ ਲਗਦਾ ਹੈ ਤੇ ਆਪਣੇ ਤਰੀਕੇ ਨਾਲ ਉਸ ਦਾ ਉਪਯੋਗ ਜਾਂ ਦੁਰਪ੍ਰਯੋਗ ਆਪਣੀ ਮਰਜ਼ੀ ਦੇ ਨਾਲ ਕਰਦੇ ਹਾਂ। ਜੇ ਕੋਈ ਸਾਨੂੰ ਚੰਗਾ ਨਾ ਲਗੇ ਜਾਂ ਮਨ ਵਿਚ ਆਵੇ ਕਿ ਮੈਨੂੰ ਇਸ ਤਰ੍ਹਾਂ ਨਹੀਂ ਕਰਨਾ ਚਾਹੀਦਾ ਤਾਂ ਅਸੀਂ ਉਸ ਕੰਮ ਨੂੰ ਫਿਰ ਵੀ ਕਰਦੇ ਹਾਂ। ਮੈਨੂੰ ਪ੍ਰਮਾਤਮਾ ਨੇ ਮੂੰਹ ਤੇ ਮੁਛਾਂ, ਦਾਹੜੀ ਬਖ਼ਸ਼ੀਆਂ, ਮੇਰੀ ਮਾਂ ਨੂੰ ਨਹੀਂ ਬਖ਼ਸ਼ੀਆਂ, ਮੈਂ ਜੇ ਇਹ ਸ਼ਿਕਾਇਤ ਕਰਾਂ ਕਿ ਮੇਰੇ ਮੂੰਹ ਤੇ ਇਹ ਕੀ ਉੱਗ ਪਿਆ; ਮੇਰੀ ਮਾਂ ਦੇ ਮੂੰਹ ਤੇ ਨਹੀਂ ਸੀ ਤੇ ਮੈਂ ਆਪਣੀ ਮਰਜ਼ੀ ਮੁਤਾਬਿਕ ਕੁਦਰਤ


Academy of the Punjab in North America: http://www.apnaorg.com

ਦੇ ਬਖ਼ਸ਼ੇ ਹੋਏ ਰੋਮਾਂ ਦੀ ਕੁਦਰਤ ਦੀ ਮਰਜ਼ੀ ਦੇ ਖ਼ਿਲਾਫ਼ ਬੇਅਦਬੀ ਕਰਾਂ ਤਾਂ ਇਹ ਮੇਰਾ ਵਿਅਕਤਿਤਵ ਹੈ।

ਖ਼ਾਲਸੇ ਦੇ ਸਰੂਪ ਵਿਚ ਵਿਸ਼ਵਾਸ ਕਰਨ ਵਾਲੀ ਗਲ ਕੋਈ ਦੁਨੀਆਂ ਦੀ ਅਜੀਬ ਗਲ ਤਾਂ ਹੈ ਨਹੀਂ-- ਬਸ ਸਿਰਫ਼ ਵਿਸ਼ਵਾਸ ਕਰਨਾ ਤੇ ਸਿਰਫ਼ ਉਸ ਮਾਲਕ ਦੀ ਰਜ਼ਾ ਵਿਚ ਰਹਿਣਾ ਹੈ। ਖ਼ਾਲਸਾ ਧੁਰੋਂ ਪ੍ਰਾਪਤ ਦਾਤ ਨੂੰ ਸਵੀਕਾਰ ਕਰਦਾ ਹੈ। ਇਕ ਪਾਸੇ ਤਾਂ ਅਸੀਂ ਬਹੁਤ ਸਹਿਮਤੀ ਰਖਦੇ ਹਾਂ, 'ਮਾਨੁਖ ਕੈ ਕਿਛੁ ਨਾਹੀ ਹਾਥਿ ॥' ਲੇਕਿਨ ਨਾਲ ਦੀ ਨਾਲ ਆਪਣਾ ਪੂਰਾ ਯਤਨ ਕਰਦੇ ਹਾਂ ਕਿ ਆਪਣੀ ਮਰਜ਼ੀ ਮੁਤਾਬਿਕ ਕਾਰਜ ਕਰੀਏ। ਬਸ ਕਾਰਜ ਸਾਰੀ ਦੁਨੀਆਂ ਨੇ ਕਰਨੇ ਹੀ ਹਨ। ਖ਼ਾਲਸੇ ਦਾ ਸਿਰਫ਼ ਏਨਾ ਹੀ ਫਰਕ ਹੈ ਕਿ ਖ਼ਾਲਸਾ ਜੋ ਵੀ ਕਾਰਜ ਕਰਦਾ ਹੈ, ਉਸ ਦੀ ਰਜ਼ਾ ਵਿਚ ਰਹਿ ਕੇ ਕਰਦਾ ਹੈ ਤੇ ਨਖ਼ਾਲਸ ਆਪਣੀ ਮਰਜ਼ੀ ਮੁਤਾਬਿਕ ਚਲਣ ਦਾ ਯਤਨ ਕਰਦਾ ਹੈ। ਖ਼ਾਲਸਾ ਜਿਵੇਂ ਅਸੀਂ ਪਹਿਲਾਂ ਵੀ ਕਹਿ ਚੁਕੇ ਹਾਂ, ਵਿਅਕਤੀ ਨਹੀਂ, ਸ਼ਕਤੀ ਹੈ; ਤੇ ਇਹ ਜੋ ਸ਼ਕਤੀ ਹੈ, ਇਹ ਜੋ ਸਰੂਪ ਹੈ, ਇਹ ਜੋ ਵਿਸ਼ਵਾਸ ਹੈ, ਇਸ ਵਿਸ਼ਵਾਸ ਨੂੰ ਜੇ ਅਸੀਂ ਸਿਖ ਗੁਰ ਮਰਿਆਦਾ ਅਨੁਸਾਰ, ਵਡੇ ਤੋਂ ਵਡੇ ਮਹਾਂ-ਪੁਰਖਾਂ ਦੇ ਨਾਲ ਵਡੇ ਤੋਂ ਵਡੇ ਸੰਤ ਮਹਾਤਮਾ ਦੇ ਨਾਲ, ਵਡੀ ਤੋਂ ਵਡੀ ਸ਼ਕਤੀ ਦੇ ਨਾਲ ਤੁਲਨਾ ਕਰੀਏ ਤਾਂ ਇਸ ਵਿਚ ਗ਼ਲਤ ਗਲ ਨਹੀਂ ਹੋਵੇਗੀ। ਮੁਕਦੀ ਗਲ ਸਾਡੇ ਪਿਤਰਾਂ ਨੇ, ਪੁਰਾਤਨ ਧਰਮ ਦੇ ਸਾਡੇ ਸੰਤਾਂ ਮਹਾਤਮਾ ਨੇ, ਆਪਣੇ ਆਪਣੇ ਤਰੀਕੇ ਦੇ ਨਾਲ ਬ੍ਰਹਮਾ ਨੂੰ ਰਬ ਦਾ ਰੂਪ ਬਣਾਇਆ। ਕਦੇ ਭਗਵਾਨ ਰਾਮ ਬਣ ਕੇ ਤੇ ਕਦੇ ਕ੍ਰਿਸ਼ਨ ਬਣ ਕੇ ਧਰਤੀ ਤੇ ਲੀਲ੍ਹਾ ਦਿਖਾਈ।

ਸਿਖ ਧਰਮ ਵਿਚ ਜੇ ਪ੍ਰਮਾਤਮਾ ਇਨਸਾਨ ਵਰਗਾ ਹੈ, ਜੇ ਦੁਨੀਆਂ ਦੀ ਸਭ ਤੋਂ ਵਧੀਆ ਸੂਰਤ ਇਨਸਾਨ ਦੀ ਸੂਰਤ ਹੈ, ਜੇ ਭਗਵਾਨ ਨੂੰ ਇਨਸਾਨ ਦੇ ਰੂਪ ਵਿਚ ਅਸੀਂ ਦੇਖਣਾ ਚਾਹੁੰਦੇ ਹਾਂ ਤਾਂ ਖ਼ਾਲਸਾ ਸਿਖ ਧਰਮ ਅਨੁਸਾਰ ਪ੍ਰਭੂ ਸਰੂਪ ਹੈ। ਗੁਰੂ ਪਿਤਾ ਗੁਰੂ ਗੋਬਿੰਦ ਸਿੰਘ ਆਪਣੀ ਕਲਮ ਦੇ ਨਾਲ ਲਿਖ ਗਏ ਹਨ, 'ਖ਼ਾਲਸਾ ਮੇਰੋ ਰੂਪ ਹੈ ਖ਼ਾਸ ॥ ਖਾਲਸਹਿ ਮੇਂ ਹਉਂ ਕਰੂੰ ਨਿਵਾਸ ॥' ਗੁਰੂ ਗੋਬਿੰਦ ਸਿੰਘ ਜੀ ਦਾ ਜੋ ਵਿਸ਼ਵਾਸ ਹੈ, ਉਸ 'ਤੇ ਵਿਸ਼ਵਾਸ ਕਰਨਾ ਕਿੰਨਾ ਕੁ ਗ਼ਲਤ ਹੋ ਸਕਦਾ ਹੈ, ਬਿਲਕੁਲ ਨਹੀਂ। ਸਿਖ ਗੁਰੂ ਨਾਨਕ ਨੂੰ ਬਾਬਾ ਨਾਨਕ ਤੇ ਬਾਕੀ ਗੁਰੂਆਂ ਨੂੰ ਸਤਿਕਾਰ ਦੇ ਨਾਲ ਗੁਰੂ ਸਾਹਿਬ ਬੁਲਾਉਂਦੇ ਹਨ। ਖ਼ਾਲਸੇ ਦੇ ਪਿਤਾ ਦੀ ਜਦੋਂ ਗਲ ਚਲਦੀ ਹੈ ਤਾਂ ਗੁਰੂ ਗੋਬਿੰਦ ਸਿੰਘ ਨੂੰ ਗੁਰੂ ਪਿਤਾ ਆਖਣ ਦਾ ਵੀ ਸੁਭਾਗ ਪ੍ਰਾਪਤ ਕਰ ਲੈਂਦੇ ਹਨ। ਗੁਰੂ ਗੋਬਿੰਦ ਸਿੰਘ ਜੀ ਖ਼ਾਲਸੇ ਦੇ ਪਿਤਾ ਜੀ ਹਨ। ਜੇ ਕੋਈ ਪੁਤਰ ਆਪਣੇ ਪਿਤਾ ਵਰਗਾ ਲਗਣਾ ਚਾਹੇ ਤਾਂ ਇਸ ਗਲ ਵਿਚ ਕੀ ਗ਼ਲਤ ਹੈ। ਇਸੇ ਸੂਰਤ ਤੇ ਸੀਰਤ ਦੀ ਗਲ ਕਰਦਿਆਂ ਜਦੋਂ ਸਿਖ ਧਰਮ 'ਤੇ ਗਲ ਆਉਂਦੀ ਹੈ ਤਾਂ ਸੀਰਤ ਵਿਚ ਗੁਰੂ ਨਾਨਕ ਆਪਣੇ ਵਿਚ ਬੈਠੇ ਨਜ਼ਰ ਆ ਸਕਦੇ ਹਨ। ਇਹ ਸਾਡੀ ਮਰਜ਼ੀ ਹੈ ਕਿ ਅਸੀਂ ਗੁਰੂ ਨਾਨਕ ਨੂੰ ਆਪਣੀ ਸੀਰਤ ਵਿਚ ਬਿਠਾਉਣਾ ਚਾਹੁੰਦੇ ਹਾਂ ਜਾਂ ਨਹੀਂ। ਕਿਤੇ ਅਸੀਂ ਆਪਣੇ ਆਪ ਨਾਲ ਝੂਠ ਤਾਂ ਨਹੀਂ ਬੋਲਦੇ, ਕਿਤੇ ਆਪਣੇ ਨਾਲ ਦਗ਼ਾ ਤਾਂ ਨਹੀਂ ਕਰ ਰਹੇ। ਐਵੇਂ ਕਿਵੇਂ ਕਹੀ ਜਾਈਏ ਕਿ ਅਸੀਂ ਗੁਰੂ ਨਾਨਕ ਦੇ ਸਿਖ ਹਾਂ; ਜਦ ਤਕ ਅਸੀਂ ਨਾਨਕ ਨੂੰ ਸੀਰਤ ਵਿਚ ਬਿਠਾ ਨਹੀਂ ਸਕਦੇ ਤੇ ਨਾਨਕ ਦੀ ਸੋਚ ਦਾ ਸਤਿਕਾਰ ਨਹੀਂ ਕਰ ਰਹੇ। ਸੂਰਤ ਦੀ ਜਦੋਂ ਗਲ ਚਲਦੀ ਹੈ, ਆਪਣੇ ਗੁਰੂ ਪਿਤਾ ਦੇ ਬਖ਼ਸ਼ੇ ਸਰੂਪ, ਜਿਸ ਵਿਚ ਗੁਰੂ ਪਿਤਾ ਆਪ ਸਮਾਅ ਗਏ, ਉਸ ਸਰੂਪ ਦਾ ਸਤਿਕਾਰ ਕਰਨਾ, ਉਸ ਸਰੂਪ ਦੇ ਵਿਚ ਆਪਣੇ ਆਪ ਨੂੰ ਦੇਖਣ ਦਾ ਯਤਨ ਕਰਨਾ ਕਿੰਨਾ ਕੁ ਔਖੀ ਗਲ ਹੈ, ਕਿੰਨਾ ਕੁ ਮੁਸ਼ਕਲ ਕੰਮ ਹੈ। ਬਾਕੀ ਦੁਨੀਆਂ ਦੇ ਜਿੰਨੇ ਵੀ ਧਰਮ ਹੋਏ ਹਨ, ਸਾਰਿਆਂ ਧਰਮਾਂ ਦੇ ਵਿਚ ਸਰੂਪ ਨੂੰ ਕਿਆਸ ਕੀਤਾ ਗਿਆ ਹੈ। ਇਕ ਅੰਦਾਜ਼ਾ ਲਗਾਇਆ ਗਿਆ ਹੈ ਕਿ ਪ੍ਰਮਾਤਮਾ ਦਾ ਸਰੂਪ ਕਿਸ ਤਰ੍ਹਾਂ ਦਾ ਹੋਵੇ ?

ਦੁਨੀਆਂ ਦੇ ਬਾਕੀ ਸਾਰੇ ਧਰਮਾਂ ਵਿਚ ਭਾਵੇਂ ਇਹ ਇਤਿਹਾਸਕ ਜਾਂ ਮਿਥਿਹਾਸਕ, ਕਿਸੇ ਵੀ ਕਿਸਮ ਦੀ ਗਲ ਹੋਵੇ, ਸਾਰੇ ਧਰਮਾਂ ਦੇ ਵਿਚ ਪਰਮਾਤਮਾ ਦੇ ਸਰੂਪ ਨੂੰ, ਰਬ ਦੇ ਸਰੂਪ ਨੂੰ, ਇਸ਼ਟ ਦੇ ਸਰੂਪ ਨੂੰ, ਅੰਦਾਜ਼ੇ ਲਗਾ ਲਗਾ ਕੇ ਆਪੋ ਆਪਣੇ ਤਰੀਕਿਆਂ ਦੇ ਨਾਲ ਪ੍ਰਗਟਾਇਆ ਤੇ ਪੇਸ਼ ਕੀਤਾ ਹੈ। ਸਿਖ ਧਰਮ ਹੀ ਇਕ ਐਸਾ


Academy of the Punjab in North America: http://www.apnaorg.com

ਵਾਹਦ ਧਰਮ ਹੈ ਜਿਸ ਵਿਚ ਸੂਰਤ ਅਤੇ ਸੀਰਤ ਦਾ ਸਪਸ਼ਟ ਰੂਪ ਹੈ। ਦੁਨੀਆਂ ਦੀ ਕਾਲੀ ਬੋਲ਼ੀ ਰਾਤ ਵਿਚ ਦੁਨੀਆਂ ਲਈ, ਚਾਨਣ ਮੁਨਾਰਾ ਬਣਨ ਲਈ, ਉਸ ਰਾਤ ਨੂੰ ਹਨੇਰੇ ਵਿਚੋਂ ਕਢਣ ਲਈ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹਰ ਤਰ੍ਹਾਂ ਦੇ ਨਾਲ ਸਮਰਥ ਹੈ।

ਧਾਰਮਿਕ ਸੀਰਤ ਗੁਰੂ ਗ੍ਰੰਥ ਸਾਹਿਬ ਵਿਚੋਂ ਪ੍ਰਗਟ ਹੋ ਸਕਦੀ ਹੈ ਤੇ ਧਾਰਮਿਕ ਸੇਧ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਮਿਲ ਸਕਦੀ ਹੈ। ਸਚ ਦੇ ਮਾਰਗ 'ਤੇ ਚਲਣ ਵਾਲੇ ਧਾਰਮਿਕ ਲੋਕ, ਜਿਸ ਮਰਜ਼ੀ ਧਰਮ ਦੇ ਪੈਰੋਕਾਰ ਹੋਣ, ਜਦੋਂ ਕਿਤੇ ਵੀ ਉਹ ਗੁਰੂ ਨਾਨਕ ਦੀ ਵਿਚਾਰਧਾਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਦਰਸ਼ਨ ਪਾਠ ਕਰਨਗੇ ਜਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸੁਣਨਗੇ ਜਾਂ ਸਮਝਣਗੇ ਤਾਂ ਜੇ ਉਹ ਸਚੇ ਧਾਰਮਿਕ ਹੋਣਗੇ ਤਾਂ ਉਨ੍ਹਾਂ ਨੂੰ ਹਰ ਧਰਮ ਦੇ ਜੋ ਵਧੀਆ ਲਛਣ ਹਨ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਜ਼ਰੂਰ ਮਿਲਣਗੇ।

ਜੇ ਸੂਰਤ ਦੀ ਗਲ ਕਰੀਏ, ਖ਼ਾਲਸਾ ਸਰੂਪ ਇਕ ਐਸਾ ਸਰੂਪ ਹੈ ਜਿਸ ਸਰੂਪ ਦੀ ਵਿਆਖਿਆ ਕਰਨ ਲਗੇ , ਪ੍ਰੀਭਾਸ਼ਾ ਕਰਨ ਲਗੇ, ਅਸੀਂ ਜੇ ਗ਼ਲਤੀ ਨਾ ਕਰੀਏ ਤਾਂ ਸੰਸਾਰ ਦੇ ਸਾਰੇ ਮਹਾਂ-ਪੁਰਖਾਂ, ਸਾਰੇ ਦੇਵੀ ਦੇਵਤਿਆਂ, ਸਾਰੇ ਧਾਰਮਿਕ ਪੀਰ, ਪੈਗ਼ੰਬਰਾਂ ਦੀ ਸੂਰਤ, ਖ਼ਾਲਸੇ ਦੇ ਵਿਚੋਂ ਦੇਖੀ ਜਾ ਸਕਦੀ ਹੈ। ਖ਼ਾਲਸਾ ਸਰੂਪ ਕਿਸੇ ਇਕ ਕੌਮ ਲਈ ਨਹੀਂ ਬਣਿਆ। ਖ਼ਾਲਸਾ ਸਰੂਪ ਤਾਂ ਇਨਸਾਨੀਅਤ ਦਾ ਸਭ ਤੋਂ ਵਧੀਆ ਸਰੂਪ ਹੈ। ਜੇ ਸਾਨੂੰ ਕੁਦਰਤ ਦੀਆਂ ਬਖ਼ਸ਼ੀਆਂ ਦਾਤਾਂ 'ਤੇ ਵਿਸ਼ਵਾਸ ਹੈ ਤੇ ਜੇ ਇੰਨਾ ਜਾਣ ਬੁਝ ਕੇ ਆਪਣੇ ਰਬ 'ਤੇ ਵਿਸ਼ਵਾਸ ਨਾ ਕਰਨਾ ਚਾਹੀਏ , ਜੇ ਫਿਰ ਵੀ ਕੋਈ ਪੁਠਾ ਕਰਕੇ ਉਸਤਰਾ ਫੇਰਦਾ ਤਾਂ ਫਿਰ ਉਸ ਨੂੰ ਆਪਣੇ ਧਰਮ 'ਤੇ ਯਕੀਨ ਹੈ ? ਵਿਸ਼ਵਾਸ ਹੈ ?

ਸਿਖ ਸਰੂਪ ਖ਼ਾਲਸਾ ਸਰੂਪ ਦਾ ਇਕ ਯੂਨੀਵਰਸਲ ਸਰੂਪ ਹੈ ਜੋ ਹਰ ਇਨਸਾਨ ਦਾ ਕੁਦਰਤੀ ਸਰੂਪ ਹੈ। ਜੋ ਕੁਦਰਤ ਨੇ ਸਾਨੂੰ ਬਖ਼ਸ਼ਿਆ ਹੈ, ਉਸ 'ਤੇ ਹਰ ਇਕ ਇਨਸਾਨ ਦਾ ਹਕ ਬਣਦਾ ਹੈ। ਖ਼ਾਲਸਾ ਸਿਰਫ਼ ਪੰਜਾਬ ਤੇ ਪੰਜਾਬੀਆਂ ਦੇ ਸਿਖ ਧਰਮ ਦਾ ਸਰੂਪ ਨਹੀਂ ਹੈ। ਸਿਖ ਧਰਮ ਸਿਰਫ਼ ਪੰਜਾਬ ਤੇ ਪੰਜਾਬੀਆਂ ਦਾ ਹੀ ਸਿਖ ਧਰਮ ਨਹੀਂ ਹੈ। ਗੁਰੂ ਨਾਨਕ ਭਾਰਤ ਤੋਂ ਬਿਨਾ ਲੰਕਾ, ਪੂਰਬ ਦੇ ਦੇਸ਼ਾਂ, ਅਰਬ ਦੇਸ਼ਾਂ ਤੇ ਬਸਰੇ ਬਗ਼ਦਾਦ ਵਿਚ ਘੁੰਮਦੇ ਰਹੇ ਤੇ ਇਨਸਾਨ ਨੂੰ ਇਨਸਾਨੀਅਤ ਸਿਖਾਉਂਦੇ ਰਹੇ। ਕੀ ਉਹ ਇਹ ਸਾਰਾ ਕੁਝ ਆਪਣਿਆਂ ਵਾਸਤੇ ਹੀ ਕਰਦੇ ਰਹੇ ਸਨ ? ਅਸੀਮਤ ਨੂੰ ਸੀਮਤ ਕਰਨ ਦਾ ਯਤਨ ਕਰ ਰਹੇ ਗੁਰੂ ਨੂੰ ਸਾਡੇ ਵਿਚੋਂ ਮੇਰਾ ਕਹਿਣ ਵਾਲੇ, ਸਿਖ ਧਰਮ ਨੂੰ ਆਪਣਾ ਧਰਮ ਕਹਿਣ ਵਾਲੇ, ਸਿਖ ਧਰਮ ਦੀਆਂ ਹਦ ਬੰਦੀਆਂ ਕਰਨ ਵਾਲੇ, ਇਹ ਇਸ ਤਰ੍ਹਾਂ ਦੇ ਤਾਲੇ ਲਗਾਉਣ ਵਾਲੇ ਸਿਖ ਕੋਈ ਬਹੁਤੇ ਵਧੀਆ ਸਿਖ ਨਹੀਂ ਹਨ। ਸੰਸਾਰ ਦਾ ਕੋਈ ਵੀ ਵਿਅਕਤੀ ਜੋ ਆਪਣੇ ਇਸ਼ਟ ਨੂੰ, ਆਪਣੇ ਧਰਮ ਨੂੰ, ਆਪਣੇ ਗੁਰੂ ਪੀਰ ਨੂੰ ਮੰਨਦਾ ਹੈ, ਜੇ ਸਚੀ--ਮੁਚੀਂ ਕੋਈ ਧਾਰਮਿਕ ਹੈ ਤਾਂ ਉਸ ਨੂੰ ਪੂਰਾ ਅਧਿਕਾਰ ਹੈ ਕਿ ਉਹ ਸਿਖ ਅਖਵਾ ਸਕੇ। ਸਿਖ ਦਾ ਸ਼ਾਬਦਿਕ ਅਰਥ ਹੈ ਧਰਮ ਦਾ ਵਿਦਿਆਰਥੀ। ਲੇਕਿਨ ਜੇ ਅਸੀਂ ਵਿਦਿਆਰਥੀ ਹੋਣ ਦੀ ਬਜਾਏ ਸਾਰੇ ਦੇ ਸਾਰੇ ਅਧਿਆਪਕ ਬਣਨ ਦਾ ਯਤਨ ਕਰਦੇ ਰਹੇ ਤਾਂ ਆਪਣੇ ਮੂਲ ਮਕਸਦ ਤੋਂ ਥਿੜਕ ਜਾਵਾਂਗੇ, ਆਪਣੀ ਅਸਲ ਮੰਜ਼ਿਲ ਤੋਂ ਦੂਰ ਚਲੇ ਜਾਵਾਂਗੇ। ਅਸੀਂ ਸਤਿਕਾਰ ਪਿਆਰ ਤਾਂ ਕੀ ਕਰਨਾ ਆਪਣੇ ਧਰਮ ਦੇ ਅਰਥ ਵੀ ਭੁਲ ਜਾਵਾਂਗੇ। ਬਸ ਪਹੁੰਚਣਾ ਤਾਂ ਇਕ ਜਗ੍ਹਾ ਹੈ, ਸਾਰੇ ਧਰਮ ਇਕ ਜਗ੍ਹਾ ਪਹੁੰਚਣ ਦੀ ਗਲ ਕਰਦੇ ਹਨ। ਹਰਿਮੰਦਰ ਸਾਹਿਬ ਕਿੰਨੀ ਵਧੀਆ ਮਿਸਾਲ ਹੈ। ਸਾਰੇ ਧਰਮਾਂ ਨੂੰ ਸਮੁਚੇ ਤੌਰ 'ਤੇ ਦੇਖਿਆ ਜਾਏ ਤਾਂ ਧਾਰਮਕ ਦੁਨੀਆਂ ਦੀ ਇਕ ਕੇਂਦਰੀ ਸੋਚ ਹੈ, ਬਿੰਦੂ ਹੈ। ਹਰਿਮੰਦਰ ਸਾਹਿਬ ਦੇ ਚਾਰ ਦਰਵਾਜ਼ੇ ਚਾਰੋਂ ਤਰਫ਼ ਇਸ ਗਲ ਦਾ ਪ੍ਰਤੀਕ ਹਨ ਕਿ ਕਿਸੇ ਵੀ ਦਿਸ਼ਾ ਵਿਚੋਂ, ਕਿਸੇ ਵੀ ਦੇਸ਼ ਵਿਚੋਂ ਕਿਸੇ ਵੀ ਧਰਮ ਦਾ ਕੋਈ ਵੀ ਵਿਅਕਤੀ, ਕੋਈ ਵੀ ਇਨਸਾਨ ਦਰਬਾਰ ਸਾਹਿਬ ਦੇ ਵਿਚ ਆਪਣਾ ਬਰਾਬਰ ਦਾ ਹਕ ਜਤਾਅ ਸਕਦਾ ਹੈ। ਲੇਕਿਨ ਇਕ ਗਲ ਦਾ ਖ਼ਿਆਲ ਰਹੇ ਕਿ ਉਸ ਜਗ੍ਹਾ 'ਤੇ ਜਿਥੇ ਕਿ ਅਸੀਂ ਅਧਿਕਾਰ ਜਮਾਉਣਾ ਚਾਹੁੰਦੇ ਹਾਂ,


Academy of the Punjab in North America: http://www.apnaorg.com

ਉਸ ਜਗ੍ਹਾ ਤੇ ਜਾਣ ਵਾਸਤੇ ਸਾਨੂੰ ਧਾਰਮਿਕ ਹੋਣਾ ਪਵੇਗਾ। ਧਾਰਮਿਕ ਹੋਣਾ ਜ਼ਰੂਰੀ ਹੈ। ਰਸਤੇ ਭਾਵੇਂ ਚਾਰ ਹਨ, ਚਾਰ ਦਰਵਾਜ਼ੇ ਹਨ ਪਰ ਉਨ੍ਹਾਂ ਚਹੁੰ ਦਰਵਾਜ਼ਿਆਂ ਤਕ ਪਹੁੰਚਣ ਵਾਸਤੇ ਧਾਰਮਿਕ ਹੋਣਾ ਜ਼ਰੂਰੀ ਹੈ ਧਰਮ ਦੇ ਰਸਤੇ ਹੀ ਉਥੇ ਪਹੁੰਚ ਸਕਦੇ ਹਾਂ।

ਅਰਦਾਸ ਕਰਦੇ ਹਾਂ ਕਿ ਸਾਨੂੰ ਸਿਖਾਂ ਨੂੰ ਹੀ ਨਹੀਂ, ਸੰਸਾਰ ਦੀ ਸਾਰੀ ਇਨਸਾਨੀਅਤ ਨੂੰ ਆਪਣੇ ਆਪਣੇ ਇਸ਼ਟ 'ਤੇ ਵਿਸ਼ਵਾਸ ਹੋ ਜਾਏ, ਆਪੋ-ਆਪਣੇ ਰਬ ਦੀ ਰਜ਼ਾ ਵਿਚ ਰਹਿਣਾ ਆ ਜਾਏ। ਬਸ ਜੇ ਰਜ਼ਾ ਵਿਚ ਰਹਿਣਾ ਆ ਗਿਆ, ਜੇ ਉਸ ਨੂੰ ਮਨਜ਼ੂਰ ਹੋਵੇ, ਇਹ ਸਾਡੀ ਸਮਝ ਵਿਚ ਆ ਜਾਵੇ ਤਾਂ ਫਿਰ ਖ਼ਾਲਸਾ ਕੀ ਹੈ ? ਇਸ ਦੀ ਵਿਆਖਿਆ ਕਰਨ ਦੀ ਬਹੁਤੀ ਲੋੜ ਨਹੀਂ ਰਹਿ ਜਾਂਦੀ। ਰਬ ਦੀ ਰਜ਼ਾ ਵਿਚ ਰਹਿਣਾ ਉਸ ਇਕ 'ਤੇ ਵਿਸ਼ਵਾਸ ਕਰਨਾ, ਪੂਰਨ ਵਿਸ਼ਵਾਸ ਹੈ। ਜੇ ਵਿਸ਼ਵਾਸ **99** ਪ੍ਰਤੀਸ਼ਤ ਹੈ ਤਾਂ ਉਸ ਦੇ ਕੋਈ ਮਾਇਨੇ ਨਹੀਂ ਨਿਕਲਦੇ । ਪੂਰਨ ਵਿਸ਼ਵਾਸ ਕਿਸੇ 'ਤੇ ਵੀ, ਕੋਈ ਵੀ ਧਰਮ ਹੈ, ਧਾਰਮਿਕ ਦੁਨੀਆਂ ਦੇ ਸਾਰੇ ਦੇ ਸਾਰੇ ਧਾਰਮਿਕ ਲੋਕ ਸਿਖ ਅਖਵਾਉਣ ਦੇ ਹਕਦਾਰ ਹਨ। ਜੇ ਰਬ ਦੀ ਰਜ਼ਾ ਵਿਚ ਰਹਿ ਸਕਣ ਦੇ ਸਮਰਥ ਹੋ ਸਕਣ ਤਾਂ ਖ਼ਾਲਸਾ ਵੀ ਅਖਵਾ ਸਕਦੇ ਹਨ।

**ਸਿਖ ਸਰੂਪ ਖ਼ਾਲਸਾ ਸਰੂਪ ਦਾ ਇਕ ਯੂਨੀਵਰਸਲ ਸਰੂਪ ਹੈ ਜੋ ਹਰ ਇਨਸਾਨ ਦਾ ਕੁਦਰਤੀ ਸਰੂਪ ਹੈ। ਜੋ ਕੁਦਰਤ ਨੇ ਸਾਨੂੰ ਬਖ਼ਸ਼ਿਆ ਹੈ, ਉਸ 'ਤੇ ਹਰ ਇਕ ਇਨਸਾਨ ਦਾ ਹਕ ਬਣਦਾ ਹੈ।**


Academy of the Punjab in North America: http://www.apnaorg.com

# ਖ਼ਾਲਸਾ

'ਪ੍ਰਗਟਿਓ ਖਾਲਸਾ ਪ੍ਰਮਾਤਮ ਕੀ ਮੌਜ', ਖਾਲਸੇ ਦਾ ਕੋਈ ਜਨਮ ਨਹੀਂ ਹੋਇਆ, ਖਾਲਸਾ ਪ੍ਰਗਟ ਹੋਇਆ ਹੈ। ਜਿਵੇਂ ਅਸੀਂ ਗਲ ਕੀਤੀ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਪੰਜ ਭੂਤਕ ਜਿਸਮ ਦੇ ਵਿਚ ਇਕ ਜੋਤ ਦਾ ਪ੍ਰਕਾਸ਼ ਹੋਇਆ। ਇਸ ਜੋਤ ਦੇ ਨਾਲ ਸੁਮੇਲ ਰਖਣ ਵਾਲੇ, ਉਸੇ ਰੰਗ ਵਾਲੀ ਜੋ ਜੋਤ ਸੀ, ਜੋ ਵੀ ਵਿਅਕਤੀ, ਜੋ ਵੀ ਹੋਰ ਬ੍ਰਹਮ ਗਿਆਨੀ, ਪੁਰਖ ਜੋ ਉਸ ਜੋਤ ਦੇ ਨਾਲ ਸੁਮੇਲ ਰਖਦੇ ਸਨ, ਉਹ ਸੰਪੂਰਨ ਤੌਰ 'ਤੇ ਇਕ ਸਨ। ਇਕ-ਮਿਕ ਹੋ ਗਏ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਏ। ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਹਾਜ਼ਰ ਨਾਜ਼ਰ ਗੁਰੂ ਦੀ ਉਪਾਧੀ ਮਿਲੀ, ਜਿਹੜੀ ਕਿ ਬਣਦੀ ਹੀ ਸੀ। ਇਸ ਦੇ ਨਾਲ ਹੀ ਕੁਝ ਗਲਾਂ ਹੋਰ ਵੀ ਵੀਚਾਰ ਕਰਨ ਵਾਲੀਆਂ ਹਨ, ਜਿਨ੍ਹਾਂ ਬਾਰੇ ਕੌਮ ਵਿਚ ਦੁਚਿਤੀ ਹੈ। ਖ਼ਾਲਸੇ ਦੀ ਲੋੜ ਕਿਉਂ ਪਈ।

ਪਹਿਲੀ ਗਲ ਤਾਂ ਇਹ ਕਿ ਜੋ ਖ਼ਾਲਸਾ ਲਫ਼ਜ਼ ਹੈ, ਇਸ ਬਾਰੇ ਚਰਚਾ ਕਰਦੇ ਹਾਂ। ਜਿਹੜਾ ਸਰੂਪ ਵੀ ਖ਼ਾਲਸਾ ਬਣਿਆ, ਇਸ ਵਿਚ ਕੀ ਨਵਾਂ ਹੈ। ਕਿਹੜੀ ਚੀਜ਼ ਐਸੀ ਸੀ ਜੋ ਇਸ ਵਿਚ ਨਵੀਂ ਸੀ ਕਿਉਂਕਿ ਖ਼ਾਲਸਾ ਸਾਜਣ ਵਾਲੇ ਦਿਨ ਖ਼ਾਲਸੇ ਦਾ ਨਾਮ ਵੀ ਸੀ, ਖ਼ਾਲਸੇ ਦਾ ਜੋ ਸਰੀਰ, ਜਿਸਮ ਹੈ, ਉਸਦੇ ਕੇਸ ਵੀ ਸਨ। ਜਿਨ੍ਹਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਛਾਤੀ ਨਾਲ ਲਾ ਕੇ ਪੰਜ ਪਿਆਰੇ ਕਿਹਾ, ਕੀ ਇਨ੍ਹਾਂ ਦੇ ਪਹਿਲਾਂ ਕੇਸ ਨਹੀਂ ਸਨ ? ਕੇਸ ਸਨ। **1699** ਵਿਚ ਜੋ ਖ਼ਾਲਸਾ ਸਾਜਿਆ ਗਿਆ, ਇਸ ਦਿਨ ਬਹੁਤੇ ਲੋਕ ਕੇਸਧਾਰੀ ਸਨ। ਕੇਸ ਪੰਜ ਪਿਆਰਿਆਂ ਦੇ ਪਹਿਲਾਂ ਹੀ ਸਨ, ਕਿਉਂਕਿ ਇਕ ਜਿਸਮ ਦੇ ਹੁੰਦਿਆਂ ਇਕ ਜੋ ਸਰਵ ਸ਼ਕਤੀਮਾਨ ਹੈ, ਜੋ ਨਾਸ ਹੋ ਹੀ ਨਹੀਂ ਸਕਦਾ, ਉਸ ਦੀ ਸਥਾਪਨਾ ਕਿਵੇਂ ਹੋ ਸਕਦੀ, ਉਸ ਦੀ ਹੋਂਦ ਕਿਵੇਂ ਹੋ ਸਕਦੀ ਹੈ। ਪੰਜ ਭੂਤਕ ਸਰੀਰ ਦਾ ਖ਼ਾਤਮਾ ਹੋਣਾ ਜ਼ਰੂਰੀ ਸੀ। ਗੁਰੂ ਸਾਹਿਬ ਨੇ ਪੰਜ ਸਿਰਾਂ ਦੀ ਮੰਗ ਕੀਤੀ, **6**ਵਾਂ ਮੰਗਿਆ ਹੀ ਨਹੀਂ। ਸਿਆਸਤਦਾਨ ਦਾ ਸਿਰ ਆਪਣਾ ਹੁੰਦਾ ਹੈ ਤੇ ਧਰਮੀ ਦਾ ਆਪਣਾ ਨਹੀਂ ਹੁੰਦਾ :-

ਕਬੀਰ ਮੇਰਾ ਮੁਝ ਮਹਿ ਕਿਛੁ ਨਹੀਂ ਜੋ ਕਿਛੁ ਹੈ ਸੋ ਤੇਰਾ ॥
ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ ॥

ਇਸ ਵਿਚ ਭਜਣ ਵਾਲੀ ਜਾਂ ਜਾਣ ਵਾਲੀ ਕੋਈ ਗਲ ਹੀ ਨਹੀਂ। ਇਹ ਜੋ ਪੰਜ ਪਿਆਰੇ, **6**ਵੇਂ ਦੀ ਮੰਗ ਕੀਤੀ ਹੀ ਨਹੀਂ। ਉਸ ਦੇ ਵਿਚ ਵੀ ਕੋਈ ਕਾਰਨ ਹੋਵੇਗਾ। ਪੰਜ ਨੂੰ ਜੋ ਤੰਬੂ ਵਿਚ ਲਿਜਾ ਕੇ ਉਨ੍ਹਾਂ ਦੇ ਤਿਆਰੇ ਕੀਤੇ ਗਏ। ਕੰਘੇ ਸਜਾਏ, ਕਛਹਿਰੇ ਪੁਆਏ, ਕੜਾ, ਜੋ ਹਥ ਦੀ ਹਿਫ਼ਾਜ਼ਤ ਕਰਦਾ ਹੈ, ਜੇ ਕੜਾ ਪਾਇਆ ਹੋਵੇ, ਉਸ 'ਤੇ ਤਲਵਾਰ ਮਾਰਨ ਨਾਲ ਗੁਟ ਨੂੰ ਕੁਝ ਨਹੀਂ ਹੁੰਦਾ ਤੇ ਕਿਰਪਾਨ, ਕਿਰਪਾ-ਆਨ ਆਪਣੀ ਇਜ਼ਤ ਤੇ ਕਿਰਪਾ ਕਰਨ ਵਾਸਤੇ। ਜੋ ਪੰਜ ਕਕਾਰ ਬਖ਼ਸ਼ੇ ਗੁਰੂ ਸਾਹਿਬ ਨੇ ਪੰਜ ਪਿਆਰਿਆਂ ਨੂੰ ਸਾਬਤ ਸੂਰਤ ਰਬ ਦੇ ਲੜ ਲਾਇਆ, ਉਨ੍ਹਾਂ ਨੂੰ ਕੀ ਹੋਇਆ, ਕਦੋਂ ਹੋਇਆ, ਕਿਵੇਂ ਹੋਇਆ, ਇਹ ਉਹ ਮਾਲਕ ਆਪ ਜਾਣਦਾ ਹੈ। ਪੰਜ ਪਿਆਰੇ ਕਿਥੋਂ ਲਿਆਂਦੇ। ਉਨ੍ਹਾਂ ਨੂੰ ਗਲ਼ ਨਾਲ ਲਾ ਕੇ ਜੋ ਸੰਗਤ ਸੀ ਇਸ ਵਿਚ ਉਹ ਸਮਾਅ ਗਏ, ਕਿਵੇਂ ਖ਼ਾਲਸਾ ਬਣਨਾ ਹੈ। ਪੰਜ ਪਿਆਰਿਆਂ ਦੇ ਕਰ ਕਮਲਾਂ ਦੇ ਨਾਲ ਅੰਮ੍ਰਿਤ ਛਕਿਆ। ਉਹ ਵੀ ਖ਼ਾਲਸੇ ਦੇ ਵਿਚ ਰਲ ਗਏ । ਅੰਮ੍ਰਿਤ ਦਾ ਬਾਟਾ ਤਿਆਰ ਕਰਨ ਲਗਿਆਂ ਇਕ ਸਰਬਲੋਹ ਦਾ ਬਰਤਨ ਲੈ ਕੇ ਜੋ ਜਲ ਪਾਇਆ। ਸ਼ਸਤਰਾਂ ਨਾਲ ਘੋਲਿਆ, ਪੰਜ ਬਾਣੀਆਂ ਦੇ ਨਾਲ ਸੰਪੂਰਨ ਕੀਤਾ, ਫਿਰ ਇਸ ਵਿਚ, ਗੁਰੂ ਸਾਹਿਬ ਦੇ ਮਹਿਲ ਮਾਤਾ ਜੀਤੋ ਜੀ ਨੇ ਉਸ ਸਮਾਗਮ ਵਿਚ ਸ਼ਿਰਕਤ ਕੀਤੀ, ਉਨ੍ਹਾਂ ਮਠਿਆਈ, ਪਤਾਸੇ ਭੇਟ ਕੀਤੇ। ਇਹ ਜੋ ਅੰਮ੍ਰਿਤ ਤਿਆਰ ਹੋਇਆ, ਪੰਜ ਪਿਆਰਿਆਂ ਨੂੰ ਛਕਾਇਆ ਗਿਆ, ਉਥੇ ਕਿਸੇ ਨੇ ਲੁਕਾ ਕੇ ਨਹੀਂ ਛਕਿਆ, ਸਾਧ ਸੰਗਤ ਦੇ ਵਿਚ ਬੈਠ ਕੇ ਤਿਆਰ ਕੀਤਾ, ਵਿਚ ਬੈਠ ਕੇ ਛਕਾਇਆ ਤੇ ਪੰਜ ਪਿਆਰੇ ਵਿਅਕਤੀ ਤੋਂ ਉੱਭਰ ਕੇ ਸ਼ਕਤੀ ਹੋ ਗਏ।


Academy of the Punjab in North America: http://www.apnaorg.com

ਜਿਸ ਸ਼ਕਤੀ ਦਾ ਉਸ ਵਿਚ ਜਨਮ ਹੋਇਆ, ਉਸ ਵਿਚ ਗੁਰੂ ਸਾਹਿਬ ਆਪ ਰਲ ਗਏ। ਅੰਮ੍ਰਿਤ ਛਕਿਆ, ਉਸ ਦਿਨ ਤੋਂ ਖ਼ਾਲਸਾ ਸ਼ਕਤੀ ਬਣ ਗਿਆ। ਉਹ ਵਿਅਕਤੀ ਨਹੀਂ ਰਿਹਾ। ਐਸਾ ਖ਼ਾਲਸਾ, ਜਿਸ ਵਿਚ ਦੁਨੀਆਂ ਦਾ ਜਿਹੜਾ ਮਰਜ਼ੀ ਬੰਦਾ ਸਮਾਅ ਸਕਦਾ ਹੈ ਜੋ ਵੀ ਇਨਸਾਨ ਪ੍ਰਮਾਤਮਾ ਨੂੰ ਮੰਨਦਾ ਹੈ ਜਾਂ ਉਹ ਧਾਰਮਿਕ ਹੈ। ਜੇ ਥੋੜ੍ਹਾ ਬਹੁਤ ਵਿਰੋਧ ਹੋਇਆ ਤਾਂ ਉਹ ਵੀ ਉਨ੍ਹਾਂ ਦਾ ਵਿਰੋਧ ਹੋਇਆ ਜਿਹੜੇ ਇਹ ਚਾਰ ਵਰਣ ਸਨ। ਆਪਣੇ ਆਪ ਨੂੰ ਖਤਰੀ, ਬ੍ਰਾਹਮਣ, ਸ਼ੂਦਰ ਇਹ ਵਰਣਾਂ ਵਾਲਿਆਂ ਨੇ ਵਿਰੋਧ ਕੀਤਾ, ਕਿਉਂਕਿ ਚਾਰ ਵਰਣਾਂ ਵਿਚ ਸ਼ਕਤੀ ਪੈਦਾ ਹੋਈ। ਇਨ੍ਹਾਂ ਨੇ ਤਾਂ ਵਿਰੋਧ ਕਰਨਾ ਹੀ ਸੀ, ਜਿਹੜੇ ਕਿ ਆਪਣੇ ਆਪ ਨੂੰ ਇੰਚਾਰਜ ਸਮਝਦੇ ਸਨ ਕਿ ਧਰਮ ਨੂੰ ਅਸੀਂ ਚਲਾਉਂਦੇ ਹਾਂ, ਬਸ ਉਨ੍ਹਾਂ ਨੇ ਵਿਰੋਧ ਕੀਤਾ। ਦੂਸਰੇ ਵਿਰੋਧੀ ਉਹ ਸਨ ਜਿਹੜੇ ਇਹ ਨਹੀਂ ਸਨ ਚਾਹੁੰਦੇ ਕਿ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਮੰਨਣ ਦਾ ਹੁਕਮਨਾਮਾ ਜਾਰੀ ਕਰਨਾ। ਸਰਵ ਸ਼ਕਤੀਮਾਨ ਦੀ ਸਮਰਥਾ ਸਾਹਮਣੇ ਉਨ੍ਹਾਂ ਦਾ ਵਿਰੋਧ ਕਰਨਾ ਕੁਦਰਤੀ ਹੀ ਸੀ ਤੇ ਉਨ੍ਹਾਂ ਦਾ ਵਿਰੋਧ ਕੋਈ ਮਾਅਨੇ ਨਹੀਂ ਰਖਦਾ। ਜਾਂ ਜੋ ਲੋਕਾਂ ਨੂੰ ਆਪ ਦੇ ਹਿਸਾਬ ਦੇ ਨਾਲ ਧਰਮ ਦੀ ਵਿਆਖਿਆ ਕਰਕੇ ਧਾਰਮਿਕ ਕਰਮ ਤੋਂ ਪਰ੍ਹਾਂ ਰਖਣਾ ਚਾਹੁੰਦੇ ਸਨ, ਉਨ੍ਹਾਂ ਵਿਰੋਧ ਕੀਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜੋ ਜੋਤ ਹੈ, ਇਹ ਕਿਸੇ ਇਕ ਦੀ ਨਹੀਂ ਹੈ, ਵਿਅਕਤੀ ਵਿਸ਼ੇਸ਼ ਦੀ ਨਹੀਂ ਹੈ। ਸਰਵ-ਸ਼ਕਤੀਮਾਨ ਜੋਤ ਉਸ ਪ੍ਰਕਾਸ਼ ਦੇ ਨਾਲ ਇਕ-ਮਿਕ ਹੋ ਗਈ। ਉਸ ਦੇ ਵਿਚ ਸ਼ਮੂਲੀਅਤ ਕਰਕੇ ਪ੍ਰਕਾਸ਼ ਜੋ ਹੈ, ਗੁਰੂ ਗ੍ਰੰਥ ਸਾਹਿਬ ਦੇ ਵਿਚ ਪ੍ਰਕਾਸ਼ ਹੋ ਗਿਆ।

ਖ਼ਾਲਸੇ ਵਿਚ ਖ਼ਾਲਸ ਰੂਪ ਹੋਵੇ, ਇਹ ਸਰੂਪ ਹੈ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ। ਸਰਵਵਿਆਪੀ ਹੈ, ਇਹ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤਕ ਹੀ ਸੀਮਿਤ ਨਹੀਂ ਹੈ।

ਇਹ ਪ੍ਰਕਾਸ਼ ਕਿਸ ਵਾਸਤੇ ਹੈ ? ਇਨਸਾਨ ਵਾਸਤੇ ਹੈ, ਸੇਧ ਦੇਣ ਵਾਸਤੇ ਹੈ। ਇਹ ਪ੍ਰਕਾਸ਼ ਇਨਸਾਨ ਨੂੰ ਇਨਸਾਨ ਬਣਾਉਣ ਲਈ ਜੋ ਹੋਇਆ। ਪ੍ਰਕਾਸ਼ ਦਾ ਜੋ ਸਰੂਪ ਹੋਣਾ ਜ਼ਰੂਰੀ ਸੀ। ਮਿਸਾਲ ਦੇਣੀ ਜ਼ਰੂਰੀ ਸੀ। ਅੰਮ੍ਰਿਤ ਦਾ ਪਿਆਲਾ ਤਿਆਰ ਕੀਤਾ, ਖ਼ਾਲਸਾ ਸਾਜਿਆ ਗਿਆ। ਉਹ ਖ਼ਾਲਸਾ ਅਮਰ ਹੈ, ਵਿਅਕਤੀ ਨਹੀਂ ਹੈ, ਸ਼ਕਤੀ ਬਣ ਗਿਆ। ਪੰਜ ਪਿਆਰੇ ਜੋ ਸਾਰੇ ਸ਼ਕਤੀ ਬਣ ਗਏ, ਵਿਅਕਤਿਤਵ ਜੋ ਸੀ ਖ਼ਤਮ ਹੋ ਗਿਆ, ਵਿਅਕਤੀਤਵ ਸਰੀਰਕ ਦ੍ਰਿਸ਼ਟੀਮਾਨ ਜੋ ਸ਼ਖ਼ਸੀਅਤ ਸੀ ਜੋ ਇਹ ਦ੍ਰਿਸ਼ਟੀਮਾਨ ਰੂਪ ਖ਼ਤਮ ਹੋਇਆ, ਅੰਤ ਹੋ ਗਿਆ, ਵਿਚੋਂ ਉਗਮਿਆ ਸ਼ਕਤੀ ਦਾ ਪ੍ਰਕਾਸ਼ । ਜਿਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਦੇ ਅੰਦਰ ਜੋਤ ਦਾ ਪ੍ਰਕਾਸ਼ ਹੋਇਆ, ਉਸ ਪ੍ਰਕਾਸ਼ ਦੀ ਤਰ੍ਹਾਂ ਖ਼ਾਲਸਾ ਪ੍ਰਕਾਸ਼ ਹੋਇਆ। ਉਸ ਦੇ ਵਿਚ ਸ਼ਕਤੀ ਦੇ ਵਿਚ ਆਪ ਸ਼ਾਮਲ ਹੋ ਜਾਣਾ ਤੇ ਸੰਗਤ ਵਿਚ ਸਮੋਏ ਜਾਣਾ, ਰਲ ਜਾਣਾ, ਇਹ ਇਕ ਉਦਾਹਰਣ, ਸਿਖਿਆ ਦੇਣ ਵਾਲੀ ਗਲ ਸੀ। ਗੁਰੂ ਵਿਚ ਇਹ ਸ਼ਕਤੀ ਹੈ ਕਿ ਸ਼ਕਤੀ ਦੀ ਸਿਰਜਣਾ ਕਰਕੇ ਇਸ ਵਿਚ ਇਸ ਸ਼ਕਤੀ ਦੇ ਵਿਚ ਸਮਾਅ ਸਕਣ। ਇਹ ਸ਼ਕਤੀ ਅਮਰ ਹੋ ਗਈ ਹੈ। ਜੋ ਖ਼ਾਲਸੇ ਦੀ ਸ਼ਕਤੀ ਹੈ ਉਸ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਸਮਾਅ ਜਾਣ ਦੀ ਰੀਝ ਤੇ ਉਸ ਦੇ ਨਾਲ ਅਮਰ ਹੋ ਜਾਣ ਦਾ ਇਰਾਦਾ ਹੈ, ਉਦਾਹਰਣ ਹੈ, ਮਿਸਾਲ ਹੈ, ਜੋ ਉਸ ਵਿਚੋਂ ਰਬੀ, ਇਲਾਹੀ ਕ੍ਰਿਸ਼ਮਾ ਸੀ ਜੋ ਉਹ ਗੁਰੂ ਨਾਨਕ ਦੇਵ ਜੀ ਤੋਂ ਸ਼ੁਰੂ ਹੋਇਆ। ਸੀਰਤ ਤੋਂ ਸੂਰਤ ਹੋਇਆ। ਧਾਰਮਿਕ ਲੋਕ ਕਿਸੇ ਤਰ੍ਹਾਂ ਦੇ ਵੀ ਹੋਣ, ਸਾਨੂੰ ਵਿਧਾਤਾ ਨੇ ਜੋ ਰੂਪ ਦਿਤਾ ਹੈ। ਉਸ 'ਤੇ ਯਕੀਨ ਕਰਕੇ, ਵਿਸ਼ਵਾਸ ਕਰਕੇ ਉਸ ਵਿਚ ਸਮਾਅ ਜਾਣਾ, ਉਸ ਵਰਗਾ ਲਗਣਾ ਜੋ ਗੁਰੂ ਵਰਗਾ ਜਾਂ ਪਿਤਾ ਵਰਗਾ ਲਗੇ ਤਾਂ ਇਸ ਵਿਚ ਕੀ ਗ਼ਲਤ ਹੈ !


Academy of the Punjab in North America: http://www.apnaorg.com

# ਗੁਰਗਦੀ

ਗੁਰੂ ਨਾਨਕ ਦੇਵ ਜੀ ਅਨੁਸਾਰ ਅਕਾਲਪੁਰਖ, ਪ੍ਰਮਾਤਮਾ ਦੇ ਜਿੰਨੇ ਮਰਜ਼ੀ ਨਾਮ ਰਖ ਲਓ, ਜਿਸ ਮਰਜ਼ੀ ਨਾਂ ਦੇ ਨਾਲ ਯਾਦ ਕਰ ਲਓ, ਲੇਕਿਨ ਉਹ ਇਕ ਹੀ ਹੈ। ਉਸ ਦੇ ਅਸੀਂ ਇਨਸਾਨ ਜਿੰਨੇ ਮਰਜ਼ੀ ਨਾਂ ਰਖੀ ਜਾਈਏ , ਇਹ ਸਾਡੀ ਮਰਜ਼ੀ ਹੈ। ਉਹ ਜੋ ਪ੍ਰਮਾਤਮਾ ਹੈ ਇਕ ਹੈ, ਜੋ ਇਹ ਇਕ ਹੈ ਇਹ ਪ੍ਰਮਾਤਮਾ ਹੈ ਤੇ ਉਸ ਦਾ ਨਾਂ ਹੈ ਸਤਿ, ਸਚ। ਸਾਨੂੰ ਬਣਾਉਣ ਵਾਲਾ, ਸਾਡੀ ਸਿਰਜਣਾ ਕਰਨ ਵਾਲਾ, ਸਾਡੀ ਸ੍ਰਿਸ਼ਟੀ ਦਾ ਰਚੇਤਾ ਜੋ ਹੈ, ਜੋ ਸਤਿ ਹੈ, ਉਸ ਦੇ ਪ੍ਰਤੀ ਸਾਡਾ ਕੀ ਵੀਚਾਰ ਹੈ, ਕੀ ਵਿਹਾਰ ਹੋਣਾ ਚਾਹੀਦਾ ਹੈ। ਇਨਸਾਨ ਨੂੰ ਜੇ ਇਨਸਾਨ ਆਖਣਾ ਹੈ ਤੇ ਉਸ ਨੂੰ ਕੀ ਕਰਨਾ ਪਵੇਗਾ। ਗੁਰੂ ਨਾਨਕ ਦੇਵ ਜੀ ਅਨੁਸਾਰ ਇਨਸਾਨ ਨੂੰ ਸਚ-ਪ੍ਰਸਤ ਹੋਣਾ ਪਵੇਗਾ। ਜੋ ਸਤਿ ਪ੍ਰਸਤ ਹਨ ਉਹੀ ਤਾਂ ਸਚਿਆਰੇ ਹਨ। ਇਹ ਵਿਧੀ ਦਸਦੇ ਹਨ ਗੁਰੂ ਨਾਨਕ :

ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ॥
ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥

ਬਸ ਰਜ਼ਾ ਦੇ ਵਿਚ ਰਹਿਣ ਦੇ ਨਾਲ ਹੀ ਸਚਿਆਰਾ ਬਣ ਸਕਦਾ ਹੈ। ਗੁਰੂ ਨਾਨਕ ਦੀ ਜੋ ਰਜ਼ਾ ਹੈ, ਉਹ ਹੈ ਸਚ ਦੇ ਪ੍ਰਤੀ ਸਤਿਕਾਰ, ਸਚ ਪ੍ਰਸਤ ਗੁਰੂ ਨਾਨਕ ਸਤਿ ਦੀ ਜੋਤ, ਜੋ ਗੁਰੂ ਦੇ ਵਿਚ ਜਗਦੀ ਹੈ ਜਾਂ ਇਵੇਂ ਕਹੀਏ ਕਿ ਸਿਖ ਧਰਮ, ਜੋ ਗੁਰੂ ਨਾਨਕ ਨੇ ਚਲਾਇਆ, ਜਿਸ ਨੂੰ ਸਿਖ ਧਰਮ ਆਖਦੇ ਹਨ, ਇਹ ਹੈ ਜੀਵਨ ਦੀ ਜੁਗਤੀ, ਸਚਿਆਰ ਹੋਣ ਦੀ ਵਿਧੀ, ਪ੍ਰੇਰਨਾ, ਕਿਵੇਂ ਸਚਿਆਰ ਹੋ ਸਕਦੇ ਹਾਂ, ਇਨਸਾਨ ਕਿਵੇਂ ਸਚਿਆਰਾ ਹੋ ਸਕਦਾ ਹੈ। ਗੁਰੂ ਨਾਨਕ ਦੀ ਜੋ ਗਲ ਹੈ, ਜੋ ਅਕਾਲਪੁਰਖ ਦੀ ਜਗਾਈ ਹੋਈ ਇਹ ਜੋਤ, ਜੋਗੁਰੂ ਨਾਨਕ ਦੇ ਅੰਦਰ ਕੋਈ ਜੋਤ ਬੈਠੀ ਹੈ, ਜਿਸ ਬਾਰੇ ਅਸੀਂ ਵੀਚਾਰ ਕਰ ਚੁਕੇ ਹਾਂ, ਜੋ ਬਾਣੀ ਗੁਰੂ ਨਾਨਕ ਨੇ ਉਚਾਰੀ ਇਹ ਇਨਸਾਨ ਦੇ ਕਰਨ ਦੀ ਗਲ ਨਹੀਂ ਸੀ। ਇਹ ਤਾਂ ਸਿਰਫ਼ ਪ੍ਰਮਾਤਮਾ ਹੀ ਸਿਰਜ ਸਕਦਾ ਹੈ। ਉਸ ਹਿਸਾਬ ਦੇ ਨਾਲ ਹੀ ਅਸੀਂ ਇਵੇਂ ਆਖ ਸਕਦੇ ਹਾਂ--ਗੁਰੂ ਨਾਨਕ ਦੇ ਵਿਚ ਜੋ ਜੋਤ ਸੀ, ਜੋ ਸੋਚ ਸੀ, ਉਸਨੂੰ ਅਸੀਂ ਅਕਾਲ ਪੁਰਖ ਦੀ ਜੋਤ, ਰਬ ਦੀ ਜੋਤ ਆਖ ਸਕਦੇ ਹਾਂ। ਜੋ ਇਹ ਜੋਤ ਗੁਰੂ ਨਾਨਕ ਦੇ ਵਿਚ ਜਗਦੀ ਸੀ, ਉਸ ਨੂੰ ਅਗੇ ਕਿਵੇਂ ਤੋਰਿਆ ਜਾਵੇ ? ਗੁਰੂ ਨਾਨਕ ਦਾ ਜੋ ਜਿਸਮ ਸੀ, ਸਰੀਰ ਸੀ, ਜਿਸ ਵਿਚ ਇਹ ਜੋਤ ਜਗਦੀ ਸੀ, ਇਹ ਸਰੀਰ ਤਾਂ ਨਾਸ਼ਵਾਨ ਸੀ; ਇਸ ਨੇ ਤਾਂ ਇਕ ਦਿਨ ਬਿਖਰ ਜਾਣਾ ਸੀ, ਉਸ ਨੇ ਤਾਂ ਨਾਸ਼ ਹੋਣਾ ਹੀ ਸੀ। ਹਾਂ, ਸਰੀਰ ਜ਼ਰੂਰ ਬਦਲਿਆ, ਦੂਸਰੇ ਜਾਮੇ ਵਿਚ ਗੁਰੂ ਨਾਨਕ ਦਾ ਸਰੂਪ ਬਦਲਿਆ, ਸਰੀਰ ਬਦਲਿਆ, ਜੋ ਪੰਜ ਭੂਤਕ ਸੀ। ਜੋ ਸਾਡੇ ਗੁਰੂ ਹੋਏ ਉਹ ਕੌਣ ਕੌਣ ਸਨ, ਜਦੋਂ ਗੁਰੂ ਨਾਨਕ ਨੇ ਕਾਇਆ ਪਲਟੀ, ਗੁਰੂ ਨਾਨਕ ਦੀ ਜੋ ਗੁਰਗਦੀ ਦਾ ਇਤਿਹਾਸ ਹੈ, ਉਸ ਦੀ ਗਲ ਕਰਦੇ ਹਾਂ। ਜੋਗੁਰੂ ਨਾਨਕ ਦੇ ਆਪਣੀ ਗ੍ਰਹਿਸਥੀ ਵਿਚੋਂ, ਲੋਕਾਚਾਰ ਵਿਚੋਂ, ਦੁਨੀਆਂ ਦੇ ਹਿਸਾਬ ਨਾਲ ਜੋ ਪਰਿਵਾਰ ਹੈ, ਉਸ ਦੇ ਵਿਚ ਗੁਰੂ ਨਾਨਕ ਦੀ ਹਰ ਚੀਜ਼ 'ਤੇ ਉਸ ਦੇ ਪੁਤਰਾਂ ਦਾ ਅਧਿਕਾਰ ਹੈ, ਜਿਵੇਂ ਸਾਡੇ ਪੁਤਰਾਂ ਦਾ ਅਧਿਕਾਰ, ਅਸੀਂ ਇਨਸਾਨੀ ਜੀਵ ਹਾਂ ਸਾਡੇ ਜਾਣ ਤੋਂ ਬਾਅਦ ਸਾਡੇ ਪੁਤਰਾਂ ਦਾ ਅਧਿਕਾਰ ਕੇਵਲ ਉਨ੍ਹਾਂ ਚੀਜ਼ਾਂ 'ਤੇ ਬਣਦਾ ਹੈ ਜੋ ਅਸੀਂ ਬਣਾਈਆਂ ਜਾਂ ਸਾਡੇ ਪਿਤਾ ਪੁਰਖਿਆਂ ਤੋਂ ਸਾਨੂੰ ਮਿਲੀਆਂ। ਪੰਜ ਭੂਤਕ ਗੁਰੂ ਨਾਨਕ ਦੇ ਜਿਸਮ ਨੇ, ਜੋ ਬਣਾਇਆ, ਉਸ 'ਤੇ ਹਕ ਉਨ੍ਹਾਂ ਦੇ ਪੁਤਰਾਂ ਦਾ ਬਣਦਾ ਸੀ, ਜ਼ਮੀਨ ਤੇ ਜਾਇਦਾਦ 'ਤੇ, ਕਰਤਾਰਪੁਰ ਵਿਚ, ਜੋ ਗੁਰੂ ਨਾਨਕ ਨੇ ਹਲ ਵਾਹ-ਵਾਹ ਕੇ ਬਣਾਈ ਸੀ, ਉਸ 'ਤੇ ਅਧਿਕਾਰ ਸੀ ਜਾਂ ਹੋਰ ਕੋਈ ਜਦੀ ਜਾਇਦਾਦ, ਪਿਤਾ ਪੁਰਖੀ ਜਾਇਦਾਦ ਸੀ ਗੁਰੂ ਨਾਨਕ ਦੀ, ਜੋ ਮਹਿਤਾ ਕਾਲੂ ਤੋਂ ਮਿਲੀ, ਉਸ 'ਤੇ ਅਧਿਕਾਰ ਸੀ ਔਲਾਦ ਦਾ।

ਬਾਬਾ ਸ੍ਰੀ ਚੰਦ ਜੀ ਬਹੁਤ ਲੰਮੀ ਉਮਰ ਭੋਗ ਕੇ ਗਏ। ਇਤਿਹਾਸ ਇਸ ਗਲ ਦਾ ਗਵਾਹ ਹੈ ਕਿ ਬਾਬਾ


Academy of the Punjab in North America: http://www.apnaorg.com

ਸ਼੍ਰੀ ਚੰਦ ਉਦਾਸ ਰਹੇ ਸਾਰੀ ਉਮਰ। ਬਾਬਾ ਸ਼੍ਰੀ ਚੰਦ ਤੋਂ ਚਲੀ 'ਉਦਾਸੀ ਸੰਪਰਦਾ'; ਉਨ੍ਹਾਂ ਨੂੰ ਉਦਾਸ ਕਿਉਂ ਹੋਣਾ ਪਿਆ, ਉਹ ਤਾਂ ਗੁਰੂ ਨਾਨਕ ਦੇ ਪੁਤਰ ਸਨ ? ਗੁਰੂ ਨਾਨਕ ਦਾ ਪੁਤਰ ਹੋਵੇ ਤੇ ਉਦਾਸ ਰਹੇ ਇਹ ਗਲ ਜਚਦੀ ਨਹੀਂ। ਬਾਬਾ ਸ਼੍ਰੀ ਚੰਦ ਨੇ ਸਾਰੀ ਉਮਰ ਉਦਾਸੀ ਵਿਚ ਕਟੀ। ਕੀ ਕਾਰਨ ਸੀ ਇਸ ਦਾ, ਇਕ ਪਾਸੇ ਤਾਂ ਬਾਣੀ ਕਹਿੰਦੀ ਹੈ, 'ਜੋ ਮਾਂਗਹਿ ਠਾਕੁਰ ਅਪੁਨੇ ਤੇ ਸੋਈ ਸੋਈ ਦੇਵੈ। ' ਦੇਵੈ, ਜ਼ਰੂਰ ਦੇਵੈ, ਪਰ ਭਾਈ ਗੁਰੂ ਦੇ ਕੋਲੋਂ ਜੋ ਗੁਰੂ ਨਾਨਕ ਦੇ ਪੁਤਰ ਨੇ ਮੰਗਿਆ, ਗੁਰੂ ਨਾਨਕ ਦੇ ਪੁਤਰ ਨੇ ਅਧਿਕਾਰ ਵਜੋਂ ਜੋ ਮੰਗਿਆ, ਬਾਬਾ ਸ਼੍ਰੀ ਚੰਦ ਦੀ ਮੰਗ ਕਿਉਂ ਪੂਰੀ ਨਹੀਂ ਹੋਈ ? ਇਸ ਦੇ ਬਾਰੇ ਜ਼ਰੂਰ ਵੀਚਾਰ ਕਰਨੀ ਚਾਹੀਦੀ ਹੈ। ਗੁਰੂ ਨਾਨਕ ਨੇ ਆਖਿਆ, 'ਜੋ ਮਾਗਹਿ ਠਾਕੁਰ ਅਪੁਨੇ ਤੇ ਸੋਈ ਸੋਈ ਦੇਵੈ। ' ਲੇਕਿਨ ਜੇ ਸਾਡੀ ਮੰਗ ਸਹੀ ਹੈ ਤਾਂ ਦੇਵੇ, ਜੇ ਸਾਡੀ ਮੰਗ ਗ਼ਲਤ ਹੈ ਤਾਂ ਪੂਰੀ ਨਹੀਂ ਹੋਵੇਗੀ। ਦੇਵੇ, ਹਰ ਇਕ ਚੀਜ਼ ਦੇਵੇ ਪਰ ਜੇ ਅਸੀਂ ਉਸ ਲਈ ਅਧਿਕਾਰਿਤ ਹਾਂ, ਪ੍ਰਾਪਤ ਕਰਨ ਦੇ ਲਈ। ਇਹ ਜੋ ਸਾਡੀ ਮੰਗ ਹੈ, ਜੇ ਇਹ ਗ਼ਲਤ ਹੈ ਤਾਂ ਇਹ ਪੂਰੀ ਨਹੀਂ ਹੋਵੇਗੀ। ਮਿਸਾਲ ਦੇ ਤੌਰ ਤੇ ਜੇ ਕਿਸੇ ਪੁਲਿਸ ਅਧਿਕਾਰੀ ਦਾ ਛੋਟਾ ਜਿਹਾ ਬਚਾ, ਜਿਸ ਨੂੰ ਉਹ ਜਾਨ ਤੋਂ ਵਧ ਪਿਆਰ ਕਰਦਾ ਹੋਵੇ, ਹਿਕ ਨਾਲ ਲਾਈ ਰਖਦਾ ਹੋਵੇ, ਮੰਨ ਲਵੋ ਇਹ **5** ਸਾਲ ਦਾ ਬਚਾ ਐੱਸ.ਪੀ. ਸਾਹਿਬ ਨੂੰ ਕਹੇ, ਕਿ ਇਹ ਜੋ ਤੁਹਾਡਾ ਪਿਸਤੌਲ ਹੈ, ਇਹ ਜੋ ਰਿਵਾਲਵਰ ਹੈ, ਇਹ ਉਸ ਨੂੰ ਦੇ ਦੇਵੋ, ਤਾਂ ਕੀ ਉਹ ਪੁਲਿਸ ਅਧਿਕਾਰੀ ਉਸ **5-6** ਸਾਲ ਦੇ ਬਚੇ ਨੂੰ ਆਪਣਾ ਪਿਸਤੌਲ ਦੇ ਦੇਵੇਗਾ ? ਨਹੀਂ ਦੇਵੇਗਾ, ਕਿਉਂਕਿ ਮੰਗ ਗ਼ਲਤ ਹੋ ਗਈ, ਜੇ ਸਿਆਣਾ ਬਾਪ ਹੋਊ ਤਾਂ ਉਸ ਦੀ ਮੰਗ ਪੂਰੀ ਨਹੀਂ ਕਰੇਗਾ। ਜੇ ਕੋਈ **5 -6** ਸਾਲ ਦਾ ਬਚਾ ਆਪਣੇ ਪਿਓ ਤੋਂ ਉਸ ਦੀ ਨਵੀਂ ਕਾਰ ਦੀਆਂ ਚਾਬੀਆਂ, ਬੀ.ਐੱਮ. ਡਬਲਯੂ. ਦੀਆਂ ਚਾਬੀਆਂ ਮੰਗੇ ਕਿ ਉਸ ਨੇ ਜ਼ਰਾ ਗੇੜਾ ਕਢਣਾ ਹੈ, ਤਾਂ ਕੀ ਉਸ **5-6** ਸਾਲ ਦੇ ਬਚੇ ਨੂੰ ਪਿਓ ਆਪਣੀ ਕਾਰ ਦੀਆਂ ਚਾਬੀਆਂ ਦੇ ਦੇਵੇਗਾ, ਨਹੀਂ ਦੇਵੇਗਾ। ਨਹੀਂ ਦੇਵੇਗਾ, ਕਿਉਂਕ ਮੰਗ ਗ਼ਲਤ ਹੋ ਗਈ, ਜੇ ਸਿਆਣਾ ਬਾਪ ਹੋਊ ਤਾਂ ਉਸ ਦੀ ਮੰਗ ਪੂਰੀ ਨਹੀਂ ਕਰੇਗਾ।

ਜੇ ਸਾਡੀ ਮੰਗ ਗ਼ਲਤ ਹੈ ਤਾਂ ਉਹ ਪੂਰੀ ਨਹੀਂ ਹੋਣੀ। ਇਸੇ ਤਰ੍ਹਾਂ ਬਾਬਾ ਸ਼੍ਰੀਚੰਦ ਦੀ ਜੋ ਮੰਗ ਸੀ ਉਹ ਭੌਤਿਕ ਵਸਤਾਂ ਦੀ ਹੋ ਸਕਦੀ ਸੀ। ਲੇਕਿਨ ਜੋ ਗੁਰੂ ਨਾਨਕ ਦੇਵ ਜੀ ਦੇ ਅੰਦਰ ਜਗਦੀ ਜੋਤ 'ਤੇ ਅਧਿਕਾਰ ਜਮਾਉਣ ਦੀ ਮੰਗ ਸੀ, ਉਹ ਪੂਰੀ ਨਹੀਂ ਸੀ, ਹੋ ਸਕਦੀ। ਇਹ ਜੋਤ ਤਾਂ ਉਥੇ ਹੀ ਜਗਣੀ ਸੀ ਜਿਥੇ ਜਗ ਸਕਦੀ ਸੀ ਜੋ ਇਸ ਦੇ ਯੋਗ ਸੀ। ਗੁਰੂ ਅੰਗਦ ਦੇਵ ਜੀ ਨੇ ਸੋਚਿਆ ਗੁਰੂ ਨਾਨਕ ਦੇ ਪੁਤਰਾਂ ਦੇ ਨਾਲ ਮੇਰਾ ਵਿਰੋਧ ਨਾ ਹੋਵੇ, ਸੋ ਦੂਸਰੀ ਪਾਤਸ਼ਾਹੀ ਸ਼੍ਰੀ ਗੁਰੂ ਅੰਗਦ ਦੇਵ ਜੀ ਗੁਰੂ ਨਾਨਕ ਦੀ ਜੋਤ ਨੂੰ ਪੰਜ ਭੂਤਕ ਸਰੀਰ ਵਿਚ ਬਿਠਾ ਕੇ ਕਰਤਾਰਪੁਰ ਸਾਹਿਬ ਨੂੰ ਛਡ ਕੇ ਖਡੂਰ ਸਾਹਿਬ ਆ ਗਏ, ਗੁਰੂ ਨਾਨਕ ਦੇ ਪੁਤਰਾਂ ਦੇ ਨਾਲ ਗੁਰੂ ਦੇ ਪਰਿਵਾਰ ਦਾ ਵਿਰੋਧ ਨਾ ਹੋਵੇ, ਕੋਈ ਟਕਰਾਓ ਨਾ ਹੋਵੇ, ਸਾਰਾ ਕੁਝ ਉਥੇ ਹੀ ਛਡ ਕੇ ਉਨ੍ਹਾਂ ਦੀ ਜੋਤ ਨੂੰ ਸੀਨੇ ਦੇ ਨਾਲ ਲਾ ਕੇ, ਗੁਰੂ ਅੰਗਦ ਦੇਵ ਚਲੇ ਗਏ ਖਡੂਰ ਸਾਹਿਬ ਵਿਚ। ਉਥੇ ਬੈਠ ਕੇ ਉਨ੍ਹਾਂ ਨੇ ਨਾਮ ਜਪਿਆ, ਉਨ੍ਹਾਂ ਗਲਾਂ ਨੂੰ ਸੰਭਾਲਿਆ, ਹੋਰ ਵੀ ਯੋਗਦਾਨ ਪਾਇਆ। ਜਿਵੇਂ ਗੁਰੂ ਨਾਨਕ ਨੇ ਜੋ ਵੀ ਬਾਣੀ ਉਚਾਰੀ ਹੈ, ਉਸ ਬਾਣੀ ਨੂੰ ਜਿਵੇਂ ਅਸੀਂ ਆਖਦੇ ਹਾਂ, ਉਹ ਇਨਸਾਨ ਦੀ ਬਾਣੀ ਤਾਂ ਹੋ ਨਹੀਂ ਸਕਦੀ। ਇਹ ਤਾਂ ਧੁਰ ਕੀ ਬਾਣੀ ਹੈ। ਉਸੇ ਤਰ੍ਹਾਂ ਹੀ ਗੁਰੂ ਅੰਗਦ ਦੇ ਵ ਜੀ ਨੇ ਜੋ ਸ਼ਲੋਕ ਉਚਾਰੇ, ਉਹ ਇਨਸਾਨ ਦੇ ਉਚਾਰੇ ਹੋਏ ਨਹੀਂ ਲਗਦੇ। ਉਹ ਗੁਰੂ ਨਾਨਕ ਦੀ ਜੋਤ ਦੀ ਬਾਣੀ ਜੋ ਗੁਰੂ ਨਾਨਕ ਦੇ ਵਿਚ ਜੋਤ ਬੈਠੀ ਸੀ, ਉਸ ਜੋਤ ਦੀ ਬਾਣੀ ਵਿਚ ਕੋਈ ਅੰਤਰ ਨਹੀਂ ਹੈ।

ਜਦੋਂ ਇਹ ਜੋਤ ਦੂਸਰੀ ਪਾਤਸ਼ਾਹੀ ਗੁਰੂ ਅੰਗਦ ਦੇਵ ਜੀ ਤੋਂ ਬਾਅਦ ਗੁਰੂ ਅਮਰਦਾਸ ਜੀ ਵਿਚ ਜਾ ਕੇ ਜਗੀ ਤਾਂ ਫਿਰ ਵਿਰੋਧ ਹੋਇਆ। ਜਿਵੇਂ ਗੁਰੂ ਅੰਗਦ ਦੇ ਨਾਲ ਬਾਬਾ ਸ਼੍ਰੀ ਚੰਦ ਦਾ ਵਿਰੋਧ ਹੋਇਆ ਸੀ, ਗੁਰੂ ਅਮਰਦਾਸ ਜੀ ਨਾਲ ਵਿਰੋਧ ਹੋਇਆ, ਕਿਉਂ ਹੋਇਆ ? ਗੁਰੂ ਅੰਗਦ ਦੇਵ ਜੀ ਦੇ ਪੁਤਰ ਉਸ ਚੀਜ਼ ਉਤੇ ਆਪਣਾ ਹਕ ਜਮਾਉਂਦੇ ਸਨ, ਜੋ ਉਨ੍ਹਾਂ ਨੂੰ ਮਿਲ ਹੀ ਨਹੀਂ ਸਕਦੀ ਸੀ। ਜੇ ਉਨ੍ਹਾਂ ਦੀ ਹੁੰਦੀ, ਉਨ੍ਹਾਂ ਦੇ ਵਿਚ ਜਗਦੀ। ਜੇ ਉਨ੍ਹਾਂ


Academy of the Punjab in North America: http://www.apnaorg.com

ਦੀ ਹੁੰਦੀ ਤਾਂ ਕਿਉਂ ਨਾ ਜਗਦੀ। ਇਹ ਕਿਸੇ ਵਿਅਕਤੀ ਵਿਸ਼ੇਸ਼ ਦੀ ਜੋਤ ਤਾਂ ਨਹੀਂ ਹੈ। ਉਥੇ ਹੀ ਜਗਣੀ ਸੀ ਜਿਥੇ ਜਗ ਸਕਦੀ ਸੀ। ਗੁਰੂ ਅਮਰਦਾਸ ਜੀ ਆਪਣੇ ਸੀਨੇ ਵਿਚ ਉਸ ਜੋਤ ਨੂੰ ਬਿਰਾਜਮਾਨ ਕਰਕੇ, ਸਾਂਭ ਕੇ, ਉਸ ਦਾ ਸਤਿਕਾਰ ਕਰਕੇ, ਉਸ ਦੇ ਲੜ ਲਗ ਕੇ, ਗੋਇੰਦਵਾਲ ਸਾਹਿਬ ਚਲੇ ਗਏ। ਉਹ ਵੀ ਨਹੀਂ ਚਾਹੁੰਦੇ ਸਨ ਕਿ ਗੁਰੂ ਅੰਗਦ ਦੇਵ ਜੀ ਦੀ ਔਲਾਦ ਦੇ ਨਾਲ ਸਾਡਾ ਕੋਈ ਵਿਰੋਧ ਹੋਵੇ। ਟਕਰਾਓ ਵਿਚ ਸ਼ਾਂਤੀ ਨਹੀਂ ਰਹਿੰਦੀ। ਗੁਰੂ ਨਾਨਕ ਦੀ ਜੋਤ ਸੰਭਾਲੀ ਬੈਠੇ ਗੁਰੂ ਕਿਵੇਂ ਉਸ ਥਾਂ ਬੈਠੇ ਰਹਿੰਦੇ। ਉਥੇ ਬੈਠ ਕੇ ਗੁਰੂ ਨਾਨਕ ਦੀ ਬਾਣੀ ਉਸ ਲੈਅ ਵਿਚ ਉਨ੍ਹਾਂ ਰਾਗਾਂ ਵਿਚ, ਉਨ੍ਹਾਂ ਧੁਨੀਆਂ ਦੇ ਵਿਚ, ਜਿਸ ਵਿਚ ਗੁਰੂ ਨਾਨਕ ਦੇ ਮੁਖ ਮੰਡਲ ਵਿਚੋਂ ਧੁਰ ਕੀ ਬਾਣੀ ਨਿਕਲੀ ਸੀ, ਉਸੇ ਤਰ੍ਹਾਂ ਗੁਰੂ ਅਮਰਦਾਸ ਜੀ ਨੇ ਬਹੁਤ ਸਾਰੀ ਬਾਣੀ ਰਚੀ। ਅਸੀਂ ਇਕ ਵਾਰ ਫਿਰ ਆਖ ਸਕਦੇ ਹਾਂ ਕਿ ਇਹ ਬਾਣੀ ਵੀ ਆਮ ਮਨੁਖ ਦੀ, ਪੰਜ ਭੂਤਕ ਸਰੀਰ ਦੀ ਲਗਦੀ ਹੀ ਨਹੀਂ। ਅਸੀਂ ਆਖ ਸਕਦੇ ਹਾਂ ਇਹ ਬਾਣੀ ਆਮ ਇਨਸਾਨ ਦੀ ਹੈ ਨਹੀਂ। ਉਸ ਦੀ ਜੋਤ ਉਸ ਪ੍ਰਮੇਸ਼ਰ ਦੀ, ਉਸ ਰਬ ਦੀ ਰਚਾਈ ਹੋਈ ਉਹ ਬਾਣੀ ਸੀ।

ਗੁਰੂ ਰਾਮਦਾਸ ਨੇ ਵਸਿਆ ਵਸਾਇਆ ਗੋਇੰਦਵਾਲ ਸਾਹਿਬ ਛਡ ਕੇ ਰਾਮਦਾਸਪੁਰ (ਅੰਮ੍ਰਿਤਸਰ) ਜਾ ਡੇਰੇ ਲਾਏ। ਉਸ ਦਾ ਕੀ ਕਾਰਨ ਸੀ ? ਉਸ ਦਾ ਕਾਰਨ ਵੀ ਇਹ ਸੀ ਕਿ ਬਾਬੇ ਮੋਹਨ ਦੀ ਮੰਗ ਗ਼ਲਤ ਹੋ ਗਈ ਸੀ। ਜੇ ਮੰਗ ਗ਼ਲਤ ਹੈ ਤਾਂ ਉਹ ਤਾਂ ਪੂਰੀ ਹੋ ਹੀ ਨਹੀਂ ਸਕਦੀ, 'ਜੋ ਮਾਗਹਿ ਠਾਕੁਰ ਅਪੁਨੇ ਤੇ ਸੋਈ ਸੋਈ ਦੇਵੈ'; ਜੋ ਨਾ ਦੇਵੇ ਉਹ ਬਿਲਕੁਲ ਨਾ ਦੇਵੇ। ਬਾਬੇ ਮੋਹਨ ਦੀ ਮੰਗ ਗ਼ਲਤ ਹੋ ਗਈ, ਇਹ ਮੰਗ ਪੂਰੀ ਨਾ ਹੋਈ। ਜੇ ਮੰਗ ਪੂਰੀ ਨਾ ਹੋਵੇ, ਜੋ ਅਸੀਂ ਮੰਗਦੇ ਹਾਂ, ਉਹ ਨਾ ਮਿਲੇ, ਫਿਰ ਸਾਡਾ ਹੰਕਾਰ ਜਾਗਦਾ ਹੈ, ਕਰੋਧ ਜਾਗਦਾ ਹੈ, ਲੋਭ ਜਾਗਦਾ ਹੈ। ਇਸ ਕਰਕੇ ਗੁਰੂ ਰਾਮਦਾਸ ਜੀ ਗੋਇੰਦਵਾਲ ਸਾਹਿਬ ਛਡ ਕੇ ਕੂਚ ਕਰ ਗਏ। ਉਹ ਪੰਜ ਭੂਤਕ ਸਰੀਰ ਵਿਚ ਬੈਠੀ ਜੋਤ ਨੇ ਜਦੋਂ ਬਦਲਣਾ ਸੀ, ਜੋਤ ਦੀ ਕਾਇਆ ਪਲਟਣੀ ਸੀ।

ਇਸ ਰਬੀ ਜੋਤ ਨੇ ਜਦੋਂ ਕਾਇਆ ਪਲਟਣੀ ਸੀ, ਉਸ ਸਮੇਂ ਗੁਰੂ ਅਰਜਨ ਦੇਵ ਜੀ ਸ੍ਰੀ ਅੰਮ੍ਰਿਤਸਰ ਸਾਹਿਬ ਛਡ ਕੇ, ਜੋ ਕਿ ਉਨ੍ਹਾਂ ਦੇ ਪਿਤਾ ਜੀ ਨੇ ਆਪਣੇ ਕਰ ਕਮਲਾਂ ਨਾਲ ਵਸਾਇਆ ਸੀ, ਦਰਬਾਰ ਸਾਹਿਬ ਸ੍ਰੀ ਤਰਨਤਾਰਨ ਸਾਹਿਬ ਚਲੇ ਗਏ। ਕਿਉਂ ਚਲੇ ਗਏ, ਕਿਉਂਕਿ ਬਾਬਾ ਪ੍ਰਿਥੀ ਚੰਦ ਨਾਲ ਟਕਰਾਓ ਨਹੀਂ ਸਨ ਕਰਨਾ ਚਾਹੁੰਦੇ। ਪ੍ਰਿਥੀ ਚੰਦ ਦੀ ਮੰਗ ਵੀ ਗ਼ਲਤ ਹੋ ਗਈ ਸੀ। ਪ੍ਰਿਥੀ ਚੰਦ ਗੁਰੂ ਨਾਨਕ ਦੀ ਜੋਤ ਉਤੇ ਆਪਣਾ ਅਧਿਕਾਰ ਸਮਝ ਬੈਠੇ ਸਨ। ਗੁਰੂ ਦੇ ਵਡੇ ਪੁਤਰ ਹੋਣ ਦੇ ਨਾਤੇ ਆਪਣਾ ਅਧਿਕਾਰ ਸਮਝ ਬੈਠੇ ਸਨ। ਮੰਗ ਗ਼ਲਤ ਹੋ ਗਈ। ਮੰਗ ਗ਼ਲਤ ਸੀ ਇਸ ਲਈ ਪੂਰੀ ਹੋ ਨਹੀਂ ਸੀ ਸਕਦੀ। ਆਪਣੇ ਜੋ ਹਨ, ਇਹ ਜਿੰਨੇ ਆਪਣੇ ਹੁੰਦੇ ਹਨ ਉਨ੍ਹਾਂ ਦੇ ਕੋਲ ਆਪਣਿਆਂ ਨੂੰ ਤੰਗ ਕਰਨ ਦਾ ਜ਼ਿਆਦਾ ਅਧਿਕਾਰ ਹੁੰਦਾ ਹੈ। ਆਪਣਿਆਂ ਤੋਂ ਬਚਣ ਲਈ ਆਪਣਿਆਂ ਦੇ ਨਾਲ ਲੜਾਈ ਤੋਂ ਗੁਰੇਜ਼ ਕਰਦੇ ਹੋਏ ਗੁਰੂ ਅਰਜਨ ਦੇਵ ਜੀ ਨੇ ਤਰਨਤਾਰਨ ਜਾ ਵਸਾਇਆ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਦਰ **700** ਦੇ ਕਰੀਬ ਅੰਗ ਗੁਰੂ ਨਾਨਕ ਦੀ ਪੰਜਵੀਂ ਜੋਤ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਹੈ। ਏਨੀ ਬਾਣੀ ਦੀ ਰਚਨਾ ਕੀਤੀ, **1430** ਅੰਗਾਂ ਵਿਚੋਂ **700** ਅੰਗ ਦੇ ਕਰੀਬ ਗੁਰੂ ਅਰਜਨ ਦੇਵ ਜੀ ਦੀ ਬਾਣੀ ਹੈ। ਖ਼ੈਰ, ਇਸ ਵਿਸ਼ੇ ਤੇ ਆਪਾਂ ਅਗੇ ਚਲ ਕੇ ਗਲ ਕਰਾਂਗੇ। ਗਲ ਕਰ ਰਹੇ ਸਾਂ ਗੁਰੂ ਨਾਨਕ ਦੀ ਗੁਰਗਦੀ ਦੇ ਇਤਿਹਾਸ ਦੀ।

ਛੇਵੀਂ ਪਾਤਸ਼ਾਹੀ ਗੁਰੂ ਨਾਨਕ ਦੀ ਛੇਵੀਂ ਜੋਤ ਨੇ ਇਕ ਦੁਖਾਂਤ ਵੇਖਿਆ, ਗੁਰੂ ਪਿਤਾ ਨੂੰ ਤਤੀ ਤਵੀ 'ਤੇ ਬੈਠੇ ਦੇਖਿਆ। ਤਤੀ ਰੇਤ ਸੀਸ ਵਿਚ ਪਾ ਜੋ ਤਸੀਹੇ ਦਿਤੇ ਗਏ, ਉਨ੍ਹਾਂ ਨੂੰ ਸੁਣ ਕੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਮਨ ਵਿਚ ਇਕ ਹੋਰ ਖ਼ਿਆਲ ਆਇਆ। ਇਕ ਰੂਹਾਨੀ ਤਾਕਤ ਬਣ ਗਈ ਇਹ ਜੋਤ। ਗੁਰੂ ਨਾਨਕ ਦੀ ਜੋਤ, ਜੋ ਰਬੀ ਜੋਤ ਹੈ ਗੁਰੂ ਨਾਨਕ ਤੋਂ ਕਾਇਆ ਪਲਟਦੀ, ਉਨ੍ਹਾਂ ਵਿਚ ਬੈਠ ਗਈ ਹੈ। ਉਸ ਦੀ ਹਿਫ਼ਾਜ਼ਤ ਕਰਨਾ ਸਾਡਾ


Academy of the Punjab in North America: http://www.apnaorg.com

ਫ਼ਰਜ਼ ਬਣਦਾ ਹੈ। ਉਸ ਦੀ ਹਿਫ਼ਾਜ਼ਤ ਕਰਨ ਲਈ ਗੁਰੂ ਹਰਿਗੋਬਿੰਦ ਸਾਹਿਬ ਨੇ ਤਲਵਾਰ ਉਠਾਈ। ਪਹਿਲੀ ਵਾਰੀ ਕਿਸੇ ਧਾਰਮਿਕ ਆਗੂ ਨੇ ਧਰਮ ਦੀ ਰਖਿਆ ਕਰਨ ਲਈ ਤਲਵਾਰ ਉਠਾਈ। ਮੀਰੀ ਪੀਰੀ ਦੀਆਂ ਦੋ ਤਲਵਾਰਾਂ ਉਠਾਈਆਂ। ਕਿਸੇ ਨੇ ਸੋਚਿਆ ਵੀ ਨਹੀਂ ਸੀ, ਦੋ ਤਲਵਾਰਾਂ ਇਕਠੀਆਂ ਹੋ ਸਕਦੀਆਂ ਹਨ। ਉਸ ਜੋਤ ਨੂੰ ਸੰਭਾਲਣ ਲਈ, ਉਸ ਦੀ ਰਖਿਆ ਲਈ ਤਨ, ਮਨ, ਧਨ ਸਭ ਕੁਝ ਲਾ ਦਿਤਾ। ਬਸ ਉਸ ਜੋਤ ਨੂੰ ਸੰਭਾਲਦੇ ਚਲੇ ਗਏ। ਲੇਕਿਨ ਕੋਈ ਬਾਣੀ ਗੁਰੂ ਹਰਿਗੋਬਿੰਦ ਸਾਹਿਬ ਦੀ ਗੁਰੂ ਗ੍ਰੰਥ ਸਾਹਿਬ ਵਿਚ ਨਹੀਂ ਮਿਲਦੀ। ਸ਼ਾਇਦ ਇਸ ਜੋਤ ਦੀ ਰਖਿਆ ਕਰਦਿਆਂ ਕੀਰਤਪੁਰ ਤੇ ਜਲੰਧਰ ਨੇੜਲਾ ਕਰਤਾਰਪੁਰ ਵੀ ਵਸਾਇਆ। ਬਾਕੀ ਦੇ ਕੰਮ ਤਾਂ ਉਹ ਕਰਦੇ ਰਹੇ, ਇਸ ਜੋਤ ਨੂੰ ਸੰਭਾਲਦੇ ਰਹੇ, ਲੇਕਿਨ ਬਾਣੀ ਕੋਈ ਨਹੀਂ ਲਿਖੀ। ਜੇ ਲਿਖੀ ਹੁੰਦੀ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਵਿਚ ਦਰਜ ਹੁੰਦੀ। ਫਿਰ ਵਾਰੀ ਆਈ ਕਿ ਇਹ ਜੋਤ ਕਾਇਆ ਪਲਟ ਕੇ ਕਿਥੇ ਜਾਵੇ ? ਬਾਬਾ ਗੁਰਦਿਤਾ ਜੀ ਗੁਰੂ ਹਰਿਗੋਬਿੰਦ ਸਾਹਿਬ ਦੇ ਵਡੇ ਪੁਤਰ ਸਨ, ਵਡੇ ਲੜਕੇ ਸਨ।

ਇਹ ਜੋਤ ਗੁਰੂ ਹਰਿ ਰਾਏ ਜੀ, ਜੋ ਗੁਰਦਿਤਾ ਜੀ ਦੇ ਸਪੁਤਰ ਸਨ, ਦੇ ਪੰਜ ਭੂਤਕ ਸਰੀਰ ਵਿਚ ਜਾ ਸਮਾਈ। ਜਦੋਂ ਇਸ ਜੋਤ ਨੂੰ ਅਠਵੀਂ ਜਗ੍ਹਾ **8**ਵੀਂ ਪੰਚ ਭੂਤਕ ਦੇਹੀ ਵਿਚ ਪਰਿਵਰਤਿਤ ਹੋਣਾ ਸੀ ਤਾਂ ਉਨ੍ਹਾਂ ਦੇ ਵਡੇ ਲੜਕੇ ਦੀ ਉਮਰ ਯੋਗ ਵੀ ਸੀ, ਸਿਆਣੇ ਵੀ ਸਨ। ਪਰੰਤੂ ਉਨ੍ਹਾਂ ਦੀ ਉਮੰਗ ਹੋ ਗਈ ਜੇ ਮੈਨੂੰ ਆ ਜਾਏ , ਬਸ ਉਥੇ ਮੰਗ ਗ਼ਲਤ ਹੋ ਗਈ। ਇਸ ਕਰਕੇ **8**ਵੀਂ ਪਾਤਸ਼ਾਹੀ ਸ੍ਰੀ ਹਰਿਕ੍ਰਿਸ਼ਨ ਇਕ ਬਾਲਕ ਦੇ ਰੂਪ ਵਿਚ ਇਸ ਜੋਤ ਨੂੰ ਸੰਭਾਲਣ ਦੇ ਸਮਰਥ ਹੋਏ। ਇਹ ਜੋਤ ਸ੍ਰੀ ਹਰਿਕ੍ਰਿਸ਼ਨ ਦੇ ਵਿਚ ਜਾ ਬਿਰਾਜੀ। ਬਾਬਾ ਨਾਨਕ ਦੀ ਆਵਾਜ਼ ਬਣ ਕੇ, ਗੁਰੂ ਅੰਗਦ ਜੀ, ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ ਦੀ ਆਵਾਜ਼ ਬਣ ਕੇ ਧੁਰ ਕੀ ਬਾਣੀ ਆਈ। ਇਹ ਜੋਤ ਸ੍ਰੀ ਹਰਿਕ੍ਰਿਸ਼ਨ ਦੀ ਬਾਲਕ ਅਵਸਥਾ ਦੇ ਵਿਚ ਉਸੇ ਤਰ੍ਹਾਂ ਹੀ ਵਸ ਗਈ ਜਿਸ ਤਰ੍ਹਾਂ ਗੁਰੂ ਅਮਰਦਾਸ ਜੀ ਵਿਚ ਜਾਂ ਗੁਰੂ ਅਰਜਨ ਦੇਵ ਜੀ ਵਿਚ। ਬਾਲ ਅਵਸਥਾ ਵਿਚ ਸ੍ਰੀ ਹਰਿ ਕ੍ਰਿਸ਼ਨ ਜੀ ਨੇ ਫਿਰ ਕਾਇਆਂ ਪਲਟੀ ਤੇ ਇਹ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ਼ ਬਹਾਦਰ ਜੀ ਵਿਚ ਜਾ ਬੈਠੀ। ਬੜਾ ਟਕਰਾਓ ਹੋਇਆ, ਧੀਰ ਮਲੀਏ ਸ਼ਰੀਕ ਬਣ ਬੈਠੇ। ਸ੍ਰੀ ਹਰਿਮੰਦਰ ਸਾਹਿਬ ਵਿਚ ਜਾਣ ਦੀ ਇਜਾਜ਼ਤ ਨਾ ਦਿਤੀ। ਮੰਗ ਗ਼ਲਤ ਹੋ ਗਈ ਸੀ, ਕਿਥੋਂ ਪੂਰੀ ਹੋ ਸਕਦੀ ਸੀ ? ਮਾਲਕੀ ਕਰਨੀ ਚਾਹੁੰਦੇ ਸਨ।

ਗੁਰੂ ਨਾਨਕ ਦੀ ਦਸਵੀਂ ਜੋਤ ਗੁਰੂ ਗੋਬਿੰਦ ਸਿੰਘ ਜੀ ਨੇ ਸਿਖ ਧਰਮ ਦੀ ਉਸਾਰੀ ਦੇ ਨਵੇਂ ਦਿਸਹਦੇ ਸਿਰਜਣੇ ਸਨ। ਉਹ ਵਿਰੋਧ ਦੀਆਂ ਉਲਝਣਾਂ 'ਚ ਪਏ ਹੀ ਨਹੀਂ। ਉਨ੍ਹਾਂ ਨੇ ਤਾਂ ਗੁਰਗਦੀ ਦੇ ਇਤਿਹਾਸ ਨੂੰ ਅੰਤਿਮ ਦੇ ਸਦੀਵੀਂ ਛੁਹ ਦੇਣੀ ਸੀ। ਜੇ ਉਹ ਪੰਜ ਭੂਤਕ ਸਰੀਰ ਵਿਚ ਜੋਤ ਸਜਾਉਣਾ ਚਾਹੁੰਦੇ ਤਾਂ ਪੰਜਾਂ ਪਿਆਰਿਆਂ ਵਿਚੋਂ ਜਾਂ ਕਿਸੇ ਹੋਰ ਨੂੰ ਦੇ ਸਕਦੇ ਸਨ। ਪਿਆਰਿਓ ! ਨਹੀਂ, ਉਨ੍ਹਾਂ ਨੇ ਤਾਂ ਕੁਲ ਜਗਤ ਦਾ ਭਲਾ ਕਰਨਾ ਸੀ। ਇਸ ਲਈ ਜਿਸ ਸ਼ਬਦ ਦੇ ਸਾਗਰ ਤੇ ਸ਼ਬਦ ਪ੍ਰਕਾਸ਼ ਵਿਚੋਂ ਗੁਰੂ ਨਾਨਕ ਦੀ ਸੀਰਤ ਕਿਸੇ ਨਿਵੇਕਲੀ ਸੂਰਤ ਭਾਵ ਖ਼ਾਲਸੇ ਦੀ ਸੂਰਤ ਵਿਖਾਈ ਦਿੰਦੀ ਸੀ, ਉਸ ਦੇ ਲੜ ਸੰਸਾਰ ਦੇ ਲੋਕਾਂ ਨੂੰ ਲਾਇਆ ਤਾਂ ਜੋ ਸੰਸਾਰ ਦਾ ਕੋਈ ਵੀ ਪ੍ਰਾਣੀ ਸ਼ਬਦ ਪ੍ਰਕਾਸ਼ ਨੂੰ ਆਪਣੀ ਜ਼ਿੰਦਗੀ ਦਾ ਅੰਗ ਬਣਾ ਸਕੇ।


Academy of the Punjab in North America: http://www.apnaorg.com

# ਸ੍ਰੀ ਗੁਰੂ ਗ੍ਰੰਥ ਸਾਹਿਬ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪ੍ਰਤਖ ਹਰਿ ਸ਼ਬਦ ਗੁਰੂ, ਗੁਰੂ ਨਾਨਕ ਦੇਵ ਜੀ ਦੀ ਜਿਉਂਦੀ ਜਾਗਦੀ, ਜਗਮਗਾਉਂਦੀ ਜੋਤ ਬਾਰੇ ਗਲ ਕਰਨ ਲਗੇ ਹਾਂ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕਰੋੜਾਂ ਸਿਖ, ਕਰੋੜਾਂ ਸ਼ਰਧਾਲੂ ਜਿਸ ਜੋਤ, ਜਿਸ ਗ੍ਰੰਥ ਦੇ ਹਰ ਰੋਜ਼ ਨਹੀਂ ਤਾਂ ਗਾਹੇ-ਬਗਾਹੇ ਦਰਸ਼ਨ ਕਰਦੇ ਹਨ। ਲਖਾਂ ਵਿਅਕਤੀ, ਲਖਾਂ ਸਿਖ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਪੜ੍ਹਦੇ ਸੁਣਦੇ ਹਨ, ਵਿਚਾਰਦੇ ਹਨ। ਹਜ਼ਾਰਾਂ ਵਿਅਕਤੀ, ਹਜ਼ਾਰਾਂ ਸਿਖ, ਨਿਤਨੇਮੀ ਹਨ, ਨਿਤਨੇਮ ਨਾਲ ਬਾਣੀਆਂ ਦਾ ਜਾਪ ਕਰਦੇ ਹਨ। ਸੈਂਕੜੇ ਲੋਕਾਂ ਨੇ, ਬੁਧੀਜੀਵੀਆਂ ਨੇ ਵਿਦਵਾਨਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਾਰੇ ਆਪਣੀ ਬੁਧੀ ਅਜ਼ਮਾਉਣ ਦੀ ਕੋਸ਼ਿਸ਼ ਕੀਤੀ ਹੈ। ਗੁਰੂ ਗ੍ਰੰਥ ਸਾਹਿਬ ਜੀ ਬਾਰੇ ਆਪਣੀ ਆਪਣੀ ਅਕਲ ਦੇ ਘੋੜੇ ਦੌੜਾਏ, ਕੁਝ ਵਿਚਾਰਾਂ ਕਰਨੀਆਂ ਸ਼ੁਰੂ ਕੀਤੀਆਂ। ਸਾਡਾ ਮਕਸਦ ਇਥੇ, ਗੁਰੂ ਗ੍ਰੰਥ ਸਾਹਿਬ ਦੇ ਇਤਿਹਾਸ ਜਾਂ ਜੋ ਵਿਦਵਾਨਾਂ ਨੇ, ਬੁਧੀਜੀਵੀਆਂ ਨੇ, ਜੋ ਆਪਣੀ ਅਕਲ ਅਨੁਸਾਰ ਆਪਣੀ ਸੋਚ ਅਨੁਸਾਰ, ਜੋ ਗਲਾਂ ਕੀਤੀਆਂ ਹਨ, ਜੋ ਲਿਖਿਆ ਹੈ, ਪੁਸਤਕਾਂ ਜਾਂ ਗ੍ਰੰਥ ਲਿਖੇ ਪੜ੍ਹੇ ਹਨ, ਉਨ੍ਹਾਂ ਬਾਰੇ ਗਲ ਕਰਨੀ ਸਾਡਾ ਮਕਸਦ ਨਹੀਂ ਹੈ।

ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗਲ ਕਰਨ ਤੋਂ ਪਹਿਲਾਂ ਇਕ ਗਲ ਸਪਸ਼ਟ ਕਰ ਦੇਣੀ ਚਾਹੁੰਦੇ ਹਾਂ। ਮੈਂ ਇਹ ਤਾਂ ਨਹੀਂ ਕਹਿੰਦਾ ਕਿ ਮੇਰੇ ਤੋਂ ਪਹਿਲਾਂ ਜੋ ਸੈਂਕੜੇ ਵਿਦਵਾਨਾਂ, ਜਿਨ੍ਹਾਂ ਨੇ ਬਹੁਤ ਮਿਹਨਤ ਕਰਕੇ, ਘਾਲਣਾ ਕਰਕੇ ਕਈ ਕਈ ਸਾਲ ਲਾ ਕੇ, ਜੋਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਜਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਵਜੂਦ ਬਾਰੇ ਜੋ ਚਰਚਾ ਕੀਤੀ, ਮੈਨੂੰ ਉਨ੍ਹਾਂ ਤੋਂ ਵਧ ਪਤਾ ਹੈ ਜਾਂ ਉਨ੍ਹਾਂ ਦੀ ਆਲੋਚਨਾ ਕਰਦਾ ਹਾਂ। ਗੁਰੂ ਗ੍ਰੰਥ ਸਾਹਿਬ ਜੀ ਬਾਰੇ ਵਿਚਾਰ ਕਰਨ ਲਗਿਆਂ, ਗਲ ਕਰਨ ਲਗਿਆਂ, ਸਾਡਾ ਯਕੀਨ ਹੈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬਾਰੇ ਜੋ ਵਿਦਵਾਨਾਂ ਨੇ ਲਿਖਿਆ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਜੀ ਸੰਪਾਦਨਾ ਹੋਈ ਹੈ, ਸੰਪਾਦਨਾ ਕਿਵੇਂ ਹੋਈ ਹੈ ਕਦੋਂ ਹੋਈ ? ਇਸ ਤਰ੍ਹਾਂ ਲਗਦਾ ਹੈ ਜਿਵੇਂ ਜੋ ਵੀ ਇਸ ਬਾਰੇ ਕਿਤਾਬਾਂ ਲਿਖੀਆਂ ਗਈਆਂ, ਉਹ ਇਕ ਗ਼ਲਤ ਪਾਸੇ ਨੂੰ ਤੁਰ ਪਏ। ਗ਼ਲਤ ਪਾਸੇ ਨੂੰ ਜੇ ਭਜੀਏ ਤਾਂ ਕਿਸੇ ਟਿਕਾਣੇ 'ਤੇ ਲਗਿਆ ਹੀ ਨਹੀਂ ਜਾ ਸਕਦਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬਾਰੇ ਗਲ ਕਰਨੀ, ਇਸ ਤਰ੍ਹਾਂ ਜਿਵੇਂ ਕਿਸੇ ਕਿਤਾਬ ਬਾਰੇ ਗਲ ਕਰੀਦੀ ਹੈ, ਇਹ ਸਰਾਸਰ ਗ਼ਲਤ ਹੈ। ਜਿਵੇਂ ਪੁਸਤਕਾਂ ਦੀ ਸੰਪਾਦਨਾ ਹੁੰਦੀ ਹੈ, ਪ੍ਰਕਾਸ਼ਨਾ ਹੁੰਦੀ, ਉਸੇ ਤਰ੍ਹਾਂ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕਹਿਣਾ, ਪੋਥੀ ਕਹਿਣਾ, ਇਹ ਤਾਂ ਕੋਈ ਸਹੀ ਗਲ ਨਹੀਂ ਲਗਦੀ। ਇਸ ਵਿਚ ਕੋਈ ਤਥ ਨਹੀਂ। ਗੁਰੂ ਨਾਨਕ ਦੇਵ ਜੀ ਦੇ ਪੰਜਵੇਂ ਜਾਮੇ ਵਿਚ ਜੋ ਜੋਤ ਸੀ, ਜਿਹੜੀ ਜੋਤ ਗੁਰੂ ਨਾਨਕ

ਦੇਵ ਜੀ ਦੇ ਵਿਚ ਸੀ, ਉਹ ਰਬੀ ਜੋਤ, ਉਹ ਰਬੀ ਨੂਰ, ਉਹ ਅਧਿਆਤਮਵਾਦ, ਉਸ ਸਚ ਦੀ, ਜੋ ਕਿ ਕਿਸੇ ਵੀ ਸ਼ਬਦ ਦੇ ਨਾਲ ਵਿਆਖਿਆ ਕੋਈ ਵੀ ਨਹੀਂ ਕਰ ਸਕਦਾ। ਉਸ ਸ਼ਕਤੀ ਦੇ, ਉਸ ਜੋਤ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਾਰੇ ਗਲ ਕਰਦਿਆਂ ਹਰ ਕਲਮ ਅਸਮਰਥ ਹੋ ਜਾਵੇਗੀ। ਉਸ ਜੋਤ ਦਾ ਗੁਰੂ ਨਾਨਕ ਦੇਵ ਜੀ ਦੇ ਪੰਜ ਭੂਤਕ ਸਰੀਰ ਦੇ ਵਿਚ ਜਨਮ ਨਹੀਂ ਹੋਇਆ, ਉਸ ਜੋਤ ਦਾ ਪ੍ਰਕਾਸ਼ ਹੋਇਆ। ਇਹ ਪ੍ਰਕਾਸ਼ ਗੁਰੂ ਨਾਨਕ ਦੇਵ ਜੀ ਦੇ ਸਰੀਰ ਵਿਚ ਹੋਇਆ। ਇਸ ਤਰ੍ਹਾਂ ਦਾ ਪ੍ਰਕਾਸ਼ ਹੀ ਇਨ੍ਹਾਂ ਗੁਣਾਂ ਲਛਣਾਂ ਵਾਲਾ ਪ੍ਰਕਾਸ਼, ਉਚ ਦੀ ਅਵਸਥਾ ਵਾਲਾ ਪ੍ਰਕਾਸ, ਜਿਥੇ ਜਿਥੇ ਵੀ ਹੋਇਆ, ਜਿਸ ਪ੍ਰਾਣੀ ਵਿਚ ਹੋਇਆ ਗੁਰੂ ਸਾਹਿਬਾਨ ਦੇ ਸਰੀਰ ਵਿਚ ਜਿਸਮ ਵਿਚ, ਇਹ ਪ੍ਰਕਾਸ਼ ਹੋਇਆ। ਇਸ ਦੇ ਨਾਲ ਨਾਲ ਹੋਰ ਬਹੁਤ ਹੀ ਵਧੀਆ, ਬਹੁਤ ਹੀ ਪਹੁੰਚੇ ਹੋਏ, ਬਹੁਤ ਹੀ ਮਹਾਂ-ਪੁਰਖਾਂ ਵਿਦਵਾਨਾਂ ਦੇ ਵਿਚ ਜੋ ਪ੍ਰਕਾਸ਼ ਸੀ, ਜਿਥੇ ਵੀ ਪ੍ਰਕਾਸ਼ ਹੋਇਆ, ਜਿਥੇ-ਜਿਥੇ ਵੀ ਸੀ, ਉਥੇ-ਉਥੇ ਪਹੁੰਚ ਕੇ ਗੁਰੂ ਨਾਨਕ ਦੇਵ ਜੀ ਨੇ ਸ਼ਬਦ ਰਾਹੀਂ ਪ੍ਰਕਾਸ਼ ਕੀਤਾ। ਉਸ ਦਾ ਇਕਤਰ ਹੋ ਜਾਣਾ ਤੇ


Academy of the Punjab in North America: http://www.apnaorg.com

ਪ੍ਰਕਾਸ਼ਮਾਨ ਹੋ ਜਾਣਾ, ਸ਼ਬਦ ਦੇ ਰੂਪ ਵਿਚ ਪ੍ਰਕਾਸ਼ਮਾਨ ਹੋ ਜਾਣਾ, ਸੋਚਣ ਵਾਲੀ ਗਲ ਹੈ। ਸ਼ਬਦ ਗੁਰੂ ਹੈ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੋਇਆ, ਇਸ ਦੀ ਸੰਪਾਦਨਾ ਨਹੀਂ ਹੋਈ। ਜੇ ਇਸ ਨੂੰ ਸੰਪਾਦਨਾ ਹੀ ਗਿਣੀ ਜਾਈਏ, **1604** ਈਸਵੀ ਵਿਚ ਗੁਰੂ ਅਰਜਨ ਦੇਵ ਜੀ ਨੇ ਸੰਪਾਦਨਾ ਕੀਤੀ; ਬਸ ਇਸ ਗਲ ਦਾ ਰੌਲਾ ਪਾ ਕੇ ਤੁਰੇ ਫਿਰੀਏ ਤਾਂ ਉਸ ਦੀ ਅਸਲੀਅਤ ਨੂੰ ਅਸੀਂ ਸਮਝ ਹੀ ਨਹੀਂ ਸਕਦੇ। ਗਲ ਕੀ ਹੈ ਇਹ ਪ੍ਰਕਾਸ਼ ਜਿਸ ਦਾ ਗੁਰੂ ਨਾਨਕ ਦੇਵ ਜੀ ਨੂੰ ਅਹਿਸਾਸ ਹੋਇਆ ਸੀ, ਉਸ ਪ੍ਰਕਾਸ਼ ਦੀ ਰੌਸ਼ਨੀ ਦੁਨੀਆਂ ਭਰ ਨੂੰ ਦਿਖਾਉਣ ਲਈ ਗੁਰੂ ਨਾਨਕ ਦੇਵ ਜੀ ਨੇ ਆਪਣਾ ਮਿਸ਼ਨ ਬਣਾਇਆ। ਉਸ ਪ੍ਰਕਾਸ਼ ਨਾਲ ਸਾਰੀ ਦੁਨੀਆਂ ਨੂੰ ਪ੍ਰਕਾਸ਼ਮਾਨ ਕੀਤਾ। ਕੀ ਉਹੀ ਪ੍ਰਕਾਸ਼ ਗੁਰੂ ਅਰਜਨ ਦੇਵ ਜੀ ਦੇ ਵਿਚ ਨਹੀਂ ਸੀ, ਉਹੀ ਹੀ ਸੀ। **5**ਵੀਂ ਪਾਤਸ਼ਾਹੀ ਦੇ ਵਿਚ ਉਵੇਂ ਸੀ, ਗੁਰੂ ਨਾਨਕ ਦੇ ਪੰਚ ਭੂਤਕ ਸਰੀਰ ਦੇ ਵਿਚ ਜੋਤ ਸੀ, ਜੋਗੁਰੂ ਅਰਜਨ ਦੇਵ ਜੀ ਦੇ ਵਿਚ ਪ੍ਰਕਾਸ਼ ਹੋਈ।

ਗੁਰੂ ਅਰਜਨ ਦੇਵ ਜੀ ਦੇ ਵਿਚ ਜਦੋਂ ਪ੍ਰਕਾਸ਼ਮਾਨ ਹੀ ਹੋ ਗਈ ਜੋਤ, ਉਸ ਨੂੰ ਜੇ ਅਸੀਂ ਆਖੀਏ ਇਹ ਸੰਪਾਦਨਾ ਹੋਈ ਤਾਂ ਕਿੰਨਾ ਕੁ ਨਿਆਂ ਕਰ ਰਹੇ ਹਾਂ ? ਸਾਡਾ ਤਾਂ ਇਹੀ ਯਤਨ ਹੋਵੇਗਾ ਗਲ ਕਰਨ ਦਾ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਅਸੀਂ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕਰ ਸਕਦੇ ਹਾਂ, ਸਾਰੇ ਗੁਰੂ ਸਾਹਿਬਾਨ ਦੇ ਦਰਸ਼ਨ ਕਰ ਸਕਦੇ ਹਾਂ, ਅਧਿਆਤਮਵਾਦ ਦੇ ਦਰਸ਼ਨ ਕਰਦੇ ਹਾਂ। ਉਸ ਦਾ ਪ੍ਰਕਾਸ਼ ਜੋ ਅਧਿਆਤਮਕ ਪ੍ਰਕਾਸ਼ ਹੈ, ਜੋ ਗੁਰੂ ਗ੍ਰੰਥ ਸਾਹਿਬ ਵਿਚੋਂ ਅਸੀਂ ਲਭ ਸਕਦੇ ਹਾਂ, ਉਸ ਨੂੰ ਜੇ ਅਸੀਂ ਕਹੀਏ ਕਿ ਸੰਪਾਦਨਾ ਹੋਈ ਹੈ, ਇਹ ਠੀਕ ਨਹੀਂ ਹੈ। ਸਾਡਾ ਵਿਸ਼ਾ ਤਾਂ ਇਹ ਹੈ ਕਿ ਇਸ ਨੂੰ ਸੰਪਾਦਨਾ ਆਖਣਾ ਹੀ ਗ਼ਲਤ ਹੈ। ਗੁਰੂ ਗ੍ਰੰਥ ਸਾਹਿਬ ਨੂੰ ਕਹਿਣਾ ਕਿ ਸੰਪਾਦਨਾ ਹੋਈ, ਇਹ ਗ਼ਲਤ ਹੈ। ਗੁਰਬਾਣੀ ਦੇ **1430** ਅੰਗਾਂ ਵਿਚ ਸੰਪਾਦਨਾ ਲਫ਼ਜ਼ ਕਿਧਰੇ ਨਹੀਂ ਆਇਆ।

ਉਸ ਪ੍ਰਕਾਸ਼ ਦੀ, ਜੋਤ ਦੀ, ਸ਼ਬਦ ਦੀ ਸੰਪਾਦਨਾ ਨਹੀਂ ਕੀਤੀ ਜਾ ਸਕਦੀ। ਨਾ ਕਿਸੇ ਤਰੀਕੇ ਨਾਲ ਜਾਣਿਆ ਜਾ ਸਕਦਾ ਹੈ, ਨਾ ਤੋਲਿਆ ਮਿਣਿਆ ਜਾ ਸਕਦਾ ਹੈ। ਜਿਸ ਦਾ ਸਾਨੂੰ ਪਤਾ ਹੀ ਨਹੀਂ ਕੌਣ ਹੈ, ਉਹ ਪ੍ਰਕਾਸ਼, ਉਸ ਦੀ ਸੰਪਾਦਨਾ ਭਲਾ ਕੌਣ ਕਰ ਸਕਦਾ ਹੈ ? ਜੇ ਅਸੀਂ ਪੁਸਤਕਾਂ ਦੀਆਂ ਪੁਸਤਕਾਂ ਲਿਖੀਏ, ਮਣਾਂ-ਮੂਹੀਂ ਪੁਸਤਕਾਂ ਲਿਖੀਏ ਕਿ ਸੰਪਾਦਨਾ ਹੋਈ, ਬਾਣੀ ਕਿਥੋਂ ਪਾਈ, ਮੋਹਨ ਜੀ ਨੇ ਪੋਥੀਆਂ ਲੈ ਕੇ ਆਂਦੀਆਂ। ਓਏ ਭਲਿਓ, ਕਿਹੜੇ ਚਕਰ ਵਿਚ ਅਸੀਂ ਪਏ ਹਾਂ ? ਹੁਣ ਤਕ ਏਨੇ ਬੁਧੀਜੀਵੀ ਲਖਾਂ ਵਿਦਵਾਨ ਕਿਸ ਪਾਸੇ ਨੂੰ ਦੌੜੇ ਰਹੇ ? ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਪਤਾ ਕਰਨ ਲਗੇ ਰਹੇ ਕਿ ਇਹ ਕਿਸ ਤਰ੍ਹਾਂ ਬਣਿਆ। ਉਸ ਪਾਸੇ ਨੂੰ ਕਿਵੇਂ ਦੌੜ ਸਕਦੇ ਹੋ ਜਿਸ ਚੀਜ਼ ਦਾ ਸਾਨੂੰ ਪਤਾ ਹੀ ਨਹੀਂ। ਇਹ ਗੁਰੂ ਗ੍ਰੰਥ ਸਾਹਿਬ ਦਾ ਜੋ ਪ੍ਰਕਾਸ਼ ਹੈ, ਇਨਸਾਨ ਦੇ ਵਸ ਦੀ ਗਲ ਹੀ ਨਹੀਂ ਹੈ, ਇਨਸਾਨੀ ਗਲ ਨਹੀਂ ਹੈ, ਇਹ ਅਗੇ ਦੀ ਗਲ ਹੈ। ਇਸ ਬਾਰੇ ਅਸੀਂ ਕਿਵੇਂ ਗਲ ਕਰ ਸਕਦੇ ਹਾਂ ? ਜੋ ਸਾਡੇ ਵਸ ਦੀ ਗਲ ਹੀ ਨਹੀਂ ਹੈ, ਜੋ ਰੂਹਾਨੀ ਹੈ, ਜਿਸ ਨੂੰ ਪਕੜਿਆ ਹੀ ਨਹੀਂ ਜਾ ਸਕਦਾ, ਕਿਵੇਂ ਲਭਿਆ ਕਿ ਪ੍ਰਕਾਸ਼ ਕਿਵੇਂ ਹੋਇਆ, ਜਿਹੜੇ ਅਕਾਲ ਪੁਰਖ ਬਾਰੇ ਸਾਨੂੰ ਪਤਾ ਹੀ ਨਹੀਂ, ਜੇ ਗੁਰੂ ਨਾਨਕ ਦੇਵ ਜੀ, ਜਿਨ੍ਹਾਂ ਵਿਚ ਪਹਿਲਾ ਪ੍ਰਕਾਸ਼ ਹੋਇਆ, ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਜੋ ਪਹਿਲਾ ਪ੍ਰਕਾਸ਼ ਹੋਇਆ, ਗੁਰੂ ਨਾਨਕ ਦੇਵ ਜੀ, ਉਸ ਪ੍ਰਕਾਸ਼ ਨੂੰ ਜੋ ਅਕਾਲ ਪੁਰਖ ਦਾ ਪ੍ਰਕਾਸ਼ ਹੈ, ਉਸ ਪ੍ਰਕਾਸ਼ ਨੂੰ ਬਿਆਨ ਕਰਨ ਦੇ ਵਿਚ ਅਸਮਰਥ ਹਨ ਤਾਂ ਭਾਈ ਹੋਰ ਕਿਹੜਾ ਐਸਾ ਸਿਆਣਾ ਆ ਗਿਆ ਜੋ ਬਾਬੇ ਨਾਨਕ ਤੋਂ ਵੀ ਸਿਆਣਾ ਹੈ, ਜਿਹੜਾ ਕਹੇ ਕਿ ਮੈਨੂੰ ਪਤਾ ਬਾਣੀ ਕਿਵੇਂ ਰਚੀ ਗਈ, ਮੈਨੂੰ ਪਤਾ ਬਾਣੀ ਕਿਥੋਂ ਆਈ ? ਭਾਈ ਤੁਸੀਂ ਮੀਣਿਆਂ ਦੀਆਂ ਪੋਥੀਆਂ ਟੋਲਣ ਤੁਰ ਪਏ ਜਿਨ੍ਹਾਂ ਨੇ ਇਸ ਜੋਤ ਦਾ ਵਿਰੋਧ ਕੀਤਾ। ਜੋ ਪ੍ਰਕਾਸ਼ ਹੈ, ਉਹ ਸੰਪੂਰਨ ਹੈ। ਉਸ ਬਾਰੇ ਗਲ ਕਰਨੀ ਇਨਸਾਨ ਦੇ ਵਸ ਦੀ ਗਲ ਨਹੀਂ ਹੈ। ਜੇ ਇਨਸਾਨ ਦੇ ਵਸ ਦੀ ਗਲ ਹੀ ਨਹੀਂ, ਤਾਂ ਜੋ ਅਰਧ ਗਿਆਨੀ ਹੈ, ਜਿਨ੍ਹਾਂ ਦੇ ਵਿਚ ਜੋਤ ਪ੍ਰਕਾਸ਼ ਹੀ ਨਹੀਂ ਹੋਈ, ਉਹ ਉਸ ਪ੍ਰਕਾਸ਼ ਬਾਰੇ ਕਿਵੇਂ ਗਲ ਕਰਨ ਭਾਈ ? ਜੋ


Academy of the Punjab in North America: http://www.apnaorg.com

ਗੋਇੰਦਵਾਲ ਸਾਹਿਬ ਵਾਲੀਆਂ ਪੋਥੀਆਂ ਦੀ ਗਲ ਕਰਨ ਤੁਰ ਪਏ, ਜੇ ਉਨ੍ਹਾਂ ਪੋਥੀਆਂ ਦੇ ਵਿਚ ਪ੍ਰਕਾਸ਼ ਹੋਇਆ ਹੁੰਦਾ ਤਾਂ ਫਿਰ ਆਦਿ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਨ ਦੀ ਜ਼ਰੂਰਤ ਕੀ ਪੈ ਗਈ ਸੀ ?

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜਦੋਂ ਪ੍ਰਕਾਸ਼ ਹੋਇਆ, ਜੋਤ ਦਾ ਪ੍ਰਕਾਸ਼ ਹੋਇਆ, ਉਸ ਦੇ ਵਿਚ ਇਹ ਜੋਤ, ਜੋ ਜੋਤ ਪੰਜਵੇਂ ਨਾਨਕ ਦੇ ਵਿਚ ਬੈਠੀ, ਪ੍ਰਕਾਸ਼ਮਾਨ ਹੋ ਬੈਠੀ ਸੀ, ਉਸ ਜੋਤ ਨੂੰ ਅਹਿਸਾਸ ਸੀ ਜੋ ਗੁਰੂ ਅਰਜਨ ਦੇਵ ਜੀ ਵਿਚ ਪ੍ਰਕਾਸ਼ਮਾਨ ਸੀ, ਗੁਰੂ ਅਰਜਨ ਦੇਵ ਜੀ ਵਿਚ ਜਗਮਗਾਉਂਦੀ ਜੋਤ ਦਾ ਗੁਰੂ ਨਾਨਕ ਦੇਵ ਜੀ ਦੀ ਜੋਤ ਨਾਲੋਂ ਬਿਲਕੁਲ ਕੋਈ ਅੰਤਰ ਨਹੀਂ ਸੀ। ਉਹ ਪ੍ਰਕਾਸ਼ ਜੋ ਭਗਤਾਂ ਦੇ ਵਿਚ, ਮਹਾਂਪੁਰਖਾਂ ਦੇ ਵਿਚ ਵਿਚਰਦਿਆਂ ਹੋਇਆਂ ਇਸ ਜੋਤ ਨੇ, ਗੁਰੂ ਨਾਨਕ ਦੇਵ ਜੀ ਦੀ ਜੋਤ ਨੇ ਉਸ ਪ੍ਰਕਾਸ਼ ਨੂੰ ਪ੍ਰਗਟਾਇਆ। ਗੁਰੂ ਨਾਨਕ ਦੀ ਜੋਤ ਰਲ ਗਈ।

ਗੁਰੂ ਅੰਗਦ ਦੇਵ ਜੀ ਗੁਰੂ ਨਾਨਕ ਦੇਵ ਜੀ ਤੋਂ ਵਖ ਨਹੀਂ ਸਨ। ਗੁਰੂ ਅੰਗਦ ਜੀ ਵੀ ਉਵੇਂ ਹੀ ਲਿਖਿਆ ਕਰਦੇ ਸਨ। ਗੁਰੂ ਨਾਨਕ ਜੀ ਵਰਗੀਆਂ ਗਲਾਂ ਕਰਿਆ ਕਰਦੇ ਸਨ। ਹੋਰ ਕਿਸੇ ਨੂੰ ਕੀ ਪਤਾ ਸੀ ਕਿ ਉਸ ਪ੍ਰਕਾਸ਼ ਨੇ ਸ਼ਬਦ ਦਾ ਜਾਮਾ ਪਹਿਨਣਾ ਹੈ, ਪ੍ਰਕਾਸ਼ਮਾਨ ਕਰਨਾ ਹੈ, ਕਿਵੇਂ ਕਰਨਾ ਹੈ; ਤੁਸੀਂ ਸ਼ਕ ਕਿਉਂ ਕਰਦੇ ਹੋ ? ਓਏ ਭਲਿਓ ਲੋਕੋ, ਆਪਣਾ ਆਪ ਤਾਂ ਲਭ ਨਹੀਂ ਸਕਦੇ ਪਰੰਤੂ ਪੰਜਵੇਂ ਰਬ ਨੂੰ, ਕਿਵੇਂ ਕੀਤੀ ਸੰਪਾਦਨਾ ਗੁਰੂ ਗ੍ਰੰਥ ਸਾਹਿਬ ਦੀ, ਇਸ ਬਾਰੇ ਗਲਾਂ ਕਰਦੇ ਹੋ। ਉਹ ਪ੍ਰਕਾਸ਼ ਕਿਵੇਂ ਹੋਇਆ ਜਿਸ ਪ੍ਰਕਾਸ਼ ਦਾ ਸਾਨੂੰ ਪਤਾ ਹੀ ਨਹੀਂ, ਜਿਸ ਨੂੰ ਸਾਡੇ ਕੋਲ ਪੜ੍ਹਨ ਦਾ ਤਾਂ ਸਮਾਂ ਨਹੀਂ, ਮਥਾ ਟੇਕ ਕੇ ਆ ਜਾਂਦੇ ਹਾਂ। ਸੁਣਨ ਦਾ ਤਾਂ ਸਮਾਂ ਨਹੀਂ, ਗੁਰੂ ਘਰਾਂ ਦੇ ਵਿਚ ਗ੍ਰੰਥੀ, ਕੀਰਤਨੀਏ ਬਾਣੀ ਪੜ੍ਹਦੇ ਸੁਣਦੇ ਹਨ। ਕਿੰਨੀ ਮਿਹਨਤ ਨਾਲ ਸਮਝਾਉਣ ਦੀ ਕੋਸ਼ਿਸ਼ ਕਰਦੇ ਹਨ, ਅਸੀਂ ਪਿਛੇ ਬੈਠੇ ਆਪਣੀਆਂ ਆਪਣੀਆਂ ਗਲਾਂ, ਆਪਣੇ ਕੰਮਾਂ ਦੀਆਂ ਗਲਾਂ ਕਰਦੇ ਹਾਂ।

ਸਾਨੂੰ ਕੀ ਪਤਾ ਪ੍ਰਕਾਸ਼ ਕੀ ਹੈ ? ਪੜ੍ਹਨ ਦੀ ਸਮਝਣ ਦੀ ਤਾਂ ਹਿੰਮਤ ਨਹੀਂ ਹੈ; ਅਸੀਂ ਏਨੇ ਜੋਗੇ ਹੈ ਨਹੀਂ ਕਿ ਪ੍ਰਕਾਸ਼ ਬਾਰੇ ਗਲ ਕਰੀਏ। ਉਸ ਨੂੰ ਤਾਂ ਸਮਝਣਾ ਸੀ, ਇਹ ਵਿਦਵਾਨ ਕਿਧਰ ਨੂੰ ਦੌੜ ਪਏ ? ਸਮਝ ਨਹੀਂ ਆਉਂਦੀ ਇਹ ਰੀਤ ਕਿਵੇਂ ਚਲੀ। ਕਈਆਂ ਨੇ ਤਾਂ ਸਾਰੀ ਜ਼ਿੰਦਗੀ ਲਾ ਦਿਤੀ ਇਸ ਨੂੰ ਲਭਣ ਲਗਿਆਂ ਕਿ ਸੰਪਾਦਨਾ ਕਿਵੇਂ ਹੋਈ ? ਇਸ ਦਾ ਫੈਸਲਾ ਕਰਨ ਵਾਲੇ ਤੁਸੀਂ ਕੌਣ ਹੁੰਦੇ ਹੋ ਭਾਈ ? ਜੋ ਨਿਰੰਕਾਰੀ ਹੈ, ਸੰਸਾਰੀ ਨਹੀਂ ਹੈ ਉਸ ਬਾਰੇ ਸੰਸਾਰ ਦੇ ਲੋਕ ਕਿਵੇਂ ਗਲ ਕਰਨ ਭਲਾਂ ? ਜੋ ਨਿਰਆਕਾਰ ਹੈ, ਉਸ ਬਾਰੇ ਸੰਸਾਰ ਦੇ ਲੋਕ ਗਲ ਕਰਨ ਦੇ ਭਲਾ ਕਿੰਨੇ ਕੁ ਸਮਰਥ ਹਨ, ਜੋ ਸੰਸਾਰੀ ਲੋਕ ਇਹ ਜੁਅਰਤ ਕਰਦੇ ਹਨ, ਜੇ ਸੰਸਾਰੀ ਗਲ ਕਰਨ ਦੀ ਸਮਰਥਾ ਹੋਵੇ। ਦੇਵੀ ਦੇਵਤੇ ਜੋ ਸੰਸਾਰੀ ਹਨ, ਜਿਨ੍ਹਾਂ ਦੀਆਂ ਕੋਈ ਤ੍ਰਿਸ਼ਨਾਵਾਂ ਵੀ ਹਨ ਭਾਵੇਂ ਉਹ ਇੰਦਰ ਦੇਵਤਾ ਹੀ ਕਿਉਂ ਨਾ ਹੋਵੇ, ਜੇ ਇਸਤਰੀ ਦੀ ਤ੍ਰਿਸ਼ਨਾ ਆ ਜਾਵੇ, ਉਹ ਸੰਸਾਰੀ ਹੈ, ਨਿਰੰਕਾਰੀ ਨਹੀਂ ਹੋ ਸਕਦਾ। ਉਹ ਇਨਸਾਨ ਹੋ ਸਕਦਾ ਹੈ, ਉਹ ਨਿਰੰਕਾਰ ਨਹੀਂ ਹੋ ਸਕਦਾ, ਜਦੋਂ ਤ੍ਰਿਸ਼ਨਾ ਆ ਜਾਏ ", ਵਿਰੋਧ ਆ ਜਾਏ, ਕਰੋਧ ਆ ਜਾਏ । ਗੁਰੂ ਨਾਨਕ ਦੇਵ ਜੀ ਨੇ ਜੀਵਨ ਜੀਵਿਆ ਇਨਸਾਨ ਵਾਂਗ, ਇਸ ਜੀਵਨ ਦਾ ਜਨਮ ਵੀ ਹੋਇਆ। ਗੁਰੂ ਨਾਨਕ ਨੇ ਅਵਤਾਰ ਵੀ ਧਾਰਿਆ। ਉਹ ਪੰਜ ਭੂਤਕ ਸਰੀਰ ਇਕ ਦਿਨ ਖ਼ਤਮ ਵੀ ਹੋਇਆ ਪਰ ਉਨ੍ਹਾਂ ਦੇ ਵਿਚ ਜੋ ਜੋਤ ਸੀ, ਜਿਹੜੀ ਜੋਤ ਨੂੰ ਅਸੀਂ ਲਭਣ ਦੇ ਵਿਚ, ਦਸਣ ਦੇ ਵਿਚ, ਸੋਚਣ ਦੇ ਵਾਸਤੇ ਵੀ ਯੋਗ ਨਹੀਂ ਹਾਂ, ਉਸ ਜੋਤ ਬਾਰੇ ਜੇ ਗਲ ਕਰੀਏ, ਜੋਤ ਕਿਥੋਂ ਆਈ, ਉਸ ਦੇ ਸਿਰਨਾਵੇਂ ਦਾ ਸਾਨੂੰ ਪਤਾ ਹੀ ਨਹੀਂ, ਅਸੀਂ ਆਪਣੇ ਆਪ ਤੇ ਮੇਹਰ ਕਰੀਏ। ਜੇ ਮੰਜ਼ਿਲ ਪਾਉਣੀ ਹੈ, ਜੇ ਕੁਝ ਦੇਖਣਾ ਹੈ, ਪ੍ਰਕਾਸ਼ ਦੇ ਵਿਚ ਜੋ ਚਾਨਣ ਹੈ, ਉਸ ਦੇ ਵਿਚ ਜਿਹੜਾ ਖ਼ਜ਼ਾਨਾ ਹੈ, ਉਹ ਮਿਲ ਸਕਦਾ ਹੈ। ਇਹ ਜੋ ਹਨੇਰਾ ਹੈ, ਹਨੇਰੇ ਵਿਚ ਦੇਖਣ ਨਾਲ ਕੁਝ ਨਹੀਂ ਲਭਣਾ। ਉਸ ਦੇ ਚਾਨਣ ਦੀ ਜ਼ਰੂਰਤ ਹੈ। ਉਸ ਜੋਤ ਦੇ ਵਿਚ ਸਾਨੂੰ ਗੁਰੂ ਨਾਨਕ ਦੇਵ ਜੀ ਵੀ ਮਿਲ ਜਾਣਗੇ। ਹੋਰ ਕੁਝ ਵੀ ਜੋ ਅਸੀਂ ਲਭਾਗੇਂ ਸਾਨੂੰ ਮਿਲ ਜਾਊ। ਪੀ-ਐਚ ਡੀ. ਵੀ ਮਿਲ ਜਾਵੇਗੀ। ਕਈਆਂ ਵਿਦਵਾਨਾਂ ਨੇ ਬਹੁਤ ਮਿਹਨਤ ਕੀਤੀ,


Academy of the Punjab in North America: http://www.apnaorg.com

ਬਹੁਤ ਮਿਹਨਤ ਕੀਤੀ, ਲੇਕਿਨ ਕੀ ਖੋਜ ਕੀਤੀ ਕਿ ਪ੍ਰਕਾਸ਼ ਕਿਵੇਂ ਬਣਿਆ ? ਜਿਸ ਦੇ ਬਾਰੇ ਅਸੀਂ ਸਮਰਥ ਹੀ ਨਹੀਂ ਹਾਂ। **19**ਵੀਂ ਤੇ **20**ਵੀਂ, ਪਿਛਲੀਆਂ ਦੋ ਸਦੀਆਂ ਦੇ ਵਿਚ ਬਹੁਤ ਸਾਰੇ ਵਿਦਵਾਨਾਂ ਨੇ, ਬਹੁਤ ਸਾਰੇ ਬੁਧੀਜੀਵੀਆਂ ਨੇ ਪੰਜਾਬੀ ਦੇ ਵਿਚ ਅੰਗ੍ਰੇਜ਼ੀ ਦੇ ਵਿਚ ਹਿੰਦੀ ਦੇ ਵਿਚ ਬਹੁਤ ਸਾਰੀ ਚਰਚਾ ਕੀਤੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਾਰੇ, ਉਸ ਦੀ ਬਾਣੀ ਬਾਰੇ, ਗੁਰੂਆਂ ਬਾਰੇ ਬਹੁਤ ਕੁਝ ਲਿਖਿਆ, ਗੁਰੂ ਸਾਹਿਬਾਨ ਬਾਰੇ ਬਹੁਤ ਕੁਝ ਲਿਖਿਆ, ਜਨਮ ਸਾਖੀਆਂ ਲਿਖੀਆਂ, ਹੁਕਮਨਾਮੇ ਵੀ ਲਿਖੇ, ਸ੍ਰੀ ਗੁਰੂ ਆਦਿ ਗ੍ਰੰਥ ਸਾਹਿਬ ਦੀ ਬਾਣੀ ਬਾਰੇ ਲਿਖਿਆ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪੂਰਨਤਾ ਬਾਰੇ ਲਿਖਿਆ, ਬਾਣੀ ਬਾਰੇ ਲਿਖਿਆ । ਬੜੀ ਮਿਹਨਤ ਕਰਕੇ , ਬੜੀ ਬੜੀ ਘਾਲਣਾ ਘਾਲ ਕੇ ਪੁਸਤਕਾਂ ਲਿਖੀਆਂ, ਉਹ ਸਾਰੇ ਜੋ ਵਿਦਵਾਨ ਲੋਕ ਹਨ, ਉਨ੍ਹਾਂ ਵਿਚੋਂ ਬਹੁਤੇ ਲੋਕ, ਬਹੁਤੇ ਵਿਦਵਾਨ ਗ਼ਲਤ ਰਸਤੇ ਤੁਰ ਪਏ ਕਿ ਸੰਪਾਦਨਾ ਕਿਵੇਂ ਹੋਈ ? ਗੁਰੂ ਨਾਨਕ ਦੇਵ ਜੀ ਦੀ ਜੀਵਨੀ 'ਤੇ ਹੀ ਸਾਰਾ ਜ਼ੋਰ ਲਾ ਦਿਤਾ, ਉਨ੍ਹਾਂ ਦੇ ਵਿਚ ਜੋ ਜੋਤ ਹੈ, ਉਸ ਨੂੰ ਸਮਝਣ ਬਾਰੇ ਯਤਨ ਵੀ ਕਰਦੇ ਰਹੇ।

ਉਹ ਸਾਰੇ ਜੋ ਪਹਿਲੇ ਵਿਦਵਾਨ ਹੋਏ, ਉਨ੍ਹਾਂ ਦੇ ਵਿਚ ਇਕ ਗਲ ਜ਼ਰੂਰ ਸੀ ਕਿ ਸ਼ਰਧਾ ਸੀ, ਭਾਵਨਾ ਸੀ, ਪਵਿਤਰਤਾ ਸੀ, ਸਤਿਕਾਰ ਸੀ, ਪਿਆਰ ਸੀ, ਤਾਂ ਹੀ ਉਨ੍ਹਾਂ ਨੇ ਏਨਾ ਸਮਾਂ ਲਾ ਕੇ, ਗੁਰੂ ਗ੍ਰੰਥ ਸਾਹਿਬ ਨਾਲ, ਗੁਰੂ ਸਾਹਿਬ ਦੇ ਨਾਲ ਪਿਆਰ ਹੋਣ ਕਰਕੇ ਹੀ ਉਨ੍ਹਾਂ ਜੋ ਸਿਖਿਆ, ਸੁਣਿਆਂ, ਪੜ੍ਹਿਆ ਜਿੰਨਾ ਵੀ, ਜੋ ਵੀ, ਸਾਰੇ ਪਿਆਰ ਤੇ ਸਤਿਕਾਰ ਦੇ ਨਾਲ ਲਿਖਦੇ ਚਲੇ ਆਏ। ਉਨ੍ਹਾਂ ਦੀ ਗਲ ਕਰਨ 'ਤੇ ਇਕ ਲਹਿਰ ਚਲ ਪਈ। ਜਿਹੜੀ ਚਰਚਾ **3-4** ਦਹਾਕਿਆਂ ਤੋਂ ਪਿਛੇ ਜਿਹੇ ਚਲੀ, ਸਿਖ ਧਰਮ ਨੂੰ ਗੁਰੂ ਨਾਨਕ ਦੀ ਜੋ ਸਚੀ ਜੋਤ ਹੈ, ਜੋਤ ਦੀ ਗਲ ਹੈ, ਉਸ ਵਿਚ ਥੋੜ੍ਹਾ ਜਿਹਾ ਖ਼ਲਲ ਪਾਉਣ ਲਈ ਜਿਹੜਾ ਦੌਰ ਚਲ ਰਿਹਾ ਸੀ, ਉਸ ਦੀ ਗਲ ਕਰੀਏ। ਇਹ ਦੂਸਰੇ ਧਰਮਾਂ ਵਾਲਿਆਂ ਦਾ, ਧਰਮ ਭਾਵੇਂ ਸਾਰੇ ਪਵਿਤਰ ਹੁੰਦੇ ਹਨ, ਜੇ ਕੋਈ ਧਾਰਮਿਕ ਹੋ ਜਾਏ ਤਾਂ ਉਸ ਦਾ ਧਰਮ ਜਿਹੜਾ ਵੀ ਹੋਵੇ, ਜੇ ਉਹ ਧਰਮੀ ਹੋਵੇ, ਇਨਸਾਨ ਹੋਵੇ, ਤਾਂ ਗੁਰੂ ਨਾਨਕ ਦਾ ਸਿਖ ਬਣ ਸਕਦਾ ਹੈ। ਗੁਰੂ ਨਾਨਕ ਦੇਵ ਜੀ ਦੀ ਗੋਦ ਵਿਚ ਬੈਠ ਸਕਦਾ ਹੈ। ਪਰ ਕੁਝ ਸ਼ਰਾਰਤੀ ਲੋਕ ਏਨੇ ਸੁਹਣੇ ਧਰਮ ਨੂੰ, ਇੰਨੀ ਸੁਹਣੀ ਗਲ ਨੂੰ ਥੋੜ੍ਹਾ ਜਿਹਾ ਖ਼ਲਲ ਪਾਉਣ ਲਈ ਕਿ ਇਨ੍ਹਾਂ ਨੂੰ ਜ਼ਰਾ ਪੁਠੇ ਰਸਤੇ ਪਾਇਆ ਜਾਏ, ਇਸ ਕਰਕੇ ਉਨ੍ਹਾਂ ਨੇ ਕੋਸ਼ਿਸ਼ ਕੀਤੀ ਤੇ ਕੋਸ਼ਿਸ਼ ਵਿਚ ਜਦੋਂ ਕੋਈ ਮਿਸ਼ਨ ਕਾਮਯਾਬ ਹੋ ਜਾਵੇ, ਉਸ ਦੇ ਨਤੀਜੇ ਗ਼ਲਤ ਨਿਕਲਦੇ ਹਨ। ਮਿਕਲੋਡ ਨਾਂ ਦਾ ਇਕ ਮਿਸ਼ਨਰੀ, ਉਸ ਨੇ ਦੇਖਿਆ ਕਿ ਇਹ ਧਰਮ ਬਹੁਤ ਇਤਿਹਾਸਕ ਹੈ, ਇਸ ਵਿਚ ਕੋਈ ਗ਼ਲਤ ਗਲ ਹੈ ਹੀ ਨਹੀਂ, ਖ਼ਲਲ ਪਾਇਆ ਜਾਏ।

ਕ੍ਰਿਸ਼ਚੈਨਿਟੀ ਦਾ ਵਿਦਿਆਰਥੀ ਇਕ ਕ੍ਰਿਸ਼ਚੀਅਨ, ਕਿਉਂਕਿ ਕ੍ਰਿਸ਼ਚੈਨਿਟੀ ਦੀ ਹਿਸਟੋਰੀਕਲ ਅਪਰੋਚ ਤਾਂ ਕੋਈ ਹੈ ਨਹੀਂ, ਮਿਥਾਲੋਜੀ ਜੋ ਹੈ, ਮਿਥਾਲੋਜੀ ਤੇ ਇਤਿਹਾਸ ਦਾ ਜੋ ਅੰਤਰ ਹੈ, ਉਹ ਅੰਤਰ ਹੈ ਮਿਕਲੋਡ ਤੇ ਬਾਕੀ ਦੇ ਫ਼ਿਲਾਸਫ਼ਰ । ਜੋ ਸਿਖ ਵਿਦਵਾਨ ਹਨ ਜਿਨ੍ਹਾਂ ਨੇ ਸਿਖਾਂ ਨੂੰ, ਪੰਜਾਬੀਆਂ ਨੂੰ ਗੁਰੂ ਸਾਹਿਬਾਨ ਬਾਰੇ ਜੋ ਵਿਚਾਰ ਦਿਤੇ ਜੋ ਗਲਾਂ ਬਾਤਾਂ ਕੀਤੀਆਂ, ਉਨ੍ਹਾਂ ਦੇ ਵਿਚ ਧਾਰਮਿਕ ਇਤਿਹਾਸ ਹੈ। ਇਸ ਕ੍ਰਿਸ਼ਚੈਨਿਟੀ ਦੇ ਵਿਦਿਆਰਥੀ ਨੇ, ਇਕ ਕ੍ਰਿਸ਼ਚੀਅਨ ਨੇ ਗੁਰੂ ਸਾਹਿਬ ਬਾਰੇ ਆਪਣੇ ਕੋਲੋਂ ਕਹਾਣੀਆਂ ਪਾਈਆਂ। ਸਿਖ ਧਰਮ ਦੀ ਸਟਡੀ ਕਰਦਿਆਂ ਮੈਨੂੰ ਵੀ ਇਸ ਨੂੰ ਪੜ੍ਹਨ ਦਾ ਥੋੜ੍ਹਾ ਜਿਹਾ ਵਕਤ ਮਿਲਿਆ। ਜੋ ਸਿਖ ਧਰਮ ਦਾ ਇਤਿਹਾਸ ਹੈ, ਇਸ ਦੀਆਂ ਡੂੰਘਾਈਆਂ ਤਕ ਉਸ ਦੀ ਪਹੁੰਚ ਨਹੀਂ ਹੈ। ਉਹ ਕਿਵੇਂ ਇਸ ਦੀ ਗਲ ਕਰੇਗਾ ? ਕਿਵੇਂ ਗੁਰੂ ਗ੍ਰੰਥ ਸਾਹਿਬ ਦੀ ਗਲ ਕਰੇਗਾ ? ਜਦੋਂ ਇਥੇ ਤਕ ਉਸ ਦੀ ਸੋਚ ਹੀ ਨਹੀਂ ਹੈ, ਯਕੀਨ ਹੀ ਨਹੀਂ ਹੈ, ਜੇ ਉਸ ਦਾ ਵਿਸ਼ਵਾਸ ਹੀ ਨਹੀਂ ਹੈ ਜਿਸ ਧਰਮ ਦੇ ਵਿਚ, ਉਸ ਦੇ ਬਾਰੇ, ਉਹ ਸਹੀ ਗਲ ਕਰੇ ਤੇ ਕਿਉਂ ਕਰੇ ? ਜੋ ਉਸ ਨੇ ਪੁਸਤਕ ਲਿਖੀ 'ਗੁਰੂ ਨਾਨਕ ਐਂਡ ਦਾ ਸਿਖ ਰਿਲੀਜਨ। ' ਗੁਰੂ ਨਾਨਕ ਹੀ ਤਾਂ ਸਿਖ ਧਰਮ ਹੈ ਸਿਖ ਰਿਲੀਜਨ ਹੈ, ਬਾਕੀ ਤਾਂ ਕੁਝ ਵੀ ਨਹੀਂ ਹੈ। 'ਔਕਸਫੋਰਡ' ਵਾਲਿਆਂ ਨੇ ਜੋ ਪੁਸਤਕ ਛਾਪੀ ਹੈ, ਉਸ ਵਿਚੋਂ ਲਗਦਾ ਹੈ ਕਿ ਮਿਕਲੋਡ


Academy of the Punjab in North America: http://www.apnaorg.com

ਸਿਖ ਧਰਮ ਦਾ ਫੌਲੋਅਰ ਨਹੀਂ ਹੈ, ਜੋ ਗਲ ਕਰਦਾ ਹੈ 'ਟਰੈਡੀਸ਼ਨ ਆਫ਼ ਦਾ ਸਿਖ ਰਿਲੀਜ਼ਨ' ਆਪਣੀ ਰਚੀ ਪੁਸਤਕ ਦੀ, ਜੋ ਸ਼ਿਕਾਗੋ ਤੋਂ ਛਪੀ ਹੈ; ਲਿਖਦਾ ਹੈ, ਸਾਡੇ ਧਰਮ ਦੀ, ਇਸਦੀ 'ਹਿਸਟਰੀ ਆਫ਼ ਦੀ ਸਿਖਇਜ਼ਮ' ਇਹ ਜੋ ਗਲਾਂ ਇਹ ਕਰਦਾ ਹੈ, ਮਿਕਲੋਡ ਭਲਾ ਹੈ ਕੌਣ ? ਇਹ ਮਿਕਲੋਡ ਉਹ ਕੋਈ ਗੁਰੂ ਪਿਆਰਾ ਨਹੀਂ ਸੀ, ਨਾ ਸਿਖ ਸੀ, ਇਹ ਕੌਣ ਹੈ ? ਇਹ ਮਿਕਲੋਡ ਜੋ ਮਿਸ਼ਨਰੀ ਹੈ, ਇਸ ਨੇ ਜੋ ਸਿਖ ਮਤ ਬਾਰੇ ਜੋ ਰਚਨਾਵਾਂ ਲਿਖੀਆਂ ਹਨ, ਇਕ ਸਿਖ ਦੀਆਂ ਰਚਨਾਵਾਂ ਨਹੀਂ ਹਨ। ਸਿਖਇਜ਼ਮ ਨੂੰ ਪੜ੍ਹਨ ਦੀ ਬੜੀ ਕੋਸ਼ਿਸ਼ ਕੀਤੀ ਆਪਣੇ ਹਿਸਾਬ ਦੇ ਨਾਲ। ਇਕ ਤਾਂ ਉਸ ਦਾ ਨਾਂ 'ਮੈਕਾਲਿਫ਼' ਨਾਲ ਮਿਲਦਾ ਜੁਲਦਾ ਉਸ ਵਰਗਾ ਸੀ, ਪਰ ਮੈਕਾਲਿਫ਼ ਇਕ ਸਿਖ ਸੀ, ਉਹ ਮਿਸ਼ਨਰੀ ਨਹੀਂ ਸੀ, ਉਹ ਸਿਖ ਸੀ। ਮਿਸ਼ਨਰੀਆਂ ਨੇ, ਕ੍ਰਿਸ਼ਚੀਅਨਾਂ ਨੇ ਉਸ ਦੀ ਮੌਤ ਵੇਲੇ ਉਸ ਨੂੰ ਦਫ਼ਨਾਉਣ ਵੇਲੇ ਬੜਾ ਰੌਲਾ ਪਾਇਆ ਸੀ, ਉਸ ਦਾ ਵਿਰੋਧ ਕੀਤਾ ਸੀ। ਕ੍ਰਿਸ਼ਚਨਾਂ ਨੇ ਉਸ ਨੂੰ ਅਪਣਾਇਆ ਨਹੀਂ ਸੀ। ਉਹ ਇਕ ਸਿਖ ਸੀ, ਜੋ ਸਿਖ ਬਣ ਕੇ ਗਲਾਂ ਕੀਤੀਆਂ, ਸਿਖ ਇਤਿਹਾਸ ਲਿਖਿਆ। ਉਹਦੇ ਸ਼ਕ ਕਰਕੇ, ਕਿਉਂਕਿ ਮਿਕਲੋਡ ਦਾ ਨਾਂ ਉਸ ਦੇ ਨਾਂ ਨਾਲ ਰਲਦਾ ਮਿਲਦਾ ਸੀ, ਇਸ ਲਈ ਲੋਕਾਂ ਨੇ ਸਮਝਿਆ ਕਿ ਇਹ ਵੀ ਮਿਕਾਲਫ਼ ਵਰਗਾ ਫ਼ਿਲਾਸਫ਼ਰ ਹੋਵੇਗਾ। ਉਸ ਦੀਆਂ ਕਿਤਾਬਾਂ ਪੜ੍ਹਨ ਲਈ ਉਤਾਵਲੇ ਹੋਏ । ਪਰ ਪੜ੍ਹ ਕੇ ਪਤਾ ਲਗਾ ਕਿ ਮੈਕਾਲਿਫ਼ ਤੇ ਮੈਕਲੋਡ ਵਿਚ ਤਾਂ ਜ਼ਮੀਨ-ਅਸਮਾਨ ਦਾ ਅੰਤਰ ਹੈ। ਉਹ ਮੈਕਲੋਡ ਆਪਣੇ ਧਰਮ ਬਾਰੇ ਗਲ ਕਰੇ। ਜੇ ਕਿਸੇ ਹੋਰ ਧਰਮ ਬਾਰੇ ਗਲ ਕਰੇਗਾ ਤਾਂ ਉਸ ਦਾ ਰੰਗ ਕੀ ਹੋਵੇਗਾ। ਮਿਕਲੋਡ ਕਹਿੰਦਾ ਹੈ ਕਿ ਹਿੰਦੂਇਜ਼ਮ ਦਾ ਅਜਗਰ ਇਕ ਦਿਨ ਸਿਖ ਧਰਮ ਨੂੰ ਨਿਗਲ ਨਾ ਜਾਵੇ। ਸਿਖਇਜ਼ਮ ਜਾਂ ਹਿੰਦੂਇਜ਼ਮ ਵਿਚ ਜੋ ਝਗੜੇ ਪਏ ਹਨ ਇਹ ਸਾਡੀ ਗ਼ਲਤੀ ਹੈ, ਪਰ ਉਹ ਮਿਕਲੋਡ ਕੌਣ ਹੁੰਦਾ ਹੈ, ਇਹ ਸਾਡੀ ਘਰ ਦੀ ਗਲ ਹੈ। ਅਸੀਂ ਆਪੇ ਨਿਬੇੜ ਲਵਾਂਗੇ, ਇਹ ਕੌਣ ਹੁੰਦਾ ਹੈ ਕਹਿਣ ਵਾਲਾ ਕਿ ਹਿੰਦੂਆਂ ਤੋਂ ਬਚ ਕੇ ਰਿਹਾ ਜੇ। ਉਸ ਨੇ ਜੇ ਆਖਿਆ, ਰਚਨਾਵਾਂ, ਲਿਖੀਆਂ, ਛਪੀਆਂ, ਗਲ ਮੁਕ ਗਈ। ਇਹ ਜੋ ਕ੍ਰਿਸ਼ਚੈਨਿਟੀ ਦੇ ਇਸ ਵਿਦਿਆਰਥੀ ਨੇ ਸਿਖ ਧਰਮ ਬਾਰੇ ਜੋ ਕਮਲ ਘੋਟਿਆ, ਉਹ ਸਾਡੇ ਸਰੀਰ ਨੂੰ ਕੋਹੜ ਲਾ ਗਿਆ। ਉਸ ਦਾ ਸੰਤਾਪ ਅਸੀਂ ਭੋਗ ਰਹੇ ਹਾਂ। ਮੇਰੇ ਮਨ ਨੂੰ ਬਹੁਤ ਦੁਖ ਹੈ। ਇਹ ਜੋ ਰਾਹ ਦਾ ਰੋੜਾ ਬਣਿਆ, ਇਸਦੇ ਨਾਲ ਕਈ ਹੋਰ ਇਸ ਰਸਤੇ ਵਿਚ ਰੋੜੇ ਖੜ੍ਹੇ ਹੋ ਗਏ। ਸਿਖਇਜ਼ਮ ਦਾ ਇਕ ਇਤਿਹਾਸ ਹੈ, ਇਹ ਇਕ ਮਹਾਨ ਇਤਿਹਾਸ ਹੈ। ਜੇ ਕਿਸੇ ਮਿਸ਼ਨਰੀ ਬੰਦੇ ਨੇ, ਕਿਸੇ ਲੈਅ ਵਿਚ ਗਲ ਕੀਤੀ ਹੈ, ਉਸ ਲੈਅ ਵਿਚ ਤੁਸੀਂ ਕਿਉਂ ਗਲ ਕਰਦੇ ਹੋ? ਇਹ ਜੋਡਾ. ਪਿਆਰ ਸਿੰਘ ਨੇ ਲਿਖਿਆ ਹੈ, 'ਗਾਥਾ ਸ੍ਰੀ ਆਦਿ ਗ੍ਰੰਥ ਐਂਡ ਦਾ ਕੰਟਰੋਵਰਸੀ।' ਡਾ. ਪਿਆਰ ਸਿੰਘ ਨੇ ਜੋ ਲਿਖਿਆ ਹੈ ਇਸ ਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਕੰਟਰੋਵਰਸੀ ਤੁਸੀਂ ਕਰ ਰਹੇ ਹੋ, ਹਲ ਨਹੀਂ ਕਰ ਰਹੇ ਹੋ। ਇਸ ਕੰਟਰੋਵਰਸੀ ਨੂੰ ਖ਼ਤਮ ਕਰਨ ਵਿਚ ਤੁਹਾਡਾ ਭਲਾ ਹੈ। ਆਪ ਜੇ ਬਾਬੇ ਨਾਨਕ ਬਾਰੇ ਗਲ ਕਰਦੇ ਹੋ ਪਿਆਰ ਸਿੰਘ ਜੀ, ਤੁਸੀਂ ਪਿਆਰ ਨਾਲ ਗਲ ਕਰੋ। ਉਵੇਂ ਕਰੋ ਜਿਵੇਂ ਤੁਹਾਡੇ ਪਿਓ ਦਾਦੇ ਕਰਦੇ ਸੀ। ਤੁਸੀਂ ਗਾਥਾ, ਕਹਾਣੀਆਂ ਦਸਦੇ ਹੋ, ਇਹ ਕਹਾਣੀ ਹੈ ? ਡਾ. ਪਿਆਰ ਸਿੰਘ ਨੂੰ ਕੋਈ ਪੁਛੇ ਕਿ ਗੁਰੂ ਗ੍ਰੰਥ ਸਾਹਿਬ ਕਹਾਣੀ ਹੈ, ਕੋਈ ਗਾਥਾ ਹੈ ? ਜੇ ਐਨਾ ਹੀ ਪਿਆਰ ਸਿੰਘ ਦਾ ਤਜਰਬਾ ਹੈ ਕਿ ਇਹ ਇਕ ਗਾਥਾ ਹੈ ਤਾਂ ਮੈਂ ਆਪਣੇ ਵਲੋਂ ਡਾ. ਪਿਆਰ ਸਿੰਘ ਨੂੰ ਮੁਆਫ਼ ਕਰਦਾ ਹਾਂ। ਡਾ. ਪਿਸ਼ੌਰਾ ਸਿੰਘ ਨੇ ਪੀ-ਐਚ.ਡੀ. ਦੀ ਡਿਗਰੀ ਲੈਣ ਵਾਸਤੇ ਲਿਖਿਆ ਹੈ, 'ਗੁਰੂ ਗ੍ਰੰਥ ਸਾਹਿਬ ਕੈਨਨ ਮੀਨਿੰਗ ਐਂਡ ਅਥਾਰਟੀ'। ਡਾ. ਪਿਸ਼ੌਰਾ ਸਿੰਘ ਸਿਖ ਗੁਰਮਰਯਾਦਾ ਵਿਚ ਗੁਰਮਤਿ ਵਿਚ ਯਕੀਨ ਰਖਣ ਵਾਲਾ ਬੰਦਾ ਗੁਰਮਤਿ ਦੀ ਐਮ.ਏ. ਹੋਵੇ, ਉਸ ਨੂੰ ਏਨਾ ਪਤਾ ਨਹੀਂ ਕਿ ਇਹ ਜੋ ਅਥਾਰਟੀ ਹੈ, ਗੁਰੂ ਗ੍ਰੰਥ ਸਾਹਿਬ ਦੀ ਅਥਾਰਟੀ ਬਾਰੇ ਦਸਦਾ ਹੈ, ਇਹ ਉਸ ਨੂੰ ਏਨਾ ਆਪ ਤੇ ਮਾਣ ਹੈ। ਕਿਸ ਨੂੰ ਹਕ ਹੈ ਗੁਰੂ ਗ੍ਰੰਥ ਸਾਹਿਬ ਦੀ ਅਥਾਰਟੀ ਬਾਰੇ ਬੋਲਣ ਦਾ, ਕਿਸੇ ਹੋਰ ਨੂੰ ਹਕ ਹੈ ਦੁਨੀਆਂ ਵਿਚ ? ਜੇ ਗੁਰੂ ਗ੍ਰੰਥ ਸਾਹਿਬ ਦੀ ਅਥਾਰਟੀ ਬਾਰੇ ਗੁਰੂ ਗੋਬਿੰਦ ਸਿੰਘ ਜੀ ਨੂੰ ਸ਼ਕ ਹੁੰਦਾ, ਉਹ ਹੁਕਮ ਨਾ ਕਰਦੇ


Academy of the Punjab in North America: http://www.apnaorg.com

, 'ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ'॥ ਇਹ ਹੁਕਮ ਕਿਉਂ ਕਰਨਾ ਸੀ ਗੁਰੂ ਸਾਹਿਬ ਨੇ। ਕਲਗੀਆਂ ਵਾਲੇ ਨੇ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਮੰਨਣ ਦਾ ਹੁਕਮ ਕੀਤਾ। ਇਹ ਜੋ ਇਨ੍ਹਾਂ ਗਲਾਂ ਬਾਰੇ ਸਮਝਾਉਣ ਦਾ ਯਤਨ ਕੀਤਾ ਡਾ. ਪਿਸ਼ੌਰਾ ਸਿੰਘ ਨੇ, ਕੈਨਨ ਮੀਨਿੰਗ, ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਕਿਥੋਂ ਆਈ, ਇਹ ਸਿਖ ਧਰਮ ਵਿਚ ਇਸ ਤਰ੍ਹਾਂ ਦੀਆਂ ਗਲਾਂ ਕਰਕੇ ਦਵੰਦ ਖੜ੍ਹਾ ਕਰ ਰਹੇ ਹੋ, ਇਹ ਬਾਣੀ ਕਿਥੋਂ ਆਈ, ਪੋਥੀਆਂ ਕਿਥੋਂ ਆਈਆਂ ? ਕੀ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਅਹਿਸਾਸ ਨਹੀਂ ਸੀ ਕਿ ਬਾਣੀ ਕਿਥੋਂ ਆਈ ਹੈ ? ਇਹ ਪਿਸ਼ੌਰਾ ਸਿੰਘ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਤੋਂ ਜ਼ਿਆਦਾ ਪਤਾ ਸੀ ? ਸਮਝ ਨਹੀਂ ਆਉਂਦੀ ਕਿ ਜੋ ਦੁਚਿਤੀ ਪੈਦਾ ਕਰਦੇ ਹਨ, ਇਨ੍ਹਾਂ ਨੂੰ ਇਹ ਨਹੀਂ ਪਤਾ ਕਿ ਸਿਖਾਂ ਦੇ ਸਰਵੋਤਮ ਗੁਰੂ ਜਿਊਂਦੀ ਜਾਗਦੀ ਜੋਤਿ ਇਹ ਗੁਰੂ ਗ੍ਰੰਥ ਸਾਹਿਬ ਹੈ। ਇਸ ਦੇ ਬਾਰੇ ਕਿਸੇ ਨੂੰ ਕੋਈ ਨਾ ਅਖ਼ਤਿਆਰ ਹੈ ਨਾ ਹੋਣਾ ਚਾਹੀਦਾ ਹੈ। ਜੇ ਕੋਈ ਗਲ ਕਰਦਾ ਹੈ, ਕੋਈ ਗੁਰੂ ਅਰਜਨ ਦੇਵ ਜੀ ਤੋਂ ਜ਼ਿਆਦਾ ਸਿਆਣਾ ਸਮਝਦਾ ਹੈ, ਇਸ ਬਾਰੇ ਸਾਡੇ ਜੋ ਪਤਵੰਤੇ ਹਨ, ਸਿਖ ਧਰਮ ਦੇ ਜੋ ਆਗੂ ਹਨ, ਧਾਰਮਿਕ ਆਗੂ ਹਨ, ਉਨ੍ਹਾਂ ਨੂੰ ਮਿਲ ਕੇ ਕਹਿਣਾ ਚਾਹੀਦਾ ਹੈ ਕਿ ਭਦਰ ਪੁਰਸ਼ੋ ਅਜਿਹੇ ਪਾਸੇ ਨਾ ਤੁਰੋ ! ਤੁਹਾਨੂੰ ਇਸ ਤਰ੍ਹਾਂ ਕਰਨ ਦਾ ਕੋਈ ਹਕ ਨਹੀਂ ਹੈ। ਸਿਖ ਦੀ ਡੈਫ਼ੀਨੇਸ਼ਨ, ਸਿਖ ਧਰਮ ਦੀ ਡੈਫੀਨੇ ਸ਼ਨ, ਪ੍ਰਭਾਸ਼ਾ ਪਿਸ਼ੌਰਾ ਸਿੰਘ ਦਿੰਦਾ ਹੈ। ਇਹ ਲੋਕ ਪੀ-ਐੱਚ.ਡੀ. ਦੀਆਂ ਡਿਗਰੀਆਂ ਲੈਣ ਲਈ ਕੁਝ ਵੀ ਕੁਰਬਾਨ ਕਰ ਸਕਦੇ ਹਨ। ਸਾਰੀ ਕੌਮ ਨੂੰ, ਸਾਡਾ ਜੋ ਦੀਨ ਅਮਾਨ ਹੈ, ਧਾਰਮਿਕ ਸੋਚ ਹੈ, ਉਸ ਨੂੰ ਦਾਅ 'ਤੇ ਲਾ ਸਕਦੇ ਹਨ ? ਇਹ ਪੜ੍ਹੇ-ਲਿਖੇ ਵਿਦਵਾਨ ਹਨ, ਜੋ ਚਾਨਣ ਮੁਨਾਰਾ ਹੁੰਦੇ ਹਨ, ਪਰ ਇਨ੍ਹਾਂ ਦਾ ਖ਼ਿਆਲ ਕਿਸ ਪਾਸੇ ਨੂੰ ਜਾ ਰਿਹਾ ਹੈ, ਇਹ ਆਖ ਰਹੇ ਹਨ ਸਿਖ ਧਰਮ ਦੀ ਅਥਾਰਟੀ ਕੀ ਹੈ, ਬਾਣੀ ਕਿਥੋਂ ਆਈ। ਅਜਿਹੇ ਲੋਕਾਂ ਨੂੰ ਰੋਕਣਾ ਚਾਹੀਦਾ ਹੈ, ਤਾਂ ਜੋ ਕੋਈ ਮੈਕਲੋਡ ਹੋਰ ਨਾ ਜੰਮਣ। ਜੇ ਰਾਖੇ ਹੀ ਖੇਤ ਉਜਾੜਣ ਲਗ ਪਏ ਤਾਂ ਖੇਤ ਦਾ ਕੀ ਬਣੇਗਾ ? ਗੁਰਿੰਦਰ ਸਿੰਘ ਮਾਨ, ਕਿੰਨਾ ਸੁਹਣਾ ਸਰੂਪ ਹੈ, ਪੂਰਾ ਗੁਰਸਿਖ ਹੈ, ਲੇਕਿਨ ਖ਼ਿਆਲ ਪੁਠੇ ਪਾਸੇ ਲਗ ਗਿਆ। ਗੁਰੂ ਗ੍ਰੰਥ ਸਾਹਿਬ ਕਿਵੇਂ ਬਣਿਆ, ਹੋਂਦ ਵਿਚ ਕਿਵੇਂ ਆਇਆ? ਮੈਂ ਪੜ੍ਹੀ ਹੈ ਉਸ ਦੀ ਕਿਤਾਬ, 'ਦਾ ਮੇਕਿੰਗ ਆਫ ਦਾ ਸਿਖ ਸਕਰਿਪਚਰ'। ਮੈਂ ਸਮਝਦਾ ਸੀ ਕਿ ਬੜਾ ਵਡਾ ਵਿਦਵਾਨ ਹੈ, ਵਧੀਆ ਲਿਖਿਆ ਹੋਵੇਗਾ ਪਰ ਪਤਾ ਨਹੀਂ ਕੀ ਹੋਇਆ, ਮੈਨੂੰ ਪੜ੍ਹ ਕੇ ਬਹੁਤ ਦੁਖ ਲਗਿਆ। ਮੈਂ ਤਾਂ ਬਹੁਤ ਵਡਾ ਵਿਦਵਾਨ ਸਮਝਦਾ ਸੀ, ਲੇਕਿਨ ਕੀ ਉਹ ਗੁਰੂ ਅਰਜਨ ਦੇਵ ਤੋਂ ਵੀ ਵਧ ਸਿਆਣਾ ਹੋ ਗਿਆ। ਕਿਥੋਂ ਬਾਣੀ ਆਈ, ਤੁਸੀਂ ਪੋਥੀਆਂ ਦੀਆਂ ਗਲਾਂ ਕਰਦੇ ਹੋ, ਗੋਇੰਦਵਾਲ ਸਾਹਿਬ ਵਾਲੀਆਂ ਪੋਥੀਆਂ, ਮੀਣਿਆਂ ਦੀਆਂ ਪੋਥੀਆਂ, ਉਹ ਤਾਂ ਗੁਰੂ ਨਾਨਕ ਦੀ ਜੋਤ ਦੇ ਵਿਰੋਧ ਵਿਚ ਪੈਦਾ ਕੀਤੀਆਂ ਪੋਥੀਆਂ ਹਨ। ਗੁਰਿੰਦਰ ਸਿੰਘ ਮਾਨ ਨੂੰ ਕੀ ਹਕ ਬਣਦਾ ਹੈ ? ਪ੍ਰਿਥੀ ਚੰਦ ਨੂੰ, ਆਪਣੇ ਪੁਤਰ ਨੂੰ ਮੁਕਾਬਲੇ ਤੇ ਖੜ੍ਹਾ ਕਰਨ ਲਈ ਕਿ ਛੋਟੀ ਉਮਰ ਹੈ, ਕੋਈ ਵੀ ਤਰੀਕਾ ਅਪਣਾਇਆ, ਗੁਰਗਦੀ ਨੂੰ ਆਪਣੇ ਕੋਲ ਰਖਿਆ ਜਾਵੇ, ਇਸ ਲਈ ਇਹ ਪੋਥੀਆਂ ਲਿਖੀਆਂ। ਇਹ ਜੋਬਾਬੇ ਮੋਹਨ ਵਾਲੀਆਂ ਪੋਥੀਆਂ ਹਨ, ਇਨ੍ਹਾਂ ਵਿਚ ਬਹੁਤ ਸਾਰੀ ਬਾਣੀ ਸਹੀ ਹੈ, ਇਹ ਪੋਥੀਆਂ ਸਤਿਕਾਰਯੋਗ ਹਨ, ਇਨ੍ਹਾਂ ਵਿਚ ਬਾਣੀ ਹੈ। ਵਿਦਵਾਨਾਂ ਨੂੰ ਮੇਰੀ ਹਥ ਜੋੜ ਕੇ ਬੇਨਤੀ ਹੈ, ਇਸ ਪਾਸੇ ਨੂੰ ਨਾ ਜਾਓ, ਪੁਠੇ ਪਾਸੇ ਨਾ ਜਾਓ। ਵਿਸ਼ਵਾਸ ਕਰਨਾ ਚਾਹੀਦਾ ਹੈ, ਸਾਨੂੰ ਯਕੀਨ ਕਰਨਾ ਚਾਹੀਦਾ ਹੈ। ਜੇ ਗੁਰੂ ਨਾਨਕ ਦੇਵ ਤੇ ਗੁਰੂ ਅਰਜਨ ਦੇਵ ਜੀ 'ਤੇ ਵਿਸ਼ਵਾਸ ਨਹੀਂ ਹੈ ਭਾਈ, ਤੁਸੀਂ ਫਿਰ ਸਿਖ ਵੀ ਨਾ ਕਹਾਓ, ਤੁਹਾਨੂੰ ਇਹ ਹਕ ਵੀ ਨਹੀਂ ਬਣਦਾ। ਜੇ ਆਪਣੇ ਦੀਨ-ਅਮਾਨ ਤੇ ਵਿਸ਼ਵਾਸ ਨਹੀਂ ਹੈ ਤਾਂ ਤੁਸੀਂ ਕੁਝ ਹੋਰ ਕਹਾਓ, ਪੁਠੇ ਪਾਸੇ ਨਾ ਜਾਓ, ਉਸੇ ਟਾਹਣੀ ਨੂੰ ਵਢ ਰਹੇ ਹੋ, ਜਿਸ ਤੇ ਬੈਠੇ ਹੋ। ਬੜੀ ਮਿਹਨਤ ਕੀਤੀ ਹੈ, ਗੁਰਿੰਦਰ ਸਿੰਘ ਮਾਨ ਦੀ ਕਿਤਾਬ ਪੜ੍ਹ ਕੇ ਇਹ ਲਗਦਾ ਹੈ ਕਿ ਉਸਨੇ ਤਕਰੀਬਨ **100** ਕਿਤਾਬਾਂ ਪੜ੍ਹੀਆਂ ਹਨ, ਪਤਾ ਲਗਦਾ ਹੈ ਬੜੀ ਮਿਹਨਤ ਕੀਤੀ ਹੈ। ਪਰ ਮਿਹਨਤ ਕੀਤੀ ਪੁਠੇ ਪਾਸੇ। ਡਾ. ਪਿਆਰ ਸਿੰਘ ਦੇ ਮਗਰ ਲਗਣ ਦੀ ਲੋੜ ਨਹੀਂ ਹੈ, ਮੈਕਲੋਡ ਦੇ ਮਗਰ ਲਗਣ ਦੀ ਲੋੜ ਨਹੀਂ ਹੈ,


Academy of the Punjab in North America: http://www.apnaorg.com

ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਵਡੀ ਕੋਈ ਅਥਾਰਟੀ ਨਹੀਂ ਹੈ। ਉਸ 'ਤੇ ਕਿੰਤੂ-ਪ੍ਰੰਤੂ ਕਰਨ ਦਾ ਕਿਸੇ ਨੂੰ ਕੋਈ ਅਧਿਕਾਰ ਨਹੀਂ ਹੈ। ਇਕ ਪੰਨਾ ਤਾਂ ਕੀ ਇਕ ਲਾਈਨ, ਇਕ ਅਖਰ, ਇਥੋਂ ਤਕ ਕਿ ਬਿੰਦੀ, ਟਿਪੀ, ਲਗਾਂ ਮਾਤਰਾਂ ਕੁਝ ਵੀ ਸੋਧਣ ਦਾ ਕਿਸੇ ਨੂੰ ਕੋਈ ਹਕ ਨਹੀਂ ਹੈ। ਜੇ ਕਿਸੇ ਦਾ ਹਥ ਉਸ ਵਲ ਵਧਦਾ ਹੈ, ਉਸ ਨੂੰ ਰੋਕਣਾ ਚਾਹੀਦਾ ਹੈ। ਜੋ ਪਹਿਲੇ ਸਾਡੇ ਵਿਦਵਾਨ ਸਿਖ ਧਰਮ ਬਾਰੇ ਲਿਖਦੇ ਸਨ, ਭਾਵੇਂ ਉਸ ਵਿਚ ਵੀ ਕਈ ਤਰ੍ਹਾਂ ਦੇ ਭੁਲੇਖੇ ਸਨ, ਲੇਕਿਨ ਉਨ੍ਹਾਂ ਦੀ ਸ਼ਰਧਾ ਦੇਖ ਕੇ, ਉਨ੍ਹਾਂ ਦੀ ਭਾਵਨਾ ਦੇਖ ਕੇ, ਜਿਹੜੀਆਂ ਉਨ੍ਹਾਂ ਦੇ ਵਿਚ ਗ਼ਲਤੀਆਂ ਸਨ, ਮੁਆਫ਼ੀ ਦੀਆਂ ਹਕਦਾਰ ਸਨ। ਮੈਂ ਗੰਡਾ ਸਿੰਘ ਨੂੰ ਪੜ੍ਹਿਆ, ਗਿਆਨੀ ਗਿਆਨ ਸਿੰਘ ਨੂੰ ਪੜ੍ਹਿਆ, ਹੋਰਾਂ ਨੂੰ ਵੀ ਪੜ੍ਹਿਆ, ਜੋ ਵੀ ਗਲਾਂ ਸਾਖੀਆਂ ਦੇ ਹਿਸਾਬ ਨਾਲ ਚਲੀਆਂ ਹਨ, ਗਿਆਨੀ ਗੁਰਦਿਤ ਸਿੰਘ, ਹਰਭਜਨ ਸਿੰਘ, ਕਰਮ ਸਿੰਘ ਹਿਸਟੋਰੀਅਨ ਹੁਰੀਂ, ਇਨ੍ਹਾਂ ਦੀ ਜਿਹੜੀ ਗਲ ਸੀ, ਉਸ ਵਿਚ ਇਤਿਹਾਸਕ ਪਖ ਤੋਂ ਵਧ ਤੋਂ ਵਧ ਜਾਣਕਾਰੀ ਦੇਣ ਦੀ ਕੋਸ਼ਿਸ਼ ਸੀ, ਉਪਮਾ ਅਲੰਕਾਰ ਵਰਤੇ ਗਏ ਹਨ। ਇਹ ਉਸ ਨਾਲ ਜਸਟਿਸ ਕਰਦੀਆਂ ਹਨ, ਜਿਵੇਂ ਭਾਈ ਜੋਧ ਸਿੰਘ ਨੂੰ, ਗਿਆਨੀ ਲਾਲ ਸਿੰਘ ਜੀ ਨੂੰ, ਭਾਈ ਕਾਨ੍ਹ ਸਿੰਘ ਨਾਭਾ ਨੂੰ ਪੜ੍ਹਿਆ, ਇਨ੍ਹਾਂ ਨੂੰ ਦੇਖ ਕੇ ਇਉਂ ਲਗਦਾ ਹੈ ਕਿ ਜਨਮ ਸਾਖੀਆਂ ਬਾਰੇ ਜੋ ਗਲਾਂ ਕੀਤੀਆਂ, ਉਨ੍ਹਾਂ ਤੋਂ ਇਹ ਨਹੀਂ ਲਗਦਾ ਕਿ ਸਿਖ ਨਹੀਂ ਹਨ। ਇਹ ਸ੍ਰੀ ਗੁਰੂ ਨਾਨਕ ਦੀ ਗੋਦ ਵਿਚ ਬੈਠ ਕੇ ਗਲਾਂ ਕਰਦੇ ਹਨ। ਪਿਆਰਾ ਸਿੰਘ 'ਪਦਮ' ਨੇ ਜੋ ਗਲਾਂ ਕੀਤੀਆਂ, ਉਨ੍ਹਾਂ ਵਿਚ ਰਹਸ ਹੈ; ਉਹ ਰੂਹ ਹੈ ਜਿਹੜੀਆਂ ਗਲਾਂ ਗਿਆਨੀ ਸਾਹਿਬ ਸਿੰਘ ਨੇ ਕੀਤੀਆਂ ਜੋ ਪੁਰਾਤਨ ਮਹਾਂਪੁਰਖਾਂ ਨੇ ਕੀਤੀਆਂ, ਕਵੀਆਂ ਨੇ ਜੋ ਗਲਾਂ ਕੀਤੀਆਂ, ਉਨ੍ਹਾਂ ਵਿਚ ਸਤਿਕਾਰ ਦਿਸਦਾ ਹੈ। ਹਰਿੰਦਰ ਸਿੰਘ 'ਮਹਿਬੂਬ' ਨੇ ਜੋ 'ਸਹਿਜੇ ਰਚਿਓ ਖ਼ਾਲਸਾ' ਗ੍ਰੰਥ ਲਿਖਿਆ ਹੈ, ਮੈਂ ਧੰਨ ਹੋ ਗਿਆ ਇਹ ਪੁਸਤਕ ਦੇਖ ਕੇ ਕਿ ਉਨ੍ਹਾਂ ਨੇ ਏਨਾ ਕੁਝ ਪੜ੍ਹਿਆ, ਸਿਖ ਇਤਿਹਾਸ ਬਾਰੇ ਯਕੀਨ ਨਹੀਂ ਆਉਂਦਾ। ਇਹ ਓਹੀਓ ਹਰਿੰਦਰ ਸਿੰਘ ਮਹਿਬੂਬ ਹਨ ਜਿਹੜੇ ਕਦੇ ਬਹੁਤ ਹੀ ਤਿਖੀ ਆਵਾਜ ਦੇ ਨਾਲ ਤਰਕ-ਵਿਤੱਰਕ ਨਾਲ ਗਲ ਕਰਦੇ ਹੁੰਦੇ ਸਨ। ਇਹ ਉਨ੍ਹਾਂ ਨੇ **1154** ਪੰਨੇ ਦਾ 'ਸਹਿਜੇ ਰਚਿਓ ਖਾਲਸਾ' ਸੈਂਕੜੇ ਪੁਸਤਕਾਂ ਪੜ੍ਹ ਕੇ ਲਿਖਿਆ ਹੈ। ਇਤਿਹਾਸ ਦੀ ਜਨਮ ਸਾਖੀਆਂ ਪਖੋਂ ਜਾਂ ਕਿਸੇ ਪਖ ਤੋਂ ਵੀ ਚਰਚਾ ਕੀਤੀ ਹੈ, ਉਸ ਦੇ ਹਰ ਇਕ ਪੰਨੇ ਵਿਚੋਂ, ਹਰ ਲਾਈਨ ਵਿਚੋਂ, ਹਰ ਲਫ਼ਜ਼ ਵਿਚੋਂ ਉਸ ਦੇ ਦਿਲ ਵਿਚ ਵਸਦੀ ਸ਼ਰਧਾ ਦਿਸਦੀ ਹੈ। ਪਰ ਕੁਝ ਲੋਕ ਢਾਅ ਲਾਉਣ ਦੀਆਂ ਗਲਾਂ ਕਰਦੇ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੁਨੀਆਂ ਦੀ ਸਰਬ ਉਚ ਅਥਾਰਟੀ ਹੈ। ਇਸ ਨੂੰ ਛਿਲਣਾ, ਤਰਾਸ਼ਣਾ ਨਹੀਂ ਚਾਹੀਦਾ। ਇਹ ਰਾਹ ਛਡ ਦੇਵੋ। ਇਸ ਦੇ ਨਤੀਜੇ ਸਾਰੀ ਕੌਮ ਨੂੰ ਭੁਗਤਣੇ ਪੈ ਸਕਦੇ ਹਨ। ਜੇ ਅਜਿਹਾ ਕਰਨ ਨਾਲ ਤੁਹਾਨੂੰ ਕੋਈ ਸਕੂਨ ਮਿਲਦਾ ਹੈ, ਡਿਗਰੀਆਂ ਮਿਲਦੀਆਂ ਹਨ, ਤਾਂ ਇਹ ਕੀ ਚੀਜ਼ ਹੈ। ਲੇਕਿਨ ਇਹ ਜੋ ਵਿਦਵਾਨ, ਮੈਂ ਪਹਿਲਾਂ ਦਸੇ ਹਨ, ਇਹ ਮੈਕਲੋਡ ਦੇ ਚੇਲੇ ਬਾਲਕੇ ਲਗਦੇ ਹਨ। ਜੇ ਆਪਣੇ ਆਪ ਨੂੰ ਕਤਲ ਕਰਨਾ ਹੈ ਤਾਂ ਕਾਤਲ ਕਿਸ ਨੂੰ ਆਖੋਗੇ ? ਜੇ ਵਧ ਘਟ ਕਿਹਾ ਗਿਆ ਤਾਂ ਮੁਆਫ਼ੀ ਦਾ ਹਕ ਨਾ ਖੋਹਣਾ ਜੀ ! ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਲਟੀਮੇਟ ਅਥਾਰਟੀ ਹੈ। ਇਸ ਨੂੰ ਜੇ ਸਮਝ ਨਹੀਂ ਸਕਦੇ, ਸਮਝਾ ਨਹੀਂ ਸਕਦੇ ਤਾਂ ਇਹ ਕਿ ਇਸ ਦੀ ਬਾਣੀ ਕਿਥੋਂ ਆਈ, ਅਜਿਹੀਆਂ ਗਲਾਂ ਨਹੀਂ ਕਰਨੀਆਂ ਚਾਹੀਦੀਆਂ। ਜੋਤ ਦਾ ਜੋ ਪ੍ਰਕਾਸ਼ ਹੈ, ਉਸ ਦੇ ਨਾਲ ਜਿਥੇ ਜਿਥੇ ਵੀ, ਜਿਨ੍ਹਾਂ ਜਿਨ੍ਹਾਂ ਰੂਹਾਂ ਵਿਚ ਜੋ ਪ੍ਰਕਾਸ਼ ਹੋਇਆ, ਸੁਮੇਲ ਹੋਇਆ, ਸੁਭਾਵਿਕ ਸੀ, ਇਕਤਰ ਹੋ ਕੇ ਇਕ ਸ਼ਕਤੀ ਬਣ ਗਿਆ। ਜੇ ਅਸੀਂ ਉਸ ਜੋਤ ਦਾ ਉਸ ਰਬੀ ਬਾਣੀ ਦਾ ਦੀਦਾਰ ਨਹੀਂ ਕਰ ਸਕਦੇ, ਉਸ ਨੂੰ ਵੇਖ ਨਹੀਂ ਸਕਦੇ, ਤਾਂ ਇਹ ਕਿਵੇਂ ਆਖ ਸਕਦੇ ਹਾਂ ਕਿ ਰੌਸ਼ਨੀ ਕਿਥੇ ਹੈ। ਉਹ ਜੋਤ ਇਕ ਹੈ, ਸਚ ਹੈ, ਉਸ ਨੂੰ ਨਿਖੇੜਨ ਦੀ, ਛਿਲਣ ਤਰਾਸ਼ਣ ਦੀ ਕੋਈ ਗੁੰਜਾਇਸ਼ ਨਹੀਂ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ 'ਸਤਿਨਾਮ' ਤੋਂ ਲੈ ਕੇ 'ਆਠਾਰਹ ਦਸ ਬੀਸ ॥' ਤਕ ਸਮੁਚੀ ਬਾਣੀ ਇਕ ਜੋਤ ਹੈ, ਧੁਰ ਕੀ ਬਾਣੀ ਹੈ। ਇਸ ਬਾਰੇ ਅਸੀਂ ਸਪਸ਼ਟਤਾ ਨਾਲ ਇਹ ਗਲ ਕਹਿ ਸਕਦੇ ਹਾਂ, ਸੋ ਇਸ ਬਾਰੇ ਕੋਈ ਹੋਰ ਪੜਚੋਲ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ।



Academy of the Punjab in North America: http://www.apnaorg.com

# ਗੁਰੂ ਗ੍ਰੰਥ ਸਾਹਿਬ ਦੀਆਂ ਬਾਣੀਆਂ ਦਾ ਵੇਰਵਾ

ਗੁਰੂ ਨਾਨਕ ਦੇਵ ਜੀ ਦੀ ਜਿਉਂਦੀ ਜਾਗਦੀ ਜੋਤ ਪ੍ਰਤਖ ਹਰਿ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਅਸੀਂ ਸੁਭਾਵਿਕ ਤੌਰ 'ਤੇ ਹੀ ਪੜ੍ਹਦੇ ਹਾਂ। ਸੁਭਾਵਿਕ ਤੌਰ 'ਤੇ ਸੁਣਦੇ ਹਾਂ। ਸੁਭਾਵਿਕ ਤੌਰ 'ਤੇ ਹੀ ਇਵੇਂ ਮਹਿਸੂਸ ਕਰਦੇ ਹਾਂ ਜਿਵੇ ਂਅਸੀਂ ਸ਼ਰਧਾਂ ਦੇ ਫੁਲ ਭੇਂਟ ਕਰ ਰਹੇ ਹਾਂ, ਸਤਿਕਾਰ ਭੇਂਟ ਕਰ ਰਹੇ ਹਾਂ, ਲੇਕਿਨ ਬਹੁਤ ਹੀ ਘਟ ਵਿਦਵਾਨ ਐਸੇ ਹਨ। ਇਸ ਵਿਚ ਕੋਈ ਸ਼ਕ ਨਹੀਂ ਕਿ ਕੁਝ ਵਿਦਵਾਨ ਐਸੇ ਹਨ,

ਲੇਕਿਨ ਬਹੁਤ ਘਟ ਹਨ, ਜੋ ਅਧਿਐਨ ਕਰਨ ਲਗਿਆਂ, ਸਰਵਣ ਕਰਨ ਲਗਿਆਂ ਜਾਂ ਪ੍ਰਚਾਰ ਕਰਨ ਲਗਿਆਂ, ਜਿਨ੍ਹਾਂ ਦੀ ਰਸਨਾ ਦੇ ਵਿਚੋਂ ਉਨ੍ਹਾਂ ਦੇ ਗਿਆਨ ਦੇ ਸਮੁੰਦਰ ਵਿਚ ਚੁਭੀ ਲਗਦੀ ਹੈ ਤੇ ਵਿਸ਼ਵਾਸ ਹੁੰਦਾ ਹੈ। ਕਿਸੇ ਵਿਰਲੇ ਮਹਾਨ ਵਿਅਕਤੀ ਨੇ, ਕਿਸੇ ਅਜਿਹੀ ਸ਼ਖ਼ਸੀਅਤ ਨੇ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਕਰੀਬ ਤੋਂ ਦਰਸ਼ਨ ਕਰਨ ਦਾ ਯਤਨ ਕੀਤਾ ਹੈ। ਰੀਝ ਨਾਲ, ਪ੍ਰੇਮ ਨਾਲ ਤੇ ਡੂੰਘਿਆਈ ਦੇ ਨਾਲ ਦਰਸ਼ਨ ਕਰਵਾਏ ਹਨ ਤਾਂ ਵੀ ਉਸ ਅਧਿਆਤਮਕ ਪ੍ਰਕਾਸ਼ ਦਾ ਅਸੀਂ ਪੂਰਨ ਗਿਆਨ ਤਾਂ ਹਾਸਲ ਨਹੀਂ ਕਰ ਸਕਦੇ ਲੇਕਿਨ ਕੋਸ਼ਿਸ਼ ਕਰਨੀ ਸਾਡਾ ਫ਼ਰਜ਼ ਬਣ ਜਾਂਦਾ ਹੈ। ਉਸੇ ਯਤਨ ਦੇ ਨਾਲ ਇਕ ਕੋਸ਼ਿਸ਼ ਕਰਨ ਦੇ ਇਰਾਦੇ ਦੇ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਜੋ ਅੰਦਰੂਨੀ ਬਣਤਰ ਹੈ, ਉਸ ਬਾਰੇ ਕੁਝ ਵਿਚਾਰ ਕਰਨ ਨੂੰ ਮਨ ਮੰਨਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਆਰੰਭ ਵਿਚ ਮੂਲ ਮੰਤਰ ਦੀ ਬਾਣੀ ਹੈ :

ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰ-ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ ਇਹ ਜੋ ਮੂਲ ਮੰਤਰ ਹੈ, ਸਮੁਚੀ ਬਾਣੀ ਦਾ ਮੂਲ ਮੰਤਰ ਹੈ। ਮੂਲ ਮੰਤਰ ਨੂੰ ਹੀ ਜੇ ਅਸੀਂ ਧਿਆਨ ਨਾਲ ਪੜ੍ਹੀਏ ਤੇ ਮੂਲ ਮੰਤਰ ਵਿਚ ਹੀ ਸਭ ਕੁਝ ਪ੍ਰਾਪਤ ਹੋ ਜਾਂਦਾ ਹੈ। ਜੋ ਭਗਤ ਜਨ ਜਾਂ ਜੋ ਕੁਝ ਗੁਰੂ ਸਾਹਿਬਾਨ ਸਾਨੂੰ ਦਰਸਾਉਣਾ ਚਾਹੁੰਦੇ ਹਨ, ਉਹ ਜੋ ਇਕ ਹੈ ਜਿਸ ਦਾ ਨਾਮ ਸਤਿ ਹੈ, ਉਸ ਇਕ ਦੀ, ਉਸ ਸਚ ਦੀ ਧਿਆਨ ਜਾਚ, ਭਗਤੀ ਜਾਚ ਜਪੁਜੀ ਸਾਹਿਬ ਦੀ ਬਾਣੀ ਤੋਂ ਸ਼ੁਰੂ ਹੁੰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਮੁਚੀ ਬਾਣੀ ਨੂੰ ਜੇ ਸੰਖੇਪ ਤੌਰ 'ਤੇ ਨਜ਼ਰ ਮਾਰੀਏ ਤਾਂ ਪਹਿਲੇ ਅੰਗ 'ਤੇ 'ਜਪੁਜੀ ਸਾਹਿਬ' ਦੀ ਬਾਣੀ ਹੈ, 8ਵੇਂ ਅੰਗ 'ਤੇ 'ਸੋਦਰੁ' ਦੀ ਬਾਣੀ ਹੈ, 10ਵੇਂ ਅੰਗ 'ਤੇ 'ਸੋ ਪੁਰਖੁ' ਦੀ ਬਾਣੀ ਹੈ, 12ਵੇਂ ਅੰਗ 'ਤੇ 'ਸੋਹਿਲਾ ਸਾਹਿਬ'। ਇਸ ਤੋਂ ਬਾਅਦ 31 ਰਾਗਾਂ ਦੇ ਵਿਚ ਬਾਣੀ ਹੈ। ਸ੍ਰੀ ਰਾਗ, ਮਾਝ, ਗਾਉੜੀ, ਆਸਾ, ਗੂਜਰੀ, ਦੇਵ ਗੰਧਾਰੀ, ਬਿਹਾਗੜਾ, ਵਡਹੰਸ, ਸੋਰਠ, ਧਨਾਸਰੀ, ਜੈਤਸਿਰੀ, ਟੋਡੀ, ਬੈਰਾੜੀ, ਤਿਲੰਗ, ਸੂਹੀ, ਬਿਲਾਵਲ, ਗੌਂਡ, ਰਾਮਕਲੀ, ਨਟ-ਨਰਾਇਣ, ਮਾਲੀ ਗੌੜਾ, ਮਾਰੂ, ਤੁਖਾਰੀ, ਕੇਦਾਰਾ, ਰਾਗ ਭੈਰਉ, ਬਸੰਤ, ਸਾਰੰਗ, ਮਲ੍ਹਾਰ, ਕਾਨੜਾ, ਕਲਿਆਣ, ਪ੍ਰਭਾਤੀ ਤੇ ਰਾਗ ਜੈਜਾਵੰਤੀ। ਰਾਗਾਂ ਦੀ ਸਮਾਪਤੀ ਤੋਂ ਬਾਅਦ ਸਹਸਕ੍ਰਿਤੀ ਸ਼ਲੋਕ ਹਨ : 4 ਸ਼ਲੋਕ ਗੁਰੂ ਨਾਨਕ ਦੇਵ ਜੀ ਦੇ, 67 ਸ਼ਲੋਕ ਸ੍ਰੀ ਗੁਰੂ ਅਰਜਨ ਦੇਵ ਜੀ ਦੇ, 24 ਸ਼ਲੋਕ ਗਾਥਾ ਮਹਲਾ ਪੰਜਵਾਂ, 23 ਸ਼ਲੋਕ, ਫੁਨਹੇ ਮਹਲਾ 5ਵੇਂ ਦੇ , 11 ਚਉਬੋਲੇ ਮਹਲਾ ਪੰਜਵਾਂ ਦੇ, 243 ਸ਼ਲੋਕ, ਭਗਤ ਕਬੀਰ ਜੀ ਦੀ ਬਾਣੀ ਦੇ, 130 ਸ਼ਲੋਕ ਸ਼ੇਖ਼ ਫ਼ਰੀਦ ਜੀ ਦੇ, ਸਵਈਏ ਪੰਜਵੇਂ ਪਾਤਸ਼ਾਹ ਦੇ, 20 ਸਵਈਏ ਤੇ 11 ਭਟਾਂ ਦੇ 123 ਸਵਈਏ, ਸ਼ਲੋਕ ਵਾਰਾਂ ਤੇ ਵਧੀਕ ਜਿਨ੍ਹਾਂ ਦੀ ਗਿਣਤੀ 152 ਹੈ, ਨੌਵੇਂ ਮਹਲੇ ਦੇ 57 ਸ਼ਲੋਕ ਮਿਲਦੇ ਹਨ ਜਿਨ੍ਹਾਂ ਨੂੰ ਅਸੀਂ ਭੋਗ ਦੇ ਸ਼ਲੋਕ ਕਹਿੰਦੇ ਹਾਂ। ਫਿਰ ਮੁੰਦਾਵਣੀ ਮਹਲਾ ਪੰਜਵਾਂ ਤੇ ਅਖੀਰ ਵਿਚ ਰਾਗਮਾਲਾ ਹੈ। 31 ਰਾਗਾਂ ਦੇ ਵਿਚ ਜੋ ਬਾਣੀ ਹੈ, ਉਸ ਵਿਚ 6 ਗੁਰੂ ਸਾਹਿਬਾਨ ਦੀ ਬਾਣੀ ਦਾ ਵੇਰਵਾ ਇਸ ਪ੍ਰਕਾਰ ਹੈ : ਗੁਰੂ ਨਾਨਕ ਦੇਵ ਜੀ ਦੇ 209 ਸ਼ਬਦ, 123 ਅਸ਼ਟਪਦੀਆਂ 25 ਛੰਤ ਜਿਨ੍ਹਾਂ ਦਾ ਜੋੜ 357 ਬਣਦਾ ਹੈ। ਗੁਰੂ ਅਮਰਦਾਸ ਜੀ ਦੇ 172 ਸ਼ਬਦ, 79 ਅਸ਼ਟਪਦੀਆਂ ਤੇ 19 ਛੰਤ ਹਨ, ਜਿਨ੍ਹਾਂ ਦਾ ਜੋੜ 270 ਬਣਦਾ ਹੈ। ਗੁਰੂ ਰਾਮਦਾਸ ਜੀ ਦੇ 264 ਸ਼ਬਦ, 58


Academy of the Punjab in North America: http://www.apnaorg.com

ਅਸ਼ਟਪਦੀਆਂ, **38** ਛੰਤ ਜਿਨ੍ਹਾਂ ਦਾ ਜੋੜ **360** ਬਣਦਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਦੇ **1322** ਸ਼ਬਦ **45** ਅਸ਼ਟਪਦੀਆਂ **63** ਛੰਤ ਹਨ, ਜਿਨ੍ਹਾਂ ਦਾ ਜੋੜ **1430** ਬਣਦਾ ਹੈ।

ਇਥੇ ਕੁਝ ਰੁਕ ਕੇ ਵਿਚਾਰ ਕਰਨ ਨੂੰ ਦਿਲ ਕਰਦਾ ਹੈ। ਕਈ ਵਾਰੀ ਵਿਵਾਦ ਚਲਦਾ ਹੈ ਕਿ ਕੋਈ ਬਾਣੀ ਵਧ ਹੈ ਘਟ ਹੈ, ਜਿਵੇਂ ਰਾਗ ਮਾਲਾ ਹੈ, ਲੇਕਿਨ ਰਾਗਾਂ ਵਿਚ ਜੋ ਬਾਣੀ ਹੈ, ਗੁਰੂ ਅਰਜਨ ਦੇਵ ਸਾਹਿਬ ਦੀ ਬਾਣੀ ਵਿਚ ਅਸ਼ਟਪਦੀਆਂ ਮਿਲਾ ਕੇ ਜੋੜ **1430** ਬਣਦਾ ਹੈ। ਇਸ ਵਿਚ ਕੋਈ ਤਰਕ ਹੈ। **1430** ਅੰਗ ਸੰਪੂਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਹੈ। ਨੌਵੇਂ ਮਹਲੇ ਦੇ **59** ਸ਼ਬਦ ਮਿਲਦੇ ਹਨ, ਅਸ਼ਟਪਦੀਆਂ ਤੇ ਛੰਤ ਨੌਵੇਂ ਪਾਤਸ਼ਾਹ ਦੇ ਨਹੀਂ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਵਿਚ **6** ਗੁਰੂ ਸਾਹਿਬਾਨ ਦੀ ਬਾਣੀ ਮਿਲਦੀ ਹੈ। ਗੁਰੂ ਨਾਨਕ ਦੇਵ ਜੀ, ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ ਤੇ ਗੁਰੂ ਤੇਗ਼ ਬਹਾਦਰ ਜੀ। **15** ਭਗਤਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਹੈ; **31** ਰਾਗਾਂ ਵਿਚੋਂ **22** ਰਾਗਾਂ ਵਿਚ ਭਗਤਾਂ ਦੀ ਬਾਣੀ ਅੰਕਿਤ ਹੈ। ਭਗਤਾਂ ਦੇ ਸਾਰੇ ਸ਼ਬਦ ਮਿਲਾ ਕੇ ਇਨ੍ਹਾਂ ਦੀ ਗਿਣਤੀ **349** ਬਣਦੀ ਹੈ। ਕੁਝ ਭਗਤ ਜਨ, ਜਿਨ੍ਹਾਂ ਦੀ ਬਾਣੀ ਗੁਰੂ ਸਾਹਿਬ ਦੇ ਬਰਾਬਰ ਸਨਮਾਨ ਦੇ ਨਾਲ ਅੰਕਿਤ ਹੈ, ਉਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ : ਕਬੀਰ ਜੀ, ਨਾਮਦੇਵ ਜੀ, ਰਵਿਦਾਸ ਜੀ, ਤ੍ਰਲੋਚਨ ਜੀ, ਫ਼ਰੀਦ ਜੀ, ਬੇਣੀ ਜੀ, ਧੰਨਾ ਜੀ, ਜੈ ਦੇਵ ਜੀ, ਭੀਖਣ ਜੀ, ਸੂਰਦਾਸ ਜੀ, ਪਰਮਾਨੰਦ ਜੀ, ਸੈਣ ਜੀ, ਪੀਪਾ ਜੀ, ਸਦਨਾ ਜੀ, ਰਾਮਾਨੰਦ ਜੀ; ਇਹ **15** ਭਗਤਾਂ ਦੀ ਬਾਣੀ ਅੰਕਿਤ ਹੈ। **4** ਰਾਗੀਆਂ ਢਾਡੀਆਂ ਦੀ ਬਾਣੀ ਅੰਕਿਤ ਹੈ ਜਿਸ ਵਿਚ ਬਾਬਾ ਸੁੰਦਰ ਜੀ, ਸਤਾ ਬਲਵੰਡ ਤੇ ਇਕ ਸ਼ਬਦ ਭਾਈ ਮਰਦਾਨਾ ਜੀ ਦਾ ਮਿਲਦਾ ਹੈ। **11** ਭਟਾਂ ਦੇ ਸਵਈਏ ਮਿਲਦੇ ਹਨ ਜਿਨ੍ਹਾਂ ਦੇ ਕ੍ਰਮਵਾਰ ਨਾਮ ਇਸ ਤਰ੍ਹਾਂ ਹਨ :

ਜੋ **11** ਭਟ ਹਨ, ਉਨ੍ਹਾਂ ਦੇ ਨਾਮ ਇਸ ਤਰ੍ਹਾਂ ਹਨ : ਕਲਸਹਾਰ, ਜਾਲਪ, ਕੀਰਤ, ਭਿਖਾ, ਸਲ, ਭਲ, ਨਲ, ਬਲ, ਗਯੰਦ, ਮਥੁਰਾ ਤੇ ਹਰਬੰਸ। ਇਹ **11** ਭਟ ਹਨ ਜੋ ਅਸਲ ਵਿਚ ਗੁਰੂ ਸਾਹਿਬ ਦੀ ਉਪਮਾ ਕਰਦੇ ਸਨ, ਗੁਰੂ ਘਰ ਦੇ ਪ੍ਰੇਮੀ ਸਨ। ਗੁਰੂ ਸਾਹਿਬਾਂ ਦੇ ਜੋ ਜਲਵੇ ਸਨ, ਜਿਸ ਤਰ੍ਹਾਂ ਉਹ ਗੁਰੂ ਸਾਹਿਬ ਨੂੰ ਦੇਖਦੇ ਹਨ, ਉਸੇ ਤਰ੍ਹਾਂ ਹੀ ਬਿਆਨ ਕਰਦੇ ਹਨ। ਇਨ੍ਹਾਂ ਤੋਂ ਅਗੇ ਰਾਗੀਆਂ, ਢਾਡੀਆਂ ਦੀ ਪ੍ਰਥਾ ਚਲੀ ਲਗਦੀ ਹੈ। ਗੁਰੂ ਸਾਹਿਬਾਨ ਦੀਆਂ ਸਿਫ਼ਤਾਂ, ਉਪਮਾ, ਦਰਬਾਰ ਵਿਚ ਗਾਇਆ ਕਰਦੇ ਸਨ; ਉਸ ਰਹਸ ਤਕ ਉਸ ਉੱਸ ਸੁੱਚਤਾ ਤਕ ਜੋ ਉਪਮਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਦੇ ਵਿਚ ਘੁਲ ਮਿਲਣ ਦੀ ਸਮਰਥਾ ਰਖਦੀ ਸੀ, ਸਾਰੀ ਦੀ ਸਾਰੀ ਉਪਮਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਵਿਚ ਅੰਕਿਤ ਕੀਤੀ ਗਈ। **22** ਵਾਰਾਂ ਹਨ--ਗੁਰੂ ਨਾਨਕ ਦੀਆਂ ਮਾਝ ਆਸਾ ਤੇ ਮਲਾਰ =**3**, ਗੁਰੂ ਅਮਰ ਦਾਸ ਜੀ ਦੀਆਂ ਗੂਜਰੀ, ਸੂਹੀ, ਰਾਮਕਲੀ ਤੇ ਮਾਰੂ ਰਾਗ ਵਿਚ=**4**, ਗੁਰੂ ਰਾਮ ਦਾਸ ਜੀ ਦੀਆਂ ਸ੍ਰੀ ਰਾਗ, ਗਉੜੀ, ਬਿਹਾਗੜਾ, ਵਡਹੰਸ, ਸੋਰਠ, ਬਿਲਾਵਲ, ਸਾਰੰਗ ਤੇ ਕਾਨੜਾ=**8**, ਗੁਰੂ ਅਰਜਨ ਦੇਵ ਜੀ ਦੀਆਂ ਗਉੜੀ, ਗੂਜਰੀ, ਜੈਤਸਰੀ, ਰਾਮਕਲੀ, ਮਾਰੂ ਤੇ ਬਸੰਤ=**6**, ਸਤੇ ਬਲਵੰਡ ਦੀ ਰਾਮਕਲੀ ਵਿਚ =**1** ਹਨ।

ਪ੍ਰਤਖ ਹਰਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ ਦਰ ਅੰਗ ਦਰਸ਼ਨ ਕਰਦਿਆਂ ਸਭ ਤੋਂ ਪਹਿਲਾਂ ਸਤਿਨਾਮੁ ਤੋਂ ਬਾਣੀ ਸ਼ੁਰੂ ਹੁੰਦੀ ਹੈ। ਇਸ ਦਾ ਵੇਰਵਾ ਇਸ ਪ੍ਰਕਾਰ ਹੈ :-

ਪਹਿਲੇ ਅੰਗ ਤੋਂ **13** ਅੰਗ ਤਕ ਨਿਤਨੇਮ ਦੀ ਬਾਣੀ ਹੈ। **14** ਅੰਗ ਤੋਂ ਜੋ ਸ੍ਰੀ ਰਾਗ ਸ਼ੁਰੂ ਹੁੰਦੇ ਹਨ। ਮੁਢ ਵਿਚ ਗੁਰੂ ਨਾਨਕ ਦੇਵ ਜੀ ਦੀ ਬਾਣੀ ਹੈ। ਗੁਰੂ ਸਾਹਿਬਾਂ ਤੋਂ ਬਾਅਦ ਸ੍ਰੀ ਰਾਗ ਵਿਚ ਕਬੀਰ ਜੀਓ, ਤ੍ਰਿਲੋਚਨ ਜੀਓ, ਭਗਤ ਕਬੀਰ ਜੀ ਦੀ ਬਾਣੀ ਦੇ ਨਾਲ ਭਗਤ ਬੇਣੀ ਤੇ ਰਵਿਦਾਸ ਜੀ ਦੀ ਬਾਣੀ ਹੈ। ਗੁਰੂ ਅੰਗਦ ਦੇਵ ਜੀ, ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ ਦੀ ਬਹੁਤ ਬਾਣੀ ਸ਼ਾਮਲ ਹੈ। **94** ਅੰਗ ਤੋਂ ਰਾਗ ਮਾਝ ਸ਼ੁਰੂ ਹੁੰਦੇ


Academy of the Punjab in North America: http://www.apnaorg.com

ਹਨ। ਇਸ ਵਿਚ ਗੁਰੂ ਨਾਨਕ ਦੇਵ ਜੀ ਦੀ ਬਾਣੀ ਦੇ ਸ਼ਬਦ ਭਾਵੇਂ ਨਹੀਂ ਹਨ ਪਰ ਅਸ਼ਟਪਦੀਆਂ ਹਨ, ਇਹ ਬਾਣੀ ਜੋ ਰਾਗ ਮਾਝ ਵਿਚ ਹੈ। ਰਾਗ ਮਾਝ ਅੰਗ **57** ਹਨ, ਰਾਗ ਸ੍ਰੀ ਰਾਗ ਦੇ **80** ਅੰਗ ਹਨ ਤੇ ਮਾਝ ਦੇ **57** ਅੰਗ ਹਨ, **151** ਅੰਗ ਤੋਂ ਰਾਗ ਗਾਉੜੀ ਆਰੰਭ ਹੁੰਦਾ ਹੈ, ਬਹੁਤ ਹੀ ਲੰਮਾ ਰਾਗ ਹੈ। ਰਾਗਾਂ ਵਿਚ ਸਭ ਤੋਂ ਜ਼ਿਆਦਾ ਬਾਣੀ ਰਾਗ ਗਾਉੜੀ ਵਿਚ ਹੀ ਮਿਲਦੀ ਹੈ। **346** ਅੰਗ ਤਕ ਰਾਗ ਗਾਉੜੀ ਚਲਦਾ ਹੈ। **196** ਅੰਗ ਬਾਣੀ ਦੇ ਰਾਗ

ਗਾਉੜੀ ਵਿਚ ਹਨ। ਸਭ ਤੋਂ ਵਡਾ ਰਾਗ ਹੈ, ਸਭ ਤੋਂ ਜ਼ਿਆਦਾ

ਬਾਣੀ ਗਾਉੜੀ ਵਿਚ ਹੀ ਮਿਲਦੀ ਹੈ। ਇਸ ਰਾਗ ਵਿਚ ਗੁਰੂ ਅੰਗਦ ਦੇਵ ਜੀ, ਗੁਰੂ ਰਾਮ ਦਾਸ ਜੀ, ਗੁਰੂ ਅਰਜਨ ਦੇਵ ਜੀ ਅਤੇ **9**ਵੇਂ ਪਾਤਸ਼ਾਹ ਦੀ ਬਾਣੀ ਵੀ ਸ਼ਾਮਿਲ ਹੈ। ਗੁਰੂ ਸਾਹਿਬਾਂ ਦੇ ਨਾਲ ਨਾਲ ਰਾਗ ਗਾਉੜੀ ਵਿਚ ਕਬੀਰ ਜੀ ਦੀ ਵੀ ਬਹੁਤ ਬਾਣੀ ਮਿਲਦੀ ਹੈ। ਭਗਤ ਨਾਮਦੇਵ, ਭਗਤ ਰਵਿਦਾਸ ਜੀ ਦੀ ਬਾਣੀ ਹੈ। ਦੂਸਰੇ ਵਡ ਆਕਾਰ ਵਿਚ ਰਾਗ ਆਸਾ ਜੀ ਹਨ। ਇਹ ਰਾਗ ਅੰਗ **347** ਤੋਂ ਸ਼ੁਰੂ ਹੁੰਦਾ ਹੈ। ਇਹ ਦੂਸਰਾ ਵਡਾ ਰਾਗ ਹੈ। ਇਸ ਵਿਚ ਗੁਰੂ ਨਾਨਕ ਦੇਵ ਜੀ, ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ ਅਤੇ ਭਗਤਾਂ ਦੀ ਬਾਣੀ ਵੀ ਅੰਕਿਤ ਹੈ। ਇਸ ਵਿਚ ਕਬੀਰ ਜੀਓ, ਨੌਂਵੇਂ ਪਾਤਸ਼ਾਹ ਦੀ ਬਾਣੀ ਵੀ ਸ਼ਾਮਿਲ ਹੈ। ਰਾਗ ਆਸਾ ਵਿਚ ਭਗਤ ਨਾਮਦੇਵ, ਭਗਤ ਰਵਿਦਾਸ, ਭਗਤ ਧੰਨਾ ਜੀ ਦੀ ਬਾਣੀ ਮਿਲਦੀ ਹੈ। ਗੁਰਬਾਣੀ ਦੇ ਵਿਚ ਇਹ ਦੂਸਰਾ ਵਡਾ ਰਾਗ ਹੈ। ਇਸ ਤੋਂ ਅਗੇ ਰਾਗ ਗੂਜਰੀ ਜੋ **489** ਅੰਗ ਤੋਂ ਲੈ ਕੇ **52** ਅੰਗ ਤਕ **37** ਅੰਗਾਂ ਦੇ ਵਿਚ ਬਾਣੀ ਹੈ। ਰਾਗ ਗੂਜਰੀ ਜੀ ਪਹਿਲੇ ਮਹਲੇ ਦੇ ਚੌਥੇ ਤੇ ਪੰਜਵੇਂ ਮਹਲੇ ਦੇ ਸ਼ਲੋਕ ਮਿਲਦੇ ਹਨ। ਭਗਤ ਕਬੀਰ, ਨਾਮਦੇਵ, ਤ੍ਰਲੋਚਨ, ਜੈਦੇਵ ਦੀ ਬਾਣੀ ਵੀ ਮਿਲਦੀ ਹੈ। ਰਾਗ ਦੇਵ ਗੰਧਾਰੀ **527** ਅੰਗ ਤੋਂ ਸ਼ੁਰੂ ਹੁੰਦਾ ਹੈ। ਗੁਰੂ ਨਾਨਕ ਦੇਵ ਜੀ ਦੀ ਬਾਣੀ। ਗੁਰੂ ਰਾਮਦਾਸ ਜੀ-- ਚੌਥੇ ਮਹਲੇ ਦੀ ਬਾਣੀ, ਪੰਜਵੇਂ ਮਹਲੇ ਦੀ ਬਾਣੀ ਇਸ ਵਿਚ ਅੰਕਿਤ ਹੈ। ਨੌਂਵੇਂ ਪਾਤਸ਼ਾਹ ਦੀ ਬਾਣੀ ਅੰਕਿਤ ਹੈ, ਭਗਤਾਂ ਦੀ ਬਾਣੀ ਵੀ ਅੰਕਿਤ ਹੈ। **527** ਅੰਗ ਤੋਂ ਲੈ ਕੇ **536** ਅੰਗ ਤਕ ਰਾਗ ਦੇਵ ਗੰਧਾਰੀ ਦੀ ਬਾਣੀ ਹੈ।

ਰਾਗ ਬਿਹਾਗੜਾ **537** ਅੰਗ ਤੋਂ ਚਲਦੇ ਹਨ। ਇਸ ਵਿਚ **5**ਵੇਂ ਪਾਤਸ਼ਾਹ ਦੀ ਬਾਣੀ ਹੈ, **9**ਵੇਂ ਪਾਤਸ਼ਾਹ ਦੀ ਬਾਣੀ ਹੈ। ਇਸ ਰਾਗ ਵਿਚ ਚੌਥੇ ਪਾਤਸ਼ਾਹ ਦੇ ਛੰਤ ਹਨ, **5**ਵੇਂ ਪਾਤਸ਼ਾਹ ਦੇ ਛੰਤ ਹਨ, ਭਗਤ ਬਾਣੀ ਨਹੀਂ ਹੈ। **557** ਅੰਗ ਤੋਂ ਰਾਗ ਵਡਹੰਸ ਆਰੰਭ ਹੁੰਦਾ ਹੈ। ਗੁਰੂ ਨਾਨਕ ਦੇਵ ਜੀ, ਗੁਰੂ ਅੰਗਦ ਦੇਵ, ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ ਦੀ ਬਾਣੀ ਇਸ ਵਿਚ ਅੰਕਿਤ ਹੈ। ਇਸ ਵਿਚ ਘੋੜੀਆਂ ਤੇ ਅਲਾਹੁਣੀਆਂ ਆਦਿ ਵੀ ਹਨ। ਰਾਗ ਵਡਹੰਸ ਵਿਚ ਵੀ ਭਗਤ ਬਾਣੀ ਨਹੀਂ ਹੈ। ਰਾਗ ਵਡਹੰਸ **557** ਅੰਗ ਤੋਂ ਲੈ ਕੇ **595** ਅੰਗ ਤਕ ਚਲਦੇ ਹਨ। ਇਸ ਤੋਂ ਅਗੇ ਰਾਗ ਸੋਰਠ ਹੈ ਜੋ **595** ਅੰਗ ਤੋਂ ਸ਼ੁਰੂ ਹੁੰਦਾ ਹੈ। ਇਸ ਵਿਚ ਪਹਿਲੇ ਮਹਲੇ ਦੀ ਬਾਣੀ, ਤੀਜੇ, ਚੌਥੇ ਪੰਜਵੇਂ ਤੇ ਨੌਂਵੇਂ ਪਾਤਸ਼ਾਹ ਦੀ ਬਾਣੀ ਅੰਕਿਤ ਹੈ। ਰਾਗ ਸੋਰਠ ਦੇ ਵਿਚ ਭਗਤ ਬਾਣੀ ਵੀ ਹੈ, ਭਗਤ ਕਬੀਰ ਜੀ, ਭਗਤ ਨਾਮ ਦੇਵ, ਭਗਤ ਭੀਖਣ, ਭਗਤ ਰਵਿਦਾਸ ਜੀ ਦੀ ਬਾਣੀ ਸ਼ਾਮਲ ਹੈ। ਰਾਗ ਸੋਰਠ **659** ਅੰਗ ਤਕ ਚਲਦਾ ਹੈ। **60** ਤੋਂ ਲੈ ਕੇ ਰਾਗ ਧਨਾਸਰੀ ਵਿਚ ਪਹਿਲੇ ਪਾਤਸ਼ਾਹ ਦੀ ਬਾਣੀ, ਤੀਜੇ, ਚੌਥੇ, ਪੰਜਵੇਂ ਤੇ ਨੌਂਵੇਂ ਪਾਤਸ਼ਾਹ ਦੀ ਬਾਣੀ ਵੀ ਸ਼ਾਮਲ ਹੈ। ਰਾਗ ਧਨਾਸਰੀ ਵਿਚ ਭਗਤ ਬਾਣੀ ਵੀ ਹੈ, ਭਗਤ ਰਵਿਦਾਸ, ਸੈਣ, ਤ੍ਰਲੋਚਨ, ਭਗਤ ਪੀਪਾ ਜੀ, ਭਗਤ ਧੰਨਾ ਜੀ ਦੀ ਬਾਣੀ ਰਾਗ ਧਨਾਸਰੀ ਵਿਚ ਮਿਲਦੀ ਹੈ। **695** ਅੰਗ ਤਕ ਰਾਗ ਧਨਾਸਰੀ ਹੈ, **696** ਅੰਗ ਤੋਂ ਰਾਗ ਜੈਤਸਰੀ ਆਰੰਭ ਹੁੰਦਾ ਹੈ। ਇਸ ਵਿਚ ਚੌਥੇ, ਪੰਜਵੇਂ, ਤੇ ਨੌਂਵੀਂ ਪਾਤਸ਼ਾਹੀ ਦੀ ਬਾਣੀ ਸ਼ਾਮਲ ਹੈ, ਛੰਤ ਵੀ ਹਨ। ਰਾਗ ਜੈਤਸਰੀ ਵਿਚ ਗੁਰੂ ਸਾਹਿਬਾਨ ਦੇ ਨਾਲ ਨਾਲ ਭਗਤ ਰਵਿਦਾਸ ਜੀ ਦੀ ਬਾਣੀ ਵੀ ਅੰਕਿਤ ਹੈ। **696** ਤੋਂ ਲੈ ਕੇ **710** ਅੰਗ ਤਕ ਰਾਗ ਜੈਤਸਰੀ ਹੈ। ਇਸ ਤੋਂ ਬਾਅਦ


Academy of the Punjab in North America: http://www.apnaorg.com

ਰਾਗ ਟੋਡੀ **711** ਤੋਂ ਸ਼ੁਰੂ ਹੁੰਦਾ ਹੈ। ਗੁਰੂ ਰਾਮ ਦਾਸ ਜੀ ਤੇ ਗੁਰੂ ਅਰਜਨ ਦੇਵ ਜੀ ਦੀ ਬਾਣੀ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਦੀ ਬਾਣੀ ਅੰਕਿਤ ਹੈ, ਭਗਤ ਨਾਮਦੇਵ ਦੀ ਬਾਣੀ ਰਾਗ ਟੋਡੀ ਵਿਚ ਸ਼ਾਮਲ ਹੈ। **711** ਤੋਂ **718** ਤਕ ਰਾਗ ਟੋਡੀ ਵਿਚ ਬਾਣੀ ਰਚੀ ਗਈ ਹੈ। ਅਗੇ ਰਾਗ ਬੈਰਾੜੀ ਹੈ। ਇਹ **719** ਅੰਗ ਤੋਂ ਆਰੰਭ ਹੁੰਦਾ ਹੈ। ਮਹਲਾ ਚੌਥਾ ਤੇ ਪੰਜਵਾਂ ਦੀ ਬਾਣੀ ਹੈ। **2** ਅੰਗਾਂ ਦਾ ਬਹੁਤ ਛੋਟਾ ਰਾਗ ਹੈ। **721** ਤੋਂ ਰਾਗ ਤਿਲੰਗ ਸ਼ੁਰੂ ਹੁੰਦਾ ਹੈ। ਇਸ ਵਿਚ ਪਹਿਲੇ ਮਹਲੇ ਦੀ ਬਾਣੀ ਗੁਰੂ ਰਾਮ ਦਾਸ ਜੀ ਤੇ ਪੰਜਵੇਂ ਪਾਤਸ਼ਾਹ ਦੀ ਬਾਣੀ ਅੰਕਿਤ ਹੈ। **9**ਵੇਂ ਪਾਤਸ਼ਾਹ ਦੀ ਬਾਣੀ ਰਾਗ ਤਿਲੰਗ ਵਿਚ ਅੰਕਿਤ ਹੈ। ਕਬੀਰ ਜੀਓ, ਭਗਤ ਨਾਮਦੇਵ ਜੀ ਦੀ ਬਾਣੀ ਵੀ ਸ਼ਾਮਿਲ ਹੈ। **727** ਅੰਗ ਤਕ ਰਾਗ ਤਿਲੰਗ ਚਲਦਾ ਹੈ।

**728** ਅੰਗ 'ਤੇ ਰਾਗ ਸੂਹੀ ਸ਼ੁਰੂ ਹੁੰਦਾ ਹੈ। ਇਸ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਅੰਕਿਤ ਹੈ। ਗੁਰੂ ਅਰਜਨ ਦੇਵ ਜੀ ਦੀ ਬਾਣੀ, ਪਹਿਲੇ ਦੂਸਰੇ ਮਹਲੇ ਦੀਆਂ ਬਾਣੀਆਂ ਸ਼ਾਮਲ ਹਨ। ਗੁਣਵੰਤੀ ਤੇ ਛੰਤ ਵੀ ਮਿਲਦੇ ਹਨ। ਭਗਤਾਂ ਦੇ ਵਿਚ ਕਬੀਰ ਜੀ, ਭਗਤ ਬੇਣੀ, ਭਗਤ ਰਵਿਦਾਸ ਜੀ ਦੀ ਬਾਣੀ, ਸ਼ੇਖ਼ ਫ਼ਰੀਦ ਜੀ ਦੀ ਬਾਣੀ, ਰਾਗ ਸੂਹੀ ਵਿਚ ਅੰਕਿਤ ਹੈ। ਇਹ ਰਾਗ **728** ਤੋਂ **794** ਅੰਗ ਤਕ ਚਲਦਾ ਹੈ। **795** ਅੰਗ ਤੋਂ ਰਾਗ ਬਿਲਾਵਲ ਚਲਦਾ ਹੈ। ਇਸ ਵਿਚ ਪਹਿਲੇ, ਤੀਜੇ, ਚੌਥੇ, ਪੰਜਵੇਂ ਪਾਤਸ਼ਾਹ ਦੀ ਬਾਣੀ ਅੰਕਿਤ ਹੈ, ਨੌਵੇਂ ਪਾਤਸ਼ਾਹ ਦੀ ਬਾਣੀ ਵੀ ਮਿਲਦੀ ਹੈ। ਤੀਜੇ ਪਾਤਸ਼ਾਹ ਦੀਆਂ ਅਸ਼ਟਪਦੀਆਂ ਤੇ ਛੰਤ ਵੀ ਮਿਲਦੇ ਹਨ। ਭਗਤ ਕਬੀਰ, ਨਾਮਦੇਵ, ਰਵਿਦਾਸ, ਸਧਨੇ ਕੀ ਬਾਣੀ ਵੀ ਅੰਕਿਤ ਹੈ। ਰਾਗ ਬਿਲਾਵਲ **858** ਅੰਗ ਤਕ ਹੈ।

**859** ਅੰਗ ਤੋਂ ਰਾਗ ਗੌਂਡ ਸ਼ੁਰੂ ਹੁੰਦਾ ਹੈ। ਚੌਥੇ ਪਾਤਸ਼ਾਹ ਤੇ ਪੰਜਵੇਂ ਪਾਤਸ਼ਾਹ ਦੀ ਬਾਣੀ ਅੰਕਿਤ ਹੈ। ਇਸ ਰਾਗ ਵਿਚ ਪਹਿਲੇ ਗੁਰੂ ਸਾਹਿਬ ਦੀ ਬਾਣੀ ਅੰਕਿਤ ਨਹੀਂ ਹੈ। ਇਸ ਰਾਗ ਵਿਚ ਨੌਵੇਂ ਪਾਤਸ਼ਾਹ ਦੀ ਬਾਣੀ ਵੀ ਨਹੀਂ ਹੈ। ਭਗਤ ਕਬੀਰ, ਭਗਤ ਨਾਮਦੇਵ ਅਤੇ ਭਗਤ ਰਵਿਦਾਸ ਦੀ ਬਾਣੀ ਇਸ ਵਿਚ ਸ਼ਾਮਲ ਹੈ। **859** ਤੋਂ **875** ਅੰਗ ਤਕ ਰਾਗ ਗੌਂਡ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਹੈ। ਰਾਗ ਰਾਮਕਲੀ ਸ਼ੁਰੂ ਹੁੰਦਾ ਹੈ। ਚੌਥੇ ਪਾਤਸ਼ਾਹ ਦੀ ਬਾਣੀ ਹੈ। ਗੁਰੂ ਨਾਨਕ, ਗੁਰੂ ਅੰਗਦ ਦੇਵ ਜੀ, ਗੁਰੂ ਰਾਮਦਾਸ ਅਤੇ **9**ਵੇਂ ਪਾਤਸ਼ਾਹ ਦੀ ਬਾਣੀ ਸ਼ਾਮਲ ਹੈ। ਰਾਮਕਲੀ ਰਾਗ ਵਿਚ ਭਗਤ ਬੇਣੀ, ਭਗਤ ਰਵਿਦਾਸ ਅਤੇ ਭਗਤ ਨਾਮਦੇਵ ਜੀ ਦੀ ਬਾਣੀ ਸ਼ਾਮਲ ਹੈ। ਕਬੀਰ ਜੀਓ ਦੀ ਬਾਣੀ ਵੀ ਸ਼ਾਮਲ ਹੈ। ਸਤੇ ਬਲਵੰਡ ਦੀ ਬਾਣੀ ਵੀ ਇਸ ਵਿਚ ਸ਼ਾਮਲ ਹੈ। ਰਾਗ ਰਾਮਕਲੀ **876** ਅੰਗ ਤੋਂ ਲੈ ਕੇ **974** ਅੰਗ ਤਕ ਚਲਦੇ ਹਨ। ਰਾਮਕਲੀ ਚੌਥਾ ਵਡਾ ਰਾਗ ਹੈ। **975** ਅੰਗ ਤੋਂ ਰਾਗ ਨਟ ਨਰਾਇਣ ਸ਼ੁਰੂ ਹੁੰਦਾ ਹੈ। ਇਸ ਵਿਚ ਚੌਥੀ ਤੇ ਪੰਜਵੀਂ ਪਾਤਸ਼ਾਹੀ ਦੀ ਬਾਣੀ ਹੀ ਸ਼ਾਮਲ ਹੈ, ਹੋਰ ਕਿਸੇ ਗੁਰੂ ਸਾਹਿਬਾਨ ਦੀ ਬਾਣੀ ਇਸ ਵਿਚ ਅੰਕਿਤ ਨਹੀਂ ਹੈ। ਇਸ ਵਿਚ **975** ਅੰਗ ਤੋਂ ਸ਼ੁਰੂ ਹੋਕੇ **983** ਅੰਗ ਤਕ ਬਾਣੀ ਅੰਕਿਤ ਹੈ। **984** ਤੋਂ ਰਾਗ ਮਾਲੀ ਗੌੜਾ ਆਰੰਭ ਹੁੰਦਾ ਹੈ। ਚੌਥੀ ਤੇ ਪੰਜਵੀਂ ਪਾਤਸ਼ਾਹੀ ਦੀ ਬਾਣੀ ਅੰਕਿਤ ਹੈ। ਭਗਤ ਨਾਮਦੇਵ ਦੀ ਬਾਣੀ ਵੀ ਅੰਕਿਤ ਹੈ। **984** ਤੋਂ **988** ਤਕ ਰਾਗ ਮਾਲੀ ਗੌੜਾ ਵਿਚ ਬਾਣੀ ਅੰਕਿਤ ਹੈ। **989** ਤੋਂ ਰਾਗ ਮਾਰੂ ਆਰੰਭ ਹੁੰਦਾ ਹੈ। ਇਹ ਗੁਰਬਾਣੀ ਦੇ ਵਿਚ ਆਕਾਰ ਦੇ ਪਖ ਤੋਂ ਤੀਸਰਾ ਵਡਾ ਰਾਗ ਹੈ। ਇਸ ਵਿਚ ਪਹਿਲੇ, ਦੂਜੇ, ਤੀਸਰੇ, ਚੌਥੇ ਤੇ ਪੰਜਵੇਂ ਪਾਤਸ਼ਾਹ ਦੀ ਬਾਣੀ ਅੰਕਿਤ ਹੈ। ਭਗਤਾਂ ਵਿਚੋਂ ਭਗਤ ਕਬੀਰ ਜੀ, ਭਗਤ ਨਾਮਦੇਵ ਜੀ, ਭਗਤ ਜੈਦੇਵ ਅਤੇ ਭਗਤ ਰਵਿਦਾਸ ਜੀ ਦੀ ਬਾਣੀ ਸ਼ਾਮਲ ਹੈ। **1106** ਤਕ ਰਾਗ ਮਾਰੂ ਵਿਚ ਬਾਣੀ ਅੰਕਿਤ ਹੈ। **1107** ਤੋਂ ਰਾਗ ਤੁਖਾਰੀ ਪ੍ਰਾਰੰਭ ਹੁੰਦੇ ਹਨ। ਇਸ ਵਿਚ ਪਹਿਲੀ, ਚੌਥੀ ਤੇ ਪੰਜਵੀਂ ਪਾਤਸ਼ਾਹੀ ਦੀ ਬਾਣੀ ਅੰਕਿਤ ਹੈ। ਇਸ ਰਾਗ ਵਿਚ **1107** ਤੋਂ **1117** ਅੰਗ ਤਕ ਬਾਣੀ ਅੰਕਿਤ ਹੈ। ਇਸ ਤੋਂ ਅਗੇ ਰਾਗ ਕੇਦਾਰਾ ਅੰਗ **1118** ਤੋਂ ਚਾਲੂ ਹੁੰਦਾ ਹੈ। ਇਸ ਵਿਚ ਚੌਥੀ ਤੇ ਪੰਜਵੀਂ ਪਾਤਸ਼ਾਹੀ ਦੀ ਬਾਣੀ ਅੰਕਿਤ ਹੈ। ਇਸ ਰਾਗ ਵਿਚ ਗੁਰੂ ਨਾਨਕ ਦੇਵ, ਗੁਰੂ ਅੰਗਦ ਦੇਵ ਅਤੇ ਨੌਵੀਂ ਪਾਤਸ਼ਾਹੀ ਦੀ ਬਾਣੀ ਅੰਕਿਤ ਨਹੀਂ ਹੈ।


Academy of the Punjab in North America: http://www.apnaorg.com

ਭਗਤਾਂ ਵਿਚੋਂ ਕਬੀਰ ਤੇ ਰਵਿਦਾਸ ਜੀ ਦੀ ਬਾਣੀ ਮਿਲਦੀ ਹੈ। ਰਾਗ ਕੇਦਾਰਾ ਦੇ ਅੰਗ **1118** ਤੋਂ **1124** ਤਕ ਚਲਦੇ ਹਨ।

**1125** ਅੰਗ 'ਤੇ ਰਾਗ ਭੈਰਵ ਸ਼ੁਰੂ ਹੋ ਜਾਂਦਾ ਹੈ। ਇਸ ਵਿਚ ਪਹਿਲੀ, ਤੀਜੀ, ਚੌਥੀ ਅਤੇ ਪੰਜਵੀਂ ਪਾਤਸ਼ਾਹੀ ਦੀ ਬਾਣੀ ਅੰਕਿਤ ਹੈ। ਭਗਤਾਂ ਵਿਚੋਂ ਭਗਤ ਕਬੀਰ ਜੀ, ਭਗਤ ਨਾਮਦੇਵ ਅਤੇ ਭਗਤ ਰਵਿਦਾਸ ਜੀ ਦੀ ਬਾਣੀ ਅੰਕਿਤ ਹੈ। ਰਾਗ ਭੈਰਉ **1125** ਤੋਂ **1167** ਅੰਗ ਤਕ ਚਲਦਾ ਹੈ। **1168** ਅੰਗ 'ਤੇ ਰਾਗ ਬਸੰਤ ਸ਼ੁਰੂ ਹੁੰਦਾ ਹੈ। ਰਾਗ ਬਸੰਤ ਦੇ ਵਿਚ ਪਹਿਲੀ ਅਤੇ ਤੀਜੀ ਪਾਤਸ਼ਾਹੀ ਦੀ ਬਾਣੀ ਅੰਕਿਤ ਹੈ। ਚੌਥੇ ਤੇ ਪੰਜਵੇਂ ਪਾਤਸ਼ਾਹ ਦੀ ਬਾਣੀ ਵੀ ਮਿਲਦੀ ਹੈ। ਰਾਗ ਬਸੰਤ ਵਿਚ ਭਗਤ ਕਬੀਰ, ਭਗਤ ਰਵਿਦਾਸ, ਭਗਤ ਨਾਮਦੇਵ ਅਤੇ ਭਗਤ ਰਾਮਾਨੰਦ ਦੀ ਬਾਣੀ ਅੰਕਿਤ ਹੈ। ਇਹ **1168** ਤੋਂ **1196** ਅੰਗ ਤਕ ਚਲਦੇ ਹਨ। **1197** ਅੰਗ ਤੋਂ ਰਾਗ ਸਾਰੰਗ ਆਰੰਭ ਹੁੰਦਾ ਹੈ। ਇਸ ਵਿਚ ਪਹਿਲੀ, ਚੌਥੀ, ਪੰਜਵੀਂ ਅਤੇ ਨੌਵੀਂ ਪਾਤਸ਼ਾਹੀ ਦੀ ਬਾਣੀ ਅੰਕਿਤ ਹੈ। ਭਗਤ ਕਬੀਰ ਜੀ, ਭਗਤ ਨਾਮਦੇਵ, ਭਗਤ ਪਰਮਾਨੰਦ ਤੇ ਭਗਤ ਸੂਰਦਾਸ ਜੀ ਦੀ ਬਾਣੀ ਵੀ ਮਿਲਦੀ ਹੈ। ਸਾਰੰਗ ਰਾਗ **1197** ਅੰਗ ਤੋਂ **1253** ਅੰਗ ਤਕ ਚਲਦੇ ਹਨ। **1254** ਅੰਗ ਤੇ ਰਾਗ ਮਲ੍ਹਾਰ ਆਰੰਭ ਹੁੰਦਾ ਹੈ। ਇਸ ਵਿਚ ਪਹਿਲੀ, ਤੀਜੀ, ਚੌਥੀ ਤੇ ਪੰਜਵੀਂ ਪਾਤਸ਼ਾਹੀ ਦੀ ਬਾਣੀ ਅੰਕਿਤ ਹੈ। ਰਾਗ ਮਲ੍ਹਾਰ **1254** ਤੋਂ **1293** ਅੰਗ ਤਕ ਚਲਦੇ ਹਨ। **1294** ਅੰਗ ਤੋਂ ਰਾਗ ਕਾਨੜਾ ਚਲਦਾ ਹੈ। ਇਸ ਵਿਚ ਚੌਥੀ ਤੇ ਪੰਜਵੀਂ ਪਾਤਸ਼ਾਹੀ ਦੀ ਬਾਣੀ ਸ਼ਾਮਲ ਹੈ। ਇਸ ਵਿਚ ਭਗਤ ਨਾਮਦੇਵ ਜੀ ਦੀ ਬਾਣੀ ਸ਼ਾਮਲ ਹੈ। ਗੁਰੂ ਨਾਨਕ ਦੇਵ, ਗੁਰੂ ਅੰਗਦ ਦੇਵ ਤੇ ਨੌਵੀਂ ਪਾਤਸ਼ਾਹੀ ਦੀ ਬਾਣੀ ਇਸ ਰਾਗ ਵਿਚ ਨਹੀਂ ਹੈ। ਇਸ ਤੋਂ ਅਗੇ **1319** ਅੰਗ ਤੋਂ ਰਾਗ ਕਲਿਆਣ ਆਰੰਭ ਹੁੰਦੇ ਹਨ। ਇਸ ਵਿਚ ਚੌਥੀ ਤੇ ਪੰਜਵੀਂ ਪਾਤਸ਼ਾਹੀ ਦੀ ਬਾਣੀ ਸ਼ਾਮਲ ਹੈ। ਇਸ ਰਾਗ ਵਿਚ ਭਗਤਾਂ ਦੀ ਬਾਣੀ ਸ਼ਾਮਲ ਨਹੀਂ ਹੈ। ਨੌਵੇਂ ਪਾਤਸ਼ਾਹ ਨੇ ਰਾਗ ਕਲਿਆਣ ਵਿਚ ਬਾਣੀ ਨਹੀਂ ਰਚੀ । **1319** ਤੋਂ ਲੈ ਕੇ **1326** ਅੰਗ ਤਕ ਰਾਗ ਕਲਿਆਣ ਚਲਦੇ ਹਨ। **1327** ਅੰਗ ਤੇ ਰਾਗ ਪ੍ਰਭਾਤੀ ਆਰੰਭ ਹੁੰਦੇ ਹਨ। ਇਸ ਵਿਚ ਪਹਿਲੇ ਮਹਲੇ, ਤੀਜੇ ਮਹਲੇ ਗੁਰੂ ਅਮਰਦਾਸ, ਕਬੀਰ ਜੀਓ, ਭਗਤ ਨਾਮਦੇਵ ਤੇ ਭਗਤ ਬੇਣੀ ਜੀ ਦੀ ਬਾਣੀ ਵੀ ਸ਼ਾਮਲ ਹੈ। ਇਹ ਰਾਗ **1351** ਅੰਗ ਤਕ ਚਲਦੇ ਹਨ। ਰਾਗਾਂ ਵਿਚ ਇਸ ਤੋਂ ਬਾਅਦ ਰਾਗ ਜੈਜਾਵੰਤੀ ਹਨ। **1352** ਅੰਗ ਤਕ ਤਕਰੀਬਨ ਇਕ ਅੰਗ ਦੀ ਬਾਣੀ ਹੈ। ਇਹ ਨੌਵੇਂ ਪਾਤਸ਼ਾਹ ਦੀ ਬਾਣੀ ਹੈ। ਇਸ ਨੂੰ **31**ਵਾਂ ਰਾਗ ਵੀ ਕਿਹਾ ਜਾਂਦਾ ਹੈ।

ਇਸ ਤੋਂ ਅਗੇ ਸ਼ਲੋਕ ਸ਼ੁਰੂ ਹੁੰਦੇ ਹਨ। ਇਨ੍ਹਾਂ ਵਿਚ ਸ਼ਲੋਕ, ਸਹਸਕ੍ਰਿਤੀ, ਫੁਨਹੇ, ਗਾਥਾ ਅਤੇ ਚਉਬੋਲੇ ਸ਼ਾਮਿਲ ਹਨ। ਇਹ **1363** ਅੰਗ ਤਕ ਚਲਦੇ ਹਨ। ਭਗਤ ਕਬੀਰ ਜੀ ਦੇ ਸ਼ਲੋਕ **1364** ਅੰਗ ਤੋਂ ਸ਼ੁਰੂ ਹੁੰਦੇ ਹਨ, ਇਹ **1364** ਤੋਂ ਲੈ ਕੇ **1377** ਅੰਗ ਤਕ ਚਲਦੇ ਹਨ। **1377** ਅੰਗਵ" ਤੋਂ ਸ਼ੇਖ਼ ਫ਼ਰੀਦ ਜੀ ਦੇ ਸ਼ਲੋਕ ਸ਼ੁਰੂ ਹੁੰਦੇ ਹਨ। **1377** ਤੋਂ **1384** ਤਕ **7** ਅੰਗ ਹਨ। ਇਸ ਤੋਂ ਬਾਅਦ ਤੀਜੇ ਤੇ ਚੌਥੇ ਮਹਲੇ ਦੇ ਸਵਈਏ ਹਨ ਤੇ ਸ਼ਲੋਕ, ਵਾਰਾਂ ਤੇ ਵਧੀਕ **1410** ਤੋਂ ਸ਼ੁਰੂ ਹੁੰਦੇ ਹਨ ਤੇ ਮਹਲੇ ਤੀਜੇ ਦੇ **1413** ਅੰਗ 'ਤੇ ਹਨ, ਪੰਜਵੇਂ ਮਹਲੇ ਦੇ ਸ਼ਲੋਕ **1421** ਅੰਗ ਤੋਂ **1424** ਅੰਗ ਤਕ ਇਹ ਬਾਣੀ ਚਲਦੀ ਹੈ। ਪੰਜਵੇਂ ਪਾਤਸ਼ਾਹ ਦੇ ਸ਼ਲੋਕ **1425** ਅਤੇ **1426** 'ਤੇ ਹਨ। **1426** ਅੰਗ 'ਤੇ ਨੌਵੇਂ ਪਾਤਸ਼ਾਹ ਦੇ ਸ਼ਲੋਕ ਹਨ, ਜਿਨ੍ਹਾਂ ਨੂੰ ਅਸੀਂ ਭੋਗ ਦੇ ਸ਼ਲੋਕ ਵੀ ਕਹਿੰਦੇ ਹਾਂ। ਇਹ ਨੌਵੇਂ ਪਾਤਸ਼ਾਹ ਦੀ ਬਾਣੀ ਹੈ ਤੇ ਫਿਰ ਮੁੰਦਾਵਣੀ ਮਹਲਾ ਪੰਜਵਾਂ ਤੇ ਅਖ਼ੀਰ ਵਿਚ ਰਾਗ ਮਾਲਾ ਹੈ। ਜੋ ਇਹ ਰਾਗਾਂ ਬਾਰੇ ਚਰਚਾ ਕੀਤੀ ਹੈ ਇਸ ਵਿਚ ਕੋਈ ਭੁਲ ਵੀ ਹੋ ਸਕਦੀ ਹੈ। ਇਹ ਬਹੁਤ ਹੀ ਪਵਿਤਰ, ਸੰਪੂਰਨ ਤੇ ਪ੍ਰਤਖ ਹੈ। **1429** ਤੋਂ ਰਾਗ ਮਾਲਾ ਚਲਦੀ ਹੈ। **1430** ਸੰਪੂਰਨ ਅੰਗ ਹਨ। **1430** ਅੰਗ ਤਕ ਸੰਪੂਰਨ ਬਾਣੀ ਜੋ ਸਮਰਥ ਗੁਰੂ ਦੀ ਜੋਤ ਹੈ, ਇਹ ਉਸ ਦਾ ਵੇਰਵਾ ਹੈ।


Academy of the Punjab in North America: http://www.apnaorg.com

# ਸ਼ਸਤਰ ਅਤੇ ਸ਼ਾਸਤਰ

ਧਰਮ ਰਾਜ ਤੇ ਤਾਂ ਹੀ ਹੋ ਸਕਦਾ ਹੈ ਜੇ ਰਾਜਾ ਧਰਮੀ ਹੋਵੇ। ਲੇਕਿਨ 'ਰਾਜ ਬਿਨਾ ਨਾ ਧਰਮ ਚਲੇ ਹੈ' ਰਾਜਾ ਨਹੀਂ, ਅਨੁਸ਼ਾਸ਼ਨ ਨਹੀਂ, ਕਾਨੂੰਨ ਨਹੀਂ, ਤਾਂ ਕਿਸੇ ਦੇਸ਼ ਕੌਮ ਵਿਚ ਧਰਮ ਤਾਂ ਕੀ, ਕੋਈ ਕਾਰੋਬਾਰ ਵੀ ਨਹੀਂ ਚਲ ਸਕਦਾ। ਜੇਕਰ ਰਾਜਾ ਹੈ ਲੇਕਿਨ ਰਾਜਾ ਧਰਮੀ ਨਹੀਂ ਤਾਂ 'ਧਰਮ ਬਿਨਾ ਸਭ ਦਲੇ ਮਲੇ ਹੈ'। ਜਿਸ ਰਿਸ਼ਤੇ ਵਿਚ ਧਰਮ ਨਹੀਂ ਉਹ ਰਿਸ਼ਤੇ ਦੁਖਾਂਤ ਵਿਚ ਬਦਲ ਜਾਂਦੇ, ਜਿਸ ਪਰਵਾਰ ਦਾ ਮੁਖੀਆ ਧਰਮ ਨਹੀਂ ਨਿਭਾਉਂਦਾ ਉਹ ਪਰਵਾਰ ਟੁਟ ਜਾਂਦੇ ਨੇ। ਆਦਰਸ਼ ਜੀਵਨ ਜੀਣ ਲਈ ਧਰਮੀ ਰਾਜਿਆਂ ਦੀ ਲੋੜ ਹੈ। ਸਮਾਜ ਨੂੰ ਸੇਧ ਮਿਲਣੀ ਜ਼ਰੂਰੀ ਹੈ,

ਲੇਕਿਨ ਜੇ ਸੇਧ ਸਹੀ ਨਹੀਂ ਤਾਂ ਕਿਧਰ ਜਾਊ ਸਮਾਜ ? ਸਤਿਕਾਰ ਤਾਂ ਵਡਿਆਂ ਦਾ ਹੀ ਕਰੀਦਾ ਹੈ, ਇਸ ਲਈ ਵਡੇ ਦਾ ਹੋਣਾ ਜ਼ਰੂਰੀ ਹੈ। ਰਾਜ ਹੋਊ ਕਿਸੇ ਦਾ, ਤਾਂ ਹੀ ਤਾਂ ਉਸਦਾ ਲੋਕ ਸਤਿਕਾਰ ਕਰਨਗੇ। ਰਾਜਾ ਜੇ ਪਰਜਾ ਨੂੰ ਪਿਆਰ ਨਾ ਕਰੇ ਤਾਂ ਉਹ ਕਿਸ ਤਰ੍ਹਾਂ ਰਾਜ ਕਰ ਸਕਦਾ ਹੈ। ਇਸ ਲਈ ਭਓ ਅਤੇ ਭਾਓ ਦੋਹਾਂ ਦੀ ਹੀ ਲੋੜ ਹੈ। ਰਾਜਾ ਨਹੀਂ ਤਾਂ ਪਰਜਾ ਕਾਹਦੀ, ਪਰਜਾ ਨਹੀਂ ਤਾਂ ਰਾਜਾ ਕਾਹਦਾ। ਸ਼ਸਤਰ ਅਤੇ ਸ਼ਾਸਤਰ ਦੀ ਇਕ ਦੂਜੇ ਦੇ ਬਿਨਾਂ ਕੋਈ ਕੀਮਤ ਹੀ ਨਹੀਂ। ਸ਼ਸਤਰ ਸਹੀ ਨਹੀਂ ਜਾਂ ਸ਼ਾਸਤਰ ਨੁਕਸਦਾਰ ਹੈ ਤਾਂ ਯਕੀਨ ਕਰਿਓ ਟਕਰਾਓ ਹੋ ਜਾਵੇਗਾ। ਟਕਰਾਓ ਵਿਚ ਜਿਤ ਭਾਵੇਂ ਕਿਸੇ ਦੀ ਵੀ ਹੋਵੇ, ਲੇਕਿਨ ਬਰਬਾਦੀ ਜ਼ਰੂਰ ਹੋਵੇਗੀ। ਭਓ ਅਤੇ ਭਾਓ ਮਿਲਾਪ ਦੇ ਵਿਚ ਹੀ ਵਿਚਰ ਸਕਦੇ ਹਨ। ਸ਼ਸਤਰ ਅਤੇ ਸ਼ਾਸਤਰ ਦੀ ਆਪਸੀ ਨਿਰਭਰਤਾ ਹੀ ਤਾਂ ਇਨਸਾਨੀ ਜੀਵਨ ਦੀ ਮਰਿਯਾਦਾ ਹੈ।

ਮਰਿਯਾਦਾ ਪਰਸ਼ੋਤਮ ਰਾਜਾ ਰਾਮ ਆਪਣਾ ਧਰਮ ਨਿਭਾਉਣ ਵਾਸਤੇ ਰਾਜ ਭਾਗ ਤਿਆਗ ਕੇ ਬਨਵਾਸੀ ਹੋ ਜਾਵੇ, ਰਬ ਵਰਗਾ ਜੀਵਨ ਜੀਊਣ ਦਾ ਇਰਾਦਾ ਹੋਵੇ ਤਾਂ ਵੀ ਸ਼ਸਤਰ ਦਾ ਹੋਣਾ ਲਾਜ਼ਮੀ ਹੈ। ਰਾਮ ਨੂੰ ਵੀ ਬਾਲੀ ਵਰਗੇ ਬਲਵਾਨ ਨਾਲ ਨਜਿਠਣ ਲਈ ਤੀਰਾਂ ਦੀ ਜ਼ਰੂਰਤ ਪੈਂਦੀ ਹੈ। ਰਾਵਣ ਵਰਗਾ ਹੰਕਾਰੀ ਜੇ ਬੇਹੂਦਾ ਹਰਕਤ ਕਰਦਾ ਹੈ ਤਾਂ ਹਥਿਆਰਾਂ ਤੋਂ ਬਿਨਾ ਤਾਂ ਉਸ ਨਾਲ ਗਲ ਕਰਨੀ ਵੀ ਔਖੀ ਸੀ। ਤਾਹੀਓਂ ਤਾਂ ਰਾਮ ਵਰਗੇ ਰਾਜੇ ਨੂੰ ਵੀ ਤੀਰ ਕਮਾਨ ਦੀ ਵਰਤੋਂ ਕਰਨੀ ਪਈ। ਦੇਸ਼ ਤੇ ਰਾਜ ਕਰਦਾ ਹੋਵੇ ਜਾਂ ਦਿਲਾਂ ਤੇ ਲੇਕਿਨ ਰਾਮ ਵਰਗੇ ਰਾਜੇ ਨੂੰ ਵੀ ਹਰ ਵਕਤ ਤੀਰ ਕਮਾਨ ਨਾਲ ਰਖਣੇ ਪੈਣਗੇ। ਸ਼ਾਸਤਰ ਸ਼ਸਤਰ ਤੋਂ ਬਿਨਾਂ ਇਕ ਕਦਮ ਵੀ ਨਹੀਂ ਚਲ ਸਕਦਾ। ਜੇ ਧਰਮੀ ਰਾਜਾ ਆਪਣੀ ਹਿਫ਼ਾਜ਼ਤ ਨਹੀਂ ਕਰ ਸਕਦਾ ਤਾਂ ਹੋਰ ਕਿਸੇ ਨੂੰ ਕੀ ਬਚਾ ਸਕਦਾ ਹੈ ? ਭਗਵਾਨ ਕ੍ਰਿਸ਼ਨ ਮਹਾਂਭਾਰਤ ਦੇ ਯੁੱਧ ਵਿਚ ਹਥਿਆਰ ਨਹੀਂ ਚੁਕਦੇ, ਲੇਕਿਨ ਇਸ ਯੁੱਧ ਦੇ ਸਭ ਤੋਂ ਵਧ ਤਾਕਤਵਰ ਅਰਜਨ ਦੇ ਰਥਵਾਨ ਬਣ ਕੇ ਭਲਾ ਕੀ ਦਸਣਾ ਚਾਹੁੰਦੇ ਹਨ, ਬਲਕਿ ਹਥਿਆਰ ਚੁਕਣਾ ਹੀ ਅਰਜਨ ਦਾ ਧਰਮ ਹੈ, ਇਹ ਹੀ ਗੀਤਾ ਦਾ ਉਪਦੇਸ਼ ਹੈ। ਸ਼ਿਸ਼ੂਪਾਲ ਦੇ ਭਾਵੇਂ ਨੜ੍ਹਿਨਵੇਂ ਗੁਨਾਹ ਕ੍ਰਿਸ਼ਨ ਨੇ ਮੁਆਫ਼ ਕਰ ਦਿਤੇ ਲੇਕਿਨ ਆਖ਼ਿਰ ਚਕਰ ਚਲਾਉਣਾ ਹੀ ਪਿਆ। ਅਨੁਸਾਸ਼ਨ ਬਰਕਰਾਰ ਰਖਣ ਵਾਸਤੇ ਹਥਿਆਰ ਜ਼ਰੂਰੀ ਹੈ। ਅਨੁਸਾਸ਼ਨ ਵਿਚ ਰਹਿਣਾ ਵੀ ਧਰਮ ਹੈ ਤੇ ਅਨੁਸਾਸ਼ਨ ਵਿਚ ਰਖਣਾ ਵੀ ਧਰਮ ਹੈ। ਧਰਮ ਕਾਇਮ ਰਖਣ ਵਾਸਤੇ ਹਥਿਆਰ ਜ਼ਰੂਰੀ ਹੈ ਲੇਕਿਨ ਹਥਿਆਰ ਦੀ ਵਰਤੋਂ ਕਰਨ ਵਾਲਾ ਜੇ ਧਾਰਮਕ ਹੋਵੇ ਤਾਂ ਹੀ ਸਹੀ ਹੈ ਤੇ ਜੋ ਸਹੀ ਨਹੀਂ ਉਹ ਧਾਰਮਕ ਕਿਵੇਂ ਹੋ ਸਕਦਾ ਹੈ ?

ਧਾਰਮਕ ਲੋਕ ਆਮ ਤੌਰ ਤੇ ਜੀਵ ਹਤਿਆ ਦੇ ਹਾਮੀ ਨਹੀਂ ਹੁੰਦੇ, ਲੇਕਿਨ ਕੁਝ ਜੀਵ ਅਸੀਂ ਅਚੇਤ ਤੌਰ ਤੇ ਹੀ ਮਾਰਦੇ ਹਾਂ। ਸਾਹ ਨਾਲ ਅਸੀਂ ਕਿੰਨੇ ਜੀਵ ਅੰਦਰ ਲੈ ਜਾਂਦੇ ਹਾਂ, ਸਾਨੂੰ ਪਤਾ ਹੀ ਨਹੀਂ ਚਲਦਾ। 'ਆਸਾ ਦੀ ਵਾਰ' ਵਿਚ ਗੁਰੂ ਨਾਨਕ ਲਿਖਦੇ ਹਨ, 'ਜੇਤੇ ਦਾਣੇ ਅੰਨ ਕੇ, ਜੀਆਂ ਬਾਝੁ ਨਾ ਕੋਇ ॥' (472) । ਬੋਧੀਆਂ ਤੇ



Academy of the Punjab in North America: http://www.apnaorg.com

ਜੈਨੀਆਂ ਨੂੰ ਤਾਂ ਫਿਰ ਕਣਕ ਵੀ ਨਹੀਂ ਖਾਣੀ ਬਣਦੀ। ਹਰ ਹਥਿਆਰ ਹਤਿਆ ਨਹੀਂ ਕਰਦਾ। ਧਰਮ ਬਚਾਉਣ ਖ਼ਾਤਰ ਗੁਰੂ ਗੋਬਿੰਦ ਸਿੰਘ ਜੀ ਜੇ ਤਲਵਾਰ ਦੀ ਵਰਤੋਂ ਕਰਦੇ ਹਨ ਤਾਂ ਨਾਨਕ ਸ਼ਬਦ ਨੂੰ ਹਥਿਆਰ ਬਣਾਉਂਦੇ ਹਨ। ਹਾਥੀ ਤੋਂ ਜਾਨ ਬਚਾਉਣ ਲਈ ਜੇ ਕੋਈ ਕੁਝ ਵੀ ਚੁਕ ਕੇ ਹਾਥੀ ਦੇ ਸਿਰ ਵਿਚ ਮਾਰੇ ਤੇ ਹਾਥੀ ਹੋਰ ਪਾਸੇ ਮੁੜ ਜਾਵੇ ਤਾਂ ਉਹੀ ਸਾਧਨ ਹੀ ਸਭ ਤੋਂ ਵਡਾ ਹਥਿਆਰ ਹੋਇਆ। ਆਪਣੇ ਬਚਾਓ ਵਾਸਤੇ, ਧਰਮ ਦੇ ਬਚਾਓ ਵਾਸਤੇ ਸ਼ਸਤਰ ਲਾਜ਼ਮੀ ਹੈ। ਖ਼ਾਲਸੇ ਕੋਲ ਜੇ ਕ੍ਰਿਪਾਨ ਨਹੀਂ ਤਾਂ ਉਹ ਆਪਣੇ ਧਰਮ ਦੀ ਤੇ ਆਪਣੀ ਹਿਫ਼ਾਜ਼ਤ ਨਹੀਂ ਕਰ ਸਕਦਾ। ਸ਼ਸਤਰ ਤੋਂ ਬਿਨਾਂ ਖ਼ਾਲਸਾ ਕਹਿਣਾ ਜਾਂ ਕਹਾਉਣਾ ਜਚਦਾ ਹੀ ਨਹੀਂ। ਬਲਕਿ ਕੋਈ ਧਰਮ, ਕੋਈ ਵੀ ਦੇਸ਼, ਕੋਈ ਵੀ ਕੌਮ ਸ਼ਸਤਰ ਤੋਂ ਬਿਨਾ ਜੀਵਤ ਨਹੀਂ ਰਹਿ ਸਕਦੀ। ਵਧੀਆ ਤੋਂ ਵਧੀਆ ਹਥਿਆਰ ਰਖਣੇ ਕਿਸੇ ਵੀ ਦੇਸ਼ ਧਰਮ ਦੇ ਖ਼ਿਲਾਫ਼ ਨਹੀਂ ਹੁੰਦੇ ਲੇਕਿਨ ਵਧੀਆ ਹਥਿਆਰ ਵਧੀਆ ਤਰੀਕੇ ਨਾਲ ਵਰਤਣੇ ਹੀ ਸਾਡਾ ਧਰਮ ਹੈ।

**ਅਨੁਸਾਸ਼ਨ ਬਰਕਰਾਰ ਰਖਣ ਵਾਸਤੇ ਹਥਿਆਰ ਜ਼ਰੂਰੀ ਹੈ। ਅਨੁਸਾਸ਼ਨ ਵਿਚ ਰਹਿਣਾ ਵੀ ਧਰਮ ਹੈ ਤੇ ਅਨੁਸਾਸ਼ਨ ਵਿਚ ਰਖਣਾ ਵੀ ਧਰਮ ਹੈ।**


Academy of the Punjab in North America: http://www.apnaorg.com

# ਦਸਮ ਗ੍ਰੰਥ

ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਨੌਂ ਸਾਲ ਦੀ ਉਮਰ ਵਿਚ ਨੌਂਵੇਂ ਪਾਤਸ਼ਾਹ ਦੀ ਸ਼ਹੀਦੀ ਤੋਂ ਬਾਅਦ ਗੁਰੂ ਨਾਨਕ ਦੀ ਗਦੀ ਨੂੰ ਸੰਭਾਲਿਆ। ਪਿਤਾ ਧਰਮ ਦੀ ਖ਼ਾਤਰ ਵਾਰਿਆ, ਪੁਤਰ ਵਾਰੇ। ਧਰਮ ਦੀ ਖ਼ਾਤਰ ਜਿੰਨੀਆਂ ਕੁਰਬਾਨੀਆਂ ਗੁਰੂ ਸਾਹਿਬ ਨੇ ਦਿਤੀਆਂ, ਇਸਦੀ ਮਿਸਾਲ ਦੁਨੀਆ ਦੇ ਤਖ਼ਤੇ ਤੇ ਕਿਧਰੇ ਨਹੀਂ ਮਿਲਦੀ। ਨੌਂਵੇਂ ਗੁਰੂ ਦੀ ਬਾਣੀ ਨੂੰ ਸ੍ਰੀ ਗੁਰੂ ਆਦਿ ਗ੍ਰੰਥ ਵਿਚ ਸ਼ਾਮਿਲ ਕਰਕੇ ਗੁਰੂ ਦੀ ਗਦੀ, ਗੁਰੂ ਨਾਨਕ ਦੀ ਗਦੀ ਹਮੇਸ਼ਾਂ ਹਮੇਸ਼ਾ ਲਈ ਸ਼ਬਦ ਪ੍ਰਕਾਸ਼ ਨਾਲ ਜਗਮਗ ਜਗਮਗ ਕਰ ਦਿਤੀ। ਖ਼ਾਲਸੇ ਦਾ ਪ੍ਰਕਾਸ਼ ਆਪਣੇ ਕਰ ਕਮਲਾਂ ਨਾਲ ਕੀਤਾ। ਜ਼ੁਲਮ ਦਾ ਤੇ ਜ਼ਾਲਮ ਦਾ ਡਟ ਕੇ ਮੁਕਾਬਲਾ ਕੀਤਾ। ਇਹ ਸਭ ਕੁਝ ਕਰਨ ਦੇ ਨਾਲ-ਨਾਲ ਗੁਰੂ ਪਿਤਾ ਨੇ ਬਹੁਤ ਸਾਰੀਆਂ ਸਾਹਿਤਕ ਸਰਗਰਮੀਆਂ ਵੀ ਕੀਤੀਆਂ। ਪਰਮਾਤਮਾ ਜਾਣੇ ਕਿਉਂ, ਪਰ ਗੁਰੂ ਗ੍ਰੰਥ ਸਾਹਿਬ ਵਿਚ ਕੋਈ ਆਪਣੀ ਰਚਨਾ ਅੰਕਿਤ ਨਹੀਂ ਕੀਤੀ। ਜਿੰਨੇ ਵਿਦਵਾਨ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ ਸਨ, ਓਨੇ ਸ਼ਾਇਦ ਕਿਸੇ ਵੀ ਰਾਜੇ ਮਹਾਰਾਜੇ ਦੇ ਦਰਬਾਰ ਵਿਚ ਨਹੀਂ ਹੋਏ।

ਦਸਮ ਗ੍ਰੰਥ ੧੪੨੭ ਅੰਗਾਂ ਦਾ ਗ੍ਰੰਥ ਹੈ। ਦਸਮ ਗ੍ਰੰਥ ਦੀ ਬਾਣੀ ਦੇ ਬਾਰੇ ਬਹੁਤ ਸਾਰੇ ਵਾਦ-ਵਿਵਾਦ ਚਲੇ , ਅਜ ਵੀ ਚਲ ਰਹੇ ਹਨ। ਲੇਕਿਨ ਵਾਦ-ਵਿਵਾਦ ਕਰਨ ਵਾਲਿਆਂ ਦਾ ਦੁਖਾਂਤ ਵੀ ਉਹ ਹੀ ਹੈ ਜੋ ਸ੍ਰੀ ਗੁਰੂ ਆਦਿ ਗ੍ਰੰਥ ਬਾਰੇ ਅਖੌਤੀ ਵਿਦਵਾਨਾਂ ਨੇ ਪਿਛਲੇ ਵੀਹ ਕੁ ਸਾਲਾਂ ਤੋਂ ਚਿੰਜੜੀ ਛੇੜ ਰਖੀ ਹੈ। ਸ੍ਰੀ ਗੁਰੂ ਆਦਿ ਗ੍ਰੰਥ ਦੀ ਬਾਣੀ ਕਿਵੇਂ ਅਤੇ ਕਿੱਥੋਂ ਕਿਥੋਂ ਇਕਠੀ ਕੀਤੀ ਗਈ ? ਸ੍ਰੀ ਗੁਰੂ ਆਦਿ ਗ੍ਰੰਥ ਦਾ ਪ੍ਰਕਾਸ਼ ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਨੇ ਆਪ ਕਰਵਾਇਆ। ਤਕਰੀਬਨ ਅਧੀ ਬਾਣੀ ਤਾਂ ਗੁਰੂ ਅਰਜਨ ਦੇਵ ਜੀ ਦੀ ਆਪ ਲਿਖੀ ਹੋਈ ਹੈ। ਦੂਸਰੀ ਗਲ ਕਿ ਜੇ ਗੁਰੂ ਅਰਜਨ ਦੇਵ ਜੀ ਗੁਰੂ ਨਾਨਕ ਦੀ ਗੁਰਗਦੀ ਸੰਭਾਲ ਸਕਦੇ ਸਨ ਤਾਂ ਯਕੀਨਨ ਉਹ ਨਾਨਕ ਬਾਣੀ ਵੀ ਸੰਭਾਲ ਸਕਦੇ ਸਨ। 'ਬਾਣੀ ਗੁਰੂ ਗੁਰੂ ਹੈ ਬਾਣੀ' ਗੁਰੂ ਨਾਨਕ ਦੀ ਜੋਤ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਜੋਤ ਵਿਚ ਜੇ ਅੰਤਰ ਹੀ ਨਹੀਂ ਤਾਂ ਫਿਰ ਸਵਾਲ ਕਿਸ ਗਲ ਦਾ ? ਮਕਲਿਓਡ ਅਤੇ ਉਸਦੇ ਚੇਲੇ ਬਾਲਕੇ, ਖ਼ਾਸ ਕਰਕੇ ਪਿਆਰ ਸਿੰਘ, ਪਸ਼ੌਰਾ ਸਿੰਘ ਅਤੇ ਗੁਰਿੰਦਰ ਸਿੰਘ ਮਾਨ ਆਪਣੇ ਆਪ ਨੂੰ ਗੁਰੂ ਅਰਜਨ ਦੇਵ ਜੀ ਤੋਂ ਵਧ ਸਮਝਦਾਰ ਸਮਝਦੇ ਹੋਏ ਲਿਖਣ ਦਾ ਯਤਨ ਕਰਦੇ ਹਨ ਕਿ ਬਾਣੀ ਕਿਥੋਂ ਤੇ ਕਿਵੇਂ ਇਕਤਰ ਕੀਤੀ ਗਈ। ਹਰਸਹਾਏ ਵਾਲੀਆਂ ਪੋਥੀਆਂ ਅਤੇ ਗੋਇੰਦਵਾਲ ਵਾਲੀਆਂ ਪੋਥੀਆਂ ਵਿਚ ਬਾਣੀ ਜ਼ਰੂਰ ਹੈ ਲੇਕਿਨ ਇਹਨਾਂ ਪੋਥੀਆਂ ਦੀ ਸੰਪਾਦਨਾ ਗੁਰੂ ਸਾਹਿਬਾਂ ਦੀ ਬਜਾਏ ਗੁਰੂ ਪਿਆਰਿਆਂ ਨੇ ਕੀਤੀ। ਸਿਮਰਤੀਆਂ 'ਚੋਂ ਇਕਤਰ ਹੋਈ ਬਾਣੀ ਵਿਚ ਕਿਸੇ ਪ੍ਰਕਾਰ ਦੀ ਤਰੁਟੀ ਰਹਿ ਜਾਣੀ ਸੁਭਾਵਿਕ ਹੈ। ਬਾਣੀ ਦਾ ਸਿਮਰਣ ਕਰਨ ਵਾਲੇ ਮਹਾਂਪੁਰਖ ਧੰਨਤਾ ਦੇ ਪਾਤਰ ਹਨ, ਲੇਕਿਨ ਜੇ ਕੋਈ ਕਹੇ ਸਿਮਰਣ ਕਰਨ ਵਾਲੇ ਗੁਰੂ ਤੋਂ ਜ਼ਿਆਦਾ ਸਮਝਦਾਰ ਹਨ ਤਾਂ ਫਿਰ ਉਸਨੂੰ ਭਲਾ ਕੀ ਜਵਾਬ ਦੇਈਏ ?

ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਜੋ ਕਿ ਦਸਮ ਗ੍ਰੰਥ ਵਿਚ ਉਪਲਬਧ ਹੈ, ਵਿਦਵਾਨ ਗੁਰ ਦਰਬਾਰ ਵਿਚ ਪੜ੍ਹਿਆ ਸੁਣਿਆ ਕਰਦੇ। ਜਿਵੇਂ ਬਾਕੀ ਗੁਰੂ ਸਾਹਿਬਾਂ ਦੀ ਅਤੇ ਭਗਤ-ਜਨਾਂ ਦੀ ਬਾਣੀ ਵਿਦਵਾਨਾਂ ਨੂੰ ਜ਼ਬਾਨੀ ਯਾਦ ਸੀ, ਓਸੇ ਤਰ੍ਹਾਂ ਹੀ ਦਸਮ ਪਾਤਸ਼ਾਹ ਦੀ ਬਾਣੀ ਵੀ ਵਿਦਵਾਨਾਂ ਨੂੰ ਜ਼ਬਾਨੀ ਯਾਦ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਮੁਚੀ ਬਾਣੀ ਜਾਂ ਤਾਂ ਪੰਜਵੇਂ ਪਾਤਸ਼ਾਹ ਨੇ ਤੇ ਜਾਂ ਫਿਰ ਦਸਵੇਂ ਪਾਤਸ਼ਾਹ ਨੇ ਪ੍ਰਕਾਸ਼ ਕਰਵਾਈ। ਇਸ ਵਿਚ ਕਿਸੇ ਕਿਸਮ ਦੀ ਭੁਲ ਹੋ ਜਾਣ ਦਾ ਕੋਈ ਕਾਰਣ ਹੀ ਨਹੀਂ ਬਣਦਾ। ਇਕ ਵਿਵਾਦ ਸੁਣਨ ਵਿਚ ਜ਼ਰੂਰ ਆਇਆ ਸੀ ਕਿ ਦਸਵੇਂ ਪਾਤਸ਼ਾਹ ਬਰਾਬਰਤਾ ਨਹੀਂ ਸੀ ਕਰਨਾ ਚਾਹੁੰਦੇ, ਇਸ ਲਈ ਇਕ ਕੰਨੇ ਦਾ ਫ਼ਰਕ ਪਾ ਦਿਤਾ। ਪਹਿਲੀ ਗਲ ਤਾਂ ਗੁਰੂ ਨਾਨਕ ਦੇਵ ਜੀ ਦੀ ਬਾਣੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਤਲਵਾਰ ਵਿਚ ਹੀ ਕੋਈ


Academy of the Punjab in North America: http://www.apnaorg.com

ਅੰਤਰ ਨਹੀਂ ? ਗੁਰੂ ਨਾਨਕ ਦੇਵ ਜੀ ਅਤੇ ਦਸਵੀਂ ਜੋਤ ਵਿਚ ਨਾ-ਬਰਾਬਰਤਾ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ। ਦੂਜੀ ਗਲ ਕਿ ਖ਼ਾਲਸਾ ਲਫ਼ਜ਼ ਤਾਂ ਚਿਰੋਕਣਾ ਪਹਿਲਾਂ ਲਿਖਿਆ ਵੀ ਮਿਲਦਾ ਹੈ। ਤੀਸਰੀ ਗਲ ਕਿ 'ਕਹੁ ਕਬੀਰ ਜਨ ਭਏ ਖਾਲਸੇ' ਦੀ ਜਗਾਹ ਕੰਨਾ ਬਦਲ ਕੇ ਦੇਖੋ ਕੋਈ ਅਰਥ ਹੀ ਨਹੀਂ ਬਣਦਾ। ਗੁਰੂ ਗ੍ਰੰਥ ਸਾਹਿਬ ਸੰਪੂਰਣ ਹੈ, ਸੰਪੂਰਣ ਸਚ ਹੈ। ਸਚ ਦਾ ਪ੍ਰਕਾਸ਼ ਸਚਿਆਰਿਆਂ ਦੇ ਕਰ ਕਮਲਾਂ ਨਾਲ ਹੋਇਆ।

ਇਸ ਵਿਚ ਕੋਈ ਸ਼ਕ ਨਹੀਂ ਕਿ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬਹੁਤ ਸਾਰੀ ਬਾਣੀ ਰਚੀ। ਲੇਕਿਨ ਸਰਸਾ ਨਦੀ ਪਾਰ ਕਰਨ ਲਗਿਆਂ ਬਹੁਤ ਸਾਰਾ ਸਾਹਿਤ ਜਿਸ ਵਿਚ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਵੀ ਸੀ, ਨਦੀ ਵਿਚ ਰੁੜ੍ਹ ਗਿਆ।

ਦਸਮ ਗ੍ਰੰਥ ਦੀ ਸੰਪਾਦਨਾ ਗੁਰੂ ਪਿਆਰਿਆਂ ਨੇ ਸਿਮਰਤੀਆਂ ਵਿਚੋਂ, ਵਿਦਵਾਨਾਂ ਦੀਆਂ ਯਾਦਾਂ ਵਿਚੋਂ ਕੀਤੀ ਕਰਵਾਈ। ਇਹ ਹੋ ਸਕਦਾ ਹੈ ਕਿ ਵਿਦਵਾਨਾਂ ਕੋਲੋਂ ਸੰਪਾਦਨਾ ਕਰਦਿਆਂ ਕੋਈ ਭੁਲਾਂ ਤਰੁਟੀਆਂ ਰਹਿ ਗਈਆਂ ਹੋਣ। ਸਾਡੀ ਸੋਚ ਦੀ ਸਮਰਥਾ, ਮੇਰੀ ਸਮਝ ਦੇ ਪਰਾਂ ਦੀ ਜਿੰਨੀ ਕੁ ਪਰਵਾਜ਼ ਹੈ, ਉਸ ਮੁਤਾਬਿਕ ਦਸਮ ਗ੍ਰੰਥ ਦੀ ਸੰਪਾਦਨਾ ਵਿਦਵਾਨ ਪੁਰਖਾਂ ਨੇ ਕੀਤੀ, ਗੁਰੂ ਸਾਹਿਬ ਨੇ ਨਹੀਂ। ਕਾਰਣ ਤਾਂ ਕਰਤਾਰ ਜਾਣੇ, ਲੇਕਿਨ ਪ੍ਰਕਾਸ਼ ਦੀ ਸ਼ਮੂਲੀਅਤ ਦੇ ਬਾਵਜੂਦ ਵੀ ਦਸਮ ਗ੍ਰੰਥ ਦੀ ਸੰਪਾਦਨਾ ਹੀ ਹੋਈ ਲਗਦੀ ਹੈ। ਉਹ ਪ੍ਰਕਾਸ਼ ਜਿਸ ਪ੍ਰਕਾਸ਼ ਨੇ ਹਥਲੀ ਪੁਸਤਕ ਲਿਖਣ ਦਾ ਮਾਰਗ ਦਰਸ਼ਨ ਕਰਵਾਇਆ, ਦਸਮ ਗ੍ਰੰਥ ਨੂੰ ਪ੍ਰਕਾਸ਼ ਦੇ ਵਿਚ ਮੇਰੀਆਂ ਅਖਾਂ ਭਾਲਦੀਆਂ ਜ਼ਰੂਰ ਫਿਰੀਆਂ ਲੇਕਿਨ ਪ੍ਰਤਖ ਹਰਿ ਕਹਿਣ ਦੀ ਹਿੰਮਤ ਨਹੀਂ ਪਈ।

ਦਸਵੇਂ ਪਾਤਸ਼ਾਹ ਦੀ ਬਾਣੀ ਦਾ ਜੋ ਵਿਵਾਦ ਚਲਿਆ। ਜੋ ਉਨ੍ਹਾਂ ਦੀ ਸਿਰਜਣਾ ਸੀ ਬਾਣੀ ਸੀ, ਜੋ ਗ੍ਰੰਥ ਸਨ, ਉਹ ਇਤਿਹਾਸ ਗਵਾਹ ਹੈ ਕਿ ਸਰਸਾ ਨਦੀ ਪਾਰ ਕਰਦਿਆਂ ਪਾਣੀ ਦੇ ਵਿਚ ਰੁੜ੍ਹ ਗਿਆ। ਆਪ ਉਨ੍ਹਾਂ ਨੇ ਤਰ ਕੇ ਪਾਰ ਕੀਤਾ। ਸਾਰਾ ਸਾਹਿਤਕ ਖ਼ਜ਼ਾਨਾ ਰੁੜ੍ਹ ਗਿਆ। ਜੋ ਉਸ ਬਾਣੀ ਦਾ ਪ੍ਰਕਾਸ਼ ਹੋਣਾ ਸੀ ਉਸ ਤਕ ਗਲ ਨਹੀਂ ਪਹੁੰਚੀ। ਜੋ ਵੀ ਬਾਣੀ ਦਸਮ ਗ੍ਰੰਥ ਦੇ ਵਿਚ ਸ਼ਾਮਿਲ ਹੋਣੀ ਸੀ ਜਾਂ ਨਹੀਂ ਹੋਣੀ ਸੀ, ਜੋ ਪ੍ਰਕਾਸ਼ ਹੋਣਾ ਸੀ ਜੋਤ ਦਾ ਜੋ ਵੀ ਫੈਸਲਾ ਹੋਣਾ ਸੀ, ਜੋ ਹੁਕਮ ਹੋਣਾ ਸੀ, ਉਹ ਹੁਕਮ ਕਰਨ ਵਾਲਾ ਮਾਲਕ ਆਪ ਜਾਣੇ, ਅਸੀਂ ਕਿਵੇਂ ਕਹਿ ਸਕਦੇ ਹਾਂ ਕਿ ਦਸਮ ਗ੍ਰੰਥ ਦੀ ਬਾਣੀ ਕਿਹੜੀ ਹੈ ਜਾਂ ਕਿਹੜੀ ਨਹੀਂ। ਗੁਰੂ ਗੋਬਿੰਦ ਸਿੰਘ ਜੀ ਦੀ ਜੋ ਬਾਣੀ ਸੀ, ਜੇ ਉਸ ਦਾ ਪ੍ਰਕਾਸ਼ ਉਨ੍ਹਾਂ ਦੇ ਕਰ -ਕਮਲਾਂ ਨਾਲ ਹੁੰਦਾ, ਇਸ ਵਿਚ ਕਿਸੇ ਤਰ੍ਹਾਂ ਦੀ ਸ਼ਕ ਕਰਨ ਦੀ ਕੋਈ ਗੁੰਜਾਇਸ਼ ਹੀ ਨਹੀਂ ਸੀ ਹੋਣੀ। ਜੋ ਦਸਮ ਗ੍ਰੰਥ ਸਾਹਿਬ ਦੀ ਬਾਅਦ ਵਿਚ ਜੋ ਸੰਪਾਦਨਾ ਹੋਈ, ਮੁਆਫ਼ ਕਰਨਾ ਜੋ ਕਿਸੇ ਨੂੰ ਕਿੰਤੂ-ਪ੍ਰੰਤੂ ਹੈ ਤਾਂ ਮੈਨੂੰ ਇਸ ਦਾ ਕੋਈ ਦੁਖ ਨਹੀਂ ਹੈ। ਮੇਰੀ ਸੋਚ ਦੇ ਮੁਤਾਬਿਕ ਗੁਰੂ ਗੋਬਿੰਦ ਸਿੰਘ ਨੇ ਸਮੁਚੀ ਧਾਰਮਿਕ ਦੁਨੀਆਂ ਦੇ ਇਤਿਹਾਸ ਦੀ ਸਾਹਿਤ ਦੀ ਸਟਡੀ ਕੀਤੀ ਜੋ ਵੀ ਸਾਨੂੰ ਉਸ ਸਾਹਿਤ ਬਾਰੇ ਇਤਿਹਾਸ ਬਾਰੇ ਅਨੁਵਾਦ ਕਰਕੇ, ਵਿਦਵਾਨਾਂ ਰਾਹੀਂ ਸਾਨੂੰ ਜਾਣੂੰ ਕਰਵਾਇਆ। ਅਜਿਹੀ ਖੋਜ ਸ਼ਾਇਦ ਅਜੇ ਤਕ ਕਿਸੇ ਯੂਨੀਵਰਸਿਟੀ ਨੇ ਵੀ ਨਾ ਕੀਤੀ ਹੋਵੇ। ਜੋ ਉਨ੍ਹਾਂ ਦੇ ਕੋਲ ਵਿਦਵਾਨ ਸਨ ਉਨ੍ਹਾਂ ਦਾ ਕੰਮ ਸਿਰਫ਼ ਗੁਰਬਾਣੀ ਪੜ੍ਹਨਾ ਹੀ ਨਹੀਂ ਸੀ, ਧਰਮ ਦਾ ਗਿਆਨ ਪ੍ਰਾਪਤ ਕਰਨਾ ਵੀ ਸੀ। ਲੋਕਾਂ ਨੂੰ ਅਧਿਆਤਮਕ, ਧਾਰਮਿਕ ਦੁਨੀਆਂ ਦੇ ਨਾਲ ਜੋੜਨਾ ਵੀ ਸੀ। ਗੁਰੂ ਜੀ ਨੇ ਬਾਣੀ ਰਚੀ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਜੋ ਰਚਨਾ ਦਸਮ ਗ੍ਰੰਥ, ਜੇ ਕੋਈ ਕਹਿੰਦਾ ਹੈ ਕਿ ਇਹ ਬਾਣੀ ਉਨ੍ਹਾਂ ਦੀ ਨਹੀਂ ਹੈ ਤਾਂ ਇਸ ਪਾਸੇ ਨਾ ਜਾਓ। ਸ੍ਰੀ ਆਦਿ ਗ੍ਰੰਥ ਦਾ 17 ਵੀਂ ਈਸਵੀ ਦੇ ਵਿਚ ਪ੍ਰਕਾਸ਼ ਹੋਇਆ ਸੀ। ਕਿਉਂਕਿ ਪ੍ਰਕਾਸ਼ ਨੇ ਹੀ ਪ੍ਰਕਾਸ਼ ਕੀਤਾ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਵਿਚ ਬੈਠੇ ਪ੍ਰਕਾਸ਼ ਨੇ ਹੀ ਪ੍ਰਕਾਸ਼ ਕੀਤਾ ਸੀ ਜੋ ਜੋਤ ਸੀ ਉਸ ਦਾ ਪ੍ਰਕਾਸ਼ ਇਕਮਿਕ ਹੋਇਆ ਸੀ। ਦਸਮ ਪਾਤਸ਼ਾਹ ਦੀਆਂ ਰਚਨਾਵਾਂ ਦੇ ਪਾਣੀ ਦੇ ਵਿਚ ਰੁੜ੍ਹ ਜਾਣ ਕਾਰਨ ਇਹ ਬਾਣੀ ਵਿਦਵਾਨਾਂ ਨੇ ਇਕਤਰ ਕੀਤੀ। ਜਿਵੇਂ ਸੁਣੀ ਸੀ ਇਕਤਰ ਕੀਤੀ, ਇਹ ਜੋ ਦਸਮ ਪਾਤਸ਼ਾਹ ਦੀ ਬਾਣੀ ਸੀ, ਜੋ ਵਿਦਵਾਨਾਂ ਨੇ ਇਕਤਰ ਕੀਤੀ


Academy of the Punjab in North America: http://www.apnaorg.com

ਸੀ, ਇਸ ਦਾ ਪ੍ਰਕਾਸ਼ ਨਹੀਂ ਹੋਇਆ। ਇਸ ਨੂੰ ਵਿਦਵਾਨਾਂ ਨੇ ਇਕਤਰ ਕੀਤਾ, ਸਿਮਰਤੀਆਂ ਰਾਹੀਂ ਬਾਣੀ ਇਕਤਰ ਹੋਈ। ਉਹ ਮਹਾਂਪੁਰਖ ਜਿਨ੍ਹਾਂ ਨੇ ਉਹ ਬਾਣੀ ਸੁਣੀ-ਸੁਣਾਈ, ਲਿਖੀ, ਉਸ ਦੇ ਵਿਚ ਕੋਈ ਭੁਲ ਰਹਿ ਗਈ ਹੋਵੇ ਜਾਂ ਕੋਈ ਹੋਰ ਬਾਣੀ ਅੰਕਿਤ ਹੋ ਗਈ ਹੋਵੇ, ਸਾਨੂੰ ਉਸ ਦਾ ਸਤਿਕਾਰ ਕਰਨਾ ਚਾਹੀਦਾ ਹੈ ਕਿਉਂ ਜੋ ਇਹ ਬਾਣੀ ਸਿਮਰਤੀਆਂ ਰਾਹੀਂ ਆਈ। ਇਸ ਲਈ ਇਸ 'ਤੇ ਕੋਈ ਕਿੰਤੂ-ਪ੍ਰੰਤੂ ਕਰਨਾ ਨਹੀਂ ਬਣਦਾ।

**ਇਹ ਹੋ ਸਕਦਾ ਹੈ ਕਿ ਵਿਦਵਾਨਾਂ ਕੋਲੋਂ ਸੰਪਾਦਨਾ ਕਰਦਿਆਂ ਕੋਈ ਭੁਲਾਂ ਤਰੁਟੀਆਂ ਰਹਿ ਗਈਆਂ ਹੋਣ। ਸਾਡੀ ਸੋਚ ਦੀ ਸਮਰਥਾ, ਮੇਰੀ ਸਮਝ ਦੇ ਪਰਾਂ ਦੀ ਜਿੰਨੀ ਕੁ ਪਰਵਾਜ਼ ਹੈ, ਉਸ ਮੁਤਾਬਿਕ ਦਸਮ ਗ੍ਰੰਥ ਦੀ ਸੰਪਾਦਨਾ ਵਿਦਵਾਨ ਪੁਰਖਾਂ ਨੇ ਕੀਤੀ, ਗੁਰੂ ਸਾਹਿਬ ਨੇ ਨਹੀਂ। ਕਾਰਣ ਤਾਂ ਕਰਤਾਰ ਜਾਣੇ, ਲੇਕਿਨ ਪ੍ਰਕਾਸ਼ ਦੀ ਸ਼ਮੂਲੀਅਤ ਦੇ ਬਾਵਜੂਦ ਵੀ ਦਸਮ ਗ੍ਰੰਥ ਦੀ ਸੰਪਾਦਨਾ ਹੀ ਹੋਈ ਲਗਦੀ ਹੈ।**


Academy of the Punjab in North America: http://www.apnaorg.com

# ਮੇਰੇ ਪੰਧ ਪੈਂਡੇ

## ਸਮਰਪਣ

ਆਪਣੇ ਵਤਨ ਤੋਂ ਦੂਰ ਚੋਗਾ ਲੱਭਣ ਲਈ ਗਏ ਤੇ ਵਿਦੇਸ਼ੀ ਕਦਰਾਂ ਕੀਮਤਾਂ ਦੇ ਵੱਸ ਪੈ ਗਏ ਮੇਰੇ ਵਰਗੇ ਲਖਾਂ ਪੰਜਾਬੀਆਂ ਨੂੰ ਸਮਰਪਤ

ਕਦਰਾਂ ਕੀਮਤਾਂ ਭੁੱਲ ਜਾਵਾਂਗੇ

ਕੱਖਾਂ ਵਾਗੂੰ ਰੁੱਲ ਜਾਵਾਂਗੇ

ਯਕੀਨ ਜਾਣਿਓ ਮੇਰੇ ਯਾਰੋ, ਕਰੋੜਾਂ ਅਮਰੀਕਨ ਡਾਲਰ ਕਮਾਉਣ ਤੋਂ ਬਾਅਦ ਮੈਨੂੰ ਸਮਝ ਲਗੀ ਕਿ ਪੈਸਾ ਬਹੁਤ ਜ਼ਰੂਰੀ ਹੁੰਦਿਆਂ ਹੋਇਆਂ ਵੀ, ਸਭ ਤੋਂ ਜ਼ਰੂਰੀ ਨਹੀਂ ਹੈ ।


Academy of the Punjab in North America: http://www.apnaorg.com

# ਮੇਰੇ ਪੰਧ ਪੈਂਡੇ ਬਾਰੇ

ਦੂਜਿਆਂ ਦੀ ਭਲਾਈ ਬਾਰੇ ਉਹੀ ਸੋਚਦੇ ਹਨ, ਜਿਨ੍ਹਾਂ ਨੂੰ ਆਪਣੀਆਂ ਸਮੱਸਿਆਵਾਂ ਸੁਲਝਾਉਣ ਦੀ ਜਾਚ ਆ ਗਈ ਹੋਵੇ। ਜਦੋਂ ਕੋਈ ਉੱਦਮੀ ਵਿਅਕਤੀ ਜੀਵਨ ਵਿਚ ਸਫਲ ਹੋ ਜਾਂਦਾ ਹੈ ਤਾਂ ਉਸ ਵਿਚ ਆਪਣੇ ਵੇਖੇ, ਸੁਣੇ, ਪੜ੍ਹੇ, ਸਮਝੇ, ਪਰਖੇ ਅਤੇ ਹੰਢਾਏ ਅਨੁਭਵਾਂ ਨੂੰ ਦੂਜਿਆਂ ਨਾਲ ਸਾਂਝਾ ਕਰਨ ਦੀ ਸੁਭਾਵਕ ਵਿਰਤੀ ਜਾਗਦੀ ਹੈ। ਉਸ ਦੀ ਸਫਲਤਾ ਵਿਚ ਅਨੇਕਾਂ ਵਿਅਕਤੀਆਂ ਦਾ ਯੋਗਦਾਨ ਹੁੰਦਾ ਹੈ, ਜਿਨ੍ਹਾਂ ਦਾ ਉਹ ਸ਼ੁਕਰਾਨਾ ਕਰਨਾ ਚਾਹੁੰਦਾ ਹੈ ਅਤੇ ਸਰਬੱਤ ਦੇ ਭਲੇ ਦਾ ਗੀਤ ਗਾ ਕੇ ਰੁਕਿਆਂ ਹੋਇਆਂ ਨੂੰ ਰਵਾਨਾ ਹੋਣ ਦਾ ਸੁਨੇਹਾ ਦਿੰਦਾ ਹੈ। ਭਰੇ ਹੋਏ ਹੀ ਡੁਲ੍ਹਦੇ ਹਨ ਅਤੇ ਮੰਜ਼ਿਲਾਂ ਵਾਲੇ ਹੀ ਵਹਿੰਦੇ ਹਨ। 'ਮੇਰੇ ਪੰਧ ਪੈਂਡੇ' ਸੁਰਿੰਦਰ ਸਿੰਘ ਸੁੱਨੜ ਦੀ ਸਫਲਤਾ ਦੇ ਪੰਧਾਂ ਅਤੇ ਮਿਹਨਤੀ ਜਦੋਜਹਿਦ ਦੇ ਪੈਂਡਿਆਂ ਨੂੰ ਪੇਸ਼ ਕਰਨ ਵਾਲੀ ਇਕ ਪ੍ਰਮਾਣਕ, ਪ੍ਰੇਰਨਾਮਈ ਅਤੇ ਦਿਲਚਸਪ ਦਸਤਾਵੇਜ਼ ਹੈ, ਜਿਹੜੀ ਇਹ ਤੱਥ ਉੱਘੜਵੇਂ ਰੂਪ ਵਿਚ ਸਥਾਪਤ ਕਰਦੀ ਹੈ ਕਿ ਪਹੁੰਚਦੇ ਉਹੀ ਹਨ ਜਿਹੜੇ ਚਲਦੇ ਹਨ, ਚਲਦੇ ਉਹੀ ਹਨ ਜਿੰਨ੍ਹਾਂ ਵਿਚ ਆਪਣੇ ਜੀਵਨ, ਸਮਾਜ ਅਤੇ ਸੰਸਾਰ ਨੂੰ ਬਦਲਣ ਅਤੇ ਸੁਹਣੇ ਰਾ ਬਣਾਉਣ ਦੀ ਤਾਂਘ ਹੁੰਦੀ ਹੈ। ਜਿਤਨੀ ਸ਼ਕਤੀਸ਼ਾਲੀ ਇਹ ਤਾਂਘ ਹੁੰਦੀ ਹੈ ਉਤਨੇ ਹੀ ਸੁਹਿਰਦ ਅਤੇ ਸ਼ਕਤੀਸ਼ਾਲੀ ਉਪਰਾਲੇ ਹੁੰਦੇ ਹਨ। ਸੁੱਨੜ ਦੀ ਹੱਥਲੀ ਰਚਨਾ ਇਹ ਸਾਬਤ ਕਰਦੀ ਹੈ ਕਿ ਹੰਢਣਸਾਰ ਅਮੀਰੀ ਅਤੇ ਖੁਸ਼ਹਾਲੀ, ਮਿਹਨਤ ਅਤੇ ਲਗਨ ਤੋਂ ਬਿਨਾਂ ਸੰਭਵ ਨਹੀਂ ਹੁੰਦੀ। ਕਈ ਹਨ, ਜਿਹੜੇ ਵਿਉਂਤਾਂ ਬਣਾਉਂਦੇ ਰਹਿੰਦੇ ਹਨ ਪਰ ਕਰਦੇ ਕੁਝ ਨਹੀਂ, ਬਹੁਤ ਹਨ ਜਿਹੜੇ ਕਰਦੇ ਸਭ ਕੁਝ ਹਨ ਪਰ ਵਿਉਂਤ ਤੋਂ ਬਿਨਾਂ। ਸੁੱਨੜ ਸਾਬਤ ਕਰਦਾ ਹੈ ਕਿ ਸਫਲਤਾ ਵਿਉਂਤਬੱਧ ਕਾਰਜ ਵਿੱਚੋਂ ਹੀ ਉਪਜਦੀ ਹੈ। ਜੇ ਪੰਜਾਬ ਦੇ ਇਕ ਪਿੰਡ ਦਾ ਗੁੰਮਨਾਮ ਜਿਹਾ ਇਕ ਵਿਅਕਤੀ ਅਮਰੀਕਾ ਵਰਗੇ ਚਲਾਕ, ਪਰਾਏ ਅਤੇ ਨਿਰਦਈ ਦੇਸ਼ ਵਿਚ ਜਾ ਕੇ ਆਪਣੀ ਮਿਹਨਤ ਨਾਲ ਕਮਾਈ ਕਰਕੇ ਸਫਲਤਾ ਦੇ ਪਰਚਮ ਲਹਿਰਾਉਂਦਾ ਹੈ ਤਾਂ ਉਸ ਵਿਚ ਜ਼ਰੂਰ ਕੁਝ ਅਜਿਹਾ ਹੋਵੇਗਾ ਜਿਹੜਾ ਵਿਲੱਖਣ ਅਤੇ ਨਿਆਰਾ ਹੈ ਅਤੇ ਜਿਸ ਵਿਚ ਦੂਜਿਆਂ ਲਈ ਉਦਾਹਰਣ ਬਣਨ ਦੀ ਯੋਗਤਾ ਹੈ। ਸੁੱਨੜ ਇਹ ਸਾਬਤ ਕਰਦਾ ਹੈ ਕਿ ਮਿਹਨਤ ਦੀ ਈਮਾਨਦਾਰੀ, ਉਦੇਸ਼ ਦੀ ਸਪੱਸ਼ਟਤਾ, ਪਰਿਵਾਰ ਦੀ ਏਕਤਾ, ਸਫਲ ਹੋਣ ਦੀ ਧੁਨ ਅਤੇ ਕੁਝ ਕਰ-ਵਿਖਾਉਣ ਦੀ ਤਾਂਘ ਜਦੋਂ ਕਿੱਕਲੀ-ਕਲੀਰ ਪਾਉਣ ਤਾਂ ਖੁਸ਼ਹਾਲੀ ਦੇ ਦਰਵਾਜ਼ੇ ਆਪ-ਮੁਹਾਰੇ ਖੁੱਲ੍ਹ ਜਾਂਦੇ ਹਨ। ਜੇ ਉਦੇਸ਼ ਸ਼ੁਭ ਹੋਵੇ ਤਾਂ ਰਸਤਾ ਸਾਫ ਦਿਖਾਈ ਦੇਣ ਲਗ ਪੈਂਦਾ ਹੈ। ਸੁੱਨੜ ਮੁੱਖ ਤੌਰ ਤੇ ਇਕ ਸੁਪਨਸਾਜ਼ ਕਵੀ ਹੈ ਪਰ ਸਫਲ ਉਹ ਵਪਾਰ ਦੇ ਖੇਤਰ ਵਿਚ ਹੋਇਆ ਹੈ, ਜਿਸ ਦਾ ਕਾਰਨ ਇਹ ਪ੍ਰਤੀਤ ਹੁੰਦਾ ਹੈ ਕਿ ਅਨੁਭਵੀ ਕਵੀ ਹੋਣ ਕਰਕੇ ਸੁੱਨੜ ਨੂੰ ਮਨੁੱਖੀ ਦਰਦ ਅਤੇ ਮਨੁੱਖ ਦੀਆਂ ਤਾਂਘਾਂ-ਉਮੰਗਾਂ ਅਤੇ ਖੁਸ਼ੀਆਂ ਗਮੀਆਂ ਦਾ ਡੂੰਘਾ ਅਨੁਭਵ ਹੈ ਅਤੇ ਇਸ ਅਨੁਭਵ ਨੇ ਉਸ ਦੇ ਅਜਨਵੀਂ ਗਾਹਕਾਂ ਨਾਲ ਵਰਤੋਂ-ਵਿਹਾਰ ਵਿਚ ਉਘੜਵਾਂ ਰੋਲ ਨਿਭਾਇਆ ਹੋਵੇਗਾ। ਮਨੁੱਖ ਬਾਜ਼ਾਰ ਵਿਚ ਚੀਜ਼ਾਂ ਖਰੀਦਣ ਨਹੀਂ ਜਾਂਦਾ, ਆਪਣੀਆਂ ਸਮੱਸਿਆਵਾਂ ਦੇ ਹੱਲ ਲੈਣ ਜਾਂਦਾ ਹੈ ਅਤੇ ਉਹ ਪੈਸੇ ਕੁਰਬਾਨ ਕਰਕੇ ਵਸਤਾਂ ਜਿੱਤ ਲਿਆਉਂਦਾ ਹੈ। ਜਿੱਤਣ ਦਾ ਇਹ ਅਹਿਸਾਸ ਉਸ ਨੂੰ ਪ੍ਰਸੰਨ ਕਰਦਾ ਹੈ। ਚੰਗਾ ਵਪਾਰ ਉਹ ਹੈ ਜਿਸ ਵਿਚ ਵਪਾਰੀ ਅਤੇ ਗਾਹਕ ਦੋਵੇਂ ਪ੍ਰਸੰਨ ਵੀ ਹੋਣ ਅਤੇ ਖੁਸ਼ਹਾਲ ਵੀ ਹੋਣ। 'ਮੇਰੇ ਪੰਧ ਪੈਂਡੇ' ਇਕ ਸਫਲ ਵਪਾਰੀ, ਇੱਕ ਸਫਲ ਪਤੀ, ਪਿਤਾ, ਦੋਸਤ, ਭਾਈਵਾਲ ਅਤੇ ਨਾਗਰਿਕ ਬਣਨ ਦੇ ਢੰਗ ਤਰੀਕੇ ਦੱਸਣ ਵਾਲੀ ਰਚਨਾ ਹੈ। ਸੁੱਨੜ ਨੂੰ ਘਾਟੇ ਵੀ ਪਏ, ਅਕ੍ਰਿਤਘਣਤਾ ਵੀ ਸਹਿਣੀ ਪਈ, ਵਧੀਕੀਆਂ ਦਾ ਸ਼ਿਕਾਰ ਵੀ ਹੋਣਾ ਪਿਆ, ਆਪਣਿਆਂ ਹੱਥੋਂ ਅਪਮਾਨ ਵੀ ਹੰਢਾਇਆ ਪਰ ਇਨ੍ਹਾਂ ਸਾਰੇ ਕੌੜੇ ਤਜ਼ਰਬਿਆਂ ਦੇ ਬਾਵਜੂਦ ਕਵੀ-ਮਨ ਹੋਣ ਕਰਕੇ ਉਹ ਅਡੋਲ ਰਿਹਾ ਅਤੇ ਆਪਣੇ ਅਨੁਭਵਾਂ ਅਤੇ ਅਹਿਸਾਸਾਂ ਨੂੰ ਆਪਣੀਆਂ ਕਵਿਤਾਵਾਂ ਵਿਚ ਗੁਨ੍ਹਦਾ ਰਿਹਾ। ਉਸ ਨੇ ਹਰ ਕਿਸੇ ਦੇ ਵਾਰ ਨੂੰ ਤਮੀਜ਼, ਤਹਿਜ਼ੀਬ ਅਤੇ ਜ਼ਬਤ ਦੀਆਂ


Academy of the Punjab in North America: http://www.apnaorg.com

ਢਾਲਾਂ ਨਾਲ ਖੁੰਡਾ ਕਰਕੇ ਆਪਣੀ ਮਸਤਾਨੀ ਚਾਲ ਬਣਾਈ ਰੱਖੀ। ਕਈ ਉਸ ਦੇ ਨਲਕੇ-ਪੰਪ ਪੁੱਟ ਕੇ ਲੈ ਗਏ ਪਰ ਫਿਰ ਵੀ ਉਸ ਨੇ ਆਪਣੀ ਛਬੀਲ ਬੰਦ ਨਹੀਂ ਕੀਤੀ। ਜਿਹੜੇ ਅਕਲ-ਸੂਝ ਵਾਲੇ ਸਨ, ਉਹ ਉਸ ਤੋਂ ਫਾਰਮੂਲੇ ਪੁੱਛ ਕੇ ਖੁਸ਼ਹਾਲ ਹੋ ਗਏ ਪਰ ਜਿਨ੍ਹਾਂ ਵਿਚ ਕਾਹਲ ਅਤੇ ਅਕ੍ਰਿਤਘਣਤਾ ਸੀ, ਉਹ ਆਪਣੇ ਹੀ ਭਰਮ ਜਾਲ ਵਿਚ ਫਸਦੇ ਰਹੇ। ਇਹ ਪੁਸਤਕ ਪੰਜਾਬੀ ਸਮਾਜ ਅਤੇ ਸਭਿਆਚਾਰ ਦੇ ਵੇਰਵੇ ਹੀ ਪੇਸ਼ ਨਹੀਂ ਕਰਦੀ, ਸਗੋਂ ਇਹ ਵੀ ਦਸਦੀ ਹੈ ਕਿ ਪਰਾਈ ਧਰਤੀ 'ਤੇ ਲੋਕ ਕਿਵੇਂ ਵਿਚਰਦੇ ਹਨ ਅਤੇ ਜਿਹੜੇ ਸਫਲ ਹੁੰਦੇ ਹਨ ਉਹ ਕਿਵੇਂ ਸਫਲ ਹੁੰਦੇ ਹਨ ਅਤੇ ਜਿਹੜੇ ਅਸਫਲ ਹੁੰਦੇ ਹਨ, ਉਹ ਕਿਉਂ ਸਫਲ ਨਹੀਂ ਹੁੰਦੇ। ਇਸ ਪੱਖ ਤੋਂ ਇਹ ਪੁਸਤਕ ਹੋਰ ਵੀ ਅਰਥਪੂਰਣ ਹੈ ਕਿਉਂਕਿ ਇਹ ਸਫਲਤਾ-ਅਸਫਲਤਾ ਦੇ ਨੇਮ ਵੀ ਸਪੱਸ਼ਟ ਕਰਦੀ ਹੈ। ਅਜਿਹੇ ਨੇਮ ਕਵਿਤਾ ਵਿਚ ਨਹੀਂ, ਵਾਰਤਕ ਵਿਚ ਹੀ ਪੇਸ਼ ਕੀਤੇ ਜਾ ਸਕਦੇ ਸਨ।

ਅਮਰੀਕਾ ਵਿਚ ਕਿਸੇ ਵਿਅਕਤੀ ਦੀ ਸਫਲਤਾ ਉਸ ਵੱਲੋਂ ਪੈਸੇ ਕਮਾਉਣ ਦੀ ਯੋਗਤਾ ਨਾਲ ਪਰਖੀ-ਮਾਪੀ ਜਾਂਦੀ ਹੈ ਪਰ ਭਾਰਤ ਵਿਚ ਅਸੀਂ ਸਫਲਤਾ ਨੂੰ ਕੇਵਲ ਪੈਸੇ ਨਾਲ ਨਹੀਂ, ਉਸ ਦੇ ਚਰਿਤਰ ਅਤੇ ਉਸ ਦੇ ਇਨਸਾਨੀ ਗੁਣਾਂ ਨਾਲ ਵੀ ਮਾਪਦੇ-ਤੋਲਦੇ ਹਾਂ। ਸੁੱਨੜ ਲੰਮਾ ਅਰਸਾ ਅਮਰੀਕਾ ਰਿਹਾ ਹੈ ਪਰ ਉਸ ਨੇ ਉੱਥੇ ਵੀ ਭਾਰਤੀ ਗੁਣਾਂ ਵਾਲੀ ਇਨਸਾਨੀਅਤ ਦਾ ਝੰਡਾ ਝੁਕਣ ਨਹੀਂ ਦਿੱਤਾ ਅਤੇ ਆਪਣੇ ਚਰਿਤਰ ਤੇ ਕੋਈ ਦਾਗ ਨਹੀਂ ਲੱਗਣ ਦਿੱਤਾ। ਇਵੇਂ ਉਹ ਭਾਰਤੀ ਸਭਿਆਚਾਰ ਅਤੇ ਸੰਸਕ੍ਰਿਤੀ ਅਤੇ ਅਮਰੀਕਨ ਜੀਵਨ-ਜਾਂਚ ਦੇ ਦੋਹਾਂ ਆਧਾਰਾਂ ਤੇ ਬੜੇ ਮਾਣ ਨਾਲ ਸਫਲ ਹੋਇਆ ਹੈ। ਇਸ ਪੁਸਤਕ ਵਿਚਲੇ ਅਨੇਕਾਂ ਲੇਖ ਉਸ ਦੇ ਮਾਨਵੀ ਗੁਣਾਂ ਅਤੇ ਉੱਚੀਆਂ ਮਨੁੱਖੀ ਕਦਰਾਂ-ਕੀਮਤਾਂ ਨੂੰ ਪੇਸ਼ ਕਰਦੇ ਹਨ। ਉਸ ਦਾ ਪਹਿਲਾ ਹੀ ਲੇਖ ਮਨੁੱਖੀ ਚਰਿਤਰ ਬਾਰੇ ਹੈ। ਇਵੇਂ ਹੀ ਉਸ ਦੇ ਹੋਰ ਕਾਂਡ ਸ਼ਖਸ਼ੀਅਤ, ਪਹਿਚਾਣ, ਜ਼ਮੀਰ, ਫਰਜ਼, ਰੂਹਾਨੀਅਤ, ਅਸੂਲ, ਇਰਾਦੇ, ਰਿਸ਼ਤੇ, ਤਰਜੀਹ, ਨੇੜਤਾ, ਜਿੱਤ-ਹਾਰ, ਵਾਅਦੇ, ਸਮਝ, ਸਹਿਕਾਰਤਾ ਆਦਿ ਮਾਨਵੀ ਗੁਣਾਂ ਨੂੰ ਪੇਸ਼ ਕਰਦੇ ਹਨ।

ਸੁੱਨੜ ਦੇ ਮਨ ਵਿਚ ਇਸਤਰੀ ਜਾਤੀ ਪ੍ਰਤੀ ਸੁਨੇਹ ਅਤੇ ਸਤਿਕਾਰ ਹੈ। ਭਾਵੇਂ ਸੁੱਨੜ ਨੇ ਆਪਣੀ ਪਤਨੀ ਬਾਰੇ ਬਹੁਤਾ ਕੁਝ ਨਹੀਂ ਲਿਖਿਆ। ਪਰ ਉਹ ਸੁੱਨੜ ਦੀ ਆਵਾਜ਼ ਦੀ ਗੂੰਜ ਹੈ, ਕਈ ਵਾਰੀ ਸੁੱਨੜ ਉਸ ਦੇ ਬੁੱਲ੍ਹਾਂ ਨਾਲ ਮੁਸਕਾਉਂਦਾ ਹੈ ਅਤੇ ਕਈ ਵਾਰੀ ਉਹ ਸੁੱਨੜ ਦੀ ਅੱਖ ਰਾਹੀਂ ਰੋਂਦੀ ਹੈ। ਸੁੱਨੜ ਵਿਚ ਜਿਹੜਾ ਦਿਲ ਧੜਕਦਾ ਹੈ, ਉਹ ਉਸ ਦੀ ਸੁਹਿਰਦ, ਸਖੀ, ਸਹਿਯੋਗੀ, ਸੁਯੋਗ, ਸੁਘੜ ਅਤੇ ਸੋਹਣੀ ਪਤਨੀ ਦਾ ਹੈ। ਸੁੱਨੜ ਦੀ ਸਫਲਤਾ ਵਿਚ ਉਸ ਦੀ ਪਤਨੀ ਦਾ ਯੋਗਦਾਨ ਸਾਫ ਝਲਕਦਾ ਹੈ। ਭਾਵੇਂ ਵੇਰਵੇ ਅਤੇ ਉਦਾਹਰਣਾ ਸੁੱਨੜ ਨੇ ਆਪਣੇ ਪਰਿਵਾਰ ਅਤੇ ਨੇੜਲੇ ਸੰਬੰਧੀਆਂ ਦੇ ਦਿੱਤੇ ਹਨ ਪਰ ਇਨ੍ਹਾਂ ਵਿੱਚੋਂ ਨਿਕਲਣ ਵਾਲੇ ਨਿਚੋੜ ਹਰ ਕਿਸੇ ਤੇ ਲਾਗੂ ਹੋਣ ਵਾਲੇ ਹਨ। ਲੇਖਕ ਸੁੱਨੜ ਕੋਲ ਆਪਣੀ ਗੱਲ ਰੌਚਕ ਢੰਗ ਨਾਲ ਕਹਿਣ ਦਾ ਹੁਨਰ ਹੈ। ਨਿੱਕੇ ਨਿੱਕੇ ਕਾਂਡਾਂ ਵਿਚ ਆਪਣੇ ਅਨੁਭਵਾਂ ਨੂੰ ਬਿਨਾਂ ਕਿਸੇ ਪਲੇਥਣ ਦੇ ਪ੍ਰਗਟਾ ਕੇ ਉਸ ਨੇ ਆਪਣੇ ਇਕ ਸਫਲਤ ਵਾਰਤਕਕਾਰ ਹੋਣ ਦਾ ਪ੍ਰਮਾਣ ਦਿੱਤਾ ਹੈ। ਉਹ ਲੋਕ-ਸੂਝ ਅਤੇ ਲੋਕ-ਮੁਹਾਵਰੇ ਨੂੰ ਨਿਪੁੰਨਤਾ ਨਾਲ ਵਰਤਦਾ ਹੈ। ਢੁੱਕਵੀਂ ਸ਼ਬਦ-ਚੋਣ, ਸਾਦੀ ਵਾਕਬਣਤਰ ਅਤੇ ਸਾਦਾ ਅਤੇ ਸਪੱਸ਼ਟ ਬਿਆਨ ਢੰਗ ਆਦਿ ਗੁਣ ਇਕ ਰਵਾਨੀ ਉਪਜਾ ਕੇ ਪਾਠਕ ਨੂੰ ਆਪਣੇ ਨਾਲ ਤੋਰਨ ਦੀ ਸਮਰਥਾ ਰੱਖਦੇ ਹਨ। ਇਹ ਸੰਜੋਗ ਦੀ ਗੱਲ ਹੈ ਕਿ ਇਹ ਪੁਸਤਕ ਉਨ੍ਹਾਂ ਦੋਸ਼ਾਂ ਤੋਂ ਮੁਕਤ ਹੈ, ਜਿਹੜੇ ਸਵੈ-ਜੀਵਨਕ ਰਚਨਾਵਾਂ ਵਿਚ ਆਪ ਮੁਹਾਰੇ ਆ ਜਾਂਦੇ ਹਨ। ਇਹ ਪੁਸਤਕ ਹਰ ਉਸ ਵਿਅਕਤੀ ਨੂੰ ਪੜ੍ਹਨੀ ਚਾਹੀਦੀ ਹੈ, ਜਿਸ ਦੀ ਜ਼ਿੰਦਗੀ ਵਿਚ ਦਿਲਚਸਪੀ ਹੈ, ਸਫਲ ਹੋਣ ਦੀ ਤਾਂਘ ਹੈ, ਜੀਵਨ ਮਾਣਨ ਅਤੇ ਸਫਲ ਹੋਣ ਦੀ ਰੀਝ ਹੈ। ਇਸ ਪੁਸਤਕ ਵਿਚ ਹਰ ਕਿਸੇ ਲਈ ਕੁਝ ਨਾ ਕੁਝ ਅਜਿਹਾ ਹੈ, ਜਿਹੜਾ ਉਸ ਦੀ ਜ਼ਿੰਦਗੀ ਨੂੰ ਨਵੀਂ ਲੀਹ ਤੇ ਪਾ ਸਕਦਾ ਹੈ। ਸੁਰਿੰਦਰ ਸਿੰਘ ਸੁੱਨੜ ਦਾ ਧੰਨਵਾਦੀ ਹਾਂ, ਜੁ ਉਨ੍ਹਾਂ ਨੇ ਆਪਣੀ ਇਹ ਪੁਸਤਕ ਪੜ੍ਹਨ ਦੀ ਮੈਨੂੰ ਮੌਜ ਮਾਣਨ ਦਾ ਅਵਸਰ ਦਿੱਤਾ ਹੈ।

**-ਡਾ. ਨਰਿੰਦਰ ਸਿੰਘ ਕਪੂਰ**



Academy of the Punjab in North America: http://www.apnaorg.com

# ਧੰਨਵਾਦ

ਪਰਵਦਗਾਰ ਦਾ ਧੰਨਵਾਦੀ ਹਾਂ ਕਿ ਮੈਨੂੰ ਸਮਾਂ, ਸੋਝੀ, ਸੇਧ ਅਤੇ ਸਮਰੱਥਾ ਬਖਸ਼ਿਸ਼ ਕਰਕ੍ਰ 'ਮੇਰੇ ਪੰਧ ਪੈਂਡੇ' ਮੇਰੀ ਜੀਵਨੀਂ ਦੇ ਤਲਖ਼ ਤਜ਼ਰਬਿਆਂ ਵਿੱਚੋਂ ਪ੍ਰਾਪਤ ਕੀਤੀਆਂ ਕੁਝ ਜੀਵਨ ਜਾਚਾਂ ਪਾਠਕਾਂ ਨਾਲ ਸਾਂਝੀਆਂ ਕਰਨ ਦੀ ਰੀਝ ਪੂਰੀ ਕਰਵਾਈ। ਕੋਟਿ ਕੋਟਿ ਧੰਨਵਾਦੀ ਹਾਂ। ਤਹਿ ਦਿਲੋਂ ਧੰਨਵਾਦੀ ਹਾਂ ਡਾਕਟਰ ਨਰਿੰਦਰ ਸਿੰਘ ਕਪੂਰ ਜੀ ਦਾ, ਜਿੰਨ੍ਹਾਂ ਨੇ ਮੇਰੀ ਪਹਿਲੀ ਪੁਸਤਕ 'ਮੰਜ਼ਿਲ ਨਾ ਮਿਲੀ' ਪੜ੍ਹ ਕੇ ਨਿਰੋਲ ਵਾਰਤਕ ਲਿਖਣ ਦੀ ਪ੍ਰੇ ਰਨਾ ਦਿੱਤੀ। ਕਵਿਤਾ ਲਿਖਣ ਦਾ ਸ਼ੌਕ ਭਾਵੇਂ ਮੇਰਾ ਚਰੋਕਣਾ ਹੈ। ਕਵਿਤਾ ਲਿਖ ਕੇ ਜੋ ਦਿਲ ਨੂੰ ਸਕੂਨ ਮਿਲਦਾ ਹੈ, ਉਸਦਾ ਅਹਿਸਾਸ ਹੀ ਅਲੱਗ ਹੈ। ਲੇਕਿਨ ਜੋ ਕੁਝ ਮੈਂ 'ਮੇਰੇ ਪੰਧ ਪੈਂਡੇ' ਕਿਤਾਬ ਵਿਚ ਲਿਖਣਾ ਚਾਹੁੰਦਾ ਸਾਂ, ਉਹ ਸਭ ਕੁਝ ਸ਼ਾਇਦ ਕਵਿਤਾ ਵਿੱਚ ਨਾ ਕਿਹਾ ਜਾ ਸਕਦਾ। ਡਾਕਟਰ ਨਰਿੰਦਰ ਸਿੰਘ ਕਪੂਰ ਜੀ ਦਾ ਧੰਨਵਾਦ ਕਰਨ ਵਾਸਤੇ ਮੇਰੀ ਵਾਰਤਕ ਸ਼ੈਲੀ ਲਫਜ਼ ਭਾਲਣ ਦੀ ਸ਼ਾਇਦ ਜਾਚ ਨਹੀਂ ਜਾਣਦੀ। ਮੈਂ ਦਿਲੋਂ ਧੰਨਵਾਦੀ ਹਾਂ ਸਰਦਾਰ ਚੇਤਨ ਸਿੰਘ ਡਿਪਟੀ ਡਾਇਰੈਕਟਰ ਭਾਸ਼ਾ ਵਿਭਾਗ ਪੰਜਾਬ ਦਾ ਜਿੰਨ੍ਹਾਂ ਨੇ ਸਮੇਂ ਸਮੇਂ ਸਿਰ ਸਮਾਂ ਕੱਢ ਕੇ ਮੈਨੂੰ ਮੇਰੇ ਲਿਖੇ ਲੇਖ ਪੜ੍ਹ ਪੜ੍ਹ ਕੇ ਸੁਣਾਏ ਤੇ ਹੌਸਲਾ ਦੇ ਦੇ ਕੇ ਮੇਰੇ ਕੋਲੋਂ ਇਕੱਤੀ ਲੇਖ ਲਿਖਵਾ ਦਿੱਤੇ, 'ਮੇਰੇ ਪੰਧ ਪੈਂਡੇ' ਇਕੱਤੀ ਨਿਬੰਧ ਰੂਪ ਵਿੱਚ ਮੇਰੀਆਂ ਬਾਤਾਂ ਤੇ ਬਿਰਤਾਂਤ ਹਨ। ਪ੍ਰੋਫੈਸਰ ਕੁਲਵੰਤ ਔਜਲਾ ਤਾਂ ਇਸ ਕਿਤਾਬ ਦਾ ਨਾਮ ਹੀ, ਬਾਤਾਂ ਤੇ ਬਿਰਤਾਂਤ ਰੱਖਣ ਦੀ ਸਲਾਹ ਦੇਂਦੇ ਸੀ।

ਬਹੁਤ ਧੰਨਵਾਦੀ ਹਾਂ ਮੈਂ ਆਪਣੇ ਵੀਰ ਜਸਵਿੰਦਰ ਦਾ ਜੋ ਮੈਨੂੰ ਮੇਰੀ ਸਾਰੀ ਜ਼ਿੰਦਗੀ ਇੱਕ ਮਾਰਗ ਦਰਸ਼ਨ ਕਰਵਾਉਣ ਦੀ ਭੂਮਿਕਾ ਨਿਭਾਉਂਦੇ ਰਹੇ। ਹਥਲੀ ਪੁਸਤਕ ਲਿਖਣ ਤੋਂ ਪਹਿਲਾਂ ਮੈਂ ਸੇਧ ਲੈਣ ਲਈ ਜੋ ਕਿਤਾਬਾਂ ਪੜ੍ਹੀਆਂ ਉਹ ਵੀ ਜਸਵਿੰਦਰ ਦੀ ਆਪਣੇ ਘਰ ਬਣਾਈ ਲਾਇਬ੍ਰੇਰੀ 'ਚੋਂ ਹੀ ਪੜ੍ਹੀਆਂ। ਆਪਣੀ ਧਰਮ ਪਤਨੀ ਹਰਪ੍ਰੀਤ ਦਾ ਕਿੰਨਾਂ ਕੁ ਧੰਨਵਾਦ ਕਰਾਂ? ਪਿਛਲੇ ਸੱਤ ਮਹੀਨਿਆਂ ਵਿੱਚ ਚਾਰ ਪੁਸਤਕਾਂ, ਮੰਜ਼ਿਲ ਨਾ ਮਿਲੀ, ਸ਼ਬਦ ਪ੍ਰਕਾਸ਼, ਹੀਰ ਸੁੱਨੜ ਅਤੇ ਮੇਰੇ ਪੰਧ ਪੈਂਡੇ, ਮੈਂ ਕਦੇ ਵੀ ਨਾ ਲਿਖ ਸਕਦਾ ਜੇਕਰ ਹਰਪ੍ਰੀਤ ਮੈਨੂੰ ਸਾਰੀਆਂ ਜ਼ੁੰਮੇਵਾਰੀਆਂ ਤੋਂ ਮੁਕਤ ਨਾ ਕਰਦੀ। ਹਰਪ੍ਰੀਤ ਦੀ ਇਸ ਕੁਰਬਾਨੀ ਦਾ ਕਰਜ਼ਦਾਰ ਹਾਂ। ਬੱਚਿਆਂ ਨੇ ਐਨਾ ਫੈਲਿਆ ਹੋਇਆ ਕੰਮ ਸੰਭਾਲਿਆ ਤੇ ਮੈਂ ਬੇਫਿਕਰ ਹੋ ਕੇ ਕਾਗਜ਼ ਤੇ ਕਲਮ ਚਲਾਉਂਦਾ ਰਿਹਾ। ਸਭ ਦਾ ਬਹੁਤ ਹੀ ਧੰਨਵਾਦੀ ਹਾਂ। ਮੇਰਾ ਜੀਅ ਕਰਦਾ ਹੈ ਕਿ ਆਪਣੇ ਪਾਠਕਾਂ ਦਾ ਪਹਿਲਾਂ ਹੀ ਧੰਨਵਾਦ ਕਰ ਦਿਆਂ। ਕੱਲਾ ਕੱਲਾ ਸਖਸ਼ ਜੋ ਵੀ ਇਸ ਪੁਸਤਕ ਨੂੰ ਪੜ੍ਹੇਗਾ, ਮਹਿਸੂਸ ਕਰ ਸਕੇਗਾ ਕਿ ਮੈਂ

ਆਪਣੇ ਪਾਠਕਾਂ ਦਾ ਪਹਿਲੋਂ ਹੀ ਕਿਉਂ ਧੰਨਵਾਦ ਕਰੀ ਜਾਨਾਂ। ਏਸ਼ੀਆ ਵਿਜ਼ਨਜ਼, ਲੁਧਿਆਣਾ ਵਾਲਿਆਂ ਦਾ ਵੀ ਧੰਨਵਾਦੀ ਹਾਂ ਜਿਨ੍ਹਾਂ ਨੇ ਇਸ ਪੁਸਤਕ ਨੂੰ ਪ੍ਰਕਾਸ਼ਿਤ ਕਰਕੇ ਪਾਠਕਾਂ ਤੱਕ ਪਹੁੰਚਾਇਆ। ਇੱਕ ਵਾਰ ਫਿਰ ਇਕੱਲੇ ਇਕੱਲੇ ਦਾ ਬਹੁਤ ਬਹੁਤ ਧੰਨਵਾਦ।

**– ਸੁਰਿੰਦਰ ਸਿੰਘ ਸੁੱਨੜ**



Academy of the Punjab in North America: http://www.apnaorg.com

# ਸਾਡਾ ਚਰਿੱਤਰ

ਚਰਿੱਤਰ ਤਾਂ ਕਿਸੇ ਦਾ ਵੀ ਚਿਤਰਿਆ ਜਾ ਸਕਦਾ ਹੈ ਲੇਕਿਨ ਜੇ ਅਸੀਂ ਆਪਣਾ ਚਰਿੱਤਰ ਚਿਤਰਨਾ ਚਾਹੀਏ ਤਾਂ ਸ਼ਾਇਦ ਸਭ ਤੋਂ ਵਧੀਆ ਚਿਤਰ ਸਕਦੇ ਹਾਂ। ਮੈਂ ਆਪਣੀ ਜੀਵਨ ਕਹਾਣੀ ਵਿੱਚੋਂ ਜਿਸ ਤਰ੍ਹਾਂ ਦਾ ਹਾਂ, ਦੀਆਂ ਕੁਝ ਝਲਕੀਆਂ, ਕੁਝ ਮੇਰੇ ਨਿੱਜੀ ਵਿਚਾਰ ਤੇ ਕੁਝ ਕਵਿਤਾਵਾਂ ਮਿਲਾ ਕੇ 'ਮੰਜ਼ਿਲ ਨਾ ਮਿਲੀ' ਕਿਤਾਬ ਲਿਖੀ । ਮੇਰੇ ਦੋਸਤ ਮਿੱਤਰ ਕਹਿਣ ਲੱਗੇ ਕਿ ਮੰਜ਼ਿਲ ਤਾਂ ਤੈਨੂੰ ਮਿਲ ਗਈ ਹੈ, ਤੇਰੀ ਕਿਤਾਬ ਦਾ ਨਾਂ ਗ਼ਲਤ ਹੈ। ਮੇਰਾ ਇਕ ਮਿੱਤਰ ਮੁਖਤਿਆਰ ਦਾਈਆ ਨਵਾਂ ਸ਼ਹਿਰ ਐਸ. ਪੀ. ਲੱਗਿਆ ਹੋਇਆ ਹੈ। ਉਸ ਦੀ ਕਾਲ ਆਈ ਕਿ ਤੈਨੂੰ ਕੁਝ ਲੱਭਣ ਦੀ ਲੋੜ ਹੈ ਤਾਂ ਇੰਸਪੈਕਟਰ ਘੱਲਾਂ? ਜੀਵਨ ਦੇ ਕਈ ਤਲਖ਼ ਤਜਰਬੇ, ਮੇਰੇ ਜੀਵਨ ਦੇ ਕਈ ਅਜੀਬ ਮੋੜ ਦੇਸ਼ਾਂ ਵਿਦੇਸ਼ਾਂ ਵਿੱਚ ਵਿਚਰਦਿਆਂ, ਨੂੰ ਸਾਂਝੇ ਕਰਨ ਨੂੰ ਮਨ ਕਰਦਾ ਹੈ। ਪਰਮਾਤਮਾ ਦੀ ਬਣਾਈ ਹੋਈ ਇਸ ਦੁਨੀਆ ਨੇ ਮੈਨੂੰ ਕੀ ਕੁਝ ਸਿਖਾਇਆ ਜਾਂ ਇਵੇਂ ਕਹੋ ਕਿ ਕੀ ਮੈਂ ਕੁਝ ਸਿੱਖਣ ਦੇ ਸਮਰੱਥ ਸਾਂ? ਉਸ ਸਮਰੱਥਾ ਦੇ ਬਾਰੇ ਗੱਲਾਂ ਕਰਨ ਨੂੰ ਜੀਅ ਕਰਦਾ ਹੈ।

ਜੀਵਨ ਦੇ ਰਹੱਸ ਨੂੰ ਮਜਬੂਰੀਆਂ, ਕਮਜ਼ੋਰੀਆਂ ਤੇ ਯੋਗਤਾਵਾਂ ਦੇ ਆਧਾਰ ਤੇ ਆਪਣੇ ਜੀਵਨ ਦੀਆਂ ਮਿਸਾਲਾਂ ਦੇ ਕੇ ਆਪਣੇ ਭੇਦ ਖੋਲ੍ਹਣ ਨੂੰ ਦਿਲ ਕਰਦਾ ਹੈ। ਹੋ ਸਕਦਾ ਕਿਸੇ ਪਾਠਕ ਨੂੰ ਮੇਰੀਆਂ ਡੰਡੀਆਂ, ਰਾਹਾਂ, ਖਹਿੜਿਆਂ 'ਚੋਂ ਕੁਝ ਐਸਾ ਵੀ ਮਿਲ ਜਾਵੇ ਜਿਸ ਦੀ ਅਸੀਂ ਕਈ ਵਾਰ ਤਲਾਸ਼ ਕਰਦੇ ਫਿਰਦੇ ਹਾਂ। ਚੌਵੀ ਸਾਲ ਵਿਦੇਸ਼ਾਂ ਵਿੱਚ ਕਿਵੇਂ ਗੁਜ਼ਾਰੇ, ਮੈਂ ਆਪਣੇ ਜੀਵਨ ਨੂੰ ਕਿੰਨਾ ਕੁ ਜੀਵਿਆ ਤੇ ਮੇਰੇ ਜੀਵਨ ਨੇ ਮੈਨੂੰ ਕਿੰਨਾ ਕੁ ਜੀਵਿਆ, ਸਭ ਕੁਝ ਸਾਂਝਾ ਕਰਨ ਨਾਲ ਦਿਲ ਹੌਲਾ ਹੋ ਜਾਵੇਗਾ। ਸਹੀ ਜੀਵਨ ਜਿਉਣ ਤੋਂ ਵਧੀਆ ਦੁਨੀਆ ਵਿਚ ਕੋਈ ਚੀਜ਼ ਨਹੀਂ, ਲੇਕਿਨ ਸਹੀ ਰਸਤੇ ਜਾਂਦਿਆਂ ਸਾਨੂੰ ਕਿਨ੍ਹਾਂ ਗੱਲਾਂ ਦਾ ਧਿਆਨ ਰੱਖਣਾ ਪੈਂਦਾ ਹੈ, ਉਹ ਕੁਝ ਤਜਰਬੇ ਜੋ ਮੇਰੇ ਪਿੰਡੇ 'ਤੇ ਵਾਪਰੇ ਸਾਂਝੇ ਕਰਨਾ ਚਾਹੁੰਦਾ ਹਾਂ। ਮੈਂ ਆਪਣੇ ਜੀਵਨ ਵਿੱਚ ਹਜ਼ਾਰਾਂ ਲੋਕਾਂ ਨਾਲ ਮਿਲਿਆ ਗਿਲਿਆ, ਲੱਖਾਂ ਲੋਕਾਂ ਨਾਲ ਜਾਣ ਪਹਿਚਾਣ ਹੋਈ। ਬਹੁਤ ਵਿਦਵਾਨ ਲੋਕ ਵੀ ਮਿਲੇ, ਵੱਡੇ ਵੱਡੇ ਬਿਜ਼ਨਸਮੈਨ ਵੀ ਮਿਲੇ ਅਤੇ ਬਹੁਤ ਸਿਆਣੇ ਬੜੇ ਅਮੀਰ ਲੋਕ ਵੀ ਮਿਲੇ, ਲੇਕਿਨ ਜਿੰਨਿਆਂ ਨੂੰ ਮੈਂ ਨੇੜਿਓਂ ਜਾਣ ਸਕਿਆ ਹਾਂ, ਉਹ ਭਾਵੇਂ ਜਿੰਨੇ ਮਰਜ਼ੀ ਕਾਮਯਾਬ ਲੋਕ ਹੋਣ ਪਰ ਉਹ ਅੰਦਰੋਂ ਅੰਦਰ ਕੋਈ ਘਾਟ ਮਹਿਸੂਸ ਕਰਦੇ ਹਨ। ਬਾਹਰਲੀ ਸਫ਼ਲਤਾ ਕਈ ਵਾਰ ਅੰਦਰਲੇ ਦਰਦ ਨੂੰ ਲੁਕੋ ਨਹੀਂ ਸਕਦੀ। ਰਿਸ਼ਤੇਦਾਰੀ ਨੂੰ ਨਿਭਾਉਂਦਿਆਂ ਨਿਭਾਉਂਦਿਆਂ ਕਈ ਵਾਰ ਅਸੀਂ ਆਪ ਅਧੂਰੇ ਰਹਿ ਜਾਂਦੇ ਹਾਂ ਪਰ ਕਿਸੇ ਨੂੰ ਕੀ ਪਤਾ ਕਿ ਸਾਨੂੰ ਕੀ ਮਿਲਿਆ ਤੇ ਕੀ ਨਹੀਂ ਮਿਲਿਆ।

ਮੇਰੀਆਂ ਤੇਰੀਆਂ ਕੁਝ ਗੱਲਾਂ ਐਸੀਆਂ ਹੁੰਦੀਆਂ ਹਨ ਜੋ ਸਾਂਝੀਆਂ ਕਰ ਲਈਆਂ ਜਾਣ ਤਾਂ ਹੋ ਸਕਦਾ ਹੈ ਕਿਸੇ ਤਰ੍ਹਾਂ ਦਾ ਫਾਇਦਾ ਹੋ ਜਾਵੇ। ਕਈ ਵਾਰ ਅਸੀਂ ਜੀਵਨ ਵਿੱਚ ਭੌਤਿਕ ਪਦਾਰਥਾਂ ਦੀ ਭੁੱਖ ਮੇਟਣ ਲਈ ਜਾਂ ਇਵੇ ਂਕਹੋ ਕਿ ਅਮੀਰ ਬਣਨ ਲਈ ਸਾਰਾ ਜ਼ੋਰ ਲਾ ਦਿੰਦੇ ਹਾਂ। ਆਪਣੀ ਪਰਿਵਾਰਕ ਹੋਂਦ ਖਰਾਬ ਕਰ ਲੈਂਦੇ ਹਾਂ। ਕਰੋੜਾਂ ਡਾਲਰ ਕਮਾ ਲੈਣੇ ਕੋਈ ਸੌਖੀ ਗੱਲ ਨਹੀਂ, ਕਰੋੜਾਂ ਡਾਲਰ ਕਮਾਉਂਦਿਆਂ ਆਪਣੇ ਪਰਿਵਾਰ ਜਾਂ ਆਪਣੇ ਬੱਚਿਆਂ ਨੂੰ ਤੁਸੀਂ ਗਵਾ ਬੈਠਦੇ ਹੋ ਤਾਂ ਫਿਰ ਕਿਵੇਂ ਲਿਖੀਏ ਕਿ ਕਮਾਇਆ ਜ਼ਿਆਦਾ ਕਿ ਗਵਾਇਆ ਜ਼ਿਆਦਾ। ਕਈ ਵਾਰ ਸਾਨੂੰ ਪਤਾ ਹੁੰਦਾ ਹੈ ਕਿ ਸਹੀ ਕੀ ਹੈ ਤੇ ਗਲਤ ਕੀ ਹੈ? ਪ੍ਰੰਤੂ ਜਾਣ ਬੁੱਝ ਕੇ ਵੀ ਅਸੀਂ ਬਹੁਤ ਕੁਝ ਐਸਾ ਕਰਦੇ ਹਾਂ ਜੋ ਸਾਨੂੰ ਪਤਾ ਹੈ ਕਿ ਨਹੀਂ ਕਰਨਾ ਚਾਹੀਦਾ ਤਾਂ ਫਿਰ ਉਹ ਕਾਰਜ ਕਰਕੇ ਅਸੀਂ ਕੁਝ ਪਾਇਆ ਕਿ ਗਵਾਇਆ। ਮੈਂ ਆਪਣੇ ਜੀਵਨ ਵਿੱਚ ਬਹੁਤ ਵਾਰ ਆਪਣੇ ਨਾਲ ਕੰਮ ਕਰਦੇ ਰਿਸ਼ਤੇ ਦਾਰਾਂ ਮਿੱਤਰਾਂ ਤੇ ਮੁਲਾਜ਼ਮਾਂ ਨਾਲ ਅਜ਼ਮਾ ਕੇ ਦੇਖਿਆ ਹੈ ਕਿ ਤੁਸੀਂ ਜਿੰਨਾ ਮਰਜ਼ੀ ਚੰਗੇ ਬਣਨ ਦੀ ਕੋਸ਼ਿਸ਼ ਕਰੋ, ਜਿੰਨਾ ਮਰਜ਼ੀ ਸਹੀ ਚੱਲੋ, ਜਿੰਨਾ ਮਰਜ਼ੀ ਸਤਿਕਾਰ ਕਰੋ ਪਰ ਤੁਹਾਡੇ ਚਰਿੱਤਰ ਦਾ ਕੋਈ ਨਾ ਕੋਈ ਹਿੱਸਾ ਤੁਹਾਡੇ ਵਿਅਕਤਿਤਵ ਦਾ, ਤੁਹਾਡੀ ਸ਼ਖਸ਼ੀਅਤ


Academy of the Punjab in North America: http://www.apnaorg.com

ਦਾ ਕੋਈ ਨਾ ਕੋਈ ਹਿੱਸਾ ਤੁਹਾਡੇ ਲਈ ਮੁਖ਼ਾਲਫ਼ਤ ਪੈਦਾ ਕਰ ਦਿੰਦਾ ਹੈ। ਕਈ ਵਾਰ ਆਪਣੇ ਬੱਚਿਆ ਨੂੰ ਸਹੀ ਗੱਲ ਦੱਸਦਿਆਂ ਵੀ ਬੱਚੇ ਉਸਦੇ ਹੋਰ ਅਰਥ ਕਰ ਲੈਣ ਤਾਂ ਤੁਸੀਂ ਕੀ ਖੱਟਿਆ? ਕਮਾਈ ਕਰਦਿਆਂ, ਪਰਿਵਾਰ ਵਿੱਚ ਰਹਿੰਦਿਆਂ, ਬਹੁਤ ਲੋਕਾਂ ਦੀ ਮਦਦ ਕਰਦਿਆਂ, ਧਾਰਮਿਕ ਅਸਥਾਨਾਂ ਤੇ ਵਧੀਆ ਵਧੀਆ ਗੱਲਾਂ ਕਰਦਿਆਂ ਸੁਣਦਿਆਂ ਇਵੇਂ ਲਗਦਾ ਹੈ ਕਿ ਤੁਸੀਂ ਬਹੁਤ ਲੋਕਾਂ ਵਿਚ ਘਿਰੇ ਹੋਏ ਹੋ। ਕਈ ਵਾਰ ਆਪਣਾ ਆਪ ਏਨਾ ਇਕੱਲਾ ਲਗਦਾ ਹੈ ਕਿ ਆਲੇ ਦੁਆਲੇ ਦੀ ਭੀੜ ਵਿਚ ਦਮ ਘੁਟਦਾ ਹੈ। ਕਈ ਵਾਰ ਅਸੀਂ ਉਮੀਦ ਕਰ ਲੈਂਦੇ ਹਾਂ ਕਿ ਸਾਡੇ ਬੱਚੇ ਆਖੇ ਲੱਗ ਕੇ ਸਾਡਾ ਕੁਝ ਕੰਮ ਕਰ ਸਕਦੇ ਹਨ। ਘਰ ਦੀ ਕੋਈ ਜ਼ਿੰਮੇਵਾਰੀ ਨਿਭਾ ਸਕਦੇ ਹਨ। ਪ੍ਰੰਤੂ ਜਦੋਂ ਪਤਾ ਲਗਦਾ ਹੈ ਕਿ ਕੰਮ ਤਾਂ ਹੋਇਆ ਹੀ ਨਹੀਂ ਤਾਂ ਬੰਦਾ ਸੋਚਦਾ ਹੈ ਕਿ ਮੈਂ ਕਾਹਨੂੰ ਆਖਿਆ, ਆਪੇ ਹੀ ਕਿਉਂ ਨਾ ਕਰ ਲਵਾਂ।

ਇਕ ਮਿੱਤਰ ਨੇ ਮੈਨੂੰ ਗੱਲ ਸੁਣਾਈ ਕਿ ਉਸਨੇ ਇੱਕ ਦਿਨ ਬੜੀ ਜ਼ਰੂਰੀ ਚਿੱਠੀ ਲਿਖੀ। ਪਿੰਡ ਵਿਚ ਰਹਿੰਦਾ ਸੀ। ਉਸ ਪਿੰਡ ਵਿਚ ਕੋਈ ਡਾਕਖ਼ਾਨਾ ਨਹੀਂ ਸੀ। ਉਹ ਸੋਚ ਰਿਹਾ ਸੀ ਕਿ ਤਿਆਰ ਹੋ ਕੇ ਸ਼ਹਿਰ ਜਾਵੇ ਤੇ ਸ਼ਹਿਰ ਜਾ ਕੇ ਚਿੱਠੀ ਪਾ ਆਵੇ। ਏ ਨੇ ਨੂੰ ਉਸਦਾ ਕੋਈ ਹੋਰ ਭਾਈਵਾਲ ਆਇਆ ਤੇ ਕਹਿਣ ਲੱਗਾ ਕਿ ਮੈਂ ਸ਼ਹਿਰ ਨੂੰ ਚੱਲਿਆਂ ਹਾਂ। ਮੇਰੇ ਮਿੱਤਰ ਨੇ ਸੋਚਿਆ ਕਿ ਸਿਆਣਾ ਬੰਦਾ ਹੈ ਜ਼ਿੰਮੇਵਾਰ ਅਤੇ ਮੇਰਾ ਵਾਕਫ਼ ਹੈ, ਮੈਂ ਇਸ ਨੂੰ ਕਹਾਂ ਕਿ ਚਿੱਠੀ ਪਾ ਦੇਈਂ। ਹਾਲੇ ਸੋਚ ਹੀ ਰਿਹਾ ਸੀ ਕਿ ਉਹ ਬੋਲ ਪਿਆ, 'ਆਹ ਚਿੱਠੀ ਪਾਉਣੀ ਹੈ ਤਾਂ ਲਿਆ ਦੇ ਦੇ ਮੈਨੂੰ, ਮੈਂ ਸ਼ਹਿਰ ਜਾ ਕੇ ਡਾਕਖ਼ਾਨੇ ਪਾ ਦੇਵਾਂਗਾ। ' ਖ਼ਤ ਲੈ ਕੇ ਚਲਾ ਗਿਆ। ਪੰਜ ਸੱਤ ਦਿਨਾਂ ਬਾਅਦ ਮੇਰਾ ਮਿੱਤਰ ਸ਼ਹਿਰ ਗਿਆ ਹੋਇਆ ਸੀ ਤੇ ਉਹ ਹੀ ਭਾਈਵਾਲ ਮਿਲ ਗਿਆ। ਹਾਲ ਚਾਲ ਪੁੱਛਦਿਆਂ ਉਸਨੂੰ ਚੇਤੇ ਆ ਗਿਆ ਤੇ ਪੁੱਛ ਲਿਆ, ਉਹ ਖ਼ਤ ਮੇਲ ਕਰ ਦਿੱਤਾ ਸੀ ਜਾਂ ਨਹੀਂ? ਉਹ ਤੇਰਾ ਭਲਾ ਹੋ ਜਾਵੇ! ਮੈਨੂੰ ਤਾਂ ਚੇਤਾ ਹੀ ਭੁੱਲ ਗਿਆ! ਕਿਤੇ ਜ਼ਿਆਦਾ ਜ਼ਰੂਰੀ ਤਾਂ ਨਹੀਂ ਸੀ। ਖ਼ਤ ਹੈ ਤਾਂ ਜ਼ਰੂਰੀ ਸੀ। ਫਿਰ ਆਹ ਲੈ ਤੇ ਜਾਹ ਨੱਠ ਕੇ ਮੇਲ ਕਰਕੇ ਆ। ਇਹੋ ਜਿਹੇ ਸਮੇਂ ਤੁਸੀਂ ਕੀ ਕਰ ਸਕਦੇ ਹੋ? ਮੇਰੀ ਜੀਵਨ ਯਾਤਰਾ ਦੇ ਕੁਝ ਐਸੇ ਪਲ ਵੀ ਹਨ ਜੋ ਮੈਂ ਚਿਤਰਨਾ ਚਾਹੁੰਦਾ ਹਾਂ।

ਮੈਂ ਕਈ ਵਾਰ ਸੋਚਿਆ ਕਿ ਬੜੀ ਨੱਠ ਭੱਜ ਕੀਤੀ, ਬੜੇ ਪੈਸੇ ਬਣਾਏ, ਬਹੁਤ ਲੋਕਾਂ ਨੂੰ ਰੁਜ਼ਗਾਰ ਵਿੱਚ ਪਾਇਆ। ਬੜੀ ਹੀ ਜ਼ਿੰਮੇਵਾਰੀ ਨਾਲ ਆਪਣੇ ਆਪ ਨੂੰ ਕੰਮਕਾਰ ਵਿਚ ਲਗਾਈ ਰੱਖਿਆ। ਕੀ ਉਹ ਸਭ ਕੁਝ ਕਰਨਾ ਜ਼ਰੂਰੀ ਸੀ? ਕੀ ਮੇਰਾ ਸਰਦਾ ਨਹੀਂ ਏਨੇ ਪੰਗੇ ਲੈਣ ਤੋਂ ਬਿਨਾਂ। ਕਿਸ ਗੱਲੋਂ ਭੱਜਾ ਫਿਰਦਾਂ, ਕਾਰਨ ਕੀ ਹੈ? ਕਈ ਵਾਰ ਜਦੋਂ ਮੇਰਾ ਕੋਈ ਮਿੱਤਰ ਜਾਂ ਰਿਸ਼ਤੇਦਾਰ ਕੁਝ ਐਸਾ ਕੰਮ ਕਰ ਲੈਂਦਾ ਜਿਸ ਨੂੰ ਕਰਨ ਲਈ ਮੈਂ ਕਈ ਵਾਰ ਸੋਚਿਆ ਪਰ ਕਰ ਨਾ ਸਕਿਆ। ਮਿੱਤਰ ਨੂੰ ਵਧਾਈ ਦੇਣ ਦਾ ਵੀ ਫਰਜ਼ ਪੂਰਾ ਕੀਤਾ ਪਰ ਮਨ ਹੀ ਮਨ ਵਿੱਚ ਮੈਂ ਆਪਣੇ ਆਪ ਨੂੰ ਕੋਸਿਆ ਵੀ। ਇਸ ਤਰ੍ਹਾਂ ਦੀ ਹਾਲਤ ਵਿਚ ਮੇਰਾ ਜੋ ਤਜਰਬਾ ਹੋਇਆ, ਉਹ ਸਾਰਾ ਬਿਆਨ ਕਰ ਦੇਣ ਨੂੰ ਦਿਲ ਕਰਦਾ ਹੈ। ਕਈ ਵਾਰ ਜਦੋਂ ਕਿਤੇ ਮੈਂ ਗੱਲ ਕਰਦਾ ਹੁੰਦਾ ਤਾਂ ਲੋਕ ਬੜੇ ਧਿਆਨ ਨਾਲ ਸੁਣਦੇ, ਬੜੇ ਪਤੇ ਦੀਆਂ ਗੱਲਾਂ ਕਰਨੀਆਂ। ਇਸ ਤਰ੍ਹਾਂ ਲੱਗਣਾ ਕਿ ਲੋਕ ਬਹੁਤ ਗਹੁ ਨਾਲ ਸੁਣਦੇ ਹਨ। ਲੋਕਾਂ ਨੂੰ ਮੇਰੀਆਂ ਗੱਲਾਂ ਬੜੀਆਂ ਚੰਗੀਆਂ ਲਗਦੀਆਂ ਪਰ ਕਿਸੇ ਤੇ ਵੀ ਕਿਸੇ ਕਿਸਮ ਦਾ ਕੋਈ ਅਸਰ ਤੱਕ ਵੀ ਨਾ ਹੋਣਾ। ਇਹ ਦੇਖ ਕੇ ਫਿਰ ਮਨ ਵਿਚ ਆਉਣਾ ਕਿ ਦੱਸ ਮੈਂ ਭਲਾ ਕਾਹਤੋਂ ਸਿਰ ਖਪਾਈ ਕਰ ਰਿਹਾ ਹਾਂ। ਜੀਵਨ ਵਿੱਚ ਕਈ ਰਿਸ਼ਤੇ ਨਿਭਾਉਣ ਲਈ ਤੁਸੀਂ ਹਾਰ ਮੰਨਣ ਨੂੰ ਵੀ ਤਿਆਰ ਹੋ ਜਾਂਦੇ ਹੋ। ਸਹੀ ਹੁੰਦਿਆਂ ਹੋਇਆ ਵੀ ਹਾਰ ਮੰਨਣੀ ਔਖੀ ਹੈ ਲੇਕਿਨ ਤੁਸੀਂ ਰਿਸ਼ਤੇ ਵਿੱਚ ਦਰਾੜ ਨਹੀਂ ਪੈਣ ਦੇਣਾ ਚਾਹੁੰਦੇ। ਹਾਰ ਕੇ ਵੀ ਤੁਹਾਨੂੰ ਸਕੂਨ ਨਾ ਮਿਲੇ ਤਾਂ ਫਿਰ ਦਿਲ ਵਿਚ ਆਉਂਦੀ ਹੈ ਕਿ ਮੈਂ ਤਾਂ ਐਵੇਂ ਹਰਿਆ। ਬੱਕਰੀ ਜਾਨੋਂ ਗਈ ਖਾਣ ਵਾਲੇ ਨੂੰ ਸਵਾਦ ਹੀ ਨਾ ਆਇਆ।


Academy of the Punjab in North America: http://www.apnaorg.com

ਕਈ ਵਾਰ ਤੁਹਾਡਾ ਦਿਲ ਸਾਫ਼ ਹੁੰਦਾ ਹੈ। ਤੁਸੀਂ ਦਿਲੋਂ ਲਾ ਕੇ ਸਹੀ ਸਲਾਹ ਦਿੰਦੇ ਹੋ, ਪਰ ਸੁਣਨ ਵਾਲੇ ਨੇ ਕਿਸ ਤਰ੍ਹਾਂ ਲਈ, ਇਹ ਉਸ ਉੱਤੇ ਨਿਰਭਰ ਕਰਦਾ ਹੈ। ਸੱਚੇ ਮਨੋਂ ਕੁਝ ਆਖਿਆ ਵੀ ਜੇ ਕਿਸੇ ਨੂੰ ਗ਼ਲਤ ਅਸਰ ਕਰ ਜਾਵੇ ਤਾਂ ਫਿਰ ਉਸਦਾ ਨਤੀਜਾ ਤਾਂ ਫਿਰ ਗਲਤ ਹੀ ਹੋਵੇਗਾ। ਸਾਡਾ ਲੜਕਾ ਗਗਨ ਦੀਪ ਬਚਪਨ ਤੋਂ ਹੀ ਕੁਝ ਆਪਣੇ ਖ਼ਿਆਲਾਂ ਦਾ ਰਿਹਾ ਹੈ। ਹਰ ਕਿਸੇ ਦਾ ਸਤਿਕਾਰ ਵੀ ਕਰਦਾ, ਸਾਰਿਆਂ ਨਾਲ ਪਿਆਰ ਵੀ ਕਰਦਾ। ਲੇਕਿਨ ਆਪਣੇ ਆਪ ਨੂੰ ਕਦੇ ਵੀ ਕਿਸੇ ਤੋਂ ਘੱਟ ਸਿਆਣਾ ਨਾ ਸਮਝਦਾ। ਜਦੋਂ **16** ਸਾਲ ਦਾ ਹੋਇਆ ਤਾਂ ਉਸਨੇ ਕੈਲੇਫੋਰਨੀਆ ਡਰਾਈਵਿੰਗ ਲਾਈਸੰਸ ਲੈ ਲਿਆ। ਮੈਂ ਸੋਚਿਆ ਚੰਗਾ ਹੋਇਆ, ਹੁਣ ਮੈਨੂੰ ਉਸਨੂੰ ਸਕੂਲ ਛੱਡਣ ਨਾ ਜਾਣਾ ਪਵੇਗਾ। ਹਰਪ੍ਰੀਤ ਨਾਲ ਸਲਾਹ ਕਰਕੇ ਅਸੀਂ ਟੋਇਟਾ ਪਿਕ ਅਪ ਟਰੱਕ ਲੈ ਦਿੱਤਾ, ਗਗਨ ਕੋਲ ਨਿੱਕਾ ਜਿਹਾ ਟਰੱਕ ਸੀ। ਕੁਝ ਦਿਨਾਂ ਬਾਅਦ ਹੀ ਗਗਨ ਆਪਣੇ ਜੇਬ ਖ਼ਰਚੇ ਚੋਂ ਬਚਾਏ ਪੈਸਿਆਂ ਦੇ ਸਪੀਕਰ ਖਰੀਦ ਕੇ ਲੈ ਆਇਆ। ਮੈਂ ਘਰ ਆਇਆ ਤਾਂ ਇਕ ਦੋ ਹੋਰ ਮੁੰਡਿਆਂ ਨੂੰ ਨਾਲ ਲੈ ਕੇ ਟਰੱਕ ਵਿਚ ਸਪੀਕਰ ਲਾਉਣ ਦੀ ਸਕੀਮ ਬਣਾ ਰਹੇ ਸੀ। ਕੀ ਕਰਨ ਲੱਗੇ ਹੋ? ਮੈਂ ਸੁਭਾਵਕ ਹੀ ਪੁੱਛ ਲਿਆ। ਡੈਡ ਟਰੱਕ ਵਿਚ ਸਪੀਕਰ ਲਗਾਉਣ ਲੱਗੇ ਹਾਂ। ਮੈਂ ਆਪਣੇ ਦਿਲੋਂ ਸਮਝਾਉਣ ਲੱਗਾ, ਗਗਨ ਤੂੰ ਨਵਾਂ ਨਵਾਂ ਲਾਈਸੰਸ ਲਿਆ ਹੈ, ਸਪੀਕਰਾਂ ਦੇ ਰੌਲ਼ੇ ਗੌਲ਼ੇ ਵਿਚ ਗਲਤੀ ਹੋ ਸਕਦੀ ਹੈ, ਮੇਰੀ ਸਲਾਹ ਮੰਨੇ ਤਾਂ ਅਜੇ ਸਪੀਕਰ ਨਾ ਲਗਾ। ਖ਼ੈਰ ਉਸਨੇ ਸਪੀਕਰ ਤਾਂ ਨਾ ਲਗਾਏ ਪਰ ਦਿਲ ਵਿੱਚ ਇੱਕ ਗੰਢ ਬੰਨ ਲਈ ਕਿ ਡੈਡ ਨੇ ਸਪੀਕਰ ਨਹੀਂ ਲਗਾਉਣ ਦਿੱਤੇ। ਕੁਝ ਸਾਲ ਬਾਅਦ ਜਦੋਂ ਗਗਨ ਕਮਾਈ ਕਰਨ ਲੱਗ ਪਿਆ ਤਾਂ ਮੇਰੀ ਪਤਨੀ ਹਰਪ੍ਰੀਤ ਨੇ ਕਿਹਾ ਕਿ ਗਗਨ ਨੂੰ ਵਧੀਆ ਕਾਰ ਲੈ ਕੇ ਦੇ ਈਏ। ਅਸੀਂ ਐਕੂਰਾ ਕਾਰ ਲੈ ਕੇ ਦਿੱਤੀ। ਤੀਜੇ ਕੁ ਦਿਨ ਮੈਂ ਘਰ ਦੇ ਮੂਹਰਲੇ ਲਾਅਨ ਵਿੱਚ ਫੁੱਲਾਂ ਨੂੰ ਪਾਣੀ ਦੇ ਰਿਹਾ ਸਾਂ ਕਿ ਬਹੁਤ ਉੱਚੀ ਉੱਚੀ ਵੱਜਦੇ ਸਪੀਕਰਾਂ ਦੀ ਆਵਾਜ਼ ਆਈ। ਬਿੰਦ ਕੁ ਮਗਰੋਂ ਹੀ ਗਗਨ ਨੇ ਕਾਰ ਲਿਆ ਖੜ੍ਹੀ ਕੀਤੀ। ਆਵਾਜ਼ ਸੁਣ ਕੇ ਕਈ ਆਂਢੀ ਗੁਆਂਢੀ ਵੀ ਆ ਗਏ। ਮੈਂ ਵੀ ਹੌਲੀ ਹੌਲੀ ਨੇੜੇ ਚਲਾ ਗਿਆ। ਗਗਨ ਸਾਰਿਆਂ ਨੂੰ ਕਾਰ ਵਿੱਚ ਲੱਗੇ ਸਪੀਕਰ ਵਿਖਾਵੇ। ਕਾਰ ਦੀ ਡਿੱਗੀ ਵਿਚ ਇੰਨੇ ਵੱਡੇ ਵੱਡੇ ਸਪੀਕਰ ਕਿ ਕਿਤਾਬ ਰੱਖਣ ਜੋਗੀ ਜਗ੍ਹਾ ਨਹੀਂ ਸੀ। ਸਾਰੇ ਲੋਕ ਸਿਫ਼ਤਾਂ ਕਰ ਰਹੇ ਸੀ। ਮੈਂ ਵੀ ਕਿਹਾ ਬਹੁਤ ਵਧੀਆ। ਮੇਰੇ ਦਿਲ ਵਿਚ ਯਾਦ ਆਇਆ ਕਿ ਮੈਂ ਗਗਨ ਨੂੰ ਸਪੀਕਰ ਲਗਾਉਣ ਤੋਂ ਕਿਸੇ ਦਿਨ ਰੋਕਿਆ ਸੀ। ਅੱਜ ਉਸ ਨੇ ਆਪਣੇ ਮਨ ਦੀ ਕਰ ਹੀ ਲਈ।

ਕਈ ਵਾਰ ਜੀਵਨ ਵਿੱਚ ਐਸਾ ਹੁੰਦਾ ਹੈ ਕਿ ਤੁਹਾਡੀ ਮਰਜ਼ੀ ਨਹੀਂ ਹੁੰਦੀ ਕਿ ਤੁਸੀਂ ਕਿਸੇ ਆਪਣੇ ਨੂੰ ਤੰਗ ਕਰਨਾ ਹੈ। ਤੁਹਾਡੇ ਦਿਲ ਵਿਚ ਉਸ ਦਾ ਭਲਾ ਕਰਨ ਦੀ ਰੀਝ ਹੁੰਦੀ ਹੈ, ਪਰ ਉਹ ਉਸ ਗੱਲ ਨੂੰ ਆਪਣੇ ਤਰੀਕੇ ਨਾਲ ਸੋਚ ਕੇ ਬੈਠ ਜਾਂਦਾ ਹੈ। ਅਜਿਹੇ ਮੌਕੇ ਤੁਸੀਂ ਕੀ ਕਰ ਸਕਦੇ ਹੋ? ਮੇਰੇ ਜੀਵਨ ਵਿੱਚ ਇਸ ਤਰ੍ਹਾਂ ਦੀਆਂ ਕਈ ਘਟਨਾਵਾਂ ਵਾਪਰੀਆਂ। ਉਹ ਸਾਰੀਆਂ ਹੂ-ਬ-ਹੂ ਪਾਠਕਾਂ ਨਾਲ ਸਾਂਝੀਆਂ ਕਰਨ ਨੂੰ ਦਿਲ ਕਰਦਾ ਹੈ। ਜੀਵਨ ਵਿੱਚ ਇਹੋ ਜਿਹੇ ਹਾਲਾਤਾਂ ਨਾਲ ਕਿਵੇਂ ਨਿਪਟਿਆ ਜਾ ਸਕਦਾ ਹੈ, ਇਹ ਸਭ ਕੁਝ ਲਿਖਣ ਨੂੰ ਦਿਲ ਕਰਦਾ ਹੈ। ਕਹਿੰਦੇ ਹਨ ਕਿ ਜੇ ਕੋਈ ਜ਼ਿਆਦਾ ਦੇਰ ਬੀਮਾਰ ਰਹੇ ਤਾਂ ਉਸਨੂੰ ਦਵਾਈ ਦਾ ਆਪ ਡਾਕਟਰ ਤੋਂ ਵੱਧ ਪਤਾ ਲੱਗ ਜਾਂਦਾ ਹੈ। ਜੋ ਅਸੀਂ ਸੋਚਦੇ ਹਾਂ, ਉਸਨੂੰ ਸਾਡੇ ਨਾਲ ਦੇ ਕਿਵੇਂ ਵੇਖਦੇ ਹਨ, ਉਸ ਤਰ੍ਹਾਂ ਦੇ ਕੁਝ ਤਜਰਬੇ ਇਸ ਕਿਤਾਬ ਵਿੱਚ ਵਰਨਨ ਕਰਨ ਨੂੰ ਜੀਅ ਕਰਦਾ ਹੈ ਕਿਉਂਕਿ ਮੇਰੇ ਨਾਲ ਵਾਪਰੀ ਘਟਨਾ ਦਾ ਮੇਰੇ ਚਰਿੱਤਰ ਤੇ ਤਾਂ ਅਸਰ ਜ਼ਰੂਰ ਪਾਏਗਾ। ਇਸ ਲਈ ਆਪਣੇ ਚਰਿੱਤਰ ਦਾ ਚਿਤਰਣ ਕਰਦਿਆਂ ਹੀ ਸੁਭਾਵਕ ਤੌਰ ਤੇ ਆਪਣੇ ਜੀਵਨ ਅਨੁਭਵ ਵੀ ਸਾਂਝੇ ਕਰਨੇ ਚਾਹੁੰਦਾ ਹਾਂ। ਹਿਫ਼ਾਜ਼ਤ ਕਰਦਿਆਂ ਕਰਦਿਆਂ ਵੀ ਅਸੀਂ ਕਈ ਵਾਰ ਆਪਣਿਆਂ ਨੂੰ ਤੰਗ ਕਰ ਦਿੰਦੇ ਹਾਂ। ਆਪਣੇ ਨਜ਼ਰੀਏ ਨਾਲ ਦੇਖਦੇ ਹਾਂ। ਬੱਚੇ ਕਈ ਵਾਰ ਇਸ ਦੇ ਵੱਖਰੇ ਅਰਥ ਕੱਢ ਲੈਂਦੇ ਹਨ। ਕਈ ਵਾਰ ਸੋਚਦੇ ਹਨ ਕਿ ਡੈਡ ਮੈਨੂੰ ਪਿਆਰ ਨਹੀਂ ਕਰਦੇ। ਜੇ ਪਿਆਰ ਕਰਦੇ ਹੁੰਦੇ ਤਾਂ ਮੈਨੂੰ ਸਪੀਕਰ ਲਾਉਣ ਤੋਂ ਕਿਉਂ


Academy of the Punjab in North America: http://www.apnaorg.com

ਰੋਕਦੇ?

ਤੁਸੀਂ ਕਿਸੇ ਚੀਜ਼ ਨੂੰ ਕਿਸ ਤਰ੍ਹਾਂ ਲੈਂਦੇ ਹੋ, ਇਹ ਹੀ ਤਾਂ ਤੁਹਾਡਾ ਚਰਿੱਤਰ ਹੈ। ਜੇ ਆਪਾਂ ਕੋਈ ਬਿਆਨਬਾਜ਼ੀ ਕਰਦੇ ਹਾਂ ਜਾਂ ਕਿਸੇ ਨੂੰ ਕੁਝ ਸਮਝਾਉਣ ਦੀ ਕੋਸ਼ਿਸ਼ ਕਰਦੇ ਹਾਂ ਪਰ ਆਪਣੇ ਜੀਵਨ ਵਿਚ ਉਸ ਤਰ੍ਹਾਂ ਨਹੀਂ ਕਰਦੇ ? ਫਿਰ ਕਿਸੇ ਤੇ ਕਿਵੇਂ ਅਸਰ ਹੋ ਸਕਦਾ ਹੈ ? ਕਈ ਵਾਰ ਸਿਆਣੇ ਲੋਕਾਂ ਨੂੰ ਧਾਰਮਿਕ ਅਸਥਾਨਾਂ ਤੇ ਵਧੀਆ ਵਧੀਆ ਗੱਲਾਂ ਕਰਦਿਆਂ ਸੁਣਿਆ ਪਰ ਉਸਦਾ ਅਸਰ ਨਹੀਂ ਹੁੰਦਾ। ਮੈਂ ਆਪਣੇ ਸ਼ਹਿਰ ਦੇ ਗੁਰਦੁਆਰਾ ਸਾਹਿਬ ਵਿੱਚ ਕਈ ਵਾਰ ਸਟੇਜ ਤੇ ਗੱਲਾਂ ਬਾਤਾਂ ਕਰਨੀਆਂ। ਸੰਗਤ ਨੇ ਬੜੇ ਧਿਆਨ ਨਾਲ ਸੁਣ ਵੀ ਲੈਣਾ। ਮੈਨੂੰ ਇੱਕ ਦਿਨ ਇਕ ਬਜ਼ੁਰਗ ਕਹਿਣ ਲੱਗਾ ਕਿ ਤੂੰ ਗੱਲਾਂ ਤਾਂ ਬਹੁਤ ਵਧੀਆ ਕਰਦਾ ਹੈਂ ਪਰ ਕਿਸੇ 'ਤੇ ਅਸਰ ਨਹੀਂ ਹੁੰਦਾ ਦਿਸਦਾ। ਮੈਂ ਬਜ਼ੁਰਗ ਨੂੰ ਸਮਝਾਇਆ ਕਿ ਇਹ ਸਾਰੇ ਤਕਰੀਬਨ ਜੋ ਚਿਰਾਂ ਤੋਂ ਇਸ ਇਲਾਕੇ ਵਿੱਚ ਰਹਿ ਰਹੇ ਹਨ, ਇਹ ਮੈਨੂੰ ਜਾਣਦੇ ਹਨ, ਮੇਰੇ ਨਾਲ ਵਿਚਰੇ ਹਨ। ਮੇਰੀਆਂ ਆਦਤਾਂ ਤੋਂ ਜਾਣੂੰ ਹਨ। ਮੇਰੇ ਜੀਵਨ ਦੇ ਕਈ ਭੇਦ ਜਾਣਦੇ ਹਨ। ਇਹਨਾਂ ਨੂੰ ਪਤਾ ਹੈ ਕਿ ਮੈਂ ਜੋ ਗੁਰਦੁਆਰੇ ਦੀ ਸਟੇਜ ਤੋਂ ਬੋਲਦਾ ਹਾਂ ਮੈਂ ਅਸਲ ਜ਼ਿੰਦਗੀ ਵਿਚ ਉਹ ਸਾਰਾ ਕੁਝ ਉਸ ਤਰ੍ਹਾਂ ਨਹੀਂ ਕਰਦਾ। ਜੇ ਮੈਂ ਖ਼ੁਦ ਨਹੀਂ ਕਰਦਾ ਤਾਂ ਮੈਨੂੰ ਹੋਰ ਕਿਸੇ ਤੇ ਗਿਲਾ ਕਰਨ ਦਾ ਹੱਕ ਵੀ ਨਹੀਂ ਬਣਦਾ। ਲੋਕਾਂ ਨੂੰ ਸਹਿਜ ਸਿਖਾਉਣ ਦਾ ਯਤਨ ਕਰਦਾ ਹਾਂ। ਲੇਕਿਨ ਮੇਰੇ ਜੀਵਨ ਵਿਚ ਸਹਿਜ ਨਹੀਂ ਹੈ। ਲੋਕਾਂ ਤੇ ਕਿਵੇਂ ਅਸਰ ਹੋਵੇ?

ਮੈਂ ਕਿਧਰੇ ਇਕ ਕਹਾਣੀ ਪੜ੍ਹੀ ਕਿ ਕੋਈ ਮਹਾਂਪੁਰਖ ਸੀ ਜਿਸ ਦੀ ਬੜੀ ਮੰਨਤ ਸੀ। ਉਸਦੇ ਬੜੇ ਸਿੱਖ ਸੇਵਕ ਸਨ। ਦੂਰ ਦੂਰ ਤੱਕ ਚਰਚਾ ਸੀ। ਮਹਾਂਪੁਰਖ ਨੂੰ ਇਕ ਦਿਨ ਕੋਈ ਸੰਤ ਮਹਾਤਮਾ ਮਿਲਣ ਆਏ। ਪਤਾ ਲੱਗਾ ਕਿ ਸੰਤ ਸ਼ਾਂਤੀ ਸਾਗਰ ਆਏ ਹਨ ਜਿਨ੍ਹਾਂ ਨੇ ਸਾਰੀ ਉਮਰ ਭੋਰੇ ਵਿੱਚ ਸ਼ਾਂਤੀ ਨਾਲ ਬਿਤਾਈ ਹੈ। ਸੱਥ ਵਿੱਚ ਸਫ਼ ਵਿਛਾਈ ਗਈ। ਮਹਾਂਪੁਰਖ ਤੇ ਸ਼ਾਂਤੀ ਸਾਗਰ ਆਹਮੋ ਸਾਹਮਣੇ ਬੈਠ ਗਏ। ਮਹਾਂਪੁਰਖਾਂ ਦਾ ਇਕ ਸੇਵਕ ਪਿਛਲੇ ਪਾਸੇ ਖੜ੍ਹਾ ਪੱਖਾ ਝੱਲ ਰਿਹਾ ਸੀ। ਸ਼ਾਂਤੀ ਸਾਗਰ ਦੇ ਕਈ ਚੇਲੇ ਉਸਦੇ ਮਗਰ ਬੈਠੇ ਸਨ। ਖੈਰ ਵਾਰਤਾਲਾਪ ਚਾਲੂ ਹੋ ਗਈ। ਪੱਖੀ ਝੱਲ ਰਿਹਾ ਸੇਵਕ ਜ਼ਰਾ ਖੋਜੀ ਜਿਹੇ ਸੁਭਾ ਦਾ ਸੀ। ਉਸ ਦੇ ਦਿਲ ਵਿਚ ਆਈ ਕਿ ਪਰਖੀਏ ਤਾਂ ਸਹੀ ਸ਼ਾਂਤੀ ਸਾਗਰ ਕਿੰਨਾ ਕੁ ਸ਼ਾਂਤ ਹੈ? ਜਿਵੇਂ ਹੀ ਉਸਦੀ ਨਜ਼ਰ ਸ਼ਾਂਤੀ ਸਾਗਰ ਨਾਲ ਮਿਲੀ ਤਾਂ ਉਸ ਵੱਲ ਉਂਗਲੀ ਕਰਕੇ ਹਿਲਾਈ ਤੇ ਨਾਲੇ ਮਾੜਾ ਜਿਹਾ ਸਿਰ ਨੂੰ ਹਿਲਾਇਆ। ਬਿੰਦ ਕੁ ਮਗਰੋਂ ਫਿਰ ਸ਼ਾਂਤੀ ਸਾਗਰ ਨੇ ਉਸ ਸੇਵਕ ਵੱਲ ਦੇਖਿਆ। ਉਸਨੇ ਫਿਰ ਉਂਗਲੀ ਹਿਲਾਈ ਨਾਲੇ ਸਿਰ ਹਿਲਾਇਆ, ਜਿਵੇਂ ਉਹ ਕੁਝ ਜਾਣ ਗਿਆ ਹੋਵੇ। ਸ਼ਾਂਤੀ ਸਾਗਰ ਦੀ ਬਿਰਤੀ ਮਹਾਂਪੁਰਖਾਂ ਵੱਲ ਘਟ ਗਈ ਤੇ ਘੜੀ ਮੁੜੀ ਪੱਖਾ ਫੇਰ ਰਹੇ ਸੇਵਕ ਵੱਲ ਦੇਖਣ ਲੱਗਾ। ਜਿੰਨੀ ਵਾਰ ਹੀ ਸ਼ਾਂਤੀ ਸਾਗਰ ਮਹਾਂਪੁਰਖਾਂ ਦੇ ਪਿਛਲੇ ਪਾਸੇ ਖੜ੍ਹੇ ਪੱਖਾ ਝੱਲ ਰਹੇ ਸੇਵਕ ਵੱਲ ਵੇਖੇ ਓਨੀ ਵਾਰ ਹੀ ਉਹ ਉਂਗਲੀ ਹਿਲਾਏ ਤੇ ਨਾਲੇ ਸਿਰ ਹਿਲਾਏ। ਸ਼ਾਂਤੀ ਸਾਗਰ ਦੀ ਸ਼ਾਂਤੀ ਭੰਗ ਹੋ ਗਈ। ਸਭ ਕੁਝ ਭੁੱਲ ਕੇ ਵਾਰਤਾਲਾਪ ਵਿੱਚੇ ਛੱਡ ਕੇ ਚਿਮਟਾ ਲੈ ਕੇ ਉਠ ਖੜ੍ਹਾ ਹੋਇਆ। ਸਾਰੇ ਹੈਰਾਨ ਹੋ ਗਏ। ਮਹਾਂਪੁਰਖਾਂ ਨੇ ਸ਼ਾਂਤੀ ਸਾਗਰ ਨੂੰ ਪੁੱਛਿਆ ਕਿ ਕੀ ਗੱਲ ਹੋ ਗਈ? ਪੱਖਾ ਫੇਰਦੇ ਸੇਵਕ ਵੱਲ ਇਸ਼ਾਰਾ ਕਰਕੇ ਕਹਿਣ ਲੱਗਾ, 'ਇਸ ਨੂੰ ਪੁੱਛੋ। ' ਸੇਵਕ ਨੂੰ ਪੁੱਛਿਆ ਗਿਆ ਤਾਂ ਸੇਵਕ ਮੁਸਕਰਾਇਆ ਤੇ ਕਹਿਣ ਲੱਗਾ ਕਿ ਮੈਂ ਤਾਂ ਵੇਖ ਰਿਹਾ ਸੀ ਕਿ ਸ਼ਾਂਤੀ ਸਾਗਰ ਜੀ ਵਿਚ ਕਿਧਰੇ ਕੋਈ ਕੋਲਾ ਤਾਂ ਨਹੀਂ ਭਖਦਾ, ਪਰ ਇਹ ਤਾਂ ਮਘੀ ਅੱਗ ਹੈ। ਸੋ ਜੋ ਅਸੀਂ ਸੋਚਦੇ ਹਾਂ ਜ਼ਰੂਰੀ ਨਹੀਂ ਕਿ ਬਾਕੀ ਸਾਰੇ ਵੀ ਉਸ ਤਰ੍ਹਾਂ ਹੀ ਸੋਚਣ। ਮੇਰੀ ਸੋਚ ਵਿੱਚ ਕਿੰਨੀ ਕੁ ਅੱਗ ਹੈ, ਜਿੰਨੇ ਕੁ ਕੋਲਿਆਂ ਤੋਂ ਮੈਂ ਵਾਕਫ਼ ਹਾਂ, ਉਹ ਸਾਰੇ ਆਪਣੇ ਪਾਠਕਾਂ ਨਾਲ ਸਾਂਝੇ ਕਰਨ ਦੀ ਲੋਚਦਾ ਹਾਂ।

ਵਧੀਆ ਗੁਣਾਂ ਵਾਲਿਆਂ ਦੀ ਸੋਚ ਵੀ ਵਧੀਆ ਹੁੰਦੀ ਹੈ ਤੇ ਉਹ ਜਦੋਂ ਕੋਈ ਗੱਲ ਕਰਦੇ ਹਨ ਤਾਂ ਲੋਕਾਂ ਤੇ ਅਸਰ ਵੀ ਚੰਗਾ ਪੈਂਦਾ ਹੈ। ਪੁਰਾਣੇ ਜ਼ਮਾਨੇ ਵਿੱਚ ਵਧੀਆ ਚਰਿੱਤਰ ਕਰਕੇ ਹੀ ਸਿਆਣੇ ਲੋਕ ਆਮ ਜਨਤਾ ਨੂੰ


Academy of the Punjab in North America: http://www.apnaorg.com

ਧਾਰਮਿਕ ਡਰ ਦਿੰਦੇ ਸਨ। ਰਹਿਣੀ ਤੋਂ ਹੀ ਪਤਾ ਚਲ ਜਾਂਦਾ ਸੀ ਕਿ ਇਨਸਾਨ ਕਿਸ ਤਰ੍ਹਾਂ ਦਾ ਹੈ। ਦੇਵੀ ਦੇਵਤੇ ਤਾਂ ਹੀ ਆਖਦੇ ਸਨ ਜੇ ਉਨ੍ਹਾਂ ਦੇ ਚਰਿੱਤਰ ਦੈਵੀ ਹੋਣ । ਦੈਂਤਾਂ ਨੂੰ ਕਦੇ ਕਿਸੇ ਨੇ ਨਹੀਂ ਸਲਾਹਿਆ। ਸਦੀਆਂ ਤੱਕ ਵਧੀਆ ਲੋਕਾਂ ਦੀ ਪਹਿਚਾਣ ਉਨ੍ਹਾਂ ਦੇ ਚਰਿੱਤਰ ਦੇ ਕਰਕੇ ਹੀ ਹੁੰਦੀ ਸੀ। ਕਾਨੂੰਨ ਤੋਂ ਬਿਨਾਂ ਤਾਂ ਕੁਝ ਵੀ ਨਹੀਂ ਹੋ ਸਕਦਾ। ਲੇਕਿਨ ਬਹੁਤ ਦੇਰ ਤੱਕ ਵਧੀਆ ਚਰਿੱਤਰ ਦੀ ਮਿਸਾਲ ਦੇ ਕੇ ਹੀ ਧਾਰਮਿਕ ਕਾਇਦੇ ਕਾਨੂੰਨ ਸਮਝਾਏ ਜਾਂਦੇ ਸੀ। ਰਾਜੇ ਦਾ ਚਰਿੱਤਰ ਪਰਜਾ ਨਾਲੋਂ ਬਹੁਤ ਵਧੀਆ ਹੋਇਆ ਕਰਦਾ ਸੀ। ਲੇਕਿਨ ਪਿਛਲੇ **60-70** ਸਾਲ ਤੋਂ ਮਿਸਾਲਾਂ ਇਸਦੇ ਉਲਟ ਮਿਲਣ ਲੱਗ ਪਈਆਂ ਹਨ। ਜੋ ਅਮੀਰ ਹੈ, ਤਕੜਾ ਹੈ, ਉਹ ਹੀ ਵਧੀਆ ਹੈ। ਹੁਣ ਤਾਂ ਬੱਸ ਵੱਡੇ ਬਣਨ ਨੂੰ ਸਭ ਦਾ ਦਿਲ ਕਰਦਾ ਹੈ। ਪੈਸਾ ਕਮਾਉਣ ਨੂੰ ਦਿਲ ਕਰਦਾ ਹੈ। ਤਕੜੇ ਹੋਣ ਲਈ ਉੱਪਰ ਚੜ੍ਹਨ ਲਈ ਭਾਵੇਂ ਵੀਹ ਲੋਕਾਂ ਨੂੰ ਲਤਾੜ ਕੇ ਵੀ ਚੜ੍ਹਿਆ ਹੋਵੇ ਕੋਈ, ਲੇਕਿਨ ਤਕੜੇ ਦਾ ਹੀ ਬੋਲਬਾਲਾ ਹੈ। ਚਰਿੱਤਰ ਦੀ ਬਹੁਤੀ ਲੋੜ ਹੀ ਨਹੀਂ ਮਹਿਸੂਸ ਹੁੰਦੀ ਅੱਜ-ਕੱਲ੍ਹ। ਚਰਿੱਤਰ ਨਹੀਂ ਰਹੇਗਾ ਤਾਂ ਫਿਰ ਕੀ ਬਣੂੰ ਦੁਨੀਆ ਦਾ। ਆਪੋ ਆਪਣੇ ਬਾਰੇ ਤਾਂ ਸਾਨੂੰ ਪਤਾ ਹੀ ਹੁੰਦਾ ਹੈ ਕਿ ਅਸੀਂ ਕਿੰਨੇ ਕੁ ਪਾਣੀ ਵਿੱਚ ਹਾਂ। ਸਿਆਣੇ ਆਖਦੇ 'ਸਹੁੰ ਖਾਈਏ ਜੀਅ ਦੀ-ਨਾ ਪੁੱਤ ਦੀ ਨਾ ਧੀ ਦੀ। ' ਆਪਣੇ ਬਾਰੇ ਤਾਂ ਅਸੀਂ ਸਪਸ਼ਟ ਰੂਪ ਵਿਚ ਜਾਣਦੇ ਹਾਂ। ਮੇਰੀ ਅਰਦਾਸ ਹੈ ਕਿ ਮੈਂ ਆਪਣੀ ਗੱਲ ਕਰਦਿਆਂ ਆਪਣਾ ਪਾਤਰ ਚਿਤਰਣ ਕਰਦਿਆਂ ਲੁਕੋ ਨਾ ਰੱਖਾਂ। ਮੈਨੂੰ ਯਕੀਨ ਹੈ ਕਿ ਮੈਂ ਜਿਸ ਤਰ੍ਹਾਂ ਆਪਣੇ ਰਾਹਾਂ ਨੂੰ ਸਮਝਿਆ ਹੈ, ਉਸੇ ਤਰ੍ਹਾਂ ਹੀ ਵਰਨਨ ਕਰਨ ਦਾ ਯਤਨ ਕਰਾਂਗਾ। ਆਪਣਾ ਜੀਵਨ ਜੀਣ ਦਾ ਜੋ ਤਰੀਕਾ ਹੈ, ਉਹ ਹੀ ਤਾਂ ਸਾਡੇ ਤਰੀਕੇ ਬਣਾਉਂਦਾ ਹੈ। ਜਿਸ ਤਰੀਕੇ ਨਾਲ ਅਸੀਂ ਜਿਉਂਦੇ ਹਾਂ, ਉਹ ਹੀ ਸਾਡਾ ਚਰਿੱਤਰ ਹੁੰਦਾ ਹੈ। ਕਈ ਵਾਰ ਅਸੀਂ ਆਪਣਾ ਤਰੀਕਾ ਛੱਡ ਕੇ ਦੂਜਿਆਂ ਨੂੰ ਖੁਸ਼ ਕਰਨ ਦੀ ਰੀਝ ਨਾਲ ਦੂਸਰਿਆਂ ਦੇ ਪਿਛੇ ਲੱਗ ਤੁਰਦੇ ਹਾਂ ਤਾਂ ਇਸ ਕੇਸ ਵਿਚ ਸਾਡਾ ਚਰਿੱਤਰ ਵੀ ਪਿਛ ਲੱਗੂ ਹੀ ਹੋ ਜਾਂਦਾ ਹੈ। ਜ਼ੋਰ ਨਾਲ ਜਾਂ ਗੱਲਬਾਤ ਕਰਕੇ ਜੋ ਲੋਕ ਬਾਕੀਆਂ ਨੂੰ ਮਗਰ ਲਾ ਲੈਂਦੇ ਹਨ, ਉਹ ਹੀ ਉਨ੍ਹਾਂ ਦੀ ਪਹਿਚਾਣ ਬਣ ਜਾਂਦਾ ਹੈ।

ਕਈ ਵਾਰ ਤੁਹਾਡੀ ਗੱਲ ਚੰਗੀ ਤਾਂ ਲਗਦੀ ਹੈ। ਸਿਫ਼ਤ ਵੀ ਅਸੀਂ ਕਰਦੇ ਹਾਂ ਪਰ ਆਪਣੇ ਜੀਵਨ ਤੇ ਚਾਹੁੰਦਿਆਂ ਹੋਇਆਂ ਵੀ ਲਾਗੂ ਨਹੀਂ ਕਰਦੇ। ਮੇਰਾ ਵੱਡਾ ਲੜਕਾ ਕੰਵਰ ਆਪਣੀ ਭੂਆ ਨੂੰ ਮਿਲਣ ਸੈਂਟਾਮਰੀਆ ਗਿਆ ਹੋਇਆ ਸੀ। ਸ਼ਾਮ ਨੂੰ ਅਮਰਜੀਤ ਤਾਂ ਖਾਣਾ ਤਿਆਰ ਕਰਨ ਲੱਗ ਪਈ। ਬਲਵਿੰਦਰ ਉਨ੍ਹਾਂ ਦਾ ਲੜਕਾ ਜੋਰਾ ਤੇ ਕੰਵਰ ਲਿਵਿੰਗ ਰੂਮ ਵਿਚ ਬੈਠੇ ਗੱਲਾਂ ਬਾਤਾਂ ਕਰ ਰਹੇ ਸਨ ਕਿ ਕੰਵਰ ਦੇ ਫੁੱਫੜ ਜੀ-ਬਲਵਿੰਦਰ ਮੇ ਰਾ ਮੈਗਜ਼ੀਨ 'ਆਪਣੀ ਆਵਾਜ਼' ਚੁੱਕ ਕੇ ਪੜ੍ਹਨ ਲੱਗ ਪਏ। ਉਨ੍ਹਾਂ ਨੂੰ ਗੰਭੀਰ ਦੇਖ ਕੇ ਕੰਵਰ ਕਹਿਣ ਲੱਗਾ, 'ਕੀ ਪੜ੍ਹਦੇ ਹੋ ਫੁੱਫੜ ਜੀ?' ਬਲਵਿੰਦਰ ਨੇ ਮੇਰੀ ਲਿਖੀ ਕਹਾਣੀ 'ਕਦਰਾਂ ਕੀਮਤਾਂ' ਪੜ੍ਹ ਕੇ ਕੰਵਰ ਨੂੰ ਸੁਣਾਈ। ਕੰਵਰ ਦਾ ਸੁਣ ਕੇ ਰੋਣ ਨਿਕਲ ਗਿਆ ਕਿ ਉਸਦੇ ਡੈਡ ਲਈ ਕਿਸੇ ਦਿਨ ਕਿੰਗਰਿਆਂ ਵਾਲੇ ਆਨੇ ਦੀ ਕੀ ਕੀਮਤ ਸੀ? ਬੜੀ ਚੰਗੀ ਲੱਗੀ ਉਸਨੂੰ ਮੇਰੀ ਹੱਡਬੀਤੀ। ਇਕ ਵਾਰ ਸੁਣ ਕੇ ਉਸਨੂੰ ਸਾਰੀ ਯਾਦ ਵੀ ਹੋ ਗਈ। ਕਈ ਲੋਕਾਂ ਨੂੰ ਉਸਨੇ ਸੁਣਾਈ। ਆਪਣੀ ਰੋਜ਼ਾਨਾ ਜ਼ਿੰਦਗੀ ਵਿੱਚ ਕੰਵਰ ਨੇ ਪੈਸੇ ਦੀ ਕਦੇ ਕਦਰ ਨਹੀਂ ਕੀਤੀ, ਜਿੰਨੇ ਜੇਬ ਵਿਚ ਹੋਣ ਮੁਕਾ ਕੇ ਹੀ ਘਰ ਆਉਂਦਾ। ਮੈਂ ਇਹ ਸਭ ਕੁਝ ਜਾਣਦਿਆਂ ਕਿ ਮੇਰੇ ਪਰਿਵਾਰ ਦੇ ਮੈਂਬਰ ਕਿਵੇਂ ਸੋਚਦੇ ਹਨ, ਮੈਂ ਆਪਣੇ ਆਪ ਨੂੰ ਉਨ੍ਹਾਂ ਦੇ ਅਨੁਕੂਲ ਬਦਲਣ ਦਾ ਯਤਨ ਕਰਦਾ ਰਹਿੰਦਾ ਹਾਂ। ਯਤਨ ਕਰਨਾ ਹੀ ਸਾਡਾ ਫਰਜ਼ ਹੈ, ਉਹ ਯਤਨ ਵੀ ਮੈਂ ਆਪਣੇ ਪਾਠਕਾਂ ਨਾਲ ਸਾਂਝੇ ਕਰਨੇ ਚਾਹੁੰਦਾ ਹਾਂ। ਮੈਂ ਤਾਂ ਬੱਸ ਇਹ ਹੀ ਸਿੱਖਿਆ ਹੈ ਕਿ ਆਪਣਿਆਂ ਨੂੰ ਸਮਝਾਉਣ ਤੋਂ ਪਹਿਲਾਂ ਆਪਣੇ ਆਪ ਨੂੰ ਸਮਝਾ ਲਿਆ ਜਾਵੇ ਤਾਂ ਬਿਹਤਰ ਹੈ।

ਆਪਣੇ ਬੱਚਿਆਂ ਨੂੰ ਆਪਣੀ ਸਮਰੱਥਾ ਅਨੁਸਾਰ ਮਾਰਗ ਦਰਸ਼ਨ ਕਰਵਾਉਣ ਦਾ ਯਤਨ ਕਰਨਾ ਹਰ ਇਨਸਾਨ ਦਾ ਫਰਜ਼ ਹੈ । ਬਹੁਤ ਹੀ ਜ਼ਿਆਦਾ ਫਿਕਰ ਕਰਨ ਲੱਗ ਜਾਈਏ ਤਾਂ ਬੱਚੇ ਆਪਣਾ ਫਿਕਰ ਕਰਨਾ ਛੱਡ ਦਿੰਦੇ


Academy of the Punjab in North America: http://www.apnaorg.com

ਹਨ। ਮੈਂ ਇਕ ਵਾਰ ਆਪਣੇ ਮਿੱਤਰ ਨਾਲ ਗੱਲਬਾਤ ਕਰ ਰਿਹਾ ਸਾਂ। ਗੱਲ ਕਰਦਿਆਂ ਕਰਦਿਆਂ ਮੇਰੇ ਬੱਚਿਆਂ ਦੀਆਂ ਗੱਲਾਂ ਚਲ ਪਈਆਂ। ਗਗਨ ਬਾਰੇ ਸਾਰੇ ਜਾਣਦੇ ਹਨ ਕਿ ਉਹ ਬੜਾ ਡਾਂਸ ਵਗੈਰਾ ਕਰਨ ਵਾਲਾ ਤੇ ਹਰ ਕਿਸੇ ਨਾਲ ਰਚ-ਮਿਚ ਜਾਣ ਵਾਲਾ ਹੈ। ਉਹ ਸਮਾਜਿਕ ਰਿਸ਼ਤੇ ਨਿਭਾਉਣ ਗੱਲਬਾਤ ਕਰਨੀ ਵਾਹਵਾ ਜਾਣਦਾ ਹੈ। ਜਦੋਂ ਵੱਡੇ ਲੜਕੇ ਕੰਵਰ ਦੀ ਗੱਲ ਚੱਲੀ ਤਾਂ ਮੈਂ ਕਿਹਾ ਕਿ ਕੰਵਰ ਸਮਾਜਿਕ ਤੌਰ ਤੇ ਬਹੁਤ ਸਿਆਣਾ ਨਹੀਂ, ਅਜੇ ਵੀ ਬੱਚਿਆਂ ਵਾਂਗ ਹੀ ਕਈ ਵਾਰ ਗੈਰ ਜ਼ਿੰਮੇਵਾਰ ਲਗਦਾ ਹੈ। ਮੇਰਾ ਮਿੱਤਰ ਮੈਨੂੰ ਵਿੱਚੇ ਹੀ ਟੋਕ ਕੇ ਕਹਿਣ ਲੱਗਾ, 'ਕਿਤੇ ਏਦਾਂ ਤਾਂ ਨਹੀਂ ਕਿ ਤੁਸੀਂ ਕੰਵਰ ਨੂੰ ਜ਼ਿੰਮੇਵਾਰ ਬਣਨ ਦਾ ਮੌਕਾ ਹੀ ਨਾ ਦਿੱਤਾ ਹੋਵੇ।' ਬਹੁਤ ਜ਼ਿਆਦਾ ਫਿਕਰ ਕਰਕੇ ਵੀ ਅਸੀਂ ਬੱਚੇ ਦਾ ਭਲਾ ਨਹੀਂ ਕਰ ਸਕਦੇ । ਜੇ ਬੱਚਾ ਗਗਨ ਵਾਂਗ ਚੁਸਤ ਹੈ ਤਾਂ ਉਸਦਾ ਫਿਕਰ ਕਰਨ ਨਾਲ ਉਹ ਆਪਣੀ ਬੇਇੱਜ਼ਤੀ ਸਮਝੇਗਾ। ਜੇ ਕੰਵਰ ਵਾਂਗ ਹੈ ਤਾਂ ਸੋਚੇਗਾ ਕਿ ਚੱਲ ਮੈਨੂੰ ਫਿਕਰ ਕਰਨ ਦੀ ਕੀ ਲੋੜ ਹੈ? ਆਪੇ ਮੰਮਾ ਨੇ ਸਭ ਕੁਝ ਕਰ ਦੇਣਾ ਹੈ। ਪੈਸੇ ਡੈਡ ਨੇ ਦੇ ਦੇਣੇ ਜਿੰਨੇ ਚਾਹੀਦੇ। ਇਸ ਤਰ੍ਹਾਂ ਕਰਨ ਨਾਲ ਅਸੀਂ ਭਾਵੇਂ ਆਪਣੇ ਬੱਚਿਆਂ ਵਾਸਤੇ ਜੋ ਪਿਆਰ ਕਰਦੇ ਹਾਂ, ਉਸਦਾ ਹੀ ਇਜ਼ਹਾਰ ਕਰਦੇ ਹਾਂ। ਜਿੰਨਾਂ ਚਿਰ ਚਮਚਿਆਂ ਨਾਲ ਖੁਆਉਂਦੇ ਰਹੋਗੇ, ਬੱਚੇ ਆਪ ਖਾਣਾ ਨਹੀਂ ਸਿੱਖ ਸਕਦੇ। ਜ਼ਿੰਦਗੀ ਦੀ ਆਪਣੀ ਤੋਰ ਹੁੰਦੀ ਹੈ। ਹਰ ਆਦਮੀ ਹਰ ਜੀਵ ਕੁਝ ਜ਼ਰੂਰੀ ਤਰੀਕੇ ਆਪੇ ਹੀ ਸਿੱਖ ਜਾਂਦਾ ਹੈ। ਗਾਂ ਦੇ ਵੱਛੜੇ ਨੂੰ ਜਨਮ ਲੈਣ ਤੋਂ ਕੁਝ ਮਿੰਟਾਂ ਵਿਚ ਆਪਣੀ ਮਾਂ ਦੇ ਥਣ ਲੱਭ ਲੈਣ ਦਾ ਤਰੀਕਾ ਆ ਜਾਂਦਾ ਹੈ, ਗਾਂ ਤਾਂ ਕਦੇ ਨਹੀਂ ਸਿਖਾਉਂਦੀ। ਸਾਇਬੇਰੀਆ ਦੇ ਠੰਢੇ ਇਲਾਕਿਆਂ 'ਚੋਂ ਪੰਛੀ ਬਰਫ਼ ਪੈਣ ਤੇ ਭਰਤ ਪੁਰ ਵਰਗੇ ਗਰਮ ਇਲਾਕਿਆਂ ਵਿੱਚ ਆ ਜਾਂਦੇ ਹਨ। ਗਰਮੀਆਂ ਆ ਜਾਣ ਤੇ ਕੂੰਜਾਂ ਨੂੰ ਵਾਪਸ ਸਾਇਬੇਰੀਆ ਉੱਡ ਕੇ ਚਲੇ ਜਾਣ ਦੀ ਕੋਈ ਵਿੱਦਿਆ ਤਾਂ ਨਹੀਂ ਦਿੰਦਾ। ਆਪੇ ਹੀ ਚਲੀਆਂ ਜਾਂਦੀਆਂ ਹਨ। ਜੀਵਨ ਦਾ ਵੇਗ ਕਈ ਵਾਰ ਸਲਾਹਾਂ ਦੇਣ ਤੇ ਫਿਕਰ ਕਰਨ ਨਾਲ ਵਿਗੜ ਸਕਦਾ ਹੈ। ਕਈ ਵਾਰ ਅਸੀਂ ਦੁਰਲੱਭ ਸਮਝ ਕੇ ਬਹੁਤਾ ਖ਼ਿਆਲ ਰੱਖਣਾ ਚਾਹੁੰਦੇ ਹਾਂ, ਸਗੋਂ ਕੰਮ ਖਰਾਬ ਕਰ ਲੈਂਦੇ ਹਾਂ। ਕਹਿੰਦੇ ਹਨ ਕਿ ਹੀਜੜੇ ਦੇ ਘਰ ਪੁੱਤ ਜੰਮ ਪਿਆ ਤੇ ਉਸਨੇ ਚੁੰਮ ਚੁੰਮ ਕੇ ਹੀ ਮਾਰ ਦਿੱਤਾ।

****



Academy of the Punjab in North America: http://www.apnaorg.com

# ਸਾਡੀ ਸ਼ਖਸ਼ੀਅਤ

ਬਹੁਤ ਵਧੀਆ ਲੋਕ ਦੁਨੀਆ ਤੇ ਆਪਣਾ ਪ੍ਰਭਾਵ ਜ਼ਰੂਰ ਛੱਡਦੇ ਹਨ। ਲੋਕ ਵਧੀਆ ਲੋਕਾਂ ਤੋਂ ਬਹੁਤ ਕੁਝ ਸਿੱਖਦੇ ਹਨ। ਸਿਆਣੇ ਲੋਕਾਂ ਦੇ ਤਜਰਬਿਆਂ ਤੋਂ ਲੋਕ ਬਹੁਤ ਕੁਝ ਸਿੱਖਦੇ ਹਨ। ਮੂਰਖਾਂ ਤੋਂ ਵੀ ਸਿੱਖਦੇ ਹਨ ਲੋਕ। ਸਮਝਦਾਰ ਲੋਕ ਦੁਨੀਆ ਨੂੰ ਮਾਰਗ ਦਰਸ਼ਨ ਕਰਵਾਉਂਦੇ ਹਨ। ਮੂਰਖ ਕਈ ਵਾਰ ਐਸੇ ਕਾਰਜ ਕਰ ਦਿੰਦਾ ਹੈ ਜਿਸ ਦੀ ਉਸਨੂੰ ਕੋਈ ਲੋੜ ਹੀ ਨਾ ਹੋਵੇ ਤੇ ਘਾਟਾ ਖਾ ਲੈਂਦਾ ਹੈ। ਇਕ ਕਹਾਣੀ ਮੈਂ ਕਿਤੋਂ ਪੜ੍ਹੀ ਸੁਣੀ ਕਿ ਇੱਕ ਵਾਰ ਸ਼ੇਰ, ਲੂੰਬੜ ਤੇ ਖੋਤੇ ਦੀ ਦੋਸਤੀ ਹੋ ਗਈ। ਲੂੰਬੜ ਨਿਗਰਾਨੀ ਰੱਖਦਾ-ਕੋਈ ਖਤਰਾ ਹੋਵੇ ਤਾਂ ਸ਼ੇਰ ਮੁਕਾਬਲਾ ਕਰਦਾ-ਜੇ ਕੁਝ ਲੱਦ ਕੇ ਲਿਆਉਣਾ ਹੋਵੇ ਤਾਂ ਖੋਤੇ ਤੇ ਲੱਦ ਕੇ ਲੈ ਜਾਂਦੇ। ਬੜੀ ਦੋਸਤੀ ਨਿਭੀ। ਇੱਕ ਦਿਨ ਲੂੰਬੜ ਨੇ ਕੋਈ ਸ਼ਿਕਾਰ ਕੱਢ ਕੇ ਲਿਆਂਦਾ। ਸ਼ੇਰ ਨੇ ਮਾਰ ਲਿਆ ਤੇ ਖੋਤੇ 'ਤੇ ਲੱਦ ਕੇ ਉਹ ਆਪਣੇ ਇਲਾਕੇ ਵਿੱਚ ਚਲੇ ਗਏ। ਸ਼ੇਰ ਨੇ ਖੋਤੇ ਨੂੰ ਕਿਹਾ ਕਿ ਆਪਾਂ ਤਿੰਨੋਂ ਸ਼ਿਕਾਰ ਕਰਕੇ ਲਿਆਏ ਹਾਂ ਤੂੰ ਵੰਡ ਕਰ ਦੇਹ। ਮੂਰਖ ਖੋਤਾ ਮਾਸਾਹਾਰੀ ਵੀ ਨਹੀਂ ਸੀ ਪਰ ਉਸਨੇ ਤਿੰਨ ਬਰਾਬਰ ਦੇ ਹਿੱਸੇ ਕਰ ਦਿੱਤੇ। ਸ਼ੇਰ ਨੂੰ ਬੜਾ ਗੁੱਸਾ ਆਇਆ। ਉਸਨੇ ਮਾਰਿਆ ਝਪਟਾ ਤੇ ਖੋਤੇ ਨੂੰ ਵੀ ਮਾਰ ਸੁੱਟਿਆ। ਥੋੜ੍ਹੀ ਦੇਰ ਯਾਰ ਮਾਰ ਦੇਣ ਦਾ ਅਫਸੋਸ ਕਰਕੇ ਸ਼ੇਰ ਲੂੰਬੜ ਨੂੰ ਕਹਿਣ ਲੱਗਾ, 'ਮੇਰੇ ਕੋਲੋਂ ਯਾਰ ਮਾਰਿਆ ਗਿਆ ਬੜਾ ਦੁੱਖ ਲੱਗਾ ਪਰ ਹੁਣ ਭੁੱਖ ਵੀ ਬੜੀ ਲੱਗੀ ਹੈ। ਚੱਲ ਤੂੰ ਵੰਡੀਆਂ ਪਾ ਤੇ ਆਪਾਂ ਸ਼ਿਕਾਰ ਖਾਈਏ। ' ਲੂੰਬੜ ਨੇ ਸਾਰੇ ਦਾ ਸਾਰਾ ਮੀਟ ਇਕ ਪਾਸੇ ਕਰ ਦਿੱਤਾ ਤੇ ਥੋੜ੍ਹਾ ਜਿਹਾ ਇਕ ਪਾਸੇ ਰੱਖ ਕੇ ਸ਼ੇਰ ਨੂੰ ਕਿਹਾ, 'ਇਹ ਸਾਰਾ ਤੇਰਾ ਹੈ ਮੇਰਾ ਤਾਂ ਬੱਸ ਇਹ ਨਿੱਕਾ ਜਿਹਾ ਟੁਕੜਾ ਹੀ ਹੈ। ' ਸ਼ੇਰ ਬੜਾ ਖੁਸ਼ ਹੋਇਆ ਨਾਲੇ ਮਜ਼ੇ ਨਾਲ ਖਾਈ ਜਾਵੇ ਤੇ ਨਾਲੇ ਲੂੰਬੜ ਨੂੰ ਪੁੱਛਣ ਲੱਗਾ ਕਿ ਤੂੰ ਇਹ ਅਕਲ ਕਿਸ ਤੋਂ ਸਿੱਖੀ ਹੈ? ਤਾਂ ਲੂੰਬੜ ਮਰੇ ਪਏ ਖੋਤੇ ਵੱਲ ਇਸ਼ਾਰਾ ਕਰਕੇ ਕਹਿਣ ਲੱਗਾ ਇਸ ਤੋਂ।

ਕੁਦਰਤ ਨੇ ਜੋ ਇਹ ਸ੍ਰਿਸ਼ਟੀ ਰਚੀ ਹੈ, ਇਸ ਵਿਚ ਬਹੁਤ ਸਾਰੀ ਅਕਲ ਕੁਦਰਤੀ ਹੀ ਹੈ। ਵੇਖਣ ਨੂੰ ਅੱਖਾਂ ਮਿਲੀਆਂ ਹਨ, ਕੁਦਰਤੀ, ਅੱਖ ਦੀ ਹਿਫ਼ਾਜ਼ਤ ਕਰਨੀ ਵੀ ਬਣਦੀ ਹੈ। ਜੇ ਨਜ਼ਰ ਕਮਜ਼ੋਰ ਹੋ ਜਾਵੇ ਤਾਂ ਐਨਕ ਵੀ ਲਵਾਉਣੀ ਪੈਂਦੀ ਹੈ। ਸਾਨੂੰ ਚੱਲਣ ਫਿਰਨ ਲਈ ਦੋ ਲੱਤਾਂ ਕੁਦਰਤ ਨੇ ਬਖ਼ਸ਼ੀਆਂ ਹਨ। ਚੱਲਣਾ ਫਿਰਨਾ ਕੁਦਰਤੀ ਹੈ ਪਰ ਅਸੀਂ ਐਸੇ ਥਾਂ ਪੈਰ ਨਾ ਰੱਖੀਏ ਜਿੱਥੇ ਜ਼ਖਮ ਮਿਲਣ। ਜੇ ਕੋਈ ਸਿਆਣਾ ਦੱਸ ਦੇਵੇ ਕਿ ਏਥੇ ਪੈਰ ਨਾ ਰੱਖੀਂ, ਸੜ ਜਾਵੇਂਗਾ ਤਾਂ ਕੋਈ ਗਲਤ ਨਹੀਂ ਹੈ। ਬਾਕੀ ਰਹੀ ਸਮਝਾਉਣ ਵਾਲੇ ਦੀ ਸ਼ਖਸ਼ੀਅਤ ਤੇ ਉਸਦੀ ਨੀਅਤ। ਜੇ ਸਾਨੂੰ ਕਿਸੇ ਤੇ ਯਕੀਨ ਹੀ ਨਹੀਂ ਜਾਂ ਜੇ ਸਾਨੂੰ ਕਿਸੇ ਦੀ ਨੀਅਤ ਤੇ ਸ਼ੱਕ ਹੈ ਤਾਂ ਅਸੀਂ ਉਸਦੀ ਸਲਾਹ ਕਿਉਂ ਲਵਾਂਗੇ। ਸੋ ਸਿਆਣੇ ਲੋਕ ਤੇ ਚੰਗੀਆ ਸ਼ਖਸ਼ੀਅਤਾਂ ਕਿਸੇ ਤੇ ਏਨਾ ਪ੍ਰਭਾਵ ਛੱਡਣ ਦੀ ਕੋਸ਼ਿਸ਼ ਨਹੀਂ ਕਰਦੀਆਂ ਕਿ ਅਗਲਾ ਕਹੇ ਕਿ ਮੈਨੂੰ ਤੰਗ ਕਰ ਰਿਹਾ ਹੈ। ਤੰਗ ਕਰਕੇ ਖਵਾਈ ਮਠਿਆਈ ਵੀ ਕਈ ਵਾਰ ਵਧੀਆ ਨਹੀਂ ਲਗਦੀ। ਦੁਨੀਆ ਵਿੱਚੋਂ ਹੀ ਅਸੀਂ ਦਿਨੇ ਰਾਤ ਸਿੱਖਦੇ ਹਾਂ। ਸਾਨੂੰ ਲੋਕਾਂ ਵੱਲ ਦੇਖ ਕੇ ਹੀ ਪਤਾ ਲੱਗ ਸਕਦਾ ਹੈ। ਕਿਤੋਂ ਸਿੱਖ ਕੇ ਹੀ ਪਤਾ ਲੱਗ ਸਕਦਾ ਹੈ ਕਿਸਾਨ ਨੂੰ, ਕਿ ਕਿਹੜੀ ਫ਼ਸਲ ਕਿਸ ਸਮੇਂ ਬੀਜਣੀ ਹੈ। ਜੇ ਕੋਈ ਹਾੜੀ ਦੀ ਫ਼ਸਲ ਸਾਉਣੀ ਬੀਜਣ ਸਮੇਂ ਬੀਜ ਦੇਵੇ ਤਾਂ ਦਾਣੇ ਨਹੀਂ ਪੈ ਸਕਦੇ।

ਅਸੀਂ ਸ਼ੂ ਮੰਤਰ ਨਾਲ ਕਿਸੇ ਨੂੰ ਕੁਝ ਨਹੀਂ ਸਿਖਾ ਸਕਦੇ। ਸ਼ਖਸ਼ੀਅਤ ਦੇ ਪ੍ਰਭਾਵ ਅਸਲ ਵਿੱਚ ਰਿਸ਼ਤੇ ਬਣਾਉਂਦੇ ਹਨ। ਜੇ ਕਿਸੇ ਨੂੰ ਵਧੀਆ ਲਗਦਾ ਹੈ, ਪ੍ਰਭਾਵਸ਼ਾਲੀ ਲਗਦਾ ਹੈ, ਉਸ ਦੇ ਪ੍ਰਭਾਵ ਦਾ ਅਸਰ ਹੀ ਹੁੰਦਾ ਹੈ ਕਿ ਆਪਾਂ ਉਸ ਨੂੰ ਪਸੰਦ ਕਰਨ ਲੱਗ ਪੈਂਦੇ ਹਾਂ। ਹੋਰ ਰਿਸ਼ਤਾ ਜੋੜਨਾ ਚਾਹੁੰਦੇ ਹਾਂ। ਉਸਨੂੰ ਸੁਣਨਾ ਚਾਹੁੰਦੇ ਹਾਂ। ਜੇ ਸਾਡਾ ਵਿਅਕਤਿਤਵ ਵਧੀਆ ਨਹੀਂ ਹੈ ਤਾਂ ਰਿਸ਼ਤੇ ਖਰਾਬ ਹੁੰਦੇ ਹਨ। ਲੋਕ ਦੂਰ ਰਹਿਣ ਦੀ ਕੋਸ਼ਿਸ਼ ਕਰਨਗੇ, ਬਚ ਕੇ ਰਹਿਣਗੇ। ਇਹੋ ਜਿਹੇ ਵਿਅਕਤੀ ਆਪਣੇ ਬੱਚਿਆਂ ਨੂੰ ਵੀ ਗਵਾ ਬੈਠਦੇ ਹਨ। ਕਈ ਵਾਰ ਸਾਡੀ


Academy of the Punjab in North America: http://www.apnaorg.com

ਸ਼ਖਸ਼ੀਅਤ ਦਾ ਐਨਾ ਪ੍ਰਭਾਵ ਹੁੰਦਾ ਹੈ (ਚੰਗਾ ਹੋਵੇ ਜਾਂ ਮਾੜਾ) ਕਿ ਅਸੀਂ ਕਹਿਣ ਨੂੰ ਜੋ ਮਰਜ਼ੀ ਕਹੀ ਜਾਈਏ , ਉਸਦਾ ਕੋਈ ਅਸਰ ਨਹੀਂ ਪੈਂਦਾ। ਸਾਨੂੰ ਦੇਖ ਕੇ ਹੀ ਲੋਕ ਸਮਝ ਜਾਂਦੇ ਹਨ ਕਿ ਹੁਣ ਕੀ ਕਰਨਾ ਚਾਹੀਦਾ ਹੈ। ਦੂਸਰੀ ਗੱਲ ਹੈ ਕਿ ਸਾਡਾ ਗੱਲਬਾਤ ਕਰਨ ਦਾ ਤਰੀਕਾ ਕੀ ਹੈ? ਕਈ ਵਾਰ ਬਹੁਤ ਵਧੀਆ ਲੋਕ ਆਪਣੇ ਆਪ ਨੂੰ ਕਿਸੇ ਤੇ ਪ੍ਰਭਾਵ ਪਾਉਣ ਤੋਂ ਸੰਕੋਚ ਕਰਦੇ ਹਨ ਕਿਉਂਕਿ ਉਨ੍ਹਾਂ ਦੀ ਬੋਲਚਾਲ ਦੀ ਤਾਕਤ ਹੀ ਨਹੀਂ ਹੁੰਦੀ। ਅੰਦਰ ਗਿਆਨ ਹੈ ਪਰ ਜੇ ਕੋਈ ਇਜ਼ਹਾਰ ਨਹੀਂ ਕਰ ਸਕਦਾ ਤਾਂ ਫਿਰ ਕਿਸੇ ਨੂੰ ਕਿਵੇਂ ਪਤਾ ਲੱਗੇਗਾ। ਸੋ ਜੇ ਅਸੀਂ ਕਿਸੇ ਦਾ ਸਤਿਕਾਰ ਕਰਦੇ ਹਾਂ ਜਾਂ ਕਿਸੇ ਨੂੰ ਪਿਆਰ ਕਰਦੇ ਹਾਂ ਤਾਂ ਉਸਦਾ ਇਜ਼ਹਾਰ ਕਰਨ ਤੋਂ ਬਿਨਾਂ ਗੱਲ ਨਹੀਂ ਬਣ ਸਕਦੀ। ਇਜ਼ਹਾਰ ਕਰ ਸਕਣ ਦੀ ਯੋਗਤਾ ਵੀ ਸਾਡੀ ਸ਼ਖਸ਼ੀਅਤ ਦਾ ਬਹੁਤ ਵੱਡਾ ਹਿੱਸਾ ਹੁੰਦੀ ਹੈ। ਹਰ ਬੰਦੇ ਵਿੱਚ ਇਨਸਾਨੀ ਹੈਵਾਨੀ ਤੇ ਸ਼ੈਤਾਨੀ ਗੁਣ ਹੁੰਦੇ ਹਨ, ਪਰ ਜੋ ਗੁਣ ਔਗੁਣ ਤੁਹਾਡੇ ਲੋਕਾਂ ਨੂੰ ਪਤਾ ਲੱਗ ਜਾਂਦੇ ਹਨ, ਉਨ੍ਹਾਂ ਗੁਣਾਂ ਨਾਲ ਹੀ ਲੋਕ ਤੁਹਾਨੂੰ ਜਾਣਦੇ ਹਨ।

ਸਾਡਾ ਚਰਿੱਤਰ ਤੇ ਸਾਡੀ ਸ਼ਖਸ਼ੀਅਤ ਰਲ ਕੇ ਕੰਮ ਕਰਦੀਆਂ ਹਨ। ਸਮਾਜ ਵਿੱਚ ਜੋ ਸਾਡੀ ਤਸਵੀਰ ਬਣਦੀ ਹੈ, ਉਹ ਸਾਡੇ ਚਰਿੱਤਰ ਵਿੱਚੋਂ ਤੇ ਸਾਡੀ ਸ਼ਖਸ਼ੀਅਤ ਵਿੱਚੋਂ ਰਲ ਕੇ ਬਣਦੀ ਹੈ। ਦੁਨੀਆ ਦੀਆਂ ਨਜ਼ਰਾਂ ਵਿੱਚ ਜਿਸ ਤਰ੍ਹਾਂ ਦੇ ਅਸੀਂ ਹਾਂ ਉਸ ਦਾ ਸਾਡੇ ਰਿਸ਼ਤਿਆਂ ਤੇ ਬਹੁਤ ਪ੍ਰਭਾਵ ਪੈਂਦਾ ਹੈ। ਸੋ ਸਾਡੀ ਦੁਨੀਆ ਵਿੱਚ ਬਣੀ ਤਸਵੀਰ ਦੀ ਜੋ ਸ਼ਕਤੀ ਹੈ, ਉਹ ਹੀ ਸਾਡੀ ਸ਼ਕਤੀ ਹੁੰਦੀ ਹੈ। ਦੁਨੀਆ ਸਾਨੂੰ ਕਿਵੇਂ ਦੇ ਖਦੀ ਹੈ? ਸਿਆਣੇ ਲੋਕ ਕੋਸ਼ਿਸ਼ ਕਰਦੇ ਹਨ ਕਿ ਸਮਾਜ ਵਿੱਚ ਉਨ੍ਹਾਂ ਦੀ ਤਸਵੀਰ ਖ਼ਰਾਬ ਨਾ ਹੋ ਜਾਵੇ। ਕਈ ਵਾਰ ਜੀਵਨ ਵਿੱਚ ਐਸੇ ਵੀ ਲੋਕ ਮਿਲਦੇ ਹਨ ਜੋ ਤੁਹਾਡੀ ਤਸਵੀਰ ਤੋੜਨ ਦਾ ਸ਼ੌਕ ਰੱਖਦੇ ਹਨ। ਮੇਰੇ ਜੀਵਨ ਵਿਚ ਮੇਰੀ ਜੋ ਤਸਵੀਰ ਬਣੀ, ਉਸਨੂੰ ਮੇਰੇ ਕਈ ਆਪਣਿਆਂ ਨੇ ਤੋੜਨ ਦਾ ਯਤਨ ਕੀਤਾ। ਉਹ ਕਿੰਨੇ ਕੁ ਕਾਮਯਾਬ ਰਹੇ, ਇਸ ਬਾਰੇ ਵੀ ਮੈਂ ਆਪਣੇ ਪਾਠਕਾਂ ਤੋਂ ਕੁਝ ਨਹੀਂ ਲੁਕਾਣਾ ਚਾਹੁੰਦਾ। ਦੁਨੀਆ ਦੇ ਬਹੁਤ ਦੇਸ਼ਾਂ ਵਿੱਚ ਜਾਣ ਦਾ ਮੌਕਾ ਮਿਲਿਆ। ਦੁਨੀਆ ਬਹੁਤ ਵਧੀਆ ਹੈ। ਜੇ ਤੰਗ ਕਰਨ ਜਾਂ ਤਕਲੀਫ਼ ਦੇ ਣ ਦਾ ਕੋਈ ਯਤਨ ਕਰਦਾ ਹੈ ਤਾਂ ਉਹ ਤੁਹਾਡਾ ਕੋਈ ਆਪਣਾ ਹੀ ਹੁੰਦਾ ਹੈ। ਕਿਸੇ ਓਪਰੇ ਦਾ ਕਿੱਥੇ ਵਿਹਲ। ਜਿੰਨਾ ਵੀ ਕੋਈ ਸਾਡੇ ਜ਼ਿਆਦਾ ਨਜ਼ਦੀਕ ਹੁੰਦਾ ਹੈ, ਉਸ ਕੋਲ ਸਾਨੂੰ ਜ਼ਲੀਲ ਕਰਨ ਦਾ ਓਨਾ ਹੀ ਜ਼ਿਆਦਾ ਅਧਿਕਾਰ ਹੁੰਦਾ ਹੈ। ਇਸ ਕਿਤਾਬ ਵਿੱਚ ਆਪਣੇ ਤਜਰਬਿਆਂ ਦੇ ਨਾਲ ਨਾਲ ਬਹੁਤ ਸਾਰੇ ਮੇਰੇ ਕਰੀਬੀ, ਜਿਨ੍ਹਾਂ ਨੇ ਮੇਰੀ ਤਸਵੀਰ ਨੂੰ ਸਮਾਜ ਵਿੱਚੋਂ ਤੋੜਨ ਦਾ ਯਤਨ ਕੀਤਾ, ਉਨ੍ਹਾਂ ਨਾਲ ਵੀ ਪਾਠਕਾਂ ਦੀ ਪਹਿਚਾਣ ਕਰਾਵਾਂਗਾ।

ਕਈ ਲੋਕਾਂ ਦੀ ਤਸਵੀਰ ਦੇਖ ਕੇ ਅਸੀਂ ਬੜੇ ਪ੍ਰਭਾਵਤ ਹੋ ਜਾਂਦੇ ਹਾਂ। ਦੇਖਣ ਨੂੰ ਬੜੇ ਮਾਡਲ ਮਨੁੱਖ ਲੱਗਦੇ ਹਨ। ਉਹ ਸਾਡੀਆਂ ਅੱਖਾਂ ਦਾ ਭੁਲੇਖਾ ਹੁੰਦਾ ਹੈ। ਗਲਤੀ ਨਾਲ ਕਈ ਵਾਰ ਅਸੀਂ ਐਸੀ ਗਲਤੀ ਕਰ ਬੈਠਦੇ ਹਾਂ ਕਿ ਵਾਪਿਸ ਪਰਤਣਾ ਬਹੁਤ ਮੁਸ਼ਕਿਲ ਹੋ ਜਾਂਦਾ ਹੈ। ਇਵਜ਼ਾਨੇ ਵਜੋਂ ਤੁਹਾਨੂੰ ਬਹੁਤ ਹੀ ਘਾਟੇ ਝੱਲਣੇ ਪੈਂਦੇ ਹਨ, ਬਹੁਤ ਸਾਰੇ ਰਿਸ਼ਤੇ ਖਰਾਬ ਹੋ ਜਾਂਦੇ ਹਨ। ਇੱਕ ਨਿੱਕੀ ਜਿਹੀ ਗਲਤੀ ਕਰਕੇ ਵਾਤਾਵਰਣ ਹੀ ਬਦਲ ਜਾਂਦਾ ਹੈ। ਮੈਂ ਆਪਣੀ ਇੱਕ ਹੱਡਬੀਤੀ ਸਾਂਝੀ ਕਰਾਂ:

ਮੇਰੇ ਸਾਂਢੂ ਦੀ ਮਾਸੀ ਦੀ ਧੀ ਭੈਣ ਸਾਰੀ ਉਮਰ ਇੰਗਲੈਂਡ ਵਿੱਚ ਰਹਿਣ ਤੋਂ ਬਾਅਦ ਆਪਣੇ ਭਰਾ ਦੇ ਕੋਲ ਕੈਲੇਫੋਰਨੀਆਂ ਆ ਗਈ। ਰੱਬ ਜਾਣੇ ਕੀ ਹੋਇਆ ਉਸਦੇ ਸਕੇ ਭਰਾ ਨੇ ਆਪਣੀ ਭੈਣ ਦਾ ਬੋਰੀਆ ਬਿਸਤਰਾ ਚੁੱਕ ਕੇ ਬੂਹਿਓਂ ਬਾਹਰ ਰੱਖ ਦਿੱਤਾ। ਖੈਰ ਉਸਨੇ ਆਪਣੇ ਮਾਸੀ ਦੇ ਪੁੱਤ ਨੂੰ, ਜੋ ਕਿ ਮੇਰਾ ਸਾਂਢੂ ਲਗਦਾ ਸੀ, ਕਾਲ ਕੀਤੀ। ਉਨ੍ਹਾਂ ਦਿਨਾਂ ਵਿੱਚ ਮੇਰੇ ਸਾਰੇ ਰਿਸ਼ਤੇਦਾਰ, ਜੋ ਕੈਲੇਫੋਰਨੀਆਂ ਵਿੱਚ ਰਹਿੰਦੇ ਸਨ, ਮੇਰੀ ਸਲਾਹ ਲੈ ਲਿਆ ਕਰਦੇ। ਮੈਨੂੰ ਜਦੋਂ ਪਤਾ ਲੱਗਾ ਕਿ ਮੇਰੇ ਸਾਂਢੂ ਦੀ ਮਾਸੀ ਦੀ ਧੀ ਨੂੰ ਮਦਦ ਦੀ ਲੋੜ ਹੈ ਤਾਂ ਮੈਂ ਹਰਪ੍ਰੀਤ ਨਾਲ ਸਲਾਹ ਕਰਕੇ ਉਨ੍ਹਾਂ ਨੂੰ ਆਪਣੇ ਘਰ ਬੁਲਾ ਲਿਆ। ਇਕ ਲੜਕਾ ਤੇ ਦੋ ਜਵਾਨ ਲੜਕੀਆਂ ਵੀ ਉਸਦੇ ਨਾਲ ਸਨ।


Academy of the Punjab in North America: http://www.apnaorg.com

ਉਹ ਸਾਡੇ ਘਰ ਰਹੇ, ਸਾਨੂੰ ਬੜਾ ਚੰਗਾ ਲੱਗਾ। ਸਵੇਰੇ ਉੱਠ ਕੇ ਇਸ਼ਨਾਨ ਪਾਣੀ ਕਰਕੇ ਨਿੱਤਨੇਮ ਬੜੀ ਨਰਮ ਆਵਾਜ਼ ਵਿੱਚ ਕਰਨ ਵਾਲੀ ਅੰਮ੍ਰਿਤਧਾਰੀ ਤੇ ਹਮੇਸ਼ਾਂ ਹਸੂੰ ਹਸੂੰ ਕਰਦੀ ਫਿਰੇ। ਉਸਦੇ ਚਰਿੱਤਰ ਤੇ ਉਸਦੀ ਸ਼ਖਸ਼ੀਅਤ ਦੀ ਐਨੀ ਵਧੀਆ ਤਸਵੀਰ ਬਣੀ ਸਾਡੇ ਉੱਤੇ ਕਿ ਸਾਨੂੰ ਬਿਲਕੁਲ ਓਪਰਾ ਨਾ ਲੱਗਾ। ਇਹ ਫ਼ਰਵਰੀ **1993** ਦੀ ਗੱਲ ਹੈ। ਮੇਰਾ ਤੇ ਹਰਪ੍ਰੀਤ ਦਾ ਪਹਿਲਾਂ ਤੋਂ ਹੀ ਪੰਜਾਬ ਆਉਣ ਦਾ ਪ੍ਰੋਗਰਾਮ ਬਣਿਆ ਹੋਇਆ ਸੀ। ਅਸੀਂ ਮਹੀਨੇ ਕੁ ਵਾਸਤੇ ਪੰਜਾਬ ਆਏ ਤੇ ਸਾਰਾ ਘਰ ਬਿੰਦਰੋ ਦੇ ਹਵਾਲੇ ਕਰ ਆਏ। ਉਹ ਚਾਰੇ ਜਣੇ ਸਾਡੇ ਘਰ, ਘਰ ਵਾਂਗ ਰਹੇ।

ਜਦੋਂ ਅਸੀਂ ਵਾਪਿਸ ਆਏ ਤਾਂ ਕੁਝ ਸਮਾਂ ਪਾ ਕੇ ਅਸੀਂ ਬਿੰਦਰੋ ਤੇ ਉਸ ਦੇ ਬੱਚਿਆਂ ਵਾਸਤੇ ਕਮਰਾ ਕਿਰਾਏ ਤੇ ਲੈ ਦਿੱਤਾ। ਸਾਡੇ ਘਰ ਉਹ ਅਕਸਰ ਰੋਜ਼ ਆਉਂਦੇ ਤੇ ਕਿੰਨਾ ਕਿੰਨਾ ਸਮਾਂ ਸਾਡੇ ਕੋਲ ਬਿਤਾਉਂਦੇ। ਗੱਲਾਂ ਗੱਲਾਂ ਵਿੱਚ ਇਕ ਦਿਨ ਬਿੰਦਰੋ ਨੇ ਵੱਡੀ ਲੜਕੀ ਦੀ ਸ਼ਾਦੀ ਕਰਨ ਦਾ ਇਸ਼ਾਰਾ ਕੀਤਾ। ਸਾਡੇ ਪਿੰਡ ਦਾ ਇਕ ਲੜਕਾ ਪਸੰਦ ਕਰਕੇ ਅਸੀਂ ਕੁੜੀ ਦਾ ਵਿਆਹ ਰੱਖ ਦਿੱਤਾ। ਵਿਆਹ ਕਿਉਂਕਿ ਸਾਡੇ ਘਰ ਹੋਣਾ ਸੀ, ਹਰ ਤਰ੍ਹਾਂ ਦੀ ਤਿਆਰੀ ਅਸੀਂ ਕੀਤੀ ਤੇ ਹਰ ਕਾਰਜ ਵਿੱਚ ਅੱਗੇ ਹੋ ਕੇ ਮੈਂ ਵਿਆਹ ਦੀ ਰਸਮ ਨੂੰ ਵਧੀਆ ਬਣਾਉਣ ਲਈ ਕੰਮ ਕੀਤਾ। ਅੱਗੇ ਹੋ ਕੇ ਸ਼ਗਨ ਵਿਹਾਰ ਕੀਤੇ। ਖ਼ਰਚਾ ਵੀ ਸਾਡਾ ਕਾਫੀ ਹੋ ਗਿਆ ਪਰ ਹਰਪ੍ਰੀਤ ਦਾ ਸੁਭਾਅ ਹੈ ਕਿ ਜਦੋਂ ਉਹ ਕਿਸੇ ਨਾਲ ਕਰਦੀ ਹੈ ਤਾਂ ਬਹੁਤ ਕਰਦੀ ਹੈ। ਹਰਪ੍ਰੀਤ ਨੇ ਕੁੜੀ ਨੂੰ ਕੱਪੜਾ ਲੱਤਾ ਵੀ ਬਹੁਤ ਦਿੱਤਾ ਤੇ ਗਹਿਣੇ ਵੀ ਪਾਏ। ਵਿਆਹ ਵਿੱਚ ਫੋਟੋਗਰਾਫਰਾਂ ਨੇ ਮੇਰੀਆਂ ਤੇ ਹਰਪ੍ਰੀਤ ਦੀਆਂ, ਜ਼ਿੰਮੇਵਾਰੀ ਨਿਭਾਉਂਦਿਆਂ ਦੀਆਂ ਤਸਵੀਰਾਂ ਵੀ ਬਹੁਤ ਖਿੱਚੀਆਂ।

ਕੁਝ ਸਮਾਂ ਪਾ ਕੇ ਬਿੰਦਰੋ ਨੇ ਮੈਨੂੰ ਕਿਹਾ ਕਿ ਜੇ ਮੈਂ ਉਨ੍ਹਾਂ ਨੂੰ ਇਕ ਸਟੋਰ ਦੇ ਦੇ ਵਾਂ ਤਾਂ ਉਹ ਮਿਹਨਤ ਕਰਕੇ ਵਧੀਆ ਜੀਵਨ ਜੀਅ ਸਕਦੇ ਹਨ। ਹਰਪ੍ਰੀਤ ਦੇ ਰੋਕਣ ਦੇ ਬਾਵਜੂਦ ਵੀ ਮੈਂ ਇਕ ਸਟੋਰ ਬਿੰਦਰੋ ਦੇ ਹਵਾਲੇ ਕਰ ਦਿੱਤਾ। ਸਾਡੇ ਅਕਾਊਟੈਂਟ ਨੇ ਸਾਰੀ ਕਾਗਜ਼ੀ ਕਾਰਵਾਈ ਕਰ ਦਿੱਤੀ। ਇਕ ਲੱਖ ਸੱਤਰ ਹਜਾਰ ਡਾਲਰ ਦਾ ਨੋਟ ਕਰਕੇ ਮੈਨੂੰ ਦੇ ਦਿੱਤਾ ਕਿ ਹੌਲੀ ਹੌਲੀ ਦੇ ਦਿਆਂਗੇ। ਸਾਲ ਡੇਢ ਸਾਲ ਕਿਸ਼ਤਾਂ ਤੇ ਕਿਰਾਇਆ ਵੀ ਦਿੰਦੇ ਰਹੇ । ਨਵੀਆਂ ਗੱਡੀਆਂ ਵੀ ਖ਼ਰੀਦ ਲਈਆਂ। ਬੜੀ ਗੱਪ ਮਾਰਿਆਂ ਕਰਨ ਕਿ ਬਹੁਤ ਵਧੀਆ ਸਟੋਰ ਮਿਲਿਆ। ਖ਼ਰਚੇ ਵਧਾ ਲਏ ਤੇ ਕੰਮ ਘੱਟ ਕਰ ਦਿੱਤਾ। ਇਕ ਰਾਤ ਸਟੋਰ ਦਾ ਸਾਰਾ ਸਮਾਨ ਲੱਦ ਕੇ ਲੈ ਗਏ। ਸਵੇਰੇ ਪਤਾ ਲੱਗਾ ਕਿ ਕਈ ਟਰੱਕ ਭਰ ਕੇ ਸਮਾਨ ਪਤਾ ਨਹੀਂ ਕਿੱਧਰ ਲੈ ਗਏ। ਮੈਂ ਬੜਾ ਹੈਰਾਨ ਹੋਇਆ ? ਸਾਰਾ ਸਾਮਾਨ ਹੀ ਲੈ ਗਏ, ਨਾਲੇ ਜਿਹੜੇ ਪੈਸੇ ਦੇਣੇ ਸੀ ਸਾਡੇ, ਉਹ ਵੀ ਗਏ, ਹੱਦ ਹੋ ਗਈ। ਹਾਲੇ ਅਸੀਂ ਸੋਚਦੇ ਹੀ ਸੀ ਕਿ ਕੀ ਕਰੀਏ , ਸਾਨੂੰ ਵਕੀਲ ਦੀ ਚਿੱਠੀ ਆ ਗਈ ਕਿ ਬਿੰਦਰੋ ਨੇ ਕੇਸ ਕਰ ਦਿੱਤਾ। ਸਾਡੇ ਰਿਸ਼ਤੇਦਾਰ ਨੇ ਸਾਨੂੰ ਗਲਤ ਬਿਜ਼ਨਸ ਵਿੱਚ ਪਾ ਕੇ ਘਾਟਾ ਪਾਇਆ ਹੈ। ਬਿੰਦਰੋ ਨੇ ਇਕ ਦਮ ਆਪਣੀ ਤਸਵੀਰ ਹੀ ਬਦਲ ਲਈ। ਸਾਰੀ ਉਮਰ ਇੰਗਲੈਂਡ ਵਿੱਚ ਰਹੀ ਤੇ ਕਹੇ ਅੰਗਰੇਜ਼ੀ ਨਹੀਂ ਜਾਣਦੀ। ਮੈਂ ਜੱਜ ਨੂੰ ਬੜਾ ਦੱਸਣ ਦਾ ਯਤਨ ਕੀਤਾ ਕਿ ਮੇਰੀ ਘਰ ਵਾਲੀ ਹਰਪ੍ਰੀਤ ਦੀ ਭੈਣ ਦੇ ਪਤੀ ਦੀ ਮਾਸੀ ਦੀ ਧੀ ਮੇਰੀ ਕੀ ਲੱਗੀ। ਪਰ ਬਿੰਦਰੋ ਨੇ ਜੱਜ ਅੱਗੇ ਉਹ ਸਾਰੀਆਂ ਤਸਵੀਰਾਂ ਜੋ ਉਸਦੀ ਲੜਕੀ ਦੇ ਵਿਆਹ ਵਿੱਚ ਖਿੱਚੀਆਂ ਸੀ, ਜਿਨ੍ਹਾਂ ਵਿੱਚ ਸਾਰੇ ਸ਼ਗਨ ਮੈਂ ਹੀ ਕਰ ਰਿਹਾ ਸੀ, ਜੱਜ ਅੱਗੇ ਲਿਆ ਰੱਖੀਆਂ। ਜੱਜ ਕਹਿਣ ਲੱਗਾ ਕਿ ਜੇ ਮੈਂ ਬਿੰਦਰੋ ਦਾ ਰਿਸ਼ਤੇਦਾਰ ਨਹੀਂ ਤਾਂ ਉਸ ਦੀ ਲੜਕੀ ਦੇ ਵਿਆਹ ਵਿੱਚ ਇਹ ਸਭ ਕੁਝ ਕਿਉਂ ਕੀਤਾ ? ਮੇਰੇ ਕੋਲ ਇਸਦਾ ਕੋਈ ਜਵਾਬ ਨਹੀਂ ਸੀ। ਅੰਤ ਵਿਚ ਫੈਸਲਾ ਹੋਇਆ ਕਿ ਸਿਵਾਏ ਇਸਦੇ ਕਿ ਬਿੰਦਰੋ ਸਾਨੂੰ ਸਾਡੇ ਪੈਸੇ ਮੋੜੇ, ਸਾਨੂੰ **1,88,000** ਡਾਲਰ ਬਿੰਦਰੋ ਨੂੰ ਦੇਣੇ ਪਏ। ਚਰਿੱਤਰ ਅਤੇ ਸ਼ਖਸ਼ੀਅਤ ਦੀ ਜੋ ਮੈਂ ਤਸਵੀਰ ਬਿੰਦਰੋ ਦੀ ਬਣਾਈ ਫਿਰਦਾ ਸੀ, ਉਸਨੇ ਮੇਰਾ ਸਿੰਘਾਸਣ ਹਿਲਾ ਕੇ ਰੱਖ ਦਿੱਤਾ। ਮੈਂ ਤੇ ਸਾਰਿਆਂ ਪਾਠਕਾਂ ਨੂੰ ਇਹ ਹੀ ਕਹਾਂਗਾ ਕਿ ਕਿਸੇ ਦੀ ਦਿਲ ਵਿੱਚ


Academy of the Punjab in North America: http://www.apnaorg.com

ਤਸਵੀਰ ਬਣਾਉਣ ਤੋਂ ਪਹਿਲਾਂ ਕਈ ਵਾਰ ਸੋਚਣਾ ਚਾਹੀਦਾ ਹੈ, ਨਹੀਂ ਤਾਂ ਜਿੰਨੀ ਪੱਕੀ ਤਸਵੀਰ ਹੋਵੇਗੀ ਓਨੇ ਹੀ ਗਲਤ ਨਤੀਜੇ ਨਿਕਲ ਸਕਦੇ ਹਨ।

ਅਸੀਂ ਲੋਕਾਂ ਨੂੰ ਆਪਣੇ ਨਜ਼ਰੀਏ ਨਾਲ ਦੇਖਦੇ ਹਾਂ। ਸਾਨੂੰ ਕਿਵੇਂ ਲਗਦਾ, ਬਸ ਆਪਣੀ ਸੋਚ ਤੇ ਯਕੀਨ ਕਰਕੇ ਅਸੀਂ ਕਿਸੇ ਦੀ ਤਸਵੀਰ ਦਿਲ ਵਿੱਚ ਬਣਾਉਂਦੇ ਹਾਂ। ਜੇ ਕੋਈ ਸਾਨੂੰ ਸਮਝਾਉਣ ਦਾ ਯਤਨ ਕਰੇ ਤਾਂ ਵੀ ਅਸੀਂ ਸੋਚਦੇ ਹਾਂ ਕਿ ਇਸ ਨੂੰ ਨਹੀਂ ਪਤਾ। ਜੇ ਭਲਾ ਮੈਂ ਹਰਪ੍ਰੀਤ ਦੀ ਸਲਾਹ ਮੰਨ ਲੈਂਦਾ ਤਾਂ ਬਿੰਦਰੋ ਨੂੰ ਸਟੋਰ ਨਾ ਦਿੰਦਾ। ਪਰ ਦੁੱਖ ਤਾਂ ਇਸ ਗੱਲ ਦਾ ਹੈ ਕਿ ਮੈਨੂੰ ਕਦੇ ਵੀ ਬਿੰਦਰੋ ਦੀ ਨੀਅਤ ਤੇ ਸ਼ੱਕ ਨਹੀਂ ਸੀ ਹੋਇਆ। ਮੈਂ ਸਾਫ ਦਿਲ ਨਾਲ ਜੋ ਪਿਆਰ ਅਤੇ ਸਤਿਕਾਰ ਭਰੀ ਤਸਵੀਰ ਬਣਾਈ ਸੀ, ਉਹ ਮੇਰੀ ਸੋਚ ਸੀ। ਆਪਣੀ ਸੋਚ ਗਲਤ ਹੋ ਜਾਵੇ ਤਾਂ ਫਿਰ ਘਾਟਾ ਵੀ ਆਪਣੇ ਆਪ ਨੂੰ ਪੈਂਦਾ ਹੈ। ਸੋ ਕਿਸੇ ਦੀ ਤਸਵੀਰ ਦਿਲ ਵਿਚ ਬਣਾਉਣ ਤੋਂ ਪਹਿਲਾਂ ਨਿਰੀਖਣ ਕਰ ਲੈਣਾ ਚਾਹੀਦਾ ਹੈ। ਅਸਲੀਅਤ ਦਾ ਪਤਾ ਲਗਾਉਣ ਲਈ ਟੈੱਸਟ ਕਰ ਲੈਣਾ ਚਾਹੀਦਾ ਹੈ। ਬਾਕੀ ਲੋਕਾਂ ਨੂੰ ਸੁਣਨ ਨਾਲ ਵੀ ਬਚਾਅ ਹੋ ਸਕਦਾ ਹੈ। ਲੋਕਾਂ ਦਾ ਕੀ ਖ਼ਿਆਲ ਹੈ ਉਸ ਬਾਰੇ ਵੀ ਗੰਭੀਰਤਾ ਨਾਲ ਸੋਚਣਾ ਚਾਹੀਦਾ ਹੈ। ਇਸ ਤਰ੍ਹਾਂ ਕਰਨ ਨਾਲ ਅਸੀਂ ਭੁਲੇਖੇ ਵਿੱਚ ਨਹੀਂ ਰਹਿੰਦੇ। ਜਿੰਨੀ ਪੱਕੀ ਤਸਵੀਰ ਅਸੀਂ ਬਣਾ ਕੇ ਬੈਠੇ ਹੁੰਦੇ ਹਾਂ ਓਨੇ ਹੀ ਹੈਰਾਨ ਕਰਨ ਵਾਲੇ ਨਤੀਜੇ ਨਿਕਲ ਸਕਦੇ ਹਨ। ਮਨ ਵਿੱਚ ਜੋ ਪੱਕੀ ਤਸਵੀਰ ਹੁੰਦੀ ਹੈ, ਕਈ ਵਾਰ ਜਦ ਬਦਲਦੀ ਹੈ ਤਾਂ ਅਸੀਂ ਹੈਰਾਨ ਹੋ ਜਾਂਦੇ ਹਾਂ, ਫਿਰ ਉਸ ਤੇ ਯਕੀਨ ਕਰ ਲੈਂਦੇ ਹਾਂ, ਪਰ ਹੋ ਸਕਦਾ ਹੈ ਕਿ ਉਹ ਠੀਕ ਨਾ ਹੋਵੇ। ਸਦੀਆਂ ਤੱਕ ਲੋਕ ਇਹ ਹੀ ਸਮਝਦੇ ਰਹੇ ਕਿ ਧਰਤੀ ਬਹੁਤ ਵੱਡੀ ਹੈ ਤੇ ਸਭ ਚੰਦ ਤਾਰੇ ਸੂਰਜ ਧਰਤੀ ਦੇ ਇਰਦ- ਗਿਰਦ ਘੁੰਮਦੇ ਹਨ। ਫਿਰ ਪਤਾ ਲੱਗਾ ਕਿ ਧਰਤੀ ਤਾਂ ਸੂਰਜ ਦੇ ਦੁਆਲੇ ਘੁੰਮਦੀ ਹੈ, ਸ਼ਾਇਦ ਸੂਰਜ ਵੀ ਕਿਸੇ ਦੇ ਦੁਆਲੇ ਘੁੰਮਦਾ ਹੋਵੇ। ਖ਼ੈਰ ਯਕੀਨ ਕਰਨਾ ਤੇ ਯਕੀਨ ਦਾ ਟੁੱਟ ਜਾਣਾ ਹੀ ਤਾਂ ਸਾਡੀ ਇਨਸਾਨੀ ਫਿਤਰਤ ਹੈ। ਯਕੀਨ ਕਰਨ ਦਾ ਤਰੀਕਾ ਹੀ ਤਾਂ ਸਾਡੀ ਸ਼ਖਸ਼ੀਅਤ ਹੈ।

ਨਵੀਆਂ ਨਵੀਆਂ ਖੋਜਾਂ, ਨਵੇਂ ਦਰਵਾਜ਼ੇ ਖੋਲ੍ਹਦੀਆਂ ਹਨ। ਇੱਕ ਵਾਰ ਕਿਸੇ ਪਾਰਟੀ ਵਿੱਚ ਮੈਂ ਗਿਆ। ਇਕ ਡਾਕਟਰ ਦੇ ਮੁੰਡੇ ਦਾ ਜਨਮ ਦਿਨ ਸੀ। ਬਹੁਤ ਸਾਰੇ ਡਾਕਟਰ ਇਕੱਠੇ ਬੈਠੇ ਗੱਲਾਂ ਕਰ ਰਹੇ ਸਨ। ਗੱਲ ਚੱਲੀ ਕਿ ਅੱਜ ਕੱਲ ਅੱਧੇ ਤੋਂ ਵੱਧ ਬੱਚੇ ਸੀਜੇ ਰੀਅਨ ਅਪਰੇਸ਼ਨ ਨਾਲ ਹੁੰਦੇ ਹਨ। ਮੈਂ ਬੈਠਾ ਬੈਠਾ ਬੋਲ ਪਿਆ, 'ਡਾਕਟਰ ਸਾਹਿਬ ਜਦੋਂ ਸੀਜੇਰੀਅਨ ਅਪਰੇਸ਼ਨ ਦਾ ਪਤਾ ਹੀ ਨਹੀਂ ਸੀ ਉਦੋਂ ਕੀ ਹੁੰਦਾ ਸੀ?' ਡਾਕਟਰ ਨੇ ਸਹਿਜ ਨਾਲ ਤੇ ਜ਼ਰਾ ਕੁ ਮੁਸਕਰਾਉਣ ਦਾ ਯਤਨ ਕਰਕੇ ਉੱਤਰ ਦਿੱਤਾ ਕਿ ਉਸ ਸਮੇਂ ਮਾਂ ਦੀ ਜਾਂ ਬੱਚੇ ਦੀ ਮੌਤ ਹੋ ਜਾਇਆ ਕਰਦੀ ਸੀ, ਕਈ ਵਾਰ ਦੋਵੇਂ ਹੀ ਮਰ ਜਾਂਦੇ ਸੀ। ਸੋ ਕਈ ਵਾਰ ਸਮੇਂ ਦੇ ਨਾਲ ਕਈ ਸਵਾਲ ਹੱਲ ਵੀ ਹੋ ਜਾਂਦੇ ਹਨ। ਸਾਡੇ ਦਿਲ ਵਿਚ ਗਲਤ ਤਸਵੀਰ ਸਹੀ ਵੀ ਹੋ ਜਾਂਦੀ ਹੈ। ਜਦੋਂ ਤਸਵੀਰ ਬਦਲਦੀ ਹੈ ਤਾਂ ਦੁਨੀਆ ਨਾਲ ਇਸ ਤਸਵੀਰ ਨਾਲ ਸਾਡੇ ਰਿਸ਼ਤੇ ਬਦਲ ਜਾਂਦੇ ਹਨ। ਨਿਰਭਰ ਕਰਦਾ ਹੈ ਕਿ ਸਾਡੀ ਤਸਵੀਰ ਜੋ ਦਿਲ ਵਿੱਚ ਬਣਾ ਕੇ ਬੈਠੇ ਸਾਂ, ਉਹ ਕਿਸ ਤਰ੍ਹਾਂ ਗਲਤ ਸੀ। ਇਹ ਸਾਡੀ ਆਪਣੀ ਕਾਬਲੀਅਤ 'ਤੇ ਨਿਰਭਰ ਕਰਦਾ ਹੈ ਕਿ ਅਸੀਂ ਜੋ ਦਿਲ ਵਿਚ ਤਸੱਵਰ ਕੀਤਾ ਹੈ, ਸਹੀ ਹੈ ਜਾਂ ਗਲਤ। ਅਸੀਂ ਜਿਸ ਤਰ੍ਹਾਂ ਦੀ ਤਸਵੀਰ ਬਣਾਈ, ਉਸੇ ਤਰ੍ਹਾਂ ਦਾ ਰਿਸ਼ਤਾ ਬਣਾ ਕੇ ਬੈਠ ਜਾਂਦੇ ਹਾਂ। ਕੁਦਰਤੀ ਹੈ ਕਿ ਜੇ ਤਸਵੀਰਾਂ ਬਦਲਨਗੀਆਂ ਤਾਂ ਰਿਸ਼ਤੇ ਵੀ ਬਦਲ ਹੀ ਜਾਣਗੇ ਤੇ ਤੁਹਾਡੀ ਸੋਚ ਵੀ ਬਦਲ ਜਾਵੇਗੀ।

ਮੈਨੂੰ ਯਾਦ ਹੈ ਕਿ ਨੌਰਥ ਹੌਲੀਵੁਡ ਗੁਰਦੁਆਰਾ ਲੈਂਕਰਸ਼ਮ ਦੀਵਾਨ ਚੱਲ ਰਿਹਾ ਸੀ। ਮੈਂ ਸੇਵਾ ਵੀ ਕਰ ਰਿਹਾ ਸੀ ਤੇ ਨਾਲ ਨਾਲ ਬੜੀ ਗੰਭੀਰਤਾ ਨਾਲ ਗੱਲ ਵੀ ਸੁਣ ਰਿਹਾ ਸੀ। ਗੁਰ ਪ੍ਰੀਤੀ ਹਰੀ ਜਪੁਜੀ ਸਾਹਿਬ ਦੀ ਲੜੀਵਾਰ ਕਥਾ ਕਰ ਰਹੇ ਸੀ। ਸਾਰਾ ਦੀਵਾਨ ਹਾਲ ਖਚਾ ਖਚਿ ਭਰਿਆ ਹੋਇਆ ਸੀ। ਸਾਰੇ ਚੁੱਪ ਕਰਕੇ ਇਕਾਗਰ ਚਿੱਤ ਹੋ ਕੇ ਗੁਰੂ ਦੀਆਂ ਗੱਲਾਂ ਸੁਣ ਰਹੇ ਸੀ। ਇੱਕ ਆਦਮੀ ਆਇਆ, ਉਸਦੇ ਨਾਲ ਦੋ ਬਾਲਕ ਸਨ। ਮੱਥਾ ਟੇਕ ਕੇ


Academy of the Punjab in North America: http://www.apnaorg.com

ਉਹ ਵੀ ਮੇਰੇ ਲਾਗੇ ਆ ਕੇ ਬੈਠ ਗਿਆ ਤੇ ਅੱਖਾਂ ਬੰਦ ਕਰਕੇ ਸ਼ਬਦ ਦੀ ਵਿਆਖਿਆ ਸੁਣਨ ਲੱਗ ਪਿਆ। ਉਸਦੇ ਨਾਲ ਆਏ ਦੋ ਬਾਲਕ ਇੱਕ ਤਾਂ ਨਿੱਕਾ ਜਿਹਾ ਸੀ, ਉਹ ਕਦੇ ਕਿਸੇ ਪਾਸੇ ਜਾਵੇ ਕਦੇ ਕਿਸੇ ਪਾਸੇ। ਦੋ ਕੁ ਡਾਲਰ ਵੀ ਉਸ ਬੱਚੇ ਨੇ ਚੁੱਕ ਕੇ ਜੇਬ ਵਿੱਚ ਪਾ ਲਏ। ਦੂਸਰਾ ਬੱਚਾ ਉਸ ਆਦਮੀ ਦੇ ਗੋਡੇ ਤੇ ਸਿਰ ਰੱਖ ਕੇ ਉੱਚੀ ਉੱਚੀ ਰੋਈ ਜਾਵੇ। ਸਾਰਾ ਵਾਤਾਵਰਣ ਖ਼ਰਾਬ ਹੁੰਦਾ ਦੇਖ ਕੇ ਮੈਂ ਉਸ ਬੰਦੇ ਦਾ ਮੋਢਾ ਹਲੂਣਿਆ। ਉਹ ਜਿਵੇਂ ਤ੍ਰਭਕ ਕੇ ਉਠਿਆ। ਮੈਂ ਬੇਨਤੀ ਕੀਤੀ, ਜੀ ਬੱਚਿਆਂ ਨੂੰ ਜ਼ਰਾ ਸਾਂਭੋ। ਚੁੱਪ ਕਰਾਓ ਇਸ ਨੂੰ ਨਾਲੇ ਇਸ ਛੋਟੇ ਨੂੰ ਜ਼ਰਾ ਲਾਗੇ ਬਿਠਾ ਲਓ। ਉਹ ਬੰਦਾ ਬੜੇ ਪਛਤਾਵੇ ਜਿਹੇ ਨਾਲ ਤੇ ਬੜੀ ਨਿਮਾਣੀ ਜਿਹੀ ਆਵਾਜ਼ ਵਿੱਚ ਕਹਿਣ ਲੱਗਾ, 'ਜੀ ਅਸਲ ਵਿੱਚ ਅਸੀਂ ਹੁਣੇ ਆਲਵਵਿਉ ਹਸਪਤਾਲ 'ਚੋਂ ਆਏ ਹਾਂ, ਮੇਰੀ ਪਤਨੀ, ਇਨ੍ਹਾਂ ਦੋਹਾਂ ਬੱਚਿਆਂ ਦੀ ਮਾਂ, ਕਈ ਦਿਨਾਂ ਤੋਂ ਬੀਮਾਰ ਸੀ ਤੇ ਘੰਟਾ ਕੁ ਹੋਇਆ ਉਹ ਪੂਰੀ ਹੋ ਗਈ। ਮੈਂ ਬਹੁਤ ਹੀ ਨਿੱਕਾ ਜਿਹਾ ਮਹਿਸੂਸ ਕੀਤਾ ਕਿ ਮੈਂ ਇਸ ਬੰਦੇ ਦੀ ਕੈਸੀ ਤਸਵੀਰ ਬਣਾ ਕੇ ਬੈਠਾ ਸੀ। ਕੀਰਤਨ ਦੀ ਸਮਾਪਤੀ ਹੋ ਗਈ। ਅਸੀਂ ਸਾਰਿਆਂ ਨੇ ਰਲ ਕੇ ਉਸ ਨਾਲ ਹਮਦਰਦੀ ਕਰਨ ਦਾ ਯਤਨ ਕੀਤਾ। ਮੈਂ ਤਾਂ ਉਸਨੂੰ ਮੋਢਾ ਹਿਲਾ ਕੇ ਬੁਲਾਉਣ ਲਈ ਮੁਆਫ਼ੀ ਵੀ ਮੰਗੀ। ਬਾਅਦ ਵਿੱਚ ਅਸੀਂ ਸਾਰੇ ਉਸ ਦੁਖਿਆਰੇ ਨਾਲ ਅੱਧਾ ਪੌਣਾ ਘੰਟਾ ਬੈਠੇ ਗੱਲਾਂ ਕਰਦੇ ਰਹੇ।

ਅਸੀਂ ਲੱਖ ਯਤਨ ਕਰੀਏ ਕਿਸੇ ਦੀ ਤਸਵੀਰ ਅਸੀਂ ਉਸ ਦੇ ਚਰਿੱਤਰ ਤੇ ਉਸਦੀ ਸ਼ਖਸ਼ੀਅਤ ਨੂੰ ਦੇਖ ਕੇ ਨਹੀਂ ਬਣਾ ਸਕਦੇ। ਕਈ ਵਾਰ ਸਮਾਂ ਇਨਸਾਨ ਨੂੰ ਮਜਬੂਰ ਕਰ ਦਿੰਦਾ ਹੈ ਤੇ ਤਸਵੀਰਾਂ ਬਦਲ ਜਾਂਦੀਆਂ ਹਨ। ਦੇਖਣੀ ਪਾਖਣੀ ਤੋਂ ਕਈ ਵਾਰ ਇਨਸਾਨ ਹੋਰ ਤਰ੍ਹਾਂ ਦਾ ਲਗਦਾ ਹੈ ਪਰ ਅਸਲ ਵਿੱਚ ਉਹ ਹੋਰ ਹੁੰਦਾ ਹੈ। ਅਸੀਂ ਭੁਲੇਖੇ ਵਿੱਚ ਹੋਰ ਤਸਵੀਰ ਬਣਾਈ ਫਿਰਦੇ ਹਾਂ। ਸਾਡੇ ਪਿਤਾ ਜੀ ਬਚਪਨ ਵਿੱਚ ਹੀ ਆਪਣੇ ਪਿਤਾ, ਸਾਡੇ ਬਾਬਾ ਜੀ ਦੇ ਨਾਲ ਰਹਿ ਕੇ ਵਿਦੇਸ਼ੀ ਸਕੂਲਾਂ ਵਿੱਚ ਪੜ੍ਹਨ ਕਰਕੇ ਉਨ੍ਹਾਂ ਨੂੰ ਕੱਪੜਾ ਲੱਤਾ ਪਾਉਣ ਦੀ ਬੜੀ ਜਾਂਚ ਸੀ। ਸਿਆਲ ਵਿੱਚ ਥਰੀ ਪੀਸ ਸੂਟ ਪਾ ਕੇ ਟਾਈ ਲਾਉਣੀ ਬੜੀ ਠੋਕ ਕੇ ਪੱਗ ਬੰਨ੍ਹਣੀ, ਲਿਸ਼ਕਦੇ ਬੂਟ ਪਾਏ ਹੋਣੇ ਹੱਥ ਵਿਚ ਬੈਗ ਜਿਹਾ ਲੈ ਕੇ ਜਦੋਂ ਕਿਤੇ ਬਜ਼ਾਰ ਵਿੱਚ ਦੀ ਲੰਘਦੇ ਤਾਂ ਕਈ ਲੋਕ ਇਹ ਸੋਚ ਕੇ ਸਤਿ ਸ੍ਰੀ ਅਕਾਲ ਬੁਲਾ ਦਿੰਦੇ ਕੇ ਕੋਈ ਖਾਸ ਅਫ਼ਸਰ ਹੋਣੇਂ। ਪਰ ਮੇਰੀ ਸੋਝੀ ਅਨੁਸਾਰ ਸਾਡੇ ਪਿਤਾ ਜੀ ਨੇ ਕਦੇ ਕੋਈ ਨੌਕਰੀ ਹੀ ਨਹੀਂ ਸੀ ਕੀਤੀ।

ਸਿਆਣੇ ਲੋਕ ਸਮੇਂ ਦੇ ਨਾਲ ਨਾਲ ਆਪਣੀ ਕਾਬਲੀਅਤ ਦੇ ਨਾਲ ਰਿਸ਼ਤਿਆਂ ਦੀਆਂ ਤਸਵੀਰਾਂ ਬਦਲਦੇ ਰਹਿੰਦੇ ਹਨ। ਜੇ ਸਮੇਂ ਸਿਰ ਪਤਾ ਲੱਗ ਜਾਵੇ ਤਾਂ ਸਾਨੂੰ ਬਹੁਤੀ ਹੈਰਾਨੀ ਨਹੀਂ ਹੁੰਦੀ ਤੇ ਬਹੁਤਾ ਨੁਕਸਾਨ ਵੀ ਨਹੀਂ ਹੁੰਦਾ। ਪਰ ਇਹ ਸਭ ਕੁਝ ਤਾਂ ਹੀ ਹੋ ਸਕਦਾ ਹੈ ਜੇ ਸਾਡੇ ਚਰਿੱਤਰ ਤੇ ਸ਼ਖਸ਼ੀਅਤ ਵਧੀਆ ਹੋਣ। ਆਪਣੀ ਕਾਬਲੀਅਤ ਤੇ ਵੀ ਨਿਰਭਰ ਕਰਦਾ ਹੈ। ਕਿਸੇ ਦਾ ਅੰਦਾਜ਼ਾ ਅਸੀਂ ਆਪਣੀ ਸੋਚ ਦੇ ਮੁਤਾਬਕ ਹੀ ਲਾ ਸਕਦੇ ਹਾਂ। ਜੇ ਮੈਂ ਕਾਰ ਚਲਾਈ ਜਾਂਦਾ ਹਾਂ ਅਤੇ ਸੜਕ ਦੇ ਵਿਚਾਲੇ ਕੋਈ ਹੋਰ ਕਾਰ ਅੱਗੇ ਖੜ੍ਹੀ ਕਰ ਦੇਵੇ। ਮੈਂ ਹੌਰਨ ਮਾਰ ਮਾਰ ਕੇ ਥੱਕ ਜਾਵਾਂ ਤੇ ਉਹ ਕਾਰ ਸੜਕ ਦੇ ਵਿਚਾਲੇ ਹੀ ਖੜ੍ਹੀ ਰਹੇ। ਮੈਂ ਸਿਆਣਾ ਹੋਵਾਂ ਤਾਂ ਸੋਚ ਸਕਦਾ ਹਾਂ ਕਿ ਹੋ ਸਕਦਾ ਹੈ ਕਾਰ ਖ਼ਰਾਬ ਹੋ ਗਈ ਹੋਵੇ ਤੇ ਮੈਂ ਇਹ ਸੋਚ ਕੇ ਪਾਸਿਓਂ ਦੀ ਹੌਲੀ ਹੌਲੀ ਜਿਹੀ ਲੰਘ ਜਾਵਾਂ। ਪਰ ਜੇ ਸਿਰਫ਼ ਇਹ ਸੋਚ ਕੇ ਕਿ ਇਸ ਕਾਰ ਨੂੰ ਪਰ੍ਹੇ ਜਾਣਾ ਚਾਹੀਦਾ ਹੈ ਜਾਂ ਤੁਰ ਪੈਣਾ ਚਾਹੀਦਾ ਹੈ, ਮੈਂ ਉਸ ਵਿੱਚ ਜ਼ੋਰ ਦੀ ਲਿਆ ਕੇ ਕਾਰ ਮਾਰਾਂ ਤਾਂ ਸਾਰੇ ਨੁਕਸਾਨ ਦਾ ਜ਼ਿੰਮੇਵਾਰ ਮੈਂ ਆਪ ਹੀ ਹੋਇਆ। ਅੰਦਾਜ਼ੇ ਅਸਲੀਅਤ ਨਹੀਂ ਹੁੰਦੇ ਤੇ ਸਾਡੇ ਅੰਦਾਜ਼ੇ ਕਦੇ ਅਸਲੀਅਤ ਨੂੰ ਬਦਲ ਵੀ ਨਹੀਂ ਸਕਦੇ। ਅਸਲ ਵਿੱਚ ਅਸੀਂ ਅੰਦਾਜ਼ਾ ਲਗਾ ਲੈਂਦੇ ਹਾਂ। ਦੂਸਰੇ ਦੇ ਦਿਲ ਵਿਚ ਕੀ ਵਾਪਰ ਰਹੀ ਹੈ ਇਹ ਨਹੀਂ ਸੋਚਦੇ। ਇੱਕ ਵਾਰ ਇੱਕ ਲੜਕੀ ਗੁਰਦੁਆਰੇ ਮੱਥਾ ਟੇਕਣ ਆਈ, ਅਸੀਂ ਔਕਸਨਾਰਡ ਸਕੂਲ ਦੇ ਹਾਲ ਵਿਚ ਦੀਵਾਨ ਸਜਾਇਆ ਕਰਦੇ ਸਾਂ। ਬਾਬਾ ਗੁਰਮੁਖ ਸਿੰਘ ਸ਼ਬਦ ਪੜ੍ਹ ਕੇ ਤੇ ਉਸ ਸ਼ਬਦ ਦੀ ਵਿਆਖਿਆ ਕਰ ਰਹੇ ਸਨ। ਉਸ ਲੜਕੀ ਨੇ ਡਾਲਰ ਰੱਖ ਕੇ ਮੱਥਾ ਟੇਕਿਆ।


Academy of the Punjab in North America: http://www.apnaorg.com

ਉਸ ਦੇ ਨਾਲ ਉਸ ਦਾ ਇੱਕ ਨਿੱਕਾ ਜਿਹਾ ਬੱਚਾ ਸੀ। ਉਸ ਲੜਕੀ ਨੇ ਪੂਰੀ ਕੋਸ਼ਿਸ਼ ਕੀਤੀ ਕਿ ਬੱਚਾ ਵੀ ਸਿਰ ਝੁਕਾ ਕੇ ਮੱਥਾ ਟੇਕੇ । ਲੱਖ ਯਤਨ ਕਰਨ ਦੇ ਬਾਵਜੂਦ ਵੀ ਬੱਚੇ ਨੇ ਜ਼ਿਦ ਕੀਤੀ ਰੱਖੀ ਤੇ ਮੱਥਾ ਨਾ ਟੇਕਿਆ। ਬਾਬਾ ਜੀ ਵੀ ਧਿਆਨ ਨਾਲ ਦੇਖ ਰਹੇ ਸੀ। ਕਹਿਣ ਲੱਗੇ ਬੀਬੀ ਤੂੰ ਡਾਲਰ ਰੱਖ ਕੇ ਮੱਥਾ ਟੇਕਿਆ, ਬੱਚੇ ਨੂੰ ਵੀ ਡਾਲਰ ਦੇ ਤੇ ਉਹ ਵੀ ਮੱਥਾ ਟੇਕੂ। ਇਵੇਂ ਹੀ ਹੋਈ ਜਦੋਂ ਹੀ ਕੁੜੀ ਨੇ ਡਾਲਰ ਬੱਚੇ ਦੇ ਹੱਥ ਫੜਾਇਆ, ਬੱਚੇ ਨੇ ਬੜਾ ਵਧੀਆ ਆਪਣੀ ਮਾਂ ਵਾਂਗ ਮੱਥਾ ਟੇ ਕਿਆ।

ਨੀਅਤ ਅਤੇ ਸਚਾਈ ਕਿਸੇ ਦੀ ਪੜ੍ਹ ਸਕਣੀ ਬੜੀ ਔਖੀ ਹੈ। ਹਰ ਇੱਕ ਦੀ ਆਪਣੀ ਆਪਣੀ ਸ਼ਾਨ ਵੀ ਹੁੰਦੀ ਹੈ। ਨਾਲੇ ਕਿਸੇ ਨੂੰ ਪੜ੍ਹਾਉਣ ਵਾਸਤੇ ਸਾਡੀ ਕੋਸ਼ਿਸ਼ ਕਿਸ ਤਰ੍ਹਾਂ ਦੀ ਹੈ, ਕੋਸ਼ਿਸ਼ ਕਰਨ ਦਾ ਤਰੀਕਾ ਕਿੰਨਾ ਕੁ ਵਧੀਆ ਹੈ। ਕੁਦਰਤ ਦੇ ਅਸੂਲ ਵੱਖ ਤਰ੍ਹਾਂ ਦੇ ਹੁੰਦੇ ਤੇ ਸਾਡਾ ਵਿਵਹਾਰ ਵੱਖ ਤਰ੍ਹਾਂ ਦਾ ਹੁੰਦਾ ਹੈ, ਸਾਡੇ ਵਿਵਹਾਰ ਤੇ ਰਿਸ਼ਤਿਆਂ ਦੀ ਨਿਰਭਰਤਾ ਹੁੰਦੀ ਹੈ। ਜੇ ਚਾਰ ਠੱਗ ਠੱਗੀ ਮਾਰ ਕੇ ਬਰਾਬਰ ਵੰਡਦੇ ਹਨ ਤਾਂ ਇਹ ਉਨ੍ਹਾਂ ਦਾ ਆਪਸੀ ਰਿਸ਼ਤਾ ਹੈ। ਅਸੂਲ ਤਾਂ ਕਹਿੰਦਾ ਹੈ ਕਿ ਚੋਰੀ ਕਰਨੀ ਨਹੀਂ ਚਾਹੀਦੀ। ਕਿਸੇ ਨਾ ਕਿਸੇ ਤਰੀਕੇ ਨਾਲ ਰਾਤੋਂ ਰਾਤ ਲਖਪਤੀ ਬਣ ਜਾਣ ਦੀ ਸਕੀਮ ਭਾਵੇਂ ਸਹੀ ਵੀ ਸਾਬਤ ਹੋ ਜਾਵੇ ਪਰ ਉਸਦੀ ਅਸਲੀਅਤ ਦਾ ਪਤਾ ਚੱਲਣ ਤੇ ਰਿਸ਼ਤੇ ਜ਼ਰੂਰ ਬਦਲਣਗੇ। ਸ਼ਖਸ਼ੀਅਤ ਵਿੱਚ ਸੰਤੁਲਨ ਬਣਾਈ ਰੱਖਣ ਲਈ ਸਾਨੂੰ ਆਪਣੇ ਆਲੇ ਦੁਆਲੇ ਨਾਲ ਜੁੜਨਾ ਪੈਂਦਾ ਹੈ। ਕਈ ਵਾਰ ਅਚੇਤ ਤੌਰ ਤੇ ਜੇ ਕੁਝ ਐਸਾ ਹੋ ਜਾਵੇ ਜੋ ਕਿਸੇ ਨੂੰ ਚੰਗਾ ਨਾ ਲੱਗੇ ਜਾਂ ਕਿਸੇ ਦਾ ਕੰਮ ਖਰਾਬ ਕਰ ਦੇਵੇ ਤਾਂ ਇਹੋ ਜਿਹੇ ਸਮੇਂ ਜੇ ਸਾਨੂੰ ਪਤਾ ਲੱਗ ਜਾਵੇ ਕਿ ਅਸੀਂ ਗ਼ਲਤਫ਼ਹਿਮੀ ਵਿੱਚ ਸਾਂ ਤਾਂ ਆਪਣੀ ਗਲਤੀ ਮੰਨ ਲੈਣ ਨਾਲ ਸ਼ਖਸ਼ੀਅਤ ਬਣਦੀ ਹੈ, ਵਿਗੜਦੀ ਨਹੀਂ। ਅਚੇਤ ਤੌਰ ਤੇ ਕਿਸੇ ਬਾਰੇ ਅੰਦਾਜ਼ਾ ਗਲਤ ਵੀ ਲੱਗ ਸਕਦਾ ਹੈ। ਜੇ ਤੁਹਾਡੀ ਆਪਣੀ ਨੀਅਤ ਸਾਫ਼ ਹੈ ਤਾਂ ਅਚੇਤ ਤੌਰ ਤੇ ਹੋਈਆਂ ਗ਼ਲਤਫ਼ਹਿਮੀਆਂ ਵੀ ਤੁਹਾਡੀਆਂ ਆਪਣੀਆਂ ਨਹੀਂ ਹੁੰਦੀਆਂ। ਗਲਤ ਨੂੰ ਸਹੀ ਜਾਂ ਸਹੀ ਨੂੰ ਗਲਤ ਸਮਝ ਲੈਣਾ ਤਾਂ ਸੁਭਾਵਕ ਹੈ ਪਰ ਅਸਲ ਗੱਲ ਦਾ ਪਤਾ ਚੱਲਣ ਤੋਂ ਬਾਅਦ ਵੀ, ਸੱਚ ਸਾਬਤ ਹੋਣ ਤੋਂ ਬਾਅਦ ਵੀ, ਤੁਸੀਂ ਇਸ ਨਾਲ ਕਿਵੇਂ ਨਜਿੱਠਦੇ ਹੋ, ਇਹ ਤੁਹਾਡੀ ਸ਼ਖਸ਼ੀਅਤ ਹੈ। ਗਲਤੀਆਂ ਹੋ ਜਾਣੀਆਂ ਤਾਂ ਸੁਭਾਵਕ ਗੱਲ ਹੈ। ਕਈ ਵਾਰ ਵੱਡੇ ਵੱਡੇ ਲੋਕ ਗਲਤੀਆਂ ਕਰ ਬੈਠਦੇ ਹਨ। ਲੇਕਿਨ ਨਤੀਜੇ ਕਿਸ ਤਰ੍ਹਾਂ ਭੁਗਤਦੇ ਹਨ, ਉਸ ਵਿੱਚੋਂ ਸਾਡਾ ਚਿਹਰਾ ਹੋਰ ਵੀ ਸਾਫ ਨਜ਼ਰ ਆਉਂਦਾ ਹੈ।

****


Academy of the Punjab in North America: http://www.apnaorg.com

# ਸਾਡੀ ਤਰਤੀਬ

ਕਿਸੇ ਵੀ ਖੇਤਰ ਵਿਚ ਅਸੀਂ ਇਕ ਦਮ ਸਿਖਰ ਤੇ ਨਹੀਂ ਪਹੁੰਚ ਸਕਦੇ। ਜੇ ਕੋਈ ਸਿਖਰ ਤੇ ਬਿਠਾ ਦੇਵੇ ਤੇ ਸਿਖਰ ਤੇ ਬੈਠੇ ਨੂੰ ਹੇਠਲੇ ਡੰਡਿਆਂ ਦਾ ਗਿਆਨ ਹੀ ਨਾ ਹੋਵੇ ਤਾਂ ਉਹ ਉਥੇ ਟਿਕ ਨਹੀਂ ਸਕਦਾ, ਗਿਰ ਜਾਵੇਗਾ। ਮਰ ਵੀ ਸਕਦਾ ਹੈ। ਹੱਡੀਆਂ ਤਾਂ ਜ਼ਰੂਰ ਟੁੱਟ ਜਾਣਗੀਆਂ। ਬਚਪਨ ਵਿੱਚ ਬੱਚਾ ਪਹਿਲਾਂ ਹੀ ਦੌੜਨ ਨਹੀਂ ਲੱਗਦਾ। ਕਈ ਹੋਰ ਸਟੇਜਾਂ ਵਿੱਚੋਂ ਲੰਘ ਕੇ ਰਿੜ੍ਹ ਕੇ, ਤੁਰ ਕੇ, ਫੇਰ ਕਿਤੇ ਦੌੜਨ ਲਗਦਾ ਹੈ। ਜੀਵਨ ਦੇ ਹਰ ਕੰਮ ਵਿਚ ਇਵੇਂ ਹੀ ਹੁੰਦਾ ਹੈ। ਕੁਦਰਤ ਦੇ ਨਿਯਮਾਂ ਅਨੁਸਾਰ ਹੀ ਸਾਰੇ ਕਾਰਜ ਹੁੰਦੇ ਹਨ। ਇੱਕ ਦਿਨ ਵਿੱਚ ਕੋਈ ਰਿਸ਼ਤਾ ਨਹੀਂ ਬਣ ਸਕਦਾ, ਕੋਈ ਵਧੀਆ ਖਿਡਾਰੀ ਨਹੀਂ ਬਣ ਸਕਦਾ। ਜੇ ਕੋਈ ਕੋਸ਼ਿਸ਼ ਕਰੇਗਾ ਤਾਂ ਉਸਨੂੰ ਨਿਰਾਸ਼ਤਾ ਦਾ ਮੂੰਹ ਦੇਖਣਾ ਪਵੇਗਾ। ਕਈ ਵਾਰ ਤੁਸੀਂ ਬਹੁਤ ਸਿਆਣੇ ਪੜ੍ਹੇ ਲਿਖੇ ਹੁੰਦੇ ਹੋ ਪਰ ਕੁਝ ਕਾਰਜ ਇਸ ਤਰ੍ਹਾਂ ਦੇ ਹੁੰਦੇ ਹਨ ਕਿ ਜਿਸ ਵਿੱਚ ਪੜ੍ਹਾਈ ਨਾਲੋਂ ਤਜਰਬੇ ਦੀ ਵੱਧ ਜ਼ਰੂਰਤ ਹੁੰਦੀ ਹੈ।

ਔਕਸਨਾਰਡ ਵਿੱਚ ਇਕ ਇੰਜੀਨੀਅਰ ਰਹਿੰਦਾ ਸੀ ਰਾਊਫ। ਨੇਵਲ ਬੇਸ ਪੋਰਟ ਵਨੀਮੀ ਬੜੀ ਵਧੀਆ ਨੇਵੀ ਦੀ ਨੌਕਰੀ ਕਰਦਾ ਸੀ। ਯੂ. ਸੀ. ਲੌਸ ਏਂਜਲਸ ਵਿੱਚ ਬੱਚੇ ਪੜ੍ਹਦੇ ਸਨ। ਵਧੀਆ ਪਰਿਵਾਰ ਸੀ। ਆਪਣੇ ਘਰ ਵਗੈਰਾ ਵੀ ਖ਼ਰੀਦੇ ਸਨ। ਗੱਲ ਕੀ ਬੜੀ ਵਧੀਆ ਰੋਟੀ ਖਾਂਦਾ ਸੀ। ਉਹ ਕਦੇ ਕਦੇ ਛੀਨਾ ਮਾਰਕੀਟ ਤੋਂ ਸੌਦਾ ਲੈਣ ਜਾਂਦਾ, ਕਦੇ ਹਿੰਦੀ ਫਿਲਮ ਕਿਰਾਏ ਤੇ ਲੈਣ ਜਾਂਦਾ। ਛੀਨੇ ਤਿੰਨੇ ਭਰਾ ਬੜੇ ਮਿਹਨਤੀ ਤੇ ਕਈ ਸਟੋਰ ਚਲਾਉਂਦੇ ਸਨ। ਤਿੰਨੇ ਭਰਾ ਬਹੁਤਾ ਪੜ੍ਹੇ ਲਿਖੇ ਭਾਵੇਂ ਨਹੀਂ ਸਨ ਪਰ ਕੰਮਕਾਰ ਬੜੇ ਵਧੀਆ ਚਲਾਉਂਦੇ । ਵੱਡੇ ਭਰਾ ਜਰਨੈਲ ਛੀਨੇ ਨੇ ਬੀ. ਐਮ. ਡਬਲਯੂ ਕਾਰ ਰੱਖੀ ਹੋਈ ਸੀ। ਜਿਸ ਦਾ ਨੰਬਰ ਪਲੇਟ ਵੀ ਮੈਨੂੰ ਯਾਦ ਹੈ ਜੀ. ਨਾਨਕ। ਰਾਊਫ ਨੇ ਦੇਖਣਾ ਕਿ ਇਹ ਸਧਾਰਣ ਲੋਕ ਕਿੰਨਾ ਟੌਹਰ ਨਾਲ ਰਹਿੰਦੇ ਹਨ। ਹੋਵੇ ਨਾ ਤਾਂ ਮੈਂ ਵੀ ਇਕ ਸਟੋਰ ਬਣਾ ਲਵਾਂ। ਜੌਹਨਸਨ ਡ੍ਰਾਈਵ ਤੇ ਇੱਕ ਨਵੇਂ ਸ਼ਾਪਿੰਗ ਸੈਂਟਰ ਵਿੱਚ ਇੱਕ ਵਧੀਆ ਦੁਕਾਨ ਕਿਰਾਏ ਤੇ ਲੈ ਲਈ। ਬੱਸ ਫੇਰ ਕੀ ਸੀ। ਜਿੰਨੇ ਕੋਲ ਪੈਸੇ ਸਨ ਸਾਰੇ ਦੁਕਾਨ ਤੇ ਲਾ ਦਿੱਤੇ । ਘਰਾਂ ’ਤੇ ਕਰਜ਼ਾ ਚੁੱਕ ਕੇ ਸਮਾਨ ਪਾ ਦਿੱਤਾ। ਬਹੁਤ ਜ਼ੋਰ ਲਾਉਣ ਤੇ ਵੀ ਉਸਦੀ ਦੁਕਾਨ ਨਾ ਚੱਲੀ। ਸਾਰਾ ਟੱਬਰ ਖਪ ਖਪ ਕੇ ਮਰ ਗਿਆ ਪਰ ਦੁਕਾਨ ਘਾਟੇ ਵਿੱਚ ਜਾਵੇ। ਬੱਚਿਆਂ ਦੀ ਪੜ੍ਹਾਈ ਤੇ ਵੀ ਬੜਾ ਅਸਰ ਪਿਆ। ਤੀਵੀਂ ਆਦਮੀ ਵੀ ਬਹੁਤ ਝਗੜਦੇ ਰਹਿੰਦੇ। ਮੈਨੂੰ ਰਾਊਫ ਨੇ ਸਿਫਾਰਸ਼ ਕੀਤੀ ਕਿ ਸਟੋਰ ਕਿਸੇ ਤਰ੍ਹਾਂ ਵਿਕਵਾ ਦਿਆਂ ਪਰ ਕੋਈ ਵੀ ਗਾਹਕ ਨਾ ਮਿਲਿਆ ਕਿਉਂਕਿ ਖਰਚੇ ਕਿਤੇ ਆਮਦਨ ਨਾਲੋਂ ਵੱਧ ਸਨ। ਘਾਟੇ ਵਾਲਾ ਕੰਮ ਭਲਾ ਕੋਈ ਕਿਉਂ ਕਰੂ। ਬੱਸ ਹੋਣਾ ਕੀ ਸੀ ਸਾਰਾ ਪਰਿਵਾਰ ਖੱਜਲ ਖੁਆਰ ਹੋਇਆ। ਪਰਿਵਾਰਕ ਜੀਵਨ ਬਰਬਾਦ ਹੋ ਗਿਆ।

ਅਸੀਂ ਜੀਵਨ ਵਿੱਚ ਕੁਝ ਵੀ ਕਰਨਾ ਹੈ, ਉਸ ਦੇ ਜੋ ਡੰਡੇ ਹਨ ਇੱਕ ਇੱਕ ਕਰਕੇ ਹੀ ਚੜ੍ਹਨੇ ਪੈਣਗੇ ਨਹੀਂ ਤਾਂ ਨਤੀਜੇ ਗਲਤ ਹੋ ਸਕਦੇ ਹਨ। ਇਕੋ ਦਮ ਉਪਰ ਚੜ੍ਹਨ ਦਾ ਖ਼ਿਆਲ ਕੰਮ ਖਰਾਬ ਵੀ ਕਰ ਸਕਦਾ ਹੈ। ਅਸੀਂ ਆਪਣੀ ਅਗਿਆਨਤਾ ਨੂੰ ਉਲੰਘ ਕੇ ਨਹੀਂ ਜਾ ਸਕਦੇ। ਅਗਿਆਨੀ ਜੇ ਕਿਤੇ ਗਿਆਨਵਾਨ ਹੋਣ ਦਾ ਭਰਮ ਲੈ ਕੇ ਤੁਰ ਪਵੇ ਤਾਂ ਕਿਸੇ ਥਾਂ ਦਾ ਵੀ ਨਹੀਂ ਰਹਿੰਦਾ। ਅਸਲ ਵਿੱਚ ਆਪਣੀ ਅਗਿਆਨਤਾ ਦਾ ਗਿਆਨ ਹੋਣਾ ਹੀ ਗਿਆਨ ਹਾਸਲ ਕਰਨ ਦਾ ਪਹਿਲਾ ਸਬਕ ਹੈ। ਗਿਆਨ ਹਾਸਲ ਕਰਨ ਲਈ ਸਾਨੂੰ ਸਭ ਤੋਂ ਪਹਿਲਾਂ ਆਪਣੀ ਸੁਣਨ ਸ਼ਕਤੀ ਵਧਾਉਣੀ ਪਵੇਗੀ। ਇਸ ਤੋਂ ਵੀ ਪਹਿਲਾਂ ਆਪਣੀ ਅਗਿਆਨਤਾ ਸਵੀਕਾਰ ਕਰਨੀ ਪਵੇਗੀ। ਜੋ ਸੁਣ ਨਹੀਂ ਸਕਦਾ, ਉਸ ਨੂੰ ਕਦੇ ਗਿਆਨ ਹੋ ਹੀ ਨਹੀਂ ਸਕਦਾ।

ਇੱਕ ਵਾਰ ਦੀ ਗੱਲ ਹੈ ਕਿ ਅਸੀਂ ਬੋਏਨਾ ਪਾਰਕ ਗੁਰਦੁਆਰਾ ਸਾਹਿਬ ਵਿੱਚ ਕੋਈ ਪ੍ਰੋਗਰਾਮ ਨਿਪਟਾ ਕੇ ਵਾਪਸ ਆ ਰਹੇ ਸਾਂ। ਮੇਰੇ ਨਾਲ ਗਿਆਨੀ ਗੁਰਦੀਪ ਸਿੰਘ ਤੇ ਉਨ੍ਹਾਂ ਦਾ ਜਥਾ ਸੀ। ਗਿਆਨੀ ਗੁਰਦੀਪ ਸਿੰਘ ਲੈਂਕਰਸ਼ਮ ਗੁਰਦੁਆਰੇ ਦੇ ਹੈੱਡ ਗ੍ਰੰਥੀ ਸਨ। ਸ਼ਾਮ ਪੈ ਗਈ, ਸੰਧਿਆ ਵੇਲਾ ਹੋ ਗਿਆ। ਗਿਆਨੀ ਜੀ ਕਹਿਣ ਲੱਗੇ


Academy of the Punjab in North America: http://www.apnaorg.com

ਰਹਿਰਾਸ ਕਰੀਏ। ਅਸੀਂ ਸਾਰੇ ਰਲ ਕੇ ਰਹਿਰਾਸ ਦਾ ਪਾਠ ਕਰਨ ਲੱਗ ਪਏ। ਮੈਂ ਵੀ ਲਾਹਾ ਲੈਣ ਲੱਗ ਪਿਆ। ਅਚਾਨਕ ਇੱਕ ਜਗ੍ਹਾ ਤੇ ਆ ਕੇ ਮੈਂ ਰੁਕ ਗਿਆ। ਬਾਅਦ ਵਿੱਚ ਫਿਰ ਸਾਰਿਆਂ ਦੇ ਨਾਲ ਰਲ ਕੇ ਉਚਾਰਣ ਕਰਨ ਲੱਗ ਗਿਆ। ਅਰਦਾਸ ਤੋਂ ਬਾਅਦ ਗਿਆਨੀ ਜੀ ਮੈਨੂੰ ਪੁੱਛਣ ਲੱਗੇ ਕਿ ਮੈਂ ਰੁਕਿਆ ਕਿਉਂ ਸੀ। ਮੈਂ ਬਥੇਰੀ ਹਾਂ ਹੂੰ ਕੀਤੀ ਪਰ ਉਨ੍ਹਾਂ ਦੇ ਜ਼ਿਦ ਕਰਨ ਤੇ ਮੈਨੂੰ ਦੱਸਣਾ ਹੀ ਪਿਆ ਕਿ ਗਿਆਨੀ ਜੀ ਇੱਕ ਰਾਗ ਦਾ ਉਚਾਰਣ ਗਲਤ ਕਰ ਰਹੇ ਸੀ। ਗਿਆਨੀ ਜੀ ਨੂੰ ਪਤਾ ਸੀ ਕਿ ਉਹ ਉਚਾਰਣ ਗਲਤ ਕਰਦੇ ਹਨ, ਸੁਤੇ ਹੀ ਉਹ ਗਲਤ ਪੜ੍ਹਦੇ ਸਨ। ਕਹਿਣ ਲੱਗੇ ਜਿਸਨੂੰ ਸੁਣਨਾ ਨਹੀਂ ਆਉਂਦਾ ਉਸਨੇ ਆਪਣੀ ਅਕਲ ਨੂੰ ਤਾਲਾ ਮਾਰ ਲਿਆ। ਮੈਨੂੰ ਮੁਆਫ਼ੀ ਵੀ ਨਾ ਮੰਗਣ ਦਿੱਤੀ ਤੇ ਆਪਣੀ ਅਗਿਆਨਤਾ ਕਬੂਲ ਕੀਤੀ।

ਆਪਣੀ ਭਾਵਕਤਾ ਤੇ ਅਸੀਂ ਕਈ ਵਾਰ ਪਰਦਾ ਪਾ ਸਕਦੇ ਹਾਂ। ਘੜੀ ਦੀ ਘੜੀ ਕਈ ਵਾਰ ਅਸੀਂ ਆਪਣੇ ਚਿਹਰੇ ’ਤੇ ਨਕਲੀ ਚਿਹਰਾ ਲਾ ਲੈਂਦੇ ਹਾਂ। ਜੋ ਸਾਨੂੰ ਜਾਣਦੇ ਨਹੀਂ, ਉਹ ਤਾਂ ਨਹੀਂ ਪਹਿਚਾਣ ਸਕਦੇ। ਸਾਡੀ ਪਹਿਚਾਣ ਵਾਲੇ ਲੋਕ ਤਾਂ ਜਾਣਦੇ ਹੁੰਦੇ ਹਨ ਕਿ ਅਸੀਂ ਕਿੰਨੇ ਕੁ ਪਾਣੀ ਵਿੱਚ ਹਾਂ। ਦੂਸਰੀ ਗੱਲ ਕਿ ਜਿਵੇਂ ਅਸੀਂ ਸਮੱਸਿਆਵਾਂ ਨੂੰ ਦੇਖਦੇ ਹਾਂ, ਉਹ ਉਸ ਤਰ੍ਹਾਂ ਹੀ ਬਣ ਜਾਂਦੀਆਂ ਹਨ। ਜਦੋਂ ਘਰ ਵਿੱਚ ਸਭ ਕੁਝ ਠੀਕ ਚੱਲ ਰਿਹਾ ਹੋਵੇ ਸਾਰੇ, ਹੀ ਖੁਸ਼ ਹੋਣ ਤਾਂ ਸਾਰੇ ਹੀ ਇੱਕ ਦੂਜੇ ਵੱਲ ਦੇਖ ਕੇ ਹੈਰਾਨ ਹੁੰਦੇ ਹਨ। ਇੱਕ ਦੂਜੇ ਦੀਆਂ ਕਾਬਲੀਅਤਾਂ ਤੇ ਖੁਸ਼ੀ ਪਰਗਟ ਕਰਦੇ ਹਨ। ਜੇ ਘਰ ਵਿੱਚ ਕੋਈ ਤਕਲੀਫ਼ ਮਹਿਸੂਸ ਹੋ ਰਹੀ ਹੈ ਤਾਂ ਸਾਰੇ ਇੱਕ ਦੂਜੇ ਨੂੰ ਵੱਢੂ ਖਾਉਂ ਕਰਦੇ ਹਨ। ਖੁਸ਼ੀ ਜਾਂ ਗ਼ਮੀ ਦੇ ਕਾਰਨ ਦਾ ਪਤਾ ਲੱਗ ਜਾਵੇ ਤਾਂ ਅਸੀਂ ਜਰ ਲੈਂਦੇ ਹਾਂ ਪ੍ਰੰਤੂ ਜੋ ਵਿਅਕਤੀ ਕਿਸੇ ਖੁਸ਼ ਫਹਿਮੀ ਵਿੱਚ ਟਪੂਸੀਆਂ ਮਾਰਨ ਲੱਗ ਜਾਂਦੇ ਹਨ, ਉਹ ਜਦੋਂ ਡਿੱਗਦੇ ਹਨ ਤਾਂ ਸੱਟ ਲਗਦੀ ਹੈ।

ਇੱਕ ਵਾਰ ਸਾਡੇ ਕਿਰਾਏਦਾਰਾਂ ਨੇ ਸਾਡੇ ’ਤੇ ਮੁਕੱਦਮਾ ਕਰ ਦਿੱਤਾ। ਕਿਉਂਕਿ ਸਾਡੀ ਇੰਸ਼ੋਰੈਂਸ਼ ਬਹੁਤ ਵਧੀਆ ਸੀ। ਇਸ ਕਰਕੇ ਉਨ੍ਹਾਂ ਦੇ ਵਕੀਲ ਨੇ ਗਲਤਫਹਿਮੀ ਦਾ ਸ਼ਿਕਾਰ ਕਰ ਦਿੱਤਾ ਕਿ ਕਿਰਾਏਦਾਰਾਂ ਨੂੰ ਬੱਸ ਪੰਜ ਚਾਰ ਮਿਲੀਅਨ ਡਾਲਰ ਤਾਂ ਮਿਲ ਹੀ ਜਾਊ। ਪੰਜ ਚਾਰ ਮਿਲੀਅਨ ਬੜਾ ਹੁੰਦਾ। ਇਸ ਖੁਸ਼ੀ ਵਿੱਚ ਹੀ ਕੰਮਕਾਰ ਕਰਨਾ ਹੀ ਘਟਾ ਦਿੱਤਾ। ਵੱਡੀਆਂ ਵੱਡੀਆਂ ਗੱਡੀਆਂ ਵੀ ਲੈ ਲਈਆਂ ਤੇ ਕਈ ਤਰ੍ਹਾਂ ਦੇ ਵੈਲ ਵੀ ਕਰਨੇ ਸ਼ੁਰੂ ਕਰ ਦਿੱਤੇ ਲੇਕਿਨ ਉਹ ਤਾਂ ਖੁਸ਼ਫਹਿਮੀ ਸੀ ਤੇ ਮਿਲਿਆ ਕੁਝ ਵੀ ਨਾ, ਸਗੋਂ ਕੋਲੋਂ ਦੇਣੇ ਪਏ। ਵਕੀਲ ਦੇ ਪੈਸੇ ਵੱਖਰੇ ਲੱਗੇ , ਇਸ ਸੱਟ ਨੇ ਸਭ ਕੁਝ ਖਰਾਬ ਕਰ ਦਿੱਤਾ। ਜੇ ਗਲਤਫਹਿਮੀ ਨਾ ਹੁੰਦੀ ਤਾਂ ਸਭ ਕੁਝ ਨਹੀਂ ਸੀ ਜਾਂਦਾ ਰਹਿਣਾ। ਪੈਸੇ ਮਿਲਣ ਦੀ ਗਲਤ ਆਸ ਕਰ ਲਈ ਪਰ ਹੋਊ ਕਿਵੇਂ ਇਸ ਬਾਰੇ ਅਗਿਆਨਤਾ ਸੀ। ਆਖਰੀ ਡੰਡੇ ਤੇ ਬੈਠਣ ਦੀ ਖੁਸ਼ਫਹਿਮੀ ਵਿੱਚ ਹੀ ਧੌਣ ਭਨਵਾ ਲਈ। ਆਪਣੀ ਹਾਲਤ ਸਮਝਣ ਲਈ ਸਾਨੂੰ ਡੂੰਘਾਈ ਨਾਲ ਸੋਚਣਾ ਪਵੇਗਾ ਤੇ ਹਰ ਡੰਡੇ ਤੇ ਸੰਭਲ ਸੰਭਲ ਕੇ ਪੈਰ ਧਰਨਾ ਪਵੇਗਾ।

ਕਈ ਵਾਰ ਅਸੀਂ ਆਪਣੇ ਆਪ ਵੱਲ ਝਾਤੀ ਨਹੀਂ ਮਾਰਦੇ ਤੇ ਦੂਸਰੇ ਦੀ ਗਲਤੀ ਦੇਖਣ ਦੇ ਆਦੀ ਹੁੰਦੇ ਹਾਂ। ਤੀਵੀਂ ਆਦਮੀ ਦੀ ਜੇ ਬਣਦੀ ਨਹੀਂ ਤਾਂ ਆਦਮੀ ਜੇ ਕਹੇ ਕਿ ਮੇਰੀ ਇੱਜ਼ਤ ਨਹੀਂ ਘਰ ਵਿੱਚ ਤਾਂ ਹੀ ਮੈਂ ਦੁਖੀ ਹਾਂ। ਇਹ ਵੀ ਹੋ ਸਕਦਾ ਹੈ ਕਿ ਆਦਮੀ ਦੀਆਂ ਗਲਤੀਆਂ ਕਰਕੇ ਹੀ ਘਰ ਵਿੱਚ ਕਲੇਸ਼ ਹੋਵੇ। ਜੇ ਅਸੀਂ ਆਪਣੀ ਗਲਤੀ ਠੀਕ ਕਰ ਲਈਏ ਤਾਂ ਸਾਰਾ ਕੰਮ ਸੂਤ ਆ ਸਕਦਾ ਹੈ। ਆਪਣੇ ਆਪ ਦਾ ਦੋਸ਼ ਲੱਭਣਾ ਪਹਿਲੀ ਪੌੜੀ ਹੈ ਤੇ ਸੁਖ ਪ੍ਰਾਪਤ ਕਰਨਾ ਆਖਰੀ ਪੌੜੀ। ਅਸੀਂ ਖੁਸ਼ਫਹਿਮੀ ਵਿੱਚ ਜੋ ਮੁਸੀਬਤਾਂ ਖੜ੍ਹੀਆਂ ਕਰ ਲੈਂਦੇ ਹਾਂ, ਉਨ੍ਹਾਂ ਨਾਲ ਨਜਿੱਠਣਾ ਵੀ ਕ੍ਰਮਵਾਰ ਹੀ ਪੈਂਦਾ ਹੈ। ਇੱਕ ਦਮ ਪਿੱਛੇ ਨਹੀਂ ਮੁੜ ਹੋ ਸਕਦਾ। ਪੰਗਾ ਪੈ ਜਾਵੇ ਤਾਂ ਉਸਨੂੰ ਸੁਲਝਾਉਣ ਲਈ ਵੀ ਕ੍ਰਮਵਾਰ ਹੀ ਚੱਲਣਾ ਪੈਂਦਾ ਹੈ। ਸਾਨੂੰ ਬੜਾ ਸੋਚ ਕੇ ਤੇ ਸੰਭਲ ਕੇ ਚੱਲਣਾ ਪੈਂਦਾ ਹੈ। ਇਸ ਹਥਲੀ ਕਿਤਾਬ ਵਿੱਚ ਅਸੀਂ ਕੋਸ਼ਿਸ਼ ਕਰਾਂਗੇ ਕਿ ਸਾਰੀਆਂ ਮੁਸੀਬਤਾਂ ਦੇ ਹੱਲ ਕਿਵੇਂ ਲੱਭੀਏ, ਇਸ ਤੇ ਵਿਚਾਰ ਕੀਤੀ ਜਾਵੇ। ਇਹ ਸਭ ਕੁਝ ਸਾਡੇ ਆਪਣੇ ਦੁਆਲੇ ਹੀ ਘੁੰਮਦਾ ਹੈ, ਸਾਡੀ ਸ਼ਖਸ਼ੀਅਤ ਦੇ ਦੁਆਲੇ। ਕੁਝ ਵੀ ਸੁਲਝਾਉਣ ਤੋਂ ਪਹਿਲਾਂ,


Academy of the Punjab in North America: http://www.apnaorg.com

ਕਿਸੇ ਵੀ ਜਵਾਬ ਤੋਂ ਪਹਿਲਾਂ, ਸਾਨੂੰ ਆਪਣੇ ਅੰਦਰ ਸਾਡੀ ਮੁਢਲੀ ਤਸਵੀਰ ਵੱਲ ਵੇਖਣਾ ਪਵੇਗਾ। ਕਿਸੇ ਤੇ ਕਾਬਜ਼ ਹੋਣ ਤੋਂ ਸੌਖਾ ਹੈ ਕਿ ਆਪਣੇ ਆਪ ਤੇ ਕਾਬਜ਼ ਹੋਇਆ ਜਾਵੇ। ਜੇ ਅਸੀਂ ਬੱਚਿਆਂ ਤੋਂ ਮਿਲਵਰਤਣ ਦੀ ਆਸ ਰੱਖਣਾ ਚਾਹੁੰਦੇ ਹਾਂ ਤਾਂ ਅਸੀਂ ਆਪਣੀ ਚਾਹਤ ਪੂਰੀ ਕਰਨ ਲਈ ਸਾਰੇ ਆਪਣੇ ਫਰਜ਼ ਨਿਭਾਉਣੇ ਸ਼ੁਰੂ ਕਰ ਦੇਈਏ ਤਾਂ ਕੰਮ ਸੌਖਾ ਹੋ ਜਾਵੇ। ਜੇ ਅਸੀਂ ਚਾਹੁੰਦੇ ਹਾਂ ਕਿ ਸਾਡੇ ਤੇ ਕੋਈ ਯਕੀਨ ਕਰੇ ਤਾਂ ਆਪਣੇ ਆਪ ਨੂੰ ਇਸਦੇ ਯੋਗ ਬਣਾਉਣਾ ਪਵੇਗਾ।

ਆਪਣੇ ਆਪ ਤੇ ਜਿੱਤ ਪ੍ਰਾਪਤ ਕਰਨ ਨਾਲ ਅਸੀਂ ਬਹੁਤ ਸਾਰੀਆਂ ਜਿੱਤਾਂ ਪ੍ਰਾਪਤ ਕਰ ਸਕਦੇ ਹਾਂ। ਆਪਣਾ ਚਰਿੱਤਰ ਠੀਕ ਹੈ, ਸ਼ਖਸ਼ੀਅਤ ਠੀਕ ਹੈ ਤਾਂ ਲੋਕਾਂ ਤੇ ਬਾਕੀਆਂ ਤੇ ਜਿੱਤ ਪ੍ਰਾਪਤ ਕਰਨੀ ਆਸਾਨ ਹੋ ਜਾਂਦੀ ਹੈ। ਅਸੀਂ ਆਮ ਤੌਰ ਤੇ ਦੂਸਰਿਆਂ ਨੂੰ ਦਰੁਸਤ ਕਰਨ ਵੱਲ ਲੱਗੇ ਰਹਿੰਦੇ ਹਾਂ। ਦੂਸਰਿਆਂ ਦੀਆਂ ਬੁਰਿਆਈਆਂ ਹੀ ਚਿਤਾਰਦੇ ਰਹੇ। ਜੇ ਅਸੀਂ ਆਪਣੇ ਆਪ ਨੂੰ ਪਹਿਲਾਂ ਫਰੋਲੀਏ ਤਾਂ ਹੋ ਸਕਦਾ ਹੈ ਕਿ ਬਾਕੀ ਦਾ ਕੰਮ ਬੜਾ ਆਸਾਨ ਹੋ ਜਾਵੇ।

ਇਸ ਪੁਸਤਕ ਵਿੱਚ ਮੈਂ ਜੀਵਨ ਦੀਆਂ ਸਮੱਸਿਆਵਾਂ ਹੱਲ ਕਰਨ ਦੀਆਂ ਕੁਝ ਵਿਧੀਆਂ ਤੇ ਵੀ ਚਰਚਾ ਕਰਨੀ ਚਾਹੁੰਦਾ ਹਾਂ। ਇਹ ਵਿਧੀਆਂ ਵੀ ਸਾਡੇ ਤੋਂ ਹੀ ਸ਼ੁਰੂ ਹੁੰਦੀਆਂ ਹਨ। ਅਸਲ ਵਿੱਚ ਸਾਰੀਆਂ ਵਿਧੀਆਂ ਦੁਨੀਆ ਦੀਆਂ ਸਾਡੇ ਅੰਦਰ ਹੀ ਹੁੰਦੀਆਂ ਹਨ। ਬੱਸ ਉਨ੍ਹਾਂ ਨੂੰ ਆਪਣੇ ਅੰਦਰੋਂ ਭਾਲਣ ਦਾ ਯਤਨ ਹੀ ਕਰਨਾ ਹੈ। ਵਧੀਆ ਕਿਤਾਬਾਂ ਪੜ੍ਹ ਕੇ ਵਧੀਆਂ ਲੋਕਾਂ ਨਾਲ ਵਿਚਾਰ ਵਟਾਂਦਰਾ ਕਰਕੇ, ਵਧੀਆ ਦੇਸ਼ਾਂ ਵਿੱਚ ਵਧੀਆ ਵਧੀਆ ਵਿਓਪਾਰ ਕਰਕੇ , ਬਹੁਤ ਸਾਰੀ ਕਮਾਈ ਕਰਕੇ ਜਦੋਂ ਮੈਂ ਆਪਣੇ ਆਪ ਨੂੰ ਦੇ ਖਦਾ ਹਾਂ ਤਾਂ ਇਵੇਂ ਲਗਦਾ ਹੈ ਜਿਵੇਂ ਮੈਂ ਜੋ ਕੁਝ ਆਪਣੇ ਲਈ ਕਰ ਸਕਦਾ ਸੀ ਜਾਂ ਜੋ ਕੁਝ ਆਪਣੇ ਆਪ 'ਚੋਂ ਭਾਲ ਸਕਦਾ ਸੀ, ਉਹ ਨਹੀਂ ਭਾਲ ਸਕਿਆ। ਜੋ ਮੈਂ ਨਹੀਂ ਭਾਲ ਸਕਿਆ ਉਸ ਵਿੱਚ ਹੋਰ ਕਿਸੇ ਦਾ ਦੋਸ਼ ਨਹੀਂ ਹੈ, ਮੇਰਾ ਆਪਣਾ ਹੀ ਦੋਸ਼ ਹੈ। ਮੈਂ ਜੋ ਕੁਝ ਵੀ ਗਵਾਇਆ ਹੈ ਉਹ ਵੀ ਸ਼ਾਇਦ ਨਾ ਹੀ ਗਵਾਚਦਾ ਜੇ ਕਿਧਰੇ ਮੈਂ ਆਪਣੇ ਆਪ ਨੂੰ ਭਾਲ ਸਕਣ ਦੇ ਸਮਰੱਥ ਹੁੰਦਾ। ਦਿਲ ਕਰਦਾ ਹੈ ਕਿ ਪੂਰੀ ਇਮਾਨਦਾਰੀ ਨਾਲ ਜੀਵਨ ਦੇ ਅਸੂਲਾਂ ਦੀ ਗੱਲ ਕਰਾਂ ਜੋ ਅਸੂਲ ਮੇਰਾ ਜੀਵਨ ਸੰਵਰ ਸਕਦੇ ਸੀ, ਪਰ ਕਿਉਂਕਿ ਮੈਂ ਨਹੀਂ ਅਪਣਾਏ, ਇਸੇ ਲਈ ਘਾਟੇ ਵਿੱਚ ਰਿਹਾ। ****


Academy of the Punjab in North America: http://www.apnaorg.com

# ਸਾਡੀ ਪਹਿਚਾਣ

'ਵਾਦੜੀਆਂ ਸਜਾਦੜੀਆਂ ਨਿਭਣ ਸਿਰਾਂ ਦੇ ਨਾਲ। ' ਹਰ ਆਦਮੀ ਕੋਈ ਨਾ ਕੋਈ ਟੀਚਾ ਮਿਥਦਾ ਹੈ। ਜਿਸ ਤਰ੍ਹਾਂ ਦੀ ਕਿਸੇ ਦੀ ਯੋਗਤਾ ਹੁੰਦੀ ਹੈ ਜਾਂ ਜਿਸ ਤਰ੍ਹਾਂ ਦੀ ਖਾਹਸ਼ ਹੁੰਦੀ ਹੈ ਉਸੇ ਤਰ੍ਹਾਂ ਦੇ ਟੀਚੇ ਅਸੀਂ ਮਿਥ ਲੈਂਦੇ ਹਾਂ। ਟੀਚੇ ਮਿਥਣਾ ਹਰ ਇਨਸਾਨ ਦੀ ਸੋਚ ਹੈ, ਆਦਤ ਹੈ। ਕਈ ਵਾਰ ਅਸੀਂ ਐਸੇ ਟੀਚੇ ਮਿਥ ਲੈਂਦੇ ਹਾਂ ਜੋ ਅਸੀਂ ਪੂਰੇ ਨਹੀਂ ਕਰ ਸਕਦੇ। ਲੇਕਿਨ ਜੋ ਟੀਚੇ ਅਸੀਂ ਹਾਸਲ ਕਰ ਲੈਂਦੇ ਹਾਂ, ਉਹਨਾਂ ਟੀਚਿਆਂ ਦੇ ਕਰਕੇ ਸਾਡੀ ਪਹਿਚਾਣ ਬਣ ਜਾਂਦੀ ਹੈ। ਕੋਈ ਡਾਕਟਰ ਬਣ ਗਿਆ, ਕੋਈ ਇੰਜੀਨੀਅਰ, ਕੋਈ ਅਧਿਆਪਕ ਬਣ ਗਿਆ ਤੇ ਕੋਈ ਵਿਓਪਾਰੀ ਦੇ ਤੌਰ ਤੇ ਜਾਣਿਆ ਜਾਣ ਲੱਗਾ। ਜਿਸ ਨਾਂ ਦੇ ਨਾਲ ਅਸੀਂ, ਜਿਸ ਕਿੱਤੇ ਦਾ ਕਰਕੇ ਅਸੀਂ ਜਾਣੇ ਜਾਂਦੇ ਹਾਂ, ਉਹ ਸਾਡਾ ਦੂਸਰਾ ਨਾਮ ਹੁੰਦਾ ਹੈ। ਜਿਸ ਤਰ੍ਹਾਂ ਦਾ ਵਿਚਾਰ ਸਾਡੇ ਜ਼ਿਹਨ ਵਿੱਚ ਪੈਦਾ ਹੋਵੇਗਾ ਉਸ ਤਰ੍ਹਾਂ ਦੇ ਹੀ ਅਸੀਂ ਯਤਨ ਕਰ ਸਕਦੇ ਹਾਂ। ਅਸੀਂ ਕਮਜ਼ੋਰ ਵਿਅਕਤੀ ਹਾਂ ਜਾਂ ਇਰਾਦੇ ਦੇ ਪੱਕੇ ਹਾਂ, ਇਹ ਸਾਡੀ ਯੋਗਤਾ ਅਤੇ ਸਾਡੇ ਟੀਚਿਆਂ ਦੀ ਪ੍ਰਾਪਤੀ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਕਈ ਵਾਰ ਇਸ ਤਰ੍ਹਾਂ ਵੀ ਹੁੰਦਾ ਹੈ ਕਿ ਸਾਡੇ ਟੀਚੇ ਤਾਂ ਹੋਰ ਮਿਥੇ ਹੁੰਦੇ ਹਨ। ਅਸੀਂ ਆਪਣੀ ਪਹਿਚਾਣ ਹੋਰ ਹੀ ਬਣਾਉਣੀ ਚਾਹੁੰਦੇ ਹਾਂ ਲੇਕਿਨ ਬਣ ਕੁਝ ਹੋਰ ਹੀ ਜਾਂਦਾ ਹੈ। ਇਹ ਕੁਦਰਤ ਦੀ ਦਖ਼ਲ-ਅੰਦਾਜ਼ੀ ਕਹੀ ਜਾ ਸਕਦੀ ਹੈ। ਜਿਵੇਂ ਮੈਂ ਕਦੇ ਸੋਚਿਆ ਵੀ ਨਹੀਂ ਸੀ ਕਿ ਅਮਰੀਕਾ ਵਿੱਚ ਜਾ ਕੇ **24** ਸਾਲ ਰਹਾਂਗਾ। ਆਲੂਆਂ ਦੇ ਘਾਟੇ ਨੇ ਮੈਨੂੰ ਧਰਤੀ ਦੇ ਦੂਸਰੇ ਪਾਸੇ ਲਿਜਾ ਸੁੱਟਿਆ। ਉਥੇ ਜਾ ਕੇ ਮੈਂ ਫਿਰ ਤੋਂ ਆਪਣੇ ਆਪ ਨੂੰ ਭਾਲਿਆ। ਆਪਣੀ ਯੋਗਤਾ ਨੂੰ ਫਿਰ ਤੋਂ ਨਵੇਂ ਸਿਰਿਓਂ ਅਜ਼ਮਾ ਕੇ ਦੇਖਿਆ। ਨਵੇਂ ਟੀਚੇ ਮਿਥੇ ਤੇ ਆਖਿਰ ਆਪਣੀ ਪਹਿਚਾਣ ਇੱਕ ਵਿਓਪਾਰੀ ਦੇ ਤੌਰ ਤੇ ਬਣਾ ਲਈ। ਪੰਜਾਬ ਦਾ ਕਿਸਾਨ ਪੰਜਾਬੀ ਦੀ ਐਮ. ਏ., ਲੇਕਿਨ ਅੰਗਰੇਜ਼ਾਂ ਨਾਲ ਜਾ ਕੇ ਮੁਕਾਬਲੇ ਕੀਤੇ ਤੇ ਨਵੇਂ ਟੀਚਿਆਂ ਨੂੰ ਪੂਰਿਆਂ ਕੀਤਾ। ਮੈਂ ਇਸ ਗੱਲ ਨਾਲ ਸਹਿਮਤ ਨਹੀਂ ਕਿ ਸਾਡੀਆਂ ਸੋਚਾਂ ਵਿੱਚੋਂ ਹੀ ਯੋਗਤਾ ਜਨਮ ਲੈਂਦੀ ਹੈ। ਕਈ ਵਾਰ ਸਾਨੂੰ ਇਸ ਤਰ੍ਹਾਂ ਵੀ ਸੋਚਣਾ ਪੈ ਜਾਂਦਾ ਹੈ ਜਿਸਦੇ ਬਾਰੇ ਕਦੇ ਸੋਚਿਆ ਵੀ ਨਾ ਹੋਵੇ।

ਪੁੱਠੀ ਸੋਚ ਕਈ ਵਾਰ ਸਾਨੂੰ ਪੁੱਠੇ ਕੰਮ ਕਰਨ ਦੇ ਕਾਬਲ ਬਣਾ ਦਿੰਦੀ ਹੈ। ਲੋਕਾਂ ਦੀ ਆਲੋਚਨਾ ਕਰਨਾ, ਨਿੰਦਾ ਕਰਨਾ, ਕਾਹਲਾਪਣ ਜਾਂ ਖ਼ੁਦਗਰਜ਼ੀ ਵਰਗੀਆਂ ਸੋਚਾਂ ਸਾਨੂੰ ਇਹ ਗਲਤ ਕੰਮ ਕਰਨ ਦੇ ਕਾਬਲ ਵੀ ਬਣਾ ਦਿੰਦੀਆਂ ਹਨ। ਮੈਂ ਆਪ ਕਈ ਵਾਰ ਕਾਹਲਾ ਪੈ ਕੇ ਕਈ ਨੁਕਸਾਨ ਕਰਵਾਏ ਹਨ। ਮੈਂ ਜਦ ਖੇਤੀ ਕਰਨ ਲੱਗਿਆ ਪਿੰਡ ਵਿੱਚ ਤਾਂ ਸਾਡੀ ਜ਼ਮੀਨ ਅਤੇ ਨਹਿਰ ਦੇ ਵਿਚਾਲੇ ਕੁਝ ਐਸੀ ਜ਼ਮੀਨ ਸੀ ਜਿਸ ਵਿਚ ਦੀ ਸਾਨੂੰ ਨਹਿਰ ਦਾ ਪਾਣੀ ਮਿਲ ਸਕਦਾ ਸੀ। ਮੈਂ ਉਹ ਜ਼ਮੀਨ ਖਰੀਦਣ ਵਾਸਤੇ ਕਾਹਲਾ ਪੈ ਗਿਆ। ਵੇਚਣ ਵਾਲੇ ਨੂੰ ਮੇਰੀ ਕਮਜ਼ੋਰੀ ਦਾ ਪਤਾ ਲੱਗ ਗਿਆ ਤੇ ਕੀਮਤ ਦੁੱਗਣੀ ਤੋਂ ਵੀ ਵੱਧ ਦੇ ਕੇ ਜ਼ਮੀਨ ਲੈਣੀ ਪਈ। ਸਾਡੀਆਂ ਆਦਤਾਂ ਭਲਾ ਕਿਵੇਂ ਬਣ ਜਾਂਦੀਆਂ, ਇਹ ਸਾਡੀ ਖ਼ਾਹਸ਼, ਸਾਡੀ ਯੋਗਤਾ ਅਤੇ ਸਾਡੀ ਦ੍ਰਿੜਤਾ ਦੇ ਕਾਰਨ ਸਾਨੂੰ ਕੁਝ ਕਰਨ ਦਾ ਚਸਕਾ ਪੈ ਜਾਂਦਾ ਹੈ। ਉਸ ਚਸਕੇ ਨੂੰ ਅਸੀਂ ਆਦਤ ਵੀ ਆਖਦੇ ਹਾਂ। ਕੁਝ ਕਰਨ ਦੀ ਚੇ ਟਕ ਲੱਗ ਜਾਣੀ, ਜਿਸ ਚੇਟਕ ਦੇ ਫਲਸਰੂਪ ਲੋਕ ਸਾਡੀ ਪਹਿਚਾਣ ਕਰਨ। ਦੂਸਰੇ ਲਫਜ਼ਾਂ ਵਿੱਚ ਉਹ ਚੇਟਕ ਸਾਡੀ ਪਹਿਚਾਣ ਬਣ ਜਾਵੇ।

ਕੈਲੇਫੋਰਨੀਆਂ ਵਿੱਚ ਮੈਨੂੰ ਇੱਛਾ ਪੈਦਾ ਹੋਈ ਕਿ ਦਰਮਿਆਨੇ-ਨਾ ਬਹੁਤ ਵੱਡੇ ਤੇ ਨਾ ਹੀ ਬਹੁਤ ਨਿੱਕੇ ਸਟੋਰ ਬਣਾਏ ਜਾਣ। ਨਿੱਕੇ ਸਟੋਰ ਜੋ ਕਿ ਕਾਰਨਰ ਸਟੋਰ ਵਜੋਂ ਜਾਣੇ ਜਾਂਦੇ ਹਨ, ਉਨ੍ਹਾਂ ਵਿੱਚ ਮੈਂ ਕਈ ਸਾਲ ਕੰਮ ਕਰਕੇ ਦੇਖਿਆ ਸੀ। ਬਾਹਲ਼ੇ ਵੱਡੇ ਸਟੋਰ ਖੋਲ੍ਹਣ ਦੀ ਹਿੰਮਤ ਨਹੀਂ ਸੀ। **1990** ਵਿੱਚ ਮੇਰੀ ਇਹ ਖ਼ਾਹਸ਼ ਪੂਰੀ ਹੋ ਗਈ। ਜਦ ਫਿਲਮੋਰ ਸੈਂਟਰਲ ਮਾਰਕੀਟ ਕਾਮਯਾਬ ਹੋ ਗਈ ਤਾਂ ਆਪਣੀ ਯੋਗਤਾ ਤੇ ਭਰੋਸਾ ਹੋ ਗਿਆ **1991** ਵਿੱਚ ਐਲਰੀਓ ਸੈਂਟਰਲ ਮਾਰਕੀਟ ਬਣਾਈ, **1992** ਵਿੱਚ ਮੂਰਪਾਰਕ ਸੈਂਟਰਲ ਮਾਰਕੀਟ **1993** ਵਿੱਚ ਸੈਮ ਸੈਂਟਾ


Academy of the Punjab in North America: http://www.apnaorg.com

ਪਾਉਲਾ ਮਾਰਕੀਟ, **1994** ਵਿੱਚ ਮੇਨ ਮੀਟ ਮਾਰਕੀਟ ਤੇ **1996** ਵਿੱਚ ਵੈਨਚੁਰਾ ਸੈਂਟਰਲ ਮਾਰਕੀਟ ਖ਼ਰੀਦ ਲਈ, **1995** ਵਿੱਚ ਲੱਕੀ ਸੈਵਨ ਬੇਕਸਫੀਲਡ ਵਿੱਚ ਲੈ ਲਿਆ। ਪਹਿਲਾਂ ਸਿਰਫ਼ ਨਿੱਕਾ ਜਿਹਾ ਲਿਕਰ ਸਟੋਰ ਸੈਟੀਕੁਆਏ ਲਿਕਰ ਹੀ ਸੀ। ਐਸੀ ਚੇਟਕ ਲੱਗੀ ਸੈਂਟਰਲ ਮਾਰਕੀਟ ਵਾਲੇ ਸਾਡੀ ਪਹਿਚਾਣ ਬਣ ਗਈ। ਖ਼ਾਹਸ਼ ਸੀ, ਤਜਰਬਾ ਵੀ ਹੋ ਗਿਆ, ਯੋਗਤਾ ਵੀ ਸੀ, ਬੱਸ ਚੇਟਕ ਲੱਗਣ ਦੀ ਦੇਰ ਹੀ ਸੀ ਕਿ ਸਾਡੀ ਵੱਖਰੀ ਪਹਿਚਾਣ ਬਣ ਗਈ।

ਤੁਸੀਂ ਕਿੰਨੀ ਕੁ ਕਾਮਯਾਬ ਪਹਿਚਾਣ ਬਣਾ ਸਕਦੇ ਹੋ, ਇਹ ਤੁਹਾਡੀ ਚੇਟਕ ਤੇ ਨਿਰਭਰ ਕਰਦਾ ਹੈ। ਤੁਹਾਡੀ ਚੇਟਕ ਤੁਹਾਡੀ ਯੋਗਤਾ ਤੇ ਨਿਰਭਰ ਕਰਦੀ ਹੈ ਤੇ ਯੋਗਤਾ ਤੁਹਾਡੀ ਖਾਹਸ਼ ਤੇ ਨਿਰਭਰ ਕਰਦੀ ਹੈ। ਜੇ ਕਿਸੇ ਦੀ ਕੋਈ ਖਾਹਸ਼ ਨਹੀਂ ਜਾਂ ਖਾਹਸ਼ ਪੂਰੀ ਕਰਨ ਦੀ ਯੋਗਤਾ ਨਹੀਂ ਜਾਂ ਫਿਰ ਚੇਟਕ ਨਹੀਂ ਲੱਗੀ ਤਾਂ ਉਹ ਪਹਿਚਾਣ ਕਦੇ ਨਹੀਂ ਬਣ ਸਕਦੀ। ਕਾਮਯਾਬੀ ਦੀ ਖ਼ੁਸ਼ੀ ਹਾਸਲ ਕਰਨੀ ਹੈ ਤਾਂ ਖਾਹਸ਼ ਯੋਗਤਾ ਤੇ ਲਗਨ (ਚੇਟਕ) ਤਿੰਨੇ ਹੋਣ ਤਾਂ ਹੀ ਗੱਲ ਬਣੇਗੀ। ਜੇ ਇੱਕ ਵੀ ਘੱਟ ਹੈ ਤਾਂ ਨਿਰਾਸਤਾ ਦਾ ਮੂੰਹ ਦੇ ਖਣਾ ਪੈ ਸਕਦਾ ਹੈ। ਇਹ ਵੀ ਸੱਚ ਹੈ ਕਿ ਇੱਕ ਦਿਨ ਵਿੱਚ ਖਾਹਸ਼ ਪੈਦਾ ਹੋ ਕੇ ਯੋਗਤਾ ਆ ਕੇ ਲਗਨ ਲੱਗ ਕੇ ਪਹਿਚਾਣ ਨਹੀਂ ਬਣਿਆ ਕਰਦੀ। ਕਹਿੰਦੇ ਹਨ 'ਰੋਮ ਇਕ ਦਿਨ ਵਿਚ ਨਹੀਂ ਬਣਿਆ। ' ਹਰ ਇਨਸਾਨ ਆਪਣਾ ਜੀਵਨ ਅੰਞਾਣੇ ਤੋਂ ਹੀ ਆਰੰਭ ਕਰਦਾ ਹੈ। ਜੋ ਹਰ ਤਰ੍ਹਾਂ ਦੂਜਿਆਂ ਤੇ ਨਿਰਭਰ ਹੁੰਦਾ ਹੈ। ਹੌਲੀ ਹੌਲੀ ਆਪਣੇ ਅੰਗ ਪੈਰਾਂ ਦੀ ਪਹਿਚਾਣ ਬਣਦੀ ਹੈ। ਸਮਾਂ ਪਾ ਕੇ ਫਿਰ ਲੋਕਾਂ ਤੇ ਨਿਰਭਰਤਾ ਤੋਂ ਵੀ ਆਜ਼ਾਦ ਹੋ ਜਾਂਦੇ ਹਨ। ਆਜ਼ਾਦ ਵਿਅਕਤੀ ਦੇ ਦਿਲ ਵਿਚ ਖ਼ਾਹਸ਼ਾਂ ਉਮੰਗਾਂ ਪੈਦਾ ਹੁੰਦੀਆਂ ਹਨ। ਉਮੰਗਾਂ ਪੂਰੀਆਂ ਕਰਨ ਲਈ ਯਤਨ ਕਰਦਾ ਹੈ ਇਨਸਾਨ ਤੇ ਫਿਰ ਜਦੋਂ ਯੋਗਤਾ ਪੈਦਾ ਹੁੰਦੀ ਹੈ ਤਾਂ ਫਿਰ ਸਾਡੇ ਵਿੱਚ ਲਗਨ ਪੈਦਾ ਹੁੰਦੀ ਹੈ। ਲਗਨ ਲੱਗ ਜਾਵੇ ਤਾਂ ਫਿਰ ਯੋਗ ਵਿਅਕਤੀ ਆਪਣੀ ਰੀਝ ਪੂਰੀ ਕਰ ਲੈਂਦਾ ਹੈ। ਰੀਝਾਂ ਦੇ ਪੂਰੇ ਹੋਣ ਨਾਲ ਹੀ ਤਾਂ ਸਾਡੀ ਪਹਿਚਾਣ ਬਣਦੀ ਹੈ। ਜਿੰਨੀਆਂ ਵੱਧ ਰੀਝਾਂ ਪੂਰੀਆਂ ਹੋ ਜਾਣ ਓਨੀ ਜ਼ਿਆਦਾ ਸਾਡੀ ਪਹਿਚਾਣ ਬਣ ਜਾਂਦੀ ਹੈ।

ਆਦਮੀ ਆਪਣਾ ਸਫ਼ਰ ਦੂਜਿਆਂ ਤੇ ਨਿਰਭਰਤਾ ਤੋਂ ਚਾਲੂ ਕਰਦਾ ਹੈ। ਕੁਦਰਤ ਤੇ ਨਿਰਭਰ ਕਰਦਾ ਹੈ, ਜਦੋਂ ਅਸੀਂ ਆਪਣੀ ਵੱਖਰੀ ਪਹਿਚਾਣ ਬਣਾ ਲੈਂਦੇ ਹਾਂ ਤਾਂ ਵੀ ਇਸਦਾ ਇਹ ਮਤਲਬ ਨਹੀਂ ਕਿ ਅਸੀਂ ਕਿਸੇ ਨਾਲ ਕੋਈ ਰਿਸ਼ਤਾ ਨਹੀਂ ਰੱਖਦੇ। ਇਨਸਾਨ ਇਕੱਲਾ ਤਾਂ ਰਹਿ ਹੀ ਨਹੀਂ ਸਕਦਾ। ਵੱਡੀ ਤੋਂ ਵੱਡੀ ਪਹਿਚਾਣ ਵਾਲੇ ਵਿਅਕਤੀ ਨੂੰ ਵੀ ਰਿਸ਼ਤਿਆਂ ਦੀ ਲੋੜ ਹੁੰਦੀ ਹੈ। ਜਦੋਂ ਮੈਂ ਕੈਲੇਫੋਰਨੀਆਂ ਗਿਆ ਤਾਂ ਬਿਲਕੁਲ ਇਕੱਲਾ ਸਾਂ। ਆਪਣਿਆਂ ਵਿੱਚ ਰਹਿਣ ਦੀ ਏਨੀ ਭੁੱਖ ਲੱਗੀ ਸੀ ਕਿ **60-70** ਜੀਅ ਆਪਣੇ ਲਾਗੇ ਲਾਗੇ ਇਕੱਠੇ ਕਰ ਲਏ ਤੇ ਸਭ ਤੋਂ ਵੱਡੀ ਗਲਤੀ ਇਹ ਕੀਤੀ ਕੇ ਸਾਰਿਆਂ ਨੂੰ ਇਕੋ ਤਰ੍ਹਾਂ ਦੇ ਬਿਜ਼ਨਸ ਵਿਚ ਹੀ ਪਾ ਦਿੱਤਾ। ਕਹਿੰਦੇ ਨੇ ਚਮਗਿੱਦੜ ਦੇ ਘਰ ਪਰ੍ਹਾਉਣੇ ਆ ਗਏ। ਉਸ ਨੇ ਨਾਲ ਦੀਆਂ ਟਾਹਣੀਆਂ ਨਾਲ ਪੁੱਠੇ ਲਟਕਾ ਦਿੱਤੇ। ਆਪਸ ਵਿਚ ਮੁਕਾਬਲੇ ਹੋਣੇ ਸ਼ੁਰੂ ਹੋ ਗਏ। ਜ਼ਿਦਾਂ ਹੋਣੀਆਂ ਸ਼ੁਰੂ ਹੋ ਗਈਆਂ, ਲੜਾਈਆਂ ਵੀ ਹੋਈਆਂ, ਮੁਕਦਮੇ ਚੱਲੇ। ਮੈਂ ਸੋਚਾਂ ਕਿ ਆਪਣੀ ਪਹਿਚਾਣ ਦੇ ਆਪਣੇ ਰਿਸ਼ਤੇਦਾਰ ਇਕੱਠੇ ਕਰਕੇ ਮੈਂ ਇਹ ਕੀ ਪੰਗਾ ਪਾ ਲਿਆ ਪਰ ਬਹੁਤ ਦੇਰ ਹੋ ਚੁੱਕੀ ਸੀ। ਮੈਨੂੰ ਜਦੋਂ ਮੇਰੀ ਪਹਿਚਾਣ ਤੰਗ ਕਰਨ ਲੱਗ ਪਈ। ਮੇਰੇ ਆਪਣੇ ਸੱਪ ਮੇਰੇ ਲੜਨ ਲੱਗ ਪਏ ਤਾਂ ਆਪਣੀ ਪਹਿਚਾਣ ਤੋਂ ਦੂਰ ਭੱਜ ਜਾਣ ਨੂੰ ਦਿਲ ਕਰੇ। ਤਾਂ ਹੀ ਤਾਂ ਮੈਂ ਆਪਣੀ ਪਹਿਲੀ ਕਿਤਾਬ ਦਾ ਨਾਂ 'ਮੰਜ਼ਿਲ ਨਾ ਮਿਲੀ' ਰੱਖਿਆ ਸੀ। ਸਾਡੀ ਆਪਣੀ ਪਹਿਚਾਣ ਜਦ ਤੰਗ ਕਰਦੀ ਹੈ ਤਾਂ ਪਛਤਾਵਾ ਜਿਹਾ ਲਗਦਾ ਹੈ ਕਿ ਨਾ ਮੇਰੀ ਰੀਝ ਪੈਦਾ ਹੁੰਦੀ ਨਾ ਮੈਂ ਕੋਸ਼ਿਸ਼ ਕਰਕੇ ਜੱਦੋ-ਜਹਿਦ ਕਰਕੇ ਯੋਗ ਹੁੰਦਾ, ਨਾ ਲਗਨ ਲਗਦੀ ਤੇ ਨਾ ਮੇਰੀ ਪਹਿਚਾਣ ਬਣਦੀ। ਕਿੰਨਾ ਚੰਗਾ ਹੁੰਦਾ ਜੇ ਮੈਨੂੰ ਓਪਰਿਆਂ ਵਿੱਚ ਰਹਿ ਕੇ ਸਕੂਨ ਨਾਲ ਜੀਵਨ ਬਤੀਤ ਕਰਨ ਦਾ ਮੌਕਾ ਮਿਲਿਆ ਰਹਿੰਦਾ। ਪਰ ਕਾਸ਼! ਕਿ ਤੀਰ ਵਾਪਸ ਪਰਤ ਆਉਂਦਾ।


Academy of the Punjab in North America: http://www.apnaorg.com

ਉਮਰ ਦੇ ਨਾਲ ਜ਼ਰੂਰੀ ਨਹੀਂ ਕਿ ਹਰ ਬੰਦੇ ਦੀ ਪਹਿਚਾਣ ਬਣ ਸਕੇ। ਕਈ ਸਾਰੀ ਉਮਰ ਕੁਝ ਵੀ ਕਰ ਸਕਣ ਦੇ ਯੋਗ ਹੀ ਨਹੀਂ ਹੁੰਦੇ। ਪੰਜਾਬੀ ਵਿਸ਼ਵ ਕਾਨਫਰੰਸ ਵਿੱਚ ਜਲੰਧਰ ਬੋਲਦਿਆਂ ਜਨਮੇਜਾ ਸਿੰਘ ਜੌਹਲ ਨੇ ਬੜਾ ਹਸਾਇਆ। ਉਸਨੇ ਕਿਤਾਬ ਲਿਖੀ ਬਾਲਕਾਂ ਲਈ ਪਰ ਬਾਲਕਾਂ ਦੀ ਉਮਰ ਨਹੀਂ ਦੱਸੀ। ਕਈ ਸਾਰੀ ਉਮਰ ਬਾਲਕ ਹੀ ਰਹਿੰਦੇ ਹਨ। ਜਦੋਂ ਅਸੀਂ ਨਿਰਭਰ ਕਰਦੇ ਹਾਂ ਕਿਸੇ ਤੇ ਤਾਂ ਸਾਡੀ ਜ਼ਿੰਮੇਵਾਰੀ ਕੋਈ ਨਹੀਂ ਹੁੰਦੀ। ਆਪਣੀ ਪਹਿਚਾਣ ਬਣਾ ਲੈਣ ਤੋਂ ਬਾਅਦ ਅਸੀਂ ਨਹੀਂ ਕਹਿ ਸਕਦੇ ਕਿ ਮੇਰਾ ਜ਼ੁੰਮਾ ਦੋਸ਼ ਪੋਸ਼। ਤਾਂ ਹੀ ਤਾਂ ਮੈਂ ਆਪਣੇ ਆਪ ਨੂੰ ਸਮਝਾਇਆ ਕਿ ਆਪੇ ਫਾਥੜੀਏ ਤੈਨੂੰ ਕੌਣ ਛਡਾਵੈ। ਤੇਰੇ ਹਨ ਇਹ ਸਾਰੇ ਲੋਕ। ਸੁਰਿੰਦਰ ਸਿੰਘ ਤੂੰ ਆਪ ਹੀ ਇਕੱਠੇ ਕੀਤੇ ਹਨ। ਹੁਣ ਤੂੰ ਕਿਤੇ ਨਹੀਂ ਜਾ ਸਕਦਾ, ਭੁਗਤ ਹੁਣ। ਹੱਥਾਂ ਦੀਆਂ ਦਿੱਤੀਆਂ ਨੂੰ ਦੰਦਾਂ ਨਾਲ ਖੋਹਲ। ਮੈਂ ਤੇ ਸੁਣਿਆ ਸੀ ਕਿ ਇਕ ਇਕੱਲਾ ਤੇ ਦੋ ਗਿਆਰਾਂ। ਰਲ ਮਿਲ ਕੇ ਕੋਸ਼ਿਸ਼ ਕਰੀਏ ਤਾਂ ਵੱਡੀਆਂ ਤੋਂ ਵੱਡੀਆਂ ਪ੍ਰਾਪਤੀਆਂ ਕਰ ਸਕਦਾ ਹੈ ਇਨਸਾਨ। ਪਰ ਮੈਨੂੰ ਕੀ ਪਤਾ ਸੀ ਕਿ ਮੈਨੂੰ ਕੈਂਚੀ ਮਾਰ ਕੇ ਹਿੱਲਣ ਜੋਗਾ ਵੀ ਨਹੀਂ ਰਹਿਣ ਦੇਣਾ ਮੇਰੇ ਆਪਣਿਆਂ ਨੇ। ਇਕੱਲਿਆਂ ਦੀ ਤਾਂ ਕੋਈ ਵੀ ਪਹਿਚਾਣ ਨਹੀਂ ਹੁੰਦੀ। ਇਕੱਲਾ ਤਾਂ ਰੁੱਖ ਵੀ ਨਾ ਹੋਵੇ ਉਜਾੜ ਵਿੱਚ। ਜਿਸ ਤਰ੍ਹਾਂ ਦੇ ਵੀ ਹਨ, ਆਪਣੇ ਹਨ। ਪਰ ਜਿੰਨਾ ਚਿਰ ਅਸੀਂ ਆਪਣੀ ਮਰਜ਼ੀ ਨਾਲ ਆਪਣੇ ਰਾਹ ਬਣਾ ਸਕਣ ਦੇ ਸਮਰੱਥ ਹਾਂ, ਸਾਡੀ ਲੋਕਾਂ ਵਿੱਚ ਵਿਚਰਦਿਆਂ ਵੀ ਵੱਖਰੀ ਪਹਿਚਾਣ ਹੁੰਦੀ ਹੈ ਪਰ ਜੇਕਰ ਸਾਨੂੰ ਕਿਸੇ ਦੇ ਹੁਕਮ ਵਿੱਚ ਰਹਿਣ ਲਈ ਮਜਬੂਰ ਹੋਣਾ ਪੈ ਜਾਵੇ ਤਾਂ ਸਾਡੀ ਪਹਿਚਾਣ ਤੇ ਸੱਟ ਵੱਜਦੀ ਹੈ। ਆਪਣੀ ਤੋਰੇ ਆਪਣੀ ਮਟਕ ਨਾਲ ਜੇ ਕੋਈ ਤੁਰਿਆ ਜਾਂਦਾ ਹੈ ਤਾਂ ਇਹ ਹੀ ਉਸਦੀ ਪਹਿਚਾਣ ਹੈ। ਬਾਜ਼ਾਰ ਵਿੱਚ ਦੀ ਹਾਥੀ ਤੁਰਿਆ ਜਾਂਦਾ ਹੈ, ਕੋਈ ਰੋੜੀ ਮਾਰਦਾ, ਕੋਈ ਆਲੇ ਦੁਆਲੇ ਭੱਜਾ ਫਿਰਦਾ, ਕੋਈ ਆਖਦਾ ਦੋਵੇਂ ਪਾਸੇ ਪੂਛਾਂ ਲੱਗੀਆਂ ਪਰ ਜੇ ਤਾਂ ਹਾਥੀ ਆਪਣੀ ਤੋਰੇ ਤੁਰੀ ਜਾਵੇ ਤਾਂ ਹੀ ਹਾਥੀ ਹੈ। ਹਰ ਇਕ ਦੀ ਗੱਲ ਦਾ ਅਸਰ ਹਾਥੀ ਤੇ ਹੋ ਹੀ ਨਹੀਂ ਸਕਦਾ, ਇਹ ਹੀ ਹਾਥੀ ਦੀ ਪਹਿਚਾਣ ਹੈ।

ਸਹਿਯੋਗ ਨਾਲ ਦੀ ਰੀਸ ਨਹੀਂ ਜੇ ਸਾਰੇ ਮਿਲ ਕੇ ਸਹਿਯੋਗ ਕਰਨ ਸਾਰਿਆਂ ਦੀ ਅਕਲ ਕੰਮ ਆ ਸਕਦੀ ਹੈ, ਸਭ ਨੂੰ ਕੁਝ ਨਾ ਕੁਝ ਕਰ ਵਿਖਾਉਣ ਦਾ ਮੌਕਾ ਮਿਲ ਜਾਂਦਾ ਹੈ ਤੇ ਕਾਮਯਾਬੀਆਂ ਫਿਰ ਪੈਰ ਚੁੰਮਦੀਆਂ ਫਿਰਦੀਆਂ। ਨਿਰਭਰ ਸਾਨੂੰ ਰਹਿਣਾ ਪੈਂਦਾ ਕੁਦਰਤ ਦਾ ਅਸੂਲ ਹੈ। ਪਰ ਜਦੋਂ ਅਸੀਂ ਆਜ਼ਾਦ ਹੋ ਜਾਂਦੇ ਹਾਂ ਤਾਂ ਆਜ਼ਾਦ ਹੁੰਦਿਆਂ ਵੀ ਕਿਸੇ ਨਾ ਕਿਸੇ ਤੇ ਨਿਰਭਰ ਕਰਨ ਨੂੰ ਦਿਲ ਕਰਦਾ ਹੈ। ਇਕੱਲਿਆਂ ਕਦੇ ਵੀ ਗੱਲ ਨਹੀਂ ਬਣਦੀ। ਸਭ ਤੋਂ ਵਧੀਆ ਤਰੀਕਾ ਹੈ ਸਹਿਯੋਗ। ਮੁਖ਼ਾਲਫ਼ਤ ਤੰਗ ਕਰਦੀ ਹੈ ਪਰ ਸਹਿਯੋਗ ਨਾਲ ਅਸੀਂ ਵੱਡੇ ਤੋਂ ਵੱਡੇ ਕਾਰਜ ਕਰਨ ਵਿੱਚ ਸਮਰੱਥ ਹੁੰਦੇ ਹਾਂ। ਸਹਿਯੋਗ ਦੇ ਨਾਲ ਨਾਲ ਜੇ ਸਮਝ ਲੱਗ ਜਾਵੇ ਕਿ ਅਸੀਂ ਇਸ ਕੰਮ ਨੂੰ ਕਿਵੇਂ ਕਰਨਾ ਹੈ ਤਾਂ ਸੋਨੇ ਤੇ ਸੁਹਾਗੇ ਵਾਲੀ ਗੱਲ ਹੋ ਜਾਂਦੀ ਹੈ। ਫਿਲਮੋਰ ਸੈਂਟਰਲ ਮਾਰਕੀਟ ਅਸੀਂ ਸਹਿਯੋਗ ਨਾਲ ਚਲਾਈ, ਮੈਨੂੰ ਤਜਰਬਾ ਸੀ ਤੇ ਮੇਰੇ ਨਾਲ ਦਿਆਂ ਨੂੰ ਮੇਰੇ ਤੇ ਯਕੀਨ ਸੀ। ਮੈਂ ਜਿਵੇਂ ਕਹਿਣਾ ਸਾਰਿਆਂ ਨੇ ਭੱਜ ਭੱਜ ਕੇ ਕਰਨਾ। ਅਸੀਂ ਥੋੜ੍ਹੇ ਸਮੇਂ ਵਿੱਚ ਹੀ ਬਹੁਤ ਪੈਸਾ ਬਣਾਇਆ। ਸਾਰਿਆਂ ਦੀਆਂ ਜੇਬਾਂ ਭਰ ਗਈਆਂ। ਵਿਧੀ ਨਾਲ ਰਲ ਮਿਲ ਕੇ ਪੂਰੇ ਵਿਸ਼ਵਾਸ ਨਾਲ ਕੁਝ ਵੀ ਕਰੀਏ, ਉਸਦਾ ਨਤੀਜਾ ਸਹੀ ਨਿਕਲੇਗਾ। ਰਲ ਮਿਲ ਕੇ ਬਣਾਈ ਪਹਿਚਾਣ ਦੇ ਨੈਣ ਨਕਸ਼ ਹੀ ਮਜ਼ੇਦਾਰ ਹੁੰਦੇ ਹਨ।

****



Academy of the Punjab in North America: http://www.apnaorg.com

# ਸਾਡੇ ਅਧਿਕਾਰ

ਦੁਨੀਆ ਦੀਆਂ ਭੌਤਕ ਵਸਤਾਂ ਅਸੀਂ ਜਿੰਨੀਆਂ ਕੁ ਪ੍ਰਾਪਤ ਕਰ ਸਕਣ ਦੀ ਸਮਰੱਥਾ ਰਖਦੇ ਹਾਂ, ਓਨਾ ਹੀ ਵੱਡਾ ਸਾਡਾ ਅਧਿਕਾਰ ਖੇਤਰ ਹੁੰਦਾ ਹੈ। ਕੋਈ ਸਾਈਕਲ ਹੀ ਖਰੀਦ ਸਕਦਾ ਹੈ, ਕੋਈ ਸਕੂਟਰ ਤੇ ਕੋਈ ਕਾਰ। ਇਹ ਸਾਡੀ ਯੋਗਤਾ ਤੇ ਨਿਰਭਰ ਕਰਦਾ ਹੈ। ਜੇ ਅਸੀਂ ਸੂਝਵਾਨ ਹਾਂ ਸਾਡੇ ਵਿੱਚ ਸ਼ਕਤੀ ਹੈ ਤੇ ਸਾਡੀ ਰੀਝ ਹੋਵੇ ਕਿ ਅਸੀਂ ਕੁਝ ਪ੍ਰਾਪਤ ਕਰਨਾ ਹੈ। ਉਸ ਰੀਝ ਨੂੰ ਪੂਰੀ ਕਰਨ ਵਾਸਤੇ ਯੋਗਤਾ ਤੇ ਲਗਨ ਵੀ ਹੋਵੇ ਤਾਂ ਅਸੀਂ ਉਹ ਵਸਤੂ ਪ੍ਰਾਪਤ ਕਰ ਲੈਂਦੇ ਹਾਂ। ਬਹੁਤ ਸਮਰੱਥਾ ਵਾਲੇ ਲੋਕ ਬਹੁਤ ਮਹਿੰਗੀਆਂ ਵਸਤਾਂ ਵੀ ਲੈ ਸਕਦੇ ਹਨ। ਉਹ ਸਾਰੀਆਂ ਭੌਤਿਕ ਵਸਤਾਂ ਜੋ ਅਸੀਂ ਬਣਾਈਆਂ ਹਨ, ਉਨ੍ਹਾਂ ਤੇ ਸਾਡਾ ਅਧਿਕਾਰ ਹੁੰਦਾ ਹੈ। ਮੈਂ ਆਪਣੀ ਕਾਰ ਦੀ ਚਾਬੀ ਕਿਸੇ ਨੂੰ ਦੇਵਾਂ ਜਾਂ ਨਾ ਦੇਵਾਂ, ਇਹ ਮੇਰੀ ਮਰਜ਼ੀ। ਜਿਸ ਚੀਜ਼ ਤੇ ਤੁਹਾਡੀ ਮਰਜ਼ੀ ਚੱਲੇ ਜਿੱਥੋਂ ਜਿੱਥੋਂ ਤੱਕ ਤੁਹਾਡੀ ਮਰਜ਼ੀ ਚੱਲੇ, ਉਹ ਹੀ ਤੁਹਾਡਾ ਅਧਿਕਾਰ ਖੇਤਰ ਹੁੰਦਾ ਹੈ। ਨਾਲ ਦੀ ਨਾਲ ਉਹ ਸਾਰੀਆਂ ਵਸਤਾਂ ਜੋ ਤੁਹਾਡੀਆਂ ਹਨ, ਉਨ੍ਹਾਂ ਦਾ ਖ਼ਿਆਲ ਰੱਖਣਾ ਵੀ ਤੁਹਾਡਾ ਫਰਜ਼ ਹੁੰਦਾ ਹੈ। ਕਹਿੰਦੇ ਹਾਥੀ ਲੈਣਾ ਸੌਖਾ ਪਰ ਸਾਂਭਣਾ ਔਖਾ ਹੁੰਦਾ ਹੈ। ਨਿਰਭਰ ਕਰਦਾ ਹੈ ਕਿ ਤੁਸੀਂ ਆਪਣੇ ਅਧਿਕਾਰ ਖੇਤਰ ਦੀਆਂ ਵਸਤਾਂ ਦੀ ਕਿੰਨੀ ਕੁ ਸੰਭਾਲ ਕਰਦੇ ਹੋ। ਕਾਰ ਦਾ ਤੇਲ ਪਾਣੀ ਨਾ ਦੇਖੋਗੇ ਤਾਂ ਬਹੁਤੀ ਦੇਰ ਨਹੀਂ ਚੱਲੇਗੀ, ਭਾਵੇਂ ਜਿੰਨੀ ਮਰਜ਼ੀ ਵਧੀਆ ਕਾਰ ਹੋਵੇ। ਸੋ ਇੱਕ ਗੱਲ ਤਹਿ ਹੋਈ ਕਿ ਉਹ ਵਸਤਾਂ ਜੋ ਤੁਹਾਡੇ ਅਧਿਕਾਰ ਖੇਤਰ ਵਿੱਚ ਹਨ ਤੇ ਜਿਨ੍ਹਾਂ ਦੀ ਸੰਭਾਲ ਤੁਸੀਂ ਕਰ ਰਹੇ ਹੋ, ਉਨ੍ਹਾਂ ਤੇ ਤੁਹਾਡਾ ਅਧਿਕਾਰ ਹੁੰਦਾ ਹੈ।

ਭੌਤਿਕ ਵਸਤਾਂ ਦੇ ਨਾਲ ਨਾਲ ਧਨ ਤੇ ਪੈਸਿਆਂ ਤੇ ਵੀ ਸਾਡੀ ਯੋਗਤਾ ਅਨੁਸਾਰ ਅਧਿਕਾਰ ਬਣ ਜਾਂਦਾ ਹੈ। ਤਰੀਕਾ ਉਹ ਹੀ ਹੈ ਕਿ ਜੇ ਸਾਨੂੰ ਰੀਝ ਹੋਵੇ, ਸਾਡੀ ਯੋਗਤਾ ਹੋਵੇ, ਸਾਨੂੰ ਲਗਨ ਵੀ ਹੋਵੇ ਤਾਂ ਅਸੀਂ ਧਨ ਕਮਾ ਸਕਦੇ ਹਾਂ। ਕਮਾਈ ਕਰ ਸਕਦੇ ਹਾਂ। ਵਧੀਆ ਨੌਕਰੀ, ਵਧੀਆ ਕਾਰੋਬਾਰ ਹੋਵੇ ਤਾਂ ਵਧੀਆ ਆਮਦਨ ਹੋਵੇ ਤੇ ਜੇ ਕਾਰੋਬਾਰ ਵਧੀਆ ਨਹੀਂ ਤਾਂ ਫਿਰ ਆਮਦਨੀ ਕਿਵੇਂ ਵਧੀਆ ਹੋ ਸਕਦੀ ਹੈ ? ਭੌਤਿਕ ਵਸਤਾਂ ਵਾਂਗ ਕਮਾਈ ਤੇ ਵੀ ਸਾਨੂੰ ਅਧਿਕਾਰ ਬਣਾਈ ਰੱਖਣ ਲਈ ਉਸਦਾ ਧਿਆਨ ਰੱਖਣਾ ਪਵੇਗਾ। ਪੁਰਾਣੇ ਜ਼ਮਾਨੇ ਵਿੱਚ ਲੋਕ ਕਿਹਾ ਕਰਦੇ ਸੀ ਅਕਲਾਂ ਬਾਝੋਂ ਖੂਹ ਖ਼ਾਲੀ। ਜੇ ਰੀਝ ਨਾਲ ਆਪਣਾ ਸਾਰਾ ਤਨ ਮਨ ਲਾ ਕੇ ਤੇ ਬੜੀ ਲਗਨ ਨਾਲ ਬੜੇ ਸਿਰੜ ਨਾਲ ਪੈਸਾ ਕਮਾ ਵੀ ਲਿਆ ਤੇ ਜੇ ਸਾਨੂੰ ਆਪਣੀ ਕਮਾਈ ਸੰਭਾਲਣੀ ਨਾ ਆਵੇ ਤਾਂ ਖਤਮ ਹੋ ਸਕਦੀ ਹੈ।

ਦਸ ਸਾਲ ਪਹਿਲਾਂ ਜੇ ਕਿਸੇ ਨੇ ਆਪਣਾ ਇਕ ਖੇਤ ਵੇਚ ਕੇ ਇਕ ਲੱਖ ਰੁਪਏ ਜਮ੍ਹਾਂ ਕਰਵਾ ਦਿੱਤੇ। **10**% ਵਿਆਜ ਲੈ ਕੇ ਵੀ ਜੋੜਦਾ ਰਿਹਾ ਹੋਵੇ ਤਾਂ ਦਸ ਸਾਲ ਬਾਅਦ ਅੱਜ ਉਸ ਕੋਲ ਦੋ ਲੱਖ ਰੁਪਏ ਹੋਵੇਗਾ। ਬੜਾ ਵਧੀਆ ਲਗਦਾ ਦੇਖਣ ਸੁਣਨ ਨੂੰ। ਲੇਕਿਨ **10** ਸਾਲ ਪਹਿਲਾਂ ਜਿਸ ਖੇਤ ਨੂੰ ਕਿਸੇ ਨੇ ਖ਼ਰੀਦਿਆ ਸੀ, ਉਸਨੇ ਨਾਲੇ ਤਾਂ ਫਸਲ ਹਰ ਸਾਲ ਵੱਢੀ ਤੇ ਜੇ ਉਹ ਖੇਤ ਅੱਜ ਦਸ ਸਾਲ ਬਾਅਦ ਕਰੋੜ ਜਾਂ ਦੋ ਕਰੋੜ ਦਾ ਹੈ ਤਾਂ ਫਾਇਦੇ ਵਿੱਚ ਕੌਣ ਰਿਹਾ? ਕਿਥੇ ਦੋ ਲੱਖ ਤੇ ਕਿਥੇ ਦੋ ਕਰੋੜ ਸੌ ਗੁਣਾਂ ਵਾਧਾ। ਕਹਿਣ ਤੋਂ ਭਾਵ ਜੇ ਸਾਨੂੰ ਆਪਣੀਆਂ ਵਸਤਾਂ ਦੀ ਸੰਭਾਲ ਨਹੀਂ ਕਰਨੀ ਆਉਂਦੀ ਤਾਂ ਉਹ ਚੀਜ਼ਾਂ ਤੁਹਾਡੇ ਅਧਿਕਾਰ ਖੇਤਰ ਵਿਚ ਨਹੀਂ ਰਹਿਣਗੀਆਂ। ਜਾਂ ਇੰਝ ਕਹੋ ਕਿ ਘਟ ਸਕਣ ਦਾ ਡਰ ਹੈ।

ਭੌਤਿਕ ਵਸਤਾਂ ਅਤੇ ਆਪਣੇ ਕਮਾਏ ਧੰਨ ਤੇ ਅਧਿਕਾਰ ਦੇ ਨਾਲ ਨਾਲ ਇੱਕ ਹੋਰ ਅਧਿਕਾਰ ਹੁੰਦਾ ਹੈ। ਅਸਲ ਵਿੱਚ ਸਭ ਤੋਂ ਵੱਧ ਅਹਿਮੀਅਤ ਰੱਖਣ ਵਾਲਾ ਅਧਿਕਾਰ ਸਾਡਾ ਆਪਣਿਆਂ ਤੇ ਹੁੰਦਾ ਹੈ। ਤੁਹਾਡੇ ਕਿੰਨੇ ਕੁ ਆਪਣੇ ਹਨ, ਉਹ ਵੀ ਤੁਹਾਡਾ ਅਧਿਕਾਰ ਖੇਤਰ ਹੈ। ਕਈ ਲੋਕ ਗੱਲਾਂ ਕਰਦੇ ਸੁਣੇ ਕਿ ਮੇਰੇ ਕੋਲ ਹੋਰ ਕੁਝ ਨਹੀਂ ਬੱਸ ਮੇਰੇ ਤਾਂ ਯਾਰ ਦੋਸਤ ਹੀ ਮੇਰੀ ਧਨ ਪੂੰਜੀ ਹੈ। ਵੱਡੇ ਘਰਾਣੇ ਵਾਲਿਆਂ ਨੂੰ ਲੋਕ ਤਕੜਾ ਗਿਣਦੇ। ਡਰ ਵੀ ਹੁੰਦਾ


Academy of the Punjab in North America: http://www.apnaorg.com

ਹੈ ਵੱਡੇ ਘਰਾਣੇ ਵਾਲਿਆਂ ਦਾ ਸਰਕਾਰੇ ਦਰਬਾਰੇ ਵੀ ਪਹੁੰਚ ਹੁੰਦੀ ਹੈ। ਪਹਿਲੀ ਗੱਲ ਭੌਤਿਕ ਚੀਜ਼ਾਂ ਵਸਤਾਂ ਤੇ ਕਮਾਈ ਦੀ ਸੰਭਾਲ ਤਾਂ ਆਦਮੀ ਹੀ ਕਰਦੇ ਹਨ। ਸੋ ਬੰਦੇ ਦੀ ਸਭ ਤੋਂ ਵੱਡੀ ਕਮਾਈ ਬੰਦਾ ਹੀ ਹੁੰਦੀ ਹੈ। ਕਈ ਵਾਰ ਤੁਸੀਂ ਸੁਣਿਆ ਹੋਵੇਗਾ ਜੇ ਕਿਧਰੇ ਕਿਸੇ ਦਾ ਨੁਕਸਾਨ ਹੋ ਜਾਵੇ, ਧੰਨ ਮਾਲ ਜਾਂਦਾ ਰਹੇ ਤਾਂ ਲੋਕ ਦਿਲਾਸਾ ਦਿੰਦੇ, ਸ਼ੁਕਰ ਹੈ ਕੋਈ ਜਾਨੀ ਨੁਕਸਾਨ ਨਹੀਂ ਹੋਇਆ, ਬੰਦੇ ਸਾਰੇ ਤੰਦਰੁਸਤ ਨੇ, ਆਪੇ ਹੋਰ ਕਮਾ ਲੈਣਗੇ। ਕਹਿਣ ਤੋਂ ਭਾਵ ਬੰਦੇ ਦੀ ਸਭ ਤੋਂ ਜ਼ਰੂਰੀ ਲੋੜ ਬੰਦਾ ਹੀ ਹੈ। ਰਿਸ਼ਤਿਆਂ ਬਿਨਾਂ ਧਨ ਦੌਲਤ ਦਾ ਕੋਈ ਅਰਥ ਹੀ ਨਹੀਂ ਬਣਦਾ, ਕੋਈ ਮਕਸਦ ਹੀ ਨਹੀਂ ਬਣਦਾ। ਬਹੁਤ ਸਾਰੇ ਧਨ ਮਾਲ ਵਿੱਚ ਜੇ ਬੰਦਾ ਇਕੱਲਾ ਹੈ ਤਾਂ ਕੀ ਕਰੇਗਾ। ਰਿਸ਼ਤਿਆਂ ਦੀ ਵੀ ਦੇਖ-ਭਾਲ਼ ਕਰਨੀ ਪੈਂਦੀ ਹੈ। ਜੇ ਸਾਨੂੰ ਰਿਸ਼ਤੇ ਨਹੀਂ ਰੱਖਣੇ ਆਉਂਦੇ ਤਾਂ ਅਸੀਂ ਅਧਿਕਾਰ ਗਵਾ ਬੈਠਦੇ ਹਾਂ।

ਜੋ ਵੀ ਵਸਤਾਂ ਅਸੀਂ ਆਪਣੇ ਨਿੱਜੀ ਅਧਿਕਾਰ ਖੇਤਰ ਵਿੱਚ ਪੈਦਾ ਕਰ ਲੈਂਦੇ ਹਾਂ, ਉਨ੍ਹਾਂ ਦਾ ਸਾਨੂੰ ਕੀ ਸੁਖ ਹੈ, ਇਸ ਪਾਸੇ ਜ਼ਰਾ ਧਿਆਨ ਕਰੀਏ। ਭੌਤਿਕ ਵਸਤਾਂ ਜੋ ਅਸੀਂ ਮਿਹਨਤ ਕਰਕੇ ਬਣਾਈਆਂ, ਜੇ ਉਨ੍ਹਾਂ ਦਾ ਸੁਖ ਪ੍ਰਾਪਤ ਕਰਨਾ ਹੈ ਤਾਂ ਅਸੂਲ ਹੋਣੇ ਤਾਂ ਜ਼ਰੂਰੀ ਹਨ ਕਿਉਂਕਿ ਹਰ ਕਾਰਜ ਦੀ ਕੋਈ ਮਰਿਆਦਾ ਤਾਂ ਹੁੰਦੀ ਹੀ ਹੈ। ਜੇ ਤੁਹਾਡੇ ਕੋਲ ਕਾਰ ਹੈ ਤਾਂ ਉਸਦਾ ਸੁਖ ਪ੍ਰਾਪਤ ਕਰਨ ਲਈ ਜ਼ਰੂਰੀ ਹੈ ਕਿ ਆਪਣੇ ਹੱਥ ਰਹਿ ਕੇ ਚਲਾਈ ਜਾਵੇ । ਸਮੇਂ ਤੇ ਅਸਥਾਨ ਦੇ ਨਿਯਮਾਂ ਵਿੱਚ ਰਹਿ ਕੇ ਚਲਾਈ ਜਾਵੇ। ਪਰ ਜੇ ਉਹ ਹੀ ਕਾਰ ਗਲਤ ਚਲਾਓਗੇ ਤਾਂ ਸੁਖ ਦੀ ਜਗ੍ਹਾ ਦੁੱਖ ਪ੍ਰਾਪਤ ਹੋਣਗੇ। ਇਸੇ ਤਰ੍ਹਾਂ ਕਮਾਈ ਕਰਕੇ ਜੋੜਿਆ ਧਨ ਜੇ ਸਹੀ ਨਾ ਵਰਤੀਏ ਤਾਂ ਦੁੱਖ ਦਾ ਕਾਰਣ ਬਣ ਸਕਦਾ ਹੈ। ਗਲਤ ਜਗ੍ਹਾ ਤੇ ਲੱਗਿਆ ਪੈਸਾ ਕਈ ਵਾਰ ਮੁਸੀਬਤ ਖੜ੍ਹੀ ਕਰ ਦਿੰਦਾ ਹੈ। ਇਸੇ ਤਰ੍ਹਾਂ ਰਿਸ਼ਤੇ ਬਣਾਈ ਰੱਖਣੇ ਵੀ ਬਹੁਤ ਜ਼ਰੂਰੀ ਹੁੰਦੇ ਹਨ ਕਿਉਂਕਿ ਮਿੱਤਰਤਾ ਜਦ ਵੀ ਟੁੱਟੇਗੀ ਦੁਸ਼ਮਣੀ ਜਨਮ ਲਵੇਗੀ।

****


Academy of the Punjab in North America: http://www.apnaorg.com

# ਸਾਡੀ ਯੋਗਤਾ

ਕਈ ਵਾਰ ਅਸੀਂ ਕੁਝ ਕਰ ਸਕਣ ਦੇ ਯੋਗ ਹੁੰਦੇ ਹਾਂ ਲੇਕਿਨ ਅਸੀਂ ਕਿਸੇ ਹੋਰ ਦੀ ਅਯੋਗਤਾ ਦਾ ਸ਼ਿਕਾਰ ਬਣ ਜਾਂਦੇ ਹਾਂ। ਗਲਤੀ ਕਿਸੇ ਹੋਰ ਦੀ ਪਰ ਇਵਜ਼ਾਨਾ ਸਾਨੂੰ ਭੁਗਤਣਾ ਪੈ ਜਾਂਦਾ ਹੈ। ਕਈ ਵਾਰ ਭੌਤਿਕ ਪਦਾਰਥਾਂ ਦੀ ਵੀ ਯੋਗਤਾ ਕਿਸੇ ਹੋਰ ਨੇ ਖਰਾਬ ਕਰ ਦਿੱਤੀ ਹੋਵੇ ਤਾਂ ਪਦਾਰਥ ਦਾ ਕੀ ਕਸੂਰ ਹੈ। ਇਸ ਦਾ ਇਕ ਦੂਸਰਾ ਪਾਸਾ ਵੀ ਹੁੰਦਾ ਹੈ ਕਿ ਕਈ ਵਾਰ ਲੋਕਾਂ ਨੂੰ ਪਤਾ ਹੀ ਨਹੀਂ ਹੁੰਦਾ ਕਿ ਇਹ ਤਾਂ ਸੋਨੇ ਦੀ ਖਾਣ ਹੈ। ਕਿਸੇ ਹੋਰ ਵਿੱਚ ਪਹਿਚਾਣ ਸਕਣ ਦੀ ਯੋਗਤਾ ਹੁੰਦੀ ਹੈ। ਜਿਵੇਂ ਅਸੀਂ ਚਰਚਾ ਕਰ ਚੁੱਕੇ ਹਾਂ ਕਿ ਭੌਤਿਕ ਪਦਾਰਥ ਅਤੇ ਕਮਾਈ ਤੇ ਪੈਸੇ ਤੇ ਅਧਿਕਾਰ ਤਾਂ ਮਨੁੱਖ ਦਾ ਹੀ ਹੁੰਦਾ ਹੈ। ਸੋ ਆਦਮੀ ਦੀ ਯੋਗਤਾ ਭੌਤਿਕ ਪਦਾਰਥਾਂ ਦੀ ਯੋਗਤਾ ਤੇ ਬਹੁਤ ਅਸਰ ਕਰਦੀ ਹੈ। **1996** ਵਿੱਚ ਅਸੀਂ ਵੈਂਨਚੂਰਾ ਸੈਂਟਰਲ ਮਾਰਕੀਟ ਦੀ ਜਾਇਦਾਦ ਬੈਂਕ ਤੋਂ ਖਰੀਦੀ। ਤਿੰਨ ਲੱਖ ਦਸ ਕੁ ਹਜ਼ਾਰ ਦਾ ਕੁੱਲ ਖਰਚਾ ਹੋਇਆ। ਮੇਰੇ ਪਿੰਡ ਦਾ ਇੱਕ ਲੜਕਾ ਸਰਬਜੀਤ ਤੇ ਉਸਦਾ ਇੱਕ ਮਿੱਤਰ ਸਾਬੀ ਮੇਰੇ ਬਰਾਬਰ ਦੇ ਹਿੱਸੇਦਾਰ ਸਨ। **70-70** ਹਜ਼ਾਰ ਡਾਲਰ ਤਿੰਨਾਂ ਨੇ ਲਾ ਕੇ ਬਾਕੀ ਕਰਜ਼ਾ ਲੈ ਲਿਆ ਤੇ ਕੰਮ ਚਾਲੂ ਕਰ ਦਿੱਤਾ। ਸਾਬੀ ਤੇ ਸਰਬਜੀਤ ਦੋਵੇਂ ਬਹੁਤ ਸਖ਼ਤ ਮਿਹਨਤ ਕਰਨ ਵਾਲੇ ਬੜੀ ਨੱਠ-ਭੱਜ ਕਰਨ ਵਾਲੇ ਸਨ। ਬੜੀ ਜ਼ਿੰਮੇਵਾਰੀ ਨਾਲ ਕੰਮ ਕਰਨ। ਸਟੋਰ ਬਹੁਤ ਵੱਡਾ ਸੀ। ਬਹੁਤ ਆਮਦਨ ਦੇ ਸਕਣ ਦੀ ਯੋਗਤਾ ਸੀ ਸਟੋਰ ਦੀ, ਲੇਕਿਨ ਸ਼ੁਰੂ ਵਿੱਚ ਕੁਝ ਨਹੀਂ ਸੀ ਬਚ ਰਿਹਾ। ਦੋਵੇਂ ਇੱਕ ਦਿਨ ਦਫ਼ਤਰ ਵਿੱਚ ਬੈਠੇ ਸੀ ਕਿ ਮੈਂ ਵੀ ਚਲਾ ਗਿਆ। ਗੱਲਾਂ-ਬਾਤਾਂ ਕਰਦਿਆਂ ਸਰਬਜੀਤ ਨੇ ਸਵਾਲ ਕੀਤਾ ਕਿ ਸਾਨੂੰ ਬਚਦਾ ਕੁਝ ਨਹੀਂ। ਮੈਂ ਕਿਹਾ ਕਿ ਇਸ ਸਟੋਰ ਦੀ ਬੜੀ ਸਮਰੱਥਾ ਹੈ ਬਹੁਤ ਕੁਝ ਬਚ ਸਕਦਾ ਹੈ, ਹੌਸਲਾ ਰੱਖੋ, ਸਭ ਠੀਕ ਹੋ ਜਾਵੇਗਾ। ਮੈਂ ਪਹਿਲਾਂ ਉਸ ਤਰ੍ਹਾਂ ਦੇ ਸਟੋਰ ਚਲਾਏ ਸੀ, ਮੈਨੂੰ ਪੱਕਾ ਪਤਾ ਸੀ ਕਿ ਸਟੋਰ ਜ਼ਰੂਰ ਚੱਲੇਗਾ। ਮੈਂ ਸਮਝਾਇਆ ਦੋਵਾਂ ਨੂੰ ਕਿ ਇਕ ਦਮ ਕੁਝ ਨਹੀਂ ਹੋ ਸਕਦਾ ਪਰ ਮੈਂ ਯਕੀਨ ਦਿਵਾਉਂਦਾ ਹਾਂ ਕਿ ਇਹ ਸਟੋਰ ਜ਼ਰੂਰ ਚੱਲੇਗਾ। ਮੈਂ ਇਹ ਵੀ ਕਹਿ ਦਿੱਤਾ ਕਿ ਤੁਸੀਂ ਦੋਵੇਂ ਪੰਜ ਪੰਜ ਸੌ ਡਾਲਰ ਹਰ ਹਫ਼ਤੇ ਲੈ ਜਾਇਆ ਕਰੋ। ਛੇ ਕੁ ਮਹੀਨੇ ਬੀਤ ਗਏ ਪਰ ਸਟੋਰ ਹਾਲੇ ਵੀ ਮੁਨਾਫ਼ਾ ਨਾ ਦਿਖਾਵੇ। ਇੱਕ ਦਿਨ ਫਿਰ ਮੀਟਿੰਗ ਬੁਲਾ ਕੇ ਕਹਿਣ ਲੱਗੇ ਕਿ ਸਾਡਾ ਪੰਜ ਸੌ ਡਾਲਰ ਹਫ਼ਤੇ ਨਾਲ ਸਰਦਾ ਨਹੀਂ ਤੇ ਸਟੋਰ ਕੁਝ ਦਿੰਦਾ ਨਹੀਂ। ਫਿਰ ਕਿਵੇਂ ਕੀਤਾ ਜਾਵੇ? ਮੈਂ ਪੁੱਛਿਆ। ਸਰਬਜੀਤ ਕਹੇ ਸਟੋਰ ਵੇਚ ਦੇਈਏ। ਮੈਂ ਕਿਹਾ ਨਾ ਵੇਚੀਏ। ਕਾਫੀ ਦੇਰ ਗੱਲਬਾਤ ਚਲਦੀ ਰਹੀ। ਅਖੀਰ ਵਿੱਚ ਦੋਹਾਂ ਨੇ ਸਲਾਹ ਕਰਕੇ ਇਕ ਤਜਵੀਜ਼ ਮੇਰੇ ਕੋਲ ਪੇਸ਼ ਕੀਤੀ ਕਿ ਕੋਈ ਗਾਹਕ ਮਿਲਦਾ ਹੈ ਜੋ ਆਪਾਂ ਨੂੰ ਪੰਜਾਹ ਪੰਜਾਹ ਹਜ਼ਾਰ ਮੁਨਾਫ਼ਾ ਦੇਣ ਨੂੰ ਤਿਆਰ ਹੈ। ਮੈਂ ਫਿਰ ਕਿਹਾ ਕੇ ਸਟੋਰ ਵੇਚਣਾ ਨਹੀਂ ਚਾਹੀਦਾ। ਅਖੀਰ ਵਿੱਚ ਦੋਹਾਂ ਨੇ ਮੈਨੂੰ ਨੋਟਿਸ ਦੇ ਦਿੱਤਾ ਕਿ ਜਾਂ ਤਾਂ ਸਟੋਰ ਸਾਂਝਾ ਵੇਚ ਦਿਓ ਤੇ ਜਾਂ ਮੈਂ ਦੋਹਾਂ ਨੂੰ **130,000** ਡਾਲਰ ਇਕੱਲੇ ਇਕੱਲੇ ਨੂੰ ਦੇ ਦੇਵਾਂ ਤੇ ਸਟੋਰ ਸਾਰਾ ਰੱਖ ਲਵਾਂ। ਮੇਰੇ ਲੱਖ ਮਨਾਉਣ ਤੇ ਵੀ ਉਹ ਨਾ ਹੀ ਮੰਨੇ।

ਮੈਂ ਔਖਾ ਸੌਖਾ ਹੋ ਕੇ ਕੁਝ ਪੈਸੇ ਵਿਆਜੀ ਫੜ ਕੇ ਦੋਹਾਂ ਨੂੰ **130,000** ਦੇ ਦਿੱਤੇ । ਅਸੀਂ ਮਿਹਨਤ ਕਰਦੇ ਰਹੇ ਤੇ ਸਟੋਰ ਸਾਲ ਕੁ ਵਿੱਚ ਚਲ ਪਿਆ ਤੇ ਪੈਸੇ ਬਚਾਉਣ ਲੱਗ ਪਿਆ। ਕੁਝ ਸਮਾਂ ਹੋਰ ਲੰਘ ਗਿਆ ਤਾਂ ਅਸੀਂ ਕਿਸੇ ਨੂੰ ਕਿਰਾਏ ਤੇ ਦੇ ਦਿੱਤਾ, ਬੜਾ ਵਧੀਆ ਕਿਰਾਇਆ ਆਉਣ ਲੱਗ ਪਿਆ ਤੇ ਜਾਇਦਾਦ ਦੀ ਕੀਮਤ ਵੀ ਬਹੁਤ ਵੱਧ ਗਈ ਕਈ ਗੁਣਾਂ ਹੋ ਗਈ। ਸਰਬਜੀਤ ਦੇ ਘਰ ਲੜਕਾ ਹੋਇਆ। ਅਸੀਂ ਦੇਖਣ ਗਏ ਤਾਂ ਸਰਬਜੀਤ ਸਟੋਰ ਬਾਰੇ ਪੁੱਛਣ ਲੱਗ ਪਿਆ। ਦੋ ਕੁ ਸੌ ਮੀਲ ਦੂਰ ਰਹਿੰਦਾ ਤੇ ਬੜੀ ਵਧੀਆ ਦੁਕਾਨ ਦਾ ਮਾਲਕ ਸੀ ਸਰਬਜੀਤ। ਮੈਂ ਜਦੋਂ ਦੱਸਿਆ ਕਿ ਮੈਂ ਤਾਂ ਬਹੁਤ ਵਧੀਆ ਰਿਹਾ। ਪੰਜ ਸੱਤ ਲੱਖ ਡਾਲਰ ਦਾ ਮੇਰਾ ਫਾਇਦਾ ਹੋ ਗਿਆ ਤਾਂ ਸਰਬਜੀਤ ਸੋਚਣ ਲੱਗ ਪਿਆ ਕਿ ਉਸ ਨੂੰ ਮੇਰੀ ਗੱਲ ਮੰਨ ਲੈਣੀ ਚਾਹੀਦੀ ਸੀ। ਅੱਜ ਤੱਕ ਪਛਤਾ ਰਿਹਾ ਹੈ।


Academy of the Punjab in North America: http://www.apnaorg.com

ਸੋ ਕਿਸੇ ਭੌਤਿਕ ਪਦਾਰਥ ਦੀ ਯੋਗਤਾ ਦਾ ਅਨੁਮਾਨ ਲਾਉਣਾ ਵੀ ਸਾਡੀ ਯੋਗਤਾ ਹੁੰਦੀ ਹੈ। ਪੈਸੇ ਤੇ ਭੌਤਿਕ ਪਦਾਰਥ ਤਾਂ ਨੌਕਰ ਹੁੰਦੇ ਹਨ। ਆਦਮੀ ਨੌਕਰ ਤੋਂ ਕਿੰਨਾ ਕੁ ਕੰਮ ਲੈ ਸਕਦਾ ਹੈ, ਇਹ ਸਾਡੀ ਆਪਣੀ ਯੋਗਤਾ ਹੁੰਦੀ ਹੈ। ਸਾਡੀ ਯੋਗਤਾ ਸਾਡੀ ਸੋਚ ਅਤੇ ਸਾਡੇ ਵਿਵਹਾਰ ਤੇ ਨਿਰਭਰ ਕਰਦੀ ਹੈ। ਇਕ ਮੁਨਾਫ਼ਾ ਕਮਾਉਣ ਦੀ ਮਿਕਦਾਰ ਹੁੰਦੀ ਹੈ ਜਿਵੇਂ ਪੰਜਾਹ ਡਾਲਰਾਂ ਦਾ ਸੌਦਾ ਲੈ ਕੇ ਜੇ 75 ਡਾਲਰ ਦਾ ਵੇਚ ਦਿੱਤਾ ਤਾ 25 ਡਾਲਰ ਮੁਨਾਫ਼ਾ ਹੋ ਗਿਆ। ਦੂਸਰੀ ਮੁਨਾਫ਼ਾ ਕਮਾਉਣ ਦੀ ਯੋਗਤਾ ਹੁੰਦੀ ਹੈ।

ਅਸੀਂ ਇੱਕ ਸਟੋਰ ਲਿਆ ਜਿਸ ਵਿਚ ਹਰ ਤਰ੍ਹਾਂ ਦਾ ਸਮਾਨ ਵਿਕਦਾ ਸੀ। ਦੁੱਧ, ਮੀਟ, ਸਬਜ਼ੀਆਂ, ਕਰਿਆਨਾ, ਮਨਿਆਰੀ, ਦਵਾਈਆਂ, ਮਠਿਆਈਆਂ ਤੇ ਵਾਈਨ ਬੀਅਰ ਵੀ ਵਿਕਦੀ ਸੀ। ਜਦੋਂ ਅਸੀਂ ਕੋਈ ਨਵਾਂ ਸਟੋਰ ਬਣਾਉਂਦੇ ਤਾਂ ਇੱਕ ਦੋ ਚੀਜ਼ਾਂ ਦੀ ਸੇਲ ਲਾ ਕੇ ਲੋਕਾਂ ਨੂੰ ਅਕਰਸ਼ਤ ਕਰਿਆ ਕਰਦੇ ਸਾਂ। ਇਸ ਵਾਰ ਮੈਂ ਸੋਚਿਆ ਕਿ 16 ਔਂਸ ਬੀਅਰ ਦੀ ਕਦੇ ਕਿਸੇ ਨੇ ਸੇਲ ਨਹੀਂ ਲਾਈ ਚਲੋ ਆਪਾਂ ਲਾਉਂਦੇ ਹਾਂ। ਉਸ ਸਮੇਂ ਅਸੀਂ 2 ਕੇਸ 16 ਔਂਸ ਦੀ ਬੀਅਰ ਦੇ ਵੇਚਿਆ ਕਰਦੇ ਸਾਂ। ਨੌਂ ਡਾਲਰ ਦੀ ਲੈਣੀ ਤੇ 12 ਡਾਲਰ ਦੀ ਵੇਚ ਕੇ ਤਿੰਨ ਡਾਲਰ ਹਫ਼ਤੇ ਦੇ ਬਚ ਜਾਣੇ। ਅਸੀਂ ਅਖ਼ਬਾਰ ਵਿੱਚ ਇਸ਼ਤਿਹਾਰ ਦਿੱਤਾ ਕੇ 16 ਔਂਸ ਬੀਅਰ ਦਾ ਕੇਸ ਅੱਜ ਤੋਂ 12 ਡਾਲਰ ਦੀ ਜਗ੍ਹਾ 10 ਡਾਲਰ ਦਾ ਮਿਲੇ ਗਾ। 30% ਦੀ ਜਗ੍ਹਾ 10% ਹੀ ਮੁਨਾਫ਼ਾ ਲੈਣਾ ਸ਼ੁਰੂ ਕਰ ਦਿੱਤਾ। ਕੁਝ ਚਿਰ ਵਿਚ ਹੀ ਅਸੀਂ 2 ਕੇਸ ਦੀ ਬਜਾਏ 200 ਕੇਸ ਹਰ ਹਫ਼ਤੇ ਵੇਚਣ ਲੱਗ ਪਏ। ਤਿੰਨ ਡਾਲਰ ਹਫ਼ਤੇ ਦੀ ਬਿਜਾਏ 200 ਡਾਲਰ ਹਫ਼ਤੇ ਦਾ ਬਚਣ ਲੱਗ ਪਿਆ। ਸੋ ਲਾਭ ਦੀ ਮਿਕਦਾਰ ਘੱਟ ਕਰਕੇ ਅਸੀਂ ਕਿੰਨਾ ਵੱਧ ਲਾਭ ਕਰ ਲਿਆ। ਬੀਅਰ ਤਾਂ ਸਾਧਨ ਸੀ। ਸਾਡੀ ਯੋਗਤਾ ਕਰਕੇ ਅਸੀਂ ਉਸ ਸਾਧਨ ਦਾ ਸਹੀ ਇਸਤੇਮਾਲ ਕਰ ਲਿਆ।

ਮੈਂ ਹਮੇਸ਼ਾਂ ਇਹ ਸੋਚਦਾ ਹੁੰਦਾ ਸਾਂ ਕਿ ਜੋ ਗਾਹਕ ਹਨ ਉਨ੍ਹਾਂ ਨਾਲ ਵਧੀਆ ਸਲੂਕ ਹੋਣਾ ਚਾਹੀਦਾ ਹੈ। ਪਰ ਸਾਰੇ ਸਟੋਰਾਂ ਵਿੱਚ ਮੈਂ ਆਪ ਤਾਂ ਗਾਹਕ ਭੁਗਤਾ ਨਹੀਂ ਸੀ ਸਕਦਾ। ਸੋ ਮੈਂ ਆਪਣੇ ਮੁਲਾਜ਼ਮਾਂ ਨੂੰ ਲਾਲਚ ਦੇ ਕੇ ਵੱਧ ਤੋਂ ਵੱਧ ਤਨਖਾਹ ਦੇ ਕੇ ਰੱਖਣਾ ਤੇ ਆਪਣੇ ਭਰਾਵਾਂ ਵਾਂਗ ਜਾਂ ਬੱਚਿਆਂ ਵਾਂਗ ਉਨ੍ਹਾਂ ਨਾਲ ਪੇਸ਼ ਆਉਣਾ। ਸਾਡੇ ਇੱਕ ਗੱਲ ਮਸ਼ਹੂਰ ਸੀ ਕਿ ਜਿਸ ਕਿਸੇ ਨੇ ਸੁਰਿੰਦਰ ਨਾਲ ਕੰਮ ਕੀਤਾ, ਉਹ ਹੋਰ ਕਿਤੇ ਕੰਮ ਨਹੀਂ ਕਰ ਸਕਦਾ। ਖੈਰ ਮੇਰੇ ਨਾਲ ਕੰਮ ਕਰਕੇ ਸਾਲ ਦੋ ਸਾਲ ਵਿੱਚ ਹੀ ਮੇਰੇ ਮੁਲਾਜ਼ਮ ਏਨੇ ਸਮਰੱਥ ਹੋ ਜਾਂਦੇ ਸੀ ਕਿ ਉਨ੍ਹਾਂ ਨੂੰ ਹੋਰ ਕਿਤੇ ਕੰਮ ਕਰਨ ਦੀ ਜ਼ਰੂਰਤ ਹੀ ਨਹੀਂ ਸੀ ਪੈਂਦੀ। ਆਪਣੇ ਵਿਓਪਾਰ ਕਰ ਸਕਣ ਦੇ ਯੋਗ ਹੋ ਜਾਂਦੇ। ਬਹੁਤ ਮੁੰਡੇ ਮੇਰੇ ਕੋਲ ਕੰਮ ਕਰਕੇ ਆਪਣੀ ਹੀ ਯੋਗਤਾ ਨਾਲ ਅੱਜ-ਕਲ੍ਹ ਕਰੋੜਾਂ ਡਾਲਰਾਂ ਦੇ ਮਾਲਕ ਹਨ। ਮੈਂ ਜਦੋਂ ਕਦੇ ਉਨ੍ਹਾਂ ਨੂੰ ਮਿਲਦਾ ਜਾਂ ਦੇਖਦਾ ਤਾਂ ਕਈ ਵਾਰ ਦਿਲ ਵਿੱਚ ਖੁਸ਼ੀ ਹੁੰਦੀ ਹੈ ਕਿ ਮੇਰਾ ਵੀ ਥੋੜ੍ਹਾ ਬਹੁਤਾ ਹੱਥ ਹੈ ਇਨ੍ਹਾਂ ਦੀ ਕਾਮਯਾਬੀ ਵਿੱਚ। ਕਮਾਈ ਕਰਨੀ ਪੈਸੇ ਕਮਾਉਣੇ ਬੜੀ ਵਧੀਆ ਗੱਲ ਹੈ ਲੇਕਿਨ ਇਸ ਗੱਲ ਦਾ ਵੀ ਧਿਆਨ ਰੱਖਣਾ ਹੁੰਦਾ ਹੈ ਕਿ ਮੇਰੇ ਯਤਨ ਨਾਲ ਮੇਰੀ ਯੋਗਤਾ ਨਾਲ ਜੋ ਵੀ ਕਾਮਯਾਬੀ ਹਾਸਲ ਹੋਈ ਹੈ ਉਸ ਦੇ ਬਦਲੇ ਕਿਤੇ ਮੈਂ ਕੁਝ ਗਵਾਇਆ ਤਾਂ ਨਹੀਂ? ਜੇ ਪੈਸੇ ਕਮਾਉਂਦੇ ਕਮਾਉਂਦੇ ਸਟੋਰ ਬਣਾਉਂਦੇ ਬਣਾਉਂਦੇ ਅਸੀਂ ਬਹੁਤ ਸਾਰੇ ਰਿਸ਼ਤੇਦਾਰ, ਯਾਰ ਦੋਸਤ ਗਵਾ ਲਈਏ ਤਾਂ ਵੀ ਠੀਕ ਨਹੀਂ। ਸਭ ਕੁਝ ਕਰਨਾ ਚਾਹੀਦਾ ਹੈ, ਪੈਸੇ ਵੀ ਕਮਾਉਣੇ ਚਾਹੀਦੇ। ਆਪਣੇ ਆਪ ਨੂੰ ਖੁਸ਼ ਵੀ ਰੱਖਣਾ ਚਾਹੀਦਾ ਹੈ ਪਰ ਜੇ ਇਸ ਦੀ ਕੀਮਤ ਬਹੁਤ ਵੱਧ ਤਾਰਨੀ ਪਵੇ ਤਾਂ ਕੀ ਲਾਭ ਹੋਇਆ। ਆਪਣਾ ਜਾਂ ਕਿਸੇ ਹੋਰ ਦਾ ਨੁਕਸਾਨ ਕਰਕੇ ਜੇ ਕੁਝ ਮਿਲ ਵੀ ਗਿਆ ਤਾਂ ਸੌਦਾ ਘਾਟੇਵੰਦਾ ਹੈ।

ਸਰਬਜੀਤ ਨੂੰ ਭਾਵੇਂ ਮੇਰੀ ਕਾਮਯਾਬੀ ਚੰਗੀ ਨਾ ਹੀ ਲੱਗੀ ਹੋਵੇ ਪਰ ਮੈਂ ਉਸਦਾ ਨੁਕਸਾਨ ਨਹੀਂ ਕੀਤਾ। ਨਾ ਹੀ ਮੇਰੇ ਵੱਲੋਂ ਉਹ ਗਵਾਚਾ ਹੀ ਹੈ। ਕਿਸੇ ਨਾ ਕਿਸੇ ਦਿਨ ਜਦ ਉਸਨੂੰ ਅਹਿਸਾਸ ਹੋਵੇਗਾ ਤਾਂ ਸਭ ਠੀਕ ਹੋ


Academy of the Punjab in North America: http://www.apnaorg.com

ਜਾਵੇਗਾ। ਆਪਣੇ ਮੁਲਾਜ਼ਮਾਂ ਨੂੰ ਵੱਧ ਪੈਸੇ ਤਨਖਾਹ ਦੇ ਕੇ ਜਾਂ ਉਨ੍ਹਾਂ ਨਾਲ ਵਧੀਆ ਵਤੀਰਾ ਕਰਕੇ ਮੈਂ ਕਿਸੇ ਦਾ ਗਵਾਇਆ ਕੁਝ ਨਹੀਂ ਪਰ ਜੇ ਕੋਈ ਵਿਓਪਾਰੀ ਕਹੇ ਕੇ ਸੁਰਿੰਦਰ ਬੰਦੇ ਖਰਾਬ ਕਰ ਦੇਂਦਾ ਤਾਂ ਮੇਰਾ ਕੀ ਕਸੂਰ ਹੈ? ਜੇ ਕੁਝ ਕਰਨਾ ਹੈ ਤਾਂ ਉਸ ਵਾਸਤੇ ਉਪਰਾਲਾ ਤਾਂ ਕਰਨਾ ਹੀ ਪਵੇਗਾ। ਉਪਰਾਲਾ ਤਾਂ ਹੀ ਕਰ ਸਕਦੇ ਹਾਂ ਜੇ ਸਾਡੇ ਵਿੱਚ ਕਾਬਲੀਅਤ ਹੈ, ਯੋਗਤਾ ਹੈ। ਜੇ ਯੋਗਤਾ ਹੈ ਪਰ ਸਾਡਾ ਦਿਲ ਨਹੀਂ ਕਰਦਾ ਉਹ ਕੰਮ ਕਰਨ ਨੂੰ ਜਾਂ ਇੰਝ ਕਹੋ ਕਿ ਸਾਡੀ ਲਗਨ ਨਹੀਂ ਜਿਸ ਕੰਮ ਵਿੱਚ ਉਹ ਵੀ ਨਹੀਂ ਹੋ ਸਕਦਾ। ਸਾਡਾ ਇਰਾਦਾ, ਸਾਡੀ ਕਾਬਲੀਅਤ ਅਤੇ ਸਾਡੀ ਲਗਨ ਮਿਲ ਕੇ ਹੀ ਨਤੀਜੇ ਸਹੀ ਕੱਢ ਸਕਦੇ ਹਨ। ਜੇ ਤਿੰਨਾਂ ਵਿੱਚੋਂ ਇੱਕ ਵੀ ਘਟ ਹੈ ਤਾਂ ਮੁਸ਼ਕਲ ਹੋ ਸਕਦਾ ਹੈ ਸਭ ਕੁਝ। ਜਿੰਨੀ ਵੱਧ ਲਗਨ ਹੈ ਜਿੰਨੀ ਵੱਧ ਯੋਗਤਾ ਹੈ ਤੇ ਜਿੰਨਾ ਇਰਾਦਾ ਪੱਕਾ ਹੈ ਓਨਾ ਹੀ ਨਤੀਜਾ ਸਹੀ ਨਿਕਲੇਗਾ। ਦੂਸਰੀ ਗੱਲ ਇਹ ਕਿ ਕੋਈ ਵੀ ਕਮਾਈ ਜਿਸ ਦੀ ਕੀਮਤ ਬਹੁਤ ਜ਼ਿਆਦਾ ਤਾਰਨੀ ਪਵੇ, ਠੀਕ ਨਹੀਂ ਹੁੰਦੀ। ਪੱਕਾ ਇਰਾਦਾ ਕਰਕੇ ਸਾਰਾ ਜ਼ੋਰ ਲਾ ਕੇ ਲਗਨ ਨਾਲ ਕੰਮ ਕਰਕੇ ਜੋ ਕਮਾਈਆਂ ਕਰਦੇ ਹਨ ਤੇ ਉਹ ਉਸ ਕਮਾਈ ਕਰਨ ਦੀ ਬਹੁਤੀ ਕੀਮਤ ਵੀ ਅਦਾ ਨਹੀਂ ਕਰਦੇ, ਉਹ ਹੀ ਤਾਂ ਕਾਮਯਾਬ ਅਤੇ ਯੋਗ ਹਨ। ਜੇ ਦਾੜ੍ਹੀ ਨਾਲੋਂ ਮੁੱਛਾਂ ਵੱਧ ਗਈਆਂ ਆਮਦਨੀ ਪ੍ਰਾਪਤ ਕਰਨ ਲਈ ਕੀਮਤ ਆਮਦਨੀ ਤੋਂ ਵੱਧ ਅਦਾ ਕਰਨੀ ਪਵੇ ਤਾਂ ਇਹੋ ਜਿਹੀ ਕਮਾਈ ਦਾ ਕੀ ਕਰਨਾ?

****


Academy of the Punjab in North America: http://www.apnaorg.com

# ਸਾਡੀ ਦ੍ਰਿਸ਼ਟੀ

ਪੁਰਾਤਨ ਜ਼ਮਾਨੇ ਵਿੱਚ ਲਫਜ਼ ਹੁੰਦਾ ਸੀ ਦਿਬ ਦ੍ਰਿਸਟੀ। ਹਰ ਕਿਸੇ ਕੋਲ ਨਹੀਂ ਹੋਇਆ ਕਰਦੀ ਸੀ ਇਸ ਤਰ੍ਹਾਂ ਦੀ ਨਜ਼ਰ। ਅਜੋਕੇ ਜ਼ਮਾਨੇ ਵਿੱਚ ਜੋ ਇਨਸਾਨ ਦੀ ਦ੍ਰਿਸ਼ਟੀ ਹੈ, ਉਸ ਦ੍ਰਿਸ਼ਟੀ ਕਰਕੇ ਹੀ ਬਾਕੀ ਸਾਰੇ ਜੀਆਂ ਤੇ ਹਾਵੀ ਹੈ। ਹਰ ਪਸ਼ੂ ਪੰਛੀ ਵਿੱਚ ਇਨਸਾਨ ਵਰਗੀ ਆਪਣੇ ਆਪ ਦੀ ਖੋਜ ਕਰ ਸਕਣ ਵਾਲੀ ਦ੍ਰਿਸ਼ਟੀ ਨਹੀਂ ਹੁੰਦੀ। ਅੱਖਾਂ ਸਭ ਨੂੰ ਦਿੱਤੀਆਂ ਰੱਬ ਨੇ ਪਰ ਸੋਚ ਸਕਣ ਦੀ ਸ਼ਕਤੀ ਸਿਰਫ਼ ਇਨਸਾਨ ਕੋਲ ਹੀ ਹੈ। ਇਸ ਸ਼ਕਤੀ ਦੇ ਕਰਕੇ ਹੀ ਅਸੀਂ ਦੂਜਿਆਂ ਦੇ ਤਜਰਬਿਆਂ ਵਿੱਚੋਂ ਕੁਝ ਸਿੱਖ ਸਕਦੇ ਹਾਂ। ਸਾਡੇ ਆਪਣੇ ਤਜਰਬੇ ਕਿਵੇਂ ਰਹੇ, ਇਹ ਵੀ ਸਿੱਖ ਸਕਦੇ ਹਾਂ ਤੇ ਜੇ ਕੋਈ ਆਪਣੇ ਜੀਵਨ ਦੇ ਤਜਰਬੇ ਲੋਕਾਂ ਨਾਲ ਸਾਂਝੇ ਕਰ ਸਕਣ ਦੇ ਯੋਗ ਹੋਵੇ ਤਾਂ ਕਰਨੇ ਚਾਹੀਦੇ ਹਨ। ਆਪਣੀ ਸੋਚ, ਆਪਣੇ ਤਜਰਬੇ ਜੇ ਇਮਾਨਦਾਰੀ ਨਾਲ ਸਾਂਝੇ ਕੀਤੇ ਜਾਣ ਤਾਂ ਪੜਨ ਸੁਣਨ ਵਾਲਿਆਂ ਨੂੰ ਬਹੁਤ ਲਾਭ ਹੋ ਸਕਦਾ ਹੈ। ਅਸੀਂ ਜੋ ਮਹਿਸੂਸ ਕੀਤਾ, ਉਹ ਸਾਡਾ ਤਜਰਬਾ ਹੋਇਆ। ਇਨਸਾਨ ਕੋਈ ਤਜਰਬੇ ਦਾ ਨਾਮ ਨਹੀਂ ਹੈ। ਲੇਕਿਨ ਤਜਰਬੇ ਕਰਨ ਦੀ ਸ਼ਕਤੀ ਜ਼ਰੂਰ ਰੱਖਦਾ ਹੈ। ਜੋ ਅਸੀਂ ਮਹਿਸੂਸ ਕੀਤਾ, ਜੇ ਇਮਾਨਦਾਰੀ ਨਾਲ ਬਾਕੀਆਂ ਨੂੰ ਵੀ ਆਪਣੇ ਪਾਠਕਾਂ ਨੂੰ ਦੱਸੀਏ ਤਾਂ ਉਹ ਇਮਤਿਹਾਨ, ਜੋ ਤੁਹਾਨੂੰ ਦੇਣੇ ਪਏ , ਜਿਨ੍ਹਾਂ ਉੱਚੇ ਨੀਵੇਂ ਥਾਂਵਾਂ ਤੋਂ ਤੁਹਾਨੂੰ ਗੁਜ਼ਰਨਾ ਪਿਆ, ਉਨ੍ਹਾਂ ਅਜੀਬ ਰਿਸ਼ਤਿਆਂ ਦਾ ਪਾਠਕਾਂ ਨੂੰ ਗਿਆਨ ਹੋ ਸਕਦਾ ਹੈ। ਭਾਵੁਕਤਾ ਹਰ ਇਨਸਾਨ ਵਿੱਚ ਹੁੰਦੀ ਹੈ, ਕਿਸੇ ਵਿੱਚ ਵੱਧ ਕਿਸੇ ਵਿੱਚ ਘੱਟ। ਲੇਕਿਨ ਮਨੁੱਖ ਭਾਵੁਕਤਾ ਦਾ ਵੀ ਨਾਮ ਨਹੀਂ ਹੈ। ਭਾਵੁਕਤਾ ਇਨਸਾਨ ਵਿੱਚ ਹੁੰਦੀ ਹੈ, ਮਹਿਸੂਸ ਕਰਨ ਵਾਂਗ ਭਾਵੁਕਤਾ ਵੀ ਇਨਸਾਨ ਦਾ ਤਜਰਬਾ ਹੈ। ਜੀਵਨ ਵਿੱਚ ਭਾਵਕ ਹੋ ਕੇ ਜੋ ਅਸੀਂ ਕੀਤਾ, ਜੇ ਇਮਾਨਦਾਰੀ ਨਾਲ ਉਹ ਤਜਰਬਾ ਵੀ ਆਪਣੇ ਪਾਠਕਾਂ ਨਾਲ ਸਾਂਝਾ ਕਰ ਦੇਈਏ ਤਾਂ ਭਾਵੁਕਤਾ ਵਿੱਚ ਵਹਿ ਕੇ ਜਿੱਥੇ ਜਿੱਥੇ ਤੁਸੀਂ ਰੁੜ੍ਹੇ ਫਿਰੇ, ਤੁਹਾਡੇ ਪਾਠਕ ਤੁਹਾਡੇ ਤਜਰਬੇ ਤੋਂ, ਉਹ ਸਭ ਵੇਗ ਜਿਨ੍ਹਾਂ ਵਿੱਚ ਤੁਸੀਂ ਵਹਿ ਵੇਖਿਆ, ਉਸ ਤੋਂ ਵਾਕਫ਼ ਹੋ ਸਕਦੇ ਹਨ। ਜੋ ਸਕੀਮਾਂ ਤੁਸੀਂ ਬਣਾਈਆਂ ਹਨ, ਜੋ ਸੋਚਾਂ ਸੋਚੀਆਂ, ਉਨ੍ਹਾਂ ਸਕੀਮਾਂ ਨੂੰ ਨੇਪਰੇ ਚਾੜ੍ਹਨ ਲਈ ਤੁਹਾਨੂੰ ਕਿੰਨੀ ਕੁ ਕੁਰਬਾਨੀ ਕਰਨੀ ਪਈ। ਜੇ ਇਮਾਨਦਾਰੀ ਨਾਲ ਆਪਣੀ ਦਿੱਤੀ ਹੋਈ ਕੁਰਬਾਨੀ ਦਾ ਤਜਰਬਾ ਪਾਠਕਾਂ ਨਾਲ ਸਾਂਝਾ ਕਰ ਦੇਈਏ ਤਾਂ ਹੋ ਸਕਦਾ ਹੈ ਪਾਠਕਾਂ ਨੂੰ ਉਹ ਸਾਰੇ ਪਾਪੜ ਨਾ ਵੇਲਣੇ ਪੈਣ। ਇਸ ਲਈ ਮੇਰਾ ਦਿਲ ਕਰਦਾ ਹੈ ਕਿ ਮੈਂ ਜੋ ਪਾਪੜ ਵੇਲੇ, ਮੈਂ ਜੋ ਮਹਿਸੂਸ ਕੀਤਾ, ਮੈਂ ਜਿਨ੍ਹਾਂ ਭਾਵੁਕ ਵਹਿਣਾਂ ਵਿੱਚ ਵਹਿੰਦਾ ਰਿਹਾ ਤੇ ਮੇਰੀ ਸੋਚ ਦੀਆਂ ਉਡਾਰੀਆਂ ਭਰਦਿਆਂ ਮੈਨੂੰ ਕਿੰਨੇ ਪੱਤਣ ਤਰਨੇ ਪਏ, ਕਿੰਨੇ ਆਸਮਾਨ ਗਾਹੁਣੇ ਪਏ। ਉਹ ਸਾਰਾ ਮੇਰੇ ਜੀਵਨ ਦਾ, ਮੇਰਾ ਅੱਖੀਂ ਡਿੱਠਾ ਤੇ ਆਪਣੇ ਪਿੰਡੇ ਤੇ ਹੰਢਾਇਆ ਹਾਲ ਪਾਠਕਾਂ ਦੇ ਨਾਲ ਸਾਂਝਾ ਕਰਾਂ। ਇੱਕ ਗੱਲ ਜ਼ਰੂਰ ਹੈ ਮੈਂ ਆਪਣੇ ਪਾਠਕਾਂ ਨੂੰ ਦੱਸ ਦੇਵਾਂ ਕਿ ਤੁਹਾਨੂੰ ਮਿਲੇਗਾ ਬਹੁਤ ਕੁਝ ਪਰ ਤੁਹਾਨੂੰ ਮੇਰੇ ਨਾਲ ਨਾਲ ਉਡਣਾ ਪਵੇਗਾ, ਮੇਰੇ ਵੇਗਾਂ ਵਿੱਚ ਵਹਿਣਾ ਪਵੇਗਾ, ਮੇਰੀ ਸੋਚ ਵਰਗੀ ਪਰਵਾਜ਼ ਲਾਉਣੀ ਪਵੇਗੀ। ਹਾਂ ਫਿਰ ਕੀ ਖ਼ਿਆਲ ਹੈ? ਚੱਲੀਏ-ਉੱਡੀਏ ?

ਦੁਨੀਆ ਦੇ ਵਿੱਚ ਵਿਚਰਦਿਆਂ, ਜੋ ਸਾਡੀ ਆਪਣੀ ਤਸਵੀਰ ਬਣੀ ਹੈ। ਦੁਨੀਆ ਦੀ ਐਲਬਮ ਵਿੱਚ ਜਿਹੜੀ ਤੁਹਾਡੀ ਆਪਣੀ ਤਸਵੀਰ ਹੈ, ਉਸਨੂੰ ਜੇ ਗਹੁ ਨਾਲ ਵੇਖੀਏ ਤਾਂ ਯਕੀਨ ਹੋ ਜਾਂਦਾ ਹੈ ਕਿ ਇਹ ਮੇਰੀ ਤਸਵੀਰ ਬਿਲਕੁਲ ਠੀਕ ਜਗ੍ਹਾ ਤੇ ਲੱਗੀ ਹੈ। ਕਿਉਂਕਿ ਦੁਨੀਆ ਸਾਡੇ ਵਰਗੀ ਹੈ ਤੇ ਅਸੀਂ ਦੁਨੀਆ ਵਰਗੇ ਹਾਂ। ਇੱਕ ਬੜੀ ਪੁਰਾਣੀ ਗੱਲ ਯਾਦ ਆਈ। ਮੇਰੇ ਖਾਸ ਰਿਸ਼ਤੇਦਾਰਾਂ ਦੇ ਘਰ ਇੱਕ ਸੰਦੂਕ ਵਰਗੀ ਅਲਮਾਰੀ ਹੁੰਦੀ ਸੀ। ਉਸ ਅਲਮਾਰੀ ਤੇ ਵੱਡਾ ਸਾਰਾ ਸ਼ੀਸ਼ਾ ਲੱਗਾ ਹੁੰਦਾ ਸੀ। ਸਿਰ ਤੋਂ ਪੈਰਾਂ ਤੱਕ ਆਪਣਾ ਆਪ ਦਿਸਦਾ ਸੀ। ਇੱਕ ਦਿਨ ਉਨ੍ਹਾਂ ਦੇ ਘਰ ਕੋਈ ਬਜ਼ੁਰਗ ਪ੍ਰਾਹੁਣਾ ਆਇਆ। ਦਲਾਨ ਵਿੱਚ ਦੀ ਲੰਘਣ ਲੱਗਾ ਤਾਂ ਉਸ ਸ਼ੀਸ਼ੇ ਵਿੱਚ ਤੁਰਦੇ ਆਪਣੇ ਪਰਛਾਵੇਂ ਨੂੰ ਦੇਖ ਕੇ ਖਲੋ ਗਿਆ ਤੇ ਦੋਵੇਂ ਹੱਥ ਜੋੜ ਕੇ ਕਹਿਣ ਲੱਗਾ, 'ਸਰਦਾਰ ਜੀ ਸਤਿ ਸ੍ਰੀ ਅਕਾਲ। ' ਜੇ


Academy of the Punjab in North America: http://www.apnaorg.com

ਜ਼ਰਾ ਧਿਆਨ ਨਾਲ ਦੇਖੀਏ ਤਾਂ ਦੁਨੀਆ ਸ਼ੀਸ਼ਾ ਹੈ ਜਿਸ ਵਿੱਚ ਸਾਨੂੰ ਆਪਣਾ ਆਪ ਹੀ ਦਿਸਦਾ ਹੈ। ਫਰਕ ਬੱਸ ਏਨਾ ਹੀ ਹੈ ਕਿ ਆਪਣਾ ਪਰਛਾਵਾਂ ਹੀ ਅਸੀਂ ਦੇਖਦੇ ਹਾਂ ਤੇ ਲੋਕਾਂ ਬਾਰੇ ਕਿਆਸ ਕਰਦੇ ਹਾਂ। ਜਦੋਂ ਲੋਕਾਂ ਬਾਰੇ ਕਿਆਸ ਕਰਦੇ ਹਾਂ ਤਾਂ ਸਭ ਨੂੰ ਆਪਣੀ ਤੱਕੜੀ ਨਾਲ ਤੋਲਣ ਦਾ ਯਤਨ ਕਰਦੇ ਹਾਂ। ਇਹ ਇਨਸਾਨੀ ਫਿਤਰਤ ਹੈ, ਸੁਭਾਅ ਹੈ ਇਨਸਾਨ ਦਾ, ਪਰ ਜੇ ਮੈਨੂੰ ਤੋਲਣਾ ਚਾਹੁੰਦੇ ਹੋ ਤਾਂ ਪਾਠਕਾਂ ਨੂੰ ਮੇਰੀ ਬੇਨਤੀ ਰਹੇਗੀ ਕਿ ਆਪਣੀ ਤੱਕੜੀ ਨਾਲ ਨਾ ਤੋਲਿਓ, ਮੈਂ ਆਪੇ ਸਭ ਕੁਝ ਦੱਸਾਂਗਾ ਕਿ ਮੈਂ ਕਿਸ ਭਾਅ ਵਿਕਦਾ ਰਿਹਾ ਹਾਂ। ਦੁਨੀਆ ਸਭ ਦੀ ਆਲੋਚਨਾ ਕਰਦੀ ਹੈ। ਸਭ ਨੂੰ ਟਣਕਾ ਵਜਾ ਕੇ ਦੇ ਖਦੀ ਹੈ। ਜੇ ਮੈਨੂੰ ਟਣਕਾਉਣਾ ਵਜਾਉਣਾ ਹੋਵੇ ਕਿਸੇ ਪਾਠਕ ਨੇ ਤਾਂ ਮੇਰੇ ਤੱਕ ਹੀ ਸੀਮਤ ਰਹਿਣਾ ਕਿਉਂਕਿ ਅਸੀਂ ਜਦੋਂ ਗੱਲ ਕਰਦੇ ਹਾਂ ਤਾਂ ਸਾਰਾ ਵਾਤਾਵਰਣ ਸਾਰਾ ਮਾਝਾ, ਮਾਲਵਾ ਗਿਣਨ ਲੱਗ ਪੈਂਦੇ ਹਾਂ 'ਇਸਨੇ ਤਾਂ ਇਵੇਂ ਹੀ ਕਰਨਾ ਸੀ'

-ਖ਼ੂਨ ਕਿਸਦਾ-ਏਦੇ ਪਿਓ ਦਾਦੇ ਇਵੇਂ ਹੀ ਕਰਦੇ ਸੀ

-ਦੁੱਧ ਤੇ ਬੁੱਧ ਜਾਣੀ ਸੀ।

-ਜਿਹੋ ਜਿਹੀ ਕੋਕੋ ਉਹੋ ਜਿਹੇ ਕੋਕੋ ਦੇ ਬੱਚੇ।

-ਮਾਂ ਤੇ ਊਠ-ਬਾਪ ਤੇ ਘੋੜਾ ਬਹੁਤਾ ਨਹੀਂ ਤਾਂ ਥੋੜ੍ਹਾ ਥੋੜ੍ਹਾ

ਜਾਂ ਤਾਂ ਪਿਓ ਦਾਦੇ ਦੇ ਖ਼ੂਨ ਨੂੰ ਨਿੰਦੀ ਜਾਣਗੇ ਜਾਂ ਫਿਰ ਮਾਤਾ ਪਿਤਾ ਨੂੰ ਉਲਾਂਭਾ ਦਿੰਦੇ ਹਨ ਕਿ ਜਿੱਦਾਂ ਦੀ ਪਰਵਰਿਸ਼ ਹੋਈ ਉਸੇ ਤਰ੍ਹਾਂ ਦਾ ਹੀ ਬਣਨਾ ਸੀ;

-ਮਾਂ ਮੰਗਤੀ ਪੁੱਤ ਕਿਵੇਂ ਰਾਜਾ ਬਣ ਜਾਂਦਾ।

-ਬਾਪੂ ਡਾਕੇ ਮਾਰਦਾ ਸੀ ਪੁੱਤ ਕਿਵੇਂ ਸਾਧੂ ਬਣ ਜਾਂਦਾ।

-ਪਿਓ ਨੂੰ ਸਾਰੀ ਉਮਰ ਛੰਨ ਨਾ ਮਿਲੀ ਪੁੱਤ ਕਿਵੇਂ ਮਹਿਲ ਪਾ ਲਊ। ਮਾਂ ਪਿਓ ਦੀ ਪਰਵਰਿਸ਼ ਕਰਨ ਦੀ ਕਾਬਲੀਅਤ ਨਿੰਦੀ ਜਾਂਦੇ ਤੇ ਜਾਂ ਵਾਤਾਵਰਣ

ਨੂੰ ਦੋਸ਼ ਦਿੰਦੇ।

-ਜੈਸਾ ਦੇਸ਼ ਤੈਸਾ ਭੇਸ।

ਖ਼ਰਬੂਜ਼ੇ ਨੂੰ ਵੇਖ ਕੇ ਹੀ ਖ਼ਰਬੂਜ਼ਾ ਰੰਗ ਫੜਦਾ।

-ਚੋਰਾਂ ਦੀ ਟੋਲੀ ਇੱਕੋ ਬੋਲੀ।

-ਦਾਲ ਖਾ ਕੇ ਮੀਟ ਦੇ ਡਕਾਰ ਕਿਵੇਂ ਮਾਰੇ।

ਮੈਂ ਆਪਣੇ ਜੀਵਨ ਵਿੱਚ ਜੋ ਖੱਟਿਆ ਗਵਾਇਆ ਇਸ ਨਾਲ ਮੇਰੇ ਖਾਨਦਾਨ ਦਾ, ਮੇਰੇ ਮਾਤਾ ਪਿਤਾ ਦਾ ਜਾਂ ਮੇਰੇ ਵਾਤਾਵਰਣ ਦਾ ਕੋਈ ਦੋਸ਼ ਨਹੀਂ ਤੇ ਨਾ ਹੀ ਕੋਈ ਮੇਰੀਆਂ ਕਾਮਯਾਬੀਆਂ ਵਿੱਚ ਕੋਈ ਹੱਥ ਹੈ। ਮੈਂ ਹਮੇਸ਼ਾਂ ਆਪਣੀ ਜਾਨ ਤੇ ਹੀ ਖੇਡਦਾ ਰਿਹਾ ਹਾਂ। ਸੋ ਬੇਨਤੀ ਹੈ ਕਿ ਮੇਰੇ ਕਰਕੇ ਕਿਸੇ ਨੂੰ ਦੋਸ਼ ਨਾ ਦੇਣਾ ਜੀ।

'ਦੋਸ ਕਰੰਮਾ ਆਪਣਿਆ' ਇਹ ਜੋ ਮੈਂ ਆਪਣੇ ਭੇਦ ਖੋਲ੍ਹਣ ਦਾ ਆਪਣੇ ਤਜਰਬੇ ਸਾਂਝੇ ਕਰਨ ਦਾ, ਆਪਣੇ ਦ੍ਰਿਸ਼ਟੀਕੋਣ ਦਾ ਜੋ ਖ਼ੁਲਾਸਾ ਕਰਨ ਲੱਗਾ ਹਾਂ, ਇਹ ਤਾਂ ਮੇਰਾ ਯਤਨ ਹੈ ਕਿ ਤੁਹਾਨੂੰ ਕੁਝ ਦੇਵਾਂ। ਲੇਕਿਨ ਜੇ ਕੁਝ ਐਸਾ ਲੱਗੇ ਕਿ ਤੁਹਾਨੂੰ ਨਹੀਂ ਚਾਹੀਦਾ ਤਾਂ ਨਾ ਲੈਣਾ ਮੈਨੂੰ ਕੋਈ ਗਿਲਾ ਨਹੀਂ ਹੋਵੇਗਾ। ਜੋ ਕੁਝ ਵੀ ਮੈਂ ਸਾਂਝਾ ਕਰਨ ਜਾ ਰਿਹਾ ਹਾਂ, ਇਹ ਮੇਰਾ ਆਪਣਾ ਅਭਿਆਸ ਹੈ। ਮੇਰਾ ਆਪਣਾ ਅਹਿਸਾਸ ਹੈ ਤੇ ਮੇਰਾ ਆਪਣਾ ਵਿਸ਼ਵਾਸ ਹੈ। ਜਾਨਵਰਾਂ ਦਾ ਕਦੇ ਅਹਿਸਾਸ ਨਹੀਂ ਹੁੰਦਾ। ਜਾਨਵਰਾਂ ਨੂੰ ਇਨਸਾਨ ਸਿਖਲਾਈ ਦੇ ਸਕਦਾ ਹੈ। ਜਾਨਵਰ ਸਿਖ ਸਕਦੇ ਹਨ, ਸਿਖਾ ਨਹੀਂ ਸਕਦੇ। ਪਰ ਮੈਂ ਤਾਂ ਇਨਸਾਨ ਹਾਂ ਤੇ ਸਿਖਾ ਸਕਣ ਦੇ ਕਾਬਲ ਹੋਇਆ ਤਾਂ ਜੇ ਮੇਰੀਆਂ ਦਲੀਲਾਂ ਵਿੱਚ ਕੁਝ ਤੁਹਾਡੇ ਕੰਮ ਦਾ ਹੋਇਆ ਤਾਂ ਸਾਂਭ ਲਿਓ, ਬਾਕੀ ਮੇਰੇ ਲਈ ਰਹਿਣ ਦਿਓ।


Academy of the Punjab in North America: http://www.apnaorg.com

ਮੈਂ ਆਪਣੀ ਗੱਲ ਸ਼ੁਰੂ ਕਰਾਂ ਆਪਣੀ ਦ੍ਰਿਸ਼ਟੀ ਦੀ ਗੱਲ ਕਰਾਂ। ਵੈਸੇ ਤਾਂ ਹਰ ਇਨਸਾਨ ਆਪਣੇ ਆਪ ਨੂੰ ਲੀਡਰ ਸਮਝਦਾ ਹੈ 'ਮੈਂ ਰਾਹਾਂ ਤੇ ਨਹੀਂ ਤੁਰਦਾ, ਮੈਂ ਤੁਰਦਾ ਤਾਂ ਰਾਹ ਬਣਦੇ। '(ਪਾਤਰ) ਮੇਰੀ ਕਹਾਣੀ ਸੱਚੀ ਕੁਝ ਐਸੀ ਹੈ ਕਿ ਮੈਂ ਜਿਸ ਵੀ ਵਾਤਾਵਰਣ ਵਿੱਚ ਰਿਹਾ, ਮੈਨੂੰ ਤਾਂ ਇਵੇਂ ਹੀ ਲੱਗਾ ਕਿ ਮੇਰੀ ਜੀਵਨ ਕਹਾਣੀ ਦੀ ਜ਼ਿੰਮੇ ਵਾਰੀ ਮੇਰੀ ਹੈ। ਮੇਰਾ ਚਰਿੱਤਰ ਮੇਰੀਆਂ ਆਦਤਾਂ ਕਰਕੇ ਹੀ ਹੈ। ਜੋ ਕੁਝ ਵੀ ਮੇਰੇ ਨਾਲ ਹੋਇਆ ਉਸਦਾ ਜ਼ਿੰਮੇਵਾਰ ਮੈਂ ਖ਼ੁਦ ਹਾਂ। ਹਰ ਵਾਤਾਵਰਣ ਵਿੱਚ ਹਰ ਸਵਾਲ ਦਾ ਜਵਾਬ ਮੈਂ ਆਪਣੀ ਯੋਗਤਾ ਨਾਲ ਦਿੱਤਾ ਹੈ, ਕਿਸੇ ਦਾ ਕੋਈ ਦੋਸ਼ ਨਹੀਂ। ਜਿਸ ਤਰ੍ਹਾਂ ਦੀ ਮੇਰੀ ਸੋਚ ਰਹੀ, ਉਸ ਤਰ੍ਹਾਂ ਦਾ ਹੀ ਮੇਰਾ ਸੁਭਾਅ ਰਿਹਾ। ਮੇਰਾ ਦ੍ਰਿਸ਼ਟੀਕੋਣ ਹੀ ਮੇਰੀ ਤਸਵੀਰ ਹੈ। ਮੈਂ ਵਾਤਾਵਰਣ ਅਨੁਸਾਰ ਕਦੇ ਢਲਨ ਦੀ ਕੋਸ਼ਿਸ਼ ਨਹੀਂ ਕੀਤੀ। ਆਪਣਾ ਵਾਤਾਵਰਣ ਆਪ ਬਣਾ ਸਕਦੇ ਹੋ ਤਾਂ ਹੋਰ ਕਿਸੇ ਵਾਤਾਵਰਣ ਵਿਚ ਢਲਨ ਦਾ ਕੀ ਕੰਮ। ਜੇ ਤੁਸੀਂ ਕੁਝ ਕਰ ਸਕਦੇ ਹੋ ਤਾਂ ਹਾਲਾਤ ਆਪਣੇ ਆਪ ਤੁਹਾਡਾ ਸਾਥ ਦੇਣਗੇ। ਇਮਾਨਦਾਰੀ ਨਾਲ ਰਸਤੇ ਬਣਾਉਣ ਵਾਲਿਆਂ ਦੇ ਨਾਲ ਲੋਕੀਂ ਤੁਰ ਪੈਂਦੇ ਹਨ। ਸਗੋਂ ਫ਼ਖ਼ਰ ਕਰਦੇ ਹਨ, ਤੁਹਾਡੇ ਨਾਲ ਤੁਰ ਕੇ। ਧੱਕਾ ਸਟਾਰਟ ਲੋਕਾਂ ਨੂੰ ਹਮੇਸ਼ਾਂ ਕਿਸੇ ਨਾ ਕਿਸੇ ਦੀ ਲੋੜ ਪੈਂਦੀ ਹੈ। ਪਿਓ ਦਾਦੇ ਦਾ ਨਾਂ ਲੈ ਕੇ ਪਿਦਰਮ ਸੁਲਤਾਨ ਬੂਦ ਆਖ ਕੇ ਹੀ ਆਪਣੇ ਮਨ ਵਿੱਚ ਖੁਸ਼ ਹੋ ਜਾਂਦੇ ਹਨ। ਲੇਕਿਨ ਮੈਂ ਕਦੇ ਆਪਣੇ ਪਿਓ ਦਾਦੇ ਦੀ ਛਤਰੀ ਦੀ ਛਾਂ ਨਹੀਂ ਉਡੀਕੀ, ਮੇਰੇ ਪਿਓ ਦਾਦੇ ਵਧੀਆ ਕਾਮਯਾਬ ਲੋਕਾਂ ਵਿੱਚ ਗਿਣੇ ਜਾਂਦੇ ਸਨ, ਪਰ ਮੇਰੇ ਹਰ ਕਦਮ ਦੀ ਪਹਿਚਾਣ ਮੇਰੇ ਆਪਣੇ ਨਾਲ ਹੈ। ਮੇਰੀ ਗੱਲ ਮੇਰੇ ਤੋਂ ਹੀ ਚਲਦੀ ਰਹੀ ਹੈ। ਮੇਰੀ ਸਿਰਜੀ ਹੋਈ ਦੁਨੀਆ ਮੇਰੀ ਆਪਣੀ ਯੋਗਤਾ ਕਰਕੇ ਹੈ ਅਤੇ ਜੋ ਜੋ ਕੜ੍ਹੀ ਮੈਂ ਘੋਲੀ ਉਸਦਾ ਜ਼ਿੰਮੇਵਾਰ ਵੀ ਮੈਂ ਖੁਦ ਹਾਂ। ਜੇ ਮੈਨੂੰ ਕਿਸੇ ਨੇ ਦੁੱਖ ਦਿੱਤਾ ਤਾਂ ਇਹ ਮੇਰੀ ਹੀ ਕਿਸੇ ਗਲਤੀ ਕਰਕੇ ਹੋਇਆ, ਮੈਂ ਜੋ ਕੁਝ ਵੀ ਹਾਂ, ਇਹ ਮੇਰਾ ਕਰਕੇ ਹੀ ਹੈ ਕਿਉਂਕਿ ਦੁਨੀਆ ਦਾ ਕੋਈ ਇਨਸਾਨ ਤੁਹਾਡੀ ਮਰਜ਼ੀ ਦੇ ਖ਼ਿਲਾਫ਼ ਤੁਹਾਡੇ ਤੋਂ ਕੁਝ ਨਹੀਂ ਲੈ ਸਕਦਾ, ਨਾ ਹੀ ਦੇ ਸਕਦਾ ਹੈ। ਸਾਡੇ ਤੇ ਤਰਸ ਤਾਂ ਹੀ ਲੋਕ ਕਰਦੇ ਹਨ ਜੇ ਸਾਨੂੰ ਚੰਗਾ ਲਗਦਾ। ਸਰੀਰਕ ਤੌਰ ਤੇ ਕੋਈ ਬੀਮਾਰੀ ਲੱਗ ਜਾਵੇ ਜਾਂ ਕੋਈ ਐਕਸੀਡੈਂਟ ਹੋ ਜਾਵੇ ਤਾਂ ਵੱਖਰੀ ਗੱਲ ਹੈ। ਆਪਣੇ ਵਜੂਦ ਨੂੰ ਏਨਾ ਪੱਕਾ ਕਰਕੇ ਰੱਖੋ ਕਿ ਤੁਹਾਨੂੰ ਲਿਤਾੜ ਕੇ ਲੰਘ ਜਾਣ ਦੀ ਕਿਸੇ ਦੀ ਹਿੰਮਤ ਹੀ ਨਾ ਪਵੇ। ਆਰਥਕ ਨੁਕਸਾਨ ਵੀ ਹੋ ਸਕਦਾ ਹੈ ਜਿਸ ਵਿੱਚ ਤੁਹਾਡਾ ਕੋਈ ਦੋਸ਼ ਨਹੀਂ। ਸਾਡੀ ਪਹਿਚਾਣ, ਸਾਡੀ ਕੀਮਤ, ਸਾਡਾ ਚਰਿੱਤਰ, ਸਾਡੀ ਆਪਣੀ ਦ੍ਰਿਸ਼ਟੀ ਤੇ ਨਿਰਭਰ ਕਰਦੀ ਹੈ।

****


Academy of the Punjab in North America: http://www.apnaorg.com

# ਸਾਡੀ ਹਿੰਮਤ

'ਹਿੰਮਤ ਅੱਗੇ ਲੱਛਮੀ ਪੱਖੇ ਅੱਗੇ ਪੌਣ' ਜੇ ਹਿੰਮਤ ਕਰ ਸਕਦਾ ਹੈ ਬੰਦਾ ਤੇ ਲੋਕ ਉਸ ਦੇ ਮਗਰ ਤੁਰ ਪੈਂਦੇ ਹਨ। ਮੈਂ ਆਮ ਤੌਰ ਤੇ ਜੀਵਨ ਵਿੱਚ ਅੱਗੇ ਲੱਗ ਕੇ ਹੀ ਤੁਰਿਆ ਹਾਂ। ਹਿੰਮਤ ਕਰਕੇ ਕੁਝ ਕਰਨ ਤੇ ਹੀ ਦਿਲ ਨੂੰ ਤਸੱਲੀ ਮਿਲਦੀ ਹੈ। ਇਹ ਤਾਂ ਦੁਨੀਆ ਦਾ ਵੇਗ ਹੈ। ਜੇ ਤੁਸੀਂ ਹਿੰਮਤ ਨਹੀਂ ਕਰ ਸਕਦੇ ਤਾਂ ਫਿਰ ਲੋਕਾਂ ਦੇ ਪਿਛੇ ਪਿੱਛੇ ਤੁਰੇ ਚੱਲੋ। ਹਿੰਮਤੀ ਤੋਂ ਭਾਵ ਮੇਰਾ ਜ਼ਿੰਮੇਵਾਰੀ ਨਿਭਾਉਣ ਤੋਂ ਹੈ। ਆਪਣੀ ਜ਼ਿੰਮੇਵਾਰੀ ਸਮਝਣੀ ਤੇ ਉਸ ਨੂੰ ਨਿਭਾਉਣਾ। ਘੱਟੋ ਘੱਟ ਆਪਣੀ ਸਾਰੀ ਵਾਹ ਲਾ ਕੇ ਨਿਭਾਉਣ ਦਾ ਯਤਨ ਕਰਨਾ। ਜੇ ਅਸੀਂ ਹਿੰਮਤੀ ਹੋਵਾਂਗੇ ਤਾਂ ਕਿਸੇ ਤੇ ਨਿਰਭਰ ਨਹੀਂ ਕਰਾਂਗੇ ਕਿ ਕੋਈ ਹੋਰ ਕਰ ਲਉ। 'ਆਪਣ ਹਥੀ ਆਪਣਾ ਆਪੇ ਹੀ ਕਾਜੁ ਸਵਾਰੀਐ॥' ਜੇ ਅਸੀਂ ਆਪਣੇ ਸਵਾਲਾਂ ਦੇ ਜਵਾਬ ਆਪ ਲੱਭ ਸਕਦੇ ਹਾਂ ਤਾਂ ਕੀ ਗਲਤ ਹੈ। ਕਈ ਲੋਕ ਐਸੇ ਮਿਲਦੇ ਹਨ ਜੋ ਕੁਝ ਕਰ ਸਕਦੇ ਹਨ। ਮਸਲੇ ਹੱਲ ਕਰਨ ਦੇ ਯੋਗ ਹੁੰਦੇ ਹਨ ਲੇਕਿਨ ਉਹ ਹਿੰਮਤ ਹੀ ਨਹੀਂ ਕਰਦੇ ਤੇ ਚਲੋ ਛੱਡੋ ਕਹਿ ਕੇ ਆਪਣੇ ਅੰਦਰਲੀ ਤਾਕਤ ਨੂੰ ਜੁਟਾਉਂਦੇ ਹੀ ਨਹੀਂ। ਸਾਨੂੰ ਹਿੰਮਤ ਕਰਨੀ ਚਾਹੀਦੀ ਹੈ -ਹਿੰਮਤੇ ਮਰਦਾਂ ਮਦਦੇ ਖ਼ੁਦਾ। ਜੋ ਹਿੰਮਤੀ ਹੁੰਦੇ ਹਨ ਪ੍ਰਮਾਤਮਾ ਵੀ ਉਨ੍ਹਾਂ ਦੀ ਮਦਦ ਕਰਦਾ ਹੈ। ਕਈ ਲੋਕ ਸੋਚਦੇ ਰਹਿੰਦੇ ਹਨ ਕਿ ਕੋਈ ਉਨ੍ਹਾਂ ਦੀ ਮਦਦ ਕਰੇ। ਹਿੰਮਤੀ ਲੋਕ ਕੋਸ਼ਿਸ਼ ਸ਼ੁਰੂ ਕਰ ਦਿੰਦੇ ਹਨ। 'ਜ਼ਮਾਨੇ ਕੋ ਬਦਲਨਾ ਹਮ ਨੇ ਠਾਣਾ-ਜ਼ਿੰਦਾ ਵੋ ਹੈ ਜੋ ਜ਼ਮਾਨੇ ਕੋ ਬਦਲ ਦੇਤੇ ਹੈ। ' ਹਿੰਮਤੀ ਹੋਣਾ ਹਰ ਇਨਸਾਨ ਲਈ ਜ਼ਰੂਰੀ ਹੈ, ਹਿੰਮਤੀ ਲੋਕ ਕਿਤੇ ਦੀ ਕਿਤੇ ਨਿਕਲ ਜਾਂਦੇ ਹਨ ਤੇ ਆਲਸੀ ਬੈਠੇ ਦਾੜ੍ਹੀ ਖੁਰਕਦੇ ਰਹਿੰਦੇ ਹਨ । ਹਿੰਮਤ ਵੀ ਤੇ ਆਲਸ ਵੀ ਹੈ ਤਾਂ ਉਹ ਸਭ ਕੁਦਰਤੀ, ਇਨਸਾਨ ਹੀ ਹਿੰਮਤੀ ਹੁੰਦੇ ਹਨ ਤੇ ਇਨਸਾਨ ਹੀ ਆਲਸੀ ਫਿਰ ਕਿਉਂ ਨਾ ਹਿੰਮਤ ਕਰੀਏ ਤੇ ਆਪਣੇ ਸਵਾਲ ਆਪ ਕੱਢਣ ਦੀ ਕੋਸ਼ਿਸ਼ ਕਰੀਏ।

ਅੱਗੇ ਲੱਗ ਕੇ ਚੱਲਣ ਵਾਲਿਆਂ ਤੇ ਪਿੱਛੇ ਪਿੱਛੇ ਆਉਣ ਵਾਲਿਆਂ ਵਿੱਚ ਜ਼ਮੀਨ ਆਸਮਾਨ ਦਾ ਫਰਕ ਹੁੰਦਾ ਹੈ। ਚੁਸਤ ਤਾਂ ਉਹ ਹੀ ਹੈ ਜੋ ਅੱਗੇ ਲੱਗ ਸਕਦਾ ਹੈ। ਸਾਡੇ ਕੋਲ ਤੀਸਰਾ ਰਸਤਾ ਨਹੀਂ ਹੁੰਦਾ ਕੋਈ। ਜਾਂ ਤਾਂ ਮੂਹਰੇ ਹੋ ਕੇ ਤੁਰੀਏ ਤੇ ਜਾਂ ਪਿਛੇ ਲੱਗ ਤੁਰੀਏ। ਕਾਮਯਾਬੀ ਦੀ ਪਹਿਲੀ ਪੌੜੀ ਹਿੰਮਤੀ ਹੋਣਾ ਹੈ। ਜੇ ਤੁਸੀਂ ਹਿੰਮਤੀ ਨਹੀਂ ਤਾਂ ਬੜਾ ਮੁਸ਼ਕਲ ਹੈ ਕਾਮਯਾਬ ਹੋਣਾ। ਦੁਨੀਆ ਦੇਖਣ ਨੂੰ ਤਾਂ ਇੱਕੋ ਜਿਹੀ ਹੀ ਲਗਦੀ ਹੈ । ਦੋ ਅੱਖਾਂ, ਦੋ ਹੱਥ, ਦੋ ਕੰਨ, ਦੋ ਪੈਰ ਲੇਕਿਨ ਥੋੜ੍ਹੇ ਜਿਹੇ ਲੋਕ ਅੱਗੇ ਲੰਘ ਜਾਂਦੇ ਹਨ, ਜਿਨ੍ਹਾਂ ਨੂੰ ਅਸੀਂ ਕਾਮਯਾਬ ਲੋਕ ਕਹਿੰਦੇ ਹਾਂ। ਬਹੁਤ ਘੱਟ ਲੋਕ ਇਸ ਕਤਾਰ ਵਿੱਚ ਹੁੰਦੇ ਹਨ। ਇਸ ਕਤਾਰ ਵਿੱਚ ਆਉਣ ਲਈ ਬੜੀ ਹੀ ਹਿੰਮਤ ਦੀ ਲੋੜ ਹੈ ਤੇ ਜੋ ਹਿੰਮਤ ਕਰਕੇ ਇਸ ਕਤਾਰ ਵਿਚ ਆ ਗਿਆ, ਉਹ ਹੀ ਕਾਮਯਾਬ ਕਹਾਏਗਾ। ਜੋ ਜਿੱਤਿਆ ਉਹੀ ਸਿਕੰਦਰ ਕਹਾਏਗਾ। ਇਹ ਗੱਲ ਪੱਕੀ ਹੈ ਕਿ ਜੇ ਤੁਸੀਂ ਅੱਗੇ ਨਹੀਂ ਲਗਦੇ ਤਾਂ ਕੋਈ ਨਾ ਕੋਈ ਜ਼ਰੂਰ ਤੁਹਾਡੇ ਅੱਗੇ ਲੱਗ ਤੁਰੇਗਾ ਤੇ ਤੁਸੀਂ ਪਿੱਛੇ ਰਹਿ ਜਾਓਗੇ। ਫਾਡੀ ਵੀ ਰਹਿ ਸਕਦੇ ਹੋ। ਹਿੰਮਤੀ ਲੋਕ ਕਦੇ ਵੀ ਫਾਡੀ ਨਹੀਂ ਹੁੰਦੇ । ਮਿੱਤੀ ਦੋਲੀ ਹੀ ਹੁੰਦੇ ਹਨ। ਜੋ ਹਿੰਮਤ ਕਰਕੇ ਤੁਰ ਪੈਂਦੇ ਹਨ, ਉਨ੍ਹਾਂ ਨੂੰ ਰਸਤੇ ਵਿੱਚ ਮੁਸੀਬਤਾਂ ਵੀ ਆ ਸਕਦੀਆਂ। ਕਿਸੇ ਨੇ ਖ਼ੂਬ ਲਿਖਿਆ 'ਮੰਜ਼ਿਲ ਪਰ ਚਲਨੇ ਵਾਲੋਂ ਕੋ ਪਥ ਮੇਂ ਰਾਤ ਹੂਆ ਕਰਤੀ ਹੈ। ' ਪਰ ਜੇ ਰਾਹ ਵਿੱਚ ਰਾਤ ਪੈ ਜਾਣ ਦੇ ਡਰ ਕਰਕੇ ਕੋਈ ਤੁਰੇ ਹੀ ਨਾ ਤਾਂ ਕਿੱਥੇ ਪਹੁੰਚੋਗੇ। ਹਿੰਮਤੀ ਲੋਕ ਔਖੀਆਂ ਤੋਂ ਔਖੀਆਂ ਮੰਜ਼ਲਾਂ ਤਹਿ ਕਰ ਲੈਂਦੇ ਹਨ। ਹਨੇਰੀਆਂ ਰਾਤਾਂ ਗੁਜ਼ਾਰ ਸਕਣ ਦੀ ਹਿੰਮਤ ਹੋਣੀ ਹੀ ਤਾਂ ਹਿੰਮਤੀ ਲੋਕਾਂ ਦੀ ਨਿਸ਼ਾਨੀ ਹੈ। ਮੈਂ ਤਾਂ ਇਹ ਹੀ ਕਹਾਂਗਾ ਕਿ ਹਿੰਮਤ ਕਰੋ ਜੇ ਤੁਸੀਂ ਹਿੰਮਤ ਕਰੋਗੇ ਤਾਂ ਐਸਾ ਕਿਹੜਾ ਕੰਮ ਹੈ ਜੋ ਕੋਈ ਹੋਰ ਕਰ ਸਕਦਾ ਹੈ। ਤੁਸੀਂ ਕਿਉਂ ਨਹੀਂ ਕਰ ਸਕਦੇ। ਹਿੰਮਤ ਕਰਕੇ ਤੁਰਨਾ ਹੀ ਸਭ ਤੋਂ ਵੱਡੀ ਗੱਲ ਹੈ। ਰਸਤੇ ਵਿੱਚ ਜਿਸ ਜਿਸ ਚੀਜ਼ ਦੀ ਜ਼ਰੂਰਤ ਪਵੇਗੀ, ਉਹ ਹੀ ਮਿਲ ਜਾਵੇ ਗੀ ਕਿਉਂਕਿ ਲੋੜ ਹੀ ਤਾਂ ਕਾਢ ਦੀ ਮਾਂ ਹੁੰਦੀ ਹੈ।


Academy of the Punjab in North America: http://www.apnaorg.com

ਆਪਣੇ ਆਪ ਤੇ ਇਤਬਾਰ ਕਰਕੇ ਦੇਖੋ। ਇਮਾਨਦਾਰੀ ਨਹੀਂ ਛੱਡਣੀ ਚਾਹੀਦੀ, ਲੇ ਕਿਨ ਆਤਮ ਵਿਸ਼ਵਾਸ ਤੋਂ ਬਿਨਾਂ ਕੋਈ ਕਿਸੇ ਮੰਜ਼ਿਲ ਤੇ ਨਹੀਂ ਪਹੁੰਚ ਸਕਦਾ। ਪਹਿਲੀ ਗੱਲ ਆਤਮ ਵਿਸ਼ਵਾਸ ਨਹੀਂ ਤਾਂ ਤੁਸੀ ਹਿੰਮਤੀ ਹੋ ਹੀ ਨਹੀਂ ਸਕਦੇ। ਹਿੰਮਤੀ ਲੋਕਾਂ ਦੀ ਟੀਮ ਵੀ ਹੋ ਸਕਦੀ ਹੈ। ਟੀਮ ਹਰ ਬਰਾਬਰ ਦੇ ਹਾਣੀਆਂ ਦੀ ਹੋਵੇ ਤਾਂ ਹੀ ਮਜ਼ਾ ਆਉਂਦਾ ਹੈ। ਵੈਸੇ ਵੀ ਸਿਆਣੇ ਆਖਦੇ ਨੇ ਕਿ ਜਿਨ੍ਹਾਂ ਪੰਛੀਆਂ ਦੇ ਖੰਭ ਇੱਕੋ ਜਿਹੇ ਨਾ ਹੋਣ ਉਹ ਇਕੱਠੇ ਉੱਡ ਹੀ ਨਹੀਂ ਸਕਦੇ। ਇਕੋ ਜਿਹੇ ਹਿੰਮਤੀ ਰਲ ਕੇ ਕੁਝ ਦਾ ਕੁਝ ਕਰ ਸਕਦੇ ਹਨ। ਆਲਸੀ ਲੋਕ ਆਪਣੀ ਯੋਗਤਾ ਤੇ ਸ਼ੱਕ ਕਰਦੇ ਹਨ ਮੈਂ ਕੀ ਕਰ ਸਕਦਾਂ? ਪਰ ਹਿੰਮਤੀ ਲੋਕ ਕਹਿੰਦੇ ਤੁਰਦੇ ਹਨ। ਆਲਸੀ ਲੋਕ ਮੰਨਦੇ ਹਨ ਕਿ ਮੈਂ ਤਾਂ ਬਈ ਏਦਾਂ ਦਾ ਹੀ ਆਂ ਪਰ ਹਿੰਮਤੀ ਕਹੇਗਾ ਕਿ ਉਸੇ ਤਰ੍ਹਾਂ ਕੋਈ ਹੋਰ ਰਸਤਾ ਭਾਲਿਆ ਜਾਵੇ। ਆਲਸੀ ਲੋਕ ਲੋਕਾਂ ਦੀਆਂ ਗੱਲਾਂ ਕਰਦੇ ਹਨ। ਆਲਸੀ ਕਹੇਗਾ ਲੋਕਾਂ ਨੇ ਮੈਨੂੰ ਤੰਗ ਕਰ ਦਿੱਤਾ। ਹਿੰਮਤੀ ਕਹੇਗਾ ਮੈਂ ਕਿਸੇ ਦੀ ਪਰਵਾਹ ਕਿਉਂ ਕਰਾਂ। ਆਲਸੀ ਸੋਚਦਾ ਰਹਿ ਜਾਵੇਗਾ ਕਿ ਲੋਕਾਂ ਨੇ ਮੈਨੂੰ ਕੁਝ ਨਹੀਂ ਕਰਨ ਦੇਣਾ ਤੇ ਹਿੰਮਤੀ ਪੰਗੇ ਲਵੇ ਗਾ। ਬੱਸ ਪੰਗੇ ਲੈ ਸਕਣ ਵਾਲੇ ਹੀ ਹਿੰਮਤੀ ਹੁੰਦੇ ਹਨ। ਕਈ ਵਾਰ ਪੰਗੇ ਲੈਣ ਵਾਲਿਆਂ ਨੂੰ ਪੰਗਾ ਪੈ ਵੀ ਸਕਦਾ। ਸਾਡਾ ਇੱਕ ਮਿੱਤਰ ਬੜੇ ਪੰਗੇ ਲਿਆ ਕਰੇ ਸਾਰਿਆਂ ਨੂੰ ਪਤਾ ਸੀ। ਮੇਰੇ ਨਾਲ ਇੱਕ ਗੁਜਰਾਤੀ ਕੰਮ ਕਰਦਾ ਸੀ। ਉਸਨੇ ਹਮੇਸ਼ਾਂ ਮੇਰੇ ਪੰਗੇ ਲੈਣ ਵਾਲੇ ਮਿੱਤਰ ਦੀਆਂ ਗੱਲਾਂ ਕਰਨੀਆਂ 'ਬਹੁਤ ਭਾਗਤਾ ਹੈ'-ਜਲਦੀ ਪਕੜਾ ਜਾਏਗਾ'। ਠੀਕ ਹੈ ਕਈ ਵਾਰ ਪਕੜੇ ਵੀ ਜਾਂਦੇ ਪਰ ਹਿੰਮਤੀ ਲੋਕ ਬਾਕੀਆਂ ਨੂੰ ਮਾਰਗ ਦਰਸ਼ਨ ਕਰਾਉਣ ਦੀ ਸਮਰਥਾ ਰੱਖਦੇ ਹਨ। ਆਲਸੀ ਲੋਕ ਦੂਜਿਆਂ ਨੂੰ ਦੋਸ਼ ਦਿੰਦੇ ਹਨ ਪਰ ਹਿੰਮਤੀ ਕਹੇਗਾ, 'ਹਸਤ ਰੇਖਾਵਾਂ ਦੀ ਚਿੰਤਾ ਨਾ ਕਰੋ ਹੱਥ ਸਿਰਜਣਹਾਰ ਨੇ ਤਕਦੀਰ ਦੇ। '

ਜੇ ਤੁਸੀਂ ਆਪਣੇ ਆਪ ਨੂੰ ਪਿਆਰ ਕਰਦੇ ਹੋ ਤਾਂ ਆਪਣੇ ਆਪ ਵਾਸਤੇ ਕੁਝ ਕਰੋ ਹਿੰਮਤ ਕਰੋ। ਜੇ ਕੁਝ ਤਿਆਗ ਵੀ ਕਰਨਾ ਪਿਆ ਫਿਰ ਕੀ ਹੋਇਆ, ਕੁਝ ਹਾਸਲ ਕਰਨ ਵਾਸਤੇ ਕੁਝ ਤਿਆਗਣਾ ਤਾਂ ਪਵੇਗਾ ਹੀ। ਸਭ ਕੁਝ ਮੁਮਕਿਨ ਹੈ ਪਰ ਕੀ ਤੁਸੀਂ ਕਰ ਸਕਦੇ ਹੋ। ਕੀ ਹਿੰਮਤ ਹੈ ਤੁਹਾਡੇ ਵਿੱਚ ?

****



Academy of the Punjab in North America: http://www.apnaorg.com

# ਸਾਡੀ ਦੁਨੀਆਂ

ਹਰ ਇਨਸਾਨ ਦੀ ਆਪਣੀ ਇੱਕ ਦੁਨੀਆ ਹੁੰਦੀ ਹੈ। ਕੁਝ ਲੋਕਾਂ ਦਾ ਜਿਸ ਜਿਸ ਤੇ ਪ੍ਰਭਾਵ ਪੈਂਦਾ ਹੈ, ਉਹ ਵੀ ਸਾਰੇ ਉਸਦੀ ਦੁਨੀਆ ਵਿੱਚ ਸ਼ਾਮਲ ਹੋ ਜਾਂਦੇ ਹਨ। ਲੇਕਿਨ ਕੁਝ ਲੋਕਾਂ ਦਾ ਜਿੰਨਾਂ ਲੋਕਾਂ ਨਾਲ ਮਿਲਣਾ ਵਰਤਣਾ ਹੈ, ਉਹ ਹੀ ਉਨ੍ਹਾਂ ਦੀ ਦੁਨੀਆ ਹੁੰਦੀ ਹੈ। ਪ੍ਰਭਾਵ ਤਾਂ ਦੂਰ ਦੂਰ ਤੱਕ ਵੀ ਪੈ ਸਕਦਾ ਹੈ। ਪ੍ਰਕਾਸ਼ ਵਿੱਚ ਰੌਸ਼ਨੀ ਵਿੱਚ ਤਾਂ ਦੂਰ ਦੂਰ ਤੱਕ ਦਿਸਦਾ ਹੈ । ਹਨੇਰੇ ਵਿੱਚ ਟੋਹ ਟੋਹ ਕੇ ਬਹੁਤ ਪਤਾ ਨਹੀਂ ਲੱਗ ਸਕਦਾ। ਕੁਝ ਲੋਕ ਮੁਸੀਬਤਾਂ ਦੀਆਂ ਗੱਲਾਂ ਕਰਦੇ ਹਨ। ਕੁਝ ਲੋਕ ਮੁਸੀਬਤਾਂ ਹੱਲ ਕਰਨ ਦੀ ਕੋਸ਼ਿਸ਼ ਕਰਦੇ ਹਨ। ਕੁਝ ਲੋਕ ਸੋਚਦੇ ਹਨ ਕਿ ਇਸ ਘੁੰਮਣਘੇਰੀ ਵਿਚੋਂ ਬਾਹਰ ਕਿਵੇਂ ਨਿਕਲੀਏ ? ਜੇ ਕੋਈ ਕੋਸ਼ਿਸ਼ ਹੀ ਨਾ ਕਰੇ ਤਾਂ ਘੁੰਮਣਘੇਰੀ ਤਾਂ ਲੈ ਡੁੱਬੇਗੀ। ਬੇ ਉਮੀਦੀ ਹੱਲ ਨਹੀਂ ਹੈ, ਉਮੀਦ ਰਸਤਾ ਬਣਾ ਸਕਦੀ ਹੈ। ਕਿਸੇ ਨੂੰ ਦੋਸ਼ ਦੇਣ ਨਾਲ ਕੀ ਬਣੂੰ, ਕੋਸ਼ਿਸ਼ ਕਰਕੇ ਹੱਲ ਲੱਭ ਜਾਵੇ ਤਾਂ ਹੀ ਗੱਲ ਬਣ ਸਕਦੀ ਹੈ। ਜਿੱਤ ਪ੍ਰਾਪਤ ਕਰਨ ਲਈ ਹਥਿਆਰ ਤਾਂ ਚੁੱਕਣਾ ਹੀ ਪਵੇਗਾ। ਹਥਿਆਰ ਸ਼ਬਦਾਂ ਦਾ ਵੀ ਹੋ ਸਕਦਾ ਹੈ। ਜੇ ਹੋਰ ਕਿਸੇ ਨੂੰ ਜਿੱਤਣਾ ਚਾਹੁੰਦੇ ਹਾਂ ਤਾਂ ਸਭ ਤੋਂ ਪਹਿਲਾਂ ਆਪਣੇ ਆਪ ਤੇ ਜਿੱਤ ਪ੍ਰਾਪਤ ਕਰਨੀ ਪਵੇਗੀ। ਜੋ ਆਪਣੇ ਆਪ ਤੇ ਜਿੱਤ ਨਹੀਂ ਪ੍ਰਾਪਤ ਕਰ ਸਕਦੇ, ਹੋਰ ਕਿਸੇ ਨੂੰ ਕਿਵੇਂ ਜਿੱਤ ਸਕਦੇ ਹਨ। ਵਧੀਆ ਦੁਨੀਆ ਬਣਾਉਣੀ ਲੋਚਦੇ ਹਾਂ ਤਾਂ ਪਹਿਲਾਂ ਆਪ ਵਧੀਆ ਬਣਨਾ ਪਵੇਗਾ। ਜੇ ਅਸੀਂ ਆਪ ਚੰਗਿਆਈ ਤੋਂ ਪਰਹੇਜ਼ ਕਰਦੇ ਹਾਂ ਤਾਂ ਤੁਹਾਡੀ ਦੁਨੀਆ ਕਿਸੇ ਕੀਮਤ ਤੇ ਵੀ ਚੰਗੀ ਨਹੀਂ ਬਣ ਸਕਦੀ।

ਆਪਣੇ ਆਪ ਨੂੰ ਜਿੱਤਣਾ ਬਾਕੀ ਸਾਰੀਆਂ ਜਿੱਤਾਂ ਤੋਂ ਜ਼ਰੂਰੀ ਹੈ। ਜੇ ਅਸੀਂ ਆਪਣੇ ਆਪ ਨੂੰ ਜਿੱਤ ਸਕੀਏ, ਆਪਣੇ ਆਪ ਨੂੰ ਇੱਕ ਆਦਰਸ਼ ਇਨਸਾਨ ਬਣਾ ਲਈਏ ਤਾਂ ਹੀ ਤਾਂ ਆਪਣੀ ਦੁਨੀਆ ਆਦਰਸ਼ ਬਣਾ ਸਕਣ ਦੀ ਸੋਚ ਸਕਦੇ ਹਾਂ। ਆਪਣੇ ਆਪ ਤੇ ਰਾਜ ਨਹੀਂ ਕਰ ਸਕਦੇ ਤਾਂ ਹੋਰ ਕਿਸੇ ਤੇ ਕਿਵੇਂ ਕਰ ਸਕਦੇ ਹਾਂ। ਆਤਮਾ ਸ਼ੁੱਧ ਕਰਕੇ ਹੀ ਪ੍ਰਮਾਤਮਾ ਦਾ ਸਿਮਰਣ ਹੋ ਸਕਦਾ ਹੈ। ਪਹਿਲਾਂ ਆਪਣੇ ਆਪ ਤੇ ਜਿੱਤ ਪ੍ਰਾਪਤ ਕਰੋ। ਫਿਰ ਦੁਨੀਆ ਵਿੱਚ ਆਪਣਾ ਝੰਡਾ ਗੱਡਣਾ ਆਸਾਨ ਹੋ ਜਾਵੇਗਾ। ਤੁਹਾਡੀ ਸ਼ਖਸ਼ੀਅਤ ਦਾ ਤੁਹਾਡੇ ਕਿਰਦਾਰ ਦਾ ਕਰਕੇ ਹੀ ਦੁਨੀਆ ਤੁਹਾਡੀ ਗੱਲ ਸੁਣੇਗੀ। ਹੋਰ ਕਿਸੇ ਨੂੰ ਠੀਕ ਕਰਨ ਤੋਂ ਪਹਿਲਾਂ ਆਪਣੇ ਆਪ ਨੂੰ ਠੀਕ ਕਰ ਲਿਆ ਜਾਵੇ ਤਾਂ ਬਿਹਤਰ ਹੈ। ਜਿਸ ਦੁਨੀਆ ਤੇ ਤੁਹਾਡਾ ਪ੍ਰਭਾਵ ਨਹੀਂ, ਉਹ ਤੁਹਾਡੀ ਦੁਨੀਆ ਨਹੀਂ, ਤੁਸੀਂ ਉਸ ਵਿੱਚ ਰਹਿੰਦੇ ਜ਼ਰੂਰ ਹੋ। ਜੇ ਆਪਣੇ ਪਰਿਵਾਰ ਤੇ ਤੁਹਾਡਾ ਕੋਈ ਪ੍ਰਭਾਵ ਨਹੀਂ ਤਾਂ ਤੁਹਾਡਾ ਕੀ ਹੋਇਆ? ਹਾਂ ਤੁਸੀਂ ਉਸ ਵਿੱਚ ਰਹਿੰਦੇ ਜ਼ਰੂਰ ਹੋ। ਜਿਸ ਤੇ ਤੁਸੀਂ ਆਪਣਾ ਪ੍ਰਭਾਵ ਨਹੀਂ ਪਾ ਸਕਦੇ, ਉਹ ਤੁਹਾਡੀ ਦੁਨੀਆ ਨਹੀਂ, ਤੁਸੀਂ ਉਸ ਵਿੱਚ ਰਹਿੰਦੇ ਵੀ ਹੋਵੋ ਫਿਰ ਵੀ ਦੁਨੀਆ ਤੁਹਾਡੀ ਨਹੀਂ। ਕਈ ਵਾਰ ਅਸੀਂ ਤਾਕਤ ਨੂੰ ਹੱਥ ਵੱਸ ਨਹੀਂ ਕਰ ਸਕਦੇ। ਕੁਝ ਚੀਜ਼ਾਂ ਅਸੀਂ ਬਦਲ ਨਹੀਂ ਸਕਦੇ ਪਰ ਇਹ ਤਾਂ ਕਰ ਸਕਦੇ ਹਾਂ ਕਿ ਸਾਡੇ ਤੇ ਉਨ੍ਹਾਂ ਦਾ ਅਸਰ ਨਾ ਪਵੇ। ਅਸੀਂ ਆਪਣਾ ਆਪ ਤਾਂ ਬਚਾ ਸਕਦੇ ਹਾਂ। ਆਪਣੇ ਆਪ ਤੇ ਜੋ ਮਾਣ ਹੈ, ਉਹ ਹੀ ਬਣਿਆ ਰਹੇ। ਸਾਨੂੰ ਨਾ ਕੋਈ ਮਿਟਾ ਦੇਵੇ, ਏਨਾ ਹੀ ਕਾਫ਼ੀ ਹੈ। ਕਿਸੇ ਨੇ ਖਰਗੋਸ਼ ਨੂੰ ਕਿਹਾ, 'ਤੂੰ ਜੇ ਮੀਟ ਖਾਣਾ ਸ਼ੁਰੂ ਕਰ ਦੇਵੇ ਤਾਂ ਕਿਸੇ ਦੇ ਕਾਬੂ ਨਾ ਆਵੇਂ।' ਪਰ ਖਰਗੋਸ਼ ਕਹਿੰਦਾ, 'ਮੇਰਾ ਮੀਟ ਮੈਨੂੰ ਬਖ਼ਸ਼ ਦਿਓ ਮੈਨੂੰ ਕਿਸੇ ਦਾ ਮੀਟ ਖਾਣ ਦੀ ਲੋੜ ਨਹੀਂ।'

ਹਰ ਇਨਸਾਨ ਦਾ ਦਿਲ ਕਰਦਾ ਹੈ ਕਿ ਆਪਣੀ ਤਾਕਤ, ਆਪਣੀ ਪਹੁੰਚ, ਆਪਣਾ ਦਾਇਰਾ, ਆਪਣੀ ਦੁਨੀਆ ਬਣਾਏ ਜਿਸ ਵਿੱਚ ਵਿਚਰ ਕੇ ਉਸ ਨੂੰ ਸਕੂਨ ਮਿਲੇ । ਕਈ ਵਾਰ ਅਸੀਂ ਸੱਚੇ ਮਨੋਂ ਆਪਣੀ ਦੁਨੀਆ ਉਸਾਰਨੀ ਚਾਹੁੰਦੇ ਹਾਂ। ਤੁਹਾਡੀ ਮਿਹਨਤ ਦੇ ਬਾਵਜੂਦ ਵੀ ਦੁਨੀਆ ਤੁਹਾਡੀ ਨਹੀਂ ਬਣ ਸਕਦੀ। ਆਪਾਂ ਸੋਚਦੇ ਹਾਂ


Academy of the Punjab in North America: http://www.apnaorg.com

ਕਿ ਮੈਂ ਤਾਂ ਕੋਸ਼ਿਸ਼ ਪੂਰੀ ਕੀਤੀ ਪਰ ਇਹ ਮੇਰੇ ਨਾ ਬਣ ਸਕੇ। ਜੇ ਗਹੁ ਨਾਲ ਦੇਖੀਏ ਤਾਂ ਸਾਡੀ ਕਾਬਲੀਅਤ ਵਿੱਚ ਕੋਈ ਨੁਕਸ ਹੁੰਦਾ ਹੈ। ਜੇ ਅਸੀਂ ਕਾਬਲ ਹੋਈਏ ਤਾਂ ਭਲਾ ਕਿਉਂ ਨਾ ਬਣਦੀ ਗੱਲ। ਮੈਂ ਲੋਕਾਂ ਨੂੰ ਆਪਣੇ ਬਣਾਉਣ ਦੀ ਬੜੀ ਕੋਸ਼ਿਸ਼ ਕੀਤੀ, ਕਈਆਂ ਨੂੰ ਆਪਣੇ ਸਮਝ ਕੇ ਕੈਲੇਫੋਰਨੀਆਂ ਵਿੱਚ ਆਪਣੇ ਬਰਾਬਰ ਆਪਣੀ ਦੁਨੀਆ ਵਿੱਚ ਦੇਖਣਾ ਚਾਹਿਆ। ਘੱਟੋ ਘੱਟ ਛੇ ਪਰਿਵਾਰ ਐਸੇ ਹਨ ਕੈਲੇਫੋਰਨੀਆਂ ਵਿੱਚ ਜੋ ਕਿਸੇ ਦਿਨ ਮੈਨੂੰ ਆਪਣੀ ਜਾਨ ਲਗਦੇ ਸੀ। ਇਉਂ ਲਗਦਾ ਸੀ ਜਿਵੇਂ ਮੇਰੇ ਪ੍ਰਾਣ ਉਨ੍ਹਾਂ ਦੇ ਵਿੱਚ ਹੀ ਵੱਸੇ ਹੋਣ। ਮੈਂ ਸਾਰਿਆਂ ਨੂੰ ਵਿਦੇਸ਼ ਵਿੱਚ ਰਹਿੰਦਿਆਂ ਸਾਰਾ ਜ਼ੋਰ ਲਾ ਕੇ ਉਥੇ ਦੇ ਪੱਕੇ ਵਸਨੀਕ ਬਣਵਾਇਆ। ਕਿਸੇ ਕਿਸਮ ਦੀ ਲੋੜ ਹੋਵੇ, ਕਿਸੇ ਨੂੰ ਤਾਂ ਮੈਂ ਆਪਣੀ ਜਾਨ ਹਾਜ਼ਰ ਕਰ ਦਿੰਦਾ। ਸਾਰਿਆਂ ਨੂੰ ਕੰਮ ਕਾਰ ਵੀ ਚਾਲੂ ਕਰਨ ਵਿੱਚ ਮੈਂ ਹਰ ਵਾਰ ਨਾਲ ਖਲੋਇਆ। ਸਾਰੇ ਬੜੇ ਕਾਮਯਾਬ ਪਰਿਵਾਰ ਗਿਣੇ ਜਾਂਦੇ ਹਨ। ਪਰ ਇੱਕ ਮੋੜ ਐਸਾ ਆਇਆ ਕਿ ਜਿਨ੍ਹਾਂ ਲੋਕਾਂ ਵਿੱਚ ਮੈਨੂੰ ਆਪਣੀ ਰੂਹ ਦਿਸਦੀ ਸੀ, ਉਹ ਮੇਰੀ ਜ਼ਿੰਦਗੀ ਦੇ ਰਸਤੇ ਰੋਕਣ ਲੱਗ ਪਏ। ਮੇਰੇ ਨੱਕ ਵਿੱਚ ਦਮ ਕਰ ਦਿੱਤਾ। ਕਿਉਂਕਿ ਮੇਰੀ ਰਗ ਰਗ ਦੇ ਵਾਕਫ਼ ਸਨ, ਇਸ ਲਈ ਮੇਰੀਆਂ ਬਰੇਕਾਂ ਫੇਲ੍ਹ ਕਰਨੀਆਂ ਉਨ੍ਹਾਂ ਨੂੰ ਆਉਂਦੀਆਂ ਸੀ। ਫਿਰ ਤੁਸੀਂ ਆਪੇ ਸਮਝ ਜਾਓ ਕਿ ਬਿਨ ਬਰੇਕ ਜਾਂ ਤਾਂ ਗੱਡੀ ਚਲ ਹੀ ਨਹੀਂ ਸਕਦੀ, ਜੇ ਚਲਾਉਣਾ ਚਾਹੋ ਵੀ ਤਾਂ ਜ਼ਰੂਰ ਕਿਤੇ ਟਕਰਾ ਜਾਵੇਗੀ। ਉਸੇ ਗੱਡੀ ਨੂੰ ਜਿਸ ਵਿੱਚ ਬੈਠ ਕੇ ਕਦੇ ਉਹ ਢੋਲੇ ਦੀਆਂ ਲਾਉਂਦੇ ਹੁੰਦੇ ਸੀ, ਉਸੇ ਗੱਡੀ ਨੂੰ ਟੁਕੜੇ ਟੁਕੜੇ ਕਰ ਦਿੱਤਾ। ਇਸ ਦਾ ਦੋਸ਼ ਮੈਂ ਆਪਣੇ ਆਪ ਤੇ ਲੈਂਦਾ ਹਾਂ। ਮੇਰੇ ਵਿੱਚ ਹੀ ਕੋਈ ਘਾਟ ਹੋਊ ਤਾਂ ਹੀ ਤਾਂ ਉਹ ਮੇਰੀ ਦੁਨੀਆ ਨਹੀਂ ਬਣ ਸਕੇ। ਸ਼ਾਇਦ ਮੈਂ ਲੋੜ ਤੋਂ ਵੱਧ ਫਿਕਰ ਕਰਦਾ ਰਿਹਾ, ਸ਼ਾਇਦ ਮੈਂ ਲੋੜ ਤੋਂ ਵੱਧ ਮਦਦ ਕਰਦਾ ਰਿਹਾ, ਸ਼ਾਇਦ ਮੈਂ ਲੋੜ ਤੋਂ ਵੱਧ ਸਲਾਹਾਂ ਦਿੰਦਾ ਰਿਹਾ। ਸ਼ਾਇਦ ਮੈਂ ਜ਼ਬਰਦਸਤੀ ਘਿਉ ਦੇਣ ਦਾ ਯਤਨ ਕਰਦਾ ਰਿਹਾ ਤੇ ਉਹ ਸਮਝੇ ਮੈਂ ਕੰਨ ਪੱਟ ਰਿਹਾ ਹਾਂ। ਅਸੀਂ ਆਪਣੀ ਦੁਨੀਆ ਦਾ ਵਿਸਥਾਰ ਕਰ ਸਕਦੇ ਹਾਂ ਲੇਕਿਨ ਯਾਦ ਰਹੇ ਕਿ ਲੋਕ ਪਚਦਾ ਪਚਦਾ ਹੀ ਖਾਂਦੇ ਹਨ। ਏਨੀ ਹੁਸ਼ਿਆਰੀ ਸਾਡੇ ਵਿੱਚ ਜ਼ਰੂਰ ਹੋਣੀ ਚਾਹੀਦੀ ਹੈ ਕਿ ਲੋੜ ਤੋਂ ਵੱਧ ਤਾਂ ਦਵਾਈ ਵੀ ਖਰਾਬ ਕਰਦੀ ਹੈ। ਟਿਕਦਾ ਟਿਕਦਾ ਪੈਰ ਰੱਖਣ ਨਾਲ ਹੀ ਟਿਕਾਊ ਹੋ ਸਕੀਦਾ ਹੈ।

ਗੜਬੜ ਵਾਲੀ ਗੱਲ ਇਹ ਹੀ ਹੁੰਦੀ ਹੈ ਜਦ ਅਸੀਂ ਸੋਚ ਲੈਂਦੇ ਹਾਂ ਕਿ ਇਹ ਲੋਕ ਗੜਬੜ ਹਨ। ਸਾਡੀ ਸੋਚ ਵਿੱਚ ਹੀ ਗੜਬੜ ਹੈ। ਬਾਕੀਆਂ ਨੂੰ ਬਦਲਣ ਦੀ ਬਜਾਏ ਜੇ ਅਸੀਂ ਆਪ ਬਦਲਣ ਦੀ ਕੋਸ਼ਿਸ਼ ਕਰੀਏ ਤਾਂ ਆਸਾਨ ਵੀ ਹੈ ਤੇ ਸਹੀ ਤਰੀਕਾ ਵੀ ਇਹ ਹੀ ਹੈ। ਅਸੀਂ ਆਮ ਤੌਰ ਤੇ ਸ਼ਿਕਾਇਤ ਕਰਦੇ ਹਾਂ ਕਿ ਸਾਡੀ ਕੋਈ ਨਹੀਂ ਸੁਣਦਾ ਪਰ ਕਦੇ ਨਹੀਂ ਸੋਚਦੇ ਕਿ ਜੇ ਸਾਨੂੰ ਸੁਣਾਉਣ ਦਾ ਸ਼ੌਕ ਹੈ ਤਾਂ ਹੋਰ ਕਿਸੇ ਨੂੰ ਵੀ ਇਹ ਸ਼ੌਕ ਹੋ ਸਕਦਾ ਹੈ। ਸਮਝਦਾਰ ਲੋਕ ਤਾਂ ਸੁਣਨ ਨੂੰ ਵੀ ਤਿਆਰ ਰਹਿਣ ਤਾਂ ਹੀ ਸਮਝਦਾਰੀ ਹੈ। ਕਈ ਵਾਰ ਸੁਣ ਕੇ ਹੀ ਅਸੀਂ ਆਪਣਾ ਪ੍ਰਭਾਵ ਪਾ ਸਕਦੇ ਹਾਂ। ਜੇ ਸਾਨੂੰ ਸੁਣਨਾ ਆ ਜਾਵੇ ਤਾਂ ਵੀ ਅਸੀਂ ਆਪਣੀ ਦੁਨੀਆ ਵਿੱਚ ਵਾਧਾ ਕਰ ਸਕਦੇ ਹਾਂ। ਆਮ ਤੌਰ ਤੇ ਅਸੀਂ ਆਪਣੀ ਸੋਚ ਅਨੁਸਾਰ ਹੀ ਚਲਦੇ ਹਾਂ। ਕਈ ਵਾਰ ਮੈਂ ਲੋਕਾਂ ਨੂੰ ਕਹਿੰਦਿਆਂ ਸੁਣਿਆ, 'ਮੈਂ ਤੈਨੂੰ ਦਿਲ ਦੀ ਗੱਲ ਦਸ ਕੇ ਆਪਣਾ ਦਿਲ ਹੌਲਾ ਕਰ ਲਿਆ ਪਰ ਤੂੰ ਅਗਾਂਹ ਹੋਰ ਕਿਸੇ ਨੂੰ ਨਾ ਦੱਸੀ।' ਪਰ ਅਸੀਂ ਇਹ ਨਹੀਂ ਸੋਚਦੇ ਕਿ ਜੇ ਉਸ ਦਾ ਦਿਲ ਹੌਲਾ ਕਰਨ ਨੂੰ ਦਿਲ ਕਰ ਪਿਆ ਤਾਂ ਫਿਰ ਕੀ ਹੋਊ। ਕਈ ਵਾਰ ਅਸੀਂ ਆਪਣੀ ਗੱਲ ਕਰਨ ਲੱਗੇ ਉਸਦੇ ਨਤੀਜਿਆਂ ਬਾਰੇ ਨਹੀਂ ਸੋਚਦੇ। ਸਿਆਣੇ ਤਾਂ ਉਹ ਹੀ ਹੁੰਦੇ ਹਨ, ਆਪਣੀ ਦੁਨੀਆ ਉਹ ਹੀ ਬਣਾ ਸਕਦੇ ਹਨ ਜੋ ਦੂਰ-ਅੰਦੇਸ਼ ਹੋਣ ਤੇ ਬਾਅਦ ਵਿੱਚ ਨਿਕਲ ਸਕਣ ਵਾਲੇ ਨਤੀਜਿਆਂ ਦਾ ਵੀ ਅੰਦਾਜ਼ਾ ਰੱਖਦੇ ਹੋਣ। ਜਦੋਂ ਅਸੀਂ ਕਿਸੇ ਨੂੰ ਦੋਸ਼ ਦਿੰਦੇ ਹਾਂ ਤਾਂ ਉਸ ਤੋਂ ਪਹਿਲਾਂ ਇੱਕ ਮਿੰਟ ਲਈ ਇਹ ਵੀ ਸੋਚਣਾ ਚਾਹੀਦਾ ਹੈ ਕਿ ਕਿਤੇ ਮੈਂ ਹੀ ਤਾਂ ਗਲਤੀ ਨਹੀਂ ਕਰ ਰਿਹਾ। ਸਾਨੂੰ ਜੋ ਮਰਜ਼ੀ ਬੋਲਣ ਦੀ ਆਜ਼ਾਦੀ ਹੋ ਸਕਦੀ ਹੈ ਪਰ ਬਾਅਦ ਵਿੱਚ ਨਿਕਲਣ ਵਾਲੇ ਨਤੀਜਿਆਂ ਦੀ ਜ਼ਿੰਮੇਵਾਰੀ ਕੌਣ ਲਏਗਾ। ਗਲਤ ਗੱਲ ਹੈ ਤਾਂ ਇਹ ਫਿਰ


Academy of the Punjab in North America: http://www.apnaorg.com

ਕੁਦਰਤੀ ਹੈ ਕਿ ਉਸਦੇ ਨਤੀਜੇ ਸਹੀ ਨਾ ਨਿਕਲਣ। ਦਸਵੀਂ ਮੰਜ਼ਿਲ ਤੋਂ ਛਾਲ ਤਾਂ ਅਸੀਂ ਮਾਰ ਸਕਦੇ ਹਾਂ ਪਰ ਉਸਦਾ ਨਤੀਜਾ ਕੀ ਨਿਕਲੇਗਾ, ਉਹ ਸਾਡੇ ਆਪਣੇ ਹੱਥ ਵੱਸ ਨਹੀਂ ਹੁੰਦਾ।

ਸਾਡਾ ਸੁਭਾਅ ਸਾਡੇ ਅਸੂਲਾਂ ਤੇ ਨਿਰਭਰ ਕਰਦਾ ਹੈ। ਕੁਦਰਤ ਦੇ ਅਸੂਲਾਂ ਦੀ ਉਲੰਘਣਾ ਕਰਨ ਦੇ ਵੀ ਜੋ ਨਤੀਜੇ ਹਨ, ਉਹ ਸਾਨੂੰ ਭੁਗਤਣੇ ਪੈਂਦੇ ਹਨ। ਆਮ ਤੌਰ ਤੇ ਸਾਨੂੰ ਬਾਅਦ ਵਿੱਚ ਨਤੀਜੇ ਭੁਗਤਣ ਕਰਕੇ ਹੀ ਪਤਾ ਲਗਦਾ ਹੈ ਕਿ ਸਾਥੋਂ ਗਲਤੀ ਹੋ ਗਈ। ਪਰ ਗਲਤੀ ਮੰਨ ਲੈਣੀ ਜਾਂ ਦੁਬਾਰਾ ਉਹ ਗਲਤੀ ਨਾ ਕਰਨੀ ਸਾਨੂੰ ਦੁਨੀਆ ਨਾਲ ਜੋੜਦੀ ਹੈ। ਆਪਣੀ ਜ਼ਿਦ ਤੇ ਅੜ ਜਾਣ ਨਾਲ ਅਸੀਂ ਟੁੱਟਦੇ ਹਾਂ। ਆਪਣੀ ਗਲਤੀ ਨਾ ਮੰਨਣੀ ਸਾਡੀ ਸਭ ਤੋਂ ਵੱਡੀ ਗਲਤੀ ਹੁੰਦੀ ਹੈ। ਆਪਣੀ ਗਲਤੀ ਨੂੰ ਲਕੋਣਾ ਆਪਣੀ ਗਲਤੀ ਦੀ ਵਕਾਲਤ ਕਰਨ ਦੇ ਬਰਾਬਰ ਹੁੰਦਾ ਹੈ। ਜੇ ਸਾਡੇ ਕੋਈ ਅਸੂਲ ਹੀ ਨਹੀਂ ਆਪਣੇ ਨਾਲ, ਕੋਈ ਵਾਅਦੇ ਹੀ ਨਹੀਂ ਤਾਂ ਸਾਡਾ ਕੋਈ ਵਜੂਦ ਵੀ ਨਹੀਂ ਹੋ ਸਕਦਾ। ਜੇ ਸਾਡੇ ਵਾਅਦੇ ਨਿਭਾਉਣ ਦੀ ਰੁਚੀ ਹੈ, ਉਹ ਹੀ ਸਾਨੂੰ ਸਾਡੀ ਦੁਨੀਆ ਵਿੱਚ ਗਿਣਤੀ ਕਰਵਾਉਂਦੀ ਹੈ। ਵਾਅਦਾ ਖ਼ਿਲਾਫ਼ੀ ਕਰਨ ਵਾਲਿਆਂ ਦੇ ਸਾਰੇ ਖ਼ਿਲਾਫ਼ ਹੋ ਜਾਂਦੇ ਹਨ। ਸਾਡੇ ਵਾਅਦੇ ਤੇ ਵਾਅਦੇ ਨਿਭਾਉਣ ਦੀ ਨੀਯਤ ਤੋਂ ਹੀ ਸਾਡੀ ਸ਼ਖਸ਼ੀਅਤ ਬਣਦੀ ਹੈ। ਸਾਡਾ ਅੰਦਰੂਨੀ ਗਿਆਨ ਤੇ ਸਾਡੀ ਜ਼ਮੀਰ ਦਾ ਪਤਾ ਵੀ ਸਾਡੇ ਵਾਅਦੇ ਨਿਭਾਉਣ ਤੋਂ ਹੀ ਲਗਦਾ ਹੈ। ਜੇ ਅਸੀਂ ਆਪਣੇ ਆਪ ਤੇ ਮਾਣ ਕਰਨਾ ਚਾਹੁੰਦੇ ਹਾਂ ਤਾਂ ਸਾਨੂੰ ਆਪਣੇ ਅਸੂਲਾਂ ਤੇ ਪਹਿਰਾ ਦੇਣਾ ਪਵੇਗਾ। ਆਪਣੇ ਵਾਅਦੇ ਨਿਭਾਉਣੇ ਪੈਣਗੇ। ਆਪਣੇ ਅਸੂਲਾਂ ਤੇ ਪੂਰੇ ਉਤਰ ਕੇ ਜੋ ਮਜ਼ਾ ਆਉਂਦਾ ਹੈ, ਅਸੂਲ ਤੋੜ ਕੇ ਓਨਾ ਹੀ ਪਛਤਾਵਾ ਲਗਦਾ ਹੈ। ਪਛਤਾਵੇ ਦਾ ਇਜ਼ਹਾਰ ਨਾ ਕਰਕੇ ਵੀ ਦਰਦ ਜ਼ਰੂਰ ਹੁੰਦਾ ਹੈ, ਮੰਨੀਏ ਜਾਂ ਨਾ ਸਾਡੀ ਮਰਜ਼ੀ। ਸਿਆਣੇ ਲੋਕ ਵਾਅਦੇ ਨਿਭਾਉਂਦੇ ਹਨ। ਸਿਆਣੇ ਲੋਕ ਰਸਤਾ ਦਿਖਾਉਂਦੇ ਹਨ, ਭਟਕਦੇ ਨਹੀਂ, ਸਗੋਂ ਭਟਕਣ ਦੂਰ ਕਰਦੇ ਹਨ। ਖ਼ੁਦ ਫੈਸਲਾ ਹੁੰਦੇ ਹਨ, ਲੋਕ ਉਹਨਾਂ ਦੇ ਫੈਸਲੇ ਨਹੀਂ ਕਰਦੇ। ਵਧੀਆ ਲੋਕ ਆਲੋਚਨਾ ਕਰਨ ਦੀ ਬਜਾਏ ਮਿਸਾਲ ਬਣ ਕੇ ਦਿਖਾਉਂਦੇ ਹਨ। ਵਧੀਆ ਲੋਕ ਸਮੱਸਿਆਵਾਂ ਹੱਲ ਕਰਦੇ ਹਨ, ਸਮੱਸਿਆਵਾਂ ਖੜੀਆਂ ਨਹੀਂ ਕਰਦੇ । ਸਿਰਫ਼ ਉਹ ਹੀ ਕੰਮ ਕਰਦੇ ਹਨ ਜੋ ਸਹੀ ਤਰੀਕੇ ਨਾਲ ਕਰ ਸਕਦੇ ਹਨ। ਗਲਤੀ ਨਹੀਂ ਕਰਦੇ, ਜੇ ਗ਼ਲਤੀ ਹੋ ਜਾਵੇ ਤਾਂ ਕਿਸੇ ਹੋਰ ਨੂੰ ਆਪਣੀ ਗਲਤੀ ਦਾ ਦੋਸ਼ੀ ਨਹੀਂ ਠਹਿਰਾਉਂਦੇ । ਗਲਤੀ ਹਰ ਇਨਸਾਨ ਤੋਂ ਹੋ ਸਕਦੀ ਹੈ। ਗਲਤੀ ਮੰਨ ਲੈਣਾ ਤੇ ਮਰਦਾਂ ਵਾਂਗ ਨਤੀਜੇ ਭੁਗਤਣ ਲਈ ਤਿਆਰ ਰਹਿਣਾ ਹੀ ਮਰਦਾਂ ਦੀ ਪਹਿਚਾਣ ਹੈ। ਨਿਪੁੰਸਕ ਲੋਕ ਦੁਨੀਆ ਨਹੀਂ ਬਣਾ ਸਕਦੇ।

****


Academy of the Punjab in North America: http://www.apnaorg.com

# ਸਾਡੇ ਟੀਚੇ

ਜੋ ਬੀਤ ਗਿਆ ਉਹ ਤਾਂ ਬੀਤ ਗਿਆ। ਜੇ ਕੁਝ ਚੰਗਾ ਹੋਇਆ ਜੇ ਅਸੀਂ ਕੁਝ ਵਧੀਆ ਕਰ ਸਕੇ ਤਾਂ ਉਸ ਦਾ ਫਲ ਵੀ ਸਾਨੂੰ ਜ਼ਰੂਰ ਮਿਲਿਆ ਹੋਊ ਜਾਂ ਮਿਲ ਰਿਹਾ ਹੋਵੇ । ਜੇ ਅਸੀਂ ਕੋਈ ਖੁਨਾਮੀ ਕਰ ਬੈਠੇ ਹਾਂ ਤਾਂ ਉਸ ਦਾ ਵੀ ਨਤੀਜਾ ਭੁਗਤਿਆ ਹੋਊ। ਮਰ ਮੁੱਕ ਗਿਆਂ ਸਮਿਆਂ ਦਾ ਸੇਕ ਭਾਵੇਂ ਹਮੇਸ਼ਾਂ ਸਾਡੇ ਨਾਲ ਰਹਿੰਦਾ ਹੈ। ਪਰ ਸਿਆਣੇ ਲੋਕ ਉਸ ਤੋਂ ਸਬਕ ਸਿੱਖਦੇ ਹਨ -ਭੂਤਕਾਲ ਦੇ ਭੂਤ ਨੂੰ ਹਮੇਸ਼ਾਂ ਚਮੇੜੀ ਨਹੀਂ ਰੱਖਦੇ। ਸਾਡੇ ਤੋਂ ਜਾਂ ਸਾਡੇ ਬਜ਼ੁਰਗਾਂ ਤੋਂ ਜੇ ਕੋਈ ਗਲਤੀ ਹੋਈ ਹੋਵੇ ਤਾਂ ਉਸ ਨੂੰ ਜ਼ਿਹਨ ਵਿੱਚ ਰੱਖ ਕੇ ਉਸ ਤਰ੍ਹਾਂ ਦੀ ਹੋਰ ਗਲਤੀ ਨਾ ਕਰੀਏ ਤਾਂ ਠੀਕ ਹੈ। ਬੀਤ ਗਿਆ ਸੋ ਬੀਤ ਗਿਆ। ਬੀਤ ਗਏ ਨੂੰ ਫਿਰ ਦੁਬਾਰਾ ਨਹੀਂ ਬਿਤਾਇਆ ਜਾ ਸਕਦਾ। ਆਉਣ ਵਾਲਾ ਸਮਾਂ ਵੀ ਕਿਸੇ ਨੇ ਦੇਖਿਆ ਨਹੀਂ। ਆਉਣ ਵਾਲੇ ਸਮੇਂ ਕਿਸ ਰਾਜੇ ਦੀ ਪਰਜਾ ਹੋਊ ਕੀ ਪਤਾ। ਕਿਸੇ ਦੇਸ਼ ਵਿੱਚ ਸਰਕਾਰਾਂ ਬਹੁਤ ਬਦਲਦੀਆਂ ਸਨ। ਸਾਲ ਦੇ ਦਰਮਿਆਨ ਕਿਸੇ ਸਕੂਲ ਵਿੱਚ ਮਾਸਟਰ ਨੇ ਕਲਾਸ ਵਿੱਚ ਪੁੱਛਿਆ, ਆਪਣੇ ਦੇਸ਼ ਦੇ ਪ੍ਰਧਾਨ ਮੰਤਰੀ ਜੀ ਕੌਣ ਹੈ? ਕਲਾਸ ਵਿੱਚ ਕਿਸੇ ਨੇ ਵੀ ਸਹੀ ਨਾ ਦੱਸਿਆ, ਕਲਾਸ ਦੇ ਮਨੀਟਰ ਨੂੰ ਖੜ੍ਹਾ ਕਰਕੇ ਮਾਸਟਰ ਕਹਿਣ ਲੱਗਾ, ਜੇ ਇਹ ਸਵਾਲ ਅਪ੍ਰੈਲ ਵਿੱਚ ਸਾਲਾਨਾ ਇਮਤਿਹਾਨ ਵਿੱਚ ਆ ਗਿਆ ਤਾਂ ਕੀ ਕਰੋਗੇ? ਲੜਕੇ ਨੇ ਜਵਾਬ ਦਿੱਤਾ ਕਿ ਜਿਹੜਾ ਪ੍ਰਧਾਨ ਮੰਤਰੀ ਅਪ੍ਰੈਲ ਵਿੱਚ ਹੋਇਆ ਉਸਦਾ ਨਾਂ ਅਸੀਂ ਅਪ੍ਰੈਲ ਵਿੱਚ ਹੀ ਯਾਦ ਕਰਾਂਗੇ। ਸੋ ਭਵਿੱਖ ਬਾਰੇ ਬਹੁਤਾ ਕੋਈ ਨਹੀਂ ਸੋਚਦਾ। ਵਰਤਮਾਨ ਨੂੰ ਜੋ ਗੰਭੀਰਤਾ ਨਾਲ ਨਹੀਂ ਲੈਂਦੇ, ਉਹ ਆਪਣੇ ਨਾਲ ਨਿਆਂ ਨਹੀਂ ਕਰ ਰਹੇ ਹੁੰਦੇ। ਜੇ ਕੋਈ ਆਪਣੇ ਨਾਲ ਨਿਆਂ ਨਹੀਂ ਕਰ ਸਕਦਾ। ਹੋਰ ਕਿਸੇ ਨਾਲ ਕੀ ਨਿਆਂ ਕਰੂ ? ਬੀਤ ਚੁੱਕੇ ਸਮੇਂ ਵਿੱਚੋਂ ਵੀ ਪੜ੍ਹ ਸੁਣ ਕੇ ਅਤੇ ਵਰਤਮਾਨ ਵਿੱਚ ਵਿਚਰਦਿਆਂ ਅਸੀਂ ਦੁਨੀਆ ਦੀ ਰਫ਼ਤਾਰ ਵਿੱਚ ਆਪਣੇ ਆਪ ਨੂੰ ਭਾਲਦੇ ਫਿਰਦੇ ਹਾਂ।

ਬਹੁਤ ਪੁਰਾਣੀ ਗੱਲ ਹੈ ਕਿ ਮੈਂ ਤੇ ਮੇਰਾ ਵੱਡਾ ਭਰਾ ਸੁਖਜਿੰਦਰ ਕਾਲਾ ਸੰਘਿਆਂ ਬਾਜ਼ਾਰ ਵਿੱਚੋਂ ਕੁਝ ਲੈਣ ਗਏ। ਇਹ **1971** ਦੇ ਕਰੀਬ ਦੀ ਗੱਲ ਹੈ, ਮੈਨੂੰ ਪੱਕਾ ਨਹੀਂ ਯਾਦ। ਸੁਖਜਿੰਦਰ ਹਾਲੇ ਨਵਾਂ ਨਵਾਂ ਕੈਪਟਨ ਬਣਿਆ ਸੀ। ਲੰਬਰੇਟੇ ਸਕੂਟਰ ਤੇ ਅਸੀਂ ਗਏ। ਜਦੋਂ ਅਸੀਂ ਬਾਜ਼ਾਰ ਵਿੱਚ ਜਾ ਕੇ ਸਕੂਟਰ ਖੜਾ ਕੀਤਾ ਤਾਂ ਸਾਡੀ ਜਾਣ ਪਹਿਚਾਣ ਵਾਲੇ ਕਈ ਲੋਕ ਇਕੱਠੇ ਹੋ ਗਏ। ਸੁਖਜਿੰਦਰ ਸ਼ਾਇਦ ਪਹਿਲੀ ਵਾਰ ਕਾਲਾ ਸੰਘਿਆਂ ਨੂੰ ਵਰਦੀ ਵਿੱਚ ਗਿਆ ਸੀ। ਮੈਂ ਤਾਂ ਸੌਦਾ ਲੈਂਦਾ ਰਿਹਾ। ਸੁਖਜਿੰਦਰ ਨੂੰ ਕਈ ਤਰ੍ਹਾਂ ਦੇ ਸਵਾਲ ਕਰਨ ਲੋਕ, ਕਿੱਥੇ ਪੋਸਟਿੰਗ ਹੈ? ਉਥੇ ਮੌਸਮ ਕਿਹੋ ਜਿਹਾ ? ਤੁਹਾਨੂੰ ਸਾਰਾ ਦਿਨ ਕੀ ਕਰਨਾ ਪੈਂਦਾ ਹੈ? ਇਸ ਤਰ੍ਹਾਂ ਦੇ ਲੋਕ ਸਵਾਲ ਕਰਦੇ ਸੀ। ਮੈਂ ਸੌਦਾ ਲੈ ਕੇ ਥੈਲਾ ਸਕੂਟਰ ਦੀ ਪਿਛਲੀ ਸੀਟ ਤੇ ਲਿਜਾ ਰੱਖਿਆ। ਕਈ ਲੋਕ ਦੇਰ ਨਾਲ ਸੁਖਜਿੰਦਰ ਨੂੰ ਮਿਲੇ। ਬੜੀ ਦਿਲਚਸਪੀ ਨਾਲ ਗੱਲਾਂ ਕਰਨੀਆਂ ਚਾਹੁੰਦੇ ਸਨ। ਮੇਰਾ ਇੱਕ ਸਕੂਲ ਦਾ ਜਮਾਤੀ ਪੂਰਨ ਪਹਿਲੀ ਤੋਂ ਦਸਵੀਂ ਤੱਕ ਦਸ ਸਾਲ ਇੱਕੋ ਹੀ ਕਲਾਸ ਵਿੱਚ ਇਕੱਠੇ ਪੜ੍ਹੇ। ਪੂਰਨ ਮੇਰੇ ਕੋਲ ਆਣ ਖੜ੍ਹਾ ਹੋਇਆ। ਬੜੀ ਨੀਝ ਨਾਲ ਵਰਦੀ ਵੱਲ ਦੇਖੇ, ਕਦੇ ਮੋਢੇ ਤੇ ਲੱਗੇ ਤਿੰਨ ਤਾਰਿਆਂ ਨੂੰ ਦੇਖੇ। ਮੈਨੂੰ ਕਹਿਣ ਲੱਗਾ ਯਾਰ ਮੇਰਾ ਵੀ ਦਿਲ ਕਰਦਾ ਵੱਡਾ ਹੋ ਕੇ ਫੌਜੀ ਅਫ਼ਸਰ ਬਣਾਂ। ਅਸੀਂ ਦੁਨੀਆ ਵਿੱਚ ਆਪਣੇ ਅਸਥਾਨ ਦੀ ਖੋਜ ਕਰਦੇ ਫਿਰਦੇ ਹਾਂ। ਜੋ ਅਸੀਂ ਕਰਨਾ ਚਾਹੁੰਦੇ ਹਾਂ, ਜੋ ਅਸੀਂ ਸੁਣਨਾ ਚਾਹੁੰਦੇ ਹਾਂ, ਉਹ ਦੁਨੀਆ ਦੇ ਲੋਕਾਂ ਦੀਆਂ ਕਾਮਯਾਬੀਆਂ ਵਰਗਾ ਹੋਵੇ ਤਾਂ ਠੀਕ ਹੈ। ਜੇ ਕੋਈ ਚੋਰ ਚੋਰੀ ਕਰਦਾ ਫੜਿਆ ਜਾਵੇ ਤਾਂ ਉਸ ਦੇ ਕੁੱਟ ਪੈ ਰਹੀ ਹੋਵੇ ਤਾਂ ਵੇਖਣ ਵਾਲਾ ਕਹੇਗਾ ਹੋਰ ਮਾਰੋ ਚਾਰ ਇਹਦੇ। ਸੋ ਕੋਈ ਵੀ ਉਸ ਵਰਗਾ ਨਹੀਂ ਬਣਨਾ ਚਾਹੇਗਾ।

ਅਸੀਂ ਕਈ ਵਾਰ ਬੱਚਿਆਂ ਨੂੰ ਸਵਾਲ ਕਰਦੇ ਹਾਂ ਵੱਡਾ ਹੋ ਕੇ ਕੀ ਬਣਨਾ ਚਾਹੁੰਦਾ? ਦੁਨੀਆ ਇੱਕ ਮਾਡਲ ਹੈ। ਇਸ ਵਿੱਚ ਕਿਸ ਤਰ੍ਹਾਂ ਦਾ ਮਾਡਲ ਸਾਨੂੰ ਬਹੁਤ ਚੰਗਾ ਲਗਦਾ ਹੈ, ਮਨ ਨੂੰ ਭਾਉਂਦਾ ਹੈ। ਬੱਸ ਸਾਡੀ ਲੋਚਾ


Academy of the Punjab in North America: http://www.apnaorg.com

ਇਹ ਹੀ ਬਣ ਜਾਵੇਗੀ ਕਿ ਕਾਸ਼ ਮੈਂ ਇਸ ਵਰਗਾ ਬਣ ਜਾਵਾਂ। ਇਹ ਜੋ ਕੁਝ ਬਣ ਸਕਣ ਦੀ ਲੋਚਾ ਹੈ, ਕਿਸੇ ਵਰਗਾ ਬਣ ਸਕਣ ਦੀ ਰੀਝ ਹੈ, ਇਹ ਹੀ ਸਾਡੇ ਟੀਚੇ ਹੁੰਦੇ ਹਨ। ਟੀਚੇ ਕਦੇ ੳ ਅ ਤੋਂ ਨਹੀਂ ਸ਼ੁਰੂ ਹੁੰਦੇ। ਟੀਚਾ ਕੋਈ ਸ਼ੁਰੂ ਕਰਨ ਦੀ ਅਵਸਥਾ ਨਹੀਂ ਹੈ, ਟੀਚਾ ਤਾਂ ਪਹੁੰਚਣ ਦੀ ਅਵਸਥਾ ਹੈ। ਟੀਚੇ ਇਮਤਿਹਾਨ ਨਹੀਂ ਹੁੰਦੇ ਨਤੀਜੇ ਹੁੰਦੇ ਹਨ। ਹਾਂ ਟੀਚਿਆਂ ਦੀ ਪ੍ਰਾਪਤ ਲਈ ਕਈ ਇਮਤਿਹਾਨ ਦੇਣੇ ਪੈ ਸਕਦੇ ਹਨ। ਟੀਚਾ ਤਾਂ ਇੱਕ ਸਫਲਤਾ ਹੈ, ਜਿੰਨਾ ਜ਼ਿਆਦਾ ਕਾਬਲ ਇਨਸਾਨ ਹੋਵੇਗਾ ਓਨਾ ਵਧੀਆ ਟੀਚਾ ਮਿਥ ਸਕਦਾ ਹੈ, ਓਨੀ ਆਸਾਨੀ ਨਾਲ ਆਪਣੇ ਟੀਚੇ ਤੇ ਪਹੁੰਚ ਸਕਦਾ ਹੈ ਤੇ ਕਈ ਲੋਕ ਇਸ ਨਾਲ ਵੀ ਸੰਤੁਸ਼ਟ ਨਹੀਂ ਹੁੰਦੇ। ਉਹ ਇੱਕ ਟੀਚਾ ਪੂਰਾ ਕਰਕੇ ਹੋਰ ਵਧੀਆ ਵਧੀਆ ਟੀਚੇ ਬਣਾ ਲੈਂਦੇ ਹਨ। ਸੂਰਜ ਤੇ ਪਹੁੰਚਣ ਦਾ ਟੀਚਾ ਹੈ ਕਿਸੇ ਦਾ ਤਾਂ ਚਲੋ ਚੰਦ ਤੇ ਤਾਂ ਸ਼ਾਇਦ ਪਹੁੰਚ ਹੀ ਜਾਵੇ। ਬਹੁਤ ਵੱਡੇ ਟੀਚੇ ਕਈ ਵਾਰ ਪ੍ਰਾਪਤ ਨਹੀਂ ਵੀ ਹੁੰਦੇ ਪਰ ਇਸ ਦਾ ਮਤਲਬ ਇਹ ਨਹੀਂ ਕਿ ਨਾ ਪ੍ਰਾਪਤ ਹੋ ਸਕਣ ਵਾਲਾ ਟੀਚਾ ਨਹੀਂ ਹੋ ਸਕਦਾ। ਸਾਨੂੰ ਇਸ ਤਰ੍ਹਾਂ ਸੋਚਣਾ ਚਾਹੀਦਾ ਹੈ ਕਿ ਟੀਚਾ ਕੀ ਹੈ? ਗੋਲ ਕੀ ਹੈ ? ਟੀਚੇ ਮਿਥਣ ਤੋਂ ਬਿਨਾਂ ਭੇਡ ਚਾਲੇ ਤੁਰ ਕੇ ਤੁਹਾਡੀ ਆਪਣੀ ਪਹਿਚਾਣ ਨਹੀਂ ਬਣ ਸਕਦੀ। ਜੇ ਦੁਨੀਆ ਤੇ ਕੋਈ ਪ੍ਰਭਾਵ ਛੱਡਣਾ ਚਾਹੁੰਦੇ ਹਾਂ ਤਾਂ ਟੀਚੇ ਮਿਥਣੇ ਪੈਣਗੇ। ਟੀਚਿਆਂ ਨੂੰ ਪੂਰਾ ਕਰਨ ਲਈ ਪੰਗੇ ਲੈਣੇ ਪੈਣਗੇ। ਸਫ਼ਰ ਤਹਿ ਕਰਦਿਆਂ ਮੁਸੀਬਤਾਂ ਵੀ ਝੱਲਣੀਆਂ ਪੈਣਗੀਆਂ। ਤਾਰੂ ਹੀ ਡੁੱਬਿਆ ਕਰਦੇ ਹਨ। ਇਹ ਵੀ ਬਿਲਕੁਲ ਠੀਕ ਹੈ ਜਿਹੜਾ ਕਦੇ ਪਾਣੀ ਵਿੱਚ ਵੜਿਆ ਹੀ ਨਹੀਂ, ਉਹ ਤਰਨ ਦੀ ਜਾਂਚ ਕਿਵੇਂ ਸਿੱਖ ਸਕਦਾ ਹੈ। ਦੁਨੀਆ ਦਾ ਚਾਨਣ ਮੁਨਾਰਾ ਤਾਂ ਉਹ ਹੀ ਬਣ ਸਕਦਾ ਹੈ ਜਿਸ ਵਿੱਚ ਲੋਅ ਹੋਵੇ, ਰੌਸ਼ਨੀ ਹੋਵੇ ’ਤੇ ਯਾਦ ਰੱਖਿਓ ਰੌਸ਼ਨੀ ਪ੍ਰਦਾਨ ਕਰਨ ਵਾਲੇ ਸੇਕ ਤੋਂ ਬਚਣ ਬਾਰੇ ਕਦੇ ਨਹੀਂ ਸੋਚਦੇ।

ਮੰਜ਼ਿਲ ਦਾ ਪਤਾ ਹੋਵੇ ਕਿਹੜੀ ਹੈ ਤਾਂ ਹੀ ਤਾਂ ਅਸੀਂ ਉਸ ਵੱਲ ਤੁਰ ਸਕਦੇ ਹਾਂ। ਸਾਨੂੰ ਪਤਾ ਹੈ ਕਿ ਅਸੀਂ ਜਲੰਧਰੋਂ ਦਿੱਲੀ ਪਹੁੰਚਣਾ ਹੈ ਤਾਂ ਆਪਣੇ ਆਪ ਕਾਰ ਲੁਧਿਆਣੇ ਵੱਲ ਨੂੰ ਮੁੜ ਪਵੇਗੀ। ਅੰਮ੍ਰਿਤਸਰ ਵੱਲ ਨਹੀਂ। ਹਰ ਮੋੜ ਤੇ ਤੁਸੀਂ ਦਿੱਲੀ ਦੇ ਨਿਸ਼ਾਨ ਭਾਲੋਗੇ। ਜੇ ਕੋਈ ਪਤਾ ਨਾ ਲੱਗੇ ਤਾਂ ਪੁੱਛੋਗੇ ਕਿਸੇ ਨੂੰ ਕਿ ਦਿੱਲੀ ਜਾਣ ਦਾ ਕਿਹੜਾ ਰਸਤਾ ਹੈ। ਦਿੱਲੀ ਜਾਣਾ ਹੈ ਤਾਂ ਫਿਰ ਹੋਰ ਕਿਸੇ ਗਲਤ ਪਾਸੇ ਜਾਇਆਂ ਤਾਂ ਪਹੁੰਚ ਨਹੀਂ ਸਕਣਾ। ਇਸ ਲਈ ਹਰ ਸੰਭਵ ਕੋਸ਼ਿਸ਼ ਇਹ ਹੀ ਰਹੇਗੀ ਕਿ ਸਿੱਧੇ ਦਿੱਲੀ ਵੱਲ ਨੂੰ ਹੀ ਜਾਂਦੀ ਸੜਕ ਤੇ ਰਹੀਏ। ਰਸਤੇ ਵਿੱਚ ਕਈ ਤਰ੍ਹਾਂ ਦੀਆਂ ਪਰੇਸ਼ਾਨੀਆਂ ਹੋ ਸਕਦੀਆਂ ਹਨ। ਕਿਸੇ ਐਕਸੀਡੈਂਟ ਕਰਕੇ ਟ੍ਰੈਫ਼ਿਕ ਜਾਮ ਹੋ ਸਕਦੀ ਹੈ ਜਾਂ ਕੋਈ ਵੱਡਾ ਮੰਤਰੀ ਲੰਘਣਾ ਹੈ, ਇਸ ਲਈ ਤਿੰਨ ਘੰਟੇ ਬਾਕੀ ਸਾਰਿਆਂ ਨੂੰ ਰੋਕ ਦਿੱਤਾ ਗਿਆ ਹੋਵੇ। ਜਾਂ ਤੁਹਾਡੀ ਕਾਰ ਦਾ ਟਾਇਰ ਪੈਂਚਰ ਹੋ ਜਾਵੇ, ਕੋਈ ਵੀ ਕਾਰਨ ਹੋਵੇ, ਰੁਕਾਵਟ ਪੈ ਸਕਦੀ ਹੈ। ਮੰਜ਼ਿਲ ਤੇ ਪਹੁੰਚਦਿਆਂ ਦੇਰੀ ਹੋ ਸਕਦੀ ਹੈ। ਪਰ ਜੇ ਜ਼ਰੂਰ ਜਾਣਾ ਚਾਹੁੰਦੇ ਹੋ ਜ਼ਰੂਰ ਪਹੁੰਚਣਾ ਚਾਹੁੰਦੇ ਹੋ ਤਾਂ ਰੱਬ ਕਰੇ ਜ਼ਰੂਰ ਪਹੁੰਚੋਗੇ। ਕਈ ਵਾਰ ਰਸਤੇ ਵਿੱਚ ਕੋਈ ਰੌਚਿਕ ਘਟਨਾ ਵਾਪਰ ਜਾਂਦੀ ਹੈ। ਰਾਜ ਪੁਰੇ ਢਾਬੇ ਤੇ ਰੋਟੀ ਖਾਣ ਲਈ ਰੁਕ ਗਏ ਦਾਲ ਸਬਜ਼ੀ ਨੂੰ ਤੜਕਾ ਲੱਗ ਰਿਹਾ ਹੈ, ਏਨੇ ਨੂੰ ਇਕ ਹੋਰ ਕਾਰ, ਜੋ ਦਿੱਲੀ ਵੱਲੋਂ ਆਈ, ਉਸੇ ਹੀ ਢਾਬੇ ਤੇ ਆ ਕੇ ਰੁਕਦੀ ਹੈ। ਉਸ ਵਿਚੋਂ ਤੁਹਾਡਾ ਕੋਈ ਪੁਰਾਣਾ ਮਿੱਤਰ ਜੋ **24** ਸਾਲ ਬਾਅਦ ਮਿਲਿਆ ਹੋਵੇ, ਫਿਰ -ਬੱਲੇ ਬੱਲੇ ਬੱਲੇ ਜੱਫੇ ਪੈ ਜਾਂਦੇ। ਹਾਸੇ ਕੜ ਗਿੱਲੀਆਂ ਪੈਣ ਲਗਦੀਆਂ। ਰਲ ਬੈਠ ਕੇ ਰੋਟੀ ਖਾਣ ਲੱਗਿਆਂ ਕੈਲੇਫੋਰਨੀਆਂ ਤੋਂ ਆਇਆ ਮਿੱਤਰ ਦੁਨੀਆ ਦੀ ਸਭ ਤੋਂ ਵਧੀਆਂ ਸਕਾਚ ਦੀ ਬੋਤਲ ਕੱਢ ਲੈਂਦਾ ਤੇ ਨਾਲੇ ਹੱਸ ਹੱਸ ਕੇ ਆਖਦਾ-ਮੇਰਾ ਪੱਕਾ ਪ੍ਰੋਗਰਾਮ ਸੀ ਕਿ ਇਹ ਤੇਰੇ ਨਾਲ ਬੈਠ ਕੇ ਪੀਣੀ ਆ। ਬੱਸ ਫਿਰ ਕੀ, ਅਚਾਨਕ ਐਸੀ ਖੁਸ਼ੀ ਮਿਲ ਗਈ ਜਿਸ ਦੀ ਕੋਈ ਆਸ ਹੀ ਨਹੀਂ ਸੀ। ਐਸੀ ਖੁਸ਼ੀ ਜਿਸ ਨੂੰ ਤੁਸੀਂ ਹੋਰ ਹੰਢਾਉਣਾ ਚਾਹੁੰਦੇ ਹੋ। ਮਸਾਂ ਮਸਾਂ ਤੇ ਲੱਭਦੀਆਂ ਇਹੋ ਜਿਹੀਆਂ ਖੁਸ਼ੀਆਂ। ਅੱਜ ਦੇ ਮੌਕੇ ਨਿੱਤ ਨਿੱਤ ਤਾਂ ਮਿਲਦੇ ਨਹੀਂ। ਚੱਲ ਦਿੱਲੀ ਫਿਰ ਕਦੇ ਚਲਾ ਜਾਵੀਂ। ਮੈਂ ਤੇ ਥੋੜ੍ਹੇ ਦਿਨ ਪੰਜਾਬ ਰਹਿਣਾ। ਬੱਸ ਸਾਰਾ ਸਮਾਂ ਇਕੱਠੇ ਰਹਾਂਗੇ। ਚੱਲ ਉਏ ਮੁੰਡਿਆ ਸਰਦਾਰ ਦੀ ਗੱਡੀ ਵਾਪਿਸ ਲੈ ਚੱਲ


Academy of the Punjab in North America: http://www.apnaorg.com

ਡਰਾਇਵਰ ਨੂੰ ਇਸ਼ਾਰਾ ਕਰਕੇ ਤੇ ਤੁਹਾਨੂੰ ਬਾਂਹ ਤੋਂ ਫੜ ਕੇ ਆਪਣੀ ਕਾਰ ਵਿੱਚ ਬਿਠਾ ਲਵੇ ਤੇ ਹੋਰ ਕੁਝ ਸੋਚਣ ਦੀ ਲੋੜ ਹੀ ਮਹਿਸੂਸ ਨਾ ਹੋਵੇ। ਤੁਸੀਂ ਵਾਪਿਸ ਜਲੰਧਰ ਵੀ ਆ ਸਕਦੇ ਹੋ।

ਸਾਡੀ ਮੰਜ਼ਿਲ ਦਾ ਅੰਦਾਜ਼ਾ ਨਾ ਹੋਵੇ, ਜੇ ਪਤਾ ਹੀ ਨਾ ਹੋਵੇ ਕਿਥੇ ਜਾਣਾ ਤਾਂ ਵਾਟ ਕਿਵੇਂ ਮੁਕਾਵਾਂਗਾ ਤੇ ਕਿੰਨੇ ਕੁ ਦੂਰ ਜਾਵਾਂਗੇ। ਤੁਰ ਤਾਂ ਹੀ ਸਕਦੇ ਹਾਂ ਜੇ ਜਾਣਦੇ ਹੋਈਏ ਕਿੱਥੇ ਜਾਣਾ। ਸਾਡੇ ਜੀਵਨ ਦਾ ਕੋਈ ਨਾ ਕੋਈ ਮਨੋਰਥ ਹੋਣਾ ਜ਼ਰੂਰੀ ਹੈ। ਕੋਈ ਨਾ ਕੋਈ ਮੰਜ਼ਿਲ ਕੋਈ ਟੀਚਾ ਜ਼ਰੂਰ ਹੋਣਾ ਚਾਹੀਦਾ ਹੈ। ਜੀਵਨ ਦਾ ਟੀਚਾ ਉਮਰ ਦੇ ਹਰ ਭਾਗ ਦਾ ਟੀਚਾ, ਜਿਵੇਂ ਵਿਦਿਆਰਥੀ ਦਾ ਟੀਚਾ, ਕਿਸਾਨ ਦਾ ਟੀਚਾ, ਵਿਓਪਾਰੀ ਦਾ ਟੀਚਾ, ਬੁਢਾਪੇ ਦਾ ਟੀਚਾ, ਜਵਾਨੀ ਦਾ ਟੀਚਾ। ਹਰ ਸਾਲ ਦਾ ਟੀਚਾ ਵੀ ਹੋ ਸਕਦਾ ਹੈ ਹਰ ਮਹੀਨੇ, ਹਰ ਘੜੀ ਦਾ ਹਰ ਪਲ ਦਾ ਵੀ ਕੋਈ ਟੀਚਾ ਹੋ ਸਕਦਾ ਹੈ। ਲੇਕਿਨ ਬਿਨਾਂ ਟੀਚੇ ਦੇ ਅਸੀਂ ਕੁਝ ਨਹੀਂ ਕਰ ਸਕਦੇ। ਜੀਵਨ ਦੀ ਸੇਧ ਹੋਣੀ ਤਾਂ ਬਹੁਤ ਹੀ ਜ਼ਰੂਰੀ ਹੈ। ਸਮੁੱਚੇ ਤੌਰ ਤੇ ਤੁਹਾਡੀ ਜੀਵਨ ਦੀ ਜੋ ਸੇਧ ਹੈ, ਉਸ ਨੂੰ ਧਿਆਨ ਵਿੱਚ ਰੱਖ ਕੇ ਜਦੋਂ ਚਲਦੇ ਹਾਂ ਤਾਂ ਕਈ ਵਾਰ ਹਾਲਾਤਾਂ ਦੇ ਹੱਥੋਂ ਮਜਬੂਰ ਹੋ ਕੇ ਜਾਂ ਅਣਗਹਿਲੀ ਨਾਲ ਜਾਂ ਫਿਰ ਕਿਸੇ ਹੋਰ ਕਾਰਨ ਕਰਕੇ ਜਾਂ ਅਸੀਂ ਆਪਣੀ ਸੇਧ ਤੋਂ ਉਖੜਦੇ ਹਾਂ ਤਾਂ ਸਾਡੀ ਆਪਣੀ ਜ਼ਮੀਰ ਸਾਨੂੰ ਮੁਆਫ਼ ਨਹੀਂ ਕਰਦੀ। ਜੇ ਕਿਸੇ ਹੋਰ ਦਾ ਵਿਸ਼ਵਾਸ ਸਾਨੂੰ ਨਾ ਰਹੇ। ਜੇ ਕਿਸੇ ਮਿੱਤਰ ਜਾਂ ਕਿਸੇ ਰਿਸ਼ਤੇਦਾਰ ਨਾਲ ਬੇਵਿਸ਼ਵਾਸੀ ਹੋ ਜਾਵੇ ਤਾਂ ਅਸੀਂ ਉਸ ਤੋਂ ਪਰ੍ਹਾਂ ਹੋ ਸਕਦੇ ਹਾਂ। ਖਹਿੜਾ ਛੁਡਾ ਸਕਦੇ ਹਾਂ ਐਸੇ ਵਿਅਕਤੀ ਤੋਂ ਜਿਸ ਨਾਲ ਬੇਵਿਸ਼ਵਾਸੀ ਹੋ ਜਾਵੇ। ਲੇਕਿਨ ਜੇ ਅਸੀਂ ਖ਼ੁਦ ਆਪਣੀ ਸੇਧ ਤੋਂ ਆਪਣੇ ਇਰਾਦੇ ਤੋਂ ਆਪਣੀ ਮੰਜ਼ਿਲ ਵੱਲ ਵਧਦੇ ਰਸਤੇ ਤੋਂ ਉਖੜਦੇ ਹਾਂ ਤਾਂ ਅਸੀਂ ਆਪਣੇ ਆਪ ਨੂੰ ਕੀ ਕਹਾਂਗੇ। ਆਪਣੇ ਆਪ ਤੋਂ ਭੱਜ ਕੇ ਕਿੱਧਰ ਨੂੰ ਜਾਵਾਂਗੇ। ਜੀਵਨ ਦੀ ਭਟਕਣਾ ਵਿੱਚੋਂ ਭਟਕਦੇ ਫਿਰਦੇ ਬਹੁਤ ਲੋਕ ਸਾਨੂੰ ਮਿਲਦੇ ਹਨ। ਉਹ ਸਾਰੇ ਦੇ ਸਾਰੇ ਜੋ ਭਟਕ ਰਹੇ ਮਿਲਦੇ ਹਨ, ਸਾਰੇ ਦੇ ਸਾਰੇ ਆਪਣੀ ਜੀਵਨ ਸੇਧ ਤੋਂ ਆਪਣੀ ਮੰਜ਼ਿਲ ਤੋਂ ਆਪਣੇ ਟੀਚੇ ਤੋਂ ਭਟਕੇ ਹੋਏ ਹੁੰਦੇ ਹਨ। ਕਈ ਵਾਰ ਤੁਸੀ ਸੁਣਿਆ ਹੋਣਾ ਲੋਕਾਂ ਨੂੰ ਕਹਿੰਦਿਆਂ ਕਿ ਮੇਰੀ ਕੋਈ ਮੰਜ਼ਿਲ ਨਹੀਂ ਹੈ, ਕੋਈ ਟੀਚਾ ਨਹੀਂ ਹੈ। ਇਹੋ ਜਿਹੀ ਬਿਆਨਬਾਜ਼ੀ ਕਰਨ ਵਾਲੇ ਆਪਣੇ ਨਾਲ ਝੂਠ ਬੋਲ ਰਹੇ ਹੁੰਦੇ ਹਨ। ਲੂੰਬੜੀ ਦੇ ਅੰਗੂਰ ਖੱਟਿਆਂ ਵਾਲੀ ਕਹਾਣੀ ਸਭ ਨੇ ਪੜ੍ਹੀ ਹੋਵੇਗੀ। ਪਹੁੰਚ ਨਾ ਸਕੀ ਪਰ ਖੱਟੇ ਅੰਗੂਰ ਮੈਨੂੰ ਨਹੀਂ ਚਾਹੀਦੇ, ਆਖ ਕੇ ਦਿਲ ਨੂੰ ਤਸੱਲੀ ਦੇ ਲਈ।

ਕਈ ਵਾਰ ਇਸ ਤਰ੍ਹਾਂ ਵੀ ਹੁੰਦਾ ਹੈ ਕਿ ਟੀਚਾ ਗਲਤ ਮਿਥਿਆ ਜਾਂਦਾ ਹੈ। ਜ਼ਿੰਦਗੀ ਦੀਆਂ ਮੰਜ਼ਲਾਂ ਨਿਸ਼ਚਿਤ ਕਰਨਾ ਵੀ ਬਹੁਤ ਜ਼ਰੂਰੀ ਹੈ। ਇਹ ਵੀ ਜ਼ਰੂਰੀ ਹੈ ਕਿ ਜੋ ਮੰਜ਼ਿਲ ਜੋ ਟੀਚਾ ਅਸੀਂ ਮਿਥ ਲਿਆ ਹੈ, ਉਹ ਠੀਕ ਵੀ ਹੈ ਜਾਂ ਗਲਤ। ਕਈ ਵਾਰ ਸਾਡੇ ਗਲਤ ਫੈਸਲੇ ਸਾਨੂੰ ਏਨਾ ਖ਼ਰਾਬ ਕਰਦੇ ਹਨ ਕਿ ਪਛਤਾਵਾ ਲੱਗ ਜਾਂਦਾ ਹੈ ਕਿ ਮੈਂ ਇਹ ਟੀਚਾ ਕਿਉਂ ਮਿਥ ਲਿਆ। ਖਪ ਖਪ ਕੇ ਮਰਨ ਤੋਂ ਬਾਅਦ ਵੀ ਜਿਸਦਾ ਪਛਤਾਵਾ ਲੱਗ ਜਾਂਦਾ ਹੈ, ਇਹੋ ਜਿਹੇ ਟੀਚੇ ਨਹੀਂ ਮਿਥਣੇ ਚਾਹੀਦੇ। ਕਿਸੇ ਤੇ ਵਿਸ਼ਵਾਸ ਕਰਕੇ ਅਸੀਂ ਕਿਸੇ ਰਾਹ ਤੇ ਤੁਰ ਪੈਂਦੇ ਹਾਂ ਪਰ ਉਹ ਰਸਤਾ ਸਾਨੂੰ ਕੋਹਾਂ ਦੂਰ ਲੈ ਜਾਂਦਾ ਹੈ ਤੇ ਫਿਰ ਵਾਪਸ ਪਰਤਣਾ ਵੀ ਔਖਾ ਹੋ ਜਾਂਦਾ ਹੈ। ਜਿਸ ਨੇ ਤੁਹਾਨੂੰ ਗਲਤ ਰਸਤੇ ਤੇ ਪਾ ਦਿੱਤਾ, ਜ਼ਿਆਦਾ ਤੋਂ ਜ਼ਿਆਦਾ ਉਸਨੂੰ ਇਹ ਹੀ ਕਹਿ ਸਕਦੇ ਹੋ ਕਿ ਤੂੰ ਮੇਰੇ ਨਾਲ ਵਿਸ਼ਵਾਸਘਾਤ ਕੀਤਾ। ਉਲਾਂਭਾ ਦੇਣ ਨਾਲ ਪੈਂਡਿਆਂ ਦੀ ਝੱਖ ਮਾਰੀ ਦਾ ਥਕੇਵਾਂ ਤਾਂ ਨਹੀਂ ਲਹਿ ਸਕਦਾ। ਕਹਿਣ ਤੋਂ ਭਾਵ ਮੰਜ਼ਿਲ ਜ਼ਰੂਰ ਮਿਥਣੀ ਪਵੇਗੀ-ਪਰ ਵੀਰਾ ਸੋਚ ਸਮਝ ਕੇ। ਕਈ ਵਾਰ ਇਵੇਂ ਵੀ ਹੁੰਦਾ ਹੈ ਕਿ ਅਸੀਂ ਚੰਗੇ ਭਲੇ ਰੋਟੀ ਖਾਂਦੇ ਹੁੰਦੇ ਹਾਂ। ਆਮਦਨੀ ਵੀ ਠੀਕ ਠਾਕ, ਪਰਿਵਾਰ ਵੀ ਖੁਸ਼, ਤੰਦਰੁਸਤੀ ਵੀ ਰੱਬ ਦੀ ਕਿਰਪਾ ਨਾਲ ਸਭ ਕੁਝ ਠੀਕ ਹੁੰਦਾ ਹੈ ਲੇਕਿਨ ਕਿਸੇ ਮੁਕਾਬਲੇ ਦਾ ਕਰਕੇ ਕਿਸੇ ਖ਼ਾਰਬਾਜ਼ੀ ਨਾਲ ਜਾਂ ਲਾਲਚ ਵਿੱਚ ਆ ਕੇ ਅਸੀਂ ਆਪਣੀ ਮੰਜ਼ਿਲ ਆਪਣਾ ਟੀਚਾ ਐਸਾ ਮਿਥ ਲੈਂਦੇ ਹਾਂ ਕਿ ਸਭ ਕੁਝ ਹੀ ਜਾਂਦਾ ਲੱਗਦਾ ਹੈ।

ਮੈਨੂੰ ਆਪਣੇ ਇਕ ਖਾਸ ਮਿੱਤਰ ਦੀ ਕਹਾਣੀ ਯਾਦ ਆਈ। ਮੇਰਾ ਇੱਕ ਬਹੁਤ ਵਧੀਆ ਮਿੱਤਰ ਸੀ। ਅਸੀਂ



Academy of the Punjab in North America: http://www.apnaorg.com

**1983** ਵਿੱਚ ਕੁਝ ਚਿਰ ਇਕੱਠੇ ਕੰਮ ਕੀਤਾ। ਬਾਅਦ ਵਿੱਚ ਵੀ ਸਾਡਾ ਆਪਸੀ ਪ੍ਰੇਮ ਬਣਿਆ ਹੋਇਆ ਸੀ। ਅਪ੍ਰੈਲ **1988** ਵਿੱਚ ਮੈਂ ਲਿਕਰ ਸਟੋਰ ਖ਼ਰੀਦਿਆ। ਉਸ ਵਿੱਚ ਮੇਰੇ ਮਿੱਤਰ ਨੇ ਮਦਦ ਕੀਤੀ। ਪੈਸੇ ਦੀ ਵੀ ਤੇ ਉਂਝ ਵੀ ਮੇਰੇ ਨਾਲ ਜਾਂਦਾ ਆਉਂਦਾ ਰਿਹਾ। ਹਾਲੇ ਦੋ ਤਿੰਨ ਮਹੀਨੇ ਹੀ ਹੋਏ ਸਨ ਕਿ ਉਸਨੇ ਵੀ ਲਾਗਲੇ ਸ਼ਹਿਰ ਔਕਸਨਾਰਡ ਵਿੱਚ ਲਿੱਕਰ ਸਟੋਰ ਲੈ ਲਿਆ। ਮੈਂ ਵੀ ਉਸਦੀ ਪੂਰੀ ਮਦਦ ਕੀਤੀ ਸਗੋਂ ਇੱਕ ਮਿੱਤਰ ਤੋਂ **80000** ਡਾਲਰ ਲੋਨ ਵੀ ਆਪਣੀ ਜ਼ਿੰਮੇਵਾਰੀ ਤੇ ਲੈ ਕੇ ਦਿੱਤਾ। ਉਸ ਦਾ ਸਟੋਰ ਮੇਰੇ ਵਾਲੇ ਨਾਲੋਂ ਬਹੁਤ ਵਧੀਆ ਸੀ। ਖੈਰ ਮੈਂ ਤੇ ਮੇਰੀ ਪਤਨੀ ਹਰਪ੍ਰੀਤ ਨੇ ਬੜੀ ਮਿਹਨਤ ਕੀਤੀ। ਦਿਨ ਰਾਤ ਇਕ ਕਰ ਦਿੱਤਾ। ਰੱਬ ਨੇ ਬਹੁਤ ਬਰਕਤ ਪਾਈ ਤੇ ਸਾਡੀ ਦੁਕਾਨ ਆਲੇ ਦੁਆਲੇ ਮਸ਼ਹੂਰ ਹੋ ਗਈ। ਬੜੀ ਬਰਕਤ ਪਾਈ ਰੱਬ ਨੇ। ਅਸੀਂ ਅਕਤੂਬਰ **1989** ਵਿੱਚ ਪੈਸੇ ਜੋੜ ਕੇ ਘਰ ਵੀ ਖਰੀਦ ਲਿਆ। ਸਾਡੇ ਮਿੱਤਰ ਨੇ ਵੀ ਮਹੀਨੇ ਦੇ ਵਿੱਚ ਵਿੱਚ ਘਰ ਲੈ ਲਿਆ। ਖੈਰ ਬੜਾ ਵਧੀਆ ਹੋਇਆ, **1990** ਵਿੱਚ ਅਸੀ ਫਿਲਮੋਰ ਮਾਰਕੀਟ ਖਰੀਦ ਲਈ। ਸਾਡੇ ਮਿੱਤਰ ਨੇ ਵੀ ਮਹੀਨੇ ਦੇ ਵਿੱਚ ਵਿੱਚ ਇਕ ਮਾਰਕੀਟ ਖਰੀਦੀ। **1991** ਵਿੱਚ ਐਲਰੀਓ ਮਾਰਕੀਟ ਅਸੀਂ ਖਰੀਦ ਲਈ। ਮਿੱਤਰ ਮੇਰਾ ਵੀ ਕਿਉਂ ਪਿਛੇ ਰਹੇ, ਉਸ ਨੇ ਫਰੈਜ਼ਨੋ ਵੱਲ ਇਕ ਸਟੋਰ ਹੋਰ ਜਾ ਲਿਆ। **1992** ਵਿੱਚ ਮੇਰੇ ਹੋਰ ਸਾਥੀ ਮੇਰੇ ਨਾਲ ਰਲ ਗਏ ਤਾਂ ਅਸੀ ਮੂਰਪਾਰਕ ਮਾਰਕੀਟ ਖਰੀਦੀ। ਮੇਰਾ ਮਿੱਤਰ ਤਾਂ ਟੀਚਾ ਮਿਥ ਕੇ ਬੈਠਾ ਸੀ ਕਿ ਬਰਾਬਰ ਚੱਲਣਾ ਹੈ। ਉਸ ਨੇ ਵੀ ਇਕ ਹੋਰ ਦੁਕਾਨ ਔਕਸਨਾਰਡ ਬਣਾ ਲਈ। ਅਸੀਂ ਤਾਂ ਜਿਵੇਂ ਜਿਵੇਂ ਰਿਸ਼ਤੇਦਾਰ ਇਕੱਠੇ ਹੁੰਦੇ ਗਏ, ਉਵੇਂ ਹੀ ਹੋਰ ਕੰਮ ਵਧਾਉਂਦੇ ਸਾਂ। ਮੇਰੇ ਮਿੱਤਰ ਦੀ ਮੇਰੇ ਨਾਲ ਮੁਕਾਬਲਾ ਕਰਨ ਦੀ ਰੀਝ ਨੇ ਗਲਤ ਪਾਸੇ ਤੋਰ ਦਿੱਤਾ। ਤਾਂ ਹੀ ਪਤਾ ਲੱਗਾ ਕਿ ਸਭ ਕੁਝ ਵੇਚ ਕੇ ਕਿਧਰੇ ਹੋਰ ਸਟੇਟ ਔਰਗਨ ਵਿੱਚ ਚਲਾ ਗਿਆ। ਕਹਿਣ ਤੋਂ ਭਾਵ ਗਲਤ ਟੀਚੇ ਗਲਤ ਪਾਸੇ ਲਿਜਾ ਸਕਦੇ ਹਨ। ਗਲਤ ਪਾਸੇ ਰੱਖਿਆ ਹਰ ਕਦਮ ਤੁਹਾਨੂੰ ਗ਼ਲਤ ਪਾਸੇ ਹੀ ਲਿਜਾਏਗਾ। ਗ਼ਲਤ ਪਾਸੇ ਨੂੰ ਨੱਠੇ ਜਾਣ ਨਾਲ ਮੰਜ਼ਿਲ ਤੋਂ ਵਿੱਥ ਵਧਦੀ ਹੈ। ਕਿੱਕਰ ਦੀ ਟੀਸੀ ਤੇ ਹੀ ਜਾ ਕੇ ਪਤਾ ਲੱਗੇਗਾ ਕਿ ਇਹ ਟਾਹਲੀ ਨਹੀਂ ਸੀ, ਤੂਤ ਵੀ ਨਹੀਂ ਸੀ, ਬੇਰੀ ਵੀ ਨਹੀਂ ਸੀ। ਚਲੋ ਹੋਰ ਨਹੀਂ ਤਾਂ ਕੰਡੇ ਖਾ ਕੇ ਬੇਰ ਵੀ ਮਿਲ ਜਾਂਦੇ ਤਾਂ ਤੁਸੀਂ ਪਾਰਖੂ ਕਹਾਉਣਾ ਚਾਹੋਗੇ ? ਆਖਿਰ ਵਿੱਚ ਇਹ ਹੀ ਕਹਿਣਾ ਚਾਹੁੰਦਾ ਹਾਂ ਕਿ ਟੀਚੇ ਮਿਥਣ ਤੋਂ ਬਗ਼ੈਰ ਬਿਲਕੁਲ ਨਹੀਂ ਸਰਦਾ ਲੇਕਿਨ ਗਲਤ ਟੀਚੇ ਮਿਥ ਕੇ ਪਹਿਲਾਂ ਵੀ ਸਭ ਕੁਝ ਜਾਂਦਾ ਲਗਦਾ ਹੈ।

****


Academy of the Punjab in North America: http://www.apnaorg.com

# ਸਾਡੀ ਜ਼ਮੀਰ

ਆਪਣੀ ਕਹਾਣੀ ਕਹਿਣ ਲੱਗਿਆ ਜੇ ਸਚੋ ਸੱਚ ਨਾ ਕਹਾਂਗੇ ਤਾਂ ਹੋਰ ਤਾਂ ਸ਼ਾਇਦ ਕੋਈ ਨਾ ਪਕੜੇ ਪਰ ਸਾਡੀ ਜ਼ਮੀਰ ਸਾਨੂੰ ਜ਼ਰੂਰ ਉਲਾਂਭਾ ਦੇਵੇਗੀ। 'ਚੋਰੀ ਕੱਖ ਦੀ ਵੀ ਤੇ ਲੱਖ ਦੀ ਵੀ' ਝੂਠ ਬੋਲ ਕੇ ਕਿਸੇ ਕਚਹਿਰੀ ਵਿੱਚੋਂ ਤਾਂ ਬਰੀ ਹੋ ਸਕਦੇ ਹਾਂ। ਪਰ ਦਿਲ ਦੇ ਦਰਬਾਰ ਵਿੱਚ ਜਦੋਂ ਜ਼ਮੀਰ ਨੇ ਵਕਾਲਤਨਾਮਾ ਦਰਜ ਕੀਤਾ ਤਾਂ ਫਿਰ ਕਿੱਧਰ ਨੂੰ ਜਾਓਗੇ । ਝੂਠ ਦੀ ਕਿੰਨੀ ਮਿਕਦਾਰ ਹੈ ਇਸ ਦਾ ਰੌਲਾ ਨਹੀਂ। ਜੇ ਅਸੀਂ ਗਲਤ ਹਾਂ ਤਾਂ ਆਪਣੀ ਜ਼ਮੀਰ ਤੋਂ ਤਾਂ ਨਹੀਂ ਬਚ ਸਕਦੇ। ਕਈ ਵਾਰ ਅਸੀਂ ਬੜੇ ਤਜਰਬੇ ਵਰਤ ਕੇ, ਲਿਆਕਤ ਵਰਤ ਕੇ ਆਪਣੀ ਯੋਗਤਾ ਤੇ ਅਧਿਕਾਰ ਵਰਤ ਕੇ, ਆਪਣੀ ਪੁਜ਼ੀਸ਼ਨ ਦਾ ਪੂਰਾ ਇਸਤੇ ਮਾਲ ਕਰਕੇ ਕੁਝ ਪ੍ਰਾਪਤ ਕਰਦੇ ਹਾਂ। ਕੁਝ ਜਿੱਤ ਹਾਸਲ ਕਰਦੇ ਹਾਂ। ਲੇਕਿਨ ਸਾਡੀ ਜ਼ਮੀਰ ਸਾਨੂੰ ਅੰਦਰੋਂ ਅੰਦਰ ਖਾਈ ਜਾਂਦੀ ਹੈ ਕਿ ਇਹ ਮੈਂ ਜੋ ਗਲਤ ਕੀਤਾ ਇਹ ਕਿਉਂ ਕੀਤਾ। ਅਸੀਂ ਜਿੱਤ ਕੇ ਵੀ ਹਰ ਜਾਂਦੇ ਹਾਂ ਤੇ ਕਈ ਵਾਰ ਅਸੀਂ ਹਾਰ ਕੇ ਵੀ ਜਿੱਤ ਜਾਂਦੇ ਹਾਂ। ਸਾਡਾ ਲੜਕਾ ਗਗਨ ਆਮ ਬੱਚਿਆਂ ਤੋਂ ਜ਼ਿਆਦਾ ਸਮਝਦਾਰ ਹੈ। ਦੁਨੀਆਦਾਰੀ ਵੀ ਚੰਗੀ ਤਰ੍ਹਾਂ ਨਿਭਾਉਂਦਾ ਹੈ। ਵਿਓਪਾਰ ਵਿੱਚ ਐਨਾ ਤੇਜ਼ ਦਿਮਾਗ ਕਿ ਵੱਡੇ ਵੱਡੇ ਅਫ਼ਸਰ ਉਸ ਦੀ ਪਕੜ ਦੇਖ ਕੇ ਦੰਗ ਰਹਿ ਜਾਂਦੇ। ਉਹ ਕਲਰਕ ਵਰਗੀ ਨੌਕਰੀ ਕਰਨ ਲੱਗ ਪਿਆ ਤੇ ਨਾਲ ਦੀ ਨਾਲ ਪੜ੍ਹਿਆ ਵੀ ਕਰੇ, ਕਾਲਜ ਜਾਵੇ। ਪਰ ਉਸ ਨੇ ਨੌਕਰੀ ਵਿੱਚ ਐਨੀ ਦਿਲਚਸਪੀ ਦਿਖਾਈ ਐਨੀ ਮਿਹਨਤ ਕੀਤੀ ਕਿ ਉਸ ਨੂੰ ਮੈਨੇਜਰ ਤੇ ਫਿਰ ਅੱਠ ਜ਼ਿਲ੍ਹਿਆਂ ਦਾ ਏਰੀਆ ਮੈਨੇਜਰ ਬਣਾ ਦਿੱਤਾ ਗਿਆ। ਦੋ ਕੁ ਸਾਲ ਵਿੱਚ ਐਨੀ ਤਰੱਕੀ ਕੀਤੀ ਕਿ ਸੱਠ ਪੈਂਹਠ ਹਜ਼ਾਰ ਡਾਲਰ ਸਾਲ ਦੀ ਕਮਾਈ ਵੀ ਕਰਨ ਲੱਗ ਪਿਆ। ਉਸ ਨੇ ਆਪਣੇ ਕਾਲਜ ਜਾਣਾ ਬੰਦ ਕਰ ਦਿੱਤਾ। ਮੈਨੂੰ ਦਿਲ ਵਿਚ ਦਰਦ ਬਹੁਤ ਹੋਇਆ। ਮੈਨੂੰ ਪਤਾ ਸੀ ਕਿ ਗਗਨ ਨਾਲ ਬਹਿਸ ਕਰਨੀ ਠੀਕ ਨਹੀਂ। ਇੱਕ ਦਿਨ ਗਗਨ ਨੂੰ ਬੁਲਾ ਕੇ ਮੈਂ ਕਿਹਾ ਕਿ ਤੂੰ ਪੜ੍ਹਨਾ ਤਾਂ ਭੁਲਾ ਹੀ ਦਿੱਤਾ। ਕਹਿਣ ਲੱਗਾ ਡੈਡ ਲੋਕ ਚੰਗੀ ਨੌਕਰੀ ਤੇ ਪਹੁੰਚਣ ਲਈ, ਪੈਸੇ ਕਮਾਉਣ ਲਈ, ਪੜ੍ਹਾਈ ਕਰਦੇ ਹਨ। ਉਹ ਸਭ ਕੁਝ ਮੈਨੂੰ ਮਿਲ ਰਿਹਾ । ਮੈਂ ਸੋਚਿਆ ਡਿਗਰੀ ਤਾਂ ਸ਼ਾਇਦ ਹੁਣ ਗਗਨ ਨਾ ਕਰੇ ਪਰ ਇਹ ਬਿਜ਼ਨਸ ਵਧੀਆ ਕਰ ਸਕਦਾ ਹੈ, ਕਿਉਂ ਨਾ ਮੈਂ ਆਪਣੇ ਬਿਜ਼ਨਸ ਵਿੱਚ ਗਗਨ ਦੀ ਸ਼ਕਤੀ ਨੂੰ ਵਰਤਾਂ। ਇਕ ਦਿਨ ਫਿਰ ਪਿਓ ਪੁੱਤਰ ਅਸੀਂ ਬੈਠੇ ਗੱਲਾਂ ਕਰ ਰਹੇ ਸਾਂ ਤਾਂ ਮੈਂ ਗਗਨ ਨੂੰ ਆਪਣਾ ਵਿਓਪਾਰ ਚਲਾਉਣ ਦੀ ਤਜਵੀਜ਼ ਪੇਸ਼ ਕੀਤੀ, ਤੂੰ ਏਰੀਆ ਮੈਨੇਜਰ ਹੈ, ਪਰ ਆਪਣੇ ਬਿਜ਼ਨਸ ਵਿੱਚ ਮਾਲਕ ਤੂੰ ਹੋਵੇਗਾ। ਜਿੰਨੇ ਪੈਸੇ ਉਹ ਤੈਨੂੰ ਦਿੰਦੇ ਹਨ ਤੂੰ ਇਸ ਤੋਂ ਵੱਧ ਲਈ ਜਾਵੀਂ। ਹਰਪ੍ਰੀਤ ਨੂੰ ਵੀ ਇਹ ਸਹੀ ਲੱਗਿਆ, ਗਗਨ ਵੀ ਬੜਾ ਖੁਸ਼ ਤੇ ਦੋਹਾਂ ਮਾਂ ਪੁੱਤਰ ਨੇ ਫੈਸਲਾ ਕਰਕੇ ਗਗਨ ਨੂੰ ਸਾਰੇ ਕਾਰੋਬਾਰ ਦੀ ਜ਼ਿੰਮੇਵਾਰੀ ਸੰਭਾਲ ਦਿੱਤੀ। ਮੈਂ ਦੇਖਿਆ ਕਿ ਮੇਰੇ ਤੋਂ ਵਧੀਆ ਚਲਾ ਰਿਹਾ ਹੈ, ਮੈਂ ਸਭ ਕੁਝ ਹੱਥੀਂ ਕਰਦਾ ਕਰਾਉਂਦਾ ਸੀ, ਗਗਨ ਕੰਪਿਊਟਰ ਤੋਂ ਕਰਵਾਉਂਦਾ ਹੈ। ਸਭ ਕੁਝ ਠੀਕ ਠਾਕ ਦੇਖ ਕੇ ਮੈਂ ਇੱਕ ਦਿਨ ਕਿਹਾ ਕਿ ਮੈਂ ਕੁਝ ਗੁਭਗੁਲ੍ਹਾਟ ਲਈ ਫਿਰਦਾ ਹਾਂ। ਮੈਂ ਤਿੰਨ ਚਾਰ ਕਿਤਾਬਾਂ ਛਪਵਾਉਣੀਆਂ ਚਾਹੁੰਦਾ ਹਾਂ ਜੇ ਤੁਸੀਂ ਛੁੱਟੀ ਦਿਉ ਤਾਂ ਮੈਂ ਪੰਜਾਬ ਆਪਣੇ ਘਰ ਵਿੱਚ ਬੈਠ ਕੇ ਆਪਣਾ ਮਨ ਹੌਲਾ ਕਰ ਲਵਾਂ। ਮੇਰੀ ਬੇਨਤੀ ਪ੍ਰਵਾਨ ਹੋਈ, ਹਰਪ੍ਰੀਤ ਨੇ ਪੰਜਾਬ ਵਿੱਚ ਮੇਰੇ ਲਈ ਇੱਕ ਨੌਕਰ ਦਾ, ਜੋ ਰੋਟੀ ਬਣਾ ਸਕਦਾ ਸੀ, ਪ੍ਰਬੰਧ ਕਰ ਦਿੱਤਾ ਤੇ ਮੈਂ ਪੰਜਾਬ ਆ ਗਿਆ।

ਜਦ ਮੈਂ ਪੰਜਾਬ ਆ ਗਿਆ ਤਾਂ ਗਗਨ ਟੈਲੀਫੂਨ ਤੇ ਕਈ ਵਾਰ ਇਸ ਤਰ੍ਹਾਂ ਦਾ ਅਹਿਸਾਸ ਕਰਵਾਏ ਜਿਵੇ ਂ ਉਹ ਮੇਰੀ ਗੈਰਹਾਜ਼ਰੀ ਵਿੱਚ ਤਕਲੀਫ਼ ਮਹਿਸੂਸ ਕਰ ਰਿਹਾ ਹੈ। ਪਰ ਮੈਨੂੰ ਤਾਂ ਅੱਠ ਜ਼ਿਲ੍ਹਿਆਂ ਦਾ ਏਰੀਆ ਮੈਨੇ ਜਰ ਗਗਨ ਦਿਖਾਈ ਦੇਂਦਾ ਸੀ। ਖੈਰ ਕੁਝ ਮਹੀਨਿਆਂ ਵਿੱਚ ਕੰਵਰ ਦੀ ਸ਼ਾਦੀ ਜਲੰਧਰ ਹੋਈ। ਬਹੁਤ ਸਾਰੇ ਸਾਡੇ ਮਿੱਤਰ ਤੇ ਰਿਸ਼ਤੇਦਾਰ ਅਮਰੀਕਾ, ਕੈਨੇਡਾ, ਇੰਗਲੈਂਡ ਤੋਂ ਆਏ। ਸੱਤ ਅੱਠ ਸੌ ਲੋਕਾਂ ਦੇ ਇਕੱਠ ਵਿੱਚ ਜਦੋਂ ਕੰਵਰ


Academy of the Punjab in North America: http://www.apnaorg.com

ਦੇ ਵਿਆਹ ਦੀ ਰਿਸੈਪਸ਼ਨ ਤੇ ਗਗਨ ਭਰਾ ਦਾ ਫਰਜ਼ ਨਿਭਾਉਂਦਾ ਹੋਇਆ ਸਾਰੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕਰਨ ਲੱਗਾ ਤਾਂ ਮੇਰਾ ਤੇ ਆਪਣੀ ਮਾਂ ਹਰਪ੍ਰੀਤ ਦਾ ਧੰਨਵਾਦ ਕਰਨ ਲੱਗਾ ਰੋ ਹੀ ਪਿਆ। ਧੰਨਵਾਦ ਸਹਿਤ ਸਾਡੇ ਵੱਲ ਇਸ਼ਾਰਾ ਕਰਕੇ ਕਹਿਣ ਲੱਗਾ ਕਿ ਜਿਸ ਤਰ੍ਹਾਂ ਤੁਸੀਂ ਸਾਨੂੰ ਪਾਲਿਆ ਹੈ, ਇਸ ਤਰ੍ਹਾਂ ਬੱਚੇ ਪਾਲਣਾ ਬਹੁਤ ਮੁਸ਼ਕਲ ਹੈ। ਗਗਨ ਦੀਆਂ ਗੱਲਾਂ ਸੁਣ ਕੇ ਮੈਨੂੰ ਵੀ ਰੋਣ ਆਇਆ। ਅੰਦਰੋਂ ਅੰਦਰੀ ਮੈਂ ਇੱਕ ਜਿੱਤ ਮਹਿਸੂਸ ਕਰ ਰਿਹਾ ਸੀ। ਮੇਰੀ ਅੰਦਰਲੀ ਅਵਾਜ਼ ਮੇਰੀ ਜ਼ਮੀਰ ਕਹਿ ਰਹੀ ਸੀ ਕਿ ਸੁਰਿੰਦਰ ਤੂੰ ਹਾਰ ਕੇ ਨਹੀਂ ਆਇਆ ਤੂੰ ਅੱਜ ਵੀ ਜੇਤੂ ਹੈਂ। ਮੈਂ ਆਪਣੇ ਪੁੱਤਰ ਦਾ ਵਿਆਹ ਦੇਖਣ ਤੋਂ ਬਾਅਦ ਫਿਰ ਆਪਣੀਆਂ ਰਚਨਾਵਾਂ ਵਿੱਚ ਗਵਾਚ ਗਿਆ। ਕਹਿੰਦੇ ਨੇ ਨਾ ਜੋ ਕੰਮ ਤੁਸੀਂ ਕਰ ਰਹੇ ਹੋ ਇਸ ਤੇ ਹੀ ਸਾਰੀ ਤਵੱਜੋ ਦਿਓਗੇ ਤਾਂ ਹੀ ਠੀਕ ਹੈ। ਤਾਂ ਮੈਂ ਕਿਉਂ ਇਧਰ ਉਧਰ ਭਟਕਿਆਂ ਫਿਰਾਂ। ਆਪਣੀਆਂ ਰਚਨਾਵਾਂ ਨੂੰ ਹੀ ਤਰਜੀਹ ਦਿਆਂ ਤਾਂ ਠੀਕ ਰਹੇਗਾ।

ਕਈ ਵਾਰ ਅਸੀਂ ਕਿਆਸ ਕਰ ਲੈਂਦੇ ਹਾਂ। ਅੰਦਾਜ਼ਾ ਲਗਾ ਲੈਂਦੇ ਹਾਂ ਕਿ ਇਸ ਤਰ੍ਹਾਂ ਹੋਣਾ, ਲੇਕਿਨ ਹੁੰਦਾ ਕੁਝ ਹੋਰ ਹੈ। ਮੈਂ ਤਾਂ ਗਗਨ ਨੂੰ ਬੜਾ ਆਪਹੁਦਰਾ ਜਿਹਾ ਸਮਝਦਾ ਸੀ ਪਰ ਕਦੇ ਇਸ ਗੱਲ ਦਾ ਅੰਦਾਜ਼ਾ ਵੀ ਨਹੀਂ ਸੀ ਕਿ ਉਸ ਦੇ ਦਿਲ ਵਿਚ ਸਾਡੇ ਨਾਲ ਐਨਾ ਪਿਆਰ ਤੇ ਸਤਿਕਾਰ ਲੁਕਿਆ ਬੈਠਾ ਹੈ। ਕਈ ਵਾਰ ਅਸੀਂ ਅੰਦਾਜ਼ਾ ਲਗਾ ਲੈਂਦੇ ਹਾਂ ਕਿ ਇਹ ਆਦਮੀ ਸਹੀ ਨਹੀਂ ਜਾਂ ਇਹ ਕੰਮ ਸਹੀ ਨਹੀਂ। ਪਰ ਸਾਡੀ ਉਹ ਸੋਚ ਸਾਡਾ ਉਹ ਅੰਦਾਜ਼ਾ ਸਹੀ ਨਹੀਂ ਹੁੰਦਾ। ਜਿਵੇਂ ਮੈਂ ਸਰਬਜੀਤ ਦੇ ਸਟੋਰ ਛੱਡ ਕੇ ਜਾਣ ਤੋਂ ਬਾਅਦ ਵਿੱਚ ਪਛਤਾਉਣ ਦੀ ਕਹਾਣੀ ਦੱਸੀ ਹੈ। ਬੱਸ ਅਸੀਂ ਕਈ ਵਾਰ ਆਪਣੇ ਵੱਲੋਂ ਸਹੀ ਸੋਚ ਕੇ ਤੁਰਦੇ ਹਾਂ, ਪਰ ਚਲੇ ਗਲਤ ਪਾਸੇ ਜਾਂਦੇ ਹਾਂ। ਸੋ ਇਕ ਵਾਰ ਨਹੀਂ ਦੋ ਵਾਰ, ਵਾਰ ਵਾਰ ਸੋਚ ਕੇ ਤੁਰਨ ਦਾ ਲਾਭ ਜ਼ਰੂਰ ਹੁੰਦਾ ਹੈ। ਇਹ ਵੀ ਨਹੀਂ ਹੋਣਾ ਚਾਹੀਦਾ ਕਿ ਸੋਚੀ ਜਾਓ, ਅੰਦਾਜ਼ੇ ਲਗਾਈ ਜਾਓ ਪਰ ਕਰੋ ਕੁਝ ਵੀ ਨਾ। ਕਈ ਕਹਿੰਦੇ ਸੁਣੇ ਆਂ ਜੋ ਤਕਦੀਰ ਵਿੱਚ ਹੋਇਆ ਮਿਲ ਜਾਊ। ਪਰ ਜੇ ਤੁਸੀਂ ਤੁਰੇ ਹੀ ਨਾ ਤਾਂ ਪੈਂਡਾ ਤਕਦੀਰ ਕਿਵੇਂ ਨਿਬੇੜੂ। ਜੇ ਅਸੀਂ ਸੋਚਦੇ ਹਾਂ ਕਿ ਤਕਦੀਰ ਚੰਗੀ ਹੈ ਜਾਂ ਮਾੜੀ ਹੈ ਤਾਂ ਇਹ ਵੀ ਸੋਚਣਾ ਚਾਹੀਦਾ ਹੈ ਕਿ ਸਾਡੀ ਸੋਚ ਵੀ ਤਕਦੀਰ ਬਣਾਉਣ ਵਾਲੇ ਨੇ ਹੀ ਬਣਾਈ ਹੈ। ਕਿਸੇ ਨੇ ਬੜਾ ਵਧੀਆ ਲਿਖਿਆ ਹੈ, 'ਹਸਤ ਰੇਖਾਵਾਂ ਦੀ ਚਿੰਤਾ ਨਾ ਕਰੋ ਹੱਥ ਸਿਰਜਣਹਾਰ ਨੇ ਤਕਦੀਰ ਦੇ। '

ਜਿਹੜਾ ਕੁਝ ਵੀ ਨਹੀਂ ਕਰਦਾ, ਕਿਸੇ ਪਾਸੇ ਵੀ ਨਹੀਂ ਤੁਰਦਾ ਆਖ ਦਿੰਦਾ ਹੈ ਕਿ ਮੇਰੀ ਜ਼ਮੀਰ ਨਹੀਂ ਇਜਾਜ਼ਤ ਦਿੰਦੀ ਕੁਝ ਕਰਨ ਨੂੰ, ਮੈਂ ਤਾਂ ਉਸਨੂੰ ਕਹਾਂਗਾ ਕਿ ਤੇਰੀ ਜ਼ਮੀਰ ਇਜਾਜ਼ਤ ਨਹੀਂ ਦਿੰਦੀ ਕਿ ਤੂੰ ਜ਼ਮੀਰ ਨੂੰ ਇਜਾਜ਼ਤ ਨਹੀਂ ਦਿੰਦਾ। ਦੁਨੀਆ ਵਿੱਚ ਵਿਚਰਨ ਵਾਸਤੇ ਦੁਨੀਆ ਦੇ ਨਾਲ ਚੱਲਣਾ ਪਵੇਗਾ। ਜੋ ਕੁਝ ਦੁਨੀਆ ਕਰਦੀ ਹੈ, ਜੋ ਸਦੀਆਂ ਤੋਂ ਸਾਡੀ ਪਿਰਤ ਚਲੀ ਆਉਂਦੀ ਹੈ, ਉਸ ਤਰ੍ਹਾਂ ਸਭ ਨੂੰ ਤੁਰਨਾ ਪਵੇਗਾ। ਆਪਣੀ ਸਿਹਤ ਦਾ ਖ਼ਿਆਲ ਕਰਨਾ, ਪਰਹੇਜ਼ ਨਾਲ ਖਾਣਾ ਪੀਣਾ, ਸਿੱਖਿਆ ਹਾਸਲ ਕਰਨ ਦਾ ਯਤਨ ਕਰਨਾ, ਆਪਣੇ ਸਰੀਰ ਨੂੰ ਹੰਢਣਸਾਰ ਬਣਾਉਣ ਦਾ ਯਤਨ ਕਰਨਾ, ਪਰਿਵਾਰਕ ਦੁੱਖ ਸੁੱਖ ਵਿੱਚ ਹਿੱਸਾ ਲੈਣਾ, ਆਪਣੇ ਚੁਗਿਰਦੇ ਨੂੰ ਸਾਫ ਸੁਥਰਾ ਰੱਖਣਾ, ਆਪਣੇ ਆਲੇ ਦੁਆਲੇ ਦੀ ਦੁਨੀਆ ਵਿੱਚ ਆਪਣੀ ਪਹਿਚਾਣ ਬਣਾਉਣਾ, ਵਧੀਆ ਮਿਸਾਲ ਬਣਨ ਦੀ ਕੋਸ਼ਿਸ਼ ਕਰਨਾ, ਇਹ ਸਭ ਕਰਦੇ ਚਲੇ ਆਏ ਹਨ। ਫਿਰ ਅਸੀਂ ਕਿਉਂ ਨਾ ਕਰੀਏ ? ਸਾਰੇ ਕਾਰਜ ਕਰੋ, ਜੀਵਨ ਦੇ ਸਾਰੇ ਰੰਗ ਮਾਣਨੇ ਸਾਡਾ ਹੱਕ ਬਣਦਾ ਹੈ, ਹੱਕ ਅਤੇ ਫਰਜ਼ ਬਰਾਬਰ ਚੱਲਦੇ ਹਨ। ਹੱਕ ਪ੍ਰਾਪਤ ਕਰਨ ਦੀ ਦੌੜ ਵਿੱਚ ਫਰਜ਼ ਨਹੀਂ ਭੁੱਲਣੇ ਚਾਹੀਦੇ। ਹਰ ਕਾਰਜ ਦੁਨੀਆ ਦਾ ਕਰਕੇ ਵੇਖਣਾ ਬਣਦਾ ਹੈ, ਲੇਕਿਨ ਹਰ ਕਾਰਜ ਦੀ ਕੋਈ ਮਰਿਆਦਾ ਵੀ ਹੁੰਦਾ ਹੈ। ਬੱਸ ਇਸ ਮਰਿਆਦਾ ਦਾ ਜ਼ਮੀਰ ਨਾਲ ਸਿੱਧਾ ਸਬੰਧ ਹੁੰਦਾ ਹੈ। ਦੋਵੇਂ ਸਕੀਆਂ ਭੈਣਾਂ ਹਨ, ਬਲਕਿ ਮੈਂ ਤਾਂ ਕਹੂੰ ਗਾ ਜੌੜੀਆਂ ਭੈਣਾਂ ਹਨ।

ਸਾਡੇ ਕਿਆਸ ਦਾ, ਅੰਦਾਜ਼ੇ ਦਾ ਤੇ ਸਾਡੀ ਜ਼ਮੀਰ ਦਾ ਸਾਡੀ ਬਣਤਰ ਵਿੱਚ ਬਹੁਤ ਵੱਡਾ ਹੱਥ ਹੁੰਦਾ ਹੈ।


Academy of the Punjab in North America: http://www.apnaorg.com

ਜੋ ਕਿਆਸ ਸਹੀ ਕਰ ਸਕੇ ਤੇ ਆਪਣੀ ਜ਼ਮੀਰ ਸਾਫ਼ ਰੱਖ ਕੇ ਚੱਲੇ ਤਾਂ ਉਹ ਅੱਵਲ ਕਿਸਮ ਦਾ ਪਾਤਰ ਬਣ ਸਕਦਾ ਹੈ। ਅੰਦਾਜ਼ਾ ਗਲਤ ਹੋ ਜਾਵੇ ਜਾਂ ਜ਼ਮੀਰ ਨੂੰ ਮਾਰ ਕੇ ਚੱਲਣ ਨਾਲ ਸਹੀ ਮੰਜ਼ਲਾਂ ਪ੍ਰਾਪਤ ਕਰਨੀਆਂ ਨਾਮੁਮਕਨ ਹਨ। ਦੋਹਾਂ 'ਚੋਂ ਇੱਕ ਵੀ ਗਲਤ ਹੈ ਤਾਂ ਵੀ ਗਲਤ-ਕਿਆਸ ਗਲਤ ਹੋ ਜਾਵੇ, ਮਨ ਵਿਚ ਮੈਲ ਭਾਵੇਂ ਨਾ ਵੀ ਹੋਵੇ ਤਾਂ ਵੀ ਸਰਬਜੀਤ ਵਾਂਗ ਬੰਦਾ ਨੁਕਸਾਨ ਕਰਵਾ ਲੈਂਦਾ ਹੈ। ਜੇ ਅੰਦਾਜ਼ਾ ਸਹੀ ਹੈ ਰਸਤਾ ਸਹੀ ਹੈ ਪਰ ਮਨ ਵਿੱਚ ਮੈਲ ਹੈ, ਤਾਂ ਵੀ ਨਤੀਜੇ ਸਹੀ ਨਹੀਂ ਨਿਕਲਦੇ। ਮੇਰੇ ਇੱਕ ਮਿੱਤਰ ਦੇ ਸਟੋਰ ਤੇ ਇੱਕ ਪੰਜਾਬੀ ਮੁੰਡਾ ਕੰਮ ਕਰਦਾ ਸੀ। ਬੜਾ ਤੇਜ਼ ਮੁੰਡਾ ਸਾਰਾ ਕੰਮ ਜਾਣਦਾ ਸੀ। ਮਿਹਨਤੀ ਵੀ ਬੜਾ ਸੀ। ਮੇਰੇ ਮਿੱਤਰ ਨੇ ਉਸਨੂੰ ਮੈਨੇਜਰ ਬਣਾ ਦਿੱਤਾ। ਪਹਿਲਾਂ ਤਾਂ ਨਕਦ ਤਨਖਾਹ ਲੈਂਦਾ ਸੀ ਫਿਰ ਜਦ ਉਸਨੂੰ ਚੈੱਕ ਮਿਲਿਆ ਤਾਂ ਉਸਨੇ ਦੱਸਿਆ ਕਿ ਮੇਰੇ ਕੋਲ ਕਾਨੂੰਨੀ ਤੌਰ ਤੇ ਕੰਮ ਕਰਨ ਦੀ ਇਜਾਜ਼ਤ ਨਹੀਂ। ਫਿਰ ਕਿਵੇਂ ਹੋਵੇ, ਬਹੁਤ ਹੀ ਹਾਜ਼ਰ ਦਿਮਾਗ ਮੁੰਡਾ ਸੀ। ਉਸਨੇ ਇਕ ਰੋਜ਼ ਸਟੋਰ ਤੇ ਆਉਂਦੀ ਕੁੜੀ ਨਾਲ ਅੱਟੀ ਸੱਟੀ ਫਿਟ ਕਰ ਲਈ। ਕੁੜੀ ਹੈ ਤਾਂ ਭਾਵੇਂ ਕਾਲਿਆਂ ਦੀ ਸੀ, ਲੇਕਿਨ ਸੋਹਣੀ ਸੁਨੱਖੀ ਬੜੀ ਪੰਜਾਬੀ ਕੁੜੀਆਂ ਵਰਗੀ ਉਚੀ ਲੰਬੀ ਜਵਾਨ। ਉਸ ਕੁੜੀ ਨਾਲ ਵਿਆਹ ਕਰਵਾ ਕੇ ਮੁੰਡਾ ਕਾਨੂੰਨੀ ਤੌਰ ਤੇ ਪੱਕਾ ਹੋ ਗਿਆ। ਦਿਲ ਦੀ ਬੜੀ ਸਾਫ ਕੁੜੀ ਸੀ। ਕੁੜੀ ਨੇ ਹਰ ਕੋਸ਼ਿਸ਼ ਕਰਕੇ ਪੰਜਾਬੀ ਲੱਗਣ ਦੀ ਕੋਸ਼ਿਸ਼ ਕਰਨੀ। ਪੰਜਾਬੀ ਸੂਟ ਪਾਉਣਾ, ਗੁਰਦੁਆਰੇ ਵੀ ਸਿਰ ਢੱਕ ਕੇ ਆਉਣਾ। ਸਾਰੇ ਗੱਲਾਂ ਕਰਿਆ ਕਰਨ ਕਿ ਲਗਦੀ ਹੀ ਨਹੀਂ ਕਿ ਇਹ ਕੁੜੀ ਪੰਜਾਬੀ ਨਹੀਂ। ਪੰਜਾਬੀ ਬੋਲਣੀ ਵੀ ਉਸ ਨੇ ਸਿੱਖ ਲਈ ਭਾਵੇਂ ਬੋਲਦੀ ਸਾਡੇ ਬੱਚਿਆਂ ਵਾਂਗ ਹੀ ਸੀ। ਦੋ ਸਾਲਾਂ ਵਿੱਚ ਮੁੰਡੇ ਨੂੰ ਉਸ ਕੁੜੀ ਨਾਲ ਵਿਆਹ ਕਰਨ ਕਰਕੇ ਗਰੀਨ ਕਾਰਡ ਮਿਲ ਗਿਆ। ਅਮਰੀਕਾ ਦਾ ਪੱਕਾ ਰਿਹਾਇਸ਼ੀ ਬਣ ਗਿਆ। ਅਚਾਨਕ ਇਕ ਦਿਨ ਉਹ ਕੁੜੀ ਸ਼ਰਾਬੀ ਹੋਈ ਫਿਰੇ, ਕਪੜੇ ਵੀ ਚੋਲ਼ਿਆਂ ਵਾਂਗ ਅੱਧ ਪਚੱਧੇ ਹੀ ਪਾਏ ਹੋਏ। ਪਤਾ ਲੱਗਾ ਕਿ ਘਰ ਵਾਲੇ ਨੇ ਡਾਈਵੋਰਸ ਦੇ ਦਿੱਤਾ। ਆਪ ਪੱਕਾ ਹੋਣ ਲਈ ਹੀ ਉਸਨੇ ਤਾਂ ਵਿਆਹ ਕਰਵਾਇਆ ਸੀ। ਦਿਲ ਦੀ ਗੱਲ ਕਦੇ ਪਤਨੀ ਨੂੰ ਦੱਸੀ ਹੀ ਨਾ। ਪਤਨੀ ਉਸ ਨੂੰ ਧਰਮ ਪਤੀ ਸਮਝ ਬੈਠੀ ਸੀ। ਸਾਰਿਆਂ ਨੂੰ ਪਤਾ ਲੱਗ ਗਿਆ ਕੇ ਕੁੜੀ ਨਾਲ ਧੋਖਾ ਹੋਇਆ। ਮੁੰਡਾ ਤਾਂ ਬਸ ਇੱਕੋ ਹੀ ਦਲੀਲ ਦੇਵੇ ਕਿ ਮੈਂ ਤਾਂ ਪੱਕਾ ਹੋਣ ਲਈ ਵਿਆਹ ਕਰਵਾਇਆ ਸੀ। ਕਈ ਸਿਆਣਿਆਂ ਨੇ ਸਮਝਾਇਆ ਵੀ, ਮੈਂ ਵੀ ਇਕ ਦਿਨ ਉਸਨੂੰ ਕਿਹਾ ਕਿ ਬੇਟਾ ਇਵੇਂ ਨਹੀਂ ਕਰੀਦਾ, ਤੈਨੂੰ ਪਹਿਲਾਂ ਹੀ ਦੱਸ ਦੇਣਾ ਚਾਹੀਦਾ ਸੀ। ਆਪਣੀ ਜ਼ਮੀਰ ਨੂੰ ਮਾਰ ਕੇ ਦੋ ਸਾਲ ਕਿਵੇਂ ਬਿਤਾਏ ਪਤਾ ਨਹੀਂ। ਦਸ ਕੁ ਦਿਨਾਂ ਬਾਅਦ ਇੱਕ ਦਿਨ ਸਟੋਰ ਤੇ ਇਕੱਲਾ ਦੇਖ ਕੇ ਕਿਸੇ ਨੇ ਉਹ ਮੁੰਡਾ ਗੋਲੀ ਮਾਰ ਕੇ ਮਾਰ ਦਿੱਤਾ। ਰੱਬ ਜਾਣੇ ਕਿਸ ਨੇ ਮਾਰਿਆ ਪਰ ਪੁਲਿਸ ਉਸ ਕੁੜੀ ਦੇ ਭਰਾਵਾਂ ਤੇ ਸ਼ੱਕ ਕਰਦੀ ਸੀ।

ਪਰਮਾਤਮਾ ਨੇ ਤਾਂ ਸਾਨੂੰ ਜਨਮ ਦਿੱਤਾ। ਮਾਤਾ ਪਿਤਾ ਸਾਧਨ ਬਣ ਗਏ। ਮਾਂ ਦੀ ਗੋਦੀ ਵਿੱਚ ਜਿੰਨੇ ਸੁਖ ਸਨ, ਉਹ ਮਾਂ ਨੇ ਦੇਣ ਦਾ ਯਤਨ ਕੀਤਾ। ਬੋਲੀ ਦੀ ਰਿਸ਼ਤਿਆਂ ਦੀ ਪਹਿਚਾਣ ਵੀ ਮਾਂ ਪਿਓ ਨੇ ਕਰਵਾਉਣ ਦਾ ਯਤਨ ਕੀਤਾ। ਸਿਆਣਿਆਂ ਨੇ, ਅਧਿਆਪਕਾਂ ਨੇ ਸਿੱਖਿਆ ਵੀ ਦੇਣ ਦਾ ਯਤਨ ਕੀਤਾ। ਇਹ ਸਭ ਕੁਝ ਕਹਿ ਲਓ ਕਿ ਪਰਮਾਤਮਾ ਦੀ ਲਿਖੀ ਹੋਈ ਤਕਦੀਰ ਸੀ। ਬੋਲੀ ਦੀ ਭਾਸ਼ਾ ਦੀ ਜਿਸ ਤਰੀਕੇ ਨਾਲ ਅਸੀਂ ਆਪਣੀ ਜ਼ਿੰਦਗੀ ਵਿੱਚ ਵਰਤੋਂ ਕਰਦੇ ਹਾਂ। ਜਿਸ ਤਰ੍ਹਾਂ ਦੀ ਚੰਗੀ ਮੰਦੀ ਬੋਲੀ ਬੋਲਣ ਦੀ ਮੁਹਾਰਤ ਅਸੀਂ ਕਰਦੇ ਹਾਂ ਉਹ ਸਾਡੀ ਆਪਣੇ ਹੱਥੀ ਲਿਖੀ ਹੋਈ ਫੱਟੀ ਹੁੰਦੀ ਹੈ। ਉਸ ਦਾ ਦੋਸ਼ ਹੋਰ ਕਿਸੇ ਦਾ ਨਹੀਂ ਹੁੰਦਾ। ਸ਼ਬਦ ਤਾਂ ਵਰਦਾਨ ਹੋ ਸਕਦੇ ਹਨ। ਉਨ੍ਹਾਂ ਦਾ ਪ੍ਰਯੋਗ ਅਸੀਂ ਕਿਵੇਂ ਕਰਨਾ ਹੈ, ਇਹ ਸਾਡੀ ਮਰਜ਼ੀ ਹੈ। ਮਾਂ ਤਾਂ ਗੋਦ ਵਿੱਚ ਖਿਡਾਉਂਦੀ ਅੱਕਦੀ ਨਾ ਥੱਕਦੀ ਪਰ ਮਾਂ ਵਿਚਾਰੀ ਦੀ ਗੋਦ ਵਿੱਚ ਜਦੋਂ ਅਸੀਂ ਫਿੱਟ ਨਹੀਂ ਆਉਂਦੇ, ਜਦੋਂ ਵੱਡੇ ਹੋ ਜਾਂਦੇ ਹਾਂ ਤਾਂ ਆਪਣੀ ਮਰਜ਼ੀ ਦੀਆਂ ਲੋਰੀਆਂ, ਆਪਣੇ ਆਪ ਨੂੰ ਦਿੰਦੇ ਹਾਂ। ਆਪਣੀ ਮਰਜ਼ੀ ਦੇ ਖਿਡੌਣਿਆਂ ਨਾਲ ਖੇਡਣਾ ਚਾਹੁੰਦੇ ਹਾਂ। ਦੁਨੀਆ ਵਿੱਚ ਆਏ ਰੱਬ ਦੀ ਮਰਜ਼ੀ ਨਾਲ ਪਰ ਦੁਨੀਆ ਨਾਲ ਰਿਸ਼ਤੇ ਅਸੀਂ ਆਪਣੀ ਮਰਜ਼ੀ ਨਾਲ ਬਣਾਉਂਦੇ ਹਾਂ। ਜੇ ਰੱਬ


Academy of the Punjab in North America: http://www.apnaorg.com

ਨੇ ਸਾਨੂੰ ਕੋਈ ਅੰਗ ਸਹੀ ਨਹੀਂ ਲਾਇਆ ਤਾਂ ਅਸੀਂ ਕਹਿ ਸਕਦੇ ਹਾਂ ਕਿ ਰੱਬ ਨੇ ਕੀ ਕੀਤਾ? ਪਰ ਜੇ ਸਾਡੇ ਬਣਾਏ ਰਿਸ਼ਤੇ ਲੈ ਕੇ ਬਹਿ ਜਾਣ ਤਾਂ ਰੱਬ ਦਾ ਕੀ ਕਸੂਰ। ਹਾਲਾਤਾਂ ਦਾ ਕੀ ਕਸੂਰ? ਹੋਰ ਕਿਸੇ ਦਾ ਵੀ ਕੀ ਕਸੂਰ? ਮੈਂ ਕਈ ਵਾਰ ਲਿਖਿਆ ਹੈ -ਆਪੇ ਫਾਥੜੀਏ, ਤੈਨੂੰ ਕੌਣ ਛਡਾਏ। ਦੂਰ ਦੀ ਸੋਚ ਕੇ ਸਹੀ ਸਾਫ ਸੁਥਰੀ ਜ਼ਮੀਰ ਨਾਲ ਤੁਰਨ ਵਾਲਿਆਂ ਵਾਸਤੇ ਹੀ ਤਾਂ ਸ੍ਰੀ ਗੁਰੂ ਅਰਜਨ ਦੇਵ ਜੀ ਮਾਝ ਰਾਗ ਵਿੱਚ ਲਿਖਦੇ ਹਨ:

ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ॥ (ਅੰਗ **136**)

ਕੀਮਤੀ ਚੀਜ਼ਾਂ ਦੀ ਹੀ ਕੀਮਤ ਪੈਂਦੀ ਹੈ। ਜੇ ਜ਼ਮੀਰ ਕੀਮਤੀ ਹੈ ਤਾਂ ਜ਼ਰੂਰ ਮੁੱਲ ਪਵੇਗਾ। ਜੇ ਹੋਰ ਕੋਈ ਨਾ ਵੀ ਪਾਏ ਤਾਂ ਤੁਸੀਂ ਆਪ ਉਸ ਸੱਚੀ ਸੁੱਚੀ ਜ਼ਮੀਰ ਦਾ ਮੁੱਲ ਪਾਵੋਗੇ।

****


Academy of the Punjab in North America: http://www.apnaorg.com

# ਸਾਡੇ ਫਰਜ਼

ਇਨਸਾਨੀਅਤ ਦਾ ਪਾਤਰ ਚਿਤਰਣ ਕਰਨ ਲੱਗਿਆ ਜਦੋਂ ਫਰਜ਼ਾਂ ਦੀ ਗੱਲ ਚੱਲਦੀ ਹੈ ਤਾਂ ਆਮ ਤੌਰ ਤੇ ਬਾਕੀ ਸਾਰਿਆਂ ਦਾ ਫਰਜ਼ ਯਾਦ ਕਰਵਾਉਂਦੇ ਰਹਿੰਦੇ ਹਾਂ। ਆਪਣੇ ਫਰਜ਼ ਨਹੀਂ ਯਾਦ ਰੱਖਦੇ। ਅਸਲ ਵਿੱਚ ਸਾਨੂੰ ਭੁੱਲਦੇ ਨਹੀਂ ਸਾਡੇ ਫਰਜ਼, ਅਸੀਂ ਆਪ ਭੁਲਾਉਣਾ ਚਾਹੁੰਦੇ ਹਾਂ। ਇਨਸਾਨ ਦੀ ਫ਼ਿਤਰਤ ਹੀ ਕੁਝ ਐਸੀ ਹੈ। ਨਿੱਕੇ ਹੁੰਦੇ ਅਸੀਂ ਆਪਣੀ ਪੰਜਾਂ ਉਂਗਲਾਂ ਦੀ ਇੱਕ ਖੇਡ ਖੇਡਿਆ ਕਰਦੇ ਸੀ:

ਨਿੱਕੀ ਉਂਗਲੀ ਕਹਿੰਦੀ ਖਾਈਏ ਖਾਈਏ।
ਦੂਸਰੀ ਉਂਗਲੀ ਕਹਿੰਦੀ ਕਿਥੋਂ ਖਾਈਏ।
ਤੀਸਰੀ ਉਂਗਲੀ ਕਹਿੰਦੀ ਸਿਰ ਚੜ੍ਹਾਈਏ।
ਚੌਥੀ ਉਂਗਲੀ ਕਹਿੰਦੀ ਲਾਊ ਕੌਣ?
ਤੇ ਫਿਰ ਅੰਗੂਠਾ ਦਿਖਾ ਕੇ ਕਹਿ ਦੇਦੇ
ਲੱਭੂ ਤਾਂ ਲੱਭੂ ਨਹੀਂ ਤਾ ਆਹ ਜਾਣਦਾ।

ਅਸੀਂ ਆਪਣੇ ਜੀਵਨ ਵਿੱਚ ਵੀ ਇਹ ਖੇਡ ਖੇਡਦੇ ਹਾਂ। ਸਾਨੂੰ ਪਤਾ ਹੈ ਕਿ ਸਾਡਾ ਫਰਜ਼ ਕੀ ਬਣਦਾ ਹੈ ਪਰ ਅਸੀ ਜਾਣਦਿਆਂ ਅਣਜਾਣ ਬਣ ਜਾਂਦੇ ਹਾਂ। ਆਪਣੀ ਕਾਮਯਾਬੀ ਲਈ ਆਪਣਾ ਨਾਮ ਬਣਾਉਣ ਲਈ ਆਪਣੇ ਰਿਸ਼ਤਿਆਂ ਦਾ ਸੁਖ ਪ੍ਰਾਪਤ ਕਰਨ ਲਈ ਅਸੀਂ ਹਮੇਸ਼ਾਂ ਯਤਨ ਕਰਦੇ ਰਹਿੰਦੇ ਹਾਂ ਲੇਕਿਨ ਨਾਮਣਾ ਖੱਟਦਿਆਂ ਕਮਾਈਆਂ ਕਰਦਿਆਂ, ਵਿਓਪਾਰ ਕਰਦਿਆਂ ਆਪਣੇ ਫਰਜ਼ ਵੀ ਯਾਦ ਰੱਖਣੇ ਚਾਹੀਦੇ ਹਨ ਨਹੀਂ ਤਾਂ ਫਿਰ ਗੱਡੀ ਨਹੀਂ ਚਲਦੀ। ਸਾਡਾ ਇਕ ਵਾਰ ਕਿਰਾਏਦਾਰਾਂ ਨਾਲ ਝਗੜਾ ਹੋ ਗਿਆ। ਦੁਕਾਨ ਬਹੁਤ ਵਧੀਆ ਚਲਦੀ ਸੀ, ਕਿਰਾਏਦਾਰ ਕਮਾਈ ਵੀ ਵਧੀਆ ਕਰਦੇ ਹੋਣਗੇ। ਨਵੇਂ ਸਿਰਿਓਂ ਕਿਰਾਏ ਦਾ ਇਕਰਾਰਨਾਮਾ ਦਸ ਸਾਲ ਲਈ ਮੰਗਦੇ ਸੀ। ਖ਼ੈਰ ਉਹਨਾਂ ਦਾ ਹੱਕ ਵੀ ਬਣਦਾ ਸੀ ਤੇ ਸਾਡਾ ਦਿਲ ਵੀ ਨਹੀਂ ਸੀ ਕਰਦਾ ਕਿ ਉਹ ਏਨਾ ਵਧੀਆ ਵਿਓਪਾਰ ਗਵਾ ਕੇ ਬਹਿ ਜਾਣ। ਹੋਰ ਵੀ ਕਈ ਸੱਜਣਾਂ ਮਿੱਤਰਾਂ ਨੇ ਉਨ੍ਹਾਂ ਦੀ ਸਿਫਾਰਸ਼ ਕੀਤੀ। ਮੈਂ ਸੋਚਿਆ ਕਿਰਾਏ ਤੇ ਤਾਂ ਦੇਣਾ ਹੀ ਹੈ ਕਿਉਂ ਨਾ ਇਹਨਾਂ ਨੂੰ ਹੀ ਦੇ ਦੇਈਏ। ਬੰਦਿਆਂ ਵਿੱਚ ਬੈਠ ਕੇ ਮੈਂ ਕਿਹਾ ਇੱਕ ਦਰਖਾਸਤ ਲਿਖ ਕੇ ਭੇਜ ਦਿਓ ਕਿ ਤੁਹਾਡੇ ਕੋਲ ਲੀਜ਼ ਨਹੀਂ ਹੈ ਤੇ ਸਾਨੂੰ ਨਵਾਂ ਇਕਰਾਰਨਾਮਾ ਕਿਰਪਾ ਕਰਕੇ ਦੇ ਦੇਵੋ। ਉਹ ਹੱਕ ਤਾਂ ਸਮਝਦੇ ਸਨ ਪਰ ਫਰਜ਼ ਪੂਰਾ ਕਰਨ ਤੋਂ ਝਕਦੇ ਸਨ। ਉਹਨਾਂ ਨੇ ਨਾ ਕੋਈ ਦਰਖਾਸਤ ਭੇਜੀ ਤੇ ਨਾ ਹੀ ਉਨ੍ਹਾਂ ਨੂੰ ਕੋਈ ਇਕਰਾਰਨਾਮਾ ਮਿਲਿਆ।

ਅਸੀਂ ਜਦੋਂ ਕੋਈ ਟੀਚਾ ਮਿਥਦੇ ਹਾਂ, ਕੋਈ ਮੰਜ਼ਿਲ ਪ੍ਰਾਪਤ ਕਰਨਾ ਚਾਹੁੰਦੇ ਹਾਂ ਤਾਂ ਨਾਲ ਦੀ ਨਾਲ ਸਾਨੂੰ ਉਸ ਮੰਜ਼ਿਲ 'ਤੇ ਪਹੁੰਚਣ ਦੇ ਰਸਤੇ ਤੇ ਸਾਧਨ ਵੀ ਲੱਭਣੇ ਪੈਣਗੇ ਕਿਥੇ ਪਹੁੰਚਣਾ ਹੈ। ਜੋ ਸਾਡਾ ਹੱਕ ਹੈ ਤਾਂ ਰਸਤੇ ਵਿੱਚ ਫਰਜ਼ ਵੀ ਯਾਦ ਰੱਖਣੇ ਪੈਣਗੇ। ਫਰਜ਼ਾਂ ਦੀ ਜਦੋਂ ਵਾਰੀ ਆਉਂਦੀ ਹੈ ਤਾਂ ਅਸੀਂ ਕੰਜੂਸੀ ਕਰਨ ਲੱਗ ਪੈਂਦੇ ਹਾਂ। ਪਰ ਕਈ ਵਾਰ ਉਸ ਦੇ ਨਤੀਜੇ ਸਹੀ ਨਹੀਂ ਨਿਕਲਦੇ-ਡੰਨ ਭਰਨੇ ਪੈ ਜਾਂਦੇ ਹਨ। ਹੋਰ ਕਿਸੇ ਤੇ ਜਿੱਤ ਪ੍ਰਾਪਤ ਕਰਨ ਤੋਂ ਪਹਿਲਾਂ ਸਾਨੂੰ ਆਪਣੇ ਆਪ ਤੇ ਜਿੱਤ ਪ੍ਰਾਪਤ ਕਰਨੀ ਹੋਵੇਗੀ, ਤਾਂ ਹੀ ਹੋਰ ਕਿਸੇ ਨੂੰ ਜਿੱਤਿਆ ਜਾ ਸਕਦਾ ਹੈ। ਸਾਰੀਆਂ ਜਿੱਤਾਂ ਤਲਵਾਰ ਨਾਲ ਹੀ ਨਹੀਂ ਜਿੱਤੀਆਂ ਜਾਂਦੀਆਂ। ਕਈ ਵਾਰ ਤੁਹਾਡੇ ਸ਼ਬਦ ਸੁਣ ਕੇ ਹੀ ਲੋਕ ਹਾਰ ਜਾਣਾ ਚਾਹੁੰਦੇ ਹਨ। ਨਜ਼ਰ ਨਾਲ ਨਜ਼ਰ ਮਿਲਾ ਕੇ ਹੀ ਤੁਹਾਨੂੰ ਜਿੱਤਣਾ ਨਹੀਂ ਚਾਹੁੰਦੇ। ਦੂਸਰੀ ਗੱਲ ਜੋ ਬਹੁਤ ਜ਼ਰੂਰੀ ਹੈ, ਉਹ ਇਹ ਹੈ ਕਿ ਕਿਸੇ ਨਾ ਕਿਸੇ ਦੈਵੀ ਸ਼ਕਤੀ ਤੋਂ, ਕਿਸੇ ਨਾ ਕਿਸੇ ਰੱਬ ਤੋਂ ਡਰਨਾ ਚਾਹੀਦਾ ਹੈ। ਜੇ ਕਿਸੇ ਦਾ ਡਰ ਨਾ ਹੋਵੇ, ਕਿਸੇ ਦਾ ਸਤਿਕਾਰ ਨਾ ਹੋਵੇ ਤਾਂ ਅਸੀਂ ਆਪਣੇ ਫਰਜ਼ਾਂ ਨੂੰ ਭੁਲਾਉਣਾ ਚਾਹਾਂਗੇ ਪਰ


Academy of the Punjab in North America: http://www.apnaorg.com

ਜੇ ਸਾਨੂੰ ਪਤਾ ਹੈ ਕਿ ਸਾਨੂੰ ਕੋਈ ਦੇਖ ਰਿਹਾ ਹੈ ਤਾਂ ਸੁਭਾਵਕ ਹੀ ਸਹੀ ਚੱਲਾਂਗੇ। ਸੋ ਪਰਮਾਤਮਾ ਦਾ ਆਸਰਾ ਲੈ ਕੇ ਤੇ ਪ੍ਰਮਾਤਮਾ ਤੇ ਵਿਸ਼ਵਾਸ ਕਰਕੇ ਚਲਣਾ ਜ਼ਰੂਰੀ ਹੈ। ਇਮਾਨਦਾਰੀ ਨਾਲ ਆਪਣੇ ਰਸਤੇ ਤਹਿ ਕਰਾਂਗੇ ਤਾਂ ਸੁਖ ਮਿਲੇਗਾ। ਬਹੁਤ ਜ਼ਿਆਦਾ ਭੋਲੇ ਵੀ ਨਹੀਂ ਹੋਣਾ ਚਾਹੀਦਾ ਕਿ ਤੁਹਾਨੂੰ ਕੋਈ ਲੁੱਟ ਲੈ ਜਾਵੇ। ਸਿਆਣੇ ਆਖਿਆ ਕਰਦੇ ਸੀ ਕਿ ਐਸੇ ਮਿੱਠੇ ਨਾ ਹੋ ਜਾਇਓ ਕਿ ਕੋਈ ਖਾ ਹੀ ਜਾਵੇ ਤੇ ਏਨੇ ਕੌੜੇ ਵੀ ਨਾ ਹੋਵੋ ਕਿ ਕੋਈ ਥੁੱਕ ਦੇਵੇ। ਜੇ ਕਿਸੇ ਨੇ ਤੁਹਾਡੀ ਕਿਸੇ ਵੇਲੇ ਬਾਂਹ ਫੜੀ ਹੋਵੇ ਤਾਂ ਉਸਨੂੰ ਯਾਦ ਰੱਖਣਾ ਚਾਹੀਦਾ ਹੈ। ਯਾਦ ਨੂੰ ਕਦੇ ਕਦੇ ਤਾਜ਼ਾ ਕਰਨ ਨਾਲ ਬੜਾ ਸਕੂਨ ਮਿਲਦਾ ਹੈ।

ਮੈਂ ਜਦੋਂ ਕੈਲੇਫੋਰਨੀਆਂ ਗਿਆ ਸਾਂ ਤਾਂ ਪਹਿਲੇ ਦਿਨ ਹੀ ਮੇਰੇ ਹੱਥ ਵਿੱਚ ਤਾਰ ਲੱਗ ਗਈ। ਮੇਰਾ ਹੱਥ ਕਾਫੀ ਕੱਟਿਆ ਗਿਆ। ਕੁਝ ਥਕੇਵਾਂ ਵੀ ਸੀ। ਨਵੀਂ ਜਗ੍ਹਾ ਵੀ ਹਾਲੇ ਮੇ ਚ ਨਹੀਂ ਸੀ ਆ ਰਹੀ ਤੇ ਮੈਨੂੰ ਬੁਖਾਰ ਹੋ ਗਿਆ। ਕੈਲਗਰੀ ਤੋਂ ਭੂਆ ਜੀ ਨੇ ਕਾਲ ਕਰਕੇ ਅਮਰਜੀਤ ਭੈਣ ਨੂੰ ਮੇਰੀ ਮਦਦ ਲਈ ਭੇਜਿਆ। ਮੈਨੂੰ ਨਾਲ ਲਿਜਾ ਕੇ ਟੈਟਨਸ ਦਾ ਟੀਕਾ ਲਵਾਇਆ। ਆਪਣੇ ਘਰ ਰੱਖਿਆ ਤੇ ਜਦ ਮੈਂ ਠੀਕ ਹੋ ਗਿਆ ਤਾਂ ਨੌਕਰੀ ਲੱਭਣ ਲਈ ਵੀ ਮੇਰੇ ਨਾਲ ਜਾਂਦੇ ਰਹੇ। ਉਸ ਸਮੇਂ ਮੈਨੂੰ ਰੱਬ ਵਰਗਾ ਆਸਰਾ ਲਗਦਾ ਸੀ ਅਮਰਜੀਤ ਭੈਣ ਦਾ। ਦੋ ਹਜ਼ਾਰ ਤਿੰਨ ਵਿੱਚ ਮੈਂ ਤੇ ਹਰਪ੍ਰੀਤ ਨੇ ਆਪਣੀ ਸ਼ਾਦੀ ਦੀ 25 ਵੀਂ ਸਾਲ ਗਿਰਾਹ ਮਨਾਈ। ਬਹੁਤ ਲੋਕ ਇਕੱਠੇ ਹੋਏ। ਬਹੁਤ ਵੱਡਾ ਹਾਲ ਸੀ ਅਰਾਰਤ। ਜਦੋਂ ਲੋਕਾਂ ਨਾਲ ਖਚਾ ਖਚਿ ਭਰ ਗਿਆ ਤਾਂ ਮੈਨੂੰ ਸਾਰਿਆਂ ਦਾ ਧੰਨਵਾਦ ਕਰਨ ਦਾ ਮੌਕਾ ਮਿਲਿਆ।

ਸਾਰੇ ਰਿਸ਼ਤੇਦਾਰਾਂ ਤੇ ਮਿੱਤਰਾਂ ਦਾ ਧੰਨਵਾਦ ਕਰਨ ਤੋਂ ਪਹਿਲਾਂ ਮੈਂ ਅਮਰਜੀਤ ਭੈਣ ਜੀ ਦਾ ਤੇ ਉਨ੍ਹਾਂ ਦੇ ਪਤੀ ਹਰਕੀਰਤ ਸਿੰਘ ਰੰਧਾਵਾ ਦਾ ਧੰਨਵਾਦ ਕੀਤਾ ਤੇ ਸਾਰਿਆਂ ਲੋਕਾਂ ਨਾਲ ਜਾਣ ਪਛਾਣ ਕਰਵਾ ਕੇ ਕਿਹਾ ਕਿ ਕੈਲੇਫੋਰਨੀਆਂ ਵਿੱਚ ਮੇਰਾ ਸਭ ਤੋਂ ਪਹਿਲਾ ਸਹਾਰਾ ਬਣੇ ਸੀ। ਉਸ ਦੀ ਬਦੌਲਤ ਹੀ ਅੱਜ ਮੈਂ ਐਨੀ ਤਰੱਕੀ ਕਰ ਸਕਿਆ ਹਾਂ। ਮੈਂ ਆਪਣਾ ਫਰਜ਼ ਵੀ ਨਿਭਾਇਆ ਤੇ ਉਸ ਫਰਜ਼ ਨਿਭਾਉਣ ਵਿੱਚ ਦੋਹਾਂ ਦੀ ਸਿਫ਼ਤ ਕਰਨ ਲੱਗਿਆ ਜੋ ਮੈਨੂੰ ਦਿਲ ਵਿੱਚ ਠੰਡ ਪਈ, ਉਸ ਦੀ ਕੋਈ ਕੀਮਤ ਹੋ ਨਹੀਂ ਸਕਦੀ।

ਜੇ ਕਦੇ ਤੁਹਾਨੂੰ ਕੋਈ ਨਿਆਂ ਕਰਨਾ ਪੈ ਜਾਵੇ ਤਾਂ ਜਿੰਨਾਂ ਚਿਰ ਸਾਰੀ ਗੱਲ ਸਮਝ ਨਾ ਲੱਗ ਜਾਵੇ ਉੱਨਾ ਚਿਰ ਕੋਈ ਫੈਸਲਾ ਨਹੀਂ ਕਰਨਾ ਚਾਹੀਦਾ, ਇਹ ਵੀ ਸਾਡਾ ਫਰਜ਼ ਹੈ। ਜੇ ਆਪਣੇ ਆਪ ਨੂੰ ਪਤਾ ਨਾ ਲੱਗੇ ਤਾਂ ਕਿਸੇ ਕਿਤਾਬ ਦੀ ਜਾਂ ਕਿਸੇ ਸਿਆਣੇ ਦੀ ਸਲਾਹ ਲੈਣੀ ਵੀ ਚੰਗੀ ਹੈ। ਕਿਸੇ ਦੀ ਗੈਰਹਾਜ਼ਰੀ ਵਿੱਚ ਉਸਦਾ ਬੁਰਾ ਤੱਕ ਕੇ ਅਸੀਂ ਆਪਣੇ ਫਰਜ਼ ਨਹੀਂ ਨਿਭਾਉਂਦੇ। ਭਵਿੱਖ ਵਿੱਚ ਨਿਕਲਣ ਵਾਲੇ ਨਤੀਜਿਆਂ ਦਾ ਅੰਦਾਜ਼ਾ ਰੱਖਣ ਵਾਲੇ ਲੋਕ ਗਲਤੀ ਕਰਨ ਤੋਂ ਹਮੇਸ਼ਾਂ ਗੁਰੇਜ਼ ਕਰਦੇ ਹਨ। ਟੀਚੇ ਮਿਥਣੇ, ਪ੍ਰੋਗਰਾਮ ਬਣਾਉਣੇ ਮੰਜ਼ਲਾਂ ਨਿਸ਼ਚਿਤ ਕਰਨੀਆਂ ਤਾਂ ਬਹੁਤ ਹੀ ਜ਼ਰੂਰੀ ਹਨ। ਫਿਰ ਉਹ ਹੀ ਗੱਲ ਕਿ ਹਰ ਕਿਸੇ ਕਰਮ ਦੀ ਹਰ ਕਾਰਜ ਦੀ ਕੋਈ ਨਾ ਕੋਈ ਮਰਿਆਦਾ ਹੁੰਦੀ ਹੈ। ਮਰਿਆਦਾ ਵਿੱਚ ਰਹਿਣ ਵਾਲੇ ਲੋਕ ਆਪਣੇ ਅਧਿਕਾਰਾਂ ਦਾ ਅਨੰਦ ਮਾਣਦੇ ਮਾਣਦੇ ਆਪਣੇ ਫਰਜ਼ ਨੂੰ ਵੀ ਅੱਖੋਂ ਪਰੋਖੇ ਨਹੀਂ ਕਰਦੇ। ਜੋ ਲੋਕ ਆਮ ਲੋਕਾਂ ਵਰਗਾ ਲੱਗਣ ਦੀ ਕੋਸ਼ਿਸ਼ ਕਰਦੇ ਹਨ, ਉਹ ਵਧੀਆ ਰਹਿੰਦੇ ਹਨ। ਨਜ਼ਰਾਂ ਵਿੱਚ ਚੜ੍ਹਨਾ ਹਰ ਵਕਤ ਠੀਕ ਨਹੀਂ ਹੁੰਦਾ। ਬਹੁਤ ਅੱਗੇ ਲੰਘਣ ਵਾਲੇ ਜਾਂ ਬਹੁਤ ਪਿਛੇ ਰਹਿ ਜਾਣ ਵਾਲਿਆਂ ਦੀ ਚਰਚਾ ਜ਼ਿਆਦਾ ਹੁੰਦੀ ਹੈ। ਜੇ ਆਮ ਲੋਕਾਂ ਨਾਲ ਅਸੀ ਹੱਸ ਖੇਡ ਕੇ ਸਮਾਂ ਬਿਤਾਉਂਦੇ ਹਾਂ ਤਾਂ ਸਭ ਨੂੰ ਠੀਕ ਲਗਦਾ ਹੈ। ਗਲਤੀ ਦਿਲੋਂ ਲਾ ਕੇ ਨਹੀਂ ਕਰਨੀ ਚਾਹੀਦੀ ਐਪਰ ਗਲਤੀਆਂ ਇਨਸਾਨਾਂ ਤੋਂ ਅਕਸਰ ਹੋ ਜਾਂਦੀਆਂ ਹਨ। ਮੈਂ ਤੇ ਇਹ ਵੀ ਆਖਦਾ ਹੁੰਦਾ ਹਾਂ ਕਿ ਗਲਤੀਆਂ ਕਰਨਾ ਸਾਡਾ ਹੱਕ ਹੈ। ਜੇ ਸਾਡੀ ਕੀਤੀ ਗਲਤੀ ਦੇ ਗਲਤ ਨਤੀਜੇ ਨਿਕਲਦੇ ਦਿਸਣ ਤਾਂ ਉਸ ਗਲਤੀ ਨੂੰ ਸੁਧਾਰਨਾ ਵੀ ਸਾਡਾ ਫਰਜ਼ ਬਣਦਾ ਹੈ। ਸਾਡੇ ਨਾਲ ਦਿਆਂ ਦੀ ਹੋ ਸਕੇ ਤਾਂ ਮਦਦ ਕਰਨੀ ਚਾਹੀਦੀ ਹੈ। ਇਸ ਵਿਚ ਤੁਹਾਡਾ ਵੀ ਫਾਇਦਾ ਹੋਵੇ ਹੋਰ ਕਿਸੇ ਦਾ ਵੀ ਫਾਇਦਾ


Academy of the Punjab in North America: http://www.apnaorg.com

ਹੋ ਜਾਵੇ ਤਾਂ ਬਹੁਤ ਵਧੀਆ ਹੈ।

ਵਿਓਪਾਰ ਕਰਨ ਦੀ ਇੱਕ ਵਿਧੀ ਅਸੀ ਅਪਣਾਈ। ਮੇਰੇ ਕੋਲ ਸਿਰਫ਼ ਦੋ ਕੁ ਲੱਖ ਡਾਲਰ ਸੀ। **1990** ਵਿੱਚ ਉਹ ਲਾ ਕੇ ਅਸੀਂ ਇੱਕ ਵਧੀਆ ਦੁਕਾਨ ਫਿਲਮੋਰ ਸ਼ਹਿਰ ਵਿੱਚ ਲੈ ਲਈ। ਉਸ ਨੂੰ ਚਲਾਉਣ ਵਾਸਤੇ ਮੇਰੇ ਇੰਡੀਆ ਤੋਂ ਗਏ ਰਿਸ਼ਤੇਦਾਰਾਂ ਨੂੰ ਨਾਲ ਰਲਾ ਲਿਆ। ਦਿਮਾਗ ਮੇਰਾ ਚੱਲਿਆ ਤੇ ਹੱਥੀਂ ਕੰਮ ਉਹ ਬਹੁਤ ਕਰ ਲੈਂਦੇ ਸੀ। ਜਿੰਨੇ ਪੈਸੇ ਮੈਂ ਖ਼ਰਚੇ, ਉਹ ਅਸੀਂ ਸਾਂਝੇ ਥਾਂ ਤੋਂ ਬਾਹਰ ਕੱਢ ਲਏ ਤੇ ਸਾਲ ਡੇਢ ਸਾਲ ਵਿੱਚ ਉਹ ਸਟੋਰ ਪੰਜ ਲੱਖ ਡਾਲਰ ਦਾ ਹੋ ਗਿਆ। ਅਸੀ ਕੀ ਖ਼ਰਚਿਆ, ਕੁਝ ਵੀ ਨਹੀਂ, ਪੈਸੇ ਜਿੰਨੇ ਲਾਏ ਉਹ ਕਮਾ ਵੀ ਲਏ। ਮੇਰੀਆਂ ਸਕੀਮਾਂ ਤੇ ਤਜਰਬਾ ਅਤੇ ਮੇਰੇ ਰਿਸ਼ਤੇਦਾਰਾਂ ਦੀ ਮਿਹਨਤ ਨਾਲ ਅਸੀਂ ਸਾਲ ਕੁ ਵਿੱਚ ਹੀ ਤਕੜੇ ਹੋ ਗਏ । ਬੈਠ ਕੇ ਅਸੀਂ ਭਰਾਵਾਂ ਵਾਂਗ ਗੱਲ ਮੁਕਾ ਲਈ ਕਿ ਹੁਣ ਇਹ ਸਟੋਰ ਦੀ ਮਾਲਕੀ ਅੱਧੀ ਤੁਹਾਡੀ ਤੇ ਅੱਧੀ ਸਾਡੀ। ਸਾਰੇ ਬਹੁਤ ਖੁਸ਼। ਉਹ ਜਿੰਨੇ ਜੀਅ ਸਟੋਰ ਤੇ ਕੰਮ ਕਰਦੇ ਸੀ ਉਨ੍ਹਾਂ ਦੀ ਤਨਖਾਹ ਕੱਢ ਕੇ ਬਾਕੀ ਪੈਸੇ ਅਸੀਂ ਅਧੋ ਅੱਧ ਕਰ ਲੈਣੇ। ਅੱਠ ਕੁ ਹਜ਼ਾਰ ਡਾਲਰ ਮਹੀਨਾ ਸਾਡੇ ਹਿੱਸੇ ਆ ਜਾਂਦੇ। ਉਹ ਇਕੱਲੇ ਸਟੋਰ ਲੈ ਨਹੀਂ ਸੀ ਸਕਦੇ , ਮੈਂ ਇਕੱਲਾ ਚਲਾ ਨਹੀਂ ਸੀ ਸਕਦਾ। ਰਲ ਮਿਲ ਕੇ ਇਕ ਦੂਸਰੇ ਦੇ ਸਾਥ ਨਾਲ ਸਾਰੇ ਵਧੀਆ ਰਹਿ ਗਏ। ਸਾਡੇ ਕੋਲ ਪੈਸੇ ਹੋਰ ਹੋ ਗਏ ਤੇ ਨਾਲੇ ਤਜਰਬਾ ਠੀਕ ਰਿਹਾ। ਇਸ ਕਰਕੇ ਅਸੀਂ ਇੱਕ ਇਕ ਕਰਕੇ ਪੰਜ ਹੋਰ ਸਟੋਰ ਪੰਜ ਵੱਖ ਵੱਖ ਭਾਈ ਵਾਲਾਂ ਨਾਲ ਰਲ ਕੇ ਬਣਾਏ। ਸਾਰੇ ਸਾਡੇ ਆਪਣੇ ਖਾਸ ਰਿਸ਼ਤੇਦਾਰ, ਖਾਸ ਮਿੱਤਰ ਸਨ। ਹੁਣ ਖੇਡ ਨੇ ਇਕ ਨਵਾਂ ਮੋੜ ਲਿਆ।

ਜਦੋਂ ਛੇ ਸਟੋਰ ਤੇ ਛੇ ਹੀ ਭਾਈਵਾਲ ਸਾਰੇ ਦੇ ਸਾਰੇ ਅਮੀਰ ਬਣ ਗਏ, ਸਾਰਿਆਂ ਕੋਲ ਪੈਸੇ ਹੋ ਗਏ ਤਾਂ ਸਭ ਨੂੰ ਸਕੀਮਾਂ ਆਉਣ ਲੱਗ ਪਈਆਂ। ਇਹ ਭੁੱਲ ਹੀ ਗਿਆ ਕਿ ਦੋ ਸਾਲ ਪਹਿਲਾਂ ਕੁਝ ਨਹੀਂ ਸੀ ਜਾਣਦੇ ਤੇ ਕੋਲ ਵੀ ਕੁਝ ਨਹੀਂ ਸੀ, ਮਸਾਂ ਦੱਬੇ ਨਾਲ ਦੱਬਾ ਹੀ ਲਗਦਾ ਸੀ। ਤਰਕਾਲਾਂ ਨੂੰ ਸਾਰਿਆਂ ਨੇ ਇਕੱਠੇ ਹੋ ਕੇ ਤਾਸ਼ ਖੇਡਣੀ, ਦਾਰੂ ਪੀਣੀ ਤੇ ਮੀਟ ਮੁਰਗਾ ਖੂਬ ਚੱਲਣੇ। ਹੌਲੀ ਹੌਲੀ ਸਾਰੇ ਘੁਸਰਿ ਮੁਸਰ ਕਰਨ ਲੱਗ ਪਏ ਕਿ ਇਹ ਬੜਾ ਉਸਤਾਦ ਨਿਕਲਿਆ। ਦੇਖੋ ਬਈ ਜਿੰਨੀ ਆਮਦਨ ਆਪਣੀ ਛੇ ਪਰਿਵਾਰਾਂ ਦੀ ਹੈ, ਸੁਰਿੰਦਰ ਇਕੱਲਾ ਓਨੇ ਪੈਸੇ ਕਮਾਈ ਜਾਂਦਾ ਹੈ ਕਿਉਂਕਿ ਛੇ ਸਟੋਰਾਂ ਵਿੱਚ ਸਾਡਾ ਅੱਧ ਸੀ ਜਿਹੜੇ ਪੈਸਿਆਂ ਨਾਲ ਸਾਡਾ ਅੱਧ ਬਣਿਆ ਸੀ ਸਾਰੇ ਸਟੋਰਾਂ ਵਿੱਚ, ਉਹ ਪੈਸੇ ਵੀ ਅਸੀਂ ਕੱਢ ਲਏ ਤੇ ਅੱਧ ਦੇ ਮਾਲਕ ਫਿਰ ਵੀ ਰਹੇ। ਪਰ ਉਹ ਇਹ ਭੁੱਲ ਹੀ ਗਏ ਕਿ ਮੈਂ ਤਾਂ ਜੋ ਲਾਇਆ ਸੋ ਕੱਢਿਆ ਪਰ ਉਨ੍ਹਾਂ ਵਿੱਚੋਂ ਕਈ ਤਾਂ ਮੇਰੇ ਨਾਲ ਖ਼ਾਲੀ ਹੱਥੀਂ ਹੀ ਰਲੇ ਸੀ। ਜੇ ਸਾਰੇ ਪੰਜ ਪੰਜ ਲੱਖ ਦੇ ਸਟੋਰ ਹੋ ਗਏ ਤਾਂ ਢਾਈ ਢਾਈ ਲੱਖ ਦੇ ਮਾਲਕ ਵੀ ਸਾਰੇ ਬਣ ਗਏ ਲੇਕਿਨ ਉਨ੍ਹਾਂ ਨੂੰ ਆਪਣਾ ਢਾਈ ਲੱਖ ਨਾ ਦਿਸੇ ਮੇਰਾ ਪੰਦਰਾਂ ਲੱਖ ਚੰਗਾ ਨਾ ਲੱਗੇ । ਮੈਂ ਇਕ ਦਿਨ ਸਾਰੇ ਇਕੱਠੇ ਕਰਕੇ ਪੁੱਛਿਆ ਕਿ ਮੇਰੀ ਗਲਤੀ ਤਾਂ ਦੱਸੋ ਫਿਰ ਹੱਸਣ। ਅਸੀਂ ਸੋਚਿਆ ਕਿਤੇ ਰਿਸ਼ਤੇਦਾਰੀ ਵਿੱਚ ਤੇ ਯਾਰੀ ਦੋਸਤੀ ਵਿੱਚ ਫਿੱਕ ਨਾ ਪੈ ਜਾਵੇ। ਮੈਂ ਸਾਰਿਆਂ ਨੂੰ ਕਿਹਾ ਕਿ ਮੁੱਲ ਪਾ ਕੇ ਮੇਰਾ ਹਿੱਸਾ ਖਰੀਦ ਲਓ ਤੇ ਵਿਚੋਂ ਹੀ ਕਮਾ ਕੇ ਦੇ ਦਿਓ। ਸਾਰੇ ਪੁੱਠੀਆਂ ਛਾਲਾਂ ਮਾਰਨ ਬੜੇ ਖੁਸ਼ ਕਿ ਜਿੰਨਾ ਮੁਨਾਫ਼ਾ ਦਿੰਦੇ ਸੀ ਉਸ ਤੋਂ ਘੱਟ ਵੀ ਕਿਸ਼ਤ ਕਰੀਏ ਤਾਂ ਦੋ ਤਿੰਨ ਸਾਲਾਂ ਵਿੱਚ ਸਾਰੇ ਸਟੋਰ ਉਨ੍ਹਾਂ ਦੇ ਹੋ ਜਾਣਗੇ। ਲਿਖਤ ਪੜਤ ਮਾੜੀ ਮੋਟੀ ਕਰਕੇ ਸਾਰਿਆਂ ਨੇ ਸਟੋਰ ਸੰਭਾਲ ਲਏ ਤੇ ਅਸੀਂ ਸਾਰਿਆਂ 'ਚੋਂ ਬਾਹਰ। ਸਾਡੇ ਕੋਲ ਉਹੀ ਵਿਚਾਰਾ ਨਿੱਕਾ ਜਿਹਾ ਸਟੋਰ ਰਹਿ ਗਿਆ।

ਦੋ ਕੁ ਸਾਲਾਂ ਵਿੱਚ ਜਦੋਂ ਸਾਰਿਆਂ ਨੇ ਸਾਨੂੰ ਹੌਲੀ ਹੌਲੀ ਕਰਕੇ ਪੈਸੇ ਦੇ ਦਿੱਤੇ ਤਾਂ ਮੈਂ ਸੋਚਿਆ ਹੁਣ ਕੀ ਕਰੀਏ । ਉਸ ਤਰ੍ਹਾਂ ਦੀ ਖੇਡ ਖੇਡਣ ਨੂੰ ਹੋਰ ਦਿਲ ਨਹੀਂ ਸੀ ਕਰਦਾ। ਮੈਂ ਰੀਅਲ ਸਟੇਟ ਦਾ ਲਾਇਸੰਸ ਵੀ ਲੈ ਰੱਖਿਆ ਸੀ। ਮੈਨੂੰ ਜਿਵੇਂ ਜਿਵੇਂ ਸੂਤ ਲੱਗਾ, ਮੈਂ ਦੁਕਾਨਾਂ ਦੀ ਜਾਇਦਾਦ ਖ਼ਰੀਦਣੀ ਸ਼ੁਰੂ ਕਰ ਦਿੱਤੀ ਤੇ ਅਸੀਂ ਸਾਰੇ ਪੈਸੇ ਧਰਤੀ 'ਚ ਨੱਪ ਦਿੱਤੇ। ਕਹਿਣ ਤੋਂ ਭਾਵ ਦੁਕਾਨਾਂ ਖਰੀਦ ਲਈਆਂ। ਸਾਨੂੰ ਕਿਰਾਏ ਭਾੜੇ ਕਾਫੀ ਆਉਣੇ ਸ਼ੁਰੂ ਹੋ


Academy of the Punjab in North America: http://www.apnaorg.com

ਗਏ। ਅਚਾਨਕ ਕੀਮਤਾਂ ਏਨੀਆਂ ਚੜ੍ਹ ਗਈਆਂ ਕਿ ਕੋਈ ਪੰਜ ਗੁਣਾਂ, ਕੋਈ ਦਸ ਗੁਣਾਂ ਬਹੁਤ ਕੀਮਤਾਂ ਵਧੀਆਂ। ਸਾਡਾ ਪੰਦਰਾਂ ਲੱਖ ਲਾਇਆ ਸੀ, ਉਹ 6-7 ਗੁਣਾਂ ਹੋ ਗਿਆ। ਫਿਰ ਸਾਰੇ ਬੜੇ ਦੁਖੀ ਕਿ ਅਸੀਂ ਤਾਂ ਫਿਰ ਉਥੇ ਦੇ ਉਥੇ ਹੀ ਰਹੇ ਤੇ ਸੁਰਿੰਦਰ ਤਾਂ ਬੜੀ ਜਾਇਦਾਦ ਬਣਾ ਗਿਆ। ਮੈਂ ਪਹਿਲੇ ਦਿਨ ਤੋਂ ਲੈ ਕੇ ਅੱਜ ਤੱਕ ਫਰਜ਼ ਨਿਭਾਉਣ ਦੀ ਸੋਚਦਾ ਰਿਹਾ ਪਰ ਕਿਸੇ ਨੂੰ ਖੁਸ਼ ਨਾ ਕਰ ਸਕਿਆ। ਇੱਕ ਨਹੀਂ ਸਾਰੇ ਦੇ ਸਾਰੇ ਜੋ ਕਦੀ ਮੇਰੀ ਉਂਗਲੀ ਲੱਗ ਕੇ ਤੁਰੇ ਸੀ ਤੇ ਅੱਜ ਕਈ ਕਈ ਲੱਖਾਂ ਡਾਲਰਾਂ ਦੇ ਮਾਲਕ ਹਨ, ਮਿਲੀਅਨਰ ਹਨ, ਸਾਰੇ ਹੀ ਜਦ ਮਿਲਦੇ ਤਾਂ ਇਸ ਤਰ੍ਹਾਂ ਲਗਦਾ ਜਿਵੇਂ ਮੈਂ ਉਨ੍ਹਾਂ ਦਾ ਕੋਈ ਨੁਕਸਾਨ ਕਰ ਦਿੱਤਾ ਹੋਵੇ। ਰਲ ਕੇ ਸਾਰਿਆਂ ਨੇ ਕਮਾਈ ਕੀਤੀ। ਮੈਂ ਕੋਈ ਦੇਵਤਾ ਤੇ ਸੀ ਨਹੀਂ ਕਿ ਆਪਣਾ ਹਿੱਸਾ ਵੀ ਦੇ ਦਿੰਦਾ। ਫਿਰ ਮੇਰੇ ਮੁੰਡੇ ਵੀ ਮੇਰੇ ਗੋਡਾ ਫੇਰ ਸਕਦੇ ਸੀ। ਮੈਂ ਤਾਂ ਇਹ ਹੀ ਸਿੱਖਿਆ ਹੈ ਕਿ ਇਮਾਨਦਾਰੀ ਨਾਲ ਆਪਣੇ ਰਸਤੇ ਤੁਰਦੇ ਹੋਏ ਜੇ ਕਿਸੇ ਦੀ ਬਾਂਹ ਪਕੜ ਸਕਦੇ ਹੋ ਤਾਂ ਜ਼ਰੂਰ ਪਕੜੋ ਪਰ ਆਪਣਾ ਆਪ ਗਵਾ ਕੇ ਨਹੀਂ। ਜੇ ਸਹੀ ਚਲਦਿਆਂ ਵੀ ਕੋਈ ਤੁਹਾਡੇ ਨਾਲ ਖੁਸ਼ ਨਹੀਂ ਹੈ ਤਾਂ ਉਸਦੀ ਚਿੰਤਾ ਕਰਨੀ ਵੀ ਸਹੀ ਨਹੀਂ। ਤੁਸੀਂ ਆਪਣੇ ਫਰਜ਼ ਤੋਂ ਪਿਛਾਂਹ ਨਾ ਹਟੋ, ਕੋਈ ਹੋਰ ਆਪਣਾ ਫਰਜ਼ ਨਿਭਾਏ ਜਾਂ ਨਾ ਨਿਭਾਏ, ਇਹ ਉਸ ਤੇ ਛੱਡ ਦਿਓ ਜਾਂ ਪਰਮਾਤਮਾ ਤੇ।

ਜੇ ਕੁਝ ਕਰਦਿਆਂ ਪੈਸੇ ਤਾਂ ਬੜੇ ਬਣਾਏ ਪਰ ਸਵਾਦ ਨਹੀਂ ਆਇਆ, ਵਾਤਾਵਰਣ ਵਿੱਚ ਵੀ ਖੁਸ਼ੀ ਨਹੀਂ ਤਾਂ ਇਹੋ ਜਿਹੀ ਕਹਾਣੀ ਨੂੰ ਕੋਈ ਵਧੀਆ ਮੋੜ ਦੇ ਕੇ ਇਸ ਵਿੱਚੋਂ ਨਿਕਲ ਜਾਣਾ ਹੀ ਬਿਹਤਰ ਹੈ। ਪਰ ਜੇ ਤੁਸੀਂ ਹਰ ਹਾਲਤ ਵਿੱਚ ਚੰਬੜੇ ਹੀ ਰਹਿੰਦੇ ਹੋ ਤਾਂ ਇਸ ਦਾ ਮਤਲਬ ਤੁਹਾਨੂੰ ਅਮਲ ਹੋ ਗਿਆ। ਅਮਲੀ ਤਾਂ ਬਹੁਤੇ ਗੁਣਾਂ ਵਾਲੇ ਨਹੀਂ ਹੁੰਦੇ, ਅਮਲ ਤਾਂ ਫਿਰ ਰੋਗ ਹੈ। ਫਿਰ ਤਾਂ ਪੈਸੇ ਦਾ ਅਮਲ ਤੁਹਾਨੂੰ ਵੱਸ ਵਿੱਚ ਕਰ ਲਵੇਗਾ। ਪੈਸਾ ਨੌਕਰ ਹੀ ਰਹੇ ਤਾਂ ਬਿਹਤਰ ਹੈ, ਜੇ ਪੈਸੇ ਦੇ ਤੁਸੀਂ ਨੌਕਰ ਹੋ ਗਏ ਤਾਂ ਫਿਰ ਕੀ ਫਾਇਦਾ। ਕਿਸੇ ਨੂੰ ਕੁਝ ਦੇ ਸਕਣ ਦੀ ਸਮਰੱਥਾ ਹੈ ਤਾਂ ਪਰਮਾਤਮਾ ਦਾ ਸ਼ੁਕਰ ਹੈ ਪਰ ਜੇ ਤੁਸੀਂ ਦੋਹੀਂ ਹੱਥੀਂ ਲੁਟਾਉਣਾ ਸ਼ੁਰੂ ਕਰ ਦਿਓ ਤਾਂ ਤੁਹਾਡੇ ਕੋਲ ਕੀ ਬਚੂ। ਪੈਸੇ ਕਮਾਉਣ ਦਾ ਤੇ ਖ਼ਰਚਣ ਦਾ ਵੀ ਇੱਕ ਵਿਧਾਨ ਹੋਣਾ ਚਾਹੀਦਾ ਹੈ। ਸੋਚ ਸਮਝ ਕੇ ਵਿਧਾਨ ਬਣਾਓ ਤੇ ਫਿਰ ਉਸ ਵਿਧਾਨ ਦੇ ਵਿੱਚ ਵਿੱਚ ਰਹਿ ਕੇ ਚੱਲਣ ਨਾਲ ਜੋ ਸਫ਼ਰ ਲੰਘਦਾ ਹੈ, ਉਸ ਦੀ ਕੋਈ ਰੀਸ ਨਹੀਂ। ਆਪਣੇ ਵਿਧਾਨ ਸਿਰਫ਼ ਉਹ ਹੀ ਬਣਾਉਂਦੇ ਹਨ ਜਿਨ੍ਹਾਂ ਵਿੱਚ ਆਪਣੇ ਪੈਰਾਂ ਤੇ ਖੜਨ ਦੀ ਤਾਕਤ ਹੁੰਦੀ ਹੈ ਸੋਚ ਹੁੰਦੀ ਹੈ ਜੋ ਕਿਸੇ ਤੇ ਨਿਰਭਰ ਨਹੀਂ ਕਰਦੇ ਸਗੋਂ ਲੋਕਾਂ ਨੂੰ ਦੱਸਦੇ ਹਨ 'ਆਪਣ ਹਥੀਂ ਆਪਣਾ ਆਪੇ ਹੀ ਕਾਜੁ ਸਵਾਰੀਐ॥' ਜੇ ਤੁਸੀਂ ਦੂਰ-ਅੰਦੇਸ਼ ਹੋ ਅਤੇ ਦੂਰ-ਅੰਦੇਸ਼ੀ ਦੀ ਕੀਮਤ ਜਾਣਦੇ ਹੋ ਤਾਂ ਤੁਹਾਨੂੰ ਮੰਜ਼ਿਲ ਵੱਲ ਜਾਣ ਦੀ ਸੇਧ ਹੈ। ਜਾਂਚ ਹੈ ਤਰੀਕਾ ਹੈ। ਜਿਸ ਨੂੰ ਜਾਂਚ ਨਹੀਂ ਉਹ ਕਾਰ ਕਿਵੇਂ ਚਲਾਵੇ ਤੇ ਕਿਵੇਂ ਪਹੁੰਚੇ ਕਿਤੇ , ਤਰ ਕੇ ਹੀ ਪਾਰ ਲੰਘਿਆ ਜਾ ਸਕਦਾ ਹੈ। ਰਾਹ ਵਿੱਚ ਮਾੜਿਆਂ ਨੂੰ ਗੋਤੇ ਨਹੀਂ ਦੇਣੇ ਸਗੋਂ ਜੇ ਕਿਸੇ ਨੂੰ ਫੜ੍ਹ ਕੇ ਪਾਰ ਲੰਘਾ ਸਕਦੇ ਹੋ ਤਾਂ ਜ਼ਰੂਰ ਲੰਘਾਓ ਕੋਈ ਧੰਨਵਾਦ ਕਰੇ ਜਾਂ ਨਾ ਕਰੇ। ਇਹ ਵੀ ਹੋ ਸਕਦਾ ਕਿ ਕੋਈ ਕਹੇ ਕਿ ਖਿੱਚ ਕੇ ਮੇਰੀ ਬਾਂਹ ਹੀ ਤੋੜ ਦੇਣ ਲੱਗਾ ਸੀ। ਸਾਫ ਨੀਅਤ ਨਾਲ ਤੁਰਦੇ ਜਾਣਾ ਹੀ ਸਾਡੀ ਮੰਜ਼ਿਲ ਵੱਲ ਲੈ ਜਾਵੇਗਾ। ਲੋਕਾਂ ਪ੍ਰਤੀ ਫਰਜ਼ ਪੂਰੇ ਕਰਨ ਤੋਂ ਪਹਿਲਾਂ ਆਪਣੇ ਵਾਸਤੇ ਵੀ ਕੁਝ ਫਰਜ਼ ਹੁੰਦੇ ਹਨ। ਪਹਿਲਾਂ ਆਤਮਾ ਤੇ ਫਿਰ ਪਰਮਾਤਮਾ।

****


Academy of the Punjab in North America: http://www.apnaorg.com

# ਸਾਡਾ ਧੁਰਾ ਸਾਡਾ ਕੇਂਦਰ

ਵਧੀਆ ਲੋਕ ਆਪਣੇ ਜੀਵਨ ਦੇ ਵਧੀਆ ਵਧੀਆ ਟੀਚੇ ਮਿਥਦੇ ਹਨ, ਸੋਹਣੀਆਂ ਮੰਜ਼ਲਾਂ ਨਿਸ਼ਚਿਤ ਕਰਦੇ ਹਨ ਤੇ ਉਨ੍ਹਾਂ ਮੰਜ਼ਲਾਂ ਤੇ ਪਹੁੰਚਣ ਲਈ ਰਸਤੇ ਵਾਸਤੇ ਆਪਣੇ ਕਾਇਦੇ ਕਾਨੂੰਨ ਬਣਾਉਂਦੇ ਹਨ। ਉਹ ਵਿਧਾਨ, ਜੋ ਸ਼ੁਰੂ ਵੀ ਆਪਣੇ ਤੋਂ ਹੁੰਦਾ ਹੈ, ਲਾਗੂ ਵੀ ਅਸੀਂ ਕਰਨਾ ਹੁੰਦਾ ਹੈ ਤੇ ਉਸਦੇ ਹਿਸਾਬ ਨਾਲ ਤੁਰਨਾ ਵੀ ਅਸੀਂ ਹੁੰਦਾ ਹੈ। ਇਸ ਲਈ ਸਭ ਕੁਝ ਕਰਨ ਲਈ ਅਸੀਂ ਕੇਂਦਰ ਬਿੰਦੂ ਆਪਣੇ ਆਪ ਨੂੰ ਹੀ ਰੱਖਦੇ ਹਾਂ। ਬਾਕੀ ਦੀ ਦੁਨੀਆ ਸਾਰੇ ਰਸਤੇ ਤੇ ਰਸਤਿਆਂ ਵਿੱਚ ਮਿਲਣ ਵਾਲੇ ਲੋਕ ਸਾਡੇ ਨਾਲ ਤੁਰਦੇ ਹਨ। ਅਸੀਂ ਸਾਥ ਲੈ ਲੈਂਦੇ ਹਾਂ ਆਸਰਾ ਲੈ ਲੈਂਦੇ ਹਾਂ ਪਰ ਹਰ ਕੰਮ ਦਾ ਅਸਲ ਕੇਂਦਰੀ ਬਿੰਦੂ ਤਾਂ ਅਸੀਂ ਆਪ ਹਾਂ। ਆਪਣੇ ਤੋਂ ਬਾਅਦ ਆਪਣੇ ਨਜ਼ਦੀਕੀ ਤੇ ਬਾਅਦ ਵਿੱਚ ਕੋਈ ਹੋਰ। ਅਸੀਂ ਆਪਣੀ ਔਕਾਤ ਮੁਤਾਬਕ ਹੀ ਆਪਣੇ ਨਿਸ਼ਾਨੇ ਬਣਾ ਸਕਦੇ ਹਾਂ। ਕਈ ਵਾਰੀ ਸਾਡੀ ਰੀਝ ਸਾਡੀ ਔਕਾਤ ਤੋਂ ਕਿਤੇ ਜ਼ਿਆਦਾ ਹੁੰਦੀ ਹੈ ਜਿਵੇਂ ਸੁਰਜੀਤ ਪਾਤਰ ਲਿਖਦਾ ਹੈ:

ਇਸ ਤਰ੍ਹਾਂ ਹੈ ਜਿਸ ਤਰ੍ਹਾਂ ਦਿਨ ਰਾਤ ਵਿਚਲਾ ਫਾਸਲਾ
ਮੇਰੀਆਂ ਰੀਝਾਂ ਮੇਰੀ ਔਕਾਤ ਵਿਚਲਾ ਫਾਸਲਾ।

ਸਾਡੀਆਂ ਰੀਝਾਂ ਕਈ ਵਾਰ ਵੱਡੀ ਤੋਂ ਵੱਡੀ ਔਕਾਤ ਤੋਂ ਵੀ ਕਿਤੇ ਵੱਡੀਆਂ ਹੋ ਜਾਂਦੀਆਂ ਹਨ। ਸੁਰਜੀਤ ਪਾਤਰ ਦੀ ਹੀ ਇੱਕ ਹੋਰ ਲਿਖਤ ਹੈ-ਅੱਜ ਅਸੀਂ ਵਾਂਗ ਜਹਾਜ਼ਾਂ ਡੁੱਬ ਚੱਲੇ ਹਾਂ, ਸੂਰਜ ਵਾਂਗੂੰ ਉਦੇ ਹੋਵਾਂਗੇ ਭਲਕੇ। ਕਿੱਡੀ ਵੱਡੀ ਔਕਾਤ ਹੈ। ਜਹਾਜ਼ ਵਿੱਚ ਸਾਰਾ ਪਿੰਡ ਬੈਠ ਸਕਦਾ ਹੈ। ਇਸ ਤਰ੍ਹਾਂ ਦੀ ਔਕਾਤ ਵਾਲਿਆਂ ਨੂੰ ਵੀ ਲੋਕੀਂ ਡੋਬ ਦਿੰਦੇ ਹਨ। ਤੁਹਾਡਾ ਹੌਸਲਾ ਤੁਹਾਡੇ ਟੀਚੇ ਬਣਾਉਂਦਾ ਹੈ ਤਾਂ ਹੀ ਤਾਂ ਪਾਤਰ ਆਪਣੇ ਹੌਸਲੇ ਨਾਲ ਆਪਣੇ ਆਪ ਤੇ ਆਪਣੇ ਧੁਰੇ ਤੇ ਮਾਣ ਕਰਕੇ ਆਖਦਾ ਹੈ ਕਿ ਕੱਲ੍ਹ ਨੂੰ ਸੂਰਜ ਵਾਂਗ ਫਿਰ ਚੜ੍ਹਨਾ ਹੈ। ਮੌਤ ਵੀ ਇਕ ਸਚਾਈ ਹੈ ਲੇਕਿਨ ਕੱਲ੍ਹ ਦੀ ਸਵੇਰ ਵੀ ਸੂਰਜ ਦੇ ਚੜ੍ਹਨ ਬਿਨ੍ਹਾਂ ਨਹੀਂ ਹੋ ਸਕਦੀ। ਰੌਸ਼ਨੀ ਕਰਨਾ ਲੋਚਦੇ ਹੋ ਤਾਂ ਸੂਰਜ ਬਣ ਕੇ ਚੜ੍ਹਨਾ ਪਵੇਗਾ। ਵੱਡੇ ਵੱਡੇ ਸਮੁੰਦਰੀ ਬੇੜੇ ਟਾਈਟੈਨਿਕ ਵਰਗੇ ਵੀ ਡੁੱਬ ਸਕਦੇ ਹਨ। ਬੁਲੰਦ ਹੌਂਸਲਿਆਂ ਵਾਲੇ ਸੂਰਜ ਵਰਗੀ ਹਿੰਮਤ ਦੇ ਨਾਲ ਚੜ੍ਹਦੇ ਹਨ ਤੇ ਅੰਧੇਰੇ ਆਪੇ ਦੌੜ ਜਾਂਦੇ ਹਨ। ਸਾਡੀ ਦੇਖ ਸਕਣ ਦੀ ਸ਼ਕਤੀ ਕਿੰਨੀ ਹੈ, ਉਸੇ ਹਿਸਾਬ ਨਾਲ ਸਾਡੀ ਕੀਮਤ ਬਣਦੀ ਹੈ ਤੇ ਉਸੇ ਹਿਸਾਬ ਨਾਲ ਅਸੀਂ ਟੀਚੇ ਮਿਥ ਲੈਂਦੇ ਹਾਂ। ਜਿੰਨਾ ਮਜ਼ਬੂਤ ਧੁਰਾ ਹੈ, ਓਨੀ ਮਜ਼ਬੂਤੀ ਨਾਲ ਹੀ ਅਸੀਂ ਉਸਦੇ ਦੁਆਲੇ ਘੁੰਮ ਸਕਦੇ ਹਾਂ। ਜੇ ਸਾਡੇ ਅਸੂਲ ਮਜ਼ਬੂਤ ਹਨ, ਸੈਂਟਰ ਮਜ਼ਬੂਤ ਹੈ,

ਸਾਡਾ ਕੇਂਦਰ ਮਜ਼ਬੂਤ ਹੈ, ਤਾਂ ਕੁਦਰਤ ਦੇ ਨਿਯਮਾਂ ਨੂੰ ਧਿਆਨ ਵਿੱਚ ਰੱਖ ਕੇ ਆਪਣੇ ਮਿਸ਼ਨ ਵੱਲ ਚੱਲ ਸਕਦੇ ਹਾਂ ਤੇ ਆਸਾਨੀ ਨਾਲ ਪਹੁੰਚ ਸਕਦੇ ਹਾਂ। ਸਾਡੀ ਸ਼ਕਤੀ, ਸਾਡੀ ਸਿਆਣਪ, ਸਾਡੀ ਸੇਧ ਅਤੇ ਸਾਡੀ ਰੱਖਿਆ ਸਾਡੇ ਕੇਂਦਰ ਤੇ ਹੀ ਨਿਰਭਰ ਕਰਦੀ ਹੈ।

ਆਮ ਲੋਕ ਆਪਣੇ ਆਪ ਨੂੰ ਸੁਰੱਖਿਅਤ ਨਹੀਂ ਸਮਝਦੇ। ਸੁਰੱਖਿਅਤ ਸਮਝਣਾ ਵੀ ਬਹੁਤ ਜ਼ਰੂਰੀ ਹੈ ਜਿੰਨੀ ਕੁ ਸਾਡੀ ਕੀਮਤ ਸਾਨੂੰ ਮਹਿਸੂਸ ਹੁੰਦੀ ਹੈ, ਜਿੰਨੀ ਕੁ ਸਾਡੀ ਤਾਕਤ ਮਹਿਸੂਸ ਹੁੰਦੀ ਹੈ, ਓਨਾ ਹੀ ਅਸੀਂ ਆਪਣੇ ਆਪ ਨੂੰ ਸੁਰੱਖਿਅਤ ਸਮਝਦੇ ਹਾਂ। ਸਾਡੀ ਓਨੀ ਹੀ ਪਹਿਚਾਣ ਮਜ਼ਬੂਤ ਹੈ, ਜਿੰਨੀ ਅਸੀਂ ਵੇਖਦੇ ਹਾਂ। ਜੇ ਅਸੀਂ ਆਪਣੇ ਆਪ ਨੂੰ ਕਮਜ਼ੋਰ ਸਮਝਦੇ ਹਾਂ ਤਾਂ ਸਾਡਾ ਹੌਂਸਲਾ ਹੀ ਨਹੀਂ ਪੈ ਸਕਦਾ ਕਿ ਕੋਈ ਕੰਮ ਦਲੇਰੀ ਨਾਲ ਕਰ ਸਕੀਏ। ਕਈ ਵਾਰ ਅਸੀਂ ਆਖ ਦੇਂਦੇ ਹਾਂ ਕਿ ਮੇਰੇ ਤੋਂ ਕਿਥੇ ਹੋਣਾ ਇਹ ਕੰਮ। ਜੇ ਹੌਂਸਲਾ ਹੀ ਨਹੀਂ ਤਾਂ ਫਿਰ ਕੰਮ ਕੀ ਸਿਰੇ ਚੜ੍ਹਨਾ। ਆਪਣੀ ਤਾਕਤ ਦਾ ਅਹਿਸਾਸ ਢੇ ਰੀ ਢਾਹ ਕੇ ਨਹੀਂ ਕੀਤਾ ਜਾ ਸਕਦਾ। ਆਪਣੇ ਆਪ ਨਾਲ ਪੰਗੇ ਲੈ ਕੇ ਹੀ ਹੁੰਦਾ ਹੈ ਆਪਣੀ ਤਾਕਤ ਦਾ ਅਹਿਸਾਸ। ਸਾਡੇ ਕੋਲ ਕਈ ਇਸ ਤਰ੍ਹਾਂ ਦੇ ਵੀ ਮੁੰਡੇ ਕੰਮ


Academy of the Punjab in North America: http://www.apnaorg.com

ਕਰਦੇ ਸਨ ਜੋ ਬਹੁਤ ਹੀ ਅਣਜਾਣ ਸਨ। ਕਿਸੇ ਕਿਸਮ ਦਾ ਗਿਆਨ ਨਹੀਂ ਸੀ। ਆਪਣੇ ਆਪ ਤੇ ਵਿਸ਼ਵਾਸ ਕਰਕੇ ਹੀ ਉਹ ਅਮਰੀਕਾ ਵਰਗੇ ਦੇਸ਼ ਵਿੱਚ ਪਹੁੰਚ ਗਏ। ਉਥੇ ਜਾ ਕੇ ਪੰਗੇ ਲੈ ਲੈ ਕੇ ਸਭ ਕੁਝ ਸਿੱਖ ਲਿਆ। ਅਮਰੀਕਣ ਲੋਕਾਂ ਤੋਂ ਵਧੀਆ ਕਈ ਕੁਝ ਬਣਾ ਲਿਆ। ਮੈਨੂੰ ਯਾਦ ਹੈ ਇੱਕ ਵਾਰ ਇੱਕ ਲੜਕਾ ਦਵਿੰਦਰ ਸਾਡੇ ਨਾਲ ਕੰਮ ਕਰਦਾ ਸੀ ਉਹ ਐਨਾ ਭੋਲਾ ਸੀ ਕਿ ਪੁੱਛੋ ਹੀ ਨਾ। ਇਕ ਦਿਨ ਅਸੀਂ ਦੋ ਤਿੰਨ ਜਣੇ ਕਾਫ਼ੀ ਦਾ ਕੱਪ ਪੀਂਦੇ ਗੱਲਾਂ ਕਰਨ ਲੱਗ ਪਏ। ਇੰਡੀਆ ਦੀਆਂ ਵੀ ਗੱਲਾਂ ਚਲ ਪਈਆਂ। ਮਦਰ ਟ੍ਰੇਸਾ ਦੀ ਉਨ੍ਹਾਂ ਦਿਨਾਂ ਵਿੱਚ ਦੁਨੀਆ ਭਰ ਵਿੱਚ ਬੜੀ ਚੜ੍ਹਤ ਸੀ। ਮੈਂ ਗੱਲ ਕਰ ਰਿਹਾ ਸੀ ਕਿ ਉਸ ਔਰਤ ਦਾ ਹੌਸਲਾ ਵੇਖੋ, ਉਸਦਾ ਇਰਾਦਾ ਵੇਖੋ ਕਿੰਨਾ ਮਜ਼ਬੂਤ ਹੈ। ਇਕੱਲੇ ਕਲਕੱਤੇ ਸ਼ਹਿਰ ਵਿੱਚ, ਇਕ ਓਪਰੇ ਸ਼ਹਿਰ ਵਿੱਚ, ਇਕ ਮਿਸ਼ਨਰੀ ਬਣ ਕੇ ਔਰਤ ਆਵੇ। ਆਮ ਤੌਰ ਤੇ ਲੋਕ ਇਕ ਔਰਤ ਨੂੰ ਕਮਜ਼ੋਰ ਸਮਝਦੇ ਹਨ। ਪਰ ਇਕ ਔਰਤ ਇਕ ਸ਼ਹਿਰ ਵਿੱਚ ਆਪਣੇ ਪੱਕੇ ਇਰਾਦੇ ਦੇ ਸਿਰ ਤੇ ਪੰਜ ਲੱਖ ਲੋਕਾਂ ਨੂੰ ਕ੍ਰਿਸ਼ਚੀਅਨ ਬਣਾ ਗਈ। ਅਸੀਂ ਗੱਲਾਂ ਕਰਦਿਆਂ ਕਰਦਿਆਂ ਦਵਿੰਦਰ ਨੂੰ ਪੁੱਛਿਆ ਕਿ ਤੂੰ ਕਲਕੱਤਾ ਦੇਖਿਆ ਦਵਿੰਦਰ। ਜਵਾਬ ਵਿੱਚ ਕਹਿਣ ਲੱਗਾ, ਆਹੋ ਜੀ ਕਲਕੱਤਾ ਪੰਜਾਬ ਵਿੱਚ ਹੀ ਆ। ਅਸੀਂ ਸਾਰੇ ਹੱਸ ਪਏ। ਖੈਰ ਉਹੀ ਦਵਿੰਦਰ ਅੱਜ ਕਲ੍ਹ ਲੱਖਾਂ ਪਤੀ ਹੈ ਤੇ ਸੋਹਣਾ ਕਾਰੋਬਾਰ ਹੈ। ਸੋਹਣੇ ਘਰ ਵਿੱਚ ਰਹਿੰਦਾ, ਸੋਹਣੀ ਕਾਰ ਚਲਾਉਂਦਾ ਹੈ। ਕੁਝ ਵੀ ਨਾ ਜਾਣਦਿਆਂ ਹੋਇਆਂ ਉਸ ਨੂੰ ਆਪਣੇ ਆਪ ਤੇ ਯਕੀਨ ਸੀ ਕਿ ਜੇ ਹੋਰ ਕੋਈ ਕਰ ਸਕਦਾ ਹੈ, ਮੈਂ ਕਿਉਂ ਨਹੀਂ ਕਰ ਸਕਦਾ। ਅੱਜ ਉਸ ਨੇ ਸਭ ਕੁਝ ਕਰ ਵਿਖਾਇਆ।

ਅਸੀਂ ਲੋਕਾਂ ਤੋਂ ਢੰਗ ਤਰੀਕੇ ਸਿੱਖਦੇ ਹਾਂ। ਸਭ ਤੋਂ ਵੱਧ ਪ੍ਰਭਾਵ ਆਪਣੀ ਜ਼ਿੰਦਗੀ ਦਾ ਆਪਣੇ ਮੰਨ ਅੰਦਰ ਜੋ ਫੁਰਨੇ ਫੁਰਦੇ ਹਨ, ਉਨ੍ਹਾਂ ਦਾ ਹੁੰਦਾ ਹੈ। ਠੀਕ ਹੈ ਕਿ ਜੇ ਰਾਹ ਭੁੱਲ ਜਾਈਏ ਤਾਂ ਕਿਸੇ ਤੋਂ ਪੁੱਛ ਵੀ ਸਕਦੇ ਹਾਂ। ਪਰ ਕਿਥੇ ਜਾਣਾ, ਇਹ ਤਾਂ ਅਸੀਂ ਆਪ ਹੀ ਨਿਸ਼ਚਤ ਕਰਦੇ ਹਾਂ। ਜੇ ਸਹੀ ਟੀਚਾ ਮਿਥਿਆ ਗਿਆ ਤਾਂ ਗੱਲ ਬਣ ਜਾਂਦੀ ਹੈ ਤੇ ਜੇ ਗਲਤ ਮਿਥਿਆ ਗਿਆ ਤਾਂ ਫਿਰ ਗੱਲ ਵਿਗੜ ਵੀ ਸਕਦੀ ਹੈ। ਹਰ ਇਨਸਾਨ ਦੀ ਆਪੋ ਆਪਣੀ ਸਿਆਣਪ ਹੁੰਦੀ ਹੈ। ਜਿੰਨਾਂ ਕੋਈ ਸਿਆਣਾ ਹੈ ਓਨਾ ਹੀ ਉਸਦੀ ਕੇਂਦਰੀ ਸਰਕਾਰ ਮਜ਼ਬੂਤ ਹੁੰਦੀ ਹੈ। ਸਾਡਾ ਕੇਂਦਰ ਹੀ ਤਾਂ ਸਾਡੀ ਸਰਕਾਰ ਹੈ। ਜੇ ਸਰਕਾਰ ਕਮਜ਼ੋਰ ਹੋਵੇ ਤਾਂ ਕੁਝ ਵੀ ਨਹੀਂ ਕਰ ਸਕਦੀ। ਜੇ ਅਸੀਂ ਢੇਰੀ ਢਾਹ ਕੇ ਬੈਠ ਜਾਂਦੇ ਹਾਂ ਤਾਂ ਅਸੀਂ ਕੀ ਕਰ ਸਕਦੇ ਹਾਂ। ਲੇਕਿਨ ਜੋ ਇਨਸਾਨ ਮਜ਼ਬੂਤ ਹਨ। ਉਹ ਹਮੇਸ਼ਾਂ ਆਪਣੀ ਆਵਾਜ਼ ਦੂਰ ਦੂਰ ਤੱਕ ਪਹੁੰਚਾ ਸਕਦੇ ਹਨ। ਹਰ ਇਨਸਾਨ, ਹਰ ਕੌਮ, ਹਰ ਦੇਸ਼ ਦਾ ਕਾਮਯਾਬ ਜਾਂ ਨਾਕਾਮਯਾਬ ਹੋਣ ਦਾ ਇਹ ਹੀ ਕਾਰਨ ਹੈ-ਕੇਂਦਰ ਤੇ ਨਿਰਭਰ ਕਰਦਾ ਹੈ। ਕੇਂਦਰ ਕਮਜ਼ੋਰ ਹੈ ਤਾਂ ਕੁਝ ਵੀ ਨਹੀਂ ਹੋ ਸਕਦਾ। ਕੇਂਦਰ ਬਲਵਾਨ ਹੈ ਤਾਂ ਜੋ ਮਰਜ਼ੀ ਹੋ ਸਕਦਾ ਹੈ।

ਵਾਈਟ ਹਾਊਸ ਵਿੱਚ ਜਿਹੜਾ ਵੀ ਪ੍ਰਧਾਨ ਬਣ ਕੇ ਜਾਂਦਾ ਹੈ, ਉਸ ਦੀ ਤਾਕਤ ਏਨੀ ਹੁੰਦੀ ਹੈ ਕਿ **100** ਕਾਨੂੰਨ ਬਣਾਉਣ ਵਾਲਿਆਂ ਵਿਚੋਂ ਜਿੰਨਾਂ ਚਿਰ **75** ਪ੍ਰਧਾਨ ਦੇ ਖ਼ਿਲਾਫ਼ ਨਾ ਜਾਣ ਤਾਂ ਪ੍ਰਧਾਨ ਉਹ ਕੰਮ ਕਰ ਸਕਦਾ ਹੈ। ਅਮਰੀਕਾ ਦਾ ਇਹ ਕਾਨੂੰਨ ਹੈ ਕਿ ਜੇ ਅਮਰੀਕਾ ਦਾ ਪ੍ਰਧਾਨ ਕੁਝ ਵੀ ਕਰਨਾ ਚਾਹੇ ਤਾਂ ਉਸਨੂੰ ਰੋਕਣ ਲਈ **75**% ਤੋਂ ਵੱਧ ਵੋਟ ਚਾਹੀਦੀ ਹੈ। ਇਸੇ ਲਈ ਤਾਂ ਬੁਸ਼ ਸਾਰੀ ਦੁਨੀਆ ਨੂੰ ਦੰਦੀਆਂ ਚਿੜਾ ਰਿਹਾ ਹੈ। ਜਿਸ ਮਰਜ਼ੀ ਦੇਸ਼ ਦੇ ਵਿੱਚ ਜਾ ਕੇ ਛਿੱਤਰ ਪਰੇਡ ਕਰ ਦਿੰਦਾ ਹੈ। ਸਹੀ ਜਾਂ ਗਲਤ, ਇਸ ਦਾ ਨਹੀਂ ਰੌਲਾ ਲੇਕਿਨ ਉਸਦੀ ਤਾਕਤ, ਉਸਦਾ ਸੈਂਟਰ, ਉਸਦਾ ਧੁਰਾ ਤਕੜਾ ਹੈ। ਡਾਕਟਰ ਮਨਮੋਹਨ ਸਿੰਘ ਤੋਂ ਬੁਸ਼ ਸਿਆਣਾ ਤਾਂ ਨਹੀਂ। ਸਾਰੀ ਦੁਨੀਆ ਜਾਣਦੀ ਹੈ ਕਿ ਡਾਕਟਰ ਮਨਮੋਹਨ ਸਿੰਘ ਤੋਂ ਵੱਡਾ ਅਰਥਸ਼ਾਸਤਰੀ ਅੱਜ ਦੀ ਦੁਨੀਆ ਵਿੱਚ ਕੋਈ ਨਹੀਂ ਹੈ। ਡਾ. ਮਨਮੋਹਨ ਸਿੰਘ ਨੇ ਜੇ ਕੋਈ ਬਿਆਨ ਵੀ ਦੇਣਾ ਹੋਵੇ ਤਾਂ ਉਸਨੂੰ ਕਈ ਲੋਕਾਂ ਦਾ ਖ਼ਿਆਲ ਰੱਖ ਕੇ ਦੇਣਾ ਪੈਂਦਾ ਹੈ ਕਿਉਂਕਿ ਡਾਕਟਰ ਮਨਮੋਹਨ ਸਿੰਘ ਨੂੰ ਲਾਲੂ ਪ੍ਰਸ਼ਾਦ ਰੋਕ ਸਕਦਾ ਹੈ, ਪਾਸਵਾਨ ਰੋਕ ਸਕਦਾ ਹੈ, ਮੁਲਾਇਮ ਸਿੰਘ ਰੋਕ ਸਕਦਾ ਹੈ ਜਾਂ ਕੋਈ ਕਾਮਨਿਸਟ ਰੋਕ ਸਕਦਾ ਹੈ। ਇੱਕ ਪ੍ਰਤੀਸ਼ਤ ਵੀ ਰੋਕਣ ਦੀ ਕਤਾਰ ਵਿੱਚ ਚਲੇ ਜਾਵੇ


Academy of the Punjab in North America: http://www.apnaorg.com

ਤਾਂ ਮਨਮੋਹਨ ਸਿੰਘ ਉਹ ਕੰਮ ਨਹੀਂ ਕਰ ਸਕਦਾ। ਕਿੰਨਾ ਫਰਕ ਹੈ **1**% ਅਤੇ **75**% ਵਿੱਚ।

ਬੱਸ ਏਨਾ ਹੀ ਤਕੜਾ ਹੈ ਬੁਸ਼। ਅੱਜ ਕਾਨੂੰਨ ਬਦਲ ਕੇ ਦੇਖ ਲਓ ਕਿ ਭਾਰਤ ਦਾ ਪ੍ਰਧਾਨ ਮੰਤਰੀ ਜੇ ਕੁਝ ਕਰਨਾ ਚਾਹੇ ਤਾਂ ਜਿੰਨਾਂ ਚਿਰ **75**% ਮੈਂਬਰ ਪਾਰਲੀਮੈਂਟ ਉਸ ਦੇ ਖ਼ਿਲਾਫ਼ ਨਾ ਹੋਣ ਓਨਾ ਚਿਰ ਕੰਮ ਨਹੀਂ ਰੁਕ ਸਕਦਾ। ਕਰਕੇ ਦੇਖ ਲਓ, ਇਕ ਸਾਲ ਦੇ ਵਿਚ ਵਿਚ ਭਾਰਤ ਸਾਰੀ ਦੁਨੀਆ ਤੋਂ ਤਕੜਾ ਨਾ ਹੋ ਗਿਆ ਤਾਂ ਮੈਨੂੰ ਫੜ ਕੇ ਹਿੰਦ ਮਹਾਂਸਾਗਰ ਵਿੱਚ ਸੁੱਟ ਦਿਓ।

ਸਿਆਣਾ ਹੋਣਾ ਬੜੀ ਵਧੀਆ ਗੱਲ ਹੈ। ਤੁਹਾਡੀ ਸਿਆਣਪ ਓਨਾ ਚਿਰ ਕਿਸ ਕੰਮ ਦੀ ਜਿੰਨਾਂ ਚਿਰ ਤੁਹਾਡੇ ਕੋਲ ਉਸ ਸਿਆਣਪ ਨੂੰ ਲਾਗੂ ਕਰਨ ਅਮਲੀ ਜਾਮਾ ਦੇਣ ਦੀ ਤਾਕਤ ਹੀ ਨਹੀਂ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸਿਆਣੇ ਬੰਦੇ ਸਹੀ ਫੈਸਲੇ ਲੈ ਸਕਦੇ ਹਨ ਪਰ ਉਨ੍ਹਾਂ ਨੂੰ ਲਾਗੂ ਕਰਨ ਵਾਸਤੇ ਸਿਆਣਪ ਕੋਈ ਕੰਮ ਨਹੀਂ ਕਰ ਸਕਦੀ। ਤਾਕਤ ਦੀ ਬਹੁਤ ਲੋੜ ਹੈ। ਜੇ ਤੁਹਾਡਾ ਆਗੂ ਹੀ ਤਾਕਤਵਰ ਨਹੀਂ, ਜੇ ਤੁਹਾਡੇ ਦੇਸ਼ ਦਾ ਪ੍ਰਧਾਨ ਮੰਤਰੀ ਹੀ ਤਾਕਤਵਰ ਨਹੀਂ, ਤਾਂ ਦੇਸ਼ ਤਾਕਤਵਰ ਕਿਵੇਂ ਹੋ ਸਕਦਾ ਹੈ? ਫੌਜ ਨੇ ਹੀ ਲੜਨਾ ਹੁੰਦਾ ਹੈ। ਕਹਿੰਦੇ ਹਨ ਕਿ ਲੜਾਈ ਦੀ ਜਿੱਤ ਹਾਰ ਦਾ ਕਾਰਨ ਉਸ ਫੌਜ ਦੇ ਜਰਨੈਲ ਦਾ ਟੈਂਟ ਹੁੰਦਾ ਹੈ। ਲੜਾਈ ਦੀ ਰੂਪ ਰੇਖਾ ਬਣਾਉਣ ਵਾਲੇ ਦੇ ਜੇ ਤੁਸੀ ਹੱਥ ਬੰਨ ਕੇ ਰੱਖੋ ਤਾਂ ਕੀ ਉਮੀਦ ਕਰ ਸਕਦੇ ਹੋ ਕਿ ਹੱਥ ਬੰਨਿਆਂ ਵਾਲਾ ਜਰਨੈਲ ਕੀ ਕਰੇ । ਜੇ ਕਿਸੇ ਜਿੱਤ ਦੀ ਉਮੀਦ ਰੱਖਦੇ ਹੋ ਤਾਂ ਜਰਨੈਲ ਦੀ ਸੁਣੋ। ਜੇ ਸਾਵਧਾਨ ਕਰੇ ਤਾਂ ਸਾਵਧਾਨ ਹੋ ਜਾਵੇ ਫੌਜ। ਜੇ ਕਹੇ ਗੋਲੀ ਚਲਾਓ ਤਾਂ ਬਿਨਾਂ ਸੋਚੇ ਸਮਝੇ ਸਾਰੀ ਫੌਜ ਪਟਾਕੇ ਚਲਾ ਦੇ ਵੇ ਤਾਂ ਹੀ ਜਿੱਤ ਸਕਦੇ ਹੋ। ਸ਼ਕਤੀ ਦਾ ਸੈਂਟਰ ਕਮਜ਼ੋਰ ਹੈ ਤਾਂ ਤੁਸੀਂ ਸ਼ਕਤੀਮਾਨ ਨਹੀਂ ਹੋ ਸਕਦੇ। ਫਿਰ ਉਲਾਂਭੇ ਦੇ ਸਕਦੇ ਹਾਂ ਬੱਸ ਤੇ ਕਈ ਸਿਆਣੇ ਉਸ ਦੇ ਉੱਤਰ ਵੀ ਬੜੇ ਵਧੀਆ ਦੇ ਦਿੰਦੇ ਹਨ। ਉਲਾਂਭੇ ਦਾ ਉਤਰ ਦਿੰਦਿਆਂ ਮੈਂ ਸਰਦਾਰ ਸਵਰਨ ਸਿੰਘ ਨੂੰ ਸੁਣਿਆ। ਸਰਦਾਰ ਸਵਰਨ ਸਿੰਘ ਦੀ ਸ਼ਾਇਦ ਇਹ ਆਖਰੀ ਵਾਰ ਐਮ. ਪੀ. ਬਣਨ ਦੀ ਅਪੀਲ ਸੀ। ਅਸੀਂ ਕਾਲਜ ਪੜ੍ਹਦੇ ਸਾਂ ਪਤਾ ਲੱਗਾ ਕਿ ਇੰਦਰਾ ਗਾਂਧੀ ਸਵਰਨ ਸਿੰਘ ਦੀ ਮਦਦ ਲਈ ਕਪੂਰਥਲੇ ਆ ਰਹੀ ਹੈ। ਬਹੁਤ ਵੱਡਾ ਇਕੱਠ ਤੇ ਭਰੇ ਇਜਲਾਸ ਵਿੱਚ ਕਿਸੇ ਪ੍ਰੇਮੀ ਨੇ ਉੱਠ ਕੇ ਸਵਰਨ ਸਿੰਘ ਨੂੰ ਸਵਾਲ ਕਰ ਦਿੱਤਾ ਕਿ ਤੁਸੀਂ ਐਨੇ ਸਾਲ ਮੰਤਰੀ ਰਹੇ ਹੋ, ਪਰ ਪੰਜਾਬ ਦਾ ਕੀ ਕੀਤਾ ਤੁਸੀਂ? ਸਵਰਨ ਸਿੰਘ ਮੁਸਕਰਾ ਕੇ ਕਹਿਣ ਲੱਗੇ-ਲੇਹ ਲਦਾਖ ਕਿਸੇ ਫੌਜੀ ਦੀ ਸਾਰਾ ਸਾਲ ਦੇਸ਼ ਦੀ ਰਾਖੀ ਕਰਦੇ ਹੋਏ ਲੰਘ ਜਾਵੇ ਪਰ ਘਰ ਆਏ ਨੂੰ ਘਰ ਦੇ ਕਹਿਣ ਕੇ ਤੂੰ ਬਲਦ ਭੁੱਖੇ ਮਾਰ ਦਿੱਤੇ। ਸਵਰਨ ਸਿੰਘ ਮੰਤਰੀ ਭਾਵੇਂ **20** ਸਾਲ ਰਹੇ ਪਰ ਉਨ੍ਹਾਂ ਕੋਲ ਪੰਜਾਬ ਦਾ ਕੁਝ ਕਰ ਸਕਣ ਦੀ ਸ਼ਕਤੀ ਹੀ ਨਹੀਂ ਸੀ ਤੇ ਜੇ ਸ਼ਕਤੀ ਹੀ ਨਹੀਂ ਤਾਂ ਤੁਸੀਂ ਕੁਝ ਨਹੀਂ ਕਰ ਸਕਦੇ।

ਯੋਗਤਾ ਵੀ ਹੋਵੇ ਸ਼ਕਤੀ ਵੀ ਹੋਵੇ ਤਾਂ ਹੀ ਗੱਲ ਬਣ ਸਕਦੀ ਹੈ। ਇਕੱਲੀ ਯੋਗਤਾ ਕੁਝ ਨਹੀਂ ਕਰ ਸਕਦੀ। ਇਕੱਲੀ ਸ਼ਕਤੀ ਤਾਂ ਕਿਸੇ ਦੇ ਚਪੇੜ ਮਾਰ ਵੀ ਸਕਦੀ ਹੈ ਪਰ ਇਕੱਲੀ ਲਿਆਕਤ ਤਾਂ ਹੱਥ ਬੰਨ ਕੇ ਬਿਠਾਏ ਜਰਨੈਲ ਵਾਂਗ ਹੁੰਦੀ ਹੈ, ਜੋ ਸਭ ਕੁਝ ਕਰ ਸਕਣ ਦੇ ਸਮਰੱਥ ਹੁੰਦਿਆਂ ਵੀ ਕੁਝ ਨਹੀਂ ਕਰ ਸਕਦਾ। ਮੈਂ ਇਕ ਕਹਾਣੀ ਪੜ੍ਹੀ ਕਿਧਰੇ । ਮੈਨੂੰ ਯਾਦ ਆਈ ਤੇ ਇਸ ਵਿਸ਼ੇ ਨਾਲ ਬੜੀ ਹੀ ਢੁਕਦੀ ਹੈ। ਕੋਈ ਪਤਨੀ ਆਪਣੇ ਪਤੀ ਨੂੰ ਡਾਕਟਰ ਕੋਲ ਲੈ ਕੇ ਗਈ। ਪਤੀ ਨੂੰ ਬੈਂਚ ਤੇ ਬਿਠਾ ਕੇ ਡਾਕਟਰ ਨੂੰ ਲੰਬੇ ਚੌੜੇ ਲੈਕਚਰ ਦੇ ਕੇ ਸਮਝਾਉਣ ਲੱਗੀ ਕਿ ਪਤਾ ਨਹੀਂ ਮੇਰੇ ਘਰ ਵਾਲਾ ਬੋਲਦਾ ਕਿਉਂ ਨਹੀਂ। ਡਾਕਟਰ ਸੁਣਦਾ ਰਿਹਾ ਤੇ ਅਖੀਰ ਵਿੱਚ ਡਾਕਟਰ ਉਸ ਬੀਬੀ ਅੱਗੇ ਹੱਥ ਜੋੜ ਕੇ ਖੜ ਗਿਆ, ਕਿਰਪਾ ਕਰੋ ਜੀ ਤੁਸੀਂ ਕਿਸੇ ਨੂੰ ਬੋਲਣ ਦਾ ਮੌਕਾ ਦਿਓ ਤਾਂ ਹੀ ਕੋਈ ਬੋਲੇ। ਸਿਆਣੇ ਆਖਦੇ ਜਾਂ ਰਾਹ ਪਏ ਜਾਣੀਏ ਜਾਂ ਵਾਹ ਪਏ ਜਾਣੀਏ। ਕਈ ਵਾਰ ਜਦੋਂ ਅਸੀਂ ਮਜਬੂਰ ਹੋ ਕੇ ਜਾਂ ਕਿਸੇ ਵੀ ਕਾਰਨ ਕਿਸੇ ਰਸਤੇ ਤੇ ਚੱਲਦੇ ਹਾਂ ਜਾਂ ਸਾਨੂੰ ਚੱਲਣਾ ਪੈਂਦਾ ਹੈ ਤਾਂ ਸਾਡੇ ਵਿੱਚ ਉਸ ਰਸਤੇ ਦੀਆਂ ਮੁਸੀਬਤਾਂ ਝੱਲਣ ਦਾ ਵੀ ਬਲ ਪੈਦਾ ਹੋ ਜਾਂਦਾ ਹੈ। ਦੁਨੀਆ ਦੀ ਦੂਸਰੀ ਵੱਡੀ ਲੜਾਈ ਜੋ ਲੰਬਾ ਚਿਰ ਚਲਦੀ ਰਹੀ **1939**


Academy of the Punjab in North America: http://www.apnaorg.com

ਤੋਂ **1945** ਤੱਕ ਛੇ ਸਾਲਾਂ ਵਿੱਚ, ਅਮਰੀਕਾ ਨੂੰ ਲੜਾਈ ਲੜਨ ਲਈ ਤਕਰੀਬਨ ਸਾਰੇ ਕੰਮ ਕਰਨ ਵਾਲੇ ਬੰਦੇ ਫੌਜ ਵਿੱਚ ਭੇਜਣੇ ਪੈ ਗਏ। ਪਿਛੋਂ ਔਰਤਾਂ ਨੂੰ ਆਪ ਸਾਰੇ ਕੰਮ ਕਰਨੇ ਪਏ। ਪਹਿਲਾਂ ਅਮਰੀਕਣ ਔਰਤਾਂ ਵੀ ਬਹੁਤਾ ਕਰਕੇ ਮਰਦ ਤੇ ਹੀ ਨਿਰਭਰ ਕਰਦੀਆਂ ਸੀ। ਛੇ ਸਾਲ ਬਹੁਤ ਲੰਬਾ ਸਮਾਂ ਹੁੰਦਾ ਹੈ। ਛੇ ਸਾਲਾਂ ਵਿੱਚ ਬਹੁਤ ਔਰਤਾਂ ਨੂੰ ਆਪਣੇ ਕੰਮ ਆਪ ਕਰਨ ਦੀ ਆਦਤ ਪੈ ਗਈ। ਤਾਂ ਹੀ ਤਾਂ ਅਜੇ ਤੱਕ ਉਹ ਆਦਤ ਨਹੀਂ ਗਈ। ਸ਼ਕਤੀ ਪੈਦਾ ਹੋ ਗਈ ਤੇ ਜੋ ਸ਼ਕਤੀਵਾਨ ਹੋ ਜਾਵੇ ਫਿਰ ਉਸ ਨੂੰ ਕਿਸੇ ਦਾ ਕੀ ਡਰ ? ਜੋ ਲੋਕ ਆਪਣੇ ਪਰਿਵਾਰ ਵਿਚ ਸ਼ਕਤੀਮਾਨ ਹਨ, ਜੋ ਲੋਕ ਆਪਣੇ ਭਾਈਚਾਰੇ ਵਿੱਚ ਸ਼ਕਤੀਮਾਨ ਹਨ, ਜੋ ਲੋਕ ਬਹੁਤ ਪੈਸੇ ਕਰਕੇ ਸ਼ਕਤੀਮਾਨ ਹਨ ਜਾਂ ਬਹੁਤ ਵਧੀਆ ਕੰਮ ਜਾਂ ਨੌਕਰੀ ਕਰਕੇ ਖੁਸ਼ ਜਾਂ ਸ਼ਕਤੀਮਾਨ ਹਨ, ਉਹ ਆਪਣੀ ਸ਼ਕਤੀ ਦੇ ਧੁਰੇ ਦੁਆਲੇ, ਆਪਣੇ ਕੇਂਦਰ ਦੇ ਦੁਆਲੇ ਹੀ ਘੁੰਮਦੇ ਹਨ। ਕੇਂਦਰ ਕਮਜ਼ੋਰ ਹੈ ਤਾਂ ਫਿਰ ਕੁਝ ਵੀ ਨਹੀਂ ਬਚਦਾ। ਬੱਸ ਘੁੰਮਣ-ਘੇਰੀਆਂ ਹੀ ਰਹਿ ਜਾਂਦੀਆਂ ਹਨ।

****


Academy of the Punjab in North America: http://www.apnaorg.com

# ਸਾਡੀ ਰੂਹਾਨੀਅਤ

ਅਧਿਆਤਮਿਕ, ਰੂਹਾਨੀ, ਰੱਬੀ, ਪਾਕ, ਪਵਿੱਤਰ, ਪਾਵਨ, ਆਤਮਕ, ਦੈਵੀ, ਧਾਰਮਿਕ, ਨਿਰਾਕਾਰ, ਅਮੂਰਤ ਜਾਂ ਚਿੰਨ੍ਹ ਮਈ ਅਵਸਥਾ ਵੱਲ ਨੂੰ ਜਾਂਦੀ ਦ੍ਰਿਸ਼ਟੀ ਤੇ ਅਧਿਆਤਮਿਕਤਾ ਵੱਲ ਲੱਗੀ ਲਗਨ ਵਿਚੋਂ ਸਾਡੀ ਰੂਹਾਨੀਅਤ ਦੀ ਝਲਕ ਪੈਂਦੀ ਹੈ। ਮੈਂ ਦਾਅਵੇ ਨਾਲ ਆਖ ਸਕਦਾ ਹਾਂ ਕਿ ਧਰਮ ਅਸਥਾਨਾਂ 'ਤੇ ਦੀਵੇ ਬੱਤੀਆਂ ਜਗਾਉਣ ਵਾਲੇ ਸਾਡੇ ਧਾਰਮਿਕ ਸਰਪੰਚ ਰੂਹਾਨੀਅਤ ਦੇ ਅਰਥ ਵੀ ਨਹੀਂ ਜਾਣਦੇ। ਜੇ ਰੂਹਾਨੀਅਤ ਦੇ ਅਰਥ ਜਾਣਦੇ ਹੋਣ ਤਾਂ ਧਾਰਮਿਕ ਦੁਖਾਂਤ ਪੈਦਾ ਹੀ ਨਹੀਂ ਹੋ ਸਕਦੇ। ਅੱਜ ਦੁਨੀਆ ਵਿੱਚ ਸਭ ਤੋਂ ਵੱਡਾ ਦੁਖਾਂਤ ਧਾਰਮਿਕ ਦੁਖਾਂਤ ਹੈ। ਅੱਜ ਦੀ ਸਭ ਤੋਂ ਵੱਡੀ ਲੜਾਈ ਇਰਾਕ-ਅਮਰੀਕਾ ਦੀ ਲੜਾਈ ਨਹੀਂ ਹੈ, ਇਸਲਾਮ ਤੇ ਕ੍ਰਿਸ਼ਚਿਐਨਟੀ ਦੀ ਲੜਾਈ ਲਗਦੀ ਹੈ। ਜੇ ਸਾਡੇ ਸਾਰੇ ਧਾਰਮਿਕ ਆਗੂ ਧਰਮੀ ਹੋ ਜਾਣ, ਸਾਰੇ ਦੇ ਸਾਰੇ ਧਰਮਾਂ ਨੂੰ ਚਲਾਉਣ ਵਾਲੇ ਜਾਂ ਇਉ ਕਹੋ ਕਿ ਸਾਰੇ ਧਰਮਾਂ ਦੇ ਲੰਬੜਦਾਰ ਜੇ ਧਰਮੀ ਹੋ ਜਾਣ, ਸੱਚੀ ਮੁੱਚੀਂ ਧਰਮੀ ਹੋ ਜਾਣ ਤਾਂ ਫਿਰ ਧਰਮਰਾਜ ਨਾ ਹੋ ਜਾਵੇ ? ਸਾਰੇ ਧਰਮਾਂ ਦੇ ਲੋਕ ਇਹ ਕਹਿੰਦੇ ਸੁਣੇ ਹਨ, ਮੰਨਦੇ ਵੀ ਸੁਣੇ ਹਨ ਕਿ ਰੱਬ ਪਰਮਾਤਮਾ, ਅੱਲਾ ਸਰਬ ਸ਼ਕਤੀਮਾਨ ਹੈ। ਸਾਰੇ ਆਖਦੇ ਹਨ ਕਿ ਉਪਰ ਵਾਲਾ ਹੀ ਸਭ ਦੀ ਪਰਵਰਿਸ਼ ਕਰਦਾ ਹੈ। ਸਾਰੇ ਕਹਿੰਦੇ ਹਨ ਕਿ ਕਰਨ ਕਰਾਉਣ ਵਾਲਾ ਉਹੀ ਹੈ। ਸਭ ਦੀ ਸੰਭਾਲ ਕਰਨ ਵਾਲੀ ਦੈਵੀ ਸ਼ਕਤੀ ਕੀ ਐਨੀ ਕਮਜ਼ੋਰ ਹੈ ਕਿ ਉਹ ਆਪਣੀ ਹਿਫ਼ਾਜ਼ਤ ਵੀ ਨਹੀਂ ਕਰ ਸਕਦੀ ? ਨਿਰਾਕਾਰ, ਅਮੂਰਤ ਜਿਸ ਦੀਆਂ ਅਸੀਂ ਕਹਾਣੀਆਂ ਪਾਉਂਦੇ ਹਾਂ, ਜਿਸ ਦੀਆਂ ਸਿਫ਼ਤਾਂ ਕਰਦੇ ਅਸੀਂ ਥੱਕਦੇ ਨਹੀਂ, ਉਹ ਏਨਾ ਕਮਜ਼ੋਰ ਹੈ ਕਿ ਉਸ ਦੀ ਹਿਫ਼ਾਜ਼ਤ ਕਰਨ ਦੀ ਜ਼ਿੰਮੇ ਵਾਰੀ ਹੀ ਸਾਡੇ ਧਾਰਮਿਕ ਲੰਬੜਦਾਰਾਂ ਦੀ ਹੈ। ਤੁਸੀਂ ਸਾਰਿਆਂ ਨੇ ਸੁਣਿਆਂ ਹੋਣਾ ਕਿ ਇਹ ਜਹਾਦ ਹੈ, ਧਰਮ ਸੰਕਟ ਹੈ-ਅਸੀਂ ਆਪਣਾ ਧਰਮ ਬਚਾਉਣ ਲਈ ਕੁਰਬਾਨ ਹੋ ਜਾਵਾਂਗੇ, ਅਸੀਂ ਸਿਰ ਧੜ ਦੀ ਬਾਜ਼ੀ ਲਾ ਦਿਆਂਗੇ। ਇਨ੍ਹਾਂ ਸਾਰਿਆਂ ਨੂੰ ਇਕੱਠੇ ਕਰਕੇ ਕੋਈ ਪੁੱਛੇ ਭਲਾ, ਉਏ ਭਲਿਓ ਲੋਕੋ ਤੁਸੀਂ ਕਦੋਂ ਕੁ ਦੇ ਆਪਣੇ ਰੱਬ ਤੋਂ ਤਕੜੇ ਹੋ ਗਏ । ਰੱਬ ਵਿਚਾਰਾ ਤੁਹਾਡੇ ਬਿਨਾਂ ਪਤਾ ਨਹੀਂ ਕੀ ਕਰੂ ? ਤੁਸੀਂ ਨਾ ਹੁੰਦੇ ਤਾਂ ਧਰਮ ਤਾਂ ਬਸ ਦੁਨੀਆ ਤੋਂ ਮਿਟ ਹੀ ਜਾਣਾ ਸੀ। ਮੈਨੂੰ ਸਮਝ ਨਹੀਂ ਆਉਂਦੀ ਕਿ ਕਦੇ ਨਾ ਮਿਟ ਸਕਣ ਵਾਲੀ ਸ਼ਕਤੀ ਦੀ ਕਿਸੇ ਵਿਅਕਤੀ ਨੂੰ ਚਿੰਤਾ ਕਰਨ ਦੀ ਕੀ ਲੋੜ ਹੈ ?

ਮੈਂ ਦਾਅਵੇ ਨਾਲ ਆਖ ਸਕਦਾ ਹਾਂ ਕਿ ਇਹ ਜੋ ਧਰਮਾਂ ਦੇ ਲੰਬੜਦਾਰ ਹਨ, ਇਨ੍ਹਾਂ ਨੂੰ ਵੀ ਪਤਾ ਹੈ ਕਿ ਇਹ ਕਿੰਨੇ ਕੁ ਧਰਮੀ ਹਨ। ਆਪਣੇ ਆਪ ਨਾਲ ਝੂਠ ਬੋਲਦੇ ਹਨ।

ਨਕਲੀ ਨਕਾਬ ਪਾ ਕੇ ਅਸਲੀ ਚਿਹਰਾ ਲੁਕਾਉਣ ਦਾ ਯਤਨ ਕਰਦੇ ਹਨ। ਲੋਕਾਂ ਨੂੰ ਧਾਰਮਿਕ ਸਿੱਖਿਆ ਦੇ ਣ ਵਾਲੇ ਮੇਰੇ ਵਰਗੇ ਆਪ ਧਰਮੀ ਹਨ ਕਿ ਨਹੀਂ, ਉਹ ਸਭ ਜਾਣਦੇ ਹਨ। ਰੋਜ਼ ਧਰਮ ਅਸਥਾਨ ਤੇ ਜਾ ਕੇ ਨੱਕ ਰਗੜਨ ਵਾਲਾ ਜ਼ਰੂਰੀ ਨਹੀਂ ਕਿ ਧਰਮੀ ਹੋਵੇ। ਮੈਂ ਇਹ ਨਹੀਂ ਕਹਿੰਦਾ ਕਿ ਨੱਕ ਨਾ ਰਗੜੋ। ਮੇਰਾ ਵੀ ਦਾਅ ਲੱਗੇ ਗੁਰਦੁਆਰੇ ਜਾ ਕੇ ਮੈਂ ਵੀ ਬੜੇ ਨੱਕ ਰਗੜਦਾ ਹਾਂ, ਬੜੀਆਂ ਅਰਦਾਸਾਂ ਕਰਦਾ ਹਾਂ। ਦੇ ਖਣੀ ਪਾਖਣੀ ਤੋਂ ਵੀ ਚੰਗਾ ਭਲਾ ਸਿੱਖ ਲਗਦਾ ਹਾਂ। ਇੱਕ ਵਾਰ ਦੀ ਗੱਲ ਯਾਦ ਆਈ ਕਿ ਸਾਡੇ ਇੱਕ ਮਿੱਤਰ ਹਰਿਬੰਸ ਚਹਿਲ ਦੇ ਘਰ ਅਖੰਡਪਾਠ ਸੀ। ਇਲਾਕੇ ਦਾ ਮੰਨਿਆ ਹੋਇਆ ਨਾਮਵਰ ਆਦਮੀ ਹੈ। ਹਜ਼ਾਰਾਂ ਲੋਕਾਂ ਨਾਲ ਚਹਿਲ ਦੀ ਉੱਠਣੀ ਬੈਠਣੀ ਹੈ। ਬਹੁਤ ਤਰ੍ਹਾਂ ਦੇ ਲੋਕ ਅਖੰਡਪਾਠ ਤੇ ਹਾਜ਼ਰੀ ਲਵਾਉਣ ਲਈ ਆਏ। ਤਕਰੀਬਨ ਸਾਰੇ ਮੈਨੂੰ ਵੀ ਜਾਣਦੇ ਸਨ। ਚਹਿਲ ਦਾ ਕੋਈ ਖਾਸ ਪਰਿਵਾਰ ਬਾਹਰੋਂ ਕਿਤੋਂ ਵੀ ਆਇਆ ਸੀ, ਜੋ ਸਾਨੂੰ ਨਹੀਂ ਸੀ ਜਾਣਦੇ। ਮੇਰੀ ਪਤਨੀ ਹਰਪ੍ਰੀਤ ਭੋਗ ਤੋਂ ਬਾਅਦ ਬਹੁਤ ਔਰਤਾਂ ਵਿੱਚ ਬੈਠੀ ਸੀ। ਮੇਰੀਆਂ ਗੱਲਾਂ ਚਲ ਪਈਆਂ ਬੜੀ ਵਧੀਆ ਤਕਰੀਰ ਕਰਦਾ ਹੈ, ਕੋਈ ਕਹੇ ਪਾਠ ਬਹੁਤ ਵਧੀਆ ਕਰਦਾ ਹੈ। ਬੜੀਆਂ ਸਿਫ਼ਤਾਂ ਕਰਨ ਸਾਰੀਆਂ ਤਾਂ ਉਸ ਸਾਡੇ ਤੋਂ


Academy of the Punjab in North America: http://www.apnaorg.com

ਅਣਜਾਣ ਔਰਤ ਨੇ ਪੁੱਛ ਹੀ ਲਿਆ ਹਰਪ੍ਰੀਤ ਨੂੰ ਕਿ ਤੇਰੇ ਘਰ ਵਾਲਾ ਹੈ ਕੌਣ? ਕਿਉਂਕਿ ਉਹ ਮੈਨੂੰ ਨਹੀਂ ਸੀ ਜਾਣਦੀ ਇਸ ਲਈ ਉਸ ਨੇ ਪੁੱਛ ਲਿਆ। ਹਰਪ੍ਰੀਤ ਬਣਾ ਸਵਾਰ ਕੇ ਕਹਿਣ ਲੱਗੀ, 'ਔਹ ਉਹ ਜੋ ਭਾਈਆਂ ਦੇ ਵਿਚਕਾਰ ਚਿੱਟੇ ਕੁੜਤੇ ਪਜਾਮੇ ਵਾਲਾ ਕਾਲੀ ਪੱਗ ਬੰਨ੍ਹ ਕੇ ਬੈਠਾ, ਭਾਈਆਂ ਵਰਗਾ ਹੀ ਲਗਦਾ, ਉਹ ਹੈ ਮੇਰਾ ਘਰ ਵਾਲਾ। ' ਜਦ ਮੈਨੂੰ ਗੱਲ ਦਾ ਪਤਾ ਲੱਗਾ ਤਾਂ ਮੈਂ ਮਨ ਹੀ ਮਨ ਵਿੱਚ ਬੜਾ ਹੱਸਿਆ ਕਿ ਮੈਂ ਕੀ ਹਾਂ ਤੇ ਲੋਕ ਮੈਨੂੰ ਕੀ ਸਮਝਣ।

ਕਈ ਲੋਕ ਧਰਮ ਅਸਥਾਨਾਂ ਦੇ ਕੰਮ-ਕਾਰਾਂ ਵਿੱਚ ਬਹੁਤ ਹੀ ਹਿੱਸਾ ਲੈਂਦੇ ਹਨ। ਪ੍ਰਬੰਧ ਕਰਦੇ ਬੜੇ ਨੱਠੇ ਫਿਰਦੇ ਹਨ। ਇਵੇਂ ਲਗਦਾ ਜਿਵੇਂ ਬੱਸ ਟਟੀਹਰੀ ਵਾਂਗ ਇਨ੍ਹਾਂ ਨੇ ਹੀ ਅਸਮਾਨ ਥੰਮ ਰੱਖਿਆ ਹੈ। ਧਰਮ ਅਸਥਾਨ ਨੂੰ ਚਲਾਉਣ ਦਾ ਬਹੁਤ ਫਿਕਰ ਕਰਦੇ ਹਨ। ਲੋਕਾਂ ਕੋਲ ਜਾ ਜਾ ਕੇ ਵਧੀਆ ਧਰਮ ਅਸਥਾਨ ਬਣਾਉਣ ਲਈ ਉਗਰਾਹੀਆਂ ਕਰਦੇ ਹਨ। ਜੇ ਕੋਈ ਦਾਨ ਦੇਣ ਲਈ ਆਵੇ ਉਸਦਾ ਬੜਾ ਸਤਿਕਾਰ ਕਰਦੇ ਹਨ। ਧੰਨਵਾਦ ਕਰਦੇ ਹਨ। ਧਾਰਮਿਕ ਲੋਕਾਂ ਦੀਆਂ ਸਿਫ਼ਤਾਂ ਸੁਣਾਉਂਦੇ ਹਨ। ਪਰ ਉਨ੍ਹਾਂ ਦੀ ਆਪਣੀ ਕਹਾਣੀ ਬਹੁਤੀ ਵਧੀਆ ਨਹੀਂ ਹੁੰਦੀ। ਮੈਂ ਕਈ ਸਾਰੇ ਧਰਮ ਅਸਥਾਨਾਂ ਤੇ ਸੇਵਾ ਕਮੇਟੀਆਂ ਵਿੱਚ ਕੰਮ ਕਰਕੇ ਦੇਖਿਆ ਹੈ। ਕਈ ਕਮੇਟੀ ਮੈਂਬਰ ਤਾਂ ਐਸੇ ਵੀ ਹੁੰਦੇ ਹਨ ਜਿਨ੍ਹਾਂ ਨੂੰ ਧਰਮ ਦੇ ਨਾ ਅਰਥ ਆਉਂਦੇ ਤੇ ਨਾ ਹੀ ਸਿੱਖਣਾ ਚਾਹੁੰਦੇ ਹਨ। ਬੱਸ ਉਹ ਤਾਂ ਧਾਰਮਿਕ ਕਮੇਟੀ ਦੇ ਮੈਂਬਰ ਬਣਨਾ ਚਾਹੁੰਦੇ ਹਨ। ਉਸ ਲਈ ਉਹ ਕੁਝ ਵੀ ਕਰ ਸਕਦੇ ਹਨ। ਧਰਮ ਅਸਥਾਨ ਰਹੇ ਜਾਂ ਨਾ ਰਹੇ ਪਰ ਉਹ ਵੱਡੇ ਸੇਵਾਦਾਰ ਕਹਾਉਣਾ ਮੰਗਦੇ ਹਨ। ਅੰਨੇ ਦੀ ਰੀਝ ਗੁਲੇਲੇ ਤੇ, ਗਲੋਲਾ ਫੜ ਕੇ ਹੀ ਬੈਠਣਾ ਚਾਹੁੰਦੇ ਹਨ, ਮਾਰਨਾ ਕਿੱਧਰ ਹੈ, ਦੁਸ਼ਮਣ ਦਾ ਸ਼ਿਕਾਰ ਕਿੱਧਰ ਹੈ, ਇਸ ਨਾਲ ਕੋਈ ਤਅੱਲਕ ਨਹੀਂ ਹੁੰਦਾ ਉਨ੍ਹਾਂ ਦਾ। ਇੰਨਾ ਹੀ ਬਹੁਤ ਹੈ ਕਿ ਗਲੋਲਾ ਉਸਦੇ ਹੱਥ ਵਿਚ ਹੈ। ਇਹੋ ਜਿਹੇ ਇਕ ਨਹੀਂ, ਕਈ ਅੰਨੇ ਤੁਰੇ ਫਿਰਦੇ ਹਨ, ਜਿਨ੍ਹਾਂ ਦੇ ਕਰਕੇ, ਜਿਨ੍ਹਾਂ ਦੀ ਰੀਝ ਦਾ ਕਰਕੇ ਕਈ ਵਾਰ ਧਾਰਮਿਕ ਅਸਥਾਨਾਂ ਤੇ ਲੜਾਈਆਂ ਝਗੜੇ ਵੀ ਹੁੰਦੇ ਹਨ। ਗੋਲੀਆਂ ਵੀ ਚੱਲ ਜਾਂਦੀਆਂ ਤੇ ਬੰਦੇ ਮਰ ਵੀ ਜਾਂਦੇ ਹਨ। ਕਈ ਵਾਰ ਧਰਮ ਅਸਥਾਨ ਬੰਦ ਵੀ ਹੋ ਜਾਂਦੇ ਜਾਂ ਫਿਰ ਸਥਾਨਕ ਸਰਕਾਰ ਬੰਦ ਕਰਨ ਦਾ ਹੁਕਮ ਕਰ ਦਿੰਦੀ ਕਿ ਇਸ ਜਗ੍ਹਾ ਲੋਕ ਇਕੱਠੇ ਹੋਏ ਤਾਂ ਖ਼ਤਰਾ ਹੈ। ਗਲਤ ਕੰਮ ਹੋਣ ਤੋਂ ਬਚਾਉਣ ਲਈ ਕਈ ਧਰਮ ਅਸਥਾਨਾਂ ਨੂੰ ਕਈ ਵਾਰ ਜੰਦਰੇ ਲਗਦੇ ਵੀ ਮੈਂ ਦੇਖੇ ਹਨ। ਐਸੇ ਲੋਕਾਂ ਨੂੰ ਕੀ ਤੁਸੀਂ ਧਰਮੀ ਕਹੋਗੇ ਜਿਨ੍ਹਾਂ ਨੇ ਕਦੇ ਕੋਈ ਐਸੀ ਗੱਲ ਹੀ ਨਹੀਂ ਕੀਤੀ ਜੋ ਕਿ ਤੁਹਾਡਾ ਧਰਮ ਕਰਦਾ ਹੈ। ਜੋ ਸਿੱਖਿਆ ਤੁਹਾਡਾ ਧਰਮ ਦੇਣਾ ਚਾਹੁੰਦਾ ਹੈ, ਉਸ ਸਿੱਖਿਆ ਦਾ ਜੇ ਕਿਸੇ ਨੂੰ ੳ ਅ ਵੀ ਨਾ ਆਉਂਦਾ ਹੋਵੇ ਤਾਂ ਉਹ ਭਾਵੇਂ ਜਿੱਡਾ ਮਰਜ਼ੀ ਧਾਰਮਿਕ ਲੰਬੜਦਾਰ ਬਣਿਆ ਫਿਰੇ ਸਭ ਬੇ-ਮਹਿਨੀ ਕਲਾਮ ਹੀ ਹੋਵੇਗੀ।

ਅੰਨ੍ਹਾ! ਆਗੂ ਥਾਪੀਏ, ਤਾਂ ਬੱਸ ਤੁਸੀਂ ਆਪੇ ਸਮਝ ਲਓ ਕਿ ਕਿਸ ਥਾਂ ਲਿਜਾਏ ਗਾ। ਜੇ ਕਿਸੇ ਦੀ ਆਪ ਕਿਧਰੇ ਪਹੁੰਚਣ ਦੀ ਸਮਰੱਥਾ ਨਾ ਹੋਵੇ, ਕਿਸੇ ਨੂੰ ਕਿਵੇਂ ਪਹੁੰਚਾ ਸਕਦਾ ਹੈ। ਸਮਾਜਿਕ ਜ਼ਮੀਰ ਵਿੱਚ ਸਹੀ ਸੇਧ ਮਿਲ ਸਕਦੀ ਹੈ, ਜੇ ਸਮਾਜਿਕ ਜ਼ਮੀਰ ਨੂੰ ਅੱਖੋਂ ਪਰੋਖੇ ਕਰਕੇ ਕੋਈ ਆਪਣੀ ਜ਼ਮੀਰ ਨੂੰ ਵੀ ਅਣਗੌਲਿਆ ਕਰਕੇ ਕੋਈ ਇੱਕ ਲੱਤ ਦੇ ਭਾਰ ਅੱਖਾਂ ਮੀਟ ਕੇ ਸਮੁੰਦਰ ਦੇ ਕੰਢੇ ਖੜ੍ਹਾ ਹੈ ਤਾਂ ਉਹ ਤਾਂ ਫਿਰ ਬਗਲਾ ਭਗਤ ਹੀ ਹੋ ਸਕਦਾ ਹੈ। ਧਰਮ ਨੂੰ, ਰੂਹਾਨੀਅਤ ਨੂੰ ਸਮਝਣ ਵਾਲੇ ਅਸਥਾਨ ਤੇ ਬੈਠ ਕੇ ਵੀ ਜੇ ਕੋਈ ਯਥਾਰਥਕ ਨਹੀਂ ਹੈ, ਅਧਿਆਤਮਕ ਨਹੀਂ ਹੈ, ਇਹੀ ਸੋਚਦਾ ਹੈ ਕਿ ਫਲਾਣਾ ਬਹੁਤ ਹਾਜ਼ਰੀ ਲਵਾਉਂਦਾ ਹੈ ਤੇ ਫਲਾਣਾ ਤਾਂ ਧਰਮ ਅਸਥਾਨ ਤੇ ਆਉਂਦਾ ਹੀ ਨਹੀਂ-ਫਲਾਣਾ ਤਾਂ ਬੜਾ ਕੱਬੇ ਸੁਭਾਅ ਦਾ ਹੈ, ਨਾ ਬਈ ਫਲਾਣਾ ਤਾਂ ਬੜਾ ਕੱਟੜ ਹੈ ਇਸ ਪਾਸੇ ਹੀ ਜਿਸਦੀ ਸੋਚ ਲੱਗੀ ਹੈ, ਉਹ ਭਾਵੇਂ ਜਿੰਨੇ ਮਰਜ਼ੀ ਵਧੀਆ ਧਰਮ ਅਸਥਾਨ ਤੇ ਬੈਠਾ ਹੋਵੇ, ਉਹ ਧਾਰਮਿਕ ਰਹੱਸ ਨੂੰ ਨਹੀਂ ਸਮਝ ਸਕਦਾ। ਵੈਸੇ ਧਰਮ ਅਸਥਾਨ ਜੋ ਹਨ, ਉਹ ਧਰਮ ਨੂੰ ਮੰਨਣ ਵਾਲਿਆਂ ਦੀ ਸੱਥ ਹੁੰਦੀ ਹੈ। ਧਰਮ ਨਹੀਂ ਹੁੰਦਾ। ਧਰਮ ਅਸਥਾਨ ਤਾਂ ਹੀ ਕਿਹਾ ਜਾ ਸਕਦਾ ਜੇਕਰ ਕੋਈ ਅਸਥਾਨ ਵੀ ਹੋਵੇ, ਲੋਕ ਵੀ ਹੋਣ ਉਸ ਅਸਥਾਨ


Academy of the Punjab in North America: http://www.apnaorg.com

ਤੇ ਜਾਣ ਵਾਲੇ, ਧਾਰਮਿਕ ਕਾਰਵਾਈਆਂ ਵੀ ਹੁੰਦੀਆਂ ਹੋਣ, ਕੀਰਤਨ ਕਥਾਵਾਂ ਹੁੰਦੀਆਂ ਹੋਣ, ਨਮਾਜ਼ਾਂ ਪੜ੍ਹ ਹੁੰਦੀਆਂ ਹੋਣ। ਜਿਥੇ ਦੇ ਪ੍ਰੋਗਰਾਮਾਂ ਦਾ, ਕਾਰਵਾਈਆਂ ਦਾ, ਲੋਕਾਂ ਨੂੰ ਪਤਾ ਹੋਵੇ ਤੇ ਕਾਰਵਾਈਆਂ ਕਰਨ ਲਈ ਕਾਇਦੇ ਕਾਨੂੰਨ ਵੀ ਹੋਣ, ਇਨ੍ਹਾਂ ਸਾਰਿਆਂ ਤੋਂ ਬਿਨਾਂ ਤਾਂ ਧਰਮ ਅਸਥਾਨ ਨਹੀਂ ਚਲ ਸਕਦੇ ਹਨ, ਨਾ ਹੀ ਜਗ੍ਹਾ ਬਿਨਾਂ, ਨਾ ਲੋਕਾਂ ਬਿਨਾਂ, ਨਾ ਧਾਰਮਿਕ ਕਿਰਿਆਵਾਂ ਬਿਨਾਂ। ਜੇ ਕੋਈ ਪ੍ਰੋਗਰਾਮ ਜਾਂ ਕੋਈ ਇੰਤਜ਼ਾਮ ਹੀ ਨਹੀਂ ਤਾਂ ਵੀ ਧਾਰਮਿਕ ਪ੍ਰੋਗਰਾਮ ਕਿਵੇਂ ਚੱਲ ਸਕਦੇ ਹਨ। ਧਰਮ ਅਸਥਾਨ ਕਿਵੇਂ ਚੱਲ ਸਕਦੇ ਹਨ। ਪਰ ਜਦੋਂ ਸ੍ਰੀ ਗੁਰੂ ਨਾਨਕ ਆਪਣੇ ਪਰਮਾਤਮਾ ਨੂੰ ਆਪਣੀ ਦਿਬ ਦ੍ਰਿਸ਼ਟੀ ਨਾਲ ਵੇਖਦੇ ਹਨ ਤਾਂ ਉਹ ਤਾਂ ਲਗਦਾ ਕਿਸੇ ਧਰਮ ਅਸਥਾਨ ਵਿੱਚ ਨਹੀਂ ਬੈਠਾ:

ਅਰਬਦ ਨਰਬਦ ਧੁੰਧੂਕਾਰਾ॥.........ਸੁੰਨ ਸਮਾਧਿ ਲਗਾਇਦਾ। ।

****



Academy of the Punjab in North America: http://www.apnaorg.com

# ਸਾਡੇ ਅਸੂਲ

ਸਾਡੇ ਨੇਮ, ਸਿਧਾਂਤ, ਅਸੂਲ, ਵਿਧੀ, ਵਿਵਸਥਾ, ਰੀਤੀ, ਮਰਿਆਦਾ, ਪਦਵੀ, ਪ੍ਰਣਾਲੀ ਜਾਂ ਧਾਰਮਿਕ ਸੋਚਾਂ ਸਾਡੇ ਅੰਦਰੂਨੀ ਕੇਂਦਰ ਤੇ ਨਿਰਭਰ ਕਰਦੀ ਹੈ, ਸਾਡੇ ਵਿਅਕਤਿਤਵ ਤੇ ਨਿਰਭਰ ਕਰਦੀ ਹੈ। ਸਾਡੀ ਸ਼ਖਸ਼ੀਅਤ ’ਤੇ ਨਿਰਭਰ ਕਰਦੀ ਹੈ, ਸਾਡੀ ਜ਼ਮੀਰ ਤੇ ਨਿਰਭਰ ਕਰਦੀ ਹੈ। ਸਾਡੇ ਅਸੂਲ ਕਿਸੇ ਨੇ ਨਹੀਂ ਬਣਾਏ ਹੁੰਦੇ। ਇਹ ਕੋਈ ਅਲਜਬਰਾ ਨਹੀਂ ਹੈ ਜੋ ਕਿਸੇ ਤੋਂ ਸਵਾਲ ਸਮਝ ਲਈਏ। ਸਾਡੇ ਅਸੂਲ ਤੇ ਸਾਡੀ ਜ਼ਮੀਰ ਦੀ ਧੁਰ ਦਰਗਾਹ ’ਚੋਂ ਉਪਜਦੇ ਹਨ। ਸਹੀ ਉਪਜ ਵੀ ਆਪਣੀ ਹੁੰਦੀ ਹੈ ਤੇ ਗਲਤ ਵੀ। ਖੇਤੀ ਤਾਂ ਕਿਸਾਨ ਦੀ ਆਪਣੀ ਹੁੰਦੀ ਹੈ, ਬਹੁਤ ਵਧੀਆ ਫਸਲ ਹੋਵੇ ਤਾਂ ਦੇਖਣ ਵਾਲੇ ਸਿਫ਼ਤ ਕਰਦੇ ਹਨ ਕਿ ਕਿੰਨੀ ਵਧੀਆ ਫ਼ਸਲ ਹੈ। ਫ਼ਸਲ ਦੀ ਕਮਾਈ ਤਾਂ ਕਿਸਾਨ ਦੀ ਹੀ ਹੁੰਦੀ ਹੈ ਪਰ ਲੋਕ ਵੀ ਉਸਦਾ ਆਨੰਦ ਲੈਂਦੇ ਹਨ। ਜੇ ਖੇਤੀ ਬਹੁਤ ਮਾੜੀ ਹੋਵੇ, ਫ਼ਸਲ ਬੜੀ ਨਿਕੰਮੀ ਹੋਵੇ, ਜਿਸ ਵਿਚੋਂ ਕਿਸਾਨ ਨੂੰ ਬਚਣਾ ਤਾਂ ਕੀ ਹੈ, ਘਾਟਾ ਹੀ ਪਵੇਗਾ ਤਾਂ ਐਸੀ ਹਾਲਤ ਵਿੱਚ ਲੋਕ ਸਿਫ਼ਤਾਂ ਨਹੀਂ ਕਰਨਗੇ, ਟਿੱਚਰਾਂ ਤਾਂ ਭਾਵੇਂ ਕਰਨ। ਸਾਡੇ ਵਧੀਆ ਅਸੂਲਾਂ ਦੀ, ਜੋ ਅਸੂਲ ਸਾਡੇ ਆਪਣੇ ਅੰਦਰ ਦੀ ਉਪਜ ਹੈ, ਉਹ ਅਸੂਲ ਜੇ ਵਧੀਆ ਹੋਣ ਤਾਂ ਲੋਕ ਸਿਫ਼ਤਾਂ ਕਰਦੇ ਹਨ। ਪਰ ਘਟੀਆ ਅਸੂਲਾਂ ਵਾਲਿਆਂ ਨੂੰ ਲੋਕ ਸਹੀ ਨਜ਼ਰ ਨਾਲ ਨਹੀਂ ਦੇਖਦੇ। ਕਿਸੇ ਬਹੁਤੇ ਤਕੜੇ ਪਰ ਗਲਤ ਇਨਸਾਨ ਤੋਂ ਡਰਦਾ ਤਾਂ ਭਾਵੇਂ ਰਹੇ ਕੋਈ ਲੇਕਿਨ ਉਸ ਨਾਲ ਸਾਂਝ ਭਿਆਲੀ ਪਾਉਣ ਦੀ ਕਿਸੇ ਦੀ ਤਮੰਨਾ ਨਹੀਂ ਹੋ ਸਕਦੀ। ਉਸਦੇ ਵਰਗਾ ਹੀ ਕੋਈ ਭਾਵੇਂ ਉਸਦੇ ਨਾਲ ਤੁਰੇ ਕਿਉਂਕਿ ਇੱਕੋ ਜਿਹੇ ਖੰਭਾਂ ਵਾਲੇ ਪੰਛੀ ਇਕੱਠੇ ਉੱਡ ਸਕਦੇ ਹਨ। ਸਹੀ ਅਸੂਲ ਤਾਂ ਬਦਲਦੇ ਵੀ ਨਹੀਂ। ਅਸੂਲਾਂ ਤੇ ਚੱਲਣ ਵਾਲਾ ਹੀ ਬਦਲ ਜਾਵੇ ਤਾਂ ਵੱਖਰੀ ਗੱਲ ਹੈ। ਕਹਿੰਦੇ ਸੱਚ ਨੂੰ ਤਾਂ ਅੱਗ ਵੀ ਨਹੀਂ ਸਾੜ ਸਕਦੀ। ਸਹੀ ਅਸੂਲਾਂ ਵਾਲਿਆਂ ਤੇ ਅਸੀਂ ਨਿਰਭਰ ਕਰ ਸਕਦੇ ਹਾਂ। ਜੇ ਸਾਡੇ ਅਸੂਲ ਵਧੀਆਂ ਹਨ ਤਾਂ ਆਪਣੇ ਆਪ ਤੇ ਨਿਰਭਰ ਕਰਨਾ ਤਾਂ ਫਿਰ ਹੋਰ ਵੀ ਆਸਾਨ ਹੈ।

ਅਸੂਲ ਕਿਸੇ ਦੇ ਮਗਰ ਨਹੀਂ ਪੈਂਦੇ। ਅਸੂਲ ਕਿਸੇ ਦਾ ਖਹਿੜਾ ਨਹੀਂ ਕਰਦੇ। ਅਸੂਲ ਕਿਸੇ ਨਾਲ ਨਾ ਨਾਰਾਜ਼ ਹੁੰਦੇ ਹਨ ਤੇ ਨਾ ਹੀ ਕਿਸੇ ਨਾਲ ਖੁਸ਼ ਹੁੰਦੇ ਹਨ। ਅਸੂਲ ਤਾਂ ਹਰ ਇੱਕ ਨੂੰ ਇਕੋ ਹੀ ਨਜ਼ਰੀਏ ਨਾਲ ਦੇਖਦੇ ਹਨ। ਇਸਦਾ ਮਤਲਬ ਇਹ ਨਹੀਂ ਕਿ ਜਿਸ ਦੀ ਅੱਖ ਇੱਕ ਹੈ ਦੂਜੀ ਅੱਖ ਹੈ ਹੀ ਨਹੀਂ, ਉਹ ਕਹੇ ਮੈਂ ਸਭ ਨੂੰ ਇਕੋ ਹੀ ਨਜ਼ਰ ਨਾਲ ਦੇਖਦਾ ਹਾਂ। ਦੇਖਣ -ਦੇਖਣ ਵਿੱਚ ਬਹੁਤ ਫਰਕ ਹੁੰਦਾ ਹੈ। ਇਕ ਖੂਬਸੂਰਤ ਲੜਕੀ ਵੱਲ ਕੋਈ ਆਪਣੀ ਮਾਂ ਦੀ ਨਜ਼ਰ ਨਾਲ ਦੇਖਦਾ ਹੈ। ਕਿਸੇ ਦੀ ਮਾਂ ਨਿਹਾਇਤ ਖੂਬਸੂਰਤ ਹੈ ਤਾਂ ਉਸਨੂੰ ਮਾਂ ਹੀ ਕਹੇਗਾ ਤੇ ਮਾਂ ਦੀ ਨਜ਼ਰ ਨਾਲ ਹੀ ਦੇਖੇਗਾ। ਕੋਈ ਭੈਣ ਕਹੇਗਾ, ਕੋਈ ਧੀ ਕਹੇਗਾ ਤੇ ਕੋਈ ਲਾਲ਼ਾਂ ਵੀ ਸਿੱਟ ਸਕਦਾ ਹੈ- ਆਹਾ! ਇਹੋ ਜਿਹੀ ਕਿਤੇ ਮੇਰੀ ਪ੍ਰੇਮਿਕਾ ਹੋਵੇ ਜਾਂ ਪਤਨੀ ਹੋਵੇ ਤਾਂ ਕਿੰਨਾ ਚੰਗਾ ਹੋਵੇ! ਸੋ ਦੇਖਣ ਦਾ ਨਜ਼ਰੀਆ ਆਪਣਾ ਆਪਣਾ ਹੋ ਸਕਦਾ ਹੈ, ਲੇਕਿਨ ਖੂਬਸੂਰਤੀ ਨਹੀਂ ਬਦਲਦੀ। ਸਹੀ ਅਸੂਲ, ਸਹੀ ਸਿਧਾਂਤ, ਹਮੇਸ਼ਾਂ ਮਰਿਆਦਾ ਵਿੱਚ ਰਹਿੰਦੇ ਹਨ, ਬਲਕਿ ਮਰਿਆਦਾ ਵਿੱਚ ਰਹਿਣ ਕਰਕੇ ਹੀ ਸਹੀ ਹੁੰਦੇ ਹਨ। ਅਸਲ ਵਿੱਚ ਮਰਿਆਦਾ ਹੀ ਅਸੂਲ ਦਾ ਦੂਸਰਾ ਨਾਮ ਹੈ। ਮਰਿਆਦਾ ਕਿਸੇ ਨੂੰ ਧੋਖਾ ਦੇ ਕੇ ਕਿਸੇ ਆਪਣੇ ਮਨ ਪਸੰਦ ਨਾਲ ਨਹੀਂ ਨਿਕਲ ਤੁਰਦੀ। ਇੱਕ ਨੂੰ ਛੱਡ ਕੇ ਦੂਜੇ ਵੱਲ ਜਾਣ ਵਾਲੇ ਮਰਿਆਦਾ ਪੁਰਸ਼ੋਤਮ ਨਹੀਂ ਹੋ ਸਕਦੇ। ਅਸੂਲ ਕਦੇ ਸਾਨੂੰ ਧੋਖਾ ਨਹੀਂ ਦਿੰਦਾ। ਸਾਨੂੰ ਫਸਾਉਣ ਦਾ ਯਤਨ ਨਹੀਂ ਕਰਦੇ। ਅਸੂਲ ਕਦੇ ਕਿਸੇ ਨੂੰ ਗਲਤ ਰਸਤੇ ਤੇ ਨਹੀਂ ਪਾਉਂਦੇ । ਅਸੂਲ, ਸਿਧਾਂਤ ਕਿਸੇ ਹੋਰ ਦੇ ਸਿਧਾਂਤਾਂ ਤੇ ਨਹੀਂ ਚੱਲਦੇ ਤੇ ਨਾ ਹੀ ਕਿਸੇ ਹੋਰ ਦੇ ਸਿਧਾਂਤਾਂ ਦੀ ਪਰਵਾਹ ਕਰਦੇ ਹਨ। ਸਿਧਾਂਤਾਂ ਦੀ ਆਪਣੀ ਦੁਨੀਆ ਹੁੰਦੀ ਹੈ, ਆਪਣਾ ਵਾਤਾਵਰਣ ਹੁੰਦਾ ਹੈ। ਸਿਧਾਂਤ ਆਪਣੇ ਆਪ ਨੂੰ ਬਚਾਉਣ ਲਈ ਕਿਸੇ ਦੀ ਮੁਥਾਜੀ ਨਹੀਂ ਕਰਦੇ। ਸਿਧਾਂਤ ਕਦੇ ਮਰਿਆ ਨਹੀਂ ਕਰਦੇ। ਅਸੂਲਾਂ ਨੂੰ ਕਤਲ ਕਰਨ ਵਾਲਾ


Academy of the Punjab in North America: http://www.apnaorg.com

ਹਥਿਆਰ ਅਜੇ ਤੱਕ ਤਾਂ ਨਹੀਂ ਬਣਿਆ। ਆਦਮੀ ਨੂੰ ਕਤਲ ਕਰ ਸਕਦੇ ਹੋ, ਆਦਮੀ ਦੇ ਅਸੂਲਾਂ ਦੀ, ਸਿਧਾਂਤਾਂ ਦੀ ਤਾਂ ਵਾ ਵੱਲ ਵੀ ਨਹੀਂ ਕੋਈ ਦੇਖ ਸਕਦਾ। ਵੱਡੇ ਤੋਂ ਵੱਡੇ ਝਟਕੇ ਸਿਧਾਂਤਾਂ ਨੂੰ ਹਿਲਾ ਨਹੀਂ ਸਕਦੇ। ਝਟਕੇ ਧਰਤੀ ਹਿਲਾ ਸਕਦੇ ਪਰ ਜਿਨ੍ਹਾਂ ਅਸੂਲਾਂ 'ਤੇ, ਜਿਨ੍ਹਾਂ ਸਿਧਾਂਤਾਂ ਤੇ ਧਰਮ ਧਰਤੀ ਖੜ੍ਹੀ ਹੈ, ਉਹ ਸਿਧਾਂਤ ਕਿਸੇ ਕਿਸਮ ਦੇ ਭੂਚਾਲ ਦੇ ਹਿਲਾਇਆ ਨਹੀਂ ਹਿੱਲਦੇ। ਮਰਿਆਦਾ ਪੁਰਸ਼ੋਤਮ ਦੀ ਮਰਿਆਦਾ ਨੂੰ ਕੋਈ ਦਸ ਸਿਰਾਂ ਦਾ ਮਾਲਕ ਚੋਰੀ ਕਰਕੇ ਨਹੀਂ ਲਿਜਾ ਸਕਦਾ, ਹਾਂ ਕਿਸੇ ਲਛਮਣ ਰੇਖਾ ਨੂੰ ਲੰਘਣ ਦੀ ਮਰਿਆਦਾ ਜੇ ਭੰਗ ਹੋ ਜਾਵੇ ਤਾਂ ਮਰਿਆਦਾ ਭੰਗ ਕਰਨ ਵਾਲਿਆਂ ਨੂੰ, ਸਿਧਾਂਤ ਤੋੜਨ ਵਾਲਿਆਂ ਨੂੰ, ਅਸੂਲ ਭੰਗ ਕਰਨ ਵਾਲਿਆਂ ਨੂੰ, ਸਿਧਾਂਤ ਤੋੜਨ ਵਾਲਿਆਂ ਨੂੰ, ਅਸੂਲ ਭੁੱਲ ਜਾਣ ਵਾਲਿਆਂ ਨੂੰ ਚੋਰ ਵੀ ਲਿਜਾ ਸਕਦੇ ਹਨ।

ਸਿਧਾਂਤ ਤਾਂ ਗਹਿਰੇ ਸਮੁੰਦਰਾਂ ਦੀ ਨਿਆਈਂ ਹੁੰਦੇ ਹਨ। ਇਨ੍ਹਾਂ ਦੇ ਤਲ ਵਿੱਚ ਕੀ ਕੁਝ ਲੁਕਿਆ ਪਿਆ ਹੈ ਉਸਦਾ ਸਾਨੂੰ ਕੀ ਪਤਾ। ਅਸੂਲ ਤਾਂ ਬੱਸ ਅਪਣਾਏ ਜਾ ਸਕਦੇ ਹਨ। ਅਸੂਲਾਂ ਵਿੱਚ ਜੀਵਿਆ ਜਾ ਸਕਦਾ ਹੈ ਪਰ ਅਸੂਲਾਂ ਦੀ ਤਹਿ ਤੱਕ ਨਹੀਂ ਦੇਖਿਆ ਜਾ ਸਕਦਾ। ਸਿਧਾਂਤ, ਤਾਂ ਮੁਢਲੀ ਸਚਾਈ ਹੁੰਦੇ ਹਨ ਜਾਂ ਸਚਾਈ ਦਾ ਮੁੱਢ ਕਹੇ ਜਾ ਸਕਦੇ ਹਨ। ਬਹੁਤ ਹੀ ਪੁਰਾਤਨ ਸਚਾਈ ਕਹੇ ਜਾ ਸਕਦੇ ਹਨ। ਸਿਧਾਂਤਾਂ ਦੀ ਸੁੰਦਰਤਾ ਹੀ ਵੱਖਰੀ ਹੈ। ਅਸੂਲਾਂ ਦੀ, ਸਿਧਾਂਤਾਂ ਦੀ ਬਣਤਰ, ਅਸੂਲ ਦਾ ਫਰੇਮ ਅਸੂਲਾਂ ਦਾ ਢਾਂਚਾ ਹੀ ਵੱਖਰਾ ਹੁੰਦਾ ਹੈ। ਇਹ ਇੱਕ ਅਨੋਖਾ ਹੀ ਕੱਪੜਾ ਹੁੰਦਾ ਹੈ। ਇਸ ਨਾਲ ਜੀਵਨ ਦਾ ਜੋੜਾ ਜਾਮਾ ਬਣਦਾ ਹੈ। ਹਰ ਹਾਲਤ ਵਿੱਚ ਅਸੂਲ ਵੱਡੇ ਹੀ ਰਹਿੰਦੇ ਹਨ। ਇਨਸਾਨ ਨਾਲੋਂ ਇਨਸਾਨ ਦੇ ਅਸੂਲ ਵੱਡੇ ਹੁੰਦੇ ਹਨ। ਉਮਰ ਵੀ ਲੰਬੀ ਹੁੰਦੀ ਹੈ। ਇਤਿਹਾਸ ਵਿੱਚ ਜਿਥੋਂ ਤੱਕ ਨਜ਼ਰ ਜਾਂਦੀ ਹੈ ਲਿਜਾ ਕੇ ਦੇਖੀਏ, ਚੰਗੇ ਅਸੂਲਾਂ ਵਾਲਿਆਂ ਨੂੰ ਹੀ ਲੋਕ ਚੰਗਾ ਕਹਿੰਦੇ ਹਨ। ਵੱਡੇ ਵੱਡੇ ਸ਼ਕਤੀਮਾਨ ਰਾਵਣ ਵਰਗੇ ਮੂਰਖ ਕਰਕੇ ਹੀ ਜਾਣੇ ਜਾਂਦੇ ਹਨ।

ਵਧੀਆ ਸਿਧਾਂਤਾਂ ਨੂੰ ਤਾਂ ਹਰ ਕੋਈ ਅਪਣਾ ਵੀ ਸਕਦਾ ਹੈ। ਵਾਰ ਵਾਰ ਜੀਅ ਸਕਦੇ ਹਾਂ। ਵਧੀਆ ਸਿਧਾਂਤਾਂ ਨੂੰ ਹਰ ਯੁੱਗ ਵਿੱਚ ਹਰ ਰੁੱਤ ਵਿੱਚ ਹਰ ਸਭਿਆਚਾਰ ਵਿੱਚ ਸੱਚੇ ਸੁੱਚੇ ਸਿਧਾਂਤਾਂ ਨੂੰ ਅਪਣਾਉਣ ਵਾਲੇ ਵੀ ਹੁੰਦੇ ਹਨ। ਕਈ ਲੋਕ ਯਤਨ ਕਰਦੇ ਹਨ ਅਸੂਲਾਂ ਤੇ ਚੱਲਣ ਦੀ। ਕਿੰਨਾ ਕੁ ਦੂਰ ਚੱਲ ਸਕਦੇ ਹਨ, ਚੱਲਣ ਵਾਲੇ ਦੀ ਸਮਰੱਥਾ ਹੁੰਦੀ ਹੈ। ਸਿਧਾਂਤ ਤਾਂ ਅਸੀਮ ਹੁੰਦੇ ਹਨ। ਸਾਡੇ ਆਲੇ ਦੁਆਲੇ ਦੀ ਛਿੰਨ ਭੰਗਰੀ ਵਿਦਵਤਾ ਦਾ ਰੌਲਾ ਗੌਲਾ ਕਈ ਵਾਰ ਸਾਨੂੰ ਸਹੀ ਸਿਧਾਂਤਾਂ ਦੀ ਪਹਿਚਾਣ ਕਰਨ ਵਿੱਚ ਮੁਸ਼ਕਲ ਪੈਦਾ ਕਰ ਦਿੰਦਾ ਹੈ। ਇਹ ਸਿਧਾਂਤਾਂ ਦੀ ਗਲਤੀ ਨਹੀਂ, ਸਾਡੀ ਆਪਣੀ ਗਲਤੀ ਹੁੰਦੀ ਹੈ। ਝੂਠੀਆਂ ਤੇ ਕੱਚੀਆਂ ਇੱਟਾਂ ਦੀਆਂ ਨੀਂਹਾਂ 'ਤੇ ਉਸਾਰੀਆਂ ਹੋਈਆਂ ਸਾਡੀਆਂ ਵਿਓਂਤਾਂ, ਸਾਡਾ ਸਚਾਈ ਵੱਲ, ਸਿਧਾਂਤਾਂ ਵੱਲ ਜਾਣ ਦਾ ਮੌਕਾ ਹੱਥੋ ਲੰਘਾ ਦਿੰਦੀਆਂ ਹਨ। ਲੇਕਿਨ ਬਾਲੂ ਰੇਤ ਦੀਆਂ ਬਣੀਆਂ ਇਮਾਰਤਾਂ ਕਿੰਨਾ ਕੁ ਚਿਰ ਟਿਕ ਸਕਦੀਆਂ ਹਨ। ਸਾਡੀ ਤਰੱਕੀ ਕਰਨ ਦੇ ਅਸੂਲ ਹੀ ਸਾਨੂੰ ਵਧੀਆ ਅਸੂਲਾਂ ਵੱਲ ਲੈ ਜਾਂਦੇ ਹਨ। ਵਧੀਆ ਅਸੂਲ ਅਪਣਾ ਕੇ ਅਸੀਂ ਆਪਣੇ ਦਿਸਹੱਦੇ ਵੱਡੇ ਕਰ ਲੈਂਦੇ ਹਾਂ। ਅਸੀਂ ਸਰਬ ਗਿਆਤਾ ਤਾਂ ਹੁੰਦੇ ਨਹੀਂ, ਜਾਣੀ ਜਾਣ ਤਾਂ ਹਾਂ ਨਹੀਂ। ਇਸ ਲਈ ਅਸੀਂ ਸਹੀ ਅਤੇ ਗਲਤ ਵਿੱਚ, ਸਹੀ ਅੰਤਰ ਨਹੀਂ ਕਰ ਸਕਦੇ। ਸਾਨੂੰ ਆਪਣੇ ਆਪ ਦੀ, ਆਪਣੀਆਂ ਆਦਤਾਂ ਦਾ ਵੀ ਪੂਰਾ ਗਿਆਨ ਨਹੀਂ ਹੁੰਦਾ। ਜੋ ਅਸੀਂ ਕਰ ਰਹੇ ਹਾਂ ਠੀਕ ਹੈ ਜਾਂ ਗਲਤ, ਆਪਣੇ ਆਲੇ ਦੁਆਲੇ ਦੀ ਚਮਕ ਦਮਕ ਵੀ ਕਈ ਵਾਰ ਅੱਖਾਂ ਚੁੰਧਿਆ ਦਿੰਦੀ ਹੈ। ਸਮੇਂ ਦੀਆਂ ਸੋਚਾਂ ਅਤੇ ਜ਼ਮਾਨੇ ਦੀਆਂ ਅਕਲ ਲਤੀਫੀਆਂ ਦੀ ਸਹੀ ਸਿਧਾਂਤਾਂ ਨਾਲ ਕੋਈ ਜ਼ਿਆਦਾ ਰਿਸ਼ਤੇ ਦਾਰੀ ਨਹੀਂ ਹੁੰਦੀ। ਸਮੇਂ ਦੇ ਸ਼ਕਤੀਵਾਨ ਆਪਣੀ ਸੋਚ ਬਾਕੀਆਂ ਤੇ ਵੀ ਠੋਸ ਦਿੰਦੇ ਹਨ। ਇਸ ਦਾ ਮਤਲਬ ਇਹ ਨਹੀਂ ਕਿ ਲਿਤਾੜੇ ਹੋਏ ਆਦਮੀ ਦੇ ਅਸੂਲ ਗਲਤ ਹਨ। ਉਹ ਤਾਂ ਡਰਦਾ ਆਪਣੇ ਬਚਾਓ ਵਿੱਚ ਹੀ ਹਾਂ ਜੀ, ਹਾਂ ਜੀ ਕਰੀ ਜਾਂਦਾ ਹੈ। ਸਿਆਣੇ ਆਖਦੇ ਨੇ ਰੱਬ ਨੇੜੇ ਕਿ ਘਸੁੰਨ। ਗਲਤ ਬੁਨਿਆਦ ਤੇ ਗਲਤ ਲੋਕਾਂ ਦੇ ਬਣਾਏ ਹੋਏ ਅਸੂਲ ਚਿਰ ਸਥਾਈ ਨਹੀਂ ਹੋ ਸਕਦੇ। ਅੱਥਰੇ ਲੋਕਾਂ ਦੀ ਆਪਣੀ ਮਰਜ਼ੀ ਨਾਲ ਪਾਈਆਂ ਡੰਡੀਆਂ ਮਿਟ ਜਾਇਆ


Academy of the Punjab in North America: http://www.apnaorg.com

ਕਰਦੀਆਂ ਹਨ।

ਅਸੀਂ ਸੀਮਤ ਹੋ ਸਕਦੇ ਹਾਂ। ਹੋ ਸਕਦੇ ਕੀ ? ਅਸੀਂ ਸੀਮਤ ਹਾਂ ਲੇਕਿਨ ਅਸੀਮਿਤ ਰਾਹਾਂ ਤੇ ਤੁਰ ਕੇ ਅਸੀਮਿਤ ਅਸੂਲ ਅਪਣਾ ਕੇ ਅਸੀਮਿਤ ਸਿਧਾਂਤ ਧਾਰਣ ਕਰਕੇ ਅੰਤ ਉਨ੍ਹਾਂ ਸਿਧਾਂਤਾਂ ਦੇ ਧਾਰਣੀ ਦੇ ਤੌਰ ਤੇ ਆਪਣੀ ਉਮਰਾਂ ਤੋਂ ਕਈ ਗੁਣਾਂ ਵੱਧ ਜੀਅ ਸਕਦੇ ਹਾਂ। ਜੇ ਅਸੀਂ ਸਹੀ ਅਸੂਲਾਂ ਨੂੰ ਧਾਰਣ ਕਰਦੇ ਹਾਂ ਤਾਂ ਸਹੀ ਸਿਧਾਂਤਾਂ ਦੀ ਜਾਣਕਾਰੀ ਵੀ ਹੋ ਜਾਂਦੀ ਹੈ। ਜਿੰਨੇ ਜ਼ਿਆਦਾ ਗਿਆਨਵਾਨ ਹੋ ਕੇ ਅਸੀਂ ਅਸੂਲਾਂ ਦੇ ਅਮਲੀ ਬਣ ਜਾਵਾਂਗੇ ਓਨਾ ਹੀ ਵੱਧ ਦੁਨੀਆ ਦਾ ਗਿਆਨ ਸਾਨੂੰ ਹੋ ਸਕਦਾ ਹੈ। ਅਸੂਲ ਤਾਂ ਉਹ ਹੀ ਰਹਿੰਦੇ ਹਨ। ਸੱਚ ਤਾਂ ਕਦੇ ਨਹੀਂ ਬਦਲਦਾ ਲੇਕਿਨ ਅਸੀਂ ਸਚਿਆਰੇ ਹੋਣ ਦਾ ਯਤਨ ਕਰਨ ਨਾਲ ਸੱਚ ਪ੍ਰਾਪਤ ਹੋਣ ਨਾਲ ਸੱਚ ਦੇ ਹੋਰ ਕਰੀਬ ਹੋ ਜਾਂਦੇ ਹਾਂ। ਸੱਚ ਦੀ ਹੋਰ ਸਮਝ ਲੱਗ ਜਾਂਦੀ ਹੈ। ਸੱਚੇ ਰਸਤੇ ਤੇ ਤੁਰਦਿਆਂ ਜਿੰਨੇ ਵਧੀਆ ਅਸੂਲ ਬਣ ਗਏ, ਜਿੰਨੀ ਜ਼ਿਆਦਾ ਸਮਝ ਲੱਗ ਗਈ, ਬੱਸ ਓਨੀ ਹੀ ਵਧੀਆ ਗੱਲ ਬਣ ਸਕਦੀ ਹੈ। ਸਿਆਣਪ ਤੇ ਸੇਧ ਨਾਲ ਚੱਲਣ ਵਾਲੇ ਚੰਗੇ ਅਸੂਲਾਂ ਦੇ ਧਾਰਣੀ ਬਣ ਸਕਦੇ ਹਨ। ਜੀਵਨ ਦਾ ਸਹੀ ਨਕਸ਼ਾ ਦੇਖ ਕੇ ਹੀ ਸਾਨੂੰ ਪਤਾ ਲਗਦਾ ਹੈ ਕਿ ਕਿੱਧਰ ਨੂੰ ਜਾਣਾ, ਕਿਵੇਂ ਜਾਣਾ, ਇਸ ਲਈ ਸਾਨੂੰ ਮਿਹਨਤ ਕਰਨੀ ਪਏਗੀ। ਸਭ ਤੋਂ ਵੱਡੀ ਸਮਝ ਸਾਨੂੰ ਉਦੋਂ ਲਗਦੀ ਹੈ ਜਦੋਂ ਸਾਨੂੰ ਸਾਡੀ ਪਹੁੰਚ ਦਾ, ਸਾਡੀ ਸ਼ਕਤੀ ਦਾ ਗਿਆਨ ਹੋ ਜਾਵੇ। ਸਾਨੂੰ ਸਭ ਕੁਝ ਕਰਨ ਦੀ ਆਜ਼ਾਦੀ ਹੈ ਪਰ ਨਤੀਜੇ ਸਾਡੀ ਮਰਜ਼ੀ ਨਾਲ ਕੱਢ ਸਕਣ ਦੀ ਆਜ਼ਾਦੀ ਨਹੀਂ। ਚੰਗੇ ਅਸੂਲਾਂ ਨੂੰ ਧਾਰਣ ਕਰਕੇ ਜੀਵਨ ਸੁਥਰਾ ਕਰ ਸਕਦੇ ਹਾਂ। ਗਲਤ ਸਿਧਾਂਤ ਅਪਣਾਏ ਗਏ ਤਾਂ ਉਸ ਦੇ ਨਿਕਲਣ ਵਾਲੇ ਨਤੀਜੇ ਭੁਗਤਣ ਲਈ ਵੀ ਤਿਆਰ ਰਹੋ। ਜਦੋਂ ਸਾਨੂੰ ਸਹੀ ਜੀਵਨ ਜੀਣ ਦੇ ਅਸੂਲਾਂ ਦਾ ਗਿਆਨ ਹੋ ਜਾਵੇ ਤਾਂ ਸਾਡੀ ਸੇਧ ਸਾਨੂੰ ਸਿੱਧੇ ਰਸਤੇ ਤੇ ਲੈ ਜਾਂਦੀ ਹੈ। ਬਸ ਫਿਰ ਸਿੱਧੇ ਰਸਤੇ ਆਪਣੀ ਤੋਰ ਤੁਰਦੇ ਤੁਰਦੇ ਵੀ ਦੁਨੀਆ ਤੇ ਆਪਣਾ ਪ੍ਰਭਾਵ ਛੱਡ ਸਕਦੇ ਹਾਂ। ਸਹੀ ਅਸੂਲ ਜੇ ਤੁਹਾਨੂੰ ਪ੍ਰਭਾਵਤ ਕਰ ਦੇਣ ਤਾਂ ਉਨ੍ਹਾਂ ਅਸੂਲਾਂ 'ਤੇ ਚੱਲ ਕੇ ਤੁਸੀਂ ਹੋਰਨਾਂ ਨੂੰ ਪ੍ਰਭਾਵਤ ਕਰ ਸਕਣ ਦੇ ਸਮਰੱਥ ਹੋ ਜਾਂਦੇ ਹੋ। ' ਸਚਿ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ', ਮਾਝ ਰਾਗ ਵਿਚ ਗੁਰੂ ਅਰਜਨ ਦੇਵ ਜੀ ਕਿਆ ਕਮਾਲ ਦਾ ਫੁਰਮਾਨੁ ਕਰ ਗਏ। ਬੱਸ ਹੁਣ ਸਾਡਾ ਸੱਚ ਪਰਸਤ ਹੋਣਾ ਹੀ ਬਾਕੀ ਹੈ।

****


Academy of the Punjab in North America: http://www.apnaorg.com

# ਸਾਡੇ ਇਰਾਦੇ

ਜਦੋਂ ਸਾਨੂੰ ਸਾਡੀ ਅੰਦਰੂਨੀ ਡੂੰਘਾਈ ਦਾ ਪਤਾ ਲੱਗ ਜਾਂਦਾ ਹੈ, ਸਾਡੇ ਅਸੂਲ, ਸਾਡੀ ਰੁਹਾਨੀਅਤ, ਸਾਡੇ ਫਰਜ਼, ਸਾਡੇ ਚਰਿੱਤਰ, ਯੋਗਤਾ ਤੇ ਜ਼ਮੀਰ ਦਾ ਪਤਾ ਲੱਗ ਜਾਂਦਾ ਹੈ ਤਾਂ ਸਾਡੀ ਸ਼ਖਸ਼ੀਅਤ ਉੱਭਰ ਕੇ ਸਾਹਮਣੇ ਆਉਂਦੀ ਹੈ। ਜਦੋਂ ਸਾਨੂੰ ਸਾਡੀ ਪਹਿਚਾਣ ਹੋ ਜਾਂਦੀ ਹੈ ਤਾਂ ਅਸੀਂ ਆਪਣੀ ਦੁਨੀਆ ਵਿੱਚ ਕਿਵੇਂ ਵਿਚਰਨਾ ਹੈ, ਇਸ ਦੀ ਹਿੰਮਤ ਹੋ ਜਾਂਦੀ ਹੈ। ਫਿਰ ਅਸੀਂ ਆਪਣੀ ਦ੍ਰਿਸ਼ਟੀ ਨਾਲ ਟੀਚੇ ਮਿਥਣ ਦੇ ਕਾਬਲ ਹੋ ਜਾਂਦੇ ਹਾਂ। ਫਿਰ ਅਸੀਂ ਆਪਣੀ ਕਾਬਲੀਅਤ ਦੇ ਆਧਾਰ ਤੇ ਆਪਣੇ ਇਰਾਦੇ ਬਣਾਉਂਦੇ ਹਾਂ ਕਿ ਅਸੀਂ ਕੀ ਕਰਨਾ ਹੈ ? ਆਪਣੇ ਆਪ ਨੂੰ ਸੈਂਟਰ ਬਣਾ ਕੇ ਇੱਕ ਪ੍ਰਭਾਵਸ਼ਾਲੀ ਧੁਰਾ ਬਣਾ ਕੇ ਉਸਦੇ ਇਰਦ ਗਿਰਦ ਘੁੰਮਣ ਦੀ ਤਰਤੀਬ ਬਣਾਉਂਦੇ ਹਾਂ। ਇਰਾਦੇ ਮਜ਼ਬੂਤ ਕਰਕੇ ਸਾਨੂੰ ਸਾਡੀ ਦੁਨੀਆ ਸਾਫ਼ ਨਜ਼ਰ ਆਉਣ ਲੱਗ ਪੈਂਦੀ ਹੈ। ਫਿਰ ਜਾ ਕੇ ਕਿਤੇ ਸਾਨੂੰ ਸਾਡੀ ਦੁਨੀਆ ਨਾਲ ਸਾਡੇ ਸਹੀ ਰਿਸ਼ਤੇ ਸਮਝ ਆਉਂਦੇ ਹਨ। ਸਾਡੇ ਇਰਾਦੇ, ਫਿਰ ਅਸੀਂ ਬਣਾਉਂਦੇ ਨਹੀਂ, ਆਪੇ ਬਣ ਜਾਂਦੇ ਹਨ। ਸਾਨੂੰ ਜਦੋਂ ਆਪਣਾ ਆਪ ਲੱਭ ਪੈਂਦਾ ਤਾਂ ਆਪਣੇ ਇਰਾਦੇ ਵੀ ਲੱਭ ਪੈਂਦੇ ਹਨ। ਇਰਾਦੇ ਸਾਨੂੰ ਕਿਤੋਂ ਜਾ ਕੇ ਘੜੌਣੇ ਨਹੀਂ ਪੈਂਦੇ। ਗਹਿਣਿਆਂ ਵਾਂਗ ਸਾਡੀ ਕਾਬਲੀਅਤ ਦੇ ਹਿਸਾਬ ਨਾਲ ਸਾਡੇ ਰਸਤੇ ਆਪਣੇ ਆਪ ਸਾਫ਼ ਨਜ਼ਰ ਆਉਣ ਲੱਗ ਪੈਂਦੇ ਹਨ। ਕਿਉਂਕਿ ਹਰ ਇਨਸਾਨ ਦੇ ਆਪਣੇ ਵੱਖਰੇ ਹੀ ਇਰਾਦੇ ਹੁੰਦੇ ਹਨ ਤੇ ਉਨ੍ਹਾਂ ਨੂੰ ਪੂਰਾ ਕਰਨ ਲਈ ਇਨਸਾਨ ਕੋਲ ਸਿਰਫ਼ ਇਕੋ ਹੀ ਜਨਮ ਹੁੰਦਾ ਹੈ। ਹਰ ਇਨਸਾਨ ਆਪਣੀ ਮਿਸਾਲ ਆਪ ਹੀ ਹੁੰਦਾ ਹੈ। ਹਰ ਇਨਸਾਨ ਨੂੰ ਇਰਾਦੇ ਪੂਰੇ ਕਰਨ ਦਾ ਇੱਕ ਮੌਕਾ ਹੀ ਹੁੰਦਾ ਹੈ। ਹਰ ਇਨਸਾਨ ਨੂੰ ਇਰਾਦੇ ਪੂਰੇ ਕਰਨ ਦਾ ਜੋ ਇੱਕ ਮੌਕਾ ਮਿਲਦਾ ਹੈ, ਉਸਨੂੰ ਅਸੀਂ ਉਪਯੋਗ ਕਰਦੇ ਹਾਂ ਜਾਂ ਉਹ ਮੌਕਾ ਅਜਾਈਂ ਚਲੇ ਜਾਂਦਾ ਹੈ, ਇਹ ਸਭ ਕੁਝ ਸਾਡੇ ਤੇ ਨਿਰਭਰ ਕਰਦਾ ਹੈ। ਸਾਡੇ ਤੇ ਨਿਰਭਰ ਕਰਦਾ ਹੈ ਕਿ ਅਸੀਂ ਆਪਣੀ ਤੋਰੇ ਤੁਰਦੇ ਜਾਂਦੇ ਆਪਣੀ ਦੁਨੀਆ ਵਿੱਚ ਕੀ ਪ੍ਰਭਾਵ ਛੱਡਦੇ ਹਾਂ। ਸਾਡੀ ਜ਼ਿੰਦਗੀ ਦੇ ਅਰਥ ਕਿਸੇ ਹੋਰ ਨੇ ਆ ਕੇ ਨਹੀਂ ਸਮਝਾਉਣੇ ਹੁੰਦੇ, ਸਾਡੇ ਜੀਵਨ ਦੇ ਅਰਥ ਅਸੀਂ ਖੁਦ ਕੋਲੋਂ ਹੀ ਪੁੱਛਣੇ ਹੁੰਦੇ ਹਨ ਤੇ ਖੁਦ ਹੀ ਅਸੀਂ ਜਵਾਬਦੇਹ ਹੁੰਦੇ ਹਾਂ। ਸਾਡੇ ਜੀਵਨ ਦੇ ਸਵਾਲਾਂ ਦਾ ਜਵਾਬ ਵੀ ਸਾਡੇ ਹੀ ਆਪਣੇ ਜੀਵਨ ਨੇ ਦੇਣਾ ਹੁੰਦਾ ਹੈ। ਜਿੰਨਾ ਕੋਈ ਜ਼ਿੰਮੇ ਵਾਰ ਹੈ ਓਨੀ ਜ਼ਿੰਮੇ ਵਾਰੀ ਨਾਲ ਆਪਣੇ ਸਵਾਲਾਂ ਦੇ ਜਵਾਬ ਦੇਂਦਾ ਹੈ। ਜਦੋਂ ਇਰਾਦੇ ਵੀ ਸਾਡੇ ਆਪਣੇ, ਬਣਾਉਣ ਵਾਲੇ ਵੀ ਅਸੀਂ ਹਾਂ ਤਾਂ ਫਿਰ ਜ਼ਿੰਮੇਵਾਰੀ ਕਿਸ ਦੀ ਹੋਈ ? ਸਾਡੇ ਬਣਾਏ ਕਾਨੂੰਨ ਅਸੀਂ ਆਪਣੇ ਤੇ ਹੀ ਲਾਗੂ ਕਰਨੇ ਹੁੰਦੇ ਹਨ।

ਇਰਾਦੇ ਰਾਤੋ ਰਾਤ ਬਣ ਜਾਣ ਵਾਲੀ ਚੀਜ਼ ਨਹੀਂ। ਕੀਤਾ ਕਰਾਇਆ ਪਾਠ ਨਹੀਂ ਹੈ ਕਿ ਪੈਸੇ ਦੇ ਦਿਓ ਤੇ ਭੋਗ ਪਵਾ ਲਓ। ਇਹ ਤਾਂ ਆਦਿ ਤੋਂ ਅੰਤ ਤੱਕ ਦਾ ਸਿਮਰਣ ਹੈ। ਬਹੁਤ ਡੂੰਘਾ ਅੰਤਰ ਧਿਆਨ ਹੋ ਕੇ, ਅੰਤਰ ਦ੍ਰਿਸ਼ਟੀ ਨਾਲ ਆਤਮਕ ਚਾਨਣ ਹੋਣ ਨਾਲ ਹੀ ਹੋ ਸਕਦਾ ਹੈ। ਤੱਤਾਂ ਦਾ ਨਿਖੇੜ ਕਰਕੇ ਪੂਰੀ ਛਾਣਬੀਣ ਕਰਕੇ ਪੂਰਾ ਵਿਸ਼ਲੇ ਸ਼ਣ ਕਰਕੇ ਬਣਨ ਵਾਲੀ ਗੱਲ ਹੈ। ਇਰਾਦਾ ਬਣਾਉਣਾ ਚਿੰਤਨ ਦਾ ਵਿਸ਼ਾ ਹੈ। ਬਹੁਤ ਵਿਚਾਰ ਕਰਕੇ, ਬਹੁਤ ਧਿਆਨ ਨਾਲ, ਪੂਰੀ ਧਾਰਨਾ ਨਾਲ ਖ਼ਿਆਲ ਕਰਕੇ, ਸਮਝ ਕੇ ਪੂਰੇ ਵਿਵੇਕ ਤੇ ਬੁੱਧੀ ਨਾਲ ਕਰਨ ਵਾਲੀ ਕਿਰਤ ਹੈ। ਇਰਾਦੇ ਬਣਾਉਣੇ ਸੌਖੇ ਨਹੀਂ ਪਏ, ਪਰ ਜਦੋਂ ਇਰਾਦਾ ਪੱਕਾ ਹੋ ਜਾਏ ਤਾਂ ਉਸ ਵਿੱਚ ਹੀ ਸ਼ੀਸ਼ੇ ਵਾਂਗ ਸਾਫ ਨਜ਼ਰ ਆਉਣ ਲੱਗ ਪੈਂਦਾ ਹੈ ਕਿ ਅਸੀਂ ਕੀ ਹਾਂ ਤੇ ਕੀ ਕਰਨ ਦੇ ਸਮਰੱਥ ਹਾਂ ਤੇ ਸਾਨੂੰ ਹੁਣ ਕਿਸ ਤਰ੍ਹਾਂ ਤੁਰਨਾ ਚਾਹੀਦਾ ਹੈ? ਬੱਸ ਇਹ ਹੀ ਤਾਂ ਸਭ ਕੁਝ ਇਰਾਦਾ ਹੁੰਦਾ ਹੈ ਤੇ ਆਪਣੇ ਬਣਾਏ ਇਰਾਦੇ ਦੀ ਪੂਰਤੀ ਕਰਨ ਵਾਲੇ ਵੀ ਜਦੋਂ ਅਸੀਂ ਆਪ ਹੀ ਤਾਂ ਫਿਰ ਰੌਲਾ ਹੀ ਕੋਈ ਨਹੀਂ। ਸਾਡੇ ਸ਼ੀਸ਼ੇ ਵਿੱਚ ਅਸੀਂ ਆਪਣੇ ਆਪ ਨੂੰ ਹੀ ਦੇਖਣਾ ਹੁੰਦਾ ਹੈ। ਅਸੀਂ ਕਈ ਵਾਰ ਆਪਣੀ ਮਰਜ਼ੀ ਨਾਲ ਆਪਣੇ ਇਰਾਦੇ ਬਦਲ ਵੀ ਲੈਂਦੇ ਹਾਂ ਪਰ ਇਰਾਦੇ ਬਦਲਣਾ ਵੀ ਓਨਾ ਹੀ ਔਖਾ ਹੈ ਜਿੰਨਾ ਇਰਾਦਾ ਬਣਾਉਣਾ। ਪਰ ਜਦੋਂ ਅਸੀਂ ਇਰਾਦਾ ਧਾਰ ਕੇ ਤੁਰਦੇ ਹਾਂ ਤਾਂ ਸਾਡੇ


Academy of the Punjab in North America: http://www.apnaorg.com

ਇਰਦ ਗਿਰਦ ਦੀ ਦੁਨੀਆ ਨੂੰ ਪਤਾ ਲੱਗ ਜਾਂਦਾ ਹੈ ਕਿ ਅਸੀਂ ਕਿਸ ਪਾਸੇ ਜਾ ਰਹੇ ਹਾਂ। ਕਈ ਵਾਰ ਸਾਡੇ ਆਪਣੇ ਠੀਕ ਨਹੀਂ ਸਮਝਦੇ, ਉਹ ਨਹੀਂ ਚਾਹੁੰਦੇ ਕਿ ਅਸੀਂ ਆਪਣੇ ਇਰਾਦੇ ਪੂਰੇ ਕਰੀਏ। ਤੁਹਾਡੇ ਸਾਈਕਲ ਦੀਆਂ ਤਾਰਾਂ ਤੋੜਨ ਵਾਲੇ ਬਹੁਤ ਮਿਲ ਜਾਣਗੇ। ਉਹ ਕੋਈ ਵਿਦੇਸ਼ੀ ਨਹੀਂ ਹੁੰਦੇ, ਜਿੰਨਾ ਕੋਈ ਤੁਹਾਡੇ ਜ਼ਿਆਦਾ ਕਰੀਬ ਹੈ ਓਨਾ ਹੀ ਉਹ ਤੁਹਾਨੂੰ ਤੇ ਤੁਹਾਡੀ ਸ਼ਕਤੀ ਨੂੰ ਜਾਣਦਾ ਹੁੰਦਾ ਹੈ। ਓਪਰੇ ਲੋਕ ਜਿਨ੍ਹਾਂ ਨੂੰ ਤੁਹਾਡੀ ਯੋਗਤਾ ਦਾ ਪਤਾ ਨਹੀਂ, ਉਹ ਕਿਉਂ ਪੰਗਾ ਲੈਣਗੇ। ਪੰਗੇ ਹਮੇਸ਼ਾਂ ਸਾਡੇ ਨਾਲ ਸਾਡੇ ਆਪਣੇ ਹੀ ਲੈਂਦੇ ਹਨ। ਕਈ ਵਾਰ ਪੱਕੇ ਇਰਾਦੇ ਨਾਲ ਅਸੀਂ ਇਮਾਨਦਾਰੀ ਨਾਲ ਚੱਲ ਰਹੇ ਹੁੰਦੇ ਹਾਂ ਤਾਂ ਰੋਕਿਆਂ ਅਸੀਂ ਰੁਕਦੇ ਨਹੀਂ ਸਗੋਂ ਰੋਕਣ ਵਾਲਿਆਂ ਤੋਂ ਵੀ ਕੁਝ ਸਿੱਖ ਲੈਂਦੇ ਹਾਂ। ਕਈ ਵਾਰ ਸਾਡੇ ਲੋਕ ਸਾਡਾ ਨੁਕਸਾਨ ਕਰਨਾ ਚਾਹੁੰਦੇ ਹਨ ਲੇਕਿਨ ਸਾਡਾ ਹੋਰ ਫ਼ਾਇਦਾ ਹੋ ਜਾਂਦਾ ਹੈ।

ਅਸੀਂ ਇੱਕ ਜਾਇਦਾਦ ਤਿੰਨ ਕੁ ਲੱਖ ਡਾਲਰ ਦੀ ਖਰੀਦੀ। ਦੋ ਕੁ ਲੱਖ ਉਸ ਉਪਰ ਹੋਰ ਲਾ ਕੇ ਵਧੀਆ ਦੁਕਾਨ ਚਲਾ ਲਈ। ਦੁਕਾਨ ਅਸੀਂ ਕਿਰਾਏ ਤੇ ਦੇ ਦਿੱਤੀ ਤੇ ਸੋਹਣਾ ਕਿਰਾਇਆ ਆਵੇ। ਕਿਰਾਏਦਾਰ ਸਾਡੇ ਆਪਣੇ ਖਾਸ ਸਨ। ਰਿਸ਼ਤੇਦਾਰੀਆਂ ਵੀ ਬਣਦੀਆਂ ਸੀ ਤੇ ਕਈ ਚਿਰ ਇਕੱਠੇ ਉਠਦੇ ਬੈਠਦੇ ਕਰਕੇ ਪਿਆਰ ਵੀ ਸੀ। ਖੈਰ ਸਾਡਾ ਇਰਾਦਾ ਬਣ ਗਿਆ ਕਿ ਉਹ ਜਾਇਦਾਦ ਵੇਚ ਦੇਈਏ। ਸਾਨੂੰ ਗਿਆਰਾਂ ਲੱਖ 25 ਹਜ਼ਾਰ ਡਾਲਰ ਦਾ ਗਾਹਕ ਮਿਲ ਗਿਆ ਤੇ ਅਸੀਂ ਵੇਚ ਕੇ ਪਾਸੇ ਹੋਏ। ਜਦ ਰਿਸ਼ਤੇਦਾਰਾਂ ਨੂੰ ਅਸੀਂ ਲਿਖਤੀ ਨੋਟਿਸ ਭੇਜਿਆ ਕਿ ਹੁਣ ਕਿਰਾਇਆ ਨਵੇਂ ਮਾਲਕ ਨੂੰ ਦੇਣ ਤਾਂ ਉਨ੍ਹਾਂ ਨੂੰ ਪਤਾ ਲੱਗ ਗਿਆ ਕਿ ਸੌਦਾ ਕਿੰਨੇ ਦਾ ਹੋਇਆ। ਸੱਤ ਅੱਠ ਲੱਖ ਡਾਲਰ ਅਸੀਂ ਕਮਾ ਲਿਆ। ਸਾਡੇ ਆਪਣਿਆਂ ਨੂੰ ਸਾਡੇ ਕਿਰਾਏਦਾਰਾਂ ਨੂੰ ਇਹ ਗੱਲ ਪਚੇ ਨਾ ਤੇ ਉਹ ਸਾਡੇ ਸਾਈਕਲ ਦੀਆਂ ਤਾਰਾਂ ਤੋੜਨ ਲੱਗ ਪਏ ਕਿਉਂਕਿ ਸਾਡੇ ਆਪਣੇ ਸਨ। ਭੇਤੀ ਸਨ ਤੇ ਐਸੀ ਖੇਡ ਖੇਡੀ ਕਿ ਸਾਨੂੰ ਸਿੱਟ ਲਿਆ। ਸਾਨੂੰ ਮਜਬੂਰ ਕਰ ਦਿੱਤਾ ਤੇ ਖ਼ਰੀਦਾਰ ਦਾ ਸਾਰਾ ਖਰਚਾ ਜੋ ਕਿ ਕਰੀਬ 80, 000 ਡਾਲਰ ਦੇ ਕਰੀਬ ਸੀ, ਸਾਨੂੰ ਦੇਣਾ ਪਿਆ। ਅਸੀਂ ਉਹ ਜਾਇਦਾਦ ਫਿਰ ਵਾਪਿਸ ਲੈ ਲਈ। ਰੱਬ ਦੀ ਮਰਜ਼ੀ ਐਨੀਆਂ ਕੀਮਤਾਂ ਚੜ੍ਹ ਗਈਆਂ ਕਿ ਉਹ ਹੀ ਜਾਇਦਾਦ ਅੱਜ ਤਿੰਨ ਗੁਣਾਂ ਵੱਧ ਪੈਸੇ ਦੇ ਸਕਦੀ ਹੈ। ਹੁਣ ਸਾਡਾ ਇਰਾਦਾ ਬਦਲ ਗਿਆ ਤੇ ਅਸੀਂ ਵੇਚਣਾ ਹੀ ਨਹੀਂ ਚਾਹੁੰਦੇ। ਆਪਸੀ ਵਿਰੋਧ ਹੋ ਗਿਆ। ਇਸ ਲਈ ਉਹ ਕਿਰਾਏਦਾਰਾਂ ਨੂੰ ਵੀ ਦੁਕਾਨ ਛੱਡਣੀ ਪਈ ਤੇ ਸਾਡਾ ਲੜਕਾ ਬੜਾ ਵਧੀਆ ਉਸ ਨੂੰ ਚਲਾ ਰਿਹਾ ਹੈ। ਸਾਡੀ ਆਮਦਨ ਵੀ ਵਧ ਗਈ ਤੇ ਕੀਮਤ ਵੀ ਵਧ ਗਈ। ਸੋ ਜੇ ਤੁਹਾਡਾ ਇਰਾਦਾ ਸਾਫ ਹੈ ਤੇ ਪੱਕਾ ਹੈ ਤਾਂ ਕੋਈ ਵੀ ਤੁਹਾਡੀ ਵਾ ਵੱਲ ਨਹੀਂ ਵੇਖ ਸਕਦਾ। ਜੇ ਸਾਨੂੰ ਪਤਾ ਹੈ ਕਿ ਅਸੀਂ ਕੀ ਕਰ ਰਹੇ ਹਾਂ ਤਾਂ ਕੋਈ ਤੁਹਾਡਾ ਕੁਝ ਨਹੀਂ ਵਿਗਾੜ ਸਕਦਾ।

****


Academy of the Punjab in North America: http://www.apnaorg.com

# ਸਾਡਾ ਸਮਰਥਨ

ਦ੍ਰਿਸ਼ ਰੂਪ ਵਿੱਚ, ਵੇਖਣ ਦੇ ਹਿਸਾਬ ਨਾਲ ਸਪਸ਼ਟ ਤੌਰ ਤੇ ਜਦੋਂ ਅਸੀਂ ਕੋਈ ਪ੍ਰਤਿਗਿਆ ਕਰਦੇ ਹਾਂ, ਤਸਦੀਕ ਕਰਦੇ ਹਾਂ, ਪੁਸ਼ਟੀ ਕਰਦੇ ਹਾਂ, ਪ੍ਰੋੜ੍ਹਤਾ ਕਰਦੇ ਹਾਂ, ਕਿਸੇ ਦਾ ਸਮਰਥਨ ਕਰਦੇ ਹਾਂ ਤਾਂ ਇਹ ਵੀ ਸਾਡਾ ਸਵੀਕਾਰਿਆ ਹੋਇਆ, ਪਰਤਿਆਇਆ ਹੋਇਆ, ਹੰਢਾਇਆ ਹੋਇਆ ਤਜਰਬਾ ਹੁੰਦਾ ਹੈ, ਤਾਂ ਹੀ ਅਸੀਂ ਸਮਰਥਨ ਕਰਦੇ ਹਾਂ। ਸਮਰਥਨ ਬੜਾ ਸੋਚ ਸਮਝ ਕੇ ਕਰਦੇ ਹਾਂ। ਸਮਰਥਨ ਬੜਾ ਸੋਚ ਸਮਝ ਕੇ ਦਿੱਤਾ ਜਾਂਦਾ ਹੈ, ਦੂਰ ਦੀ ਸੋਚ ਕੇ ਲੋਕ ਸਮਰਥਨ ਕਰਦੇ ਹਨ। ਜੇ ਸਾਨੂੰ ਪਤਾ ਹੋਵੇ ਕਿ ਇਸ ਬੰਦੇ ਨੇ ਸਾਡੇ ਕਿਸੇ ਕੰਮ ਨਹੀਂ ਆਉਣਾ ਤਾਂ ਅਸੀਂ ਉਸਦਾ ਸਮਰਥਨ ਨਹੀਂ ਕਰਦੇ। ਇਸੇ ਲਈ ਹੀ ਤਾਂ ਜਦੋਂ ਇਕ ਸਰਕਾਰ ਜੋ ਰਾਜ ਕਰ ਰਹੀ ਹੁੰਦੀ ਹੈ, ਬੁਰੀ ਤਰ੍ਹਾਂ ਹਾਰਦੀ ਹੈ। ਲੋਕਾਂ ਨੂੰ ਪਤਾ ਹੁੰਦਾ ਹੈ ਕਿ ਦੂਜੀ ਵਾਰ ਇਹ ਸਰਕਾਰ ਨਹੀਂ ਬਣਨੀ। ਜਦੋਂ ਪੱਕਾ ਪਤਾ ਲੱਗ ਜਾਵੇ ਕਿ ਸਾਡੇ ਇਲਾਕੇ ਦੇ ਵਿਧਾਇਕ ਨੇ ਜਿੱਤਣਾ ਹੀ ਨਹੀਂ ਤਾਂ ਫਿਰ ਦੂਰ ਦੀ ਸੋਚ ਕੇ ਨਵੇਂ ਦਾ ਸਮਰਥਨ ਕਰਦੇ ਹਾਂ, ਕਿਤੇ ਕੰਮ ਹੀ ਆਉ। ਸਮਰਥਨ ਕਰਨ ਲੱਗਿਆਂ ਅਸੀਂ ਸਿਰਫ਼ ਆਪਣੀ ਗਰੰਟੀ ਹੀ ਦੇ ਸਕਦੇ ਹਾਂ। ਹੋਰ ਕਿਸੇ ਕੋਲ ਜਾ ਕੇ ਕਿਸੇ ਦਾ ਸਮਰਥਨ ਕਰਨ ਵਾਸਤੇ ਦਲੀਲਾਂ ਦੇ ਕੇ ਮਨਾਉਣ ਦੀ ਜਾਂ ਸਮਝਾਉਣ ਦੀ ਕੋਸ਼ਿਸ਼ ਤੇ ਅਸੀਂ ਕਰ ਸਕਦੇ ਹਾਂ। ਉਹ ਸਮਰਥਨ ਦੇਵੇ ਜਾਂ ਨਾ ਇਹ ਉਸ ਤੇ ਨਿਰਭਰ ਕਰਦਾ ਹੈ। ਸੋ ਸਮਰਥਨ ਇਕ ਬਹੁਤ ਹੀ ਵਿਅਕਤੀਗਤ ਸ਼ਕਤੀ ਹੈ। ਕਿਸੇ ਹੋਰ ਨੂੰ ਜੇ ਤੁਸੀਂ ਆਪਣੇ ਨਾਲ ਜੋੜਦੇ ਹੋ ਤਾਂ ਉਸ ਦੀ ਸ਼ਕਤੀ ਉਸਦੇ ਸਮਰਥਨ ਕਰਨ ਕਰਕੇ ਹੀ ਬਣਦੀ ਹੈ। ਸਿਆਣੇ ਕਿਹਾ ਕਰਦੇ ਸੀ –'ਸਹੁੰ ਖਾਈਏ ਜੀਅ ਦੀ, ਨਾ ਪੁੱਤ ਦੀ ਨਾ ਧੀ ਦੀ। ' ਸੋ ਅਸੀਂ ਆਖ ਸਕਦੇ ਹਾਂ ਕਿ ਸਮਰਥਨ ਇੱਕ ਨਿੱਜੀ ਸ਼ਕਤੀ ਹੁੰਦੀ ਹੈ। ਪ੍ਰਤੱਖ ਰੂਪ ਵਿਚ ਸਪਸ਼ਟ ਅਤੇ ਜ਼ਰੂਰੀ ਹਾਂ ਵਿਚ ਹਾਂ ਮਿਲਾਉਣ ਨਾਲ ਸਮਰਥਨ ਹੁੰਦਾ ਹੈ। ਨਿਸ਼ਚਿਤ ਤੇ ਠੀਕ ਠਾਕ ਮਦਦ ਹੁੰਦੀ ਹੈ। ਸਮਰਥਨ ਹਰ ਵਕਤ ਫਾਇਦਾ ਕਰਨ ਦੀ ਹੀ ਸੋਚਦਾ ਹੈ। ਜਿਸਨੇ ਨੁਕਸਾਨ ਹੀ ਕਰ ਦਿੱਤਾ ਉਹ ਕਾਹਦਾ ਸਮਰਥਨ। ਕਈ ਵਾਰ ਅਸੀਂ ਇਸ ਡਰ ਨਾਲ ਸਮਰਥਨ ਨਹੀਂ ਲੈਂਦੇ ਕਿ ਸਾਡੇ ਹੱਕ ਵਿੱਚ ਨਹੀਂ ਰਹਿਣੀ ਗੱਲ। ਇਸ ਦਾ ਲਾਭ ਨਹੀਂ ਹੋਣਾ, ਉਹ ਸਾਡੀ ਭੁੱਲ ਹੁੰਦੀ ਹੈ। ਸਮਰਥਨ ਹਮੇਸ਼ਾਂ ਹੱਕ ਵਿੱਚ ਹੀ ਜਾਂਦਾ ਹੈ।

ਪ੍ਰੈਜ਼ੀਡੈਂਟ ਵਿਲੀਅਮ ਜੈਫਰਸਨ ਕਲਿੰਟਨ ਇੱਕ ਬਹੁਤ ਹੀ ਦੂਰ ਦ੍ਰਿਸ਼ਟੀ ਵਾਲਾ ਪ੍ਰਧਾਨ ਸੀ। ਉਸ ਦੀਆਂ ਸਕੀਮਾਂ ਨੇ, ਉਸਦੇ ਦਿਮਾਗ ਨੇ ਅਮਰੀਕਾ ਨੂੰ ਬਹੁਤ ਮਜ਼ਬੂਤ ਕੀਤਾ। ਸਾਰੀ ਦੁਨੀਆ ਜਾਣਦੀ ਹੈ ਕਿ ਉਹ ਬੜਾ ਹੀ ਕਾਮਯਾਬ ਪ੍ਰਧਾਨ ਸੀ ਅਮਰੀਕਾ ਦਾ। ਕਲਿੰਟਨ ਤੋਂ ਇੱਕ ਗਲਤੀ ਕੀ ਹੋਈ ? ਲੋਕਾਂ ਨੇ ਮੋਨਿਕਾ ਲਵਿੰਸਕੀ ਦੀਆਂ ਬੜੀਆਂ ਕਹਾਣੀਆਂ ਬਣਾਈਆਂ-ਬੜੇ ਗੀਤ ਗਾਏ। ਖ਼ੈਰ ਗਲਤੀ ਕਿਸੇ ਤੋਂ ਵੀ ਹੋ ਸਕਦੀ ਹੈ। ਪ੍ਰਧਾਨ ਵੀ ਤਾਂ ਇਨਸਾਨ ਹੁੰਦੇ ਹਨ। ਕਲਿੰਟਨ ਵੀ ਤਾਂ ਇਨਸਾਨ ਹੈ। ਉਸ ਤੋਂ ਗਲਤੀ ਹੋ ਗਈ ਪਰ ਇਸ ਦਾ ਇਹ ਮਤਲਬ ਨਹੀਂ ਕਿ ਉਸਨੇ ਜੋ ਕੁਝ ਅਮਰੀਕਾ ਲਈ ਕੀਤਾ, ਉਹ ਸਾਰਾ ਜਾਂਦਾ ਰਿਹਾ। ਅਗਲੀ ਚੋਣ ਵਿੱਚ ਡੈਮੋਕ੍ਰੇਟਿਕ ਪਾਰਟੀ ਵੱਲੋਂ ਕਲਿੰਟਨ ਦੀ ਪਾਰਟੀ ਵੱਲੋਂ ਕਲਿੰਟਨ ਦਾ ਉਪ ਪ੍ਰਧਾਨ ਐਲ ਗੋਰ ਜਦ ਚੋਣ ਮੁਹਿੰਮ ਵਿੱਚ ਸੀ ਤਾਂ ਗੋਰ ਇਕ ਦਿਨ ਕਲਿੰਟਨ ਕੋਲ ਗਿਆ। ਅਮਰੀਕਾ ਦੇ ਹਰ ਚੈਨਲ ਨੇ ਉਹ ਮੀਟਿੰਗ ਟੀ. ਵੀ. ਤੇ ਦਿਖਾਈ। ਗੋਰ ਨੇ ਕਲਿੰਟਨ ਨੂੰ ਬੇਨਤੀ ਕੀਤੀ ਕਿ ਲਵਿੰਸਕੀ ਦਾ ਕਰਕੇ, ਮੋਨਿਕਾ ਦਾ ਕਰਕੇ ਕਲਿੰਟਨ ਦੀ ਗੱਲ ਦਾ ਅਸਰ ਨਹੀਂ ਹੋਣਾ। ਇਸ ਲਈ ਗੋਰ ਨੇ ਬੇਨਤੀ ਕੀਤੀ ਕਿ ਕਲਿੰਟਨ ਸਮਰਥਨ ਨਾ ਦੇਵੇ ਤਾਂ ਚੰਗਾ ਹੈ। ਬੱਸ ਸ਼ਾਇਦ ਇਹ ਹੀ ਕਾਰਨ ਸੀ ਕਿ ਗੋਰ ਹਾਰ ਗਿਆ ਤੇ ਬੁਸ਼ ਪ੍ਰਧਾਨ ਬਣ ਗਿਆ। ਕਲਿੰਟਨ ਗੋਰ ਨੂੰ ਇਹ ਬੇਨਤੀ ਕਰਦਿਆਂ ਸੁਣ ਕੇ ਹੱਸਿਆ ਤੇ ਕਹਿਣ ਲੱਗਾ, 'ਜਾਹ ਤੇ ਆਪਣੀ ਕਾਨੂੰਨ ਬਣਾਉਣ ਵਾਲੀ ਸੈਨਿਟ ਜਿਸ ਦਾ ਤੂੰ ਪ੍ਰਧਾਨ ਹੈਂ, ਜਾ ਕੇ ਕਹਿ ਕਿ ਕਾਨੂੰਨ ਬਦਲ ਦੇਣ ਤੇ ਮੈਨੂੰ ਤੀਜੀ ਵਾਰ ਚੋਣ ਲੜਨ ਦੀ ਇਜਾਜ਼ਤ ਦੇ ਦੇਣ ਫਿਰ ਦੇਖੀਂ।' ਸੋ ਸਮਰਥਨ



Academy of the Punjab in North America: http://www.apnaorg.com

ਹਮੇਸ਼ਾਂ ਫਾਇਦੇ ਵਾਸਤੇ ਹੁੰਦਾ ਹੈ, ਨੁਕਸਾਨ ਵਾਸਤੇ ਨਹੀਂ?

ਸਮਰਥਨ ਹਮੇਸ਼ਾਂ ਵਰਤਮਾਨ ਸਮੇਂ ਦੀ ਗੱਲ ਹੈ। ਜੇ ਅਸੀਂ ਇਸ ਤਰ੍ਹਾਂ ਕਰ ਲੈਂਦੇ ਹਾਂ, ਇਵੇਂ ਹੁੰਦਾ। ਉਸ ਨਾਲ ਸਮਰਥਨ ਦਾ ਕੋਈ ਰਿਸ਼ਤਾ ਨਹੀਂ। ਸਮਰਥਨ ਤਾ ਖੜ੍ਹੇ ਦਾ ਖ਼ਾਲਸਾ ਹੈ। ਜੇ ਹੈ ਤਾਂ ਹੁਣ ਹੈ ਨਹੀਂ ਹੈ ਤਾਂ ਨਹੀਂ। ਕਮਾਨ ਵਿਚੋਂ ਨਿਕਲਿਆ ਤੀਰ ਕਦੇ ਵਾਪਿਸ ਨਹੀਂ ਆਉਂਦਾ। ਮਰੇ ਨੂੰ ਤੁਸੀਂ ਜੀਂਦਾ ਨਹੀਂ ਕਰ ਸਕਦੇ, ਭਾਵੇ ਂ ਤੁਸੀਂ ਆਪ ਹੀ ਮਾਰਿਆ ਹੋਵੇ। ਜਦੋਂ ਸੂਰਜ ਚੜ੍ਹ ਪਿਆ ਤਾ ਹਨੇਰੇ ਨੂੰ ਫਿਰ ਵਾਪਿਸ ਨਹੀਂ ਬੁਲਾ ਸਕਦੇ । ਸੋ ਸਮਰਥਨ ਹਰ ਹਾਲਤ ਵਿਚ ਵਰਤਮਾਨ ਦੀ ਗੱਲ ਹੈ। ਮੁਰਦੇ ਪੁੱਟ ਕੇ ਉਨ੍ਹਾਂ ’ਚੋਂ ਮੁਸ਼ਕ ਹੀ ਆਵੇਗੀ। ਆਉਣ ਵਾਲਾ ਕੱਲ੍ਹ ਵੀ ਕਹਿੰਦੇ ਕਿਸਨੇ ਵੇਖਿਆ। ਇਸ ਲਈ ਸਮਰਥਨ ਦਾ ਕੋਈ ਅਰਥ ਨਹੀਂ ਜੇ ਵਰਤਮਾਨ ਵਿੱਚ ਤੁਸੀਂ ਨਹੀਂ ਕਰਦੇ। ਕਹਿੰਦੇ ਨੇ ਨਾ ਹੁਣੇ ਹੀ ਦੋ ਹੱਥ ਕਰਕੇ ਵੇਖ ਲੈ, ਕੱਲ੍ਹ ਦਾ ਕੀ ਪਤਾ ? ਅਗਲੀ ਗੱਲ ਕਿ ਸਮਰਥਨ ਲੁਕ ਛੁਪ ਕੇ ਨਹੀਂ ਹੁੰਦਾ, ਜ਼ਾਹਰ ਹੋ ਕੇ ਹੁੰਦਾ ਹੈ। ਲੁਕ ਛੁਪ ਕੇ ਜਾਂ ਪਿੱਛੇ ਬੈਠ ਕੇ ਜੋ ਤੁਸੀਂ ਕਰਦੇ ਹੋ ਇਹ ਕਿਸੇ ਵਿਧੀ ਦਾ ਜਾਂ ਕਿਸੇ ਬੰਦੇ ਦਾ ਸਮਰਥਨ ਪ੍ਰਾਪਤ ਕਰਨ ਦੀ ਵਿਧੀ ਤਾਂ ਹੋ ਸਕਦੀ ਹੈ, ਸਮਰਥਨ ਨਹੀਂ ਹੁੰਦਾ। ਕਈ ਕਹਿੰਦੇ ਸੁਣੇ ਆ ਨਾ ਕਿ ਮੈਂ ਸਿੱਧਾ ਤੇਰੀ ਮਦਦ ਨਹੀਂ ਕਰ ਸਕਦਾ ਪਰ ਮੈਂ ਕਿਸੇ ਨੂੰ ਕਹਿ ਦਿਆਂਗਾ। ਇਸ ਦਾ ਮਤਲਬ ਜੋ ਕਿਸਾ ਹੈ, ਤੀਸਰਾ ਹੈ ਉਹ ਸਮਰਥਨ ਕਰੇਗਾ, ਮੈਂ ਨਹੀਂ, ਸਮਰਥਨ ਤਾਂ ਦਰਸ਼ਨੀ ਚੀਜ਼ ਹੈ। ਆਪਣੇ ਬੂਹੇ ਤੇ ਝੰਡਾ ਲਾਉਣ ਵਾਲੀ ਗੱਲ ਹੈ। ਛਾਤੀ ਠੋਕ ਕੇ ਬਾਂਹ ਖੜੀ ਕਰਕੇ ਬੰਦਿਆਂ ਵਾਂਗ ਕਿਸੇ ਦੇ ਨਾਲ ਖੜ੍ਹੇ ਹੋਣ ਨੂੰ ਸਮਰਥਨ ਆਖਦੇ ਹਨ। ਤੀਸਰੀ ਗੱਲ ਕਿ ਜੇ ਤੁਹਾਡਾ ਦਿਲ ਨਹੀਂ ਮੰਨਦਾ ਤਾਂ ਵੀ ਤੁਸੀਂ ਕੁਝ ਨਹੀਂ ਕਰਦੇ ਹੁੰਦੇ ਰੋਂਦਾ ਘੋੜੀ ਚੜ੍ਹਾ ਵੀ ਦਿੱਤਾ ਤਾਂ ਉਸਨੇ ਸਵਾਹ ਕਰਨਾ। ਸਮਰਥਨ ਤਾਂ ਹੀ ਕਰ ਸਕਦੇ ਹੋ ਜੇ ਤੁਹਾਡਾ ਦਿਲ ਮੰਨਦਾ। ਦਿਲ ਲਾ ਕੇ ਨਹੀਂ ਕਰੋਗੇ ਤਾਂ ਫਿਰ ਉਹ ਸਮਰਥਨ ਕਾਹਦਾ। ਜੇ ਕਿਸੇ ਬੰਨ ਕੇ ਸੁੱਕਣਾ ਪਾ ਦਿੱਤਾ ਤਾਂ ਤੁਹਾਡੀ ਮਰਜ਼ੀ ਨਾ ਹੋਈ। ਇਹ ਤਾਂ ਤੁਹਾਨੂੰ ਬੰਨ੍ਹਣ ਵਾਲੇ ਦਾ ਸਮਰਥਨ ਹੈ। ਸੋ ਜੇ ਕਿਸੇ ਦੇ ਨਾਲ ਖੜ੍ਹੇ ਹੋ ਤਾਂ ਡਟ ਕੇ ਖੜ੍ਹੇ ਹੋਵੋ। ਬੰਦਿਆਂ ਵਾਂਗ ਡਟ ਕੇ ਜੋ ਉਸਨੂੰ ਵੀ ਯਾਦ ਰਹੇ ਕਿ ਕੋਈ ਮੇਰੇ ਨਾਲ ਖੜ੍ਹਾ ਸੀ। ਜਿਸ ਨੂੰ ਕਿਸੇ ਦੇ ਖਿਆ ਨਹੀਂ ਸਮਰਥਨ ਕਰਦਿਆਂ, ਮਹਿਸੂਸ ਨਹੀਂ ਕੀਤਾ, ਨਾ ਹੀ ਹਿੱਕ ਠੋਕ ਕੇ ਤੁਹਾਡੇ ਨਾਲ ਖੜਾ ਹੈ, ਉਹ ਜਾਂ ਤਾਂ ਤੁਹਾਡਾ ਸਮਰਥਨ ਕਰਦਾ ਨਹੀਂ ਤੇ ਜਾਂ ਫਿਰ ਮਾਹਤੜ ਏਨੇ ਜੋਗਾ ਹੀ ਨਹੀਂ ਹੋਣਾ।

****


Academy of the Punjab in North America: http://www.apnaorg.com

# ਸਾਡੀ ਅਦਾਕਾਰੀ

ਆਪਣੇ ਜੀਵਨ ਵਿੱਚ ਸਾਨੂੰ ਕਈ ਤਰ੍ਹਾਂ ਦੇ ਰੋਲ ਕਰਨੇ ਪੈਂਦੇ ਹਨ। ਕਈ ਤਰ੍ਹਾਂ ਦੀ ਅਦਾਕਾਰੀ ਕਰਨੀ ਪੈਂਦੀ ਹੈ। ਇੱਕ ਨਵਜੰਮੀ, ਬੱਚੀ ਜਿਸਨੂੰ ਹਾਲੇ ਕੁੱਝ ਵੀ ਪਤਾ ਨਹੀਂ, ਹੱਸਣਾ ਤੇ ਰੋਣਾ ਵੀ ਸ਼ਾਇਦ ਉਸਦੇ ਪੂਰਾ ਵੱਸ ਨਹੀਂ, ਮਾਂ ਤੇ ਹੀ ਹਰ ਤਰ੍ਹਾਂ ਨਿਰਭਰ ਕਰਦੀ ਹੈ। ਮਾਂ ਦੀ ਗੋਦ ਹੀ ਉਸ ਦਾ ਸਭ ਕੁਝ ਹੈ। ਉਸ ਵਕਤ ਵੀ ਉਹ ਨਵ ਜੰਮੀ ਬੱਚੀ ਇਕ ਅਦਾਕਾਰ ਹੁੰਦੀ ਹੈ। ਥੋੜ੍ਹੀ ਜਿਹੀ ਵੱਡੀ ਹੁੰਦੀ ਤਾਂ ਭੈਣ ਦਾ ਰੋਲ ਅਦਾ ਕਰਦੀ ਹੈ। ਵਿਦਿਆਰਥੀ ਬਣਦੀ ਹੈ, ਪੜ੍ਹਨ ਜਾਂਦੀ ਹੈ। ਪੁਰਾਣੇ ਜ਼ਮਾਨਿਆਂ ਵਿੱਚ ਘਰ ਦਾ ਕੰਮ ਹੀ ਕਰਿਆ ਕਰਦੀ ਸੀ-ਗੋਹਾ ਕੂੜਾ ਕਰਿਆ ਕਰਦੀ ਸੀ। ਭਾਂਡਾ ਟੀਂਡਾ ਮਾਂਜਦੀ, ਬਹਾਰੀ ਕੂੜਾ ਕਰਦੀ, ਪਾਥੀਆਂ ਪੱਥਦੀ ਵੀ ਆਪਣੀ ਕਲਾ ਦੀ ਅਦਾਇਗੀ ਕਰ ਰਹੀ ਹੁੰਦੀ ਸੀ। ਥੋੜ੍ਹੀ ਹੋਰ ਵੱਡੀ ਹੋ ਕੇ ਧਾਰਾਂ ਕੱਢਦੀ, ਦੁੱਧ ਰਿੜਕਦੀ, ਬਾਪੂ ਜਾਂ ਵੀਰ ਦੀ ਰੋਟੀ ਲੈ ਕੇ ਜਾਂਦੀ। ਭੱਤਾ ਲੈ ਕੇ ਜਾਂਦੀ ਨਾਰ ਦਾ ਪਤਾ ਨਹੀਂ ਕਿੰਨੇ ਕੁ ਕਵੀਆਂ ਨੇ ਕਿੰਨੀਆਂ ਕਿਤਾਬਾਂ ਵਿੱਚ ਅਤਿ-ਕਥਨੀ ਅਲੰਕਾਰ ਵਿੱਚ ਜ਼ਿਕਰ ਕੀਤਾ ਹੈ। ਫਿਰ ਵਿਆਹ ਦੀ ਤਿਆਰੀ ਸ਼ੁਰੂ ਹੋ ਜਾਂਦੀ, ਦਰੀਆਂ ਖੇਸ ਬੁਣਨੇ ਸਿੱਖਣੇ , ਪੱਖੀਆਂ, ਫੁਲਕਾਰੀਆਂ ਕੱਢਣੀਆਂ, ਤ੍ਰਿੰਞਣਾਂ ਵਿੱਚ ਸਹੇਲੀਆਂ ਸੰਗ ਚਰਖੇ ਦੇ ਲੰਬੇ ਲੰਬੇ ਤੰਦ ਕੱਤਣੇ, ਪੂਣੀਆਂ ਗੋਹਟਿਆਂ ਦੀ ਜਾਂਚ ਸਿੱਖਣੀ ਤੇ ਕਈ ਵਾਰ ਤਾਂ ਤ੍ਰਿੰਞਣਾਂ ਦੇ ਗੀਤਾਂ ਦੀ ਸੁਰ ਹੀ ਬਦਲ ਜਾਣੀ। ਬਾਪੂ ਦੀ ਸੇਵਾ ਕਰਦੀ, ਵੀਰਾਂ ਦੀ ਸੁੱਖ ਮੰਗਦੀ ਨੂੰ ਇੱਕ ਦਿਨ ਵਿਆਹ ਦੀ ਰਸਮ ਦੀ ਅਦਾਕਾਰੀ ਵੀ ਕਰਨੀ ਪੈਂਦੀ। ਉਸ ਦਿਨ ਤਾਂ ਸਾਰੇ ਜ਼ਮਾਨੇ ਦੀਆਂ ਨਜ਼ਰਾਂ ਵਿੱਚ ਚੜ੍ਹ ਜਾਣਾ। ਇੱਕ ਸਧਾਰਣ ਕੁੜੀ ਦੇ ਹੱਥਾਂ ਦੀਆਂ ਤੇੜਾਂ ਹਲਦੀ ਮਲ ਮਲ ਕੇ ਸਰ੍ਹੋਂ ਦੇ ਤੇਲ ਤੇ ਹਲਦੀ ਮਿਲਾ ਕੇ ਮਲਣੀ ਤੇ ਸਾਰੀ ਮੈਲ ਲਾਹ ਸੁੱਟਣੀ। ਉਹ ਹੀ ਕੁੜੀ ਜਦ ਲਿਸ਼ਕਾ ਪੁਸ਼ਕਾ ਕੇ ਵਧੀਆ ਵਿਆਹ ਵਾਲੇ ਕੱਪੜੇ ਪਾ ਕੇ ਤੁਰਦੀ ਤਾਂ ਵੇਖ ਕੇ ਸਾਰੇ ਦੰਗ ਰਹਿ ਜਾਂਦੇ। ਡੋਲੀ ਤੁਰਨ ਲੱਗੀ ਕੁੜੀ ਦੀ ਅਦਾਕਾਰੀ ਤਾਂ ਸਾਰਿਆਂ ਨੂੰ ਰੁਆ ਦਿੰਦੀ। ਫਿਰ ਸਹੁਰੇ ਜਾ ਕੇ ਇੱਕ ਪਤਨੀ ਦਾ ਰੋਲ ਕਰਨਾ ਪੈਂਦਾ, ਪਤੀ ਦੀ, ਸੱਸ ਸਹੁਰੇ ਦੀ ਸੇਵਾ ਕਰਨੀ, ਦਿਓਰ, ਜੇਠ ਵੀ ਚੌਂਕੜਾ ਮਾਰ ਕੇ ਚੌਂਕੇ ਵਿੱਚ ਆਣ ਬਹਿੰਦੇ। ਉਹਨਾਂ ਦੀ ਵੀ ਰੋਟੀ ਪਕਾਉਣੀ ਪੈਂਦੀ। ਨਣਾਨਾਂ ਦੀ ਨੁਕਤਾਚੀਨੀ ਵੀ ਸਹਾਰਨੀ ਪੈਂਦੀ। ਕਿੰਨਾ ਔਖਾ ਹੈ ਇਸ ਤਰ੍ਹਾਂ ਦਾ ਰੋਲ ਬਿਗਾਨੀ ਸਟੇਜ ਤੇ ਜਾ ਕੇ ਕਰਨਾ। ਪਰ ਸਾਰਾ ਜ਼ੋਰ ਲਾ ਕੇ ਆਪਣੀ ਕਲਾ ਦੀ ਪਰਦਰਸ਼ਨੀ ਕਰਦੀ। ਸਮਾਂ ਆਉਣ ਤੇ ਪਰਮਾਤਮਾ ਦੀ ਮਿਹਰ ਨਾਲ ਮਾਂ ਬਣਦੀ ਤੇ ਇੱਕ ਨਵਾਂ ਰੋਲ ਆਰੰਭ ਹੋ ਜਾਂਦਾ। ਘਰ ਦੀ ਸਵਾਣੀ ਦਾ ਰੁਤਬਾ ਨਿਭਾਉਣ ਵਿੱਚ ਵੀ ਕਿਹੜੀ ਘੱਟ ਕਲਾ ਦੀ ਲੋੜ ਹੈ। ਘਰ ਦੀ ਸਵਾਣੀ ਦੀ ਵੀ ਅਦਾਕਾਰੀ ਕਰਨੀ। ਉਮਰਾਂ ਦੇ ਪਰਛਾਵੇਂ ਢਲ ਜਾਣ ਤੇ ਫਿਰ ਦਾਦੀ ਦੀਆਂ ਕਹਾਣੀਆਂ ਸੁਣਨ ਲਈ ਪੋਤੇ ਪੋਤਰੀਆਂ ਵੀ ਆਪਣੀ ਵੱਤ ਵਾਹੁੰਦੇ । ਜਿੰਨਾਂ ਚਿਰ ਸਵਾਸ ਚੱਲਦੇ ਕਿਸੇ ਨਾ ਕਿਸੇ ਅਦਾਕਾਰੀ, ਕਿਸੇ ਨਾ ਕਿਸੇ ਰੋਲ ਨੂੰ ਨਿਭਾਉਂਦੀ ਨਿਭਾਉਂਦੀ ਇੱਕ ਦਿਨ ਦੁਨੀਆ ਦੇ ਇਸ ਰੰਗ ਮੰਚ ਤੋਂ ਤੁਰ ਜਾਂਦੀ ਹੈ। ਆਪਣੇ ਜੀਵਨ ਦੀ ਆਪਣੀ ਭੂਮਿਕਾ ਨਿਭਾਉਣ ਵਾਸਤੇ, ਜੀਵਨ ਦੇ ਵੱਖ ਵੱਖ ਭਾਗਾਂ ਵਿੱਚ ਵੱਖ ਵੱਖ ਕਿਸਮ ਦੀ ਅਦਾਕਾਰੀ ਦੀ ਜ਼ਿੰਮੇਵਾਰੀ ਨਿਭਾਉਣੀ ਹੀ ਜੀਵਨ ਹੈ। ਹਰ ਰੋਲ ਮਹੱਤਵਪੂਰਨ ਹੈ। ਪਤੀ ਦਾ, ਪਤਨੀ ਦਾ, ਮਾਂ ਪਿਓ ਦਾ ਰੋਲ, ਇਕ ਅਧਿਆਪਕ ਦਾ ਰੋਲ, ਧਾਰਮਿਕ ਹੋਣ ਦਾ ਰੋਲ, ਬਿਜ਼ਨਸ ਜਾਂ ਕਿਸੇ ਹੋਰ ਕਾਰੋਬਾਰ ਵਿੱਚ ਆਪਣਾ ਰੋਲ, ਗੱਲ ਕੀ ਹਰ ਰੋਲ ਆਪਣੀ ਵੱਖਰੀ ਮਹਾਨਤਾ ਰੱਖਦਾ ਹੈ। ਜਦੋਂ ਸਾਨੂੰ ਸਾਡਾ ਰੋਲ ਨਹੀਂ ਅਦਾ ਕਰਨਾ ਆਉਂਦਾ ਜਾਂ ਜਦੋਂ ਅਸੀਂ ਆਪਣਾ ਰੋਲ ਕਰਦਿਆਂ ਕੁਝ ਐਸਾ ਕਰਦੇ ਹਾਂ ਜੋ ਦੇਖਣ ਸੁਣਨ ਵਾਲੇ ਨੂੰ ਠੀਕ ਨਹੀਂ ਲਗਦਾ। ਜ਼ਮਾਨੇ ਨੂੰ ਠੀਕ ਨਹੀਂ ਲਗਦਾ ਤਾਂ ਅਸੀਂ ਕਈ ਵਾਰ ਆਪਣੇ ਬੜੇ ਕੀਮਤੀ ਰਿਸ਼ਤਿਆਂ ਨੂੰ ਵਿਗਾੜ ਲੈਂਦੇ ਹਾਂ। ਸਭ ਤੋਂ ਜ਼ਰੂਰੀ ਚੀਜ਼ ਸਾਡੇ ਲਈ ਰਿਸ਼ਤੇ ਹੁੰਦੇ ਹਨ। ਇਨਸਾਨ ਇਕੱਲਾ ਨਹੀਂ ਰਹਿ ਸਕਦਾ। ਇਨਸਾਨ ਜਿਸ ਨੂੰ ਰਿਸ਼ਤੇ ਨਾ ਰੱਖਣੇ ਆਉਂਦੇ ਹੋਣ, ਉਹ ਤਾਂ ਫਿਰ ਪਸ਼ੂ ਹੀ ਹੋਇਆ ਕਿਉਂਕਿ ਕਿਸੇ ਪਸ਼ੂ ਨੂੰ ਰਿਸ਼ਤੇ ਨਿਭਾਉਣ ਦੀ ਲੋੜ ਨਹੀਂ ਹੁੰਦੀ। ਇਨਸਾਨ ਤਾਂ ਰਿਸ਼ਤਿਆਂ ਦਾ ਕਰਕੇ ਹੀ ਰਿਸ਼ਤੇ


Academy of the Punjab in North America: http://www.apnaorg.com

ਨਿਭਾਉਣ ਦੀ ਅਦਾਕਾਰੀ ਕਰਕੇ ਹੀ ਜਾਣਿਆਂ ਜਾਂਦਾ ਹੈ। ਸਾਨੂੰ ਪਤਾ ਹੁੰਦਾ ਹੈ ਕਿ ਸਾਡਾ ਕੀ ਰਿਸ਼ਤਾ ਹੈ। ਸਾਡੇ ਕੀ ਹੱਕ ਹਨ ਤੇ ਸਾਡੀਆਂ ਜ਼ਿੰਮੇਵਾਰੀਆਂ ਕੀ ਹੁੰਦੀਆਂ ਹਨ। ਜਦੋਂ ਅਸੀਂ ਸੋਚਦੇ ਹਾਂ ਕਿ ਰਿਸ਼ਤਾ ਕਰਨ ਤੋਂ ਪਹਿਲਾਂ ਹੀ ਸੋਚ ਲੈਣਾ ਠੀਕ ਹੈ ਕਿ ਮੇਰਾ ਜਿਸ ਨਾਲ ਰਿਸ਼ਤਾ ਬਣਨ ਜਾ ਰਿਹਾ ਹੈ, ਉਹ ਰਿਸ਼ਤੇ ਦੀ ਭੂਮਿਕਾ ਨਿਭਾ ਵੀ ਸਕੇਗਾ ਕਿ ਨਹੀਂ। ਇੱਕ ਵਾਰ ਮੇਰੇ ਇੱਕ ਮਿੱਤਰ ਦਾ ਲੜਕਾ ਜਵਾਨ ਹੋ ਗਿਆ। ਬਹੁਤ ਵਧੀਆ ਕੰਪਨੀ ਵਿੱਚ ਇੰਜੀਨੀਅਰ ਲੱਗ ਗਿਆ। ਪੈਸੇ ਵੀ ਵਧੀਆ ਕਮਾਉਣ ਲੱਗ ਪਿਆ। ਸਾਰਿਆਂ ਦੀਆਂ ਨਜ਼ਰਾਂ ਵਿੱਚ ਚੜ੍ਹਨਾ ਹੀ ਸੀ। ਬੜੇ ਵਧੀਆ ਵਧੀਆ ਰਿਸ਼ਤੇ ਆਉਣ ਲੱਗੇ। ਇੱਕ ਦਿਨ ਕੋਈ ਸੱਜਣ ਕਿਸੇ ਡਾਕਟਰ ਕੁੜੀ ਦਾ ਰਿਸ਼ਤਾ ਲੈ ਕੇ ਆਇਆ। ਘਰ ਦਿਆਂ ਨੂੰ ਗੱਲ ਬੜੀ ਦਿਲਚਸਪ ਲੱਗੀ। ਘਰ ਵੀ ਠੀਕ ਹੈ, ਖ਼ਾਨਦਾਨ ਬੜਾ ਪੁਰਾਣਾ ਹੈ। ਕਿਸੇ ਚੀਜ਼ ਦੀ ਕਮੀ ਨਹੀਂ ਤੇ ਕੁੜੀ ਡਾਕਟਰ ਹੈ। ਮੁੰਡਾ ਵੀ ਬੈਠਾ ਸੁਣੀ ਗਿਆ ਚੁੱਪ ਕਰਕੇ। ਜਦੋਂ ਬੱਸ ਗੱਲ ਨਿੱਬੜ ਹੀ ਚੱਲੀ, ਰਿਸ਼ਤਾ ਪੱਕਾ ਹੀ ਹੋ ਚੱਲਿਆ ਤਾਂ ਮੁੰਡੇ ਨੇ ਸੋਚਿਆ ਕਿ ਹੁਣ ਮੈਨੂੰ ਆਪਣਾ ਰੋਲ ਅਦਾ ਕਰਨਾ ਚਾਹੀਦਾ ਹੈ। ਖੜ੍ਹਾ ਹੋ ਕੇ ਕਹਿਣ ਲੱਗਾ, ਡੈਡ ਮੈਨੂੰ ਪਤਨੀ ਚਾਹੀਦੀ ਹੈ, ਮੇਰੇ ਘਰ ਵਾਲੀ ਚਾਹੀਦੀ ਹੈ। ਮੈਨੂੰ ਡਾਕਟਰ ਨਹੀਂ ਚਾਹੀਦੀ, ਨਾ ਤਾਂ ਮੈਂ ਮਰੀਜ਼ ਹੀ ਹਾਂ ਤੇ ਨਾ ਹੀ ਮੈਨੂੰ ਉਸਦੀ ਕਮਾਈ ਚਾਹੀਦੀ। ਜਿਸ ਸਟੇਜ ਤੇ ਜਿਸ ਪਾਤਰ ਦੀ ਜਿਸ ਤਰ੍ਹਾਂ ਦੀ ਅਦਾਕਾਰੀ ਦੀ ਲੋੜ ਹੋਵੇ, ਉਸੇ ਤਰ੍ਹਾਂ ਦੀ ਹੀ ਚੋਣ ਅਸੀਂ ਕਰਦੇ ਹਾਂ। ਸਾਡੇ ਜੀਵਨ ਦੀਆਂ ਪ੍ਰਾਪਤੀਆਂ ਸਾਡੇ ਟੀਚੇ ਤਾਂ ਹੀ ਪੂਰੇ ਹੋ ਸਕਦੇ ਹਨ ਜੇਕਰ ਅਸੀਂ ਆਪਣੀ ਬਣਦੀ ਭੂਮਿਕਾ ਨਿਭਾਈਏ ਤੇ ਆਪਣੇ ਜੀਵਨ ਦੇ ਡਰਾਮੇ ਵਿੱਚ ਬਾਕੀ ਕਲਾਕਾਰ ਵੀ ਐਸੇ ਜੋੜੀਏ ਜੋ ਸਾਡੀ ਕਹਾਣੀ ਦੇ ਸਹੀ ਪਾਤਰ ਲੱਗਣ। ਸਹੀ ਪਾਤਰਾਂ ਦੀ ਚੋਣ ਨਾ ਕਰ ਹੋਵੇ ਤਾਂ ਫਿਰ ਵੀ ਸਾਡਾ ਡਰਾਮਾ ਵਧੀਆ ਨਹੀਂ ਬਣ ਸਕਦਾ। ਜੇ ਪਾਤਰਾਂ ਨੇ ਆਪ ਮੁਹਾਰੇ ਚੱਲਦਿਆਂ ਤੁਹਾਡੀ ਜੀਵਨ ਝਾਕੀ ਦੇ ਭਾਵ ਅਰਥ ਹੀ ਬਦਲ ਦਿੱਤੇ ਤਾਂ ਵੀ ਠੀਕ ਨਹੀਂ। ਸਾਡੀ ਅਦਾਇਗੀ ਹੀ ਸਾਡੀ ਅਦਾਕਾਰੀ ਦੀ ਕਹਾਣੀ ਵਿੱਚ ਜਾਨ ਪਾਉਂਦੀ ਹੈ। ਮਸ਼ਹੂਰ ਚਾਰਲੀ ਚੈਪਲਿਨ ਗੂੰਗੀਆਂ ਫਿਲਮਾਂ ਦਾ ਇਕ ਅਦਾਕਾਰ ਸੀ। ਉਹ ਇੱਕ ਫਿਲਮ ਵਿੱਚ ਬ੍ਰੈਡ ਚੋਰੀ ਕਰਦਾ ਪਕੜਿਆ ਜਾਂਦਾ ਤੇ ਰਾਤ ਭਰ ਜੇਲ੍ਹ ਵਿੱਚ ਰਹਿੰਦਾ ਹੈ। ਸਵੇਰ ਨੂੰ ਪੁਲਿਸ ਉਸ ਨੂੰ ਬਾਹਰ ਕੱਢਦੀ ਹੈ ਪਰ ਉਹ ਮੁੜ ਮੁੜ ਅੰਦਰ ਜਾਣ ਦੀ ਜ਼ਿਦ ਕਰਦਾ ਹੈ। ਉਸ ਦੀ ਜ਼ਿਦ ਹੀ ਉਸ ਦੀ ਅਦਾਕਾਰੀ ਹੈ-ਮੈਂ ਅੰਦਰ ਹੀ ਠੀਕ ਹਾਂ, ਬਾਹਰ ਤਾਂ ਬ੍ਰੈਡ ਵੀ ਨਹੀਂ ਖਾਣ ਨੂੰ। ਮੈਂ ਕਈ ਵਾਰ ਗੱਲ ਕਰਦਾ ਹੁੰਦਾਂ ਕਿ ਇੱਕ ਨਾਮ ਸਾਡਾ ਘਰਦਿਆਂ ਨੇ ਰੱਖ ਦਿੱਤਾ ਤੇ ਦੂਸਰਾ ਨਾਮ ਸਾਡੇ ਰੋਲ ਹੁੰਦੇ ਹਨ। ਸਾਡੀ ਅਦਾਇਗੀ ਕਈ ਵਾਰ ਏਨੀ ਵਧੀਆ ਹੁੰਦੀ ਹੈ ਕਿ ਲੋਕ ਸਾਡਾ ਉਸ ਰੋਲ ਮੁਤਾਬਕ ਹੀ ਨਾਮ ਰੱਖ ਲੈਂਦੇ ਹਨ। ਡਾਕਟਰ, ਮਾਸਟਰ ਜੀ ਜਾਂ ਫ਼ੌਜੀ ਸਾਹਿਬ ਸਾਡੇ ਰੋਲ ਦੇ ਆਧਾਰ ਤੇ ਰੱਖੇ ਹੋਏ ਨਾਮ ਹੁੰਦੇ ਹਨ। ਸਾਡੀ ਜੀਵਨ ਦੇ ਨਾਟਕ ਵਿੱਚ ਅਦਾਕਾਰੀ ਤੋਂ ਸਾਡੀ ਦੁਨੀਆ ਵਿੱਚ ਕੀਮਤ ਦਾ ਪਤਾ ਚਲਦਾ ਹੈ। ਸਾਡੇ ਵਿੱਚ ਵਸਦੀ ਕਲਾਕਾਰੀ ਦਾ ਪਤਾ ਲਗਦਾ ਹੈ। ਸਾਡੀ ਅਦਾਕਾਰੀ ਕਰਨ ਦੇ ਢੰਗ ਤਰੀਕੇ ਪਤਾ ਚੱਲਦੇ ਹਨ। ਸਾਡੇ ਆਪਣੇ ਚੁਣੇ ਹੋਏ, ਸਾਡੀ ਆਪਣੀ ਜੀਵਨ ਕਹਾਣੀ ਦੇ ਰੋਲ ਹੀ ਸਾਡੇ ਤੋਂ ਬਾਅਦ ਸਾਡੀ ਯਾਦਗਾਰ ਬਣਦੇ ਹਨ। ਇਹ ਜ਼ਰੂਰੀ ਨਹੀਂ ਕਿ ਸਟੇ ਜ ਤੇ ਤੁਸੀਂ ਭੱਜੇ ਫਿਰਦੇ ਹੋ ਤਾਂ ਤੁਹਾਡਾ ਰੋਲ ਯਾਦ ਰਹਿ ਸਕਦਾ ਹੈ। ਕਈ ਵਾਰ ਨਿੱਕੇ ਜਿਹੇ ਰੋਲ ਨਾਲ ਤੁਸੀਂ ਜੀਵਨ ਦੇ ਉਸ ਕਿੱਸੇ ਦੇ ਮਾਰਗ ਦਰਸ਼ਨ ਕਰਵਾ ਦਿੰਦੇ ਹੋ। ਪਰਮਾਤਮਾ ਨੇ ਸਾਨੂੰ ਪੈਦਾ ਕੀਤਾ ਤੇ ਬਹੁਤ ਸਾਰੀਆਂ ਸ਼ਕਤੀਆਂ ਵੀ ਦਿੱਤੀਆਂ। ਉਨ੍ਹਾਂ ਸ਼ਕਤੀਆਂ ਦਾ ਪ੍ਰਯੋਗ ਸਾਡੇ ਵੱਸ ਹੁੰਦਾ ਹੈ। ਅਸੀਂ ਕਿਵੇਂ ਵੇਖਦੇ ਹਾਂ, ਕਿਵੇਂ ਸੁਣਦੇ ਹਾਂ, ਕਿਵੇਂ ਬੋਲਦੇ ਹਾਂ, ਕਿਵੇਂ ਤੁਰਦੇ ਹਾਂ-ਪੁੱਠੇ ਤੁਰਦੇ ਹਾਂ ਕਿ ਸਿੱਧੇ। ਇਹ ਸਭ ਸਾਡੀ ਆਪਣੀ ਅਦਾਕਾਰੀ ਹੈ। ਦੁਨੀਆ ਬੜੀ ਸਿਆਣੀ ਹੈ। ਸਹਿਜੇ ਹੀ ਸਭ ਲੋਕ ਜਾਣ ਜਾਂਦੇ ਹਨ ਕਿ ਇਹ ਕਲਾਕਾਰ ਕਿੰਨੇ ਕੁ ਪਾਣੀਆਂ ਵਿੱਚ ਹੈ। ਜੋ ਕਰ ਵਿਖਾਉਂਦੇ ਹਨ, ਉਹ ਹੀ ਅਦਾਕਾਰ। ਜਿਹੜੇ ਜਿੱਤ ਜਾਣ ਉਹ ਹੀ ਸਿਕੰਦਰ। ਬਾਕੀ ਤਾਂ ਫਿਰ ਜਿਵੇਂ ਕਹਿੰਦੇ ਨੇ -ਕਾਣੀਏ ਘੋੜੀ ਚੜੇ ਤਾਂ ਜਾਣੀਏ।


Academy of the Punjab in North America: http://www.apnaorg.com

# ਸਾਡੀਆਂ ਸੰਸਥਾਵਾਂ

ਸੰਸਥਾਵਾਂ ਪਰਿਵਾਰਕ ਵੀ ਹੁੰਦੀਆਂ ਹਨ ਤੇ ਵਪਾਰਕ ਵੀ। ਇੱਕ ਐਸਾ ਸੰਗਠਨ, ਐਸੀ ਜਥੇਬੰਦੀ ਜਿਸ ਵਿੱਚ ਵਿਚਰਦਿਆਂ ਸਾਡੀ ਪਹਿਚਾਣ ਬਣਦੀ ਹੈ। ਅਸੀਂ ਇੱਕ ਇਕੱਲੀ ਜਾਨ ਨਹੀਂ ਹੁੰਦੇ ਸਗੋਂ ਇੱਕ ਜਾਨ ਹੋ ਕੇ ਚਲਦੇ ਸੰਗਠਨ ਦਾ ਹਿੱਸਾ ਹੁੰਦੇ ਹਾਂ। ਆਪਣੇ ਨਫ਼ੇ ਨੁਕਸਾਨ ਦੀ ਜ਼ਿੰਮੇਵਾਰੀ ਤਾਂ ਆਪਣੀ ਹੁੰਦੀ ਹੈ, ਲੇਕਿਨ ਸੰਸਥਾ ਦੀ ਜ਼ਿੰਮੇ ਵਾਰੀ ਸਭ ਦੀ ਰਲ ਮਿਲ ਕੇ ਹੁੰਦੀ ਹੈ। ਕਿਸੇ ਇੱਕ ਬੰਦੇ ਦੀ ਸੰਸਥਾ ਨਹੀਂ ਹੁੰਦੀ। ਸੰਗਠਨ ਤਾਂ ਸੰਗ ਸੰਗ ਚਲ ਕੇ, ਸਾਰਿਆਂ ਦਾ ਰਲ ਮਿਲ ਕੇ ਹੁੰਦਾ ਹੈ। ਅਸੀਂ ਜੇ ਇਕੱਲੇ ਹਾਂ ਤਾਂ ਸਾਡਾ ਨਫ਼ਾ ਨੁਕਸਾਨ ਵੀ ਸਾਡਾ ਇਕੱਲਿਆਂ ਦਾ ਹੁੰਦਾ ਹੈ। ਸੰਸਥਾ ਵਿੱਚ ਦੁੱਖ ਸੁੱਖ ਵੰਡਣ ਦੀ ਸ਼ਕਤੀ ਹੁੰਦੀ ਹੈ। ਕਹਿੰਦੇ ਹਨ ਕਿ ਇੱਕ ਇਕੱਲਾ ਤੇ ਦੋ ਗਿਆਰਾਂ। ਰਲ ਕੇ ਸਾਡੀ ਸ਼ਕਤੀ ਬਹੁਤ ਜ਼ਿਆਦਾ ਹੋ ਜਾਂਦੀ ਹੈ। ਮੈਂ ਕਈ ਵਾਰ ਸਟੇਜਾਂ ਤੇ ਵੀ ਕਿਹਾ, ਖਾਸ ਕਰ ਬੱਚਿਆਂ ਦੀਆਂ ਵਿਆਹਾਂ ਸ਼ਾਦੀਆਂ ਤੇ ਮੈਂ ਅਕਸਰ ਗੱਲ ਕਰਿਆ ਕਰਦਾ ਹਾਂ ਕਿ ਇੱਕ ਤੇ ਇੱਕ ਗਿਆਰਾਂ ਤਾਂ ਹੀ ਹੋ ਸਕਦੇ ਹਨ ਜੇ ਉਹ ਬਿਲਕੁਲ ਇੱਕ ਦੂਜੇ ਦੇ ਬਰਾਬਰ ਹੋਣ। ਇੱਕ ਬਹੁਤ ਅੱਗੇ ਹੈ ਤੇ ਦੂਸਰਾ ਬਹੁਤ ਪਿੱਛੇ ਰਹਿ ਗਿਆ ਹੋਵੇ ਤਾਂ ਉਹ ਗਿਆਰਾਂ ਨਹੀਂ ਬਣ ਸਕਦੇ, ਇਕੱਲੇ ਇਕੱਲੇ ਹੀ ਰਹਿ ਜਾਂਦੇ ਹਨ। ਸੰਗਠਨ ਨਹੀਂ ਬਣ ਸਕਦੇ ਸੰਸਥਾ ਨਹੀਂ ਬਣ ਸਕਦੇ। ਸਮੂਹਿਕ ਰੂਪ ਵਿੱਚ ਚਲ ਕੇ ਸਾਂਝ ਪਾ ਕੇ ਸਾਂਝੇ ਨਿਸ਼ਾਨੇ ਮਿਥ ਕੇ ਹੀ ਚੱਲਣ ਵਾਲੇ ਸੰਸਥਾ ਅਖਵਾਉਂਦੇ ਹਨ। ਜੇ ਕੋਈ ਇਕੱਲਾ ਰਹਿ ਰਿਹਾ ਹੈ, ਉਸ ਦੀ ਪਤਨੀ ਧੀ ਜਾਂ ਪੁੱਤਰ ਕੋਈ ਨਹੀਂ, ਨਾ ਹੀ ਮਾਂ ਪਿਓ ਹੈ। ਹੋਰ ਕੋਈ ਵੀ ਨਹੀਂ ਇਕੱਲਾ ਹੀ ਹੈ ਤਾਂ ਉਹ ਇਹ ਨਹੀਂ ਕਹਿ ਸਕਦਾ ਕਿ ਮੈਂ ਪਰਿਵਾਰ ਵਿੱਚ ਰਹਿੰਦਾ ਹਾਂ। ਉਹ ਹੋਰ ਕਿਸੇ ਦੇ ਪਰਿਵਾਰ ਨੂੰ ਹੀ ਭਾਵੇਂ ਆਪਣੇ ਪਰਿਵਾਰ ਵਰਗਾ ਮੰਨੀ ਫਿਰੇ ਪਰ ਉਸ ਦਾ ਕੋਈ ਪਰਿਵਾਰ ਨਹੀਂ ਹੁੰਦਾ। ਵਿਵਹਾਰ ਵੀ ਕਿਸੇ ਹੋਰ ਦੇ ਨਾਲ ਹੀ ਹੋ ਸਕਦਾ ਹੈ। ਆਪਣੇ ਆਪ ਨਾਲ ਤੁਸੀਂ ਕੀ ਵਿਵਹਾਰ ਕਰ ਸਕਦੇ ਹੋ। ਵਪਾਰਕ ਸੰਸਥਾ ਟੀਚੇ ਨੂੰ ਲੈ ਕੇ ਤੁਰਦੀ ਹੈ। ਕੁਝ ਕਰਨ ਦੀ ਵਿਉਂਤ ਬਣਾ ਕੇ ਜਦੋਂ ਕੁਝ ਲੋਕ ਰਲ ਮਿਲ ਕੇ ਚੱਲਦੇ ਹਨ ਤਾਂ ਉਹ ਫਿਰ ਵਪਾਰਕ ਸੰਸਥਾ ਕਹੀ ਜਾ ਸਕਦੀ ਹੈ।

ਘਰ ਪਰਿਵਾਰ ਦੀ ਜਦੋਂ ਗੱਲ ਚੱਲਦੀ ਹੈ ਤਾਂ ਪ੍ਰਿੰਸੀਪਲ ਤੇਜਾ ਸਿੰਘ ਦਾ ਲੇਖ 'ਘਰ' ਯਾਦ ਆਉਂਦਾ ਹੈ। ਉਹ ਲਿਖਦੇ ਹਨ ਕਿ ਘਰ ਕਿਸੇ ਇਮਾਰਤ ਨੂੰ ਨਹੀਂ ਕਹਿੰਦੇ, ਘਰ ਤਾਂ ਉਹ ਹੁੰਦਾ ਹੈ ਜਿਸ ਵਿਚ ਬੈਠਾ ਕੋਈ ਕਿਸੇ ਦੀ ਉਡੀਕ ਕਰੇ ਤੇ ਕਿਸੇ ਨੂੰ ਫਿਕਰ ਹੋਵੇ ਕਿ ਮੈਂ ਆਪਣੇ ਘਰ ਜਾਣਾ, ਮੈਨੂੰ ਕੋਈ ਉਡੀਕਦਾ ਹੋਊ। ਜੀਆਂ ਤੋਂ ਬਿਨਾਂ ਖ਼ੂਬਸੂਰਤ ਇਮਾਰਤ ਤਾਂ ਹੋ ਸਕਦੀ ਹੈ, ਘਰ ਨਹੀਂ। ਪਿਆਰ ਦੇ ਧਾਗਿਆਂ ਨਾਲ ਬੰਨ੍ਹੇ ਹੋਏ ਅਸੀਂ ਜਦ ਜੀਵਨ ਬਤੀਤ ਕਰਦੇ ਹਾਂ ਤਾਂ ਉਹ ਸਾਡਾ ਪਰਿਵਾਰਕ ਜੀਵਨ ਹੁੰਦਾ ਹੈ। ਜਿਸ ਪਰਿਵਾਰ ਵਿੱਚ ਪਿਆਰ ਨਹੀਂ ਉਹ ਤਾਂ ਫਿਰ ਹੋਰ ਕੁਝ ਹੀ ਹੋ ਸਕਦਾ ਹੈ, ਪਰਿਵਾਰ ਨਹੀਂ ਕਿਹਾ ਜਾ ਸਕਦਾ। ਜ਼ਿੰਦਗੀ ਨਾਲ ਸਮਝੌਤਾ ਕਰਕੇ ਦਿਨ ਕੱਟੀ ਕਰ ਰਹੇ ਲੋਕਾਂ ਨੂੰ ਪਰਿਵਾਰ ਨਹੀਂ ਕਿਹਾ ਜਾ ਸਕਦਾ। ਦਰਜੇ ਹੋਣ ਜਿੰਨਾ ਦੇ ਤੇ ਦਰਜਿਆਂ ਦਾ ਸਤਿਕਾਰ ਹੋਵੇ, ਮਾਂ ਪਿਓ ਦਾ ਦਰਜਾ ਪਤੀ ਪਤਨੀ ਦਾ ਦਰਜਾ, ਪਿਓ ਪੁੱਤਰ ਦਾ ਦਰਜਾ ਤੇ ਮਾਂ ਧੀ ਦਾ ਦਰਜਾ। ਇਹ ਦਰਜਿਆਂ ਦੇ ਅਰਥ ਜਾਨਣ ਵਾਲੇ ਹੀ ਪਰਿਵਾਰਕ ਲੋਕ ਹੁੰਦੇ ਹਨ। ਹਰ ਮੈਂਬਰ ਨੂੰ ਆਪਣੀ ਆਪਣੀ ਜ਼ਿੰਮੇਵਾਰੀ ਦਾ ਅਹਿਸਾਸ ਹੋਵੇ। ਆਪਸੀ ਨਿਰਭਰਤਾ ਦੇ ਸੁਖ ਦਾ ਚਸਕਾ ਲੱਗਾ ਹੋਵੇ। ਮਿਲ ਜੁਲ ਕੇ ਰਹਿਣ ਨਾਲ ਜਿਨ੍ਹਾਂ ਨੂੰ ਮਜ਼ਾ ਆਉਂਦਾ ਹੋਵੇ। ਜੋ ਇੱਕ ਦੂਜੇ ਲਈ ਜਾਨ ਦੇਣ ਨੂੰ ਤਿਆਰ ਹੋਣ। ਜੋ ਇੱਕ ਦੂਜੇ ਬਿਨ੍ਹਾਂ ਰਹਿ ਨਾ ਸਕਣ, ਜਿਨ੍ਹਾਂ ਦੀ ਕਾਬਲੀਅਤ ਹੀ ਇੱਕ ਦੂਜੇ ਤੇ ਨਿਰਭਰ ਕਰਦੀ ਹੋਵੇ। ਇੱਕ ਦੂਜੇ ਦੇ ਕੰਮ ਵਿੱਚ ਦਿਲਚਸਪੀ ਹੋਵੇ। ਇੱਕ ਦੂਜੇ ਦੇ ਕੰਮ ਆ ਸਕਣ ਵਿੱਚ ਹੀ ਜਿਨ੍ਹਾਂ ਨੂੰ ਸੁਖ ਮਿਲਦਾ ਹੋਵੇ, ਉਸ ਨੂੰ ਪਰਿਵਾਰ ਆਖਦੇ ਹਨ। ਦੁਨੀਆ ਵਿੱਚ ਸਭ ਤੋਂ ਵੱਧ ਇਸਤੇ ਮਾਲ ਹੋਣ ਵਾਲਾ ਲਫ਼ਜ਼ ਹੈ 'ਮੈਂ'। ਲੇਕਿਨ ਦੁਨੀਆ ਦਾ ਸਭ ਤੋਂ ਕਮਜ਼ੋਰ ਅੱਖਰ ਵੀ 'ਮੈਂ' ਹੈ। ਅਸੀਂ ਆਖੀਏ ਤਾਂ ਮੈਂ ਆਪੇ ਉਸ ਅਸੀਂ ਵਿੱਚ ਆਣ ਬੈਠਦਾ ਹੈ। ਪਰਿਵਾਰ ਕਦੇ ਮੈਂ ਨਹੀਂ ਹੁੰਦਾ। ਪਰਿਵਾਰ



Academy of the Punjab in North America: http://www.apnaorg.com

ਅਸੀਂ ਹੁੰਦਾ ਹੈ। ਪਰਿਵਾਰ ਦੇ ਹਾਲਾਤਾਂ ਤੇ ਤਪਸਰਾ ਅਸੀਂ ਰਲ ਮਿਲ ਕੇ ਬੈਠ ਕੇ ਕਰਦੇ ਹਾਂ। ਪਰਿਵਾਰ ਨੂੰ ਵਧੀਆ ਬਣਾਉਣਾ ਨਵੇਂ ਤੋਂ ਨਵੇਂ ਨਿਸ਼ਾਨੇ ਬਣਾਉਣਾ ਕਾਮਯਾਬੀਆਂ ਹਾਸਲ ਕਰਨ ਵਾਸਤੇ ਰਲ ਮਿਲ ਕੇ ਇਕ ਸਾਂਝੀ ਦੱਖ ਦਿੰਦੇ ਹਾਂ ਕਿ ਅਸੀਂ ਕਿੱਥੇ ਖੜ੍ਹੇ ਹਾਂ।

ਦੂਸਰੀ ਵਿਵਹਾਰਿਕ ਸੰਸਥਾ ਹੁੰਦੀ ਹੈ। ਜਿਸ ਤਰ੍ਹਾਂ ਦਾ ਸਾਡਾ ਵਿਵਹਾਰ ਹੈ, ਉਸ ਤਰ੍ਹਾਂ ਦੀ ਨਸਲ ਨਾਲ ਅਸੀਂ ਰਲਣਾ ਚਾਹੁੰਦੇ ਹਾਂ। ਦੁਨੀਆ ਦੀਆਂ ਵੱਖਰੀਆਂ ਵੱਖਰੀਆਂ ਨਸਲਾਂ ਦੀ ਆਪਣੀ ਪਹਿਚਾਣ ਹੁੰਦੀ ਹੈ। ਅਸੀਂ ਜਿਸ ਸੰਸਥਾ ਦੇ ਕਾਰਣ ਜਾਣੇ ਜਾਂਦੇ ਹਾਂ, ਉਹ ਵੀ ਸਾਡੀ ਪਹਿਚਾਣ ਬਣ ਜਾਂਦੀ ਹੈ। ਸਾਧਾਂ ਨਾਲ ਉੱਠਣੀ ਬੈਠਣੀ ਹੈ ਤਾਂ ਲੋਕ ਸਾਨੂੰ ਸਾਧਾਂ ਦਾ ਚੇਲਾ ਬਾਲਕਾ ਕਹਿਣਗੇ। ਜੇ ਚੋਰਾਂ ਨਾਲ ਉੱਠਣੀ ਬੈਠਣੀ ਹੈ ਤਾਂ ਚੋਰਾਂ ਦਾ ਨਾਮ ਸਾਡੇ ਨਾਲ ਵੀ ਜ਼ਰੂਰ ਲੱਗ ਜਾਵੇਗਾ। ਇਹ ਸਾਡੇ ਤੇ ਨਿਰਭਰ ਕਰਦਾ ਹੈ ਕਿ ਅਸੀਂ ਕਿਸ ਤਰ੍ਹਾਂ ਦੇ ਅਖਵਾਉਣਾ ਹੈ। ਠੇਕੇ ਵਿੱਚ ਜਾ ਕੇ ਜੋ ਰੋਜ਼ ਬੇਸੁਰਤ ਹੋ ਜਾਂਦਾ ਹੋਵੇ, ਕੋਈ ਚੁੱਕ ਕੇ ਘਰ ਨੂੰ ਲਈ ਜਾਂਦਾ ਹੋਵੇ ਤਾਂ ਵੇਖਣ ਸੁਣਨ ਵਾਲਾ ਤਾਂ ਇਹੋ ਕਹੇਗਾ ਕਿ ਕਿਸੇ ਸ਼ਰਾਬੀ ਨੂੰ ਲਈ ਜਾਂਦੇ ਹਨ ਜਿਸ ਦੇ ਗਲ ਵਿਚ ਉਸਦੀ ਪੱਗ ਹੈ ਤੇ ਜੁੱਤੀ ਪਤਾ ਨਹੀਂ ਠੇਕੇ ਰਹਿ ਗਈ। ਜੇ ਕੋਈ ਧਰਮ ਅਸਥਾਨ ਤੇ ਜਾਂਦਾ ਹੈ, ਧਾਰਮਿਕ ਲੋਕਾਂ ਨਾਲ ਮਿਲਦਾ ਜੁਲਦਾ ਹੈ ਤਾਂ ਲੋਕ ਕਹਿਣਗੇ ਕਿ ਇਹ ਵਿਅਕਤੀ ਉਸ ਸੰਸਥਾ ਦਾ ਮੈਂਬਰ ਹੈ, ਗੁਰਦੁਆਰੇ ਜਾਂਦਾ ਹੈ। ਮੰਦਰ ਜਾਂ ਮਸੀਤ ਜਾਣ ਵਾਲੇ ਆਪੋ ਆਪਣੀ ਸੰਸਥਾ ਦੇ ਮੈਂਬਰ ਹੁੰਦੇ ਹਨ। ਲੋਕਾਂ ਵਿੱਚ ਉਸ ਸੰਸਥਾ ਦੀ ਪਹਿਚਾਣ ਬਣ ਜਾਂਦੀ ਹੈ। 1978 ਵਿੱਚ ਮੈਂ ਸੰਭਲ ਪੁਰ (ਉੜੀਸਾ) ਗਿਆ। ਉੜੀਆ ਲੋਕ ਪੰਜਾਬੀ ਨਹੀਂ ਸਮਝਦੇ। ਹੁਣ ਸ਼ਾਇਦ ਕੋਈ ਪੜ੍ਹੇ ਲਿਖੇ ਸਮਝ ਜਾਂਦੇ ਹੋਣ। ਲੇਕਿਨ ਐਤਵਾਰ ਨੂੰ ਜਦੋਂ ਗੁਰਦੁਆਰੇ ਵਿੱਚ ਕੀਰਤਨ ਦੀ ਆਵਾਜ਼ ਆਉਣੀ ਤਾਂ ਗੁਰਦੁਆਰੇ ਦੇ ਮੂਹਰੇ ਸੜਕ ਤੇ ਦੂਰ ਦੂਰ ਤੱਕ ਲਾਈਨਾਂ ਲਾ ਕੇ ਲੋਕੀਂ ਬੈਠ ਜਾਂਦੇ ਕਿ ਅੱਜ ਵਧੀਆ ਲੰਗਰ ਮਿਲੇਗਾ। ਗੁਰਦੁਆਰੇ ਦੇ ਸੇਵਾਦਾਰਾਂ ਨੂੰ ਵੀ ਪਤਾ ਹੁੰਦਾ ਸੀ ਤੇ ਉਹ ਉਨ੍ਹਾਂ ਵਾਸਤੇ ਪਹਿਲਾਂ ਹੀ ਲੰਗਰ ਤਿਆਰ ਕਰਕੇ ਰੱਖਦੇ। ਗੁਰਦੁਆਰਾ ਇੱਕ ਵਿਵਹਾਰਿਕ ਸੰਸਥਾ ਹੈ। ਜਿਸ ਤਰ੍ਹਾਂ ਦੇ ਵਿਵਹਾਰ ਅਸੀਂ ਕਰਦੇ ਹਾਂ, ਉਸੇ ਨਾਮ ਨਾਲ ਲੋਕੀਂ ਸਾਡੀਆਂ ਸਿਫ਼ਤਾਂ ਕਰਦੇ ਹਨ। ਖ਼ੈਰ! ਚੰਗੇ ਮੰਦੇ ਤੇਰੇ ਬੰਦੇ।

ਵਪਾਰਕ ਸੰਸਥਾ ਕਿਸੇ ਟੀਚੇ ਨੂੰ ਮਿੱਥ ਕੇ ਇੱਕ ਦੂਸਰੇ ਦੇ ਆਸਰੇ ਨਾਲ ਕਾਮਯਾਬੀਆਂ ਹਾਸਲ ਕਰਨ ਨੂੰ ਬਣਾਈ ਹੋਈ ਸੰਸਥਾ ਹੁੰਦੀ ਹੈ। ਰਲ ਮਿਲ ਕੇ ਇੱਕ ਦੂਸਰੇ ਦਾ ਹੱਥ ਵਟਾ ਕੇ ਕਿਸੇ ਸਾਂਝੇ ਕੰਮ ਕਰਨ ਲਈ ਵਪਾਰਕ ਨਜ਼ਰੀਏ ਨਾਲ ਵੀ ਸੰਸਥਾ ਬਣਾਈ ਜਾ ਸਕਦੀ ਹੈ। ਸਰਕਾਰ ਨੇ ਸਹਿਕਾਰਤਾ ਦੀ ਲਹਿਰ ਇਸੇ ਮਕਸਦ ਲਈ ਚਲਾਈ ਸੀ ਕਿ ਜੋ ਕੰਮ ਇਕੱਲਾ ਆਦਮੀ ਨਹੀਂ ਕਰ ਸਕਦਾ, ਰਲ-ਮਿਲ ਕੇ ਕੀਤਾ ਜਾ ਸਕਦਾ ਹੈ। ਹਰ ਸੰਸਥਾ ਦੇ ਸੰਚਾਲਕ ਹੁੰਦੇ ਹਨ। ਵੱਡੇ ਛੋਟੇ ਰੁਤਬੇ ਹੁੰਦੇ ਹਨ। ਪਰਿਵਾਰ ਵਿੱਚ ਵੀ ਮੁਖੀਆ ਹੁੰਦਾ ਹੈ। ਧਰਮ ਅਸਥਾਨਾਂ ਤੇ ਵੀ ਪ੍ਰਬੰਧਕ ਹੁੰਦੇ ਹਨ। ਵਪਾਰਕ ਸੰਸਥਾਵਾਂ ਵਿੱਚ ਵੀ ਬਹੁਤੀ ਵਾਰ ਆਪੋ ਆਪਣੇ ਕੰਮ ਵੰਡ ਕੇ ਸਮੁੱਚੇ ਤੌਰ ਤੇ ਕੋਸ਼ਿਸ਼ ਕਰਕੇ ਇਕੱਠਿਆਂ ਹੀ ਕੰਮ ਨੂੰ ਨੇਪਰੇ ਚਾੜਣ ਦੀ ਤਮੰਨਾ ਨਾਲ ਬਣਾਈ ਹੋਈ ਟੀਮ ਨੂੰ ਸੰਸਥਾ ਕਹਿ ਸਕਦੇ ਹਾਂ। ਸੰਸਥਾਵਾਂ ਵਿੱਚ ਸਭ ਤੋਂ ਵੱਡੀ ਦੁੱਖ ਦੀ ਇਹ ਗੱਲ ਹੁੰਦੀ ਹੈ ਕਿ ਕਈ ਮੈਂਬਰ ਆਪ ਤਾਂ ਸੁਖ ਪ੍ਰਾਪਤ ਕਰਨਾ ਚਾਹੁੰਦੇ ਹਨ ਲੇਕਿਨ ਦੂਸਰਿਆਂ ਦੀ ਚਿੰਤਾ ਨਹੀਂ ਕਰਦੇ। ਫਿਰ ਦੁਖਾਂਤ ਪੈਦਾ ਹੁੰਦਾ ਹੈ। ਕਈ ਵਾਰ ਸਮੁੱਚੀ ਸੰਸਥਾ ਦੇ ਨਿਸ਼ਾਨੇ ਵੱਖਰੇ ਹੁੰਦੇ ਹਨ। ਕੋਈ ਮੈਂਬਰ ਆਪਣਾ ਜਾਤੀ ਮੁਫ਼ਾਦ ਲੈ ਕੇ ਸੰਸਥਾ ਵਿਚ ਆਣ ਰਲੇ ਤਾਂ ਸਾਰੀ ਗੜਬੜ ਹੋ ਜਾਂਦੀ ਹੈ। ਜੇ ਸੰਸਥਾ ਦਾ ਕੋਈ ਮੈਂਬਰ ਕਹੇ ਕਿ ਮੇਰੀ ਕੋਈ ਜ਼ਿੰਮੇਵਾਰੀ ਨਹੀਂ ਤੇ ਨਾ ਹੀ ਮੈਂ ਕਿਸੇ ਕੰਮ ਵਿੱਚ ਦਖ਼ਲ ਦੇਣਾ ਹੈ ਤਾਂ ਉਹ ਫਿਰ ਉਸ ਸੰਸਥਾ ਦਾ ਮੈਂਬਰ ਵੀ ਨਾ ਹੋਇਆ। ਕਿਸੇ ਨਾ ਕਿਸੇ ਕਿਸਮ ਦਾ ਕੋਈ ਨਾ ਕੋਈ ਸਹਿਯੋਗ ਤਾਂ ਦੇਣਾ ਪਵੇਗਾ। ਹਰ ਇੱਕ ਦਾ ਆਪਣਾ ਆਪਣਾ ਹਿਸਾਬ ਹੁੰਦਾ ਹੈ, ਮਕਸਦ ਹੁੰਦਾ ਹੈ। ਫਿਰ ਵੀ ਜੇ ਪੁੱਗਦਾ ਹੈ ਤਾਂ ਇਕੱਠੇ ਤੁਰ ਕੇ ਪੈਂਡਾ ਸੌਖਾ ਹੋ ਸਕਦਾ ਹੈ। ਅਸਲ ਨੁਕਤਾ ਹੈ ਕਿ


Academy of the Punjab in North America: http://www.apnaorg.com

ਤੁਹਾਨੂੰ ਪੁੱਗਦਾ ਹੈ ਕਿ ਨਹੀਂ। ਕਈ ਵਾਰ ਲੋਕ ਕਿਸੇ ਸੰਸਥਾ ਵਿੱਚ ਇਸ ਕਰਕੇ ਰਲਦੇ ਹਨ ਕਿ ਉਹ ਇਕੱਲੇ ਕੁਝ ਕਰਨਾ ਹੀ ਨਹੀਂ ਜਾਣਦੇ ਹੁੰਦੇ ਤੇ ਜੇ ਉਹ ਹੋਰਨਾਂ ਦੇ ਆਸਰੇ ਨਾਲ ਕਾਮਯਾਬ ਹੋ ਸਕਦੇ ਹਨ ਤਾਂ ਉਨ੍ਹਾਂ ਨੂੰ ਪੁੱਗਦਾ ਹੈ। ਕਈ ਐਸੇ ਹਿੱਸੇਦਾਰ ਹੁੰਦੇ ਹਨ ਜੋ ਪੈਸਾ ਲਾ ਸਕਦੇ ਹਨ ਪਰ ਕੰਮ ਨਹੀਂ ਕਰ ਸਕਦੇ। ਜੇ ਉਨ੍ਹਾਂ ਦੇ ਲਾਏ ਪੈਸੇ ਦਾ ਸਹੀ ਫਲ ਮਿਲ ਰਿਹਾ ਹੈ ਤਾਂ ਉਨ੍ਹਾਂ ਨੂੰ ਪੁੱਗਦਾ ਹੈ।

ਅਸੀਂ ਇੱਕ ਸੰਸਥਾ ਬਣਾ ਕੇ ਇੱਕ ਦੁਕਾਨ ਲੈ ਲਈ। ਮੈਂ ਉਸ ਦੁਕਾਨ ਵਿੱਚ ਦੋ ਲੱਖ ਡਾਲਰ ਲਾ ਦਿੱਤੇ। ਬਾਕੀ ਸਾਰਿਆਂ ਨੇ, ਕਿਸੇ ਨੇ ਪੈਸੇ ਲਾਏ, ਕੋਈ ਸਮਾਂ ਲਾਵੇ, ਕੋਈ ਪ੍ਰਬੰਧ ਕਰੇ। ਸਾਡਾ ਕੰਮ ਠੀਕ ਠਾਕ ਚਲ ਪਿਆ। ਮੈਂ ਤਾਂ ਸਿਰਫ਼ ਪੈਸੇ ਲਾਏ ਸੀ ਤੇ ਮੈਨੂੰ ਮੇਰਾ ਹਿੱਸਾ ਮਿਲੀ ਜਾਂਦਾ ਸੀ। ਮੈਨੂੰ ਚਾਰ ਹਜ਼ਾਰ ਡਾਲਰ ਮਹੀਨੇ ਦਾ ਤਕਰੀਬਨ ਮਿਲਿਆ ਕਰੇ। ਮੈਂ ਖੁਸ਼ ਕਿ **24**% ਵਿਆਜ ਤੇ ਮੇਰੇ ਪੈਸੇ ਕੰਮ ਕਰ ਰਹੇ ਹਨ। ਪ੍ਰਬੰਧਕ ਬੜੇ ਸਿਰੜੀ, ਮਿਹਨਤੀ ਅਤੇ ਅਣਥੱਕ ਸਨ। ਉਹ ਦੁਕਾਨ ਤਿੰਨ ਚਾਰ ਗੁਣਾਂ ਵਧ ਗਈ। ਉਸ ਦਾ ਮੁਨਾਫ਼ਾ ਵੀ ਤਿੰਨ ਚਾਰ ਗੁਣਾਂ ਹੋ ਗਿਆ ਪਰ ਮੈਨੂੰ ਉਹ **12** ਜਾਂ ਸੋਲ੍ਹਾਂ ਹਜ਼ਾਰ ਦੀ ਬਜਾਏ ਉਹੀ ਚਾਰ ਹਜ਼ਾਰ ਦਿੱਤਾ ਕਰਨ। ਸਭ ਨੂੰ ਪਤਾ ਲੱਗ ਗਿਆ ਕਿ ਮੇਰੇ ਨਾਲ ਠੱਗੀ ਹੋ ਰਹੀ ਹੈ, ਪਰ ਮੈਂ ਚੁੱਪ ਕਰਕੇ ਬੈਠਾ ਰਿਹਾ। ਲੋਕਾਂ ਨੇ ਮੇਰੀ ਪਤਨੀ ਹਰਪ੍ਰੀਤ ਨੂੰ ਦੱਸ ਦਿੱਤਾ ਕਿ ਇਸ ਤਰ੍ਹਾਂ ਸੁਰਿੰਦਰ ਨੂੰ ਕੁਝ ਲੋਕ ਰਗੜਾ ਲਾ ਰਹੇ ਹਨ। ਹਰਪ੍ਰੀਤ ਮੇਰੇ ਘਰ ਆਏ ਦੇ ਗਲ ਪੈ ਗਈ ਕਿ ਕਿਉਂ ਘਾਟਾ ਖਾਂਦਾ ਹੈਂ ? ਪਰ ਮੈਂ ਜਦ ਉਸ ਨੂੰ ਸਮਝਾਇਆ ਕਿ ਤਿੰਨ ਗੱਲਾਂ ਹੋ ਸਕਦੀਆਂ ਜਾਂ ਤੇ ਮੈਂ ਸਾਰੀ ਖੇਲ ਖਰਾਬ ਕਰ ਦਿਆਂ ਜਾਂ ਆਪ ਪ੍ਰਬੰਧਕਾਂ ਨਾਲ ਵਿੱਚ ਹੋ ਕੇ ਪੰਗੇ ਲਵਾਂ ਤੇ ਜਾਂ ਆਪਣਾ ਦੋ ਲੱਖ ਡਾਲਰ ਵਾਪਸ ਲੈ ਲਵਾਂ। ਹਰਪ੍ਰੀਤ ਕਹਿਣ ਲੱਗੀ ਵਾਪਸ ਲੈ ਲਓ। ਮੈਂ ਸਮਝਾਇਆ ਕਿ ਬੈਂਕ ਨੇ **3**% ਵਿਆਜ ਦੇਣਾ, ਤੈਨੂੰ **24**% ਮਾਰਦਾ, ਚੁੱਪ ਕਰਕੇ ਲਈ ਜਾ, ਕਰੀ ਜਾਣ ਦੇ ਜੋ ਕਰਦੇ ਆ, ਪਰ ਆਪਾਂ ਨੂੰ ਪੁੱਗਦਾ। ਕਈ ਸਾਲ ਅਸੀਂ ਇਸੇ ਤਰ੍ਹਾਂ ਹੀ ਚੱਲਦੇ ਰਹੇ। ਸੰਸਥਾ ਦੇ ਪ੍ਰਬੰਧਕ ਭਾਵੇਂ ਸਾਨੂੰ ਰਗੜਾ ਹੀ ਲਾ ਰਹੇ ਸਨ ਪਰ ਸਾਨੂੰ ਪੁੱਗਦਾ ਸੀ।

****


Academy of the Punjab in North America: http://www.apnaorg.com

# ਸਾਡੇ ਰਸਤੇ

ਜੀਵਨ ਵਿੱਚ ਆਪਣੇ ਬਚਪਨ ਤੋਂ ਬਾਹਰ ਨਿਕਲ ਕੇ ਜਦੋਂ ਸਾਨੂੰ ਸਾਡਾ ਆਪਣਾ ਅਹਿਸਾਸ ਹੁੰਦਾ ਹੈ, ਜਦੋਂ ਅਸੀਂ ਆਪਣੀ ਨਿੱਜੀ ਵਿਅਕਤੀਗਤ ਤਾਕਤ ਦੇ ਅੰਦਾਜ਼ੇ ਲਾਉਣ ਦੇ ਸਮਰੱਥ ਹੋ ਜਾਂਦੇ ਹਾਂ ਤਾਂ ਸਾਡੀ ਜ਼ਮੀਰ ਜਾਗਦੀ ਹੈ। ਜਦੋਂ ਸਾਡੀ ਜ਼ਮੀਰ ਜਾਗ ਪੈਂਦੀ ਹੈ ਤਾਂ ਸਾਨੂੰ ਆਜ਼ਾਦਾਨਾਂ ਤੌਰ ਤੇ ਆਜ਼ਾਦੀ ਨਾਲ ਆਪਣੀ ਮਰਜ਼ੀ ਕਰਨ ਨੂੰ ਦਿਲ ਕਰਦਾ ਹੈ। ਜਦੋਂ ਇਨਸਾਨ ਨੂੰ ਆਪਣੀ ਮਰਜ਼ੀ ਕਰਨ ਦਾ ਅਹਿਸਾਸ ਹੁੰਦਾ ਹੈ, ਦਿਲ ਕਰਦਾ ਹੈ ਆਪਣੀਆਂ ਮਰਜ਼ੀਆਂ ਕਰਨ ਨੂੰ ਤਾਂ ਫਿਰ ਆਪਣੀ ਤਾਕਤ ਦਾ ਅਹਿਸਾਸ ਹੁੰਦਾ ਹੈ। ਜਦੋਂ ਸਾਨੂੰ ਸਾਡੀ ਤਾਕਤ ਦਾ ਅਹਿਸਾਸ ਹੋ ਜਾਂਦਾ ਹੈ, ਜਦੋਂ ਸਾਨੂੰ ਆਪਣਾ ਆਪ ਲੱਭ ਜਾਂਦਾ ਹੈ ਤਾਂ ਤੁਸੀਂ ਆਪਣੇ ਪੈਰਾਂ ਤੇ ਤੁਰਨ ਦੀ ਕੋਸ਼ਿਸ਼ ਕਰਦੇ ਹੋ। ਤੁਹਾਡੀਆਂ ਲੱਤਾਂ ਤੁਹਾਡਾ ਭਾਰ ਚੁੱਕ ਕੇ ਤੁਰਦੀਆਂ ਹਨ ਤਾਂ ਹੀ ਆਪਣੀ ਤਾਕਤ ਦਾ ਅਹਿਸਾਸ ਹੁੰਦਾ ਹੈ। ਜਿਸ ਦੇ ਜਿਸਮ ਵਿੱਚ ਪੀਪਾ ਖ਼ੂਨ ਦਾ ਹੋਵੇ, ਫਿਰ ਉਸ ਦੇ ਡੌਲ਼ੇ ਕਿਉਂ ਨਾ ਫੜਕਣ। ਆਪਣੇ ਰਸਤੇ ਬਣਾਉਣ ਤੇ ਆਪਣੇ ਬਣਾਏ ਰਸਤਿਆਂ ਤੇ ਚੱਲਣ ਨੂੰ ਦਿਲ ਕਰਦਾ ਹੈ। ਜਦੋਂ ਅਸੀ ਆਪਣੇ ਰਸਤੇ ਆਪ ਲੱਭਣ ਤੇ ਉਨ੍ਹਾਂ 'ਤੇ ਚੱਲਣ ਦੇ ਸਮਰੱਥ ਹੋ ਜਾਂਦੇ ਹਾਂ ਤਾਂ ਉਸ ਵਿੱਚੋਂ ਇੱਕ ਹੋਰ ਸ਼ਕਤੀ ਪੈਦਾ ਹੁੰਦੀ ਹੈ ਦੂਰ ਅੰਦੇਸ਼ੀ ਦੀ ਸ਼ਕਤੀ। ਆਪਣੀ ਤਾਕਤ ਦੇ ਅੰਦਾਜ਼ੇ ਲਾਉਂਦਿਆਂ ਲਾਉਂਦਿਆਂ ਆਪਣੇ ਭਵਿੱਖ ਵਿੱਚ ਕੀ ਹੋਊ ਜਾਂ ਕੀ ਹੋਣਾ ਚਾਹੀਦਾ ਹੈ, ਉਸ ਬਾਰੇ ਸੋਚ ਸ਼ੁਰੂ ਹੋ ਜਾਂਦੀ ਹੈ। ਅਸੀਂ ਸੋਚ ਸਕਦੇ ਹਾਂ ਕਿ ਜੇ ਇਸ ਤਰ੍ਹਾਂ ਕਰਾਂ ਤਾਂ ਉਸ ਦਾ ਨਤੀਜਾ ਕੀ ਨਿਕਲੇਗਾ। ਸਾਡੇ ਲਈ ਕੀ ਚੰਗਾ ਹੈ, ਕੀ ਮੰਦਾ, ਇਸ ਦਾ ਗਿਆਨ ਹੋ ਜਾਂਦਾ ਹੈ। ਸਾਨੂੰ ਆਪਣੀ ਕਾਬਲੀਅਤ ਦਾ ਗਿਆਨ ਹੋ ਜਾਂਦਾ ਹੈ ਕਿ ਅਸੀਂ ਕੀ ਕੁਝ ਕਰਨ ਦੇ ਸਮਰੱਥ ਹਾਂ। ਦਿਲ ਵਿੱਚ ਵੀਚਾਰ ਉਠਦੇ ਹਨ। ਐਸੇ ਵੀਚਾਰ ਉਠਦੇ ਹਨ, ਐਸਾ ਅੰਦਾਜ਼ਾ ਲਗਦਾ ਹੈ ਜਿਸ ਦਾ ਸਾਨੂੰ ਹਾਲੇ ਤਜਰਬਾ ਨਹੀਂ ਹੋਇਆ ਹੁੰਦਾ। ਇਸ ਤਰ੍ਹਾਂ ਵੀ ਹੋ ਸਕਦਾ ਹੈ, ਇਸ ਪਾਸੇ ਦਿਮਾਗ ਜਾਂਦਾ ਹੈ। ਆਪਣੀ ਖਾਸ ਤਾਕਤ ਨੂੰ ਲੱਭਣ ਦੀ ਸ਼ਕਤੀ ਪੈਦਾ ਹੋ ਜਾਂਦੀ ਹੈ। ਨਾਲ ਨਾਲ ਸਾਨੂੰ ਆਪਣੀਆਂ ਸਦਾਚਾਰਕ, ਨੈਤਿਕ, ਇਖਲਾਕੀ, ਸਦਾਚਾਰੀ, ਸਿਖਿਆਦਾਇਕ ਤੇ ਉਪਦੇਸ਼ਾਤਮਕ ਸ਼ਕਤੀਆਂ ਦਾ ਵੀ ਪੂਰਾ ਪੂਰਾ ਅਹਿਸਾਸ ਹੋ ਜਾਂਦਾ ਹੈ। ਆਪਣੇ ਆਚਾਰ ਵਿਉਹਾਰ ਦਾ ਵੀ ਤਜਰਬਾ ਹੋ ਜਾਂਦਾ ਹੈ। ਸਾਨੂੰ ਆਪਣੇ ਆਪ ਬਾਰੇ ਇਲਮ ਹੋ ਜਾਂਦਾ ਹੈ ਕਿ ਅਸੀਂ ਸਦਾਚਾਰਕ ਤੌਰ ਤੇ ਕਿਸ ਜਗ੍ਹਾ ਖੜੇ ਹਾਂ। ਇਸ ਅਵਸਥਾ ਵਿੱਚ ਪਹੁੰਚ ਕੇ ਸਾਨੂੰ ਸਾਡੇ ਬਹਿਸ਼ਤ ਦਾ, ਸਾਡੀ ਜੰਨਤ ਦਾ, ਸਾਡੇ ਸਵਰਗ ਦਾ ਪਤਾ ਲੱਗ ਜਾਂਦਾ ਹੈ। ਹੋਰ ਕਿਸੇ ਨੂੰ ਪਤਾ ਲੱਗੇ ਜਾਂ ਨਾ ਲੱਗੇ ਪਰ ਸਾਨੂੰ ਜ਼ਰੂਰ ਪਤਾ ਲੱਗ ਜਾਂਦਾ ਹੈ ਕਿ ਅਸੀਂ ਜੋ ਕਰਦੇ ਹਾਂ ਜਾਂ ਕਰਨ ਜਾ ਰਹੇ ਹਾਂ, ਇਹ ਸਵਰਗੀ ਗੱਲਾਂ ਹਨ ਜਾਂ ਸਾਨੂੰ ਨਰਕਾਂ ਦੇ ਭਾਗੀ ਬਣਾ ਦੇਣਗੀਆਂ। ਜਦੋਂ ਸਾਨੂੰ ਸਾਡੇ ਆਪਣੇ ਬਾਰੇ ਇਹ ਸਾਰੀ ਜਾਣਕਾਰੀ ਹੋ ਜਾਂਦੀ ਹੈ ਤਾਂ ਫਿਰ ਅਸੀਂ ਅਜ਼ਮਾ ਕੇ ਦੇਖਦੇ ਹਾਂ। ਤਜਰਬਾ ਕਰਕੇ ਦੇਖਦੇ ਹਾਂ। ਜਦੋਂ ਅਸੀਂ ਆਪਣੇ ਆਪ ਤੇ ਇਹ ਅਜ਼ਮਾਇਸ਼ ਕਰਨੀ ਸ਼ੁਰੂ ਕਰਦੇ ਹਾਂ ਤਾਂ ਸਾਡੇ ਜੀਵਨ ਦਾ ਧੁਰਾ, ਸੈਂਟਰ ਸਾਨੂੰ ਆਪਣੇ ਆਪ ਵਿੱਚ ਨਜ਼ਰ ਆਉਂਦਾ ਹੈ।

ਹਰ ਚੜ੍ਹਦੇ ਸੂਰਜ, ਹਰ ਘੜੀ ਹਰ ਪਲ ਅਸੀਂ ਇਹ ਤਜਰਬੇ ਕਰਦੇ ਹਾਂ ਤੇ ਆਪਣੇ ਸੈਂਟਰ ਦੇ ਦੁਆਲੇ ਹੀ ਘੁੰਮਦੇ ਹਾਂ। ਪਰ ਜਿੰਨਾ ਚਿਰ ਤੁਹਾਨੂੰ ਵਿਸ਼ਵਾਸ ਨਹੀਂ ਹੁੰਦਾ, ਜਿੰਨਾ ਚਿਰ ਤੁਸੀਂ ਆਪਣੇ ਆਪ ਨੂੰ ਲੱਭਦੇ ਨਹੀਂ, ਓਨਾ ਚਿਰ ਆਪਣੇ ਆਪ ਤੇ ਮਾਣ ਵੀ ਨਹੀਂ ਕਰਦੇ। ਆਪਣੇ ਆਪ ਤੇ ਮਾਣ ਤਾਂ ਹੀ ਹੁੰਦਾ ਹੈ ਜਦੋਂ ਸਾਨੂੰ ਆਪਣੇ ਆਪ ਤੇ ਵਿਸ਼ਵਾਸ ਹੋ ਜਾਵੇ। ਜਦੋਂ ਅਸੀਂ ਆਪਣੇ ਆਪ ਨੂੰ ਯੋਗ ਸਮਝਦੇ ਹਾਂ ਤਾਂ ਹੀ ਸਾਰੇ ਪ੍ਰਬੰਧ ਆਪਣੇ ਹੱਥਾਂ ਵਿੱਚ ਲੈਂਦੇ ਹਾਂ। ਆਪਣੇ ਲੱਭੇ ਹੋਏ ਰਾਹ ਵਧੀਆ ਲੱਗਣ ਲੱਗ ਪੈਂਦੇ ਹਨ। ਜਦੋਂ ਅਸੀਂ ਇਸ ਅਵਸਥਾ ਵਿੱਚ ਪਹੁੰਚ ਜਾਂਦੇ ਹਾਂ ਤਾਂ ਮਹਿਸੂਸ ਕਰਦੇ ਹਾਂ ਕਿ ਸਾਨੂੰ ਹੋਰ ਕੋਈ ਨਹੀਂ ਚਲਾ ਰਿਹਾ, ਅਸੀਂ ਆਪ ਆਪਣੀ ਗੱਡੀ ਚਲਾ ਸਕਦੇ


Academy of the Punjab in North America: http://www.apnaorg.com

ਹਾਂ। ਸਾਡੀ ਇਹ ਅਵਸਥਾ ਇੱਕ ਦਿਨ ਵਿੱਚ ਨਹੀਂ ਬਣ ਸਕਦੀ ਰੋਜ਼ ਦੇ ਤਜਰਬਿਆਂ ਵਿੱਚੋਂ ਹੀ ਬਣਦੀ ਹੈ ਤੇ ਅਸੀਂ ਰੋਜ਼ ਕੁਝ ਨਵਾਂ ਹੀ ਸਿੱਖਦੇ ਹਾਂ। ਜੇ ਸਾਡੀ ਨੀਅਤ ਚੰਗੀ ਹੈ ਤਾਂ ਸਾਡੀ ਕੀਮਤ ਸਾਡੇ ਦਿਲ ਵਿੱਚ ਹੋਰ ਹੋ ਜਾਂਦੀ ਹੈ, ਸਾਡੀ ਕੀਮਤ ਸਾਡੀ ਨੀਅਤ ਤੇ ਨਿਰਭਰ ਕਰਦੀ ਹੈ। ਜਦੋਂ ਅਸੀਂ ਆਪਣੇ ਆਪ ਨਾਲ ਕੀਤੇ ਵਾਅਦੇ ਨਿਭਾਉਂਦੇ ਹਾਂ ਤਾਂ ਸਾਡੀ ਕੀਮਤ ਹੋਰ ਹੋ ਜਾਂਦੀ ਹੈ। ਆਪਣੀ ਖ਼ੁਦਦਾਰੀ ਤੇ ਜਿਸ ਨੂੰ ਨਾਜ਼ ਹੋ ਜਾਵੇ, ਮਾਣ ਹੋ ਜਾਵੇ , ਫਿਰ ਉਹ ਗਰਦਨ ਉਠਾ ਕੇ ਤੁਰਦਾ ਹੈ। ਉਸਦਾ ਟੌਹਰ ਨਾਲ ਤੁਰਨ ਨੂੰ ਦਿਲ ਕਰਦਾ ਹੈ। ਜਦੋਂ ਅਸੀਂ ਆਪਣੀ ਕਾਰ ਆਪ ਚਲਾਉਂਦੇ ਹਾਂ ਤਾਂ ਸਾਨੂੰ ਗਿਆਨ ਹੋ ਜਾਂਦਾ ਹੈ ਕਿ ਪਹਿਲਾਂ ਕੀ ਕਰਨਾ ਹੈ। ਕਿਸ ਕੰਮ ਨੂੰ ਤਰਜੀਹ ਦਿੱਤੀ ਜਾਵੇ। ਜਿਹੜਾ ਤਰਜੀਹ ਦੇਣ ਲੱਗ ਪਿਆ ਜਿਸ ਨੂੰ ਪਤਾ ਲੱਗ ਗਿਆ ਕਿ ਪਹਿਲਾਂ ਕੀ ਕਰਨਾ ਚਾਹੀਦਾ ਹੈ, ਬਾਅਦ ਵਿੱਚ ਕੀ, ਤਾਂ ਬੱਸ ਉਹ ਸੰਚਾਲਕ ਬਣ ਗਿਆ। ਆਪਣੇ ਨਿਯਮ ਆਪ ਬਣਾਉਣੇ ਤੇ ਆਪੇ ਹੀ ਉਨ੍ਹਾਂ ਨਿਯਮਾਂ ਤੇ ਚੱਲਣਾ। ਜਦੋਂ ਸਾਨੂੰ ਤਰਜੀਹ ਦੇਣੀ ਆ ਜਾਂਦੀ ਹੈ ਕਿ ਕਿਸ ਕੰਮ ਨੂੰ ਪਹਿਲਾਂ ਕਰਨਾ ਹੈ ਤਾਂ ਅਸੀਂ ਤਜਰਬੇਕਾਰ ਹੋ ਜਾਂਦੇ ਹਾਂ।

ਮੇਰੇ ਬਾਰੇ ਕੈਲੇਫੋਰਨੀਆਂ ਵਿਚ ਇੱਕ ਗੱਲ ਬੜੀ ਮਸ਼ਹੂਰ ਹੁੰਦੀ ਕਿ ਜਿਸ ਵੀ ਸਟੋਰ ਨੂੰ ਹੱਥ ਪਾਉਂਦਾ ਹੈ, ਉਸ ਨੂੰ ਚਲਾ ਦਿੰਦਾ ਹੈ। ਮੇਰਾ ਇੱਕ ਮਿੱਤਰ ਜੋ ਇੱਕ ਵੱਡੀ ਚੇਨ ਦੇ ਇੱਕ ਸਟੋਰ ਦਾ ਮਾਲਕ ਸੀ, ਜਿਸ ਤਰ੍ਹਾਂ ਕੰਪਨੀ ਕਹੇ, ਉਸ ਤਰ੍ਹਾਂ ਹੀ ਕਰਦਾ ਸੀ। ਉਸ ਦੀ ਮਰਜ਼ੀ ਭਾਵੇਂ ਨਹੀਂ ਸੀ ਚਲਦੀ ਪਰ ਉਹ ਖੁਸ਼ ਸੀ। ਮੈਨੂੰ ਪੁੱਛਣ ਲੱਗਾ ਤੇਰੇ ਕੋਲ ਕੀ ਜਾਦੂ ਹੈ ਕਿ ਤੂੰ ਬੰਦ ਪਏ ਸਟੋਰ ਵੀ ਚਲਾ ਦਿੰਦਾ ਹੈ। ਮੈਂ ਉਸ ਨੂੰ ਦੱਸਿਆ ਕਿ ਤਜਰਬੇ ਨਾਲ ਸਾਡੇ ਹੱਥ ਖੁਲ੍ਹ ਗਏ ਹਨ। ਸਾਨੂੰ ਪਤਾ ਲੱਗ ਗਿਆ ਹੈ ਕਿ ਪਹਿਲਾਂ ਕੀ ਕਰਨਾ। ਮੈਨੂੰ ਫਿਰ ਪੁੱਛਣ ਲੱਗਾ- ਪਹਿਲਾਂ ਕੀ ਕਰਦਾਂ, ਤੂੰ ਜ਼ਰਾ ਮੈਨੂੰ ਵੀ ਦੱਸ। ਮੈਂ ਤਾਂ ਬੱਸ ਉਹ ਹੀ ਕਰਦਾ ਹਾਂ ਜੋ ਸਾਡੀ ਕੰਪਨੀ ਕਹੇ। ਮੈਂ ਜਵਾਬ ਦਿੱਤਾ ਕਿ ਤੈਨੂੰ ਤਾਂ ਕੱਢੇ ਕਢਾਏ ਸਵਾਲ ਮਿਲ ਜਾਂਦੇ ਹਨ, ਭਾਵੇਂ ਚਲੋ ਸਵਾਲ ਕੱਢਣ ਦੇ ਰਾਹ ਦੱਸਣ ਦੀ ਕੀਮਤ ਅੱਧ ਵੱਢ ਕੇ ਲੈ ਜਾਂਦੇ ਮੁਨਾਫ਼ੇ ਵਿੱਚੋਂ ਤੁਸੀਂ ਕਾਰਪੋਰੇਸ਼ਨ ਨੂੰ ਬਹੁਤ ਦਿੰਦੇ ਹੋ, ਪਰ ਫਿਰ ਵੀ ਤੁਹਾਨੂੰ ਫਾਇਦਾ ਹੈ ਕਿਉਂਕਿ ਤੁਹਾਨੂੰ ਆਪਣਾ ਸਿਰ ਵਰਤਣ ਦੀ ਲੋੜ ਹੀ ਨਹੀਂ। ਪਰ ਅਸੀਂ ਤਾਂ ਪੂਰੀ ਵਾਲ ਦੀ ਖੱਲ ਉਤਾਰੀਦੀ ਹੈ। ਅਸੀਂ ਬੰਦ ਪਏ ਸਟੋਰਾਂ ਤੇ ਖ਼ਰਚਾ ਕਰਕੇ, ਸਾਫ ਕਰਕੇ, ਸੈਟ ਕਰਕੇ ਤੇ ਫਿਰ ਸਾਰੀ ਦੀ ਸਾਰੀ ਮਾਰਕੀਟ ਨਾਲੋਂ ਘੱਟ ਕੀਮਤਾਂ ਰੱਖ ਕੇ ਕਈ ਵਾਰ ਲੱਗੇ ਭਾਅ ਹੀ ਚੀਜ਼ਾਂ ਵੇਚ ਕੇ ਆਪਣੇ ਗਾਹਕਾਂ ਦਾ ਰੁਝਾਨ ਬਣਾ ਲੈਂਦੇ ਸੀ। ਗਾਹਕ ਨੂੰ ਪੂਰੀ ਇੱਜ਼ਤ ਮਿਲੇ, ਲੰਬੀ ਲਾਈਨ ਵਿੱਚ ਵੀ ਨਾ ਲੱਗਣਾ ਪਵੇ ਤੇ ਸੌਦਾ ਵੀ ਸਸਤਾ ਮਿਲੇ ਤਾਂ ਕਿਉਂ ਨਹੀਂ ਉਥੇ ਜਾਊ। ਹੌਲੀ ਹੌਲੀ ਗਾਹਕਾਂ ਨੂੰ ਆਦਤ ਪੈ ਜਾਂਦੀ ਸਾਡੇ ਸਟੋਰ ਤੇ ਆਉਣ ਦੀ। ਫਿਰ ਸਮਾਂ ਦੇਖ ਕੇ ਹੌਲੀ ਹੌਲੀ ਆਪਣਾ ਮੁਨਾਫ਼ਾ ਵੀ ਵਧਾ ਲੈਂਦੇ ਸਾਂ। ਵਧੀਆ ਸਟੋਰ ਚੱਲਣ ਲੱਗ ਪੈਣਾ, ਵਧੀਆ ਮੁਨਾਫ਼ਾ ਵੀ ਹੁੰਦਾ ਹੋਣਾ ਤੇ ਅਸੀਂ ਵਧੀਆ ਕੀਮਤ ਲੈ ਕੇ ਵੇਚ ਦੇਣਾ ਤੇ ਫਿਰ ਮੁੱਢੋਂ ਸੁੱਢੋਂ ਉਹ ਖੇਡ ਖੇਡਣੀ। ਇਸ ਤਰ੍ਹਾਂ ਅਸੀਂ ਅੱਠ ਦਸ ਵਾਰ ਕੀਤਾ ਤੇ ਇਲਾਕੇ ਵਿਚ ਸਾਡਾ ਨਾਂ ਬਣ ਗਿਆ। ਆਪਣੇ ਰਸਤੇ ਦਾ ਸਾਨੂੰ ਗਿਆਨ ਹੋ ਗਿਆ। ਆਪਣੇ ਬਣਾਏ ਨਿਯਮਾਂ ਨਾਲ ਤੁਰਦੇ ਸਾਂ ਤੇ ਬੱਸ ਅੱਲਾ ਅੱਲਾ ਤੇ ਖ਼ੈਰ ਸੱਲਾ।

****


Academy of the Punjab in North America: http://www.apnaorg.com

# ਸਾਡੀ ਤਰਜੀਹ

ਜਦ ਮੁਕਾਬਲੇ ਦੀ ਗੱਲ ਚਲਦੀ ਹੈ ਤਾਂ ਆਮ ਤੌਰ ਤੇ ਵਧੀਆ ਦਾ ਮੁਕਾਬਲਾ ਬਹੁਤ ਵਧੀਆ ਨਾਲ ਹੁੰਦਾ ਹੈ। ਜੇ ਸਾਡੇ ਕੋਲ ਦੋ ਰਸਤੇ ਹਨ, ਕਿਸ ਰਸਤੇ ਚੱਲਿਆ ਜਾਵੇ, ਵਧੀਆ ਤੇ ਜਾਂ ਬਹੁਤ ਵਧੀਆ ਤੇ ਕਿਉਂਕਿ ਦੋਹਾਂ ਰਸਤਿਆਂ ਤੇ ਤਾਂ ਚੱਲ ਨਹੀਂ ਸਕਦੇ । ਖਾਲ਼ ਦੇ ਵਿੱਚ ਪਾਣੀ ਤਾਂ ਓਨਾ ਹੀ ਹੈ, ਜੇ ਇੱਕ ਤੋਂ ਵੱਧ ਕਿਆਰਿਆਂ ਵਿੱਚ ਪਾਣੀ ਛੱਡ ਦੇਈਏ ਤਾਂ ਕੋਈ ਕਿਆਰਾ ਵੀ ਨਹੀਂ ਭਰਦਾ। ਸਾਰਾ ਪਾਣੀ ਰਸਤੇ ਵਿੱਚ ਹੀ ਜ਼ੀਰ ਜਾਂਦਾ ਹੈ। ਸਿਆਣੇ ਆਖਦੇ ਹਨ ਕਿ ਦੋ ਬੇੜੀਆਂ ਵਿੱਚ ਪੈਰ ਰੱਖਣ ਵਾਲਾ ਤਾਂ ਡੁੱਬ ਜਾਂਦਾ ਹੈ। ਫਿਰ ਬਈ ਡੁੱਬਣਾ ਕਾਹਤੋਂ, ਆਪਾਂ ਇੱਕ ਰਸਤੇ ਨੂੰ ਖੁਸ਼ੀ-ਖੁਸ਼ੀ ਹੱਸਦਿਆਂ ਮੁਸਕਰਾਉਂਦਿਆਂ, ਬਿਨਾਂ ਕਿਸੇ ਪਛਤਾਵੇ ਦੇ ਨਾਂਹ ਕਹਿ ਦਿਓ ਤੇ ਦੂਸਰੇ ਨੂੰ ਜੋ ਤੁਹਾਨੂੰ ਚੰਗਾ ਲੱਗੇ, ਉਸ ਰਸਤੇ ਨੂੰ ਆਪਣਾ ਲਓ। ਇਹ ਜ਼ਰੂਰੀ ਨਹੀਂ ਕਿ ਵਧੀਆ ਨੂੰ ਛੱਡ ਕੇ ਬਹੁਤ ਵਧੀਆ ਹੀ ਚੁਣਨਾ ਹੈ। ਕਈ ਵਾਰ ਬਹੁਤ ਵਧੀਆ ਸਾਡੀ ਸੋਚ ਮੁਤਾਬਕ ਤੇ ਸਾਡੇ ਨਜ਼ਰੀਏ ਨਾਲ ਠੀਕ ਨਹੀਂ ਹੁੰਦਾ। ਜੇ ਅਸੀਂ ਬੰਬਈ ਜਾਣਾ ਹੈ ('ਮੈਨੂੰ ਤੇ ਇਹ ਵੀ ਪਤਾ ਨਹੀਂ ਕਿ ਕਿਉਂ ਮੁੰਬਈ ਬਣ ਗਿਆ, ਮੈਂ ਮੁੰਬਈ ਕਹਾਂ ਕਿ ਚੰਗਾ ਭਲਾ ਬੰਬੇ ਕਹਾਂ') ਤਾਂ ਗੱਡੀ ਪਕੜੀਏ ਜਾਂ ਫਿਰ ਹਵਾਈ ਜਹਾਜ਼। ਕਈ ਲੋਕਾਂ ਕੋਲ ਵਕਤ ਨਹੀਂ ਹੁੰਦਾ ਉਹ ਫਟਾਫਟ ਜਾਣਾ ਚਾਹੁੰਦੇ ਹਨ ਤੇ ਉਹ ਹਵਾਈ ਜਹਾਜ਼ ਲੈ ਲੈਂਦੇ ਹਨ। ਪਰ ਕਈ ਮੇਰੇ ਵਰਗੇ ਵਿਹਲੇ ਸੋਚਦੇ ਹਨ ਕਿ ਆਪਣਾ ਕਿਹੜਾ ਨਰਮਾ ਸੁੱਕਦਾ ਜਿਸ ਨੂੰ ਛੇਤੀ ਜਾ ਕੇ ਸਿੰਜਣਾ ਹੈ। ਆਰਾਮ ਨਾਲ ਗੱਡੀ ਵਿੱਚ ਬੈਠ ਕੇ ਚੱਲਦੇ ਹਾਂ, ਨਾਲੇ ਰਸਤੇ ਵਿੱਚ ਨਜ਼ਾਰੇ ਦੇਖਦੇ ਜਾਵਾਂਗੇ। ਖ਼ੈਰ, ਆਪੋ ਆਪਣੀ ਤਰਜੀਹ ਦੇ ਮੁਤਾਬਕ ਅਸੀਂ ਚੋਣ ਕਰਦੇ ਹਾਂ। ਇਵੇਂ ਵੀ ਕਹਿ ਸਕਦੇ ਹਾਂ ਕਿ ਆਪੋ ਆਪਣੀ ਸੋਚ ਮੁਤਾਬਕ ਅਸੀਂ ਤਰਜੀਹ ਦਿੰਦੇ ਹਾਂ। ਜਦੋਂ ਅਸੀਂ ਇੱਕ ਕੰਮ ਨੂੰ ਛੱਡ ਕੇ ਦੂਸਰੇ ਨੂੰ ਚੁਣਦੇ ਹਾਂ ਤਾਂ ਇਸ ਦਾ ਮਤਲਬ ਇਹ ਨਹੀਂ ਕਿ ਉਸ ਕੰਮ ਤੋਂ ਸਾਨੂੰ ਨਫ਼ਰਤ ਹੈ। ਵਜ੍ਹਾ ਇਹ ਹੁੰਦੀ ਹੈ ਕਿ ਦੂਸਰੇ ਕੰਮ ਵਿੱਚ ਸਾਨੂੰ ਬਹੁਤ ਵੱਧ ਸਕੂਨ ਮਿਲਦਾ ਹੈ।

ਅਸੀਂ ਮਹਿਸੂਸ ਕਰੀਏ ਜਾਂ ਨਾ ਕਰੀਏ, ਅਸੀਂ ਆਪਣੇ ਜੀਵਨ ਵਿੱਚ ਹਮੇ ਸ਼ਾਂ ਨਹੀਂ ਦਾ ਇਸਤੇਮਾਲ ਕਰਦੇ ਹਾਂ। ਜੀਵਨ ਦੇ ਹਰ ਰਸਤੇ ਤੇ ਅਸੀਂ ਚੱਲ ਨਹੀਂ ਸਕਦੇ, ਜਿਨ੍ਹਾਂ ਤੇ ਨਹੀਂ ਚਲਦੇ, ਉਨ੍ਹਾਂ ਨੂੰ ਅਸੀਂ ਆਪਣੀ ਜਬਾਨੀ ਨਾਂਹ ਨਾ ਵੀ ਕਰੀਏ ਤਾਂ ਵੀ ਕਹਿੰਦੇ ਹਾਂ। ਕਈ ਵਾਰ ਹੋਰ ਬਹੁਤ ਜ਼ਰੂਰੀ ਕੰਮ ਕਰਨਾ ਹੁੰਦਾ ਹੈ। ਇਸ ਲਈ ਕਈ ਕੰਮ ਐਸੇ ਵੀ ਹੁੰਦੇ ਹਨ ਜੋ ਤੁਸੀ ਕਰਨਾ ਚਾਹੋ ਵੀ ਤਾਂ ਨਹੀਂ ਕਰ ਸਕਦੇ। ਕੁਝ ਜ਼ਿਆਦਾ ਜ਼ਰੂਰੀ ਕੰਮ ਕਰਨ ਲਈ ਨਾ ਜ਼ਰੂਰੀ ਕੰਮਾਂ ਵੱਲ ਪਿੱਛਾ ਕਰ ਲੈਣਾ, ਪਿੱਠ ਕਰ ਲੈਣੀ ਸੁਭਾਵਕ ਗੱਲ ਹੈ। ਕਈ ਵਾਰ ਅਸੀਂ ਫਸ ਜਾਂਦੇ ਹਾਂ ਚੱਲ ਯਾਰ ਇਹ ਵੀ ਵਧੀਆ ਕੰਮ ਹੈ, ਇਹ ਹੀ ਕਰਦੇ ਹਾਂ ਪਰ ਸਾਨੂੰ ਕਿਸੇ ਬਹੁਤ ਵਧੀਆ ਮੌਕੇ ਤੋਂ ਹੱਥ ਧੋਣੇ ਪੈ ਸਕਦੇ ਹਾਂ। ਜੇ ਅਸੀਂ ਨਾਂਹ ਕਹਿਣੀ ਨਹੀਂ ਸਿੱਖਦੇ ਤਾਂ ਸਾਡੇ ਕਈ ਐਸੇ ਕੰਮ, ਜੋ ਅਸੀਂ ਕਰ ਸਕਣ ਦੇ ਯੋਗ ਹੁੰਦੇ ਹਨ, ਉਹ ਰਹਿ ਜਾਂਦੇ ਹਨ। ਫਿਰ ਕਈ ਵਾਰ ਇਹ ਹੋ ਹੀ ਨਹੀਂ ਸਕਦੇ ਬਹੁਤ ਦੇਰ ਹੋ ਚੁੱਕੀ ਹੁੰਦੀ ਹੈ। ਜਦੋਂ ਅਸੀਂ ਗਲਤੀ ਕਰਦੇ ਹਾਂ ਤਾਂ ਕੁਝ ਐਸਾ ਕਰਨ ਵਿੱਚ ਹੀ ਲੱਗੇ ਰਹਿੰਦੇ ਹਾਂ ਜਿਸ ਕਾਰਨ ਸਾਡਾ ਨੁਕਸਾਨ ਹੋ ਜਾਂਦਾ ਹੈ ਤਾਂ ਉਸਦਾ ਕਾਰਨ ਹੁੰਦਾ ਹੈ ਸਾਡੀ ਅਯੋਗਤਾ। ਜੇ ਅਸੀਂ ਤਰਜੀਹ ਦੇਣ ਦੇ ਯੋਗ ਹੀ ਨਹੀਂ ਤਾ ਕਿਵੇਂ ਸਹੀ ਹੋ ਸਕਦਾ ਹੈ। ਦੂਸਰਾ ਕਾਰਨ ਹੈ ਸਾਡੀ ਮਰਜ਼ੀ। ਅਸੀਂ ਤਰਜੀਹ ਦੇਣ ਦੇ ਕਾਬਲ ਹਾਂ ਜਾਂ ਨਹੀਂ ਪਰ ਅਸੀਂ ਆਪਣੀ ਮਰਜ਼ੀ ਕਰ ਲੈਂਦੇ ਹਾਂ। ਕੁਝ ਵੀ ਹੋ ਜਾਵੇ ਮੈਂ ਇਸ ਤਰ੍ਹਾਂ ਹੀ ਕਰਨਾ, ਫਿਰ ਤੁਹਾਨੂੰ ਪਤਾ ਕੁਝ ਵੀ ਹੋ ਸਕਦਾ ਹੈ।

ਕਈ ਵਾਰ ਜੀਵਨ ਵਿੱਚ ਅਸੀਂ ਕੁਝ ਗਵਾ ਬੈਠੇ ਹੁੰਦੇ ਹਾਂ। ਉਸ ਦਾ ਡਰ ਲੱਗਾ ਰਹਿੰਦਾ ਕਿ ਉਸ ਤਰ੍ਹਾਂ ਫਿਰ ਨਾ ਹੋ ਜਾਵੇ ਤਾਂ ਅਸੀਂ ਡਰਦੇ ਡਰਦੇ ਉਸ ਪਾਸੇ ਵੱਧ ਧਿਆਨ ਦਿੰਦੇ ਹਾਂ ਤੇ ਦੂਸਰਾ ਬਹੁਤ ਜ਼ਰੂਰੀ ਕੰਮ ਰਹਿ ਜਾਂਦਾ ਹੈ। ਜਿਵੇਂ ਮੈਂ ਕਈ ਥਾਂਈਂ ਜ਼ਿਕਰ ਕੀਤਾ ਹੈ ਕਿ ਮੈਨੂੰ ਆਲੂਆਂ ਦੇ ਘਾਟੇ ਨੇ ਧਰਤੀ ਦੇ ਦੂਜੇ ਪਾਸੇ ਚੁੱਕ ਕੇ ਮਾਰਿਆ।


Academy of the Punjab in North America: http://www.apnaorg.com

ਐਡੇ ਵੱਡੇ ਘਾਟੇ ਕਈ ਵਾਰ ਜਰੇ ਵੀ ਨਹੀਂ ਜਾਂਦੇ। ਕਈ ਕਿਸਾਨਾਂ ਨੇ ਤਾਂ ਆਤਮ ਹੱਤਿਆ ਹੀ ਕਰ ਲਈ ਸੀ। **1982** ਵਿੱਚ ਉਸ ਸਮੇਂ ਲੱਖ ਕੁ ਬਹੁਤ ਹੁੰਦਾ ਸੀ। ਸਭ ਸੰਦ ਵੇਚ ਕੇ ਵੀ **90** ਹਜ਼ਾਰ ਮੇਰੇ ਸਿਰ ਹੀ ਸੀ ਜਦੋਂ ਮੈਂ ਅਮਰੀਕਾ ਗਿਆ। ਖੈਰ ਮਿਹਨਤ ਕਰਕੇ ਕਰਜ਼ਾ ਤਾਂ ਲਾਹ ਦਿੱਤਾ। ਹਰਪ੍ਰੀਤ ਵੀ ਕੰਵਰ ਤੇ ਗਗਨ ਨੂੰ ਲੈ ਕੇ ਮੇਰੇ ਕੋਲ ਆ ਗਈ। **1988** ਦੇ ਅਪਰੈਲ ਵਿੱਚ ਜਦੋਂ ਅਸੀਂ ਪਹਿਲਾ ਲਿੱਕਰ ਸਟੋਰ ਲਿਆ ਤਾਂ ਪੈਸੇ ਫੜ ਫੜਾ ਕੇ ਹੀ ਲਿਆ ਸੀ। ਮੈਂ ਤੇ ਹਰਪ੍ਰੀਤ ਨੇ ਦਿਨ ਰਾਤ ਇੱਕ ਕਰਕੇ ਸਟੋਰ ਚਲਾਇਆ। ਪੈਸੇ ਵੀ ਬੜੇ ਬਣਾਏ, ਘਰ ਬਾਹਰ ਸਭ ਕੁਝ ਬਣਾ ਲਿਆ। ਪਿਛਲੇ ਘਾਟੇ ਪਏ ਦਾ ਐਨਾ ਅਸਰ ਕਿ ਅਸੀਂ ਕਿਸੇ ਕਿਸਮ ਦੀ ਕੋਈ ਕਸਰ ਰਹਿਣ ਹੀ ਨਾ ਦਿੱਤੀ ਤੇ ਬਹੁਤ ਵਧੀਆ ਵਿਓਪਾਰ ਚਲਾ ਲਿਆ। ਦੂਜਾ ਤੀਜਾ ਚੌਥਾ ਇਸ ਤਰ੍ਹਾਂ ਬਹੁਤ ਜ਼ਿਆਦਾ ਬਾਰਾਂ ਸਟੋਰ ਬਣਾਏ ਤੇ ਇਕ ਬਹੁਤ ਕਾਮਯਾਬ ਬਿਜ਼ਨਸਮੈਨ ਦੇ ਤੌਰ ਤੇ ਜਾਣਿਆ ਜਾਣ ਲੱਗਾ। ਲੇ ਕਿਨ ਇਸ ਵਪਾਰਕ ਭੱਜ ਦੌੜ ਵਿੱਚ ਮੈਂ ਆਪਣੇ ਦੋਹਾਂ ਪੁੱਤਰਾਂ ਦੀ ਪੜ੍ਹਾਈ ਵੱਲ ਧਿਆਨ ਨਾ ਦਿੱਤਾ ਤੇ ਮੇਰੇ ਦੋਵੇਂ ਲੜਕੇ ਵਧੀਆ ਤਾਲੀਮ ਹਾਸਲ ਨਾ ਕਰ ਸਕੇ। ਜਦੋਂ ਕੰਵਰ **25** ਸਾਲ ਦਾ ਹੋ ਗਿਆ ਤਾਂ ਇੱਕ ਦਿਨ ਮੈਂ ਉਸ ਨਾਲ ਗੱਲ ਕਰ ਰਿਹਾ ਸੀ ਜਿਵੇਂ ਉਸ ਨਾਲ ਰੋਸ ਕਰਦਾ ਹੋਵਾਂ ਕਿ ਮੈਂ **22** ਸਾਲ ਦੀ ਉਮਰ ਵਿੱਚ ਐਮ. ਏ. ਕਰ ਲਈ ਸੀ ਤੇ ਤੂੰ **25** ਸਾਲ ਦਾ ਹੋ ਗਿਆ ਹਾਲੇ ਤੂੰ ਕਾਲਜ ਦੀ ਡਿਗਰੀ ਨਹੀਂ ਲਈ। ਕੰਵਰ ਤਾਂ ਅੱਖਾਂ ਭਰ ਕੇ ਚਲਾ ਗਿਆ ਪਰ ਮੈਂ ਸੋਚਣ ਲੱਗ ਪਿਆ ਕਿ ਕਿਤੇ ਇਹ ਮੇਰਾ ਹੀ ਕਸੂਰ ਤਾਂ ਨਹੀਂ। ਮੈਂ ਆਪਣੇ ਬੱਚਿਆਂ ਨੂੰ ਕੋਲ ਬੈਠ ਕੇ ਪੜ੍ਹਾ ਸਕਦਾ ਸੀ। ਮੈਂ ਡਾਲਰ ਕਮਾਉਣ ਲੱਗਾ ਰਿਹਾ ਤੇ ਮੇਰੇ ਬੱਚੇ ਉਸ ਤਰ੍ਹਾਂ ਨਾ ਪੜ੍ਹ ਸਕੇ ਜਿਸ ਤਰ੍ਹਾਂ ਪੜ੍ਹ ਸਕਦੇ ਸੀ। ਮੇਰੀ ਤਰਜੀਹ ਸਹੀ ਹੁੰਦਿਆਂ ਹੋਇਆ ਵੀ ਮੈਨੂੰ ਗਲਤ ਲੱਗਣ ਲੱਗੀ।

ਸਾਨੂੰ ਪਤਾ ਹੈ ਕਿ ਅਸੀਂ ਸਭ ਕੁਝ ਕਰ ਸਕਣ ਦੇ ਸਮਰੱਥ ਹਾਂ। ਅਸੀਂ ਆਪਣੇ ਜੀਵਨ ਦੇ ਸਾਰੇ ਨਿਸ਼ਾਨੇ ਆਪ ਹੀ ਬਣਾਉਂਦੇ ਹਾਂ ਤੇ ਆਪ ਹੀ ਨਿਭਾਉਂਦੇ ਹਾਂ। ਪਰ ਇੱਕ ਗੱਲ ਜੋ ਬਹੁਤ ਜ਼ਰੂਰੀ ਹੈ ਕਿ ਸਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਕਿਹੜਾ ਕੰਮ ਜ਼ਰੂਰੀ ਹੈ। ਕਿਹੜਾ ਕੰਮ ਸਾਨੂੰ ਪਹਿਲਾਂ ਕਰਨਾ ਚਾਹੀਦਾ ਹੈ। ਬਾਕੀ ਸਾਰੇ ਕਾਰਜ ਵੀ ਕਰਨੇ ਹਨ ਪਰ ਐਸਾ ਕਿਹੜਾ ਕਾਰਜ ਹੈ ਜੋ ਸਭ ਤੋਂ ਪਹਿਲਾਂ ਕਰਨਾ ਹੈ। ਬੱਸ ਇਸ ਗੱਲ ਦਾ ਜੇ ਪਤਾ ਲੱਗ ਜਾਵੇ ਤਾਂ ਹੀ ਉਹ ਲੋਕ ਬਹੁਤ ਕਾਮਯਾਬ ਹੁੰਦੇ ਹਨ। ਆਮ ਇਨਸਾਨ ਨੂੰ ਆਪਣੇ ਆਪ ਤੇ, ਆਪਣੀ ਕੁਝ ਕਰ ਸਕਣ ਦੀ ਸ਼ਕਤੀ ਤੇ ਮਾਣ ਹੁੰਦਾ ਹੈ। ਆਮ ਆਦਮੀ ਇਹ ਹੀ ਅੰਦਾਜ਼ੇ ਲਗਾਉਂਦਾ ਹੈ ਕਿ ਇਸ ਕੰਮ ਦਾ ਨਤੀਜਾ ਕੀ ਨਿਕਲੂ। ਜਿੰਨਾਂ ਕੁਝ ਕਰ ਸਕਣ ਦੀ ਕਿਸੇ ਦੀ ਸਮਰੱਥਾ ਹੈ ਓਨਾ ਹੀ ਕਰ ਸਕਦਾ ਹੈ ਨਾ ? ਜੇ ਕੋਈ ਦੂਰ-ਅੰਦੇਸ਼ੀ ਸਹੀ ਕਰ ਸਕਦਾ ਹੈ ਤਾਂ ਉਹ ਹੀ ਕਾਮਯਾਬ ਆਦਮੀ ਹੋ ਸਕਦਾ ਹੈ। ਤੀਸਰੀ ਗੱਲ ਜੋ ਸਭ ਤੋਂ ਜ਼ਰੂਰੀ ਹੈ, ਸਮਰੱਥਾ ਤੇ ਦੂਰ-ਅੰਦੇਸ਼ੀ ਤੋਂ ਵੀ ਜ਼ਰੂਰੀ ਹੈ ਕਿ ਕਿਸ ਕੰਮ ਨੂੰ ਅਸੀਂ ਤਰਜੀਹ ਦਿੰਦੇ ਹਾਂ। ਜੇ ਸਾਨੂੰ ਤਰਜੀਹ ਦੇਣੀ ਆ ਜਾਵੇ ਤਾਂ ਅਸੀਂ ਬਹੁਤ ਹੀ ਕਾਮਯਾਬ ਹੋ ਸਕਦੇ ਹਾਂ। ਆਪਣੀ ਕਾਮਯਾਬੀ ਲਈ ਸਾਨੂੰ ਸਿੱਖਣਾ ਪਵੇਗਾ ਕਿ ਪਹਿਲ ਕਿਸ ਕੰਮ ਨੂੰ ਦੇਣੀ ਹੈ। ਬਾਕੀ ਦੇ ਕੰਮ ਫੇਰ ਸਹੀ। ਜਦੋਂ ਸਾਨੂੰ ਸੋਚ ਸਮਝ ਕੇ ਪਹਿਲ ਦੇਣੀ ਆ ਜਾਵੇ, ਤਰਜੀਹ ਦੇਣੀ ਆ ਜਾਵੇ ਤਾਂ ਅਸੀਂ ਆਸਾਨੀ ਨਾਲ ਹੀ ਜ਼ਿਆਦਾ ਜ਼ਰੂਰੀ ਕੰਮ ਕਰਨ ਲਗਦੇ ਹਾਂ ਤੇ ਸੁਭਾਵਕ ਹੀ ਨਾ ਜ਼ਰੂਰੀ ਕੰਮਾਂ ਨੂੰ ਜਾਂ ਘਟ ਜ਼ਰੂਰੀ ਕੰਮਾਂ ਨੂੰ ਅਸੀਂ ਅਣਸੀਤੇ ਰਹਿਣ ਦਿੰਦੇ ਹਾਂ। ਸਾਡਾ ਜੇ ਤਰਜੀਹ ਦੇਣ ਦਾ ਤਜਰਬਾ ਹੋ ਜਾਵੇ ਤਾਂ ਸੁਭਾਵਕ ਹੀ ਬਾਕੀ ਕਈ ਕੰਮਾਂ ਨੂੰ ਨਾਂਹ ਕਰ ਦਿੰਦੇ ਹਾਂ। ਜਿਸ ਨੂੰ ਨਾਂਹ ਕਹਿਣੀ ਆ ਜਾਵੇ, ਉਹ ਹੀ ਕਾਮਯਾਬੀਆਂ ਹਾਸਲ ਕਰਦੇ ਹਨ ਤੇ ਜੋ ਨਾਂਹ ਨਹੀਂ ਕਹਿ ਸਕਦੇ, ਉਹ ਕਾਮਯਾਬ ਹੋ ਹੀ ਨਹੀਂ ਸਕਦੇ। ਕਾਮਯਾਬ ਲੋਕ ਆਪ ਮੁਹਾਰੇ ਹੀ ਕੰਮਾਂ ਨੂੰ ਤਰਜੀਹ ਦਿੰਦੇ ਹਨ ਤੇ ਆਪ ਮੁਹਾਰੇ ਹੀ ਜੋ ਬਹੁਤੇ ਜ਼ਰੂਰੀ ਕੰਮ ਨਹੀਂ ਹਨ, ਉਨ੍ਹਾਂ ਨੂੰ ਨਾਂਹ ਕਹਿ ਦਿੰਦੇ ਹਨ। ਜੋ ਫ਼ੈਸਲਾਕੁੰਨ ਵਿਅਕਤੀ ਨਹੀਂ ਹਨ, ਜਿਨ੍ਹਾਂ ਨੂੰ ਤਰਜੀਹ ਨਹੀਂ ਦੇਣੀ ਆਉਂਦੀ ਜਾਂ ਜੋ ਕਿਸੇ ਹੋਰ ਡਰ ਤੋਂ ਡਰੇ ਹੋਏ ਜ਼ਰੂਰੀ ਕੰਮ ਨੂੰ ਪਹਿਲ ਨਹੀਂ ਦੇ ਸਕਦੇ ਤੇ ਘੱਟ ਜ਼ਰੂਰੀ ਕੰਮ


Academy of the Punjab in North America: http://www.apnaorg.com

ਵਿੱਚ ਹੀ ਐਸਾ ਦੌੜਦੇ ਹਨ ਕਿ ਪਿਛਾਂਹ ਪਰਤਣਾ ਔਖਾ ਹੋ ਜਾਂਦਾ ਹੈ ਤਾਂ ਫਿਰ ਉਹ ਸਾਰੀ ਉਮਰ ਪਛਤਾਉਂਦੇ ਹਨ। ਕਾਮਯਾਬੀਆਂ ਹਾਸਲ ਕਰਕੇ ਵੀ ਉਹ ਨਾਕਾਮਯਾਬ ਹੁੰਦੇ ਹਨ ਤੇ ਮੇਰੇ ਵਾਂਗ ਫਿਰ ਹੋਰ ਨਹੀਂ ਤਾਂ ਕਲਮ ਫੜ ਕੇ ਕਈ ਵਾਰ ਆਪਣੇ ਗੁੱਭ-ਗੁਭਾਟ ਕੱਢ ਲੈਂਦੇ ਹਨ ਪਰ ਕਰ ਕੁਝ ਨਹੀਂ ਸਕਦੇ। ਸਿਆਣੇ ਆਖਦੇ ਨੇ ਨਾ 'ਫਿਰ ਪਛਤਾਇਆ ਕੀ ਹੋਣਾ ਜਦ ਚਿੜੀਆਂ ਚੁਗ ਗਈਆਂ ਖੇਤ। ' ਜਿਹੜਾ ਦੁੱਧ ਤੁਹਾਡੀ ਅਣਗਹਿਲੀ ਕਰਕੇ ਫੁੱਟ ਗਿਆ, ਫਿਰ ਉਸ ਨੂੰ ਕਦੇ ਦੁੱਧ ਨਹੀਂ ਬਣਾਇਆ ਜਾ ਸਕਦਾ। ਸੋ ਤੁਸੀਂ ਜੇ ਸਭ ਕੁਝ ਕਰ ਸਕਦੇ ਹੋ, ਨਫ਼ੇ ਨੁਕਸਾਨ ਵੀ ਜਾਣ ਸਕਦੇ ਹੋ ਤਾਂ ਵੀ ਆਪਣੇ ਆਪ ਤੇ ਕ੍ਰਿਪਾ ਕਰੋ ਕਿ ਉਹ ਹੀ ਕੰਮ ਪਹਿਲਾਂ ਕਰੋ ਜੋ ਤੁਹਾਨੂੰ ਪਹਿਲਾਂ ਕਰਨੇ ਚਾਹੀਦੇ ਹਨ।

****

**ਜਿਸ ਨੂੰ ਨਾਂਹ ਕਹਿਣੀ ਆ ਜਾਵੇ, ਉਹ ਹੀ ਕਾਮਯਾਬੀਆਂ ਹਾਸਲ ਕਰਦੇ ਹਨ ਤੇ ਜੋ ਨਾਂਹ ਨਹੀਂ ਕਹਿ ਸਕਦੇ, ਉਹ ਕਾਮਯਾਬ ਹੋ ਹੀ ਨਹੀਂ ਸਕਦੇ। ਕਾਮਯਾਬ ਲੋਕ ਆਪ ਮੁਹਾਰੇ ਹੀ ਕੰਮਾਂ ਨੂੰ ਤਰਜੀਹ ਦਿੰਦੇ ਹਨ ਤੇ ਆਪ ਮੁਹਾਰੇ ਹੀ ਜੋ ਬਹੁਤੇ ਜ਼ਰੂਰੀ ਕੰਮ ਨਹੀਂ ਹਨ, ਉਨ੍ਹਾਂ ਨੂੰ ਨਾਂਹ ਕਹਿ ਦਿੰਦੇ ਹਨ।**


Academy of the Punjab in North America: http://www.apnaorg.com

# ਸਾਡੇ ਹਥਿਆਰ

ਸਮਾਜ ਵਿੱਚ ਪੈਦਾ ਹੋ ਕੇ ਜਦੋਂ ਅਸੀਂ ਆਪਣੇ ਸਮਾਜ ਬਣਾਉਣ ਦੇ ਸਮਰੱਥ ਹੋ ਜਾਂਦੇ ਹਾਂ, ਜਦੋਂ ਸਾਨੂੰ ਇਸ ਤਰ੍ਹਾਂ ਲਗਦਾ ਹੈ ਕਿ ਅਸੀਂ ਆਪਣੇ ਹੱਥੀ ਆਪਣੇ ਆਪੇ ਕੰਮ ਸਵਾਰ ਸਕਦੇ ਹਾਂ ਤਾਂ ਕੰਮ ਸੰਵਾਰਨ ਲਈ ਸਾਨੂੰ ਕੋਈ ਯੋਜਨਾ ਬਣਾਉਣੀ ਪੈਂਦੀ ਹੈ। ਆਪਣੇ ਨਫ਼ੇ ਨੁਕਸਾਨ ਦਾ ਅਹਿਸਾਸ ਹੋਣਾ ਚਾਹੀਦਾ ਹੈ। ਜਦ ਇਹ ਵੀ ਹੋ ਜਾਵੇ ਫਿਰ ਅਸੀਂ ਇਹ ਸਭ ਕੁਝ ਕਰਨ ਦੀ ਜ਼ਿੰਮੇਵਾਰੀ ਲੈ ਲੈਂਦੇ ਹਾਂ। ਇਸ ਜ਼ਿੰਮੇਵਾਰੀ ਨੂੰ ਪ੍ਰਬੰਧਕ ਕਿਹਾ ਜਾਂਦਾ ਹੈ। ਜਦੋਂ ਅਸੀਂ ਆਪਣੇ ਕੰਮਾਂ ਦੇ ਪ੍ਰਬੰਧਕ ਬਣ ਜਾਂਦੇ ਹਾਂ ਤਾਂ ਅਸੀਂ ਯਤਨ ਕਰਦੇ ਹਾਂ ਕਿ ਸਾਡੀ ਜੀਵਨੀ ਨੂੰ ਪ੍ਰਭਾਵਸ਼ਾਲੀ ਕਿਵੇਂ ਬਣਾਇਆ ਜਾਵੇ। ਸਹੀ ਅਸੂਲ ਹੋਣ। ਜੋ ਕਰ ਰਹੇ ਹਾਂ ਉਸ ਦੀ ਸਮਝ ਹੋਵੇ। ਇਹ ਵੀ ਸਮਝ ਹੋਵੇ ਕਿਹੜਾ ਕੰਮ ਮਹੱਤਵਪੂਰਨ ਹੈ ਤੇ ਕਿਹੜਾ ਟਾਲਿਆ ਜਾ ਸਕਦਾ ਹੈ। ਆਪਣੇ ਅਧਿਕਾਰ ਖੇਤਰ ਵਿੱਚ ਰਹਿ ਕੇ ਅਸੀਂ ਹਰ ਚੀਜ਼ ਦਾ ਸੰਤੁਲਨ ਰੱਖਣ ਦਾ ਯਤਨ ਕਰਦੇ ਹਾਂ। ਜਿੰਨਾ ਸੰਤੁਲਨ ਰੱਖ ਸਕਦੇ ਹਾਂ ਓਨੇ ਹੀ ਅਸੀਂ ਵਧੀਆ ਪ੍ਰਬੰਧਕ ਹੁੰਦੇ ਹਾਂ। ਮੂਲ ਤੱਤ ਨੂੰ ਪਰਖਣ ਲਈ ਕਿਸ ਮਾਪ-ਦੰਡ, ਕਿਸ ਕਸੌਟੀ ਦੀ ਲੋੜ ਪੈਂਦੀ ਹੈ ਜਾਂ ਕਿਸ ਕਸੌਟੀ ਤੇ ਪੂਰੇ ਉੱਤਰਨਾ ਹੁੰਦਾ ਹੈ, ਉਸ ਲਈ ਕਈ ਹਥਿਆਰ ਚਾਹੀਦੇ ਹਨ। ਆਪਣੀ ਮਰਜ਼ੀ ਨਾਲ ਆਪਣੇ ਟੀਚੇ ਪ੍ਰਾਪਤ ਕਰਨ ਲਈ ਜੋ ਮਾਪ ਦੰਡ ਚਾਹੀਦੇ ਹਨ, ਉਨ੍ਹਾਂ ਕਸੌਟੀਆਂ ਦੀ ਚਰਚਾ ਕਰੀਏ। ਅਸੀਂ ਇਨ੍ਹਾਂ ਮਾਪ-ਦੰਡਾਂ ਨੂੰ ਜੀਵਨ ਜੁਗਤੀ ਦੇ ਹਥਿਆਰ ਆਖ ਸਕਦੇ ਹਾਂ। ਸਾਡੀ ਦੂਰਦ੍ਰਿਸ਼ਟੀ, ਸਾਡੀ ਸਮਝ ਦਾ ਅਤੇ ਸਾਡੇ ਇਰਾਦੇ ਦੇ ਟੀਚੇ ਦਾ ਤਾਲਮੇਲ ਬਹੁਤ ਜ਼ਰੂਰੀ ਹੈ। ਭਾਵੇਂ ਤੁਹਾਨੂੰ ਕਿੰਨਾ ਵੀ ਆਪਣੇ ਆਪ ਤੇ ਮਾਣ ਹੋਵੇ, ਕਿੰਨੇ ਵੀ ਢੰਗ ਤਰੀਕੇ ਜਾਣਦੇ ਹੋਵੋਂ, ਕਿੰਨੇ ਵੀ ਟੀਚੇ ਮਿਥਣ ਦੀ ਤੁਹਾਡੀ ਯੋਗਤਾ ਹੋਵੇ ਪਰ ਫਿਰ ਵੀ ਸਫਲ ਜੀਵਨ ਜੀਣ ਲਈ ਤੁਹਾਡੇ ਨਿਸ਼ਾਨਿਆਂ ਦਾ ਅਤੇ ਨਿਸ਼ਾਨਿਆਂ ਵੱਲ ਵਧਣ ਦਾ ਤਾਲਮੇਲ ਹੋਣਾ ਬਹੁਤ ਜ਼ਰੂਰੀ ਹੈ। ਤੁਹਾਡੀ ਸ਼ਕਤੀ ਤੇ ਸ਼ਕਤੀ ਦਾ ਇਸਤੇਮਾਲ ਕਰਨ ਦਾ ਤਾਲਮੇਲ ਜ਼ਰੂਰੀ ਹੈ। ਜੋ ਸਕੀਮਾਂ ਤੁਸੀਂ ਬਣਾਈਆਂ ਹਨ, ਉਨ੍ਹਾਂ ਸਕੀਮਾਂ ਦਾ ਤੇ ਸਕੀਮਾਂ ਦੀ ਚੋਣ ਦਾ ਤਾਲਮੇਲ ਹੋਣਾ ਬਹੁਤ ਜ਼ਰੂਰੀ ਹੈ। ਆਪਣੀ ਖਾਹਸ਼ ਪੂਰੀ ਕਰਦਿਆਂ ਤੁਸੀਂ ਕੋਈ ਮਰਿਆਦਾ ਤਾਂ ਭੰਗ ਨਹੀਂ ਕਰ ਰਹੇ। ਹਰ ਕਰਮ ਕਰਦਿਆਂ ਮਰਿਆਦਾ ਦਾ ਹਥਿਆਰ ਬੜੇ ਕੰਮ ਆਉਂਦਾ ਹੈ।

ਜੋ ਵੀ ਮਰਜ਼ੀ ਹਥਿਆਰ ਵਰਤੋ ਜਿੰਨਾ ਚਿਰ ਤੁਹਾਡੇ ਜੀਵਨ ਦਾ ਸੰਤੁਲਨ ਹੈ ਓਨਾ ਚਿਰ ਤੱਕ ਤੁਸੀਂ ਸਮਝੋ ਕਿ ਸਹੀ ਰਸਤੇ ਤੇ ਜਾ ਰਹੇ ਹੋ। ਸੋ ਮਰਿਆਦਾ ਦੇ ਨਾਲ ਨਾਲ ਸੰਤੁਲਨ ਵੀ ਸਾਡਾ ਹਥਿਆਰ ਹੁੰਦਾ ਹੈ। ਜੋ ਸੰਤੁਲਨ ਰੱਖ ਸਕਦੇ ਹਨ, ਉਹ ਕਮਾਈਆਂ ਕਰਦੇ ਕਰਦੇ ਆਪਣੇ, ਪਰਿਵਾਰ ਆਪਣੀ ਸਿਹਤ ਜਾਂ ਆਪਣੇ ਸਨਮਾਨ ਨੂੰ ਵੀ ਨਹੀਂ ਗਵਾਉਣਾ ਚਾਹੁੰਦੇ। ਇਹ ਬਹੁਤ ਵਾਰ ਹੁੰਦਾ ਹੈ ਕਿ ਅਸੀਂ ਇੱਕ ਪਾਸੇ ਜਿੱਤ ਪ੍ਰਾਪਤ ਕਰਦੇ ਕਰਦੇ ਦੂਜੇ ਪਾਸੇ ਹਾਰ ਜਾਂਦੇ ਹਾਂ ਤੇ ਸੋਚਦੇ ਹਾਂ ਚਲ ਕੋਈ ਨਹੀਂ ਇੱਕ ਪਾਸਾ ਤਾਂ ਠੀਕ ਹੋਇਆ। ਪੈਸੇ ਤੇ ਬਣਾ ਹੀ ਲਏ ਜੋ ਪਰਿਵਾਰ ਨੂੰ ਤੁਸੀਂ ਕੋਈ ਮਹੱਤਤਾ ਨਹੀਂ ਦਿੱਤੀ ਜਾਂ ਸਿਹਤ ਹੋਰ ਖਰਾਬ ਕਰ ਲਈ ਤਾਂ ਸੱਚ ਦੱਸਿਓ ਕਿ ਇਹ ਸੌਦਾ ਤੁਹਾਨੂੰ ਪੁੱਗਦਾ ਹੈ ? ਸੰਤੁਲਨ ਨਾ ਰਿਹਾ ਤਾਂ ਕਦੇ ਕਿਸੇ ਕਾਮਯਾਬੀ ਦੀ ਖੁਸ਼ੀ ਹੋ ਹੀ ਨਹੀਂ ਸਕਦੀ? ਸਾਨੂੰ ਕੋਈ ਐਸਾ ਹਥਿਆਰ ਵੀ ਚਾਹੀਦਾ ਹੈ ਜਿਸ ਦਾ ਸਾਨੂੰ ਆਸਰਾ ਹੋਵੇ, ਹੌਸਲਾ ਹੋਵੇ ਕਿ ਮੇਰੇ ਕੋਲ ਇਹ ਹਥਿਆਰ ਹੈ। ਸਾਡੇ ਅੰਦਰ ਪ੍ਰੇਰਨਾ ਦੇਵੇ, ਜਿਸ ਪ੍ਰੇਰਨਾ ਸਦਕਾ ਅਸੀਂ ਵਧੀਆ ਪ੍ਰਬੰਧਕ ਬਣ ਸਕਦੇ ਹਾਂ, ਜਿਸ ਕਰਕੇ ਅਸੀਂ ਆਪਣੇ ਕੀਤੇ ਦੇ ਇਵਜ਼ਾਨੇ ਭੁਗਤਣ ਤੋਂ ਬਚ ਸਕਦੇ ਹਾਂ। ਜੋ ਸਾਨੂੰ ਸਹੀ ਸੇਧ ਦਿੰਦੇ ਹਨ, ਉਹ ਹੀ ਸਹੀ ਹਥਿਆਰ ਹਨ, ਉਹ ਹੀ ਸਾਡਾ ਮੁੱਖ ਕੇਂਦਰ ਹੈ। ਸਭ ਤੋਂ ਵਡਾ ਹਥਿਆਰ ਉਸ ਪਾਸ ਹੈ ਜੋ ਆਪਣੇ ਪਹਿਲਾਂ ਕਰਨ ਵਾਲੇ ਕੰਮ ਚੁਣ ਸਕੇ । ਜੇਕਰ ਕੰਮ ਤੁਹਾਨੂੰ ਆਪਣੇ ਮਗਰ ਤੋਰਦਾ ਹੈ ਤਾਂ ਠੀਕ ਨਹੀਂ ਹੈ। ਆਪਣੇ ਕੰਮਾਂ ਤੇ ਆਪਣੀ ਹਕੂਮਤ ਤਾਂ ਚਲੋ ਅਸੀ ਕਰ ਸਕਦੇ ਹਾਂ ਲੇਕਿਨ ਸਾਡੇ ਆਲੇ ਦੁਆਲੇ ਦੀ ਦੁਨੀਆ ਦਾ ਕੀ ਕਰੀਏ।


Academy of the Punjab in North America: http://www.apnaorg.com

ਚਲਦੇ ਸਾਈਕਲ ਵਿੱਚ ਡੰਡਾ ਅੜਾ ਕੇ ਤਾਰਾਂ ਤੋੜਨ ਵਾਲਿਆਂ ਦਾ ਕੀ ਕਰੀਏ? ਕਿਹੜਾ ਹਥਿਆਰ ਵਰਤੀਏ । ਕਈ ਵਾਰ ਅਸੀਂ ਬੁਰਕੀ ਪਾ ਕੇ ਕਿਸੇ ਨੂੰ ਪੂਛ ਹਿਲਾਉਣ ਲਾ ਲੈਂਦੇ ਹਾਂ। ਕਈ ਵਾਰ ਭਾਈਵਾਲੀ ਕਰਕੇ ਸਾਡੇ ਕਾਰਜ ਵੀ ਐਸੇ ਹੋ ਸਕਦੇ ਹਨ ਤੇ ਤੁਹਾਡੀ ਵੀ ਰੀਝ ਪੂਰੀ ਹੋ ਜਾਵੇ। ਲੋਕਾਂ ਦਾ ਮੂੰਹ ਬੰਦ ਕਰਨ ਲਈ ਕੋਈ ਨਾ ਕੋਈ ਹਥਿਆਰ ਤਾਂ ਵਰਤਣਾ ਹੀ ਪਵੇਗਾ। ਸਲਾਹ ਕਰਕੇ ਲੋਕਾਂ ਦੀ ਵੀ ਕਦਰ ਵਧਾ ਸਕਦੇ ਹਾਂ। ਤੂੰ ਦੱਸੀ ਬਈ ਇਹ ਕੰਮ ਕਿਵੇਂ ਕਰੀਏ। ਅਗਲਾ ਖੁਸ਼ ਹੋ ਜਾਵੇ, ਤੁਹਾਡਾ ਕੀ ਜਾਂਦਾ ਹੈ। ਤੁਸੀਂ ਤਾਂ ਮੁਸਕਰਾ ਲਿਆ, ਕਰਨੀ ਤਾਂ ਆਪਣੀ ਮਰਜ਼ੀ ਹੀ ਹੈ। ਖੈਰ ਕੋਈ ਵੀ ਹਥਿਆਰ ਹੋਵੇ, ਉਹ ਤੁਹਾਡੇ ਕੰਮ ਆਵੇ ਤਾਂ ਹੀ ਤੁਹਾਡਾ ਹਥਿਆਰ ਹੈ। ਜੇ ਤੁਹਾਨੂੰ ਮਗਰ ਲਾ ਲਿਆ ਤਾਂ ਤੁਹਾਡੇ ਹੀ ਸਿਰ ਵਿੱਚ ਵੱਜਣ ਵਾਲਾ ਹਥਿਆਰ ਤੁਹਾਡੇ ਕਿਹੜੇ ਕੰਮ। ਤੁਹਾਡਾ ਹਥਿਆਰ ਤੁਹਾਡੇ ਲਈ ਕੰਮ ਕਰੇ, ਤੁਹਾਡੀ ਮਰਜ਼ੀ ਨਾਲ ਲੋੜਾਂ ਪੂਰੀਆਂ ਕਰੇ ਤਾਂ ਹੀ ਤਾਂ ਉਸਨੂੰ ਤੁਹਾਡਾ ਹਥਿਆਰ ਕਹਾਂਗੇ। ਸਮੇਂ ਸਿਰ ਤੁਹਾਡਾ ਹਥਿਆਰ ਕੋਲ ਵੀ ਹੋਣਾ ਚਾਹੀਦਾ ਹੈ। ਇਮਤਿਹਾਨ ਦੇਣ ਚਲੇ ਜਾਓ ਪਰ ਪੈੱਨ ਹੀ ਨਾ ਲਿਆਓ ਤਾਂ ਕਿਸ ਨਾਲ ਲਿਖੋਗੇ? ਯੁੱਧ ਵਿੱਚ ਚਲੇ ਜਾਓ ਪਰ ਆਪਣੀ ਤਲਵਾਰ ਜਾਂ ਗੰਨ ਜੇ ਘਰ ਹੀ ਭੁੱਲ ਜਾਓ ਤਾਂ ਆਪਣਾ ਸਿਰ ਵਢਵਾ ਕੇ ਆਵੋਗੇ। ਸਾਡੇ ਹਥਿਆਰ ਸਾਡੇ ਕੰਮ ਵੀ ਆਉਣ ਵਾਲੇ ਹੋਣੇ ਚਾਹੀਦੇ ਹਨ ਤੇ ਸਾਡੇ ਕੋਲ ਵੀ ਹੋਣੇ ਚਾਹੀਦੇ ਹਨ। ਦੂਰ-ਅੰਦੇਸ਼ੀ ਨਾਲ ਸੋਚ ਸਮਝ ਕੇ ਤੁਰਨ ਵਾਲੇ ਹੀ ਸਹੀ ਟਿਕਾਣੇ ਪਹੁੰਚਦੇ ਹਨ। ਇਸ ਲਈ ਤੁਹਾਨੂੰ ਐਸੇ ਹਥਿਆਰ ਚਾਹੀਦੇ ਹਨ ਜੋ ਤੁਹਾਨੂੰ ਦੂਰ-ਅੰਦੇਸ਼ੀ ਦੇ ਕਾਬਲ ਬਣਾ ਦੇਣ। ਕਿਸ ਕੰਮ ਨੂੰ ਪਹਿਲਾਂ ਕਰਨਾ ਹੈ ਤੇ ਕਿਵੇਂ ਕਰਨਾ ਹੈ, ਇਸ ਲਈ ਜੋ ਹਥਿਆਰ ਕੰਮ ਆਵੇ, ਉਹ ਹੀ ਅਸਲ ਵਿੱਚ ਵਧੀਆ ਹਥਿਆਰ ਹੁੰਦਾ ਹੈ। ਤਜਰਬਾ, ਅਭਿਆਸ ਸਭ ਤੋਂ ਵਧੀਆ ਹਥਿਆਰ ਸਿੱਧ ਹੋ ਸਕਦਾ ਹੈ, ਬਸ਼ਰਤੇ ਕੇ ਤੁਹਾਨੂੰ ਸਹੀ ਪਾਸੇ ਜਾਣ ਦਾ ਅਭਿਆਸ ਹੋ ਗਿਆ ਹੋਵੇ।

ਜੋ ਕਾਰਜ ਅਸੀਂ ਕਰਦੇ ਹਾਂ, ਉਨ੍ਹਾਂ ਦੀ ਪੂਰਤੀ ਲਈ ਸਾਡਾ ਜੋ ਰੋਲ ਹੈ, ਸਾਡੀ ਜੋ ਜਗ੍ਹਾ ਹੈ, ਉਸ ਦਾ ਪੂਰਾ ਪੂਰਾ ਗਿਆਨ ਹੋਵੇ, ਬਲਕਿ ਸਭ ਨੂੰ ਪਤਾ ਹੋਵੇ ਕਿ ਇਸ ਕੰਮ ਵਿੱਚ ਕੀ ਰੋਲ ਹੈ, ਸਾਡਾ ਤਾਂ ਫਿਰ ਵੀ ਵਿਰੋਧ ਨਹੀਂ ਹੁੰਦਾ। ਜੇ ਕਿਸੇ ਨੂੰ ਪਤਾ ਹੀ ਨਾ ਲੱਗੇ ਕਿ ਕੀ ਹੋ ਰਿਹਾ ਹੈ ਤਾਂ ਉਤਸੁਕਤਾ ਰਹਿੰਦੀ ਹੈ, ਭਰਮ ਰਹਿ ਜਾਂਦਾ ਹੈ। ਅਸੀਂ ਆਪਣੇ ਮੁਲਾਜ਼ਮਾਂ ਨੂੰ ਹਮੇਸ਼ਾਂ ਇਹ ਕਹੀਦਾ ਹੈ ਕਿ ਜਦੋਂ ਅੰਗਰੇਜ਼ ਗਾਹਕ ਸਟੋਰ ਵਿੱਚ ਹੋਣ ਤਾਂ ਉਨ੍ਹਾਂ ਦੇ ਸਾਹਮਣੇ ਆਪਸ ਵਿੱਚ ਵੀ ਪੰਜਾਬੀ ਨਾ ਬੋਲੋ। ਜਦ ਕਿਸੇ ਨੂੰ ਪਤਾ ਨਹੀਂ ਲਗਦਾ ਕਿ ਕੀ ਹੋ ਰਿਹਾ ਤਾਂ ਵੀ ਤੁਹਾਡੀ ਮੁਖ਼ਾਲਫ਼ਤ ਹੁੰਦੀ ਹੈ। ਆਪਣੇ ਟੀਚਿਆਂ ਵਿੱਚੋਂ ਸਹੀ ਟੀਚਾ ਚੁਣ ਲੈਣਾ ਵੀ ਇੱਕ ਹਥਿਆਰ ਹੈ। ਟੀਚੇ ਤੇ ਪਹੁੰਚਣ ਦੀ ਯੋਗਤਾ ਵੀ ਹਥਿਆਰ ਹੈ। ਜੇ ਇਸ ਸਭ ਕੁਝ ਨੂੰ, ਸਾਰੇ ਹਥਿਆਰਾਂ ਨੂੰ, ਸਾਰੇ ਟੀਚਿਆਂ ਨੂੰ ਇਕੱਠਾ ਕਰਕੇ ਦੇ ਖੀਏ ਤਾਂ ਸਭ ਕੁਝ ਮੁੜ ਗਿੜ ਕੇ ਸਾਡੇ ਤੇ ਹੀ ਆ ਜਾਂਦਾ ਹੈ। ਜੇ ਅਸੀਂ ਪੂਰੀ ਕੋਸ਼ਿਸ਼ ਕਰਕੇ ਆਪਣੇ ਆਪ ਨੂੰ ਵਧੀਆ ਇਨਸਾਨ ਬਣਾਉਣ ਦਾ ਯਤਨ ਕਰੀਏ ਤਾਂ ਸਭ ਤੋਂ ਵਧੀਆ ਯਤਨ ਹੈ, ਸਭ ਤੋਂ ਵਧੀਆ ਕਾਰਵਾਈ ਹੈ। ਸਭ ਤੋਂ ਵਧੀਆ ਚੋਣ ਹੈ ਅਤੇ ਸਭ ਤੋਂ ਵਧੀਆ ਟੀਚਾ ਹੈ। ਜੇ ਤੁਹਾਡੇ ਵਿਚੋਂ ਖ਼ੁਸ਼ਬੋ ਆਉਂਦੀ ਹੈ ਤਾਂ ਉਹ ਖ਼ੁਸ਼ਬੋ ਸਭ ਨੂੰ ਪਤਾ ਚੱਲ ਜਾਏਗੀ। ਤੁਹਾਡੇ ਵਿਹੜੇ ਲੱਗੇ ਫੁੱਲਾਂ ਦੀ ਮਹਿਕ ਦੂਰ ਦੂਰ ਤੱਕ ਆਪੇ ਚਲੇ ਜਾਵੇਗੀ ਤੇ ਸੱਚ ਜਾਣਿਓ ਬਦਬੋ ਦਾ ਵੀ ਇਹੀ ਹਿਸਾਬ ਹੈ। ਬਦਬੋ ਸਗੋਂ ਪਹਿਲਾਂ ਰੜਕ ਪੈਂਦੀ ਹੈ। ਜੋ ਮਰਜ਼ੀ ਹਥਿਆਰ ਵਰਤੋਂ ਜੇ ਤੁਹਾਡੇ ਤੋਂ ਕਿਤੇ ਖ਼ੁਸ਼ਬੋ ਆਉਣ ਲੱਗ ਜਾਵੇ ਤਾਂ ਤੁਹਾਡੇ ਤੋਂ ਵੱਧ ਜ਼ਿੰਦਗੀ ਦੇ ਦਾਅ ਪੇਚ ਹੋਰ ਕਿਸੇ ਨੂੰ ਨਹੀਂ ਆਉਂਦੇ। ਜੇ ਅਸੀਂ ਮਹਿਕ ਵੰਡਦੇ ਹਾਂ ਤਾਂ ਮਹਿਕ ਖਿਲਾਰਦੇ ਹਾਂ ਤਾਂ ਹੀ ਆਖ ਸਕਦੇ ਹਾਂ ਜ਼ਿੰਦਗੀ ਜ਼ਿੰਦਾਬਾਦ!

****


Academy of the Punjab in North America: http://www.apnaorg.com

# ਸਾਡੀ ਨਿਰਭਰਤਾ

ਅਸੀਂ ਪਹਿਲਾਂ ਆਪਣੇ ਮਾਂ ਬਾਪ 'ਤੇ ਨਿਰਭਰ ਕਰਦੇ ਹਾਂ। ਸਮਾਜ 'ਤੇ ਧਾਰਮਿਕ ਅਸਥਾਨਾਂ 'ਤੇ ਸਕੂਲਾਂ ਤੇ ਨਿਰਭਰ ਕਰਦੇ ਹਾਂ। ਫਿਰ ਸਮਾਂ ਆਉਂਦਾ ਹੈ ਕਿ ਸਾਨੂੰ ਆਪਣੇ ਆਪ ਤੇ ਨਿਰਭਰ ਹੋਣ ਦਾ ਗਿਆਨ ਹੁੰਦਾ ਹੈ। ਅਸੀਂ ਆਪਣੇ ਅੰਗ ਮਹਿਸੂਸ ਕਰਨ ਲਗਦੇ ਹਾਂ। ਜਦ ਸਾਡੇ ਡੌਲ਼ੇ ਫਰਕਦੇ ਹਨ ਤਾਂ ਸਾਨੂੰ ਆਪਣੇ ਆਪ ਤੇ ਮਾਣ ਹੋ ਜਾਂਦਾ ਹੈ। ਅਸੀਂ ਚਾਹੁੰਦੇ ਹਾਂ ਕਿ ਆਪਣੇ ਰਾਹ ਆਪ ਬਣਾਈਏ ਬਲਕਿ ਹੋਰ ਵੀ ਕੋਈ ਸਾਡੇ ਬਣਾਏ ਰਾਹਾਂ ਤੇ ਤੁਰੇ। ਮੈਂ ਕਿਧਰੇ ਪੜ੍ਹਿਆ ਕਿ ਜੋ ਕੁਝ ਵੀ ਸਾਨੂੰ ਮਿਲਿਆ ਹੈ ਅੱਖਾਂ, ਨੱਕ, ਕੰਨ, ਲੱਤਾਂ, ਪੈਰ ਸਾਰੀ ਦੀ ਸਾਰੀ ਕੰਚਨ ਦੇਹੀ, ਜੋ ਸਾਨੂੰ ਮਿਲੀ ਹੈ, ਇਹ ਸਾਨੂੰ ਪਰਮਾਤਮਾ ਵੱਲੋਂ ਤੋਹਫ਼ਾ ਮਿਲਿਆ ਹੈ। ਮਾਂ-ਪਿਓ ਵੱਲੋਂ ਤੋਹਫ਼ਾ ਮਿਲਿਆ ਹੈ। ਪਰ ਜਿਸ ਤਰ੍ਹਾਂ ਅਸੀਂ ਆਪਣੇ ਆਪ ਨੂੰ ਬਣਾ ਲੈਂਦੇ ਹਾਂ, ਜਿਸ ਤਰ੍ਹਾਂ ਅਸੀਂ ਇਸ ਸੁੰਦਰ ਦੇਹੀ ਦਾ ਇਸਤੇਮਾਲ ਕਰਦੇ ਹਾਂ, ਇਹ ਸਾਡੇ ਵਲੋਂ ਤੋਹਫ਼ਾ ਹੁੰਦੀ ਹੈ। ਸਾਡਾ ਤੋਹਫ਼ਾ ਹੈ ਸਮਾਜ ਨੂੰ, ਮਾਤਾ-ਪਿਤਾ ਨੂੰ ਤੇ ਪ੍ਰਮਾਤਮਾ ਨੂੰ। ਇਹ ਜੋ ਤੋਹਫ਼ਾ ਹੈ, ਇਹ ਜਦ ਕਿਸੇ ਨੂੰ ਦੇਣ ਵਾਲਾ ਹੋ ਜਾਂਦਾ ਹੈ ਤਾਂ ਸਮਾਜ ਦਾ ਕੋਈ ਹੋਰ ਜੀਅ ਵੀ ਸਾਡੇ ਤੇ ਨਿਰਭਰ ਕਰ ਸਕਦਾ ਹੈ। ਹਰ ਇਨਸਾਨ ਦੀ, ਹਰ ਕਾਮਯਾਬ ਇਨਸਾਨ ਦੀ ਸਭ ਤੋਂ ਪਹਿਲੀ ਖਾਹਸ਼ ਹੁੰਦੀ ਹੈ ਕਿ ਉਸ ਨੂੰ ਲੋਕ ਜਾਨਣ। ਉਹ ਅੱਗੇ ਲੱਗ ਕੇ ਤੁਰਨਾ ਚਾਹੁੰਦਾ ਹੈ। ਦੁਨੀਆ ਵਿੱਚ ਆਪਣੀ ਦਿੱਖ ਬਣਾਉਣਾ ਚਾਹੁੰਦਾ ਹੈ। ਹਰ ਚੜ੍ਹਦੀਕਲਾ ਵਾਲਾ ਇਨਸਾਨ ਆਪਣੇ ਆਪ ਨੂੰ ਇੱਕ ਮਾਡਲ ਦੇ ਰੂਪ ਵਿਚ ਵੇਖਣਾ ਚਾਹੁੰਦਾ ਹੈ। ਗਲਤ ਚੀਜ਼ਾਂ ਨੂੰ ਠੀਕ ਕਰਨਾ ਚਾਹੁੰਦਾ ਏ। ਫਿਰ ਹੌਲੀ ਹੌਲੀ ਜ਼ਮਾਨੇ ਨੂੰ ਬਦਲਣਾ ਚਾਹੁੰਦਾ ਹੈ। ਉਰਦੂ ਦਾ ਇਕ ਸ਼ੇਅਰ ਹੈ 'ਜ਼ਮਾਨੇ ਕੋ ਬਦਲਨਾ ਹਮ ਨੇ ਠਾਣਾ, ਜ਼ਿੰਦਾ ਵੋ ਹੈ ਜੋ ਜ਼ਮਾਨੇ ਕੋ ਬਦਲ ਦੇਤੇ ਹੈਂ।'

ਸਾਡੀ ਜ਼ਮਾਨੇ ਨਾਲ ਨਿਰਭਰਤਾ ਆਰੰਭ ਹੋ ਜਾਂਦੀ ਹੈ। ਕਈ ਇੱਕੋ ਜਿਹੇ ਵਿਚਾਰਾਂ ਵਾਲੇ ਮਿਲ ਕੇ ਚਲਦੇ ਹਨ। ਇੱਕੋ ਜਿਹੇ ਖੰਭਾਂ ਵਾਲੇ ਪੰਛੀ ਇਕੱਠੇ ਉੱਡ ਸਕਦੇ ਹਨ। ਫਿਰ ਰਲ ਕੇ ਮਤੇ ਪਾਸ ਕਰਦੇ ਹਨ। ਸਿਆਣੇ ਕਿਹਾ ਕਰਦੇ ਸੀ, ਸੌ ਸਿਆਣਿਆਂ ਇੱਕੋ ਮੱਤ। ਸਿਆਣੇ ਮਿਲ ਕੇ ਚੋਣ ਕਰਦੇ ਹਨ ਕਿ ਕਿਹੜਾ ਕੰਮ ਪਹਿਲਾਂ ਕਰਨਾ ਚਾਹੀਦਾ ਹੈ ਤੇ ਕਿਹੜਾ ਕੰਮ ਬਿਲਕੁਲ ਨਹੀਂ ਕਰਨਾ ਚਾਹੀਦਾ। ਸੋ ਅਸੀਂ ਜ਼ਮਾਨਾ ਬਦਲ ਸਕਣ ਦੇ ਸਮਰੱਥ ਹੋ ਕੇ ਫਿਰ ਉਹ ਸੋਚਦੇ ਹਾਂ ਕਿ ਕਿਵੇਂ ਬਦਲਣਾ, ਜੇ ਇਸ ਤਰ੍ਹਾਂ ਕੀਤਾ ਤਾਂ ਉਸ ਦੇ ਨਤੀਜੇ ਕੀ ਨਿਕਲਣਗੇ- ਉਸ ਤਰ੍ਹਾਂ ਕੀਤਾ ਤੇ ਕੀ ਹੋਊ। ਜ਼ਮਾਨੇ ਨੂੰ ਬਦਲਣਾ ਕਿਥੋਂ ਸ਼ੁਰੂ ਕਰੀਏ, ਜ਼ਰੂਰੀ ਕਰਨ ਵਾਲੇ ਕੰਮ ਕਿਹੜੇ ਹਨ ਤੇ ਪਹਿਲਾਂ ਕਰਨ ਵਾਲੇ ਕਿਹੜੇ ਹਨ। ਜਦੋਂ ਅਸੀਂ ਇਸ ਮੋੜ ਤੇ ਪਹੁੰਚ ਜਾਂਦੇ ਹਾਂ ਤਾਂ ਫਿਰ ਸਵਾਲ ਪੈਦਾ ਹੁੰਦਾ ਹੈ ਕਿ ਅਸੀਂ ਕਿਸ ਤੇ ਨਿਰਭਰ ਕਰਨਾ ਹੈ ਤੇ ਕਿੰਨਾ ਕੁ ਨਿਰਭਰ ਕਰਨਾ ਹੈ। ਸ਼ੁਰੂ ਅਸੀਂ ਆਪਣੇ ਤੋਂ ਹੀ ਕਰਨਾ ਹੈ, ਪਹਿਲਾਂ ਆਪਣੇ ਆਪ ਨੂੰ ਸਵੈ ਨਿਰਭਰ ਬਣਾ ਲਵਾਂਗੇ ਤਾਂ ਹੀ ਕੋਈ ਸਾਡੇ ਤੇ ਨਿਰਭਰ ਹੋ ਸਕਦਾ।

ਜੇ ਅਸੀਂ ਚਾਹੁੰਦੇ ਹਾਂ ਕਿ ਸਾਡੇ 'ਤੇ ਕੋਈ ਵਿਸ਼ਵਾਸ ਕਰੇ ਤਾਂ ਸਾਨੂੰ ਆਪਣੇ ਆਪ ਨੂੰ ਵਿਸ਼ਵਾਸ ਕਰਨਯੋਗ ਬਣਾਉਣਾ ਪੈਂਦਾ ਹੈ। ਪਹਿਲਾਂ ਅਸੀਂ ਕਾਬਲ ਹੋਵਾਂਗੇ ਤਾਂ ਹੀ ਸਾਡੀ ਕਾਬਲੀਅਤ ਤੇ ਕੋਈ ਨਿਰਭਰ ਕਰੇਗਾ। ਇਕ ਸ਼ੇਅਰ ਯਾਦ ਆਇਆ 'ਖ਼ੁਦੀ ਕੋ ਕਰ ਬੁਲੰਦ ਇਤਨਾ ਕਿ ਹਰ ਤਕਦੀਰ ਸੇ ਪਹਿਲੇ ਖ਼ੁਦਾ ਬੰਦੇ ਸੇ ਖ਼ੁਦ ਪੂਛੇ ਬਤਾ ਤੇਰੀ ਰਜ਼ਾ ਕਿਆ ਹੈ। ' ਜੇ ਅਸੀਂ ਕਮਜ਼ੋਰ ਹਾਂ ਤਾਂ ਸਾਡੇ ਆਲੇ ਦੁਆਲੇ ਦੀ ਦੁਨੀਆ ਸਾਡੇ ਤੇ ਨਿਰਭਰ ਕਿਵੇਂ ਕਰ ਸਕਦੀ ਹੈ। ਜੇ ਬਹੁਤ ਲੋਕ ਵੀ ਅਸੀਂ ਨਾਲ ਲਈ ਫਿਰਦੇ ਹਾਂ ਤਾਂ ਜੋ ਸਾਨੂੰ ਜਾਣਦੇ ਹਨ, ਜਿਨ੍ਹਾਂ ਨੂੰ ਪਤਾ ਹੈ ਕਿ ਇਹ ਤਾਂ ਆਪਣੇ ਜੋਗਾ ਵੀ ਨਹੀਂ ਤੇ ਹੋਰ ਕਿਸੇ ਦਾ ਕੀ ਸਵਾਰ ਸਕਦਾ। ਕਈ ਤਾਂ ਦਲੇਰੀ ਨਾਲ ਤੁਹਾਡੇ ਮੂੰਹ ਤੇ ਹੀ ਕਹਿ ਦੇਣਗੇ 'ਆਪ ਮਾਂ ਮੰਗਤੀ ਪੰਜਾਹ ਕੁੱਤੇ ਨਾਲ। ' ਸਾਡੇ ਇਕ ਮੁੰਡਾ ਵੁਡਲੈਂਡ ਹਿੱਲਜ਼ ਵਿੱਚ ਕਿਸੇ ਗੋਰੀ ਦੇ **7-11** (ਸੈਵਨ ਇਲੈਵਨ) ਸਟੋਰ ਤੇ ਕੰਮ ਕਰਦਾ ਸੀ। ਜਵਾਨ ਸੋਹਣਾ ਸੁਨੱਖਾ ਜੱਟਾ ਦਾ ਮੁੰਡਾ, ਗੋਰੀ ਦਾ ਘਰ


Academy of the Punjab in North America: http://www.apnaorg.com

ਵਾਲਾ ਪੁਲਿਸ ਵਿਚ ਸੀ ਤੇ ਸਾਰਾ ਦਿਨ ਪੁਲੀਸ ਪੈਟਰੋਲ ਦੀ ਗੱਡੀ ਚਲਾ ਕੇ ਥੱਕ ਟੁੱਟ ਕੇ ਘਰ ਆਉਂਦਾ ਤੇ ਪੂਰਾ ਆਰਾਮ ਵੀ ਨਾ ਕਰ ਸਕਿਆ ਹੁੰਦਾ ਕਿ ਕਈ ਵਾਰ ਐਮਰਜੈਂਸੀ ਕਾਲ ਆ ਜਾਣੀਂ ਤੇ ਉਸ ਨੂੰ ਜਾਣਾ ਪੈਂਦਾ। ਖ਼ੈਰ ਗੋਰੀ ਬੜੀ ਜਵਾਨ ਤੇ ਸੁਨੱਖੀ ਸੀ। ਉਸ ਦੀ ਹੌਲੀ ਹੌਲੀ ਆਪਣੇ ਮੁਲਾਜ਼ਮ ਮੁੰਡੇ ਨਾਲ ਗੱਲ ਖੁੱਲ੍ਹ ਗਈ। ਪ੍ਰੇਮ ਹੋ ਗਿਆ ਤੇ ਗੋਰੀ ਨੇ ਗੋਰੇ ਨੂੰ ਤਲਾਕ ਦੇ ਕੇ ਪੰਜਾਬੀ ਮੁੰਡੇ ਨਾਲ ਵਿਆਹ ਕਰਵਾ ਲਿਆ। ਦੋ ਤਿੰਨ ਜਵਾਨ ਕੁੜੀਆਂ ਵੀ ਉਸ ਸਟੋਰ ਤੇ ਕੰਮ ਕਰਦੀਆਂ ਸੀ। ਜਦੋਂ ਕਿਤੇ ਉਸ ਮੁੰਡੇ ਨੂੰ ਆਪਣੀ ਮੁਲਾਜ਼ਮ ਕੁੜੀ ਨਾਲ ਕੋਈ ਗੱਲ ਕਰਨੀ ਪਵੇ, ਕੋਈ ਕੰਮ ਹੀ ਦੱਸਣਾ ਤਾਂ ਉਸ ਦੀ ਗੋਰੀ ਪਤਨੀ ਨੇ ਦਫ਼ਤਰ ਤੋਂ ਬਾਹਰ ਆ ਕੇ ਆਪਣੇ ਘਰ ਵਾਲੇ ਨੂੰ ਪੁੱਛਣਾ ਕਿ ਕੀ ਗੱਲ ਕੀਤੀ? ਬੜੀਆਂ ਕਚੀਚੀਆਂ ਲੈਣੀਆਂ ਗੋਰੀ ਨੇ, ਜਦ ਵੀ ਉਸ ਨੇ ਆਪਣੇ ਘਰ ਵਾਲੇ ਨੂੰ ਕਿਸੇ ਕੁੜੀ ਨਾਲ ਗੱਲ ਕਰਦਿਆਂ ਦੇਖਣਾ, ਕਿਉਂਕਿ ਗੋਰੀ ਨੇ ਵੀ ਆਪਣਾ ਮੁਲਾਜ਼ਮ ਪੱਟਿਆ ਸੀ। ਸੋ ਪਹਿਲਾਂ ਸਾਨੂੰ ਆਪਣੇ ਆਪ ਤੇ ਇਤਬਾਰ ਹੋਵੇ ਤਾਂ ਹੀ ਹੋਰ ਕਿਸੇ ਦੇ ਇਤਬਾਰ ਦੇ ਪਾਤਰ ਬਣ ਸਕਦੇ ਹਾਂ।

ਆਤਮ ਵਿਸ਼ਵਾਸ ਨਹੀਂ ਹੈ ਤਾਂ ਹੋਰ ਕਿਸੇ ਤੇ ਵਿਸ਼ਵਾਸ ਕਰਨਾ ਜਾਂ ਸੋਚਣਾ ਕਿ ਸਾਡੇ ਤੇ ਕੋਈ ਵਿਸ਼ਵਾਸ ਕਰੇ, ਇਹ ਤਾਂ ਨਾਮੁਮਕਨ ਹੈ। ਪਹਿਲਾਂ ਆਪਣੇ ਆਪ ਤੇ ਪੂਰਨ ਯਕੀਨ ਹੋਵੇ ਤਾਂ ਸਹੀ ਸਮਾਜ ਵਿਚ ਯਕੀਨ ਕਰਨਯੋਗ ਸਥਾਨ ਬਣਾ ਸਕਦੇ ਹਾਂ। ਚੜ੍ਹਦੇ ਸੂਰਜ ਨੂੰ ਸਲਾਮ ਕਰਨ ਵਾਲੇ ਮਿਲ ਵੀ ਜਾਂਦੇ ਹਨ ਪਰ ਚੜ੍ਹਦੇ ਸੂਰਜ ਦੀ ਲਾਲੀ ਛਿੰਨ ਭੰਗਰੀ ਹੁੰਦੀ ਹੈ। ਜੇ ਕਿਸੇ ਬੱਦਲ ਨੇ ਸੂਰਜ ਆਣ ਲੁਕਾਇਆ ਤਾਂ ਕਿਸੇ ਨੇ ਸਲਾਮ ਨਹੀਂ ਕਹਿਣਾ। ਜੇ ਜੜ੍ਹਾਂ ਮਜ਼ਬੂਤ ਨਹੀਂ ਤਾਂ ਰੁੱਖ ਬਹੁਤੇ ਵੱਡੇ ਨਹੀਂ ਹੋਇਆ ਕਰਦੇ। ਵੱਡੇ ਹੋਣ ਲੱਗਣ ਤਾਂ ਜੜ੍ਹ, ਕਮਜ਼ੋਰ ਹੋਣ ਕਰਕੇ ਡਿਗ ਵੀ ਪੈਂਦੇ ਹਨ। ਨਿਰਭਰਤਾ ਦੇ ਰਿਸ਼ਤੇ ਸਾਡੇ ਕਹਿਣ ਨਾਲ ਜਾਂ ਕੁਝ ਕਰਨ ਨਾਲ ਨਹੀਂ ਨਿਭਦੇ। ਜੋ ਸਾਡੀ ਅਸਲੀਅਤ ਹੈ, ਉਸ ਦੇ ਆਧਾਰ ਤੇ ਹੀ ਨਿਭਦੇ ਹਨ। ਰਿਸ਼ਤਿਆਂ ਬਿਨਾਂ ਇਨਸਾਨ ਕਾਹਦਾ। ਇਨਸਾਨ ਜੋ ਸਾਡੇ ਬੋਲ ਕਿਸੇ ਪ੍ਰਭਾਵਸ਼ਾਲੀ ਲਹਿਜੇ ਵਿਚ ਕਹੇ। ਉਹ ਅਸਲੀ ਚਰਿੱਤਰ ਨਾਲ ਮੇਲ ਨਹੀਂ ਖਾਂਦੇ ਤਾਂ ਲੋਕ ਵੀ ਬੜੇ ਸਿਆਣੇ ਹਨ। ਸਭ ਜਾਣਦੇ ਹਨ -'ਹਰ ਬਾਤ ਕੀ ਦਾਤਾ ਕੋ ਖ਼ਬਰ ਹੈ' ਲੋਕੀ ਕਦੇ ਵੀ ਐਸੇ ਵਿਅਕਤੀ ਤੇ ਨਿਰਭਰ ਨਹੀਂ ਕਰਨਗੇ। ਆਜ਼ਾਦਾਨਾਂ ਤੌਰ ਤੇ ਸਹਿ ਸੁਭਾ ਨਿਕਲੇ ਹੋਏ ਬੋਲ, ਜੋ ਤੁਹਾਡੇ ਜੀਵਨ ਨਾਲ ਮੇਲ ਖਾਂਦੇ ਹਨ। ਐਸੇ ਬੋਲਾਂ ਨੂੰ ਸੁਣ ਕੇ ਦੁਨੀਆ ਤੁਹਾਡੇ ਨਾਲ ਤੁਰਦੀ ਹੈ। ਐਸੇ ਲੋਕਾਂ ਤੇ ਦੁਨੀਆ ਦਾ ਨਿਰਭਰ ਕਰਨ ਨੂੰ ਮਨ ਕਰਦਾ ਹੈ। ਸੋ ਜੇ ਅਸੀਂ ਚਾਹੁੰਦੇ ਹਾਂ ਕਿ ਸਾਡੇ ਤੇ ਵਿਸ਼ਵਾਸ ਕਰੇ ਕੋਈ ਤਾਂ ਪਹਿਲਾਂ ਆਪਣੇ ਆਪ ਨੂੰ ਆਪਣੇ ਵਿਸ਼ਵਾਸ ਦਾ ਪਾਤਰ ਬਣਾਉਣਾ ਪਵੇਗਾ। ਜਦੋਂ ਅਸੀਂ ਆਜ਼ਾਦ ਹਾਂ ਤਾਂ ਕਿਸੇ ਤੇ ਨਿਰਭਰ ਨਹੀਂ ਕਰਦੇ। ਅਸੀਂ ਦੁਨੀਆ ਨੂੰ ਨਾਲ ਲੈ ਕੇ ਚੱਲਣ ਦੇ ਯੋਗ ਹਾਂ ਤੇ ਸਾਡੇ ਅਸੂਲ ਸਹੀ ਹਨ। ਸਾਡੇ ਰਿਸ਼ਤਿਆਂ ਦੀ ਚੋਣ ਸਹੀ ਹੈ। ਜੇ ਸਾਨੂੰ ਪਤਾ ਹੈ ਕਿ ਕੀ ਕਰਨਾ ਹੈ ਤੇ ਕਦੋਂ ਕਰਨਾ ਹੈ? ਅਸੀਂ ਆਪਣੇ ਟੀਚੇ ਵੱਲ ਵਧਣ ਦਾ ਪ੍ਰਬੰਧ ਕਰਨਾ ਜਾਣਦੇ ਹਾਂ ਤੇ ਸਾਡੀ ਨੀਯਤ ਠੀਕ ਹੈ, ਤਾਂ ਫਿਰ ਅਸੀਂ ਚੁਣ ਚੁਣ ਕੇ ਰਿਸ਼ਤੇ ਬਣਾ ਸਕਦੇ ਹਾਂ ਤੇ ਉਹ ਰਿਸ਼ਤੇ ਚੰਗੇ, ਚਿਰ-ਸਥਾਈ ਤੇ ਸੁਖਦਾਈ ਹੁੰਦੇ ਹਨ।

ਸਾਡੇ ਰਿਸ਼ਤੇ ਸਾਡੀ ਆਪਸੀ ਨਿਰਭਰਤਾ ਜੀਵਨ ਦੇ ਨਵੇਂ ਦਰਵਾਜ਼ੇ ਖੋਲ੍ਹਦੀ ਹੈ। ਮਿਲ ਕੇ ਅਸੀਂ ਬਹੁਤ ਕੁਝ ਕਰ ਸਕਦੇ ਹਾਂ। 'ਇੱਕ ਇਕੱਲਾ ਦੋ ਗਿਆਰਾਂ। ' ਲੇਕਿਨ ਸਾਨੂੰ ਇਹ ਵੀ ਨਹੀਂ ਭੁੱਲਣਾ ਚਾਹੀਦਾ ਕਿ ਰਿਸ਼ਤਿਆਂ ਦੇ ਦਰਦ ਵੀ ਬੜੇ ਦੁਖਦਾਇਕ ਹੁੰਦੇ ਹਨ। ਰੱਬ ਨਾ ਕਰੇ ਮਿੱਤਰਤਾ ਟੁੱਟ ਜਾਵੇ ਤਾਂ ਫਿਰ ਦੁਸ਼ਮਣੀ ਪੈਦਾ ਹੋ ਜਾਂਦੀ ਹੈ। ਸਾਰੀਆਂ ਜ਼ਾਤੀ ਤਕਲੀਫ਼ਾਂ ਅੰਦਰ ਹੋ ਕੇ ਝੱਲ ਸਕਦੇ ਹਾਂ। ਬੁੱਕਲ ਵਿੱਚ ਮੂੰਹ ਦੇ ਕੇ, ਅੰਦਰੋਂ ਦੁਨੀਆ ਤਮਾਸ਼ਾ ਦੇਖਦੀ ਹੈ ਤੇ ਅਸੀਂ ਕੁਝ ਵੀ ਨਹੀਂ ਕਰ ਸਕਦੇ। ਰਿਸ਼ਤੇ ਬਣਾਉਣ ਲੱਗੇ ਅਸੀਂ ਸਹਿਜ ਵਰਤ ਸਕਦੇ ਹਾਂ ਪਰ ਟੁੱਟਦਿਆਂ ਦੇ ਪਟਾਕੇ ਤਾਂ ਦੂਰ ਦੂਰ ਤੱਕ ਸੁਣਦੇ ਹਨ। ਪੰਜਾਬੀ ਦਾ ਇਕ ਗੀਤ ਹੈ 'ਸਾਡੀ ਲਗਦੀ ਕਿਸੇ ਨਾ ਵੇਖੀ ਤੇ ਟੁੱਟਦੀ ਨੂੰ ਜੱਗ ਜਾਣਦਾ। 'ਟੁੱਟਦੀਆਂ ਤਾਂ ਹੀ ਹਨ ਜਦੋਂ ਅਸੀਂ ਕੋਈ ਓਹਲਾ ਰੱਖਦੇ ਹਾਂ। ਫ਼ਾਇਦਾ ਲੈਣ


Academy of the Punjab in North America: http://www.apnaorg.com

ਲਈ ਬਣਾਏ ਰਿਸ਼ਤੇ ਜੇ ਸਹੀ ਬੁਨਿਆਦ ਤੇ ਨਹੀਂ ਬਣੇ ਤਾਂ ਮਜ਼ੇ ਫਿਰ ਹੋਰ ਤਰ੍ਹਾਂ ਦੇ ਵੀ ਆ ਸਕਦੇ ਹਨ। ਜੇ ਅਸੀਂ ਬੀਮਾਰੀ ਦੂਰ ਕਰਨੀ ਹੈ, ਤਾਂ ਉਸ ਦਾ ਕਾਰਣ ਲੱਭਣਾ ਪਵੇਗਾ। ਬਿਮਾਰੀ ਦੀ ਜੜ੍ਹ ਲੱਭ ਕੇ ਉਸਦਾ ਇਲਾਜ ਕਰਨ ਤੋਂ ਬਿਨ੍ਹਾਂ ਗੱਲ ਨਹੀਂ ਬਣ ਸਕਦੀ ਤੇ ਜੇ ਸਾਡੀਆਂ ਸਾਰੀਆਂ ਜੜ੍ਹਾਂ ਸਾਡੇ ਤੋਂ ਹੀ ਚਲਦੀਆ ਹਨ ਤਾਂ ਕਿਉਂ ਨਾ ਪਹਿਲਾਂ ਆਪਣਾ ਇਲਾਜ ਕੀਤਾ ਜਾਵੇ ਤੇ ਫਿਰ ਰਿਸ਼ਤੇ ਬਣਾਏ ਜਾਣ। ਪਹਿਲਾਂ ਆਪਣੇ ਤੇ ਨਿਰਭਰ ਹੋ ਸਕਣ ਦੇ ਕਾਬਲ ਹੋਵਾਂਗੇ ਤਾਂ ਹੀ ਕੋਈ ਹੋਰ ਸਾਡੇ ਤੇ ਨਿਰਭਰ ਕਰ ਸਕੇਗਾ।

*****

**ਜੇ ਅਸੀਂ ਕਮਜ਼ੋਰ ਹਾਂ ਤਾਂ ਸਾਡੇ ਆਲੇ ਦੁਆਲੇ ਦੀ ਦੁਨੀਆ ਸਾਡੇ ਤੇ ਨਿਰਭਰ ਕਿਵੇਂ ਕਰ ਸਕਦੀ ਹੈ। ਜੇ ਬਹੁਤ ਲੋਕ ਵੀ ਅਸੀਂ ਨਾਲ ਲਈ ਫਿਰਦੇ ਹਾਂ ਤਾਂ ਜੋ ਸਾਨੂੰ ਜਾਣਦੇ ਹਨ, ਜਿਨ੍ਹਾਂ ਨੂੰ ਪਤਾ ਹੈ ਕਿ ਇਹ ਤਾਂ ਆਪਣੇ ਜੋਗਾ ਵੀ ਨਹੀਂ ਤੇ ਹੋਰ ਕਿਸੇ ਦਾ ਕੀ ਸਵਾਰ ਸਕਦਾ। ਕਈ ਤਾਂ ਦਲੇਰੀ ਨਾਲ ਤੁਹਾਡੇ ਮੂੰਹ ਤੇ ਹੀ ਕਹਿ ਦੇਣਗੇ 'ਆਪ ਮਾਂ ਮੰਗਤੀ ਪੰਜਾਹ ਕੁੱਤੇ ਨਾਲ'।**



Academy of the Punjab in North America: http://www.apnaorg.com

# ਸਾਡੀ ਭਾਵਕਤਾ

ਭਾਵਕਤਾ, ਸੰਵੇਗਤਾ, ਜਜ਼ਬਾਤ, ਉਤੇਜਨਾ ਇਹ ਜੋ ਤਰੰਗੀ ਮਨੋਵੇਗ ਹੈ, ਇਹ ਸਿਰਫ਼ ਅਤੇ ਸਿਰਫ਼ ਇਨਸਾਨ ਨਾਲ ਹੀ ਸਬੰਧ ਰੱਖਦਾ ਹੈ। ਨਾਨਾ ਪ੍ਰਕਾਰ ਦੇ ਜੀਵ ਜੰਤੂ, ਪਸ਼ੂ, ਪੰਛੀ, ਕੀੜੇ-ਮਕੌੜੇ ਤੁਰੇ ਫਿਰਦੇ ਹਨ। ਇਹ ਸਭ ਦੇ ਸਭ ਭਾਵਕਤਾ ਦੇ ਕੋਈ ਦੂਰ ਦੇ ਵੀ ਰਿਸ਼ਤੇਦਾਰ ਨਹੀਂ ਹੁੰਦੇ। ਜਜ਼ਬਾਤ ਸਿਰਫ਼ ਇਨਸਾਨ ਵਿੱਚ ਹੀ ਹੁੰਦੇ ਹਨ। ਇਨਸਾਨ ਦਾ ਰਿਸ਼ਤਾ ਪੱਕਾ ਹੈ ਜਜ਼ਬਾਤਾਂ ਨਾਲ। ਭਾਵਕਤਾ ਨਹੀਂ ਉਹ ਤਾਂ ਇਨਸਾਨ ਵਰਗਾ ਦੇਖਣ ਨੂੰ ਭਾਵੇਂ ਲੱਗੇ, ਪਰ ਇਨਸਾਨ ਨਹੀਂ ਹੋ ਸਕਦਾ। ਭਾਵਕਤਾ ਦਾ ਖ਼ਜ਼ਾਨਾ ਇਨਸਾਨ ਦੀ ਸਭ ਤੋਂ ਵੱਡੀ ਪੂੰਜੀ ਹੈ। ਜੇ ਸਾਡੇ ਦੁਨਿਆਵੀ ਰਿਸ਼ਤੇ ਹਨ, ਇਹ ਸਾਰੇ ਦੇ ਸਾਰੇ ਜਜ਼ਬਾਤਾਂ ਦੇ ਰਿਸ਼ਤੇ ਹੀ ਹਨ। ਜੇ ਅਸੀਂ ਕਿਸੇ ਦੇ ਜਜ਼ਬਾਤ ਨਹੀਂ ਸਮਝ ਸਕਦੇ ਤਾਂ ਅਸੀਂ ਉਸਦੇ ਸਕੇ ਕਿਵੇਂ ਹੋ ਸਕਦੇ ਹਾਂ? ਭਾਵਕਤਾ ਸਾਡੀ ਸਕੀ ਰਿਸ਼ਤੇਦਾਰ ਹੁੰਦੀ ਹੈ। ਤੁਸੀਂ ਸਿਰਫ਼ ਉਸ ਇਨਸਾਨ ਦੇ ਹੀ ਕਰੀਬ ਹੋ ਸਕਦੇ ਹੋ ਜੋ ਤੁਹਾਡੇ ਜਜ਼ਬਾਤਾਂ ਦੀ ਕਦਰ ਕਰਦਾ ਹੈ। ਜਿਸ ਨੂੰ ਤੁਹਾਡੇ ਜਜ਼ਬਾਤਾਂ ਦੀ ਕਦਰ ਹੀ ਨਹੀਂ, ਉਸ ਨਾਲ ਤੁਸੀਂ ਬਹੁਤ ਦੇਰ ਨਹੀਂ ਚਲ ਸਕਦੇ। ਭਾਵਕਤਾ ਦਾ ਖ਼ਜ਼ਾਨਾ ਨਿਮਰਤਾ, ਸਾਊਪੁਣੇ, ਸ਼ਰਾਫ਼ਤ, ਰਹਿਮਦਿਲੀ, ਸਚਾਈ, ਇਮਾਨਦਾਰੀ, ਨੈਤਿਕਤਾ ਅਤੇ ਦਿਆਨਤਦਾਰੀ ਵਰਗੇ ਕੀਮਤੀ ਹੀਰਿਆਂ ਨਾਲ ਬਣਦਾ ਹੈ। ਜਿਨ੍ਹਾਂ ਲੋਕਾਂ ਕੋਲ ਭਾਵਕਤਾ ਦਾ ਉਹ ਅਮੀਰ ਖ਼ਜ਼ਾਨਾ ਹੈ, ਉਹ ਦਿਲ ਜਿੱਤ ਸਕਦੇ ਹਨ। ਦੁਨੀਆ ਜਿੱਤਣ ਲਈ ਭਾਵੇਂ ਫੌਜਾਂ ਦੀ ਲੋੜ ਹੈ, ਤੋਪਾਂ ਬੰਬ ਬੰਦੂਕਾਂ ਦੀ ਲੋੜ ਹੈ, ਕੋਈ ਖੇਡ ਜਿੱਤਣ ਲਈ ਸਰੀਰਕ ਬਲ ਦੀ, ਦਿਮਾਗੀ ਬਲ ਦੀ ਲੋੜ ਹੈ, ਦੁਨੀਆ ਦੀਆਂ ਕੀਮਤੀ ਵਸਤਾਂ ਪ੍ਰਾਪਤ ਕਰਨ ਲਈ ਪੈਸੇ ਦੀ ਲੋੜ ਹੈ ਪਰ ਦਿਲ ਜਿੱਤਣ ਵਾਸਤੇ ਪੈਸਾ ਕੰਮ ਨਹੀਂ ਕਰਦਾ, ਨਾ ਤੁਹਾਡੀ ਤਾਕਤ ਕੰਮ ਕਰਦੀ ਹੈ। ਬੰਬ ਬੰਦੂਕਾਂ ਵੀ ਦਿਲ ਨਹੀਂ ਜਿੱਤ ਸਕਦੀਆਂ। ਸਾਰੀ ਦੁਨੀਆ ਨੂੰ ਭਾਵੇਂ ਬੰਦੀ ਬਣਾ ਲੈਣ। ਜੇ ਕਿਸੇ ਨੇ ਦਿਲ ਜਿੱਤਣਾ ਹੈ ਤਾਂ ਇੱਕੋ ਇਕ ਤਰੀਕਾ ਹੈ ਤੇ ਉਹ ਹੈ ਭਾਵੁਕਤਾ। ਜਜ਼ਬਾਤਾਂ ਦੀ ਮੁਦਰਾ ਹੀ ਦਿਲ ਜਿੱਤ ਸਕਦੀ ਹੈ। ਪੈਸੇ ਵਟਾਂਦਰੇ ਦਾ ਸਾਧਨ ਹੁੰਦੇ ਹਨ। ਪਰ ਦਿਲ ਸਿਰਫ਼ ਦਿਲ ਨਾਲ ਹੀ ਬਦਲਾਏ ਜਾ ਸਕਦੇ ਹਨ। ਲਓ ਆਪੇ ਸਵਾਲ ਦਾ ਜਵਾਬ ਮਿਲ ਗਿਆ ਕਿ ਦਿਲ ਦੀ ਕੀਮਤ ਦਿਲ ਬਦਲਣ ਦਾ ਮਾਧਿਅਮ ਭਾਵੁਕਤਾ ਹੈ। ਜਜ਼ਬਾਤਾਂ ਤੋਂ ਬਿਨ੍ਹਾਂ ਕਿਸੇ ਦਾ ਦਿਲ ਜਿੱਤ ਲੈਣਾ ਔਖਾ ਹੀ ਨਹੀਂ, ਨਾਮੁਮਕਨ ਹੈ।

ਜੇ ਕੋਈ ਸਿੱਧ ਕਰੇ ਕਿ ਉਹ ਇਤਬਾਰ ਯੋਗ, ਭਰੋਸੇਯੋਗ ਹੈ ਤਾਂ ਇਤਬਾਰ ਕਰਨ ਨੂੰ ਜੀਅ ਕਰਦਾ ਹੈ। ਜਿਸ ਤੇ ਪੂਰਨ ਵਿਸ਼ਵਾਸ ਹੋ ਜਾਵੇ ਤਾਂ ਭਾਵਕਤਾ ਦੀ ਕੋਈ ਕੀਮਤ ਹੀ ਨਹੀਂ ਹੁੰਦੀ। ਜਾਨ ਵਾਰ ਦੇਣ ਨੂੰ ਜੀਅ ਕਰਦਾ ਹੈ। ਇੱਕ ਵਾਰ ਕਾਲਜ ਵਿੱਚ ਬਹੁਤ ਵੱਡਾ ਪ੍ਰੋਗਰਾਮ ਸੀ । ਉਸ ਪ੍ਰੋਗਰਾਮ ਵਿੱਚ ਸ਼ਿਵ ਕੁਮਾਰ ਬਟਾਲਵੀ ਵੀ ਆਇਆ ਹੋਇਆ ਸੀ। ਸ਼ਿਵ ਨੂੰ ਜਿਹੜੇ ਲਾਗਿਓਂ ਜਾਣਦੇ ਸਨ, ਉਨ੍ਹਾਂ ਨੂੰ ਪਤਾ ਹੈ ਕਿ ਹਰ ਪ੍ਰੋਗਰਾਮ ਤੋਂ ਬਾਅਦ ਅਕਸਰ ਸ਼ਿਵ ਸ਼ਰਾਬ ਪੀਂਦਾ ਹੁੰਦਾ ਸੀ। ਬਹੁਤ ਲੋਕ ਤਾਂ ਸ਼ਿਵ ਨੂੰ ਸ਼ਰਾਬੀ ਹੋਏ ਨੂੰ ਗਾਉਂਦਾ ਤੇ ਰੋਂਦਾ ਦੇਖਣ ਹੀ ਆ ਜਾਇਆ ਕਰਦੇ ਸਨ। ਸ਼ਰਾਬੀ ਹਾਲਤ ਵਿੱਚ ਸ਼ਿਵ ਨੂੰ ਸਟੇਜ ਤੇ ਲਿਆਂਦਾ ਗਿਆ। ਪਤਾ ਨਹੀਂ ਕੀ ਦਿਲ ਵਿੱਚ ਆਈ, ਸ਼ਿਵ ਨੇ ਇੱਕ ਸੈਂਟੀ ਨਲ ਦਾ ਪੈੱਨ ਜੇਬ ਵਿਚੋਂ ਕੱਢਿਆ। ਇੱਕ ਦੋ ਰੁਪਏ ਦਾ ਪੈੱਨ ਹੋਣਾ। ਸਾਰੇ ਲੋਕਾਂ ਦੇ ਭਰੇ ਮੇਲੇ ਵਿਚ ਪੈੱਨ ਦਿਖਾ ਕੇ ਕਹਿਣ ਲੱਗਾ ਕਿ ਇਸ ਪੈੱਨ ਨਾਲ ਮੈਂ ਲੂਣਾ ਲਿਖੀ ਸੀ। ਅੱਜ ਤੁਹਾਡਾ ਸ਼ਿਵ ਇਸ ਪੈੱਨ ਨੂੰ ਵੇਚਣਾ ਚਾਹੁੰਦਾ ਹੈ, ਦੱਸੋ ਕਿੰਨੇ ਦਾ ਖ਼ਰੀਦਦੇ ਹੋ?' ਸੌ ਰੁਪਏ, ਪੰਜ ਸੌ, ਹਜ਼ਾਰ, ਕਈ ਹਜ਼ਾਰ ਤੱਕ ਬੋਲੀ ਲੱਗ ਗਈ। ਉਨ੍ਹਾਂ ਦਿਨਾਂ ਵਿੱਚ ਹਜ਼ਾਰ ਰੁਪਏ ਦੀਆਂ ਦੋ ਮੱਝਾਂ ਆ ਜਾਂਦੀਆਂ ਸੀ। ਤਦੇ ਇਕ ਕੁੜੀ, ਜੋ ਸ਼ਾਇਦ ਉਸ ਕਾਲਜ ਵਿਚ ਪ੍ਰੋਫੈਸਰ ਸੀ, ਉਸਨੇ ਕਈ ਹਜ਼ਾਰ ਦੇ ਕੇ ਪੈੱਨ ਖਰੀਦ ਲਿਆ। ਜਦ ਪੈੱਨ ਪ੍ਰਾਪਤ ਕਰਨ ਸਟੇਜ 'ਤੇ ਗਈ ਤਾਂ ਸਿਰ ਚੁੰਨੀ ਨਾਲ ਢੱਕ ਕੇ ਤੇ ਚੁੰਨੀ ਦੇ ਪੱਲੇ ਵਿੱਚ ਉਹ ਪੈੱਨ ਇਕ ਨਿਆਮਤ ਵਾਂਗ ਲਿਆ


Academy of the Punjab in North America: http://www.apnaorg.com

ਤੇ ਕੁਝ ਦੇਰ ਉਸ ਨੇ ਸਟੇਜ ਤੇ ਖੜ੍ਹ ਕੇ ਗੱਲਾਂ ਵੀ ਕੀਤੀਆਂ। ਮੈਨੂੰ ਇੱਕ ਗੱਲ ਯਾਦ ਹੈ ਕਿ ਉਸ ਨੇ ਕਿਹਾ ਸੀ ਕਿ ਜੋ ਕੀਮਤ ਮੈਂ ਇਸ ਪੈੱਨ ਦੀ ਤਾਰੀ ਹੈ, ਉਹ ਇਸ ਪੈੱਨ ਦੀ ਕੀਮਤ ਨਹੀਂ। ਇਹ ਪੈੱਨ ਤਾਂ ਨਾ ਲੱਖੀਂ ਨਾ ਕਰੋੜੀ। ਲੇਕਿਨ ਮੇਰੀ ਔਕਾਤ ਇਸ ਤੋਂ ਵੱਧ ਕੀਮਤ ਤਾਰਨ ਦੀ ਨਹੀਂ। ਕਿਸੇ ਨੇ ਖ਼ੂਬ ਲਿਖਿਆ ਹੈ'ਦਿਲ ਦਰਿਆ ਸਮੁੰਦਰੋਂ ਡੂੰਘੇ ਕੌਣ ਦਿਲਾਂ ਦੀਆਂ ਜਾਣੇਂ।'

ਜਦੋਂ ਕੋਈ ਕਿਸੇ ਦਾ ਦਿਲ ਜਿੱਤ ਲਵੇ ਤਾਂ ਫਿਰ ਉਸ ਦੀਆਂ ਕਈ ਗਲਤੀਆਂ ਵੀ ਮੁਆਫ਼ ਹੋ ਜਾਂਦੀਆਂ। ਦਿਲ ਤਾਂ ਰੱਬ ਹੁੰਦਾ ਹੈ। ਸਾਰੇ ਗੁਨਾਹ ਵੀ ਮੁਆਫ਼ ਕਰ ਸਕਦਾ ਹੈ। ਜਦੋਂ ਅਸੀਂ ਦਿਲ ਜਿੱਤ ਲਿਆ ਤਾਂ ਸਮਝੋ ਰੱਬ ਜਿੱਤ ਲਿਆ। ਜੇ ਕਿਸੇ ਨੇ ਧੋਖੇ ਨਾਲ ਦਿਲ ਜਿੱਤਿਆ ਹੋਵੇ, ਇਮਾਨਦਾਰੀ ਨਾ ਹੋਵੇ ਤਾਂ ਫਿਰ ਤੁਹਾਨੂੰ ਪਤਾ ਹੀ ਹੈ ਕਿ ਰੱਬ ਰੁੱਸ ਵੀ ਜਾਇਆ ਕਰਦਾ ਤੇ ਇੱਕ ਵਾਰ ਰੱਬ ਰੁੱਸ ਜਾਏ, ਕਿਸੇ ਦਾ ਦਿਲ ਟੁੱਟ ਜਾਏ ਤਾਂ ਫਿਰ ਲੱਖ ਯਤਨ ਕਰਨ ਨਾਲ ਵੀ ਉਹ ਦਿਲ ਨਹੀਂ ਜੁੜ ਸਕਦੇ। ਵਾਹ ਵਾਹ ਕਿੰਨਾ ਸੋਹਣਾ ਲਿਖਿਆ ਕਿਸੇ ਨੇ, 'ਟੁੱਟੇ ਦਿਲ ਨੀ ਜੁੜਦੇ ਵੇਖੀਂ ਤੋੜੀ ਨਾ।' ਮੈਂ ਕਈ ਪਰਿਵਾਰ, ਕਈ ਰਿਸ਼ਤੇ ਟੁੱਟਦੇ ਦੇਖੇ ਜੋ ਫਿਰ ਕਦੇ ਨਹੀਂ ਜੁੜੇ। ਸਗੋਂ ਦਿਲ ਟੁੱਟਣ ਦਾ ਦਰਦ ਮੈਂ ਹੰਢਾ ਕੇ ਵੀ ਵੇਖਿਆ ਹੈ। ਮੇਰਾ ਇੱਕ ਮਿੱਤਰ ਸੀ ਬਹੁਤ ਪਿਆਰਾ। ਜਦੋਂ ਮੈਂ ਪੰਜਾਬ ਵਿੱਚ ਖੇਤੀ ਕਰਿਆ ਕਰਦਾ ਸਾਂ, ਉਨ੍ਹੀਂ ਦਿਨੀਂ ਅਸੀਂ ਅਕਸਰ ਇਕੱਠੇ ਰਹਿੰਦੇ। ਮੈਂ ਜ਼ਰਾ ਡਰੂ ਜਿਹਾ ਪਰ ਉਹ ਬਹੁਤ ਦਲੇਰ ਸੀ। ਮੇਰੀ ਜ਼ਿਲ੍ਹੇ ਦੇ ਅਧਿਕਾਰੀਆਂ ਨਾਲ ਤੇ ਇਲਾਕੇ ਦੇ ਸਰਦਾਰ ਲੋਕਾਂ ਨਾਲ ਬੜੀ ਸਾਂਝ ਸੀ, ਜੋ ਸਾਰੀ ਦੀ ਸਾਰੀ ਮੇਰੇ ਮਿੱਤਰ ਦੀ ਵੀ ਸਾਂਝ ਬਣ ਗਈ। ਉਸ ਦਾ ਇਕ ਭਰਾ ਸੀ, ਜਿਸ ਨੂੰ ਉਹ ਬੱਚਿਆ ਵਾਂਗ ਪਿਆਰ ਕਰਦਾ ਸੀ। ਮੈਂ ਵੀ ਉਸਦੇ ਭਰਾ ਨੂੰ ਬੱਚਿਆਂ ਵਾਂਗ ਹੀ ਸਮਝਣਾ। ਮੇਰੇ ਮੋਟਰ-ਸਾਈਕਲ ਦੀਆਂ ਕਈ ਵਾਰ ਉਸਨੇ ਅੱਧੀਆਂ ਤਾਰਾਂ ਤੋੜ ਕੇ ਲਿਆ ਖੜਾ ਕਰਨਾ, ਮੈਨੂੰ ਕਦੇ ਵੀ ਬੁਰਾ ਨਾ ਲੱਗਣਾ। ਮੇਰੇ ਮਿੱਤਰ ਦੀ ਥਾਂ ਮੈਂ ਕਈ ਵਾਰ ਉਸ ਨੂੰ ਇਮਤਿਹਾਨ ਵਾਸਤੇ ਕਾਲਜ ਲਿਜਾਣਾ। ਉਹ ਵੀ ਮੇਰਾ ਆਪਣੇ ਵੱਡੇ ਭਰਾ ਵਾਂਗ ਸਤਿਕਾਰ ਕਰਦਾ ਸੀ। ਲੰਬੀ ਕਹਾਣੀ ਹੈ। ਫਿਰ ਬਾਕੀ ਕਿਤੇ ਕਹਾਂਗੇ। ਖ਼ੈਰ ਮੈਨੂੰ ਕਿਸੇ ਮਜਬੂਰੀ ਕਾਰਨ ਪੰਜਾਬ ਛੱਡ ਕੇ ਧਰਤੀ ਦੇ ਦੂਸਰੇ ਪਾਸੇ ਜਾਣਾ ਪਿਆ। ਇੱਕ ਦਿਨ ਰਾਤ ਨੂੰ ਮਨਹੂਸ ਟੈਲੀਫ਼ੂਨ ਨੇ ਮੇਰਾ ਸਾਰਾ ਜੀਵਨ ਬਦਲ ਕੇ ਰੱਖ ਦਿੱਤਾ। ਪਤਾ ਲੱਗਾ ਕਿ ਮੇਰਾ ਮਿੱਤਰ ਕਿਸੇ ਐਕਸੀਡੈਂਟ ਵਿੱਚ ਮਾਰਿਆ ਗਿਆ। ਮੈਨੂੰ ਸਮਝ ਨਾ ਆਵੇ ਕਿ ਮੈਂ ਕਿਉਂ ਨਹੀਂ ਮਰ ਗਿਆ ਉਸ ਦੀ ਜਗ੍ਹਾ, ਇਵੇਂ ਲੱਗੇ ਕਿ ਉਸ ਤੋਂ ਬਿਨ੍ਹਾਂ ਮੈਂ ਕਿਵੇਂ ਜੀਅ ਸਕਦਾ ਹਾਂ।

ਜ਼ੋਰ ਨਾ ਜੰਮਣ ਨਾ ਮਰਨ। ਕੀ ਕਰ ਸਕਦਾ ਸਾਂ। ਉਸ ਦੇ ਭਰਾ ਦੀ ਚਿੱਠੀ ਮਿਲੀ। ਅਫਸੋਸ ਦੀ ਵੀ ਸੀ ਤੇ ਉਦਾਸੀ ਦੀ ਵੀ। ਕਈ ਤਰ੍ਹਾਂ ਕੋਸ਼ਿਸ਼ ਕਰਕੇ ਜੋ ਵੀ ਤਰੀਕਾ ਤੁਰੰਤ ਹੋਇਆ ਵਰਤ ਕੇ ਮੈਂ ਉਸ ਨੂੰ ਆਪਣਾ ਵੀਰ ਸਮਝ ਕੇ ਆਪਣੇ ਕੋਲ ਬੁਲਾ ਲਿਆ। ਇਕ ਦੂਸਰੇ ਦੇ ਆਸਰੇ ਨਾਲ ਅਸੀਂ ਬਹੁਤ ਵਧੀਆ ਦਿਨ ਬਿਤਾਉਣ ਲੱਗੇ। ਸੱਚੀਂ ਮੇਰਾ ਕੋਈ ਹੋਰ ਛੋਟਾ ਭਰਾ ਹੁੰਦਾ ਤਾਂ ਵੀ ਸ਼ਾਇਦ ਮੈਂ ਉਸ ਨੂੰ ਏਨਾ ਪਿਆਰ ਨਾ ਕਰ ਸਕਦਾ। ਪਰ ਸਮੇਂ ਨੂੰ ਸ਼ਾਇਦ ਮਨਜ਼ੂਰ ਨਹੀਂ ਸੀ। ਕਿਸੇ ਕਾਰਨ ਉਹ ਮੇਰੇ ਵਿਰੋਧ ਵਿੱਚ ਖੜ ਗਿਆ। ਮੇਰੀ ਇੱਜ਼ਤ ਕਰਨੀ ਤਾਂ ਇੱਕ ਪਾਸੇ, ਮੇਰੀਆਂ ਰਾਹਾਂ ਰੋਕਣ ਲੱਗ ਪਿਆ। ਮੈਨੂੰ ਲਤਾੜ ਕੇ ਲੰਘ ਜਾਣ ਦਾ ਯਤਨ ਕਰਨ ਲੱਗ ਪਿਆ, ਦੁਸ਼ਮਣੀ ਦੀ ਭਾਵਨਾ ਪੈਦਾ ਹੋ ਗਈ, ਆਪਹੁਦਰਾ ਹੋ ਗਿਆ, ਧੱਕੇਸ਼ਾਹੀ ਕਰਨ ਲੱਗ ਪਿਆ, ਵਿਸ਼ਵਾਸਘਾਤ ਕਰਨ ਲੱਗ ਪਿਆ, ਬੇਵਸਾਹੀ ਹੋ ਗਈ। ਯਕੀਨ ਜਾਂਦਾ ਰਿਹਾ, ਮੈਨੂੰ ਉਸ ਤੋਂ ਡਰ ਲੱਗਣ ਲੱਗ ਪਿਆ। ਮੇਰਾ ਦਿਲ ਟੁੱਟ ਗਿਆ। ਕਈ ਵਾਰ ਉਸ ਦੇ ਨਾਲ ਕੀਤੇ ਪਿਛਲੇ ਲਾਡ ਪਿਆਰ ਯਾਦ ਕਰਕੇ ਇਕੱਲਾ ਤਾਂ ਬੈਠ ਕੇ ਰੋ ਲੈਣਾ ਪਰ ਉਸ ਦੇ ਕਰੀਬ ਜਾਣ ਨੂੰ ਕਦੇ ਦਿਲ ਨਹੀਂ ਕੀਤਾ। ਮੇਰਾ ਜੋ ਗੂੜਾ ਜਿਗਰੀ ਰਿਸ਼ਤਾ ਸੀ, ਤਸੱਲੀਬਖ਼ਸ਼ ਰਿਸ਼ਤਾ ਸੀ, ਜੋ ਜ਼ਰਖੇਜ਼ ਅਪਣੱਤ ਸੀ, ਬੱਸ ਸਾਰੀ ਦੀ ਸਾਰੀ ਜਾਂਦੀ ਰਹੀ।

****


Academy of the Punjab in North America: http://www.apnaorg.com

# ਸਾਡੀ ਨੇੜਤਾ

ਸਾਡਾ ਦਿਲ ਮੰਨੇ, ਦਿਮਾਗ ਇਜਾਜ਼ਤ ਦੇਵੇ ਤਾਂ ਹੀ ਅਸੀਂ ਕਿਸੇ ਦੇ ਕਰੀਬ ਹੋ ਸਕਦੇ ਹਾਂ। ਐਸਾ ਵੀ ਹੁੰਦਾ ਹੈ ਕਈ ਵਾਰ, ਅਸੀਂ ਆਪਣੇ ਆਪ ਦੇ ਵੀ ਕਰੀਬ ਨਹੀਂ ਹੁੰਦੇ । ਸਾਡਾ ਦਿਲ ਵੀ ਨਹੀਂ ਮੰਨਦਾ ਤੇ ਦਿਮਾਗ ਇਜਾਜ਼ਤ ਨਹੀਂ ਦੇ ਰਿਹਾ ਹੁੰਦਾ ਪਰ ਫਿਰ ਵੀ ਅਸੀਂ ਉਸ ਰਸਤੇ ਤੇ ਚੱਲਦੇ ਹਾਂ। ਕੋਈ ਮਜਬੂਰੀ ਜਾਂ ਕੋਈ ਕਮਜ਼ੋਰੀ ਸਾਨੂੰ ਇਸ ਤਰ੍ਹਾਂ ਦੇ ਵੀ ਮੋੜ ਤੇ ਲਿਆ ਕੇ ਖੜ੍ਹੇ ਕਰ ਦਿੰਦੀ ਹੈ ਕਿ ਤੁਹਾਨੂੰ ਆਪਣੀ ਮਰਜ਼ੀ ਦੇ ਖ਼ਿਲਾਫ਼ ਕਿਸੇ ਦੇ ਨਾਲ ਤੁਰਨਾ ਪੈਂਦਾ ਹੈ। ਅਸੀਂ ਕਈ ਵਾਰ ਆਖਦੇ ਹਾਂ ਕਿ ਗਲ ਪਿਆ ਢੋਲ ਵਜਾ ਰਿਹਾ ਹਾਂ। ਪਰ ਵਜਾ ਤੇ ਤੁਸੀਂ ਰਹੇ ਹੋ ਨਾ, ਤੇ ਢੋਲ ਹੈ ਵੀ ਤੁਹਾਡੇ ਗੱਲ ਵਿੱਚ। ਸਭ ਤੋਂ ਵੱਧ ਆਵਾਜ਼ ਵੀ ਤੁਹਾਡੇ ਹੀ ਕੰਨ ਪਾੜਦੀ ਹੁੰਦੀ ਹੈ। ਨੇੜਤਾ ਤਾਂ ਦਿਲਾਂ ਦੀ ਹੁੰਦੀ ਹੈ। ਜਾਂ ਕਿਸੇ ਵਪਾਰਕ ਵਜ੍ਹਾ ਕਰਕੇ ਕਿਸੇ ਲੋਭ, ਲਾਲਚ ਵਿੱਚ ਆ ਕੇ ਅਸੀਂ ਦਿਮਾਗ ਦੀ ਵਰਤੋਂ ਕਰਕੇ ਆਪਣਾ ਨਫ਼ਾ ਨੁਕਸਾਨ ਦੇਖ ਕੇ ਕਿਸੇ ਦੇ ਨੇੜੇ ਹੋ ਜਾਂਦੇ ਹਾਂ। ਦਿਲ ਭਾਵੇਂ ਮੰਨੇ ਨਾ ਮੰਨੇ ਪਰ ਕਿਸੇ ਜ਼ਾਤੀ ਮੁਫ਼ਾਦ ਲਈ ਕਿਸੇ ਖਾਸ ਫਾਇਦੇ ਲਈ ਵੀ ਅਸੀਂ ਕਿਸੇ ਦੇ ਕਰੀਬ ਹੋ ਜਾਂਦੇ ਹਾਂ। ਜਿਸਮਾਨੀ ਨੇੜਤਾ ਦਾ ਵੀ ਇਹ ਹੀ ਕਾਰਨ ਹੁੰਦਾ ਹੈ। ਜੇ ਤੁਹਾਡਾ ਦਿਲ ਕਰੇ ਜਾਂ ਦਿਮਾਗ ਇਜਾਜ਼ਤ ਦੇਵੇ ਤਾਂ ਤੁਸੀਂ ਕਰੀਬ ਹੋ ਜਾਂਦੇ ਹੋ ਕਿਸੇ ਦੇ। ਲੇਕਿਨ ਦਿਲ ਦਾ ਪਲੜਾ ਕਈ ਵਾਰ ਨੇੜਤਾ ਦੇ ਮਾਮਲੇ ਵਿੱਚ ਭਾਰੀ ਹੁੰਦਾ ਹੈ। ਦਿਮਾਗ ਇਸ ਲਈ ਚੁੱਪ ਕਰ ਰਹਿੰਦਾ ਹੈ ਕਿ ਚੱਲ ਗਲਤ ਤਾਂ ਗਲਤ ਸਹੀ ਪਰ ਦਿਲ ਤਾਂ ਮੇਰਾ ਖੁਸ਼ ਹੈ ਨਾ। ਦਿਮਾਗ ਨਹੀਂ ਮੰਨਦਾ ਕਿ ਕਿਸੇ ਐਸੇ ਰਸਤੇ ਚੱਲਿਆ ਜਾਵੇ ਜਿਸ ਰਸਤੇ ਵਿੱਚ ਚਲਦਿਆਂ ਬਹੁਤ ਇਮਤਿਹਾਨ ਦੇਣੇ ਪੈਣ। ਦਿਲ ਲੱਗ ਗਿਆ ਤੇ ਫਿਰ ਲੱਗ ਗਿਆ। ਖਾਸ ਕਰਕੇ ਇਸ਼ਕ ਦੇ ਮਾਮਲੇ ਵਿੱਚ ਤਾਂ ਦਿਲ ਕਈ ਵਾਰ ਦਿਮਾਗ ਤੋਂ ਵਿਹਰ ਕੇ ਬੈਠ ਜਾਂਦਾ ਹੈ। ਵਾਰਿਸ ਨੇ ਲਿਖਿਆ ਹੈ 'ਆਸ਼ਕ ਜੇਡੂ ਬੇਅਕਲ ਨਾ ਕੋਈ।' ਅਕਲ ਕਰਨ ਲੱਗ ਜਾਵੇ ਤਾਂ ਦਿਲ ਫਿਰ ਪਿਆਰ ਕਿਵੇਂ ਕਰੇ। ਰਿਸ਼ਤਿਆਂ ਦੀ ਨੇੜਤਾ ਤਾਂ ਇਸ ਤਰ੍ਹਾਂ ਦੀ ਹੁੰਦੀ ਹੈ ਕਿ ਧਰਤੀ ਦੇ ਦੂਜੇ ਪਾਸੇ ਬੈਠਾ ਤੁਹਾਡਾ ਸਾਥੀ ਕਈ ਵਾਰ ਅੱਖਾਂ ਬੰਦ ਕਰਕੇ ਤੁਹਾਡੀ ਕਲੇਵਰ ਵਿੱਚ ਨਜ਼ਰ ਆਉਂਦਾ ਹੈ। ਸੋ ਨੇੜਤਾ ਦਿਲ ਤੇ ਦਿਮਾਗ ਦੀ ਖੇਡ ਹੁੰਦੀ ਹੈ। ਨੇੜਤਾ ਜਿਸਮਾਨੀ ਤੇ ਰੂਹਾਨੀ ਹੁੰਦੀ ਹੈ। ਜਿਸਮਾਨੀ ਨੇੜਤਾ ਤਾਂ ਜਾਨਵਰ ਵੀ ਕਰ ਲੈਂਦੇ ਹਨ। ਜਾਨਵਰ ਵੀ ਜਿਸਮਾਂ ਦੀ ਨੇੜਤਾ ਦੇ ਰੰਗ ਢੰਗ ਜਾਣਦੇ ਹਨ। ਲੇਕਿਨ ਰੂਹਾਨੀ ਨੇੜਤਾ ਸਿਰਫ਼ ਇਨਸਾਨ ਹੀ ਮਹਿਸੂਸ ਕਰ ਸਕਦੇ ਹਨ। ਰੂਹਾਂ ਦਾ ਮੇਲ ਇਕ ਕਿਰਿਆ ਨਹੀਂ, ਅਹਿਸਾਸ ਹੁੰਦਾ ਹੈ। ਜਿਸਮ ਕਈ ਵਾਰ ਇਨਸਾਨਾਂ ਦੇ ਬਹੁਤ ਨੇੜੇ ਹੁੰਦਿਆਂ ਵੀ ਕੋਈ ਰੂਹਾਨੀ ਰਿਸ਼ਤਾ ਨਹੀਂ ਬਣਾ ਸਕਦੇ। ਬਹੁਤ ਜ਼ਿਆਦਾ ਜਿਸਮਾਂ ਦੇ ਕਰੀਬ ਹੋ ਜਾਣ ਦਾ ਵੀ ਕਈ ਵਾਰ ਕੋਈ ਅਹਿਸਾਸ ਨਹੀਂ ਹੁੰਦਾ।

ਬਹੁਤ ਦੇਰ ਦੀ ਗੱਲ ਹੈ, 1973 ਵਿੱਚ ਮੈਂ ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਦਾ ਵਿਦਿਆਰਥੀ ਸੀ। ਇੱਕ ਵਾਰ ਲੋਕਲ ਬੱਸ ਫੜ ਕੇ ਜੋਤੀ ਚੌਕ ਤੱਕ ਜਾਣ ਲੱਗੇ ਤਾਂ ਐਨੀ ਭੀੜ ਪੁੱਛੋ ਹੀ ਨਾ। ਸੀਟਾਂ ਦੇ ਵਿਚਕਾਰ ਲੋਕ ਇੱਕ ਦੂਜੇ ਦੇ ਨਾਲ ਜੁੜ ਕੇ ਖੜੇ ਸਨ। ਮੈਂ ਵੀ ਵਿਚਾਲੇ ਜਿਹੇ ਖਲੋਤਾ ਸੀ। ਬੱਸ ਫਿਰ ਰੁਕੀ ਤੇ ਅੱਗੋਂ ਹੀ ਤੂੜੀ ਵਾਂਗ ਭਰੀ ਬੱਸ ਵਿੱਚ ਅੱਠ ਦਸ ਹੋਰ ਸਵਾਰੀਆਂ ਚੜ੍ਹ ਗਈਆਂ। ਦੋਹਾਂ ਪਾਸਿਓਂ ਤੋਂ ਹੀ ਐਸਾ ਧੱਕਾ ਵੱਜਾ ਕਿ ਸਾਰੇ ਇਕ ਦੂਸਰੇ ਨਾਲ ਇਸ ਤਰ੍ਹਾਂ ਚੰਬੜ ਗਏ ਜਿਵੇਂ ਬਾਂਦਰੀ ਦਾ ਬੱਚਾ ਮਾਂ ਦੀ ਛਾਤੀ ਨਾਲ ਚੰਬੜ ਜਾਂਦਾ ਹੈ। ਹਰ ਤਰ੍ਹਾਂ ਦੇ ਵੱਡੇ ਛੋਟੇ ਲੋਕ ਸੀ। ਕੁੜੀਆਂ ਮੁੰਡੇ ਵੀ ਬਹੁਤ ਸਨ। ਇਕ ਦੂਸਰੇ ਨਾਲ ਇਸ ਤਰ੍ਹਾਂ ਚੰਬੜ ਕੇ ਵੀ ਉਹ ਕੋਈ ਵੀ ਕਿਸੇ ਦੇ ਕਰੀਬ ਨਹੀਂ ਸੀ। ਉਹ ਕੋਈ ਮਿਲਾਪ ਨਹੀਂ ਸੀ, ਕੋਈ ਅਹਿਸਾਸ ਨਹੀਂ ਸੀ। ਜਿਸਮਾਨੀ ਤੌਰ ਤੇ ਨੇੜੇ ਹੋ ਕੇ ਇਕ ਦੂਜੇ ਨੂੰ ਚੰਬੜ ਕੇ ਵੀ ਜੇ ਤੁਹਾਡੇ ਦਿਲ ਜਾਂ ਦਿਮਾਗ ਵਿੱਚ ਉਸ ਦਾ ਕੋਈ ਮਕਸਦ ਨਹੀਂ ਬਣਦਾ, ਉਸ ਦੀ ਕੋਈ ਜ਼ਰੂਰਤ ਨਹੀਂ ਬਣਦੀ, ਉਸ ਦੀ ਕੋਈ ਖੁਸ਼ੀ ਨਹੀਂ ਹੁੰਦੀ ਤਾ ਜਿਹੋ ਜਿਹੀਆਂ


Academy of the Punjab in North America: http://www.apnaorg.com

ਭੱਠੇ ਤੇ ਇੱਟਾਂ ਚਿਣ ਦਿੱਤੀਆਂ, ਉਹੋ ਜਿਹੀ ਭੀੜ ਵਿਚ ਤਹਿ ਲੱਗ ਗਈ। ਰੂਹ ਦੀ ਖੁਰਾਕ ਮਿਲ ਜਾਵੇ ਤਾਂ ਅਸੀਂ ਨਾ ਹੋ ਸਕਣ ਵਾਲੇ ਵੀ ਵਾਅਦੇ ਕਰ ਦਿੰਦੇ ਹਾਂ। ਕਈ ਕਵੀ ਲੋਕ ਤਾਂ ਅੰਬਰਾਂ ਦੇ ਤਾਰੇ ਤੋੜ ਕੇ ਮਾਸ਼ੂਕ ਦੀ ਝੋਲੀ ਵਿਚ ਲਿਆ ਪਾਉਣ ਦੀਆਂ ਵੀ ਗੱਲਾਂ ਕਰਦੇ ਹਨ। ਨੇੜਤਾ ਸਾਡੀ ਕਿਸੇ ਰਿਸ਼ਤੇ ਵਿੱਚ ਵੀ ਹੋ ਸਕਦੀ ਹੈ। ਮਾਂ ਧੀ ਦੀ ਨੇੜਤਾ ਕਿਉਂ ਨਹੀਂ ਹੋ ਸਕਦੀ, ਪਿਉ ਪੁੱਤਰ ਦੀ ਨੇੜਤਾ, ਭੈਣਾਂ ਭਰਾਵਾਂ ਦੀ ਨੇੜਤਾ, ਆਪਣੀ ਦਾਦੀ ਜਾਂ ਨਾਨੀ ਨਾਲ ਨੇੜਤਾ ਕਿਉਂ ਨਹੀਂ ਹੋ ਸਕਦੀ? ਰਿਸ਼ਤੇ ਤਾਂ ਹੁੰਦੇ ਹੀ ਨੇੜਤਾ ਦੇ ਹਨ। ਜੇ ਨੇੜਤਾ ਨਹੀਂ ਤਾਂ ਰਿਸ਼ਤੇ ਦੇ ਅਰਥ ਹੀ ਕੁਝ ਨਹੀਂ। ਕਰੀਬ ਨਹੀਂ ਤਾਂ ਫਿਰ ਭਾਵੇਂ ਤੀਵੀਂ ਆਦਮੀ ਹੀ ਕਿਉਂ ਨਾ ਹੋਣ, ਰਿਸ਼ਤੇ ਦਾ ਰੰਗ ਹੀ ਨਹੀਂ ਬਣ ਸਕਦਾ। ਕਈ ਵਾਰ ਅਸੀਂ ਬਹੁਤ ਕਰੀਬ ਹੁੰਦੇ ਹਾਂ ਆਪਣਿਆਂ ਦੇ ਤੇ ਕਈ ਵਾਰ ਇਵੇਂ ਲਗਦਾ ਕਿ ਸਾਡੇ ਰਿਸ਼ਤੇ ਦੇ ਕੋਈ ਅਰਥ ਹੀ ਨਹੀਂ ਹਨ। ਇੱਕ ਦੂਸਰੇ ਦੀ ਭਾਵਕਤਾ ਦੇ ਅਸੀਂ ਭਾਈਵਾਲ ਨਹੀਂ ਹਾਂ ਤਾਂ ਫਿਰ ਕਾਹਦੀ ਹੈ ਐਸੀ ਭਾਈਵਾਲੀ। ਜੇ ਕਿਸੇ ਲਈ ਜਾਨ ਹਾਜ਼ਰ ਕਰਨ ਨੂੰ ਦਿਲ ਕਰਦਾ ਹੈ ਤਾਂ ਉਹ ਐਵੇਂ ਤੇ ਕਰਦਾ ਨਹੀਂ, ਜ਼ਰੂਰ ਕੋਈ ਮਾਅਨੇ ਹੋਣਗੇ। ਨਹੀਂ ਤਾਂ ਕੋਈ ਕਿਸੇ ਲਈ ਕਿਉਂ ਮਰੂ। ਦੁਨੀਆ ਵਿੱਚ ਵਿਚਰਦਿਆਂ ਰਿਸ਼ਤੇ ਨਿਭਾਉਣ ਅਤੇ ਸਾਡੇ ਆਪਣਿਆਂ ਨਾਲ ਨੇੜਤਾ ਕਿਵੇਂ ਬਣਾਈ ਜਾ ਸਕਦੀ ਹੈ। ਆਓ! ਕੁਝ ਇਸ ਬਾਰੇ ਵੀ ਗੱਲਾਂ ਕਰੀਏ:

ਜੇ ਕਿਸੇ ਨਾਲ ਅਸੀਂ ਨੇੜਤਾ ਕਰਨਾ ਚਾਹੁੰਦੇ ਹਾਂ। ਕਿਸੇ ਦੇ ਕਰੀਬ ਆਉਣਾ ਚਾਹੁੰਦੇ ਹਾਂ ਤਾਂ ਉਸ ਵਿਅਕਤੀ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਜੇ ਬਿਨ੍ਹਾਂ ਸੋਚੇ ਸਮਝੇ, ਬਿਨਾਂ ਦੇਖਿਆਂ ਕਿ ਪਾਣੀ ਕਿੰਨਾ ਡੂੰਘਾ ਹੈ, ਅਸੀਂ ਛਾਲ ਮਾਰ ਦੇਈਏ ਤਾਂ ਫਿਰ ਡੁੱਬ ਵੀ ਸਕਦੇ ਹਾਂ। ਕਿਸੇ ਨੂੰ ਸਮਝਣ ਤੋਂ ਬਿਨਾਂ ਉਸ ਨਾਲ ਰਿਸ਼ਤਾ ਕਿਵੇਂ ਹੋ ਸਕਦਾ ਹੈ। ਬਾਅਦ ਵਿੱਚ ਜਦੋਂ ਸਾਡੇ ਰਿਸ਼ਤਾ ਮੇਚ ਨਹੀਂ ਆਉਂਦਾ ਤਾਂ ਅਸੀਂ ਕਹਿੰਦੇ ਹਾਂ ਕਿ ਸਾਡੇ ਨਾਲ ਧੋਖਾ ਹੋ ਗਿਆ। ਜੇ ਪਹਿਲਾਂ ਹੀ ਉਸ ਵਿਅਕਤੀ ਦੀਆਂ ਵਿਸ਼ੇਸ਼ ਤਾਈਆਂ ਦਾ ਪਤਾ ਹੋਵੇ ਤਾਂ ਫਿਰ ਦਿਲ ਨਹੀਂ ਦੁਖਦਾ। ਸੋ ਸਾਨੂੰ ਕਿਸੇ ਦੇ ਵੀ ਕਰੀਬ ਜਾਣ ਤੋਂ ਪਹਿਲਾਂ ਉਸ ਨੂੰ ਸਮਝ ਲੈਣਾ ਚਾਹੀਦਾ ਹੈ। ਸਮਝ ਲੈਣਾ ਚਾਹੀਦਾ ਹੈ ਕਿ ਤੁਹਾਡੀਆਂ ਰੀਝਾਂ ਰਲਦੀਆਂ ਹਨ ਕਿ ਨਹੀਂ। ਰੀਝਾਂ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਜੇ ਸਮਝਣ ਦੀ ਕੋਸ਼ਿਸ਼ ਨਹੀਂ ਕਰਾਂਗੇ ਤਾਂ ਬਣੇ ਬਣਾਏ ਰਿਸ਼ਤਿਆਂ ਤੇ ਵੀ ਅਸੀਂ ਜ਼ੁਲਮ ਕਰ ਸਕਦੇ ਹਾਂ। ਫਰਜ਼ ਕਰੋ ਤੁਸੀਂ ਇੰਜੀਨੀਅਰ ਹੋ ਤੇ ਕਿਸੇ ਉਚੀ ਇਮਾਰਤ ਦਾ ਨਕਸ਼ਾ ਤਿਆਰ ਕਰ ਰਹੇ ਹੋ। ਸਾਰਾ ਮੇ ਜ਼ ਤੁਹਾਡਾ ਨਕਸ਼ਾ ਬਣਾਉਣ ਦੀ ਸਮੱਗਰੀ ਨਾਲ ਭਰਿਆ ਪਿਆ ਹੋਵੇ। ਏਨੇ ਨੂੰ ਤੁਹਾਡਾ ਪੰਜ ਸਾਲ ਦਾ ਬੇਟਾ ਆਪਣੀ ਨਵੀਂ ਮਿਲੀ ਕਾਰ ਦਾ ਖਿਡੌਣਾ ਤੁਹਾਡੇ ਕਾਗ਼ਜ਼ਾਂ ਤੇ ਤੁਹਾਡੇ ਨਕਸ਼ੇ ਦੇ ਉਪਰ ਲਿਆ ਧਰਦਾ ਹੈ ਤੇ ਡਰਰ ਡਰਰ ਕਰਕੇ ਚਲਾਉਣ ਲੱਗਦਾ ਹੈ ਤਾਂ ਕੀ ਕਰੋਗੇ? ਜੇ ਸਮਝਣ ਦਾ ਯਤਨ ਕਰੋਗੇ ਤਾਂ ਬੱਚੇ ਨੂੰ ਨਵਾਂ ਮਿਲਿਆ ਖਿਡੌਣਾ ਤੁਹਾਡੀਆਂ ਵੀਹ ਇਮਾਰਤਾਂ ਨਾਲੋਂ ਵਧੀਆ ਲੱਗ ਰਿਹਾ ਹੈ। ਪਰ ਜੇ ਤੁਸੀਂ ਸਮਝਣ ਦੀ ਕੋਸ਼ਿਸ਼ ਹੀ ਨਹੀਂ ਕਰਦੇ ਤੇ ਖਿਡੌਣਾ ਚੁੱਕ ਕੇ ਸੁੱਟ ਦਿੰਦੇ ਹੋ ਤਾਂ ਕੀ ਹੋਵੇਗਾ, ਤੁਹਾਡੀ ਪੁੱਤਰ ਨਾਲ ਨੇ ੜਤਾ ਵਧੇਗੀ ਨਹੀਂ ਸਗੋਂ ਘਟੇਗੀ। ਬੱਚਾ ਰੋਏਗਾ ਤੇ ਜਿੰਨਾ ਚਿਰ ਉਸ ਨੂੰ ਯਾਦ ਰਹੇਗਾ ਕਿ ਉਸਦਾ ਖਿਡੌਣਾ ਪਾਪਾ ਨੇ ਚੁੱਕ ਕੇ ਸੁੱਟ ਦਿੱਤਾ ਸੀ, ਉਹ ਬੱਚਾ ਕਹੇਗਾ ਕਿ ਮੈਂ ਪਾਪਾ ਨਾਲ ਨਹੀਂ ਬੋਲਣਾ। ਜੇ ਨਿੱਕਾ ਜਿਹਾ ਕੁਝ ਮਹੀਨਿਆਂ ਦਾ ਆਪਣਾ ਬੱਚਾ ਤੁਸੀਂ ਚੁੱਕਿਆ ਹੈ ਤੇ ਬੱਚਾ ਤੁਹਾਡਾ ਸੂਟ ਗਿੱਲਾ ਕਰ ਦਿੰਦਾ ਹੈ, ਤੁਹਾਨੂੰ ਬੁਰਾ ਨਹੀਂ ਲੱਗੇਗਾ ਕਿਉਂਕਿ ਬੱਚਾ ਤੁਹਾਨੂੰ ਬਹੁਤ ਚੰਗਾ ਲਗਦਾ। ਤੁਸੀਂ ਬਿਨਾਂ ਕਿਸੇ ਗਿਲੇ ਦੇ ਜਾ ਕੇ ਕਪੜੇ ਬਦਲ ਲੈਂਦੇ ਹੋ। ਤੁਸੀਂ ਸਮਝ ਜਾਂਦੇ ਹੋ ਕਿ ਕੋਈ ਨਹੀਂ ਬੱਚੇ ਨੂੰ ਕੀ ਪਤਾ ਇਸਦਾ। ਅਸੀਂ ਕਿਸੇ ਨੂੰ ਸਮਝਣ ਦੀ ਥਾਂ ਜਦੋਂ ਆਪਣੇ ਨਜ਼ਰੀਏ ਨਾਲ ਨਿਰਣਾ ਕਰਕੇ ਤੁਰਦੇ ਹਾਂ ਤਾਂ ਦੁਖਾਂਤ ਪੈਦਾ ਹੁੰਦਾ ਹੈ। ਨੇੜਤਾ ਦੀ ਬਜਾਏ ਦੂਰੀ ਵਧਦੀ ਹੈ। ਆਪਣੇ ਦਿਮਾਗ ਨਾਲ ਸੋਚਣ ਦੇ ਨਾਲ ਨਾਲ ਜੇ ਅਸੀਂ ਦੂਸਰੇ ਨੂੰ ਵੀ ਸਮਝਣ ਦਾ ਯਤਨ ਕਰੀਏ ਤਾਂ ਹੀ ਨੇੜਤਾ ਹੋ ਸਕਦੀ ਹੈ। ਪੰਜ ਸਾਲ ਦੇ ਬੱਚੇ ਦਾ ਖਿਡੌਣਾ ਜੇ ਵੇਖਣਾ ਹੈ ਤਾਂ ਆਪਣੀ ਨਜ਼ਰ ਨਾਲ ਨਹੀਂ, ਬੱਚੇ ਦੀ ਨਜ਼ਰ ਨਾਲ ਦੇਖੋਗੇ ਤਾਂ ਹੀ ਉਸ ਖਿਡੌਣੇ ਦੀ ਉਸ ਵਕਤ ਸਹੀ ਕੀਮਤ ਦਾ ਪਤਾ ਲੱਗ ਸਕੇਗਾ।


Academy of the Punjab in North America: http://www.apnaorg.com

ਕਿਸੇ ਨਾਲ ਨੇੜਤਾ ਬਣਾਈ ਰੱਖਣ ਲਈ ਦੂਸਰੀ ਵੱਡੀ ਗੱਲ ਇਹ ਹੈ ਕਿ ਜੋ ਵਾਅਦਾ ਕਰਦੇ ਹੋ, ਉਹ ਨਿਭਾਓ। ਤਾਂ ਹੀ ਨੇੜਤਾ ਬਣੀ ਰਹੇਗੀ। ਪਹਿਲੀ ਗੱਲ ਕਿ ਅਗਲੇ ਨੂੰ ਸਮਝਣਾ ਜ਼ਰੂਰੀ ਹੈ, ਦੂਜੀ ਗੱਲ ਆਪਣੇ ਵਾਅਦਿਆਂ ਤੇ ਪੂਰੇ ਉੱਤਰਨਾ ਬੜਾ ਜ਼ਰੂਰੀ ਹੈ। ਜੇ ਵਾਅਦੇ ਨਹੀਂ ਨਿਭਾਉਂਦੇ ਅਸੀਂ ਤਾਂ ਯਕੀਨ ਉੱਡ ਜਾਏਗਾ। ਜੇ ਤੁਹਾਡੇ ਤੇ ਕਿਸੇ ਆਪਣੇ ਦਾ ਯਕੀਨ ਹੀ ਖ਼ਤਮ ਹੋ ਗਿਆ ਤਾਂ ਫਿਰ ਬਾਕੀ ਕੀ ਬਚਿਆ। ਸੋ ਸਾਨੂੰ ਵਾਅਦੇ ਬੜੇ ਸੋਚ ਸਮਝ ਕੇ ਕਰਨੇ ਚਾਹੀਦੇ ਹਨ। ਜੇ ਅਸੀਂ ਕਿਸੇ ਆਪਣੇ ਨਾਲ ਵਾਅਦਾ ਕਰ ਲਿਆ ਲੇਕਿਨ ਕਿਸੇ ਖਾਸ ਕਾਰਨ ਕਰਕੇ ਉਹ ਪੂਰਾ ਨਹੀਂ ਹੋ ਪਾਇਆ। ਕਾਰਨ ਕਈ ਵਾਰ ਐਸੇ ਹੋ ਜਾਂਦੇ ਹਨ ਕਿ ਤੁਸੀਂ ਵਾਅਦਾ ਨਿਭਾ ਸਕਣ ਤੋਂ ਅਸਮਰੱਥ ਹੋ ਜਾਂਦੇ ਹੋ ਤਾਂ ਫਿਰ ਇਸ ਹਾਲਤ ਵਿੱਚ, ਜਿਸ ਨਾਲ ਵਾਅਦਾ ਕੀਤਾ, ਤੁਸੀਂ ਉਸ ਨੂੰ ਕੋਲ ਬਿਠਾ ਕੇ ਵਾਅਦਾ ਨਾ ਪੂਰਾ ਕਰ ਸਕਣ ਦਾ ਕਾਰਣ ਸਮਝਾ ਦਿੰਦੇ ਹੋ। ਆਪਣਿਆਂ ਨੂੰ ਸਾਡੀ ਮਜਬੂਰੀ ਸਮਝ ਲੱਗ ਜਾਂਦੀ ਹੈ ਤੇ ਦਿਲ ਵਿਚ ਕਿਸੇ ਕਿਸਮ ਦੀ ਗਲਤ ਫਹਿਮੀ ਨਹੀਂ ਰਹਿੰਦੀ। ਨਾਲੇ ਜੇ ਤੁਹਾਨੂੰ ਤੁਹਾਡੇ ਆਪਣੇ ਇਸ ਤਰ੍ਹਾਂ ਜਾਣਦੇ ਹਨ ਕਿ ਸਾਡਾ ਪਾਪਾ ਜਾਂ ਮੇਰਾ ਪਤੀ ਤਾਂ ਹਰ ਹਾਲਤ ਵਿੱਚ ਵਾਅਦਾ ਨਿਭਾਉਂਦਾ ਹੈ, ਜਦੋਂ ਵੀ ਉਸ ਨੇ ਕੋਈ ਵਾਅਦਾ ਕੀਤਾ ਜ਼ਰੂਰ ਨਿਭਾਇਆ, ਇਹ ਤੁਹਾਡੀ ਪਿਰਤ ਬਣ ਜਾਂਦੀ ਹੈ। ਤੁਹਾਡਾ ਇਤਬਾਰ ਬਣ ਜਾਂਦਾ ਹੈ ਤੇ ਜੇ ਫਰਜ਼ ਕਰੋ ਐਸਾ ਆਦਮੀ ਜੋ ਹਰ ਵਾਰ ਆਪਣਾ ਵਾਅਦਾ ਪੂਰਾ ਕਰਦਾ ਹੈ, ਉਸ ਤੋਂ ਕਦੇ ਕਿਸੇ ਮਜਬੂਰੀ ਵਿਚ ਕੋਈ ਵਾਅਦਾ ਨਹੀਂ ਪੂਰਾ ਕੀਤਾ ਗਿਆ ਤਾਂ ਸਾਰੇ ਕਹਿਣਗੇ ਇਹ ਤਾਂ ਇਸ ਤਰ੍ਹਾਂ ਦਾ ਨਹੀਂ। ਕੋਈ ਮਜਬੂਰੀ ਹੋ ਗਈ ਹੋਵੇ ਗੀ।

ਨੇੜਤਾ ਬਣਾਈ ਰੱਖਣ ਲਈ ਸਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਜਿਸ ਦੇ ਮੈਂ ਕਰੀਬ ਰਹਿਣਾ ਚਾਹੁੰਦਾ ਹਾਂ, ਉਹ ਮੇਰੇ ਤੋਂ ਕੀ ਆਸ ਲਾਈ ਬੈਠਾ ਹੈ। ਕਈ ਵਾਰ ਅਸੀਂ ਆਪੇ ਹੀ ਅੰਦਾਜ਼ਾ ਲਗਾ ਲੈਂਦੇ ਹਾਂ ਤੇ ਕੋਈ ਭੁਲੇਖਾ ਰਹਿ ਜਾਂਦਾ ਹੈ। ਅਸੀਂ ਨਾ ਚਾਹੁੰਦਿਆਂ ਵੀ ਭੁਲੇ ਖੇ ਵਿੱਚ ਹੀ ਕੁਝ ਐਸਾ ਕਰ ਬੈਠਦੇ ਹਾਂ ਜਿਸ ਨਾਲ ਸਾਡੀ ਦੂਰੀ ਵਧਦੀ ਹੈ। ਮੇਰੀ ਬੜੀ ਰੀਝ ਸੀ ਕਿ ਮੇਰਾ ਲੜਕਾ ਮੇਰੇ ਤੋਂ ਵੱਧ ਪੜ੍ਹਾਈ ਕਰੇ। ਲੋਕ ਜਦੋਂ ਮੇਰੇ ਪੁੱਤਰ ਦੀ ਡਿਗਰੀ ਦੀਆਂ ਗੱਲਾਂ ਕਰਨ ਤਾਂ ਮੈਨੂੰ ਚੰਗਾ ਲੱਗੇਗਾ। ਮੇਰੇ ਵੱਡੇ ਲੜਕੇ ਨੇ ਯੂਨੀਵਰਸਿਟੀ ਤਾਂ ਦਾਖਲਾ ਲੈ ਲਿਆ ਪਰ ਸੱਤ ਸਾਲਾਂ ਵਿੱਚ ਡਿਗਰੀ ਨਾ ਕੀਤੀ। ਮੈਨੂੰ ਹਮੇਸ਼ਾ ਉਸ ਤੇ ਗਿਲਾ ਰਹਿਣਾ ਕਿਉਂਕਿ ਮੈਂ ਆਪਣੇ ਨਜ਼ਰੀਏ ਨਾਲ ਦੇਖਦਾ ਸਾਂ। ਕੰਵਰ ਹਮੇਸ਼ਾਂ ਕਹਿੰਦਾ, 'ਚਿੰਤਾ ਨਾ ਕਰਿਆ ਕਰੋ ਡੈਡ। ' ਪਰ 'ਪੰਚਾਂ ਦਾ ਕਹਿਣਾ ਸਿਰ ਮੱਥੇ ਪਰਨਾਲਾ ਉਥੇ ਦਾ ਉਥੇ। ' ਕੰਵਰ ਨੇ ਡਿਗਰੀ ਨਾ ਕੀਤੀ। ਕੰਵਰ ਦੇ ਦਿਲ ਵਿਚ ਸੀ ਕਿ ਡੈਡ ਚਾਹੁੰਦਾ ਮੈਂ ਵਧੀਆ ਨੌਕਰੀ ਕਰਕੇ ਵਧੀਆ ਪੈਸੇ ਕਮਾਉਣ ਲਈ ਡਿਗਰੀ ਕਰਾਂ ਪਰ ਉਸ ਨੂੰ ਪਤਾ ਸੀ ਕਿ ਪੈਸੇ ਕਮਾਉਣ ਤੋਂ ਬਿਨਾਂ ਵੀ ਉਸਦਾ ਕੰਮ ਚੱਲੀ ਜਾਣਾ, ਬਥੇਰੇ ਬਣਾਏ ਬਾਪੂ ਨੇ। ਕਿਉਂਕਿ ਕੰਵਰ ਦੀ ਸੋਚ ਤੇ ਮੇਰੀ ਸੋਚ ਵੱਖ ਵੱਖ ਸੀ। ਕੰਵਰ ਨੇ ਸੋਚਿਆ ਵੀ ਨਹੀਂ ਹੋਣਾ ਕਿ ਉਸ ਦੀ ਡਿਗਰੀ ਲੈਣ ਨਾਲ ਡੈਡ ਨੂੰ ਕਿਸ ਕਿਸਮ ਦੀ ਖੁਸ਼ੀ ਹੋਵੇਗੀ। ਸੋ ਰਿਸ਼ਤਿਆਂ ਵਿੱਚ ਨੇ ੜਤਾ ਬਣਾਈ ਰੱਖਣ ਲਈ ਸਾਨੂੰ ਆਪਣੀਆਂ ਆਸਾਂ ਉਮੀਦਾਂ ਨੂੰ ਸਮਝਣਾ ਬੜਾ ਜ਼ਰੂਰੀ ਹੈ। ਜਦੋਂ ਸਾਨੂੰ ਇੱਕ ਦੂਜੇ ਦੀਆਂ ਆਸਾਂ ਉਮੀਦਾਂ ਦਾ ਪਤਾ ਹੀ ਨਹੀਂ ਹੁੰਦਾ ਕਿ ਚਾਹੁੰਦਾ ਕੀ ਹੈ ਤਾਂ ਰਿਸ਼ਤਿਆਂ ਵਿੱਚ ਦੂਰੀਆਂ ਹੋਣੀਆਂ ਸੁਭਾਵਕ ਹਨ। ਕਈ ਰਿਸ਼ਤੇ ਐਸੇ ਹੁੰਦੇ ਹਨ ਕਿ ਪਤਾ ਹੀ ਹੁੰਦਾ ਹੈ ਕਿ ਸਾਨੂੰ ਇਕ ਦੂਸਰੇ ਤੋਂ ਕੀ ਉਮੀਦ ਹੈ। ਮਿਸਾਲ ਦੇ ਤੌਰ ਤੇ ਜਦੋਂ ਕਿਸੇ ਦਾ ਵਿਆਹ ਹੋ ਜਾਵੇ ਤਾਂ ਜੋ ਜੋ ਉਮੀਦਾਂ ਆਪਸ ਵਿੱਚ ਦੋਹਾਂ ਦੀਆਂ ਤੀਵੀਂ ਆਦਮੀ ਦੀਆਂ ਇਕ ਪਤੀ ਪਤਨੀ ਦੇ ਤੌਰ ਤੇ ਜੋ ਅਸੀਂ ਇੱਕ ਦੂਜੇ ਤੋਂ ਆਸ ਕਰਦੇ ਹਾਂ, ਉਹ ਸਭ ਕੁਝ ਦਾ ਅਹਿਸਾਸ ਹੀ ਹੁੰਦਾ ਹੈ। ਜੇ ਕੁਝ ਐਸਾ ਹੋ ਜਾਵੇ ਕਿ ਅਸੀਂ ਆਪਣੀ ਪਤਨੀ ਜਾਂ ਪਤੀ ਤੋਂ ਉਮੀਦ ਹੀ ਨਹੀਂ ਸੀ ਕਰਦੇ, ਜੋ ਹੋ ਗਿਆ ਤਾਂ ਨੇੜਤਾ ਨਹੀਂ ਰਹਿੰਦੀ। ਦੂਰੀ ਹੋਣੀ ਸ਼ੁਰੂ ਹੋ ਜਾਂਦੀ ਹੈ ਆਪਸ ਵਿੱਚ ਜੋ ਇਹ ਸਮਝ ਕੇ ਇੱਕ ਦੂਸਰੇ ਨੂੰ ਪਤਾ ਹੀ ਹੈ। ਪਤੀ ਨੂੰ ਜਾਂ ਪਤਨੀ ਨੂੰ ਪਤਾ ਹੀ ਹੈ, ਸਭ ਨੂੰ ਪਤਾ ਹੁੰਦਾ ਹੈ ਕਿ ਕੀ ਰਿਸ਼ਤਾ ਹੈ ਤੀਵੀਂ ਆਦਮੀ


Academy of the Punjab in North America: http://www.apnaorg.com

ਦਾ, ਲੇਕਿਨ ਫਿਰ ਵੀ ਘੁੰਡ ਚੁਕਾਈ, ਮੂੰਹ ਦਿਖਾਈ ਵਰਗੀਆਂ ਨਿੱਕੀਆਂ ਵੱਡੀਆਂ ਬਹੁਤ ਵੱਡੇ ਮਾਇਨੇ ਰੱਖਣ ਵਾਲੀਆਂ ਗੱਲਾਂ ਬਹੁਤ ਜ਼ਰੂਰੀ ਹਨ। ਇਹ ਸਪਸ਼ਟ ਗੱਲਾਂ ਰਿਸ਼ਤਿਆਂ ਦੀ ਬੁਨਿਆਦ ਹੁੰਦੀਆਂ ਹਨ। ਸਪਸ਼ਟ ਹੈ ਕਿ ਰਿਸ਼ਤੇ ਦਾ ਇਜ਼ਹਾਰ ਕਰਨ ਨਾਲ ਨੀਂਹਾਂ ਮਜ਼ਬੂਤ ਹੁੰਦੀਆਂ ਹਨ। ਅਸਪਸ਼ਟ ਰਿਸ਼ਤਿਆਂ ਵਿੱਚ ਫਰਕ ਪੈ ਜਾਂਦਾ ਹੈ। ਦੁਚਿੱਤੀ ਵਧ ਜਾਂਦੀ ਹੈ। ਸਪਸ਼ਟਤਾ ਰਿਸ਼ਤੇ ਮਜ਼ਬੂਤ ਕਰਦੀ ਹੈ ਦੁਚਿੱਤੀ, ਨਾ ਸਪਸ਼ਟਤਾ ਰਿਸ਼ਤੇ ਤੋੜਦੀ ਹੈ।

ਰਿਸ਼ਤਿਆਂ ਦੀ ਨੇੜਤਾ ਬਣਾਈ ਰੱਖਣ ਲਈ ਜ਼ਰੂਰੀ ਹੈ ਕਿ ਜੇ ਕਿਧਰੇ ਕੋਈ ਗਲਤੀ ਹੋ ਜਾਵੇ ਤਾਂ ਬੰਦਿਆਂ ਵਾਂਗ ਮੰਨਣੀ ਚਾਹੀਦੀ ਹੈ ਤੇ ਗਲਤੀ ਸੁਧਾਰਨ ਦਾ ਯਤਨ ਕਰਨਾ ਚਾਹੀਦਾ ਹੈ। ਸ਼ਰੀਫ਼ ਤੇ ਕੁਰਖ਼ਤ ਬੰਦਿਆਂ ਵਿੱਚ ਸਿਰਫ਼ ਇਹ ਹੀ ਅੰਤਰ ਹੁੰਦਾ ਹੈ ਕਿ ਕੁਰਖ਼ਤ ਲੋਕੀਂ ਕਸਾਈ ਵਾਂਗ ਗਲਤੀ ਕਰਕੇ ਉਸ ਨੂੰ ਗਲਤ ਨਹੀਂ ਕਹਿੰਦੇ, ਸ਼ਰੀਫ਼ ਆਦਮੀ ਪਛਤਾਵੇ ਦਾ ਇਜ਼ਹਾਰ ਕਰਦਾ ਹੈ। ਗਲਤੀਆਂ ਇਨਸਾਨਾਂ ਤੋਂ ਹੋ ਜਾਂਦੀਆਂ ਹਨ ਲੇਕਿਨ ਆਪਣੀ ਗਲਤੀ ਨਾ ਮੰਨਣਾ ਉਸ ਤੋਂ ਵੱਡੀ ਗਲਤੀ ਹੁੰਦੀ ਹੈ। ਅਨਜਾਣੇ ਵਿਚ ਕੀਤੀ ਗਲਤੀ ਕਿਸੇ ਤੋਂ ਵੀ ਹੋ ਸਕਦੀ ਹੈ। ਰਿਸ਼ਤਿਆਂ ਦੀ ਨੇੜਤਾ ਬਰਕਰਾਰ ਰੱਖਣ ਲਈ ਪਿਆਰ ਕਰਨਾ ਜ਼ਰੂਰੀ ਹੈ। ਜਦੋਂ ਤੁਸੀਂ ਕਿਸੇ ਨੂੰ ਦਿਲੋਂ ਲਾ ਕੇ ਬੇਗਰਜ਼ ਪਿਆਰ ਕਰਦੇ ਹੋ ਤਾਂ ਕਿਸੇ ਨੂੰ ਉਸ ਦੀ ਕੀਮਤ, ਉਸ ਦੀ ਮਹੱਤਤਾ ਦਾ ਅਹਿਸਾਸ ਕਰਵਾਉਂਦੇ ਹੋ। ਸਾਡੀ ਨਿੱਜੀ ਨੇੜਤਾ ਹੀ, ਆਪਣੇ ਪਰਿਵਾਰ ਜਾਂ ਵਿਓਪਾਰ ਵਿੱਚ ਰਿਸ਼ਤੇ ਬਣਾਉਂਦੀ ਹੈ। ਉਚੇਚੇ ਤੌਰ ਤੇ ਕੀਤਾ ਪਿਆਰ ਸਤਿਕਾਰ ਸਾਡੇ ਰਿਸ਼ਤੇ ਬਣਾਉਂਦਾ ਹੈ। ਪਰ ਜੇ ਕੋਈ ਕਹੇ ਕਿ ਮੈਂ ਤਾਂ ਸਾਰੀ ਦੁਨੀਆ ਨੂੰ ਇੱਕੋ ਜਿਹਾ ਪਿਆਰ ਕਰਦਾ ਹਾਂ ਤਾਂ ਮਤਲਬ ਤੁਹਾਡੇ ਹਿੱਸੇ ਤਾਂ ਸ਼ਾਇਦ ਕੁਝ ਵੀ ਨਾ ਆਵੇ। ਕਿਸੇ ਨਾਲ ਰਿਸ਼ਤਾ ਰੱਖਣਾ ਹੈ ਤਾਂ ਨਿੱਜੀ ਨੇੜਤਾ ਨਾਲ ਹੀ ਰਹਿ ਸਕਦਾ। ਸਾਰੀ ਜਮਾਤ ਬਰਾਬਰ ਹੈ, ਇਹ ਦਿਮਾਗ ਦੀ ਗੱਲ ਤਾਂ ਹੋ ਸਕਦੀ ਹੈ, ਦਿਲ ਦੀ ਨਹੀਂ। ਨਿੱਜੀ ਨੇੜਤਾ ਦੇ ਕਾਰਨ ਹੀ ਤੁਸੀਂ ਆਪਣਿਆਂ ਦੇ ਨੇੜੇ ਹੋ ਸਕਦੇ ਹੋ। ਸਾਰੀ ਦੁਨੀਆ ਨਾਲ ਸਾਰੀ ਜਮਾਤ ਨਾਲ ਨੇੜਤਾ ਤਾਂ ਕਿਤਾਬਾਂ ਦੀ ਗੱਲ ਹੈ। ਦੁਨੀਆ ਵਿੱਚ ਵਿਚਰਦਿਆਂ ਹੋਇਆਂ ਆਪਣਿਆਂ ਨਾਲ ਅਪਣੱਤ ਕਰੋਗੇ ਤਾਂ ਹੀ ਤੁਹਾਡੇ ਨਿੱਜੀ ਤੁਹਾਡੇ ਆਪਣੇ ਰਹਿ ਸਕਣਗੇ।

****


Academy of the Punjab in North America: http://www.apnaorg.com

# ਸਾਡੀ ਜਿੱਤ ਹਾਰ

ਆਮ ਜੀਵਨ ਵਿੱਚ, ਪਰਿਵਾਰਾਂ ਵਿੱਚ, ਪਿੰਡਾਂ ਵਿੱਚ, ਸਰਕਾਰਾਂ ਵਿੱਚ, ਵਪਾਰਾਂ ਵਿੱਚ, ਬਹੁਤ ਕਿਸਮ ਦੇ ਝਗੜੇ ਹੁੰਦੇ ਹਨ। ਸਿਆਣੇ ਕਿਹਾ ਕਰਦੇ ਸੀ ਜਿੱਥੇ ਚਾਰ ਭਾਂਡੇ ਹੋਣ ਉਹ ਖੜਕਦੇ ਹੀ ਹੁੰਦੇ। ਇਕ ਵਾਰ ਦੀ ਗੱਲ ਯਾਦ ਆਈ, ਸਾਡੇ ਬੱਚੇ ਹਾਲੇ 1012 ਸਾਲ ਦੇ ਹੀ ਸਨ। ਹਰਪ੍ਰੀਤ ਕਿਸੇ ਕੰਮ ਘਰੋਂ ਗਈ ਹੋਈ ਸੀ। ਸ਼ਾਇਦ ਆਪਣੀ ਭੈਣ ਸੁੱਖੀ ਦੇ ਘਰ। ਸਾਡੇ ਘਰ ਨਿਆਣਿਆਂ ਨੇ ਚਾਰ ਚੁਫੇਰੇ ਚੀਜ਼ਾਂ ਖਿਲਾਰੀਆਂ ਹੋਈਆਂ ਸਨ। ਕਿਤੇ ਵੀਡੀਓ ਗੇਮਾਂ, ਕਿਤੇ ਬਸਤੇ ਤੇ ਕਿਤੇ ਅੱਧੇ ਅੱਧੇ ਪੀ ਕੋਕ ਵਗੈਰਾ ਰੱਖੇ ਹੋਏ। ਮੇਰਾ ਇਕ ਖਾਸ ਮਿੱਤਰ ਸਾਡੇ ਸ਼ਹਿਰ ਵੈਨਚੁਰਾ ਵਿੱਚੋਂ ਦੀ ਲੰਘ ਰਿਹਾ ਸੀ। ਉਸ ਦਾ ਕਾਰ ਵਿਚੋਂ ਫ਼ੋਨ ਆਇਆ ਕਿ ਪੰਜ ਕੁ ਮਿੰਟਾਂ ਵਿਚ ਘਰ ਆ ਰਿਹਾ ਹੈ। ਖਾਸ ਮਿੱਤਰ ਸੀ। ਜਦੋਂ ਘਰ ਵੜਿਆ ਤਾਂ ਖਲਾਰਾ ਪਿਆ ਦੇਖ ਕੇ ਹੱਸ ਪਿਆ। ਮੈਂ ਕਿਹਾ ਯਾਰ ਮੁਆਫ਼ ਕਰਨਾ ਬੱਚਿਆ ਨੇ ਸਾਰਾ ਲਿਵਿੰਗ ਰੂਮ ਮੱਲਿਆ ਪਿਆ, ਆਓ ਆਪਾਂ ਦੂਸਰੀ ਬੈਠਕ ਵਿੱਚ (ਸਿਟਿੰਗ ਰੂਮ) ਵਿੱਚ ਬੈਠਦੇ ਹਾਂ। ਇਕ ਵਾਰ ਬਹਿਣ ਲੱਗਿਆਂ ਮੈਂ ਫਿਰ ਕਿਹਾ, 'ਖਲਾਰੇ ਲਈ ਮੁਆਫ਼ੀ ਚਾਹੁੰਦੇ ਹਾਂ।' ਮੇਰਾ ਮਿੱਤਰ ਫਿਰ ਹੱਸਿਆ ਤੇ ਕਹਿਣ ਲੱਗਾ, 'ਜੇ ਕਿਸੇ ਦੇ ਘਰ ਕੁਝ ਹੋਊ ਤਾਂ ਖਿੱਲਰੂ।' ਸੋ ਜੇ ਚਾਰ ਜੀਅ ਕਿਤੇ ਇਕੱਠੇ ਹੋਣਗੇ ਤਾਂ ਝਗੜੇ ਹੋਣਗੇ । ਝਗੜੇ ਹੋਣੇ ਤਾਂ ਚਲੋ ਸੁਭਾਵਕ ਗੱਲ ਹੈ ਲੇਕਿਨ ਅਸੀਂ ਝਗੜੇ ਨਜਿੱਠਦੇ ਕਿਸ ਤਰ੍ਹਾਂ ਹਾਂ। ਕਈ ਵਾਰੀ ਮਿੱਤਰਤਾ ਦੁਸ਼ਮਣੀ ਵਿੱਚ ਬਦਲ ਜਾਂਦੀ ਹੈ। ਜੇ ਝਗੜਾ ਜਿੱਤ ਕੇ ਅਸੀਂ ਘਰ ਲੜਾਈ ਪਾ ਲਈ ਤਾਂ ਸਮਝੋ ਜਿੱਤ ਕੇ ਵੀ ਆਪਾਂ ਹਾਰ ਗਏ। ਕੋਈ ਵਸਤੂ ਪ੍ਰਾਪਤ ਕਰਨ ਲਈ ਜੇ ਅਸੀਂ ਬੰਦੇ ਗਵਾ ਲਏ ਆਪਣੇ ਤਾਂ ਵੀ ਘਾਟੇ ਵੰਦਾ ਹੀ ਸੌਦਾ ਹੈ ਕਿਉਂਕਿ ਬੰਦੇ ਵਸਤਾਂ ਬਣਾ ਸਕਦੇ ਹਨ। ਲੇਕਿਨ ਵਸਤਾਂ ਬੰਦੇ ਨਹੀਂ ਬਣਾ ਸਕਦੀਆਂ। ਘਰਾਂ ਵਿੱਚ ਪਰਿਵਾਰਾਂ ਵਿੱਚ ਝਗੜੇ ਕਈ ਵਾਰ ਵਿਓਪਾਰ ਨਾਲੋਂ ਵੀ ਬਹੁਤ ਵੱਡਾ ਦੁਖਾਂਤ ਪੈਦਾ ਕਰ ਦਿੰਦੇ ਹਨ। ਮੈਨੂੰ ਕਿਸੇ ਨੇ ਆਪਣੀ ਇੱਕ ਦਰਦ ਕਹਾਣੀ ਸੁਣਾਈ। ਮੈਂ ਮਿੱਤਰ ਤੇ ਨਹੀਂ ਕਹਿ ਸਕਦਾ ਪਰ ਉਸ ਦਾ ਕੋਈ ਨਿੱਕਾ ਜਿਹਾ ਕੰਮ ਮੈਂ ਕੀਤਾ ਸੀ ਜਿਸ ਕਰਕੇ ਉਸ ਦਾ ਬਹੁਤ ਫਾਇਦਾ ਹੋ ਗਿਆ ਤੇ ਉਸ ਨੇ ਆਪਣਾ ਸਮਝ ਕੇ ਆਪਣੇ ਦਿਲ ਦੀ ਗੱਲ ਮੇਰੇ ਨਾਲ ਸਾਂਝੀ ਕਰ ਲਈ। ਉਹ ਇਕ ਗਰੀਬ ਘਰ ਦਾ ਪੰਜਾਬੀ ਜੱਟਾਂ ਦਾ ਮੁੰਡਾ ਸੀ। ਬਾਪ ਦੀ ਦੋ ਏਕੜ ਜ਼ਮੀਨ ਸੀ। ਤਿੰਨ ਭਰਾ ਸੀ ਉਹ ਸਭ ਤੋਂ ਛੋਟਾ ਸੀ। ਇਕ ਉਸ ਤੋਂ ਵੀ ਛੋਟੀ ਭੈਣ ਸੀ। ਸਭ ਤੋਂ ਵੱਡਾ ਭਰਾ ਬਾਪ ਨਾਲ ਖੇਤੀ ਵਿਚ ਮਾੜਾ ਮੋਟਾ ਹੱਥ ਵਟਾਉਂਦਾ। ਦੂਸਰਾ ਭਰਾ ਸ਼ਹਿਰ ਕਾਰਖ਼ਾਨੇ ਵਿੱਚ ਨੌਕਰੀ ਕਰਦਾ। ਛੋਟੇ ਦੋਵੇਂ ਭੈਣ ਭਰਾ ਪੜ੍ਹਦੇ ਸੀ। ਜਦ ਦਸਵੀਂ ਪਾਸ ਕੀਤੀ ਤਾਂ ਬਾਪ ਨੇ ਸਾਫ ਦੱਸ ਦਿੱਤਾ ਕਿ ਮੈਂ ਤੈਨੂੰ ਹੋਰ ਨਹੀਂ ਪੜ੍ਹਾ ਸਕਦਾ। ਉਸ ਮੁੰਡੇ ਦੀ ਯਾਰੀ ਦੋਸਤੀ ਕਿਸੇ ਤਕੜੇ ਘਰ ਦੇ ਮੁੰਡੇ ਨਾਲ ਸੀ ਜੋ ਅਮਰੀਕਾ ਰਿਹਾ ਸੀ। ਉਸ ਨੇ ਸਾਰਾ ਖਰਚ ਕਰਕੇ ਉਸ ਨੂੰ ਨਾਲ ਹੀ ਅਮਰੀਕਾ ਲੈ ਆਂਦਾ। ਇਹ ਗੱਲ 1980 ਦੀ ਹੈ। ਅਮਰੀਕਾ ਆ ਕੇ ਉਸ ਨੇ ਬਹੁਤ ਮਿਹਨਤ ਕੀਤੀ। ਮਿਹਨਤੀ ਦੇਖ ਕੇ ਤੇ ਉਸ ਦੇ ਮਿੱਤਰ ਦੀ ਵਾਕਫ਼ੀ ਕਰਕੇ ਉਸ ਦਾ ਵਿਆਹ ਵੀ ਟੈਕਸਸ ਸਟੇਟ ਵਿੱਚ ਕਿਸੇ ਪੰਜਾਬੀ ਕੁੜੀ ਨਾਲ ਹੋ ਗਿਆ। ਆਪਣੇ ਬਾਪੂ ਨੂੰ ਹਰ ਮਹੀਨੇ ਪੈਸੇ ਭੇਜਦਾ ਰਿਹਾ। ਜਿਸ ਦਿਨ ਉਸ ਦੀ ਭੈਣ ਦਾ ਵਿਆਹ ਸੀ ਉਹ ਆਪ ਜਾ ਕੇ ਸਾਰਾ ਖਰਚਾ ਆਪ ਕਰਕੇ ਵਿਆਹ ਕਰਕੇ ਆਇਆ। ਉਸ ਨੂੰ ਆਪਣੇ ਪਰਿਵਾਰ ਦੀ ਗਰੀਬੀ ਦਾ ਖ਼ਿਆਲ ਸੀ। ਹਰ ਸਾਲ ਕੋਈ ਨਾ ਕੋਈ ਮਦਦ ਕਰਦਾ ਰਹਿੰਦਾ। ਵੱਡੇ ਭਰਾ ਦੇ ਕਹਿਣ ਤੇ ਉਸ ਨੇ ਪੈਸੇ ਭੇਜ ਕੇ 10 ਏਕੜ ਜ਼ਮੀਨ ਵੀ ਨਾਲ ਲਗਦੀ ਲੈ ਲਈ। ਮਕਾਨ ਵੀ ਪੱਕਾ ਪਾ ਲਿਆ। ਪਿੰਡ ਵਿੱਚ ਜਿਹੜਾ ਕਾਰਖ਼ਾਨੇ ਕੰਮ ਕਰਦਾ ਹੁੰਦਾ ਸੀ ਭਰਾ, ਉਸਨੂੰ ਪਹਿਲੇ ਕੱਚੇ ਮਕਾਨ ਵਿੱਚ ਹੀ ਛੱਡ, ਵੱਡਾ ਭਰਾ ਵੱਡੇ ਤੇ ਪੱਕੇ ਮਕਾਨ ਵਿੱਚ ਰਹਿਣ ਲੱਗਾ। ਦੋਵੇਂ ਜਦੋਂ ਜੁਦਾ ਹੋਏ ਤਾਂ ਝਗੜਾ ਹੋ ਗਿਆ। ਵੱਡਾ ਭਰਾ ਛੋਟੇ ਨੂੰ ਕਹਿਣ ਲੱਗਾ ਕਿ 12 ਏਕੜ ਜ਼ਮੀਨ ਹੈ ਆਪਾਂ ਤਿੰਨ ਭਰਾ ਤੇ ਚੌਥੀ ਮਾਂ (ਬਾਪੂ ਵਿਚਾਰਾ ਮਰ ਗਿਆ ਸੀ) ਦਾ ਹਿੱਸਾ ਤਿੰਨ ਏਕੜ ਜ਼ਮੀਨ ਤੇ ਕੱਚਾ ਮਕਾਨ ਉਸ ਨੂੰ ਦਿੱਤਾ। ਉਸ ਵਿਚਾਰੇ ਨੇ ਅਮਰੀਕਾ ਵਾਲੇ ਛੋਟੇ ਭਰਾ



Academy of the Punjab in North America: http://www.apnaorg.com

ਨੂੰ ਚਿੱਠੀ ਲਿਖੀ ਤੇ ਸਾਰਾ ਹਾਲ ਲਿਖਿਆ। ਉਸ ਨੂੰ ਬੜਾ ਦੁੱਖ ਹੋਇਆ ਤੇ ਉਹ ਆਪਣੇ ਪਿੰਡ ਗਿਆ। ਵੱਡੇ ਭਰਾ ਦੇ ਘਰ ਬੈਠ ਕੇ ਚਾਹ ਪਾਣੀ ਪੀਤਾ ਤੇ ਉਸ ਨੇ ਗੱਲ ਕੀਤੀ ਕਿ ਭਾਅ ਆਪਣੇ ਜੀਤੇ ਨੂੰ ਥੋੜ੍ਹੀ ਹੋਰ ਜ਼ਮੀਨ ਦੇ ਦੇ ਉਹ ਵੀ ਆਪਣਾ ਭਰਾ ਹੈ। ਪਰ ਵੱਡੇ ਭਰਾ ਨੇ ਸਾਫ ਨਾਂਹ ਕਰ ਦਿੱਤੀ-ਮਾਂ ਦਾ ਹਿੱਸਾ ਮੇਰਾ ਹਿੱਸਾ। ਬੱਸ ਗੱਲ ਕਿਸੇ ਪਾਸੇ ਤੁਰਨ ਹੀ ਨਾ ਦੇਵੇ। ਹਾਰ ਕੇ ਕਹਿਣ ਲੱਗਾ ਭਾਅ ਫਿਰ ਏਦਾਂ ਕਰ ਮੇਰਾ ਹਿੱਸਾ ਹੀ ਆਪਣੇ ਜੀਤੇ ਨੂੰ ਦੇ ਦੇ ਤੇ ਤੂੰ ਮਾਂ ਵਾਲਾ ਰੱਖ ਲੈ, ਦੋਵਾਂ ਕੋਲ ਛੇ ਛੇ ਕਿੱਲੇ ਹੋ ਜਾਊ। ਵੱਡੇ ਭਰਾ ਨੇ ਅੱਖਾਂ ਲਾਲ ਕਰਕੇ ਆਪਣੇ ਲਾਗੇ ਬੈਠੇ ਆਪਣੇ ਜਵਾਨ ਪੁੱਤ ਵੱਲ ਵੇਖਿਆ ਤੇ ਕਿਹਾ, 'ਤੇਰਾ ਚਾਚਾ ਹਿੱਸਾ ਮੰਗਦਾ।' ਪੁੱਤ ਨੇ ਲਾਗੇ ਪਈ ਤਲਵਾਰ ਤੇ ਹੱਥ ਰੱਖਦਿਆਂ ਕਿਹਾ, 'ਕੋਈ ਨਹੀਂ ਮੈਂ ਚਾਚੇ ਦਾ ਕੰਮ ਕਰ ਦਿੰਦਾ, ਚੱਲ ਜੇਲ੍ਹ ਹੋ ਗਈ ਤਾਂ ਤੇਰਾ ਇੱਕ ਪੁੱਤਰ ਹੋਰ ਹੈਗਾ।' ਅਮਰੀਕਾ ਤੋਂ ਗਿਆ ਚਾਚਾ ਸੁਣ ਕੇ ਹਕਾ ਬਕਾ ਰਹਿ ਗਿਆ। ਕੁਝ ਨਾ ਬੋਲਿਆ ਤੇ ਆਪਣਾ ਬਸਤਾ ਜੋ ਹਾਲੇ ਖੋਲ੍ਹਿਆ ਵੀ ਨਹੀਂ ਸੀ ਚੁੱਕਿਆ ਤੇ ਵਾਪਿਸ ਅਮਰੀਕਾ ਆ ਗਿਆ। ਸਿਆਣਪ ਕੀਤੀ। ਜੇ ਉਥੇ ਮਾਰਿਆਂ ਜਾਂਦਾ ਤਾਂ ਕੌਣ ਜਿੱਤਦਾ ਤੇ ਕੌਣ ਹਾਰਦਾ। ਝਗੜੇ ਹੋ ਜਾਣ ਤੇ ਕਿਵੇਂ ਨਿਬੇੜਨੇ ਚਾਹੀਦੇ ਹਨ, ਇਸ ਬਾਰੇ ਕੁਝ ਗੱਲਾਂ ਕਰੀਏ । ਬ੍ਰਿਤਾਂਤ ਤੇ ਤੁਹਾਨੂੰ ਸੁਣਾ ਦਿੱਤਾ, ਚਲੋ ਬਾਤਾਂ ਵੀ ਕਰੀਏ। ਜਦੋਂ ਅਸੀਂ ਪਰਿਵਾਰ ਵਿਚ ਹਾਂ ਜਾਂ ਕਿਸੇ ਵਪਾਰ ਵਿੱਚ ਹਾਂ ਤਾਂ ਅਸੀਂ ਭਾਵੇਂ ਜਿਸ ਮਰਜ਼ੀ ਪਦਵੀ ਤੇ ਹਾਂ ਫਿਰ ਵੀ ਸਾਨੂੰ ਇਕ ਦੂਸਰੇ ਨਾਲ ਤਾਲਮੇਲ ਤਾਂ ਰੱਖਣਾ ਪਵੇਗਾ। ਕੋਈ ਪ੍ਰਧਾਨ ਹੈ, ਕੋਈ ਮੈਨੇਜਰ ਹੈ, ਕੋਈ ਕਲਰਕ ਹੈ ਜਾਂ ਕੋਈ ਚਪੜਾਸੀ, ਸਾਰੇ ਹੀ ਉਸ ਕੰਪਨੀ ਦੇ ਕਰਿੰਦੇ ਹਨ। ਸਾਨੂੰ ਇੱਕ ਦੂਜੇ ਤੇ ਨਿਰਭਰਤਾ ਦੀ ਸਿਆਸਤ, ਲਿਆਕਤ ਨਹੀਂ ਹੈ ਤਾਂ ਅਸੀਂ ਕਿਵੇਂ ਗੱਡੀ ਚਲਾ ਸਕਦੇ ਹਾਂ। ਇਕੱਠਿਆਂ ਚੱਲਣਾ ਕਿਸ ਤਰਾਂ ਸਾਨੂੰ ਪਤਾ ਹੋਣਾ ਚਾਹੀਦਾ ਹੈ, ਸਾਨੂੰ ਸਿਆਣਪ ਹੋਣੀ ਚਾਹੀਦੀ ਹੈ ਕਿ ਕਿਵੇਂ ਕੰਮ ਚਲਾਉਣੇ ਹਨ। ਜਦੋਂ ਇਕੱਠੇ ਹਾਂ, ਇੱਕ ਕੰਮ ਹੈ ਤਾਂ ਫਿਰ ਉਸ ਵਿੱਚ ਜੇ ਜਿੱਤ ਹੈ ਤਾਂ ਸਾਰਿਆਂ ਦੀ ਹੀ ਹੋਣੀ ਚਾਹੀਦੀ ਹੈ। ਐਸਾ ਕੁਝ ਨਹੀਂ ਕਰਨਾ ਚਾਹੀਦਾ ਕਿ ਇਕ ਆਦਮੀ ਲਾਭ ਲੈ ਜਾਵੇ ਤੇ ਦੂਸਰੇ ਕਿਸੇ ਦਾ ਨੁਕਸਾਨ ਹੋ ਜਾਵੇ। ਆਪਣਾ ਨੁਕਸਾਨ ਕਰਕੇ ਵੀ ਹੋਰ ਕਿਸੇ ਦਾ ਫ਼ਾਇਦਾ ਕਿਉਂ ਕੀਤਾ ਜਾਵੇ। ਜੋ ਆਪਣਾ ਨੁਕਸਾਨ ਕਰਾ ਕੇ ਬੈਠ ਹੋ ਜਾਵੇ ਤਾਂ ਉਹ ਜੇਤੂ ਤੇ ਨਾ ਹੋਇਆ। ਕਈ ਵਾਰੀ ਇਸ ਤਰ੍ਹਾਂ ਵੀ ਹੁੰਦਾ ਹੈ ਕਿ ਅਸੀਂ ਗੁੱਸੇ ਵਿੱਚ ਆ ਕੇ ਸਾਰੀ ਖੇਡ ਹੀ ਖਰਾਬ ਕਰ ਲੈਂਦੇ ਹਾਂ। ਚਲੋ ਮੇਰਾ ਤਾਂ ਨੁਕਸਾਨ ਹੋ ਹੀ ਜਾਣਾ, ਹੋਰ ਵੀ ਕੋਈ ਕਿਉਂ ਜਿੱਤੇ। ਇਹ ਬਹੁਤ ਹੀ ਗਲਤ ਸੋਚ ਹੈ। ਮੌਤ ਕਦੇ ਜਿੱਤ ਨੂੰ ਨਹੀਂ ਕਹਿੰਦੇ। ਮਰ ਹੀ ਗਿਆ ਤੇ ਫਿਰ ਕਹਿੰਦੇ 'ਆਪ ਮੋਏ ਜੱਗ ਪਰਲੋ। ' ਸਭ ਦਾ ਨੁਕਸਾਨ ਕਰਨਾ ਠੀਕ ਨਹੀਂ। ਕੋਈ ਐਸੀ ਖੇਡ ਖੇ ਡਣੀ ਚਾਹੀਦੀ ਹੈ ਜਿਸ ਵਿਚ ਸਭ ਦਾ ਹੀ ਭਲਾ ਹੋਵੇ। ਜੇ ਸਭ ਦਾ ਭਲਾ ਨਹੀਂ ਹੋ ਸਕਦਾ ਤਾਂ ਫਿਰ ਐਸਾ ਕੰਮ ਹੀ ਨਾ ਕਰੋ। ਨਹੀਂ ਤਾਂ ਜੇ ਕਿਸੇ ਇਕ ਦਾ ਲਾਭ ਦੂਜੇ ਦਾ ਨੁਕਸਾਨ ਕਰ ਦੇਵੇ ਤਾਂ ਉਹ ਖੇਡ ਜ਼ਿਆਦਾ ਦੇਰ ਨਹੀਂ ਚੱਲ ਸਕਦੀ। ਜੇ ਪਰਵਾਰ ਹੈ, ਇੱਕ ਟੀਮ ਹੈ, ਇੱਕੋ ਵਿਓਪਾਰ ਹੈ ਤਾਂ ਸਭ ਦੀ ਸਾਂਝੀ ਜਿਤ ਨਾ ਹੋਈ ਤਾਂ ਯਕੀਨਨ ਹਾਰ ਹੈ। ਜਾਂ ਤਾਂ ਸਾਰੇ ਹੀ ਜਿੱਤ ਸਕਦੇ ਹਨ, ਟੀਮ ਹੀ ਜਿੱਤ ਸਕਦੀ ਹੈ ਤੇ ਜਾਂ ਫਿਰ ਟੀਮ ਦੀ ਹਾਰ ਸਭ ਦੀ ਹਾਰ ਹੋਵੇਗੀ ਭਾਵੇਂ ਕੋਈ ਬਾਕੀ ਸਾਰਿਆਂ ਤੋਂ ਜਿੰਨਾ ਮਰਜ਼ੀ ਵਧੀਆ ਖੇਡਦਾ ਹੋਵੇ। ਟੀਮ ਦੀ ਹਾਰ ਤਾਂ ਫਿਰ ਸਭ ਦੀ ਹੀ ਹਾਰ ਹੈ। ਦੁਨੀਆ ਦੀ ਹਰ ਖੇਡ ਵਿੱਚ ਜੇ ਅਸੀਂ ਸਭ ਦਾ ਭਲਾ ਮੰਗਦੇ ਹਾਂ ਤਾਂ ਹੀ ਸਾਡਾ ਭਲਾ ਹੋ ਸਕਦਾ ਹੈ। ਕਿਸੇ ਇੱਕ ਦੀ ਜਿੱਤ ਦੂਸਰੇ ਨੂੰ ਮਾਰ ਕੇ ਹੀ ਹੋਣੀ ਹੈ ਤਾਂ ਉਹ ਕਾਹਦੀ ਜਿੱਤ। ਜੇ ਇੱਕ ਹੱਸੇ ਦੂਜਾ ਰੋਵੇ ਤਾਂ ਠੀਕ ਨਹੀਂ। ਸਾਰੇ ਰੋਣ ਤਾਂ ਵੀ ਗੱਲ ਬਣਦੀ ਨਹੀਂ। ਪਰ ਜੇ ਐਸਾ ਸੋਚੀਏ ਕਿ ਸਾਰੇ ਹੀ ਖੁਸ਼ ਹੋਣ ਤਾਂ ਐਸੀ ਹਾਲਤ ਵਿੱਚ ਜਿੱਤ ਹਾਰ ਦਾ ਸਵਾਲ ਖਤਮ ਹੋ ਜਾਂਦਾ ਹੈ। ਸਭ ਦਾ ਭਲਾ ਮੰਗਦਿਆਂ ਜੋ ਹੋਣਾ ਉਹ ਹੋ ਜਾਵੇ ਤਾਂ ਉਸ ਦੀ ਕੋਈ ਚਿੰਤਾ ਨਹੀਂ ਹੁੰਦੀ। ਹਾਰ ਕੇ ਵੀ ਜਿੱਤ ਮਹਿਸੂਸ ਹੁੰਦੀ ਹੈ। ਤਾਂ ਤੁਸੀਂ ਕਿਸੇ ਮਾੜੇ ਨੂੰ ਲਤਾੜ ਕੇ ਲੰਘ ਤਾਂ ਸਕਦੇ ਹੋ ਪਰ ਭਲਾ ਤੁਹਾਡੀ ਜ਼ਮੀਰ ਤੁਹਾਨੂੰ ਜੇਤੂ ਕਹੇਗੀ?


Academy of the Punjab in North America: http://www.apnaorg.com

# ਸਾਡੇ ਵਾਅਦੇ

ਇਕੱਲਾ ਤਾਂ ਕਹਿੰਦੇ ਰੁੱਖ ਵੀ ਨਾ ਹੋਵੇ। ਇਕੱਲਾ ਹੀ ਹੋਵੇ ਜੇ ਕੋਈ ਤਾਂ ਵਾਅਦੇ ਕਿਸ ਨਾਲ ਕਰੇਗਾ? ਹਾਂ ਆਪਣੇ ਆਪ ਨਾਲ ਵੀ ਵਾਅਦਾ ਕਰ ਸਕਦੇ ਹਾਂ ਕਿ ਮੈਂ ਅੱਜ ਤੋਂ ਇਹ ਚੀਜ਼ ਨਹੀਂ ਖਾਣੀ ਪੀਣੀ ਜਾਂ ਇਹ ਕੰਮ ਨਹੀਂ ਕਰਨਾ। ਜੇ ਸਾਨੂੰ ਕੋਈ ਦੇਖਦਾ ਹੀ ਨਹੀਂ, ਤਾਂ ਵਾਅਦਾ ਤੋੜਦਿਆਂ ਦਾ ਜੇ ਕਿਸੇ ਨੂੰ ਪਤਾ ਹੀ ਨਾ ਲੱਗੇ ਤਾਂ ਫਿਰ ਵਾਅਦਾ ਕਰਨ ਦਾ ਜਾਂ ਤੋੜਨ ਦਾ ਕੋਈ ਫਰਕ ਨਹੀਂ ਪੈਂਦਾ। ਵਾਅਦਾ ਕਿਸੇ ਨਾਲ ਕਰਕੇ ਤੇ ਉਸ ਨੂੰ ਨਿਭਾਉਣ ਵਿੱਚ ਜੋ ਖੁਸ਼ੀ ਮਿਲਦੀ ਹੈ, ਉਹ ਖੁਸ਼ੀ ਪ੍ਰਾਪਤ ਕਰਨ ਲਈ ਅਸੀਂ ਵਾਅਦੇ ਨਿਭਾਉਂਦੇ ਹਾਂ। ਵਾਅਦਾ ਖ਼ਿਲਾਫ਼ੀ 'ਚੋਂ ਜੋ ਦੁਖਾਂਤ ਪੈਦਾ ਹੁੰਦਾ ਹੈ। ਉਸ ਦੇ ਦਰਦ ਤੋਂ, ਵਾਅਦਾ ਖ਼ਿਲਾਫ਼ੀ ਦੀ ਪੀੜਾਂ ਤੋਂ ਜੋ ਡਰ ਲਗਦਾ ਹੈ, ਉਸ ਡਰ ਕਰਕੇ ਹੀ ਅਸੀਂ ਵਾਅਦੇ ਨਿਭਾਉਂਦੇ ਹਾਂ। 'ਬਾਂਹਿ ਜਿਨ੍ਹਾਂ ਦੀ ਪਕੜੀਏ ਧਰ ਪਈਏ ਧਰਮ ਨਾ ਛੱਡੀਏ' ਵਾਅਦਾ ਇਕ ਧਰਮ ਹੁੰਦਾ ਹੈ। ਸਾਰੀ ਦੁਨੀਆ ਵਿੱਚ ਵਾਅਦੇ ਨਿਭਾਉਣ ਜਾਂ ਵਾਅਦੇ ਤੋੜਨ ਦਾ ਹਿਸਾਬ ਕਿਤਾਬ ਸਾਡਾ ਸਮਾਜ, ਜਿਸ ਵਿੱਚ ਅਸੀਂ ਨਿਤ ਦਿਨ ਵਿਚਰਦੇ ਹਾਂ, ਲਾਉਂਦਾ ਰਹਿੰਦਾ ਹੈ। ਕਈ ਵਾਰ ਤੁਸੀਂ ਸੁਣਿਆ ਹੋਣਾ-ਇਹ ਬੰਦਾ ਜੋ ਆਖਦਾ ਉਹ ਕਰ ਵਿਖਾਉਂਦਾ ਹੈ। ਇਹ ਬੰਦਾ ਵਾਅਦੇ ਦਾ ਬੜਾ ਪੱਕਾ ਹੈ -ਇਹ ਬੰਦਾ ਮਰ ਤਾਂ ਜਾਊ ਪਰ ਆਪਣੇ ਬੋਲ ਜ਼ਰੂਰ ਪੁਗਾਊ ਤੇ ਦੂਜੇ ਪਾਸੇ ਕਈ ਲੋਕ ਆਪਣਾ ਇਤਬਾਰ ਗਵਾ ਬੈਠਦੇ ਹਨ। ਲੋਕਾਂ ਦੀਆ ਕਿਤਾਬਾਂ ਵਿੱਚ ਫਿਰ ਇਸ ਤਰ੍ਹਾਂ ਦੇ ਲੋਕਾਂ ਲਈ ਲੋਕ ਇਸ ਤਰ੍ਹਾਂ ਗੱਲਾਂ ਕਰਦੇ ਹਨ-ਇਹ ਕੋਈ ਬੰਦਾ ਝੱਟ ਮੁੱਕਰ ਜਾਂਦਾ ਏ-ਏਹਦੀ ਗੱਲ ਦਾ ਕੀ ਇਤਬਾਰ, ਪੈਰ ਪੈਰ ਤੇ ਝੂਠ ਬੋਲਦਾ, ਇਹ ਜਾਂਦਾ ਕਿਸੇ ਪਾਸੇ ਆਉਂਦਾ ਹੋਰ ਕਿਤੋਂ। ਇਸਦਾ ਕੀ ਇਤਬਾਰ, ਕਹਿੰਦੇ ਵੰਝ ਚੜ੍ਹੀ ਤੇ ਪਿੱਪਲ ਲੱਥੀ। ਕਹਿੰਦੇ ਵਾਅਦੇ ਕਰਨੇ ਬੜੇ ਸੌਖੇ ਪਰ ਨਿਭਾਉਣੇ ਔਖੇ ਹੁੰਦੇ ਹਨ। ਪਰ ਇਹ ਬਹੁਤ ਪੁਰਾਣੀ ਕਹਾਵਤ ਹੈ। ਅੱਜ ਕੱਲ ਲੋਕ ਏਨੇ ਭੋਲੇ ਨਹੀਂ, ਜਲਦੀ ਕਿਤੇ ਕਿਸੇ ਤੇ ਇਤਬਾਰ ਨਹੀਂ ਕਰਦੇ। ਸੋਚ ਸਮਝ ਕੇ ਇਤਬਾਰ ਕਰਦੇ ਹਨ। ਪਰ ਜੇ ਇਸ ਤਰ੍ਹਾਂ ਲੱਗੇ ਕਿ ਵਾਅਦਾ ਕਰਨ ਵਾਲਾ ਸਹੀ ਨਹੀਂ ਚੱਲ ਰਿਹਾ ਤਾਂ ਦਖ਼ਲਅੰਦਾਜ਼ੀ ਵੀ ਕਰਦੇ। ਅੱਜ ਕੱਲ ਲੋਕਾਂ ਤੋਂ ਜੇ ਗੱਲ ਕਿਸੇ ਪਾਸੇ ਨਾ ਹੀ ਲਗਦੀ ਦਿਸੇ ਤਾਂ ਇਸ ਤੋਂ ਪਹਿਲਾਂ ਕਿ ਕੋਈ ਵੱਡਾ ਦੁਖਾਂਤ ਖੜ੍ਹਾ ਹੋ ਜਾਵੇ, ਉਸ ਦਾ ਕੋਈ ਹੱਲ ਲੱਭਣ ਦੀ ਕੋਸ਼ਿਸ਼ ਕਰਦੇ ਹਨ। ਸੋ ਵਾਅਦੇ ਕਰਨ ਵਾਲੇ ਨੂੰ ਵੀ ਸੋਚ ਸਮਝ ਕੇ ਵਾਅਦਾ ਕਰਨਾ ਚਾਹੀਦਾ ਹੈ। ਜੇ ਵਾਅਦਾ ਕੀਤਾ ਹੈ ਤਾਂ ਨਿਭਾਉਣਾ ਚਾਹੀਦਾ ਹੈ। ਨਹੀਂ ਤਾਂ ਵਾਅਦਿਆਂ ਤੋਂ ਕਿਤੇ ਵਧੀਆ ਰਿਸ਼ਤਾ ਬਲੀ ਚੜ੍ਹ ਜਾਣ ਦਾ ਖਤਰਾ ਪੈਦਾ ਹੋ ਸਕਦਾ ਹੈ। ਵਾਅਦੇ ਕੰਧਾਂ ਨਾਲ ਨਹੀਂ ਇਨਸਾਨਾਂ ਨਾਲ, ਰਿਸ਼ਤਿਆਂ ਨਾਲ, ਆਪਣਿਆਂ ਨਾਲ ਹੀ ਵਾਅਦੇ ਕੀਤੇ ਜਾਂਦੇ ਹਨ। ਜੇ ਆਪਣੇ ਹੀ ਗਵਾ ਲਏ ਤਾਂ ਫਿਰ 'ਭੱਠ ਪਿਆ ਸੋਨਾ ਜਿਹੜਾ ਕੰਨਾਂ ਨੂੰ ਖਾਵੇ।'

ਵਾਅਦਾ ਇੱਕ ਇਕਰਾਰਨਾਮਾ ਹੁੰਦਾ ਹੈ। ਦਿਮਾਗ ਨਾਲ ਸੋਚ ਕੇ ਵਾਅਦਾ ਕਰਕੇ ਜਦੋਂ ਅਸੀਂ ਕਿਸੇ ਦਾ ਦਿਲ ਜਿੱਤ ਲੈਂਦੇ ਹਾਂ। ਵਾਅਦਾ ਪੂਰਾ ਕੀਤਾ ਤਾਂ ਹੀ ਦਿਲ ਜਿੱਤ ਹੋਊ। ਜੇ ਰੋ ਰੋ ਕੇ ਵਾਅਦਾ ਨਿਭਾਇਆ ਤਾਂ ਫਿਰ ਮੇਂਙਣਾਂ ਪਾ ਕੇ ਦੁੱਧ ਦਿੱਤਾ ਤਾਂ ਕੀ ਦਿੱਤਾ? ਖੁਸ਼ੀ ਖੁਸ਼ੀ ਵਾਅਦਾ ਨਿਭਾਉਣ ਨਾਲ ਦਿਲ ਜਿੱਤ ਸਕਦਾ ਹੈ। ਕਿਸੇ ਨੂੰ ਆਸ ਦਵਾ ਕੇ, ਉਸ ਦੀ ਆਸ ਮੁਰਾਦ ਪੂਰੀ ਕਰਨ ਨਾਲ ਹੀ ਗੱਲ ਬਣਦੀ ਹੈ। ਜੇ ਲਾਈਏ ਤਾਂ ਤੋੜ ਨਿਭਾਈਏ । ਤੋੜ ਨਹੀਂ ਨਿਭਾ ਸਕਦੇ, ਕਿਸੇ ਦਾ ਧੁਰ ਤੱਕ ਸਾਥ ਨਹੀਂ ਦੇ ਸਕਦੇ ਤਾਂ ਅੱਧ ਵਿਚਾਲੇ ਛੱਡ ਜਾਣਾ ਵਾਅਦਾ ਖ਼ਿਲਾਫ਼ੀ ਹੈ। ਉਸ ਦਾ ਨਾ ਤੁਹਾਨੂੰ ਸੁਖ, ਨਾ ਹੋਰ ਕਿਸੇ ਨੂੰ। ਸੁਣਨ ਗਿਣਨ ਵਾਲੇ ਵੀ ਕਹਿਣਗੇ, 'ਲੋਕੀਂ ਆਖਦੇ ਮਲੰਗ ਨਾਲ ਯਾਰੀ ਮਿਹਣੋ ਮਿਹਣੀ ਹੋ ਕੇ ਟੁੱਟ ਗਈ।' ਬੱਸ ਤੋੜ ਨਿਭਾ ਸਕਣ ਦੀ ਤੁਹਾਡੀ ਕਿੰਨੀ ਕੁ ਸਮਰੱਥਾ ਹੈ। ਕਿੰਨੀ ਕੁ ਸੋਚ ਹੈ, ਕਿੰਨਾ ਕੁ ਯਤਨ ਕਰਦੇ ਹੋ ਤੇ ਕਿਸ ਹੱਦ ਤੱਕ ਜਾਂਦੇ ਹੋ। ਇਸ ਵਿਚੋਂ ਹੀ ਲੋਕ ਤੁਹਾਡੇ ਨੰਬਰ ਲਾਉਂਦੇ ਹਨ। ਕਈ ਵਾਰ ਅਸੀਂ ਵਾਅਦਾ ਨਿਭਾਉਣ ਲਈ ਆਪਣਾ ਪੂਰਾ ਜ਼ੋਰ ਲਾ ਦਿੰਦੇ ਹਾਂ। ਲੇਕਿਨ ਨਹੀਂ ਨਿਭਾ ਸਕਦੇ, ਇਸ ਹਾਲਤ ਵਿਚ ਤੁਹਾਡਾ ਨਹੀਂ ਕਸੂਰ, ਕਿਸੇ ਹੋਰ ਵਜ੍ਹਾ ਨਾਲ ਵਾਅਦਾ ਟੁੱਟਾ ਹੈ। ਵਾਅਦਾ ਟੁੱਟਣ


Academy of the Punjab in North America: http://www.apnaorg.com

ਦਾ ਕਾਰਨ ਤੁਸੀਂ ਨਹੀਂ ਤਾਂ ਫਿਰ ਦੋਸ਼ੀ ਵੀ ਤੁਸੀਂ ਨਹੀਂ। ਇਸ ਹਾਲਤ ਵਿੱਚ ਕੋਈ ਰਿਸ਼ਤਾ ਨਹੀਂ ਖਰਾਬ ਹੁੰਦਾ। ਮਜਬੂਰੀ ਵਿੱਚ ਕੀਤੇ ਵਾਅਦੇ ਦੀ ਮਜਬੂਰੀ ਹੁੰਦੀ ਹੈ ਵਾਅਦਾ ਨਹੀਂ ਹੁੰਦਾ। ਮੈਂ ਜਦ ਖੇਤੀ ਕਰਿਆ ਕਰਦਾ ਸੀ ਤਾ ਬੜੀ ਸੌਖੀ ਹਾਲਤ ਸੀ ਤੇ ਬਹੁਤ ਚੰਗਾ ਇਤਬਾਰ ਬਣਿਆ ਹੋਇਆ ਸੀ ਚਾਰ ਚੁਫੇਰੇ। ਅਸੀਂ ਬੀਜ ਵਾਲੇ ਆਲੂ ਇੱਕ ਕੋਲਡ ਸਟੋਰ ਵਿੱਚ ਰੱਖ ਦਿੱਤੇ । ਸੌ ਕੁ ਖੇਤ ਵਾਸਤੇ ਸਾਨੂੰ ਬੀਜ ਚਾਹੀਦਾ ਸੀ। ਬਾਕੀ ਸੋਚਿਆ ਵੇਚ ਦੇ ਵਾਂਗੇ। ਪ੍ਰੰਤੂ ਮਾਰਕੀਟ ਖਰਾਬ ਹੋ ਗਈ। ਸਾਡੇ ਬਾਕੀ ਆਲੂ ਵੀ ਨਾ ਵਿਕੇ, ਢੇਰਾਂ ਦੇ ਢੇਰ ਸਾਡੇ ਖੇਤਾਂ ਵਿੱਚ ਪਏ ਰਹਿ ਗਏ। ਕਈ ਏਕੜ ਆਲੂ ਅਸੀਂ ਵਿੱਚੇ ਹੀ ਵਾਹ ਦਿੱਤੇ ਕਿ ਪੁਟਾਈ ਦਾ ਖਰਚਾ ਵੀ ਪੂਰਾ ਨਹੀਂ ਹੋਣਾ। ਖੇਤੀ ਕਾਰਨ ਮੇਰੇ ਸਾਰੇ ਰਸਤੇ ਬੰਦ ਹੋ ਗਏ। ਖੇਤੀ ਕਰਨ ਵਾਲੇ ਸਾਰੇ ਟਰੈਕਟਰ ਟਰਾਲੀਆਂ ਵਿਕ ਗਏ ਤੇ ਮੇਰੇ ਸਿਰ ਹਾਲੇ ਵੀ ਕਰਜ਼ਾ ਸੀ। ਕਿਸੇ ਨੂੰ ਦੇਣ ਵਾਸਤੇ ਕੋਈ ਪੈਸਾ ਨਹੀਂ ਸੀ। ਵਾਅਦੇ ਮੁਤਾਬਕ ਕੋਲਡ ਸਟੋਰ ਦਾ ਮਾਲਕ ਪਿੰਡ ਆਪਣਾ ਕਿਰਾਇਆ ਲੈਣ ਲਈ ਆਇਆ। ਜਦੋਂ ਪਤਾ ਲੱਗ ਗਿਆ ਕਿ ਪੈਸੇ ਤਾਂ ਸੁਰਿੰਦਰ ਕੋਲ ਨਹੀਂ, ਇਸ ਵਕਤ ਮਜਬੂਰ ਹੈ, ਪੈਸੇ ਨਹੀਂ ਦੇ ਸਕਦਾ। ਹਾਲਾਤ ਦੇਖ ਕੇ ਸਮਝ ਗਿਆ ਕਿ ਇਸ ਦਾ ਕਸੂਰ ਕੋਈ ਨਹੀਂ। ਇਸ ਵਕਤ ਕੁਝ ਵੀ ਕਰਾਂ, ਪੈਸੇ ਮਿਲਨੇ ਤਾਂ ਨਹੀਂ, ਆਪਣਾ ਰਿਸ਼ਤਾ, ਪ੍ਰੇਮ, ਦੋਸਤੀ ਹੀ ਖਰਾਬ ਨਾ ਕਰਾਂ। ਕਿਸੇ ਦਿਨ ਆਪੇ ਦੇ ਦੇ ਊ। ਦੋ ਤਿੰਨ ਸਾਲ ਬਾਅਦ ਮੈਂ ਵਿਦੇਸ਼ਾਂ ਵਿੱਚ ਮਜ਼ਦੂਰੀ ਕਰਕੇ ਫਿਰ ਕਿਤੇ ਜਾ ਕੇ ਉਸ ਦੇ ਪੈਸੇ ਮੋੜੇ।

ਕੁਝ ਵਾਅਦੇ ਜ਼ਬਾਨੀ ਕਲਾਮੀ ਹੁੰਦੇ ਸਨ ਤੇ ਕੁਝ ਇਕਰਾਰਨਾਮੇ ਲਿਖਤੀ ਹੁੰਦੇ ਸਨ। ਦਿਲਾਂ ਦੇ ਮਸਲੇ, ਪਰਿਵਾਰਕ ਮਸਲੇ ਆਮ ਤੌਰ ਤੇ ਲਿਖਤੀ ਨਹੀਂ ਹੋਇਆ ਕਰਦੇ । ਦਿਲਾਂ ਦੇ ਸੌਦੇ ਮਿਣ ਗਿਣ ਕੇ ਨਹੀਂ ਕੀਤੇ ਜਾਂਦੇ। ਮਿੱਤਰ ਹੈ ਤਾਂ ਮਿੱਤਰਤਾ ਨਿਭਾਉਂਦਿਆਂ ਹੀ ਪਤਾ ਲਗਦਾ ਹੈ ਕਿ ਕਿੰਨਾ ਵਧੀਆਂ ਮਿੱਤਰ ਹੈ। ਸਮਾਜਿਕ ਕਾਨੂੰਨ ਜੋ ਹੁੰਦੇ ਹਨ, ਉਹ ਸਰਕਾਰੀ ਵਿਧਾਨ ਨਾਲੋਂ, ਸਰਕਾਰੀ ਕਾਇਦੇ ਕਾਨੂੰਨ ਨਾਲੋਂ ਬਹੁਤ ਵੱਧ ਅਹਿਮੀਅਤ ਰੱਖਦੇ ਹਨ। ਲੇਕਿਨ ਉਹ ਲਿਖਤੀ ਰੂਪ ਵਿੱਚ ਸਹੀ ਹੁੰਦੇ। ਵਿਧਾਨ ਤਾਂ ਲਿਖਿਆ ਜਾਂਦਾ ਹੈ ਤੇ ਲਾਗੂ ਕੀਤਾ ਜਾਂਦਾ ਹੈ। ਭਾਵੇਂ ਸਮਾਜਿਕ ਕਾਇਦਾ ਕਾਨੂੰਨ ਸਾਡੇ ਖੂਨ ਵਿੱਚ ਹੁੰਦਾ ਹੈ। ਸਾਡੇ ਦਿਲ ਵਿੱਚ ਹੁੰਦਾ ਹੈ, ਸਾਡੀ ਜ਼ਮੀਰ ਵਿੱਚ ਹੁੰਦਾ ਹੈ। ਜ਼ਮੀਰ ਤੇ ਸਭ ਨੂੰ ਪਤਾ ਹੈ ਗਜ਼ਾਂ ਨਾਲ ਨਹੀਂ ਮਿਣੀ ਜਾ ਸਕਦੀ। ਸਮਾਜਿਕ ਵਾਅਦੇ ਵਪਾਰਕ ਵਾਅਦਿਆਂ ਤੋਂ ਵੱਖਰੇ ਹੁੰਦੇ ਹਨ। ਪੁਰਾਣੇ ਜ਼ਮਾਨਿਆਂ ਵਿੱਚ ਵਿਓਪਾਰ ਵੀ ਜ਼ਬਾਨੀ ਕਲਾਮੀ ਹੋ ਜਾਇਆ ਕਰਦੇ ਸੀ। ਹੱਥ ਮਿਲਾ ਲਿਆ ਤਾਂ ਬੱਸ ਮਿਲਾ ਲਿਆ। ਪੱਗ ਵਟਾ ਕੇ ਸਾਰੀ ਉਮਰ ਨਾਲ ਖੜਨ ਵਾਲੇ ਜ਼ਮਾਨੇ ਹੁਣ ਤਾਂ ਜਾਂਦੇ ਰਹੇ। ਅੱਜ ਕੱਲ ਬਹੁਤ ਘੱਟ ਮਿਸਾਲਾਂ ਮਿਲਦੀਆਂ। ਖਾਸ ਕਰਕੇ ਵਪਾਰਕ ਇਕਰਾਰਨਾਮੇ ਤਾਂ ਹੁਣ ਲਿਖਤੀ ਹੀ ਹੁੰਦੇ ਹਨ। ਜੇ ਕਿਧਰੇ ਲਿਖਤੀ ਨਹੀਂ ਹੈ ਤਾਂ ਗੱਲ ਵਿਗੜ ਜਾਵੇ, ਫਿਰ ਸਬੂਤ ਕੋਈ ਨਹੀਂ ਹੁੰਦੇ। ਬੋਲ ਪੁਗਾਉਣ ਵਾਲੇ ਜ਼ਮਾਨੇ ਤਾਂ ਚਿਰੋਕਣੇ ਲੱਦ ਗਏ। ਵਪਾਰਕ ਵਾਅਦੇ ਵੀ ਸਾਂਝ ਨਿਭਾਉਣ ਵਾਲੇ ਵਾਅਦੇ ਹੁੰਦੇ, ਹਨ। ਨਿਰਭਰਤਾ ਹੁੰਦੀ ਹੈ, ਇੱਕ ਦੂਜੇ ਦੇ ਆਸਰੇ ਨਾਲ ਕਿਸੇ ਸਾਂਝੇ ਮੁਫ਼ਾਦ ਲਈ ਮਿਲ ਬੈਠ ਕੇ ਕੰਮ ਕਰਨ ਦੀਆਂ ਜੋ ਸ਼ਰਤਾਂ ਹੁੰਦੀਆਂ ਹਨ, ਇਨ੍ਹਾਂ ਸ਼ਰਤਾਂ ਨੂੰ ਕਿਸੇ ਜ਼ਮਾਨੇ ਕਸਮਾਂ ਕਿਹਾ ਜਾਂਦਾ ਸੀ। ਸ਼ਰਤਾਂ ਅੱਜ ਕੱਲ ਲਿਖਤੀ ਰੂਪ ਵਿਚ ਕਰਕੇ ਆਪਣਾ ਆਪਣਾ ਹਿੱਸਾ ਪਾ ਕੇ ਉਨ੍ਹਾਂ ਸ਼ਰਤਾਂ ਤੇ ਪੂਰਾ ਉਤਾਰਨ ਲਈ ਇਕਰਾਰਨਾਮੇ ਕੀਤੇ ਜਾਂਦੇ ਹਨ। ਕੋਈ ਚੀਜ਼ ਉਧਾਰ ਲੈ ਕੇ ਉਸ ਨੂੰ ਵਾਪਿਸ ਕਿਵੇਂ ਕਰਨਾ ਹੈ, ਉਸ ਦੇ ਵੀ ਇਕਰਾਰਨਾਮੇ ਲਿਖੇ ਜਾਂਦੇ, ਆਪਸ ਵਿੱਚ ਕੀਤੇ ਇਕਰਾਰਨਾਮਿਆਂ ਵਿੱਚ ਕੰਮ ਨੇਪਰੇ ਚਾੜਣ ਦੇ ਤਰੀਕੇ ਨਹੀਂ, ਖ਼ਾਹਸ਼ ਹੁੰਦੀ ਹੈ। ਰੀਝ ਹੁੰਦੀ ਹੈ। ਵਾਅਦੇ ਨਿਭਾਉਣ ਦੇ ਸਾਧਨ ਵਿਓਪਾਰ ਵਿੱਚ ਹੱਥੀਂ ਮਿਹਨਤ, ਪੈਸੇ ਦਾ ਯੋਗਦਾਨ ਜਾਂ ਕੋਈ ਤਕਨੀਕ ਕਾਬਲੀਅਤ ਹੋ ਸਕਦੇ ਹਨ। ਕਿਸ ਸਾਧਨ ਤੇ ਕਿੰਨਾ ਨਿਰਭਰ ਕਰਨਾ ਹੈ, ਕਿਸਦਾ ਵਾਅਦਾ ਹੁੰਦਾ ਹੈ। ਯੋਗਦਾਨ ਅਨੁਸਾਰ ਹੀ ਫਿਰ ਨਫ਼ੇ ਨੁਕਸਾਨ ਦਾ ਹਿੱਸਾ ਹੁੰਦਾ ਹੈ। ਤੁਸੀਂ ਸੁਣਿਆਂ ਹੋਣਾ ਲੋਕਾਂ ਨੂੰ ਕਹਿੰਦਿਆਂ ਕਿ ਮੇਰਾ ਫਲਾਣੀ ਕੰਪਨੀ ਵਿੱਚ ਚਵਾਨੀ ਹਿੱਸਾ


Academy of the Punjab in North America: http://www.apnaorg.com

ਹੈ। ਭਾਵ ਉਹ ਚੌਥੇ ਹਿੱਸੇ ਦੇ ਯੋਗਦਾਨ ਕਰਕੇ ਚੌਥੇ ਹਿੱਸੇ ਦੇ ਨਫ਼ੇ ਨੁਕਸਾਨ ਦਾ ਹੱਕਦਾਰ ਹੈ। ਨਫ਼ੇ ਵਾਲੇ ਕੰਮਾਂ ਵਿੱਚ ਸਿਆਣੇ ਬੰਦੇ ਦਖ਼ਲ-ਅੰਦਾਜ਼ੀ ਨਹੀਂ ਕਰਦੇ। ਜੇ ਮੈਂ ਕਿਸੇ ਬਿਜ਼ਨਸ ਵਿੱਚ ਦੋ ਲੱਖ ਡਾਲਰ ਲਾਇਆ ਹੈ ਤੇ ਹਰ ਮਹੀਨੇ ਮੈਨੂੰ ਅੱਠ ਹਜ਼ਾਰ ਡਾਲਰ ਹਿੱਸਾ ਮਿਲ ਰਿਹਾ ਹੈ, ਮਤਲਬ 48% ਵਿਆਜ ਮਿਲ ਰਿਹਾ ਹੈ। ਫਿਰ ਹੋਰ ਤੁਹਾਨੂੰ ਕੀ ਚਾਹੀਦਾ। ਪਾਸੇ ਹੋ ਕੇ ਬਹਿ ਜਾਓ, ਕਰਨ ਦਿਓ ਕੀ ਕਰਦੇ ਬਾਕੀ। ਕੋਈ ਦਖ਼ਲ-ਅੰਦਾਜ਼ੀ ਕਰਨ ਦੀ ਲੋੜ ਨਹੀਂ। ਹਰ ਮਹੀਨੇ ਗੱਫਾ ਮਿਲ ਰਿਹਾ ਹੈ ਤੁਹਾਨੂੰ ਤੇ ਜੇ ਕੋਈ ਹੋਰ ਤੁਹਾਡਾ ਹਿੱਸੇਦਾਰ ਜੋ ਕੰਮ ਚਲਾ ਰਿਹਾ ਹੈ, ਜੇ ਵੱਧ ਵੀ ਬਣਾ ਰਿਹਾ ਹੈ ਤਾਂ ਵੀ ਚੁੱਪ ਰਹਿਣ ਵਿੱਚ ਹੀ ਤੁਹਾਡਾ ਭਲਾ ਹੈ। ਹੋਰ ਕੋਈ ਵੱਧ ਲੈ ਰਿਹਾ ਹੈ ਤਾਂ ਕੋਈ ਗੱਲ ਨਹੀਂ ਜਿੰਨਾ ਚਿਰ 48% ਤੁਹਾਨੂੰ ਮਿਲਦਾ ਹੈ, ਚੁੱਪ ਕਰਕੇ ਘੁੰਏਂ ਜਿਹੇ ਬਣ ਕੇ ਲਈ ਜਾਵਉ। ਹੋਰ ਕਿਸੇ ਦਾ ਹਿਸਾਬ ਕਿਤਾਬ ਨਹੀਂ ਲਾਉਣਾ ਚਾਹੀਦਾ। ਆਪਣਾ ਹਿਸਾਬ ਠੀਕ ਹੈ ਤਾਂ ਸਭ ਠੀਕ ਹੈ। ਕੋਈ ਵਾਅਦਾ ਖ਼ਿਲਾਫ਼ੀ ਕਰ ਵੀ ਰਿਹਾ ਹੈ ਤੇ ਤੁਹਾਨੂੰ ਪੁੱਗਦੀ ਹੈ। ਸਗੋਂ ਪਤਾ ਹੀ ਨਾ ਲੱਗਣ ਦਿਓ ਕਿ ਤੁਹਾਨੂੰ ਪਤਾ ਹੈ। ਇਸੇ ਵਿੱਚ ਜੇ ਸਭ ਦਾ ਭਲਾ ਹੈ ਤਾਂ ਇਹ ਹੀ ਸਹੀ ਹੈ।

****


Academy of the Punjab in North America: http://www.apnaorg.com

# ਸਾਡੀ ਸਮਝ

ਆਮ ਤੌਰ ਤੇ ਅਸੀਂ ਦੇਖਦੇ ਹਾਂ ਕਿ ਬਿਨਾਂ ਸੋਚੇ ਸਮਝੇ ਹੀ ਕਹਿ ਦਿੰਦੇ ਹਾਂ ਮੈਨੂੰ ਪਤਾ। ਕਿਉਂਕਿ ਅਸੀਂ ਅੰਦਾਜ਼ਾ ਲਗਾ ਲੈਂਦੇ ਹਾਂ ਕਿ ਇਵੇਂ ਹੋਣਾ। ਪਰ ਅੰਦਾਜ਼ਾ ਤਾਂ ਅੰਦਾਜ਼ਾ ਹੈ ਨਾ। ਪੂਰੀ ਸਮਝ ਤਾਂ ਪੂਰੀ ਜਾਣਕਾਰੀ ਤੋਂ ਬਾਅਦ ਹੀ ਲੱਗ ਸਕਦੀ ਹੈ। ਜੀਵਨ ਦੇ ਕਿਸੇ ਵੀ ਖੇਤਰ ਵਿੱਚ ਫੇਲ੍ਹ ਹੋਣ ਦਾ ਇਹ ਹੀ ਕਾਰਨ ਹੁੰਦਾ ਹੈ ਕਿ ਅਸੀਂ ਸਵਾਲ ਨੂੰ ਪੂਰੀ ਤਰ੍ਹਾਂ ਸਮਝਦੇ ਹੀ ਨਹੀਂ ਬਲਕਿ ਸੁਣਨ ਸ਼ਕਤੀ ਹੀ ਨਹੀਂ ਹੁੰਦੀ ਸਾਡੀ, ਕਿਸੇ ਦੀ ਗੱਲ ਸੁਣਨ ਦੀ ਸਮਝਣ ਦੀ ਕਿ ਕੀ ਕਹਿਣਾ ਚਾਹੁੰਦਾ ਹੈ, ਉਸ ਦਾ ਵਿਹਲ ਹੀ ਨਹੀਂ ਹੁੰਦਾ ਸਾਡੇ ਕੋਲ। ਕਹਿੰਦੇ ਨੇ , ਕੋਈ ਤੁਰਿਆ ਜਾਂਦਾ ਸੀ, ਤਿਆਰ ਬਿਆਰ ਹੋ ਕੇ ਲਾਗਿਓਂ ਦੀ ਲੰਘਦਾ ਕੋਈ ਪੁੱਛਣ ਲੱਗਾ, 'ਸ਼ਹਿਰ ਨੂੰ ਚੱਲਿਆਂ?' ਬਿਨਾਂ ਸਵਾਲ ਸੁਨਣ ਦੇ ਹੀ ਉਸ ਉੱਤਰ ਦਿੱਤਾ, 'ਨਹੀਂ ਮੈਂ ਤਾਂ ਸ਼ਹਿਰ ਨੂੰ ਚੱਲਿਆ।' ਸਵਾਲ ਕਰਨ ਵਾਲੇ ਕੋਲ ਵੀ ਕਿਥੇ ਵਿਹਲ ਸੁਣਨ ਦਾ ਉਹ ਬੋਲ ਪਿਆ, 'ਅੱਛਾ ਅੱਛਾ ਮੈਂ ਸਮਝਿਆ ਤੂੰ ਸ਼ਹਿਰ ਨੂੰ ਚੱਲਿਆ। ' ਕਹਿੰਦੇ ਅਕਬਰ ਨੇ ਬੀਰਬਲ ਨੂੰ ਪੁੱਛਿਆ ਕਿ ਆਪਣੇ ਰਾਜ ਵਿਚ ਅੰਨ੍ਹੇ ਕਿੰਨੇ ਹਨ। ਬੀਰਬਲ ਕਹਿਣ ਲੱਗਾ- ਤਕਰੀਬਨ ਸਾਰੇ ਹੀ ਅੰਨ੍ਹੇ ਹਨ। ਰਾਜਾ ਹਾਲੇ ਸੋਚ ਹੀ ਰਿਹਾ ਸੀ ਕਿ ਵਜ਼ੀਰ ਦੇ ਕਹਿਣ ਤੋਂ ਕੀ ਭਾਵ, ਏਨੇ ਨੂੰ ਰਸਤੇ ਵਿੱਚ ਦੇਖਿਆ ਕਿ ਕੋਈ ਪਸ਼ੂਆਂ ਲਈ ਪੱਠੇ ਕੁਤਰ ਰਿਹਾ ਸੀ। ਲਾਗਿਓਂ ਦੀ ਉਸ ਦਾ ਕੋਈ ਵਾਕਫ਼ ਲੰਘਿਆ ਤੇ ਕਹਿਣ ਲੱਗਾ, ਪੱਠੇ ਕੁਤਰਦਾ ਬਈ ਜਵਾਨਾਂ? ਵਜ਼ੀਰ ਰਾਜੇ ਨੂੰ ਕਹਿਣ ਲੱਗਾ ਆਹ ਪਹਿਲਾ ਹੀ ਬੰਦਾ ਮਿਲਿਆ ਤੇ ਇਸ ਨੂੰ ਅੰਨ੍ਹਿਆਂ ਵਿੱਚ ਗਿਣ ਲਓ। ਸਮਝਣ ਦੀ ਅਸੀਂ ਕੋਸ਼ਿਸ਼ ਹੀ ਨਹੀਂ ਕਰਦੇ, ਬੱਸ ਅੰਦਾਜ਼ਾ ਹੀ ਲਗਾਉਂਦੇ ਹਾਂ ਕਿ ਸਮਝ ਲੱਗ ਗਈ ਮੈਨੂੰ। ਅੰਦਾਜ਼ਾ ਤਾਂ ਹਕੀਕਤ ਨਹੀਂ ਹੁੰਦਾ। ਕਈ ਵਾਰ ਅਸੀਂ ਅੰਦਾਜ਼ੇ ਨਾਲ ਸਹੀ ਟਿਕਾਣੇ ਪਹੁੰਚ ਵੀ ਜਾਂਦੇ ਹਾਂ। ਪਰ ਜੇ ਸੱਚੀ ਮੁਚੀ ਸਮਝ ਹੋਵੇ ਕਿ ਕਿਥੇ ਜਾਣਾ ਤਾਂ ਕਿੰਨਾ ਸੌਖਾ ਹੋਵੇ ਪਹੁੰਚਣਾ। ਸੁਣ ਸੁਣ ਕੇ ਜਾਂ ਕਿਸੇ ਹੋਰ ਵਜ੍ਹਾ ਕਿਸੇ ਬਾਰੇ ਅੰਦਾਜ਼ਾ ਲਗਾ ਲੈਣਾ ਤੇ ਆਪਣੇ ਅੰਦਾਜ਼ੇ ਨਾਲ ਹੀ ਡਾਂਡੇ ਮੀਂਡੇ ਤੁਰ ਪੈਣਾ ਤਾਂ ਬਹੁਤੀ ਸਮਝਦਾਰੀ ਦੀ ਗੱਲ ਨਹੀਂ ਹੈ।

ਸਾਡੀ ਜੀਵਨੀ ਦਾ ਸਭ ਤੋਂ ਵੱਡਾ ਦੁਖਾਂਤ ਕਿਹਾ ਜਾ ਸਕਦਾ ਹੈ ਸਾਡੀ ਇਹ ਆਦਤ ਕਿ ਅਸੀਂ ਸਮਝਣ ਤੋਂ ਬਿਨਾਂ ਹੀ ਸਵਾਲ ਕੱਢਣ ਲੱਗ ਜਾਂਦੇ ਹਾਂ। ਜੇ ਫਿਰ ਇਮਤਿਹਾਨ ਵਿਚੋਂ ਫੇਲ੍ਹ ਹੋ ਜਾਂਦੇ ਹਾਂ ਤੇ ਅਸੀਂ ਫੇਲ੍ਹ ਹੋਣ ਦਾ ਵੀ ਕਾਰਨ ਲੱਭਣ ਦੇ ਅੰਦਾਜ਼ੇ ਹੀ ਲਾਉਂਦੇ ਫਿਰਦੇ ਹਾਂ। ਬਿਨ੍ਹਾਂ ਸੋਚੇ ਸਮਝੇ ਜੋ ਵੀ ਸਵਾਲ ਅਸੀਂ ਜ਼ਿੰਦਗੀ ਦੇ ਕੱਢਦੇ ਹਾਂ, ਉਹ ਗਲਤ ਹੋ ਸਕਦੇ ਹਨ। ਲੇਕਿਨ ਪੂਰੀ ਤਰ੍ਹਾਂ ਸਮਝ ਕੇ ਜਵਾਬ ਲਿਖੀਏ ਤਾਂ ਫਿਰ ਕਿਵੇਂ ਗਲਤ ਹੋ ਸਕਦਾ। ਕੋਈ ਬੀਮਾਰ ਜਦੋਂ ਕਿਸੇ ਸਿਆਣੇ ਡਾਕਟਰ ਕੋਲੋਂ ਦਵਾਈ ਲੈਣ ਲਈ ਜਾਂਦਾ ਹੈ ਤਾਂ ਸਿਆਣਾ ਡਾਕਟਰ ਜਿੰਨਾਂ ਚਿਰ ਉਸ ਨੂੰ ਪਤਾ ਨਾ ਲੱਗੇ ਕਿ ਤੁਹਾਨੂੰ ਬਿਮਾਰੀ ਕੀ ਹੈ? ਓਨਾ ਚਿਰ ਦਵਾਈ ਨਹੀਂ ਦਿੰਦਾ। ਉਹ ਕਦੇ ਤੁਹਾਡਾ ਕੁਝ ਚੈੱਕ ਕਰਦਾ ਹੈ, ਕਦੇ ਕੁਝ, ਕਦੇ ਟੂਟੀ ਜਿਹੀ ਲਾ ਕੇ ਸਾਹ ਵੇਖਦਾ ਹੈ, ਦਿਲ ਦੀ ਧੜਕਣ ਦੇਖਦਾ ਹੈ, ਕਈ ਹਾਲਤਾਂ ਵਿੱਚ ਮਲ-ਮੂਤਰ ਵੀ ਚੈੱਕ ਕਰਦਾ ਹੈ ਤਾਂ ਜਾ ਕੇ ਦਵਾਈ ਦਿੰਦਾ ਹੈ। ਪੂਰਾ ਪਤਾ ਲਗਾ ਕਿ ਕੀ ਬੀਮਾਰੀ ਹੈ ਤਾਂ ਦਵਾਈ ਦਿੰਦਾ ਹੈ। ਬੀਮਾਰੀ ਦੀ ਸਮਝ ਨਾ ਲੱਗੇ ਤਾਂ ਫਿਰ ਹੋਰ ਕਿਸੇ ਸਪੈਸ਼ਲਿਸਟ ਕੋਲ ਜਾਂ ਵੱਡੇ ਹਸਪਤਾਲ ਵਿੱਚ ਘੱਲ ਦਿੰਦਾ ਹੈ। ਮੈਨੂੰ ਯਾਦ ਹੈ ਇਕ ਆਰ. ਐਮ. ਪੀ. ਸੀ। ਪਤਾ ਨਹੀਂ ਕਿਵੇਂ ਉਸਨੇ ਆਪਣਾ ਦਰਜ ਨਾਂ ਕਰਵਾਇਆ ਹੋਇਆ ਸੀ। ਉਸਦੇ ਕੋਲ ਜਦੋਂ ਕਿਸੇ ਬਿਮਾਰ ਨੇ ਜਾਣਾ ਤਾਂ ਉਹ ਚਾਰ ਗੋਲੀਆਂ ਦੇ ਦਿੰਦਾ। ਮੇਰੇ ਨਾਲ ਸਕੂਲੇ ਪੜ੍ਹਦਾ ਰਿਹਾ ਸੀ। ਨਲਾਇਕ ਜਿਹਾ ਸੀ। ਦਸਵੀਂ ਤੋਂ ਬਿਨਾਂ ਸ਼ਾਇਦ ਉਸ ਕੋਲ ਹੋਰ ਕੋਈ ਡਿਗਰੀ ਹੈ ਹੀ ਨਹੀਂ ਸੀ। ਪਰ ਲੋਕ ਉਸ ਨੂੰ ਡਾਕਟਰ ਸਾਹਿਬ ਆਖਦੇ ਤੇ ਉਸਦੀ ਦਵਾਈਆਂ ਦੀ ਦੁਕਾਨ ਵੀ ਬੜੀ ਵਧੀਆ ਚੱਲਦੀ। ਉਹ ਤਕਰੀਬਨ ਸਾਰੇ ਮਰੀਜ਼ਾਂ ਨੂੰ ਭਾਵੇਂ ਕਿਸੇ ਦਾ ਢਿੱਡ ਦੁਖਦਾ ਹੋਵੇ, ਸਿਰ ਦੁਖਦਾ ਹੋਵੇ, ਬੁਖ਼ਾਰ ਹੋਵੇ


Academy of the Punjab in North America: http://www.apnaorg.com

, ਜਾਂ ਜ਼ੁਕਾਮ, ਉਹ ਸਾਰਿਆਂ ਨੂੰ ਉਹ ਹੀ ਦਵਾਈ ਦੇ ਦਿੰਦਾ। ਪਿੰਡਾਂ ਦੇ ਲੋਕਾਂ ਨੂੰ ਵਿਚਾਰਿਆਂ ਨੂੰ ਕੀ ਪਤਾ ਕੀ ਦਿੱਤਾ। ਮੈਂ ਇਕ ਵਾਰ ਉਸ ਨੂੰ ਪੁੱਛਿਆ ਯਾਰ ਆਹ ਮੇਰੇ ਬੈਠਿਆਂ ਬੈਠਿਆਂ ਚਾਰ ਪੰਜ ਮਰੀਜ਼ ਆਏ। ਵੱਖ ਵੱਖ ਰੋਗ ਦੱਸੇ ਸਭ ਨੇ ਪਰ ਤੂੰ ਦਵਾਈ ਸਾਰਿਆਂ ਨੂੰ ਇਕ ਹੀ ਦਿੱਤੀ। ਉਹ ਬਣਾ ਸਵਾਰ ਕੇ ਕਹਿੰਦਾ, 'ਇਹ ਜੋ ਅਨਪੜ੍ਹ ਪੇਂਡੂ ਲੋਕ ਆ ਨਾ, ਇਨ੍ਹਾਂ ਨੂੰ ਆਪਣੀ ਬਿਮਾਰੀ ਦੱਸਣੀ ਨਹੀਂ ਆਉਂਦੀ। ਪਰ ਮੈਨੂੰ ਪਤਾ ਮੈਂ ਇਕ ਗੋਲੀ ਢਿੱਡ ਪੀੜ ਦੀ, ਇਕ ਗੋਲੀ ਸਿਰ ਪੀੜ ਦੀ, ਇਕ ਬੁਖਾਰ ਦੀ ਤੇ ਇਕ ਨਾਲ ਐਂਟੀਬਾਇਓਟਿਕ ਦੇ ਦਿੰਦਾ ਹਾਂ। ਇਹਨਾਂ ਚਾਰਾਂ ਵਿਚੋਂ ਇੱਕ ਹੀ ਹੁੰਦੀ ਇਹਨਾਂ ਸਭਨਾਂ ਦੀ ਬਿਮਾਰੀ। '

ਜੇ ਕਿਸੇ ਬਿਮਾਰੀ ਦੀ ਜਾਂ ਕਿਸੇ ਸਵਾਲ ਦੀ ਸਮਝ ਹੀ ਨਾ ਹੋਵੇ ਤਾਂ ਉਹ ਸਵਾਲ ਅਚਾਨਕ ਤਾਂ ਭਾਵੇਂ ਹੱਲ ਹੋ ਜਾਵੇ ਪਰ ਆਮ ਤੌਰ ਤੇ ਤੁਸੀਂ ਅਸਫਲ ਹੀ ਰਹਿੰਦੇ ਹੋ। ਇਕ ਵਾਰ ਗੁਰਦੁਆਰੇ ਮੇਰੇ ਕੋਲ ਇੱਕ ਪ੍ਰੇਮੀ ਆ ਗਿਆ ਤੇ ਕਹਿਣ ਲੱਗਾ ਕਿ ਸੈਕਟਰੀ ਜੀ ਮੇਰਾ ਜੀ ਕਰਦਾ ਮੈਂ ਇੱਕ ਕਵਿਤਾ ਪੜ੍ਹਾਂ। ਮੈਂ ਲਿਖੀ ਹੈ। ਗੁਰਪੁਰਬ ਤੇ ਲਿਖੀ ਹੈ। ਮੈਂ ਕਿਹਾ ਸਤਿ ਬਚਨ ਜ਼ਰੂਰ ਪੜ੍ਹੋ। ਜਦੋਂ ਅਸੀਂ ਟਾਈਮ ਦਿੱਤਾ ਤੇ ਕਾਗ਼ਜ਼ ਕੱਢ ਕੇ ਪੜ੍ਹਨ ਲੱਗਾ ਪਰ ਉਸ ਤੋਂ ਪੜ੍ਹ ਨਾ ਹੋਵੇ। ਮੈਨੂੰ ਕਹਿਣ ਲੱਗਾ ਕਿ ਸੈਕਟਰੀ ਜੀ ਆਪਣੀ ਐਨਕ ਦਿਓ ਜ਼ਰਾ। ਮੈਂ ਐਨਕ ਲਾਹ ਕੇ ਦਿੱਤੀ ਪਰ ਉਸ ਤੋਂ ਫਿਰ ਵੀ ਨਾ ਪੜ੍ਹ ਹੋਵੇ ਤੇ ਕਹਿੰਦਾ ਕੋਈ ਹੋਰ ਦਿਓ ਯਾਰ ਐਨਕ, ਸੈਕਟਰੀ ਦੀ ਐਨਕ ਤਾਂ ਖਰਾਬ ਆ, ਸਾਰੇ ਹੱਸ ਪਏ। ਜੇ ਸਹੀ ਨੰਬਰ ਦੀ ਐਨਕ ਨਾ ਹੋਵੇ ਤਾਂ ਅਸੀਂ ਕਿਵੇਂ ਦੇਖ ਸਕਦੇ ਹਾਂ। ਪਹਿਲਾਂ ਸਾਨੂੰ ਸਮਝਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਤਾਂ ਹੀ ਸਮਝ ਲੱਗੂ ਕਿ ਅਸੀਂ ਸਹੀ ਹਾਂ ਕਿ ਗਲਤ। ਸਮਝਣ ਦੀ ਕੋਸ਼ਿਸ਼ ਹੀ ਜੇ ਨਹੀਂ ਕਰਦੇ ਤਾਂ ਫਿਰ ਸਾਨੂੰ ਸਮਝ ਲੱਗ ਕਿਵੇਂ ਸਕਦੀ ਹੈ। ਕਿਸੇ ਵੀ ਚੀਜ਼ ਨੂੰ ਸਮਝਣ ਜਾਂ ਸਮਝਾਉਣ ਲਈ ਜਾਂ ਤਾਂ ਅਸੀਂ ਗੱਲ ਕਰਦੇ ਹਾਂ ਤੇ ਸੁਣਦੇ ਹਾਂ, ਜਾਂ ਲਿਖਦੇ ਹਾਂ, ਪੜ੍ਹਦੇ ਹਾਂ ਤੇ ਕਈ ਵਾਰ ਕੋਈ ਗੂੰਗਾ ਬੋਲਾ ਇਸ਼ਾਰਿਆਂ ਨਾਲ ਵੀ ਸਮਝਾ ਦਿੰਦਾ ਹੈ। ਲਿਖ ਕੇ ਸਮਝਾਇਆ ਜਾਵੇ ਜਾਂ ਪੜ੍ਹ ਕੇ ਸਮਝਾਇਆ ਜਾਵੇ । ਜਾਂ ਕੋਈ ਬੋਲ ਕੇ ਸਮਝਾਵੇ ਤੇ ਕੋਈ ਸੁਣ ਕੇ ਸਮਝ ਜਾਵੇ ਤੇ ਜਾਂ ਫਿਰ ਕੋਈ ਇਸ਼ਾਰਿਆਂ ਨਾਲ ਸਮਝਾ ਦੇਵੇ ਤੇ ਕੋਈ ਸਮਝ ਜਾਵੇ। ਜਿੰਨਾਂ ਮਰਜ਼ੀ ਕੋਈ ਬੋਲ ਬੋਲ ਕੇ ਸਮਝਾਈ ਜਾਵੇ ਪਰ ਜੇ ਸੁਣਨ ਵਾਲੇ ਨੂੰ ਸੁਣਨਾ ਹੀ ਨਹੀਂ ਆਉਂਦਾ, ਉਹ ਆਪਣੇ ਹੀ ਵਿੱਚ ਅਟਕਲ ਪੱਚੂ ਮਾਰ ਰਿਹਾ ਹੈ ਤਾਂ ਕਿਵੇਂ ਸਮਝ ਲੱਗ ਸਕਦੀ ਹੈ। ਭਾਵੇਂ ਕਿਸੇ ਨੇ ਸਾਰੀ ਜ਼ਿੰਦਗੀ ਲਾ ਕੇ ਗੁਣ ਗਿਆਨ ਦੀ ਕੋਈ ਕਿਤਾਬ ਲਿਖੀ ਹੋਵੇ ਪਰ ਜੇ ਕੋਈ ਉਸ ਨੂੰ ਪੜ੍ਹਦਾ ਹੀ ਨਹੀਂ ਤਾਂ ਫਿਰ ਗੁਣ ਗਿਆਨ ਦੀ ਸਮਝ ਕਿਵੇਂ ਲੱਗੇ। ਕਈ ਵਾਰ ਗੱਲ ਕਰਨ ਵਾਲਾ ਹੀ ਜੇ ਵਲ ਛਲ ਨਾਲ ਗੱਲ ਕਰੇ ਤੇ ਸਾਨੂੰ ਸ਼ੱਕ ਪੈ ਜਾਵੇ ਕਿ ਇਹ ਤਾਂ ਬੰਦਾ ਠੀਕ ਨਹੀਂ, ਤਾਂ ਵੀ ਅਸੀਂ ਯਕੀਨ ਨਹੀਂ ਕਰਦੇ ਤੇ ਜੇ ਯਕੀਨ ਹੀ ਨਾ ਹੋਵੇ ਕਿਸੇ ਤੇ ਤਾਂ ਉਸ ਦੀ ਗੱਲ ਦੀ ਸਮਝ ਕਿਵੇਂ ਲੱਗੇ। ਸਮਝਣ ਤੇ ਸਮਝਾਉਣ ਲਈ ਸਾਨੂੰ ਦਿਲ ਖੋਹਲ ਕੇ ਸਾਫ ਦਿਲ ਨਾਲ ਸਪਸ਼ਟ ਗੱਲ ਕਰਨੀ ਚਾਹੀਦੀ ਹੈ ਤੇ ਸੁਣਨ ਵਾਲੇ ਨੂੰ ਧਿਆਨ ਨਾਲ, ਸੁਣਾਉਣ ਵਾਲੇ ਤੇ ਯਕੀਨ ਕਰਕੇ ਸੁਣਨੀ ਚਾਹੀਦੀ ਹੈ। ਤਾਂ ਹੀ ਸਮਝ ਲੱਗ ਸਕਦੀ ਹੈ। ਜੇ ਸਾਨੂੰ ਪਤਾ ਨਹੀਂ ਕਿਸੇ ਚੀਜ਼ ਨਾਲ ਕਿਵੇਂ ਨਜਿੱਠਣਾ ਹੈ ਤਾਂ ਸਮਝਣ ਵਾਲਾ ਵੀ ਤੇ ਸਮਝਾਉਣ ਵਾਲਾ ਵੀ ਕਿਸੇ ਤੌਣ ਤੌੜੀ ਵਿੱਚ ਨਹੀਂ ਹੋ ਸਕਦੇ। ਕੋਈ ਆਂਡਿਆਂ ਦਾ ਝੋਲਾ ਲੈ ਕੇ ਬੱਸ ਵਿੱਚ ਚੜ੍ਹਿਆ ਤੇ ਬੈਠਣ ਲੱਗੇ ਨੇ ਝੋਲਾ ਥੱਲੇ ਰੱਖ ਦਿੱਤਾ। ਕੰਡਕਟਰ ਨੇ ਠੁੱਡ ਮਾਰ ਕੇ ਪੁੱਛਿਆ ਆ ਕੀ ਆ ? ਆਂਡਿਆਂ ਵਾਲਾ ਕਹਿਣ ਲੱਗਾ ਬੱਸ ਇੱਕ ਹੋਰ ਠੁੱਡ ਮਾਰਦੇ ਤੇ ਫਿਰ ਇਹ ਕੁਝ ਵੀ ਨਹੀਂ। ਸਮਝਣ ਤੋਂ ਪਹਿਲਾਂ ਹੀ ਕੰਮ ਕਰ ਦਿੱਤਾ ਤੇ ਫਿਰ ਸਮਝਣ ਲਈ ਬਚੂ ਕੀ?

****


Academy of the Punjab in North America: http://www.apnaorg.com

# ਸਾਡਾ ਸੁਣਨਾ

ਜਦੋਂ ਕੋਈ ਗੱਲ ਕਰ ਰਿਹਾ ਹੁੰਦਾ ਹੈ, ਜੇ ਅਸੀਂ ਉਸ ਦੀ ਗੱਲ ਨੂੰ ਧਿਆਨ ਨਾਲ ਸੁਣੀਏ ਤਾਂ ਹੀ ਉਸਦੇ ਭਾਵ ਨੂੰ ਸਮਝ ਸਕਦੇ ਹਾਂ ਕਿ ਕਹਿਣ ਵਾਲਾ ਕੀ ਕਹਿਣਾ ਚਾਹੁੰਦਾ ਹੈ? ਜੇ ਕੋਈ ਆਪਣਾ ਦਰਦ ਸੁਣਾ ਰਿਹਾ ਹੈ, ਆਪਣਾ ਦੁੱਖ ਫੋਲ ਰਿਹਾ ਹੈ ਤਾਂ ਉਸ ਦੀ ਗੱਲ ਨੂੰ ਜੇਕਰ ਅਸੀਂ ਧਿਆਨ ਨਾਲ ਤੇ ਪੂਰੀ ਹਮਦਰਦੀ ਨਾਲ ਨਹੀਂ ਸੁਣਦੇ ਤਾਂ ਸਾਨੂੰ ਗੱਲ ਸਮਝ ਹੀ ਨਹੀਂ ਲੱਗ ਸਕਦੀ। ਆਮ ਤੌਰ ਤੇ ਅਸੀਂ ਕਹਿ ਦਿੰਦੇ ਹਾਂ ਕਿ ਮੈਨੂੰ ਲੱਗ ਗਿਆ ਪਤਾ ਤੂੰ ਕੀ ਕਹਿਣਾ ਚਾਹੁੰਦਾ ਹੈ। ਪਰ ਉਸ ਦੀ ਗੱਲ ਦਾ ਆਪਣੇ ਦਿਮਾਗ ਨਾਲ ਹੀ ਅੰਦਾਜ਼ਾ ਲਗਾ ਲੈਂਦੇ ਹਾਂ ਤੇ ਜਦੋਂ ਅਸੀਂ ਆਪਣੇ ਹੀ ਅਰਥ ਕੱਢਣ ਲੱਗ ਜਾਂਦੇ ਹਾਂ ਤਾਂ ਫਿਰ ਗੱਲ ਕਰਨ ਵਾਲੇ ਦੀ ਭਾਵਨਾ ਨਹੀਂ ਸਮਝ ਸਕਦੇ । ਆਮ ਤੌਰ ਤੇ ਸਾਡੇ ਜੀਵਨ ਵਿੱਚ ਇਵੇਂ ਹੀ ਹੁੰਦਾ ਹੈ ਕਿ ਜਦੋਂ ਕੋਈ ਗੱਲ ਕਰਦਾ ਹੈ ਤਾਂ ਅਸੀਂ ਉਸ ਗੱਲ ਦਾ ਉੱਤਰ ਦੇਣ ਦੀ ਸੋਚਦੇ ਹੁੰਦੇ ਹਾਂ। ਕੋਈ ਆਪਣੀ ਗੱਲ ਜਿਵੇਂ ਮਰਜ਼ੀ ਕਰ ਰਿਹਾ ਹੋਵੇ। ਜੇ ਅਸੀਂ ਧਿਆਨ ਨਾਲ ਸੁਣੀ ਹੀ ਨਾ, ਬੱਸ ਅੰਦਾਜ਼ਾ ਲਗਾ ਕੇ ਉਸ ਦੀ ਗੱਲ ਦਾ ਉੱਤਰ ਲੱਭਣਾ ਸ਼ੁਰੂ ਕਰ ਦੇਈਏ, ਸੁਣਨ ਦੀ ਥਾਂ ਉਸ ਦੀ ਗੱਲ ਦਾ ਜਵਾਬ ਦੇਣ ਬਾਰੇ ਹੀ ਜੇ ਅਸੀਂ ਸੋਚ ਸ਼ੁਰੂ ਕਰ ਲਵਾਂਗੇ ਤਾਂ ਫਿਰ ਗੱਲ ਕਰਨ ਵਾਲਾ ਤਾਂ ਭਾਵੇਂ ਪਸੀਨੋ ਪਸੀਨਾ ਹੋਈ ਜਾਵੇ, ਹੱਸੇ ਜਾਂ ਰੋਈ ਜਾਵੇ, ਅਸੀਂ ਤਾਂ ਸੁਤੇ ਹੀ ਉਸ ਦਾ ਹੁੰਗਾਰਾ ਭਰੀ ਜਾਂਦੇ ਹਾਂ। ਅਸੀਂ ਇੱਕ ਪਾਸੇ ਗੱਲ ਸੁਣ ਰਹੇ ਹੁੰਦੇ ਹਾਂ ਤੇ ਦੂਸਰੇ ਪਾਸੇ ਆਪਣੇ ਮਨ ਵਿੱਚ ਉਸ ਦੀ ਗੱਲ ਦਾ ਜਵਾਬ ਘੜ ਰਹੇ ਹੁੰਦੇ ਹਾਂ। ਜੇ ਸਾਡੇ ਦਿਮਾਗ ਵਿੱਚ ਆਪਣੀ ਗੱਲ ਚੱਲਦੀ ਹੈ ਤਾਂ ਹੋਰ ਕਿਸੇ ਦੇ ਜੋ ਹੁੰਗਾਰੇ ਦੇ ਰਹੇ ਹੁੰਦੇ ਹਾਂ, ਕਈ ਵਾਰ ਸਾਨੂੰ ਆਪ ਨਹੀਂ ਪਤਾ ਹੁੰਦਾ ਕੀ ਹੁੰਗਾਰਾ ਦਿੰਦੇ ਹਾਂ। ਬੱਚੇ ਜਦੋਂ ਟੈਲੀਵਿਜ਼ਨ ਤੇ ਕੋਈ ਖਾਸ ਖੇਡ ਦੇਖ ਰਹੇ ਹੁੰਦੇ ਹਨ ਜਾਂ ਖਾਸ ਕਹਾਣੀ ਦੇਖ ਰਹੇ ਹੁੰਦੇ ਹਨ ਤਾਂ ਮਾਂ ਚੌਂਕੇ ਚੋਂ ਭਾਵੇਂ ਦਸ ਕੰਮ ਦੱਸੀ ਜਾਵੇ, ਬੱਚੇ ਆਖ ਦਿੰਦੇ ਹਾਂ, ਆਉਂਦਾ ਮਾਂ। ਅੱਛਾ ਮੈਂ ਕਰਦਾਂ ਪਰ ਉਨ੍ਹਾਂ ਨੂੰ ਪਤਾ ਹੀ ਨਹੀਂ ਹੁੰਦਾ ਕਿ ਮਾਂ ਕਰਵਾਉਣਾ ਕੀ ਚਾਹੁੰਦੀ ਹੈ? ਉਨ੍ਹਾਂ ਦਾ ਦਿਮਾਗ ਤਾਂ ਕਰ ਰਿਹਾ ਹੁੰਦਾ, ਜੋ ਕਰ ਸਕਦਾ। ਮਾਂ ਕਈ ਵਾਰ ਗੱਲ ਕਰ ਰਹੀ ਹੁੰਦੀ ਹੈ ਪਰ ਬੱਚੇ ਦੇਖ ਰਹੇ ਹੁੰਦੇ ਆ ਕਿ ਕੋਬੀ ਬ੍ਰਾਇਟ ਤਿੰਨ ਪੁਆਇਟਰ ਪਾ ਦੇਉ ਕਿ ਨਹੀਂ। ਤੇ ਜੋ ਪੈ ਜਾਵੇ ਤਾਂ ਕਈ ਵਾਰ ਖੜ੍ਹੇ ਹੋ ਕੇ ਉਸ ਦੀ ਖੁਸ਼ੀ ਵਿੱਚ ਰੌਲਾ ਪਾਉਣ ਲੱਗ ਜਾਂਦੇ। ਮਾਂ ਕੱਚੀ ਜਿਹੀ ਹੋਈ ਵਾਪਸ ਆਪਣੇ ਕੰਮ ਜਾ ਲਗਦੀ ਹੈ। ਸਮਝ ਜਾਂਦੀ ਕਿ ਮੇਰੀ ਗੱਲ ਹੁਣ ਕਿਥੇ ਸੁਣਨੀ ਖੇਡ ਦੇਖਦੇ ਨੇ ਬੱਚੇ। ਬੱਸ ਜੇ ਖੇਡ ਸਾਡੇ ਦਿਮਾਗ ਵਿੱਚ ਵੀ ਚਲ ਰਹੀ ਹੋਵੇ ਤਾਂ ਫਿਰ ਸਾਨੂੰ ਹੋਰ ਕਿਸੇ ਦੀ ਗੱਲ ਦਾ ਅਹਿਸਾਸ ਨਹੀਂ ਹੁੰਦਾ।

ਇਸ ਤੋਂ ਵੀ ਜ਼ਿਆਦਾ ਮਹੱਤਵਪੂਰਣ ਇਹ ਹੈ ਕਿ ਸੁਣ ਕੇ ਅਸੀਂ ਆਪ ਨਹੀਂ ਸਮਝਦੇ। ਆਪਣੀ ਸੋਚ ਮੁਤਾਬਕ ਅਸੀਂ ਜਵਾਬ ਵੀ ਦਿੰਦੇ ਹਾਂ ਤੇ ਜੇ ਜਵਾਬ ਸਹੀ ਨਾ ਹੋਵੇ ਤਾਂ ਆਪਣੇ ਆਪ ਨੂੰ ਦੋਸ਼ੀ ਨਹੀਂ ਸਮਝਦੇ। ਇਹ ਨਹੀਂ ਸੋਚਦੇ ਕਿ ਅਸੀਂ ਸੁਣਿਆ ਹੀ ਨਹੀਂ ਧਿਆਨ ਨਾਲ ਸਮਝ ਕਿਵੇਂ ਲੱਗਣੀ ਸੀ। ਇਹ ਹੀ ਸੋਚਦੇ ਹਾਂ ਕਿ ਅਸੀਂ ਸਹੀ ਹਾਂ, ਅਗਲਾ ਸਾਡੀ ਗੱਲ ਨਹੀਂ ਸਮਝ ਰਿਹਾ। ਏਨੀ ਗੱਲ ਤਾਂ ਪੱਕੀ ਹੈ ਕਿ ਗੱਲ ਹੋਵੇ ਜਾਂ ਗਰਾਰੀ, ਜਿੰਨਾ ਚਿਰ ਬੁੜੀਏ ਨਹੀਂ ਰਲਦੇ ਜਿੰਨਾਂ ਚਿਰ ਗਰਾਰੀ ਦੇ ਦੰਦਿਆਂ ਨਾਲ ਦੰਦੇ ਰਲਦੇ ਨਹੀਂ, ਓਨਾ ਚਿਰ ਦੋਵੇਂ ਗਰਾਰੀਆਂ ਇਕੱਠੀਆਂ ਘੁੰਮਦੀਆਂ ਹੀ ਨਹੀਂ। ਬਹੁਤੀ ਵਾਰ ਇਵੇਂ ਹੀ ਹੁੰਦਾ ਹੈ ਕਿ ਕੋਈ ਗੱਲ ਕਰਦਾ ਹੁੰਦਾ ਪਰ ਅਸੀਂ ਅਣਸੁਣੀ, ਅਣਗੌਲੀ ਕਰਕੇ ਹੀ ਨਜ਼ਰ-ਅੰਦਾਜ਼ ਕਰ ਦਿੰਦੇ ਹਾਂ। ਅਣਸੁਣੀ ਹੀ ਕਰ ਦਿੱਤੀ ਤਾਂ ਸਮਝ ਲੱਗ ਜਾਣ ਦਾ ਤਾਂ ਫਿਰ ਸਵਾਲ ਹੀ ਨਹੀਂ ਪੈਦਾ ਹੁੰਦਾ। ਦਿਖਾਵੇ ਵਜੋਂ ਹੂੰ ਹਾਂ ਕਰੀ ਜਾਣ ਨਾਲ ਕਿਵੇਂ ਗੱਲ ਬਣ ਸਕਦੀ ਹੈ। ਜੇ ਅਸੀਂ ਦਿਲ ਲਾ ਕੇ ਸਾਰੀ ਗੱਲ ਸੁਣੀ ਹੀ ਨਹੀਂ। ਕਈ ਵਾਰ ਅਸੀਂ ਗੱਲ ਸੁਣਦੇ ਸੁਣਦੇ ਆਪਣੀ ਸੋਚ ਵਿੱਚ ਗਵਾਚ ਜਾਂਦੇ ਹਾਂ ਪਰ ਫਿਰ ਧਿਆਨ ਕਰਨ ਦੀ ਕੋਸ਼ਿਸ਼ ਕਰਦੇ ਹਾਂ। ਥੋੜ੍ਹਾ ਬਹੁਤ ਫਿਰ ਸੁਣ ਕੇ, ਇਕ ਦੋ ਕੰਮ


Academy of the Punjab in North America: http://www.apnaorg.com

ਦੀਆਂ ਸੁਣ ਕੇ ਫਿਰ ਆਪਣੇ ਸੁਪਨਿਆਂ ਦੀ ਦੁਨੀਆ ਵਿੱਚ ਚਲੇ ਜਾਂਦੇ ਹਾਂ। ਲੇਕਿਨ ਕਿਤੋਂ ਕਿਤੋਂ ਸੁਣਨ ਨਾਲ ਵੀ ਗੱਲ ਨਹੀਂ ਬਣਦੀ 'ਆਦਿ ਪੜ੍ਹਿਆ ਅੰਤ ਪੜ੍ਹਿਆ ਵਿੱਚੋਂ ਵਿੱਚੋਂ ਦਰਸ਼ਨ ਕਰਿਆ।' ਇਸ ਤਰ੍ਹਾਂ ਵੀ ਗੱਲ ਨਹੀਂ ਬਣ ਸਕਦੀ। ਦਿਲ ਲਾ ਕੇ ਸੁਣਨ ਨਾਲ ਹੀ ਗੱਲ ਬਣ ਸਕਦੀ ਹੈ। ਜਦੋਂ ਦਿਲ ਲਾ ਕੇ ਸੁਣਦੇ ਹਾਂ ਤਾਂ ਸਾਨੂੰ ਵੀ ਪਤਾ ਲੱਗ ਜਾਂਦਾ ਹੈ, ਸੁਣਨ ਵਾਲੇ ਨੂੰ ਵੀ ਤੇ ਸੁਣਾਉਣ ਵਾਲੇ ਨੂੰ ਵੀ ਪਤਾ ਲੱਗ ਜਾਂਦਾ ਹੈ ਕਿ ਮੇਰੀ ਗੱਲ ਧਿਆਨ ਨਾਲ ਸੁਣੀ ਹੈ।

ਦਸੰਬਰ ਦਾ ਮਹੀਨਾ ਸੀ। ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਮੁੱਖ ਰੱਖ ਕੇ ਦੀਵਾਨ ਚੱਲ ਰਿਹਾ ਸੀ। ਮੈਨੂੰ ਹਾਰਮੋਨੀਅਮ ਤਾਂ ਠੀਕ ਤਰ੍ਹਾਂ ਵਜਾਉਣਾ ਨਹੀਂ ਆਉਂਦਾ। ਗਿਆਨੀ ਹੁਰਾਂ ਨੇ ਸਾਥ ਦੇਣਾ। ਤਬਲੇ ਵਾਲੇ ਨੇ ਵੀ ਸਾਥ ਦੇਣਾ ਤੇ ਕਈ ਵਾਰ ਮੈਂ ਆਪਣੀ ਗੱਲ ਕਰਨ ਤੋਂ ਪਹਿਲਾਂ ਸ਼ਬਦ ਵੀ ਪੜ੍ਹ ਲੈਣਾ। ਕਬੀਰ ਜੀ ਦਾ ਸ਼ਬਦ 'ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥ ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡਹਿ ਖੇਤੁ॥'

ਸ਼ਬਦ ਦੀ ਸਮਾਪਤੀ ਤੇ ਮੈਂ ਸਾਹਿਬਜ਼ਾਦਿਆਂ ਦੀ ਸ਼ਹੀਦੀ ਸਾਕੇ ਦਾ ਵਰਨਨ ਕਰਨ ਲੱਗਾ। ਅਜੀਤ ਸਿੰਘ ਤੇ ਜੁਝਾਰ ਸਿੰਘ ਦੀ ਸਹੀਦੀ ਦੀ ਗੱਲ ਜਦੋਂ ਕੀਤੀ ਨਾ ਕਿ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਪੁੱਤਰ ਸਾਹਿਬਜ਼ਾਦਾ ਅਜੀਤ ਸਿੰਘ ਅਤੇ ਸਾਹਿਬਜ਼ਾਦਾ ਜੁਝਾਰ ਸਿੰਘ ਲੜਦੇ ਲੜਦੇ ਚਮਕੌਰ ਵਿੱਚ ਸ਼ਹੀਦ ਹੋ ਗਏ। ਦੋਹਾਂ ਸਾਹਿਬਜ਼ਾਦਿਆਂ, ਜਿਨ੍ਹਾਂ ਦੇ ਸਿਰਾਂ ਤੇ ਕਲਗੀਆਂ ਸਜਾਈਆਂ ਜਾਂਦੀਆਂ ਹੁੰਦੀਆਂ ਸੀ, ਸ਼ਾਹੀ ਵਸਤਰ ਪਾਏ ਹੁੰਦੇ ਸੀ, ਉਹ ਸਾਹਿਬਜ਼ਾਦੇ ਜਦ ਸ਼ਹੀਦ ਹੋ ਗਏ ਤਾਂ ਸਮੇਂ ਨੇ ਦੋਹਾਂ ਦੀਆਂ ਲਾਸ਼ਾਂ ਤੇ ਕਫ਼ਨ ਪਾਉਣ ਦੀ ਇਜਾਜ਼ਤ ਵੀ ਨਹੀਂ ਦਿੱਤੀ। ਕਿਸੇ ਨੇ ਚੁੱਕਿਆ ਨਹੀਂ, ਕਿਸੇ ਨੇ ਚੁੰਮਿਆ ਨਹੀਂ, ਕਿਸੇ ਨੇ ਸਸਕਾਰ ਨਹੀਂ ਕੀਤਾ। ਜਦੋਂ ਮੈਂ ਇਹ ਸਾਕਾ ਸੁਣਾ ਰਿਹਾ ਸੀ ਤਾਂ ਮੈਂ ਸੰਗਤ ਵੱਲ ਨਜ਼ਰ ਮਾਰ ਕੇ ਦੇਖਿਆ। ਦਿਵਾਨ ਹਾਲ ਖਚਾ ਖਚ ਭਰਿਆ ਹੋਇਆ ਸੀ। ਮੈਂ ਦੇਖਿਆ ਕਿ ਤਕਰੀਬਨ ਸਾਰੀ ਸੰਗਤ ਆਪਣੇ ਅੱਥਰੂ ਪੂੰਝ ਰਹੀ ਸੀ। ਸੁਰਤੀ ਬਿਰਤੀ ਇਕਾਗਰ ਕਰਕੇ ਜਦ ਅਸੀਂ ਗੱਲ ਸੁਣਦੇ ਹਾਂ ਤਾਂ ਗੱਲ ਦੀ ਗੰਭੀਰਤਾ ਦਾ ਪਤਾ ਲੱਗ ਜਾਂਦਾ ਹੈ। ਬੱਸ ਗੱਲ ਦੀ ਗੰਭੀਰਤਾ ਦਾ ਪਤਾ ਲੱਗ ਗਿਆ ਤਾਂ ਸਮਝੋ ਕਿ ਅਸੀਂ ਹਮਦਰਦੀ ਨਾਲ ਦਿਲ ਲਾ ਕੇ ਗੱਲ ਸੁਣੀ ਹੈ। ਗੱਲ ਗੰਭੀਰ ਹੋਵੇ, ਇਕਾਗਰ ਚਿੱਤ ਹੋ ਕੇ ਸੁਣੀ ਹੋਵੇ ਤਾਂ ਅਸੀਂ ਐਸੀ ਗੱਲ ਸੁਣਦੇ ਸੁਣਦੇ ਆਪਣੇ ਸੁਪਨਿਆਂ ਦੀ ਦੁਨੀਆ ਚੋਂ ਬਾਹਰ ਨਿਕਲ ਕੇ ਬੱਸ ਗੱਲ ਸੁਣਦੇ ਹਾਂ। ਗੱਲ ਦਾ ਜਵਾਬ ਦੇਣ ਬਾਰੇ ਵੀ ਨਹੀਂ ਸੋਚਦੇ। ਸਾਕਾ ਸੁਣਾਉਣ ਵਾਲੇ ਦੇ ਨਾਲ ਜਦੋਂ ਦਿਮਾਗੀ ਤੌਰ ਤੇ ਅਸੀਂ ਸੁਣਦੇ ਸੁਣਦੇ ਚਮਕੌਰ ਦੀ ਗੜ੍ਹੀ ਵਿੱਚ ਪਹੁੰਚ ਜਾਂਦੇ ਹਾਂ ਤਾਂ ਬਿਨਾਂ ਦਰਸ਼ਨ ਕੀਤਿਆਂ ਵੀ ਅਸੀਂ ਚਮਕੌਰ ਸਾਹਿਬ ਪਹੁੰਚ ਜਾਂਦੇ ਹਾਂ। ਧਿਆਨ ਧਰ ਸੁਣਨ ਨਾਲ ਜ਼ਰੂਰੀ ਨਹੀਂ ਕਿ ਅਸੀਂ ਗੱਲ ਕਰਨ ਵਾਲੇ ਨਾਲ ਹਰ ਤਰ੍ਹਾਂ ਸਹਿਮਤ ਹੋ ਜਾਂਦੇ ਹਾਂ। ਬਿਲਕੁਲ ਨਹੀਂ, ਗੱਲ ਕਰਨ ਵਾਲੇ ਨਾਲ ਨਹੀਂ, ਗੱਲ ਨਾਲ ਸਹਿਮਤੀ ਹੋ ਜਾਂਦੀ ਹੈ। ਗੱਲ ਨਾਲ ਸਹਿਮਤੀ ਹੋ ਜਾਵੇ ਤਾਂ ਬੱਸ ਗੱਲ ਬਣ ਜਾਂਦੀ ਹੈ। ਗੱਲ ਕਰਨ ਵੇਲੇ ਜੋ ਸ਼ਬਦਾਂ ਦਾ ਪ੍ਰਯੋਗ ਕਰਦੇ ਹਾਂ, ਉਨ੍ਹਾਂ ਸ਼ਬਦਾਂ ਦਾ ਵੀ ਬਹੁਤ ਘੱਟ ਅਸਰ ਹੁੰਦਾ ਹੈ। ਅੱਠ ਦਸ ਪ੍ਰਤੀਸ਼ਤ ਹੀ ਸ਼ਬਦਾਂ ਦਾ ਅਸਰ ਹੁੰਦਾ ਹੈ। ਬਾਕੀ ਸਾਰਾ ਤਾਂ ਗੱਲ ਕਰਨ ਵਾਲੇ ਦੇ ਤਰੀਕੇ ਤੇ ਨਿਰਭਰ ਕਰਦਾ ਹੈ। ਲਫ਼ਜ਼ ਤਾਂ ਉਹ ਹੀ ਹੁੰਦੇ ਹਨ ਲੇ ਕਿਨ ਹਰ ਕਿਸੇ ਦਾ ਇਜ਼ਹਾਰ ਆਪਣਾ ਆਪਣਾ ਹੁੰਦਾ ਹੈ। ਬੱਸ ਜੇ ਅਸੀਂ ਬੇ-ਮਹਿਨੀ ਕਲਾਮ ਦੀ ਜਗ੍ਹਾ ਗੱਲ ਕਰਨ ਦਾ ਤਕੀਆ ਸਿੱਖ ਜਾਈਏ, ਵਸੀਲਾ ਸਿੱਖ ਜਾਈਏ, ਤਰੀਕਾ ਸਿੱਖ ਜਾਈਏ ਤਾਂ ਸਾਡੀ ਗੱਲ ਵਿੱਚ ਗੰਭੀਰਤਾ ਹੋ ਜਾਵੇ। ਜੇ ਗੰਭੀਰ ਗੱਲ ਨੂੰ ਸਰੋਤੇ ਗੰਭੀਰਤਾ ਨਾਲ ਸੁਣ ਲੈਣ ਤਾਂ ਫਿਰ ਵਾਤਾਵਰਣ ਹੀ ਗੰਭੀਰ ਹੋ ਜਾਂਦਾ ਹੈ। ਗੱਲ ਵਿਚਲਾ ਦਰਦ ਆਪਮੁਹਾਰੇ ਹੀ ਸਾਡੇ ਦਿਲ ਵਿੱਚ ਜਾ ਵੜਦਾ ਹੈ। ਜਦ ਦਰਦ ਦਿਲ ਦਾ ਦਰਵਾਜ਼ਾ ਖੜਕਾਉਂਦਾ, ਦਿਲ ਦਰਦ ਨੂੰ ਦਿਲ ਨਾਲ ਲਾਉਂਦਾ ਤਾਂ ਉਹ ਦਰਦ ਸਾਡਾ ਆਪਣਾ ਹੋ ਜਾਂਦਾ ਹੈ ਤੇ ਜੇ ਦਰਦ ਸਾਡਾ ਆਪਣਾ ਹੋ ਜਾਵੇ ਤਾਂ ਸਾਡੀਆਂ ਅੱਖਾਂ ਭਰ ਆਉਣੀਆਂ ਸੁਭਾਵਕ ਹੀ ਹਨ।


Academy of the Punjab in North America: http://www.apnaorg.com

# ਸਾਡੀ ਸਹਿਕਾਰਤਾ

ਸਹਿਯੋਗ ਕਰਕੇ, ਸਭ ਦਾ ਭਲਾ ਦਿਲ ਵਿੱਚ ਰੱਖ ਕੇ ਅਤੇ ਪੂਰੀ ਗੱਲ ਨੂੰ ਸਮਝ ਕੇ ਜਦੋਂ ਅਸੀਂ ਚੱਲਦੇ ਹਾਂ ਤਾਂ ਸਰਬੱਤ ਦੇ ਭਲੇ ਵਿੱਚ ਹੀ ਜੋ ਸਾਡਾ ਵੀ ਭਲਾ ਹੋ ਜਾਂਦਾ ਹੈ, ਉਸ ਭਲੇ ਦਾ ਮਜ਼ਾ ਹੀ ਕੁਝ ਹੋਰ ਹੁੰਦਾ ਹੈ। ਅਗਿਆਨਤਾ ਤਾਂ ਸਾਡੀ ਕਮਜ਼ੋਰੀ ਹੁੰਦੀ ਹੈ। ਗਿਆਨ ਸਾਡੀ ਸ਼ਕਤੀ ਹੁੰਦੀ ਹੈ। ਗਿਆਨ ਹੋਣਾ ਤਾਂ ਲਾਜ਼ਮੀ ਹੈ। ਜੇ ਕਿਸੇ ਕੰਮ ਦਾ ਗਿਆਨ ਹੀ ਨਹੀਂ ਤਾਂ ਉਸ ਕੰਮ ਨੂੰ ਤੁਸੀਂ ਜਿੰਨਾ ਮਰਜ਼ੀ ਮਨ ਚਿੱਤ ਸਾਫ ਕਰਕੇ ਕਰਦੇ ਰਹੋ, ਉਸਦੇ ਨਤੀਜੇ ਸਹੀ ਨਹੀਂ ਨਿਕਲ ਸਕਦੇ। ਸੋ ਪਹਿਲੀ ਗੱਲ ਕਿ ਸਾਨੂੰ ਪੂਰੀ ਸਮਝ ਹੋਣੀ ਚਾਹੀਦੀ ਹੈ ਕਿ ਕੀ ਕਰਨ ਲੱਗੇ ਹਾਂ ਤੇ ਜੇ ਸਮਝ ਲੱਗ ਜਾਵੇ ਤਾਂ ਸਾਫ ਨੀਤ ਨਾਲ ਸਰਬੱਤ ਦਾ ਭਲਾ ਦਿਲ ਵਿਚ ਰੱਖ ਕੇ ਸਾਥੀਆਂ ਨਾਲ ਤੁਰ ਕੇ ਸਹਿਯੋਗ ਨਾਲ ਜੋ ਸਫ਼ਰ ਤਹਿ ਹੁੰਦਾ ਹੈ, ਉਸ ਦਾ ਨਜ਼ਾਰਾ ਹੀ ਵੱਖਰਾ ਹੁੰਦਾ ਹੈ। ਸੱਚੇ, ਸੁੱਚੇ, ਸਮਝਦਾਰ ਲੋਕਾਂ ਦਾ ਸਹਿਯੋਗ ਮਿਲ ਜਾਵੇ, ਰਸਤੇ ਦਾ ਗਿਆਨ ਹੋ ਜਾਵੇ। ਮੰਜ਼ਿਲ ਦਿਸ ਰਹੀ ਹੋਵੇ, ਮੰਜ਼ਿਲ ਤੇ ਪਹੁੰਚਣ ਦੀ ਤੁਹਾਡੀ ਸਮਰੱਥਾ ਹੋਵੇ ਤਾਂ ਇਸ ਤੋਂ ਉਚੀ ਅਵਸਥਾ ਤਾਂ ਸਾਡੀ ਹੋ ਹੀ ਨਹੀਂ ਸਕਦੀ। ਟਕਰਾਓ ਦੁਖਾਂਤ ਪੈਦਾ ਕਰਦਾ ਹੈ। ਸਹਿਯੋਗ ਸੁਖ ਦਿੰਦਾ ਹੈ। ਸਹਿਜ ਦਾ ਸਾਥ ਹੋਵੇ। ਸਾਥ ਦਾ ਸੁਖ ਹੋਵੇ, ਸੰਗ ਚੱਲਣ ਦੀ ਸੋਝੀ ਹੋਵੇ ਤਾਂ ਫਿਰ ਬੱਸ ਕਹਿ ਲਓ ਚਮਤਕਾਰ ਹੀ ਹੋ ਜਾਂਦਾ ਹੈ। ਚਮਤਕਾਰ ਇਕ ਐਸੀ ਅਵਸਥਾ ਦੇ ਪਰਗਟ ਹੋ ਜਾਣ ਨੂੰ ਆਖਦੇ ਹਨ ਜੋ ਕਦੇ ਪਹਿਲਾਂ ਹੋਈ ਹੀ ਨਾ ਹੋਵੇ। ਇਹੋ ਜਿਹੀ ਅਵਸਥਾ ਪੈਦਾ ਤਾਂ ਹੀ ਹੋ ਸਕਦੀ ਹੈ ਜਦੋਂ ਅਸੀਂ ਅਗਵਾਈ ਤਾਂ ਕਰਦੇ ਹਾਂ ਪਰ ਅਸੂਲ ਨਹੀਂ ਤੋੜਦੇ। ਰਹੱਸ ਵਿੱਚ ਰਹਿ ਕੇ ਯਥਾਰਥਿਕ ਨਜ਼ਰੀਏ ਨਾਲ ਆਦਰਸ਼ਕ ਸਹਿਯੋਗ ਮਿਲ ਜਾਵੇ ਤਾਂ ਰੱਬ ਤੋਂ ਹੋਰ ਕੁਝ ਮੰਗਣ ਦੀ ਜ਼ਰੂਰਤ ਹੀ ਨਹੀਂ ਰਹਿ ਜਾਂਦੀ। ਸੱਚੇ ਮਾਰਗ ਚੱਲਦਿਆਂ ਜਹਾਨ ਵੀ ਉਸਤਤ ਕਰਦਾ ਹੈ, ਲੇਕਿਨ ਜੋ ਤੁਹਾਨੂੰ ਅੰਦਰੂਨੀ ਖੁਸ਼ੀ ਮਿਲਦੀ ਹੈ, ਜੋ ਉਸਤਤ ਤੁਸੀਂ ਖੁਦ ਕਰਨ ਲੱਗ ਜਾਂਦੇ ਹੋ ਆਪਣੀ, ਉਹ ਅਵਸਥਾ ਤਾਂ ਨਾ ਲੱਖੀਂ ਨਾ ਹਜ਼ਾਰੀ। ਇਹ ਅਵਸਥਾ ਸਾਨੂੰ ਪ੍ਰੇਰਨਾ ਦਿੰਦੀ ਹੈ। ਪ੍ਰਭਾਵਤ ਕਰਦੀ ਹੈ। ਸਾਨੂੰ ਇਕੱਠੇ ਕਰਦੀ ਹੈ। ਸਾਡੀ ਇਕਸਾਰ ਹੋ ਕੇ ਇਕ ਰੂਪ ਹੋ ਕੇ ਸਮਰੂਪਤਾ ਦੀ ਸ਼ਕਤੀ ਦਿਸਣ ਲਗਦੀ ਹੈ। ਅਸੀਂ ਆਪਣੇ ਨਿੱਜੀ ਘੁਟਣ ਪੁਣੇ ਤੋਂ, ਆਪਣੀ ਕੈਦ 'ਚੋਂ ਆਜ਼ਾਦ ਹੋ ਜਾਂਦੇ ਹਾਂ। ਸਾਂਝੀ ਸ਼ਕਤੀ ਸਾਨੂੰ ਜੀਵਨ ਦੀ ਸਭ ਤੋਂ ਵੱਡੀ ਸ਼ਕਤੀ ਲੱਗਣ ਲਗਦੀ ਹੈ ਪਰ ਇਹ ਅਵਸਥਾ ਤਾਂ ਹੀ ਪੈਦਾ ਹੋ ਸਕਦੀ ਹੈ ਜੇ ਅਸੀਂ ਇਨਸਾਨੀਅਤ ਦੇ ਸਾਰੇ ਗੁਣ ਧਾਰਣ ਕਰ ਸਕਣ ਦੇ ਯੋਗ ਹੋਈਏ ਤਾਂ। ਉਚੀ ਤੋਂ ਉਚੀ ਅਵਸਥਾ ਵਿੱਚ ਇਨਸਾਨ ਜਦ ਪਹੁੰਚਦਾ ਹੈ ਤਾਂ ਫਿਰ ਉਹ ਤੁਹਾਡੇ ਰਸਤੇ ਤੇ ਹੀ ਭਾਵੇਂ ਚਲਦਾ ਹੋਵੇ, ਤੁਹਾਡੇ ਸਹਿਯੋਗ ਨਾਲ ਹੀ ਭਾਵੇਂ ਤੁਰ ਰਿਹਾ ਹੋਵੇ, ਉਹ ਆਪਣੇ ਰਸਤੇ ਤੇ ਚੱਲ ਰਿਹਾ ਹੁੰਦਾ ਹੈ। ਉਹ ਹਰ ਹਫ਼ਤੇ ਆਪਣੀ ਮੰਜ਼ਿਲ ਵੱਲ ਵਧ ਰਿਹਾ ਹੁੰਦਾ ਹੈ।

ਇਨਸਾਨ ਇਕੱਲਾ ਤਾਂ ਇਨਸਾਨ ਕਹਾਉਣ ਦਾ ਹੱਕ ਵੀ ਨਹੀਂ ਰੱਖਦਾ। ਦੁਨੀਆ ਵਿੱਚ ਵਿਚਰਦਿਆਂ ਹੀ ਅਸੀਂ ਇਨਸਾਨ ਕਹਾਉਂਦੇ ਹਾਂ। ਜੇ ਦੁਨੀਆ ਵਿਚ ਸਹੀ ਤਰੀਕੇ ਨਾਲ ਵਿਚਰਨਾ ਆ ਜਾਵੇ, ਜੇ ਸਾਨੂੰ ਗਿਆਨ ਹੋ ਜਾਵੇ ਕਿ ਕਿਵੇਂ ਵਿਚਰਨਾ ਹੈ? ਨਾਲ ਦੀ ਨਾਲ ਸਾਡੇ ਦਿਲ ਵਿਚ ਕੋਈ ਕਪਟ ਨਾ ਹੋਵੇ। ਸਭ ਦਾ ਭਲਾ ਮੰਗਦੇ ਹੋਈਏ ਤਾਂ ਇਸ ਅਵਸਥਾ ਨੂੰ ਤਾਂ ਸਰਬ ਸ਼ਕਤੀਵਾਨ ਅਵਸਥਾ ਕਹਿਣ ਨੂੰ ਦਿਲ ਕਰਦਾ ਹੈ। ਦੁਨੀਆ ਤੋਂ ਬਿਨਾਂ ਅਸੀਂ ਅਧੂਰੇ ਹਾਂ। ਅਧੂਰੇ ਨਾਲੋਂ ਪੂਰਾ ਹਮੇਸ਼ਾਂ ਜ਼ਿਆਦਾ ਤਾਕਤਵਰ ਹੁੰਦਾ ਹੈ। ਅਸੀਂ ਵਿੱਚ ਤਾਂ ਮੈਂ ਵੀ ਸ਼ਾਮਲ ਹੈ। ਮੈਂ ਨਾਲੋਂ ' ਅਸੀਂ ' ਤਾਂ ਬਹੁਤ ਤਾਕਤਵਰ ਹੁੰਦੀ ਹੈ। ਨਿਰਭਰ ਕਰਦਾ ਹੈ ਕਿ ਤੁਸੀਂ ਕਿੰਨੇ ਕੁ 'ਅਸੀਂ' ਹੋ ਤੇ ਕਿੰਨੇ ਕੁ ਸਾਫ ਦਿਲ ਨਾਲ ' ਅਸੀਂ ' ਹੋ। ਇਸ ਅਵਸਥਾ ਵਿੱਚ ਆਪਾਂ ਇਕੱਲੇ ਨਹੀਂ ਹੁੰਦੇ। ਸੰਪੂਰਣ ਦਾ ਹਿੱਸਾ ਹੋਣ ਕਰਕੇ ਅਸੀਂ ਵੀ ਸੰਪੂਰਣ ਬਣ ਜਾਂਦੇ ਹਾਂ। ਅਸੀਂ ਪ੍ਰੇਰਨਾ ਦੇ ਸਕਦੇ ਹਾਂ। ਅਸੀਂ ਸੰਪੂਰਣਤਾ ਦੇ ਪ੍ਰੇਰਕ ਬਣ ਜਾਂਦੇ


Academy of the Punjab in North America: http://www.apnaorg.com

ਹਾਂ। ਸਾਨੂੰ ਅਖਤਿਆਰ ਹੋ ਜਾਂਦਾ ਹੈ। ਅਧਿਕਾਰ ਮਿਲ ਜਾਂਦਾ ਹੈ। ਅਸੀਂ ਸਮਰੱਥ ਬਣ ਜਾਂਦੇ ਹਾਂ। ਸਾਨੂੰ ਮੁਖਤਾਰਨਾਮਾ ਮਿਲ ਜਾਂਦਾ ਹੈ ਕਿ ਅਸੀਂ ਆਪਣੀ ਸਰਬ-ਸਾਂਝੀ ਸ਼ਕਤੀ ਦੀ ਗੱਲ ਕਰ ਸਕੀਏ। ਸਾਡੇ ਸਹਿਯੋਗ ਨਾਲ ਜੋ ਏਕੀਕਰਣ ਹੋਇਆ ਤੇ ਜੋ ਸਾਡੇ ਮਿਲ ਕੇ ਚੱਲਣ ਦੇ ਫਲ ਮਿਲੇ, ਅਸੀਂ ਉਨ੍ਹਾਂ ਫਲਾਂ ਦਾ ਸਵਾਦ ਦੱਸਣ ਦੇ ਸਮਰੱਥ ਹੋ ਜਾਂਦੇ ਹਾਂ। ਇਕੱਲੇ ਅਸੀਂ ਉਹ ਪ੍ਰਾਪਤੀਆਂ ਕਰ ਹੀ ਨਹੀਂ ਸਕਦੇ ਜਿਹੜੀਆਂ ਮਿਲ ਕੇ ਹੋ ਸਕਦੀਆਂ ਹਨ। ਕਹਿੰਦੇ ਹਨ 'ਇਕ ਇਕੱਲਾ ਤੇ ਦੋ ਗਿਆਰਾਂ। ' ਪਰ ਗਿਆਰਾਂ ਜੇ ਬਣਨ, ਬਣਾਉਣਾ ਚਾਹੁੰਦੇ ਹਾਂ ਤਾਂ ਸਾਨੂੰ ਡਟ ਕੇ ਇੱਕ ਦੂਜੇ ਦੇ ਬਰਾਬਰ ਖੜਨਾ ਪਵੇਗਾ। ਅਗਾਂਹ ਨਿਕਲ ਜਾਣ ਨਾਲ ਜਾਂ ਪਿੱਛੇ ਰਹਿ ਜਾਣ ਨਾਲ ਗੱਲ ਨਹੀਂ ਬਣਨੀ। ਇਕੱਠ ਤੇ ਸਹਿਯੋਗ ਵਿੱਚ ਹੀ ਸ਼ਕਤੀ ਹੁੰਦੀ ਹੈ। ਇਕ ਦੂਜੇ ਦਾ ਪੂਰਨ ਸਹਿਯੋਗ ਹੋਵੇ ਤਾਂ ਹੀ ਕੁਦਰਤ ਦੇ ਬਣਾਏ ਨਿਯਮ ਵੀ ਲਾਗੂ ਹੋ ਸਕਦੇ ਹਨ। ਔਰਤ ਤੇ ਆਦਮੀ ਦਾ ਜੇ ਸਹਿਯੋਗ ਨਹੀਂ ਤਾਂ ਦੁਨੀਆ ਅੱਗੇ ਤੁਰ ਹੀ ਨਹੀਂ ਸਕਦੀ। ਇਨਸਾਨੀ ਸਰੀਰ ਔਰਤ ਤੇ ਮਰਦ ਦੇ ਸਰੀਰਕ ਸਹਿਯੋਗ ਦੇ ਨਾਲ ਨਾਲ ਜੇ ਸਮਾਜਿਕ ਸਹਿਯੋਗ ਵੀ ਹੋਵੇ, ਦਿਮਾਗੀ ਸਹਿਯੋਗ ਵੀ ਹੋਵੇ ਅਤੇ ਭਾਵਕਤਾ ਦਾ ਵੀ ਸਹਿਯੋਗ ਹੋ ਜਾਵੇ ਤਾਂ ਫਿਰ ਅਨੰਦਮਈ ਅਵਸਥਾ ਬਣਦੀ ਹੈ। ਇਕ ਦੂਸਰੇ ਤੇ ਨਿਰਭਰ ਹੁੰਦਿਆਂ ਵੀ ਤੁਸੀਂ ਆਜ਼ਾਦ ਹੋ, ਖੁਸ਼ ਹੋ ਸੰਤੁਸ਼ਟ ਹੋ।

ਜਦੋਂ ਸਾਨੂੰ ਯਕੀਨ ਹੋ ਜਾਵੇ ਕਿ ਸਹਿਯੋਗ ਨਾਲ ਦੀ ਹੋਰ ਕੋਈ ਚੀਜ਼ ਹੋ ਹੀ ਨਹੀਂ ਸਕਦੀ, ਸਹਿਯੋਗ ਅਨੰਦਮਈ ਹੋ ਜਾਵੇ, ਸਹਿਯੋਗ ਤੇ ਪੂਰਨ ਵਿਸ਼ਵਾਸ ਹੋ ਜਾਵੇ ਤਾਂ ਫਿਰ ਤੁਸੀਂ ਆਪਣੀ ਸੋਚ ਨੂੰ ਆਪਣੀਆਂ ਸੀਮਾਵਾਂ 'ਚੋਂ ਰਿਹਾ ਕਰ ਦਿੰਦੇ ਹੋ। ਦਿਲ ਖੋਲ੍ਹ ਕੇ ਗੱਲ ਕਰਨ ਨੂੰ ਦਿਲ ਕਰਨ ਲੱਗ ਜਾਵੇ । ਜਦੋਂ ਸਾਨੂੰ ਸਹਿਯੋਗ ਵਿਚੋਂ ਨਵੀਆਂ ਸੰਭਾਵਨਾਵਾਂ ਨਜ਼ਰ ਆਉਣ ਲੱਗਣ। ਜਦੋਂ ਨਵੀਆਂ ਦਿਸ਼ਾਵਾਂ ਦਿਸਣ ਲੱਗ ਪੈਣ ਤਾਂ ਆਪਣੇ ਰਸਤੇ ਤੁਰੇ ਜਾਂਦਿਆਂ ਵੀ ਦੂਸਰੇ ਰਸਤਿਆਂ ਦਾ ਸੁਖ ਪ੍ਰਾਪਤ ਹੋ ਜਾਂਦਾ ਹੈ। ਸਾਥ ਦਾ ਸੁਖ ਮਿਲ ਜਾਵੇ ਤਾਂ ਫਿਰ ਇਕੱਲਤਾ ਬੜੀ ਕਮਜ਼ੋਰ ਲਗਦੀ ਹੈ। ਮਿਲਾਪ ਦੀ, ਸਹਿਯੋਗ ਦੀ, ਸ਼ਕਤੀ ਫਿਰ ਸਾਨੂੰ ਆਪਣੀ ਸ਼ਕਤੀ ਲੱਗਣ ਲੱਗ ਪੈਂਦੀ ਹੈ। ਬਹੁਤ ਲੋਕ ਐਸੇ ਵੀ ਹੁੰਦੇ ਹਨ ਕਿ ਸਾਥ ਚਲਦਿਆਂ ਵੀ ਉਹ ਸਾਥੀ ਨਹੀਂ ਹੁੰਦੇ। ਇਕ ਸੰਸਥਾ ਵਿੱਚ ਰਹਿ ਕੇ ਇਕੋ ਪਰਿਵਾਰ ਵਿੱਚ ਰਹਿ ਕੇ ਰਿਸ਼ਤਿਆਂ ਦੇ ਬੰਧਨਾਂ ਵਿੱਚ ਬੱਝੇ ਹੋਣ ਦੇ ਬਾਵਜੂਦ ਵੀ ਉਹ ਕਿਸੇ ਦੇ ਸਹਿਯੋਗੀ ਨਹੀਂ ਹੁੰਦੇ। ਕਈ ਲੋਕ ਤਾਂ ਸਮਝਦੇ ਹਨ ਕਿ ਮੇਰੇ ਤੋਂ ਸਿਆਣਾ ਤਾਂ ਕੋਈ ਹੋ ਨਹੀਂ ਸਕਦਾ। ਇਸ ਲਈ ਉਹ ਕਿਸੇ ਦੀ ਸਲਾਹ ਲੈਣ ਦੀ ਜ਼ਰੂਰਤ ਹੀ ਨਹੀਂ ਸਮਝਦਾ। ਨਫ਼ਾ ਹੋਵੇ, ਨੁਕਸਾਨ ਹੋਵੇ, ਉਹ ਆਪਣੀ ਹੀ ਮਰਜ਼ੀ ਕਰਦਾ ਹੈ। ਕਿਸੇ ਨਾਲ ਹੱਥ ਮਿਲਾ ਕੇ ਜਿਸ ਨੂੰ ਕਦੇ ਕੋਈ ਖੁਸ਼ੀ ਨਹੀਂ ਹੁੰਦੀ, ਉਸ ਦੇ ਭਾਵੇਂ ਜਿੰਨੇ ਮਰਜ਼ੀ ਦੁਨਿਆਵੀ ਰਿਸ਼ਤੇ ਹੋਣ, ਉਹ ਇਕੱਲਾ ਹੀ ਹੁੰਦਾ ਹੈ। ਆਪਣੇ ਆਪ ਨੂੰ ਭਾਵੇਂ ਬਹੁਤ ਤਾਕਤਵਰ ਸਮਝਦਾ ਹੋਵੇ। ਪਰ ਜਿੰਨਾ ਤਾਕਤਵਰ ਉਹ ਸਹਿਯੋਗੀ ਬਣ ਕੇ ਹੋ ਸਕਦਾ ਹੈ, ਓਨਾ ਇਕੱਲਾ ਕਿਸੇ ਕੀਮਤ ਤੇ ਵੀ ਨਹੀਂ ਹੋ ਸਕਦਾ। ਤੁਸੀਂ ਆਪਣੇ ਦੁਆਲੇ ਜਿੰਨੀ ਮਰਜ਼ੀ ਦੁਨੀਆ ਇਕੱਠੀ ਕਰ ਲਓ ਪਰ ਜੇ ਤੁਹਾਨੂੰ ਸੁਖ ਹੀ ਨਹੀਂ ਕਿਸੇ ਤੋਂ ਤਾਂ ਕੀ ਫਾਇਦਾ। ਜੇ ਚਾਰ ਚੁਫੇਰੇ ਦੁਨੀਆ ਦੀ ਭੀੜ ਵਿੱਚ ਤੁਸੀਂ ਇਕੱਲੇ ਹੀ ਹੋ ਤਾਂ ਇਹ ਤੁਹਾਡੀ ਚੋਣ ਹੈ। ਤੁਸੀਂ ਚਾਹੁੰਦੇ ਹੀ ਨਹੀਂ ਤਾਂ ਐਵੇਂ ਤਾਂ ਕੋਈ ਫਿਰ ਤੁਰਿਆ ਵੀ ਨਹੀਂ ਫਿਰਦਾ। ਐਸੇ ਵਿਅਕਤੀ ਫਿਰ ਜੀਵਨ ਦੇ ਉਨ੍ਹਾਂ ਸੁੱਖਾਂ ਤੋਂ ਵਾਂਝੇ ਹੀ ਰਹਿ ਜਾਂਦੇ ਹਨ ਜੋ ਸਿਰਫ਼ ਤੇ ਸਿਰਫ਼ ਸਹਿਯੋਗ ਨਾਲ ਹੀ ਮਿਲ ਸਕਦੇ ਹਨ। ਐਸੇ ਲੋਕ ਬਹੁਤ ਹਨ ਜੋ ਬੱਸ ਆਪਣੇ ਆਪ ਤੱਕ ਹੀ ਸੀਮਤ ਹਨ। ਸਹਿਯੋਗ ਦੇ ਅਰਥ ਵੀ ਨਹੀਂ ਜਾਣਦੇ, ਜਾਨਣਾ ਚਾਹੁੰਦੇ ਵੀ ਨਹੀਂ। ਐਸੇ ਲੋਕ ਜੋ ਉਜਾੜ ਹੀ ਭਾਲਦੇ ਹਨ, ਉਹ ਉਜਾੜ ਵਿੱਚ ਹੀ ਰਹਿੰਦੇ ਹਨ। ਜਿਨ੍ਹਾਂ ਰਿਸ਼ਤਿਆਂ ਦੇ ਸਹਿਯੋਗ ਦਾ ਉਹ ਅਨੰਦ ਮਾਣ ਸਕਦੇ ਸੀ, ਉਸ ਸੁਖ ਤੋਂ ਵਾਂਝਿਆਂ ਹੀ ਰਹਿ ਜਾਂਦੇ ਹਨ। ਜੋ ਰਿਸ਼ਤੇ, ਜੋ ਸਾਥੀ ਇਹੋ ਜਿਹੇ ਉਜਾੜ ਭਾਲਣ ਵਾਲਿਆਂ ਦੇ ਹੋ ਸਕਦੇ ਸੀ, ਉਹ ਰਿਸ਼ਤੇ, ਉਹ ਸਾਥੀ ਆਪਣੀ ਮਾਨਸਿਕ ਭੁੱਖ ਕਿਸੇ ਹੋਰ ਨਾਲ ਭਿਆਲੀ ਪਾ ਕੇ ਪੂਰੀ ਕਰ ਲੈਂਦੇ ਹਨ। ਸਹਿਯੋਗ ਜੇ ਸਾਨੂੰ ਦੇਣਾ ਨਹੀਂ ਆਉਂਦਾ ਤਾਂ ਵੀ ਤੇ ਸਹਿਯੋਗ ਲੈਣਾ ਨਹੀਂ


Academy of the Punjab in North America: http://www.apnaorg.com

ਆਉਂਦਾ, ਤਾਂ ਵੀ ਅਸੀਂ ਸਹਿਯੋਗੀ ਨਹੀਂ ਬਣ ਸਕਦੇ। ਇਸ ਤਰ੍ਹਾਂ ਜੋ ਕਿਸੇ ਦਾ ਨਾ ਹੋ ਸਕੇ ਉਹ ਫਿਰਦਾ ਰਹੇ ਇਕੱਲਾ, ਕਿਸੇ ਨੂੰ ਕੀ? ਮਰੇ ਭੁੱਖਾ, ਆਦਮੀ ਨੂੰ ਸਿਰਫ਼ ਰੋਟੀ ਦੀ ਹੀ ਨਹੀਂ, ਹੋਰ ਵੀ ਬਹੁਤ ਭੁੱਖਾਂ ਲਗਦੀਆਂ ਹਨ। ਕਈ ਭੁੱਖਾਂ ਐਸੀਆਂ ਹੁੰਦੀਆਂ ਹਨ ਜਿਸ ਵਿਚ ਸਹਿਯੋਗ ਜ਼ਰੂਰੀ ਹੁੰਦਾ ਹੈ, ਅਤ੍ਰਿਪਤੀ ਨੂੰ ਹੀ ਜੇ ਆਪਣੀ ਕੋਈ ਸਿਫ਼ਤ ਸਮਝਦਾ ਹੈ ਤਾਂ ਫਿਰ ਉਸ ਦਾ ਕੋਈ ਕੀ ਸਾਥ ਦੇਵੇ।

****

**ਜਦੋਂ ਨਵੀਆਂ ਦਿਸ਼ਾਵਾਂ ਦਿਸਣ ਲੱਗ ਪੈਣ ਤਾਂ ਆਪਣੇ ਰਸਤੇ ਤੁਰੇ ਜਾਂਦਿਆਂ ਵੀ ਦੂਸਰੇ ਰਸਤਿਆਂ ਦਾ ਸੁਖ ਪ੍ਰਾਪਤ ਹੋ ਜਾਂਦਾ ਹੈ।**


Academy of the Punjab in North America: http://www.apnaorg.com

# ਸਾਡੀ ਤੰਦਰੁਸਤੀ

ਤੰਦਰੁਸਤ ਇਨਸਾਨ ਹੀ ਦੁਨੀਆ ਨੂੰ ਤੰਦਰੁਸਤ ਬਣਾ ਸਕਦੇ ਹਨ। ਸਾਡੇ ਜਿਸਮ, ਸਰੀਰ ਦੀ ਤੰਦਰੁਸਤੀ ਵੀ ਬਹੁਤ ਜ਼ਰੂਰੀ ਹੈ। ਜੇ ਸਰੀਰਕ ਤੌਰ ਤੇ ਅਸੀਂ ਰੋਗੀ ਹਾਂ ਤਾਂ ਇਕ ਸਿਹਤਮੰਦ ਸੰਸਾਰ ਬਣਾਉਣ ਵਾਸਤੇ ਕੋਈ ਆਪਣਾ ਯੋਗਦਾਨ ਨਹੀਂ ਪਾ ਸਕਦੇ। ਸਰੀਰ ਨੂੰ ਜੋ ਕੁਦਰਤ ਨੇ ਸ਼ਕਤੀਆਂ ਬਖ਼ਸ਼ੀਆਂ ਹਨ। ਦੇਖ ਸਕਦੇ ਹਾਂ, ਤੁਰ ਫਿਰ ਸਕਦੇ ਹਾਂ, ਸੁਣ ਸਕਦੇ ਹਾਂ, ਸਮਝ ਸਕਦੇ ਹਾਂ ਆਦਿ। ਇਹ ਸਭ ਸ਼ਕਤੀਆਂ ਤਾਂ ਸਾਨੂੰ ਪ੍ਰਮਾਤਮਾ ਨੇ ਹੀ ਬਖ਼ਸ਼ੀਆਂ ਹਨ। ਪਰ ਇਨ੍ਹਾਂ ਸ਼ਕਤੀਆਂ ਦੀ ਦੇਖ-ਭਾਲ਼ ਕਰਨੀ ਤਾਂ ਸਾਡਾ ਜ਼ਿੰਮਾ ਹੈ। ਆਪਣੇ ਸਰੀਰ ਨੂੰ ਕਾਇਮ ਨਹੀਂ ਰੱਖਾਂਗੇ ਤਾਂ ਸ਼ਕਤੀਆਂ ਦਾ ਪ੍ਰਯੋਗ ਵੀ ਕਿੰਨਾ ਕੁ ਚਿਰ ਕਰ ਸਕਦੇ ਹਾਂ। ਸਰੀਰਕ ਤੰਦਰੁਸਤੀ ਲਈ ਕਸਰਤ ਕਰਨੀ ਬਹੁਤ ਜ਼ਰੂਰੀ ਹੈ। ਸਰੀਰਕ ਕਸਰਤ ਕਰਨ ਨਾਲ ਸਾਡੀ ਮਾਨਸਿਕ ਤੰਦਰੁਸਤੀ ਵੀ ਹੋ ਜਾਂਦੀ ਹੈ। ਸਿਆਣੇ ਕਿਹਾ ਕਰਦੇ ਸੀ 'ਪਹਿਲਾਂ ਆਤਮਾ ਤੇ ਫਿਰ ਪਰਮਾਤਮਾ। ' ਜੇ ਤੁਸੀਂ ਚੱਲ ਹੀ ਨਹੀਂ ਸਕਦੇ, ਐਡਾ ਭਾਰਾ ਹੋ ਗਿਆ ਜਿਸਮ ਕਿ ਤੁਰਿਆ ਹੀ ਨਹੀਂ ਜਾ ਸਕਦਾ ਤਾਂ ਧਰਮ ਅਸਥਾਨ ਤੇ ਕਿਵੇਂ ਪਹੁੰਚ ਸਕਦੇ ਹੋ। ਸੋ ਕਸਰਤ ਕਰਨੀ ਬਹੁਤ ਜ਼ਰੂਰੀ ਹੈ। ਕਸਰਤ ਕਰਨ ਨਾਲ ਤੁਹਾਡਾ ਸਰੀਰ ਹੰਢਣਸਾਰ ਹੋ ਜਾਂਦਾ ਹੈ। ਜੋ ਕਸਰਤ ਨਹੀਂ ਕਰਦੇ ਬਹੁਤਾ ਚਿਰ ਜੀਅ ਵੀ ਨਹੀਂ ਸਕਦੇ। ਵਰਜਸ਼ ਕਰਨ ਨਾਲ ਸਾਡੀ ਯੋਗਤਾ ਵਧਦੀ ਹੈ, ਸਾਡੀ ਲਚਕ ਵਧਦੀ ਹੈ। ਲਚਕ ਹੋਣੀ ਬਹੁਤ ਜ਼ਰੂਰੀ ਹੈ। ਜਿੰਨਾ ਜ਼ਿਆਦਾ ਲਚਕੀਲਾ ਸਰੀਰ ਹੋਵੇਗਾ ਓਨੀ ਹੀ ਫੁਰਤੀ ਹੋਵੇਗੀ। ਸਖ਼ਤ ਤੇ ਆਕੜਿਆ ਹੋਇਆ ਜਿਸਮ ਹੰਢਣਸਾਰ ਹੋ ਹੀ ਨਹੀਂ ਸਕਦਾ। ਜਿੰਨਾਂ ਜ਼ਿਆਦਾ ਆਕੜ ਹੋਵੇ ਓਨਾ ਹੀ ਉਸ ਇਨਸਾਨ ਨੂੰ ਮੁਰਦਾ ਗਿਣਦੇ ਹਨ। ਪੂਰਾ ਆਕੜ ਗਿਆ ਤਾਂ ਬੱਸ ਫਿਰ ਗਿਆ, ਖਤਮ ਹੋ ਗਿਆ। ਕਸਰਤ ਕਰਨ ਨਾਲ ਸਰੀਰ ਵਿੱਚ ਤਾਕਤ ਆਉਂਦੀ ਹੈ। ਜੇ ਸਾਡੇ ਸਰੀਰ ਵਿੱਚ ਤਾਕਤ ਨਹੀਂ ਤਾਂ ਭੁਲੇਖੇ ਨਾਲ ਤਾਂ ਭਾਵੇਂ ਕੋਈ ਸਾਡੇ ਲਾਗੇ ਬੈਠ ਜਾਵੇ। ਜੇ ਆਪਣਾ ਆਪ ਚੁੱਕੀ ਫਿਰਨ ਦੀ ਤਾਕਤ ਵੀ ਨਾ ਹੋਵੇ ਤਾਂ ਫਿਰ ਕੋਈ ਕਿੰਨਾ ਕੁ ਚਿਰ ਕੁੱਛੜ ਚੁੱਕੀ ਫਿਰੂ। ਸੋ ਦੁਨੀਆ ਵਿਚ ਜੇ ਆਪਣੀ ਕੋਈ ਪਹਿਚਾਣ ਬਣਾਉਣੀ ਹੈ ਤਾਂ ਸਭ ਤੋਂ ਪਹਿਲਾਂ ਸਾਨੂੰ ਆਪਣਾ ਸਰੀਰ ਤੰਦਰੁਸਤ ਕਰਨਾ ਪਵੇਗਾ।

ਜਿਸਮ ਦੇ ਨਾਲ ਨਾਲ ਸਾਨੂੰ ਆਪਣੇ ਅੰਦਰ ਵੱਸਦੇ ਇਨਸਾਨ ਨੂੰ ਵੀ ਤੰਦਰੁਸਤ ਰੱਖਣ ਦੀ ਲੋੜ ਹੈ। ਇਹ ਵੀ ਪੱਕੀ ਗੱਲ ਹੈ ਕਿ ਜੇ ਤੁਹਾਡਾ ਸਰੀਰ ਤੰਦਰੁਸਤ ਨਹੀਂ ਤਾਂ ਕੁਝ ਵੀ ਤੰਦਰੁਸਤ ਨਹੀਂ ਹੋ ਸਕਦਾ ਪਰ ਸਰੀਰ ਸਾਂਭਣ ਦੇ ਨਾਲ ਨਾਲ ਇਸ ਸਰੀਰ ਵਿੱਚ ਜੋ ਕਿਰਾਏਦਾਰ ਰਹਿ ਰਿਹਾ ਹੈ ਨਾ, ਉਸ ਦੀ ਤੰਦਰੁਸਤੀ ਵੀ ਜ਼ਰੂਰੀ ਹੈ। ਇਹ ਜੋ ਪੰਜ ਤੱਤਾਂ ਦਾ ਬਣਿਆ ਹੋਇਆ ਇਨਸਾਨ ਦਾ ਜਿਸਮ ਹੈ ਇਹ ਤਾਂ ਸਾਨੂੰ ਇਸ ਤਰ੍ਹਾਂ ਜਿਵੇਂ ਦੁਨੀਆ ਵਿੱਚ ਰਹਿਣ ਲਈ ਜਿਵੇਂ ਕਮਰਾ ਮਿਲਿਆ ਹੋਵੇ। ਹਾਂ ਕਮਰਾ ਸਾਫ ਸੁਥਰਾ ਹੋਵੇ। ਫੁੱਲ ਵੀ ਰੱਖੇ ਹੋਣ ਚੰਗੇ ਸੋਹਣੇ ਪਰਦੇ ਵਗੈਰਾ ਲੱਗੇ ਹੋਣ ਤਾਂ ਖੁਸ਼ਬੂਦਾਰ ਘਰ ਦੇਖਣੀ ਪਾਖਣੀ ਵੀ ਸੋਹਣਾ ਲੱਗਦਾ ਹੈ। ਐਸੇ ਸਰੀਰ ਰੂਪੀ ਕਮਰੇ ਵਿੱਚ ਵਸਦਾ ਕਿਰਾਏ ਦਾਰ ਹੀ ਦੁਨੀਆ ਵਿਚ ਸਰੀਰ ਦਾ ਰਿਸ਼ਤਾ ਜੋੜਦਾ ਹੈ। ਜੇ ਕੋਈ ਪੁੱਛੇ ਕਿ ਇਸ ਮਕਾਨ ਵਿੱਚ ਕੌਣ ਰਹਿੰਦਾ ਹੈ ਤਾਂ ਵਿੱਚ ਵੱਸਣ ਵਾਲੇ ਦਾ ਹੀ ਨਾਂ ਵੱਜਦਾ ਹੈ। ਕਾਦਰ ਦੀ ਕੁਦਰਤ ਦਾ ਧੰਨਵਾਦ ਕਰਨ ਵਾਲੇ ਸ਼ੁਕਰ ਕਰਨ ਵਾਲੇ ਅਤੇ ਉਸ ਅਪਰ ਅਪਾਰ ਨੂੰ ਯਾਦ ਰੱਖਣ ਵਾਲੇ ਲੋਕ ਬਾਕੀ ਦੁਨੀਆ ਨੂੰ ਵੀ ਚੰਗੇ ਲਗਦੇ ਹਨ ਅਤੇ ਉਹ ਆਪਣੇ ਆਪ ਵੀ ਤੰਦਰੁਸਤ ਮਹਿਸੂਸ ਕਰਦੇ ਹਨ। ਤੰਦਰੁਸਤ ਕਿਰਾਏਦਾਰ ਕਮਰੇ ਨੂੰ ਵੀ ਠੀਕ ਰੱਖਣ ਦੇ ਯੋਗ ਹੁੰਦਾ ਹੈ। ਸਗੋਂ ਕਈ ਸਰੀਰਕ ਬੀਮਾਰੀਆਂ ਦਵਾਈਆਂ ਨਾਲ ਠੀਕ ਨਹੀਂ ਹੋ ਸਕਦੀਆਂ। ਮੈਨੂੰ ਕਿਸੇ ਨੇ ਕਹਾਣੀ ਸੁਣਾਈ ਕਿ ਇੱਕ ਜਵਾਨ ਲੜਕੀ ਦਾ ਹਾਜ਼ਮਾ ਖਰਾਬ ਹੋ ਗਿਆ। ਅਣਗਹਿਲੀ ਨਾਲ ਹਾਲਤ ਜ਼ਿਆਦਾ ਹੀ ਵਿਗੜ ਗਈ। ਕੁਝ ਵੀ ਨਾ ਪਚੇ ਪਾਣੀ ਵੀ ਨਾ ਪਚੇ। ਨਾੜਾਂ ਥਾਣੀਂ ਮਾੜੀ ਮੋਟੀ ਖੁਰਾਕ ਦੇ ਸਿਰ ਤੇ ਕੁਝ


Academy of the Punjab in North America: http://www.apnaorg.com

ਦਿਨ ਕੱਢ ਗਈ। ਆਖਿਰ ਸਭ ਡਾਕਟਰਾਂ ਨੇ ਜਵਾਬ ਦੇ ਦਿੱਤਾ ਤੇ ਆਸ ਲਾਹ ਕੇ ਕੁੜੀ ਨੂੰ ਘਰ ਲੈ ਆਏ । ਕਿਸੇ ਨੇ ਦੱਸ ਪਾਈ ਕਿ ਕੋਈ ਸੰਤ ਹੈ, ਉਹ ਨਾਮ ਦਿੰਦਾ ਹੈ। ਕਈ ਰੋਗੀ ਉਸ ਨੇ ਠੀਕ ਕੀਤੇ ਹਨ। ਕੁੜੀ ਨੂੰ ਚੁੱਕ ਕੇ ਸੰਤਾਂ ਕੋਲ ਲੈ ਗਏ। ਸੰਤਾਂ ਨੇ ਮੂਲ ਮੰਤਰ ਲਿਖ ਕੇ ਦੇ ਦਿੱਤਾ ਤੇ ਕੁੜੀ ਨੂੰ ਕਿਹਾ ਕਿ ਵੱਧ ਤੋਂ ਵੱਧ ਜਿੰਨਾਂ ਸਮਾਂ ਵੀ ਲਾ ਸਕੇ, ਹੱਥ ਵਿਚ ਕਾਗ਼ਜ਼ ਫੜ੍ਹ ਕੇ ਤੇ ਅੱਖਾਂ ਨਾਲ ਪੜ੍ਹ ਕੇ ਉਚੀ ਉਚੀ ਬੋਲ ਕੇ ਆਪਣੇ ਕੰਨਾਂ ਨਾਲ ਸੁਣ ਸਮਝ ਕੇ ਮੂਲ ਮੰਤਰ ਦਾ ਜਾਪ ਕਰੇ, ਠੀਕ ਹੋ ਜਾਏਗੀ। ਘਰ ਆ ਕੇ ਪਹਿਲੇ ਦਿਨ ਦੋ ਤਿੰਨ ਘੰਟੇ, ਦੂਜੇ ਦਿਨ ਚਾਰ, ਪੰਜ ਤੀਜੇ ਦਿਨ ਅੱਠ ਨੌਂ ਤੇ ਚੌਥੇ ਦਿਨ ਬਾਰਾਂ ਤੇਰਾਂ ਘੰਟੇ ਕੁੜੀ ਮੂਲ ਮੰਤਰ ਦਾ ਜਾਪ ਕਰਨ ਲੱਗੀ। ਹੌਲੀ ਹੌਲੀ **18-20** ਘੰਟੇ ਰੋਜ਼ ਉਚੀ ਉਚੀ ਪਾਠ ਕਰਨ ਨਾਲ ਬੋਲਣ ਨਾਲ ਕੁੜੀ ਨੂੰ ਮਾੜੀ ਮਾੜੀ ਭੁੱਖ ਲੱਗਣ ਲੱਗ ਪਈ ਤੇ ਤਕਰੀਬਨ ਚਾਲੀ ਦਿਨਾਂ ਵਿੱਚ ਕੁੜੀ ਨੌਂਬਰ ਨੌਂ ਹੋ ਗਈ। ਆਤਮਾ ਦੀ ਤੰਦਰੁਸਤੀ ਲਈ ਸਮਾਂ ਤਾਂ ਲਗਦਾ ਹੈ ਪਰ ਜੇ ਅਸੀਂ ਇਹ ਸਮਾਂ ਨਹੀਂ ਲਾਵਾਂਗੇ ਤਾਂ ਆਤਮਾ ਬੀਮਾਰ ਹੋ ਜਾਵੇਗੀ, ਮਰ ਜਾਵੇਗੀ। ਜੇ ਆਤਮਾ ਮਰ ਜਾਵੇਗੀ ਤਾਂ ਆਤਮਾ ਦੇ ਕਮਰੇ ਵਿੱਚ ਕੌਣ ਰਹੇਗਾ। ਸਾਡੀਆਂ ਸਭ ਤੋਂ ਵੱਡੀਆਂ ਵੱਡੀਆਂ ਬੀਮਾਰੀਆਂ ਦਾ ਇਲਾਜ ਸਾਡੀ ਜ਼ਮੀਰ ਦੇ ਹਸਪਤਾਲ ਵਿੱਚ ਰੋਜ਼ ਹੁੰਦਾ ਹੈ।

ਸਰੀਰਕ ਤੰਦਰੁਸਤੀ ਤੇ ਆਤਮਕ ਤੰਦਰੁਸਤੀ ਦੇ ਨਾਲ ਨਾਲ ਸਾਨੂੰ ਦਿਮਾਗੀ ਤੰਦਰੁਸਤੀ ਦੀ ਵੀ ਓਨੀ ਹੀ ਲੋੜ ਹੈ। ਦਿਮਾਗੀ ਤੰਦਰੁਸਤੀ ਲਈ ਹੀ ਅਸੀਂ ਸਕੂਲਾਂ, ਕਾਲਜਾਂ ਵਿੱਚ ਪੜ੍ਹਦੇ ਹਾਂ, ਡਿਪਲੋਮੇ ਕਰਦੇ ਹਾਂ। ਲੇਕਿਨ ਆਮ ਤੌਰ ਤੇ ਅਸੀਂ ਸਕੂਲ ਵਿੱਚ ਸਿਲੇਬਸ ਦੀਆਂ ਕਿਤਾਬਾਂ ਪੜ੍ਹਨ ਤੇ ਡਿਗਰੀ ਕਰਨ ਤੋਂ ਬਾਅਦ ਇਹ ਸੋਚ ਲੈਂਦੇ ਹਾਂ ਕਿ ਬੱਸ ਹੁਣ ਮੈਂ ਬਹੁਤ ਪੜ੍ਹ ਲਿਆ। ਚੰਗੀਆਂ ਕਿਤਾਬਾਂ ਪੜ੍ਹ ਕੇ ਹਰ ਰੋਜ਼ ਅਸੀਂ ਕੁਝ ਨਵਾਂ ਸਿੱਖਦੇ ਹਾਂ। ਜੋ ਨਹੀਂ ਪੜ੍ਹਦੇ ਉਨ੍ਹਾਂ ਨੇ ਤਾਂ ਸਮਝੋ ਆਪਣੀ ਅਕਲ ਨੂੰ ਤਾਲਾ ਲਾ ਦਿੱਤਾ ਕਿ ਬੱਸ ਹੋਰ ਨਹੀਂ ਅਕਲ ਚਾਹੀਦੀ। ਹਰ ਕੋਈ ਆਪਣੇ ਆਪ ਨੂੰ ਸਭ ਤੋਂ ਵਧ ਅਕਲਮੰਦ ਸਮਝਦਾ ਹੈ। ਜੋ ਆਪਣੇ ਆਪ ਨੂੰ ਸਭ ਤੋਂ ਵੱਧ ਅਕਲਮੰਦ ਸਮਝਦਾ ਹੈ। ਉਹ ਹੀ ਤਾਂ ਬੇਅਕਲ ਹੁੰਦਾ ਹੈ। ਹੋਰ ਮੂਰਖਾਂ ਦੇ ਸਿਰਾਂ ਤੇ ਸਿੰਗ ਤਾਂ ਨਹੀਂ ਉੱਗਦੇ। ਜਿਹੜਾ ਕੁਝ ਨਹੀਂ ਸਿੱਖਣਾ ਚਾਹੁੰਦਾ, ਕੁਝ ਨਹੀਂ ਪੜ੍ਹਦਾ, ਉਸ ਦੇ ਵਿੱਚ ਤੇ ਜਿਹੜਾ ਪੜ੍ਹ ਸਕਦਾ ਹੀ ਨਹੀਂ, ਉਸਦੇ ਵਿੱਚ ਭਲਾ ਕੀ ਅੰਤਰ ਹੋਇਆ। ਸਾਰੀ ਦੁਨੀਆ ਦੀ ਸਾਂਝੀ ਗੱਲ ਕਰੀਏ ਤਾਂ ਸਭ ਤੋਂ ਵੱਧ ਸਮਾਂ ਅਸੀਂ ਸੌਂਦੇ ਹਾਂ। ਦੂਸਰੇ ਨੰਬਰ ਤੇ ਟੈਲੀਵਿਜ਼ਨ ਦੇਖਦੇ ਹਾਂ, ਤੀਸਰਾ ਅਸਥਾਨ ਕੰਮ ਕਾਰ ਦਾ ਆਉਂਦਾ ਹੈ। ਜੇ ਕੋਈ ਸਕੂਲ ਜਾਂਦਾ ਹੈ ਉਹ ਵੀ ਜਿੰਨਾਂ ਸਮਾਂ ਸਾਲ ਵਿੱਚ ਸਕੂਲ ਬਿਤਾਉਂਦਾ ਹੈ, ਉਸ ਤੋਂ ਵੱਧ ਸਮਾਂ ਟੀ. ਵੀ. ਦੇਖਦਾ ਹੈ। ਸਭ ਤੋਂ ਜ਼ਿਆਦਾ ਬੀਮਾਰੀਆਂ ਸਮਾਜ ਵਿਚ ਟੀ. ਵੀ. ਦੀਆਂ ਲਾਈਆਂ ਹੋਈਆਂ ਹੀ ਹਨ। ਟੀ. ਵੀ. ਦੇ ਸਮੇਂ 'ਚੋਂ ਇੱਕ ਘੰਟਾ ਜਾਂ ਅੱਧਾ ਘੰਟਾ ਰੋਜ਼ ਘਟਾ ਕੇ ਜੇ ਅਸੀਂ ਕੋਈ ਚੰਗੀ ਕਿਤਾਬ ਪੜ੍ਹ ਲਈਏ ਤਾਂ ਨਾਲ ਦੀ ਨਾਲ ਸਾਡੀਆਂ ਟੀ. ਵੀ. ਤੋਂ ਲੱਗੀਆਂ ਬੀਮਾਰੀਆਂ ਦਾ ਵੀ ਇਲਾਜ ਹੋ ਸਕਦਾ ਹੈ। ਸਾਡਾ ਦਿਮਾਗੀ ਤੌਰ ਤੇ ਵੀ ਤੰਦਰੁਸਤ ਹੋਣਾ ਬਹੁਤ ਜ਼ਰੂਰੀ ਹੈ। ਇਹ ਸੋਚਣਾ ਸਹੀ ਨਹੀਂ ਹੈ ਕਿ ਆਵਾ ਹੀ ਊਤ ਗਿਆ, ਮੈਂ ਇਕੱਲਾ ਕੀ ਕਰਾਂ। ਪਰ ਬੂੰਦ ਬੂੰਦ ਨਾਲ ਹੀ ਤਲਾ ਭਰ ਜਾਂਦੇ ਹਨ। ਸਾਰੇ ਨਾ ਸਹੀ ਕੁਝ ਲੋਕ ਹੀ ਕੋਸ਼ਿਸ਼ ਕਰਨ ਤਾਂ ਵੀ ਚਲੋ ਗੱਲ ਬਣ ਜਾਵੇ। ਕੱਲੀਆਂ ਕਿਤਾਬਾਂ ਹੀ ਨਹੀਂ ਗਿਆਨ ਹਾਸਲ ਕਰਨ ਦੇ ਹੋਰ ਵੀ ਬਹੁਤ ਢੰਗ ਹਨ। ਗਿਆਨਵਾਨ ਹੋਣਾ ਤਾਂ ਬਹੁਤ ਵਧੀਆ ਹੈ। ਲੇਕਿਨ ਅਰਧ ਗਿਆਨੀ ਨੁਕਸਾਨ ਕਰਦੇ ਹਨ। ਗਿਆਨ ਤਾਂ ਤੰਦਰੁਸਤੀ ਬਖਸ਼ਦਾ ਹੈ ਦਿਮਾਗੀ ਤੰਦਰੁਸਤੀ। ਦਿਮਾਗੀ ਤੌਰ ਤੇ ਬੀਮਾਰ ਲੋਕ ਨਾਲ ਦੀਆਂ ਸਾਰੀਆਂ ਮੱਝਾਂ ਨੂੰ ਲਿਬੇੜ ਦਿੰਦੇ ਹਨ।

ਭਾਵਕ ਤੰਦਰੁਸਤੀ ਵੀ ਬਹੁਤ ਜ਼ਰੂਰਤ ਹੈ। ਸਰੀਰ ਤੰਦਰੁਸਤ ਹੈ, ਤੁਹਾਡੀ ਆਤਮਾ ਤੰਦਰੁਸਤ ਹੈ, ਦਿਮਾਗੀ ਤੌਰ ਤੇ ਵੀ ਤੁਸੀਂ ਤੰਦਰੁਸਤ ਹੋ ਪਰ ਜੇ ਅਸੀਂ ਭਾਵਕ ਨਹੀਂ ਤਾਂ ਸਮਾਜ ਨਾਲ ਕਿਵੇਂ ਰਿਸ਼ਤੇ ਬਣਾ ਸਕਦੇ ਹਾਂ। ਦੁਨਿਆਵੀ ਰਿਸ਼ਤੇ ਸਾਡੀ ਭਾਵਕਤਾ ਕਰਕੇ ਹੀ ਬਣਦੇ ਹਨ। ਜੇ ਕੋਈ ਬਿਲਕੁਲ ਭਾਵਕ ਨਹੀਂ। ਕਿਸੇ ਨਾਲ ਉਸ


Academy of the Punjab in North America: http://www.apnaorg.com

ਦਾ ਕੋਈ ਰਿਸ਼ਤਾ ਹੀ ਨਹੀਂ ਤਾਂ ਫਿਰ ਉਹ ਕਾਹਦਾ ਇਨਸਾਨ। ਦਿਲ ਦਾ ਤੰਦਰੁਸਤ ਹੋਣਾ ਓਨਾ ਹੀ ਜ਼ਰੂਰੀ ਹੈ ਜਿੰਨਾ ਦਿਮਾਗ ਦਾ ਤੰਦਰੁਸਤ ਹੋਣਾ। ਦਿਲ ਭਾਵੇਂ ਸਰੀਰ ਦਾ ਹੀ ਇਕ ਹਿੱਸਾ ਹੁੰਦਾ ਹੈ, ਇਕ ਮਸਲ ਹੁੰਦਾ ਹੈ। ਸਰੀਰ ਦੀ ਕਸਰਤ ਕਰਨ ਨਾਲ ਦਿਲ ਦੀ ਕਸਰਤ ਵੀ ਹੋ ਜਾਂਦੀ ਹੈ। ਸਰੀਰਕ ਕਸਰਤ ਨਾਲ ਦਿਲ ਵੀ ਤੰਦਰੁਸਤ ਹੋ ਜਾਂਦਾ ਹੈ। ਦਿਲ ਵਿਚ ਜੋ ਭਾਵਕਤਾ ਹੈ, ਉਹ ਦਿਲ ਦੀ ਦਿਮਾਗ ਵਰਗੀ ਸ਼ਕਤੀ ਹੈ। ਭਾਵੁਕਤਾ ਨਹੀਂ ਹੈ ਤਾਂ ਫਿਰ ਬਾਕੀ ਸਮਝੋ ਕੁਝ ਵੀ ਨਹੀਂ। ਅਪਣੱਤ, ਸਾਂਝ, ਪਿਆਰ, ਸਤਿਕਾਰ, ਇਹ ਸਭ ਦਿਲ ਦੇ ਮਸਲੇ ਹਨ, ਇਸ ਲਈ ਦਿਲ ਦਾ ਤੰਦਰੁਸਤ ਹੋਣਾ ਵੀ ਜ਼ਰੂਰੀ ਹੈ। ਜੇ ਸਾਡਾ ਕੋਈ ਨਹੀਂ ਹੈ ਤਾਂ ਅਸੀਂ ਫਿਰ ਕਿਸ ਦੇ ਹਾਂ, ਗੱਲ ਖ਼ਤਮ। ਕਿਸੇ ਦੇ ਕੰਮ ਆ ਸਕਣਾ ਹੀ ਤਾਂ ਸਾਡੀ ਕੀਮਤ ਹੈ। ਜੇ ਅਸੀਂ ਕਿਸੇ ਨੂੰ ਸੁਖ ਦੇ ਸਕਦੇ ਹਾਂ ਤਾਂ ਹੀ ਸੁਖ ਪ੍ਰਾਪਤ ਕਰਨ ਨੂੰ ਉਮੀਦ ਵੀ ਰੱਖ ਸਕਦੇ ਹਾਂ। ਦਿਲ ਦੀ ਤੰਦਰੁਸਤੀ ਤਾਂ ਕਈ ਵਾਰ ਦਿਮਾਗ ਨੂੰ ਵੀ ਮਨਾ ਲੈਂਦੀ ਹੈ ਤੇ ਦਿਮਾਗ ਦਿਲ ਨੂੰ ਕਈ ਵਾਰ ਮਨ ਆਈਆਂ ਕਰਨ ਦੀ ਇਜਾਜ਼ਤ ਵੀ ਦੇ ਦਿੰਦਾ ਹੈ। ਮਨ ਮਿਲੇ ਦਾ ਮੇਲਾ, ਪਿਆਰ ਕਰਨਾ ਆ ਜਾਵੇ ਸਾਨੂੰ ਤਾਂ ਅਸੀਂ ਇਨਸਾਨ ਹਾਂ, ਨਹੀਂ ਤਾਂ ਸਰੀਰਕ ਭੁੱਖਾਂ ਤਾਂ ਸਾਰੇ ਪਸ਼ੂ ਵੀ ਮੇ ਟਦੇ ਹਨ। ਵਧੀਆ ਤੰਦਰੁਸਤ ਦਿਲ ਹੋਣਾ ਵੀ ਤੰਦਰੁਸਤ ਦਿਮਾਗ ਜਿੰਨਾ ਹੀ ਜ਼ਰੂਰੀ ਹੈ ਬਲਕਿ ਜ਼ਿਆਦਾ ਜ਼ਰੂਰੀ ਹੈ। ਭਾਵਕਤਾ ਸਿਰਫ਼ ਪਰਿਵਾਰਾਂ ਤੱਕ ਹੀ ਸੀਮਤ ਨਹੀਂ ਹੁੰਦੀ। ਹਰ ਰਿਸ਼ਤੇ ਵਿੱਚ ਭਾਵਕਤਾ ਜ਼ਰੂਰੀ ਹੈ। ਭਾਵਕਤਾ ਤੋਂ ਬਿਨਾਂ ਵਪਾਰਕ ਸਾਂਝ ਵੀ ਨਹੀਂ ਹੋ ਸਕਦੀ। ਜਦੋਂ ਕੋਈ ਬਿਮਾਰੀ ਪੈ ਜਾਵੇ ਤਾਂ ਹੀ ਸਾਂਝ ਟੁੱਟਦੀ ਹੈ। ਵਿਓਪਾਰ ਵਿੱਚ ਜਾਂ ਪਰਿਵਾਰ ਵਿੱਚ ਸਾਂਝ ਰਹੇਗੀ ਤਾਂ ਰਿਸ਼ਤਿਆਂ ਦੀ ਤੰਦਰੁਸਤੀ ਹੈ। ਤੰਦਰੁਸਤ ਰਿਸ਼ਤੇ ਕਦੇ ਟੁੱਟਿਆ ਨਹੀਂ ਕਰਦੇ। ਸਾਂਝ ਤਾਂ ਰਿਸ਼ਤਿਆਂ ਦੀ ਹੀ ਹੁੰਦੀ ਹੈ, ਸਾਂਝ ਬੁੱਤਾਂ ਦੀ, ਸਰੀਰਾਂ ਦੀ ਨਹੀਂ ਹੁੰਦੀ।

ਜੋ ਸਰੀਰਕ ਤੰਦਰੁਸਤੀ ਵਾਸਤੇ ਸਾਨੂੰ ਇੱਕ ਲਗਨ ਹੋਣੀ ਚਾਹੀਦੀ ਹੈ। ਕਸਰਤ ਜ਼ਰੂਰੀ ਹੈ। ਮੈਂ ਵੀ ਲਿਖ ਰਿਹਾ ਹਾਂ ਕਿ ਕਸਰਤ ਜ਼ਰੂਰੀ ਹੈ ਪਰ ਨਿੱਤ ਨੇਮ ਨਾਲ ਮੈਂ ਆਪਣੀ ਕਸਰਤ ਨਹੀਂ ਕਰਦਾ, ਤਾਂ ਹੀ ਹਰਪ੍ਰੀਤ ਕਈ ਵਾਰ ਮੈਨੂੰ ਮੋਟੂ ਕਹਿ ਦਿੰਦੀ ਹੈ। ਆਤਮਕ ਤੰਦਰੁਸਤੀ ਲਈ ਸਾਨੂੰ ਕਿਸੇ ਨਾ ਕਿਸੇ ਰੱਬ ਤੋਂ ਡਰਨਾ ਚਾਹੀਦਾ ਹੈ। ਆਤਮਕ ਤੌਰ ਤੇ ਤੰਦਰੁਸਤ ਲੋਕਾਂ ਦੀ ਜ਼ਮੀਰ ਵੀ ਤੰਦਰੁਸਤ ਹੋ ਜਾਂਦੀ ਹੈ। ਜ਼ਮੀਰ ਦਾ ਤੰਦਰੁਸਤ ਹੋਣਾ ਵੀ ਬਹੁਤ ਲਾਜ਼ਮੀ ਹੈ। ਦਿਮਾਗੀ ਤੰਦਰੁਸਤੀ ਵਾਸਤੇ ਸਾਨੂੰ ਗੁਣ ਗਿਆਨ ਪ੍ਰਾਪਤ ਕਰਨਾ ਚਾਹੀਦਾ ਹੈ। ਮਨ ਵਿੱਚ ਵਸਾ ਕੇ ਜਦ ਅਸੀਂ ਕੁਝ ਪੜ੍ਹਦੇ ਸੁਣਦੇ ਹਾਂ ਤਾਂ ਤੰਦਰੁਸਤ ਹੋ ਜਾਂਦੇ ਹਾਂ। ਦਿਲ ਨੂੰ ਕਾਬੂ ਵਿੱਚ ਰੱਖਣ ਲਈ ਦਿਮਾਗ ਦੀ ਵਰਤੋਂ ਕਰਨੀ ਪਵੇਗੀ। ਦਿਲ ਤੋੜਨਾ ਨਹੀਂ, ਬੱਸ ਗਲਤ ਪਾਸੇ ਜਾਣ ਤੋਂ ਮੋੜਨਾ ਹੀ ਹੈ। ਭਾਵਕਤਾ ਬਰਕਰਾਰ ਰੱਖਣ ਲਈ ਦਿਲ ਤੇ ਦਿਮਾਗ ਦੋਵੇਂ ਕੰਮ ਕਰਦੇ ਹਨ। ਰੱਬ ਨੇ ਸਾਨੂੰ ਬਣਾਇਆ ਪਰ ਰਿਸ਼ਤੇ ਅਸੀਂ ਆਪ ਬਣਾਉਂਦੇ ਹਾਂ। ਰਿਸ਼ਤੇ ਭਾਵਕਤਾ ਤੋਂ ਬਿਨਾਂ ਨਹੀਂ ਬਣ ਸਕਦੇ। ਰਿਸ਼ਤਿਆਂ ਦਾ ਕਰਕੇ ਹੀ ਤਾਂ ਜੀਣ ਨੂੰ ਦਿਲ ਕਰਦਾ ਹੈ। ਕੋਈ ਆਖ ਰਿਹਾ ਸੀ ਕਿ ਜਤੀ ਸਤੀ ਸਾਧਾਂ ਸੰਤਾਂ ਦੀ ਉਮਰ ਬਹੁਤ ਹੁੰਦੀ ਹੈ। ਪਰ ਮੈਨੂੰ ਤਾਂ ਇਸ ਤਰ੍ਹਾਂ ਦੀ ਲੰਮੀ ਉਮਰ ਨਹੀਂ ਚੰਗੀ ਲਗਦੀ। ਚਾਰ ਦਿਨ ਘੱਟ ਜੀਣ ਦਾ ਕੋਈ ਡਰ ਨਹੀਂ । ਜੀਵਨ ਤੰਦਰੁਸਤੀ ਦਾ ਹੋਣਾ ਚਾਹੀਦਾ ਹੈ:

'ਦੋ ਪੈਰ ਘੱਟ ਤੁਰਨਾ ਪਰ ਤੁਰਨਾ ਮੜਕ ਦੇ ਨਾਲ। '



Academy of the Punjab in North America: http://www.apnaorg.com

# ਇੱਕ ਪ੍ਰੇਮ ਕਹਾਣੀ

'ਇੱਕ ਪ੍ਰੇਮ ਕਹਾਣੀ' ਪ੍ਰਵਾਸੀ ਪੰਜਾਬੀ ਲੇਖਕ ਸੁਰਿੰਦਰ ਸਿੰਘ ਸੁੱਨੜ ਦੀ ਰਚਨਾਤਮਕ ਕਲਾ-ਕੌਸ਼ਲਤਾ ਦਾ ਸੁੰਦਰ ਪ੍ਰਮਾਣ ਹੈ। ਸੁਰਿੰਦਰ ਸਿੰਘ ਸੁੱਨੜ ਇਕ ਬਹੁ-ਪੱਖੀ ਲੇਖਕ ਹੈ ਜਿਸਨੇ ਕਥਾ ਸਹਿਤ, ਵਾਰਤਕ, ਛੰਦ ਬਧ ਕਾਵਿ ਤੇ ਛੰਦ ਮੁਕਤ ਕਾਵਿ ਆਦਿਕ ਅਨੇਕ ਸਾਹਿਤਕ ਰੂਪ-ਵਿਧਾਵਾਂ ਵਿੱਚ ਆਪਣੀ ਰਚਨਾਤਮਕ ਯੋਗਤਾ ਦਾ ਪ੍ਰਗਟਾਵਾ ਕੀਤਾ ਹੈ। 'ਇੱਕ ਪ੍ਰੇਮ ਕਹਾਣੀ' ਇਕ ਅਜਿਹੀ ਬਿਰਤਾਂਤਕ ਕਾਵਿ ਰਚਨਾ ਹੈ, ਜਿਸਦੀ ਸੰਰਚਨਾ ਬੇਸ਼ੱਕ ਮੱਧਕਾਲੀ ਦੌਰ ਦੇ ਛੰਦ ਪ੍ਰਬੰਧ ਦਾ ਅਨੁਸਰਣ ਕਰਦੀ ਹੈ ਪ੍ਰੰਤੂ ਇਸਦਾ ਸਮੁੱਚਾ ਵਸਤੂ ਅਨੁਭਵ ਆਧੁਨਿਕ ਯੁਗ ਚੇਤਨਾ ਦੀ ਤਰਜਮਾਨੀ ਕਰਦਾ ਹੈ। ਦਰਅਸਲ ਪ੍ਰੇਮ-ਕਾਵਿ ਇਕ ਸਰਬਕਾਲੀ ਮਾਨਵੀ ਸੰਵੇਦਨਾ ਤੇ ਆਧਾਰਿਤ ਹੋਣ ਕਾਰਨ ਇਸਦੀ ਮਕਾਨਕੀ ਢੰਗ ਨਾਲ ਕਾਲ-ਵੰਡ ਕਰਨੀ ਬਣਦੀ ਵੀ ਨਹੀਂ ਹੈ। ਆਦਿ-ਜੁਗਾਦ ਤੋਂ ਮਨੁੱਖ ਦੀਆਂ ਤਿੰਨ ਪ੍ਰਵਿਰਤੀਆਂ ਪ੍ਰਮੁੱਖ ਰੂਪ ਵਿਚ ਪ੍ਰਗਟ ਹੁੰਦੀਆਂ ਰਹੀਆਂ ਹਨ। ਪਹਿਲੀ ਪ੍ਰਭੂ ਭਗਤੀ ਜੋ ਮਨੁੱਖ ਨੂੰ ਭੈਅ ਮੁਕਤ ਕਰਨ ਅਤੇ ਰੂਹਾਨੀ ਸਕੂਨ ਪ੍ਰਦਾਨ ਕਰਨ ਦਾ ਮੁੱਖ ਸੋਮਾ ਹੈ, ਦੂਜੀ ਯੁੱਧ ਕਰਨ ਦਾ ਉਤਸ਼ਾਹ ਜੋ ਉਸ ਲਈ ਆਪਣੀ ਹੋਂਦ ਬਚਾਉਣ ਅਤੇ ਜਿੱਤ ਦਾ ਰੋਮਾਂਚ ਹਾਸਿਲ ਕਰਨ ਦਾ ਸੋਮਾ ਹੈ ਅਤੇ ਤੀਜੀ ਮੋਹ-ਮੁਹੱਬਤ ਵਿਸ਼ੇਸ਼ ਕਰਕੇ ਵਿਰੋਧੀ ਲਿੰਗ ਪ੍ਰਤੀ ਆਕਰਸ਼ਣ ਜੋ ਮਨੁੱਖ ਦੀ ਸਰੀਰਕ ਅਤੇ ਮਾਨਸਿਕ ਭੁੱਖ ਦੀ ਤ੍ਰਿਪਤੀ ਦਾ ਵਸੀਲਾ ਹੈ- ਹਨ। ਇਹਨਾਂ ਤਿੰਨਾਂ ਪ੍ਰਵਿਰਤੀਆਂ ਨੇ ਤਿੰਨ ਸ਼ਕਤੀਸ਼ਾਲੀ ਕਾਵਿ ਪ੍ਰਵਿਰਤੀਆਂ ਨੂੰ ਜਨਮ ਦਿੱਤਾ। ਭਗਤੀ ਕਾਵਿ ਪੰਜਾਬੀ ਸਾਹਿਤ ਵਿਚ ਗੁਰਮਤਿ ਅਤੇ ਸੂਫੀ ਕਾਵਿ ਦੇ ਰੂਪ ਵਿਚ ਵਿਗਸਿਆ। ਵੀਰ ਕਾਵਿ ਦੇ ਅੰਤਰਗਤ ਯੋਧੇ ਨਾਇਕਾਂ ਦੇ ਕਾਰਨਾਮਿਆਂ ਤੇ ਆਧਾਰਤ ਵਾਰ ਕਾਵਿ ਅਤੇ ਜੰਗਨਾਮਿਆਂ ਦੀ ਰਚਨਾ ਹੋਈ ਅਤੇ ਪ੍ਰੇਮ ਕਾਵਿ ਮੱਧਕਾਲੀ ਪੰਜਾਬੀ ਸਾਹਿਤ ਦੀ ਅਮੀਰ ਕਿੱਸਾ ਕਾਵਿ ਵੀ ਪਰੰਪਰਾ ਦੇ ਰੂਪ ਵਿਚ ਵਿਗਸਿਆ। ਪੰਜਾਬੀ ਕਿੱਸਾ ਕਾਵਿ ਵਿਚ ਸੱਯਦ ਵਾਰਿਸ ਸ਼ਾਹ ਦੀ ਸ਼ਾਹਕਾਰ ਰਚਨਾ ਹੀਰ ਨੇ ਪੰਜਾਬੀ ਮਾਨਸਿਕਤਾ ਨੂੰ ਏਨਾ ਪ੍ਰਭਾਵਿਤ ਕੀਤਾ ਕਿ ਵਾਰਿਸ ਤੋਂ ਬਾਅਦ ਅਨੇਕ ਕਵੀਆਂ ਦੇ ਸਾਹਿਤ ਉਪਰ ਹੀਰ ਦੇ ਮੈਟਾਫਰ ਦਾ ਪ੍ਰਤੱਖ ਅਸਰ ਦੇਖਣ ਵਿਚ ਆਉਂਦਾ ਹੈ।

'ਇੱਕ ਪ੍ਰੇਮ ਕਹਾਣੀ' ਅਜਿਹੇ ਹੀ ਸ਼ਕਤੀਸ਼ਾਲੀ ਪ੍ਰੇਰਨਾਦਾਇਕ ਪ੍ਰਭਾਵ ਦੀ ਮੂੰਹ ਬੋਲਦੀ ਤਸਵੀਰ ਹੈ।

ਇੱਕ ਪ੍ਰੇਮ ਕਹਾਣੀ ਇਕ ਪੜ੍ਹੇ ਲਿਖੇ ਤੇ ਸਰਦੇ ਪੁਜਦੇ ਪਰਿਵਾਰ ਦੇ ਗੱਭਰੂ ਅਤੇ ਮੁਟਿਆਰ ਦੀ ਪ੍ਰੇਮ ਕਥਾ 'ਤੇ ਆਧਾਰਿਤ ਕਾਵਿ ਰਚਨਾ ਹੈ ਜੋ ਪੰਜਾਬੀ ਜਨ-ਸਾਧਾਰਨ ਵਾਂਗ ਪਿਆਰ ਨੂੰ ਇਕ ਉਲਾਰ ਦੀ ਥਾਂ ਇਕ ਉੱਚਤਮ ਇਨਸਾਨੀ ਜਜ਼ਬਾਤ ਮੰਨਦੇ ਹਨ। ਲੜਕੀ ਦਾ ਬਾਪ ਇਕ ਚਲਦਾ ਪੁਰਜ਼ਾ ਤੇ ਮੰਨਿਆ ਪਰਮੰਨਿਆ ਵਪਾਰੀ ਹੈ ਜੋ ਸਭ ਉੱਚੇ ਨੀਵੇਂ ਥਾਵਾਂ ਦੀ ਸਾਰ ਜਾਣਦਾ ਹੈ। ਉਹ ਆਪਣੀ ਪਤਨੀ ਤੇ ਲੜਕਿਆਂ ਦੀ ਘਬਰਾਹਟ ਨੂੰ ਆਪਣੇ ਸਵੈ ਵਿਸ਼ਵਾਸ ਨਾਲ ਜਿੱਤਣ ਵਿਚ ਵੀ ਸਫਲ ਹੋ ਜਾਂਦਾ ਹੈ। ਏਥੇ ਜਦ ਉਹ ਪਰਿਵਾਰ ਨੂੰ ਤਸੱਲੀ ਦਿੰਦਾ ਹੋਇਆ ਰਾਂਝੇ ਦੇ ਇਲਾਕੇ ਦੇ ਪਿੰਡਾਂ ਵਿਚ ਆਪਣੀ ਪੈਂਠ ਦੀ ਗੱਲ ਕਰਦਾ ਹੈ ਤਾਂ ਪਿੰਡਾਂ ਦੇ ਨਾਮ ਲਿਖਦਿਆਂ ਸੁੱਨੜ ਸਹਿਜੇ ਹੀ ਸੱਯਦ ਵਾਰਿਸ ਸ਼ਾਹ ਦਾ ਅਨੁਸਰਣ ਕਰ ਜਾਂਦਾ ਹੈ ਜੋ ਪਾਠਕ ਨੂੰ ਰਚਨਾ ਨਾਲ ਵਧੇਰੇ ਜੋੜਨ ਦਾ ਸਬੱਬ ਬਣਦਾ ਹੈ:-

ਉੱਗੀ ਚਿੱਟੀ ਰਸੂਲਪੁਰ ਮੈਂ ਜਾਊਂ,
ਕਾਲ੍ਹੇ ਠੌਲੇ ਕਵ੍ਹਾਲੇ ਚੱਕਰ ਮਾਰ ਜਾਨਾ।
ਕੇਸਰਪੁਰ ਮੰਡੇਰ ਤੇ ਸੁੱਨੜਾਂ ਵਿੱਚ,
ਕੱਸੋ ਚਾਹਲ ਸਿਧਵਾਂ ਤੇ ਕੁਲਾਰ ਜਾਨਾ।
ਨੱਥੂ ਚਾਹਲ ਬਲ੍ਹੇਰ ਭੇਟਾਂ ਵਿੱਚ ਹੋ ਕੇ,


Academy of the Punjab in North America: http://www.apnaorg.com

ਇੱਬਣ ਆਹਮਪੁਰ ਅਤੇ ਪਵਾਰ ਜਾਨਾ।
ਨਿੱਝਰਾਂ ਗੋਂਦ ਪੁਰ ਗਿੱਲਾਂ ਤੇ ਗਾਖਲਾਂ ਨੂੰ,
ਸਖਾਣੀ ਐਂਜਲਿਓਂ ਲੈ ਕੇ ਯਾਰ ਜਾਨਾ।

'ਇੱਕ ਪ੍ਰੇਮ ਕਹਾਣੀ' ਸਯਦ ਵਾਰਿਸ ਸ਼ਾਹ ਦੇ ਲੇਖਕ ਦੇ ਸੁਪਨੇ ਵਿਚ ਆ ਕੇ ਅੰਮ੍ਰਿਤਾ ਪ੍ਰੀਤਮ ਦੀ ਅਰਜ਼ੋਈ ਮੁਤਾਬਿਕ ਕਿਤਾਬੇ-ਇਸ਼ਕ ਦੇ ਆਦੇਸ਼ ਦੀ ਪਾਲਣਾ ਦਾ ਪਰਿਣਾਮ ਹੈ। ਇਸ ਰਚਨਾ ਵਿਚ ਬੇਸ਼ੱਕ ਬਾਪ ਧੀ ਨੂੰ ਚਤੁਰਾਈ ਨਾਲ ਵਿਦੇਸ਼ ਲਿਜਾ ਕੇ ਪੜ੍ਹਨ ਲਾਉਣ ਤੇ ਉਥੇ ਮੰਗਣ ਵਿਆਹੁਣ ਦੇ ਹੀਲੇ ਕਰਦਾ ਅਤੇ ਹੀਰ ਰਾਂਝੇ ਦੇ ਪ੍ਰੇਮ ਨੂੰ ਅਸਫਲ ਕਰਨ ਦਾ ਯਤਨ ਕਰਦਾ ਦ੍ਰਿਸ਼ਟੀਗੋਚਰ ਹੁੰਦਾ ਹੈ ਅਤੇ ਇਸ ਉਦੇਸ਼ ਲਈ ਉਹ ਵੈਨਚੁਰਾ, ਯੂ.ਐਸ.ਏ. ਰਹਿੰਦੇ ਆਪਣੇ ਭਰਾ ਕੈਦੋਂ ਦੀ ਵੀ ਮਦਦ ਲੈਂਦਾ ਹੈ, ਪਰ ਲੇਖਕ ਉਹਨਾਂ ਦੇ ਕਿਰਦਾਰ ਨੂੰ ਖਲਨਾਇਕ ਦੇ ਰੂਪ ਵਿਚ ਨਹੀਂ ਚਿਤਰਦਾ। ਸੁੱਨੜ ਦਾ ਸੈਦਾ 'ਕਾਣਾ' ਨਹੀਂ ਸਗੋਂ ਅੱਖਾਂ ਦਾ ਡਾਕਟਰ ਹੈ। ਸਹਿਤੀ ਰਾਂਝੇ ਨਾਲ ਰਾਤਾਂ ਰੰਗੀਨ ਕਰਦੀ ਹੈ ਤੇ ਉਸਦੇ ਗਰੀਨ ਕਾਰਡ ਦਾ ਸਬੱਬ ਬਣਦੀ ਹੈ, ਪਰ ਇਹ ਦੋਨੋਂ ਭੈਣ ਭਰਾ ਹੀਰ ਰਾਂਝੇ ਦੀ ਮੁਹੱਬਤ ਦੇ ਰਾਹ ਵਿਚ ਰੋੜਾ ਨਹੀਂ ਬਣਦੇ ਸਗੋਂ ਸਹਿਤੀ ਸੈਦੇ ਨੂੰ ਹੀਰ ਦਾ ਗਰੀਨ ਕਾਰਡ ਦੇ ਦੇਣ ਅਤੇ ਉਸਦੀ ਮੁਹੱਬਤ ਨੂੰ ਪ੍ਰਵਾਨ ਕਰ ਲੈਣ ਲਈ ਵੀ ਮਨਾ ਲੈਂਦੀ ਹੈ। ਇਸ ਤਰ੍ਹਾਂ ਸੁੱਨੜ ਦੇ ਨਾਇਕ ਨਾਇਕਾ ਆਪਣੀ ਪ੍ਰੀਤ ਵਿਚ ਮੰਜ਼ਿਲ ਹਾਸਲ ਕਰ ਲੈਂਦੇ ਹਨ। ਸੁੱਨੜ ਦਾ ਰਾਂਝਾ ਜੋ ਹੀਰ ਲਈ ਨਾਜਾਇਜ਼ ਤਰੀਕੇ ਨਾਲ ਯੂ. ਐਸ. ਏ. ਜਾਂਦਾ ਹੈ, ਅਵਸਰ ਮਿਲਣ ਤੇ ਆਪਣੀਆਂ ਸਾਥਣਾਂ ਦਾ ਸਾਥ ਬੜੀ ਨਿਰਸੰਗਤਾ ਨਾਲ ਮਾਣਦਾ ਹੈ। ਇਸ ਤਰ੍ਹਾਂ ਸੁੱਨੜ ਦਾ ਰਾਂਝਾ ਆਦਰਸ਼ਕ ਨਾਇਕ ਹੋਣ ਦੀ ਥਾਂ ਹੱਡ ਮਾਸ ਦਾ ਜਿਉਂਦਾ ਜਾਗਦਾ ਪਾਤਰ ਦ੍ਰਿਸ਼ਟੀਗੋਚਰ ਹੁੰਦਾ ਹੈ। ਦਰਅਸਲ ਸੁੱਨੜ ਦੀ ਰਚਨਾ ਨਾ ਤਾਂ ਮਿੱਥ ਹੈ ਜਿਸ ਵਿੱਚ ਅਸੰਭਵ, ਅਸਾਧਾਰਨ ਤੇ ਅਚੰਭਿਤ ਕਰਨ ਵਾਲੇ ਦੇਵਤੇ ਪਾਤਰ ਹੁੰਦੇ, ਨਾ ਐਸਾ ਮਹਾਂਕਾਵਿ ਹੈ ਜਿਸ ਵਿਚ ਵਿਸ਼ੇਸ਼ ਦੇਵ ਪੁਰਸ਼ਾਂ ਦਾ ਚਿਤਰਣ ਹੁੰਦਾ ਅਤੇ ਨਾ ਹੀ ਰੁਮਾਂਸ ਹੈ ਜਿਸ ਵਿਚ ਹਰ ਲਿਹਾਜ਼ ਨਾਲ ਆਦਰਸ਼ਕ ਨਾਇਕ ਹੁੰਦਾ। ਇਹ ਤਾਂ ਆਧੁਨਿਕ ਲੋਕਾਂ ਦੇ ਪ੍ਰੇਮ ਦੀ ਗਾਥਾ ਹੈ ਜਿਸ ਵਿਚ ਹੱਡ ਮਾਸ ਦੇ ਵਿਅਕਤੀ ਹੀ ਪ੍ਰਵਾਨ ਹਨ।

ਇਸ ਮਹਾਂਕਾਵਿ ਰਚਨਾ ਵਿਚ ਰਵਾਇਤੀ ਬੈਂਤ ਛੰਦ ਨੂੰ ਆਧੁਨਿਕ ਭਾਵ-ਬੋਧ ਦੇ ਪ੍ਰਗਟਾਅ ਲਈ ਕਵੀ ਨੇ ਜਿਸ ਨਿਪੁੰਨਤਾ ਸਹਿਤ ਪ੍ਰਯੋਗ ਵਿਚ ਲਿਆਂਦਾ ਹੈ ਉਹ ਸੁੱਨੜ ਦੀ ਰਚਨਾਤਮਕ ਮੁਹਾਰਤ ਦਾ ਹਾਸਿਲ ਹੈ। ਇਸ ਰਚਨਾ ਦੇ ਪਾਠ ਉਪਰੰਤ ਇਹ ਅਹਿਸਾਸ ਸਹਿਜੇ ਹੀ ਹੋ ਜਾਂਦਾ ਹੈ ਕਿ ਪ੍ਰੇਮ ਕਾਵਿ ਦੇ ਸਾਰੇ ਪਾਤਰਾਂ ਨੂੰ ਕਵੀ ਨੇ ਬੜੀ ਅਪਣੱਤ ਅਤੇ ਸੁਹਿਰਦਤਾ ਨਾਲ ਚਿਤਾਰਿਆ ਹੈ। ਕਈ ਵੇਰ ਤਾਂ ਇਸ ਤਰ੍ਹਾਂ ਵੀ ਮਹਿਸੂਸ ਹੋਣ ਲੱਗਦਾ ਹੈ ਕਿ ਕਵੀ ਇਹਨਾਂ ਸਾਰੇ ਪਾਤਰਾਂ ਵਿਚ ਖੁਦ ਜਿਉਂ ਰਿਹਾ ਹੋਵੇ। ਉਸ ਦੀ ਰਚਨਾ ਵਿਚ ਪਾਤਰਾਂ ਦੇ ਵਿਰੋਧੀ ਵਿਹਾਰ ਵਿੱਚੋਂ ਉਤਪਨ ਹੋਣ ਵਾਲੀ ਟੱਕਰ ਦੀ ਨਾਟਕੀਅਤਾ ਦੀ ਥਾਂ ਸਹਿਯੋਗੀ ਸੁਹਿਰਦਤਾ ਹੀ ਪਾਠਕਾਂ ਦੇ ਭਾਵਾਂ ਦਾ ਕਥਾਰਸਿਸ ਕਰਦੀ ਪ੍ਰਤੀਤ ਹੁੰਦੀ ਹੈ। ਇੱਥੇ ਕਵੀ ਦੀ ਆਦਰਸ਼ਕ ਪਹੁੰਚ ਉਸ ਦੇ ਪ੍ਰੇਮ ਪ੍ਰਤੀ ਸ਼ੁੱਭ-ਇੱਛਾ ਦੀ ਲਖਾਇਕ ਹੈ। ਕੁੱਲ ਮਿਲਾ ਕੇ ਇਹ ਕਿਹਾ ਜਾ ਸਕਦਾ ਹੈ ਕਿ 'ਇੱਕ ਪ੍ਰੇਮ ਕਹਾਣੀ' ਸਾਹਿਤ ਦੇ ਸਤਿਅੰਮ ਸਿਵੰਮ ਸੁੰਦਰਮ ਵਾਲੇ ਪ੍ਰਯੋਜਨ ਦੇ ਆਸ ਪਾਸ ਵਿਚਰਦੀ ਹੋਈ ਪ੍ਰੇਮ ਦੀ ਸਹਿਜ ਸਫਲਤਾ ਦੀ ਆਦਰਸ਼ਕ ਕਾਮਨਾ ਦਾ ਵਿਲੱਖਣ ਪ੍ਰਯੋਗ ਹੈ। ਵਿਸ਼ਵਾਸ ਹੈ ਪੰਜਾਬੀ ਸਾਹਿਤ ਪ੍ਰੇਮੀ ਇਸ ਕਾਵਿ ਰਚਨਾ ਨੂੰ ਮੁਹੱਬਤੀ ਪ੍ਰਵਾਨਗੀ ਦਿੰਦਿਆਂ ਹੋਇਆਂ ਇਸਦਾ ਸਵਾਗਤ ਕਰਨਗੇ।

ਪ੍ਰੋ. ਗੋਪਾਲ ਸਿੰਘ ਬੁੱਟਰ

**ਲਾਇਲਪੁਰ ਖ਼ਾਲਸਾ ਕਾਲਜ, ਜਲੰਧਰ।**



Academy of the Punjab in North America: http://www.apnaorg.com

# ਆਮੁੱਖ

ਪੰਜਾਬੀ ਦੀ ਕਿੱਸਾ ਕਵਿਤਾ ਇੱਕ ਸਮੇਂ ਪੰਜਾਬੀ ਸਾਹਿਤ ਤੇ ਆਪਣੀ ਪੂਰੀ ਧਾਕ ਜਮਾ ਕੇ ਸਾਹਮਣੇ ਆਈ। ਹੀਰ ਵਾਰਿਸ ਦਾ ਲੋਕਾਂ ਨੇ ਧਰਮ ਗ੍ਰੰਥਾਂ ਵਾਂਗ ਸਤਿਕਾਰ ਕੀਤਾ। ਵਾਰਿਸ ਦੇ ਲਿਖੇ ਬੈਂਤ ਲੋਕਾਂ ਨੇ ਰੱਜ ਰੱਜ ਕੇ ਗਾਏ । ਅੱਜ ਵੀ ਜੇ ਕੋਈ ਵਧੀਆ ਗਾਇਕ ਹੀਰ ਗਾ ਰਿਹਾ ਹੋਵੇ ਤਾਂ ਦਿਲ ਕਰਦਾ ਕਿ ਗਾਈ ਹੀ ਜਾਵੇ ਤੇ ਅਸੀਂ ਸੁਣੀ ਹੀ ਜਾਈਏ। ਕਿੱਸਾ ਕਵਿਤਾ ਵਿੱਚ ਪਹਿਲੀ ਵਾਰ (ਧਾਰਮਿਕ ਮਹਾਂਪੁਰਖਾਂ ਨੂੰ ਛੱਡ ਕੇ ) ਕਿਸੇ ਨੇ ਇੱਕ ਔਰਤ ਦੇ ਪਿਆਰ ਕਰ ਸਕਣ ਦੇ ਹੱਕ ਦੀ ਵਕਾਲਤ ਕੀਤੀ ਸੀ। ਕਿੱਸਾ ਕਵਿਤਾ ਨੂੰ ਪੰਜਾਬੀ ਸਾਹਿਤ ਦੀਆਂ ਮੁਢਲੀਆਂ ਪ੍ਰੇਮ ਕਹਾਣੀਆਂ ਵੀ ਕਿਹਾ ਜਾ ਸਕਦਾ ਹੈ। ਲੇਕਿਨ ਕੀ ਇੱਕ ਹੀ ਸਦੀ ਵਿੱਚ ਸਾਰੀਆਂ ਹੀਰਾਂ, ਸੱਸੀਆਂ, ਸੋਹਣੀਆਂ, ਸ਼ੀਰੀਆਂ, ਸਾਹਿਬਾਂ, ਲੈਲਾਂ ਪੈਦਾ ਹੋਈਆਂ? ਅੱਜ ਦੀ ਕਿਸੇ ਕੁੜੀ ਦੀ ਪਿਆਰ ਕਹਾਣੀ, ਅੱਜ ਦੇ ਹਾਲਾਤਾਂ, ਅੱਜ ਦੇ ਜੀਵਨ ਦੇ ਰਾਹ ਖਹਿੜਿਆਂ ਤੇ ਤੁਰ ਕੇ ਲਿਖਣ ਵਾਸਤੇ ਜੇ ਮੇਰੇ ਵਰਗੇ ਦਾ ਦਿਲ ਕਰੇ ਤਾਂ ਇਸ ਵਿੱਚ ਹੈਰਾਨੀ ਵਾਲੀ ਤਾਂ ਕੋਈ ਗੱਲ ਨਹੀਂ ਲਗਦੀ।

ਇੱਕ ਪ੍ਰੇਮ ਕਹਾਣੀ ਇੱਕ ਪ੍ਰੇਮ ਕਹਾਣੀ ਹੈ। ਜਿਸ ਵਿੱਚ ਕਵਿਤਾ ਨੂੰ ਬੈਂਤਾਂ ਦੀ ਮਰਿਯਾਦਾ ਦੇ ਵਿੱਚ ਵਿੱਚ ਨਿਭਾਉਣ ਦਾ ਯਤਨ ਕੀਤਾ ਗਿਆ ਹੈ। ਕਵਿਤਾ ਦੇ ਪੂਰੇ ਗੁਣ ਲੱਛਣ ਬਣਾਈ ਰੱਖਣ ਦਾ ਯਤਨ ਕੀਤਾ ਹੈ। ਸਾਹਿਤਕ ਭਾਸ਼ਾ ਦੀ ਵਰਤੋਂ ਕਰਨ ਦਾ ਯਤਨ ਕੀਤਾ ਗਿਆ ਹੈ। ਅਜ ਦੀ ਹੀਰ ਜ਼ਾਹਿਰ ਹੈ ਕਿ ਬੇਲਿਆਂ ਵਿੱਚ ਮੱਝਾਂ ਚਾਰਦੇ ਰਾਂਝੇ ਵਾਸਤੇ ਚੂਰੀਆਂ ਕੁੱਟ ਕੇ ਨਹੀਂ ਲਿਆਂਦੀ। ਮੇਰੀ ਹੀਰ ਕਾਲਜ ਪੜ੍ਹਦੀ ਹੈ। ਕਾਲਜ ਵਿੱਚ ਪੜ੍ਹਦਿਆਂ ਪਿਆਰ ਹੋ ਜਾਂਦਾ ਹੈ। ਹੀਰ ਦੀ ਮਾਂ ਨੂੰ ਹੀਰ ਦਾ ਪਿਆਰ ਕਰਨਾ ਬਹੁਤ ਗਲਤ ਲਗਦਾ ਹੈ। ਹੀਰ ਨੂੰ ਪਤਿਆ ਕੇ ਉਸਦਾ ਵਿਓਪਾਰੀ ਪਿਤਾ ਕੈਲੇਫੋਰਨੀਆਂ ਲੈ ਜਾਂਦਾ ਹੈ। ਰਾਂਝਾ ਕਿਸ ਤਰਾਂ ਕਈਆਂ ਦੇਸ਼ਾਂ ਵਿੱਚ ਝੱਖ ਮਾਰਦਾ ਹੋਇਆ ਜਾਇਜ਼ ਨਾਜਾਇਜ਼ ਤਰੀਕੇ ਨਾਲ ਅਮਰੀਕਾ ਪਹੁੰਚ ਕੇ ਹੀਰ ਨੂੰ ਲੱਭ ਲੈਂਦਾ ਹੈ। ਅਮਰੀਕਾ ਵਿੱਚ ਵੱਸਦੇ ਲੋਕਾਂ ਦੀਆਂ ਮਜਬੂਰੀਆਂ ਤੇ ਲੋਕਾਂ ਦੇ ਜੀਣ ਦੇ ਤੌਰ ਤਰੀਕੇ ਕਹਾਣੀ ਦਾ ਹਿੱਸਾ ਬਣਦੇ ਹਨ।

ਆਮ ਤੌਰ ਤੇ ਪਿਆਰ ਕਹਾਣੀਆਂ ਨੂੰ ਦੁਖਾਂਤਕ ਹੀ ਬਣਾਇਆ ਜਾਂਦਾ ਰਿਹਾ ਲੇਕਿਨ ਇੱਕ ਪ੍ਰੇਮ ਕਹਾਣੀ ਦੁਖਾਂਤਕ ਨਹੀਂ ਹੈ। ਕੋਈ ਪਾਤਰ ਦੂਸਰੇ ਪਾਤਰ ਤੇ ਹਾਵੀ ਨਹੀਂ ਹੁੰਦਾ। ਸਾਰੇ ਪਾਤਰ ਆਪਣੀ ਆਪਣੀ ਭੂਮਿਕਾ ਨਿਭਾਉਂਦੇ ਆਪਣੀ ਜਗ੍ਹਾ ਤੇ ਸਹੀ ਹਨ। ਕਿਸੇ ਪਾਤਰ ਨੂੰ ਵੀ ਨਿੰਦਿਆ ਨਹੀਂ ਜਾ ਸਕਦਾ। ਹਾਂ, ਅਮਰੀਕਾ ਵਰਗੇ ਦੇਸ਼ ਵਿੱਚ ਰਹਿੰਦੇ ਪੰਜਾਬੀਆਂ ਦੇ ਕਈ ਤੌਰ ਤਰੀਕੇ ਸਾਡੇ ਕਿਸੇ ਤਾਏ ਚਾਚੇ ਨੂੰ ਵਧੀਆ ਨਾ ਲੱਗਣ ਤਾਂ ਇਸ ਵਿੱਚ ਮੇਰਾ ਕਸੂਰ ਨਹੀਂ ਹੈ। ਖਾਸ ਕਰ ਸਹਿਤੀ ਦਾ ਪਾਤਰ ਚਿਤਰਣ ਹੋ ਸਕਦਾ ਕਈਆਂ ਪਾਠਕਾਂ ਨੂੰ ਅੱਤ ਕਥਨੀ ਵਰਗਾ ਲੱਗੇ। ਮੇਰਾ ਯਕੀਨ ਕਰਿਓ ਮੈਂ ਤਕਰੀਬਨ ਅੱਧੀ ਉਮਰ ਓਥੇ ਰਿਹਾ ਹਾਂ। ਸਾਡੀਆਂ ਕਈ ਕੁੜੀਆਂ, ਏਥੋਂ ਤੱਕ ਕਿ ਮੇਰੀਆਂ ਕਈ ਖਾਸ ਪਹਿਚਾਣ ਵਾਲੀਆਂ ਕੁੜੀਆਂ ਸ਼ਰਾਬ ਪੀਂਦੀਆਂ ਤੇ ਐਸ਼ਪ੍ਰਸਤੀ ਕਰਦੀਆਂ ਮੈਂ ਆਪਣੀਆਂ ਅੱਖਾਂ ਨਾਲ ਦੇਖੀਆਂ ਹਨ।

ਹੀਰ ਤਾਂ ਹੁਸਨ ਦਾ ਨਾਮਕਰਨ ਹੈ। ਵਾਰਿਸ ਦੀ ਕਹਾਣੀ ਵੀ ਰੂਹ ਕਲਬੂਤ ਦੀ ਕਹਾਣੀ ਹੈ। ਇੱਕ ਪ੍ਰੇਮ ਕਹਾਣੀ ਵੀ ਅੱਜ ਦੀ ਹੀਰ ਨੂੰ ਤੇ ਅੱਜ ਦੇ ਰਾਂਝੇ ਨੂੰ ਰੂਹ ਕਲਬੂਤ ਦੇ ਰਿਸ਼ਤੇ ਨਿਭਾਉਂਦਿਆਂ ਹੀ ਪੇਸ਼ ਕਰਦੀ ਹੈ। ਇੱਕ ਪ੍ਰੇਮ ਕਹਾਣੀ ਵਿੱਚ ਵਾਪਰੀ ਹਰ ਘਟਨਾ ਜਾਂ ਤਾਂ ਮੈਂ ਖੁਦ ਆਪਣੇ ਪਿੰਡੇ ਤੇ ਹੰਢਾਈ ਹੈ ਤੇ ਜਾਂ ਫਿਰ ਆਪਣੀਆਂ ਅੱਖਾਂ ਨਾਲ ਦੇਖੀ ਹੈ। ਅੱਖੀਂ ਡਿੱਠਾ ਦਮੋਦਰ ਵਾਂਗ ਮੇਰਾ ਤਕੀਆ ਕਲਾਮ ਨਹੀਂ ਹੈ। ਪੰਜਾਬੀ ਮਾਂ ਪਿਓ ਜੋ ਹਾਲਾਂ ਤੱਕ ਆਪਣੀਆਂ ਪੰਜਾਬੀ ਕਦਰਾਂ ਕੀਮਤਾਂ ਨੂੰ ਹਿੱਕ ਨਾਲ ਲਾਈ ਫਿਰਦੇ ਹਨ। ਉਨ੍ਹਾਂ ਦੇ ਬੱਚਿਆਂ ਨੂੰ ਮੈਂ ਅੰਗ੍ਰੇਜਾਂ ਦੇ ਬੱਚਿਆਂ ਨਾਲੋਂ ਵੀ ਵੱਧ ਆਜ਼ਾਦੀ ਨਾਲ ਜਿਊਂਦਿਆਂ ਆਪਣੀਆਂ ਅੱਖਾਂ ਨਾਲ ਦੇਖਿਆ ਹੈ। ਅੰਦਰ ਵੜ ਕੇ ਤਾਂ ਕਿਸੇ


Academy of the Punjab in North America: http://www.apnaorg.com

ਨੇ ਭਾਵੇਂ ਰੋ ਲਿਆ ਹੋਊ ਪਰ ਕਿਸੇ ਦੇ ਸਾਹਮਣੇ ਮਾਪੇ ਰੋ ਵੀ ਨਹੀਂ ਸਕਦੇ।

ਲਓ ਇੱਕ ਨਵੀਂ ਕਹਾਣੀ ਸੁਣਾਵਾਂ। ਮੈਂ ਵਿਸ਼ਵਾਸ ਕਰੀ ਬੈਠਾ ਹਾਂ ਕਿ ਇਸ ਕਹਾਣੀ ਨੂੰ ਪੜ੍ਹਨ ਤੋਂ ਬਾਅਦ ਕਈ ਕਲਮਾਂ ਅਜੋਕੀਆਂ ਹੀਰਾਂ ਦੀ ਕਹਾਣੀ ਕਰਨਗੀਆਂ। ਉਸਦਾ ਨਾਮ ਭਾਵੇਂ ਹੀਰ ਰੱਖਣ, ਸੱਸੀ ਜਾਂ ਸੋਹਣੀ ਰੱਖਣ ਲੇਕਿਨ ਕਹਾਣੀ ਵਿੱਚ ਅਜੋਕੇ ਸਮੇਂ ਦੀ ਤਸਵੀਰ ਨਜ਼ਰ ਆਵੇ ਤਾਂ ਮੇਰਾ ਮਕਸਦ ਪੂਰਾ ਹੋ ਜਾਵੇ, ਮੇਰੀ ਰੀਝ ਪੂਰੀ ਹੋ ਜਾਵੇ। ਮੈਂ ਆਪਣੇ ਆਪ ਨੂੰ ਤੁਹਾਡਾ ਆਪਣਾ ਕਹਿਣ ਦੀ ਗੁਸਤਾਖ਼ੀ ਕਰਨੀ ਚਾਹੁੰਦਾ ਹਾਂ। ਜੇ ਕੋਈ ਮੇਰੀ ਇਸ ਕਿਰਤ ਕਮਾਈ 'ਇੱਕ ਪ੍ਰੇਮ ਕਹਾਣੀ' ਨਾਲ ਸਹਿਮਤ ਨਾ ਵੀ ਹੋਵੇ ਤਾਂ ਵੀ ਮੇਰਾ 'ਆਪਣਾ' ਕਹਿਣ ਦਾ ਹੱਕ ਬਣਿਆ ਰਹੇ ਤਾਂ ਖ਼ੁਸ਼ਨਸੀਬ ਸਮਝਾਂਗਾ।

**ਤੁਹਾਡਾ ਆਪਣਾ**

**ਸੁਰਿੰਦਰ ਸਿੰਘ ਸੁੱਨੜ**


Academy of the Punjab in North America: http://www.apnaorg.com

# ਸੁੱਨੜ ਨੂੰ ਸੁਪਨਾ ਆਉਣਾ

ਸੁੱਤਾ ਪਿਆ ਸੀ ਇੱਕ ਦਿਨ ਘੂਕ ਸੁੱਨੜ, ਤੜਕਸਾਰ ਸੁਪਨਾ ਉਸਨੂੰ ਆਇਆ ਜੀ।
ਬੜੇ ਪਿਆਰ ਦੇ ਨਾਲ ਆਵਾਜ਼ ਦੇ ਕੇ, ਵਾਰਿਸ ਸ਼ਾਹ ਨੇ ਆਣਿ ਜਗਾਇਆ ਜੀ।
ਉੱਠ ਸੁੱਨੜਾ ਤੈਨੂੰ ਇੱਕ ਕੰਮ ਦੱਸਾਂ, ਏਸੇ ਕੰਮ ਨੇ ਤੈਨੂੰ ਮਿਲਾਇਆ ਜੀ।
ਗੱਲ ਸੁਣੀ ਧਿਆਨ ਦੇ ਨਾਲ ਮੇਰੀ, ਵਾਰਿਸ ਸ਼ਾਹ ਨੇ ਆਖ ਫੁਰਮਾਇਆ ਜੀ।

1

ਲੰਮੀਆਂ ਤਾਣ ਕੇ ਸੁੱਤਾ ਪੰਜਾਬ ਸਾਰਾ, ਲੋਕਾਂ ਕੁਝ ਦਾ ਕੁਝ ਬਣਾਇਆ ਜੀ।
ਜਿੱਥੋਂ ਤੁਰੇ ਸਾਂ ਓਥੇ ਹੀ ਖੜ੍ਹੇ ਆਪਾਂ, ਲੋਕਾਂ ਬਹੁਤ ਹੀ ਸਫ਼ਰ ਮੁਕਾਇਆ ਜੀ।
ਬਣੇ ਚੌਧਰੀ ਸਾਡੇ ਤੋਂ ਬਾਅਦ ਜੰਮੇ, ਲੋਕਾਂ ਆਪਣਾ ਝੰਡਾ ਝੁਲਾਇਆ ਜੀ।
ਅਸੀਂ ਅਲਫ਼ ਤੋਂ ਅੱਗੇ ਨਾ ਕੁਝ ਸਿੱਖਿਆ, ਵਾਰਿਸ ਸ਼ਾਹ ਤਾਂ ਅਲਫ਼ ਪੜ੍ਹਾਇਆ ਜੀ।

2

ਗਾਈ ਪਿਆਰ ਕਹਾਣੀ ਮੈਂ ਹੇਕ ਲਾ ਕੇ, ਏਸੇ ਵਾਸਤੇ ਬੈਂਤ ਬਣਾਇਆ ਨੇ।
ਨਾਮ ਹੀਰ ਰਾਂਝਾ ਮੈਨੂੰ ਖਰੇ ਲੱਗੇ, ਸੋਹਣੇ ਨਗਾਂ ਨੂੰ ਮੁੰਦੀ ਵਿੱਚ ਲਾਇਆ ਨੇ।
ਸੋਹਣੀ ਪਿਆਰ ਕਹਾਣੀ ਹੈ ਕਿਵੇਂ ਲਿਖਣੀ, ਹੀਰ ਲਿਖ ਕੇ ਰਾਹ ਦਿਖਾਇਆ ਨੇ।
ਤੁਸੀਂ ਓਥੇ ਹੀ ਜੁੜ ਕੇ ਬਹਿ ਜਾਣਾ, ਇੱਕ ਵਾਰ ਵੀ ਮੈਂ ਨਾ ਚਾਹਿਆ ਨੇ।

3

ਸੁੱਨੜ ਸੁਪਨੇ ਵਿੱਚ ਵਾਰਿਸ ਨਾ ਗੱਲ ਕਰਦਾ, ਕਹਿੰਦਾ ਬੁੱਲਾ ਵੀ ਇੱਕ ਦਿਨ ਆਇਆ ਸੀ।
ਸਰਘੀ ਵੇਲੇ ਵਾਰਿਸ ਦੇ ਵਾਂਗਰਾਂ ਹੀ, ਬੁੱਲੇ ਸ਼ਾਹ ਨੇ ਆਣ ਜਗਾਇਆ ਸੀ।
ਬੁੱਲ੍ਹੇ ਸ਼ਾਹ ਨੇ ਸਾਰਾ ਹੀ ਜ਼ੋਰ ਲਾ ਕੇ, ਸਿਰਫ਼ ਅਲਫ਼ ਹੀ ਮੈਨੂੰ ਪੜਾਇਆ ਸੀ।
ਬਾਬੇ ਬੁੱਲ੍ਹੇ ਦੀ ਗੱਲ ਮੈ ਲੜ ਬੰਨੀ, ਤਾਂਹੀਓਂ ਅਲਫ਼ ਦੇ ਨਾਲ ਚਿੱਤ ਲਾਇਆ ਸੀ।

4

ਵਾਰਿਸ ਸ਼ਾਹ ਆਖੇ ਅਲਫ਼ ਅਲਫ਼ ਹੀ ਹੈ, ਨੁਕਤਾ ਅਲਫ਼ ਦਾ ਬਹੁਤ ਹੀ ਨਿਆਰਾ ਹੈ।
ਜਮ ਜਮ ਪੜ੍ਹੋ ਤੇ ਗਾਵਓ ਅਲਫ਼ ਨੂੰ ਵੀ, ਅਲਫ਼ ਬਿਨਾ ਤਾਂ ਨਹੀਂ ਛੁਟਕਾਰਾ ਹੈ।
ਪੈਂਤੀ, ਗੁਰਾਂ ਨੇ ਬੈਠ ਬਣਾਈ ਸੋਹਣੀ, ਸਾਰੇ ਸ਼ਬਦਾਂ ਦਾ ਵਜ਼ਨ ਇੱਕਸਾਰਾ ਹੈ।
ਬਾਕੀ ਲਫਜ਼ ਵੀ ਸਿੱਖਣੇ ਪੈਣਗੇ ਜੀ, ਸ਼ਬਦਾਂ ਬਿਨਾ ਵੀ ਨਹੀਂ ਗੁਜ਼ਾਰਾ ਹੈ।

5

ਵਾਰਿਸ ਖੀਸੇ 'ਚ ਮਾਰਿਆ ਹੱਥ ਆਪਣੇ, ਸੁੱਨੜ ਨੂੰ ਇੱਕ ਚਿੱਠੀ ਦਿਖਾ ਦਿੱਤੀ।
ਬੀਬੀ ਅੰਮ੍ਰਿਤਾ ਨੇ ਜੋ ਲਿਖ ਭੇਜੀ, ਲੱਖਾਂ ਹੀਰਾਂ ਦੀ ਚੀਕ ਸੁਣਾ ਦਿੱਤੀ।
ਵਾਰਿਸ ਸ਼ਾਹ ਮੀਆਂ ਇੱਕ ਹੀਰ ਰੋਈ, ਵੇ ਤੂੰ ਦਰਦ ਕਹਾਣੀ ਬਣਾ ਦਿੱਤੀ।
ਭਾਗਭਰੀ ਦੀ ਗੱਲ ਹੀ ਕਰੀ ਜਾਨੋ, ਬਾਕੀ ਖਲਕਤ ਤੂੰ ਕਾਹਤੋਂ ਭੁਲਾ ਦਿੱਤੀ।

6

ਸੁੱਨੜਾ ਸੁਣ ਬੱਚੂ ਮੈਨੂੰ ਪਤਾ ਸਾਰਾ, ਦੂਰ ਦੂਰ ਦੇਸ਼ਾਂ ਵਿੱਚ ਤੂੰ ਜਾਈ ਫਿਰਦਾਂ।
ਅਮਰੀਕਾ, ਕੈਨੇਡਾ ਵਲੈਤ ਜਾਂਏ, ਸਾਰੀ ਦੁਨੀਆ 'ਚ ਲੱਤ ਘੁਮਾਈ ਫਿਰਦਾਂ।


Academy of the Punjab in North America: http://www.apnaorg.com

ਪੈਸਾ ਧੇਲਾ ਕਮਾਉਣ ਨੂੰ ਲੋਕ ਜਾਂਦੇ, ਉਹ ਵੀ ਭੁੱਖ ਤੂੰ ਆਪਣੀ ਮਿਟਾਈ ਫਿਰਦਾਂ।
ਹੀਰਾਂ ਰੁਲਦੀਆਂ ਦੇਸ਼ ਪ੍ਰਦੇਸ਼ ਜੋ ਵੀ, ਸਭਨਾਂ ਦੀ ਤੂੰ ਲਿਸਟ ਬਣਾਈ ਫਿਰਦਾਂ।
7

ਮੇਰਾ ਹੁਕਮ ਹੈ ਮੰਨਣਾ ਪਊ ਤੈਨੂੰ, ਨਵੀਂ ਹੀਰ ਇੱਕ ਆਪ ਬਣਾਈਂ ਸੁੱਨੜਾ।
ਲਿਖੀਂ ਨਵੀਂ ਕਹਾਣੀ ਜੋ ਤੂੰ ਡਿੱਠੀ, ਘਸੀ ਪਿੱਟੀ ਨੂੰ ਹੱਥ ਨਾ ਪਾਈਂ ਸੁੱਨੜਾ।
ਘਰ ਘਰ ਕਰਨ ਕਹਾਣੀਆਂ ਲੋਕ ਸੁਣ ਕੇ, ਇਹੋ ਜਿਹੇ ਕੁਝ ਬੈਂਤ ਬਣਾਈਂ ਸੁੱਨੜਾ।
ਹੀਰ ਲਿਖਣ ਤੋਂ ਪਹਿਲਾਂ ਪਰ ਯਾਦ ਰੱਖੀਂ, ਪਰਵਦਗਾਰ ਨੂੰ ਦਿਲੋਂ ਧਿਆਈਂ ਸੁੱਨੜਾ।
8

ਇਕ ਦੋ ਹੋਰ ਗੱਲਾਂ ਵੀ ਮੈਂ ਕਰਨੀਆਂ ਨੇ, ਸੁਣਦਾ ਸੁਣਦਾ ਤੂੰ ਸੌਂ ਨਾ ਜਾਈਂ ਸੁੱਨੜਾ।
ਕਲਮ ਮੇਰੀ ਸਿਆਹੀ ਉਸ ਵਿੱਚ ਤੇਰੀ, ਸੋਚ ਸਮਝ ਕੇ ਕਲਮ ਚਲਾਈਂ ਸੁੱਨੜਾ।
ਕਿਤੋਂ ਲੈ ਨਾ ਟੁੱਟਦੀ ਦਿਸੇ ਤੇਰੀ, ਬੜੇ ਧਿਆਨ ਨਾ ਬੈਂਤ ਬਣਾਈਂ ਸੁੱਨੜਾ।
ਝੂਠ ਬੋਲਣ ਦੀ ਲੋੜ ਨਾ ਕੋਈ ਤੈਨੂੰ, ਸਭ ਨੂੰ ਸੱਚ ਦਾ ਸੱਚ ਸੁਣਾਈਂ ਸੁੱਨੜਾ।
9

ਗੱਲ ਹੋਵੇ ਕਰਾਰੀ ਤਾਂ ਲੋਕ ਸੁਣਦੇ, ਪਰ ਤੂੰ ਬਹੁਤਾ ਮਸਾਲਾ ਨਾ ਲਾਈਂ ਸੁੱਨੜਾ।
ਲਮਲੇਟ ਨਾ ਕਰੀਂ ਕਹਾਣੀਆਂ ਨੂੰ, ਥੋੜੇ ਲਫਜ਼ਾਂ ਦੇ ਵਿੱਚ ਮੁਕਾਈਂ ਸੁੱਨੜਾ।
ਸ਼ਬਦ ਲੱਚਰ ਅਸ਼ਲੀਲ ਨਾ ਕਿਤੇ ਵਰਤੀਂ, ਨੇਕ ਲਫਜ਼ਾਂ ਵਿੱਚ ਨੇਕੀ ਕਮਾਈਂ ਸੁੱਨੜਾ।
ਤੇਰੀ ਸੌਂਹ ਤੈਨੂੰ ਖੋਲ੍ਹੀਂ ਦਿਲ ਆਪਣਾ, ਕਿਸੇ ਹੋਰ ਦੀ ਸੌਂਹ ਨਾ ਖਾਈਂ ਸੁੱਨੜਾ।
10

ਇੱਕ ਹੋਰ ਦੱਸਾਂ ਤੈਨੂੰ ਗੱਲ ਬੱਚੂ, ਝਗੜਾ ਕਿਤੇ ਨਾ ਕੋਈ ਕਰਾਈਂ ਸੁੱਨੜਾ।
ਝਗੜਾ ਕਰਦਿਆਂ ਕਈ ਕੁਝ ਕਿਹਾ ਜਾਂਦਾ, ਤੂੰ ਕੋਈ ਇਹੋ ਜਿਹਾ ਪੰਗਾ ਨਾ ਪਾਈਂ ਸੁੱਨੜਾ।
ਸਾਹਿਤਕਾਰ ਹੈਂ ਤੂੰ ਸਾਹਿਤਕ ਲਫਜ਼ ਵਰਤੀਂ, ਮੇਰੀ ਹੀਰ ਦੀ ਕਦਰ ਵਧਾਈਂ ਸੁੱਨੜਾ।
ਜਿਸ ਪਾਤਰ ਦੀ ਗੱਲ ਤੂੰ ਕਰਨ ਲੱਗੇਂ, ਪਹਿਲਾਂ ਆਪ ਉਹ ਪਾਤਰ ਬਣ ਜਾਈਂ ਸੁੱਨੜਾ।
11

ਆਹ ਲੈ ਕਲਮ ਤੇ ਉੱਠ ਕੇ ਲਿਖਣ ਲਗ ਜਾ, ਥਾਪੀ ਦਿਆਂ ਤੈਨੂੰ ਬਣ ਤੂੰ ਸ਼ੇਰ ਸੁੱਨੜਾ।
ਐਵੇਂ ਡਰ ਡਰ ਕੇ ਉਮਰ ਬਿਤਾਈ ਸਾਰੀ, ਚੌਥੇ ਪਹਿਰ ਹੁਣ ਹੋ ਜਾ ਦਲੇਰ ਸੁੱਨੜਾ।
ਛੱਡ ਦੁਨੀਆ ਦੇ ਝਗੜੇ ਝਮੇਲਿਆਂ ਨੂੰ, ਛੱਡ ਕੇ ਦੇਖ ਹੁਣ ਤੂੰ ਮੇਰ ਤੇਰ ਸੁੱਨੜਾ।
ਛਾਤੀ ਠੋਕ ਕੇ ਕਰੀਂ ਇੱਕ ਗੱਲ ਵੱਖਰੀ, ਤੂੰ ਤੇ ਪੜ੍ਹਿਆ ਕਿਤਾਬਾਂ ਦਾ ਢੇਰ ਸੁੱਨੜਾ॥
12

## ਇੱਕ ਪ੍ਰੇਮ ਕਹਾਣੀ ਮੰਗਲਾਚਰਣ

ਵਾਹਵਾ ਵਾਹੇਗੁਰੂ ਵਾਹੇਗੁਰੂ ਕਰ ਸੁੱਨੜਾ, ਵਾਰਿਸ ਸ਼ਾਹ ਦੀ ਰੀਸ ਨਹੀਂ ਕਰੀ ਜਾਣੀ।
ਜਿਹੜੀ ਨਬਜ਼ ਸੀ ਵਾਰਿਸ ਨੇ ਟੋਹ ਵੇਖੀ, ਤੈਥੋਂ ਉਂਗਲੀ ਨਹੀਂ ਓਸ ਤੇ ਧਰੀ ਜਾਣੀ।
ਜਿੱਦਾਂ ਵਾਰਿਸ ਨੇ ਠੋਕ ਕੇ ਗੱਲ ਕੀਤੀ, ਤੇਰੇ ਕੋਲੋਂ ਨਹੀਂ ਉਸ ਤਰ੍ਹਾਂ ਕਰੀ ਜਾਣੀ।
ਵਾਰਿਸ ਸ਼ਾਹ ਦੀ ਹੀਰ ਤਾਂ ਅਮਰ ਹੋ ਗਈ, ਤੇਰੇ ਕੋਲੋਂ ਦੁਬਾਰਾ ਨਹੀਂ ਕਰੀ ਜਾਣੀ।
1


Academy of the Punjab in North America: http://www.apnaorg.com

ਵਾਰਿਸ ਵਰਗੀਆਂ ਗੱਲਾਂ ਜੋ ਕਰੇ ਆ ਕੇ, ਕੋਈ ਜੰਮਿਆਂ ਨਹੀਂ ਜਹਾਨ ਅੰਦਰ।
ਛੱਤੀ ਤੁਰੇ ਫਿਰਦੇ ਐਥੇ ਹੀਰ ਲਿਖਦੇ, ਗੱਲ ਬਣਦੀ ਨਹੀਂ ਬੱਚੂ ਬਿਆਨ ਅੰਦਰ।
ਅੰਦਰੋਂ ਗੱਲ ਤਾਂ ਫੇਰ ਹੀ ਕਰੀ ਜਾਂਦੀ, ਕਰੇ ਕੋਈ ਜੇ ਅੰਤਰਧਿਆਨ ਅੰਦਰ।
ਮਾਹੀ ਸਿਰੇ ਦਾ ਕੱਢ ਕੇ ਪਾਰ ਕਰਦਾ, ਬੇੜੀ ਫਸਦੀ ਜਾਂ ਕਿਸੇ ਤੂਫ਼ਾਨ ਅੰਦਰ।

2

ਇਹ ਜੋ ਰੂਹ ਕਲਬੂਤ ਦੀ ਗੱਲ ਕੀਤੀ, ਮੇਰੀ ਸਮਝ ਦੇ ਵਿੱਚ ਗੱਲ ਪਾ ਮੀਆਂ।
ਤੇਰੇ ਪੂਰਨੇ ਪਾਏ ਮੈਂ ਕਿਵੇਂ ਪੂਰਾਂ, ਮੈਨੂੰ ਆਪੇ ਹੀ ਜ਼ਰਾ ਸਮਝਾ ਮੀਆਂ।
ਹਾਰੀ ਸਾਰੀ ਦੀ ਕੀ ਮਜਾਲ ਹੈ ਜੀ, ਜੇਹੜਾ ਜਾਣ ਜਾਵੇ ਤੇਰੇ ਦਾਅ ਮੀਆਂ।
ਐਸੇ ਹੁਸਨ ਜਵਾਨੀ ਨਾ ਕਿਤੇ ਵੇਖੇ, ਜੈਸੀ ਮੂਰਤ ਤੂੰ ਗਿਓਂ ਬਣਾ ਮੀਆਂ।

3

ਬੜੇ ਲੋਕਾਂ ਨੇ ਰੰਗ ਲਗਾ ਵੇਖੇ, ਤੇਰੇ ਰੰਗਾਂ ਦਾ ਰੂਪ ਅਥਾਹ ਮੀਆਂ।
ਲੋਕੀਂ ਪਾਉਣ ਬਾਤਾਂ ਪਰ ਨਾ ਬਾਤ ਬਣਦੀ, ਗਿਓਂ ਗੱਲ ਤੂੰ ਸਿਰੇ ਚੜ੍ਹਾ ਮੀਆਂ।
ਤੇਰੀ ਰੀਸ ਕਰਦੇ ਹੀਰਾਂ ਲਿਖਣ ਵਾਲੇ, ਤੇਰੇ ਛਾਣੇ ਨੂੰ ਜਾਂਦੇ ਛਾਣੀ ਜਾ ਮੀਆਂ।
ਮੇਰਾ ਚਿੱਤ ਕਰਦਾ ਤੈਨੂੰ ਮਿਲਾਂ ਕਿਧਰੇ, ਹੋ ਸਕੇ ਤਾਂ ਫੇਰਾ ਇੱਕ ਪਾ ਮੀਆਂ।

4

## ਸ਼ਾਇਰ ਦੇ ਦਿਲ ਦਾ ਦਰਦ

ਇੱਕ ਦਰਦ ਮੈਂ ਦਿਲ ਨਾਲ ਲਾਈ ਫਿਰਦਾਂ, ਆ ਕੇ ਮੇਰਾ ਇਹ ਦਰਦ ਵੰਡਾ ਮੀਆਂ।
ਮੇਰੀ ਹੀਰ ਵਿਦੇਸ਼ਾਂ ਦੇ ਵਿੱਚ ਰੁਲ ਗਈ, ਉਸਨੂੰ ਡਾਲਰਾਂ ਲਿਆ ਭਰਮਾ ਮੀਆਂ।
ਤਾਰਾਂ ਟੱਪ ਕੇ ਰਾਂਝਾ ਵੀ ਜਾ ਰਲਿਆ, ਰਿਹਾ ਰਾਤਾਂ ਨੂੰ ਝਾੜੂ ਲਗਾ ਮੀਆਂ।
ਇੱਕ ਨਵੀਂ ਕਹਾਣੀ ਮੈਂ ਕਰਨ ਲੱਗਾ, ਮੇਰੇ ਸਿਰ ਉੱਤੇ ਹੱਥ ਟਿਕਾਅ ਮੀਆਂ।

5

## ਵਾਰਿਸ ਤਰ ਗਿਆ ਹੀਰ ਨੂੰ ਤਾਰ ਕਰਕੇ

ਤੇਰੀ ਹੀਰ ਤਾਂ ਹੀਰਾ ਸੀ ਵਾਰਿਸਾ ਵੇ, ਹੀਰ ਲਿਖੀ ਤੂੰ ਸੋਚ ਵਿਚਾਰ ਕਰਕੇ।
ਹੜ੍ਹ ਹੁਸਨ ਦਾ ਕਲਮ ਦੀ ਨੋਕ ਵਿੱਚੋਂ, ਝਰਨਾ ਵਹਿ ਤੁਰਿਆ ਵੱਟਾਂ ਪਾਰ ਕਰਕੇ।
ਤੇਰਾ ਇਸ਼ਕ ਹਕੀਕੀ ਮਿਜ਼ਾਜ ਬਣਿਆਂ, ਵਿੱਚ ਘੁਲ ਗਿਆ ਉਸਦੇ ਸੀ ਪਿਆਰ ਕਰਕੇ।
ਤੇਰੀ ਰੂਹ ਸੀ ਹੀਰ ਰੁਹਾਨੀਅਤ ਸੀ, ਗੱਲ ਕੀਤੀ ਤੂੰ ਯਾਰਾਂ ਦਾ ਯਾਰ ਕਰਕੇ।

6

ਤੇਰੀ ਹੀਰ ਚੋਂ ਹੀਰ ਪਰਤੱਖ ਦਿਸਦੀ, ਮੈਂ ਤੇ ਆਪ ਵੇਖੀ ਅੱਖਾਂ ਚਾਰ ਕਰਕੇ।
ਸ਼ਬਦਾਂ ਵਿੱਚ ਹੈ ਸੂਰਤ ਸਾਕਾਰ ਦਿਸਦੀ, ਧੰਨ ਹੋ ਗਿਆ ਮੈਂ ਤਾਂ ਦੀਦਾਰ ਕਰਕੇ।
ਰੂਹ ਖਿੜ ਜਾਂਦੀ ਤੇਰੀ ਹੀਰ ਪੜ੍ਹ ਕੇ, ਮੈਂ ਦਿਲ ਦੇਖਿਆ ਗੁਲੋ ਗੁਲਜ਼ਾਰ ਕਰਕੇ।
ਤੂੰ ਵੀ ਧੰਨ ਤੇ ਹੀਰ ਵੀ ਧੰਨ ਤੇਰੀ, ਤੂੰ ਵੀ ਤਰ ਗਿਓਂ ਹੀਰ ਨੂੰ ਤਾਰ ਕਰਕੇ।

7


Academy of the Punjab in North America: http://www.apnaorg.com

## ਹੀਰ ਦਾ ਨਾਮ ਉਧਾਰ ਲੈਣਾ

ਜਿਸ ਕੁੜੀ ਦੀ ਗੱਲ ਮੈਂ ਕਰਨ ਲੱਗਿਆਂ, ਹੀਰ ਆਖਦੇ ਹਾਂ ਉਸਨੂੰ ਪਿਆਰ ਦੇ ਨਾਂ।
ਵਾਰਿਸ ਹੀਰ ਦਾ ਰਹੇਗਾ ਤੂੰ ਵਾਰਿਸ, ਤੁਲਨਾ ਕੋਈ ਨਹੀਂ ਨਾਰ ਦੀ ਨਾਰ ਦੇ ਨਾਂ।
ਰਾਂਝਾ ਨਾਮ ਵੀ ਤੇਰੇ ਤੋਂ ਲਵਾਂ ਮੰਗਵਾਂ, ਰਲਦਾ ਤਖ਼ਤ ਹਜ਼ਾਰੇ ਦੇ ਯਾਰ ਦੇ ਨਾਂ।
ਚੂਚਕ ਨਾਮ ਵੀ ਰੱਖ ਲਿਆ ਮਾਫ਼ ਕਰਨਾ, ਰਲਦਾ ਨਾਮ ਸੀ ਹੀਰ ਪਰਵਾਰ ਦੇ ਨਾਂ।

8

ਕੈਦੋਂ ਨਾਮ ਚਰਿੱਤਰ ਦੇ ਅਰਥ ਕਰਦਾ, ਰਲਦਾ ਮਿਲਦਾ ਸੀ ਕੈਦੋਂ ਕਿਰਦਾਰ ਦੇ ਨਾਂ।
ਸਹਿਤੀ ਨਾਂ ਸੋਹਣਾ ਉਹ ਵੀ ਰੱਖ ਲਿਆ ਮੈਂ, ਖੇੜਾ ਆਖਿਆ ਦਿਲੋਂ ਫਟਕਾਰ ਦੇ ਨਾਂ।
ਮੇਰੀ ਹੀਰ ਦੇ ਇਸ਼ਕ ਦੀ ਗੱਲ ਵੱਖਰੀ, ਪਹਿਲਾਂ ਦੱਸ ਦੇਵਾਂ ਮੈਂ ਵਿਸਥਾਰ ਦੇ ਨਾਂ।
ਮੇਰੇ ਰਾਂਝੇ ਨੇ ਚਾਰੀਆਂ ਨਹੀਂ ਮੱਝਾਂ, ਨਾ ਹੀ ਭਾਬੀ ਨਾਲ ਲੜਦਾ ਹੰਕਾਰ ਦੇ ਨਾਂ।

9

## ਨਵੀਂ ਕਹਾਣੀ, ਨਵੀਆਂ ਮੁਸ਼ਕਲਾਂ

ਨਵੀਆਂ ਮੁਸ਼ਕਲਾਂ ਨਵੇਂ ਹੀ ਰਾਹ ਖਹਿੜੇ, ਲਿਖ ਰਿਹਾ ਮੈਂ ਬੜੇ ਸਤਿਕਾਰ ਦੇ ਨਾਂ।
ਵਾਰਿਸ ਸ਼ਾਹ ਬਾਬਾ ਮੈਨੂੰ ਬਲ ਬਖ਼ਸ਼ੀਂ, ਗੱਲ ਪਿਆਰ ਦੀ ਕਰ ਲਵਾਂ ਪਿਆਰ ਦੇ ਨਾਂ।
ਮੇਰੀ ਹੀਰ ਤੇ ਰਾਂਝਾ ਮਜਬੂਰ ਨਹੀਂ ਹੁਣ, ਕੌਲ ਪੁੱਗਦੇ ਕੀਤੇ ਇਕਰਾਰ ਦੇ ਨਾਂ।
ਵੱਖਰੀ ਗੱਲ ਹੈ ਮੁਸ਼ਕਲਾਂ ਬਹੁਤ ਆਈਆਂ, ਲੜਨਾ ਪੈਂਦਾ ਹੈ ਸਾਰੇ ਸੰਸਾਰ ਦੇ ਨਾਂ।

10

## ਗੱਲ ਪੰਜਾਬ ਦੀ

ਹੈ ਪੰਜਾਬ ਦੀ ਧਰਤ ਜ਼ਰਖੇਜ਼ ਸੁੱਨੜਾ, ਗਿੱਧੀ ਪੰਜਾਂ ਦਰਿਆਵਾਂ ਨੇ ਪਾਈ ਜਿੱਥੇ।
ਘਟਾ ਕਾਲੀਆਂ ਚੜ੍ਹਦੀਆਂ ਪੁਰੇ ਵੱਲੋਂ, ਉੱਤਰ ਵੱਲੋਂ ਹੈ ਬਰਫ਼ ਢਲ ਆਈ ਜਿੱਥੇ।
ਪਹਿਲਾ ਧਰਮ ਗ੍ਰੰਥ ਸੰਸਾਰ ਦੇ ਵਿੱਚ, ਰਿੱਗ ਵੇਦ ਦੀ ਬਣਤਰ ਬਣਾਈ ਜਿੱਥੇ।
ਸਾਰੀ ਦੁਨੀਆ ਦੇ ਵੱਡੇ ਦਰਿਆ 'ਸਿੰਧੂ', ਆਰ ਪਾਰ ਤੱਕ ਪੈਲ ਹੈ ਪਾਈ ਜਿੱਥੇ।

11

ਸਾਹਿਬਾਂ, ਸੱਸੀਆਂ, ਸੋਹਣੀਆਂ, ਸ਼ੀਰੀਆਂ ਨੇ, ਸੁੱਨੜਾ ਇਸ਼ਕ ਦੀ ਖੇਡ ਰਚਾਈ ਜਿੱਥੇ।
ਝੀਲ ਮਾਨਸਰੋਵਰ ਵੀ ਮਾਣ ਕਰਦੀ, ਹੰਸਾਂ, ਮੋਤੀਆਂ ਦੀ ਆਵਾਜਾਈ ਜਿੱਥੇ।
ਹੈ ਕੈਲਾਸ਼ ਪਹਾੜ ਵੀ ਫਿਰੇ ਤਿੜਿਆ, ਚੰਬੇ ਦੀਆਂ ਕਲੀਆਂ ਮਹਿਕ ਲਾਈ ਜਿੱਥੇ।
ਹੀਰ ਰਾਂਝੇ ਦੀ ਸੁੱਨੜਾ ਅਮਰ ਗਾਥਾ, ਵਾਰਿਸ ਸ਼ਾਹ ਨੇ ਜੋੜ ਸੁਣਾਈ ਜਿੱਥੇ।

12

ਬਾਈ ਅੱਖਰ ਚਿਰੋਕਣੇ ਲੱਭਦੇ ਨੇ, ਪੈਂਤੀ ਅੱਖਰੀ ਗੁਰਾਂ ਨੇ ਘੜੀ ਜਿੱਥੇ।
ਦੂਰੋਂ ਨੇੜਿਓਂ ਛੱਤੀ ਵਿਦਵਾਨ ਰਲ ਕੇ, ਬਾਣੀ ਗੁਰਮੁਖੀ ਦੇ ਵਿੱਚ ਜੜੀ ਜਿੱਥੇ।
ਬੜੇ ਪੀਰ ਫਕੀਰ ਵੀ ਹੋਏ ਏਥੇ, ਧਰਤੀ ਬਲਦ ਦੇ ਸਿੰਗਾਂ ਤੇ ਖੜ੍ਹੀ ਜਿੱਥੇ।
ਧੌਲ ਧਰਮ ਦੀ ਗੱਲ ਸੰਸਾਰ ਦੇ ਵਿੱਚ, ਹੇਕਾਂ ਉੱਚੀਆਂ ਲਾ ਕੇ ਪੜ੍ਹੀ ਜਿੱਥੇ।

13


Academy of the Punjab in North America: http://www.apnaorg.com

ਕਿੰਨੀ ਸਿਫ਼ਤ ਪੰਜਾਬ ਦੀ ਕਰੀ ਜਾਵਾਂ, ਇਹ ਤਾਂ ਦੁਨੀਆ ਦਾ ਇੱਕ ਅਨਮੋਲ ਗਹਿਣਾ।
ਜੇਕਰ ਹੁਸਨ ਜਵਾਨੀ ਦੀ ਗੱਲ ਚੱਲੇ, ਫਿਰ ਤਾਂ ਪੁੱਛੋ ਨਾ ਏਸ ਦਾ ਕੀ ਕਹਿਣਾ।
ਜਾਨ ਵਾਰ ਕੇ ਚਾਅ ਚੜ੍ਹ ਜਾਣ ਜਿੱਥੇ, ਏਥੋਂ ਸਿੱਖੇ ਕੋਈ ਪੀੜ ਨੂੰ ਕਿਵੇਂ ਸਹਿਣਾ।
ਮੁੱਛਾਂ ਕੁੰਢੀਆਂ ਮੋਢੇ ਤੇ ਡਾਂਗ ਧਰਨੀ, ਤੰਬੇ ਖੜਕਦੇ ਸ਼ੌਕ ਦੇ ਨਾਲ ਰਹਿਣਾ।

14

## ਗੱਲ ਇਸ਼ਕ ਦੀ

ਸਮਝਣ ਇਸ਼ਕ ਨੂੰ ਅੱਜ ਗੁਨਾਹ ਲੋਕੀਂ, ਨਾਲੇ ਆਪ ਆਸ਼ਕ ਦਿਲ ਲਈ ਫਿਰਦੇ।
ਕਰਨ ਤੱਤੀਆਂ ਅੱਖਾਂ ਜੇ ਦਾਅ ਲੱਗੇ, ਬਾਕੀ ਲੋਕਾਂ ਨੂੰ ਮੱਤਾਂ ਪਰ ਦਈ ਫਿਰਦੇ।
ਇਸ਼ਕ ਮਾਈ ਤੇ ਬਾਪ ਜੇ ਨਾ ਕਰਦੇ, ਸਾਰੇ ਸਬਜ਼ੀਆਂ ਦੀ ਜੂਨੇ ਪਈ ਫਿਰਦੇ।
ਦਾਦੇ ਦਾਦੀਆਂ ਆਸ਼ਕੀ ਖ਼ੂਬ ਕੀਤੀ, ਤਾਂਹੀਓਂ ਪੋਤਰੇ ਨੱਤਰੇ ਲਈ ਫਿਰਦੇ।

15

ਆਸ਼ਕ ਦਿਲ ਤਾਂ ਕਾਅਬਾ ਹੈ ਕਾਜ਼ੀਆਂ ਦਾ, ਅੱਲਾ ਪਾਕ ਦੀ ਨਦਰ ਨਿਹਾਲ ਹੋਇਆ।
ਜਿਸ ਦਿਲ ਵਿੱਚ ਕਿਸੇ ਲਈ ਖਿੱਚ ਹੀ ਨਹੀਂ, ਭੂਤ ਬੰਗਲਾ ਹਾਲੋਂ ਬੇਹਾਲ ਹੋਇਆ।
ਮਾਣੋਂ ਮਿੱਤਰੋ ਰੱਜ ਜਵਾਨੀਆਂ ਨੂੰ, ਸਾਥੀ ਖਰਾ ਭਾਲੋ ਜਿੰਨਾ ਭਾਲ ਹੋਇਆ।
ਦਿਲ ਦੀ ਗੱਲ ਮੰਨੋ ਜੀ ਦਿਮਾਗ ਲਾ ਕੇ, ਦੇਖੀ ਜਾਊਗੀ ਜਿਸ ਤਰਾਂ ਹਾਲ ਹੋਇਆ।

16

## ਨਵਾਂ ਕਿੱਸਾ ਪੁਰਾਣੀ ਸ਼ੈਲੀ

ਵਾਰਿਸ ਸ਼ਾਹ ਦੀ ਹੀਰ ਤੋਂ ਮੱਤ ਲੈ ਕੇ, ਕਿੱਸਾ ਹੀਰ ਦਾ ਨਵਾਂ ਬਨਾਵਣਾਂ ਮੈਂ।
ਬਾਗ ਬੜਾ ਸੋਹਣਾ, ਸੋਹਣੇ ਯਾਰ ਲਾਇਆ, ਇੱਕ ਨਵਾਂ ਬੂਟਾ ਵਿੱਚ ਲਾਵਣਾ ਮੈਂ।
ਕਿਸੇ ਸਮੇਂ ਸੀ ਡੋਲੀ ਕਹਾਰ ਚੁੱਕਦੇ, ਅੱਜ ਉਡਣ ਖਟੋਲਾ ਲਿਆਵਣਾ ਮੈਂ।
ਵਾਰਿਸ ਸ਼ਾਹ ਨੇ ਬੈਂਤ ਸੀ ਲਿਖੇ ਵਧੀਆ, ਓਸੇ ਰਾਗ ਦੇ ਵਿੱਚ ਹੀ ਗਾਵਣਾ ਮੈਂ।

17

## ਹੱਡ ਬੀਤੀ, ਜੱਗ ਬੀਤੀ

ਥੋੜੀ ਹੱਡ ਬੀਤੀ ਥੋੜੀ ਜੱਗ ਬੀਤੀ, ਏਸ ਤਰਾਂ ਕਹਾਣੀ ਨੂੰ ਜੋੜਿਆ ਮੈਂ।
ਆਪਣੇ ਫੁੱਲਾਂ ਨੂੰ ਸੁੰਘਿਆ ਜੀਅ ਭਰ ਕੇ, ਕੋਈ ਓਪਰਾ ਫੁੱਲ ਨਾ ਤੋੜਿਆ ਮੈਂ।
ਸਚੋ ਸੱਚ ਕਹਾਣੀ ਮੈਂ ਲਿਖ ਦਿੱਤੀ, ਜਰਾ ਝੂਠ ਨਾ ਕਿਤੇ ਘਸੋੜਿਆ ਮੈਂ।
ਸਾਰੇ ਆਪਣੇ ਭੇਦ ਮੈਂ ਖੋਲ੍ਹ ਦਿੱਤੇ, ਕਿਸੇ ਹੋਰ ਦਾ ਭਾਂਡਾ ਨਾ ਫੋੜਿਆ ਮੈਂ।

18

## ਦੋਨੇ ਦੇਸ਼ ਦੀ ਗੱਲ

ਦੋਨਾ ਦੇਸ਼ ਦਆਬੇ ਦੇ ਵਿੱਚ ਯਾਰੋ, ਜਿੱਥੇ ਬੈਠ ਕੇ ਕਿੱਸਾ ਬਣਾਇਆ ਈ।
ਪੜ੍ਹੇ ਲਿਖੇ ਲੋਕੀਂ ਬੜੀ ਸਮਝ ਵਾਲੇ, ਨਾਮ ਜਿਨ੍ਹਾਂ ਦਾ ਕਿੱਸੇ ਵਿੱਚ ਆਇਆ ਈ।
ਧਰਤੀ ਰੇਤਲੀ ਫਸਲ ਸੀ ਘੱਟ ਹੁੰਦੀ, ਦੋਨਾ ਨੌਕਰੀ ਚਾਕਰੀ ਲਾਇਆ ਈ।
ਕੋਈ ਚੱਜ ਦੀ ਨੌਕਰੀ ਲੱਭ ਜਾਵੇ, ਏਸੇ ਵਾਸਤੇ ਸਭ ਨੂੰ ਪੜ੍ਹਾਇਆ ਈ।

19


Academy of the Punjab in North America: http://www.apnaorg.com

**ਰਾਂਝੇ ਦਾ ਪਰਵਾਰ**

ਮੇਰੇ ਰਾਂਝੇ ਦੇ ਚਾਰ ਭਰਾ ਹੈ ਸਨ, ਤਿੰਨ ਭੈਣਾਂ ਸੀ ਵੱਡਾ ਪਰਵਾਰ ਹੈ ਸੀ।
ਬਾਪੂ ਚੌਧਰੀ ਨੂੰ ਸਾਰੇ ਜਾਣਦੇ ਸੀ, ਕਈਆਂ ਪਿੰਡਾਂ 'ਚੋਂ ਵੱਡਾ ਸਰਦਾਰ ਹੈ ਸੀ।
ਸਾਰੇ ਪਿੰਡ ਦੀ ਗਰਜ ਉਹ ਸਾਰਦਾ ਸੀ, ਬਾਪ ਦਾਦੇ ਤੋਂ ਲੈ ਸ਼ਾਹੂਕਾਰ ਹੈ ਸੀ।
ਕੋਈ ਕਿਹਾ ਨਾ ਉਸਦਾ ਮੋੜਦਾ ਸੀ, ਸਾਰੇ ਲੋਕਾਂ ਦੇ ਨਾਲ ਪਿਆਰ ਹੈ ਸੀ।

20

**ਰਾਂਝੇ ਦਾ ਖਾਲਸਾ ਕਾਲਜ ਪੜਣਾ**

ਸਾਰੇ ਭੈਣ ਭਾਈ ਪੜ੍ਹੇ ਕਾਲਜਾਂ ਵਿੱਚ, ਵੱਡੇ ਭਾਈਆਂ ਨੂੰ ਨੌਕਰੀ ਮਿਲੀ ਚੰਗੀ
ਰਹਿੰਦੇ ਕਾਲਜਾਂ ਵਿੱਚ ਹੀ ਪੜ੍ਹਨ ਵੇਲੇ, ਕਿਸੇ ਚੀਜ ਦੀ ਕਦੇ ਨਾ ਕੋਈ ਤੰਗੀ।
ਰਾਂਝਾ ਖਾਲਸਾ ਕਾਲਜ ਵਿੱਚ ਜਾ ਲੱਗਾ, ਉਸਦੇ ਨਾਲ ਪੜ੍ਹਦੇ ਕਈ ਬਣੇ ਸੰਗੀ।
ਫਿਰ ਵੀ ਚੁੱਪ ਚੁਪੀਤਾ ਹੀ ਰਹੇ ਰਾਂਝਾ, ਜਿਵੇਂ ਕਿਸੇ ਨੇ ਓਸ ਦੀ ਰੂਹ ਡੰਗੀ।

21

ਪੂਰੇ ਵਕਤ ਤੇ ਜਾਏ ਜਮਾਤ ਦੇ ਵਿੱਚ, ਖਤਮ ਹੁੰਦਿਆਂ ਸਾਰ ਹੀ ਮੁੜ ਜਾਂਦਾ।
ਗੱਲ ਸੁਣਦਾ ਜਮਾਤ ਦੇ ਵਿੱਚ ਬਹਿ ਕੇ, ਫਿਰ ਕਿਸੇ ਵਹਾ ਵਿੱਚ ਰੁੜ ਜਾਂਦਾ।
ਢੇਸੀ, ਬਾਜਵਾ, ਢਿੱਲੋਂ ਤੇ ਜੌਹਲ ਸੀ ਜਦ, ਭਾਸ਼ਣ ਦੇਂਦੇ ਤਾਂ ਭਾਸ਼ਣ ਨਾਲ ਜੁੜ ਜਾਂਦਾ।
ਸਿੱਧਾ ਨੱਕ ਦੀ ਸੇਧ ਨਾ ਬਾਅਦ ਵਿੱਚ ਉਹ, ਰੋਜ਼ ਵਾਂਗਰਾਂ ਕਮਰੇ ਨੂੰ ਮੁੜ ਜਾਂਦਾ।

22

**ਮੰਡੇ ਕੁੜੀਆਂ ਕੱਠੀ ਜਮਾਤ**

ਮੁੰਡੇ ਕੁੜੀਆਂ ਦੀ ਕੱਠੀ ਜਮਾਤ ਹੈ ਸੀ, ਹੱਸਦੇ ਖੇਲਦੇ ਕਰਨ ਪੜ੍ਹਾਈਆਂ ਜੀ।
ਕੱਠੇ ਬੈਠ ਕੇ ਪੜ੍ਹਦੇ ਤੇ ਸ਼ੁਗਲ ਕਰਦੇ, ਦੇਖੋ ਰੱਬ ਨੇ ਰੌਣਕਾਂ ਲਾਈਆਂ ਜੀ।
ਗੱਭਰੂ ਆਲੇ ਦਿਵਾਲੇ ਦੇ ਪੜ੍ਹਨ ਆਏ, ਕਈ ਕੁੜੀਆਂ ਦੁਰਾਡਿਓਂ ਆਈਆਂ ਜੀ।
ਵਿਹਲੇ ਸਮੇਂ ਉਹ ਬੈਠ ਕੇ ਚਾਹ ਪੀਂਦੇ, ਖਾਂਦੇ ਚਟਣੀਆਂ ਅਤੇ ਮਠਿਆਈਆਂ ਜੀ।

23

**ਰਾਂਝਾ**

ਬੜਾ ਅੱਥਰਾ ਗੱਭਰੂ ਸੀ ਰਾਂਝਾ, ਤਾਜ਼ੀ ਤੌਣ ਵਾਂਗੂੰ ਡੌਲ਼ੇ ਫੜਕਦੇ ਸੀ।
ਜਿੱਧਰੋਂ ਲੰਘ ਜਾਂਦਾ ਦੁਨੀਆ ਦੇਖਦੀ ਸੀ, ਕਈਆਂ ਨੱਢੀਆਂ ਦੇ ਦਿਲ ਧੜਕਦੇ ਸੀ।
ਮੇਲਾ ਲੁੱਟ ਲੈਂਦਾ ਜਦ ਵੀ ਗੱਲ ਕਰਦਾ, ਹਾਵ ਭਾਵ ਸਾਰੇ ਉਸ ਵਿੱਚ ਮੜਕ ਦੇ ਸੀ।
ਹੁਣ ਕੋਈ ਗੱਲ ਛਿਪਾ ਕੇ ਬੈਠਿਆ ਸੀ, ਕੋਈ ਜ਼ਖਮ ਸੀਨੇ ਵਿੱਚ ਰੜਕਦੇ ਸੀ।

24

**ਹੀਰ**

ਸ਼ਿਵ ਦੇ ਸ਼ਹਿਰ ਦੀ ਕੁੜੀ ਇਕ ਬੜੀ ਸੋਹਣੀ, ਸੱਚੀਂ ਹੁਸਨ ਦੀ ਕੋਈ ਸਰਕਾਰ ਲੱਗੇ।
ਉਹ ਸੀ ਕੁੜੀ ਬਟਾਲੇ ਦੇ ਚੂਚਕੇ ਦੀ, ਖਾਂਦਾ ਪੀਂਦਾ ਉਸਦਾ ਘਰ ਬਾਹਰ ਲੱਗੇ।
ਕੱਪੜਾ ਲੱਤਾ ਸਵਾਰ ਕੇ ਉਹ ਪਾਵੇ, ਛਾਤੀ ਓਸ ਦੀ ਉੱਤੇ ਅੰਬਾਰ ਲੱਗੇ।


Academy of the Punjab in North America: http://www.apnaorg.com

ਤਾਬ ਝੱਲੀ ਨਾ ਜਾਂਵਦੀ ਹੁਸਨ ਵਾਲੀ, ਸੱਚੀਂ ਮੁੱਚੀਂ ਉਹ ਨੌਂ ਰਤਨਾ ਹਾਰ ਲੱਗੇ।

25

## ਰਾਂਝੇ ਦਾ ਹੀਰ ਨੂੰ ਦੇਖਣਾ

ਪਹਿਲੇ ਦਿਨ ਹੀ ਜਦੋਂ ਕਲਾਸ ਲੱਗੀ, ਹੀਰ ਰਾਂਝੇ ਦੀਆਂ ਅੱਖਾਂ ਸੀ ਚਾਰ ਹੋਈਆਂ।
ਚਿੱਟੇ ਦਿਨ ਹੀ ਲੁੱਟਿਆ ਗਿਆ ਰਾਂਝਾ, ਦਿਲ ਲੁੱਟ ਗਿਆ ਤੇ ਅਕਲਾਂ ਮਾਰ ਹੋਈਆਂ।
ਜੋ ਤਸਵੀਰਾਂ ਉਹ ਸੁਪਨੇ ਵਿੱਚ ਵੇਖਦਾ ਸੀ, ਅੱਖਾਂ ਸਾਹਮਣੇ ਅੱਜ ਸਾਕਾਰ ਹੋਈਆਂ।
ਕਿਸੇ ਵਸਲ ਦੀ ਘੜੀ ਨੂੰ ਯਾਦ ਕਰਕੇ, ਰੀਝਾਂ ਨੱਠ ਨੱਠ ਕੇ ਛੇਤੀ ਤਿਆਰ ਹੋਈਆਂ।

26

## ਹੀਰ ਆਈ ਬਹਾਰ ਆਈ

ਪਹਿਲੇ ਦਿਨ ਹੀ ਹੀਰ ਜਦ ਪੜ੍ਹਨ ਆਈ, ਇਵੇਂ ਲੱਗਿਆ ਜਿਵੇਂ ਬਹਾਰ ਆ ਗਈ।
ਕੁੜੀਆਂ ਹੋਰ ਵੀ ਕਈ ਸੀ ਪੜ੍ਹਨ ਆਈਆਂ, ਇੱਕ ਵੱਖਰੀ ਕਿਸਮ ਦੀ ਨਾਰ ਆ ਗਈ।
ਨਾਰਾਂ ਵੱਧ ਤੋਂ ਵੱਧ ਸੁਨੱਖੀਆਂ ਸੀ, ਹੀਰ ਸਿਰੇ ਦੀ ਇੱਕ ਮੁਟਿਆਰ ਆ ਗਈ।
ਨਿੰਮੀਂ ਨਿੰਮੀਂ ਸੁਹਾਵਣੀ ਹਵਾ ਚੱਲੀ, ਸਾਰੇ ਫੁੱਲਾਂ ਦੇ ਵਿੱਚ ਨਿਖਾਰ ਆ ਗਈ।

27

## ਰਾਂਝਾ ਪੱਟਿਆ ਗਿਆ

ਰਾਂਝਾ ਕਦੇ ਨਾ ਕਿਸੇ ਤੇ ਕਾਇਲ ਹੋਇਆ, ਆ ਕੇ ਹੀਰ ਨੇ ਗੱਲ ਬਣਾਈ ਮੀਆਂ।
ਵੱਡੇ ਚੌਧਰੀ ਦਾ ਪੁੱਤ ਸ਼ੈਲ ਬਾਂਕਾ, ਲੱਗਾ ਇਸ਼ਕ ਦੀ ਦੇਣ ਦੁਹਾਈ ਮੀਆਂ।
ਲੱਖਾਂ ਕੁੜੀਆਂ ਦੁਆਬੇ ਦੇ ਵਿੱਚ ਯਾਰੋ, ਹੀਰ ਵੱਖਰੀ ਮਾਝੇ ਵਿੱਚੋਂ ਆਈ ਮੀਆਂ।
ਆਉਂਦੇ ਸਾਰ ਹੀ ਚੌਧਰੀ ਪੱਟ ਸੁੱਟਿਆ, ਐਸੀ ਰੂਪ ਦੀ ਸਿੰਗੀ ਸੁੰਘਾਈ ਮੀਆਂ।

28

ਹੜ ਹੁਸਨ ਦਾ ਗੱਲ ਨਾ ਕਹਿਣ ਵਾਲੀ, ਵਿਹਲੇ ਬੈਠ ਕੇ ਰੱਬ ਬਣਾਈ ਮੀਆਂ।
ਮਾਝਾ ਛੱਡ ਜਲੰਧਰ ਸੀ ਪੜ੍ਹਨ ਆ ਗਈ, ਲਗਦਾ ਰਾਂਝੇ ਦੀ ਸ਼ਾਮਤ ਸੀ ਆਈ ਮੀਆਂ।
ਪਿਛਲੇ ਜਨਮ ਵਿੱਚ ਕੀਤੇ ਕੋਈ ਕਰਮ ਚੰਗੇ, ਕਿਸੇ ਮਾਂ ਕਰਮਾਂ ਵਾਲੀ ਜਾਈ ਮੀਆਂ।
ਨਹੀਂ ਤਾਂ ਰਾਂਝੇ ਨੂੰ ਕੌਣ ਸੀ ਪੱਟ ਸਕਦਾ, ਹੂਰਾਂ ਪਰੀ ਇਹ ਰੱਬ ਘਲਾਈ ਮੀਆਂ।

29

## ਸ਼ਹਿਰ ਜਲੰਧਰ ਗੱਲ ਹੋਵੇ

ਪੂਰੇ ਸ਼ਹਿਰ ਜਲੰਧਰ ਵਿੱਚ ਗੱਲ ਹੋਵੇ, ਸੁਣਦੇ ਸਾਰੇ ਕਹਾਣੀ ਜਵਾਕ ਬਣ ਕੇ।
ਕੋਈ ਕਹੇ ਮੈਂ ਚੂਚਕ ਨੂੰ ਜਾਣਦਾ ਹਾਂ, ਗੱਲ ਕਰੇ ਕੋਈ ਹੀਰ ਦਾ ਸਾਕ ਬਣ ਕੇ।
ਸਾਰੇ ਲੋਚਦੇ ਹੀਰ ਦੇ ਅੰਗ ਲੱਗਣਾ, ਭਾਵੇਂ ਧੂੜ ਬਣ ਕੇ ਚਾਹੇ ਖਾਕ ਬਣ ਕੇ।
ਕੋਈ ਸੋਚਦਾ ਬਣਾਂ ਗੁਲਾਮ ਉਸਦਾ, ਭਾਵੇਂ ਚਾਕ ਦੇ ਚਾਕ ਦਾ ਚਾਕ ਬਣ ਕੇ।

30

## ਚੂਚਕ ਵੱਡਾ ਵਪਾਰੀ

ਚੂਚਕ ਵੱਡਾ ਵਪਾਰੀ ਸੀ ਸ਼ਹਿਰ ਵਿੱਚੋਂ, ਬੜੇ ਲੋਕ ਆ ਕੇ ਘਰ ਖੜ੍ਹੇ ਰਹਿੰਦੇ।
ਦੇਸ਼ ਅਤੇ ਵਿਦੇਸ਼ਾਂ ਦੇ ਵਿੱਚ ਧੁੰਮਾਂ, ਬੰਦੇ ਵਿੱਚ ਵਿਦੇਸ਼ਾਂ ਦੇ ਬੜੇ ਰਹਿੰਦੇ।


Academy of the Punjab in North America: http://www.apnaorg.com

ਆਵਾ ਜਾਈ ਵਿਦੇਸ਼ਾਂ ਦੇ ਵਿੱਚ ਐਨੀ, ਉਹ ਤਾਂ ਨਿੱਤ ਜਹਾਜ਼ਾਂ ਤੇ ਚੜ੍ਹੇ ਰਹਿੰਦੇ।
ਬਾਡਰ ਪਾਰ ਕਰਕੇ ਨਿੱਤ ਜਾਣ ਗੱਡੀਆਂ, ਚਾਰ ਛੁੱਟ ਜਾਂਦੇ ਚਾਰ ਫੜੇ ਰਹਿੰਦੇ।

31

## ਰਾਂਝੇ ਨੂੰ ਇਸ਼ਕ ਦਾ ਰੋਗ ਲੱਗਣਾ

ਭੂਤ ਇਸ਼ਕ ਦਾ ਜਦੋਂ ਸਵਾਰ ਹੋਇਆ, ਰਾਂਝਾ ਹੋਸ਼ ਹਵਾਸ ਗਵਾ ਬੈਠਾ।
ਸ਼ੌਕ ਨਾਲ ਸੀ ਚੋਬਰਾਂ ਵਿੱਚ ਬਹਿੰਦਾ, ਸਾਰੇ ਸ਼ੌਕ ਸਵਾਦ ਭੁਲਾ ਬੈਠਾ।
ਕਿਸੇ ਨਾਲ ਨਾ ਖੁੱਲ ਕੇ ਗੱਲ ਕਰਦਾ, ਪੁੱਠੀ ਜਿਹੀ ਭਸੂੜੀ ਹੀ ਪਾ ਬੈਠਾ।
ਜੇਹੜਾ ਨੱਢੀਆਂ ਦੇ ਸ਼ੌਕ ਪੂਰਦਾ ਸੀ, ਆਪਣੇ ਆਪ ਨੂੰ ਰੋਗੀ ਬਣਾ ਬੈਠਾ।

32

ਗੱਲ ਠਣਕ ਹੀ ਗਈ ਸੀ ਹੀਰ ਨੂੰ ਵੀ, ਪੁੱਤ ਚੌਧਰੀ ਦਾ ਚਾਟੇ ਲਾ ਲਿਆ ਜੀ।
ਚੋਬਰ ਸਿਰੇ ਦਾ ਮੰਨਿਆਂ ਸੀ ਜੇਹੜਾ, ਉਸਨੂੰ ਰੂਪ ਦੀ ਰਮਜ਼ ਨੇ ਢਾਹ ਲਿਆ ਜੀ।
ਨਹੀਂ ਕਿਸੇ ਦੇ ਕੰਮ ਦਾ ਰਿਹਾ ਹੁਣ ਤਾਂ, ਪੂਰਾ ਜੱਟੀ ਨੇ ਅਸਰ ਜਮਾ ਲਿਆ ਜੀ।
ਐਸਾ ਹੁਸਨ ਨੇ ਡੱਸਿਆ ਸੀ ਰਾਂਝਾ, ਅੰਗ ਅੰਗ ਨੂੰ ਜ਼ਹਿਰ ਚੜ੍ਹਾ ਲਿਆ ਜੀ।

33

## ਹੀਰ ਤੇ ਰਾਂਝੇ ਦੀ ਸਿਫਤ

ਹੀਰ ਮਗਰ ਵਹੀਰ ਸੀ ਚੋਬਰਾਂ ਦੀ, ਸਭ ਨੂੰ ਹਟ ਹਟ ਕਚੀਚੀਆਂ ਆਉਂਦੀਆਂ ਸੀ।
ਓਧਰ ਚੌਧਰੀ ਦੇ ਪੁੱਤ ਰਾਂਝਣੇ ਤੇ, ਡੋਰੇ ਚੰਗੀਆਂ ਚੰਗੀਆਂ ਪਾਉਂਦੀਆਂ ਸੀ।
ਵੱਡੇ ਵੱਡੇ ਘਰਾਂ ਦੀਆਂ ਛੈਲ ਜੱਟੀਆਂ, ਦਿਲੋਂ ਲਾ ਕੇ ਰਾਂਝੇ ਨੂੰ ਚਾਹੁੰਦੀਆਂ ਸੀ।
ਰਾਂਝਾ ਕਦੇ ਨਾ ਕਿਸੇ ਨੂੰ ਟਿੱਚ ਜਾਣੇ, ਲੈਣ ਤਰਲੇ ਤੇ ਮਿੰਨਤਾਂ ਵੀ ਪਾਉਂਦੀਆਂ ਸੀ।

34

## ਹੀਰ ਰਾਂਝੇ ਦੀ ਪਹਿਲੀ ਮਿਲਣੀ

ਇਕ ਦਿਨ ਆਹਮਣੇ ਸਾਹਮਣੇ ਹੋਏ ਦੋਵੇਂ, ਹੀਰ ਆਖਿਆ ਕੁਝ ਤਾਂ ਬੋਲ ਮੀਆਂ।
ਕੁਝ ਨਹੀਂ ਕੁਝ ਨਹੀਂ ਜਾਂ ਰਾਂਝੇ ਆਖਿਆ ਸੂ, ਨੱਢੀ ਆਖਦੀ ਕੁਫ਼ਰ ਨਾ ਤੋਲ ਮੀਆਂ।
ਅੰਦਰੋਂ ਅੰਦਰ ਨਾਸੂਰ ਜੋ ਬਣੀ ਜਾਂਦਾ, ਮੇਰੇ ਨਾਲ ਉਹ ਦਰਦ ਫਰੋਲ ਮੀਆਂ।
ਐਧਰ ਸਾਡਾ ਵੀ ਦਿਲ ਗਵਾਚਿਆ ਈ, ਕਿਧਰੇ ਹੈ ਤਾਂ ਨਹੀਂ ਤੇਰੇ ਕੋਲ ਮੀਆਂ।

35

ਰਾਂਝੇ ਆਖਿਆ ਪਤਾ ਨਹੀਂ ਕਿਵੇਂ ਦੱਸਾਂ, ਸਾਡਾ ਕੁਝ ਵੀ ਨਾ ਰਿਹਾ ਸਾਡੇ ਕੋਲ ਜੱਟੀਏ।
ਸਾਰੇ ਸੁਪਨੇ, ਸਕੀਮਾਂ ਤੇ ਅਕਲ ਮੰਦੀਆਂ, ਲੁਟ ਕੇ ਲੈ ਗਏ ਤੇਰੇ ਕਲੋਲ ਜੱਟੀਏ।
ਚਿੱਤ ਕਰੇ ਕਿ ਕੋਲ ਬਿਠਾ ਤੈਨੂੰ, ਸੁਣਾਂ ਮਿਠੜੇ ਮਿਠੜੇ ਬੋਲ ਜੱਟੀਏ।
ਚੰਗੀ ਰਹੇਂਗੀ ਪੁੱਛ ਨਾਹੋਰ ਕੁਝ ਵੀ, ਨਹੀਂ ਤਾਂ ਸਭ ਕੁਝ ਹੀ ਦੇਵਾਂ ਮੈਂ ਫੋਲ ਜੱਟੀਏ।

36

ਗਰਮ ਗਰਮ ਚਾਹ ਦੇ ਦੋਹਾਂ ਘੁਟ ਭਰ ਕੇ, ਅੰਦਰੋਂ ਤਪਸ਼ ਨੂੰ ਥੋੜਾ ਜਿਹਾ ਠਾਰਿਆ ਸੂ।
ਦਿਲ ਦੀਆਂ ਘੁੰਡੀਆਂ ਖੋਲ੍ਹੀਆਂ ਦੋਹਾਂ ਮਿਲ ਕੇ, ਭੈੜੀ ਅਕਲ ਤਾਈਂ ਜੰਦਰਾ ਮਾਰਿਆ ਸੂ।


Academy of the Punjab in North America: http://www.apnaorg.com

ਅੱਜ ਗੱਲ ਨਿਖਾਰ ਕੇ ਦੇਖ ਲੈਣੀ, ਹੀਰ ਰਾਂਝੇ ਨੇ ਦਿਲਾਂ ਵਿੱਚ ਧਾਰਿਆ ਸੂ।
ਚੁੱਪ ਕਰਕੇ ਦੇਖ ਤੂੰ ਅੱਜ ਸੁੱਨੜਾ, ਕਿਸ ਜੁਗਤ ਨਾ ਨ੍ਹੇਰਾ ਉਜਿਆਰਿਆ ਸੂ।

37

ਰਾਂਝੇ ਆਖਿਆ ਕਰੀਂ ਯਕੀਨ ਜੱਟੀਏ, ਤੈਨੂੰ ਵਾਚਿਆਂ ਬਿਨਾ ਨਹੀਂ ਜੀਅ ਹੋਣਾ।
ਕਿਸੇ ਕਾਰਣ ਜੇ ਤੂੰ ਨਾ ਬਣੀ ਸਾਡੀ, ਸਾਡੇ ਨਾਲ ਫਿਰ ਪਤਾ ਨਹੀਂ ਕੀ ਹੋਣਾ।
ਦਿਲ ਦੇਖ ਸਾਡਾ ਲੀਰੋ ਲੀਰ ਹੋਇਆ, ਪੱਕੇ ਧਾਗਿਆਂ ਬਿਨਾਂ ਨਹੀਂ ਸੀਅ ਹੋਣਾ।
ਹੁਣ ਤਾਂ ਖੁੱਲ ਕੇ ਗੱਲ ਜੇ ਕਰੇਂ ਕੇਰਾਂ, ਤਾਂਹੀਓਂ ਸਬਰ ਦਾ ਘੁੱਟ ਹੈ ਪੀ ਹੋਣਾ।

38

ਸੋਚ ਸਮਝ ਕੇ ਅਤੇ ਨਿਝੱਕ ਹੋ ਕੇ, ਦਿਲ ਖੋਲ੍ਹ ਕੇ ਅੱਜ ਸੁਣਾਈਂ ਹੀਰੇ।
ਤੂੰ ਕਰੇਂ ਕਹਾਣੀ ਮੈਂ ਸੁਣੀਂ ਜਾਵਾਂ, ਕਾਹਲੀ ਵਿੱਚ ਨਾ ਗੱਲ ਮੁਕਾਈਂ ਹੀਰੇ।
ਦੁੱਧ, ਖੰਡ ਵਿੱਚ ਚੌਲ ਮਿਲਾ ਕਰਕੇ, ਅੱਜ ਮਿੱਠੜੀ ਖੀਰ ਬਣਾਈਂ ਹੀਰੇ।
ਰੋਮ ਰੋਮ ਵਿੱਚ ਭਰ ਮਿਠਾਸ ਜਾਵੇ, ਸਾਰੀ ਉਮਰ ਫਿਰ ਬੈਠ ਕੇ ਖਾਈਂ ਹੀਰੇ।

39

ਮਨ ਮੰਦਰ ਨੂੰ ਲਿਪ ਕੇ ਪੂੰਝ ਕੇ ਤੇ, ਇਤਰ ਛਿੜਕ ਕੇ ਧੂਫ ਜਗਾਈਂ ਹੀਰੇ।
ਗੱਲ ਕਰਨ ਤੋਂ ਪਹਿਲਾਂ ਪਰ ਯਾਦ ਰੱਖੀਂ, ਸੱਚੇ ਰੱਬ ਦਾ ਨਾਮ ਧਿਆਈਂ ਹੀਰੇ।
ਖੰਡ, ਘਿਓ ਨੂੰ ਆਟੇ ਦੇ ਵਿੱਚ ਗੁੰਨ ਕੇ, ਸ਼ੱਕਰਪਾਰਿਆਂ ਤਾਈਂ ਬਣਾਈਂ ਹੀਰੇ।
ਫਿੱਕੀ ਬੂੰਦੀ ਨਾ ਜ਼ਰਾ ਸਵਾਦ ਲਗਦੀ, ਵਿੱਚ ਲੂਣ ਮਸਾਲਾ ਵੀ ਪਾਈਂ ਹੀਰੇ।

40

ਝੂਠ ਬੋਲਾਂ ਜਹੰਨਮ ਨੂੰ ਜਾਣ ਹੱਡੀਆਂ, ਸਚੋ ਸੱਚ ਮੈਂ ਕਰਾਂ ਬਿਆਨ ਮੀਆਂ।
ਸਾਡਾ ਪੜ੍ਹਨ ਪੜ੍ਹਾਉਣ ਦਾ ਕੰਮ ਕੋਈ ਨਾ, ਤੈਨੂੰ ਭਾਲਦੀ ਮੈਂ ਪਹੁੰਚੀ ਆਣ ਮੀਆਂ।
ਗੱਲਾਂ ਤੇਰੀਆਂ ਲੋਕਾਂ ਤੋਂ ਜਦੋਂ ਸੁਣੀਆਂ, ਖੁੱਸਦੀ ਜਾਂਦੀ ਸੀ ਮੇਰੀ ਤਾਂ ਜਾਨ ਮੀਆਂ।
ਮਰੀ ਤਰਸ ਕੇ ਤੇਰਿਆਂ ਦਰਸ਼ਨਾਂ ਨੂੰ, ਲੱਭਦੀ ਫਿਰੀ ਜ਼ਮੀਨ ਅਸਮਾਨ ਮੀਆਂ।

41

ਮਾਝੇ, ਮਾਲਵੇ ਅਤੇ ਦਵਾਬਿਆਂ ਵਿੱਚ, ਜਗ੍ਹਾ ਜਗ੍ਹਾ ਚਰਚੇ ਤੇਰੇ ਹਾਣੀਆਂ ਚੇ।
ਇਵੇਂ ਜਾਪਦਾ ਰਾਂਝਿਆ ਘੁਲ ਗਿਆ ਹੈਂ, ਪੰਜ ਦਰਿਆਵਾਂ ਦੇ ਪੰਜਾਂ ਹੀ ਪਾਣੀਆਂ ਚੇ।
ਰਾਂਝੇ ਚੌਧਰੀ ਦੀਆਂ ਘਰ ਘਰ ਹੋਣ ਗੱਲਾਂ, ਸਾਰੇ ਪਿੰਡਾਂ, ਸ਼ਹਿਰਾਂ ਸੱਥਾਂ ਢਾਣੀਆਂ ਚੇ।
ਮਾਣ ਮੈਨੂੰ ਵੀ ਸੀ ਆਪਣੇ ਆਪ ਉੱਤੇ, ਫਿਰੀ ਭਾਲਦੀ ਸਭਨਾਂ ਨਿਸ਼ਾਨੀਆਂ ਚੇ।

42

ਕਾਲਜ ਮਾਝੇ ਦੇ ਵਿੱਚ ਵੀ ਬੜੇ ਯਾਰਾ, ਆਪਣੇ ਘਰੋਂ ਮੈਂ ਪੜ੍ਹਨ ਰੋਜ਼ ਜਾ ਸਕਦੀ।
ਐਪਰ ਰਾਂਝਿਆ ਤੈਨੂੰ ਫਿਰ ਕਿਵੇਂ ਮਿਲਦੀ, ਤੇ ਮੈਂ ਪਿਆਰ ਪੀਂਘਾਂ ਕੀਕਣ ਪਾ ਸਕਦੀ।
ਰੂਪ ਆਖਰਾਂ ਦਾ ਦਿੱਤਾ ਰੱਬ ਮੈਨੂੰ, ਆਪਣੇ ਹੁਸਨ ਦਾ ਕਿੱਦਾਂ ਮੁੱਲ ਪਾ ਸਕਦੀ।
ਬੜਾ ਆਪਣੇ ਆਪ ਤੇ ਮਾਣ ਮੈਨੂੰ, ਆਪਣੇ ਆਪ ਨੂੰ ਕਿਵੇਂ ਅਜ਼ਮਾ ਸਕਦੀ।

43


Academy of the Punjab in North America: http://www.apnaorg.com

ਵਾਰੇ ਵਾਰੇ ਜਾਵਾਂ ਤੇਰੀਆਂ ਰਹਿਮਤਾਂ ਦੇ, ਸ਼ੁਕਰ ਰੱਬ ਦਾ ਰਾਂਝਾ ਵਾਰ ਵਾਰ ਕਰਦਾ।
ਸਜਦਾ ਕਰੇ ਜਮੀਨ ਤੇ ਸੀਸ ਲਾ ਕੇ, ਪੰਜਾਂ ਪੀਰਾਂ ਦੇ ਸੱਜਰੇ ਦੀਦਾਰ ਕਰਦਾ।
ਦੇਖ ਰੂਹ ਕਲਬੂਤ ਦੇ ਵਿੱਚ ਪੈਂਦੀ, ਵਾਰ ਵਾਰ ਰਾਂਝਾ ਨਮਸਕਾਰ ਕਰਦਾ।
ਖੈਰ ਮੰਗੇ ਖ਼ੁਦਾ ਤੋਂ ਹੱਥ ਅੱਡ ਕੇ, ਕਰਦਾ ਜੋ ਵੀ ਹੈ ਪਰਵਦਗਾਰ ਕਰਦਾ।

44

ਸੁਣੀ ਗਈ ਦਰਗਾਹ ਦੇ ਵਿੱਚ ਯਾਰੋ, ਰੱਜ ਰੱਜ ਕੇ ਦੋਵੇਂ ਦੀਦਾਰ ਕਰਦੇ।
ਇੱਕ ਪਲਕ ਵੀ ਨਾ ਝਮਕਣ ਦੇਣ ਉਹ ਤਾਂ, ਟਿਕਟਿਕੀ ਲਾ ਕੇ ਅੱਖਾਂ ਚਾਰ ਕਰਦੇ।
ਵਸਲ-ਏ ਰੂਹ ਦੀ ਜਦੋਂ ਫੁਹਾਰ ਲੱਗੀ, ਭਿੱਜ ਭਿੱਜ ਕੇ ਵਸਲ-ਏ ਯਾਰ ਕਰਦੇ।
ਦੇਈਂ ਸਮੇਂ ਦੀਆਂ ਸੂਈਆਂ ਰੋਕ ਮੌਲਾ, ਚੁੱਪ ਵਿੱਚੋਂ ਕੁਝ ਐਸਾ ਇਜ਼ਹਾਰ ਕਰਦੇ।

45

ਮਾਂ ਬਾਪ ਭਾਈ ਰਿਸ਼ਤੇਦਾਰ ਭੁੱਲ ਕੇ, ਚਿੱਤ ਕਰੇ ਹੁਣ ਮੈਂ ਤੇਰੇ ਨਾਲ ਵੱਸਾਂ।
ਰੋਣਾ ਪਵੇ ਤਾਂ ਮੈਂ ਤੇਰੇ ਨਾਲ ਰੋਵਾਂ, ਤੇਰੇ ਹਾਸਿਆਂ ਵਿੱਚ ਤੇਰੇ ਨਾਲ ਹੱਸਾਂ।
ਤੇਰੇ ਸਾਹ ਦੇ ਨਾਲ ਮੈਂ ਸਾਹ ਲੈ ਕੇ, ਰਸ ਰਸ ਕੇ ਮੈਂ ਤੇਰੇ ਨਾਲ ਰਸਾਂ।
ਮੁੱਕ ਗਿਆ ਈ ਦਰਦ ਫਿਰਾਕ ਮੇਰਾ, ਚਿੱਤ ਕਰੇ ਮੇਰਾ ਸਭ ਨੂੰ ਕੂਕ ਦੱਸਾਂ।

46

### ਜੋੜੀ ਦੀਆਂ ਗੱਲਾਂ ਹੋਣ ਲੱਗੀਆਂ

ਲੱਗੀਆਂ ਵਿੱਚ ਪੰਜਾਬ ਦੇ ਹੋਣ ਗੱਲਾਂ, ਹੀਰ ਰਾਂਝੇ ਦੀ ਜੋੜੀ ਕਮਾਲ ਦੀ ਜੀ।
ਹੁਸਨ ਪਰੀ ਹੀਰ ਦੀ ਗੱਲ ਚੱਲਦੀ, ਰਾਂਝੇ ਜੱਟ ਦੇ ਜੋਬਨ ਜਲਾਲ ਦੀ ਜੀ।
ਜੋੜੀ ਦੇਖ ਅਸਮਾਨ ਵੀ ਭਰੇ ਹੌਕਾ, 'ਧਰਤੀ ਕਿੰਨੇ ਸੋਹਣੇ ਜੀਅ ਪਾਲਦੀ ਜੀ'।
ਸੁੱਨੜਾ ਸਾਰਾ ਜਹਾਨ ਹੀ ਕਰੇ ਗੱਲਾਂ, ਜੋੜੀ ਕਦੇ ਨਾ ਬਣੀ ਇਸ ਦੇ ਨਾਲ ਦੀ ਜੀ।

47

### ਸਾਲ ਮਗਰੋਂ ਛੁੱਟੀਆਂ

ਪੜ੍ਹਦੇ, ਹੱਸਦੇ, ਖੇਡਦੇ ਸਾਲ ਲੰਘਿਆ, ਲੰਘ ਗਿਆ ਜਿਉਂ ਸੁਪਨਾ ਆਇਆ ਜੀ।
ਛੁੱਟੀਆਂ ਵਿੱਚ ਸਭ ਘਰਾਂ ਨੂੰ ਪਰਤ ਜਾਣਾ, ਏਸ ਗੱਲ ਨੇ ਬੜਾ ਸਤਾਇਆ ਜੀ।
ਦੋ ਢਾਈ ਮਹੀਨੇ ਦੀ ਗੱਲ ਸਾਰੀ, ਕਿਸ ਗੱਲ ਦਾ ਰੌਲਾ ਏਨਾ ਪਾਇਆ ਜੀ।
ਰਾਂਝਾ ਜਾਣ ਲੱਗਾ ਜਦੋਂ ਘਰ ਆਪਣੇ, ਕਹਿੰਦਾ ਬੱਸ ਮੈਂ ਗਿਆ ਤੇ ਆਇਆ ਜੀ।

48

### ਹੀਰ ਦਾ ਬਟਾਲੇ ਜਾਣਾ

ਹੀਰ ਜਦੋਂ ਬਟਾਲੇ ਘਰ ਜਾ ਪਹੁੰਚੀ, ਧੀ ਦੇਖ ਚੂਚਕ ਮੁਸਕਰਾਇਆ ਜੀ।
ਮੱਥਾ ਚੁੰਮਿਆਂ ਸਿਰ ਤੇ ਪਿਆਰ ਦਿੱਤਾ, ਨਾਲੇ ਘੁੱਟ ਕਲੇਜੇ ਨਾ ਲਾਇਆ ਜੀ।
ਭੈਣਾਂ ਭਾਈਆਂ ਬੈਠ ਕੇ ਗੱਲ ਕੀਤੀ, ਸਖੀਆਂ ਸਹੇਲੀਆਂ ਨੇ ਝੁਰਮਟ ਪਾਇਆ ਜੀ।
ਮਾਂ ਨੇ ਦੇਖਿਆ ਜਿਵੇਂ ਕੋਈ ਚੀਜ਼ ਲੱਭੀ, ਵਾਪਸ ਦੇਖ ਕੇ ਸੌਖਾ ਸਾਹ ਆਇਆ ਜੀ।

49


Academy of the Punjab in North America: http://www.apnaorg.com

### ਹੀਰ ਦੀਆਂ ਸਹੇਲੀਆਂ ਦੀ ਪੁੱਛ ਗਿੱਛ

ਕੁੜੀਆਂ ਪੁੱਛਦੀਆਂ ਦੱਸ ਖਾਂ ਹੀਰੀਏ ਨੀ, ਕਹਿੰਦੇ ਦੋਨੇ ਦਾ ਜੱਟ ਪੁਟਾਇਆ ਈ।
ਐਡਾ ਕੀ ਸੀ ਓਸ ਵਿੱਚ ਦੱਸ ਖਾਂ ਨੀ, ਜੇਹੜਾ ਹੀਰ ਦੇ ਦਿਲ ਤਾਈਂ ਭਾਇਆ ਈ।
ਗੱਲ ਝੱਲ ਦੀ ਅੱਗ ਦੇ ਵਾਂਗ ਫੈਲੀ, ਰਾਂਝੇ ਹੀਰ ਤੇ ਹੱਥ ਟਿਕਾਇਆ ਈ।
ਸਾਹਿਬਾਂ, ਸੱਸੀ, ਸੀਰੀ, ਸੋਹਣੀ ਵਾਂਗ ਤੂੰ ਵੀ, ਕੋਈ ਨਵਾਂ ਇਤਿਹਾਸ ਰਚਾਇਆ ਈ।
50

### ਹੀਰ ਦਾ ਘਰਦਿਆਂ ਨੂੰ ਆਪ ਦੱਸਣਾ

ਬੈਠੇ ਖੌਂਪੀਏ ਤਾਈਂ ਸਾਰੇ ਕਰਨ ਗੱਲਾਂ, ਸਾਲ ਮਗਰੋਂ ਸਮਾਂ ਹੱਥ ਆਇਆ ਈ।
ਅੱਧੀ ਰਾਤ ਹੋਈ ਤਾਰੇ ਚੰਦ ਚਮਕਣ, ਅੱਧਾ ਗਿੱਟੀਆਂ ਨੇ ਗੇੜਾ ਲਾਇਆ ਈ।
ਕੋਈ ਲਵੇ ਗਲ੍ਹਾਟ ਤੇ ਨੀਂਦ ਆਵੇ, ਲੈ ਵਾਸੀਆਂ ਕਿਨੇ ਢੌਂਕਾ ਲਾਇਆ ਈ।
ਮਾਂ ਦੇ ਕੋਲ ਬਹਿ ਕੇ ਸਾਰੇ ਘਰਦਿਆਂ ਨੂੰ, ਕਿੱਸਾ ਹੀਰ ਨੇ ਖੋਲ੍ਹ ਸੁਣਾਇਆ ਈ।
51

### ਹੀਰ ਦੀ ਮਾਂ ਦਾ ਦਰਦ

ਸਾਰੀ ਰਾਤ ਹੀ ਗਿਣਦੀ ਮੈਂ ਰਹੀ ਤਾਰੇ, ਮਾਂ ਨੇ ਮੱਥੇ ਤੇ ਹੱਥ ਟਿਕਾਇਆ ਈ।
ਲੋਕੀਂ ਵੱਖੀਆਂ ਥਾਣੀ ਸੀ ਕਿਉਂ ਹੱਸਦੇ, ਮੈਨੂੰ ਅੱਜ ਹੁਣ ਸਮਝ ਵਿੱਚ ਆਇਆ ਈ।
ਨੀ ਕਲਜੋਗਣੇ ਇਹ ਤੂੰ ਕੀ ਕੀਤਾ, ਸੁਣ ਕੇ ਕਾਲਜਾ ਬਾਹਰ ਨੂੰ ਆਇਆ ਈ।
ਮਾਂ ਮਰ ਤਾਂ ਨਹੀਂ ਸੀ ਗਈ ਤੇਰੀ, ਆਪੇ ਆਪਣਾ ਸਾਕ ਰਚਾਇਆ ਈ।
52

### ਹੀਰ ਦੀ ਵਕਾਲਤ

ਨੀ ਤੂੰ ਦਿਲ ਨੂੰ ਗੱਲ ਨਾਲਾ ਮਾਏ, ਕਦੇ ਗਲਤ ਖ਼ਿਆਲ ਨਾ ਆਇਆ ਈ।
ਸੋਚ ਸਮਝ ਕੇ ਫੈਸਲਾ ਮੈਂ ਕੀਤਾ, ਅੰਨ੍ਹੇਵਾਹ ਨਾ ਘੋੜਾ ਦੁੜਾਇਆ ਈ।
ਸਾਰੀ ਦੁਨੀਆ ਦੇ ਦਿਲਾਂ ਵਿੱਚ ਵੱਸਦਾ ਉਹ, ਜਿਸ ਨੂੰ ਆਪਣਾ ਇਸ਼ਟ ਬਣਾਇਆ ਈ।
ਕਰਮਾਂ ਵਾਲਿਆਂ ਦੇ ਹਿੱਸੇ ਅੰਮੀਏ ਨੀ, ਰਾਂਝੇ ਵਰਗਾ ਹੀਰਾ ਕੋਈ ਆਇਆ ਈ।
53

### ਮਾਂ ਦਾ ਦਰਦ

ਖਰਾ ਖੋਟਾ ਤਾਂ ਮੈਂ ਨਹੀਂ ਕਿਹਾ ਉਸਨੂੰ, ਪਰ ਤੂੰ ਚੰਗੀ ਨਹੀਂ ਗੱਲ ਇਹ ਕਰੀ ਕੁੜੀਏ।
ਦਸਾਂ ਦੇਸ਼ਾਂ 'ਚ ਘੁੰਮਦਾ ਬਾਪ ਤੇਰਾ, ਉਸਦੀ ਪੱਗ ਤੂੰ ਦਾਗੀ ਕਰ ਧਰੀ ਕੁੜੀਏ।
ਮੈਨੂੰ ਧਰਤੀ ਨਹੀਂ ਦੇ ਰਹੀ ਵਿਹਲ ਕਿਧਰੇ, ਬਿਨ ਮੌਤ ਮੈਂ ਰਾਤ ਦੀ ਮਰੀ ਕੁੜੀਏ।
ਚਾਵਾਂ ਨਾਲ ਅਸਾਂ ਤੈਨੂੰ ਪਾਲਿਆ ਸੀ, ਕੀ ਪਤਾ ਸੀ ਘੋਲੇਂਗੀ ਕੜ੍ਹੀ ਕੁੜੀਏ।
54


Academy of the Punjab in North America: http://www.apnaorg.com

## ਹੀਰ ਦੀ ਵਕਾਲਤ

ਇੱਕ ਵਾਰ ਜਾਂ ਰਾਂਝੇ ਨੂੰ ਦੇਖ ਲੈਂਗੀ, ਹੋ ਜਾਵੇਗੀ ਤੂੰ ਵੀ ਧੰਨ ਮਾਏ।
ਮਰ ਜਾਊਂਗੀ ਲੇਕਿਨ ਨਾ ਉੱਧਲ਼ਾਂਗੀ, ਤੇਰੇ ਬੂਹੇ ਤੇ ਆਊਂਗੀ ਜੰਨ ਮਾਏ।
ਕਿਸੇ ਧੁਰੇ ਟਿਕਾਣੇ ਦੀ ਕੁੜੀ ਹਾਂ ਮੈਂ, ਕੋਠੇ ਉੱਪਰ ਨਾ ਬੈਠੀ ਕੋਈ ਰੰਨ ਮਾਏ।
ਐਵੇਂ ਧਾਗੇ ਤਵੀਤ ਨਾ ਕਰੀ ਜਾ ਤੂੰ, ਫਾਹੀ ਗਲਤ ਨਾ ਗਲੇ ਵਿੱਚ ਬੰਨ੍ਹ ਮਾਏ।

55

## ਮਾਂ ਦਾ ਦਰਦ

ਚਿੱਤ ਕਰੇ ਕਚੂੰਬਰ ਮੈਂ ਕਰਾਂ ਤੇਰਾ, ਇੱਕ ਵਾਰ ਤਾਂ ਬੰਦੀ ਬਣਾ ਦੇਵਾਂ।
ਕੁਝ ਖਾ ਕੇ ਮਰ ਜਾਂ ਮੈਂ ਜਾਂ ਤਾਂ, ਜਾਂ ਫਿਰ ਤੇਰਾ ਹੀ ਭੋਗ ਮੈਂ ਪਾ ਦੇਵਾਂ।
ਜੀਣ ਜੋਗੀ ਨਾ ਛੱਡਿਆ ਤੂੰ ਮੈਨੂੰ, ਆਪਣਾ ਮੂੰਹ ਮੈਂ ਕਿੱਥੇ ਛੁਪਾ ਦੇਵਾਂ।
ਆ ਲੈਣ ਦੇ ਘਰੇ ਅੱਜ ਬਾਪ ਤੇਰਾ, ਅੱਜੇ ਰਾਤ ਨੂੰ ਝਗੜਾ ਚੁਕਾ ਦੇਵਾਂ।

56

ਕੀ ਸੋਚਿਆ ਤੁਸਾਂ ਬਦਕਾਰ ਬਾਰੇ, ਚੂਚਕ ਨਾਲ ਸੀ ਮਾਂ ਸਵਾਲ ਕਰਦੀ।
ਇਵੇਂ ਜਾਪਦਾ ਮੈਨੂੰ ਕੁਝ ਹੋ ਜਾਣਾਂ, ਦਿਲ ਦੀ ਪੀੜ ਹੈ ਮੈਨੂੰ ਬੇਹਾਲ ਕਰਦੀ।
ਆਖੋ ਮੁੰਡਿਆਂ ਨੂੰ ਕੁਝ ਕਰਨ ਇਸਦਾ, ਮੇਰੇ ਨਾਲ ਜਵਾਬ ਸਵਾਲ ਕਰਦੀ।
ਇਸਨੂੰ ਜੀਂਦੀ ਜਮੀਨ ਵਿੱਚ ਧੱਸ ਦੇਵੋ, ਕੁੱਲ ਕੋੜਮਾ ਕਿੱਦਾਂ ਕੰਗਾਲ ਕਰਦੀ।

57

## ਚੂਚਕ ਦੀ ਦਲੀਲ

ਚੂਚਕ ਆਖਦਾ ਕੰਨ ਧਰ ਸੁਣੀ ਜੱਟੀਏ, ਹੀਰ ਜਾਨ ਦੀ ਜਾਨ ਦੀ ਜਾਨ ਮੇਰੀ।
ਧੀ ਮੇਰੀ ਤੋਂ ਕਦੇ ਮੈਂ ਸੋਚਿਆ ਨਾ, ਹੋਊ ਕੀਮਤੀ ਕਦੇ ਵੀ ਸ਼ਾਨ ਮੇਰੀ।
ਗਲਤੀ ਹੋ ਗਈ ਕੁੜੀ ਤੋਂ ਕੀ ਕਰੀਏ, ਐਵੇਂ ਰੋ ਨਾ ਤੂੰ ਵੀ ਤਾਂ ਜਾਨ ਮੇਰੀ।
ਦੋਨੇ ਵਿੱਚ ਵੀ ਵਾਕਫ਼ੀ ਬੜੀ ਮੇਰੀ, ਕਈਆਂ ਪਿੰਡਾਂ ਦੇ ਵਿੱਚ ਪਛਾਣ ਮੇਰੀ।

58

ਉੱਗੀ ਚਿੱਟੀ ਰਸੂਲਪੁਰ ਮੈਂ ਜਾਊਂ, ਕਾਲ੍ਹੇ ਠੌਲੇ ਕਵ੍ਹਾਲੇ ਚੱਕਰ ਮਾਰ ਜਾਨਾ।
ਕੇਸਰਪੁਰ ਮੰਡੇਰ ਤੇ ਸੁੱਨੜਾਂ ਵਿੱਚ, ਕੱਸੋ ਚਾਹਲ ਸਿਧਵਾਂ ਤੇ ਕੁਲਾਰ ਜਾਨਾ।
ਨੱਥੂ ਚਾਹਲ ਬਲ੍ਹੇਰ ਭੇਟਾਂ ਵਿੱਚ ਹੋ ਕੇ, ਇੱਬਣ ਆਹਮਪੁਰ ਅਤੇ ਪਵਾਰ ਜਾਨਾ।
ਨਿੱਝਰਾਂ ਗੋਂਦ ਪੁਰ ਗਿੱਲਾਂ ਤੇ ਗਾਖਲਾਂ ਨੂੰ, ਸਖਾਣੀ ਓਜਲਿਆਂ ਤੋਂ ਲੈ ਕੇ ਯਾਰ ਜਾਨਾ।

59

ਪੂਰੀ ਪੁੱਛ ਪੜਤਾਲ ਮੈਂ ਕਰੂੰ ਪਹਿਲਾਂ, ਵੱਡਾ ਚੌਧਰੀ ਫਿਰ ਲਵਾਂ ਸੱਦ ਜੱਟੀਏ।
ਮੰਨਿਆਂ ਦੰਨਿਆਂ ਦਆਬੇ ਦਾ ਜੱਟ ਸੁਣਿਆਂ, ਮੇਰੇ ਨਾਲੋਂ ਵੀ ਉੱਚਾ ਹੈ ਕੱਦ ਜੱਟੀਏ।
ਚੁੱਪ ਕਰਕੇ ਕਰੋ ਕੰਮ ਕਾਰ ਘਰ ਦਾ, ਇਸ ਤਰਾਂ ਨਾ ਕਮਲ ਤੂੰ ਵੱਢ ਜੱਟੀਏ।
ਛੱਤੀ ਪੱਤਣ ਤਰ ਕੇ ਮੈਂ ਵੀ ਵੇਖ ਹਟਿਆਂ, ਐਵੇਂ ਸਮਝੀਂ ਨਾ ਮੈਨੂੰ ਉਜੱਡ ਜੱਟੀਏ।

60


Academy of the Punjab in North America: http://www.apnaorg.com

## ਹੀਰ ਦਾ ਧੰਨਵਾਦ ਕਰਨਾ

ਧੰਨਵਾਦ ਤੇਰਾ ਬਾਬਲ ਮੇਰਿਆ ਵੇ, ਪੈਣ ਲੱਗੀ ਸੀ ਮੈਨੂੰ ਤੇ ਅੱਜ ਦੰਦਲ।
ਇਟ ਸਿਟ ਭੱਖੜੇ ਹੀ ਬਾਕੀ ਰਹਿ ਜਾਂਦੇ, ਸੁੱਕ ਜਾਣੀ ਸੀ ਤੇਰੀ ਕੰਵਾਰ ਗੰਦਲ।
ਪੂਰੀ ਪਾਕ ਪਵਿੱਤਰ ਮੈਂ ਬਾਬਲਾ ਵੇ, ਮਹਿਕ ਅਜੇ ਵੀ ਮੇਰੀ ਸੰਦੂਕ ਸੰਦਲ।
ਮੇਰੇ ਕਮਰੇ 'ਚ ਕੁੜੀ ਜੋ ਨਾਲ ਰਹਿੰਦੀ, ਪੁੱਛ ਲਿਓ ਉਸ ਤੋਂ ਉਸਦਾ ਪਿੰਡ ਧੰਦਲ।
61

ਹੀਰ ਸ਼ੁਕਰ ਕੀਤਾ ਪਿਤਾ ਨਾਲ ਉਸਦੇ, ਪੰਜਾਂ ਪੀਰਾਂ ਨੂੰ ਬਹਿ ਕੇ ਧਿਆਉਣ ਲੱਗੀ।
ਰੀਝਾਂ ਜਾਗ ਪਈਆਂ ਸੁਪਨੇ ਆਉਣ ਲੱਗੇ, ਫੇਰ ਖ਼ਾਬਾਂ ਦੇ ਮਹਿਲ ਬਨ੍ਹਾਉਣ ਲੱਗੀ।
ਪੁਰੇ ਵੱਲੋਂ ਘਟਾ ਜਦੋਂ ਚੜ੍ਹੀ ਵੇਖੀ, ਮੋਰ ਖੁਸ਼ ਹੈ ਜੀ ਪੈਲਾਂ ਪਾਉਣ ਲੱਗੀ।
ਪਹਿਰ ਰਾਤ ਗਈ ਥੋੜਾ ਜਿਹਾ ਮੀਂਹ ਵਰ੍ਹਿਆ, ਤੜਕੇ ਸੀਤਲ ਹਵਾ ਫਿਰ ਆਉਣ ਲੱਗੀ।
62

## ਹੀਰ ਦੇ ਭਰਾਵਾਂ ਦੀ ਗੱਲ

ਬਹਿ ਕੇ ਹੀਰ ਦੇ ਭਾਈਆਂ ਨੇ ਗੱਲ ਕੀਤੀ, ਇਹ ਕੀ ਹੋ ਗਿਆ ਸਾਡੜੇ ਬਾਪ ਨੂੰ ਜੀ।
ਕਿੰਨਾ ਖ਼ਫ਼ਾ ਸੀ ਹੀਰ ਦੇ ਇਸ਼ਕ ਕਰਕੇ, ਕੀਹਨੇ ਲਾਹਿਆ ਸੂ ਬਾਪੂ ਦੇ ਤਾਪ ਨੂੰ ਜੀ।
ਸਾਡੀ ਕੁਲ ਨੂੰ ਲੀਕ ਹੈ ਲਾ ਦਿੱਤੀ, ਕੀਤਾ ਬੁਰਕੀਆਂ ਸਾਡੀ ਓਕਾਤ ਨੂੰ ਜੀ।
ਹਿੱਕ ਤਾਣ ਕੇ ਕਦੇ ਨਹੀਂ ਤੁਰ ਸਕਦੇ, ਮਿਹਣਾ ਹੋ ਗਿਆ ਚੂਚਕ ਦੀ ਜਾਤ ਨੂੰ ਜੀ।
63

ਬਾਪੂ ਮੇਰਿਆ ਮੈਨੂੰ ਇੱਕ ਗੱਲ ਦੱਸੀਂ, ਇਹ ਤੂੰ ਨਵਾਂ ਕੀ ਖੇਲ ਰਚਾਇਆ ਈ।
ਹਾਮੀ ਹੀਰ ਦੀ ਅੱਜ ਤੂੰ ਭਰਨ ਲੱਗਾ, ਕਿਹੜੇ ਪੀਰ ਨੇ ਤੈਨੂੰ ਭਰਮਾਇਆ ਈ।
ਹਾਲੇ ਰੜਕਦਾ ਮੇਰੀ ਤਾਂ ਹਿੱਕ ਅੰਦਰ, ਜੇਹੜਾ ਹੀਰ ਨੇ ਜ਼ਖ਼ਮ ਲਗਾਇਆ ਈ।
ਸਾਨੂੰ ਦੱਸ ਤਾਂ ਖੋਲ੍ਹ ਕੇ ਇੱਕ ਵਾਰੀ, ਪੁੱਠਾ ਪੰਗਾ ਤੂੰ ਇਹ ਕੀ ਪਾਇਆ ਈ।
64

## ਚੂਚਕ ਦਾ ਮਾਂ ਧੀ ਦੋਹਾਂ ਦਾ ਸੋਚਣਾ

ਚੂਚਕ ਆਖਦਾ ਗੱਲ ਸੁਣ ਕੰਨ ਧਰ ਕੇ, ਮੈਂ ਤਾਂ ਖੇਡ ਨੂੰ ਜਰਾ ਛੁਪਾਇਆ ਸੂ।
ਫਸਿਆ ਮੈਂ ਕੜਿੱਕੀ ਦੇ ਵਿੱਚ ਪੁੱਤਰਾ, ਇੱਕ ਨਵਾਂ ਹੀ ਦਾਉ ਚਲਾਇਆ ਸੂ।
ਜਾਂ ਤੇ ਮਾਂ ਮਰਦੀ ਜਾਂ ਤੇਰੀ ਭੈਣ ਮਰਦੀ, ਮੈਂ ਤੇ ਦੋਹਾਂ ਨੂੰ ਅੱਜ ਬਚਾਇਆ ਸੂ।
ਮੇਰਾ ਦਿਲ ਹੀ ਪੁੱਛਿਆ ਜਾਣਦਾ ਹੈ, ਕਿਵੇਂ ਗੁੱਸੇ ਨੂੰ ਮੈਂ ਛਪਾਇਆ ਸੂ।
65

ਹੁਣ ਹੀਰ ਨੂੰ ਹੈ ਵਿਸ਼ਵਾਸ ਪੂਰਾ, ਉਸਦਾ ਬਾਪ ਹੈ ਧੀ ਦੇ ਨਾਲ ਪੁੱਤਰਾ।
ਜਿਵੇਂ ਆਖੂੰ ਹੁਣ ਮੈਂ ਉਸਨੇ ਮੰਨ ਲੈਣਾ, ਮੇਰੀ ਸੋਚ ਦਾ ਵੇਖੀਂ ਕਮਾਲ ਪੁੱਤਰਾ।
ਚੂਚਕ ਅਕਲ ਦੇ ਨਾਲ ਕੋਈ ਖੇਡ ਖੇਡੂ, ਹਰ ਪਾਸੇ ਦਾ ਰੱਖ ਖ਼ਿਆਲ ਪੁੱਤਰਾ।
ਜਦੋਂ ਵਿੰਨ੍ਹ ਕੇ ਤੀਰ ਨੂੰ ਮਾਰੀਏ ਜੀ, ਕਰ ਦੇਈਦਾ ਹਾਲੋਂ ਬੇਹਾਲ ਪੁੱਤਰਾ।
66


Academy of the Punjab in North America: http://www.apnaorg.com

## ਚੂਚਕ ਦਾ ਵਿਦੇਸ਼ ਜਾਣਾ

ਕੈਲੇਫੋਰਨੀਆਂ ਅਮਰੀਕਾ ਜਾਣ ਦੇ ਲਈ, ਚੂਚਕ ਆਪਣਾਂ ਮਨ ਬਣਾਇਆ ਜੀ।
ਪੰਜਾਂ ਸੱਤਾਂ ਦਿਨਾਂ ਦੀ ਗੱਲ ਕਰਕੇ, ਚੂਚਕ ਆਪ ਪਰਦੇਸ ਸਿਧਾਇਆ ਜੀ।
ਮਾਂ ਪੁੱਤਾਂ ਨੂੰ ਦੇ ਕੇ ਧਰਵਾਸ ਚੂਚਕ, ਠੰਢੇ ਪਾਣੀ ਦਾ ਘੁੱਟ ਪਿਲਾਇਆ ਜੀ।
ਕਿਸੇ ਨੂੰ ਨਾ ਗੱਲ ਦੀ ਸਮਝ ਲੱਗੀ, ਛਛੋਪੰਜ ਵਿੱਚ ਸਭ ਨੂੰ ਹੀ ਪਾਇਆ ਜੀ।
67

## ਕਿਸੇ ਨੂੰ ਨਵਾਂ ਮੋੜ ਦੇਣਾ

ਚੂਚਕ ਹਫ਼ਤੇ ਦੇ ਵਿੱਚ ਹੀ ਪਰਤ ਆਇਆ, ਸਾਰੇ ਟੱਬਰ ਨੂੰ ਕੋਲ ਬਠਾ ਲਿਆ ਜੀ।
ਸੂਝ ਨਾਲ ਇੱਕ ਨਾਟਕੀ ਮੋੜ ਦੇ ਕੇ, ਕਿੱਸਾ ਨਵਿਆਂ ਰਾਹਾਂ ਉੱਤੇ ਪਾ ਲਿਆ ਜੀ।
ਮੁੜੀ ਸਾਰੀ ਕਹਾਣੀ ਹੀ ਨਵੇਂ ਪਾਸੇ, ਚੂਚਕ ਨਵਾਂ ਹੀ ਖੇਲ਼ ਰਚਾ ਲਿਆ ਜੀ।
ਬੜੀ ਜੁਗਤ ਦੇ ਨਾਲ ਵਿਓਂਤ ਘੜ ਕੇ, ਸਾਰਾ ਟੱਬਰ ਆਪਣੇ ਪਿੱਛੇ ਲਾ ਲਿਆ ਜੀ।
68

ਕਹੇ ਧਾਰੀਵਾਲਾਂ ਵਰਗਾ ਕਾਰਖ਼ਾਨਾ, ਆਪਾਂ ਅਮਰੀਕਾ ਵਿੱਚ ਹੈ ਲਾ ਦੇਣਾ।
ਗਰਮ ਸਰਦ ਮੌਸਮ ਵਿੱਚ ਪਾਉਣ ਵਾਲਾ, ਹਰ ਤਰਾਂ ਦਾ ਕੱਪੜਾ ਬਣਾ ਦੇਣਾ।
ਲੱਠੇ, ਖਾਸ਼ੇ, ਮਲਮਲ, ਕਰੇਪ ਬਣ ਸੀ, ਸ਼ੀਟਾਂ, ਪਾਪਲੀਨਾਂ ਨੂੰ ਟਾਂਕਾ ਲਾ ਦੇਣਾ।
ਨੌਵਾਂ ਦੇਸ਼ਾਂ ਦੇ ਵਿੱਚ ਆਪਣੇ ਕੰਮ ਚੱਲਦੇ, ਦਸਵੇਂ ਦੇਸ਼ ਵੀ ਪੈਰ ਟਿਕਾ ਦੇਣਾ।
69

## ਚਾਤਰ ਕਰੇ ਚਤਰਾਈ

ਦੇਖਣ ਫੋਲ ਕੇ ਸਾਰਾ ਸਮਾਨ ਘਰ ਦੇ, ਬਾਪੂ ਬਹੁਤ ਚੀਜ਼ਾਂ ਲੈ ਕੇ ਆਇਆ ਸੂ।
ਕੱਲੇ ਕੱਲੇ ਨੂੰ ਮਾਰ ਕੇ ਵਾਜ ਉਸਨੇ, ਸਭ ਦੇ ਹੱਥ ਸਮਾਨ ਫੜਾਇਆ ਸੂ।
ਰੋਟੀ ਵੇਲਣ ਵਾਲੀ ਵੀ ਮਸ਼ੀਨ ਆਂਦੀ, ਜਿਸਨੂੰ ਚੌਂਕੇ ਦੇ ਵਿੱਚ ਟਿਕਾਇਆ ਸੂ।
ਚਾਤਰ ਕਰੇ ਚਤਰਾਈ ਤਾਂ ਕੌਣ ਜਾਣੇ, ਸਭ ਨੂੰ ਚੂਚਕ ਨੇ ਉੱਲੂ ਬਣਾਇਆ ਸੂ।
70

ਰਿਸ਼ਤੇਦਾਰ ਸਾਰੇ ਕੱਠੇ ਕਰੇ ਇੱਕ ਦਿਨ, ਸਾਰਾ ਕੋੜਮਾ ਸੱਦ ਬੁਲਾਇਆ ਜੀ।
ਨਵੇਂ ਕਾਰਖ਼ਾਨੇ ਦੀ ਹੈ ਖੁਸ਼ੀ ਕਰਨੀ, ਸਾਰਾ ਆਂਢ ਗਵਾਂਢ ਵੀ ਆਇਆ ਜੀ।
ਲੁੱਦੇਹਾਣੇ ਤੋਂ ਸੀ ਹਲਵਾਈ ਸੱਦੇ, ਮੁਰਗਾ, ਮੀਟ ਕਬਾਬ ਬਣਾਇਆ ਜੀ।
ਨੱਚਣ ਵਾਲੇ ਵੀ ਸੀ ਚੰਡੀਗੜ੍ਹੋਂ ਆਏ, ਨੱਚ ਨੱਚ ਕੇ ਜਸ਼ਨ ਮਨਾਇਆ ਜੀ।
71

ਮੋਤੀਚੂਰ ਦੇ ਲੱਡੂ ਖਵਾਏ ਸਭ ਨੂੰ, ਗਰਮ ਗਰਮ ਜਲੇਬੀਆਂ ਖਾਂਵਦੇ ਜੀ।
ਕਲਾਕੰਦ, ਰਸਗੁੱਲੇ, ਗੁਲਾਬਜਾਮਨ, ਮਨ ਚਾਹੇ ਲੂੰਢੇ ਸਾਰੇ ਲਾਂਵਦੇ ਜੀ।
ਪਲੰਘ ਤੋੜ ਸੀ ਬੜਾ ਸਵਾਦ ਬਣਿਆਂ, ਮਾਊਂ ਮਾਊਂ ਕਰਕੇ ਸਾਰੇ ਖਾਂਵਦੇ ਜੀ।
ਗੁਥਲੀ ਬੰਨ ਸਭ ਨੂੰ ਇੱਕ ਇੱਕ ਦਿੱਤੀ, ਭਾਜੀ ਲੈ ਲੋਕੀਂ ਘਰੀਂ ਜਾਂਵਦੇ ਜੀ।
72


Academy of the Punjab in North America: http://www.apnaorg.com

ਡੋਲੇ ਹੀਰ ਦਾ ਨਾ ਵਿਸ਼ਵਾਸ ਕਿਧਰੇ, ਤਾਂ ਹੀ ਚੂਚਕ ਨੇ ਚੱਕਰ ਚਲਾਇਆ ਸੂ।
ਹੀਰ ਫਸ ਜਾਵੇ ਚੰਗੀ ਤਰਾਂ ਜਿਸ ਵਿੱਚ, ਐਸਾ ਜੁਗਤੀ ਨੇ ਜਾਲ ਵਿਛਾਇਆ ਸੂ।
ਧੀ ਮਾਰ ਕੇ ਜੀਂਦਾ ਹੀ ਮੈਂ ਮਰ ਸਾਂ, ਗੂੜ੍ਹੇ ਰਿਸ਼ਤੇ ਨੇ ਰੰਗ ਵਿਖਾਇਆ ਸੂ।
ਉੱਡ ਜਾਏ ਨਾ ਕਿਧਰੇ ਫੁਰਨ ਕਰਕੇ, ਚੋਗਾ ਬੜਾ ਵਧੀਆ ਤਾਂ ਹੀ ਪਾਇਆ ਸੂ।

**73**

## ਹੀਰ ਨੂੰ ਪੱਛਮੀ ਦੁਨੀਆ ਦਿਖਾਉਣੀ

ਅਜੇ ਕੰਮ ਨੇ ਬਹੁਤ ਹੀ ਕਰਨ ਵਾਲੇ, ਇੱਕ ਵਾਰ ਮੈਂ ਜਲਦੀ ਫਿਰ ਜਾਵਣਾ ਜੀ।
ਨਾਲੇ ਕਾਰਖ਼ਾਨਾ ਹੈ ਸ਼ੁਰੂ ਕਰਨਾ, ਦੋਂਹ ਹੋਰ ਦੇਸ਼ੀਂ ਫੇਰਾ ਪਾਵਣਾ ਜੀ।
ਹਾਲੇ ਛੁੱਟੀਆਂ ਤਾਂ ਕਾਫੀ ਰਹਿੰਦੀਆਂ ਨੇ, ਨਾਲ ਹੀਰ ਨੂੰ ਵੀ ਲੈ ਜਾਵਣਾ ਜੀ।
ਦੁਨੀਆ ਪੱਛਮੀ ਦੇਸ਼ਾਂ ਵਿੱਚ ਕਿਵੇਂ ਰਹਿੰਦੀ, ਆਪਣੀ ਧੀ ਨੂੰ ਜਾ ਦਿਖਾਉਣਾ ਜੀ।

**74**

ਹੀਰ ਚਾਈਂ ਚਾਈਂ ਪਿਓ ਦੇ ਨਾਲ ਤੁਰ ਪਈ, ਚਿੱਤ ਚੇਤੇ ਨਾ ਕਿੱਧਰ ਨੂੰ ਉੜ ਚੱਲੀ।
ਦਿਲ ਦੋਨੇ ਦੇ ਦੇਸ਼ ਵਿੱਚ ਧੜਕਦਾ ਸੀ, ਤਕਦੀਰ ਅੱਜ ਕਿੱਧਰ ਨੂੰ ਮੁੜ ਚੱਲੀ।
ਤਨੋ ਮਨੋਂ ਤਾਂ ਜੁੜੀ ਸੀ ਰਾਂਝਣੇ ਨਾ, ਕਿਸਮਤ ਹੀਰ ਦੀ ਹਿਜਰ ਨਾ ਜੁੜ ਚੱਲੀ।
ਕਦੀ ਚੁੱਕ ਕਹਾਰ ਲੈ ਜਾਂਵਦੇ ਸੀ, ਹੀਰ ਉਡਣ ਖਟੋਲੇ ਵਿੱਚ ਉੜ ਚੱਲੀ।

**75**

## ਐਲ ਏ ਸ਼ਹਿਰ

ਢਲੀ ਛਾਮ ਨੂੰ ਐਲ. ਏ. ਫਲਾਈਟ ਪਹੁੰਚੀ, ਚੂਚਕ ਹੀਰ ਨੂੰ ਅੱਡਾ ਦਿਖਾਂਵਦਾ ਜੀ।
ਹਰ ਮਿੰਟ ਦੇ ਬਾਅਦ ਜਹਾਜ਼ ਉੱਤਰੇ, ਐਨਾ ਮੁਲਕ ਏਥੇ ਆਉਂਦਾ ਜਾਂਵਦਾ ਜੀ।
ਸ਼ਾਂਤ ਮਹਾਂਸਾਗਰ ਦੇ ਕੰਢੇ ਉਪਰ, ਕੈਲੇਫੋਰਨੀਆਂ ਰਾਜ ਕਹਾਉਂਦਾ ਜੀ।
ਡਿਜ਼ਨੀਲੈਂਡ ਤੇ ਹੌਲੀਵੁਡ ਵੇਖਣੇ ਨੂੰ, ਹਰ ਕਿਸੇ ਦਾ ਦਿਲ ਹੀ ਚਾਂਹਵਦਾ ਜੀ।

**76**

ਐਲ ਏ ਸ਼ਹਿਰ ਨੂੰ ਦੇਖ ਹੀਰ ਖੁਸ਼ ਹੋਈ, ਸਾਰਾ ਸ਼ਹਿਰ ਅੱਜ ਹੀ ਘੁੰਮਣਾ ਚਾਹੁੰਦੀ ਜੀ।
ਚੂਚਕ ਆਖਿਆ ਸ਼ਹਿਰ ਹੈ ਬੜਾ ਵੱਡਾ, ਇੱਕ ਨੰਬਰ ਸੜਕ ਅੱਗੇ ਆਂਵਦੀ ਜੀ।
ਸੱਤਰ ਮੀਲ ਸਮੁੰਦਰ ਦੇ ਨਾਲ ਚੱਲਦਾ, ਐਲ ਏ ਸ਼ਹਿਰ ਦੀ ਸਮਝ ਨਾ ਆਂਵਦੀ ਜੀ।
ਕਿੰਨੇ ਜਾਇਜ਼ ਤੇ ਕਿੰਨੇ ਨਜਾਇਜ ਰਹਿੰਦੇ, ਗਿਣਤੀ ਕਿਸੇ ਨੂੰ ਠੀਕ ਨਾ ਆਂਵਦੀ ਜੀ।

**77**

ਅੱਗੇ ਚਾਰ ਸੌ ਪੰਜ ਸੀ ਸੜਕ ਆ ਗਈ, ਉਸਨੂੰ ਦੇਖ ਕੇ ਹੀਰ ਘਬਰਾਉਣ ਲੱਗੀ।
ਛੇ ਲਾਈਨਾਂ ਵਿੱਚ ਇੱਕ ਪਾਸੇ ਜਾਣ ਗੱਡੀਆਂ, ਕਾਰਾਂ ਗਿਣੇ ਹਿਸਾਬ ਲਗਾਉਣ ਲੱਗੀ।
ਲੱਖਾਂ ਮੋਟਰਾਂ ਸੜਕ ਤੇ ਜਾਂਦੀਆਂ ਸੀ, ਗਿਣਦੀ ਗਿਣਦੀ ਫਿਰ ਗਿਣਤੀ ਭਲਾਉਣ ਲੱਗੀ।
ਸ਼ੀਸ਼ਾ ਖੋਲ੍ਹਿਆ ਕਾਰ ਦਾ ਬਟਨ ਨੱਪ ਕੇ, ਸੀਤਲ ਹਵਾ ਸਮੁੰਦਰ ਦੀ ਆਉਣ ਲੱਗੀ।

**78**

ਇੱਕ ਸੌ ਇੱਕ ਨੰਬਰ ਸੜਕ ਆਈ ਅੱਗਿਓਂ, ਭੀੜ ਕਾਰਾਂ ਦੀ ਹੋਰ ਵੀ ਵੱਧ ਹੋ ਗਈ।
ਹੀਰ ਪੁੱਛਦੀ ਕਿੱਧਰ ਨੂੰ ਜਾਣ ਲੋਕੀਂ, ਇਹ ਤਾਂ ਹੱਦ ਤੋਂ ਵੀ ਕਿਤੇ ਵੱਧ ਹੋ ਗਈ।


Academy of the Punjab in North America: http://www.apnaorg.com

ਵੱਢੀ ਜੰਗ ਤਾਂ ਨਹੀਂ ਕਿਤੇ ਛਿੜ ਗਈ ਸੂ, ਸ਼ਹਿਰ ਛੱਡਣ ਦੀ ਸੋਚ ਹੈ ਅੱਜ ਹੋ ਗਈ।
ਕਿਤੇ ਰੌਡਨੀ ਕਿੰਗ ਤਾਂ ਨਹੀਂ ਕੁੱਟਿਆ, ਸਾਰੇ ਸ਼ਹਿਰ ਵਿੱਚ ਭੜਕਦੀ ਅੱਗ ਹੋ ਗਈ।
79

ਵੈਲੀ ਲੰਘਦਿਆਂ ਸਾਰ ਪਹਾੜ ਆ ਗਏ, ਉੱਚੇ ਨੀਵੇਂ ਸੜਕ ਪੈਲਾਂ ਪਾਂਵਦੀ ਜੀ।
ਕਾਰਾਂ ਦੀਆਂ ਲਾਈਟਾਂ ਦਿਸਣ ਦੂਰ ਤੀਕਰ, ਜਿਵੇਂ ਫੌਜ ਕੋਈ ਜੰਗ ਨੂੰ ਜਾਂਵਦੀ ਜੀ।
ਏਨੇ ਚਿਰ ਨੂੰ ਸੜਕ ਪਹਾੜ ਉੱਤੋਂ, ਇੱਕ ਡੂੰਘੀ ਛਲਾਂਗ ਲਗਾਂਵਦੀ ਜੀ।
ਜਿਵੇਂ ਰਾਤ ਦੀਵਾਲ਼ੀ ਨੂੰ ਜਗਣ ਬੱਤੀਆਂ, ਏਦਾਂ ਚਮਕਦੀ ਨਗਰੀ ਨਜ਼ਰ ਆਂਵਦੀ ਜੀ।
80

## ਵੈਨਚੁਰਾ ਸ਼ਹਿਰ

ਅੱਧੀ ਰਾਤ ਲਗਭਗ ਉਦੋਂ ਹੋ ਗਈ ਸੀ, ਜਦੋਂ ਸ਼ਹਿਰ ਵੈਨਚੁਰਾ ਆਇਆ ਸੂ।
ਤਾਕੀ ਖੋਹਲ ਚੁਬਾਰੇ ਚੋਂ ਨਜ਼ਰ ਮਾਰੀ, ਸਾਖਸ਼ਾਤ ਸਵਰਗ ਨਜ਼ਰੀਂ ਆਇਆ ਸੂ।
ਸਾਰਾ ਸ਼ਹਿਰ ਪਹਾੜ ਦੀ ਕ੍ਰੇੜ ਉੱਤੇ, ਵਿਹਲੇ ਬੈਠ ਕੇ ਕਿਸੇ ਬਣਾਇਆ ਸੂ।
ਤਿੰਨ ਪਾਸੇ ਪਹਾੜ ਚੌਥੇ ਪਾਸੇ ਸਾਗਰ, ਢਾਕੇ ਬਾਲ ਮੁਟਿਆਰ ਨੇ ਲਾਇਆ ਸੂ।
81

ਚਾਚਾ ਹੀਰ ਦਾ ਏਨੇ ਨੂੰ ਬਾਰ ਵਿੱਚੋਂ, ਮਹਿਕ ਮਾਰਦਾ ਦਾਰੂ ਦੀ ਆਇਆ ਸੂ।
ਹੀਰ ਉੱਠ ਕੇ ਅਤੇ ਅਗਾਂਹ ਹੋ ਕੇ, ਝੁਕ ਦੁਆ ਸਲਾਮ ਬੁਲਾਇਆ ਸੂ।
ਸਾਹ ਘੁੱਟ ਕੇ ਮੁੱਛਾਂ ਨੂੰ ਪੂੰਝ ਕਰਕੇ, ਕੈਦੋਂ ਚੂਚਕ ਦੇ ਗੋਡੀਂ ਹੱਥ ਲਾਇਆ ਸੂ।
ਖੁਸ਼ੀ ਵਿੱਚ ਸੀ ਫਿਰਦਾ ਘੁਮਾਓਂ ਭੀੜਾ, ਚੂਚਕ ਨਾਲ ਗਲਾਸ ਟਕਰਾਇਆ ਸੂ।
82

ਅਗਲੇ ਦਿਨ ਸਵੇਰੇ ਫਿਰ ਸੈਰ ਖਾਤਰ, ਚੂਚਕ ਹੀਰ ਨੂੰ ਸਾਗਰ ਤੇ ਲਿਆਇਆ ਜੀ।
ਫੁੱਟ ਪਾਥ ਸਮੁੰਦਰ ਦੇ ਕੰਢੇ ਕੰਢੇ, ਦੂਰ ਤੀਕ ਇੱਕ ਚੱਕਰ ਲਵਾਇਆ ਜੀ।
ਦੂਰ ਵਿੱਚ ਸਮੁੰਦਰ ਦੇ ਜਾਂਵਦਾ ਜੋ, ਇਕ ਲੱਕੜ ਦਾ ਪੁਲ ਦਿਖਾਇਆ ਜੀ।
ਰੈਸਟੋਰੈਂਟ ਸਮੁੰਦਰ ਦੇ ਵਿੱਚ ਬਣਿਆਂ, ਜਿੱਥੇ ਹੀਰ ਨੂੰ ਭੋਜਨ ਛਕਾਇਆ ਜੀ।
83

ਫਿਰ ਮਾਰੀਨਾਂ ਬੀਚ ਤੇ ਲੈ ਗਿਆ ਜੀ, ਬੇੜੇ ਕਿਸ਼ਤੀਆਂ ਕਈ ਹਜ਼ਾਰ ਜਿੱਥੇ।
ਕਟਾ ਲੀਨ ਟਾਪੂ ਤੇ ਜਾਣ ਦੇ ਲਈ, ਕਈ ਬੇੜੀਆਂ ਹੈ ਸੀ ਤਿਆਰ ਜਿੱਥੇ।
ਕੋਈ ਤੁਰੇ ਕਿਸ਼ਤੀ ਕੋਈ ਪਰਤ ਆਵੇ, ਚੱਕਰ ਲਾਉਂਦੀਆਂ ਸੀ ਵਾਰੋ ਵਾਰ ਜਿੱਥੇ।
ਦੂਰੋਂ ਦੇਖਿਆਂ ਕਿਸ਼ਤੀਆਂ ਇਉਂ ਲੱਗਣ, ਫਿਰੇ ਤੈਰਦੀ ਬਤਕਾਂ ਦੀ ਡਾਰ ਜਿੱਥੇ।
84

ਹੀਰ ਸੰਗਤਰੇ ਮਾਲਟੇ ਦੇਖਦੀ ਹੈ, ਨੀਂਬੂ ਕਿੰਨੂਆਂ ਵਾਂਗ ਮੋਟੇ ਲੱਗਦੇ ਨੇ।
ਭਰੇ ਪਏ ਫਲ਼ਾਂ ਦੇ ਨਾਲ ਬੂਟੇ, ਪੱਤੇ ਘੱਟ ਤੇ ਫਲ਼ ਵੱਧ ਲੱਗਦੇ ਨੇ।
ਹਰ ਤਰਾਂ ਦੀਆਂ ਸਬਜ਼ੀਆਂ ਬੀਜੀਆਂ ਸੂ, ਖੇਤ ਬਿਲਕੁਲ ਪੰਜਾਬ ਦੇ ਲੱਗਦੇ ਨੇ।
ਬੜੇ ਫੁੱਲ ਪਹਾੜਾਂ ਤੇ ਖਿੜੇ ਦਿਸਦੇ, ਆਵਾ ਗਾਉਣ ਉੱਗੇ ਵੀ ਉਹ ਫਬਦੇ ਨੇ।
85


Academy of the Punjab in North America: http://www.apnaorg.com

### ਅੱਧੀ ਅਮਰੀਕਾ ਦਾ ਚੱਕਰ

ਕੁਝ ਦਿਨਾਂ ਦੇ ਵਿੱਚ ਹੀ ਚੂਚਕੇ ਨੇ, ਅੱਧੀ ਅਮਰੀਕਾ ਵਿੱਚ ਗੇੜਾ ਲਾ ਦਿੱਤਾ।
ਗਰੈਂਡ ਕੈਨੀਅਨ, ਰੌਕੀ ਪਹਾੜ ਘੁੰਮੇ, ਗੋਲਡਨ ਗੇਟ ਪੁਲ ਜਾ ਕੇ ਦਿਖਾ ਦਿੱਤਾ।
ਲੇਕ ਟਾਹੋ, ਰੀਨੋ, ਲਾਫਲੀਨ ਘੁੰਮਿਆਂ, ਲਾਸਵੇਗਸ ਵੀ ਚੱਕਰ ਲਵਾ ਦਿੱਤਾ।
ਜੂਆ ਖੇਡਦਾ ਸਾਰਾ ਜਹਾਨ ਜਿੱਥੇ, ਜੈਕਪੌਟ ਵੀ ਖੇਲਣ ਸਿਖਾ ਦਿੱਤਾ।

86

### ਹੀਰ ਦਾ ਵੈਨਚੂਰਾ ਕਾਲਜ ਲੱਗਣਾ

ਘਰ ਆ ਚੂਚਕ ਨੇ ਗੱਲ ਕੀਤੀ, ਪੜ੍ਹਨ ਹੀਰ ਨੂੰ ਵੈਨਚੂਰਾ ਪਾ ਦੇਣਾ।
ਕਾਰਖ਼ਾਨੇ ਦਾ ਸਾਰਾ ਹਿਸਾਬ ਰੱਖੂ, ਵਿੱਚ ਹੀਰ ਦਾ ਦਫ਼ਤਰ ਬਣਵਾ ਦੇਣਾ।
ਹੀਰ ਆਖਦੀ ਪੜ੍ਹੂੰ ਜਲੰਧਰ ਹੀ ਮੈਂ, ਮੈਂ ਨਾ ਰਾਂਝਣੇ ਤਾਈਂ ਭੁਲਾ ਦੇਣਾ।
ਚੂਚਕ ਆਖਦਾ ਫਿਕਰ ਨਾ ਕਰੀਂ ਕੁੜੀਏ, ਤੇਰਾ ਰਾਂਝਾ ਮੈਂ ਏਧਰ ਮੰਗਵਾ ਦੇਣਾ।

87

ਕਰ ਹੀਰ ਭਰੋਸਾ ਆਪਣੇ ਬਾਪ ਉੱਪਰ, ਹੁਣ ਵੈਨਚੂਰਾ ਕਾਲਜ ਵਿੱਚ ਜਾਣ ਲੱਗੀ।
ਕਦੋਂ ਮਿਲੂਗਾ ਆਣ ਕੇ ਪਿਆਰ ਮੇਰਾ, ਦਿਨੇ ਰਾਤ ਸੀ ਔਂਸੀਆਂ ਪਾਣ ਲੱਗੀ।
ਸੋਹਣਾ ਲੱਗਦਾ ਕਦੇ ਮਾਹੌਲ ਏਥੇ, ਕਦੇ ਸੋਚ ਕੇ ਹੀਰ ਘਬਰਾਉਣ ਲੱਗੀ।
ਕਦੋਂ ਮਿਲੂਗਾ ਰਾਂਝਣਾ ਯਾਰ ਆ ਕੇ, ਮਨੋ ਮਨ ਕਿਆਫ਼ੇ ਲਗਾਉਣ ਲੱਗੀ।

88

ਕੈਦੋਂ ਰੋਜ ਭਤੀਜੀ ਨੂੰ ਛੱਡ ਆਉਂਦਾ, ਛੁੱਟੀ ਹੋਣ ਤੇ ਵਾਪਿਸ ਲੈ ਜਾਂਵਦਾ ਜੀ।
ਕਿਸੇ ਕੰਮ ਜੇ ਓਧਰੋਂ ਦੀ ਲੰਘੇ, ਇੱਕ ਹੋਰ ਗੇੜਾ ਕਾਲਜ ਲਾਂਵਦਾ ਜੀ।
ਗੋਰੇ, ਕਾਲੇ, ਮਸੀਕੇ, ਹੈਲੋ ਹੈਲੋ ਕਰਦੇ, ਸਾਰਾ ਕਾਲਜ ਹੀ ਹੀਰ ਨੂੰ ਚਾਂਹਵਦਾ ਜੀ।
ਹੀਰ ਜਿੰਨੀ ਸੁਨੱਖੀ ਨਾ ਕੁੜੀ ਕੋਈ, ਰੂਪ ਮਨ ਮੋਹਣਾ ਸਭ ਨੂੰ ਭਾਂਵਦਾ ਜੀ।

89

ਸਹਿਤੀ ਏਸੇ ਹੀ ਕਾਲਜ ਦੇ ਵਿੱਚ ਪੜ੍ਹਦੀ, ਕਹਿੰਦੇ ਚੰਗੇ ਅਮੀਰ ਦੀ ਧੀ ਯਾਰੋ।
ਖੇੜੇ ਜੱਟ ਪੰਜਾਬੀ ਦੀ ਕੁੜੀ ਹੈ ਸੀ, ਆਪਣੇ ਬਾਪ ਦੀ ਲਾਡਲੀ ਸੀ ਯਾਰੋ।
ਹੈ ਸੀ ਰੱਜ ਕੇ ਕੁੜੀ ਦਲੇਰ ਉਹ ਤਾਂ, ਨਾਲੇ ਪੁੱਜ ਕੇ ਸੁੰਦਰ ਵੀ ਸੀ ਯਾਰੋ।
ਕੈਲੇਫੋਰਨੀਆਂ ਕੂਲਰ ਤੇ ਵਾਈਨ ਬੀਅਰ, ਬੜੇ ਸ਼ੌਕ ਨਾ ਲੈਂਦੀ ਸੀ ਪੀ ਯਾਰੋ।

90

### ਹੀਰ ਦਾ ਸੈਦੇ ਨੂੰ ਮਿਲਣਾ

ਬੜੇ ਚਿਰਾਂ ਦਾ ਵੈਨਚੂਰਾ ਵਿੱਚ ਰਹਿੰਦਾ, ਸਾਰਾ ਸ਼ਹਿਰ ਹੀ ਕੈਦੋਂ ਨੂੰ ਜਾਣਦਾ ਸੀ।
ਓਧਰ ਖੇੜਾ ਵੀ ਬੜਾ ਮਸ਼ਹੂਰ ਬੰਦਾ, ਸਾਰਾ ਮੁਲਕ ਉਸਨੂੰ ਪਹਿਚਾਣਦਾ ਸੀ।
ਛੜਾ ਛਾਂਟ ਕੈਦੋਂ ਫਿਰੇ ਮੌਜ ਕਰਦਾ, ਫਿਕਰ ਸੀ ਤਾਂ ਆਪਣੀ ਜਾਨ ਦਾ ਸੀ।
ਸੈਦਾ ਅੱਖਾਂ ਦਾ ਡਾਕਟਰ ਨਵਾਂ ਬਣਿਆਂ, ਕੰਮ ਸੈਦੇ ਦਾ ਐਨਕਾਂ ਲਾਣ ਦਾ ਸੀ।

91


Academy of the Punjab in North America: http://www.apnaorg.com

ਰੜਕ ਅੱਖ ਵਿੱਚ ਹੀਰ ਦੇ ਪਈ ਇੱਕ ਦਿਨ, ਕੈਦੋਂ ਹੀਰ ਦੀ ਅੱਖ ਦਿਖਾਉਣ ਲੈ ਗਿਆ।
ਅੰਦਰ ਘੱਲਿਆ ਅੱਖ ਦਿਖਾਉਣ ਖਾਤਰ, ਹੀਰ ਗਈ ਅੰਦਰ ਕੈਦੋਂ ਬਾਹਰ ਬਹਿ ਗਿਆ।
ਐਨੀ ਸੋਹਣੀ ਕੁੜੀ ਕਿੱਦਾਂ ਹੋ ਸਕਦੀ, ਸੈਦਾ ਦੇਖ ਕੇ ਦੇਖਦਾ ਹੀ ਰਹਿ ਗਿਆ।
ਡਾਕਟਰ ਬਾਹਰ ਤੱਕ ਹੀਰ ਦੇ ਨਾਲ ਆਇਆ, ਨਾਲੇ ਚਾਚੇ ਨੂੰ ਦਵਾ ਸਲਾਮ ਕਹਿ ਗਿਆ।

92

ਘਰ ਜਾ ਕੇ ਸੈਦੇ ਨੇ ਗੱਲ ਕੀਤੀ, ਕੈਦੋਂ ਚਾਚਾ ਕਲਿਨਕ ਵਿੱਚ ਆਇਆ ਸੂ।
ਨਾਲ ਪਰੀਆਂ ਤੋਂ ਸੋਹਣੀ ਸੀ ਕੁੜੀ ਉਸਦੇ, ਹੀਰ ਆਖ ਕੇ ਚਾਚੇ ਬਲਾਇਆ ਸੂ।
ਅੱਖਾਂ ਵਿੱਚ ਸਮੁੰਦਰ ਦੀ ਹਵਾ ਪੈ ਗਈ, ਕੋਈ ਖਾਸ ਨਾ ਨੁਕਸ ਥਿਆਇਆ ਸੂ।
ਲੇਕਿਨ ਮੇਰੀਆਂ ਅੱਖਾਂ ਨੂੰ ਦੇਖਦੇ ਹੀ, ਹੀਰ ਬਹੁਤ ਵੱਡਾ ਰੋਗ ਲਾਇਆ ਸੂ।

93

## ਕੈਦੋਂ ਤੋਂ ਖੇੜਿਆਂ ਦਾ ਰਿਸ਼ਤਾ ਮੰਗਣਾ

ਕੈਦੋਂ ਚਾਚੇ ਨੂੰ ਇੱਕ ਦਿਨ ਖੇੜਿਆਂ ਨੇ, ਖਾਣਾ ਖਾਣ ਲਈ ਘਰੇ ਬੁਲਾਇਆ ਜੀ।
ਖਾਣ ਪੀਣ ਦਾ ਬੜਾ ਸ਼ੌਕੀਨ ਚਾਚਾ, ਘੁੱਟ ਲਾ ਕੇ ਟੈਕਸੀ ਵਿੱਚ ਆਇਆ ਜੀ।
ਮੁਰਗਾ, ਮੱਛੀ, ਮੀਟ ਬਣਾਏ ਤਾਜ਼ੇ, ਖੇੜੇ ਕੈਦੋਂ ਨੂੰ ਪੈੱਗ ਲਵਾਇਆ ਜੀ।
ਹੋ ਸਕੇ ਤਾਂ ਆਪਾਂ ਰਿਸ਼ਤੇਦਾਰ ਬਣੀਏਂ, ਖੇੜੇ ਕੈਦੋਂ ਨੂੰ ਆਖ ਸੁਣਾਇਆ ਜੀ।

94

ਕੈਦੋਂ ਚੂਚਕ ਦੇ ਨਾਲ ਜਾ ਗੱਲ ਕੀਤੀ, ਰਿਸ਼ਤਾ ਬੜਾ ਵਧੀਆ ਇੱਕ ਆਇਆ ਨੇ।
ਮੁੰਡਾ ਡਾਕਟਰ ਬਾਪ ਦਾ ਕੰਮ ਵਧੀਆ, ਸਾਰੀ ਉਮਰ ਪੰਜਾਬੀ ਕਹਾਇਆ ਨੇ।
ਚੂਚਕ ਆਖਦਾ ਸਹਿਜ ਦੇ ਨਾਲ ਗੱਲ ਕਰ, ਓਧਰ ਹੀਰ ਨੇ ਵੀ ਕੰਨ ਲਾਇਆ ਨੇ।
ਪੈਣੀ ਸੋਚ ਕੇ ਕਰਨੀ ਹੈ ਗੱਲ ਮੈਨੂੰ, ਨੇਹੋਂ ਹੀਰ ਨੇ ਰਾਂਝੇ ਨਾ ਲਾਇਆ ਨੇ।

95

## ਹੀਰ ਦੇ ਕਾਗ਼ਜ਼ ਬਣਾਉਣੇ

ਚੂਚਕ ਆਖਿਆ ਹੀਰ ਨੂੰ ਸੁਣੀ ਬੇਟਾ, ਕਾਗ਼ਜ਼ ਪੱਕੇ ਹੁਣ ਤੇਰੇ ਬਣਾਉਣੇ ਨੇ।
ਨਕਲੀ ਸ਼ਾਦੀ ਦਾ ਢੌਂਗ ਰਚਾ ਕੇ ਤੇ, ਕਿਸੇ ਕੋਲੋਂ ਹੁਣ ਦਸਖ਼ਤ ਕਰਵਾਵਣੇ ਨੇ।
ਤੇਰੇ ਰਾਂਝੇ ਦੇ ਕਾਗ਼ਜ਼ ਬਣਾਏ ਸਾਰੇ, ਕੱਲ ਨੂੰ ਡਾਕ ਦੇ ਵਿੱਚ ਘਲਾਵਣੇ ਨੇ।
ਨਕਲੀ ਵਿਆਹ ਰਾਂਝੇ ਦਾ ਵੀ ਕਰਨਾ, ਏਸੇ ਤਰਾਂ ਹੀ ਕੰਮ ਸੂਤ ਆਵਣੇ ਨੇ।

96

ਹੀਰ ਕਦੇ ਨਾ ਸੋਚਿਆ ਇੱਕ ਵਾਰੀ, ਬਾਪ ਉਸਦਾ ਐਨਾ ਚਲਾਕ ਹੈ ਜੀ।
ਸ਼ੱਕ ਕਰੇ ਤੇ ਕਰੇ ਵੀ ਕਿਸ ਤਰਾਂ ਜੀ, ਇਸ ਤੋਂ ਨੇੜ ਦਾ ਹੋਰ ਨਾ ਸਾਕ ਹੈ ਜੀ।
ਝੂਠੇ ਕਦੇ ਨਾ ਏਥੋਂ ਤੱਕ ਪਹੁੰਚ ਸਕਦੇ, ਜਿੰਨੀ ਚੂਚਕ ਦੀ ਦੁਨੀਆ ਵਿੱਚ ਧਾਕ ਹੈ ਜੀ।
ਹੀਰ ਸੋਚਿਆ ਫਿਕਰਮੰਦ ਬਾਪ ਮੇਰਾ, ਉਸਦੀ ਨੀਅਤ ਪਵਿੱਤਰ ਤੇ ਪਾਕ ਹੈ ਜੀ।

97

ਸਾਰੇ ਲੋੜੀਦੇ ਕਾਗ਼ਜ਼ ਤਿਆਰ ਕਰਕੇ, ਹੀਰ ਸਾਹਮਣੇ ਚਿੱਠੀ ਵਿੱਚ ਪਾ ਦਿੱਤਾ।
ਹੀਰ ਸੋਚਦੀ ਰਾਂਝੇ ਨੇ ਆ ਜਾਣਾ, ਜੋਰ ਪੂਰਾ ਤਾਂ ਬਾਪੂ ਨੇ ਲਾ ਦਿੱਤਾ।


Academy of the Punjab in North America: http://www.apnaorg.com

ਇੱਕ ਲਿਖੀ ਚਿੱਠੀ ਰਾਂਝੇ ਯਾਰ ਤਾਈਂ, ਦਿਲ ਖੋਲ੍ਹ ਕੇ ਕਾਗ਼ਜ਼ ਤੇ ਲਾ ਦਿੱਤਾ।
ਚਿੱਠੀ ਚੁੰਮ ਕੇ ਦਿਲ ਦੇ ਨਾਲ ਲਾ ਕੇ, ਦੋਨੇ ਦੇਸ਼ ਦੇ ਵੱਲ ਘਲਾ ਦਿੱਤਾ।

98

## ਚਲਾਕੀ ਨਾਲ ਹੀਰ ਦਾ ਸਾਕ ਕਰਨਾ

ਸਾਕ ਖੇੜਿਆਂ ਦਾ ਚੂਚਕ ਨੇ ਮੰਨਿਆਂ, ਕੈਦੋਂ ਨਾਲ ਜਾ ਕੇ ਸ਼ਗਨ ਪਾ ਆਇਆ।
ਆਪਾਂ ਹੀਰ ਨੂੰ ਹਾਲੇ ਨਾ ਦੱਸਣਾ ਜੀ, ਚੰਗੀ ਤਰਾਂ ਸਭ ਕੁਝ ਸਮਝਾ ਆਇਆ।
ਚੈਨ, ਮੁੰਦਰੀ, ਕੜਾ ਤੇ ਘੜੀ ਪਾਈ, ਸਾਰੇ ਕੋੜਮੇ ਨੂੰ ਕਈ ਕੁਝ ਪਾ ਆਇਆ।
ਦਸ ਪੰਦਰਾਂ ਟੋਕਰੇ ਫ਼ਲਾਂ ਦੇ ਵੀ, ਚੂਚਕ ਖੇੜਿਆਂ ਦੇ ਘਰ ਲਾਹ ਆਇਆ।

99

ਵਿਆਹ ਰਜਿਸਟਰ ਕਰਾਉਣ ਦੇ ਵਾਸਤੇ ਜੀ, ਦਫ਼ਤਰ ਹੀਰ ਤੇ ਸੈਦਾ ਦੋਵੇਂ ਆਏ ਨੇ ਜੀ।
ਲਾਲ ਫੁੱਲ ਵਟਾ ਕੇ, ਹਾਂ ਕਹਿ ਕੇ, ਸਾਰੇ ਕਾਗਜ਼ੀ ਕੰਮ ਮੁਕਾਏ ਨੇ ਜੀ।
ਮੁੰਡੇ ਕੁੜੀ ਦੇ ਬਾਪ ਗਵਾਹ ਬਣ ਗਏ, ਦੋਹਾਂ ਸਾਹਮਣੇ ਦਸਖ਼ਤ ਕਰਵਾਏ ਨੇ ਜੀ।
ਇਹ ਤਾਂ ਰੱਬ ਦੀਆਂ ਰੱਬ ਹੀ ਜਾਣਦਾ ਹੈ, ਕਿਹੜੇ ਦਿਨ ਇਹ ਰੱਬ ਦਿਖਾਏ ਨੇ ਜੀ।

100

## ਰਾਂਝੇ ਨੂੰ ਹੀਰ ਦਾ ਖ਼ਤ ਮਿਲਣਾ

ਚਿੱਠੀ ਚੁੰਮ ਕੇ ਹਿੱਕ ਦੇ ਨਾਲ ਲਾਈ, ਰਾਂਝਾ ਹੀਰ ਦੀ ਲਿਖਤ ਪਛਾਣਦਾ ਜੀ।
ਚਿੱਠੀ ਖੋਲ੍ਹਦਾ ਹੀਰ ਨੂੰ ਯਾਦ ਕਰਦਾ, ਹੱਥ ਲਿਖਤ 'ਚੋਂ ਹੀਰ ਨੂੰ ਮਾਣਦਾ ਜੀ।
ਉਸਦੇ ਲਫਜ਼ਾਂ ਨੂੰ ਪੋਟਿਆਂ ਨਾਲ ਟੋਂਹਦਾ, ਹਰ ਲਫਜ਼ ਹੀ ਹੀਰ ਦੇ ਹਾਣ ਦਾ ਜੀ।
ਹੀਰ ਚਿੱਠੀ ਦੇ ਵਿੱਚੋਂ ਪਰਤੱਖ ਦਿਸਦੀ, ਲਾ ਟਿਕਟਿਕੀ ਹੀਰ ਸਿਆਣਦਾ ਜੀ।

101

ਲਿਖਿਆ ਹੀਰ ਨੇ ਰਾਂਝਿਆ ਮੁਆਫ਼ ਕਰਨਾ, ਤੈਨੂੰ ਬਿਨਾਂ ਦੱਸਿਆਂ ਚੜ੍ਹ ਆਈ ਏਧਰ।
ਗੱਲਾਂ ਬਾਤਾਂ ਵਿੱਚ ਲੈ ਲਿਆ ਪਿਤਾ ਜੀ ਨੇ, ਕਾਲਜ ਵੈਨਚੁਰਾ ਪੜ੍ਹਨ ਨੂੰ ਪਾਈ ਏਧਰ।
ਕਦੇ ਸੋਚਿਆ ਨਹੀਂ ਸੀ ਹੋਊ ਏਦਾਂ, ਮੇਰੀ ਕਿਸਮਤ ਹੀ ਖਿੱਚ ਲਿਆਈ ਏਧਰ।
ਜਾਨ ਤੇਰੇ 'ਚ ਵੱਸਦੀ ਹੈ ਮੇਰੀ, ਐਵੇਂ ਜਿਸਮ ਨੂੰ ਚੁੱਕ ਲਿਆਈ ਏਧਰ।

102

ਰਾਹਦਾਰੀ ਘਲਾਈ ਹੈ ਅਸਾਂ ਤੈਨੂੰ, ਵੀਜ਼ਾ ਲੈ ਕੇ ਛੇਤੀ ਤੂੰ ਆਈਂ ਏਧਰ।
ਜਾਨ ਸੁੱਕਦੀ ਮੁੱਕਦੀ ਜਾਏ ਮੇਰੀ, ਵੇ ਤੂੰ ਆਣ ਧਰਵਾਸ ਦਿਵਾਈਂ ਏਧਰ।
ਉੱਜੜੀ ਫਿਰੇ ਦੁਨੀਆ ਮੇਰੀ ਰਾਂਝਣਾ ਵੇ, ਦਰਸ਼ਨ ਦੇ ਕੇ ਫੇਰ ਵਸਾਈਂ ਏਧਰ।
ਰਾਹ ਦੇਖਦੀ ਹਾਂ ਤੇਰਾ ਦਿਨੇ ਰਾਤੀਂ, ਮੇਰੇ ਨੈਣਾ ਨੂੰ ਤ੍ਰਿਪਤ ਕਰਾਈਂ ਏਧਰ।

103

ਘੁੱਗ ਵੱਸਦਾ ਸ਼ਹਿਰ ਹੈ ਇਹ ਰਾਂਝਾ, ਤੇਰੇ ਬਿਨਾ ਲੇਕਿਨ ਬੀਆਬਾਨ ਹੈ ਜੀ।
ਜਦੋਂ ਸਾਗਰ ਦੀਆਂ ਛੱਲਾਂ ਦੀ ਸ਼ੂਕ ਸੁਣਦੀ, ਇਉਂ ਲੱਗੇ ਜਿਉਂ ਆਇਆ ਤੂਫ਼ਾਨ ਹੈ ਜੀ।
ਜਦੋਂ ਕੋਈ ਵੀ ਕਦਮ ਮੈਂ ਚੁੱਕਦੀ ਹਾਂ, ਮੈਨੂੰ ਜਾਪਦਾ ਮੇਰਾ ਇਮਤਿਹਾਨ ਹੈ ਜੀ।
ਤੇਰੀ ਹੀਰ ਤਾਂ ਤੇਰੀ ਹੀ ਰਹੂ ਰਾਂਝਾ, ਮੇਰਾ ਰਾਂਝਾ ਹੀ ਦੀਨ ਇਮਾਨ ਹੈ ਜੀ।


Academy of the Punjab in North America: http://www.apnaorg.com

104

## ਰਾਂਝੇ ਦਾ ਜਵਾਬ ਲਿਖਣਾ

ਰਾਂਝੇ ਲਿਖ ਜਵਾਬ ਸੀ ਤੁਰਤ ਘੱਲਿਆ, ਸਿਰਫ਼ ਹੀਰ ਹੀ ਰਾਂਝੇ ਦਾ ਸਾਹਸ ਹੈ ਜੀ।
ਹੀਰ ਰਾਂਝੇ ਵਿਚਾਲੇ ਬੱਸ ਹੋਰ ਕੁਝ ਨਾ, ਇੱਕ ਵਿਸ਼ਵਾਸ, ਵਿਸ਼ਵਾਸ, ਵਿਸ਼ਵਾਸ ਹੈ ਜੀ।
ਚਿੰਤਾ ਨਾ ਕਰੀਂ ਮਿਲਾਂਗੇ ਤੁਰਤ ਆਪਾਂ, ਇੱਕੋ ਰੀਝ ਮੇਰੀ ਇੱਕੋ ਆਸ ਹੈ ਜੀ।
ਲੱਭ ਹੀਰ ਨੂੰ ਲਊ ਜਰੂਰ ਰਾਂਝਾ, ਕਿਤੇ ਕਿੱਡਾ ਕੁ ਧਰਤ ਆਕਾਸ਼ ਹੈ ਜੀ।

105

ਜਦੋਂ ਮਰਜ਼ੀ ਮਹਿਸੂਸ ਕਰ ਲਈਂ ਹੀਰੇ, ਤੇਰਾ ਰਾਂਝਾ ਹਰ ਦਮ ਤੇਰੇ ਪਾਸ ਹੈ ਜੀ।
ਮੇਰੀ ਜਾਨ ਤਾਂ ਨਾਲ ਹੀ ਲੈ ਗਈ ਤੂੰ, ਆਹ ਜੋ ਤੁਰਿਆ ਫਿਰਦਾ ਸਿਰਫ਼ ਮਾਸ ਹੈ ਜੀ।
ਅੱਲਾ ਤਾਲਾ ਮਿਲਾਇਆ ਹੈ ਮੇਲ ਰੱਖੂ, ਮੇਰਾ ਰੱਬ ਤੇ ਪੂਰਨ ਵਿਸ਼ਵਾਸ ਹੈ ਜੀ।
ਧੌਲ਼ ਧਰਮ ਦੇ ਸਿੰਗਾਂ ਤੇ ਖੜੀ ਧਰਤੀ, ਇੱਕੋ ਇਸ਼ਟ ਸਾਡਾ ਇੱਕੋ ਆਸ ਹੈ ਜੀ।

106

ਆਪਣੇ ਆਪ ਦਾ ਪੂਰਾ ਖ਼ਿਆਲ ਰੱਖੀਂ, ਵਕਤ ਨਾਲ ਸਭ ਪੀਵੀਂ ਤੇ ਖਾਈਂ ਹੀਰੇ।
ਜੇ ਕੋਈ ਧਰਮ ਅਸਥਾਨ ਹੈ ਆਸ ਪਾਸੇ, ਮੱਥਾ ਟੇਕਣ ਜ਼ਰੂਰ ਤੂੰ ਜਾਈਂ ਹੀਰੇ।
ਮੇਰੇ ਵੱਲੋਂ ਵੀ ਕਰੀਂ ਅਰਦਾਸ ਜਾ ਕੇ, ਸੱਚੇ ਮਨੋ ਇਹ ਵਾਸਤਾ ਪਾਈਂ ਹੀਰੇ।
ਮਿਹਰ ਨਾਲ ਹੀ ਹੋਇਆ ਹੈ ਮੇਲ ਆਪਣਾ, ਮਿਹਰਾਂ ਵਾਲੇ ਦੀ ਮਿਹਰ ਕਰਾਈਂ ਹੀਰੇ।

107

## ਰਾਂਝੇ ਨੂੰ ਵੀਜ਼ੇ ਤੋਂ ਇਨਕਾਰ

ਵੀਜ਼ਾ ਲੈਣ ਲਈ ਦਿੱਲੀ ਨੂੰ ਗਿਆ ਰਾਂਝਾ, ਇੱਕ ਮੰਤਰੀ ਵੀ ਉਸਨੇ ਨਾਲ ਖੜਿਆ।
ਐਸਾ ਕੰਮ ਕੋਈ ਕਦੇ ਵੀ ਨਹੀਂ ਹੋਇਆ, ਜੇਹੜਾ ਰਾਂਝੇ ਦੇ ਸਾਹਮਣੇ ਕਦੇ ਅੜਿਆ।
ਵੱਡੇ ਸਾਹਿਬ ਦੇ ਦਫ਼ਤਰ ਦੀ ਚਿੱਕ ਚੁੱਕੀ, ਸਿੱਧਾ ਦਫ਼ਤਰ ਦੇ ਵਿੱਚ ਹੀ ਜਾ ਵੜਿਆ।
ਪਿਓ ਦਾਦੇ ਦੀ ਜਾਣ ਪਛਾਣ ਏਨੀ, ਤਾਂ ਹੀ ਕੰਮ ਤੇ ਰਾਂਝਾ ਸੀ ਫਿਰੇ ਚੜਿਆ।

108

ਵੀਜ਼ਾ ਰਾਂਝੇ ਨੂੰ ਦੇਣ ਦੇ ਵਾਸਤੇ ਜੀ, ਵੱਡਾ ਸਾਹਿਬ ਨਾ ਹੋਇਆ ਤਿਆਰ ਹੈ ਜੀ।
ਤੁਰਨ ਫਿਰਨ ਜਾਂਦੇ ਤੁਸੀਂ ਨਹੀਂ ਮੁੜਦੇ, ਕਰਨ ਲੱਗ ਜਾਂਦੇ ਕੰਮ ਕਾਰ ਹੈ ਜੀ।
ਜਾ ਕੇ ਦੇਖਣਾ ਤੁਸਾਂ ਨੇ ਕੁਝ ਵੀ ਨਾ, ਸਾਰੇ ਕਰਦੇ ਪੰਜਾਬੀ ਵਿਓਪਾਰ ਹੈ ਜੀ।
ਕਿਵੇਂ ਹੋਰ ਭਰੋਸਾ ਹੁਣ ਕਰੀ ਜਾਈਏ, ਸਾਰੇ ਪੰਜਾਬੀ ਕਰਦੇ ਖਵਾਰ ਹੈ ਜੀ।

109

ਪੁੱਤ ਚੌਧਰੀ ਦਾ ਰਾਂਝਾ ਨਾਮ ਮੇਰਾ, ਛੇਤੀ ਚੂਚਕ ਦਾ ਬਣਾਂ ਜਵਾਈ ਹੈਂ ਜੀ।
ਚੂਚਕ ਦੇਸ਼ ਵਿਦੇਸ਼ਾਂ ਵਿੱਚ ਕਰੇ ਬਿਜ਼ਨਸ, ਐਹ ਦੇਖ ਉਸ ਰਾਹ ਦਾਰੀ ਪਾਈ ਹੈ ਜੀ।
ਹੱਥੀਂ ਲਿਖ ਕੇ ਹੀਰ ਨੇ ਆਪ ਮੈਨੂੰ, ਦੇਖੋ ਸਾਹਿਬ ਇਹ ਚਿੱਠੀ ਘਲਾਈ ਹੈ ਜੀ।
ਬੈਂਕਾਂ ਵਿੱਚ ਹੈ ਕਈ ਕਰੋੜ ਸਾਡਾ, ਕਾਹਤੋਂ ਕਰੂੰ ਮੈਂ ਹੋਰ ਕਮਾਈ ਹੈ ਜੀ।

110


Academy of the Punjab in North America: http://www.apnaorg.com

ਅਸੀਂ ਸੁਣਿਆਂ ਹੈ ਦੋਨੇ ਦੇ ਚੌਧਰੀ ਦਾ, ਵੱਡੇ ਵੱਡੇ ਨੇ ਲੋਕ ਸਤਿਕਾਰ ਕਰਦੇ।
ਤੇਰੇ ਬਾਰੇ ਵੀ ਸੁਣਿਆਂ ਹੈ ਰਾਂਝਣਾ ਬਈ, ਬਹੁਤ ਲੋਕ ਨੇ ਤੈਨੂੰ ਵੀ ਪਿਆਰ ਕਰਦੇ।
ਚੰਗੀ ਤਰਾਂ ਚੂਚਕ ਨੂੰ ਵੀ ਜਾਣਦੇ ਹਾਂ, ਚੂਚਕ ਦੇਸ਼ ਵਿਦੇਸ਼ੀਂ ਵਿਓਪਾਰ ਕਰਦੇ।
ਧੀ ਚੂਚਕ ਦੀ ਵੀ ਨਹੀਂ ਮੁੜੀ ਜਾ ਕੇ, ਏਸੇ ਵਾਸਤੇ ਨਹੀਂ ਇਤਬਾਰ ਕਰਦੇ।
**111**

ਪਰਦੇਸਾਂ ਦੇ ਮਾਮਲੇ ਕੀ ਹੁੰਦੇ, ਸਿਰ ਪੈਣ ਤੇ ਰਾਂਝੇ ਨੂੰ ਸਮਝ ਆਈ।
ਜਲਦੀ ਜਾ ਮਿਲਣਾ ਆਪਣੀ ਹੀਰ ਤਾਂਈ, ਬੈਠਾ ਸੀ ਰਾਂਝਾ ਪੱਕੀ ਆਸ ਲਾਈ।
ਲੱਗੀ ਝੁਣਝੁਣੀ ਰਾਂਝੇ ਦੇ ਜਿਸਮ ਨੂੰ ਜੀ, ਪਹਿਲੀ ਵਾਰ ਸੀ ਕੱਚੀ ਤ੍ਰੇਲ ਆਈ।
ਲੂੰਈ ਕੰਡੇ ਖੜ੍ਹੇ ਸੀ ਓਸ ਦਿਨ ਤੋਂ, ਚਿੱਠੀ ਹੀਰ ਦੀ ਜਿਸ ਦਿਨ ਦੀ ਸੀ ਆਈ।
**112**

ਹੱਥ ਜੋੜ ਰਾਂਝਾ ਅਰਦਾਸ ਕਰਦਾ, ਰੱਬਾ ਰੂਹ ਕਲਬੂਤ ਵਿੱਚ ਪਾਇਓ ਜੀ।
ਮਿਲੇ ਬਿਨਾਂ ਨਾ ਮਨ ਨੂੰ ਚੈਨ ਮਿਲਣੀ, ਛੇਤੀ ਮਿਲਣ ਦੀ ਵਿਧ ਬਣਾਇਓ ਜੀ।
ਪੰਜਾਂ ਪੀਰਾਂ ਨੂੰ ਵੀ ਰਾਂਝਾ ਯਾਦ ਕਰਦਾ, ਫਸ ਗਈ ਗੱਡੀ ਧੱਕਾ ਲਾਇਓ ਜੀ।
ਸਤਿਗੁਰ ਸਾਹਮਣੇ ਖੜਾ ਅਰਦਾਸ ਕਰਦਾ, ਮਿਹਰਾਂ ਵਾਲੇ ਦੀ ਮਿਹਰ ਕਰਾਇਓ ਜੀ।
**113**

ਇੱਕ ਪਲ ਵੀ ਜੀਣਾ ਹਰਾਮ ਹੋਇਆ, ਹੁਣ ਤਾਂ ਹੀਰ ਦੇ ਨਾਲ ਵਸਲੇ ਯਾਰ ਬਾਝੋਂ।
ਚਿੱਤ ਕੁਝ ਵੀ ਕਰਨ ਨੂੰ ਨਹੀਂ ਕਰਦਾ, ਕੁਝ ਨਾ ਓਹੜਦਾ ਯਾਰ ਦਿਦਾਰ ਬਾਝੋਂ।
ਰਾਂਝੇ ਘੇਰ ਕੇ ਰੱਖਿਆ ਬੜਾ ਦਿਲ ਨੂੰ, ਬਣੂ ਗੱਲ ਜੀ ਖੱਜਲ ਖੁਆਰ ਬਾਝੋਂ।
ਕੋਈ ਜੀਣ ਦਾ ਅਰਥ ਹੀ ਨਹੀਂ ਬਣਦਾ, ਸੁਪਨਿਆਂ ਦੀ ਮਲਕਾ ਸੋਹਣੀ ਨਾਰ ਬਾਝੋਂ।
**114**

ਪੰਜਾਂ ਸੱਤਾਂ ਏਜੰਟਾਂ ਨਾਲ ਗੱਲ ਕੀਤੀ, ਕਿਸੇ ਕੀਮਤ ਤੇ ਵੀਜ਼ਾ ਲਵਾ ਦਿਓ ਜੀ।
ਹਰ ਹਾਲਤ ਹੀ ਪਹੁੰਚਣਾ ਹੀਰ ਤਾਈਂ, ਕੋਈ ਚੰਗਾ ਜਿਹਾ ਚੱਕਰ ਚਲਾ ਦਿਓ ਜੀ।
ਗਾਂ ਗੋਰੀ ਲਵੇਰੀ ਗਵਾਚੀ ਮੇਰੀ, ਨਾਲ ਹੋ ਕੇ ਮੈਨੂੰ ਲਭਾ ਦਿਓ ਜੀ।
ਜਿੰਨਾਂ ਖਰਚ ਆਵੇ ਮੈਂ ਹੁਣੇ ਦੇਵਾਂ, ਇੱਕ ਵਾਰ ਬੱਸ ਸੰਗਲ ਫੜਾ ਦਿਓ ਜੀ।
**115**

ਦੋ ਲੱਖ ਰੁਪਇਆ ਏਜੰਟ ਮੰਗਿਆ, ਨਗਦ ਉਦੋਂ ਹੀ ਰਾਂਝੇ ਫੜਾਇਆ ਜੀ।
ਕਹਿੰਦਾ ਘੰਟੇ ਵਿੱਚ ਕਿਸੇ ਨਾ ਗੱਲ ਕਰਕੇ, ਬੱਸ ਏਦਾਂ ਹੀ ਗਿਆ ਤੇ ਆਇਆ ਜੀ।
ਪਈਆਂ ਸ਼ਾਮਾਂ ਏਜੰਟ ਪਰ ਨਾਮੁੜਿਆ, ਸਾਰਾ ਦਿਨ ਉਡੀਕ ਗਵਾਇਆ ਜੀ।
ਕਿਸੇ ਆਣ ਦੱਸਿਆ ਉਹ ਤਾਂ ਫੁਰਨ ਹੋਇਆ, ਤੈਨੂੰ ਰਾਂਝਿਆ ਉੱਲੂ ਬਣਾਇਆ ਜੀ।
**116**


Academy of the Punjab in North America: http://www.apnaorg.com

ਪਹਿਲਾਂ ਕਦੇ ਨਾ ਦੇਈਏ ਏਜੰਟ ਨੂੰ ਕੁਝ, ਫਿਰੇ ਤੁਰੇ ਲੋਕਾਂ ਸਮਝਾਇਆ ਸੂ।
ਅਸਾਂ ਰੋਮ ਤੋਂ ਜਾ ਕੇ ਛਿੱਪ ਫੜਨਾ, ਵੀਜ਼ਾ ਇਟਲੀ ਦਾ ਅਸੀਂ ਲਵਾਇਆ ਸੂ।
ਛਿੱਪ ਰੋਮ ਤੋਂ ਵੈਰਾਕਰੂਸ ਜਾਂਦਾ, ਗਲਫ ਮੈਕਸੀਕੋ ਰੂਟ ਬਣਾਇਆ ਸੂ।
ਅੱਗੋਂ ਲੈ ਦੇ ਕੇ ਲੋਕੀਂ ਪਹੁੰਚ ਜਾਂਦੇ, ਜੀਹਨਾ ਐਲ ਏ ਪਹੁੰਚਣਾ ਚਾਹਿਆ ਸੂ।
117

ਇਟਲੀ ਜਾਣ ਨੂੰ ਹੋਇਆ ਤਿਆਰ ਰਾਂਝਾ, ਕਾਗ਼ਜ਼ ਪੱਤਰ ਤਿਆਰ ਕਰਵਾ ਲਿਆ ਜੀ।
ਇੱਕ ਲੱਖ ਦੇ ਵਿੱਚ ਹੀ ਗੱਲ ਬਣ ਗਈ, ਵੀਜ਼ਾ ਇਟਲੀ ਦਾ ਰਾਂਝੇ ਲਵਾ ਲਿਆ ਜੀ।
ਖੜ੍ਹੇ ਪੈਰ ਫਿਰ ਐਰੋਫਲੋਟ ਫੜ ਕੇ, ਰਾਂਝਾ ਦਿੱਲੀ ਤੋਂ ਮਾਸਕੋ ਆਇਆ ਜੀ।
ਰੋਮ ਜਾਣ ਵਾਲੀ ਸੀ ਫਲਾਈਟ ਲੰਘੀ, ਰਾਤੀਂ ਮਾਸਕੋ ਹੀ ਡੇਰਾ ਲਾਇਆ ਜੀ।
118

ਖਾਣ ਪੀਣ ਦਾ ਰਹਿਣ ਦਾ ਖਰਚ ਸਾਰਾ, ਜਹਾਜ਼ ਵਾਲਿਆਂ ਨੇ ਆਪੇ ਹੀ ਕੀਤਾ।
ਚੰਗਾ ਸਾਥ ਮਿਲਿਆ ਰੋਟੀ ਖਾਣ ਲੱਗਿਆਂ, ਸਮਾਂ ਮਾਸਕੋ ਵਿੱਚ ਵਧੀਆ ਸੀ ਬੀਤਾ।
ਕੁੜੀ ਨਾਰਵੇ ਦੀ ਚੱਲੀ ਇੰਡੀਆ ਨੂੰ, ਰਾਤ ਮਾਸਕੋ ਰਹਿਣ ਨੂੰ ਜੀ ਕੀਤਾ।
ਹੱਸ ਖੇਡ ਕੇ ਰਾਤ ਲੰਘਾਈ ਦੋਹਾਂ, ਜਾਣ ਲੱਗੀ ਨੇ ਬਾਏ ਬਾਏ ਵੀ ਕੀਤਾ।
119

ਵੀਹ ਰੂਬਲ ਸਵਰਨੇ ਨੇ ਸੀ ਦਿੱਤੇ, ਰਾਂਝੇ ਸੋਚਿਆ ਮਾਸਕੋ ਖਰਚ ਜਾਵਾਂ।
ਬੋਤਲ ਵਾਈਨ ਦੀ ਲੈ ਲਈ ਮਾਸਕੋ ਤੋਂ, ਸੋਚੇ ਰਾਹ ਦੇ ਵਿੱਚ ਕਿਤੇ ਪੈੱਗ ਲਾਵਾਂ।
ਜਾਂਦੇ ਰੋਮ ਨੂੰ ਰਸਤੇ ਦੇ ਵਿੱਚ ਖੋਲ੍ਹੀ, ਰਾਂਝੇ ਸੋਚਿਆ ਪੀ ਕੇ ਸੌਂ ਜਾਵਾਂ।
ਨਾਲ ਬੰਗਲਾਦੇਸ਼ੀ ਸੀ ਇੱਕ ਬੈਠਾ, ਕਹਿੰਦਾ ਲਿਆ ਯਾਰਾ ਮੈਂ ਵੀ ਘੁੱਟ ਲਾਵਾਂ।
120

ਦੋ ਹਫ਼ਤਿਆਂ ਤਾਂਈ ਸੀ ਸ਼ਿੱਪ ਮੁੜਨਾ, ਜਿਸ ਸ਼ਿੱਪ ਤੇ ਰਾਂਝੇ ਨੇ ਜਾਵਣਾ ਜੀ।
ਲਿਆ ਹੋਟਲ 'ਚ ਕਮਰਾ ਕਿਰਾਏ ਉੱਤੇ, ਭੋਜਨ ਮਿਲੇ ਓਥੇ ਮਨ ਭਾਵਣਾ ਜੀ।
ਸੂਟ ਬੂਟ ਪਾ ਕੇ ਟਾਈ ਸ਼ਾਈ ਲਾ ਕੇ, ਜਦੋਂ ਰਾਂਝਣੇ ਨੇ ਗੇੜਾ ਲਾਵਣਾ ਜੀ।
ਨਾਰਾਂ ਸਾਰੀਆਂ ਨੇ ਦਿਲ ਤੇ ਹੱਥ ਧਰਨੇ, ਜਿੱਧਰੋਂ ਦੀ ਰਾਂਝੇ ਲੰਘ ਜਾਵਣਾ ਜੀ।
121

ਆਈ ਸਿਡਨੀ ਤੋਂ ਕੁੜੀ ਇੱਕ ਸੈਰ ਖਾਤਰ, ਸਾਰੇ ਲੋਕ ਉਸਨੂੰ ਕਹਿੰਦੇ ਪਰੀ ਯਾਰੋ।
ਪਹਿਲੀ ਵਾਰ ਹੀ ਰਾਂਝੇ ਨੂੰ ਓਸ ਡਿੱਠਾ, ਵੇਂਹਦਿਆਂ ਸਾਰ ਹੀ ਰਾਂਝੇ ਤੇ ਮਰੀ ਯਾਰੋ।
ਖਾਣਾ ਖਾਣ ਦੇ ਪੱਜ ਨਾ ਨਾਲ ਲੈ ਗਈ, ਖਾਣਾ ਖਾਂਦਿਆਂ ਪੇਸ਼ਕਸ਼ ਕਰੀ ਯਾਰੋ।
ਕਹਿੰਦੇ ਔਰਤ ਦੀ ਪੇਸ਼ਕਸ਼ ਕੌਣ ਮੋੜੇ, ਰਾਂਝੇ ਰਾਤ ਸੁਹਾਵਣੀ ਕਰੀ ਯਾਰੋ।
122

ਪਰੀ ਆਖਦੀ ਰਾਂਝਿਆ ਚੱਲ ਸਿਡਨੀ, ਓਥੇ ਬਹੁਤ ਵੱਡਾ ਘਰ ਬਾਹਰ ਸਾਡਾ।
ਲੱਖਾਂ ਭੇਡਾਂ ਨੇ ਡੈਡ ਦੇ ਫਾਰਮਾਂ ਵਿੱਚ, ਉਨ ਲਾਹੁਣ ਦਾ ਵੱਡਾ ਵਪਾਰ ਸਾਡਾ।


Academy of the Punjab in North America: http://www.apnaorg.com

ਹੈ ਪਨੀਰ ਸਾਡਾ ਦੂਰ ਦੂਰ ਜਾਂਦਾ, ਸਿਰੇ ਸਾਰ ਹੈ ਜੀ ਕਾਰੋਬਾਰ ਸਾਡਾ।
ਸਾਰੀ ਰਾਜਧਾਨੀ ਸਾਨੂੰ ਜਾਣਦੀ ਹੈ, ਕਹਿਣਾ ਮੋੜਦੀ ਨਹੀਂ ਸਰਕਾਰ ਸਾਡਾ।

**123**

ਰਾਂਝੇ ਆਖਿਆ ਵੈਂਚੂਰਾ ਮੈਂ ਜਾਣਾ, ਮੇਰਾ ਦਿਲ ਓਥੇ ਦਿਲਦਾਰ ਓਥੇ।
ਮੇਰੀ ਰੂਹ ਓਥੇ ਮੇਰੀ ਜਾਨ ਓਥੇ, ਮੇਰਾ ਪ੍ਰੇਮ ਓਥੇ ਮੇਰਾ ਪਿਆਰ ਓਥੇ।
ਇਵੇਂ ਜਾਪਦਾ ਮੇਰਾ ਸਭ ਕੁਝ ਓਥੇ, ਜਿੱਥੇ ਹੀਰ ਮੇਰੀ ਘਰ ਬਾਹਰ ਓਥੇ।
ਇੱਕ ਆਸ਼ਕ ਦਾ ਦਿਲ, ਦਿਲ ਵਿੱਚ ਮੇਰੇ, ਮੇਰਾ ਇਸ਼ਕ ਹੀ ਹੈ ਵਪਾਰ ਓਥੇ।

**124**

ਰਾਂਝਾ ਪਹੁੰਚਿਆ ਵੈਰਾਕਰੂਸ ਜਿਸ ਦਿਨ, ਓਸੇ ਦਿਨ ਹੀ ਛਿਪ ਛੱਡ ਆਇਆ ਜੀ।
ਸ਼ਹਿਰ ਸੋਹਣਾ ਸਮੁੰਦਰ ਦੇ ਨਾਲ ਬਣਿਆਂ, ਟੈਕਸੀ ਵਿੱਚ ਬਹਿ ਕੇ ਗੇੜਾ ਲਾਇਆ ਜੀ।
ਸੌ ਡਾਲਰ ਦੇ ਵਿੱਚ ਹੀ ਸ਼ਹਿਰ ਸਾਰਾ, ਟੈਕਸੀ ਵਾਲੇ ਨੇ ਖ਼ੂਬ ਘੁਮਾਇਆ ਜੀ।
ਬੋਲੀ ਕਿਸੇ ਦੀ ਸਮਝ ਨਾ ਆਏ ਲੇਕਿਨ, ਤੁਕੇ ਨਾਲ ਹੀ ਕੰਮ ਚਲਾਇਆ ਜੀ।

**125**

ਅਗਲੇ ਦਿਨ ਫਿਰ ਲੋਕਲ ਫਲਾਈਟ ਲੈ ਕੇ, ਰਾਂਝਾ ਸ਼ਹਿਰ ਮੈਕਸੀਕੋ ਆਇਆ ਜੀ।
ਦੋ ਦਿੱਲੀਆਂ ਨਾਲੋਂ ਵੀ ਸ਼ਹਿਰ ਵੱਡਾ, ਰਾਂਝੇ ਜਾ ਓਥੇ ਡੇਰਾ ਲਾਇਆ ਜੀ।
ਰਾਜਧਾਨੀ ਇਮਾਰਤ ਹੈ ਬੜੀ ਵੱਡੀ, ਮੋਹਰੇ ਗਾਂਧੀ ਦਾ ਬੁੱਤ ਵੀ ਲਾਇਆ ਜੀ।
ਰੰਗ ਰੂਪ ਸਭ ਦਾ ਹੈ ਪੰਜਾਬ ਵਰਗਾ, ਰਾਂਝੇ 'ਤਾਏ ਕੇ' ਆਖ ਬੁਲਾਇਆ ਜੀ।

**126**

ਇੱਕ ਦਮ ਪੰਜਾਬ ਦੇ ਲੋਕ ਲਗਦੇ, ਵਾਤਾਵਰਣ ਹੀ ਸਾਰਾ ਪੰਜਾਬ ਵਰਗਾ।
ਨੈਣ ਮਿਰਗ ਵਰਗੇ ਕਾਲੇ ਵਾਲ ਸਬਦੇ, ਰੰਗ ਰੰਨਾਂ ਦਾ ਨਿਰਾ ਗੁਲਾਬ ਵਰਗਾ।
ਖਾਂਦੇ ਤਰੀ ਤਰਕਾਰੀ ਕਰਾਰੀ ਲੋਕੀਂ, ਖਾਣਾ ਮਾਲਵੇ, ਮਾਝੇ ਦਆਬ ਵਰਗਾ।
ਭਰਿਆ ਘੁੱਟ ਤਕੀਲੇ ਦਾ ਇਉਂ ਲੱਗਾ, ਪਹਿਲੇ ਤੋੜ ਦੀ ਦੇਸੀ ਸ਼ਰਾਬ ਵਰਗਾ।

**127**

ਕਸਰਤ ਕਰਨ ਵਾਲੇ ਕਮਰੇ ਵਿੱਚ ਜਾ ਕੇ, ਸ਼ਾਮੀਂ ਰਾਂਝੇ ਨੇ ਸਿਹਤ ਬਣਾਈ ਨੇ ਜੀ।
ਮਰਦ ਔਰਤਾਂ ਪੂਲ ਵਿੱਚ ਨਹਾਉਣ ਕੱਠੇ, ਵਿੱਚ ਰਾਂਝੇ ਵੀ ਟੁੱਭੀ ਜਾ ਲਾਈ ਨੇ ਜੀ।
ਬੋਲੇ ਨਾਤਾਂ ਨਿਰੀ ਪੰਜਾਬੀ ਲੱਗੇ, ਪਿੰਡਾ ਗੁੰਦਵਾਂ ਕੁੜੀ ਇੱਕ ਆਈ ਨੇ ਜੀ।
ਰਾਂਝੇ ਸੌ ਡਾਲਰ ਉਸਨੂੰ ਵੀ ਦਿੱਤਾ, ਦੋ ਘੰਟੇ ਮਸਾਜ ਕਰਵਾਈ ਨੇ ਜੀ।

**128**

ਐਸੀ ਰਾਂਝੇ ਨੇ ਰੇਖ ਵਿੱਚ ਮੇਖ ਗੱਡੀ, ਕਈ ਨਵੀਆਂ ਲਕੀਰਾਂ ਬਣਾ ਲਈਆਂ।
ਅੰਬਰਾਂ ਵਿੱਚ ਸੀ ਭਾਲਦਾ ਹੀਰ ਆਪਣੀ, ਕਈ ਨਵੀਆਂ ਹੀ ਧਰਤੀਆਂ ਗਾਹ ਲਈਆਂ।
ਘਰੋਂ ਉੱਡਿਆ ਸੀ ਆਪਣੇ ਪਿਆਰ ਪਿੱਛੇ, ਕਈ ਨਵੀਆਂ ਉਡਾਰੀਆਂ ਲਾ ਲਈਆਂ।
ਨੁੱਕ-ਨਵੀਆਂ ਕਈ ਕੁੜਤੀਆਂ ਪਾ ਡਿੱਠੀਆਂ, ਜਿੰਨਾ ਹੰਢੀਆਂ ਓਨਾ ਹੰਢਾ ਲਈਆਂ।


Academy of the Punjab in North America: http://www.apnaorg.com

129

ਰਾਂਝੇ ਜੁਗਤ ਤਰਕੀਬ ਚਲਾਈ ਸਾਰੀ, ਆਖਿਰ ਲੌਸ ਏਂਜਲਸ ਸ਼ਹਿਰ ਆਇਆ ਜੀ।
ਫਿਰਦਾ ਭਾਲਦਾ ਆਪਣੀ ਹੀਰ ਤਾਈਂ, ਹੋਰ ਕੁਝ ਨਾ ਰਾਂਝੇ ਨੂੰ ਭਾਇਆ ਜੀ।
ਲੱਭਦਾ ਲੱਭਦਾ ਵੈਨਚੂਰਾ ਜਾ ਪਹੁੰਚਾ, ਪਹੁੰਚ ਵੈਨਚੂਰਾ ਸੌਖਾ ਸਾਹ ਆਇਆ ਜੀ।
ਲੱਭਿਆ ਪਤਾ ਜੋ ਚਿੱਠੀ ਤੇ ਸੀ ਲਿਖਿਆ, ਰਾਂਝੇ ਜਾ ਕੁੰਡਾ ਖੜਕਾਇਆ ਜੀ।

130

ਹੀਰ ਸੋਚਦੀ ਕੌਣ ਹੈ ਅੱਜ ਆਇਆ, ਕਿਸਨੇ ਇਸ ਤਰਾਂ ਬਾਰ ਖੜਕਾਇਆ ਜੀ।
ਕੋਈ ਜਾਪਦਾ ਬੜਾ ਦਲੇਰ ਬੰਦਾ, ਕਿਸੇ ਖਾਸ ਹੀ ਮਾਰ ਤੇ ਆਇਆ ਜੀ।
ਬੂਹਾ ਖੋਲ੍ਹਿਆ ਕੈਦੋਂ ਨੇ ਜਦੋਂ ਜਾ ਕੇ, ਅੰਦਰ ਆਪਣੇ ਆਪ ਵੜ ਆਇਆ ਜੀ।
ਪੈਰੀਂ ਪੈਨਾ ਪਿਤਾ ਜੀ ਆਖ ਕੇ ਤੇ, ਜਾ ਚੂਚਕ ਦੇ ਪੈਰੀਂ ਹੱਥ ਲਾਇਆ ਜੀ।

131

ਚੂਚਕ ਲਿਆ ਪਛਾਣ ਸੀ ਰਾਂਝਣੇ ਨੂੰ, ਬਾਂਹੋਂ ਫੜ ਛਾਤੀ ਨਾਲ ਲਾਇਆ ਜੀ।
ਚਾਚਾ ਹੀਰ ਦਾ ਹਾਂ ਕੈਦੋਂ ਨਾਮ ਮੇਰਾ, ਕੈਦੋਂ ਰਾਂਝੇ ਨਾਹੱਥ ਮਿਲਾਇਆ ਜੀ।
ਪੁੱਛੀ ਪਿਆਰ ਦੇ ਨਾਲ ਗੱਲ ਬਾਤ ਸਾਰੀ, ਤੇ ਸਤਿਕਾਰ ਦੇ ਨਾਲ ਬਿਠਾਇਆ ਜੀ।
ਰਾਂਝਾ ਆਖਦਾ ਬੜੀ ਹੀ ਪਿਆਸ ਲੱਗੀ, ਹੱਥੀਂ ਚੂਚਕ ਨੇ ਜੂਸ ਪਿਲਾਇਆ ਜੀ।

132

ਹੀਰ ਸੁਣੀ ਆਵਾਜ਼ ਜਾਂ ਰਾਂਝਣੇ ਦੀ, ਭੱਜੀ ਭੱਜੀ ਚੁਬਾਰੇ ਚੋਂ ਆਈ ਨੇ ਜੀ।
ਰਾਂਝਾ ਉੱਠ ਕੇ ਜ਼ਰਾ ਅਗਾਂਹ ਹੋਇਆ, ਦੋਹਾਂ ਧਾਅ ਗਲਵੱਕੜੀ ਪਾਈ ਨੇ ਜੀ।
ਧਾਹਾਂ ਮਾਰੀਆਂ ਮੋਢੇ ਤੇ ਸਿਰ ਰੱਖ ਕੇ, ਚੀਕ ਅੰਬਰਾਂ ਤੀਕ ਸੁਣਾਈ ਨੇ ਜੀ।
ਪੰਜਾਂ ਪੀਰਾਂ ਦੀ ਧੁਰੋਂ ਆਵਾਜ਼ ਆਈ, ਹੀਰ ਰਾਂਝੇ ਨੂੰ ਸਾਡੀ ਵਧਾਈ ਨੇ ਜੀ।

133

ਚੂਚਕ ਕੈਦੋਂ ਦੇ ਨਾਲ ਸਲਾਹ ਕਰਦਾ, ਸੋਚ ਸਮਝ ਕੇ ਫੈਸਲਾ ਲੈ ਹੋਣਾ।
ਹੀਰ ਰਾਂਝੇ ਦਾ ਪਿਆਰ ਹੈ ਬੜਾ ਗੂੜਾ, ਨਾ ਇਹ ਮਿਟ ਸਕਣਾ ਨਾ ਇਹ ਸਹਿ ਹੋਣਾ।
ਮੁੜਨਾ ਮੂਲ ਨਾ ਹੀਰ ਨੇ ਰਾਂਝਣੇ ਤੋਂ, ਨਾ ਸਾਥੋਂ ਝੱਲ ਹੋਣਾ ਨਾ ਕੁਝ ਕਹਿ ਹੋਣਾ।
ਡੂੰਘੇ ਪਾਣੀ ਵਿੱਚ ਡਿੱਗ ਪਈ ਧੀ ਸਾਡੀ, ਨਾ ਉਸਨੂੰ ਕੱਢ ਹੋਣਾ ਨਾ ਸਾਥੋਂ ਰਹਿ ਹੋਣਾ।

134

ਫਿਰ ਚੂਚਕ ਤੇ ਕੈਦੋਂ ਦੇ ਨਾਲ ਬਹਿ ਕੇ, ਰਾਂਝੇ ਬੀਅਰ ਬੱਤਾ ਮਾਸਾ ਲਾਇਆ ਜੀ।
ਪੀਜਾ ਹੱਟ ਤੋਂ ਘਰੋਂ ਹੀ ਕਾਲ ਕਰਕੇ, ਚੂਚਕ ਆਪ ਪੀਜਾ ਮੰਗਵਾਇਆ ਜੀ।
ਬਹਿ ਕੇ ਮਾਝੇ ਦਆਬੇ ਦੀਆਂ ਕਰਨ ਗੱਲਾਂ, ਨਾਲੇ ਮੱਠਾ ਮੱਠਾ ਪੈੱਗ ਲਾਇਆ ਜੀ।
ਰਾਤ ਰਹਿਣ ਦੇ ਵਾਸਤੇ ਰਾਂਝਣੇ ਲਈ, ਕਮਰਾ ਹੋਟਲ ਵਿੱਚ ਬੁੱਕ ਕਰਵਾਇਆ ਜੀ।

135

ਅਗਲੇ ਦਿਨ ਫਿਰ ਦਫ਼ਤਰ ਦੇ ਵਿੱਚ ਬਹਿ ਕੇ, ਹੀਰ ਰਾਂਝੇ ਨੂੰ ਚੂਚਕ ਸਮਝਾਂਵਦਾ ਜੀ।
ਹੋਟਲ ਪਹੁੰਚ ਕੇ ਰਾਂਝੇ ਨੂੰ ਨਾਲ ਲੈ ਕੇ, ਕੈਦੋਂ ਚੂਚਕ ਦੇ ਦਫ਼ਤਰ ਲਿਆਂਵਦਾ ਜੀ।


Academy of the Punjab in North America: http://www.apnaorg.com

ਜੁਗ ਜੁਗ ਜੀਓ ਤੇ ਮਾਣੋ ਜਵਾਨੀਆਂ ਨੂੰ, ਬੇਟਾ ਆਖ ਕੇ ਚੂਚਕ ਬੁਲਾਂਵਦਾ ਜੀ।
ਪਿਆਰ ਕਰਨਾ ਤਾਂ ਹੱਕ ਹੈ ਹਰ ਕਿਸੇ ਦਾ, ਲੇਕਿਨ ਵਿਰਲਾ ਕੋਈ ਸਿਰੇ ਚੜਾਂਵਦਾ ਜੀ।

**136**

ਚੂਚਕ ਆਖਦਾ ਰਾਂਝਿਆ ਸੁਣ ਪੁੱਤਰਾ, ਮੈਨੂੰ ਪਤਾ ਤੂੰ ਹੀਰ ਨੂੰ ਪਿਆਰ ਕਰਦਾਂ।
ਪਿਤਾ ਆਖ ਜਦ ਪੈਰੀਂ ਤੂੰ ਹੱਥ ਲਾਇਆ, ਇਸ ਤੋਂ ਪਤਾ ਲਗਦਾ ਤੂੰ ਸਤਿਕਾਰ ਕਰਦਾਂ।
ਲਗਨਾਂ ਰੱਬ ਦੀ ਰਜ਼ਾ ਵਿੱਚ ਰਹਿਣ ਵਾਲਾ, ਜਿਕਰ ਰੱਬ ਦਾ ਤੂੰ ਵਾਰ ਵਾਰ ਕਰਦਾਂ।
ਪਿਆਰ ਪਰਵਦਗਾਰ ਨੇ ਵੀ ਕੀਤਾ, ਕੋਈ ਹਰਜ ਨਹੀਂ ਜੇਕਰ ਤੂੰ ਪਿਆਰ ਕਰਦਾਂ।

**137**

ਪਿਆਰ ਕਰਨ ਤੋਂ ਮੈਂ ਨਾ ਕਦੇ ਰੋਕਾਂ, ਇੱਕ ਬਾਪ ਦਾ ਬੱਚਿਆਂ ਨਾ ਵਾਦਾ ਜੀ।
ਹਰ ਕਰਮ ਦੇ ਲੇਕਿਨ ਅਸੂਲ ਹੁੰਦੇ, ਪਿਆਰ ਕਰਨ ਦਾ ਵੀ ਹੈ ਕਾਇਦਾ ਜੀ।
ਹੂੜ੍ਹਮੱਤੀ 'ਚ ਪਿਆਰ ਬਦਨਾਮ ਕਰਨਾ, ਨਾ ਕੋਈ ਗੱਲ ਬਣਦੀ ਨਾ ਕੋਈ ਫਾਇਦਾ ਜੀ।
ਜੇ ਕਰ ਸਾਰਿਆਂ ਦੇ ਦਿਲ ਦੁਖੀ ਹੋ ਗਏ, ਕੀ ਫਾਇਦਾ ਐਸਾ ਦਿਲ ਲਾਏ ਦਾ ਜੀ।

**138**

ਚੂਚਕ ਆਖਿਆ ਰਾਂਝਿਆ ਦੱਸ ਕੇਰਾਂ, ਹੀਰ ਲਈ ਕੁਰਬਾਨੀ ਕੋਈ ਕਰ ਸਕਦੈਂ?
ਮੈਨੂੰ ਪਤਾ ਹੈ ਜਰਨਾ ਤਾਂ ਬਹੁਤ ਔਖਾ, ਕੀ ਤੂੰ ਸਾਲ ਦੋ ਸਾਲ ਲਈ ਜਰ ਸਕਦੈਂ?
ਤਰ ਆਇਆ ਤੂੰ ਦੁਨੀਆ ਦੇ ਪਾਣੀਆਂ ਨੂੰ, ਕੀ ਥੋੜਾ ਜਿਹਾ ਹੋਰ ਵੀ ਤਰ ਸਕਦੈਂ?
ਤੇਰੇ ਵਾਸਤੇ ਤੈਨੂੰ ਇੱਕ ਕੰਮ ਦੱਸਾਂ, ਮੇਰੇ ਮਗਰ ਲੱਗ ਕੇ ਕੀ ਤੂੰ ਕਰ ਸਕਦੈਂ?

**139**

ਰਾਂਝੇ ਆਖਿਆ ਪਰਖ ਕੇ ਦੇਖ ਕੇਰਾਂ, ਮੈਂ ਤਾਂ ਹੀਰ ਲਈ ਕੁਝ ਵੀ ਕਰ ਸਕਦਾਂ।
ਸਮਾਂ ਬੇਵਫ਼ਾਈ ਨਾ ਕਰੇ ਜੇਕਰ, ਸੌ ਸਾਲ ਵੀ ਸਮੇਂ ਨੂੰ ਜਰ ਸਕਦਾਂ।
ਖੇਡਾਂ ਤਰਨ ਦੀਆਂ ਮਰਨ ਦੀਆਂ ਮੈਂ ਜਾਣਾ, ਭਵ ਸਾਗਰ ਵੀ ਹੀਰ ਲਈ ਤਰ ਸਕਦਾਂ।
ਜੀਂਦਾ ਰਹਾਂ ਮੈਂ ਹੀਰ ਲਈ ਉਮਰ ਸਾਰੀ, ਲੋੜ ਪਈ ਤਾਂ ਹੀਰ ਲਈ ਮਰ ਸਕਦਾਂ।

**140**

ਕਾਗ਼ਜ਼ ਹੀਰ ਦੇ ਬਣਨਗੇ ਸਾਲ ਖੰਡ ਵਿੱਚ, ਓਨਾ ਚਿਰ ਨਾ ਗੱਲ ਕੋਈ ਕਰੀਂ ਰਾਂਝਾ।
ਦਸਖ਼ਤ ਕਿਸੇ ਦੇ ਅਸਾਂ ਕਰਵਾਏ ਨੇ ਜੀ, ਤਕੜਾ ਦਿਲ ਕਰਕੇ ਗੱਲ ਨੂੰ ਜਰੀਂ ਰਾਂਝਾ।
ਪਰਦਾ ਰੱਖਣ ਦੇ ਵਿੱਚ ਹੀ ਜਿੱਤ ਤੇਰੀ, ਬਾਜੀ ਜਿੱਤੀ ਜਤਾਈ ਨਾ ਹਰੀਂ ਰਾਂਝਾ।
ਪੇਪਰ ਹੀਰ ਦੇ ਜਦੋਂ ਵੀ ਬਣੇ ਪੱਕੇ, ਬੜੇ ਸ਼ੌਕ ਦੇ ਨਾਲ ਸ਼ਾਦੀ ਕਰੀਂ ਰਾਂਝਾ।

**141**

ਤੂੰ ਵੀ ਸੁਣ ਹੀਰੇ ਗੱਲ ਨੂੰ ਲੜ ਬੰਨਿ ਲਾ, ਮੈਂ ਖੁਦ ਜਾਣਦਾ ਰਾਂਝਾ ਦਿਲਦਾਰ ਤੇਰਾ।
ਬਣ ਜਾਣ ਕਾਗ਼ਜ਼ ਤਾਂ ਫਿਰ ਖੁਸ਼ੀ ਕਰ ਲਈਂ, ਕਿਤੇ ਭੱਜਾ ਨਹੀਂ ਜਾਂਦਾ ਇਹ ਪਿਆਰ ਤੇਰਾ।
ਉਘ ਸੁਘ ਨਾ ਨਿਕਲੇ ਕਿਸੇ ਤਾਈਂ, ਕਿ ਤੂੰ ਰਾਂਝੇ ਦੀ ਹੈਂ ਰਾਂਝਾ ਯਾਰ ਤੇਰਾ।
ਦੜ ਵੱਟ ਕੇ ਸਾਲ ਦੋ ਸਾਲ ਕੱਢ ਲਾ, ਮੈਂ ਖ਼ੁਦ ਆਪ ਵਸਾਊਂ ਘਰ ਬਾਹਰ ਤੇਰਾ।

**142**


Academy of the Punjab in North America: http://www.apnaorg.com

ਓਸੇ ਕਾਲਜ ਤੇ ਓਸੇ ਕਲਾਸ ਦੇ ਵਿੱਚ, ਜਿੱਥੇ ਹੀਰ ਪੜ੍ਹਦੀ ਰਾਂਝਾ ਜਾਣ ਲੱਗਾ।
ਇੱਕ ਕਮਰਾ ਕਿਰਾਏ ਤੇ ਲਿਆ ਉਸਨੇ, ਆਪੇ ਖਾਣ ਤੇ ਆਪੇ ਪਕਾਉਣ ਲੱਗਾ।
ਰਵੀ ਔਜਲੇ ਨਾਲ ਜਾ ਗੱਲ ਕੀਤੀ, ਸੈਵਨ ਅਲੈਵਨ ਤੇ ਰਾਤਾਂ ਲਗਾਨ ਲੱਗਾ।
ਪਿੱਛੋਂ ਘਰਦਿਆਂ ਕੋਲੋਂ ਹੈ ਕੀ ਮੰਗਣਾ, ਖਰਚ ਵਰਚ ਜੋਗਾ ਸੀ ਕਮਾਣ ਲੱਗਾ।

143

ਕਾਲਜ ਵਿੱਚ ਸੀ ਇੱਕ ਦਿਨ ਮਿਲੀ ਸਹਿਤੀ, ਪੁੱਛਣ ਰਾਂਝੇ ਦਾ ਸਾਰਾ ਹਾਲ ਚਾਲ ਲੱਗੀ।
ਕੁਰਸੀ ਖਿੱਚ ਕੇ ਰਾਂਝੇ ਦੇ ਕੋਲ ਕਰ ਲਈ, ਉਲਟ ਪੁਲਟ ਜਿਹੇ ਪੁੱਛਣ ਸਵਾਲ ਲੱਗੀ।
ਕਹਿੰਦੀ ਉੱਠ ਕੇ ਜਰਾ ਕੁ ਖੜਾ ਹੋਵੀਂ, ਜੱਫਾ ਮਾਰ ਕੇ ਛਾਤੀ ਦੇ ਨਾਲ ਲੱਗੀ।
ਤੇਰੇ ਵਰਗਾ ਨਾ ਗੱਭਰੂ ਕੋਈ ਡਿੱਠਾ, ਸਾਰੀ ਉਮਰ ਸੀ ਮੈਨੂੰ ਤਾਂ ਭਾਲ ਲੱਗੀ।

144

ਰਾਂਝਾ ਆਖਦਾ ਜੱਟਾਂ ਦੀ ਕੁੜੀ ਲੱਗੇਂ, ਚੰਗੀ ਭਲੀ ਪੰਜਾਬੀ ਤੂੰ ਬੋਲਨੀ ਏਂ।
ਪਰ੍ਹਾਂ ਹੋ ਕੇ ਜਰਾ ਕੁ ਬੈਠ ਕੁੜੀਏ, ਇਹ ਕਸੂਤੀ ਜਿਹੀ ਕੜ੍ਹੀ ਕੀ ਘੋਲ਼ਨੀ ਏਂ।
ਲਾਲ਼ਾਂ ਸਿੱਟ ਦੀ ਏਂ ਨਵਾਂ ਦੇਖ ਬੰਦਾ, ਸ਼ਬਦ ਲੱਚਰ, ਅਸ਼ਲੀਲ ਕਿਉਂ ਬੋਲਨੀ ਏਂ।
ਮੇਰੇ ਅੰਦਰ ਹੈ ਸੁਲਗਦੀ ਅੱਗ ਜਿਹੜੀ, ਧੁਖਦੇ ਕੋਲੇ ਤੂੰ ਕਾਹਤੋਂ ਫਰੋਲਨੀ ਏਂ।

145

ਅੱਧੀ ਗੱਲ ਦੀ ਤੇਰੀ ਨਾ ਸਮਝ ਲੱਗੀ, ਗੂੜ੍ਹ ਗਿਆਨ ਤੇ ਬਹੁਤਾ ਨਾ ਜਾਣਦੀ ਮੈਂ।
ਖਾਣ ਪੀਣ ਦਾ ਸ਼ੌਕ ਮੈਂ ਰੱਖਦੀ ਹਾਂ, ਰੱਜ ਰੱਜ ਰੰਗ ਰਲੀਆਂ ਹੀ ਮਾਣਦੀ ਮੈਂ।
ਐਨਾ ਪਤਾ ਤੂੰ ਮੇਰੀ ਹੀ ਉਮਰ ਦਾ ਹੈਂ, ਮਿਣ ਕੇ ਦੇਖ ਲਾ ਤੂੰ ਤੇਰੇ ਹਾਣ ਦੀ ਮੈਂ।
ਮੌਜ ਜਿੰਦਗੀ ਦੀ ਮੈਂ ਤਾਂ ਨਿੱਤ ਲੈਂਦੀ, ਬਹੁਤੀ ਗੁਣਾ ਘਟਾਓ ਨਾ ਜਾਣਦੀ ਮੈਂ।

146

ਇੱਕ ਦਿਨ ਰਾਤ ਨੂੰ ਰਾਂਝਾ ਸੀ ਕੰਮ ਕਰਦਾ, ਧੋਂਦਾ ਪਾਰਕਿੰਗ ਝਾੜੂ ਲਗਾਂਵਦਾ ਜੀ।
ਡੱਬੇ ਬੀਅਰ ਦੇ, ਖ਼ਾਲੀ ਗਲਾਸ ਚੁੱਕੇ, ਚੁੱਕ ਕੂੜੇ ਦੇ ਡੱਬੇ ਵਿੱਚ ਪਾਂਵਦਾ ਜੀ।
ਸਹਿਤੀ ਬੀਅਰ ਖਰੀਦਣ ਨੂੰ ਆਈ ਓਥੇ, ਉਸਨੂੰ ਵੇਖ ਯਕੀਨ ਨਾ ਆਂਵਦਾ ਜੀ।
ਲਗਦਾ ਨਹੀਂ ਕਿ ਕਦੇ ਇਸ ਕੰਮ ਕੀਤਾ, ਕੀ ਕਾਰਣ ਹੈ ਇਹ ਪੋਚੇ ਲਾਂਵਦਾ ਜੀ।

147

ਏਨੀ ਦੇਰ ਨੂੰ ਆਪਣਾ ਕੰਮ ਕਰਕੇ, ਰਾਂਝਾ ਤੁਰਿਆ ਕਮਰੇ ਵੱਲ ਜਾਂਵਦਾ ਜੀ।
ਸਹਿਤੀ ਰੋਕ ਕੇ ਕਾਰ ਬਿਠਾ ਲਿਆ ਸੂ, ਕਹਿੰਦੀ ਤੇਰੇ ਤੇ ਤਰਸ ਹੈ ਆਂਵਦਾ ਜੀ।
ਸਹਿਤੀ ਆਖਦੀ ਤੇਰੇ ਮੈਂ ਘਰੇ ਜਾਣਾ, ਰਾਂਝਾ ਸਹਿਤੀ ਤੋਂ ਖਹਿੜਾ ਛਡਾਂਵਦਾ ਜੀ।
ਕਮਰੇ ਵਿੱਚ ਤਾਂ ਕੁਝ ਵੀ ਹੈ ਨਾ ਸੀ, ਸੰਗਦਾ ਸੰਗਦਾ ਅੰਦਰ ਨੂੰ ਜਾਂਵਦਾ ਜੀ।

148

ਕੁਰਸੀ ਮੇਜ਼ ਨਾ ਕੋਈ ਨਾ ਮੰਜਾ ਪੀਹੜੀ, ਕਾਰਪੈਟ ਤੇ ਕੰਬਲ ਵਿਛਾਏ ਰਾਂਝਾ।
ਕਮਰੇ ਵਿੱਚ ਤਾਂ ਹੋਰ ਕੁਝ ਵੀ ਨਾ ਸੀ, ਸੋਚੇ ਸਹਿਤੀ ਨੂੰ ਕੀ ਦਿਖਾਏ ਰਾਂਝਾ।


Academy of the Punjab in North America: http://www.apnaorg.com

ਸਹਿਤੀ ਅੱਖ ਦੇ ਨਾਲ ਜਾਂ ਅੱਖ ਮੇਲੀ, ਨਿੱਕਾ ਜਿਹਾ ਫਿਰ ਮੂੰਹ ਬਣਾਏ ਰਾਂਝਾ।
ਰਾਂਝਾ ਪੁੱਤ ਜੋ ਦੇਸ਼ ਦੇ ਚੌਧਰੀ ਦਾ, ਦੂਜੇ ਦੇਸ਼ ਵਿੱਚ ਨਜ਼ਰ ਚੁਰਾਏ ਰਾਂਝਾ।
149

ਆਹ ਤਾਂ ਬਹੁਤ ਵਧੀਆ ਸਹਿਤੀ ਆਖਦੀ ਸੂ, ਬੜੇ ਲੋਕ ਏਸੇ ਤਰਾਂ ਰਹਿਣ ਰਾਂਝਾ।
ਤੇਰੇ ਕੋਲ ਤਾਂ ਕੰਬਲ ਹੈ ਬੜਾ ਵਧੀਆ, ਲੋਕੀਂ ਕਾਰਪੈਟ ਉੱਤੇ ਹੀ ਪੈਣ ਰਾਂਝਾ।
ਆਹ ਲੈ ਫੜ ਡੱਬਾ, ਆਪਾਂ ਬੀਅਰ ਪੀਏ, ਮੈਂ ਤੇ ਕੰਬਲ ਤੇ ਲੱਗੀ ਹਾਂ ਬਹਿਣ ਰਾਂਝਾ।
ਤਿੰਨ ਚਾਰ ਡੱਬੇ ਬੀਅਰ ਦੇ ਪੀ ਕੇ, ਸਹਿਤੀ ਆਖਦੀ ਲੱਗੀ ਮੈਂ ਪੈਣ ਰਾਂਝਾ।
150

ਰਾਂਝਾ ਆਖਦਾ ਆਪਣੇ ਘਰ ਮੁੜ ਜਾ, ਘਰ ਵਾਲੇ ਉਡੀਕਦੇ ਹੋਣਗੇ ਨੀ।
ਜਿਸਦੀ ਧੀ ਜਵਾਨ ਨਾ ਮੁੜੀ ਰਾਤੀਂ, ਸਾਰੀ ਰਾਤ ਉਹ ਕਿਸ ਤਰਾਂ ਸੌਣਗੇ ਨੀ।
ਅਚਨਚੇਤ ਜੇ ਦਾਗ ਲੱਗ ਜਾਏ ਕੋਈ, ਸਾਰੀ ਉਮਰ ਫਿਰ ਕਿਸ ਤਰਾਂ ਧੋਣਗੇ ਨੀ।
ਜੇਕਰ ਆਂਢ ਗਵਾਂਢ ਨੂੰ ਪਤਾ ਲੱਗੂ, ਘਰ ਦੇ ਮਾਰ ਦੁਹੱਥੜੇ ਰੋਣਗੇ ਨੀ।
151

ਸਹਿਤੀ ਆਖਦੀ ਸਮਝ ਨਾ ਲੱਗਦੀ ਸੂ, ਕਿਹੜਾ ਹਿਸਾਬ ਕਿਤਾਬ ਲਗਾਵਨਾ ਏਂ।
ਉਰੇ ਆ ਤੇ ਘੁੱਟ ਪਿਲਾ ਮੈਨੂੰ, ਐਵੇਂ ਪੱਜ ਪਲੱਜ ਕੀ ਲਾਵਣਾ ਏਂ।
ਆਹ ਤੂੰ ਡੱਬੇ ਨੂੰ ਕੀ ਚੁੰਘੀ ਜਾਵਨਾ ਏਂ, ਘੰਟੇ ਵਿੱਚ ਇਕ ਡੱਬਾ ਮੁਕਾਵਨਾ ਏਂ।
ਉਰੇ ਆਏਂਗਾ ਜਾਂ ਖਿੱਚ ਲਵਾਂ ਤੈਨੂੰ, ਰੱਬ ਤੋਂ ਹੋਰ ਤੂੰ ਅੱਜ ਕੀ ਚਾਹਵਨਾ ਏਂ।
152

ਮਿਹਣਾ ਮਰਦਾਂ ਨੂੰ ਛੱਡ ਮੈਦਾਨ ਭੱਜਣਾ, ਰਾਂਝੇ ਭਰ ਗਲਾਸੀ ਇੱਕ ਲਾਈ ਨੇ ਜੀ।
ਰਾਂਝੇ ਆਖਿਆ ਦੇਖ ਹੁਣ ਕਿਵੇਂ ਪੀਵਾਂ, ਇੱਕੋ ਸਾਹੜੇ ਗਲਾਸੀ ਮੁਕਾਈ ਨੇ ਜੀ।
ਸਹਿਤੀ ਰਾਂਝੇ ਦੇ ਮੋਢੇ ਤੇ ਸਿਰ ਰੱਖਿਆ, ਨਾਲੇ ਘੁੱਟ ਕਰਿੰਘੜੀ ਪਾਈ ਨੇ ਜੀ।
ਸੁੱਨੜਾ ਗੱਲ ਨੂੰ ਸੁਣੀ ਤਿਆਰ ਹੋ ਕੇ, ਧੱਕੇ ਨਾਲ ਹੀ ਸੇਜ ਹੰਢਾਈ ਨੇ ਜੀ।
153

ਰਾਂਝੇ ਅਗਲੇ ਦਿਨ ਕੈਦੋਂ ਨੂੰ ਕਾਲ ਕੀਤੀ, ਕੀ ਕੁਝ ਕਰਨ ਕੁੜੀਆਂ ਦੁਹਾਈ ਨੇ ਜੀ।
ਸਾਰੀ ਖ਼ੋਲ ਕੇ ਰਾਤ ਦੀ ਗੱਲ ਦੱਸੀ, ਕਹਿੰਦਾ ਰਾਤ ਇੱਕ ਭੂਤਨੀ ਆਈ ਨੇ ਜੀ।
ਮੈਂ ਤਾਂ ਡਰਦਾ ਸੀ ਉਸਦੇ ਲੱਛਣਾਂ ਤੋਂ, ਧੱਕੇ ਨਾਲ ਉਸ ਸੇਵਾ ਕਰਵਾਈ ਨੇ ਜੀ।
ਚੰਗੀ ਭਲੀ ਸੀ ਬੀਅਰ ਜਦ ਪੀਣ ਲੱਗੀ, ਬੀਅਰ ਪੀ ਕੇ ਹੋਸ਼ ਗਵਾਈ ਨੇ ਜੀ।
154

ਕੈਦੋਂ ਆਖਦਾ ਗੱਲ ਸੁਣ ਤੂੰ ਰਾਂਝਾ, ਤੇਰਾ ਬੜਾ ਹੀ ਕੰਮ ਸੂਤ ਆਇਆ ਨੇ।
ਦੇਖੀਂ ਸਾਲ ਦੋ ਸਾਲ ਦੇ ਵਿੱਚ ਰਾਂਝਾ, ਤੇਰਾ ਹਰਾ ਪੱਤਾ ਘਰ ਆਇਆ ਨੇ।
ਦਸਖ਼ਤ ਕਰਨ ਨੂੰ ਤੂੰ ਮਨਾਈਂ ਉਸਨੂੰ, ਤੇਰਾ ਕੰਮ ਤਾਂ ਕੰਢੇ ਤੇ ਆਇਆ ਨੇ।
ਗੱਲ ਕਰੀਂ ਤੂੰ ਰਾਂਝਿਆ ਓਸ ਵੇਲੇ, ਜਦੋਂ ਓਸ ਨੇ ਪੈੱਗ ਇੱਕ ਲਾਇਆ ਨੇ।
155


Academy of the Punjab in North America: http://www.apnaorg.com

ਹਾਲੇ ਮੂੰਹੋਂ ਚੋਂ ਰਾਂਝੇ ਨੇ ਗੱਲ ਕੱਢੀ, ਸਹਿਤੀ ਓਸੇ ਵੇਲੇ ਭੱਜੀ ਆਈ ਨੇ ਜੀ।
ਓਸੇ ਦਿਨ ਹੀ ਦਸਖ਼ਤ ਜਾ ਕੀਤੇ, ਗੱਡੀ ਰਾਂਝੇ ਦੀ ਲੀਹਾਂ ਤੇ ਪਾਈ ਨੇ ਜੀ।
ਘੁੰਮਦੇ ਰਹੇ ਦੋਵੇਂ ਉਸ ਦਿਨ ਬੀਚ ਉੱਤੇ, ਅੱਜ ਰਾਂਝੇ ਨੇ ਰੋਟੀ ਖਲ਼ਾਈ ਨੇ ਜੀ।
ਟੇਬਲ ਵਾਈਨ ਦੇ ਦੋ ਤਿੰਨ ਪੈਗ ਲਾ ਕੇ, ਸਹਿਤੀ ਪੱਕੀ ਗਲਾਸੀ ਵੀ ਲਾਈ ਨੇ ਜੀ।
156

ਲੰਘਿਆ ਸਮਾਂ ਤੇ ਪਤਾ ਹੀ ਨਾ ਲੱਗਾ, ਇੱਕ ਦਿਨ ਸਮੇਂ ਨੇ ਰੰਗ ਦਿਖਾਇਆ ਜੀ।
ਡੱਬਾ ਖ਼ੋਲ ਜਦ ਰਾਂਝੇ ਨੇ ਮੇਲ ਦੇਖੀ, ਹਰਾ ਪੱਤਾ ਅੱਜ ਡਾਕ ਵਿੱਚ ਆਇਆ ਜੀ।
ਰਾਂਝੇ ਯਾਰ ਬੇਲੀ ਸਾਰੇ ਕਰੇ ਕੱਠੇ, ਬਾਰ ਬੀ ਕਿਉ ਅੱਜ ਬਣਾਇਆ ਜੀ।
ਦੇਰ ਖੌਪੀਏ ਤਾਈਂ ਸੀ ਰਹੇ ਪੀਂਦੇ, ਪੂਰਾ ਜੰਮ ਕੇ ਖੁਸ਼ਾ ਮਨਾਇਆ ਜੀ।
157

ਟੂੰਨ ਹੋ ਕੇ ਕੈਦੋਂ ਵੀ ਗਿਆ ਓਥੇ, ਇੱਕ ਹੋਰ ਜਾ ਕੇ ਪੈੱਗ ਲਾਇਆ ਜੀ।
ਚਿੱਠਾ ਖ਼ੋਲ ਕੇ ਰੱਖਿਆ ਆਪਣਾ ਵੀ, ਪੱਤਾ ਕੈਦੋਂ ਵੀ ਇਵੇਂ ਬਣਾਇਆ ਜੀ।
ਕੋਈ ਗੱਲ ਦੱਸੇ ਆਪਣੇ ਨਾਲ ਬੀਤੀ, ਕਿਦਾਂ ਜੱਟਾਂ ਨੇ ਵਕਤ ਲੰਘਾਇਆ ਜੀ।
ਕਿਸੇ ਦੱਸਿਆ ਕੇ ਬਾਰਾਂ ਸਾਲ ਮਗਰੋਂ, ਚੇਹਰਾ ਬੱਚਿਆਂ ਦਾ ਨਜ਼ਰੀਂ ਆਇਆ ਜੀ।
158

ਚੂਚਕ ਕੋਲ ਫਿਰ ਅਗਲੇ ਦਿਨ ਗਿਆ ਰਾਂਝਾ, ਆਖੇ ਮੈਂ ਤਾਂ ਬੋਲ ਪੁਗਾਇਆ ਜੀ।
ਕਰੋ ਮਿਹਰ ਤੇ ਹੀਰ ਹੁਣ ਦਿਓ ਮੈਨੂੰ, ਆਪਣੀ ਹੀਰ ਨੂੰ ਲੈਣ ਮੈਂ ਆਇਆ ਜੀ।
ਚੂਚਕ ਆਖਦਾ ਖੇੜੇ ਤਾਂ ਨਹੀਂ ਮੰਨਦੇ, ਪਿਛਲੇ ਮਹੀਨੇ ਮੈਂ ਬੜਾ ਸਮਝਾਇਆ ਜੀ।
ਕਾਰਡ ਹੀਰ ਦਾ ਆਇਆ ਹੈ ਕਈ ਚਿਰ ਦਾ, ਪਰ ਨਾ ਖੇੜਿਆਂ ਸਾਨੂੰ ਦਿਖਾਇਆ ਜੀ।
159

ਓਸੇ ਵੇਲੇ ਹੀ ਸਹਿਤੀ ਨੂੰ ਕਾਲ ਕਰਕੇ, ਰਾਂਝੇ ਕਮਰੇ ਦੇ ਵਿੱਚ ਬੁਲਾਇਓ ਨੇ।
ਕਾਰਡ ਮਿਲਣ ਦੀ ਖੁਸ਼ੀ ਫਿਰ ਕਰੀ ਦੋਹਾਂ, ਕੱਠੇ ਬੈਠ ਕੇ ਪੈੱਗ ਸ਼ੈਗ ਲਾਇਓ ਨੇ।
ਕਈਆਂ ਦਿਨਾਂ ਦੇ ਬਾਅਦ ਅੱਜ ਮਿਲੇ ਦੋਵੇਂ, ਰੱਜ ਰੱਜ ਕੇ ਮਨ ਪਰਚਾਇਓ ਨੇ।
ਤੀਵੀਂ ਨਾ ਬਣੀ ਨਾ ਸਹੀ ਫੇਰ ਕੀ ਹੈ, ਆਪਣੇ ਪਿਆਰ ਨੂੰ ਨੇਪਰੇ ਲਾਇਓ ਨੇ।
160

ਸਹਿਤੀ ਆਖਦੀ ਰਾਂਝਿਆ ਯਾਦ ਰੱਖੀਂ, ਮੈਂ ਤਾਂ ਆਪਣਾ ਫਰਜ਼ ਨਿਭਾ ਦਿੱਤਾ।
ਮੇਰਾ ਕੁਝ ਵੀ ਨਾ ਲੁਕਿਆ ਵੇ ਤੇਰੇ ਕੋਲੋਂ, ਅੰਗ ਅੰਗ ਮੈਂ ਖ਼ੋਲ ਵਿਖਾ ਦਿੱਤਾ।
ਤੇਰੇ ਮੇਰੇ ਵਿਚਾਲੇ ਹੈ ਕੌਣ ਨੱਢੀ, ਜਿਸਨੇ ਤੇਰੇ ਤੇ ਜਾਦੂ ਚਲਾ ਦਿੱਤਾ।
ਦੱਸੀ ਦਿਲ ਦੀ ਗੱਲ ਨਾ ਕਦੇ ਮੈਨੂੰ, ਗੱਲੀਂ ਬਾਤੀਂ ਤੂੰ ਮੈਨੂੰ ਟਰਕਾ ਦਿੱਤਾ।
161

ਰਾਂਝਾ ਆਖਦਾ ਚੂਚਕ ਨੇ ਕਸਮ ਪਾਈ, ਤਾਂਹੀਓਂ ਤੇਰੇ ਤੋਂ ਗੱਲ ਲੁਕਾਈ ਨਾਰੇ।
ਜਿਸਨੂੰ ਸਹਿਤੀਏ ਭਾਬੀ ਤੂੰ ਆਖਦੀ ਹੈਂ, ਇਹ ਸਭ ਹੀਰ ਦੀ ਕਰੀ ਕਰਾਈ ਨਾਰੇ।


Academy of the Punjab in North America: http://www.apnaorg.com

ਮੈਂ ਅਮਰੀਕਾ ਜੇ ਆਇਆ ਤਾਂ ਹੀਰ ਖਾਤਰ, ਹੀਰ ਖਿੱਚ ਕੇ ਮੈਨੂੰ ਲਿਆਈ ਨਾਰੇ।
ਮੇਰੇ ਆਉਣ ਤੋਂ ਪਹਿਲਾਂ ਹੀ ਹੀਰ ਦੇ ਲਈ, ਹਰੇ ਪੱਤੇ ਦੀ ਗੱਲ ਚਲਾਈ ਨਾਰੇ।

**162**

ਬਿਨਾ ਸ਼ਰਤ ਮੈਂ ਤੈਨੂੰ ਪਿਆਰ ਕੀਤਾ, ਜੁਗ ਜੁਗ ਜੀਅ ਤੂੰ ਤੇ ਮੇਰਾ ਯਾਰ ਮੀਆਂ।
ਕਰਦਾ ਚਿੱਤ ਜੇ ਰੱਬ ਧਿਆਵਣੇ ਨੂੰ, ਮੈਂ ਤਾਂ ਕਰਦੀ ਸਾਂ ਤੇਰਾ ਦੀਦਾਰ ਮੀਆਂ।
ਅਗਲੇ ਜਨਮ ਵਿੱਚ ਮਿਲਾਂਗੇ ਫੇਰ ਆਪਾਂ, ਤੇਰੇ ਸਿਰ ਹੈ ਮੇਰਾ ਉਧਾਰ ਮੀਆਂ।
ਤੇਰੀ ਹੀਰ ਮੈਂ ਤੈਨੂੰ ਦਿਵਾ ਦਿਆਂਗੀ, ਜਾਂਦੀ ਵਾਰ ਦਾ ਮੇਰਾ ਇਕਰਾਰ ਮੀਆਂ।

**163**

ਸਹਿਤੀ ਜਾ ਕੇ ਖੇੜੇ ਨਾਲ ਗੱਲ ਕਰਦੀ, ਕਹਿੰਦੀ ਗੱਲ ਸੁਣ ਲਾ ਕੇ ਕੰਨ ਵੀਰਾ।
ਹੀਰ ਤੇਰੀ ਤਾਂ ਕਦੇ ਨਾ ਹੋ ਸਕਦੀ, ਰਾਂਝੇ ਯਾਰ ਦੀ ਉਹ ਤਾਂ ਹੈ ਰੰਨ ਵੀਰਾ।
ਹੀਰ ਰਾਂਝਾ ਤਾਂ ਰੂਹ ਕਲਬੂਤ ਪੱਕੇ, ਸਕੇ ਕੋਈ ਨਾ ਓਸ ਨੂੰ ਭੰਨ ਵੀਰਾ।
ਜੇਕਰ ਮਾਸਾ ਵੀ ਗੱਲ ਸੀ ਬਣ ਸਕਦੀ, ਸਾਡੇ ਆਉਂਦੀ ਫਿਰ ਰਾਂਝੇ ਦੀ ਜੰਨ ਵੀਰਾ।

**164**

ਮੈਂ ਤੇ ਰਾਂਝੇ ਦੇ ਨਾਲ ਪਿਆਰ ਕੀਤਾ, ਤੂੰ ਤਾਂ ਸਿਰਫ਼ ਬੱਸ ਹੀਰ ਨੂੰ ਚਾਹਿਆ ਨੇ।
ਹਰੇ ਪੱਤੇ ਦਾ ਮਾਣ ਨਾ ਕਰੀਂ ਵੀਰਾ, ਮੈਂ ਵੀ ਰਾਂਝੇ ਦਾ ਪੱਤਾ ਬਣਾਇਆ ਨੇ।
ਦਿਲ ਰਾਂਝੇ ਦਾ ਕਦੇ ਨਾ ਜਿੱਤ ਸਕੀ, ਭਾਵੇਂ ਜਿਸਮ ਨੂੰ ਪੂਰਾ ਹੰਢਾਇਆ ਨੇ।
ਤੂੰ ਤੇ ਮਨੋ ਮਨ ਹੀਰ ਨੂੰ ਪਿਆਰ ਕੀਤਾ, ਮੈਂ ਤਾਂ ਸਭ ਕੁਝ ਹੀ ਅੱਗੇ ਡਾਹਿਆ ਨੇ।

**165**

ਦੋ ਜਿਸਮ ਇੱਕ ਜਾਨ ਨੇ ਹੀਰ ਰਾਂਝਾ, ਰੱਬ ਨੇ ਜੋੜੀ ਇਹ ਆਪ ਬਣਾਈ ਵੀਰਾ।
ਕਿਸੇ ਦੀ ਨਾ ਤਾਕਤ ਜੋ ਬਦਲ ਦੇਵੇ, ਤੇਰੀ ਭੈਣ ਇਹ ਦੇਵੇ ਦੁਹਾਈ ਵੀਰਾ।
ਰਾਂਝਾ ਮਾਸਾ ਵੀ ਨਾ ਮੇਰਾ ਹੋ ਸਕਿਆ, ਮੈਂ ਵਾਹ ਜਹਾਨ ਦੀ ਲਾਈ ਵੀਰਾ।
ਤੂੰ ਉਡੀਕਦਾ ਪਿਆਰ ਦੇ ਤੰਗੜਾਂ ਨੂੰ, ਯਾਦ ਰੱਖੀਂ ਇੱਕ ਮਿਲਣੀ ਨਾ ਰਾਈ ਵੀਰਾ।

**166**

ਪੱਤਾ ਹੀਰ ਦਾ ਦੇਹ, ਆਪਣਾ ਕੱਟ ਪੱਤਾ, ਏਸੇ ਵਿੱਚ ਹੀ ਤੇਰੀ ਭਲਾਈ ਵੀਰਾ।
ਬਣਦੀ ਗੱਲ ਤਾਂ ਮੈਂ ਜਾ ਕੇ ਮਿੰਤ ਕਰਦੀ, ਤਰਲਾ ਪਾ ਲਿਆਉਂਦੀ ਭਰਜਾਈ ਵੀਰਾ।
ਤੇਰੀਆਂ ਅੱਖਾਂ ਦਾ ਨਹੀਂ ਇਲਾਜ ਹੋਣਾ, ਪਾਈਂ ਜਿਹੜੀ ਤੂੰ ਮਰਜ਼ੀ ਦਵਾਈ ਵੀਰਾ।
ਲਿਆ ਪੱਤਰਾ ਹੀਰ ਨੂੰ ਦੇ ਆਵਾਂ, ਐਵੇਂ ਲਈ ਫਿਰਦਾਂ ਦਿਲ ਨੂੰ ਲਾਈ ਵੀਰਾ।

**167**

ਸਹਿਤੀ ਹੀਰ ਨੂੰ ਮਿਲਣ ਫਿਰ ਜਾਂਵਦੀ ਹੈ, ਕਹਿੰਦੀ ਜਾ ਕੇ ਤੈਨੂੰ ਵਧਾਈ ਹੀਰੇ।
ਰਾਂਝਾ ਤੇਰਾ ਤਾਂ ਸਦਾ ਤੇਰੀ ਜੇਬ ਵਿੱਚ ਸੀ, ਹਰਾ ਪੱਤਾ ਮੈਂ ਤੇਰਾ ਲਿਆਈ ਹੀਰੇ।
ਮਾਫ਼ੀ ਅੱਜ ਮੈਂ ਤੇਰੇ ਤੋਂ ਮੰਗਣੀ ਆਂ, ਚੰਗਾ ਹੁੰਦਾ ਜੇ ਆਉਂਦਾ ਨਾਲ ਭਾਈ ਹੀਰੇ।
ਜੁਗ ਜੁਗ ਜਵਾਨੀਆਂ ਮਾਣਿਓ ਜੀ, ਜੋੜੀ ਤੁਸਾਂ ਦੀ ਰੱਬ ਬਣਾਈ ਹੀਰੇ।

**168**



Academy of the Punjab in North America: http://www.apnaorg.com

ਰਾਂਝਾ ਆਖਦਾ ਹੀਰ ਨੂੰ ਚੱਲ ਚੱਲੀਏ, ਸ਼ਹਿਰ ਵੈਂਨਚੂਰਾ ਆਪਾਂ ਛੱਡ ਜਾਵਣਾ ਜੀ।
ਕਿਤੇ ਦੂਰ ਦੁਰਾਡੇ ਹੈ ਚਲੇ ਜਾਣਾ, ਕਿਸੇ ਨਵੇਂ ਥਾਂ ਅ੍ਹਾਲਣਾ ਪਾਵਣਾ ਜੀ।
ਪੰਜਾਂ ਪੀਰਾਂ ਨੂੰ ਰੋਜ਼ ਧਿਆਂਵਦਾ ਸਾਂ, ਅੱਜ ਤੋਂ ਬੱਸ ਹੁਣ ਤੈਨੂੰ ਧਿਆਵਣਾ ਜੀ।
ਸੁੱਨੜ ਆਖਦਾ ਸੀ ਰਾਂਝਾ ਮਿਲੀਂ ਆ ਕੇ, ਆਪਾਂ ਸੁੱਨੜ ਨੂੰ ਮਿਲਣ ਵੀ ਜਾਵਣਾ ਜੀ।
**169**

ਸੁੱਨੜ ਆਖਦਾ ਰਾਂਝੇ ਨੂੰ ਬੈਠ ਕੇ ਹੁਣ, ਮੇਰੀ ਗੱਲ ਦਾ ਕਰੀਂ ਖਿਆਲ ਪੁੱਤਰਾ;
ਜਿੰਨੇ ਮੋੜ ਮੁੜਿਆ ਤੂੰ ਆਪਣੀ ਜੀਵਨੀ ਦੇ, ਮੇਰੀ ਕਲਮ ਸੀ ਤੇਰੇ ਨਾਲ ਨਾਲ ਪੁੱਤਰਾ।
ਜੋ ਵੀ ਜੀਵਨ ਦੇ ਵਿੱਚ ਤੈਨੂੰ ਪਿਆ ਕਰਨਾ, ਓਹ ਹੀ ਲਿਖਿਆ ਈ ਮੈਂ ਹਾਲ ਚਾਲ ਪੁੱਤਰਾ।
ਹੀਰ ਸੁੱਨੜ ਮੈਂ ਅੱਜ ਤੈਨੂੰ ਦੇਣ ਲੱਗਾਂ, ਇੱਕ ਗੀਤ ਹੈ ਇਹ ਬੇ ਮਿਸਾਲ ਪੁੱਤਰਾ।
**170**

ਇਸ ਨੂੰ ਜਾ ਕੇ ਕਿਤੇ ਨਾ ਰੱਖ ਦੇਈਂ, ਸਾਰੀ ਦੁਨੀਆ ਨੂੰ ਗਾ ਕੇ ਸੁਣਾਈਂ ਬੇਟਾ।
ਬੈਂਤਾਂ ਵਾਰਿਸ ਦੇ ਵਾਂਗ ਬਣਾਈਆਂ ਨੇ, ਹੇਕਾਂ ਲਾ ਕੇ ਏਸ ਨੂੰ ਗਾਈਂ ਬੇਟਾ।
ਚਿੰਤਾ ਕਰੀਂ ਨਾ ਅੱਜ ਤੋਂ ਕੋਈ ਰਾਂਝਾ, ਹੀਰ ਗਾਈਂ ਤੇ ਹੀਰ ਹੰਢਾਈਂ ਬੇਟਾ।
ਲੱਖਾਂ ਹੀਰ ਰਾਂਝੇ ਦੁਨੀਆ ਵਿੱਚ ਫਿਰਦੇ, ਸਭ ਨੂੰ ਮੇਰਾ ਪੈਗ਼ਾਮ ਪੜ੍ਹਾਈਂ ਬੇਟਾ।
**171**

ਵਾਰਿਸ ਸ਼ਾਹ ਮੀਆਂ ਤੇਰਾ ਹੁਕਮ ਮੰਨਿਆਂ, ਨਵੀਂ ਕਥਾ ਇਕ ਜੋੜ ਸੁਣਾਈ ਨੇ ਜੀ।
ਬਲ ਬੁੱਧੀ ਸੀ ਜਿੰਨੀ ਵੀ ਮਿਲੀ ਮੈਨੂੰ, ਜੋਰ ਲਾਇਆ ਕਹਾਣੀ ਬਣਾਈ ਨੇ ਜੀ।
ਪਾਤਰ ਚਿਤਰਣ ਮੈਂ ਕੀਤਾ ਦਿਮਾਗ ਲਾ ਕੇ, ਕਿਸੇ ਪਾਤਰ ਤੇ ਊਜ ਨਾ ਲਾਈ ਨੇ ਜੀ।
ਕਿੱਸਾ ਕਾਵ ਸੀ ਪਿੰਜਰੇ ਵਿੱਚ ਬੰਦ ਹੋਇਆ, ਅੱਜ ਉਸਦੀ ਰਿਹਾਈ ਕਰਾਈ ਨੇ ਜੀ।
ਵਾਰਿਸ ਸ਼ਾਹ ਮੀਆਂ ਮੈਨੂੰ ਮਾਫ਼ ਕਰਨਾ, ਇਹ ਤਾਂ ਮਾਫ਼ੀ ਦੀ ਹੀ ਅਰਜ਼ੀ ਪਾਈ ਨੇ ਜੀ॥
**172**

–


Academy of the Punjab in North America: http://www.apnaorg.com

| | |
|---|---|
| Characters: | 662214 |
| Words: | 171566 |
| Sentences: | 11870 |
| Paragraphs: | 2424 |



Academy of the Punjab in North America: http://www.apnaorg.com